
# ਵੀਹਵੀਂ ਸਦੀ ਦੀ ਸਿੱਖ ਰਾਜਨੀਤੀ

## ਇਕ ਗ਼ੁਲਾਮੀ ਤੋਂ ਦੂਜੀ ਗ਼ੁਲਾਮੀ ਤੱਕ



ਅਜਮੇਰ ਸਿੰਘ

ਜੇਕਰ ਇਤਿਹਾਸ ਦੇ ਅਧਿਐਨ
ਦੀ ਲੋਅ ਭਵਿੱਖ ਨੂੰ ਵਿਉਂਤਣ
ਦੀ ਦਿਸ਼ਾ ਨਹੀਂ ਸੁਝਾਉਂਦੀ, ਤਾਂ
ਇਹ ਅਧਿਐਨ ਬੇਕਾਰ ਹੈ।

**ਸਰ ਜੋਗਿੰਦਰ ਸਿੰਘ**



# VIHVIN SADI DI SIKH RAJNITI

(Sikh Politics in Twentieth Century)

*by*

AJMER SINGH

© ਅਜਮੇਰ ਸਿੰਘ

ISBN 81-7205-282-0

ਪਹਿਲੀ ਵਾਰ ਜਨਵਰੀ 2003
ਦੂਸਰੀ ਵਾਰ ਅਪ੍ਰੈਲ 2003
ਤੀਜੀ ਵਾਰ ਜਨਵਰੀ 2004
ਚੌਥੀ ਵਾਰ ਜੂਨ 2010

ਮੁੱਲ : 200-00 ਰੁਪਏ (ਪੇਪਰਬੈਕ)

*ਪ੍ਰਕਾਸ਼ਕ :*

**ਸਿੰਘ ਬ੍ਰਦਰਜ਼**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

*E-mail :* singhbro@vsnl.com
*Website :* www.singhbrothers.com

*ਛਾਪਕ :*

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਤਰਤੀਬ

## (ਭਾਗ ਪਹਿਲਾ)


1. ਹਮ ਹਿੰਦੂ ਨਹੀਂ 3
   * ਇਤਿਹਾਸਕ ਪਿਛੋਕੜ
   * ਸਿੰਘ ਸਭਾ ਲਹਿਰ : ਸੁਧਾਰ ਅਤੇ ਪੁਨਰ-ਸੁਰਜੀਤੀ
   * ਆਰੀਆ ਸਮਾਜ : ਸੰਵਾਦ ਤੇ ਫ਼ਸਾਦ
   * ਪ੍ਰਸ਼ਾਸਨੀ ਸੁਧਾਰ ਤੇ ਫ਼ਿਰਕੂ ਮੁਕਾਬਲੇਬਾਜ਼ੀ
2. ਰਾਜਸੀ ਜਾਗਰਤੀ ਤੇ ਜਦੋਜਹਿਦ 20
   * ਲਖਨਊ ਪੈਕਟ : ਸਿੱਖ ਕੌਮ ਦੀ ਹੇਠੀ
   * ਆਜ਼ਾਦੀ ਦੀ ਲੜਾਈ : ਕੀਹਦੇ ਵੱਲੋਂ ਅਤੇ ਕੀਹਦੇ ਵਾਸਤੇ ?
   * ਭਾਰਤੀ ਕੌਮਵਾਦ : ਹਕੀਕਤ ਜਾਂ ਭੁਲਾਵਾ ?
   * ਸਿੱਖ ਲੀਡਰਸ਼ਿਪ ਦਾ ਸਿਧਾਂਤਕ ਨਜ਼ਰੀਆ : ਕਿੰਨਾ ਖਰਾ ਕਿੰਨਾ ਖੋਟਾ ?
   * ਗੁਰਦੁਆਰਾ ਸੁਧਾਰ ਲਹਿਰ : ਇਕ ਨਵਾਂ ਮੋੜ
   * ਨਵੀਂ ਸਿੱਖ ਲੀਡਰਸ਼ਿਪ : ਨਵੀਆਂ ਸੋਚਾਂ, ਨਵੇਂ ਦਸਤੂਰ
3. ਪੇਸ਼ਕਦਮੀ ਤੇ ਕੁਰਾਹਾ 56
   * ਨਨਕਾਣਾ ਸਾਹਿਬ ਦਾ ਸਾਕਾ ਅਤੇ ਸਿੱਖ ਸੰਘਰਸ਼ ਦੀ ਉਠਾਣ
   * ਨਵੀਂ ਮਾਰਗ-ਸੇਧ : ਗਾਂਧੀ ਬਾਗ਼ੋ-ਬਾਗ਼
   * ਨਹਿਰੂ ਰਿਪੋਰਟ ਤੇ ਸਿੱਖ ਲੀਡਰਸ਼ਿਪ
   * ਸਿੱਖ ਲੀਡਰਸ਼ਿਪ ਕਿਥੋਂ ਉਖੜੀ ਤੇ ਕਿਉਂ ?
   * ਸਿੱਖ : ਘੱਟਗਿਣਤੀ ਕਿ ਕੌਮੀ ਭਾਈਚਾਰਾ ?
   * 1947 : ਵੇਲਾ ਜੋ ਹੱਥੋਂ ਗੁਆਇਆ


## (ਭਾਗ ਦੂਜਾ)


4. ਆਜ਼ਾਦੀ ਦਾ ਫੰਧਾ 87
   * ਮਛਲੀ ਜਾਲੁ ਨ ਜਾਣਿਆ
   * ਡਾ. ਅੰਬੇਦਕਰ ਦਾ ਵਡਮੁੱਲਾ ਮਸ਼ਵਰਾ
   * ਵਾਅਦੇ ਜੋ ਵਫ਼ਾ ਨਾ ਹੋਏ
   * ਚੌਤਰਫ਼ੀ ਘੇਰਾਬੰਦੀ
   * ਕਾਂਗਰਸੀ ਸਿੱਖ : ਇਤਿਹਾਸ ਦਾ ਨਾਮੁਰਾਦ ਵਰਤਾਰਾ
   * ਹਿੰਦੂ ਹਾਕਮਾਂ ਦਾ ਸਿਧਾਂਤਕ ਤ੍ਰਿਸ਼ੂਲ
   * ਕੌਮੀ ਸੋਝੀ ਬਨਾਮ ਮੱਧਯੁਗੀ ਚੇਤਨਾ
   * ਕੌਮੀ ਚੇਤਨਾ ਦੀ ਘਾਟ : ਇਕ ਦੀਰਘ ਰੋਗ
5. ਸਿੱਖ ਕੌਮ ਦੀ ਰਾਜਸੀ ਤੜਪ 118
   * ਪੰਜਾਬੀ ਸੂਬਾ ਬਨਾਮ ਸਿੱਖ ਹੋਮਲੈਂਡ
   * ਅਪੂਰਨ ਚੇਤਨਾ—ਪੂਰਨ ਕੁਰਾਹਾ
   * ਕੌਮ ਅਤੇ ਭਾਸ਼ਾ
   * ਪੰਜਾਬੀ ਕੌਮ : ਹਕੀਕਤ ਕਿ ਭੁਲਾਵਾ ?
   * ਅਕਾਲੀ ਤਿਲ੍ਹਕਣ
   * ਹਿੰਦੂ ਪ੍ਰਤੀਕਰਮ


+14

+14

6. ਜਾਨਦਾਰ ਉਭਾਰ ਤੇ ਬੱਜਰ ਭੁੱਲਾਂ 144
* ਰਾਜਸੀ ਉਥਲ-ਪੁਥਲ ਦਾ ਦੌਰ
* 'ਅਕਾਲ ਪੁਰਖ ਦੀ ਫ਼ੌਜ' ਕਿ 'ਫ਼ੌਜੀ ਵਿੰਗ'
* ਸਿੱਖ ਉਭਾਰ: ਚੁਣੌਤੀਆਂ ਤੇ ਸੀਮਤਾਈਆਂ
* ਫ਼ਿਰਕੂ ਸਫ਼ਬੰਦੀ
* ਦਿਸ਼ਾ ਤਬਦੀਲੀ
* ਤੌਖਲੇ ਸੱਚ ਹੋ ਨਿਬੜੇ
* ਕੁਚੱਜੇ ਦਸਤੂਰ
* ਰਿਜਨਲ ਫ਼ਾਰਮੂਲਾ
* ਅਕਾਲੀ-ਕਾਂਗਰਸ ਮੁੜ-ਮਿਲਾਪ
* ਸਿੱਖ ਜਨਤਾ ਦਾ ਰੌਂਅ

7. ਪੰਜਾਬੀ ਸੂਬੇ ਦਾ ਮੋਰਚਾ 169
* ਵਿਸ਼ਾਲ ਲਾਮਬੰਦੀ ਅਤੇ ਸਰਕਾਰੀ ਜਬਰ
* ਸੰਤ ਫਤਹਿ ਸਿੰਘ ਦਾ ਮਰਨ ਵਰਤ
* ਮਾਸਟਰ ਤਾਰਾ ਸਿੰਘ ਦਾ ਮਰਨ ਵਰਤ

8. ਸਿੱਖ ਪ੍ਰੰਪਰਾ ਦਾ ਨਿਖੇਧ 182
* ਮਰਨ ਵਰਤਾਂ ਦੀ ਰਾਜਨੀਤੀ

9. ਦੋ ਪਾਟਵੇਂ ਰੁਝਾਨ 190
* ਸੰਤ ਫਤਹਿ ਸਿੰਘ ਬਨਾਮ ਮਾਸਟਰ ਤਾਰਾ ਸਿੰਘ
* ਪਾਕਿਸਤਾਨ ਨਾਲ ਜੰਗ: ਸਿੱਖ ਹਿਤਾਂ ਦੀ ਹਾਨੀ
* ਪੰਜਾਬੀ ਸੂਬੇ ਦੀ ਸਥਾਪਨਾ
* ਸਿੱਖ ਪ੍ਰਤੀਕਰਮ: ਦੋ ਪੈਂਤੜੇ
* ਹਰਾ ਇਨਕਲਾਬ: ਆਰਥਕ ਖ਼ੁਸ਼ਹਾਲੀ ਤੇ ਸਭਿਆਚਾਰਕ ਨਿਘਾਰ
* ਨੈਤਿਕ ਖੋਰਾ

10. ਸੱਤਾ ਦਾ ਗ੍ਰਹਿਣ 222
* ਜਾਤ-ਪਾਤ: ਆਦਰਸ਼ ਅਤੇ ਹਕੀਕਤ
* ਸਿਧਾਂਤਕ ਕੁਰਾਹਾ
* ਗਠਜੋੜ ਦੀ ਰਾਜਨੀਤੀ: ਸਿਧਾਂਤਾਂ ਦੀ ਬਲੀ
* ਪੰਜਾਬੀ ਬੋਲੀ ਦੀ ਅਣਦੇਖੀ

11. ਫ਼ੈਡਰਲਿਜ਼ਮ ਵੱਲ ਮੋੜਾ 246

12. ਗਿਰਾਵਟ ਦਾ ਦੌਰ 257
* ਫੇਰੂਮਾਨ ਬਨਾਮ ਸੰਤ ਫਤਹਿ ਸਿੰਘ
* ਅਕਾਲੀ ਦਲ ਨੂੰ ਰਾਜਸੀ ਝਟਕਾ
* 'ਜੱਟਵਾਦ': ਇਕ ਦੀਰਘ ਰੋਗ
* ਕਾਂਗਰਸ ਦੀ ਹਾਰ-ਐਮਰਜੈਂਸੀ ਦਾ ਕੌੜਾ ਫਲ
* ਨੈਤਿਕ ਤੇ ਸਭਿਆਚਾਰਕ ਵਿਗਾੜ
* ਕਮਿਊਨਿਸਟ ਲਹਿਰ

13. ਆਨੰਦਪੁਰ ਦਾ ਮਤਾ 280
* ਸਿੱਖ ਕੌਮ ਚੌਰਾਹੇ 'ਤੇ

## (ਭਾਗ ਤੀਜਾ)


14. ਅਠੱਤਰ ਦੀ ਵਿਸਾਖੀ—ਇਕ ਖ਼ੂਨੀ ਮੋੜ-ਨੁਕਤਾ 293
* ਨਿਰੰਕਾਰੀ ਲਹਿਰ : ਸੁਧਾਰ ਤੋਂ ਨਿਘਾਰ
* ਨਿਰੰਕਾਰੀ ਲਹਿਰ : ਸਾਜ਼ਿਸ਼ ਤੇ ਸਰਪ੍ਰਸਤੀ
* ਲੁਧਿਆਣਾ ਕਾਨਫ਼ਰੰਸ : ਆਨੰਦਪੁਰ ਦੇ ਮਤੇ ਦੀ ਭਾਵਨਾ ਦਾ ਕਤਲ
* ਅਕਾਲੀ ਦਲ ਦਾ ਸਿਤਾਰਾ ਫਿਰ ਗਰਦਸ਼ ਵੱਲ

15. ਹਿੰਦੂ ਪੁਨਰਵਾਦ ਤੇ ਫ਼ਿਰਕੂ ਜਨੂੰਨ 319

16. ਸਿੱਖ ਖਾੜਕੂਵਾਦ : ਜਨਮ ਤੇ ਵਿਕਾਸ 326
* ਨਿਰੰਕਾਰੀ ਮੁਖੀ ਦਾ ਕਤਲ
* ਮਹਾਸ਼ਾ ਪ੍ਰੈੱਸ : ਸਿਆਪੇ ਦੀ ਨੈਣ
* ਨਵਾਂ ਵਰਤਾਰਾ
* ਖਾੜਕੂ ਧਾਰਾ ਦੀ ਚੜ੍ਹਤ ਤੇ ਰਵਾਨਗੀ
* ਅਕਾਲੀ ਵਿਚਾਰਧਾਰਾ ਨੂੰ ਖੁੱਲ੍ਹੀ ਚੁਣੌਤੀ
* ਵੱਖਰੀ ਸਿੱਖ ਕੌਮ ਦਾ ਨਾਹਰਾ ਬੁਲੰਦ

17. ਅਕਾਲੀ ਰਾਜਨੀਤੀ ਸੰਕਟ-ਮੂੰਹ 353
* ਸੰਤ ਭਿੰਡਰਾਂਵਾਲੇ ਦੀ ਨਿਵੇਕਲੀ ਵਿਚਾਰਧਾਰਾ
* ਸਿੱਖ ਮੰਗਾਂ ਦੀ ਨਰਮ-ਪੱਖੀ ਪੇਸ਼ਕਾਰੀ
* ਪੰਥਕ ਏਕਤਾ : ਇਕ ਸੁਲੱਖਣੀ ਸ਼ੁਰੂਆਤ

18. ਧਰਮਯੁੱਧ ਮੋਰਚਾ : ਲਾਸਾਨੀ ਉਭਾਰ 364
* ਸਿੱਖ ਪੰਥ ਅੰਦਰ ਉਭਾਰ ਤੇ ਉਤੇਜਨਾ
* ਪੰਥਕ ਏਕਤਾ ਦੀ ਨਰੋਈ ਸ਼ੁਰੂਆਤ
* ਏਸ਼ੀਆਈ ਖੇਡਾਂ : ਫ਼ਿਰਕੂ-ਫ਼ਾਸ਼ੀਵਾਦ ਦਾ ਉਦਘਾਟਨ

19. ਖਾੜਕੂ ਧਾਰਾ ਦੀ ਚੜ੍ਹਤ 375
* ਅਕਾਲੀ ਰਾਜਨੀਤੀ ਦਾ ਸੰਕਟ ਗਹਿਰਾਇਆ
* ਖਾੜਕੂ ਧਾਰਾ ਦੀ ਨਿਰੰਤਰ ਪੇਸ਼ਕਦਮੀ
* ਪੰਥਕ ਏਕਤਾ ਤਣਾਵਾਂ ਦੀ ਭੇਟ
* ਸਰਕਾਰੀ ਏਜੰਸੀਆਂ ਦਾ ਰੋਲ
* ਅਕਾਲੀ ਲੀਡਰਸ਼ਿਪ ਅੰਦਰ ਤਰੇੜਾਂ
* ਸਿੱਖ ਸੰਘਰਸ਼ ਹੋਰ ਮਘ ਤੁਰਿਆ
* ਅਕਾਲੀ ਲੀਡਰਸ਼ਿਪ ਦੀ ਦੁਖਾਂਤਕ ਹੋਣੀ


20. ਤੀਜਾ ਘੱਲੂਘਾਰਾ 420
* ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ
* ਸਿੱਖ ਜੁਝਾਰੂਆਂ ਵੱਲੋਂ ਜਚਵੀਂ ਟੱਕਰ
* ਸੰਤ ਭਿੰਡਰਾਂਵਾਲੇ ਦੀ ਲਾਸਾਨੀ ਸ਼ਹਾਦਤ
* ਵਹਿਸ਼ਤ ਦਾ ਨੰਗਾ ਨਾਚ
* ਫ਼ੌਜੀ ਜਰਨੈਲ ਕਿਥੇ ਉੱਕੇ ?
* ਫ਼ੌਗੀ ਪ੍ਰਤੀਕਰਮ ਤੇ ਦੂਰ-ਰਸ ਸਿੱਟੇ

— ਹਵਾਲੇ/ਟਿੱਪਣੀਆਂ 457


147

+14

## ਦਰਵੇਸ਼ ਚਿੰਤਕ



(1904–1997)

## ਸ: ਜਗਜੀਤ ਸਿੰਘ ਦੀ ਸਤਿਕਾਰੀ ਯਾਦ ਨੂੰ

ਮੇਰੀ ਮਾਂ ਨੇ ਆਪਣੇ ਲਹੂ-ਮਾਸ 'ਚੋਂ ਮੇਰਾ ਬੁੱਤ ਸਿਰਜ ਕੇ ਮੇਰੇ ਜਿਸਮ ਦੇ ਹਰੇਕ ਅਣੂ ਵਿੱਚ ਮੇਰੇ ਭਵਿੱਖ ਨਾਲ ਜੁੜੀਆਂ ਆਪਣੀਆਂ ਸਮੂਹ ਤਾਂਘਾਂ, ਰੀਝਾਂ, ਹਸਰਤਾਂ ਤੇ ਖ਼ੁਸ਼ੀਆਂ ਦੇ ਬੀਜ ਬੀਜੇ ਤੇ ਫਿਰ ਹਰ ਪਲ, ਹਰ ਸਾਹ ਨਾਲ ਮੈਨੂੰ ਪੋਟਾ ਪੋਟਾ ਉਸਰਦਾ ਵੇਖ ਕੇ ਤਰਲ ਅੱਖਾਂ ਨਾਲ ਮੁਸਕਰਾਉਂਦੀ ਰਹੀ। ਆਪਣੀ ਰੂਹ ਅਤੇ ਜਿਸਮ ਦਾ ਭੋਰਾ ਭੋਰਾ ਬਾਲ ਕੇ ਮੈਨੂੰ ਰੌਸ਼ਨ ਕਰਦੀ ਰਹੀ।

... ਤੇ ਫਿਰ ਇਕ ਦਿਨ ਆਪਣੇ ਕਲੇਜੇ ਨਾਲ ਘੁੱਟ ਕੇ, ਮੇਰਾ ਮੱਥਾ ਚੁੰਮ ਕੇ, ਸਿਰ ਉੱਤੇ ਪਿਆਰ ਦੇ ਕੇ ਉਸ ਨੇ ਮੇਰੇ ਅੰਦਰ ਬੀਜੇ ਆਪਣੇ ਸੁਪਨਿਆਂ ਦੇ ਬੀਜ ਨੂੰ ਬਿਰਖ ਬਣਨ ਲਈ ਤੋਰ ਦਿੱਤਾ ਤਾਂ ਕਿ ਮੈਂ ਆਪਣੀ ਮਾਂ ਤੇ ਆਪਣੇ ਪਰਿਵਾਰ ਦੇ ਸਿਰ ਉੱਤੇ ਸੰਘਣੀ ਠੰਢੀ ਛਾਂ ਬਣ ਕੇ ਉਨ੍ਹਾਂ ਨੂੰ ਕੜਕਦੀਆਂ ਧੁੱਪਾਂ ਅਤੇ ਤੱਤੀਆਂ ਹਵਾਵਾਂ ਤੋਂ ਬਚਾ ਸਕਣ ਲਈ ਆਸਰਾ ਬਣ ਸਕਾਂ।

ਪਰ ਭੋਲੀ ਮਾਂ ਨੂੰ ਕੀ ਪਤਾ ਸੀ ਕਿ ਪੁੱਤਰ ਨੂੰ ਬਹੁਤ ਲੰਮੇ ਸਫ਼ਰ 'ਤੇ ਤੋਰ ਕੇ ਉਹ ਦਰਵਾਜ਼ੇ ਨਾਲ ਸਿਰ ਜੋੜੀ ਉਸ ਦੇ ਵਾਪਸ ਪਰਤ ਆਉਣ ਦੀਆਂ ਵਾਟਾਂ ਨਿਹਾਰਦੀ ਪੂਰੀ ਦੀ ਪੂਰੀ ਉਮਰ ਗੁਜ਼ਾਰ ਲਵੇਗੀ! ਪੁੱਤ-ਪੂਰਨ ਤਾਂ ਆਪ ਸਿਰਜੇ 'ਹਨੇਰੇ ਭੋਰੇ' ਵਿੱਚ ਜਾ ਵੜਿਆ ਸੀ ਜਾਂ ਆਪ ਸਹੇੜੇ 'ਬਨਵਾਸ' 'ਤੇ ਨਿਕਲ ਤੁਰਿਆ ਸੀ। ਇਸ ਭੋਰੇ ਜਾਂ ਬਨਵਾਸ ਦੀ ਕੈਦ ਬਾਰਾਂ ਜਾਂ ਚੌਦਾਂ ਸਾਲਾਂ ਨੂੰ ਦੋ ਨਾਲ ਗੁਣਾ ਕਰਨ ਤੋਂ ਵੀ ਵਡੇਰੀ ਸੀ। ਮਾਂ ਦੇ ਹੋਠਾਂ ਦਾ ਚੁੰਮਣ ਉਮਰ ਭਰ ਮੇਰੇ ਮੱਥੇ ਨੂੰ ਠੰਢਕ ਬਖ਼ਸ਼ਦਾ ਰਿਹਾ ਤੇ ਉਹਦੇ ਹੋਠਾਂ ਦੀ ਛੋਹ ਨਾਲ ਮੇਰੇ ਮੱਥੇ 'ਚ ਬਣ ਗਈ ਜਗਦੀ ਅੱਖ 'ਚੋਂ ਮੈਨੂੰ ਹਮੇਸ਼ਾ, ਦਰਵਾਜ਼ੇ 'ਚ ਖੜੋਤੀ, ਸੁੰਨ-ਸਾਨ ਅੱਖਾਂ ਨਾਲ ਮੇਰਾ ਰਾਹ ਵੇਖਦੀ ਤੇ ਧੁਰ ਅੰਦਰੋਂ ਵਿਛੋੜੇ ਵਿੱਚ ਕਲਪਦੀ-ਲੁੱਛਦੀ-ਤੜਪਦੀ ਮੇਰੀ ਮਾਂ ਉਮਰ ਭਰ ਮੈਨੂੰ ਦਿਸਦੀ ਰਹੀ। ਮਾਂ ਦੇ ਵਿਲਕਦੇ ਪੈਗ਼ਾਮ ਹਵਾਵਾਂ ਵਿੱਚ ਹਉਕੇ ਭਰਦੇ, ਕੁਰਲਾਉਂਦੇ ਮੇਰੇ ਤਕ ਪੁੱਜਦੇ ਤੇ ਪੁੱਛਦੇ ਰਹੇ :

"ਮੈਂ ਤਾਂ ਤੈਨੂੰ ਠੰਢੀਆਂ ਛਾਵਾਂ ਦੇਣ ਵਾਲਾ ਬਿਰਖ ਬਣਨ ਲਈ ਭੇਜਿਆ ਸੀ। ਤੈਨੂੰ ਤੇਰੇ ਰਾਹ ਵਿੱਚ ਇਹੋ ਜਿਹਾ ਕੀ ਦਿਸ ਪਿਆ ਕਿ ਤੂੰ ਸਾਨੂੰ ਉਮਰਾਂ ਦੇ ਵਿਛੋੜੇ ਦੀ ਅੱਗ ਵਿੱਚ ਬਲਣ ਲਈ ਸੁੱਟ ਗਿਓਂ ?"

ਤੇ ਮਾਂ ਇੱਛਰਾਂ ਡੂੰਘਾ ਹੌਕਾ ਭਰ ਕੇ ਪੁੱਤ ਤੋਂ ਖ਼ਾਲੀ ਜ਼ਿੰਦਗੀ ਦੇ ਦਰਦ ਵਿੱਚ ਭਿੱਜ ਕੇ ਆਖਦੀ: "ਪੂਰਨ ਛੱਡ ਨਾ ਗਿਆ ਸਵਾਦ ਕੋਈ......।"

ਮਾਂ ਦੇ ਬਲਦੇ ਬੋਲ ਮੈਨੂੰ ਪਿਘਲਾ ਦੇਂਦੇ ਤੇ ਮਨ ਨੂੰ ਕਰੜਾ ਕਰ ਕੇ ਮੇਰਾ ਆਪਣੀ ਮਾਂ ਨੂੰ ਆਖਣ ਨੂੰ ਚਿੱਤ ਕਰਦਾ :

"ਮਾਂ! ਮੈਨੂੰ ਤੇਰਾ ਬਲਦਾ ਦੁੱਖ ਵੀ ਦਿਸਦਾ ਹੈ। ਪਰ ਕੀ

ਕਰਾਂ!....ਮੈਨੂੰ ਤੇਰੇ ਅਤੇ ਆਪਣੇ ਵਡੇਰਿਆਂ ਰਾਹੀਂ ਮੇਰੇ ਤਕ ਪੁੱਜੀ ਪ੍ਰੰਪਰਾ 'ਚੋਂ ਪ੍ਰਾਪਤ ਨਜ਼ਰ ਸਦਕਾ 'ਬਲਦੀ ਹੋਈ ਪ੍ਰਿਥਵੀ' ਵੀ ਨਜ਼ਰ ਆ ਰਹੀ ਹੈ। ਇਕ ਪਾਸੇ ਤੂੰ ਮੈਨੂੰ ਵਾਪਸ ਬੁਲਾ ਰਹੀ ਏਂ; ਦੂਜੇ ਪਾਸੇ ਮੇਰੇ, ਤੇਰੇ, ਸਭ ਦੇ ਸਾਂਝੇ ਬਜ਼ੁਰਗ ਮੈਨੂੰ ਪ੍ਰਿਥਵੀ ਦਾ ਸੇਕ ਘੱਟ ਕਰਨ ਲਈ ਆਪਣੇ ਖ਼ੂਨ ਦੇ ਛਿੱਟੇ ਮਾਰਨ ਲਈ ਹੋਕਾ ਦੇ ਰਹੇ ਨੇ। ਉਨ੍ਹਾਂ ਦਾ ਕਿਹਾ ਮੋੜ ਸਕਣਾ ਤਾਂ ਸ਼ਾਇਦ ਤੈਨੂੰ ਵੀ ਗਵਾਰਾ ਨਾ ਹੋਵੇ.....।"

ਪਰ ਮੈਂ ਕੁਝ ਨਾ ਕਹਿ ਸਕਦਾ। ਜਾਣਦਾ ਸਾਂ, ਲੁੱਛਦੀ ਮਮਤਾ ਦਾ ਅਜਿਹੇ ਗਿਆਨ-ਧਿਆਨ ਦੀਆਂ ਗੱਲਾਂ ਕੁਝ ਨਹੀਂ ਸਵਾਰ ਸਕਦੀਆਂ।

ਮਾਂ ਬਲਦੀ ਰਹੀ ਤੇ ਮੈਂ ਆਪਣੀ ਸੀਮਤ ਸਮਰੱਥਾ ਮੁਤਾਬਕ ਬਲਦੀ ਪ੍ਰਿਥਵੀ ਦਾ ਸੇਕ ਘਟਾਉਣ ਲਈ ਲੱਗਾ ਰਿਹਾ। ਮੇਰੇ ਅਤੇ ਮੇਰੇ ਵਰਗੇ ਅਨੇਕ ਹੋਰਨਾਂ ਦੇ ਨਿਰੰਤਰ ਯਤਨਾਂ ਦੇ ਬਾਵਜੂਦ ਪ੍ਰਿਥਵੀ ਤਾਂ ਅਜੇ ਵੀ ਬਲ ਰਹੀ ਹੈ ਪਰ ਮਾਂ ਤਾਂ ਬਲਦੀ ਬਲਦੀ ਹੁਣ ਸਿਵੇ ਵਿਚ ਮੱਚ ਕੇ ਵੀ ਕਿੰਨੇ ਸਾਲਾਂ ਤੋਂ ਬੁਝ ਚੁੱਕੀ ਹੈ। ਮੈਂ ਉਸ ਬੁਝੇ ਸਿਵੇ ਦੀ ਰਾਖ ਛਾਤੀ ਨਾਲ ਘੁੱਟੀ ਬੈਠਾ ਹਾਂ। ਦੂਰ ਕਿਧਰੋਂ ਸ਼ਾਹ ਮੁਹੰਮਦ ਬੋਲਦਾ ਹੈ:

*ਸਦਾ ਨਹੀਂ ਜਵਾਨੀ ਤੇ ਐਸ਼, ਮਾਪੇ,*
*ਸਦਾ ਨਹੀਂ ਜੇ ਬਾਲ ਵਰੇਸ ਮੀਆਂ!*

ਲੋਕ-ਗੀਤਾਂ ਵਾਲਾ ਫ਼ਕੀਰ ਹੇਕ ਲਾਉਂਦਾ ਹੈ:

*ਨਹੀਓਂ ਲੱਭਣੇ ਲਾਲ ਗਵਾਚੇ,*
*ਮਿੱਟੀ ਨਾ ਫਰੋਲ ਜੋਗੀਆ!*

ਤੇ ਮੈਂ ਆਪਣੀ 'ਮਾਂ ਦਾ ਲਾਲ' ਗੁਆਚੇ ਹੋਏ ਲਾਲ ਨੂੰ ਲੱਭਦਾ ਆਪਣੇ ਆਪ ਨੂੰ ਢਾਰਸ ਦੇਂਦਾ ਹਾਂ।

ਮਾਂ ਸਿਰਜਣਾ ਦਾ ਸੋਮਾ ਹੋਣ ਕਰਕੇ ਤੇ ਦੁੱਖਾਂ ਨੂੰ ਸਹਿ ਸਕਣ ਵਾਲੇ ਵਡੇਰੇ ਜਿਗਰੇ ਦੀ ਮਾਲਕ ਹੋਣ ਸਦਕਾ ਧਰਤੀ ਹੀ ਤਾਂ ਹੈ ਤੇ ਧਰਤੀ ਨੂੰ ਤਾਂ ਸਾਰੇ ਪਹਿਲਾਂ ਹੀ ਮਾਂ ਆਖਦੇ ਹਨ। ਮੇਰੀ ਮਾਂ ਤੇ ਧਰਤੀ ਇਕ-ਮਿੱਕ ਹੋ ਗਈਆਂ ਹਨ ਤੇ ਮੈਨੂੰ ਆਸ਼ੀਰਵਾਦ ਦੇ ਰਹੀਆਂ ਹਨ, "ਸਾਡੇ ਵਾਂਗ ਸਿਰਜਣਾਤਮਕ ਕਾਰਜ ਵਿਚ ਜੁੱਟਿਆ ਰਹੀਂ....ਤਾਂ ਹੀ ਸਾਡਾ ਸੱਚਾ ਪੁੱਤਰ ਸਾਬਤ ਹੋਏਂਗਾ.....।"

ਇਸ ਪੁਸਤਕ ਦੀ ਸਿਰਜਣਾ 'ਮਾਂ ਧਰਤੀ' ਤੇ 'ਧਰਤੀ-ਮਾਂ' ਦਾ ਕਰਜ਼ ਚੁਕਾਉਣ ਦਾ ਇਕ ਛੋਟਾ ਜਿਹਾ ਯਤਨ ਹੀ ਹੈ।

ਮੰਡੀ ਕਲਾਂ, ਜ਼ਿਲ੍ਹਾ ਬਠਿੰਡਾ
10 ਦਸੰਬਰ 2002

**ਅਜਮੇਰ ਸਿੰਘ**

# ਆਰੰਭਕ ਸ਼ਬਦ

"....ਇਨ੍ਹਾਂ ਲਾਸਾਨੀ ਕੁਰਬਾਨੀਆਂ ਦੀ ਕਹਾਣੀ ਕਿਤੇ ਅਣਕਹੀ ਨਾ ਰਹਿ ਜਾਵੇ.....ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਉੱਤੇ ਭਾਰਤੀ ਫ਼ੌਜਾਂ ਦੇ ਹਮਲੇ ਸਮੇਂ ਇਨ੍ਹਾਂ ਸਿੰਘ ਸੂਰਮਿਆਂ ਵੱਲੋਂ ਦਿੱਤੀਆਂ ਸ਼ਹਾਦਤਾਂ ਸਾਡੀ ਕੌਮ ਦੇ ਗੌਰਵਸ਼ਾਲੀ ਇਤਿਹਾਸ ਦਾ ਸਿਖਰ ਨੇ। ਇਸ ਤੋਂ ਸਾਡੀਆਂ ਪੀੜ੍ਹੀਆਂ ਨੇ ਲਗਾਤਾਰ ਪ੍ਰੇਰਨਾ ਲੈਣੀ ਹੈ, ਆਪਣੀ ਕੌਮ ਦੀ ਸ਼ਾਨ ਤੇ ਆਨ ਨੂੰ ਬਰਕਰਾਰ ਰੱਖਣ ਲਈ।..... ਨਰਿੰਦਰ ਸਿੰਹਾਂ ਮੇਰਾ ਇਹ ਝੋਰਾ ਯਾਦ ਰੱਖੀਂ ਤੇ ਵਾਅਦਾ ਕਰ ਕਿ ਤੂੰ ਮੇਰੀ ਇਹ ਖ਼ਾਹਸ਼ ਪੂਰੀ ਕਰਨ ਲਈ ਯਤਨ ਕਰੇਂਗਾ.....ਇਸ ਅੰਤਮ ਇੱਛਾ ਨੂੰ.......।" ਅੱਗੋਂ ਦੇ ਸ਼ਬਦ ਉਨ੍ਹਾਂ ਦੇ ਬੁੱਲ੍ਹਾਂ 'ਚ ਕੰਬਦੇ ਰਹੇ।

ਉੱਘੇ ਸਿੱਖ ਚਿੰਤਕ ਸਰਦਾਰ ਜਗਜੀਤ ਸਿੰਘ ਜੀ ਵੱਲੋਂ 9 ਮਾਰਚ 1997 ਦੀ ਸ਼ਾਮ ਨੂੰ ਆਪਣੀ ਧੀ ਦੇ ਘਰ ਬਿਸਤਰੇ ਉੱਤੇ ਪਿਆਂ, ਮੇਰੇ ਨਾਲ ਅਖ਼ੀਰੀ ਮੁਲਾਕਾਤ ਸਮੇਂ ਸਾਂਝੇ ਕੀਤੇ ਇਨ੍ਹਾਂ ਕਹੇ ਤੇ ਅਣਕਹੇ ਸ਼ਬਦਾਂ ਦੇ ਅਰਥ ਤੇ ਅਸਰ ਮੈਂ ਜਿਸ ਤਰ੍ਹਾਂ ਉਸ ਸਮੇਂ ਸਮਝੇ ਤੇ ਮਹਿਸੂਸ ਕੀਤੇ, ਉਹ ਅਹਿਸਾਸ ਅੱਜ ਵੀ ਜਿਉਂ ਦਾ ਤਿਉਂ ਬਰਕਰਾਰ ਹੈ। ਉਹ ਪਲ ਵੀ ਮੇਰੇ ਚੇਤੇ 'ਚ ਉਵੇਂ ਹੀ ਅੰਕਤ ਹਨ ਜਦੋਂ ਮੈਂ ਉਨ੍ਹਾਂ ਦੇ ਹੋਰ ਨੇੜੇ ਢੁਕਦਿਆਂ ਯਕੀਨ ਦਿਵਾਇਆ ਕਿ ਮੈਂ ਉਨ੍ਹਾਂ ਦੀ ਇਸ ਆਖ਼ਰੀ ਖ਼ਾਹਿਸ਼ (ਜੋ ਮੇਰੇ ਲਈ ਇਕ ਤਰ੍ਹਾਂ ਨਾਲ ਦੋਸਤਾਨਾ ਤੇ ਬਜ਼ੁਰਗਾਨਾ ਹੁਕਮ ਵੀ ਸੀ) ਉੱਤੇ ਫੁੱਲ ਚੜ੍ਹਾਉਣ ਦਾ ਤੋੜ ਯਤਨ ਕਰਾਂਗਾ। ਅੰਤਮ ਵਿਦਾਇਗੀ ਦੇ ਸਹਿਜ ਵੱਲ ਵਧਦਾ ਹੋਇਆ ਉਨ੍ਹਾਂ ਦਾ ਚਿਹਰਾ ਇਕ ਵਾਰ ਫਿਰ ਜਗਮਗਾਇਆ ਤੇ ਆਪਣੇ ਨਿਰਜਿੰਦ ਹੁੰਦੇ ਜਾ ਰਹੇ ਦੋਹਾਂ ਹੱਥਾਂ ਵਿੱਚ ਮੇਰੇ ਹੱਥਾਂ ਨੂੰ ਘੁਟਦਿਆਂ ਫਿਰ ਬੋਲੇ, "ਮੇਰੀ ਇਹੋ ਇਕ ਚਿੰਤਾ ਸੀ ਜੋ ਤੁਸਾਂ ਦੂਰ ਕਰ ਦਿੱਤੀ..... ਹੁਣ ਮੈਂ ਖ਼ੁਸ਼ੀ ਖ਼ੁਸ਼ੀ ਸਵਾਸ ਤਿਆਗ ਸਕਾਂਗਾ।" ਤੇ ਅਗਲੇ ਦਿਨ, 10 ਮਾਰਚ ਦੀ ਸਵੇਰ ਨੂੰ, ਸਾਡੇ ਰਾਂਗਲੇ ਸੱਜਣ ਸਾਨੂੰ ਸਭ ਨੂੰ ਸਦੀਵੀਂ ਅਲਵਿਦਾ ਕਹਿ ਗਏ। ਸਿੱਖ ਇਤਿਹਾਸ ਦੇ ਸ਼ਾਨਦਾਰ ਪੰਨਿਆਂ ਨੂੰ ਸਾਡੇ ਸਾਹਮਣੇ ਨਵੇਂ ਨਜ਼ਰੀਏ ਤੋਂ ਰੂਪਮਾਨ ਕਰਨ ਵਾਲੇ ਸ: ਜਗਜੀਤ ਸਿੰਘ ਜਾਂਦੇ ਵਕਤ ਮੇਰੇ ਮੋਢਿਆਂ ਉੱਤੇ ਜਿਹੜੀ ਜ਼ਿੰਮੇਵਾਰੀ ਪਾ ਗਏ ਸਨ, ਉਹ ਅਸਲ 'ਚ ਸਾਰੇ ਸਿੱਖ ਵਿਦਵਾਨਾਂ ਲਈ ਇਕ ਸੁਨੇਹਾ ਸੀ। ਮੈਂ ਤਾਂ ਮਹਿਜ਼ ਉਸ ਸੁਨੇਹੇ ਦਾ ਗਵਾਹ ਹਾਂ, ਜਾਂ ਕਹਿ ਲਓ ਸੁਨੇਹਾ-ਵਾਹਕ।

ਸ: ਜਗਜੀਤ ਸਿੰਘ, ਜਿਨ੍ਹਾਂ ਦੀ ਸਿੱਖ ਧਰਮ ਤੇ ਇਤਿਹਾਸ ਬਾਰੇ ਬੌਧਿਕ ਦੇਣ ਨੂੰ ਇਥੇ ਦੁਹਰਾਉਣ ਦੀ ਕੋਈ ਲੋੜ ਨਹੀਂ, ਨੂੰ ਉਮਰ ਦੇ ਆਖ਼ਰੀ ਦਿਨਾਂ ਵਿੱਚ ਵੱਡੀ ਚਿੰਤਾ ਸੀ ਕਿ ਕਿਤੇ ਸੰਤ ਜਰਨੈਲ ਸਿੰਘ ਦੀ ਅਗਵਾਈ ਤੇ ਪ੍ਰੇਰਨਾ ਹੇਠ ਖਾੜਕੂ ਸਿੰਘਾਂ ਵੱਲੋਂ ਆਰੰਭਿਆ ਸਿੱਖਾਂ ਦੀ ਆਜ਼ਾਦੀ ਦਾ ਜਾਨਦਾਰ ਸੰਘਰਸ਼ ਤੇ ਸਿੱਖ ਨੌਜੁਆਨੀ ਦੀਆਂ ਬੇਮਿਸਾਲ ਸ਼ਹਾਦਤਾਂ ਇਤਿਹਾਸ ਦੇ ਪੰਨਿਆਂ ਉੱਤੇ ਆਉਣ ਤੋਂ ਰਹਿ ਨਾ ਜਾਣ। ਬੇਸ਼ੱਕ

ਇਹ ਸੰਘਰਸ਼ ਸਿੱਖਾਂ ਦੀਆਂ ਆਜ਼ਾਦ ਖ਼ਾਲਸਾ ਰਾਜ ਕਾਇਮ ਕਰਨ ਦੀਆਂ ਅੰਤਰੀਵ ਭਾਵਨਾਵਾਂ ਦੀ ਉਪਜ ਹੁੰਦੇ ਹੋਏ ਵੀ, ਸਿਰੇ ਨਾ ਚੜ੍ਹ ਸਕਿਆ।

ਸ: ਜਗਜੀਤ ਸਿੰਘ ਹੁਰਾਂ ਨਾਲ ਮੇਰਾ ਸੰਪਰਕ ਪਹਿਲੀ ਦਫ਼ਾ ਸੰਨ 1982 ਵਿੱਚ ਸਿੱਖ ਵਿਦਵਾਨ ਸ: ਗੁਰਤੇਜ ਸਿੰਘ (ਸਾਬਕਾ ਆਈ.ਏ.ਐਸ.) ਦੀ ਮਾਰਫ਼ਤ ਹੋਇਆ ਜਦੋਂ ਉਨ੍ਹਾਂ ਨੇ ਮੈਨੂੰ ਆਪਣੀ ਬਹੁਚਰਚਿਤ ਕਿਤਾਬ *The Sikh Revolution* (*ਸਿੱਖ ਇਨਕਲਾਬ*) ਦੀ ਇਕ ਕਾਪੀ ਪੜ੍ਹਨ ਲਈ ਦਿੱਤੀ। ਇਸ ਲਿਖਤ ਨੇ ਮੇਰੇ ਉੱਤੇ ਬੜਾ ਡੂੰਘਾ ਪ੍ਰਭਾਵ ਪਾਇਆ। ਮੈਂ ਉਨ੍ਹਾਂ ਦੀਆਂ ਹੋਰ ਲਿਖਤਾਂ ਵੀ ਪੜ੍ਹੀਆਂ ਤੇ ਉਨ੍ਹਾਂ ਦੇ ਸੰਘਰਸ਼ਮਈ ਜੀਵਨ ਬਾਰੇ ਹੋਰ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਦੀ ਵਿਦਵਤਾ, ਨਿਰਮਾਣਤਾ ਤੇ ਸੁਹਿਰਦਤਾ ਕਾਰਨ ਮੇਰੇ ਮਨ ਵਿੱਚ ਉਨ੍ਹਾਂ ਦਾ ਸਤਿਕਾਰ ਦਿਨੋ-ਦਿਨ ਵਧਦਾ ਗਿਆ। ਉਨ੍ਹਾਂ ਵਰਗਾ ਸੱਚਾ ਤੇ ਸੁੱਚਾ ਅਤੇ ਕਹਿਣੀ ਤੇ ਕਰਨੀ ਦਾ ਪੂਰਾ ਸਿੱਖ ਵਿਰਲਾ ਹੀ ਮਿਲਦਾ ਹੈ।

ਅਜੋਕੇ ਸਿੱਖ ਇਤਿਹਾਸ ਦੇ ਅਦੁੱਤੀ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵੱਲੋਂ ਆਰੰਭੇ ਗਏ ਸਿੱਖ ਸੰਘਰਸ਼ ਦੇ ਮੂਲ ਖ਼ਾਸੇ ਨੂੰ ਸਮਝ ਕੇ, ਖਾੜਕੂ ਸਿੱਖ ਲਹਿਰ ਦੇ ਸਮੁੱਚੇ ਅਮਲ ਦੀ ਡੂੰਘੀ ਤੇ ਭਰਵੀਂ ਘੋਖ ਕਰਨ ਅਤੇ ਇਸ ਇਤਿਹਾਸਿਕ ਕਾਰਨਾਮੇ ਨੂੰ ਢੁਕਵੇਂ ਸ਼ਬਦਾਂ ਦਾ ਰੂਪ ਦੇਣ ਲਈ ਬੜੇ ਪਾਰਖੂ ਨਜ਼ਰ ਵਾਲੇ ਲੇਖਕ ਦੀ ਲੋੜ ਸੀ। ਇਸੇ ਪਹੁੰਚ ਸਦਕਾ ਹੀ ਸ: ਜਗਜੀਤ ਸਿੰਘ ਦੇ ਅੰਤਮ ਬੋਲਾਂ ਨਾਲ ਵਾਅਦਾ ਨਿਭਾਇਆ ਜਾ ਸਕਦਾ ਸੀ। ਮੇਰੇ ਲਈ ਨਿੱਜੀ ਤੌਰ ਉੱਤੇ ਵੀ ਇਹ ਜ਼ਿੰਮੇਵਾਰੀ ਨਿਭਾਉਣੀ ਦਿਨੋ-ਦਿਨ ਜ਼ਰੂਰੀ ਹੁੰਦੀ ਜਾ ਰਹੀ ਸੀ।

ਹਥਲੀ ਪੁਸਤਕ *ਵੀਹਵੀਂ ਸਦੀ ਦੀ ਸਿੱਖ ਰਾਜਨੀਤੀ* ਇਸੇ ਵਾਅਦਾ ਪੂਰਤੀ ਦਾ ਪਹਿਲਾ ਪਰ ਮਹੱਤਵਪੂਰਨ ਪੜਾਅ ਕਹੀ ਜਾ ਸਕਦੀ ਹੈ। ਇਹ ਇਤਫ਼ਾਕ ਹੀ ਹੈ ਕਿ ਇਸ ਲਿਖਤ ਦੇ ਲੇਖਕ ਸ: ਅਜਮੇਰ ਸਿੰਘ ਨੂੰ ਵੀ ਪਹਿਲੀ ਵਾਰ ਮੈਂ ਸ: ਜਗਜੀਤ ਸਿੰਘ ਦੇ ਘਰ ਹੀ ਮਿਲਿਆ ਸਾਂ। ਬੇਸ਼ੱਕ ਸਿੱਖ ਪੰਥ ਤੇ ਪੰਜਾਬ ਦੇ ਮਸਲਿਆਂ ਬਾਰੇ ਪੰਜਾਬੀ ਅਖ਼ਬਾਰਾਂ ਤੇ ਰਸਾਲਿਆਂ ਵਿੱਚ ਛਪਦੇ ਇਨ੍ਹਾਂ ਦੇ ਲੇਖ ਪੜ੍ਹਨ ਕਰਕੇ ਮੈਂ ਇਨ੍ਹਾਂ ਦੇ ਨਾਮ ਤੋਂ ਪਹਿਲਾਂ ਹੀ ਵਾਕਫ਼ ਸਾਂ। ਸ: ਜਗਜੀਤ ਸਿੰਘ ਦੀ ਦਿਲੀ ਖ਼ਾਹਸ਼ ਤੇ ਚਿੰਤਾ ਬਾਰੇ ਇਹ ਵੀ ਪੂਰੇ ਸਹਿਮਤ ਸਨ। ਖਾੜਕੂ ਸਿੱਖ ਸੰਘਰਸ਼ ਨੂੰ ਕਲਮਬੱਧ ਕਰਨ ਲਈ ਭਾਵੇਂ ਸ: ਅਜਮੇਰ ਸਿੰਘ ਪਹਿਲੋਂ ਹੀ ਤਕੜੀ ਬੌਧਿਕ ਰੁਚੀ ਰੱਖਦੇ ਸਨ, ਪਰ ਮੇਰੇ ਤੇ ਕਰਨਲ ਭਗਤ ਸਿੰਘ ਦੇ ਕਹਿਣ 'ਤੇ ਉਨ੍ਹਾਂ ਆਪਣੇ ਕੁਝ ਹੋਰਨਾਂ ਬੁੱਧੀਮਾਨ ਸਾਥੀਆਂ ਨਾਲ ਰਲ ਕੇ ਇਸ ਕੰਮ ਦਾ ਪੂਰਾ ਜ਼ਿੰਮਾ ਓਟ ਲਿਆ।

*ਵੀਹਵੀਂ ਸਦੀ ਦੀ ਸਿੱਖ ਰਾਜਨੀਤੀ* ਮੁੱਖ ਤੌਰ 'ਤੇ ਸੰਨ 1982 ਤੋਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਚਲਾਏ ਧਰਮਯੁੱਧ ਮੋਰਚੇ, ਜੂਨ 1984 ਵਿੱਚ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪੰਜਾਬ ਵਿੱਚ ਹੋਰ ਬਹੁਤ ਸਾਰੇ ਗੁਰਦੁਆਰਿਆਂ ਉੱਤੇ ਭਾਰਤ ਸਰਕਾਰ ਵੱਲੋਂ ਕੀਤੇ ਗਏ ਫ਼ੌਜੀ ਹਮਲੇ, ਇਸ ਤੋਂ ਬਾਅਦ 'ਅਪਰੇਸ਼ਨ ਵੁੱਡਰੋਜ਼' ਦੌਰਾਨ ਸਿੱਖ ਕੌਮ ਉੱਤੇ ਢਾਹੇ ਗਏ ਨਾਦਰਸ਼ਾਹੀ ਜ਼ੁਲਮ ਅਤੇ ਇੰਦਰਾ ਗਾਂਧੀ ਦੇ ਕਤਲ ਮਗਰੋਂ ਨਵੰਬਰ 1984 ਵਿੱਚ ਦਿੱਲੀ ਤੇ ਭਾਰਤ ਦੇ ਹੋਰ ਸ਼ਹਿਰਾਂ ਵਿੱਚ ਸਿੱਖਾਂ ਦੇ ਵਹਿਸ਼ੀ ਕਤਲੇਆਮ ਬਾਅਦ ਉਭਰੀ ਸਿੱਖ ਖਾੜਕੂ ਲਹਿਰ ਬਾਰੇ ਦੋ ਹਿੱਸਿਆਂ ਵਿੱਚ ਲਿਖਿਆ ਜਾ ਰਿਹਾ ਵਿਸ਼ਲੇਸ਼ਣੀ ਦਸਤਾਵੇਜ਼ ਹੈ। ਪਹਿਲੇ ਹਿੱਸੇ ਵਿੱਚ, ਸੰਨ 1849 ਵਿੱਚ ਪੰਜਾਬ ਉੱਤੇ ਅੰਗਰੇਜ਼ਾਂ ਦੇ ਕਬਜ਼ੇ ਤੋਂ ਲੈ ਕੇ ਅੱਡ ਅੱਡ ਰੂਪਾਂ ਵਿੱਚ ਛਿੜੀ ਸਿੱਖ ਸਰਗਰਮੀ ਅਤੇ ਉਸ ਤੋਂ ਉਪਜੀ ਗੁਰਦੁਆਰਾ ਸੁਧਾਰ ਲਹਿਰ ਤੋਂ ਲੈ ਕੇ ਜੂਨ 1984 ਤਕ ਦੀ ਸਿੱਖ

ਜਦੋਜਹਿਦ ਤੇ ਰਾਜਨੀਤੀ ਨੂੰ ਨਵੇਂ ਸਿਰੇ ਤੋਂ ਸਮਝਣ, ਘੋਖਣ ਤੇ ਲਿਖਣ ਦਾ ਯਤਨ ਕੀਤਾ ਗਿਆ ਹੈ। ਖਾੜਕੂ ਸਿੱਖ ਲਹਿਰ ਦੇ ਪਿਛੋਕੜ ਤੇ ਬੁਨਿਆਦੀ ਕਾਰਨਾਂ ਨੂੰ ਸਮਝਣ ਲਈ ਅਜਿਹਾ ਕਰਨਾ ਲਾਜ਼ਮੀ ਸੀ, ਤਾਂ ਹੀ ਇਸ ਲਿਖਤ ਦੇ ਦੂਜੇ ਹਿੱਸੇ ਵਿੱਚ ਖਾੜਕੂ ਸਿੱਖ ਸੰਘਰਸ਼ ਦੀਆਂ ਖ਼ੂਬੀਆਂ ਤੇ ਖ਼ਾਮੀਆਂ ਨੂੰ ਸਹੀ ਸੰਦਰਭ ਵਿੱਚ ਰੱਖ ਕੇ ਪੇਸ਼ ਕੀਤਾ ਜਾ ਸਕੇਗਾ।

ਮੇਰਾ ਆਪਣਾ ਇਸ ਲਿਖਤ ਵਿੱਚ ਹਿੱਸਾ ਕੁਝ ਲੁੜੀਂਦੀਆਂ ਕਿਤਾਬਾਂ ਲੈ ਕੇ ਦੇਣ ਅਤੇ ਖਰੜੇ ਨੂੰ ਪੜ੍ਹ ਕੇ ਆਪਣੇ ਵਿਚਾਰ ਤੇ ਸੁਝਾਅ ਦੇਣ ਤਕ ਸੀਮਤ ਹੈ। ਹਾਂ, ਸ: ਜਗਜੀਤ ਸਿੰਘ ਵੱਲੋਂ ਸੌਂਪੇ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਮੇਰੇ ਵੱਲੋਂ ਦਿੱਤੀ ਨੈਤਿਕ ਹੱਲਾਸ਼ੇਰੀ ਦਾ ਵੀ ਸ਼ਾਇਦ ਇਸ ਲਿਖਤ ਨੂੰ ਨੇਪਰੇ ਚਾੜ੍ਹਨ ਵਿੱਚ ਕੋਈ ਯੋਗਦਾਨ ਬਣਦਾ ਹੋਵੇ।

ਮੇਰੀ ਸਮਝ ਵਿੱਚ ਇਹ ਦਸਤਾਵੇਜ਼ ਕਰੜੀ ਮਿਹਨਤ ਤੇ ਪੂਰੀ ਇਮਾਨਦਾਰੀ ਦੇ ਨਾਲ ਨਾਲ ਕਿਸੇ ਵੀ ਕਿਸਮ ਦੇ ਜਜ਼ਬਾਤੀ ਉਲਾਰਪੁਣੇ ਤੇ ਧੜੇਬੰਦਕ ਝੁਕਾਅ ਤੋਂ ਲਾਂਭੇ ਰਹਿ ਕੇ ਲਿਖਿਆ ਗਿਆ ਹੈ। ਸਿੰਘ ਸਭਾ ਲਹਿਰ ਤੋਂ ਲੈ ਕੇ ਜੂਨ 1984 ਤਕ, ਸਿੱਖ ਜਦੋਜਹਿਦ ਦੇ ਅੱਡ ਅੱਡ ਦੌਰਾਂ ਦੌਰਾਨ ਅੱਡ ਅੱਡ ਸਿੱਖ ਹਸਤੀਆਂ ਦੇ ਕਰਮ (ਰੋਲ) ਨੂੰ ਬਿਨਾਂ ਕਿਸੇ ਲੱਗ-ਲਗਾਅ ਦੇ ਦੇਖਣ ਤੇ ਅੰਗਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਦਸਤਾਵੇਜ਼ ਆਪਣੇ ਆਪ ਵਿੱਚ ਸਿੱਖ ਸੰਘਰਸ਼ਾਂ ਦਾ ਇਤਿਹਾਸ ਵੀ ਹੈ। ਪਰ ਇਹ ਕਿਸੇ ਉਲਾਰ ਤੇ ਸੌੜੇ ਨਜ਼ਰੀਏ ਤੋਂ ਲਿਖਿਆ ਇਤਿਹਾਸ ਨਹੀਂ ਸਗੋਂ ਸਾਰੇ ਇਤਿਹਾਸਕ ਕਰਮ ਨੂੰ ਇਕ ਖ਼ਾਸ ਸੰਦਰਭ ਵਿੱਚ ਰੱਖ ਕੇ ਸਮਝਣ ਦਾ ਨਿਵੇਕਲਾ ਯਤਨ ਵੀ ਹੈ। ਕਰੜੀ ਬੌਧਿਕ ਘਾਲਣਾ ਨਾਲ ਨੇਪਰੇ ਚਾੜ੍ਹੀ ਜਾ ਰਹੀ ਇਸ ਲਿਖਤ ਨੂੰ ਪੰਜਾਬੀ ਪਾਠਕਾਂ, ਖ਼ਾਸ ਕਰਕੇ ਸਿੱਖ ਜਗਤ ਸਾਹਮਣੇ ਪੇਸ਼ ਕਰਦਿਆਂ ਮੈਂ ਜਿਥੇ ਬੜਾ ਮਾਣ ਮਹਿਸੂਸ ਕਰ ਰਿਹਾ ਹਾਂ, ਉਥੇ ਸ: ਜਗਜੀਤ ਸਿੰਘ ਨਾਲ ਕੀਤੇ ਵਾਅਦੇ ਨੂੰ ਪੂਰਾ ਹੁੰਦਾ ਵੇਖ ਭਾਰੀ ਤਸੱਲੀ ਵੀ ਹੋ ਰਹੀ ਹੈ।

124, 28-ਏ, ਚੰਡੀਗੜ੍ਹ
20 ਨਵੰਬਰ, 2002

**ਨਰਿੰਦਰ ਸਿੰਘ**
ਮੇਜਰ ਜਨਰਲ (ਸੇਵਾ-ਮੁਕਤ)

# ਮੁਖਬੰਧ ਦੀ ਥਾਵੇਂ

ਇਤਿਹਾਸ ਵਰਤਮਾਨ ਤੇ ਅਤੀਤ ਵਿਚਕਾਰ ਇਕ ਨਿਰੰਤਰ ਵਾਰਤਾਲਾਪ ਹੈ....ਅਤੀਤ ਨੂੰ ਅਸੀਂ ਵਰਤਮਾਨ ਦੀ ਰੋਸ਼ਨੀ 'ਚ ਹੀ ਸਮਝ ਸਕਦੇ ਹਾਂ ਅਤੇ ਵਰਤਮਾਨ ਨੂੰ ਵੱਧ ਬੀਤੇ ਦੀ ਰੋਸ਼ਨੀ 'ਚ ਹੀ ਸਮਝਿਆ ਜਾ ਸਕਦਾ ਹੈ। ਮਨੁੱਖ ਨੂੰ ਬੀਤੇ ਸਮਾਜ ਨੂੰ ਸਮਝਣ ਦੇ ਸਮਰੱਥ ਬਣਾਉਣਾ ਅਤੇ ਉਸ ਦੀ ਮੌਜੂਦਾ ਸਮਾਜ ਉੱਤੇ ਮੁਹਾਰਤ ਵਿੱਚ ਵਾਧਾ ਕਰਨਾ, ਇਤਿਹਾਸ ਦਾ ਦੋਹਰਾ ਕਾਰਜ ਹੈ.........

ਇਤਿਹਾਸ ਤੋਂ ਸਿੱਖਣ ਦਾ ਕਰਮ ਇਕ-ਪਾਸੜ ਅਮਲ ਨਹੀਂ ਹੈ। ਅਤੀਤ ਦੀ ਰੋਸ਼ਨੀ 'ਚ ਵਰਤਮਾਨ ਨੂੰ ਸਮਝਣ ਦਾ ਅਰਥ ਵਰਤਮਾਨ ਦੀ ਰੋਸ਼ਨੀ 'ਚ ਬੀਤੇ ਨੂੰ ਸਮਝਣਾ ਵੀ ਹੈ। ਇਤਿਹਾਸ ਦਾ ਕਾਰਜ ਅਤੀਤ ਤੇ ਵਰਤਮਾਨ ਦੇ ਅੰਤਰ-ਸਬੰਧਾਂ ਦੇ ਜ਼ਰੀਏ, ਦੋਨਾਂ ਬਾਰੇ ਹੀ ਗੂੜ੍ਹ ਸਮਝ ਹਾਸਲ ਕਰਨਾ ਹੈ।

—ਈ.ਐਚ. ਕਾਰ

•

ਜੇਕਰ ਇਤਿਹਾਸ ਦੇ ਅਧਿਐਨ ਦੀ ਲੋਅ ਭਵਿੱਖ ਨੂੰ ਵਿਉਂਤਣ ਦੀ ਦਿਸ਼ਾ ਨਹੀਂ ਸੁਝਾਉਂਦੀ ਤਾਂ ਇਹ ਅਧਿਐਨ ਬੇਕਾਰ ਹੈ।

—ਸਰ ਜੋਗਿੰਦਰ ਸਿੰਘ

*ਕੌਮਾਂ ਦੇ ਬਣਨ ਵਾਂਗ ਹੀ ਉਨ੍ਹਾਂ ਦੇ ਸਾਧਾਰਨ ਨੁਕਸਾਨ ਤੋਂ ਲੈ ਕੇ ਸਰਬਨਾਸ਼ ਤਕ ਦੇ ਸਫ਼ਰ ਨੂੰ ਵੀ ਕਈ ਵਾਰ ਸਦੀਆਂ ਲੱਗਦੀਆਂ ਹਨ। ਬਹੁਤ ਵਾਰ ਧਰਮਾਂ ਤੇ ਕੌਮਾਂ ਕੋਲ ਅਵੇਸਲੇਪਣ ਕਾਰਨ, ਲੁਕਣਮੀਚੀ ਖੇਡਦੀ ਇਤਿਹਾਸਕ ਗਤੀ ਨੂੰ ਵੇਖਣ ਵਾਲਾ ਸੂਖਮ ਅਨੁਭਵ ਨਹੀਂ ਹੁੰਦਾ।*

*—ਹਰਿੰਦਰ ਸਿੰਘ ਮਹਿਬੂਬ*

# ਭਾਗ ਪਹਿਲਾ

## ਬਰਤਾਨਵੀ .ਗ਼ੁਲਾਮੀ ਅਤੇ ਸਿੱਖ ਮਸਲੇ

## (1849-1947)

ਉੱਨੀਵੀਂ ਸਦੀ ਦਾ ਆਖ਼ਰੀ ਦਹਾਕਾ ਪੰਜਾਬ ਅੰਦਰਲੇ ਸਭਨਾਂ ਭਾਈਚਾਰਿਆਂ ਦੇ ਆਪਣੇ ਮਨਾਂ ਅੰਦਰ ਡੂੰਘੀ ਅੰਤਰ-ਝਾਤ ਮਾਰਨ ਦਾ ਸਮਾਂ ਸੀ। ਸਿੱਖਾਂ ਨੂੰ ਆਪਣੇ ਸ਼ਾਨਦਾਰ ਵਿਰਸੇ ਬਾਰੇ ਸੁਚੇਤ ਹੋਣ ਦੀ ਜਾਗ ਸਭ ਤੋਂ ਪਛੜ ਕੇ ਲੱਗੀ। ਇਹ ਵਰਤਾਰਾ ਚੁੱਪ-ਚੁਪੀਤਾ ਹੀ ਵਾਪਰਿਆ। ਸਹਿਜੇ ਸਹਿਜੇ ਜਾਂ ਇਹ ਕਹਿ ਲਵੋ ਕਿ ਨਾਮਾਲੂਮ ਤੌਰ 'ਤੇ ਹੀ ਸਿੱਖਾਂ ਨੇ ਆਪਣੀ ਨੌਜਵਾਨ ਪੀੜ੍ਹੀ ਅੰਦਰ ਇਕ ਨਵੀਂ ਤਰੰਗ ਪੈਦਾ ਹੁੰਦੀ ਦੇਖੀ। ਉਨ੍ਹਾਂ ਦੀਆਂ ਹੱਡੀਆਂ ਵਿੱਚ ਇਕ ਜ਼ੋਰ ਦੀ ਝਰਣਾਹਟ ਪੈਦਾ ਹੋਈ ਅਤੇ ਨਾੜਾਂ ਦੇ ਵਿੱਚ ਇਕ ਅਜੀਬ ਫਰਕਣ ਮਹਿਸੂਸ ਹੋਈ, ਜਿਸ ਦੀ ਸਮਝ ਖ਼ੁਦ ਉਨ੍ਹਾਂ ਨੂੰ ਵੀ ਨਹੀਂ ਸੀ ਪੈ ਰਹੀ।

—ਰੁਚੀ ਰਾਮ ਸਾਹਨੀ

# 1

# ਹਮ ਹਿੰਦੂ ਨਹੀਂ

ਇਸ ਇਤਿਹਾਸਕ ਤੱਥ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਬਾਬੇ ਨਾਨਕ ਵੱਲੋਂ 'ਤੀਸਰਾ ਪੰਥ' ਚਲਾਉਣ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਦੁਆਰਾ ਖ਼ਾਲਸਾ ਪੰਥ ਦੀ ਸਾਜਨਾ ਤਕ ਸਿੱਖੀ ਦੇ ਘੇਰੇ ਵਿੱਚ ਆਏ ਜ਼ਿਆਦਾਤਰ ਲੋਕਾਂ ਦਾ ਪਿਛੋਕੜ ਹਿੰਦੂ ਸੀ। ਸਿੱਖ ਪੰਥ ਅੰਦਰ ਸ਼ਾਮਲ ਹੋਏ ਇਹ ਤੱਤ ਆਪਣੇ ਵਿਸ਼ਵਾਸਾਂ, ਸੰਸਕਾਰਾਂ, ਰਹੁ-ਰੀਤਾਂ ਤੇ ਰਸਮਾਂ ਰਿਵਾਜਾਂ ਪੱਖੋਂ ਹਿੰਦੂ ਸਮਾਜ ਨਾਲ ਚੀੜ੍ਹੇ ਰੂਪ 'ਚ ਜੁੜੇ ਹੋਏ ਸਨ। ਜਿਉਂ-ਜਿਉਂ ਸਿੱਖ ਪੰਥ ਦਾ ਨਿਵੇਕਲਾ ਸਰੂਪ ਉਘੜਦਾ ਚਲਾ ਗਿਆ ਅਤੇ ਇਸ ਦੀ ਸੁਤੰਤਰ ਹਸਤੀ ਸਥਾਪਤ ਹੁੰਦੀ ਗਈ ਤਾਂ ਹਿੰਦੂਵਾਦ ਨਾਲੋਂ, ਸੋਚ ਤੇ ਸੰਸਕਾਰਾਂ ਪੱਖੋਂ ਮੁਕੰਮਲ ਰੂਪ 'ਚ ਤੋੜ-ਵਿਛੋੜਾ ਕਰਨ ਤੋਂ ਆਗ੍ਰੀ (ਜਾਂ ਇਨਕਾਰੀ) ਤੱਤਾਂ ਨੇ ਇਸ ਅਮਲ ਦੇ ਵਿਰੋਧ 'ਚ ਖੜਨਾ ਸ਼ੁਰੂ ਕਰ ਦਿੱਤਾ। ਇਹ ਵਿਰੋਧ, ਸ਼ੰਕਿਆਂ ਦੇ ਰੂਪ 'ਚ ਬਾਬੇ ਨਾਨਕ ਦੇ ਵੇਲੇ ਤੋਂ ਹੀ ਸ਼ੁਰੂ ਹੋ ਗਿਆ ਸੀ। ਗੁਰੂ ਗੋਬਿੰਦ ਸਿੰਘ ਵੇਲੇ, ਖ਼ਾਲਸੇ ਦੀ ਸਿਰਜਨਾ ਨਾਲ, ਇਹ ਵਿਰੋਧ ਖੁੱਲ੍ਹਾ ਰੂਪ ਧਾਰਨ ਕਰ ਗਿਆ। ਪੁਰਾਤਨ ਸਿੱਖ ਇਤਿਹਾਸ ਤੇ ਪ੍ਰੰਪਰਾ ਸਬੰਧੀ ਪ੍ਰਸਿੱਧ ਲਿਖਤਾਂ (ਕੋਇਰ ਸਿੰਘ ਦੁਆਰਾ ਰਚਿਤ *ਗੁਰਬਿਲਾਸ ਪਾਤਸ਼ਾਹੀ ਦਸਵੀਂ* ਅਤੇ ਸੈਨਾਪਤਿ ਕ੍ਰਿਤ *ਸ੍ਰੀ ਗੁਰ ਸੋਭਾ* ਆਦਿ) 'ਚੋਂ ਇਹ ਕਬੂਲਣਯੋਗ ਪ੍ਰਮਾਣ ਮਿਲਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਵੱਲੋਂ ਖ਼ਾਲਸਾ ਪੰਥ ਦੀ ਸਾਜਨਾ ਮੌਕੇ ਸਿੱਖ ਪੰਥ ਅੰਦਰਲੇ ਕਾਫ਼ੀ ਤੱਤਾਂ ਨੇ, ਆਪਣੇ ਹਿੰਦੂ ਸੰਸਕਾਰਾਂ ਸਦਕਾ, ਖ਼ਾਲਸਾ ਪੰਥ ਵਿੱਚ ਸ਼ਾਮਲ ਹੋਣ ਤੋਂ ਖੁੱਲ੍ਹਮ-ਖੁੱਲ੍ਹਾ ਇਨਕਾਰ ਕਰ ਦਿੱਤਾ ਸੀ।[1] ਇਹ ਵਤੀਰਾ ਜ਼ਿਆਦਾਤਰ ਕਰਕੇ ਸਵਰਨ ਜਾਤੀਆਂ ਨਾਲ ਸਬੰਧਤ ਵਰਗਾਂ ਵੱਲੋਂ ਅਪਣਾਇਆ ਗਿਆ ਸੀ। ਦਿੱਲੀ ਦੀ ਸਿੱਖ ਸੰਗਤ ਦੇ ਅਖੌਤੀ ਉੱਚ ਜਾਤੀ ਵਰਗਾਂ ਨੇ ਤਾਂ ਗੁਰੂ ਗੋਬਿੰਦ ਸਿੰਘ ਹੱਥੋਂ ਅੰਮ੍ਰਿਤ ਪਾਨ ਕਰਕੇ ਸਿੰਘ ਸਜੇ ਲੋਕਾਂ ਦਾ ਸਮਾਜਕ ਬਾਈਕਾਟ ਕਰਨ ਤਕ ਨਿਰਣਾ ਲੈ ਲਿਆ ਸੀ।[2] ਉਸ ਤੋਂ ਬਾਅਦ ਵੀ ਸਿੱਖ ਪੰਥ ਅੰਦਰ ਇਹ ਵਿਚਾਰਧਾਰਕ ਵਖਰੇਵੇਂ ਤੇ ਬਖੇੜੇ ਜਾਰੀ ਰਹੇ। ਨਾਨਕਪੰਥੀਏ, ਨਿਰਮਲੇ, ਉਦਾਸੀ ਆਦਿ ਸੰਪਰਦਾਵਾਂ, ਵਿਚਾਰਧਾਰਕ ਤੇ ਦੁਨਿਆਵੀ, ਦੋਨੋਂ ਪੱਧਰਾਂ 'ਤੇ ਹਿੰਦੂ ਮੱਤ ਦੇ ਗਹਿਰੇ ਪ੍ਰਭਾਵ ਹੇਠ ਸਨ। ਜਿੰਨਾ ਚਿਰ ਸਿੱਖ ਪੰਥ ਦੇ ਅੰਦਰੂਨੀ ਨਿਯਮਾਂ ਅੰਦਰ ਸਖ਼ਤਾਈ ਨਹੀਂ ਆਈ, ਉਨਾ ਚਿਰ ਇਹ ਸੰਪਰਦਾਵਾਂ ਪੰਥ ਅੰਦਰ ਪ੍ਰਵਾਨ ਭਾਵੇਂ ਨਾ ਸਹੀ, ਪਰ ਸਹਿਣ ਜ਼ਰੂਰ ਹੁੰਦੀਆਂ ਰਹੀਆਂ। ਖ਼ਾਲਸਾ ਪੰਥ ਦੀ ਸਾਜਨਾ ਨਾਲ ਜਦ ਅੰਦਰੂਨੀ ਜ਼ਾਬਤਾ ਸਖ਼ਤ ਹੋ ਗਿਆ ਤਾਂ ਗੁਰਮਤਿ ਵਿਚਾਰਧਾਰਾ ਨਾਲੋਂ ਵੱਖਰਾ ਵਹਿਣ ਬਣਾ ਕੇ ਵਗ ਰਹੀਆਂ ਇਨ੍ਹਾਂ ਧਾਰਾਵਾਂ ਨਾਲੋਂ ਦੋ ਟੁੱਕ ਨਖੇੜਾ ਕਰਨ ਦਾ ਕਾਰਜ ਏਜੰਡੇ 'ਤੇ ਆ ਗਿਆ। ਅਜਿਹੇ ਚੋਖੇ ਇਤਿਹਾਸਕ ਪ੍ਰਮਾਣ ਮਿਲਦੇ

ਹਨ ਕਿ ਦਸਮ ਪਾਤਸ਼ਾਹ ਨੇ ਖ਼ਾਲਸਾ ਪੰਥ ਅੰਦਰ ਗੁਰਮਤਿ ਵਿਚਾਰਧਾਰਾ ਨੂੰ ਪੱਕੇ ਪੈਰੀਂ ਕਰਨ ਅਤੇ ਇਸ ਦੀ ਨਿਰਮਲਤਾ ਬਰਕਰਾਰ ਰੱਖਣ ਦੇ ਉਦੇਸ਼ ਨਾਲ 'ਬਿਪਰਨ ਕੀ ਰੀਤ' ਵਿਰੁੱਧ ਕਠੋਰ ਤੇ ਫ਼ੈਸਲਾਕੁਨ ਸਿਧਾਂਤਕ ਜਦੋਜਹਿਦ ਦਾ ਅਮਲ ਆਰੰਭ ਦਿੱਤਾ ਸੀ।[3] ਪਰ ਉਦੋਂ ਹੀ ਖ਼ਾਲਸੇ ਦੀ ਮੁਗ਼ਲਸ਼ਾਹੀ ਨਾਲ ਹੋਣੀ ਭਰਪੂਰ ਟੱਕਰ ਸ਼ੁਰੂ ਹੋ ਗਈ। ਜ਼ਿੰਦਗੀ ਮੌਤ ਦੇ ਇਸ ਸੰਘਰਸ਼ ਨੇ ਖ਼ਾਲਸਾ ਪੰਥ ਅੰਦਰਲੇ ਇਨ੍ਹਾਂ ਸਿਧਾਂਤਕ ਬਖੇੜਿਆਂ ਨੂੰ ਪਿਛਵਾੜੇ ਧੱਕ ਦਿੱਤਾ। ਇਹ ਹਾਲਤ ਲੰਮਾ ਚਿਰ ਜਾਰੀ ਰਹੀ। ਮਿਸਲਾਂ ਵੇਲੇ, ਜਦ ਖ਼ਾਲਸਾ ਪੰਥ ਨੂੰ ਰਤਾ ਕੁ ਸੌਖਾ ਸਾਹ ਆਉਣਾ ਸ਼ੁਰੂ ਹੋਇਆ ਤਾਂ ਉਦੋਂ ਤਕ ਸਿੱਖੀ ਦੀਆਂ ਸਿਧਾਂਤਕ ਬੁਨਿਆਦਾਂ ਕਮਜ਼ੋਰ ਪੈਣੀਆਂ ਸ਼ੁਰੂ ਹੋ ਚੁੱਕੀਆਂ ਸਨ। ਸਿੱਟੇ ਵਜੋਂ, ਪੰਥ ਦੇ ਅੰਦਰੂਨੀ ਵਿਚਾਰਧਾਰਕ ਵਿਗਾੜਾਂ ਨੂੰ ਟਿਕਾਣੇ ਸਿਰ ਕਰਨ, ਅਰਥਾਤ ਅੰਦਰਲੀ ਸਿਧਾਂਤਕ ਸੁਧਾਈ ਕਰਨ ਦੀ ਚੇਤਨਾ ਕਮਜ਼ੋਰ ਪੈ ਤੁਰੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਸਿੱਖੀ ਦੇ ਬੁਨਿਆਦੀ ਸਿਧਾਂਤਾਂ ਨੂੰ ਇਸ ਕਦਰ ਢਾਹ ਲੱਗ ਗਈ ਕਿ ਸਿੱਖ ਧਰਮ ਤੇ ਸਮਾਜ ਦੇ 'ਹਿੰਦੂਕਰਨ' ਦਾ ਅਮਲ ਗੰਭੀਰ ਆਕਾਰ-ਪਸਾਰ ਅਖ਼ਤਿਆਰ ਕਰ ਗਿਆ। ਖ਼ੁਸ਼ਵੰਤ ਸਿੰਘ ਨੇ ਇਸੇ ਵਰਤਾਰੇ ਦੀ ਗੰਭੀਰਤਾ ਦਰਸਾਉਂਦਿਆਂ ਲਿਖਿਆ ਹੈ ਕਿ "ਸਿੱਖ ਰਾਜ ਦੌਰਾਨ ਸਿੱਖ ਅਤੇ ਹਿੰਦੂ ਵਿਚਕਾਰ ਫ਼ਰਕ ਮਾਮੂਲੀ ਹੀ ਰਹਿ ਗਿਆ ਸੀ।"[4] ਅਰਨੈਸਟ ਟਰੰਪ, ਜੇ.ਡੀ. ਕਨਿੰਘਮ, ਮੈਕਸ ਆਰਥੁਰ ਮੈਕਾਲਿਫ਼ ਤੇ ਹੋਰਨਾਂ ਪੱਛਮੀ ਵਿਦਵਾਨਾਂ ਤੇ ਇਤਿਹਾਸਕਾਰਾਂ ਨੇ ਵੀ ਆਪਣੀਆਂ ਰਚਨਾਵਾਂ ਅੰਦਰ ਇਸ ਤੱਥ ਦੀ ਪ੍ਰਭਾਵਸ਼ਾਲੀ ਢੰਗ ਨਾਲ ਪੁਸ਼ਟੀ ਕੀਤੀ ਹੈ। ਇਹ ਉਹ ਸਮਾਂ ਸੀ ਜਦ ਉਪਰ ਬਿਆਨੀਆਂ ਨੀਮ ਹਿੰਦੂ ਸੰਪਰਦਾਵਾਂ ਨੂੰ ਸਿੱਖ ਪੰਥ ਅੰਦਰ ਨਾ ਸਿਰਫ਼ ਕਬੂਲਿਆ ਗਿਆ ਸਗੋਂ ਸਤਿਕਾਰ ਦੀ ਨਿਗ੍ਹਾ ਨਾਲ ਦੇਖਿਆ ਜਾਣ ਲੱਗਾ। ਅਠਾਰ੍ਹਵੀਂ ਸਦੀ 'ਚ ਜਦ 'ਅਕਾਲ ਪੁਰਖ ਕੀ ਫ਼ੌਜ' ਉੱਤੇ ਮੁਗ਼ਲਸ਼ਾਹੀ ਦੇ ਜ਼ੁਲਮਾਂ ਦਾ ਤੇਜ਼ ਝੱਖੜ ਝੁੱਲਣ ਲੱਗਾ ਅਤੇ ਸਿੰਘਾਂ ਨੂੰ ਜੰਗਲਾਂ ਬੇਲਿਆਂ 'ਚ ਰਹਿ ਕੇ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪੈ ਗਿਆ ਤਾਂ ਸਿੱਖੀ ਪ੍ਰਚਾਰ ਤੇ ਗੁਰਧਾਮਾਂ ਦਾ ਪ੍ਰਬੰਧ, ਗੁਰਮਤਿ ਵਿਚਾਰਧਾਰਾ ਤੋਂ ਇਕ ਦੂਰੀ ਬਣਾ ਕੇ ਚੱਲ ਰਹੀਆਂ ਇਨ੍ਹਾਂ ਸੰਪਰਦਾਵਾਂ ਦੇ ਹੱਥਾਂ 'ਚ ਚਲਾ ਗਿਆ। ਖ਼ੁਦ ਹਿੰਦੂਵਾਦ ਦੇ ਵਿਚਾਰਧਾਰਕ ਪ੍ਰਭਾਵ ਹੇਠ ਹੋਣ ਕਰਕੇ, ਇਹ ਸੰਪਰਦਾਵਾਂ ਸਿੱਖ ਧਰਮ ਦੇ ਬੁਨਿਆਦੀ ਸਿਧਾਂਤਾਂ ਅੰਦਰ ਹਿੰਦੂਵਾਦੀ ਖੋਟ ਮਿਲਾਉਣ ਦੀਆਂ ਵਾਹਕ ਹੋ ਨਿਬੜੀਆਂ। ਸਿੱਟਾ ਇਹ ਹੋਇਆ ਕਿ ਸਿੱਖ ਜੀਵਨ ਤੇ ਚਿੰਤਨ ਅੰਦਰ ਹਿੰਦੂਵਾਦ ਮੁੜ ਘੁਸਪੈਠ ਕਰ ਗਿਆ। ਗੁਰਦੁਆਰਿਆਂ ਅੰਦਰ ਖੁੱਲ੍ਹੇਆਮ ਗੁਰਮਤਿ ਵਿਰੋਧੀ ਅਮਲ ਚੱਲ ਪਏ। ਸਿੱਖ ਇਤਿਹਾਸ ਤੇ ਪ੍ਰੰਪਰਾਵਾਂ ਦੇ 'ਬ੍ਰਾਹਮਣੀਕਰਨ' ਦਾ ਸਿਲਸਿਲਾ ਜ਼ੋਰ ਫੜ ਗਿਆ। ਗੁਰੂ ਸਾਹਿਬਾਨ ਦੀਆਂ ਜੀਵਨੀਆਂ ਅਤੇ ਉਨ੍ਹਾਂ ਦੇ ਵਿਚਾਰਾਂ ਤੇ ਕਾਰਨਾਮਿਆਂ ਨੂੰ ਹਿੰਦੂਵਾਦੀ ਨਜ਼ਰੀਏ ਤੋਂ ਪੇਸ਼ ਕਰਨ ਦੀ ਗੁਰਮਤਿ ਵਿਰੋਧੀ ਰੀਤ ਪ੍ਰਚਲਤ ਹੋ ਗਈ। ਸਿੱਖ ਰਹੁ-ਰੀਤਾਂ ਦੇ ਉਲਟ ਹਿੰਦੂ ਰਸਮਾਂ ਨੂੰ ਖੁੱਲ੍ਹੀ ਮਾਨਤਾ ਦੇ ਦਿੱਤੀ ਗਈ। ਹਿੰਦੂਆਂ ਦੀ ਰੀਸੇ, ਸਿੱਖਾਂ ਨੇ ਵੀ 'ਸ਼ਬਦ ਗੁਰੂ' ਦੇ ਅਦੁੱਤੀ ਸਿਧਾਂਤ ਦੀ ਅਵੱਗਿਆ ਕਰਦੇ ਹੋਏ ਗੁਰੂ ਗ੍ਰੰਥ ਸਾਹਿਬ ਦੀ ਮੂਰਤੀ ਪੂਜਾ ਦਾ ਅਮਲ ਆਰੰਭ ਦਿੱਤਾ। ਜਾਤ-ਪਾਤ, ਬੁੱਤ ਪੂਜਾ, ਅੰਧਵਿਸ਼ਵਾਸ ਅਤੇ ਵਹਿਮਪ੍ਰਸਤੀ ਵਰਗੀਆਂ ਬ੍ਰਾਹਮਣਵਾਦੀ ਲਾਹਨਤਾਂ ਨੇ ਸਿੱਖ ਸਮਾਜ ਨੂੰ ਮੁੜ ਆਪਣੀ ਗ੍ਰਿਫ਼ਤ ਵਿੱਚ ਲੈ ਲਿਆ। ਜੋਤਸ਼, ਟੂਣੇ, ਮੰਤਰ, ਨਰਾਤੇ, ਵਰਤ, ਸ਼ਰਾਧ, ਗੁੱਗੇ, ਮੜ੍ਹੀਆਂ ਆਦਿ ਹਿੰਦੂ ਅਮਲ ਫਿਰ ਤੋਂ ਸਿੱਖ ਜੀਵਨ ਦਾ ਆਮ ਅੰਗ ਬਣ ਗਏ। ਪ੍ਰੋ. ਪ੍ਰੀਤਮ ਸਿੰਘ ਦੀ ਹੇਠ ਲਿਖੀ ਟੂਕ ਸਿੱਖ ਚਿੰਤਨ ਤੇ ਜੀਵਨ ਅਮਲ ਅੰਦਰ ਹਿੰਦੂਵਾਦੀ ਘੁਸਪੈਠ ਦੀ ਢੁਕਵੀਂ ਤਸਵੀਰ ਮੁਹੱਈਆ ਕਰਦੀ ਹੈ : "ਘੋਰ ਸੰਕਟ ਵੇਲੇ ਜਿਹੜੇ ਮੀਣੇ, ਧੀਰਮਲੀਏ, ਰਾਮਰਾਈਏ ਤੇ

ਉਦਾਸੀ ਜਾਂ ਬੇਦੀ ਤੇ ਸੋਢੀ ਧਰਮਸਾਲੀਏ, ਕ੍ਰਾਂਤੀਕਾਰੀ ਸਿੱਖਾਂ ਵਾਂਗ ਘਰੋਂ ਬੇਘਰ ਨਹੀਂ ਸਨ ਹੋਏ, ਉਨ੍ਹਾਂ ਨੇ ਆਪਣਾ ਬਚਾਓ ਗੁਰਮਤਿ ਦੇ ਉਦਾਸ ਤੇ ਵੈਰਾਗੀ ਰੰਗ ਵਿੱਚ ਉਜਾਗਰ ਕਰਨ, ਇਸ ਦੀ ਵੇਦਾਂਤ-ਅਨੁਕੂਲ ਵਿਆਖਿਆ ਕਰਨ ਤੇ ਇਸਨੂੰ ਵੇਦ ਤੋਂ ਗੀਤਾ ਤਕ ਦੇ ਅਨੁਸਾਰੀ ਦੱਸਣ ਵਿੱਚ ਸਮਝਿਆ ਜਿਸ ਵਿਆਪਕ ਦੇਸੀ ਸੰਸਕ੍ਰਿਤੀ ਦੇ ਅੰਦਰ ਰਹਿੰਦਿਆਂ ਗੁਰੂ ਸਾਹਿਬਾਨ ਨੇ ਆਪਣੇ ਨਵੇਂ ਧਾਰਮਿਕ ਸਮਾਜਿਕ ਤਜਰਬੇ ਨੂੰ ਸਿਰੇ ਚਾੜ੍ਹਨ ਦਾ ਸੰਕਲਪ ਕੀਤਾ ਸੀ, ਉਹੋ ਸੰਸਕ੍ਰਿਤੀ, ਕੌੜੀ ਵੇਲ ਵਾਂਗ, ਨਵੇਂ ਧਰਮ ਦੇ ਉੱਤੇ ਫੈਲਣ ਲੱਗ ਪਈ ਸੀ। ਦੋਹਾਂ ਪ੍ਰਭਾਵਾਂ ਦਾ ਰਲਵਾਂ ਨਤੀਜਾ ਇਹ ਹੋਇਆ ਕਿ ਮੁਗ਼ਲ ਸਰਦਾਰੀਆਂ ਦੇ ਨਮੂਨੇ ਉੱਤੇ ਸਿੱਖ ਸਰਦਾਰੀਆਂ ਖ਼ਾਨਦਾਨੀ ਬਣ ਗਈਆਂ..... ਊਚ-ਨੀਚ ਤੇ ਜਾਤ-ਪਾਤ ਦਾ ਵਰਤਾਰਾ ਆਮ ਹੋ ਗਿਆ, ਸਮਾਧੀਆਂ ਦੀ ਮਾਨਤਾ ਹੋਣ ਲੱਗੀ, ਹਰਿਦੁਆਰ ਨੂੰ ਮੋਖ-ਦੁਆਰ ਸਮਝਿਆ ਜਾਣ ਲੱਗਾ, 'ਸ੍ਰੀ ਗੁਰੂ ਗ੍ਰੰਥ' ਤੇ ਉਸ ਨਾਲ ਸੰਬੰਧਿਤ ਵਿਸ਼ਿਆਂ ਦੇ ਅਧਿਐਨ ਦੀ ਥਾਂ, ਜਾਂ ਇਸ ਦੇ ਨਾਲ-ਨਾਲ 'ਗੀਤਾ', 'ਹਨੂਮਾਨ ਨਾਟਕ' ਤੇ 'ਏਕਾਦਸ਼ੀ ਮਹਾਤਮ' ਆਦਿ ਦਾ ਅਧਿਐਨ ਹੋਣ ਲੱਗ ਪਿਆ। 'ਗੁਰੂ ਗ੍ਰੰਥ ਸਾਹਿਬ' ਦੀਆਂ ਲਿਖਤੀ ਬੀੜਾਂ ਦੇ ਮੁੱਢਲੇ ਤੇ ਅੰਤਲੇ ਪੰਨਿਆਂ ਉੱਤੇ ਸ੍ਵਾਸਤਿਕ ਦਾ ਚਿੰਨ੍ਹ ਆ ਟਿਕਿਆ ਅਤੇ ਘਰਾਂ ਤੇ ਮੰਦਿਰਾਂ ਦੀਆਂ ਕੰਧਾਂ ਤੇ ਪੋਥੀਆਂ ਦੇ ਪੰਨਿਆਂ ਉੱਤੇ ਦੇਵੀ-ਦੇਵਤਿਆਂ ਦੇ ਚਿਤਰ ਆਮ ਹੋ ਗਏ। ਹਾਲਤ ਇਥੋਂ ਤਕ ਜਾ ਪਹੁੰਚੀ ਕਿ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਹਰਿਮੰਦਰ ਦੀ ਜੂਹ ਵਿੱਚ ਆ ਵੜੀਆਂ ਅਤੇ ਅਕਾਲ ਤਖ਼ਤ ਦੀਆਂ ਕੰਧਾਂ ਉੱਤੇ ਸ੍ਰੀ ਰਾਮ ਤੇ ਸ੍ਰੀ ਕ੍ਰਿਸ਼ਨ ਜੀ ਦੀ ਲੀਲ੍ਹਾ ਚਿਤਰੀ ਗਈ (ਜੋ 'ਨੀਲਾ ਤਾਰਾ' ਸਾਕੇ ਤਕ ਜਿਉਂ ਦੀ ਤਿਉਂ ਮੌਜੂਦ ਸੀ)। ਜੋ ਸਿੱਖ ਸਰੂਪ ਕਦੀ ਸਿੱਖੀ ਦੀ ਵੱਖਰਤਾ ਦਾ ਸੂਚਕ, ਉਸਦੀ ਪਛਾਣ ਦਾ ਚਿੰਨ੍ਹ ਤੇ ਉਸ ਦੇ ਆਪੇ ਦੇ ਪ੍ਰਗਟਾਵੇ ਦਾ ਸਾਧਨ ਹੁੰਦਾ ਸੀ, ਉਹ ਇਕ ਰਸਮ ਬਣ ਕੇ ਰਹਿ ਗਿਆ, ਸਨਾਤਨ ਮਰਿਆਦਾ ਤੇ ਸਿੱਖ ਮਰਿਆਦਾ ਵਿੱਚ ਕੋਈ ਭੇਦ ਨਾ ਰਿਹਾ ਤੇ ਪੰਜਾਬ ਦੇ ਸਨਾਤਨਵਾਦ ਨੇ ਗੁਰੂ ਸਾਹਿਬਾਨ ਨੂੰ ਹੋਰਨਾਂ ਦੇਵੀ-ਦੇਵਤਿਆਂ ਵਾਂਗ ਭਾਰਤੀ ਦੇਵਮਾਲਾ ਦੇ ਮਣਕੇ ਬਣਾ ਦਿੱਤਾ।[5]

ਇਸ ਤਰ੍ਹਾਂ, ਸਹਿਜੇ ਸਹਿਜੇ, ਸਿੱਖ ਪੰਥ ਆਪਣੀ ਅੱਡਰੀ ਪਛਾਣ ਤੇ ਨਿਰਾਲੀ ਠੁੱਕ ਗੁਆ ਕੇ ਮੁੜ ਹਿੰਦੂਵਾਦ ਦੀ ਜਿਲ੍ਹਣ ਵਿੱਚ ਜਾ ਫਸਿਆ। 1849 ਵਿੱਚ ਜਦ ਅੰਗਰੇਜ਼ ਪੰਜਾਬ ਉੱਤੇ ਕਾਬਜ਼ ਹੋਏ ਤਾਂ ਉਦੋਂ ਤਕ ਸਿੱਖੀ ਅਤੇ ਸਿੱਖਾਂ ਦਾ ਇਸ ਕਦਰ 'ਹਿੰਦੂਕਰਨ' ਹੋ ਚੁੱਕਾ ਸੀ ਕਿ ਮੈਕਾਲਿਫ਼ ਦੇ ਸ਼ਬਦਾਂ 'ਚ "ਸਿੱਖਾਂ ਤੇ ਹਿੰਦੂਆਂ ਵਿਚਕਾਰ ਨਖੇੜਾ ਕਰਨਾ ਮੁਸ਼ਕਲ ਹੋ ਗਿਆ ਸੀ।"[6] ਸਿੱਖ ਸਮਾਜ ਅੰਦਰ ਪ੍ਰਚਲਤ ਸਮਾਜਕ ਤੇ ਧਾਰਮਿਕ ਅਮਲਾਂ ਦੀ ਆਲੋਚਨਾ, ਭਰੂਣ ਰੂਪ ਵਿੱਚ, ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਦੌਰਾਨ ਹੀ ਆਰੰਭ ਹੋ ਗਈ ਸੀ। ਸਿੱਖ ਸਮਾਜ ਅੰਦਰ ਸੁਧਾਰਾਂ ਦੀ ਲੋੜ ਦਾ ਅਹਿਸਾਸ ਚਿਰੋਕਣਾ ਪੈਦਾ ਹੋ ਚੁੱਕਾ ਸੀ। ਅੰਗਰੇਜ਼ਾਂ ਦੀ ਆਮਦ ਨਾਲ ਈਸਾਈ ਮੱਤ ਅਤੇ ਪੱਛਮੀ ਸਭਿਆਚਾਰ ਦੇ ਵਧਦੇ ਹੋਏ ਪ੍ਰਭਾਵ ਨੇ ਇਸ ਅਹਿਸਾਸ ਨੂੰ ਹੋਰ ਸ਼ਿੱਦਤ ਮੁਹੱਈਆ ਕਰ ਦਿੱਤੀ। ਇਸ 'ਚੋਂ ਸਿੱਖ ਸਮਾਜ ਅੰਦਰ ਨਿਰੰਕਾਰੀ ਮੱਤ (ਬਾਬਾ ਦਿਆਲ ਜੀ, 1783-1854) ਅਤੇ ਨਾਮਧਾਰੀ ਲਹਿਰ (ਭਾਈ ਬਾਲਕ ਸਿੰਘ, 1799-1862) ਵਰਗੇ ਸੁਧਾਰਵਾਦੀ ਰੁਝਾਨਾਂ ਦੀ ਸ਼ੁਰੂਆਤ ਹੋਈ। ਇਨ੍ਹਾਂ ਨੇ ਸਿੱਖ ਧਰਮ ਤੇ ਸਮਾਜ ਨੂੰ ਹਿੰਦੂਵਾਦੀ ਪ੍ਰਭਾਵਾਂ ਤੋਂ ਮੁਕਤ ਕਰਨ ਦੇ ਨਿੱਗਰ ਉਪਰਾਲੇ ਜ਼ਰੂਰ ਕੀਤੇ ਪਰ ਇਹ ਆਪਣੇ ਉਦੇਸ਼ਾਂ ਵਿੱਚ ਜ਼ਿਆਦਾ ਸਫਲ ਨਾ ਹੋ ਸਕੇ। ਇਨ੍ਹਾਂ ਦਾ ਪ੍ਰਭਾਵ ਖੇਤਰ ਸ਼ਹਿਰੀ ਸਿੱਖ ਵਰਗ ਦੇ ਛੋਟੇ ਹਿੱਸਿਆਂ ਤਕ ਹੀ ਸੀਮਤ ਰਿਹਾ। ਅੰਤ ਨੂੰ ਇਹ ਸੁਧਾਰਕ ਲਹਿਰਾਂ ਵੀ

ਖ਼ੁਦ ਸਿੱਖੀ ਮਾਰਗ ਤੋਂ ਭਟਕ ਗਈਆਂ ਅਤੇ ਆਪੋ ਆਪਣੀ ਗੁਰੂ ਪ੍ਰੰਪਰਾ ਤੇ ਰਹੁ-ਰੀਤਾਂ ਦੇ ਜੰਜਾਲ ਵਿੱਚ ਫਸ ਕੇ ਰਹਿ ਗਈਆਂ।

ਸਿੱਖ ਰਾਜ ਦੇ ਖ਼ਾਤਮੇ ਨਾਲ ਸਿੱਖ ਭਾਈਚਾਰੇ ਨੂੰ ਕਈ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈ ਗਿਆ। ਖ਼ਾਲਸਾ ਰਾਜ ਮੌਕੇ ਦੁਨਿਆਵੀ ਫ਼ਾਇਦਿਆਂ ਨੂੰ ਮੁੱਖ ਰੱਖ ਕੇ ਸਿੱਖ ਸਫ਼ਾਂ 'ਚ ਸ਼ਾਮਲ ਹੋਏ ਹਿੰਦੂ ਤੱਤ (ਜੋ ਜ਼ਿਆਦਾ ਕਰਕੇ ਅਖੌਤੀ ਉੱਚ ਜਾਤਾਂ 'ਚੋਂ ਸਨ, ਮੁੱਖ ਤੌਰ 'ਤੇ ਖੱਤਰੀ, ਅਰੋੜੇ ਆਦਿ) ਵੱਡੀ ਪੱਧਰ 'ਤੇ ਵਾਪਸ ਹਿੰਦੂ ਧਾਰਾ ਵੱਲ ਪਰਤਣ ਲੱਗੇ।[7] 1855 ਦੀ ਪਹਿਲੀ ਮਰਦਮਸ਼ੁਮਾਰੀ ਮੌਕੇ, ਸਿੱਖਾਂ ਦਾ ਗੜ੍ਹ ਮੰਨੇ ਜਾਂਦੇ ਕੇਂਦਰੀ ਪੰਜਾਬ ਦੇ ਪੰਜਾਂ ਜ਼ਿਲ੍ਹਿਆਂ (ਅੰਮ੍ਰਿਤਸਰ, ਗੁਰਦਾਸਪੁਰ, ਲਾਹੌਰ, ਸਿਆਲਕੋਟ ਤੇ ਗੁਜਰਾਂਵਾਲਾ) ਦੀ ਕੁੱਲ 35 ਲੱਖ ਵਸੋਂ ਵਿੱਚ ਸਿੱਖਾਂ ਦੀ ਗਿਣਤੀ ਸਿਰਫ਼ ਇਕ ਲੱਖ ਅੱਸੀ ਹਜ਼ਾਰ ਦੇ ਕਰੀਬ ਹੀ ਸੀ।[8] (ਉਦੋਂ ਸਿੱਖ ਵਰਗ ਵਿੱਚ ਸਿਰਫ਼ ਕੇਸਧਾਰੀ ਸਿੱਖਾਂ ਨੂੰ ਹੀ ਗਿਣਿਆ ਗਿਆ ਸੀ)। ਸਪਸ਼ਟ ਹੈ ਕਿ ਸਿੱਖਾਂ, ਖ਼ਾਸ ਕਰਕੇ ਕੇਸਧਾਰੀ ਸਿੱਖਾਂ ਦੀ ਨਫ਼ਰੀ ਵਿੱਚ ਵੱਡੀ ਗਿਰਾਵਟ ਆ ਗਈ ਸੀ। ਪਰ ਇਸ ਨਾਲੋਂ ਵੱਧ, ਅੰਗਰੇਜ਼ਾਂ ਹੱਥੋਂ ਹੋਈ ਹਾਰ ਦੇ ਮਨੋਵਿਗਿਆਨਕ ਅਸਰ ਜ਼ਿਆਦਾ ਮਾਰੂ ਸਨ। ਹਾਰ ਕਾਰਨ ਸਿੱਖ ਕੌਮ ਅੰਦਰ ਵਿਆਪਕ ਪੱਧਰ 'ਤੇ ਬੇਦਿਲੀ ਤੇ ਨਿਰਾਸ਼ਤਾ ਫੈਲ ਗਈ ਸੀ। ਸਿੱਖ ਪੰਥ ਨੂੰ, ਜੀਵਨ ਅੰਦਰ ਪਹਿਲੀ ਵਾਰ 'ਯਤੀਮਾਂ' ਵਰਗੀ ਹਾਲਤ ਤੇ ਮਨੋਅਵਸਥਾ ਦਾ ਸਾਹਮਣਾ ਕਰਨਾ ਪਿਆ। ਆਗੂ ਰਹਿਤ ਹੋਈ ਕੌਮ ਨੂੰ ਇਸ ਸੰਕਟ ਵਿੱਚੋਂ ਬਾਹਰ ਕੱਢਣ ਵਾਲਾ ਨਾ ਕੋਈ ਰਹਿਬਰ ਦਿਖਦਾ ਸੀ ਅਤੇ ਨਾ ਕੋਈ ਰਾਹ ਤੇ ਦਿਸ਼ਾ ਨਜ਼ਰ ਆਉਂਦੀ ਸੀ। ਇਕ ਪਾਸੇ ਹਕੂਮਤੀ ਕਹਿਰ ਵਰਸ ਰਿਹਾ ਸੀ (ਬਰਤਾਨਵੀ ਰਾਜ ਦੇ ਪਹਿਲੇ ਵਰ੍ਹੇ ਦੌਰਾਨ ਕੋਈ ਅੱਠ ਹਜ਼ਾਰ ਸਿੱਖਾਂ ਨੂੰ ਬੰਦੀ ਬਣਾਇਆ ਗਿਆ) ਅਤੇ ਦੂਜੇ ਪਾਸੇ ਸਿਧਾਂਤਕ ਗੰਧਲਚੌਂਦ ਤੇ ਦਿਸ਼ਾਹੀਣਤਾ ਦੀ ਗਹਿਰੀ ਧੁੰਦ ਪਸਰੀ ਹੋਈ ਸੀ। ਈਸਾਈ ਪਰਚਾਰਕ ਸਰਗਰਮੀਆਂ ਵਿੱਚ ਆਈ ਤੇਜ਼ੀ ਨੇ ਹਾਰ ਦੀ ਮਧੋਲੀ ਸਿੱਖ ਕੌਮ ਨੂੰ ਨਵਾਂ ਧੁੜਕੂ ਲਾ ਦਿੱਤਾ। ਈਸਾਈ ਮੱਤ ਗ੍ਰਹਿਣ ਕਰਨ ਵਾਲੇ ਸਿੱਖਾਂ ਦੀ ਗਿਣਤੀ ਭਾਵੇਂ ਜ਼ਿਆਦਾ ਨਹੀਂ ਸੀ ਪਰ ਸਿੱਖ ਮਨ ਉੱਤੇ ਇਸ ਦਾ ਘਾਉ ਬਹੁਤ ਗਹਿਰਾ ਲੱਗਾ। ਕਾਰਨ ਇਹ ਕਿ ਧਰਮ ਬਦਲੀ ਕਰਨ ਵਾਲੇ ਕੋਈ ਸਾਧਾਰਨ ਸਿੱਖ ਨਹੀਂ ਸਨ ਸਗੋਂ ਬਹੁਤ ਹੀ ਬਾਰਸੂਖ਼ ਤੇ ਖ਼ਾਨਦਾਨੀ ਲੋਕ ਸਨ। ਮਹਾਰਾਜਾ ਦਲੀਪ ਸਿੰਘ ਅਤੇ ਕਪੂਰਥਲਾ ਰਾਜਘਰਾਣੇ ਦੇ ਕੰਵਰ ਹਰਨਾਮ ਸਿੰਘ ਵੱਲੋਂ ਈਸਾਈ ਧਰਮ ਗ੍ਰਹਿਣ ਕਰ ਲੈਣ ਦੀਆਂ ਇੱਕਾ ਦੁੱਕਾ ਘਟਨਾਵਾਂ ਨੇ ਸਿੱਖ ਜਗਤ ਨੂੰ ਝੰਜੋੜ ਕੇ ਰੱਖ ਦਿੱਤਾ। ਇਸ ਨਾਲ ਸਿੱਖੀ ਦੇ ਵਕਾਰ ਤੇ ਪ੍ਰੰਪਰਾ ਨੂੰ ਜੋ ਗਹਿਰੀ ਠੇਸ ਪਹੁੰਚੀ, ਉਹ ਸਿੱਖ ਮਨ ਹੀ ਜਾਣਦਾ ਸੀ।

ਅੰਗਰੇਜ਼ਾਂ ਨੂੰ, ਹੁਕਮਰਾਨਾਂ ਵਜੋਂ, ਸਿੱਖ ਮਾਨਸਿਕਤਾ ਦੀ ਡੂੰਘੀ ਸਮਝ ਸੀ। ਐਂਗਲੋ-ਸਿੱਖ ਜੰਗਾਂ ਦੇ ਅਮਲ 'ਚੋਂ ਉਨ੍ਹਾਂ ਸਿੱਖ ਕੌਮ ਦੇ ਜੁਝਾਰੂ ਖ਼ਾਸੇ ਨੂੰ ਖ਼ੂਬ ਚੰਗੀ ਤਰ੍ਹਾਂ ਪਛਾਣ ਲਿਆ ਹੋਇਆ ਸੀ। ਆਪਣੇ ਬਸਤੀਆਨਾ ਰਾਜ ਦੀ ਮਜ਼ਬੂਤੀ ਲਈ ਸਿੱਖਾਂ ਵਰਗੀ ਜਾਂਬਾਜ਼ ਕੌਮ ਦੀ ਸਦਭਾਵਨਾ, ਹਮਾਇਤ ਤੇ ਵਫ਼ਾਦਾਰੀ ਜਿੱਤਣੀ ਨਿਹਾਇਤ ਜ਼ਰੂਰੀ ਸੀ। ਬੁੱਧੀਮਾਨ ਤੇ ਸ਼ਾਤਰ ਹੁਕਮਰਾਨ ਹੋਣ ਦੇ ਨਾਤੇ, ਉਨ੍ਹਾਂ ਇੰਜ ਹੀ ਕੀਤਾ। ਉਨ੍ਹਾਂ ਸਿੱਖ ਕੌਮ ਨੂੰ ਸਹਿੰਦਾ ਸਹਿੰਦਾ ਆਦਰ ਸਤਿਕਾਰ ਦੇ ਕੇ, ਉਸ ਪ੍ਰਤੀ ਆਪਣੇ ਖ਼ਾਸੋ-ਖ਼ਾਸ ਸਲੂਕ ਦਾ ਪ੍ਰਗਟਾਵਾ ਕੀਤਾ। ਸਿੱਖ ਫ਼ੌਜਾਂ ਦੀ ਬਹਾਦਰੀ ਤੇ ਸੂਰਮਗਤੀ ਨੇ ਕੁਝ ਅੰਗਰੇਜ਼ ਫ਼ੌਜੀ ਅਫ਼ਸਰਾਂ ਤੇ ਅਧਿਕਾਰੀਆਂ ਨੂੰ ਇਸ ਕਦਰ ਕੀਲ ਲਿਆ ਸੀ ਕਿ ਉਹ ਸਿੱਖ ਕੌਮ ਦੇ ਹਿਤੈਸ਼ੀ ਹੋ ਗੁਜ਼ਰੇ। ਇਨ੍ਹਾਂ 'ਚੋਂ ਜੇ.ਡੀ. ਕਨਿੰਘਮ ਤੇ ਹੈਨਰੀ ਲਾਰੈਂਸ ਦੇ ਨਾਉਂ ਖ਼ਾਸ ਤੌਰ 'ਤੇ ਜ਼ਿਕਰਯੋਗ ਹਨ। ਪੰਜਾਬ ਨੂੰ ਬਰਤਾਨਵੀ ਰਾਜ ਵਿੱਚ ਸ਼ਾਮਲ ਕਰ

ਲੈਣ ਤੋਂ ਬਾਅਦ ਜਦ ਜੌਹਨ ਲਾਰੈਂਸ ਨੂੰ ਪੰਜਾਬ ਦਾ ਚੀਫ਼ ਕਮਿਸ਼ਨਰ ਨਾਮਜ਼ਦ ਕੀਤਾ ਗਿਆ ਤਾਂ ਉਸ ਨੇ ਵੀ ਨਰਮ ਪਹੁੰਚ ਅਪਣਾ ਕੇ ਸਿੱਖ ਪੰਥ ਦੇ ਵੱਡੇ ਹਿੱਸਿਆਂ ਦੀ ਹਮਾਇਤ ਤੇ ਵਫ਼ਾਦਾਰੀ ਵਸੂਲ ਕਰਨ ਵਿੱਚ ਚੋਖੀ ਸਫਲਤਾ ਹਾਸਲ ਕਰ ਲਈ।[੭] 1857 ਦੇ ਗ਼ਦਰ ਦੌਰਾਨ ਸਿੱਖ ਭਾਈਚਾਰੇ ਨੇ 'ਪੂਰਬੀਆਂ' ਤੇ 'ਮਰਹੱਟਿਆਂ' ਦਾ ਸਾਥ ਦੇਣ ਤੋਂ ਇਸ ਬਿਨਾਅ 'ਤੇ ਇਨਕਾਰ ਕਰ ਦਿੱਤਾ ਸੀ ਕਿ ਅਜੇ ਅੱਠ ਦਸ ਸਾਲ ਪਹਿਲਾਂ ਇਹੀ 'ਪੂਰਬੀਏ' ਐਂਗਲੋ-ਸਿੱਖ ਜੰਗਾਂ ਅੰਦਰ ਸਿੱਖਾਂ ਦੀ ਦੁਸ਼ਮਣ ਧਿਰ ਨਾਲ ਰਲ ਕੇ ਉਨ੍ਹਾਂ ਦੇ ਖ਼ਿਲਾਫ਼ ਲੜੇ ਸਨ। ਇਸ ਤੋਂ ਇਲਾਵਾ, ਅੰਗਰੇਜ਼ ਹਾਕਮਾਂ ਦੀ ਪਲੋਸਵੀਂ ਨੀਤੀ ਨੇ ਵੀ ਸਿੱਖਾਂ ਉੱਤੇ ਆਪਣਾ ਪ੍ਰਭਾਵ ਦਿਖਾਉਣਾ ਸ਼ੁਰੂ ਕਰ ਦਿੱਤਾ ਸੀ। 1857 ਦੌਰਾਨ ਸਿੱਖਾਂ ਦੇ ਵਤੀਰੇ ਨੇ ਅੰਗਰੇਜ਼ਾਂ ਅੰਦਰ ਕਾਫ਼ੀ ਭਰੋਸਾ ਪੈਦਾ ਕਰ ਦਿੱਤਾ ਅਤੇ ਉਨ੍ਹਾਂ ਨੇ ਸਿੱਖਾਂ ਲਈ ਤਰਜੀਹੀ ਆਧਾਰ 'ਤੇ ਫ਼ੌਜੀ ਭਰਤੀ ਦੇ ਦਰ ਖੋਲ੍ਹ ਦਿੱਤੇ। ਨਾਲ ਹੀ ਖੇਤੀ ਪੈਦਾਵਾਰ ਦੀ ਲੋੜ ਪੂਰੀ ਕਰਨ ਲਈ ਪੰਜਾਬ ਅੰਦਰ ਨਹਿਰੀ ਸਿੰਜਾਈ ਦੇ ਵਿਕਾਸ ਪ੍ਰੋਜੈਕਟਾਂ ਨੂੰ ਉਚੇਚੀ ਮਹੱਤਤਾ ਦਿੱਤੀ ਗਈ। ਸਿੱਟੇ ਵਜੋਂ, ਇਨ੍ਹਾਂ ਦੋਨੋਂ ਖੇਤਰਾਂ ਵਿੱਚ ਸਿੱਖਾਂ ਦਾ ਯੋਗਦਾਨ ਅੰਗਰੇਜ਼ ਰਾਜ ਲਈ ਵਰਦਾਨ ਸਾਬਤ ਹੋਇਆ।

ਇਸ ਖ਼ਾਸੋ-ਖ਼ਾਸ ਸਲੂਕ ਦਾ ਸਿੱਖ ਕੌਮ 'ਤੇ ਡਾਢਾ ਅਸਰ ਹੋਇਆ। ਸਿੱਖਾਂ ਨੂੰ ਇਕ ਬਹਾਦਰ ਤੇ ਜਾਂਬਾਜ਼ ਕੌਮ ਵਜੋਂ ਮਿਲੀ ਮਾਨਤਾ ਉਨ੍ਹਾਂ ਲਈ ਨਾ ਸਿਰਫ਼ ਆਰਥਿਕ ਪੱਖ (ਫ਼ੌਜੀ ਨੌਕਰੀਆਂ) ਤੋਂ ਵਰਦਾਨ ਸਾਬਤ ਹੋਈ ਸਗੋਂ ਇਸ ਨਾਲ ਉਨ੍ਹਾਂ ਅੰਦਰ ਸਨਮਾਨ ਦੀ ਭਾਵਨਾ ਵੀ ਬਹਾਲ ਹੋਈ। ਹਾਰ ਤੋਂ ਬਾਅਦ ਸਿੱਖ ਕੌਮ ਜਿਸ ਕਦਰ ਬੇਪਤ ਹੋਈ ਮਹਿਸੂਸ ਕਰਦੀ ਸੀ, ਉਸ ਦੇ ਮੁਕਾਬਲੇ ਹੁਣ ਉਹ ਆਪਣੇ ਆਪ ਨੂੰ ਇਕ ਸਤਿਕਾਰੀ ਕੌਮ ਵਜੋਂ ਦੇਖਣ ਲੱਗੀ। ਉਸ ਅੰਦਰ ਸੁਰੱਖਿਆ ਦੀ ਭਾਵਨਾ ਤੇ ਸਵੈ-ਵਿਸ਼ਵਾਸ ਪੈਦਾ ਹੋਇਆ। ਪਰ ਨਾਲ ਹੀ, ਅੰਗਰੇਜ਼ ਹਾਕਮਾਂ ਦੀ ਇਸ ਪਲੋਸਵੀਂ ਛੋਹ ਨੇ ਸਿੱਖਾਂ ਦੇ ਨਿਆਮਤਾਂ ਭੋਗਣ ਵਾਲੇ ਕੁਝ ਰਈਸ ਵਰਗਾਂ ਅੰਦਰ ਪਿਠੂਪੁਣੇ ਦੀ ਸੋਚ ਤੇ ਪ੍ਰਵਿਰਤੀ ਨੂੰ ਵੀ ਬਲ ਬਖ਼ਸ਼ਿਆ। ਫ਼ੌਜੀ ਖੇਤਰ 'ਚ ਕਮਾਏ ਮਾਣ ਤੇ ਵਡਿਆਈ ਨੇ, ਕੁਝ ਹਿੱਸਿਆਂ ਅੰਦਰ 'ਮਾਂਗਵੀ ਧਾੜ' (mercenary spirit) ਵਾਲੀ ਬਿਰਤੀ ਪੈਦਾ ਕਰ ਦਿੱਤੀ। ਇਨ੍ਹਾਂ ਨਾਂਹ-ਪੱਖੀ ਅਸਰਾਂ ਨੂੰ ਕਬੂਲਣ ਦੀ ਇਕ ਵਜ੍ਹਾ ਇਹ ਵੀ ਸੀ ਕਿ ਸਿੱਖ ਸਿਧਾਂਤਾਂ ਨੂੰ ਖੋਰਾ ਪੈਣ ਦਾ ਜੋ ਅਮਲ ਸਿੱਖ ਰਾਜ ਦੌਰਾਨ ਜ਼ੋਰ ਫੜ ਚੁੱਕਾ ਸੀ, ਅੰਗਰੇਜ਼ ਰਾਜ ਦੌਰਾਨ ਉਹ ਨਾ ਸਿਰਫ਼ ਜਿਉਂ ਦਾ ਤਿਉਂ ਜਾਰੀ ਰਿਹਾ ਸਗੋਂ ਉਸ ਨੇ ਹੋਰ ਵੱਧ ਤੇਜ਼ੀ ਤੇ ਤਕੜਾਈ ਫੜ ਲਈ ਸੀ। ਸਿੱਖ ਵਿਚਾਰਧਾਰਾ ਦੀ ਛਾਪ ਮੱਧਮ ਪੈ ਜਾਣ ਦੀ ਵਜ੍ਹਾ ਕਰਕੇ ਸਿੱਖ ਅਮਲ ਨੂੰ ਅਸਲੋਂ ਹੀ ਵੱਖਰੇ ਦ੍ਰਿਸ਼ਟੀਕੋਣ ਤੋਂ ਦੇਖਿਆ ਤੇ ਅੰਗਿਆ ਜਾਣ ਲੱਗਾ। ਇਸ ਕਰੁਚੀ ਨੇ ਬਾਅਦ ਦੇ ਸਮੁੱਚੇ ਅਰਸੇ ਦੌਰਾਨ ਸਿੱਖ ਕੌਮ ਦੀ ਰਾਜਸੀ ਸੋਚ ਤੇ ਅਮਲ ਉੱਤੇ ਨਾਂਹ-ਪੱਖੀ ਪ੍ਰਭਾਵ ਪਾਉਣਾ ਜਾਰੀ ਰੱਖਿਆ। ਇਹ ਕਰੁਚੀ ਅੱਜ ਤਕ ਵੀ ਆਪਣਾ ਅਸਰ ਦਿਖਾ ਰਹੀ ਹੈ।

ਅੰਗਰੇਜ਼ ਇਹ ਜਾਣਦੇ ਸਨ ਕਿ ਸਿੱਖ ਭਾਈਚਾਰੇ ਦਾ ਕਲਚਰਲ ਕੰਪਲੈਕਸ ਅਤੇ ਇਸ ਦਾ ਕੌਮੀ ਸਵੈਮਾਣ ਸਿੱਖੀ ਨਾਲ ਸਬੰਧਤ ਹੈ। ਇਹ ਸਿੱਖੀ ਦਾ (ਧਾਰਮਿਕ) ਜਜ਼ਬਾ ਹੀ ਹੈ ਜੋ ਸਿੱਖ ਭਾਈਚਾਰੇ ਅੰਦਰ ਖਾੜਕੂਪੁਣੇ ਤੇ ਸੂਰਮਤਾਈ ਦੀਆਂ ਭਾਵਨਾਵਾਂ ਜਗਾਉਂਦਾ ਅਤੇ ਉਸ ਨੂੰ ਇਕ ਜਾਂਬਾਜ਼ ਕੌਮ ਦਾ ਖ਼ਾਸਾ ਪ੍ਰਦਾਨ ਕਰਦਾ ਹੈ। ਸਿੱਖ ਕੌਮ ਦੀ ਸ਼ਕਤੀ ਉਸ ਦੀ ਇਸ ਧਾਰਮਿਕ ਚੇਤੰਨਤਾ, ਅਰਥਾਤ ਇਸ ਜਜ਼ਬੇ ਵਿੱਚ ਹੀ ਹੈ। ਅੰਗਰੇਜ਼ਾਂ ਨੇ ਸਿੱਖੀ ਦੇ ਇਸ ਧਾਰਮਿਕ ਜਜ਼ਬੇ ਨੂੰ ਆਪਣੇ ਉਦੇਸ਼ਾਂ ਲਈ ਇਸਤੇਮਾਲ ਕਰਨ ਦੀ ਯੁੱਧਨੀਤਕ ਵਿਉਂਤ ਤਹਿਤ ਫ਼ੌਜ ਵਿੱਚ ਭਰਤੀ ਵਾਸਤੇ ਸਿੱਖਾਂ ਦਾ ਕੇਸਧਾਰੀ ਹੋਣਾ

ਅਤੇ ਧਾਰਮਿਕ ਰਹਿਤ ਮਰਿਆਦਾ ਦੇ ਪਾਬੰਦ ਹੋਣਾ ਜ਼ਰੂਰੀ ਕਰ ਦਿੱਤਾ। ਇਸ ਨਾਲ ਸਹਿਜੇ ਸਹਿਜੇ, ਸਿੱਖਾਂ ਅੰਦਰ ਕੇਸਧਾਰੀ ਹੋਣ ਦਾ ਰੁਝਾਨ ਫਿਰ ਜ਼ੋਰ ਫੜਨ ਲੱਗਾ। ਫ਼ੌਜ ਵਿੱਚ ਨੌਕਰੀ ਦੇ ਮੌਕੇ ਹਥਿਆਉਣ ਦੀ ਲਾਲਸਾ ਨਾਲ ਬਹੁਤ ਸਾਰੇ ਹਿੰਦੂ ਵੀ ਕੇਸਧਾਰੀ ਸਿੱਖ ਬਣਨ ਲੱਗ ਪਏ। ਪਹਿਲੀ ਸੰਸਾਰ ਜੰਗ ਦੌਰਾਨ ਭਾਰਤ ਅੰਦਰ ਇਕ ਅੰਗਰੇਜ਼ ਭਰਤੀ ਅਫ਼ਸਰ ਨੇ ਆਪਣੀ ਇਕ ਰਿਪੋਰਟ 'ਚ ਦੱਸਿਆ ਕਿ "ਇਹ ਅਕਸਰ ਰੋਜ਼ ਦੀ ਗੱਲ ਬਣ ਗਈ ਸੀ ਕਿ ਕੋਈ ਰਾਮ ਚੰਦ ਸਾਡੇ ਦਫ਼ਤਰ 'ਚ ਦਾਖ਼ਲ ਹੁੰਦਾ ਸੀ ਤੇ ਰਾਮ ਸਿੰਘ (ਸਿੱਖ ਰੰਗਰੂਟ) ਬਣ ਕੇ ਬਾਹਰ ਨਿਕਲਦਾ ਸੀ।"[10] ਸਿੱਟਾ ਇਹ ਹੋਇਆ ਕਿ ਪਿੱਛੇ ਬਿਆਨੇ ਪੰਜਾਂ ਜ਼ਿਲ੍ਹਿਆਂ ਵਿੱਚ ਸਿੱਖਾਂ ਦੀ ਗਿਣਤੀ 1855 ਵਿੱਚ ਇਕ ਲੱਖ 81 ਹਜ਼ਾਰ ਤੋਂ ਵਧ ਕੇ 1868 ਵਿੱਚ ਪੰਜ ਲੱਖ ਗਿਆਰਾਂ ਹਜ਼ਾਰ ਤੋਂ ਉੱਪਰ ਜਾ ਪਹੁੰਚੀ।[11] ਇਹ ਵਾਧਾ ਨਿਰਾ ਹਿੰਦੂਆਂ 'ਚੋਂ ਸਿੱਖ ਬਣਨ ਕਰਕੇ ਹੀ ਨਹੀਂ ਹੋਇਆ, ਇਸ ਵਿੱਚ ਵੱਡਾ ਫ਼ੈਕਟਰ ਸਿੱਖਾਂ ਅੰਦਰ ਕੇਸਧਾਰੀ ਬਣਨ ਦੇ ਰੁਝਾਨ ਵਿੱਚ ਆਈ ਤੇਜ਼ੀ ਸੀ (ਉਦੋਂ ਮਰਦਮਸ਼ੁਮਾਰੀ ਮੌਕੇ ਸਿਰਫ਼ ਕੇਸਧਾਰੀ ਸਿੱਖਾਂ ਨੂੰ ਹੀ ਸਿੱਖ ਵਰਗ ਅੰਦਰ ਗਿਣਿਆ ਜਾਂਦਾ ਸੀ)।

ਪ੍ਰੰਤੂ ਸਿੱਖ ਭਾਈਚਾਰੇ ਦੀ 'ਖ਼ੁਸ਼ਨਸੀਬੀ' ਦਾ ਇਹ ਭਰਮ ਬਹੁਤਾ ਚਿਰ-ਸਥਾਈ ਸਾਬਤ ਨਾ ਹੋਇਆ। ਫ਼ੌਜ ਵਿੱਚ ਸਿੱਖ ਥੋੜ੍ਹੀ ਗਿਣਤੀ 'ਚ ਹੀ ਸਮਾਅ ਸਕੇ। ਫ਼ੌਜੀ ਭਰਤੀ ਦੇ ਮਾਮਲੇ 'ਚ ਅੰਗਰੇਜ਼ਾਂ ਦੀ ਨੀਤੀ ਕੁਝ ਖ਼ਾਸ ਜਾਤਾਂ, ਕਬੀਲਿਆਂ ਤੇ ਇਲਾਕਿਆਂ ਨੂੰ ਤਰਜੀਹ ਦੇਣ ਦੀ ਸੀ ਤਾਂ ਜੋ ਸਿੱਖ ਕੌਮ ਦੇ ਮੌਲਿਕ ਗੁਣਾਂ ਨੂੰ ਬਰਕਰਾਰ ਰੱਖਿਆ ਜਾ ਸਕੇ। ਹਿੰਦੂਪੁਣੇ ਦੇ ਵੱਧ ਪ੍ਰਭਾਵ ਹੇਠਲੇ ਵਰਗਾਂ ਤੇ ਇਲਾਕਿਆਂ 'ਚੋਂ ਭਰਤੀ ਤੋਂ ਆਮ ਕਰਕੇ ਪ੍ਰਹੇਜ਼ ਕੀਤਾ ਜਾਂਦਾ ਸੀ। ਇਸ ਕਰਕੇ ਕੁਝ ਵਰਗਾਂ ਅੰਦਰ ਸਿੱਖ ਧਰਮ ਤੇ ਇਸ ਦੀਆਂ ਮੌਲਿਕ ਪ੍ਰੰਪਰਾਵਾਂ ਨੂੰ ਅਪਨਾਉਣ ਦਾ ਸੱਜਰਾ ਜਾਗਿਆ ਉਤਸ਼ਾਹ ਛੇਤੀ ਹੀ ਕਮਲਾਉਣਾ ਸ਼ੁਰੂ ਹੋ ਗਿਆ। ਅੰਗਰੇਜ਼ਾਂ ਦੀ ਆਮਦ ਸਦਕਾ ਅੰਗਰੇਜ਼ੀ ਸਭਿਆਚਾਰ ਦੇ ਫੈਲ ਪਸਰ ਰਹੇ ਪ੍ਰਭਾਵ ਦਾ ਵੀ ਸਿੱਖ ਜੀਵਨ ਅਮਲ ਉੱਤੇ ਨਾਂਹ-ਪੱਖੀ ਪਰਛਾਵਾਂ ਪੈਣ ਲੱਗਾ। ਸਿੱਖਾਂ ਅੰਦਰ ਪਤਿਤਪੁਣੇ ਦੀ ਕਰੁਚੀ ਨੇ ਜ਼ੋਰ ਫੜ ਲਿਆ। ਇਸ ਸਭ ਕੁਝ ਦੇ ਫਲਸਰੂਪ, 1881 ਦੀ ਮਰਦਮਸ਼ੁਮਾਰੀ ਮੌਕੇ, ਸਿੱਖੀ ਦਾ ਕੇਂਦਰ ਸਮਝੇ ਜਾਂਦੇ ਪੰਜਾਂ ਜ਼ਿਲ੍ਹਿਆਂ ਅੰਦਰ ਸਿੱਖਾਂ ਦੀ ਗਿਣਤੀ ਵਿੱਚ ਤਕਰੀਬਨ 4 ਫ਼ੀਸਦੀ ਗਿਰਾਵਟ ਆ ਗਈ, ਜਦ ਕਿ ਇਸੇ ਅਰਸੇ ਦੌਰਾਨ ਇਨ੍ਹਾਂ ਜ਼ਿਲ੍ਹਿਆਂ ਦੀ ਕੁੱਲ ਵਸੋਂ ਵਿੱਚ ਸਾਢੇ ਚਾਰ ਫ਼ੀਸਦੀ ਦਾ ਇਜ਼ਾਫ਼ਾ ਨੋਟ ਕੀਤਾ ਗਿਆ।[12]

## ਸਿੰਘ ਸਭਾ ਲਹਿਰ : ਸੁਧਾਰ ਅਤੇ ਪੁਨਰ-ਸੁਰਜੀਤੀ

ਪੰਜਾਬ ਉੱਤੇ ਕਬਜ਼ਾ ਕਰਨ ਤੋਂ ਬਾਅਦ ਅੰਗਰੇਜ਼ਾਂ ਨੇ ਆਪਣੀ ਪਰਖੀ-ਅਜ਼ਮਾਈ ਬਸਤੀਆਨਾ ਨੀਤੀ ਤਹਿਤ ਸਿੱਖ ਭਾਈਚਾਰੇ ਅੰਦਰਲੇ ਜਾਗੀਰੂ ਅਨਸਰਾਂ (ਸਿੱਖ ਸਰਦਾਰਾਂ) ਨੂੰ ਜਾਗੀਰਾਂ ਤੇ ਹੋਰ ਸਰਕਾਰੀ ਉਪਾਧੀਆਂ ਦੇ ਕੇ, ਉਨ੍ਹਾਂ ਦੀ ਹਮਾਇਤ ਤੇ ਵਫ਼ਾਦਾਰੀ ਹਾਸਲ ਕਰਨ ਦੀ ਪਹੁੰਚ ਅਪਣਾਈ। ਇਸ ਵਿੱਚ ਉਹ ਕਾਫ਼ੀ ਹੱਦ ਤਕ ਸਫਲ ਵੀ ਹੋਏ। ਸਿੱਖ ਸਰਦਾਰਾਂ ਦੇ ਵੱਡੇ ਵਰਗ ਨੇ ਅੰਗਰੇਜ਼ੀ ਰਾਜ ਦੀ ਹਮਾਇਤ ਨੂੰ ਆਪਣਾ ਪਰਮੋ-ਧਰਮ ਬਣਾ ਲਿਆ ਅਤੇ ਉਹ ਖੁੱਲ੍ਹੇ ਤੌਰ 'ਤੇ ਅੰਗਰੇਜ਼ਾਂ ਦੇ ਝੋਲੀਚੁੱਕ ਹੋ ਨਿਬੜੇ। ਪਰ ਇਸ ਦਾ ਇਹ ਮਤਲਬ ਨਹੀਂ ਕਿ ਇਸ ਵਰਗ ਦੇ ਮਨਾਂ 'ਚ ਸਿੱਖੀ ਪ੍ਰੇਮ ਦੀ ਭਾਵਨਾ ਉੱਕਾ ਹੀ ਜਾਂਦੀ ਰਹੀ ਸੀ ਅਤੇ ਉਨ੍ਹਾਂ ਨੂੰ ਸਿੱਖੀ ਤੇ ਸਿੱਖ ਭਾਈਚਾਰੇ ਦੇ ਹਿਤਾਂ ਨਾਲ ਕੋਈ ਲਗਾਉ ਹੀ ਨਹੀਂ ਸੀ ਰਿਹਾ। ਇਹ ਗੱਲ ਨਹੀਂ। ਇਨ੍ਹਾਂ ਵਰਗਾਂ ਅੰਦਰ ਸਿੱਖੀ ਜਜ਼ਬੇ

ਦੇ ਅੰਸ਼ ਉੱਕਾ ਹੀ ਗ਼ਾਇਬ ਨਹੀਂ ਸਨ ਹੋਏ। ਹਾਂ, ਇਹ ਗੱਲ ਜ਼ਰੂਰ ਹੈ ਕਿ ਇਸ ਪ੍ਰਤੀ ਉਨ੍ਹਾਂ ਦਾ ਨਜ਼ਰੀਆ ਜ਼ਰੂਰ ਅਲੱਗ ਸੀ। ਉਹ ਪੱਛਮੀ ਸਭਿਆਚਾਰ ਦੇ, ਖ਼ਾਸ ਕਰਕੇ ਈਸਾਈ ਪ੍ਰਚਾਰਕਾਂ ਦੀਆਂ ਸਰਗਰਮੀਆਂ ਦੇ ਸਿੱਖ ਸਮਾਜ ਉੱਤੇ ਪੈਣ ਵਾਲੇ ਪ੍ਰਭਾਵਾਂ ਤੋਂ ਬੇਖ਼ਬਰ ਅਤੇ ਬੇਵਾਸਤਾ ਨਹੀਂ ਸਨ। ਉਹ ਇਸ ਪ੍ਰਤੀ ਚੇਤੰਨ ਸਨ ਅਤੇ ਫ਼ਿਕਰਮੰਦ ਵੀ। ਇਹ ਵੀ ਗੱਲ ਹੈ ਕਿ ਸਿੱਖ ਸਰਦਾਰਾਂ ਦੇ ਇਕ ਵਰਗ ਨੇ ਅੰਗਰੇਜ਼ਾਂ ਵੱਲੋਂ ਤਾਕਤ ਅਤੇ ਮਕਾਰੀ ਨਾਲ ਸਿੱਖ ਰਾਜ ਹਥਿਆ ਲੈਣ ਦੀ ਮੰਦਹੋਣੀ ਨੂੰ ਮਨੋਂ ਨਹੀਂ ਸੀ ਭੁਲਾਇਆ। ਉਨ੍ਹਾਂ ਅੰਦਰ ਮੁੜ ਆਪਣਾ ਰਾਜ ਸਥਾਪਤ ਕਰਨ ਦੀ ਹਸਰਤ ਉਨ੍ਹਾਂ ਨੂੰ ਨਿਰੰਤਰ ਬੇਚੈਨ ਕਰ ਰਹੀ ਸੀ।

ਮਹਾਰਾਜਾ ਦਲੀਪ ਸਿੰਘ (1853) ਤੇ ਕੰਵਰ ਹਰਨਾਮ ਸਿੰਘ (ਕਪੂਰਥਲਾ) ਵੱਲੋਂ ਈਸਾਈ ਧਰਮ ਕਬੂਲ ਕਰ ਲੈਣ ਅਤੇ 1873 ਵਿੱਚ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਸਿੱਖ ਵਿਦਿਆਰਥੀਆਂ ਦੁਆਰਾ ਈਸਾਈ ਮੱਤ ਗ੍ਰਹਿਣ ਕਰਨ ਦੀ ਇੱਛਾ ਪ੍ਰਗਟਾਉਣ ਦੇ ਘਟਨਾਕ੍ਰਮ ਨੇ ਸਿੱਖ ਸਮਾਜ ਦੀਆਂ ਉਪਰਲੀਆਂ ਪਰਤਾਂ ਅੰਦਰ ਤਿੱਖਾ ਪ੍ਰਤੀਕਰਮ ਜਗਾਇਆ। ਸਿੱਖੀ ਅਤੇ ਸਿੱਖ ਪ੍ਰੰਪਰਾਵਾਂ ਨੂੰ ਖੜ੍ਹੇ ਹੋਏ ਇਨ੍ਹਾਂ ਖ਼ਤਰਿਆਂ ਵਿਰੁੱਧ ਕੋਈ ਕਾਰਗਰ ਉਪਾਅ ਕਰਨ ਦੀ ਸੋਚ ਨਾਲ, ਕੁਝ ਪਤਵੰਤੇ ਸਿੱਖਾਂ ਨੇ 1873 ਵਿੱਚ ਅੰਮ੍ਰਿਤਸਰ ਵਿਖੇ 'ਸਿੰਘ ਸਭਾ' ਨਾਂ ਦੀ ਸੰਸਥਾ ਦਾ ਮੁੱਢ ਬੰਨ੍ਹਿਆ। ਇਸ ਉੱਦਮ ਨੂੰ ਸ਼ੁਰੂ ਅਤੇ ਉਤਸ਼ਾਹਤ ਕਰਨ ਵਿੱਚ ਕੰਵਰ ਬਿਕਰਮ ਸਿੰਘ (ਕਪੂਰਥਲਾ), ਬਾਬਾ ਖੇਮ ਸਿੰਘ ਬੇਦੀ (ਕੋਲਾਰ, ਰਾਵਲਪਿੰਡੀ) ਅਤੇ ਠਾਕੁਰ ਸਿੰਘ ਸੰਧਾਵਾਲੀਆ ਵਰਗੇ ਖ਼ਾਨਦਾਨੀ ਲੋਕਾਂ ਨੇ ਖ਼ਾਸ ਰੁਚੀ ਦਿਖਾਈ।

ਛੇਆਂ ਸਾਲਾਂ ਬਾਅਦ (1879) ਅਜਿਹੀ ਹੀ ਸਭਾ ਲਾਹੌਰ ਵਿਖੇ ਸਥਾਪਤ ਕੀਤੀ ਗਈ। ਕਪੂਰਥਲਾ ਦੇ ਇਕ ਆਮ ਪਰਿਵਾਰ 'ਚੋਂ ਆਏ ਭਾਈ ਗੁਰਮੁਖ ਸਿੰਘ ਲਾਹੌਰ ਸਭਾ ਦੇ ਰੂਹੇ-ਰਵਾਂ ਸਨ ਜਿਨ੍ਹਾਂ ਨੇ ਆਪਣੇ ਸੱਚੇ ਸਿੱਖੀ ਪ੍ਰੇਮ, ਉਤਸ਼ਾਹ ਤੇ ਬੁੱਧੀਮਾਨਤਾ ਸਦਕਾ ਸਿੱਖ ਭਾਈਚਾਰੇ ਅੰਦਰ ਨਵੀਂ ਚੇਤਨਾ ਦੀ ਲਹਿਰ ਪੈਦਾ ਕਰਨ ਵਿੱਚ ਮੋਹਰੀ ਭੂਮਿਕਾ ਨਿਭਾਈ। ਅੰਮ੍ਰਿਤਸਰ ਅਤੇ ਲਾਹੌਰ ਦੇ ਸਿੱਖ ਪਤਵੰਤਿਆਂ ਦੀ ਇਸ ਪਹਿਲਕਦਮੀ ਨੇ ਸਿੱਖ ਜਗਤ ਉੱਤੇ, ਖ਼ਾਸ ਕਰਕੇ ਇਸ ਦੇ ਪੜ੍ਹੇ-ਲਿਖੇ ਵਰਗਾਂ ਅੰਦਰ ਬਹੁਤ ਹੀ ਉਤਸ਼ਾਹੀ ਪ੍ਰਭਾਵ ਛੱਡਿਆ। ਇਸ ਸ਼ੁਰੂਆਤ ਨੇ ਛੇਤੀ ਹੀ ਇਕ ਵਿਆਪਕ ਲਹਿਰ ਦਾ ਸਰੂਪ ਅਖ਼ਤਿਆਰ ਕਰ ਲਿਆ। ਦੋ ਕੁ ਦਹਾਕਿਆਂ ਅੰਦਰ ਪੰਜਾਬ ਦੇ ਹਰ ਸ਼ਹਿਰ ਤੇ ਕਸਬੇ ਅੰਦਰ ਸਿੰਘ ਸਭਾਵਾਂ ਕਾਇਮ ਹੋ ਗਈਆਂ ਅਤੇ ਇਨ੍ਹਾਂ ਦੀ ਗਿਣਤੀ ਸਵਾ ਸੌ ਦੇ ਕਰੀਬ ਜਾ ਪਹੁੰਚੀ।[13]

ਸਿੰਘ ਸਭਾ ਲਹਿਰ ਦਾ ਉਦੇਸ਼ ਸਿੱਖ ਭਾਈਚਾਰੇ ਅੰਦਰ ਆਪਣੇ ਧਰਮ ਪ੍ਰਤੀ ਸ਼ਰਧਾ ਤੇ ਪਿਆਰ ਦੀਆਂ ਭਾਵਨਾਵਾਂ ਪ੍ਰਫੁੱਲਤ ਕਰਨਾ, ਗੁਰਬਾਣੀ ਦਾ ਪ੍ਰਚਾਰ-ਪਸਾਰ ਕਰਨਾ, ਪੰਜਾਬੀ ਬੋਲੀ ਤੇ ਵਿਦਿਆ ਨੂੰ ਉਤਸ਼ਾਹਤ ਕਰਨਾ ਆਦਿ ਮਿਥਿਆ ਗਿਆ ਸੀ। ਹਕੂਮਤ ਸਬੰਧੀ ਸਿਆਸੀ ਵਿਚਾਰ ਚਰਚਾ ਤੋਂ ਪ੍ਰਹੇਜ਼ ਰੱਖਣ ਦੀ ਨੀਤੀ ਤੈਅ ਕੀਤੀ ਗਈ ਸੀ।[14]

ਸਿੰਘ ਸਭਾ ਲਹਿਰ ਦੇ ਸਬੰਧ ਵਿੱਚ ਦੋ ਅਹਿਮ ਤੱਥਾਂ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ। ਇੱਕ, ਇਸ ਲਹਿਰ ਦੇ ਮੋਢੀ ਜ਼ਿਆਦਾ ਕਰਕੇ ਉਚੇ ਘਰਾਣਿਆਂ ਨਾਲ ਸਬੰਧਤ ਚੰਗੇ ਪੜ੍ਹੇ-ਲਿਖੇ ਲੋਕ ਸਨ, ਇਸ ਕਰਕੇ ਉਨ੍ਹਾਂ ਦੇ ਸਮੁੱਚੇ ਸੋਚ-ਪ੍ਰਬੰਧ ਅਤੇ ਅਚਾਰ-ਵਿਹਾਰ ਉੱਤੇ ਪਤਵੰਤੇ ਵਰਗ ਦੀ ਵਿਚਾਰਧਾਰਾ ਦੀ ਗੂੜ੍ਹੀ ਛਾਪ ਦੇਖਣ ਨੂੰ ਮਿਲਦੀ ਹੈ। ਕਿਉਂਕਿ ਉਹ ਖ਼ੁਦ ਆਪਣੇ ਅਸਰ-ਰਸੂਖ਼ ਤੇ ਸਮਾਜੀ ਰੁਤਬੇ ਲਈ ਸਰਕਾਰੀ ਸਰਪ੍ਰਸਤੀ ਉੱਤੇ ਨਿਰਭਰ ਸਨ, ਇਸ ਕਰਕੇ ਉਹ ਅੰਗਰੇਜ਼ ਹਕੂਮਤ ਨਾਲ

ਰਾਜਸੀ ਟਕਰਾਉ ਦੀ ਜਗ੍ਹਾ ਮਿਲਵਰਤਨ ਤੇ ਵਫ਼ਾਦਾਰੀ ਦਾ ਰੁਝਾਨ ਰੱਖਦੇ ਸਨ। ਉਹ ਅੰਗਰੇਜ਼ਾਂ ਨੂੰ ਸਿੱਖ ਭਾਈਚਾਰੇ ਦਾ ਭਲਾ ਚਾਹੁਣ ਵਾਲੀ ਸ਼ੁਭਚਿੰਤਕ ਧਿਰ ਮੰਨ ਕੇ ਚੱਲਦੇ ਸਨ। ਉਹ ਸੁਹਿਰਦਤਾ ਨਾਲ ਹੀ ਇਹ ਗੱਲ ਸੋਚਦੇ ਸਨ ਕਿ ਵਿਦਿਆ ਪੱਖੋਂ ਬੁਰੀ ਤਰ੍ਹਾਂ ਪੱਛੜੇ ਹੋਏ ਤੇ ਦੇਸ ਅੰਦਰ ਇਕ ਨਿਗੂਣੀ ਘੱਟਗਿਣਤੀ ਵਜੋਂ ਵਿਚਰ ਰਹੇ ਸਿੱਖ ਭਾਈਚਾਰੇ ਦੇ ਹਿਤ ਅੰਗਰੇਜ਼ ਹਕੂਮਤ ਨਾਲ ਟਕਰਾਉ ਦੀ ਨਹੀਂ, ਮਿਲਵਰਤਨ ਤੇ ਸਦਭਾਵਨਾ ਦੀ ਮੰਗ ਕਰਦੇ ਹਨ। ਸਿੱਖ ਕੌਮ ਨੂੰ ਅੰਗਰੇਜ਼ ਸਰਕਾਰ ਨਾਲ ਕਿਸੇ ਸਿਆਸੀ ਪੰਗੇਬਾਜ਼ੀ ਵਿੱਚ ਉਲਝਾਉਣ/ਮਰਵਾਉਣ ਦੀ ਥਾਂ, ਉਹ ਸਿੱਖ ਭਾਈਚਾਰੇ ਅੰਦਰ ਧਰਮ ਪ੍ਰਚਾਰ, ਧਰਮ ਸੁਧਾਰ ਅਤੇ ਵਿਦਿਆ ਦੇ ਪਾਸਾਰ ਵਰਗੇ ਸੁਧਾਰਕ ਕਾਰਜਾਂ ਨੂੰ ਪ੍ਰਮੁੱਖਤਾ ਦੇਣ ਦੀ ਸੋਚ ਰੱਖਦੇ ਸਨ। ਇਨ੍ਹਾਂ ਸੁਧਾਰਕ ਕਾਰਜਾਂ ਵਿੱਚ, ਉਹ ਸਰਕਾਰੀ ਸਦਭਾਵਨਾ, ਸਰਪ੍ਰਸਤੀ ਤੇ ਹਮਾਇਤ ਨੂੰ ਵੱਡੀ ਅਹਿਮੀਅਤ ਦਿੰਦੇ ਸਨ। ਉਹ ਮੰਗਾਂ ਦੀ ਪੇਸ਼ਕਾਰੀ ਤੇ ਪੂਰਤੀ ਲਈ ਅੰਦੋਲਨ ਦੀ ਬਜਾਇ ਪਟੀਸ਼ਨਾਂ ਤੇ ਯਾਦ-ਪੱਤਰਾਂ ਦੇ ਢੰਗ ਤਰੀਕੇ ਨੂੰ ਵੱਧ ਬਿਹਤਰ ਸਮਝਦੇ ਸਨ।

ਦੂਜੀ ਗੱਲ, ਸਿੰਘ ਸਭਾ ਲਹਿਰ ਦੇ ਮੋਢੀਆਂ ਅੰਦਰ ਨਜ਼ਰੀਏ ਦੀ ਇਸ ਆਮ ਜਿਹੀ ਸਾਂਝ ਦੇ ਬਾਵਜੂਦ, ਉਨ੍ਹਾਂ ਦੀ ਦਰਪੇਸ਼ ਮਸਲਿਆਂ ਤੇ ਕਾਰਜਾਂ ਪ੍ਰਤੀ ਸਮਝ ਤੇ ਪਹੁੰਚ ਇਕ-ਰੂਪ ਨਹੀਂ ਸੀ। ਇਸ ਵਿੱਚ ਕਾਫ਼ੀ ਵਖਰੇਵੇਂ ਤੇ ਵੰਨ-ਸੁਵੰਨਤਾ ਸੀ। ਹਰ ਸਭਾ ਦੀ ਸਰਗਰਮੀ ਦਾ ਕੇਂਦਰ-ਬਿੰਦੂ, ਇਸਦੇ ਸੰਚਾਲਕਾਂ ਦੇ ਸਮਾਜੀ ਰੁਤਬੇ, ਪਿਛੋਕੜ ਤੇ ਵਿਚਾਰਧਾਰਾ ਅਨੁਸਾਰ, ਅਲੱਗ-ਅਲੱਗ ਸੀ। ਖ਼ਾਸ ਕਰਕੇ ਲਾਹੌਰ ਤੇ ਅੰਮ੍ਰਿਤਸਰ ਦੀਆਂ ਸਿੰਘ ਸਭਾਵਾਂ ਵਿਚਕਾਰ ਸਿਧਾਂਤਕ ਪਾੜਾ ਕਾਫ਼ੀ ਗਹਿਰਾ ਸੀ। ਜਿਥੇ ਅੰਮ੍ਰਿਤਸਰ ਦੀ ਸਿੰਘ ਸਭਾ, ਇਸ ਦੇ ਸੰਚਾਲਕਾਂ ਦੇ ਵਿਚਾਰਧਾਰਕ ਪ੍ਰਭਾਵ ਹੇਠ, ਧਰਮ ਸੁਧਾਰ ਦੇ ਮਾਮਲੇ 'ਚ ਰੂੜ੍ਹੀਵਾਦੀ ਪਹੁੰਚ ਅਪਣਾ ਕੇ ਚੱਲ ਰਹੀ ਸੀ, ਉਥੇ ਲਾਹੌਰ ਦੀ ਸਿੰਘ ਸਭਾ ਇਸ ਮਾਮਲੇ 'ਚ ਵਧੇਰੇ ਰੈਡੀਕਲ (ਤਿੱਖੇ ਸੁਧਾਰਾਂ ਦੀ ਹਾਮੀ) ਸੀ। ਪਰ ਨਾਲ ਹੀ, ਇਸ ਹਕੀਕਤ ਦਾ ਦੂਜਾ, ਉਲਟਵਾਂ ਪੱਖ ਇਹ ਸੀ ਕਿ ਜਿੱਥੇ ਅੰਮ੍ਰਿਤਸਰ ਦੀ ਸਿੰਘ ਸਭਾ ਦੇ ਮੋਹਰੀਆਂ ਨੇ ਖ਼ਾਲਸਾ ਪੰਥ ਦੀ ਖੁੱਸੀ ਹੋਈ ਸ਼ਾਨ ਅਤੇ ਇਸ ਦੇ ਅਧੀਨ ਰੁਤਬੇ ਨੂੰ ਪੂਰੇ ਮਨੋਂ ਪ੍ਰਵਾਨ ਨਹੀਂ ਸੀ ਕੀਤਾ ਹੋਇਆ, ਉਥੇ ਲਾਹੌਰ ਦੀ ਸਿੰਘ ਸਭਾ ਦੇ ਮੋਢੀ ਅਜਿਹੀ ਮਾਨਸਿਕ ਉਲਝਣ ਤੋਂ ਸੁਰਖ਼ਰੂ ਸਨ ਅਤੇ ਉਨ੍ਹਾਂ ਨੂੰ ਅੰਗਰੇਜ਼ ਹੁਕਮਰਾਨਾਂ ਪ੍ਰਤੀ ਵਧਵੀਂ ਮਾਤਰਾ 'ਚ ਵਫ਼ਾਦਾਰੀ ਦਿਖਾਉਣ ਵਿੱਚ ਕੋਈ ਮਾਨਸਿਕ ਔਕੜ ਨਹੀਂ ਸੀ ਆਉਂਦੀ। ਇਸ ਵਿੱਚ ਉਨ੍ਹਾਂ ਨੂੰ ਕੋਈ ਬੁਰਾਈ ਵਾਲੀ ਗੱਲ ਵੀ ਨਹੀਂ ਸੀ ਲੱਗਦੀ। ਇਨ੍ਹਾਂ ਦੋਵਾਂ ਸਭਾਵਾਂ ਵਿਚਕਾਰ ਛੇਤੀ ਹੀ (1883) ਖੁੱਲ੍ਹਮ-ਖੁੱਲ੍ਹੀ ਸਿਧਾਂਤਕ ਜੰਗ ਛਿੜ ਪਈ। ਲਾਹੌਰ ਸਿੰਘ ਸਭਾ ਨੇ ਸਿੱਖ ਸਮਾਜ ਅੰਦਰ ਪ੍ਰਚਲਤ ਹਿੰਦੂਵਾਦੀ ਅਮਲਾਂ ਵਿਰੁੱਧ ਸਿਧਾਂਤਕ ਜਹਾਦ ਵਿੱਢ ਦਿੱਤਾ। ਉਨ੍ਹਾਂ ਜਾਤ-ਪ੍ਰਸਤੀ, ਬੁੱਤ ਪੂਜਾ, ਅੰਧਵਿਸ਼ਵਾਸ ਤੇ ਵਹਿਮਪ੍ਰਸਤੀ ਵਰਗੀਆਂ ਬ੍ਰਾਹਮਣਵਾਦੀ ਅਲਾਮਤਾਂ ਨੂੰ ਆਪਣੇ ਹਮਲੇ ਦਾ ਤਿੱਖਾ ਨਿਸ਼ਾਨਾ ਬਣਾਇਆ ਅਤੇ 'ਗੁਰੂ ਵੰਸ਼' ਦਾ ਵਧਵਾਂ ਮਾਣ ਤੇ ਦਿਖਾਵਾ ਕਰਨ ਵਾਲੇ ਅਨਸਰਾਂ ਦੀ ਕਰਾਰੀ ਨੁਕਤਾਚੀਨੀ ਕੀਤੀ। ਉਨ੍ਹਾਂ ਗੁਰਦੁਆਰਿਆਂ ਦੇ ਪ੍ਰਬੰਧਕਾਂ ਤੇ ਪੁਜਾਰੀਆਂ ਨੂੰ ਅਜਿਹੇ ਸਿਧਾਂਤਕ ਰਗੜੇ ਲਾਏ ਕਿ ਬਿਪਰ ਸੰਸਕਾਰ ਦੇ ਰਾਹ ਪਏ ਪੁਜਾਰੀ ਲਾਣੇ ਨੇ ਆਪਣੀਆਂ ਹਮਖ਼ਿਆਲ ਤਾਕਤਾਂ ਨਾਲ ਗੰਢ-ਤੁਪ ਕਰਕੇ, ਅਕਾਲ ਤਖ਼ਤ ਵੱਲੋਂ ਜਾਰੀ ਕੀਤੇ ਇਕ ਹੁਕਮਨਾਮੇ (18 ਮਾਰਚ 1887) ਰਾਹੀਂ ਭਾਈ ਗੁਰਮੁਖ ਸਿੰਘ ਨੂੰ ਪੰਥ 'ਚੋਂ ਛੇਕਣ ਦਾ ਐਲਾਨ ਕਰ ਦਿੱਤਾ।[15] ਪਰ ਇਸ ਫ਼ਤਵੇ ਦੇ ਬਾਵਜੂਦ ਪ੍ਰੋ. ਗੁਰਮੁਖ ਸਿੰਘ ਅਤੇ ਲਾਹੌਰ ਸਭਾ ਨੇ ਇਨ੍ਹਾਂ ਰੂੜ੍ਹੀਵਾਦੀ ਤੱਤਾਂ ਵਿਰੁੱਧ ਆਪਣੀ ਸਿਧਾਂਤਕ ਜੰਗ ਜਾਰੀ ਰੱਖੀ।

## ਆਰੀਆ ਸਮਾਜ : ਸੰਵਾਦ ਤੇ ਫ਼ਸਾਦ

ਈਸਾਈ ਧਰਮ ਅਤੇ ਪੱਛਮੀ ਸਭਿਆਚਾਰ ਦੇ ਵਧ ਰਹੇ ਪ੍ਰਭਾਵ ਦੇ ਸਨਮੁਖ ਹਿੰਦੂ ਸਮਾਜ ਅੰਦਰ ਵੀ ਤੌਖਲੇ ਤੇ ਸੰਸੇ ਉਤਪੰਨ ਹੋਏ ਅਤੇ ਇਸ ਦੇ ਬੌਧਿਕ ਵਰਗ ਅੰਦਰ ਸਵੈ-ਸੁਰੱਖਿਆ ਦਾ ਤਿੱਖਾ ਅਹਿਸਾਸ ਜਾਗਿਆ। ਭਾਰਤ ਅੰਦਰ ਅੰਗਰੇਜ਼ਾਂ ਵੱਲੋਂ ਲਾਗੂ ਕੀਤੀ ਆਧੁਨਿਕ ਵਿਦਿਆ ਪ੍ਰਣਾਲੀ ਦਾ ਸਭ ਤੋਂ ਵਧ ਲਾਭ ਹਿੰਦੂ ਵਰਗ ਨੇ ਉਠਾਇਆ। ਇਸ ਵਜ੍ਹਾ ਕਰਕੇ ਇਹ ਵਰਗ ਭਾਰਤ ਅੰਦਰ ਨਵੀਂ ਚੇਤਨਾ ਦਾ ਮੋਹਰੀ ਬਣਿਆ ਜਿਉਂ-ਜਿਉਂ ਇਸ ਦਾ ਬਾਹਰੀ (ਪੱਛਮੀ) ਸੰਸਾਰ ਨਾਲ ਵਾਹ ਵਾਸਤਾ ਵਧਦਾ ਗਿਆ, ਤਿਉਂ-ਤਿਉਂ ਇਸ ਦੇ ਪ੍ਰਬੁੱਧ ਹਿੱਸਿਆਂ ਅੰਦਰ ਹਿੰਦੂ ਸਮਾਜ ਦੀਆਂ ਖ਼ਾਮੀਆਂ ਤੇ ਕੁਰੀਤੀਆਂ ਪ੍ਰਤੀ ਜਾਗਰੂਕਤਾ ਪੈਦਾ ਹੁੰਦੀ ਗਈ। ਉਨ੍ਹਾਂ ਨੂੰ ਆਪਣੀਆਂ ਕੁਝ ਰਵਾਇਤਾਂ ਪਿਛਾਂਹਖਿਚੂ ਅਤੇ ਸਮੇਂ ਦੀ ਧਾਰਾ ਮੂਹਰੇ ਕਮਜ਼ੋਰ ਦਿਖਣ ਲੱਗੀਆਂ। ਇਸ ਨਾਲ ਹਿੰਦੂ ਸਮਾਜ ਦੇ ਪੜ੍ਹੇ-ਲਿਖੇ ਹਿੱਸਿਆਂ ਅੰਦਰ ਧਾਰਮਿਕ ਤੇ ਸਮਾਜਿਕ ਸੁਧਾਰਾਂ ਦੀ ਲੋੜ ਦਾ ਤਿੱਖਾ ਅਹਿਸਾਸ ਜਾਗਿਆ। ਬੰਗਾਲ ਇਸ ਨਵੀਂ ਚੇਤਨਾ ਦਾ ਕੇਂਦਰ ਬਣਿਆ। ਹੌਲੀ-ਹੌਲੀ ਇਹ ਰੁਝਾਨ ਹੋਰਨਾਂ ਖੇਤਰਾਂ ਅੰਦਰ ਵੀ ਪ੍ਰਵੇਸ਼ ਕਰ ਗਿਆ। ਆਰੀਆ ਸਮਾਜ ਹਿੰਦੂ ਵਰਗ ਅੰਦਰ ਆਈ ਇਸ ਜਾਗਰਤੀ ਦੇ ਵਰਤਾਰੇ ਦੀ ਹੀ ਇਕ ਕੜੀ ਸੀ ਜਿਸ ਦੀ ਨੀਂਹ ਸਰਸਵਤੀ ਦਯਾਨੰਦ (ਗੁਜਰਾਤ) ਨੇ 1875 ਈਸਵੀ ਵਿੱਚ ਰੱਖੀ ਸੀ। ਇਸਦਾ ਉਦੇਸ਼ ਹਿੰਦੂਵਾਦ ਨੂੰ ਮਾਂਜੇ-ਸੰਵਾਰੇ ਰੂਪ 'ਚ ਮੁੜ ਸੁਰਜੀਤ ਕਰਨਾ ਸੀ। ਦਯਾਨੰਦ ਦਾ ਮੱਤ ਸੀ ਕਿ ਵੇਦ ਹੀ ਹਿੰਦੂ ਧਰਮ ਦਾ ਮੂਲ ਤੇ ਪ੍ਰਮਾਣਿਕ ਆਧਾਰ ਹਨ। ਉਸ ਨੇ ਵੇਦਾਂ ਤੋਂ ਬਾਅਦ ਰਚੇ ਗ੍ਰੰਥਾਂ ਨੂੰ ਹਿੰਦੂ ਧਰਮ ਅੰਦਰ ਪਤਨ ਲਿਆਉਣ ਲਈ ਜ਼ਿੰਮੇਵਾਰ ਠਹਿਰਾਇਆ ਅਤੇ ਇਨ੍ਹਾਂ ਨੂੰ 'ਝੂਠੀਆਂ ਪੋਥੀਆਂ' ਕਹਿ ਕੇ ਰੱਦ ਕਰ ਦਿੱਤਾ। ਉਹ ਵੇਦਾਂ ਨੂੰ 'ਦੈਵੀ ਰਚਨਾ' ਅਤੇ ਬੌਧਿਕ ਸੰਪੂਰਨਤਾ ਦਾ ਮੁਜੱਸਮਾ ਮੰਨਦਾ ਸੀ ਅਤੇ ਸੰਸਕ੍ਰਿਤ ਨੂੰ 'ਦੇਵ ਭਾਸ਼ਾ' ਵਜੋਂ ਦੇਖਦਾ ਸੀ। ਸਰਸਵਤੀ ਦਯਾਨੰਦ, ਜਿਸ ਨੂੰ ਬਾਅਦ 'ਚ ਉਸ ਦੇ ਪੈਰੋਕਾਰ 'ਸਵਾਮੀ' ਕਹਿਣ ਲੱਗ ਪਏ, ਦਾ ਇਹ ਨਜ਼ਰੀਆ ਉਸ ਨੂੰ ਸੁਭਾਵਿਕ ਹੀ ਗ਼ੈਰ-ਹਿੰਦੂ ਧਰਮਾਂ, ਗ਼ੈਰ-ਵੈਦਿਕ ਗ੍ਰੰਥਾਂ ਤੇ ਗ਼ੈਰ-ਹਿੰਦੂ ਧਾਰਮਿਕ ਰਹਿਬਰਾਂ ਪ੍ਰਤੀ ਤਿਰਸਕਾਰ ਭਰੇ ਰਵੱਈਏ ਵੱਲ ਤੋਰਦਾ ਸੀ। ਇਹ ਨਜ਼ਰੀਆ ਹੀ, ਬਾਅਦ 'ਚ ਜਾ ਕੇ ਪੰਜਾਬ ਅੰਦਰ ਸਿੱਖਾਂ ਤੇ ਹਿੰਦੂਆਂ ਵਿਚਕਾਰ ਨਫ਼ਰਤ ਤੇ ਦੁਸ਼ਮਣੀ ਦੀਆਂ ਲਕੀਰਾਂ ਵਾਹੁਣ ਦਾ ਕਾਰਨ ਬਣਿਆ।[16]

ਦਯਾਨੰਦ ਗੁਜਰਾਤ ਤੋਂ ਨਿਰਾਸ਼ ਹੋ ਕੇ ਅਪ੍ਰੈਲ 1877 ਵਿੱਚ ਪੰਜਾਬ ਆਇਆ। ਉਸ ਨੇ ਗੁਜਰਾਤ ਅੰਦਰ ਆਪਣੀ ਕੀਤੀ ਕਮਾਈ ਦਾ ਪੜਚੋਲਵਾਂ ਮੁਲਾਂਕਣ ਕੀਤਾ ਅਤੇ ਆਪਣੇ ਮੱਤ ਅੰਦਰ ਲੁੜੀਂਦੀ ਸੋਧ ਸੁਧਾਈ ਕਰਕੇ ਇਸ ਨੂੰ ਵਧੇਰੇ ਸਾਦਾ ਤੇ ਮਨਭਾਉਂਦਾ ਬਣਾਇਆ। ਪੰਜਾਬ ਅੰਦਰ ਉਸ ਦੇ ਮੱਤ ਨੂੰ ਆਸ ਨਾਲੋਂ ਵੱਧ ਕਬੂਲਵਾਂ ਹੁੰਗਾਰਾ ਮਿਲਿਆ। ਇਹ ਹੁੰਗਾਰਾ, ਜ਼ਿਆਦਾ ਕਰਕੇ, ਸ਼ਹਿਰੀ ਹਿੰਦੂ ਵਰਗ ਵੱਲੋਂ ਮਿਲਿਆ ਜੋ ਆਪਣੀ ਨਿਵੇਕਲੀ ਸਥਿਤੀ ਤੇ ਚੇਤਨਾ ਸਦਕਾ ਕਿਸੇ ਅਜਿਹੀ ਨਵੀਂ ਤੇ ਆਧੁਨਿਕ ਧਾਰਮਿਕ ਵਿਚਾਰਧਾਰਾ (ਤੇ ਪ੍ਰੰਪਰਾ) ਦੀ ਤਲਾਸ਼ ਵਿੱਚ ਸੀ, ਜੋ ਆਧੁਨਿਕ ਜ਼ਮਾਨੇ ਅੰਦਰ ਵਧੇਰੇ ਮਾਣ ਸਤਿਕਾਰ ਤੇ ਪ੍ਰਵਾਨਗੀ ਹਾਸਲ ਕਰਨ ਦੇ ਸਮਰਥ ਹੋਵੇ। ਆਰੀਆ ਸਮਾਜੀ ਵਿਚਾਰਧਾਰਾ ਵਿੱਚ ਉਸ ਨੂੰ ਅਜਿਹੀ ਖ਼ੂਬੀ ਤੇ ਸਮਰੱਥਾ ਨਜ਼ਰ ਆਈ। ਇਸ ਨੇ ਉਸ ਨੂੰ ਇਕ ਅਜਿਹਾ ਪਲੇਟਫ਼ਾਰਮ ਮੁਹੱਈਆ ਕਰ ਦਿੱਤਾ ਜਿਥੇ ਉਹ ਪੱਛਮ ਦੇ ਨਵੇਂ ਵਿਚਾਰਾਂ ਦੇ ਸਨਮੁਖ, ਆਪਣੀ ਸਨਾਤਨੀ ਹਿੰਦੂ ਧਾਰਮਿਕ ਪ੍ਰੰਪਰਾ ਨੂੰ ਕਮਜ਼ੋਰ ਤੇ ਨਿਤਾਣੀ ਸਮਝਣ ਦੀ ਹੀਣ-ਭਾਵਨਾ ਤੋਂ ਮੁਕਤ ਹੋ ਕੇ ਪੂਰੇ ਭਰੋਸੇ ਨਾਲ ਹਿੰਦੂ ਹੋਣ ਦਾ ਗੌਰਵ ਕਰ ਸਕਦਾ

ਸੀ। ਕੁਝ ਅਜਿਹੇ ਹੀ ਕਾਰਨ ਸਨ ਜਿਨ੍ਹਾਂ ਕਰਕੇ ਪੰਜਾਬ ਦਾ ਸ਼ਹਿਰੀ ਹਿੰਦੂ ਪੂਰੇ ਜੋਸ਼ੋ-ਖ਼ਰੋਸ਼ ਨਾਲ ਆਰੀਆ ਸਮਾਜੀ ਲਹਿਰ ਵੱਲ ਉੱਲਰ ਪਿਆ ਅਤੇ ਥੋੜ੍ਹੇ ਅਰਸੇ ਅੰਦਰ ਹੀ ਪੰਜਾਬ ਆਰੀਆ ਸਮਾਜੀ ਲਹਿਰ ਦਾ ਮੁੱਖ ਗੜ੍ਹ ਹੋ ਨਿਬੜਿਆ।

ਆਰੀਆ ਸਮਾਜੀ ਵਿਚਾਰਧਾਰਾ ਨਾਲ ਜੁੜ ਕੇ ਪੰਜਾਬੀ ਹਿੰਦੂ ਵਰਗ ਆਪਣੇ ਆਪ ਨੂੰ ਹੋਰ ਵੀ ਉੱਤਮ ਸਮਝਣ ਲੱਗ ਪਿਆ। ਉਸ ਅੰਦਰ ਪਹਿਲਾਂ ਹੀ ਵਿਦਮਾਨ ਸਵੈ-ਅਭਿਮਾਨੀ ਬਿਰਤੀ ਖਰ੍ਹਵੇ ਹੰਕਾਰ ਵਿੱਚ ਵਟ ਗਈ। ਉਸ ਨੇ ਗ਼ੈਰ-ਵੈਦਿਕ ਧਰਮਾਂ ਤੇ ਪ੍ਰੰਪਰਾਵਾਂ, ਇਥੋਂ ਤਕ ਕਿ ਹਿੰਦੂ ਸਨਾਤਨੀ ਧਾਰਾ ਵਿਰੁੱਧ ਵੀ ਕਾਟਵੀਂ ਵਿਚਾਰਧਾਰਕ ਮੁਹਿੰਮ ਵਿੱਢ ਦਿੱਤੀ। 1883 ਵਿੱਚ ਦਯਾਨੰਦ ਦੀ ਮੌਤ ਤੋਂ ਬਾਅਦ ਆਰੀਆ ਸਮਾਜ ਦੀ ਵਾਗਡੋਰ ਪੰਜਾਬੀ ਹਿੰਦੂ ਲਾਣੇ ਦੇ ਹੱਥ ਆ ਗਈ। ਇਸ ਨਾਲ ਆਰੀਆ ਸਮਾਜੀ ਪ੍ਰਚਾਰ ਅਤੇ ਸਰਗਰਮੀਆਂ ਅੰਦਰ ਵਧੇਰੇ ਕੋਰੀ ਫ਼ਿਰਕੂ ਸੋਚ ਤੇ ਉਨਮਾਦ ਦਾ ਬੋਲਬਾਲਾ ਹੋ ਗਿਆ।

ਇਸ ਘਟਨਾ-ਵਿਕਾਸ ਨੇ ਪੰਜਾਬ ਦੇ ਸਮਾਜੀ-ਸਭਿਆਚਾਰਕ ਤੇ ਰਾਜਸੀ ਜੀਵਨ ਉੱਤੇ ਬਹੁਤ ਹੀ ਡੂੰਘੇ ਤੇ ਚਿਰ-ਸਦੀਵੀ ਅਸਰ ਛੱਡ ਦਿੱਤੇ। ਪੰਜਾਬ ਦੀ ਰਵਾਇਤੀ ਜੀਵਨ-ਧਾਰਾ ਅੰਦਰ ਵੱਡੀ ਖਲਬਲੀ ਪੈਦਾ ਕਰਨ ਵਾਲੇ ਇਸ ਵਰਤਾਰੇ ਦਾ ਸਹੀ ਥਾਹ ਪਾਉਣ ਲਈ ਪੰਜਾਬ ਦੇ ਹਿੰਦੂ ਵਰਗ ਦੀਆਂ ਕੁਝ ਵਿਸ਼ੇਸ਼ ਖ਼ਾਸੀਅਤਾਂ ਨੂੰ ਸਮਝਣਾ ਜ਼ਰੂਰੀ ਹੈ।

ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਸ਼ਾਮਲ ਕਰ ਲਏ ਜਾਣ ਤੋਂ ਬਾਅਦ ਨਵੇਂ ਪ੍ਰਬੰਧਕੀ ਢਾਂਚੇ ਤੇ ਸਮਾਜੀ-ਸਭਿਆਚਾਰਕ ਵਾਤਾਵਰਨ ਅੰਦਰ ਪੰਜਾਬ ਦੇ ਸ਼ਹਿਰੀ ਹਿੰਦੂ ਵਰਗ ਦੇ ਰੁਤਬੇ ਤੇ ਪੋਜ਼ੀਸ਼ਨ ਅੰਦਰ ਵੱਡੀ ਤਬਦੀਲੀ ਆਈ। ਇਹ ਵਰਗ ਅੰਗਰੇਜ਼ੀ ਵਿਦਿਆ ਹਾਸਲ ਕਰਨ ਵਿੱਚ ਪੰਜਾਬ ਅੰਦਰ ਸਭ ਤੋਂ ਮੋਹਰੀ ਸੀ। ਇਸ ਨਾਲ ਇਕ ਤਾਂ ਉਸ ਨੂੰ ਸਰਕਾਰੀ ਨੌਕਰੀਆਂ ਤੇ ਹੋਰਨਾਂ ਬਾਵਕਾਰ ਕਿੱਤਿਆਂ (ਵਕਾਲਤ, ਡਾਕਟਰੀ, ਇੰਜੀਨੀਅਰਿੰਗ ਆਦਿ) ਵਿੱਚ, ਆਪਣੀ ਵਸੋਂ ਦੇ ਅਨੁਪਾਤ ਨਾਲੋਂ ਕਿਤੇ ਵਧਵਾਂ ਦਰਜਾ ਨਸੀਬ ਹੋ ਗਿਆ।[17] ਦੂਜਾ, ਉਸ ਦਾ ਪੰਜਾਬੀ ਸਮਾਜ ਅੰਦਰ ਸਮਾਜੀ ਰੁਤਬਾ ਕਾਫ਼ੀ ਉਚਾ ਹੋ ਗਿਆ। ਉਹ ਆਪਣੇ ਆਪ ਨੂੰ 'ਨਵੇਂ ਸੰਸਾਰ' ਦਾ ਆਗੂ ਸਮਝਣ ਲੱਗ ਪਿਆ ਅਤੇ ਹੋਰਨਾਂ, ਅਨਪੜ੍ਹ ਜਾਂ ਘੱਟ ਪੜ੍ਹੇ ਵਰਗਾਂ ਨੂੰ 'ਜਾਹਲ' ਤੇ 'ਗੰਵਾਰ' ਪਰਖਣ ਲੱਗਾ (ਖ਼ਾਸ ਕਰਕੇ ਪੇਂਡੂਆਂ ਨੂੰ, ਅਤੇ ਹੋਰ ਖ਼ਾਸ ਕਰਕੇ 'ਜੱਟਾਂ ਬੂਟਾਂ' ਨੂੰ!)। ਅਸਲ ਵਿੱਚ ਇਹ ਵਪਾਰੀ/ਕਾਰੋਬਾਰੀ ਵਰਗ, ਵੱਧ ਪੜ੍ਹ ਲਿਖ ਕੇ, ਆਪਣੇ ਆਪ ਨੂੰ ਹੋਰਨਾਂ ਨਾਲੋਂ ਉੱਤਮ ਨਸਲ ਦਾ ਜੀਵ ਤਸੱਵਰ ਕਰਨ ਲੱਗ ਪਿਆ।

ਪੰਜਾਬ ਦਾ ਹਿੰਦੂ ਬਹੁਤਾ ਕਰਕੇ ਸ਼ਹਿਰੀ ਹੈ, ਸਵਰਨਜਾਤੀ ਹੈ, ਵਪਾਰੀ ਹੈ, ਪਿੰਡ ਵਿੱਚ ਵੀ ਹੱਟਵਾਣੀਆ ਹੈ। ਦੂਜੇ ਪਾਸੇ, ਸਿੱਖ ਵਸੋਂ ਜ਼ਿਆਦਾ ਕਰਕੇ ਪੇਂਡੂ ਹੈ ਅਤੇ ਵੱਡਾ ਹਿੱਸਾ ਜੱਟ ਕਿਸਾਨ ਹੈ। ਹਿੰਦੂ ਵਪਾਰੀ ਵਰਗ ਆਪਣੇ ਆਪ ਨੂੰ ਵੱਧ ਪੜ੍ਹਿਆ-ਲਿਖਿਆ ਤੇ ਵਧੇਰੇ ਲਾਇਕ ਸਮਝਣ ਦੀ ਧਾਰਨਾ ਦਾ ਸ਼ਿਕਾਰ ਹੋਣ ਕਰਕੇ, ਪੰਜਾਬੀ ਸਮਾਜ ਅੰਦਰ ਆਪਣੀ ਸਰਦਾਰੀ ਸਥਾਪਤ ਕਰਨ ਅਤੇ ਮਨਵਾਉਣ ਦੀ ਆਕਾਂਖਿਆ ਰੱਖਦਾ ਹੈ। ਪਰ ਪੰਜਾਬ ਅੰਦਰ, ਕੁਝ ਇਤਿਹਾਸਕ ਕਾਰਨਾਂ ਕਰਕੇ, ਮੁੱਢ ਤੋਂ ਹੀ ਸ਼ਹਿਰੀ ਹਿੰਦੂ ਵਰਗ ਦੇ ਰਾਹ ਵਿੱਚ ਜੱਟ ਕਿਸਾਨ ਇਕ ਵੱਡੀ ਰੁਕਾਵਟ ਬਣਿਆ ਆ ਰਿਹਾ ਹੈ। ਇਤਿਹਾਸ ਅੰਦਰ ਪੰਜਾਬ ਦੇ ਜੱਟ ਕਿਸਾਨ ਨੇ ਹਿੰਦੂ ਵਪਾਰੀ ਵਰਗ ਦੀ ਉਹ ਤੜੀ ਤੇ ਈਨ ਨਹੀਂ ਮੰਨੀ ਜੋ ਹੋਰਨਾਂ ਥਾਵਾਂ ਦਾ ਕਿਸਾਨ ਮੰਨਦਾ ਆਇਆ ਹੈ। ਹਿੰਦੂ ਵਪਾਰੀ ਵਰਗ ਨੂੰ ਹਮੇਸ਼ਾ ਇਹ ਚਿੜ ਰਹੀ ਹੈ ਕਿ ਹੋਰਨਾਂ ਕੌਮੀਅਤਾਂ ਵਾਂਗ ਪੰਜਾਬ ਦਾ ਕਿਸਾਨ ਵੀ ਉਸਦੇ ਅੱਗੇ

ਵਿਛਿਆ ਹੋਇਆ ਕਿਉਂ ਨਹੀਂ ? ਸਿਆਸੀ, ਸਮਾਜਿਕ, ਵਿਚਾਰਧਾਰਕ ਤੇ ਮਾਨਸਿਕ ਤੌਰ 'ਤੇ ਉਸਦੀ ਝੋਲੀ ਕਿਉਂ ਨਹੀਂ ਪਿਆ ਹੋਇਆ ?

ਪੰਜਾਬ ਦਾ ਜੱਟ ਕਿਸਾਨ ਅਜਿਹੇ ਨਿਵੇਕਲੇ ਕਿਰਦਾਰ ਦਾ ਮਾਲਕ ਕਿਵੇਂ ਹੋ ਨਿਬੜਿਆ ? ਇਹ ਸੁਆਲ ਬਹੁਤ ਅਹਿਮ ਹੈ। ਪ੍ਰਸਿੱਧ ਮਾਰਕਸਵਾਦੀ ਚਿੰਤਕ ਸਵਰਗਵਾਸੀ ਪ੍ਰੋ. ਕਿਸ਼ਨ ਸਿੰਘ ਦੇ ਸ਼ਬਦਾਂ 'ਚ, "ਇਸ ਪੋਜ਼ੀਸ਼ਨ ਦੇ ਬਣਾਉਣ ਵਿੱਚ ਸਿੱਖ ਇਨਕਲਾਬ, ਇਤਿਹਾਸ ਤੇ ਸਿੱਖ ਰੂਪ ਦਾ ਨੁਮਾਇਆ ਹਿੱਸਾ ਹੈ।..... ਮੁੱਢ ਕਦੀਮ ਤੋਂ ਹੀ ਪੰਜਾਬ ਦੇ ਜੱਟ ਕਿਸਾਨ ਨੇ ਬ੍ਰਾਹਮਣ ਦੀ ਉਹ ਛੱਟ ਨਹੀਂ ਪਵਾਈ..... ਵਿਚਾਰਧਾਰਾ ਨੂੰ ਤਲਵਾਰ ਤਕ ਪਹੁੰਚਾਉਣ ਅਤੇ ਤਲਵਾਰ ਨੂੰ ਲੋਕ-ਹਿਤ ਤਕ ਲਿਆਉਣ, ਅਰਥਾਤ ਤਲਵਾਰ ਤੇ ਲੋਕ-ਹਿਤ ਦਾ ਸੰਜੋਗ, ਮੁਲਕ ਦੇ ਇਤਿਹਾਸ ਵਿੱਚ ਪੰਜਾਬ ਦੇ ਜੱਟ ਕਿਸਾਨ ਨੇ ਹੀ ਕੀਤਾ ਅਤੇ ਕੀਤਾ ਸਿੱਖੀ ਦੇ ਰੂਪ ਵਿੱਚ, ਗੁਰੂ ਸਾਹਿਬਾਨ ਦੀ ਅਗਵਾਈ ਦੇ ਹੇਠ। ਹੋਰਨਾਂ ਥਾਵਾਂ ਦੇ ਹਰ ਕਿਸਾਨ ਨਾਲੋਂ ਇਹ ਸਿਫ਼ਤੀ ਤੌਰ 'ਤੇ ਉਚੇਰਾ ਕਾਰਜ ਸੀ ਅਤੇ ਇਹ ਇਤਿਹਾਸਕ ਅਨੁਭਵ ਇਸਦਾ ਨਿਵੇਕਲਾ ਅਨੁਭਵ ਹੀ ਹੈ। ਪੰਜਾਬ ਦਾ ਜੱਟ ਕਿਸਾਨ ਆਪਣੇ ਇਸ ਇਤਿਹਾਸਕ ਅਨੁਭਵ ਦਾ ਪੜ੍ਹਾਇਆ ਮਾਅਰਕੇ ਮਾਰਦਾ ਆਇਆ ਹੈ।"[18]

ਸੋ ਇਹ ਸਿੱਖ ਵਿਚਾਰਧਾਰਾ ਤੇ ਸਿੱਖੀ ਦਾ ਜਜ਼ਬਾ ਹੀ ਹੈ ਜੋ ਪੰਜਾਬ ਦੇ ਜੱਟ ਕਿਸਾਨ ਨੂੰ, ਸਮਾਜੀ ਰੁਤਬੇ ਤੇ ਰੋਲ ਪੱਖੋਂ, ਹੋਰਨਾਂ ਥਾਵਾਂ ਦੇ ਕਿਸਾਨਾਂ ਨਾਲੋਂ ਅਹਿਮ ਰੂਪ ਵਿੱਚ ਵਖਰਿਆਉਂਦਾ ਹੈ। ਪੰਜਾਬ ਦਾ ਹਿੰਦੂ ਵਪਾਰੀ ਵਰਗ, ਉਪਰਲੇ ਮਨੋਂ ਸਿੱਖ ਧਰਮ ਪ੍ਰਤੀ ਸ਼ਰਧਾ ਦਾ ਦਿਖਾਵਾ ਕਰਦਾ ਹੋਇਆ, ਢਿੱਡੋਂ ਹਮੇਸ਼ਾ ਹੀ ਇਸ ਪ੍ਰਤੀ ਔਖ ਤੇ ਵੈਰ-ਭਾਵ ਪਾਲਦਾ ਆਇਆ ਹੈ। ਇਹ ਗੱਲ ਉਸ ਨੇ ਚਿਰੋਕਣੀ ਬੁੱਝ ਲਈ ਹੋਈ ਸੀ ਕਿ ਜਿੰਨਾ ਚਿਰ ਜੱਟ ਕਿਸਾਨ ਨੂੰ ਉਸ ਦੀ ਇਸ ਨਿਵੇਕਲੀ ਵਿਚਾਰਧਾਰਕ ਮਲਕੀਅਤ ਤੇ ਵਿਰਾਸਤ ਤੋਂ ਵਿਰਵਿਆਂ ਨਹੀਂ ਕੀਤਾ ਜਾਂਦਾ, ਉਨਾ ਚਿਰ ਉਸ ਨੂੰ ਲੰਮਿਆਂ ਪਾਉਣਾ ਕਤਈ ਤੌਰ 'ਤੇ ਸੰਭਵ ਨਹੀਂ। ਜੇਕਰ ਸਿੱਖਾਂ ਦੇ ਮਨਾਂ ਵਿੱਚੋਂ ਇਹ ਗੱਲ ਨਿਕਲ ਜਾਵੇ (ਜਾਂ ਕਿਸੇ ਵਿਧ ਕੱਢ ਦਿੱਤੀ ਜਾਵੇ) ਕਿ ਉਹ ਹਿੰਦੂਆਂ ਨਾਲੋਂ ਕਿਸੇ ਵੱਖਰੀ ਜਾਂ ਬਿਹਤਰ ਪ੍ਰੰਪਰਾ ਦੇ ਮਾਲਕ ਹਨ, ਤਾਂ ਉਨ੍ਹਾਂ ਦੀ ਸਾਰੀ ਰੜਕ ਤੇ ਮੜਕ ਆਪਣੇ ਆਪ ਜਾਂਦੀ ਰਹੇਗੀ। ਇਸ ਤਰ੍ਹਾਂ, ਪੰਜਾਬ ਦਾ ਜੱਟ ਕਿਸਾਨ ਵੀ, ਹੋਰਨਾਂ ਥਾਵਾਂ ਵਾਂਗ, ਹਿੰਦੂ ਸਰਮਾਏਦਾਰੀ ਅੱਗੇ ਕੀਰ ਬਣ ਕੇ ਵਿਛਣ ਲਈ ਤਿਆਰ ਹੋ ਜਾਵੇਗਾ ਅਤੇ ਉਸ ਦੇ ਰਾਹ ਦਾ ਇਹ ਵੱਡਾ ਕੰਡਾ ਨਿਕਲ ਜਾਵੇਗਾ। ਇਹੀ ਹੈ ਉਹ ਅਸਲੀ ਵਜ੍ਹਾ ਜਿਸ ਕਰਕੇ ਪੰਜਾਬ ਦੇ ਹਿੰਦੂ ਵਪਾਰੀ ਵਰਗ ਨੇ, ਪਿਛਲੇ ਸਵਾ ਸੌ ਸਾਲਾਂ ਤੋਂ 'ਸਿੱਖ ਹਿੰਦੂ ਹੈ' ਦੀ ਨਿਰੰਤਰ ਰੱਟ ਲਾ ਰੱਖੀ ਹੋਈ ਹੈ। ਇਹੀ ਹੈ ਉਹ ਵਜ੍ਹਾ ਜਿਸ ਕਰਕੇ ਖ਼ਾਲਸਾ ਪੰਥ ਵੱਲੋਂ ਆਪਣੀ ਵੱਖਰੀ ਪਛਾਣ ਜਤਾਉਣ ਦਾ ਹਰ ਯਤਨ ਤੀਰ ਵਾਂਗ ਸਿੱਧਾ ਹਿੰਦੂ ਵਰਗ ਦੇ ਕਲੇਜੇ 'ਚ ਜਾ ਵੱਜਦਾ ਹੈ। ਸਿੱਖ ਧਰਮ ਨੂੰ ਹਿੰਦੂ ਮੱਤ ਦੀ ਹੀ ਇਕ ਵੰਨਗੀ ਵਜੋਂ ਪੇਸ਼ ਕਰਨਾ ਪੰਜਾਬੀ ਹਿੰਦੂ ਵਰਗ ਦੇ ਆਰਥਕ ਤੇ ਸਮਾਜੀ-ਰਾਜਨੀਤਕ ਹਿਤਾਂ ਤੇ ਉਦੇਸ਼ਾਂ ਦੇ ਰਾਸ ਬਹਿੰਦਾ ਹੈ। ਇਸ 'ਚੋਂ ਉਸਨੂੰ ਅਧਿਆਤਮਕ ਸੰਤੁਸ਼ਟੀ ਤੇ ਮਾਨਸਿਕ ਰਾਹਤ ਮਿਲਦੀ ਹੈ। ਆਪਣੀ ਇਸ ਧਾਰਨਾ ਨੂੰ (ਅਸਲ ਵਿੱਚ ਹਰ ਧਾਰਨਾ ਨੂੰ ਹੀ) ਸਿੱਖ ਭਾਈਚਾਰੇ ਉੱਤੇ ਠੋਸਣਾ ਉਹ ਆਪਣਾ ਬੌਧਿਕ ਅਧਿਕਾਰ ਸਮਝਦਾ ਹੈ। ਕਿਉਂਕਿ ਉਹ ਹਰ ਮਸਲੇ ਬਾਰੇ ਹੋਰਨਾਂ ਨਾਲੋਂ 'ਬਿਹਤਰ ਸੋਚਣ' ਦੀ ਭਰਮ ਚੇਤਨਾ ਦੇ ਰੋਗ ਦਾ ਸ਼ਿਕਾਰ ਹੈ। ਉਸ ਦੇ ਮਨ ਅੰਦਰ ਇਹ ਧਾਰਨਾ ਪੱਕੀ ਵੱਸੀ ਹੋਈ ਹੈ ਕਿ ਹੋਰਨਾਂ ਮਸਲਿਆਂ ਵਾਂਗ ਹੀ, ਸਿੱਖ ਧਰਮ ਬਾਰੇ ਵੀ ਜਿੰਨਾ ਬਿਹਤਰ ਉਹ ਸਮਝ ਸਕਦਾ ਹੈ, ਉਨਾ ਹੋਰ ਕੋਈ ਨਹੀਂ, ਸਿੱਖ ਤਾਂ ਖ਼ਾਸ ਤੌਰ

'ਤੇ ਹੀ ਨਹੀਂ! ਸੋ ਸਿੱਖ ਧਰਮ ਕੀ ਹੈ ? ਖ਼ਾਲਸਾ ਪੰਥ ਕੀ ਹੈ ? ਸਿੱਖ ਕੀ ਸੋਚਣ ਤੇ ਕੀ ਨਾ ਸੋਚਣ ? ਸਿੱਖ ਕੀ ਕਰਨ ਅਤੇ ਕੀ ਨਾ ਕਰਨ ? ਸਿੱਖ ਕੌਮ ਦੀ ਜ਼ਿੰਦਗੀ ਨਾਲ ਜੁੜੇ ਤੇ ਉਸਦੀ ਹੋਣੀ ਨੂੰ ਪ੍ਰਭਾਵਤ ਕਰਨ ਵਾਲੇ ਇਨ੍ਹਾਂ ਬੁਨਿਆਦੀ ਸੁਆਲਾਂ ਬਾਰੇ ਸੋਚਣ ਦਾ ਤੇ ਅੰਤਮ ਨਿਰਣਾ ਕਰਨ ਦਾ ਅਧਿਕਾਰ ਸਿੱਖਾਂ ਕੋਲ ਨਹੀਂ, ਕੇਵਲ ਤੇ ਕੇਵਲ ਪੰਜਾਬੀ ਹਿੰਦੂਆਂ ਕੋਲ ਹੈ ਕਿਉਂਕਿ ਓਹੀ ਅਜਿਹੇ ਸੁਆਲਾਂ ਬਾਰੇ ਠੀਕ ਸੋਚ ਸਕਣ ਦੀ ਬੌਧਿਕ ਸਮਰੱਥਾ ਤੇ ਕਾਬਲੀਅਤ ਰੱਖਦੇ ਹਨ। ਅਜਿਹਾ ਉਸਦਾ ਮੰਨਣਾ ਹੈ।

ਸ਼ੁਰੂ ਸ਼ੁਰੂ ਵਿੱਚ ਸਿੱਖ ਸੁਧਾਰਕਾਂ ਤੇ ਆਰੀਆ ਸਮਾਜੀਆਂ ਵਿਚਕਾਰ ਧਰਮ ਤੇ ਸਮਾਜ ਸੁਧਾਰ ਦੇ ਖੇਤਰ ਅੰਦਰ ਆਪਸੀ ਸਾਂਝ ਤੇ ਮਿਲਵਰਤਨ ਦੀ ਭਾਵਨਾ ਪ੍ਰਗਟ ਹੋਈ। ਖ਼ਾਸ ਕਰਕੇ ਈਸਾਈ ਪ੍ਰਚਾਰ ਸਰਗਰਮੀਆਂ ਦਾ ਰਲ ਕੇ ਟਾਕਰਾ ਕਰਨ ਦੀ ਲੋੜ ਦਾ ਅਹਿਸਾਸ ਪੈਦਾ ਹੋਇਆ। ਪਰ ਇਹ ਸਾਂਝ ਥੋੜਾ ਚਿਰ ਹੀ ਨਿਭ ਸਕੀ। ਪੰਜਾਬੀ ਹਿੰਦੂ ਵਰਗ ਦੀ ਤੁਅੱਸਬੀ ਮਾਨਸਿਕਤਾ ਨੇ, ਛੇਤੀ ਹੀ, ਆਰੀਆ ਸਮਾਜ ਨੂੰ ਸਿੱਖ ਵਿਰੋਧੀ ਫ਼ਿਰਕੂ ਸੰਸਥਾ ਵਿੱਚ ਤਬਦੀਲ ਕਰ ਦਿੱਤਾ। ਸਹੀ ਮਾਅਨਿਆਂ 'ਚ ਦੇਖਿਆ ਜਾਵੇ ਤਾਂ ਸਿੱਖਾਂ ਪ੍ਰਤੀ ਤਿਰਸਕਾਰ ਤੇ ਫ਼ਿਰਕੂਪੁਣੇ ਦੇ ਅੰਸ਼ ਦਯਾਨੰਦ ਦੇ ਨਜ਼ਰੀਏ ਤੇ ਵਿਚਾਰਾਂ ਅੰਦਰ ਹੀ ਪਏ ਸਨ। ਉਸ ਨੇ ਆਪਣੀ ਇਕ ਪੋਥੀ (*ਸਤਿਆਰਥ ਪ੍ਰਕਾਸ਼*) ਅੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਕਾਫ਼ੀ ਇਤਰਾਜ਼ਯੋਗ ਅਤੇ ਅਪਮਾਨਜਨਕ ਟਿਪਣੀਆਂ ਕੀਤੀਆਂ ਸਨ। ਆਪਣੇ ਕਈ ਭਾਸ਼ਣਾਂ ਅੰਦਰ ਵੀ ਉਸ ਨੇ ਗੁਰੂ ਸਾਹਿਬਾਨ ਖ਼ਿਲਾਫ਼ ਮੰਦੇ ਬਚਨ ਬੋਲਣ ਦੀ ਗੁਸਤਾਖ਼ੀ ਕੀਤੀ ਸੀ। ਬਾਅਦ 'ਚ ਸਿੱਖ ਭਾਈਚਾਰੇ ਦੇ ਤਿੱਖੇ ਵਿਰੋਧ ਸਦਕਾ ਉਹ ਆਪਣੀ ਇਸ 'ਭੁੱਲ' ਨੂੰ ਸੋਧਣ ਲਈ ਰਾਜ਼ੀ ਹੋ ਗਿਆ ਸੀ। ਪ੍ਰੰਤੂ ਉਸ ਦੀ ਮੌਤ ਤੋਂ ਬਾਅਦ ਪੰਜਾਬੀ ਆਰੀਆ ਸਮਾਜੀ ਧੜੇ ਨੇ ਨਾ ਸਿਰਫ਼ ਇਸ ਗ਼ਲਤੀ ਨੂੰ ਸੁਧਾਰਨ ਤੋਂ ਇਨਕਾਰ ਕਰ ਦਿੱਤਾ ਸਗੋਂ ਸਿੱਖ ਧਰਮ ਤੇ ਸਿੱਖ ਗੁਰੂ ਸਾਹਿਬਾਨ ਵਿਰੁੱਧ ਤੁਅੱਸਬੀ ਪ੍ਰਚਾਰ ਦੀ ਸੁਰ ਹੋਰ ਉੱਚੀ ਚੁੱਕ ਦਿੱਤੀ। ਜਾਤ-ਪਾਤ ਦੀ ਲਾਹਨਤ ਤੋਂ ਸੁਰਖ਼ਰੂ ਹੋਣ ਲਈ ਸਿੱਖ ਬਣੇ ਹਿੰਦੂ ਦਲਿਤ ਵਰਗ ਨੂੰ ਮੁੜ ਹਿੰਦੂ ਸਮਾਜ ਦਾ ਅੰਗ ਬਣਾਉਣ ਦੇ ਮੰਤਵ ਨਾਲ, ਆਰੀਆ ਸਮਾਜ ਨੇ 'ਸ਼ੁਧੀਕਰਨ' ਦੀ ਮੁਹਿੰਮ ਆਰੰਭ ਦਿੱਤੀ। ਇਨ੍ਹਾਂ ਸ਼ੁਧੀਕਰਨ ਸਭਾਵਾਂ ਅੰਦਰ ਸਿੱਖ ਧਰਮ ਤੇ ਗੁਰੂ ਸਾਹਿਬਾਨ ਖ਼ਿਲਾਫ਼ ਭੜਕਾਊ ਲਹਿਜੇ ਵਾਲੇ ਭਾਸ਼ਣ ਕੀਤੇ ਜਾਣ ਲੱਗੇ। 25 ਨਵੰਬਰ 1888 ਵਾਲੇ ਦਿਨ ਲਾਹੌਰ ਵਿਖੇ ਆਰੀਆ ਸਮਾਜ ਦੀ ਸਾਲਾਨਾ ਸਭਾ ਅੰਦਰ ਪੰਡਤ ਗੁਰੂ ਦੱਤ, ਪੰਡਤ ਲੇਖ ਰਾਜ ਤੇ ਲਾਲਾ ਮੁਰਲੀਧਰਨ ਵਰਗੇ ਚੋਟੀ ਦੇ ਨੇਤਾਵਾਂ ਨੇ ਸਿੱਖ ਧਰਮ ਤੇ ਗੁਰੂ ਸਾਹਿਬਾਨ ਦਾ ਬਹੁਤ ਹੀ ਹੋਛੇ ਤੇ ਗ਼ੈਰ-ਜ਼ਿੰਮੇਵਾਰਾਨਾ ਲਹਿਜੇ ਵਿੱਚ ਮਖ਼ੌਲ ਉਡਾਇਆ। ਜੂਨ 1890 ਵਿੱਚ ਇਕ 'ਸ਼ੁਧੀਕਰਨ ਸਭਾ' ਅੰਦਰ ਦਰਜਨਾਂ ਦੀ ਗਿਣਤੀ ਵਿੱਚ 'ਰਹਿਤੀਏ' ਸਿੱਖਾਂ ਦੇ ਖੁੱਲ੍ਹੀ ਸਟੇਜ 'ਤੇ ਤਾੜੀਆਂ ਦੀ ਗੂੰਜ ਵਿੱਚ ਕੇਸ ਕਤਲ ਕੀਤੇ ਗਏ ਅਤੇ ਉਨ੍ਹਾਂ ਨੂੰ ਮੁੜ ਹਿੰਦੂ ਸਮਾਜ ਵਿੱਚ ਸ਼ਾਮਲ ਕਰਨ ਦੀਆਂ ਰਸਮਾਂ ਅਦਾ ਕੀਤੀਆਂ ਗਈਆਂ। ਅਜਿਹੀਆਂ ਕੋਝੀਆਂ ਤੇ ਭੜਕਾਊ ਕਾਰਵਾਈਆਂ ਨੇ ਸਿੱਖ ਭਾਈਚਾਰੇ ਅੰਦਰ ਹੋਰ ਵੀ ਗ਼ੁੱਸੇ ਦੀ ਲਹਿਰ ਪੈਦਾ ਕਰ ਦਿੱਤੀ ਅਤੇ ਉਸ ਅੰਦਰ, ਇਸ ਆਰੀਆ ਸਮਾਜੀ ਬਦਤਮੀਜ਼ੀ ਦਾ ਬਾਕਾਇਦਾ ਜਥੇਬੰਦ ਰੂਪ 'ਚ ਟਾਕਰਾ ਕਰਨ ਦੀ ਲੋੜ ਦਾ ਅਹਿਸਾਸ ਜਾਗ ਉਠਿਆ।[19]

ਲਾਹੌਰ ਸਿੰਘ ਸਭਾ ਨੇ ਪ੍ਰੋ. ਗੁਰਮੁਖ ਸਿੰਘ ਦੀ ਪ੍ਰਤਿਭਾਸ਼ੀਲ ਅਗਵਾਈ ਹੇਠ ਇਸ ਆਰੀਆ ਸਮਾਜੀ ਹਮਲੇ ਵਿਰੁੱਧ ਸਿਧਾਂਤਕ ਲੜਾਈ ਦਾ ਮੈਦਾਨ ਗਰਮਾ ਦਿੱਤਾ। ਆਰੀਆ ਸਮਾਜ ਦੀ ਸਿੱਖ ਵਿਰੋਧੀ ਮੁਹਿੰਮ ਤੋਂ ਨਰਾਜ਼ ਹੋ ਕੇ ਇਸ ਨਾਲੋਂ ਅਲੱਗ ਹੋਏ ਭਾਈ ਜਵਾਹਰ ਸਿੰਘ ਤੇ ਭਾਈ ਦਿੱਤ ਸਿੰਘ ਇਸ ਸਿਧਾਂਤਕ ਜੰਗ ਅੰਦਰ ਪੰਥ ਲਈ

ਵਡਮੁੱਲੇ ਰਤਨ ਸਾਬਤ ਹੋਏ। ਜਿਥੇ ਭਾਈ ਜਵਾਹਰ ਸਿੰਘ ਅੱਵਲ ਦਰਜੇ ਦੀ ਜਥੇਬੰਦਕ ਯੋਗਤਾ ਦੇ ਮਾਲਕ ਸਨ, ਉਥੇ ਭਾਈ ਦਿੱਤ ਸਿੰਘ ਬਹਿਸ-ਕਲਾ ਵਿੱਚ ਨਿਪੁੰਨ ਅਤੇ ਆਹਲਾ ਦਰਜੇ ਦੇ ਪ੍ਰਚਾਰਕ ਸਨ। ਉੱਨੀਵੀਂ ਸਦੀ ਦੇ ਆਖ਼ਰੀ ਸਾਲਾਂ ਵਿੱਚ ਆਰੀਆ ਸਮਾਜ ਤੇ ਸਿੰਘ ਸਭਾ ਵਿਚਕਾਰ ਸਿਧਾਂਤਕ ਵਿਵਾਦ ਸਿਖਰਾਂ 'ਤੇ ਪਹੁੰਚ ਗਿਆ। ਅਸਲ ਵਿੱਚ ਇਹ ਦੌਰ ਪੰਜਾਬ ਅੰਦਰ ਆਮ ਰੂਪ ਵਿੱਚ ਹੀ ਧਾਰਮਿਕ ਵਿਵਾਦਾਂ ਅਤੇ ਬਖੇੜਿਆਂ ਦਾ ਦੌਰ ਸੀ, ਜਦੋਂ ਨਾ ਸਿਰਫ਼ ਅਲੱਗ-ਅਲੱਗ ਧਾਰਮਿਕ ਭਾਈਚਾਰਿਆਂ ਵਿਚਕਾਰ ਆਪਸ ਵਿੱਚ ਸਗੋਂ ਉਨ੍ਹਾਂ ਦੇ ਅੰਦਰ ਵੀ ਸਿਧਾਂਤਕ ਵਿਵਾਦਾਂ ਦਾ ਇਕ ਤੂਫ਼ਾਨ ਜਿਹਾ ਉਠ ਖੜਾ ਹੋਇਆ ਸੀ। ਸਿੱਖ ਪੰਥ ਨੂੰ ਕਈ ਪਾਸਿਆਂ ਤੋਂ ਹਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਅੰਦਰੋਂ ਵੀ (ਜਿੱਥੇ 'ਬਿਪਰਨ ਕੀ ਰੀਤ' ਦਾ ਪੂਰਨ ਬੋਲਬਾਲਾ ਸੀ), ਈਸਾਈ ਪ੍ਰਚਾਰਕਾਂ ਵੱਲੋਂ ਵੀ (ਜਿਨ੍ਹਾਂ ਨੇ ਸਿੱਖਾਂ ਨੂੰ, ਖ਼ਾਸ ਕਰਕੇ ਇਸ ਦੇ ਗ਼ਰੀਬ ਵਰਗਾਂ ਨੂੰ ਈਸਾਈ ਧਰਮ ਵੱਲ ਪ੍ਰੇਰਿਤ ਕਰਨ ਲਈ ਪ੍ਰਚਾਰ ਸਰਗਰਮੀਆਂ ਦੀ ਵਿਆਪਕ ਮੁਹਿੰਮ ਚਲਾ ਰੱਖੀ ਸੀ), ਮੁਸਲਮਾਨਾਂ ਦੀ ਅਹਿਮਦੀਆ ਜਮਾਤ ਵੱਲੋਂ (ਜੋ ਗੁਰੂ ਨਾਨਕ ਦੇਵ ਜੀ ਨੂੰ ਮੁਸਲਮਾਨ ਵਜੋਂ ਪੇਸ਼ ਕਰਨ ਦੀਆਂ ਬੇਹੂਦਾ ਕੋਸ਼ਿਸ਼ਾਂ ਕਰ ਰਹੇ ਸਨ), ਅਤੇ ਸਭ ਤੋਂ ਗੰਭੀਰ ਹਮਲਾ ਆਰੀਆ ਸਮਾਜੀਆਂ ਵੱਲੋਂ ਸੀ ਜੋ ਸਿੱਖ ਧਰਮ ਦੀ ਹਿੰਦੂਵਾਦ ਨਾਲੋਂ ਅੱਡਰੀ ਪਛਾਣ ਦੀ ਧਾਰਨਾ ਨੂੰ ਕੱਟੜਤਾ ਨਾਲ ਠੁਕਰਾ ਰਹੇ ਸਨ ਅਤੇ ਸਿੱਖ ਪੰਥ ਨੂੰ ਹਿੰਦੂ ਸਮਾਜ ਦਾ ਹੀ ਅੰਗ ਬਣਾ ਕੇ ਪੇਸ਼ ਕਰਨ ਦੀ ਜ਼ਿਦ ਕਰ ਰਹੇ ਸਨ।

1877 ਵਿੱਚ ਡਾ. ਅਰਨੈਸਟ ਟਰੰਪ (ਇਕ ਜਰਮਨ ਭਾਸ਼ਾ-ਵਿਗਿਆਨੀ) ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧੂਰਾ ਅੰਗਰੇਜ਼ੀ ਤਰਜਮਾ ਪ੍ਰਕਾਸ਼ਤ ਹੋਣ ਨਾਲ 'ਸਿੱਖ ਪਛਾਣ' ਦੇ ਮਸਲੇ 'ਤੇ ਚੱਲ ਰਹੀ ਬਹਿਸ ਹੋਰ ਗਰਮਾਇਸ਼ ਫੜ ਗਈ। ਕੁਝ ਤਾਂ ਸਿੱਖ ਪ੍ਰੰਪਰਾ ਤੋਂ ਆਪਣੀ ਕੋਰੀ ਅਗਿਆਨਤਾ ਦੀ ਵਜ੍ਹਾ ਕਰਕੇ ਅਤੇ ਕੁਝ ਤਰਜਮੇ ਦੇ ਕੰਮ ਵਿੱਚ ਆਪਣੇ ਹਿੰਦੂ ਹੱਥ-ਵਟਾਵਿਆਂ ਦੇ ਅਸਰ ਸਦਕਾ, ਡਾ. ਟਰੰਪ ਨੇ ਆਪਣੀ ਲੰਮੀ ਤੇ ਬੇਤੁਕੀ ਭੂਮਿਕਾ ਅੰਦਰ ਸਿੱਖਾਂ ਬਾਰੇ ਕਈ ਅਪਮਾਨਜਨਕ ਤੇ ਅਣਉਚਿਤ ਟਿਪਣੀਆਂ ਕਰ ਮਾਰੀਆਂ। ਡਾ. ਟਰੰਪ ਦੋ ਮਨੌਤਾਂ ਦਾ ਪੱਲਾ ਫੜ ਕੇ ਤੁਰਿਆ। ਇੱਕ ਇਹ ਕਿ ਸਿੱਖ ਹਿੰਦੂ ਹਨ ਅਤੇ ਉਨ੍ਹਾਂ ਦੇ ਵੱਖਰੀ ਪਛਾਣ ਦੇ ਦਾਅਵੇ 'ਚ ਕੋਈ ਦਮ ਨਹੀਂ ਹੈ। ਦੂਜਾ ਇਹ ਕਿ ਜੇਕਰ ਉਹ ਹਿੰਦੂ ਨਹੀਂ ਵੀ ਤਾਂ ਵੀ ਉਹ ਹਿੰਦੂਵਾਦ ਦੀ ਏਨੀ ਮਾਰੂ ਗ੍ਰਿਫ਼ਤ ਵਿੱਚ ਆ ਚੁੱਕੇ ਹਨ ਕਿ ਉਹ, ਧਾਰਮਿਕ ਪੱਖ ਤੋਂ, ਲਗਭਗ ਮਰਨੇ ਪਏ ਹੋਏ ਹਨ। ਉਸ ਨੇ ਤੱਤ ਇਹ ਕੱਢਿਆ ਕਿ "ਸਿੱਖ ਧਰਮ ਇਕ ਖ਼ਾਤਮੇ ਵੱਲ ਵਧ ਰਿਹਾ ਮੱਤ ਹੈ ਜੋ ਜਲਦੀ ਹੀ ਇਤਿਹਾਸ ਦੀ ਬੁੱਕਲ ਵਿੱਚ ਸਮੋਅ ਜਾਵੇਗਾ?"[20]

ਡਾ. ਟਰੰਪ ਦੀਆਂ ਇਨ੍ਹਾਂ ਟਿੱਪਣੀਆਂ ਨੇ ਦੋਹਰਾ ਪ੍ਰਭਾਵ ਛੱਡਿਆ। ਜਿਥੇ ਇਸ ਨੇ ਸਿੱਖ ਧਰਮ ਦੇ ਦੋਖੀਆਂ, ਖ਼ਾਸ ਕਰਕੇ ਆਰੀਆ ਸਮਾਜੀ ਨਿੰਦਕਾਂ ਦੇ ਹੌਸਲੇ ਵਧਾਏ ਅਤੇ ਉਨ੍ਹਾਂ ਨੂੰ ਸਿੱਖਾਂ ਖ਼ਿਲਾਫ਼ ਢੇਰ ਸਾਰੀ ਪ੍ਰਚਾਰ ਸਮੱਗਰੀ ਮੁਹੱਈਆ ਕੀਤੀ, ਉਥੇ ਨਾਲ ਹੀ, ਇਸ ਨੇ ਸਿੱਖ ਕੌਮ ਦੇ ਬੌਧਿਕ ਤੱਤਾਂ ਨੂੰ ਖ਼ਤਰੇ ਤੋਂ ਚੁਕੰਨਿਆਂ ਕਰਨ ਅਤੇ ਆਪਣੀ ਧਾਰਮਿਕ ਤੇ ਕੌਮੀ ਹਸਤੀ ਬਚਾਉਣ ਲਈ ਬੌਧਿਕ ਆਲਸ ਤਿਆਗਣ ਵਾਸਤੇ ਪ੍ਰੇਰਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਸਿੱਖ ਵਿਦਵਾਨਾਂ ਨੇ ਸਿੱਖ ਭਾਈਚਾਰੇ ਅੰਦਰ ਧਾਰਮਿਕ ਜਾਗਰਤੀ ਲਿਆਉਣ ਲਈ ਬੌਧਿਕ ਸਰਗਰਮੀਆਂ ਦਾ ਤੋਰਾ ਤੋਰਿਆ। ਵਿਚਾਰਾਂ ਦੇ ਪ੍ਰਗਟਾਵੇ ਤੇ ਪ੍ਰਸਾਰ ਵਾਸਤੇ ਅਨੇਕਾਂ ਸਿੱਖ ਰਸਾਲੇ ਛਪਣੇ ਸ਼ੁਰੂ ਹੋਏ। ਗੁਰਬਾਣੀ, ਸਿੱਖ ਇਤਿਹਾਸ ਅਤੇ ਗੁਰੂਆਂ ਤੇ ਸ਼ਹੀਦਾਂ ਦੇ ਜੀਵਨ ਬਾਰੇ ਲਿਖਤਾਂ ਤੇ ਵਿਆਖਿਆਵਾਂ ਦਾ ਵਿਆਪਕ ਸਿਲਸਿਲਾ ਸ਼ੁਰੂ ਹੋ ਗਿਆ। ਪ੍ਰੋ. ਗੁਰਮੁਖ ਸਿੰਘ ਤੇ ਭਾਈ

ਕਾਨ੍ਹ ਸਿੰਘ ਨਾਭਾ ਨੇ ਸਾਰੇ ਪੰਜਾਬ ਵਿੱਚ ਫਿਰ ਫਿਰ ਕੇ ਛਪਿਆ ਅਣਛਪਿਆ ਤੇ ਅਣਗੌਲਿਆ ਸਿੱਖ ਸਾਹਿਤ ਲੱਭਿਆ ਅਤੇ ਇਸ ਨੂੰ ਵੱਡੀ ਪੱਧਰ 'ਤੇ ਛਾਪਣ ਤੇ ਵੰਡਣ ਦਾ ਕਾਰਜ ਆਰੰਭਿਆ। ਗ਼ੈਰ-ਪ੍ਰਮਾਣਿਕ ਗ੍ਰੰਥਾਂ ਤੇ ਲਿਖਤਾਂ ਨੂੰ ਛਾਂਟਣ ਤੇ ਪੜਚੋਲਣ ਲਈ ਵਿਸ਼ੇਸ਼ ਸਭਾਵਾਂ ਤੇ ਕਮੇਟੀਆਂ ਬਣਨ ਲੱਗੀਆਂ। ਨਿੰਦਕਾਂ ਦੇ ਵਿਚਾਰਾਂ ਤੇ ਦਲੀਲਾਂ ਦਾ ਮੱਤ ਖੰਡਨ ਕਰਨ ਲਈ ਵਿਸ਼ਾਲ ਪੈਮਾਨੇ 'ਤੇ ਟਰੈਕਟਾਂ, ਪੈਂਫ਼ਲਿਟਾਂ ਦੀ ਛਪਾਈ ਤੇ ਵੰਡ-ਵੰਡਾਈ ਦਾ ਕੰਮ ਸ਼ੁਰੂ ਹੋ ਗਿਆ। ਇਸ ਮਕਸਦ ਲਈ ਵਿਸ਼ੇਸ਼ ਸੰਗਠਨ ਤੇ ਸਭਾਵਾਂ ਹੋਂਦ 'ਚ ਆ ਗਈਆਂ। ਗਿਆਨੀ ਗਿਆਨ ਸਿੰਘ, ਭਾਈ ਦਿਤ ਸਿੰਘ ਤੇ ਭਾਈ ਕਾਨ੍ਹ ਸਿੰਘ ਨਾਭਾ ਇਸ ਬੌਧਿਕ ਲਹਿਰ ਦੇ ਅਗਵਾਨੂੰ ਬਣ ਕੇ ਉਭਰੇ ਜਿਨ੍ਹਾਂ ਨੇ ਅਥਾਹ ਲਗਨ ਤੇ ਮਿਹਨਤ ਨਾਲ ਅਨੇਕਾਂ ਹੀ ਪੱਖਾਂ 'ਤੇ ਖੋਜ ਭਰਪੂਰ ਲੇਖਾਂ, ਕਿਤਾਬਾਂ, ਪੋਥੀਆਂ ਤੇ ਪੈਂਫ਼ਲਿਟਾਂ ਦੀਆਂ ਛਹਿਬਰਾਂ ਲਾ ਦਿੱਤੀਆਂ। ਬਾਅਦ ਵਿੱਚ ਭਾਈ ਮੋਹਨ ਸਿੰਘ ਵੈਦ ਤੇ ਭਾਈ ਵੀਰ ਸਿੰਘ ਇਸ ਬੌਧਿਕ ਪ੍ਰੰਪਰਾ ਦੇ ਹੋਣਹਾਰ ਵਾਰਸ ਬਣ ਕੇ ਅੱਗੇ ਆਏ। ਕੁਝ ਬਾਰਸੂਖ਼ ਪੰਥਕ ਹਸਤੀਆਂ ਦੀਆਂ ਦਹਾਕੇ ਭਰ ਦੀਆਂ ਸਿਰੜੀ ਕੋਸ਼ਿਸ਼ਾਂ ਨਾਲ 1892 ਵਿੱਚ ਅੰਮ੍ਰਿਤਸਰ ਵਿਖੇ ਖ਼ਾਲਸਾ ਕਾਲਜ ਦੀ ਸਥਾਪਨਾ ਦਾ ਕੰਮ ਸ਼ੁਰੂ ਹੋ ਗਿਆ। ਉਧਰ ਪ੍ਰੋ. ਗੁਰਮੁਖ ਸਿੰਘ ਤੇ ਹੋਰਨਾਂ ਸਿੱਖ ਵਿਦਵਾਨਾਂ ਨੇ ਮੈਕਸ ਆਰਥੁਰ ਮੈਕਾਲਿਫ਼ ਨਾਉਂ ਦੇ ਇਕ ਬੁੱਧੀਮਾਨ ਅੰਗਰੇਜ਼ ਅਫ਼ਸਰ (ਜੱਜ) ਨੂੰ ਆਪਣੀ ਬਾਵਕਾਰ ਨੌਕਰੀ ਤਿਆਗ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਰੇਜ਼ੀ ਵਿੱਚ ਤਰਜਮੇ ਦਾ ਮਹਾਨ ਕਾਰਜ ਹੱਥ ਲੈਣ ਲਈ ਰਜ਼ਾਮੰਦ ਕਰ ਲਿਆ।

ਇਸ ਬੌਧਿਕ ਸਰਗਰਮੀ ਦੇ ਫਲਸਰੂਪ ਸਿੱਖ ਭਾਈਚਾਰੇ ਅੰਦਰ ਧਾਰਮਿਕ ਚੇਤੰਨਤਾ ਤੇ ਜਾਗਰਤੀ ਦੀ ਲਹਿਰ ਨੇ ਨਵਾਂ ਸਰੂਪ ਧਾਰਨਾ ਸ਼ੁਰੂ ਕਰ ਦਿੱਤਾ। ਸਿੱਖ ਜਨਤਾ ਆਪਣੇ ਧਰਮ ਦੀਆਂ ਵਿਸ਼ੇਸ਼ ਖ਼ਾਸੀਅਤਾਂ ਤੇ ਮੌਲਿਕ ਪ੍ਰੰਪਰਾਵਾਂ ਤੋਂ ਜਾਣੂ ਹੋਣ ਲੱਗੀ। ਸਿੱਖ ਵਿਦਵਾਨਾਂ ਦੀਆਂ ਲਿਖਤਾਂ ਤੇ ਪਰਵਚਨਾਂ ਦੇ ਜ਼ਰੀਏ ਸਿੱਖ ਭਾਈਚਾਰੇ ਅੰਦਰ ਆਪਣੀ ਧਾਰਮਿਕ ਪਛਾਣ ਬਾਰੇ ਵੱਧ ਸੋਝੀ ਤੇ ਸਪਸ਼ਟਤਾ ਆਉਣੀ ਸ਼ੁਰੂ ਹੋਈ। ਸਿੱਖ ਪਛਾਣ, ਜੋ ਕਿ ਹਿੰਦੂਵਾਦ ਨਾਲ ਬੁਰੀ ਤਰ੍ਹਾਂ ਰਲਗੱਡ ਹੋ ਚੁੱਕੀ ਸੀ, ਦੀਆਂ ਹੱਦਾਂ ਦੀ ਨਿਸ਼ਚਤ ਰੂਪ 'ਚ ਨਿਸ਼ਾਨਦੇਹੀ ਕਰਨ ਅਤੇ ਇਨ੍ਹਾਂ ਨੂੰ ਉਘਾੜ ਕੇ ਪੇਸ਼ ਕਰਨ ਦਾ ਬੌਧਿਕ ਅਮਲ, ਉੱਨੀਵੀਂ ਸਦੀ ਦੇ ਆਖ਼ਰੀ ਸਾਲਾਂ ਅੰਦਰ ਪੂਰਾ ਜਲੌਅ ਫੜ ਗਿਆ। ਸਿੱਖ ਕੌਮ ਦੇ ਜੀਵਨ ਅੰਦਰ ਏਸ ਰੂਪ 'ਚ ਇਹ ਕੰਮ ਪਹਿਲੀ ਵਾਰ ਹੋ ਰਿਹਾ ਸੀ।

## ਹਮ ਹਿੰਦੂ ਨਹੀਂ

ਸਮੱਸਿਆ ਕਿੰਨੀ ਵਿਆਪਕ ਤੇ ਦੁਰਗਮ ਸੀ, ਇਸ ਦਾ ਅਨੁਮਾਨ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇਹ ਸਿਰਫ਼ ਹਿੰਦੂ ਹੀ ਨਹੀਂ ਸਨ ਜੋ ਸਿੱਖ ਧਰਮ ਦੀ ਹਿੰਦੂ ਮੱਤ ਨਾਲੋਂ ਅੱਡਰੀ ਪਛਾਣ ਤੋਂ ਮੁਨਕਰ ਹੋ ਰਹੇ ਸਨ। ਖ਼ੁਦ ਸਿੱਖ ਜਗਤ ਅੰਦਰ ਬਹੁਤ ਸਾਰੇ ਲੋਕ ਸਨ ਜੋ ਇਸ ਤਰ੍ਹਾਂ ਹੀ ਸੋਚਣ ਤੇ ਮੰਨਣ ਲੱਗ ਪਏ ਸਨ। ਭਾਈ ਜਗਤ ਸਿੰਘ ਵਰਗੇ ਆਰੀਆ ਸਮਾਜੀ ਸਿੱਖ ਸ਼ਰ੍ਹੇਆਮ ਇਹ ਗੱਲ ਮੰਨ ਅਤੇ ਪ੍ਰਚਾਰ ਰਹੇ ਸਨ ਕਿ "ਸਿੱਖ ਧਰਮ ਹੋਰ ਕੁਝ ਨਹੀਂ, ਇਹ ਆਰੀਆ ਸਮਾਜ ਦਾ ਹੀ ਅਗੇਤਰਾ ਸੰਸਕਰਣ ਹੈ।"[21] ਭਾਈ ਬਸੰਤ ਸਿੰਘ ਨਾਂ ਦਾ ਇਕ ਹੋਰ ਆਰੀਆ ਸਮਾਜੀ ਸਿੱਖ 4 ਸਤੰਬਰ 1887 ਨੂੰ ਗੁਜਰਾਂਵਾਲਾ ਵਿਖੇ ਇੱਕ ਸਿੱਖ ਇਕੱਠ ਨੂੰ ਸੰਬੋਧਨ ਕਰਦਾ ਹੋਇਆ ਖੁੱਲ੍ਹੇਆਮ ਇਹ ਗੱਲ ਕਹਿਣ ਦੀ ਹਮਾਕਤ ਕਰ ਰਿਹਾ ਸੀ ਕਿ "ਗੁਰੂ ਨਾਨਕ ਦਾ ਮਿਸ਼ਨ ਕੇਵਲ ਪੁਰਾਤਨ

ਰਿਸ਼ੀਆਂ ਦੇ ਵੈਦਿਕ ਧਰਮ ਨੂੰ ਹੀ ਪੁਨਰ ਜੀਵਤ ਕਰਨਾ ਸੀ" ਅਤੇ ਗੁਰੂ ਸਾਹਿਬਾਨ ਨੇ ਜੋ ਲੜਾਈ ਲੜੀ ਉਹ "ਸਮੁੱਚੇ ਆਰੀਆ ਵਰਤ ਤੇ ਸਮੁੱਚੀ ਹਿੰਦੂ ਕੌਮ ਦੀ ਤਰਫ਼ੋਂ ਲੜੀ।"[22] ਜੇਕਰ ਅਜਿਹੀਆਂ ਗੱਲਾਂ ਸਿੱਖਾਂ ਦੇ ਭਰਵੇਂ ਇਕੱਠਾਂ 'ਚ ਕਹੀਆਂ ਅਤੇ ਚੁੱਪ ਕਰਕੇ ਸੁਣੀਆਂ ਤੇ ਸਹਿਣ ਕੀਤੀਆਂ ਜਾ ਰਹੀਆਂ ਸਨ ਤਾਂ ਸਮੱਸਿਆ ਦੀ ਗੰਭੀਰਤਾ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ। ਇਸੇ ਸੋਚ ਧਾਰਾ ਨੂੰ ਜਾਰੀ ਰੱਖਦਿਆਂ ਹੋਇਆਂ 1899 ਵਿੱਚ ਬਾਵਾ ਨਰੈਣ ਸਿੰਘ ਤੇ ਲਾਲਾ ਠਾਕਰ ਦਾਸ ਨੇ 'ਸਿੱਖ ਹਿੰਦੂ ਹੈਂ' ਦੇ ਭੜਕਾਊ ਅਨੁਵਾਨ ਹੇਠ ਦੋ ਵੱਖ-ਵੱਖ ਕਿਤਾਬਚੇ ਜਾਰੀ ਕਰ ਮਾਰੇ ਜਿਨ੍ਹਾਂ ਵਿੱਚ ਸਿੱਖ ਧਰਮ ਦੇ ਬੁਨਿਆਦੀ ਸਿਧਾਂਤਾਂ ਤੇ ਪ੍ਰੰਪਰਾਵਾਂ ਦੀ ਹਿੰਦੂਵਾਦੀ ਨਜ਼ਰੀਏ ਤੋਂ ਏਨੀ ਖੁੱਲ੍ਹਮ-ਖੁੱਲ੍ਹੀ ਤੋੜ-ਮਰੋੜ ਕੀਤੀ ਗਈ ਕਿ ਇਸ ਨੇ ਭਾਈ ਕਾਨ੍ਹ ਸਿੰਘ ਨਾਭਾ ਵਰਗੇ ਗਹਿਰ-ਗੰਭੀਰ ਤੇ ਤਹੱਮਲ ਮਿਜ਼ਾਜ ਸਿੱਖ ਵਿਦਵਾਨ ਨੂੰ ਇਨ੍ਹਾਂ ਦਾ ਤੁਰਤਪੈਰਾ ਅਤੇ ਕਰਾਰਾ ਜੁਆਬ ਲਿਖਣ ਲਈ ਉਤੇਜਤ ਕਰ ਦਿੱਤਾ। ਭਾਈ ਸਾਹਿਬ ਹੁਰਾਂ ਨੇ ਵਜ਼ਨਦਾਰ ਤੇ ਤੇਜ਼-ਧਾਰ ਦਲੀਲਾਂ ਨਾਲ 'ਹਮ ਹਿੰਦੂ ਹੈਂ' ਦੀ ਧਾਰਨਾ ਦਾ ਥੋਥ ਅਤੇ ਕੂੜ ਉਜਾਗਰ ਕਰਦਿਆਂ ਹੋਇਆਂ ਸਿਧਾਂਤਕ ਦਲੀਲਾਂ ਦੇ ਡੰਕੇ ਦੀ ਚੋਟ ਨਾਲ ਇਹ ਨਾਹਰਾ ਬੁਲੰਦ ਕੀਤਾ ਕਿ 'ਹਮ ਹਿੰਦੂ ਨਹੀਂ!' ਸੰਨ 1899 ਵਿੱਚ ਇਸੇ ਅਨੁਵਾਨ ਹੇਠ ਛਪਿਆ ਭਾਈ ਸਾਹਿਬ ਹੁਰਾਂ ਦਾ ਇਹ ਕਿਤਾਬਚਾ ਨਾ ਸਿਰਫ਼ ਆਰੀਆ ਸਮਾਜ ਵਿਰੁੱਧ ਸਿੱਖ ਕੌਮ ਦੀ ਤਤਕਾਲੀ ਸਿਧਾਂਤਕ ਜਦੋਜਹਿਦ ਅੰਦਰ ਇਕ ਸ਼ਕਤੀਸ਼ਾਲੀ ਵਿਚਾਰਧਾਰਕ ਹਥਿਆਰ ਸਾਬਤ ਹੋਇਆ ਸਗੋਂ ਬਾਅਦ ਵਿੱਚ ਵੀ ਇਹ ਲਗਾਤਾਰ ਸਿੱਖ ਦੁਸ਼ਮਣ ਤਾਕਤਾਂ ਲਈ ਇਕ ਵੱਡੀ 'ਸਿਰਦਰਦੀ' ਬਣਿਆ ਰਿਹਾ। ਭਾਈ ਕਾਨ੍ਹ ਸਿੰਘ ਹੁਰਾਂ ਦੀ ਇਹ ਇਤਿਹਾਸਕ ਰਚਨਾ ਪੂਰੀ ਇਕ ਸਦੀ ਦੀ ਆਯੂ ਭੋਗ ਲੈਣ ਦੇ ਬਾਵਜੂਦ ਅੱਜ ਵੀ ਓਨੀ ਹੀ ਸਾਰਥਕ ਤੇ ਤਰੋ-ਤਾਜ਼ਾ ਹੈ ਜਿੰਨੀ ਇਹ ਸੌ ਸਾਲ ਪਹਿਲਾਂ ਸੀ। ਇਤਿਹਾਸ ਅੰਦਰ ਅਜਿਹਾ ਮਾਣ ਬਹੁਤ ਹੀ ਵਿਰਲੀਆਂ ਰਚਨਾਵਾਂ ਦੇ ਹਿੱਸੇ ਆਉਂਦਾ ਹੈ।

ਸਿੱਖ ਪਛਾਣ ਦਾ ਮਸਲਾ ਸਿੱਖੀ ਤੇ ਸਿੱਖ ਸਮਾਜ ਦੇ 'ਹਿੰਦੂਕਰਨ' ਦੀ ਸਮੱਸਿਆ 'ਚੋਂ ਪੈਦਾ ਹੋਇਆ ਸੀ। ਮੂਲ ਰੂਪ 'ਚ ਇਹ ਮਸਲਾ ਧਾਰਮਿਕ ਤੇ ਸਭਿਆਚਾਰਕ ਸੀ ਜਿਸ ਦਾ ਰਾਜਨੀਤੀ ਨਾਲ ਆਪਣੇ ਆਪ 'ਚ ਕੋਈ ਸਿੱਧਾ ਸਬੰਧ ਨਹੀਂ ਸੀ। ਇਹ ਮਸਲਾ ਰਾਜਸੀ ਉਦੋਂ ਬਣਿਆ ਜਦ ਅੰਗਰੇਜ਼ ਹੁਕਮਰਾਨਾਂ ਵੱਲੋਂ ਲਾਗੂ ਕੀਤੇ ਪ੍ਰਸ਼ਾਸਨੀ ਸੁਧਾਰਾਂ ਨਾਲ, ਅੱਡ-ਅੱਡ ਧਾਰਮਿਕ ਵਰਗਾਂ ਅੰਦਰ ਆਪੋ ਆਪਣੀ ਉਚਿਤ ਨੁਮਾਇੰਦਗੀ ਹਾਸਲ ਕਰਨ ਦੀ ਸ਼ਰੀਕਾ ਦੌੜ ਸ਼ੁਰੂ ਹੋ ਗਈ। ਇਹ ਮਸਲਾ ਛਿੜਿਆ ਭਾਵੇਂ ਪੰਥ ਤੋਂ ਬਾਹਰਲੀਆਂ ਹਿੰਦੂ ਤਾਕਤਾਂ ਨਾਲ ਵਿਵਾਦ ਦੇ ਰੂਪ ਵਿੱਚ ਸੀ ਪਰ ਇਹ ਸਮੱਸਿਆ ਨਿਰੀ ਬੈਰੂਨੀ ਨਹੀਂ ਸੀ ਸਗੋਂ ਆਂਤਰਿਕ ਵੀ ਸੀ। ਉਦਾਸੀ, ਨਿਰਮਲੇ, ਸੇਵਾਪੰਥੀਏ ਅਤੇ ਅਜਿਹੀਆਂ ਹੋਰ ਸੰਪਰਦਾਵਾਂ ਆਪਣੀਆਂ ਸਿਧਾਂਤਕ ਟੇਕਾਂ ਤੇ ਰਹੁ-ਰੀਤਾਂ ਦੀ ਦ੍ਰਿਸ਼ਟੀ ਤੋਂ, ਸਿੱਖ ਪੰਥ ਅੰਦਰ ਫੈਲਰੀਆਂ ਹਿੰਦੂਵਾਦ ਦੀਆਂ ਹੀ ਸ਼ਾਖ਼ਾਵਾਂ ਸਨ। ਇਸ ਕਰਕੇ ਸਿੱਖ ਪਛਾਣ ਦੀ ਸੁਤੰਤਰ ਹਸਤੀ ਨੂੰ ਪਰਿਭਾਸ਼ਤ ਤੇ ਸਥਾਪਤ ਕਰਨ ਲਈ ਅਜਿਹੀਆਂ ਸ਼ਾਖ਼ਾਵਾਂ ਦੀ ਸਿਧਾਂਤਕ ਛਾਂਗ-ਛੰਗਾਈ ਜ਼ਰੂਰੀ ਸੀ। ਅਜਿਹਾ ਕੀਤੇ ਬਿਨਾਂ ਹਿੰਦੂਵਾਦ ਦੇ ਸਿੱਖ ਧਰਮ ਉੱਤੇ ਪੈ ਚੁੱਕੇ (ਅਤੇ ਜਾਰੀ ਰਹਿ ਰਹੇ) ਦੁਰ-ਪ੍ਰਭਾਵਾਂ ਵਿਰੁੱਧ ਸਫਲ ਲੜਾਈ ਦੇ ਸਕਣੀ ਅਤੇ ਸਿੱਖੀ ਦੀ ਮੌਲਿਕ ਨੁੱਕ ਤੇ ਪ੍ਰੰਪਰਾ ਦੀ ਰਾਖੀ ਕਰ ਸਕਣੀ ਉੱਕਾ ਹੀ ਸੰਭਵ ਨਹੀਂ ਸੀ। ਇਤਿਹਾਸ ਦੇ ਵਿਕਾਸ ਦਾ ਇਹ ਆਮ ਨਿਯਮ ਹੈ ਕਿ ਜਦ ਵੀ ਕੋਈ ਸਮਾਜੀ ਸੰਗਠਨ (ਭਾਈਚਾਰਾ) ਆਪਣੀ ਵੱਖਰੀ ਪਛਾਣ ਸਥਾਪਤ ਕਰਨ ਵੱਲ ਵਧਦਾ ਹੈ ਤਾਂ ਉਹ ਲਾਜ਼ਮੀ ਤੌਰ 'ਤੇ ਆਪਣੇ ਅੰਦਰੂਨੀ ਵਰਗ-ਵਖਰੇਵਿਆਂ ਨੂੰ ਖ਼ਾਰਜ ਕਰਨ ਦੀ ਦਿਸ਼ਾ ਅਤੇ ਧੁੱਸ

ਅਖ਼ਤਿਆਰ ਕਰਦਾ ਹੈ। ਵੱਖਰੀ ਪਛਾਣ ਸਥਾਪਤ ਕਰਨ ਦਾ ਮਤਲਬ ਆਪਣੀ ਅੰਦਰੂਨੀ ਇਕਮੁੱਠਤਾ ਮਜ਼ਬੂਤ ਕਰਨਾ ਹੈ। ਠੋਸ ਤੱਥਾਂ ਤੋਂ ਅਜਿਹੇ ਸਿੱਕੇਬੰਦ ਪ੍ਰਮਾਣ ਮਿਲਦੇ ਹਨ ਕਿ ਸਿੰਘ ਸਭਾ ਲਹਿਰ ਨੇ, ਸਿੱਖ ਪੰਥ ਅੰਦਰ ਅੰਦਰੂਨੀ ਇਕਮੁੱਠਤਾ ਦੀ ਭਾਵਨਾ ਨੂੰ ਪ੍ਰਫੁੱਲਤ ਕਰਨ ਦੇ ਮਾਮਲੇ 'ਚ ਕਾਫ਼ੀ ਨਿੱਗਰ ਸਫਲਤਾ ਹਾਸਲ ਕੀਤੀ। 1881 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ ਪੰਜਾਬ ਦੇ ਪੰਜ ਕੇਂਦਰੀ ਜ਼ਿਲ੍ਹਿਆਂ ਅੰਦਰ ਦਸਾਂ ਸਾਲਾਂ ਦੌਰਾਨ ਕੇਸਧਾਰੀ ਸਿੱਖਾਂ ਦੀ ਗਿਣਤੀ ਵਿੱਚ ਚਾਰ ਫ਼ੀਸਦੀ ਦੀ ਗਿਰਾਵਟ ਦਰਜ ਕੀਤੀ ਗਈ, ਜਦ ਕਿ ਇਸੇ ਅਰਸੇ ਦੌਰਾਨ ਇਨ੍ਹਾਂ ਜ਼ਿਲ੍ਹਿਆਂ ਅੰਦਰ ਕੁਲ ਵਸੋਂ ਵਿੱਚ ਸਾਢੇ ਚਾਰ ਫ਼ੀਸਦੀ ਦਾ ਵਾਧਾ ਹੋਇਆ। ਪ੍ਰਤੱਖ ਹੈ ਕਿ ਸਿੱਖਾਂ ਅੰਦਰ ਪਤਿਤਪੁਣੇ ਦਾ ਅਤੇ ਗੁਰਮਤਿ ਮਾਰਗ ਤੋਂ ਹਟ ਕੇ ਨੀਮ-ਹਿੰਦੂ ਸੰਪਰਦਾਵਾਂ ਵੱਲ ਝੁਕਣ ਦਾ ਰੁਝਾਨ ਜ਼ੋਰ ਫੜ ਚੁੱਕਾ ਸੀ। ਪਰ ਇਸ ਦੇ ਮੁਕਾਬਲੇ 1911 ਤੇ 1921 ਦੀਆਂ ਰਿਪੋਰਟਾਂ ਦਰਸਾਉਂਦੀਆਂ ਹਨ ਕਿ ਏਸ ਅਰਸੇ ਦੌਰਾਨ ਇਕ ਤਾਂ ਕੁੱਲ ਸਿੱਖ ਵਸੋਂ ਵਿੱਚ ਗਿਣਨਯੋਗ ਇਜ਼ਾਫ਼ਾ ਹੋਇਆ। ਦੂਜਾ, ਕੇਸਧਾਰੀ ਸਿੱਖਾਂ ਦੀ ਗਿਣਤੀ ਵਧੀ ਜਦ ਕਿ ਸਹਿਜਧਾਰੀ ਸਿੱਖਾਂ ਦੀ ਗਿਣਤੀ ਅੰਦਰ ਗਿਰਾਵਟ ਦਾ ਰੁਝਾਨ ਪ੍ਰਗਟ ਹੋਇਆ। ਤੀਜਾ, ਤੱਤ ਖ਼ਾਲਸੇ ਦੇ ਮੁਕਾਬਲੇ ਪੰਥ ਅੰਦਰਲੀਆਂ ਹੋਰਨਾਂ ਸੰਪਰਦਾਵਾਂ (ਉਦਾਸੀ, ਨਿਰਮਲੇ, ਨਾਨਕ ਪੰਥੀਏ, ਆਦਿ ਆਦਿ) ਦੇ ਪੈਰੋਕਾਰਾਂ ਦੀ ਗਿਣਤੀ ਵਿੱਚ ਵੱਡੀ ਗਿਰਾਵਟ ਆਈ। 1901 ਤੋਂ ਲੈ ਕੇ 1911 ਤਕ ਪੰਜਾਬ ਅੰਦਰ ਸਿੱਖਾਂ ਦੀ ਗਿਣਤੀ 21 ਲੱਖ ਤੋਂ ਵਧ ਕੇ 29 ਲੱਖ ਤਕ ਜਾ ਅੱਪੜੀ ਜਦ ਕਿ ਏਸ ਅਰਸੇ ਦੌਰਾਨ ਪਲੇਗ ਦੀ ਵਜ੍ਹਾ ਕਰਕੇ ਪੰਜਾਬ ਦੀ ਕੁੱਲ ਵਸੋਂ ਵਿੱਚ 2.2 ਫ਼ੀਸਦੀ ਦੀ ਗਿਰਾਵਟ ਦਰਜ ਕੀਤੀ ਗਈ। 1911 ਤੋਂ ਲੈ ਕੇ 1921 ਤਕ, ਦਸਾਂ ਸਾਲਾਂ ਅੰਦਰ, ਹਿੰਦੂ ਤੇ ਮੁਸਲਿਮ ਦਲਿਤਾਂ ਦੀ ਗਿਣਤੀ ਵਿੱਚ ਕ੍ਰਮਵਾਰ 81229 ਅਤੇ 18773 ਦੀ ਗਿਰਾਵਟ ਆਈ ਜਦ ਕਿ ਇਸੇ ਅਰਸੇ ਦੌਰਾਨ ਸਿੱਖ ਦਲਿਤ ਵਰਗ ਦੀ ਗਿਣਤੀ ਵਿੱਚ 33549 ਦਾ ਵਾਧਾ ਹੋਇਆ।[23] ਮਤਲਬ ਇਹ ਕਿ ਜਿੱਥੇ ਈਸਾਈ ਧਰਮ ਨੇ ਹਿੰਦੂ ਤੇ ਮੁਸਲਿਮ ਦਲਿਤਾਂ ਨੂੰ ਵੱਡੀ ਗਿਣਤੀ 'ਚ ਆਪਣੇ ਵੱਲੇ ਖਿੱਚਿਆ, ਉਥੇ ਸਿੰਘ ਸਭਾ ਲਹਿਰ ਵੱਲੋਂ ਪੈਦਾ ਕੀਤੀ ਧਾਰਮਿਕ ਚੇਤਨਾ ਸਦਕਾ ਸਿੱਖ ਪੰਥ ਨਾ ਸਿਰਫ਼ ਆਪਣੇ ਘਰ ਨੂੰ ਈਸਾਈ ਧਰਮ ਤੋਂ ਪੂਰੀ ਤਰ੍ਹਾਂ ਸੁਰੱਖਿਅਤ ਰੱਖਣ 'ਚ ਕਾਮਯਾਬ ਹੋਇਆ ਸਗੋਂ ਇਹ ਹਿੰਦੂ ਤੇ ਮੁਸਲਿਮ ਦਲਿਤ ਵਰਗਾਂ ਦੇ ਕਾਫ਼ੀ ਹਿੱਸਿਆਂ ਨੂੰ ਆਪਣੇ ਵੱਲ ਪ੍ਰੇਰਿਤ ਕਰਨ ਵਿੱਚ ਵੀ ਸਫਲ ਹੋਇਆ। ਸਿੰਘ ਸਭਾ ਲਹਿਰ ਦੀ ਇਸ ਪ੍ਰਾਪਤੀ ਨੂੰ ਨਿਰਾ ਅੰਕਾਂ ਦੇ ਵਾਧੇ ਵਜੋਂ ਨਹੀਂ ਦੇਖਿਆ ਜਾਣਾ ਚਾਹੀਦਾ। ਇਸ ਦੀ ਅਸਲੀ ਮਹੱਤਤਾ ਇਸ ਦੇ ਵਿਚਾਰਧਾਰਕ ਤੱਤ ਵਿੱਚ ਹੈ। ਇਹ ਪ੍ਰਾਪਤੀ ਸਿੰਘ ਸਭਾ ਲਹਿਰ ਵੱਲੋਂ, ਸਿੱਖੀ ਅਤੇ ਸਿੱਖ ਸਮਾਜ ਉੱਤੇ ਪਏ ਹਿੰਦੂਵਾਦੀ ਪ੍ਰਭਾਵਾਂ ਵਿਰੁੱਧ ਉਸ ਦੀ ਸਿਧਾਂਤਕ ਜਦੋਜਹਿਦ ਦਾ ਫਲ ਸੀ। ਹਿੰਦੂਵਾਦ ਨਾਲੋਂ ਨਿਖੇੜੇ ਦੀ ਇਹ ਵਿਚਾਰਧਾਰਕ ਸੇਧ ਹੀ ਸੀ ਜਿਸ ਨੇ ਹੋਰ ਕੁਝ ਸਾਲਾਂ ਬਾਅਦ ਇਕ ਬਹੁਤ ਹੀ ਵੱਡੇ ਤੇ ਤੇਜੱਸਵੀ ਸਿੱਖ ਉਭਾਰ ਦੀ ਉਠਾਣ ਬੰਨ੍ਹੀ। ਜਿਸ ਨੂੰ ਇਤਿਹਾਸ ਅੰਦਰ 'ਗੁਰਦੁਆਰਾ ਸੁਧਾਰ ਲਹਿਰ' ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਇਸ ਬਾਰੇ ਚਰਚਾ ਅੱਗੇ ਵਧਾਉਣ ਤੋਂ ਪਹਿਲਾਂ ਉਸ ਰਾਜਸੀ ਪੱਖ ਦਾ ਵਰਣਨ ਜ਼ਰੂਰੀ ਹੈ ਜਿਸ ਨੇ ਸਿੱਖ ਪੰਥ ਅੰਦਰ ਸਵੈ-ਪਛਾਣ ਦੀ ਚੇਤਨਾ ਨੂੰ ਹੋਰ ਸਾਣ 'ਤੇ ਲਾਉਣ ਅਤੇ ਉਸ ਅੰਦਰ ਇਕ ਕੌਮ ਦੀ ਹੈਸੀਅਤ ਤੇ ਚੇਤਨਤਾ ਪੈਦਾ ਕਰਨ ਵਿੱਚ ਅਹਿਮ ਰੋਲ ਨਿਭਾਇਆ। ਇਹ ਬਰਤਾਨਵੀ ਹਾਕਮਾਂ ਵੱਲੋਂ ਭਾਰਤ ਅੰਦਰ ਛੋਹਿਆ ਪ੍ਰਸ਼ਾਸਨੀ ਸੁਧਾਰਾਂ ਦਾ ਅਮਲ ਸੀ ਜਿਸ ਨੇ ਭਾਰਤ ਦੇ ਸਭਨਾਂ ਵਰਗਾਂ ਦੀ ਜ਼ਿੰਦਗੀ ਤੇ ਉਨ੍ਹਾਂ ਦੇ ਆਪਸੀ ਰਿਸ਼ਤਿਆਂ ਦੇ ਤਾਣੇ ਪੇਟੇ ਨੂੰ ਉਲੱਦ-ਪੁਲੱਦ ਕੇ ਰੱਖ ਦਿੱਤਾ।

## ਪ੍ਰਸ਼ਾਸਨੀ ਸੁਧਾਰ ਤੇ ਫ਼ਿਰਕੂ ਮੁਕਾਬਲੇਬਾਜ਼ੀ

ਭਾਰਤ ਅੰਦਰ ਜਿਉਂ ਜਿਉਂ ਪੜ੍ਹੇ-ਲਿਖੇ ਵਰਗ ਦੀ ਨਫ਼ਰੀ ਤੇ ਰਾਜਸੀ ਚੇਤਨਾ ਵਿੱਚ ਵਾਧਾ ਹੁੰਦਾ ਗਿਆ, ਤਿਉਂ-ਤਿਉਂ ਬਰਤਾਨਵੀ ਹਾਕਮਾਂ ਲਈ ਰਾਜਸੀ ਚੁਣੌਤੀਆਂ ਤੇ ਦੁਸ਼ਵਾਰੀਆਂ 'ਚ ਵੀ ਵਾਧਾ ਹੋਣ ਲੱਗਾ। ਹੁਕਮਰਾਨੀ ਦੀ ਕਲਾ ਵਿੱਚ ਨਿਪੁੰਨ ਹੋਣ ਦੇ ਨਾਤੇ ਬਰਤਾਨਵੀ ਹਾਕਮਾਂ ਨੂੰ ਇਹ ਸਮਝਣ 'ਚ ਦੇਰ ਨਾ ਲੱਗੀ ਕਿ ਭਾਰਤ ਅੰਦਰ ਆਪਣੇ ਰਾਜ ਦੀ ਮਿਆਦ ਵਧਾਉਣ ਲਈ, ਨਵੀਆਂ ਬਦਲ ਰਹੀਆਂ ਹਾਲਤਾਂ ਦੇ ਸਨਮੁਖ, ਭਾਰਤੀ ਲੋਕਾਂ ਦੀਆਂ ਰਾਜਸੀ ਸੱਧਰਾਂ ਉੱਤੇ ਠੰਢਾ ਛਿੜਕਣਾ ਵੀ ਉਨਾ ਹੀ ਜ਼ਰੂਰੀ ਹੈ ਜਿੰਨਾ ਇਨ੍ਹਾਂ ਨੂੰ ਸਖ਼ਤ ਪ੍ਰਸ਼ਾਸਨਿਕ ਕਦਮ ਉਠਾ ਕੇ ਕਾਬੂ ਵਿੱਚ ਰੱਖਣਾ। ਇਸ ਯੁੱਧਨੀਤਕ ਸੋਚ ਤੇ ਵਿਉਂਤ ਤਹਿਤ ਉਨ੍ਹਾਂ ਨੇ ਭਾਰਤ ਅੰਦਰ ਰਾਜਸੀ ਸੁਧਾਰਾਂ ਦਾ ਅਮਲ ਆਰੰਭਿਆ, ਜਿਸ ਦਾ ਮੁੱਖ ਉਦੇਸ਼ ਭਾਰਤ ਦੇ ਲੋਕਾਂ ਨੂੰ ਹੌਲੀ-ਹੌਲੀ ਸਹਿੰਦੀ ਸਹਿੰਦੀ ਮਾਤਰਾ ਵਿੱਚ ਸਥਾਨਕ ਪ੍ਰਸ਼ਾਸਨੀ ਢਾਂਚੇ ਅੰਦਰ ਭਾਗੀਦਾਰ ਬਣਾਉਣਾ ਸੀ।

ਰਾਜਸੀ ਸੁਧਾਰਾਂ ਦਾ ਇਹ ਅਮਲ ਸ਼ੁਰੂ ਹੋਣ ਦੀ ਦੇਰ ਸੀ ਕਿ ਭਾਰਤੀ ਸਮਾਜ ਅੰਦਰਲੀਆਂ ਵਜੂਦ-ਸਮੋਈਆਂ ਵਿਰੋਧਤਾਈਆਂ ਨੇ ਇਕ ਦਮ ਆਪਣਾ ਫਣ ਖਿਲਾਰ ਲਿਆ। ਧਰਮ ਤੇ ਜਾਤਾਂ ਦੇ ਵੰਡ-ਵਖਰੇਵਿਆਂ ਨਾਲ ਪਰੁੰਨੇ ਹੋਏ ਭਾਰਤੀ ਸਮਾਜ ਦੇ ਅੱਡ ਅੱਡ ਵਰਗਾਂ ਅੰਦਰ ਆਪੋ ਆਪਣੇ ਹਿਤਾਂ ਨੂੰ ਮਹਿਫ਼ੂਜ਼ ਰੱਖਣ ਦਾ ਤਿੱਖਾ ਸਰੋਕਾਰ ਪੈਦਾ ਹੋ ਉਠਿਆ। ਚੁਣੇ ਹੋਏ ਅਦਾਰਿਆਂ ਅੰਦਰ ਮੈਂਬਰੀਆਂ ਹਾਸਲ ਕਰਨ ਤੋਂ ਲੈ ਕੇ ਸਰਕਾਰੀ ਨੌਕਰੀਆਂ ਆਦਿ ਤਕ, ਹਰ ਜਗ੍ਹਾ ਆਪੋ ਆਪਣੀ ਉਚਿਤ ਨੁਮਾਇੰਦਗੀ ਹਾਸਲ ਕਰਨ ਦੀ ਹਿਰਖ ਨੇ ਹਰ ਖੇਤਰ ਅੰਦਰ ਅਜਿਹੀ ਸ਼ਰੀਕਾ ਸੋਚ ਤੇ ਫ਼ਿਰਕੂ ਖਿਚੋਤਾਣ ਪੈਦਾ ਕਰ ਦਿੱਤੀ ਕਿ ਵਿੰਹਦਿਆਂ ਵਿੰਹਦਿਆਂ ਹੀ ਧਾਰਮਿਕ ਵਖਰੇਵੇਂ ਰਾਜਸੀ ਨਫ਼ਰਤਾਂ ਤੇ ਦੁਸ਼ਮਣੀਆਂ ਵਿੱਚ ਵਟ ਗਏ। ਅੱਡ-ਅੱਡ ਵਰਗਾਂ ਅੰਦਰ ਪੈਦਾ ਹੋਏ ਸਰੋਕਾਰਾਂ ਦੇ ਖ਼ਦਸ਼ਿਆਂ 'ਚੋਂ ਫ਼ਿਰਕੂ ਮੰਗਾਂ ਦੇ ਚਾਰਟਰ ਉਭਰ ਆਏ। ਵਰਗ ਹਿਤਾਂ ਦੀ ਪੈਰਵਾਈ ਤੇ ਪਹਿਰੇਦਾਰੀ ਲਈ ਵਰਗਾਂ 'ਤੇ ਅਧਾਰਿਤ ਜਥੇਬੰਦੀਆਂ ਤੇ ਪਲੇਟਫ਼ਾਰਮ ਉਸਰ ਆਏ। ਅਲੱਗ-ਅਲੱਗ ਫ਼ਿਰਕਿਆਂ ਅੰਦਰ ਸਵੈ-ਪਛਾਣ ਦੀ ਭਾਵਨਾ ਪ੍ਰਚੰਡ ਹੋ ਉਠੀ। ਉਹ ਆਪਣੇ ਹੱਕਾਂ ਤੇ ਹਿਤਾਂ ਪ੍ਰਤੀ ਵਧੇਰੇ ਜਾਗਰੂਕ ਹੋਣ ਲੱਗੇ। ਆਮ ਜਨਤਾ ਦੀ ਹਕੂਮਤ ਤੇ ਪ੍ਰਸ਼ਾਸਨ ਪ੍ਰਤੀ ਬੇਵਾਸਤਗੀ ਵਾਲੀ ਮੱਧਯੁਗੀ ਬਿਰਤੀ ਅੰਦਰ ਤਿੱਖੀ ਤਬਦੀਲੀ ਆਉਣ ਲੱਗੀ ਅਤੇ ਉਨ੍ਹਾਂ ਦੇ ਹਕੂਮਤ ਨਾਲ ਵਰਤ-ਵਿਹਾਰ ਤੇ ਟਕਰਾਓ ਦਾ ਅਮਲ ਤੇਜ਼ ਹੋ ਗਿਆ।

ਇਸ ਨਵੀਂ ਹਾਲਤ ਨੇ ਸਿੱਖ ਕੌਮ ਸਾਹਮਣੇ ਕਾਫ਼ੀ ਕਠਿਨ ਕਾਰਜ ਤੇ ਚੁਣੌਤੀਆਂ ਖੜੀਆਂ ਕਰ ਦਿੱਤੀਆਂ। ਉਸ ਦੇ ਸਾਹਮਣੇ ਸਿੰਘ ਸਭਾ ਲਹਿਰ ਦੇ ਉਦੇਸ਼ਾਂ ਦੀ ਰਾਜਸੀ ਖੇਤਰ ਅੰਦਰ ਪੈਰਵਾਈ ਕਰਨ ਦਾ ਕਾਰਜ ਤੇ ਇਮਕਾਨ ਪੈਦਾ ਹੋ ਗਏ। ਸਿੰਘ ਸਭਾ ਲਹਿਰ ਦੇ ਦਾਨਸ਼ਮੰਦਾਂ ਦਾ ਹਿੰਦੂ ਵਰਗ ਦੇ ਬੌਧਿਕ ਬੁਲਾਰਿਆਂ ਨਾਲ ਬਹਿਸ ਭੇੜ ਜ਼ਿਆਦਾ ਕਰਕੇ ਧਾਰਮਿਕ ਮੁੱਦਿਆਂ 'ਤੇ ਕੇਂਦਰਤ ਸੀ। ਸਿੱਖ ਧਰਮ ਦੀ ਵਿਲੱਖਣ ਹਸਤੀ ਦਾ ਦਾਅਵਾ, ਨਵੀਆਂ ਹਾਲਤਾਂ ਅੰਦਰ, ਨਵਾਂ ਆਕਾਰ-ਪਸਾਰ ਅਖ਼ਤਿਆਰ ਕਰ ਗਿਆ। ਹਿੰਦੂ ਆਗੂਆਂ ਵੱਲੋਂ ਸਿੱਖ ਧਰਮ ਦੀ ਸੁਤੰਤਰ ਹਸਤੀ ਮੰਨਣ ਤੋਂ ਇਨਕਾਰੀ ਹੋਣਾ ਹੁਣ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਗੱਲ ਹੀ ਨਹੀਂ ਸੀ ਰਹਿ ਗਈ, ਇਸ ਨਾਲ ਉਸ ਦੇ ਆਰਥਿਕ ਤੇ ਰਾਜਸੀ ਹਿਤਾਂ ਨੂੰ ਸਿੱਧੀ ਸੱਟ ਵੱਜਦੀ ਸੀ।

●

# 2

# ਰਾਜਸੀ ਜਾਗਰਤੀ ਤੇ ਜਦੋਜਹਿਦ

1892 ਦੇ ਇੰਡੀਅਨ ਕੌਂਸਲਜ਼ ਐਕਟ ਨਾਲ ਭਾਰਤ ਅੰਦਰ ਚੋਣਾਂ ਦੇ ਸਿਧਾਂਤ ਦਾ ਸੀਮਤ ਰੂਪ ਵਿੱਚ ਆਗ਼ਾਜ਼ ਹੋਇਆ। ਮੁਸਲਿਮ ਭਾਈਚਾਰੇ ਅੰਦਰਲੇ ਸੁਚੇਤ ਹਿੱਸਿਆਂ ਨੇ ਇਸ 'ਤੇ ਫ਼ੌਰੀ ਪ੍ਰਤੀਕਰਮ ਜ਼ਾਹਰ ਕਰਦਿਆਂ ਹੋਇਆਂ ਇਸ ਨੂੰ ਮੁਸਲਿਮ ਘੱਟਗਿਣਤੀ ਵਰਗ ਲਈ ਖ਼ਤਰੇ ਦੀ ਘੰਟੀ ਵਜੋਂ ਜਾਣਿਆ। ਭਾਰਤ ਵਰਗੇ ਬਹੁ-ਧਰਮੀ ਤੇ ਬਹੁ-ਕੌਮੀ ਦੇਸ ਅੰਦਰ ਪੱਛਮੀ ਕੌਮੀ ਰਾਜਾਂ ਦੀ ਤਰਜ਼ 'ਤੇ ਚੋਣਾਂ ਦੇ ਸਿਧਾਂਤ ਨੂੰ ਲਾਗੂ ਕਰਨ ਦਾ ਮਤਲਬ, ਘੱਟਗਿਣਤੀ ਧਾਰਮਿਕ ਵਰਗਾਂ ਦੇ ਗਲ, ਹਿੰਦੂ ਬਹੁਗਿਣਤੀ ਵਰਗ ਦਾ ਸੰਵਿਧਾਨਕ ਜੂਲਾ ਪਾਉਣਾ ਸੀ। ਇਸ ਲਈ ਇਸ ਖ਼ਤਰੇ ਤੋਂ ਸੁਚੇਤ ਮੁਸਲਿਮ ਬੁੱਧੀਜੀਵੀ ਵਰਗ ਨੇ, ਆਪਣੇ ਹਿਤਾਂ ਦੀ ਸਲਾਮਤੀ ਲਈ ਪੱਕੇ ਸੰਵਿਧਾਨਕ ਇੰਤਜ਼ਾਮ ਕਰਨ ਦੀ ਮੰਗ ਉਠਾਈ। ਉਨ੍ਹਾਂ ਇਕ ਤਾਂ ਸੂਬਾਈ ਤੇ ਕੇਂਦਰੀ ਪੱਧਰ 'ਤੇ ਘੱਟਗਿਣਤੀ ਮੁਸਲਿਮ ਭਾਈਚਾਰੇ ਲਈ ਮੁਨਾਸਬ ਗਿਣਤੀ ਵਿੱਚ ਸੀਟਾਂ ਰਾਖਵੀਆਂ ਕਰਨ ਅਤੇ ਦੂਜਾ, ਸਰਬ-ਸਾਂਝੇ ਚੋਣ ਖੇਤਰਾਂ ਦੀ ਬਜਾਏ ਮੁਸਲਮਾਨਾਂ ਲਈ ਵੱਖਰੇ ਚੋਣ ਖੇਤਰ ਕਾਇਮ ਕਰਨ ਦੀ ਸੰਵਿਧਾਨਕ ਵਿਵਸਥਾ ਲਈ ਲੜਾਈ ਵਿੱਢ ਦਿੱਤੀ।

ਮੁਸਲਿਮ ਆਗੂਆਂ ਦੇ ਇਸ ਤਿੱਖੇ ਪ੍ਰਤੀਕਰਮ ਨੂੰ ਦੇਖਦਿਆਂ ਹੋਇਆਂ ਬਰਤਾਨਵੀ ਹਾਕਮਾਂ ਨੂੰ ਆਪਣੀ ਪਹਿਲੀ ਪੋਜ਼ੀਸ਼ਨ ਵਿੱਚ ਸੋਧ ਕਰਨ ਲਈ ਮਜਬੂਰ ਹੋਣਾ ਪਿਆ। ਸੈਕਟਰੀ ਆਫ਼ ਸਟੇਟ ਫ਼ਾਰ ਇੰਡੀਆ (ਜੌਹਨ ਮਾਰਲੇ) ਦਾ ਬਰਤਾਵਨੀ ਪਾਰਲੀਮੈਂਟ ਅੰਦਰ 23 ਫ਼ਰਵਰੀ 1909 ਦਾ ਭਾਸ਼ਣ ਇਹ ਦਰਸਾਉਂਦਾ ਹੈ ਕਿ ਪਹਿਲੋਂ-ਪਹਿਲ ਉਹ ਮੁਸਲਿਮ ਭਾਈਚਾਰੇ ਲਈ ਵੱਖਰੇ (ਕਮਿਊਨਲ) ਚੋਣ ਖੇਤਰਾਂ ਦੀ ਬਜਾਇ ਸਰਬ-ਸਾਂਝੇ ਚੋਣ ਖੇਤਰਾਂ ਦੇ ਮੁੱਦਈ ਸਨ।[1] ਪਰ ਮੁਸਲਿਮ ਆਗੂਆਂ ਦੀ ਵਜ਼ਨਦਾਰ ਦਲੀਲਬਾਜ਼ੀ ਤੇ ਦਬਾਓ ਸਦਕਾ ਉਹ ਆਪਣੀ ਇਸ ਪੋਜ਼ੀਸ਼ਨ ਅੰਦਰ ਸੋਧ ਕਰਨਾ ਮੰਨ ਗਏ। ਭਰਵੇਂ ਰਾਇ ਮਸ਼ਵਰੇ ਤੋਂ ਬਾਅਦ ਗਿਲਬਰਟ ਮਿੰਟੋ (ਭਾਰਤ ਅੰਦਰ ਵਾਇਸਰਾਇ) ਤੇ ਜੌਹਨ ਮਾਰਲੇ ਇਸ ਨਿਰਣੇ 'ਤੇ ਅੱਪੜ ਗਏ ਕਿ ਜੇਕਰ ਭਾਰਤ ਅੰਦਰ ਰਾਜਸੀ/ਪ੍ਰਸ਼ਾਸਨਿਕ ਸੁਧਾਰਾਂ ਦਾ ਆਧਾਰ ਨੁਮਾਇੰਦਗੀ ਦਾ ਸਿਧਾਂਤ ਹੀ ਬਣਾਇਆ ਜਾਣਾ ਹੈ ਤਾਂ ਘੱਟਗਿਣਤੀਆਂ ਨੂੰ ਹਿੰਦੂ ਬਹੁਗਿਣਤੀ ਦੇ ਗ਼ਲਬੇ ਤੋਂ ਮਹਿਫ਼ੂਜ਼ ਰੱਖਣ ਲਈ ਸੰਵਿਧਾਨਕ ਸੁਰੱਖਿਆ ਮੁਹੱਈਆ ਕਰਨੀ ਜ਼ਰੂਰੀ ਹੈ। ਸੋ 1909 ਦੇ ਇੰਡੀਅਨ ਕੌਂਸਲਜ਼ ਐਕਟ ਅੰਦਰ ਇਸ ਵਿਚਾਰ ਨੂੰ ਭਾਰੀ ਅਹਿਮੀਅਤ ਦਿੱਤੀ ਗਈ।

## ਲਖਨਊ ਪੈਕਟ : ਸਿੱਖ ਕੌਮ ਦੀ ਹੇਠੀ

ਕਾਂਗਰਸੀ ਆਗੂਆਂ ਅੰਦਰ ਅਜਾਰੇਦਾਰਾਨਾ ਪ੍ਰਵਿਰਤੀ ਮੁੱਢ ਤੋਂ ਹੀ ਭਾਰੂ ਸੀ। ਉਹ ਕਾਂਗਰਸ ਪਾਰਟੀ ਨੂੰ ਭਾਰਤ ਦੇ ਸਭਨਾਂ ਲੋਕਾਂ ਤੇ ਵਰਗਾਂ ਦੀ ਇੱਕੋ-ਇਕ ਅਤੇ ਸਰਬ-ਸਾਂਝੀ ਨੁਮਾਇੰਦਾ ਜਮਾਤ ਮੰਨ ਕੇ ਤੁਰਦੇ ਸਨ ਅਤੇ ਭਾਰਤੀ ਲੋਕਾਂ ਵੱਲੋਂ ਕੁੱਝ ਵੀ ਸੋਚਣ, ਬੋਲਣ ਜਾਂ ਮੰਗਣ ਦੇ ਸਭ ਹੱਕ ਆਪਣੇ ਲਈ ਹੀ ਰਾਖਵੇਂ ਮੰਨ ਕੇ ਚੱਲ ਰਹੇ ਸਨ। ਉਹ ਆਪਣੇ ਇਸ ਦਾਅਵੇ ਅੰਦਰ ਭਾਰਤੀ ਸਮਾਜ ਦੇ ਕਿਸੇ ਹੋਰ ਵਰਗ ਦਾ ਦਖ਼ਲ ਜਾਂ ਹਿੱਸੇਦਾਰੀ ਪ੍ਰਵਾਨ ਕਰਨ ਲਈ ਰਾਜ਼ੀ ਨਹੀਂ ਸਨ। ਇਸ ਕਰਕੇ ਉਹ ਮੁਸਲਿਮ ਲੀਗ ਨੂੰ ਮੁੱਢ ਤੋਂ ਹੀ ਕੈਰੀ ਅੱਖ ਨਾਲ ਦੇਖਦੇ ਸਨ ਅਤੇ ਉਸ ਦੀਆਂ ਮੰਗਾਂ ਤੇ ਪੈਂਤੜਿਆਂ ਦੀ ਕੱਟੜ ਮੁਖ਼ਾਲਫ਼ਤ ਕਰਦੇ ਸਨ। ਉਨ੍ਹਾਂ ਨੂੰ ਘੱਟਗਿਣਤੀ ਬਹੁਗਿਣਤੀ ਦੀ ਭਾਸ਼ਾ 'ਚ ਗੱਲ ਕਰਨੀ ਮੂਲੋਂ ਹੀ ਨਹੀਂ ਸੀ ਭਾਉਂਦੀ। ਉਹ ਘੱਟਗਿਣਤੀਆਂ ਲਈ ਉਚੇਚੀਆਂ ਸੰਵਿਧਾਨਕ ਸੁਰੱਖਿਆਵਾਂ ਤੇ ਵੱਖਰੇ (ਕਮਿਊਨਲ) ਚੋਣ ਖੇਤਰਾਂ ਦੇ ਕੱਟੜ ਵਿਰੋਧੀ ਸਨ। ਪਰ ਜਦ 1909 ਦੇ ਐਕਟ ਅੰਦਰ ਮੁਸਲਿਮ ਫ਼ਿਰਕੇ ਦੀ ਇਸ ਮੰਗ ਨੂੰ ਸਿਧਾਂਤਕ ਪ੍ਰਵਾਨਗੀ ਮਿਲ ਗਈ ਤਾਂ ਕਾਂਗਰਸੀ ਆਗੂਆਂ ਨੂੰ ਵੀ ਆਪਣੇ ਪੈਂਤੜੇ ਅੰਦਰ ਥੋੜੀ ਲਚਕ ਲਿਆਉਣ ਲਈ ਮਜਬੂਰ ਹੋਣਾ ਪਿਆ। ਹੁਣ ਉਨ੍ਹਾਂ ਮੁਸਲਿਮ ਲੀਗ ਨੂੰ ਇਕ ਧਿਰ (ਬਰਾਬਰ ਦੀ ਨਹੀਂ, ਲਘੂ) ਮੰਨ ਕੇ ਉਸ ਨਾਲ ਸੱਤਾ ਦੀ ਹਿੱਸੇਦਾਰੀ ਬਾਰੇ ਸਮਝੌਤਾ ਕਰਨ ਦੀ ਸਬੀਲ ਬਣਾਈ। ਇਸ ਮਕਸਦ ਲਈ ਕਾਂਗਰਸ ਤੇ ਲੀਗ ਦੇ ਨੁਮਾਇੰਦਿਆਂ ਵਿਚਕਾਰ 1916 ਵਿੱਚ ਲਖਨਊ ਵਿਖੇ ਇਕ ਅਹਿਮ ਵਾਰਤਾਲਾਪ ਆਰੰਭ ਹੋਇਆ ਜਿਸ ਵਿੱਚ 'ਲਖਨਊ ਪੈਕਟ' ਨਾਉਂ ਦੇ ਰਾਜ਼ੀਨਾਮੇ 'ਤੇ ਸਹੀ ਪਾਈ ਗਈ। ਕਾਂਗਰਸੀ ਆਗੂਆਂ ਨੇ ਲਖਨਊ ਪੈਕਟ ਅੰਦਰ ਮੁਸਲਿਮ ਭਾਈਚਾਰੇ ਦੀ ਅੱਡਰੀ ਹਸਤੀ ਦੀ ਪੋਜ਼ੀਸ਼ਨ ਸਿਧਾਂਤਕ ਰੂਪ 'ਚ ਕਬੂਲ ਕਰ ਲਈ ਅਤੇ ਦੋਨੋਂ ਧਿਰਾਂ ਵਿਚਕਾਰ ਸੂਬਾਈ ਤੇ ਕੇਂਦਰੀ ਪੱਧਰ 'ਤੇ ਰਾਖਵੀਆਂ ਮੁਸਲਿਮ ਸੀਟਾਂ ਦੇ ਕੋਟੇ ਅਤੇ ਮੁਸਲਮਾਨਾਂ ਲਈ ਵੱਖਰੇ ਚੋਣ ਖੇਤਰਾਂ ਬਾਰੇ ਸਹਿਮਤੀ ਹੋ ਗਈ।[2]

'ਲਖਨਊ ਪੈਕਟ' ਸੰਬੰਧੀ ਦੋ ਗੱਲਾਂ ਅਜਿਹੀਆਂ ਸਨ ਜਿਨ੍ਹਾਂ ਨੇ ਸਿੱਖ ਰਾਜਨੀਤੀ ਉੱਤੇ ਗਹਿਰਾ ਅਸਰ ਪਾਇਆ। ਇਕ, ਲਖਨਊ ਵਾਰਤਾਲਾਪ ਅੰਦਰ ਸਿੱਖਾਂ ਨੂੰ ਸੱਦਾ ਪੱਤਰ ਭੇਜਣ ਜਾਂ ਸ਼ਾਮਲ ਕਰਨ ਦੀ ਗੱਲ ਤਾਂ ਦੂਰ ਰਹੀ, ਗੱਲਬਾਤ ਅੰਦਰ ਉਨ੍ਹਾਂ ਦਾ ਜ਼ਿਕਰ ਤਕ ਕਰਨਾ ਵੀ ਮੁਨਾਸਬ ਨਾ ਸਮਝਿਆ ਗਿਆ। ਗਿਣਤੀ ਦੇ ਹਿਸਾਬ ਨਾਲ ਭਾਵੇਂ ਸਿੱਖ ਕੌਮ ਨਿਗੂਣੀ ਘੱਟਗਿਣਤੀ ਕਹੀ ਜਾ ਸਕਦੀ ਸੀ ਪਰ ਉਹ ਆਪਣੀ ਆਰਥਿਕ ਤੇ ਸਮਾਜਕ ਹੈਸੀਅਤ ਅਤੇ ਵਿਲੱਖਣ ਕੌਮੀ ਹਸਤੀ ਪੱਖੋਂ, ਅਜਿਹੀ ਬਦਸਲੂਕੀ ਦੀ ਹੱਕਦਾਰ ਕਦਾਚਿਤ ਨਹੀਂ ਸੀ। ਹਿੰਦੂ ਤੇ ਮੁਸਲਿਮ, ਦੋਨੋਂ ਹੀ ਪ੍ਰਮੁੱਖ ਫ਼ਿਰਕਿਆਂ ਵੱਲੋਂ ਸਿੱਖ ਭਾਈਚਾਰੇ ਨੂੰ ਇਸ ਕਦਰ ਨਜ਼ਰ-ਅੰਦਾਜ਼ ਕਰਨਾ, ਉਸ ਦੇ ਸਵੈਮਾਣ ਨੂੰ ਤਿੱਖੀ ਚੋਭ ਲਾਉਣ ਵਾਲੀ ਗੱਲ ਸੀ। ਹੋਇਆ ਵੀ ਇੰਜ ਹੀ। ਦੋਵੇਂ ਪ੍ਰਮੁੱਖ ਧਾਰਮਿਕ ਵਰਗਾਂ ਵੱਲੋਂ ਸੱਤਾ ਦੀ ਹਿੱਸੇਦਾਰੀ ਸੰਬੰਧੀ ਆਪਸੀ ਸੌਦੇਬਾਜ਼ੀ ਕਰਨ ਮੌਕੇ ਸਿੱਖਾਂ ਨੂੰ ਮੂਲੋਂ ਹੀ ਅਣਗੌਲਿਆ ਕਰਨ ਉੱਤੇ ਸਿੱਖ ਭਾਈਚਾਰੇ ਅੰਦਰ, ਵਿਸ਼ੇਸ਼ ਕਰਕੇ ਇਸ ਦੇ ਪੜ੍ਹੇ-ਲਿਖੇ, ਕੁਲੀਨ ਵਰਗ ਅੰਦਰ ਤਿੱਖਾ ਪ੍ਰਤੀਕਰਮ ਪੈਦਾ ਹੋਇਆ। ਚੀਫ਼ ਖ਼ਾਲਸਾ ਦੀਵਾਨ ਨੇ ਤੁਰੰਤ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨੂੰ ਯਾਦ-ਪੱਤਰ ਭੇਜਿਆ ਜਿਸ ਵਿੱਚ ਸਾਫ਼ ਸ਼ਬਦਾਂ 'ਚ ਚੇਤਾਵਨੀ ਦਿੱਤੀ ਗਈ ਕਿ ਸਿੱਖ ਅਜਿਹੇ ਕਿਸੇ ਸੰਵਿਧਾਨ ਨੂੰ ਕਬੂਲ ਨਹੀਂ ਕਰਨਗੇ ਜਿਸ ਵਿੱਚ ਉਨ੍ਹਾਂ ਦੀ ਪੰਜਾਬ ਤੇ ਕੇਂਦਰੀ ਕੌਂਸਲ ਸਮੇਤ ਸਰਕਾਰੀ ਪ੍ਰਸ਼ਾਸਨ ਅੰਦਰ

ਮੁਨਾਸਬ ਹਿੱਸੇਦਾਰੀ ਯਕੀਨੀ ਨਹੀਂ ਬਣਦੀ। 1917 ਵਿੱਚ ਜਦ ਐਡਵਿਨ ਸੈਮੂਅਲ ਮੌਂਟੇਗ (ਸੈਕਟਰੀ ਆਫ਼ ਸਟੇਟ ਫ਼ਾਰ ਇੰਡੀਆ) ਭਾਰਤ ਦੇ ਭਾਵੀ ਸੰਵਿਧਾਨ ਸਬੰਧੀ ਅੱਡ-ਅੱਡ ਵਰਗਾਂ ਦੀਆਂ ਰਾਵਾਂ ਜਾਣਨ ਲਈ ਭਾਰਤ ਦੇ ਦੌਰੇ 'ਤੇ ਆਇਆ ਤਾਂ ਮਹਾਰਾਜਾ ਪਟਿਆਲਾ ਨੇ ਉਸ ਅੱਗੇ ਜ਼ੋਰ ਨਾਲ ਸਿੱਖਾਂ ਦਾ ਪੱਖ ਰੱਖਿਆ। ਉਸ ਤੋਂ ਬਾਅਦ ਬਾਰਸੂਖ਼ ਸਿੱਖਾਂ ਦੇ ਇਕ ਵਫ਼ਦ ਨੇ ਵਾਇਸਰਾਇ ਨੂੰ ਮਿਲ ਕੇ ਆਪਣੇ ਪੱਖ ਦੀ ਜ਼ੋਰਦਾਰ ਵਕਾਲਤ ਕੀਤੀ।[3]

ਦੂਜੀ ਗੱਲ, ਜਿਸ ਨੇ ਸਿੱਖਾਂ ਅੰਦਰ ਵਿਆਪਕ ਰੋਸ ਤੇ ਚਿੰਤਾ ਨੂੰ ਜਨਮ ਦਿੱਤਾ, ਇਹ ਸੀ 'ਲਖਨਊ ਪੈਕਟ' ਅੰਦਰ ਫ਼ਿਰਕੂ ਨੁਮਾਇੰਦਗੀ ਦੇ ਸਿਧਾਂਤ ਨੂੰ ਪ੍ਰਦਾਨ ਕੀਤੀ ਮਾਨਤਾ। ਫ਼ਿਰਕੂ ਨੁਮਾਇੰਦਗੀ ਬਾਰੇ ਸਿੱਖ ਆਗੂਆਂ ਦਾ ਆਪਣਾ ਹੀ ਨਜ਼ਰੀਆ ਸੀ ਜਿਸ ਨੂੰ ਬਹੁਤਾ ਤਰਕਸੰਗਤ (ਰੈਸ਼ਨਲ) ਤਾਂ ਨਹੀਂ ਕਿਹਾ ਜਾ ਸਕਦਾ ਪਰ ਇਸ ਪਿੱਛੇ ਕੰਮ ਕਰਦੇ ਉਨ੍ਹਾਂ ਦੇ ਤਰਕ ਨੂੰ ਵੀ ਮੂਲੋਂ ਹੀ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਸਿੱਖਾਂ ਨੂੰ ਇਹ ਡਰ ਸੀ ਕਿ ਜੇਕਰ ਫ਼ਿਰਕੂ ਨੁਮਾਇੰਦਗੀ ਦਾ ਅਸੂਲ ਅਮਲ ਵਿੱਚ ਲਿਆਂਦਾ ਜਾਂਦਾ ਹੈ ਤਾਂ ਇਸ ਨਾਲ ਪੰਜਾਬ ਅੰਦਰ ਮੁਸਲਮਾਨਾਂ ਦੇ ਸੰਵਿਧਾਨਕ ਗ਼ਲਬੇ ਦਾ ਰਾਹ ਪੱਧਰਾ ਹੋ ਜਾਵੇਗਾ। ਇਸ ਵਜ੍ਹਾ ਕਰਕੇ ਉਹ ਇਸ ਦੇ ਵਿਰੋਧ ਵਿੱਚ ਕਿਸੇ ਵੀ ਹੱਦ ਤਕ ਜਾਣ ਲਈ ਤਿਆਰ ਸਨ।

ਸਿੱਖਾਂ ਵੱਲੋਂ ਆਪਣੇ ਆਪ ਨੂੰ ਇਕ ਵੱਖਰੀ ਕੌਮ ਵਜੋਂ ਪੇਸ਼ ਕਰਨ ਅਤੇ ਇਸ ਬਿਨਾਅ 'ਤੇ ਆਪਣੇ ਹਿਤਾਂ ਦੀ ਸੁਰੱਖਿਆ ਲਈ ਸੰਵਿਧਾਨਕ ਉਪਾਵਾਂ ਦੀ ਮੰਗ ਕਰਨ ਦਾ ਨਤੀਜਾ ਇਹ ਨਿਕਲਿਆ ਕਿ ਬਰਤਾਨਵੀ ਹਾਕਮ ਸਿੱਖ ਨੁਕਤਾ-ਨਜ਼ਰ ਨਾਲ ਭਾਵੇਂ ਪੂਰੇ ਸਹਿਮਤ ਨਾ ਹੋਏ ਪਰ ਉਹ ਇਸ ਨੂੰ ਗੰਭੀਰਤਾ ਤੇ ਹਮਦਰਦੀ ਨਾਲ ਸੁਣਨ, ਵਿਚਾਰਨ ਜ਼ਰੂਰ ਲੱਗ ਪਏ। ਸੰਵਿਧਾਨਕ ਸੁਧਾਰਾਂ ਬਾਰੇ ਮੌਂਟੇਗ-ਚੈਲਮਜ਼ਫ਼ੋਰਡ ਰਿਪੋਰਟ (1918) ਅੰਦਰ ਸਿੱਖਾਂ ਬਾਰੇ ਸਪਸ਼ਟ ਰੂਪ ਵਿੱਚ ਇਹ ਧਾਰਨਾ ਦਰਜ ਕੀਤੀ ਗਈ ਕਿ, 'ਪੰਜਾਬ ਅੰਦਰ ਸਿੱਖ ਇਕ ਵੱਖਰੀ ਤੇ ਮਹੱਤਵਪੂਰਨ ਕੌਮ ਹੈ। ਉਹ ਭਾਰਤੀ ਫ਼ੌਜ ਨੂੰ ਬਹਾਦਰ ਤੇ ਬਹੁਮੁੱਲਾ ਅੰਸ਼ ਮੁਹੱਈਆ ਕਰਦੇ ਹਨ। ਪ੍ਰੰਤੂ ਉਹ ਹਰ ਜਗ੍ਹਾ ਘੱਟਗਿਣਤੀ ਵਿੱਚ ਹਨ ਅਤੇ ਤਜਰਬੇ ਨੇ ਦਿਖਾਇਆ ਹੈ ਕਿ ਉਹ ਅਮਲੀ ਤੌਰ 'ਤੇ ਨੁਮਾਇੰਦਗੀ ਤੋਂ ਤਕਰੀਬਨ ਵਾਂਝੇ ਹੀ ਰਹਿ ਜਾਂਦੇ ਹਨ। ਇਸ ਕਰਕੇ ਮੁਸਲਮਾਨਾਂ ਦੇ ਸਬੰਧ 'ਚ ਪਹਿਲਾਂ ਹੀ ਅਮਲ 'ਚ ਲਿਆਂਦੀ ਜਾ ਚੁੱਕੀ ਵਿਵਸਥਾ ਨੂੰ ਅਸੀਂ ਸਿੱਖਾਂ ਤਕ ਅਤੇ ਕੇਵਲ ਸਿੱਖਾਂ ਤਕ ਵਧਾਉਣ ਦੀ ਸਿਫ਼ਾਰਸ਼ ਕਰਦੇ ਹਾਂ।'[4] ਇਸ ਤਰ੍ਹਾਂ ਬਰਤਾਨਵੀ ਹਾਕਮਾਂ ਵੱਲੋਂ ਸਿੱਖਾਂ ਦਾ 'ਵੱਖਰੀ ਕੌਮ' ਦਾ ਦਾਅਵਾ ਸਿਧਾਂਤਕ ਰੂਪ 'ਚ ਪਰਵਾਨ ਕਰ ਲਿਆ ਗਿਆ। ਪ੍ਰੰਤੂ ਜਦੋਂ ਇਸ ਰਿਪੋਰਟ ਉੱਤੇ ਪੰਜਾਬ ਅਸੰਬਲੀ ਅੰਦਰ ਬਹਿਸ ਹੋਈ ਅਤੇ ਸ: ਗੱਜਣ ਸਿੰਘ, ਜੋ ਕਿ ਅਸੰਬਲੀ ਅੰਦਰ ਨਾਮਜ਼ਦ ਮੈਂਬਰ ਸੀ, ਨੇ ਮੁਸਲਿਮ ਵਰਗ ਦੇ ਪੈਟਰਨ 'ਤੇ ਸਿੱਖਾਂ ਲਈ ਵੀ ਵਿਸ਼ੇਸ਼ ਹੱਕਾਂ ਦੀ ਮੰਗ ਕੀਤੀ ਤਾਂ ਹਿੰਦੂ ਤੇ ਮੁਸਲਿਮ, ਦੋਨੋਂ ਹੀ ਵਰਗਾਂ ਦੇ ਮੈਂਬਰ ਇਸ 'ਤੇ ਅੱਗ-ਭਬੂਕਾ ਹੋ ਉੱਠੇ। ਬਾਅਦ ਵਿੱਚ ਕੇਂਦਰੀ ਕੌਂਸਲ ਅੰਦਰ ਸ: ਸੁੰਦਰ ਸਿੰਘ ਮਜੀਠੀਆ ਦੀ ਤਜਵੀਜ਼ ਦਾ ਵੀ ਇਹੀ ਹਸ਼ਰ ਹੋਇਆ।[5]

ਪੰਜਾਬ ਅੰਦਰ ਤਿੰਨੋਂ ਪ੍ਰਮੁੱਖ ਧਾਰਮਿਕ ਫ਼ਿਰਕਿਆਂ ਵੱਲੋਂ ਸਰਕਾਰੀ ਪ੍ਰਸ਼ਾਸਨ ਅੰਦਰ ਹਿੱਸੇਦਾਰੀ ਦੇ ਮਾਮਲੇ 'ਚ ਇਕ ਦੂਜੇ ਦੀ ਕਾਟਵੀਂ ਵਿਰੋਧਤਾ ਦੀ ਰਾਜਨੀਤੀ ਦੀ ਵਿਆਕਰਣ ਬੜੀ ਅਨੋਖੀ ਸੀ। ਮੁਸਲਿਮ ਵਰਗ ਭਾਰਤ ਅੰਦਰ ਜਿੰਨੇ ਜ਼ੋਰ ਨਾਲ ਆਪਣੇ ਲਈ, ਘੱਟਗਿਣਤੀ ਵਜੋਂ, ਵਿਸ਼ੇਸ਼ ਸੰਵਿਧਾਨਕ ਸੁਰੱਖਿਆਵਾਂ ਤੇ ਉਚੇਚੀਆਂ ਰਿਆਇਤਾਂ ਦੀ ਮੰਗ ਕਰ ਰਿਹਾ ਸੀ, ਉਹ ਸਿੱਖਾਂ ਦੀ ਅਜਿਹੀ ਹਰ ਮੰਗ ਦੀ ਓਨੇ ਹੀ ਜ਼ੋਰ ਨਾਲ

ਮੁਖ਼ਾਲਫ਼ਤ ਕਰ ਰਿਹਾ ਸੀ। ਵਾਧੇ ਦੀ ਗੱਲ ਇਹ ਕਿ ਉਹ ਸਿੱਖਾਂ ਨੂੰ ਹਿੰਦੂ ਵਰਗ ਨਾਲੋਂ ਵੱਖਰਾ ਭਾਈਚਾਰਾ ਮੰਨਣ ਲਈ ਤਿਆਰ ਨਹੀਂ ਸੀ। ਉਧਰ ਸਿੱਖ ਆਗੂ ਪੰਜਾਬ ਅੰਦਰ ਸਿੱਖ ਭਾਈਚਾਰੇ ਲਈ ਤਾਂ ਘੱਟਗਿਣਤੀ ਵਰਗ ਵਜੋਂ ਉਚੇਚੇ ਹੱਕਾਂ ਤੇ ਰਿਆਇਤਾਂ ਦੀ ਮੰਗ ਕਰ ਰਹੇ ਸਨ ਪਰ ਭਾਰਤ ਪੱਧਰ 'ਤੇ ਮੁਸਲਿਮ ਭਾਈਚਾਰੇ ਨੂੰ ਘੱਟਗਿਣਤੀ ਵਰਗ ਵਜੋਂ ਕੋਈ ਵੀ ਰਿਆਇਤ ਦੇਣ ਦੀ ਉਹ ਤਿੱਖੀ ਵਿਰੋਧਤਾ ਕਰ ਰਹੇ ਸਨ। ਹਿੰਦੂ ਆਗੂਆਂ ਨੇ ਦੇਸ ਪੱਧਰ 'ਤੇ ਮੁਸਲਮਾਨਾਂ ਦੇ ਮਾਮਲੇ 'ਚ ਜਿਹੜੀ ਗੱਲ ਅਸੂਲੀ ਤੇ ਅਮਲੀ ਰੂਪ 'ਚ ਕਬੂਲ ਕਰ ਲਈ ਹੋਈ ਸੀ, ਪੰਜਾਬ ਅੰਦਰ ਸਿੱਖਾਂ ਦੇ ਮਾਮਲੇ 'ਚ ਉਹ ਇਹ ਗੱਲ ਮੰਨਣਾ ਤਾਂ ਦੂਰ, ਸੁਣਨਾ ਵੀ ਪਸੰਦ ਨਹੀਂ ਸੀ ਕਰਦੇ। ਪ੍ਰਤੱਖ ਤੌਰ 'ਤੇ ਤਿੰਨਾਂ ਵਿੱਚੋਂ ਕੋਈ ਵੀ ਧਿਰ ਇਕਸਾਰ ਅਸੂਲੀ ਪੋਜ਼ੀਸ਼ਨ 'ਤੇ ਗੱਡਵੇਂ ਪੈਰੀਂ ਨਹੀਂ ਸੀ ਖੜ ਰਹੀ। ਇਸ ਥਿੜਕਵੀਂ ਤੇ ਬੇਅਸੂਲੀ ਪੈਂਤੜੇਬਾਜ਼ੀ ਦੀ ਵਜ੍ਹਾ ਕੀ ਸੀ ? ਇਸ 'ਰਹੱਸ' ਨੂੰ ਸਮਝਣ ਲਈ ਇਨ੍ਹਾਂ ਤਿੰਨਾਂ ਵਰਗਾਂ ਦੀ ਬਾਹਰਮੁਖੀ ਦਸ਼ਾ ਤੇ ਇਨ੍ਹਾਂ ਦੀਆਂ ਮੋਹਰੀ ਪਰਤਾਂ ਦੇ ਵਿਚਾਰਧਾਰਕ ਨਜ਼ਰੀਏ ਦੀ ਜਾਣਕਾਰੀ ਜ਼ਰੂਰੀ ਹੈ।

1. **ਮੁਸਲਿਮ ਵਰਗ**—ਮੁਸਲਿਮ ਵਰਗ ਭਾਰਤ ਅੰਦਰ ਹਿੰਦੂਆਂ ਦੇ ਮੁਕਾਬਲੇ ਇਕ ਕਮਜ਼ੋਰ ਘੱਟਗਿਣਤੀ ਵਰਗ ਸੀ। ਇਸ ਕਰਕੇ ਉਹ ਅਜਿਹੀ ਕਿਸੇ ਵੀ ਰਾਜਸੀ ਵਿਵਸਥਾ, ਜਿਸ ਨਾਲ ਉਸ ਉੱਤੇ ਹਿੰਦੂ ਬਹੁਗਿਣਤੀ ਦਾ ਗ਼ਲਬਾ ਕਾਇਮ ਹੁੰਦਾ ਹੋਵੇ, ਨੂੰ ਕਿਸੇ ਵੀ ਸੂਰਤ ਪਰਵਾਨ ਕਰਨ ਲਈ ਤਿਆਰ ਨਹੀਂ ਸੀ। ਉੱਤਰ-ਪੱਛਮ ਤੇ ਉੱਤਰ-ਪੂਰਬ ਦੇ ਕੁਝ ਖੇਤਰਾਂ ਅੰਦਰ ਮੁਸਲਿਮ ਵਸੋਂ ਬਹੁਗਿਣਤੀ ਵਿੱਚ ਸੀ। ਮੁਸਲਿਮ ਆਗੂਆਂ ਨੂੰ ਹਿੰਦੂ ਬਹੁਗਿਣਤੀ ਵਰਗ ਹੱਥੋਂ ਦਰਪੇਸ਼ ਰਾਜਸੀ ਖ਼ਤਰਿਆਂ ਤੇ ਚੁਣੌਤੀਆਂ ਦੀ ਤਿੱਖੀ ਸੋਝੀ ਸੀ ਅਤੇ ਉਹ ਮੁਸਲਿਮ ਭਾਈਚਾਰੇ ਦੇ ਹੱਕਾਂ ਦੀ ਰਾਖੀ ਲਈ ਅਪਣਾਈ ਜਾਣ ਵਾਲੀ ਰਾਜਸੀ ਸੇਧ ਸੰਬੰਧੀ ਸਪਸ਼ਟ ਤੇ ਅਡੋਲ ਸਨ। ਮੁਹੰਮਦ ਅਲੀ ਜਿਨਾਹ ਨੇ 'ਨਹਿਰੂ ਰਿਪੋਰਟ' (1928) ਰਾਹੀਂ ਹਿੰਦੂ ਆਗੂਆਂ ਦੇ ਮਨ ਪੜ੍ਹ ਲੈਣ ਤੋਂ ਬਾਅਦ ਮਾਰਚ 1929 ਵਿੱਚ ਦਿੱਲੀ ਵਿਖੇ ਸਰਬ ਪਾਰਟੀ ਮੁਸਲਿਮ ਕਾਨਫ਼ਰੰਸ ਬੁਲਾ ਕੇ ਜੋ 14 ਮੰਗਾਂ ਦਾ ਚਾਰਟਰ ਤਿਆਰ ਕੀਤਾ, ਉਸ ਵਿੱਚ ਮੁਸਲਿਮ ਭਾਈਚਾਰੇ ਦੀਆਂ ਉਮੰਗਾਂ, ਖ਼ਦਸ਼ਿਆਂ ਤੇ ਸਰੋਕਾਰਾਂ ਦੀ ਬਹੁਤ ਹੀ ਸਪਸ਼ਟ ਤੇ ਫਬਵੀਂ ਪੇਸ਼ਕਾਰੀ ਕੀਤੀ ਗਈ। ਹਿੰਦੂ ਆਗੂਆਂ ਦੇ ਰਵਈਏ ਤੋਂ ਉਸਨੂੰ ਇਹ ਗੱਲ ਪੂਰੀ ਤਰ੍ਹਾਂ ਸਪਸ਼ਟ ਹੋ ਗਈ ਸੀ ਕਿ ਭਾਰਤ ਤੇ ਖ਼ਾਸ ਕਰਕੇ ਉੱਤਰੀ ਭਾਰਤ ਦੇ ਮੁਸਲਮਾਨਾਂ ਦੀ ਰਾਜਸੀ ਹੋਣੀ ਦਾ ਅੰਤਮ ਨਿਬੇੜਾ ਉੱਤਰ-ਪੱਛਮ ਵਿੱਚ ਉਨ੍ਹਾਂ ਦੀ ਸੁਤੰਤਰ ਰਿਆਸਤ ਦੀ ਸਥਾਪਨਾ ਨਾਲ ਹੀ ਹੋਣਾ ਹੈ। ਉਸ ਨੇ ਭਾਰਤ ਦੇ ਮੁਸਲਮਾਨਾਂ ਲਈ ਕਾਰਜ-ਸੇਧ ਨਿਰਧਾਰਤ ਕਰਦਿਆਂ ਹੋਇਆਂ ਇਹ ਗੱਲ ਠੋਕ ਵਜਾ ਕੇ ਕਹਿ ਦਿੱਤੀ ਸੀ ਕਿ "ਇਕ ਸਭਿਆਚਾਰਕ ਸ਼ਕਤੀ ਵਜੋਂ ਇਸਲਾਮ ਦੀ ਜਿੰਦ-ਜਾਨ, ਜ਼ਿਆਦਾ ਹੱਦ ਤਕ, ਇਸ ਦੀ ਵਸੋਂ ਦੇ ਇਕ ਨਿਸ਼ਚਿਤ ਇਲਾਕੇ ਅੰਦਰ ਜਮ੍ਹਾ ਹੋਣ 'ਤੇ ਨਿਰਭਰ ਕਰਦੀ ਹੈ।"[6] ਮੁਸਲਿਮ ਵਰਗ ਦੇ ਬੁਨਿਆਦੀ ਹਿਤਾਂ ਤੇ ਨਿਸ਼ਾਨਿਆਂ ਬਾਰੇ ਇਸ ਕਦਰ ਸਪਸ਼ਟਤਾ ਹੋਣ ਸਦਕਾ ਮੁਸਲਿਮ ਆਗੂਆਂ ਨੇ ਜਦੋਜਹਿਦ ਦੇ ਸਮੁੱਚੇ ਦੌਰ ਅੰਦਰ ਬਹੁਤ ਹੀ ਅਡੋਲਤਾ, ਧੜੱਲੇ ਤੇ ਸਾਬਤਕਦਮੀ ਦਾ ਮੁਜ਼ਾਹਰਾ ਕੀਤਾ। ਉਨ੍ਹਾਂ ਆਪਣੇ ਨੀਤੀ ਪੈਂਤੜੇ ਘੜਨ ਲੱਗਿਆਂ ਕਦੇ ਕੋਈ ਦੁਬਿਧਾ ਜਾਂ ਥਿੜਕਣ ਨਹੀਂ ਦਿਖਾਈ। (ਇਸ ਦੀ ਤੁਲਨਾ ਵਿੱਚ ਸਿੱਖ ਆਗੂਆਂ ਦੇ ਰਾਜਸੀ ਵਿਹਾਰ ਬਾਰੇ ਅੱਗੇ ਚੱਲ ਕੇ ਚਰਚਾ ਕੀਤੀ ਜਾਵੇਗੀ।) ਮੁਸਲਿਮ ਆਗੂਆਂ ਦੀ ਸਮੁੱਚੀ ਜਦੋਜਹਿਦ ਦੋ ਨੁਕਤਿਆਂ 'ਤੇ ਕੇਂਦਰਤ ਰਹੀ। ਇਕ, ਜਿਸ ਜਗ੍ਹਾ ਵੀ ਉਹ ਘੱਟਗਿਣਤੀ ਵਿੱਚ ਸਨ, ਉਥੇ ਘੱਟਗਿਣਤੀ ਵਰਗ ਵਜੋਂ ਵਿਸ਼ੇਸ਼ ਹੱਕਾਂ ਦੀ ਰਾਖੀ ਲਈ ਸੰਵਿਧਾਨਕ ਉਪਾਅ ਯਕੀਨੀ ਬਣਾਉਣੇ। ਦੂਜਾ, ਆਪਣੀ ਭਾਰੂ

ਵਸੋਂ ਵਾਲੇ ਰਾਜਾਂ ਅੰਦਰ ਆਪਣੇ ਹਿਤਾਂ ਦੀ ਸੁਰੱਖਿਆ ਲਈ ਕੇਂਦਰ ਦੀਆਂ ਤਣੀਆਂ ਨੂੰ ਵੱਧ ਤੋਂ ਵੱਧ ਢਿੱਲਿਆਂ ਕਰਨ ਅਤੇ ਰਾਜਾਂ ਨੂੰ ਵੱਧ ਤੋਂ ਵੱਧ ਖ਼ੁਦਮੁਖ਼ਤਿਆਰੀ ਦੇਣ ਦੀ ਮੰਗ ਉੱਤੇ ਜ਼ੋਰ ਦੇਣਾ ਅਰਥਾਤ ਏਕਾਤਮਿਕ ਢਾਂਚੇ ਦੀ ਬਜਾਇ ਫ਼ੈਡਰਲ ਢਾਂਚੇ ਨੂੰ ਤਰਜੀਹ ਦੇਣੀ।

ਜਿਥੋਂ ਤਕ ਪੰਜਾਬ ਦੀ ਗੱਲ ਹੈ, ਇਥੇ ਹਾਲਤ ਹੋਰਨਾਂ ਥਾਵਾਂ ਨਾਲੋਂ ਅਹਿਮ ਰੂਪ 'ਚ ਵੱਖਰੀ ਸੀ। ਹੋਰਨਾਂ ਥਾਵਾਂ 'ਤੇ ਝਗੜਾ ਦੋ ਫ਼ਿਰਕਿਆਂ (ਹਿੰਦੂ ਤੇ ਮੁਸਲਮਾਨ) ਤਕ ਸੀਮਤ ਸੀ। ਪ੍ਰੰਤੂ ਪੰਜਾਬ ਅੰਦਰ ਝਗੜਾ ਤਿੰਨ ਫ਼ਿਰਕਿਆਂ ਵਿਚਕਾਰ ਸੀ। 1921 ਦੀ ਮਰਦਮਸ਼ੁਮਾਰੀ ਅਨੁਸਾਰ ਪੰਜਾਬ ਅੰਦਰ ਸਿੱਖਾਂ ਦੀ ਆਬਾਦੀ 12 ਫ਼ੀਸਦੀ, ਹਿੰਦੂਆਂ ਦੀ 35 ਫ਼ੀਸਦੀ ਅਤੇ ਮੁਸਲਮਾਨਾਂ ਦੀ 50 ਫ਼ੀਸਦੀ ਤੋਂ ਥੋੜ੍ਹਾ ਉੱਪਰ ਸੀ। ਵਸੋਂ ਦੇ ਲਿਹਾਜ਼ ਨਾਲ ਭਾਵੇਂ ਮੁਸਲਮਾਨ ਬਹੁਗਿਣਤੀ ਵਿੱਚ ਸਨ ਪ੍ਰੰਤੂ ਆਰਥਿਕ ਤੇ ਵਿਦਿਅਕ ਪੱਖ ਤੋਂ ਉਹ ਕਾਫ਼ੀ ਪੱਛੜੇ ਹੋਏ ਸਨ। ਪੰਜਾਬ ਅੰਦਰ ਉਦਯੋਗ, ਵਪਾਰ, ਵਣਜ, ਬੈਂਕਿੰਗ ਤੇ ਸ਼ਾਹੂਕਾਰਾਂ ਖੇਤਰਾਂ ਅੰਦਰ ਗ਼ੈਰ-ਮੁਸਲਿਮ ਵਰਗਾਂ ਦਾ ਹੱਥ ਉੱਤੇ ਸੀ। ਉਦਾਹਰਣ ਵਜੋਂ ਲਾਹੌਰ ਵਿੱਚ ਕੁੱਲ 186 ਗ਼ੈਰ-ਰਜਿਸਟਰਡ ਫ਼ੈਕਟਰੀਆਂ ਵਿੱਚੋਂ ਸਿਰਫ਼ 78 ਦੇ ਮਾਲਕ ਮੁਸਲਮਾਨ ਸਨ। ਗ਼ੈਰ-ਮੁਸਲਿਮ ਵਪਾਰੀ ਮੁਸਲਿਮ ਵਪਾਰੀਆਂ ਨਾਲੋਂ ਅੱਠ ਗੁਣਾ ਵੱਧ ਸੇਲ ਟੈਕਸ ਅਦਾ ਕਰਦੇ ਸਨ। ਵਪਾਰ ਤੇ ਵਣਜ ਦਾ ਤਿੰਨ ਚੁਥਾਈ ਹਿੱਸਾ ਗ਼ੈਰ-ਮੁਸਲਮਾਨਾਂ ਦੇ ਕੰਟਰੋਲ ਹੇਠ ਸੀ। ਜ਼ਰਈ ਸੈਕਟਰ ਅੰਦਰ ਸਿੱਖ ਪ੍ਰਭਾਵਸ਼ਾਲੀ ਪੋਜ਼ੀਸ਼ਨ 'ਚ ਸਨ। ਪੰਜਾਬ ਦੇ ਕੁੱਲ ਮਾਲੀਏ ਤੇ ਆਬਿਆਨੇ ਦਾ ਚਾਲ੍ਹੀ ਫ਼ੀਸਦੀ ਹਿੱਸਾ ਸਿਰਫ਼ ਸਿੱਖ ਜ਼ਿਮੀਂਦਾਰਾਂ ਵੱਲੋਂ ਅਦਾ ਕੀਤਾ ਜਾਂਦਾ ਸੀ।[7] ਲਾਹੌਰ ਡਿਵੀਜ਼ਨ ਅੰਦਰ ਅੱਧ ਦੇ ਕਰੀਬ (46 ਫ਼ੀਸਦੀ) ਮਾਲੀਆ ਸਿਰਫ਼ ਸਿੱਖ ਅਦਾ ਕਰਦੇ ਸਨ। ਸਰ ਮੈਲਕਮ ਡਾਰਲਿੰਗ ਅਨੁਸਾਰ ਪੰਜਾਬ ਦਾ ਕੁੱਲ ਜ਼ਰਈ ਕਰਜ਼ਾ ਇਸ ਵੱਲੋਂ ਅਦਾ ਕੀਤੇ ਜਾਂਦੇ ਮਾਲੀਏ ਨਾਲੋਂ ਉੱਨੀ ਗੁਣਾ ਸੀ। ਪੰਜਾਬੀ ਕਾਸ਼ਤਕਾਰ ਭਾਰਤ ਦੇ ਹੋਰ ਕਿਸੇ ਵੀ ਕਾਸ਼ਤਕਾਰ ਨਾਲੋਂ ਵੱਧ ਕਰਜ਼ਾਈ ਸੀ। ਇਸ ਕਰਜ਼ੇ ਦਾ ਅੱਧੋਂ ਵੱਧ ਬੋਝ 'ਕੱਲੇ ਮੁਸਲਿਮ ਕਾਸ਼ਤਕਾਰ ਦੇ ਸਿਰ 'ਤੇ ਸੀ। ਮੁਲਤਾਨ ਤੇ ਰਾਵਲਪਿੰਡੀ ਡਿਵੀਜ਼ਨਾਂ ਦੇ ਮੁਸਲਿਮ ਕਾਸ਼ਤਕਾਰ ਹਿੰਦੂ ਤੇ ਸਿੱਖ ਸ਼ਾਹੂਕਾਰਾਂ-ਸੂਦਖ਼ੋਰਾਂ ਦੀ ਜਕੜ ਵਿੱਚ ਸਨ। ਉਸ ਵੇਲੇ ਸਾਰੇ ਬਾਲਗ਼ ਵਿਅਕਤੀਆਂ ਨੂੰ ਵੋਟ ਦਾ ਅਧਿਕਾਰ ਨਹੀਂ ਸੀ। ਵੋਟ ਦਾ ਹੱਕ ਜਾਇਦਾਦ ਤੇ ਵਿਦਿਆ ਦੇ ਆਧਾਰ 'ਤੇ ਤੈਅ ਹੁੰਦਾ ਸੀ। ਇਸ ਕਰਕੇ ਮੁਸਲਿਮ ਵਰਗ ਦੀ ਵੋਟ ਸ਼ਕਤੀ ਸਿਰਫ਼ ਚਾਲ੍ਹੀ ਫ਼ੀਸਦੀ ਸੀ ਜਦ ਕਿ ਉਸ ਦੀ ਵਸੋਂ 50 ਫ਼ੀਸਦੀ ਤੋਂ ਵੀ ਉੱਪਰ ਸੀ। ਇਸ ਦੇ ਮੁਕਾਬਲੇ ਸਿੱਖਾਂ ਦੀ ਵਸੋਂ ਭਾਵੇਂ 12 ਫ਼ੀਸਦੀ ਸੀ ਪਰ ਉਨ੍ਹਾਂ ਦੀ ਵੋਟ-ਸ਼ਕਤੀ ਇਸ ਨਾਲੋਂ ਦੁਗਣੀ ਅਰਥਾਤ 24 ਫ਼ੀਸਦੀ ਸੀ।[8] ਮੁਸਲਿਮ ਭਾਈਚਾਰੇ ਦੀ ਇਸ ਘਾਟੇਵੰਦੀ ਹਾਲਤ ਕਾਰਨ ਹੀ ਇਸ ਦੇ ਆਗੂਆਂ ਵੱਲੋਂ ਸੂਬਾਈ ਤੇ ਕੇਂਦਰੀ ਪ੍ਰੀਸ਼ਦਾਂ ਅੰਦਰ ਮੁਸਲਮਾਨਾਂ ਵਾਸਤੇ ਨਿਸ਼ਚਿਤ ਮਾਤਰਾ ਵਿੱਚ ਸੀਟਾਂ ਰਾਖਵੀਆਂ ਕਰਨ ਅਤੇ ਸਰਬ-ਸਾਂਝੇ ਚੋਣ ਖੇਤਰਾਂ ਦੀ ਥਾਂ, ਇਸ ਦੇ ਲਈ ਵੱਖਰੇ ਚੋਣ ਖੇਤਰਾਂ ਦੀ ਮੰਗ ਕੀਤੀ ਜਾ ਰਹੀ ਸੀ। ਸਾਈਮਨ ਕਮਿਸ਼ਨ (1930) ਸਾਹਮਣੇ ਮੁਸਲਿਮ ਭਾਈਚਾਰੇ ਦਾ ਪੱਖ ਪੇਸ਼ ਕਰਨ ਲਈ ਪੰਜਾਬ ਵਿਧਾਨ ਪ੍ਰੀਸ਼ਦ ਵੱਲੋਂ ਕਾਇਮ ਕੀਤੀ ਗਈ ਕਮੇਟੀ ਨੇ ਇਸ ਸੰਬੰਧੀ ਆਪਣੇ ਵਿਚਾਰਾਂ ਦੀ ਵਜ਼ਾਹਤ ਕਰਦਿਆਂ ਹੋਇਆਂ ਜ਼ੋਰ ਨਾਲ ਇਹ ਗੱਲ ਆਖੀ ਕਿ, "ਆਰਥਿਕ ਤੇ ਵਿਦਿਅਕ ਪੱਖੋਂ ਪੱਛੜੇ ਵਰਗ ਦੇ ਹਿਤ ਉਨਾ ਚਿਰ ਮਹਿਫ਼ੂਜ਼ ਨਹੀਂ ਹੋ ਸਕਦੇ ਜਿੰਨਾ ਚਿਰ ਉਨ੍ਹਾਂ ਨੂੰ ਆਪਣੇ ਨੁਮਾਇੰਦੇ ਚੁਣਨ ਦੀ ਆਜ਼ਾਦੀ ਨਹੀਂ। ਜੇਕਰ ਸਰਬ-ਸਾਂਝੇ ਚੋਣ ਖੇਤਰ ਬਣਾਏ ਜਾਂਦੇ ਹਨ ਤਾਂ ਸੂਦਖ਼ੋਰ ਤੇ ਧਨਾਢ ਵਰਗ ਪੱਛੜੇ ਤੇ ਗ਼ਰੀਬ ਤਬਕਿਆਂ

ਦੇ ਵੋਟਰਾਂ ਨੂੰ ਭਰਮਾਉਣ ਵਿੱਚ ਕਾਮਯਾਬ ਹੋ ਜਾਵੇਗਾ। ਜਿਸ ਦਾ ਅਮਲੀ ਨਤੀਜਾ ਇਹ ਹੋਵੇਗਾ ਕਿ ਪਛੜੇ ਵਰਗ ਪ੍ਰੀਸ਼ਦ ਵਿੱਚ ਨੁਮਾਇੰਦਗੀ ਤੋਂ ਵਿਰਵੇ ਰਹਿ ਜਾਣਗੇ।" ਇਸ ਦਲੀਲ ਮੱਤ ਦੇ ਆਧਾਰ 'ਤੇ ਹੀ 'ਲਖਨਊ ਪੈਕਟ' (1916) ਤੇ 'ਕਮਿਊਨਲ ਐਵਾਰਡ' (1932) ਵਿੱਚ ਪੰਜਾਬ ਅੰਦਰ ਮੁਸਲਮਾਨਾਂ ਲਈ 51 ਫ਼ੀਸਦੀ ਸੀਟਾਂ ਰਾਖਵੀਆਂ ਕਰਨ ਦੀ ਵਿਵਸਥਾ ਪਰਵਾਨ ਕੀਤੀ ਗਈ ਸੀ।[9]

ਪ੍ਰੰਤੂ ਜਿਵੇਂ ਮੁਸਲਿਮ ਭਾਈਚਾਰੇ ਨੂੰ ਕੁੱਲ ਹਿੰਦ ਪੱਧਰ 'ਤੇ ਹਿੰਦੂ ਬਹੁਗਿਣਤੀ ਦਾ ਗ਼ਲਬਾ ਕਬੂਲ ਨਹੀਂ ਸੀ, ਉਵੇਂ ਹੀ ਸਿੱਖ ਭਾਈਚਾਰੇ ਨੂੰ ਪੰਜਾਬ ਅੰਦਰ ਮੁਸਲਮਾਨਾਂ ਦਾ ਸੰਵਿਧਾਨਕ ਜੂਲਾ ਕਤਈ ਤੌਰ 'ਤੇ ਪਰਵਾਨ ਨਹੀਂ ਸੀ। ਇਥੇ ਵਿਵੇਕਸ਼ੀਲਤਾ ਉੱਤੇ ਜਜ਼ਬੇ ਭਾਰੂ ਸਨ। ਵਰਤਮਾਨ ਉੱਤੇ ਅਤੀਤ ਹਾਵੀ ਸੀ। ਸਿੱਖ ਕੌਮ ਦੀ ਮੁਗ਼ਲਸ਼ਾਹੀ ਨਾਲ ਟੱਕਰ ਤੇ ਦੁਸ਼ਮਣੀ ਦਾ ਲੰਮਾ ਇਤਿਹਾਸ ਅਤੇ ਮੁਗ਼ਲ ਰਾਜ ਦੌਰਾਨ ਖ਼ਾਲਸਾ ਪੰਥ ਉੱਤੇ ਢਾਹੇ ਗਏ ਵਹਿਸ਼ੀ ਜਬਰ ਦੀਆਂ ਕੁਸੈਲੀਆਂ ਯਾਦਾਂ ਵਰਤਮਾਨ ਉੱਤੇ ਆਪਣਾ ਗੂੜ੍ਹਾ ਅਸਰ ਛੱਡ ਰਹੀਆਂ ਸਨ। ਪੰਜਾਬ ਅੰਦਰ ਮੁਸਲਮਾਨਾਂ ਦੇ ਮੁੜ ਰਾਜ ਭਾਗ 'ਤੇ ਕਾਬਜ਼ ਹੋ ਜਾਣ ਦੀ ਕਲਪਨਾ ਹੀ ਸਿੱਖ ਮਨ ਨੂੰ ਧੁੜਕੂ ਲਾ ਦਿੰਦੀ ਸੀ। ਉਸ ਵੇਲੇ ਦੀ ਸਿੱਖ ਲੀਡਰਸ਼ਿਪ, ਜੋ ਜ਼ਿਆਦਾ ਕਰਕੇ ਪੜ੍ਹੇ-ਲਿਖੇ ਗ਼ੈਰ-ਕਾਸ਼ਤਕਾਰ ਵਰਗ ਵਿੱਚੋਂ ਸੀ, ਖ਼ਾਸ ਤੌਰ 'ਤੇ ਮੁਸਲਿਮ ਵਿਰੋਧੀ ਭਾਵਨਾਵਾਂ ਦਾ ਸ਼ਿਕਾਰ ਸੀ। ਸਿੱਖ ਵਰਗ ਲਈ ਨੀਤੀ ਪੈਂਤੜੇ ਤੈਅ ਕਰਨ ਲੱਗਿਆਂ, ਉਹ ਸਿੱਖ ਹਿਤਾਂ ਨੂੰ ਪ੍ਰਮੁੱਖ ਰੱਖਣ ਦੀ ਸਕਾਰਾਤਮਿਕ ਪਹੁੰਚ ਅਪਣਾਉਣ ਦੀ ਬਜਾਇ, ਮੁਸਲਿਮ ਲੀਗ ਦੀਆਂ ਮੰਗਾਂ ਤੇ ਪੋਜ਼ੀਸ਼ਨਾਂ ਦਾ ਵਿਰੋਧ ਕਰਨ ਦੀ ਨਿਖੇਧਾਤਮਿਕ ਪਹੁੰਚ ਅਪਣਾ ਕੇ ਚੱਲਦੀ ਸੀ। ਸਿੱਖ ਆਗੂਆਂ ਵੱਲੋਂ ਪੰਜਾਬ ਅਸੰਬਲੀ ਤੇ ਸਰਕਾਰੀ ਪ੍ਰਸ਼ਾਸਨ ਅੰਦਰ ਅੱਡ-ਅੱਡ ਧਾਰਮਿਕ ਵਰਗਾਂ ਦੀ ਹਿੱਸੇ ਪੱਤੀ ਬਾਰੇ ਜੋ ਵੀ ਫ਼ਾਰਮੂਲਾ ਜਾਂ ਤਜਵੀਜ਼ ਪੇਸ਼ ਕੀਤੀ ਜਾਂਦੀ ਸੀ ਉਸ ਦਾ ਇਕ ਮਾਤਰ ਉਦੇਸ਼ ਪੰਜਾਬ ਅੰਦਰ ਮੁਸਲਿਮ ਵਰਗ ਨੂੰ ਸੰਵਿਧਾਨਕ ਘੱਟਗਿਣਤੀ ਦੀ ਪੋਜ਼ੀਸ਼ਨ 'ਚ ਲਿਆ ਸੁੱਟਣਾ ਸੀ। ਸਿੱਖ ਲੀਡਰਸ਼ਿਪ ਦੀ ਇਹ ਨਿਖੇਧਾਤਮਿਕ ਪਹੁੰਚ ਮੁਸਲਿਮ ਵਰਗ ਤੇ ਉਸ ਦੇ ਆਗੂਆਂ ਅੰਦਰ ਮੋੜਵਾਂ ਪ੍ਰਤੀਕਰਮ ਪੈਦਾ ਕਰਦੀ ਸੀ। ਗੱਲ ਸਿੱਖ ਆਗੂਆਂ ਦੇ ਨੁਮਾਇੰਦਗੀ ਸੰਬੰਧੀ ਸੁਝਾਏ ਫ਼ਾਰਮੂਲਿਆਂ ਨੂੰ ਰੱਦ ਕਰਨ ਤਕ ਹੀ ਸੀਮਤ ਨਾ ਰਹੀ। ਮੁਸਲਿਮ ਲੀਡਰਸ਼ਿਪ ਸਿੱਖਾਂ ਦੇ ਹਿੰਦੂਆਂ ਨਾਲੋਂ ਅੱਡਰੀ ਹਸਤੀ ਦੇ ਦਾਅਵੇ ਨੂੰ ਵੀ ਸ਼ੱਕ ਦੀ ਨਿਗਾਹ ਨਾਲ ਦੇਖਣ ਲੱਗ ਪਈ। ਪੰਜਾਬ ਦੇ ਪ੍ਰਸਿੱਧ ਮੁਸਲਿਮ ਲੀਗੀ ਆਗੂ ਮੁਹੰਮਦ ਸ਼ਫ਼ੀ ਨੇ ਸਾਈਮਨ ਕਮਿਸ਼ਨ (1930) ਅੱਗੇ ਬਿਆਨ ਦਿੰਦਿਆਂ ਮੁਸਲਿਮ ਆਗੂਆਂ ਦੀ ਇਹ ਪੋਜ਼ੀਸ਼ਨ ਦੁਹਰਾਈ ਕਿ ਸਿੱਖ "ਹਿੰਦੂਆਂ ਦਾ ਹੀ ਇਕ ਫ਼ਿਰਕਾ ਹਨ" ਅਤੇ ਉਨ੍ਹਾਂ ਵੱਲੋਂ ਹਿੰਦੂਆਂ ਨਾਲੋਂ ਜੋ "ਨਿਖੇੜੇ ਦੀ ਗੱਲ" ਕੀਤੀ ਜਾ ਰਹੀ ਹੈ ਉਹ "ਸਿਆਸੀ ਮੰਤਵ ਨੂੰ ਮੁੱਖ ਰੱਖ ਕੇ" ਹੀ ਕੀਤੀ ਜਾ ਰਹੀ ਹੈ ਜਿਸ ਦਾ ਉਦੇਸ਼ "ਮੁਸਲਮਾਨਾਂ ਨੂੰ ਬਹੁਗਿਣਤੀ ਪੋਜ਼ੀਸ਼ਨ ਤੋਂ ਹੇਠਾਂ ਸੁੱਟਣਾ ਹੈ।" ਮੁਹੰਮਦ ਸ਼ਫ਼ੀ ਨੇ ਸਿੱਖਾਂ ਦੀ ਹਿੰਦੂਆਂ ਨਾਲੋਂ 'ਵੱਖਰੀ ਕੌਮ' ਦੀ ਧਾਰਨਾ ਨੂੰ ਨਾ ਸਿਰਫ਼ 'ਬਣਾਉਟੀ' ਕਰਾਰ ਦਿੱਤਾ ਸਗੋਂ ਇਸ ਨੂੰ ਹਿੰਦੂ ਮਹਾਂ ਸਭਾ ਦੀ 'ਮਨੋਘਾੜਤ' ਕਹਿ ਕੇ ਭੰਡਿਆ।[10]

2. ਹਿੰਦੂ ਵਰਗ—ਸਿੱਖਾਂ ਵਾਂਗ ਹੀ ਪੰਜਾਬ ਦਾ ਹਿੰਦੂ ਵਰਗ ਵੀ ਪੰਜਾਬ ਅੰਦਰ ਮੁਸਲਮਾਨਾਂ ਦੀ ਸੰਵਿਧਾਨਕ ਤੌਰ 'ਤੇ ਭਾਰੂ ਹੈਸੀਅਤ ਕਬੂਲ ਕਰਨ ਲਈ ਰਾਜ਼ੀ ਨਹੀਂ ਸੀ। ਪਰ ਸਿੱਖਾਂ ਨਾਲ ਏਨੀ ਕੁ ਸਾਂਝ ਪੁਗਾਉਂਦਾ ਹੋਇਆ ਉਹ ਸਿੱਖ ਆਗੂਆਂ ਦੀਆਂ, ਸਿੱਖਾਂ ਨੂੰ ਹਿੰਦੂਆਂ ਨਾਲ ਵੱਖਰੇ ਦਰਸਾਉਂਦੀਆਂ ਸਿਧਾਂਤਕ ਪੋਜ਼ੀਸ਼ਨਾਂ ਦਾ ਤਿੱਖਾ ਵਿਰੋਧ ਕਰਦਾ ਸੀ। ਅਸਲ ਵਿੱਚ ਪੰਜਾਬ ਦਾ ਹਿੰਦੂ, ਸਿੱਖ ਭਾਈਚਾਰੇ ਨਾਲ ਸਿੰਘ ਸਭਾ ਲਹਿਰ

ਵੇਲੇ ਤੋਂ ਸ਼ੁਰੂ ਹੋਈ ਆਪਣੀ ਵਿਚਾਰਧਾਰਕ ਲੜਾਈ ਨੂੰ ਹੀ ਜਾਰੀ ਰੱਖ ਰਿਹਾ ਸੀ। ਮਸਲਾ ਮਰਦਮਸ਼ੁਮਾਰੀ ਮੌਕੇ ਜਾਂ ਗੁਰਦੁਆਰਾ ਬਿੱਲ ਤਿਆਰ ਕਰਨ ਮੌਕੇ 'ਸਿੱਖ' ਦੀ ਪਰਿਭਾਸ਼ਾ ਦਾ ਹੋਵੇ, ਆਨੰਦ ਮੈਰਿਜ ਐਕਟ (1909) ਦਾ ਜਾਂ ਖ਼ਾਲਸਾ ਕਾਲਜ (ਅੰਮ੍ਰਿਤਸਰ) ਦੀ ਸਥਾਪਨਾ (1892) ਦਾ ਹੋਵੇ, ਗੁਰਦੁਆਰਿਆਂ ਅੰਦਰ ਪ੍ਰਚਲਤ ਗੁਰਮਤਿ ਵਿਰੋਧੀ ਰਹੁ-ਰੀਤਾਂ ਨੂੰ ਸੁਧਾਰਨ ਜਾਂ ਸਰਕਾਰੀ ਪ੍ਰਸ਼ਾਸਨ ਅੰਦਰ ਸਿੱਖ ਵਰਗ ਦੀ ਢੁਕਵੀਂ ਨੁਮਾਇੰਦਗੀ ਦੀ ਮੰਗ ਦਾ ਹੋਵੇ, ਪੰਜਾਬ ਦੇ ਹਿੰਦੂ ਵਰਗ ਨੇ ਹਰ ਮਸਲੇ 'ਤੇ ਸਿੱਖ ਵਿਰੋਧੀ ਪੈਂਤੜਾ ਅਪਣਾਇਆ। 1910 ਵਿੱਚ ਪੰਜਾਬੀ ਹਿੰਦੂ ਕਾਨਫ਼ਰੰਸ ਨੇ ਸਿੱਖਾਂ ਨੂੰ ਹਿੰਦੂ ਧਰਮ ਦਾ ਹੀ ਇਕ ਫ਼ਿਰਕਾ ਮੰਨਣ ਵਾਲੇ ਬਾਬਾ ਗੁਰਬਖ਼ਸ਼ ਸਿੰਘ ਬੇਦੀ ਰਾਹੀਂ ਇਹ ਗੁੰਮਰਾਹਕੁੰਨ ਨਿਰਣਾ ਮੁੜ ਦੁਹਰਾਇਆ ਕਿ "ਸਿੱਖੀ ਹਿੰਦੂ ਮੱਤ ਦਾ ਹੀ ਸ਼ਕਤੀਵਾਨ ਅੰਗ ਹੈ।" ਤੱਤ ਖ਼ਾਲਸਾ ਨੇ ਹਿੰਦੂ ਕਾਨਫ਼ਰੰਸ ਦੇ ਇਸ ਮੰਦਨੀਤੇ ਦਾਅਵੇ ਦਾ ਜਚਵਾਂ ਸਿਧਾਂਤਕ ਜੁਆਬ ਦਿੱਤਾ। ਪਰ ਅਗਲੇ ਹੀ ਸਾਲ ਨਾ ਸਿਰਫ਼ ਹਿੰਦੂ ਕਾਨਫ਼ਰੰਸ ਨੇ ਮੁੜ ਓਹੀ ਰੱਟ ਦੁਹਰਾਈ ਸਗੋਂ ਕਾਨਫ਼ਰੰਸ ਦੀ ਜਗ੍ਹਾ ਗਿਣ-ਮਿਥ ਕੇ ਅੰਮ੍ਰਿਤਸਰ ਰੱਖੀ ਗਈ, ਜਿੱਥੇ ਦਰਬਾਰ ਸਾਹਿਬ ਦੇ ਤਤਕਾਲੀਨ ਸਰਬਰਾਹ (ਮੈਨੇਜਰ) ਅਰੂੜ ਸਿੰਘ ਦੀ ਹਾਜ਼ਰੀ ਵਿੱਚ ਪਰਧਾਨ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਾਨਫ਼ਰੰਸ ਦੀ 'ਗੁਰੂ ਦੀ ਨਗਰੀ' ਵਿੱਚ ਕਰਨ ਦੀ ਅਹਿਮੀਅਤ ਦਰਸਾਉਂਦਿਆਂ ਹੋਇਆਂ ਸਿੱਖਾਂ ਨੂੰ ਹਿੰਦੂ ਭਾਈਚਾਰੇ ਦਾ ਹੀ ਅਟੁੱਟ ਅੰਗ ਕਰਾਰ ਦਿੱਤਾ।[11]

ਨਵੰਬਰ 1917 ਵਿੱਚ ਪੰਜਾਬ ਦੀ ਸੂਬਾਈ ਕਾਂਗਰਸ ਕਮੇਟੀ (ਜਿਸ 'ਤੇ ਆਰੀਆ ਸਮਾਜੀ ਹਿੰਦੂ ਲਾਣਾ ਹਾਵੀ ਸੀ) ਨੇ ਸਿੱਖਾਂ ਵੱਲੋਂ ਆਪਣੇ ਹਿਤਾਂ ਨੂੰ ਮਹਿਫ਼ੂਜ਼ ਰੱਖਣ ਲਈ ਪੇਸ਼ ਕੀਤੀਆਂ ਜਾ ਰਹੀਆਂ ਮੰਗਾਂ ਤੇ ਤਜਵੀਜ਼ਾਂ ਦਾ ਇਹ ਕਹਿੰਦਿਆਂ ਹੋਇਆਂ ਵਿਰੋਧ ਕੀਤਾ ਕਿ ਸਿੱਖ 'ਵਡੇਰੇ ਹਿੰਦੂ ਭਾਈਚਾਰੇ ਦਾ ਹੀ ਅਟੁੱਟ ਅੰਗ ਹਨ।'[12] ਲਾਲਾ ਲਾਜਪਤ ਰਾਏ ਵੱਲੋਂ ਚਲਾਏ ਜਾ ਰਹੇ 'ਪੰਜਾਬੀ' ਨਾਂ ਦੇ ਆਰੀਆ ਸਮਾਜੀ ਪਰਚੇ ਨੇ ਅਕਤੂਬਰ 1917 ਦੇ ਅੰਕ ਵਿੱਚ ਚੀਫ਼ ਖ਼ਾਲਸਾ ਦੀਵਾਨ ਦੇ ਯਾਦ-ਪੱਤਰ (ਜੋ 'ਲਖਨਊ ਪੈਕਟ' ਦੇ ਪ੍ਰਤੀਕਰਮ 'ਚੋਂ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨੂੰ ਸੌਂਪਿਆ ਗਿਆ ਸੀ) ਉੱਤੇ ਤਿੱਖੀ ਚੋਟ ਕਰਦਿਆਂ ਲਿਖਿਆ, "ਇਸ ਯਾਦ-ਪੱਤਰ ਦੀ ਸਭ ਤੋਂ ਨਿਰਾਸ਼ਾਜਨਕ ਗੱਲ, ਇਸ ਵੱਲੋਂ ਲਗਾਤਾਰ ਫ਼ਿਰਕੂ ਦਾਅਵਿਆਂ ਦਾ ਦੁਹਰਾਇਆ ਜਾਣਾ ਹੈ। ਇਹ ਤਹਿਰੀਕ ਸਰਾਸਰ ਸ਼ਰਾਰਤਪੂਰਨ ਹੈ। ਇਸ ਨਾਲ ਕੱਖ ਨਹੀਓਂ ਸੌਰਨਾ... ਅਸੀਂ ਹਮੇਸ਼ਾ ਹੀ ਸਿੱਖ ਭਾਈਚਾਰੇ ਨੂੰ ਵਿਸ਼ਾਲ ਹਿੰਦੂ ਪਰਿਵਾਰ ਦਾ ਅਨਿੱਖੜਵਾਂ ਅੰਗ ਸਮਝਿਆ ਹੈ...।"[13] *ਟ੍ਰਿਬਿਊਨ* ਨੇ ਵੀ ਇਹੋ ਭਾਸ਼ਾ ਬੋਲਦਿਆਂ ਹੋਇਆਂ ਲਿਖਿਆ ਕਿ ਸਿੱਖ ਮੁਸਲਮਾਨਾਂ ਦੀ ਰੀਸ ਨਹੀਂ ਕਰ ਸਕਦੇ ਕਿਉਂਕਿ "ਉਹ ਕਈ ਸਾਰੇ ਪੱਖਾਂ ਤੋਂ ਵਿਸ਼ਾਲ ਹਿੰਦੂ ਭਾਈਚਾਰੇ ਦਾ ਹੀ ਅਟੁੱਟ ਅੰਗ ਹਨ।"[14]

1921 (ਮਾਰਚ-ਅਪ੍ਰੈਲ) ਵਿੱਚ ਜਦ ਪੰਜਾਬ ਅਸੰਬਲੀ ਅੰਦਰ ਗੁਰਦੁਆਰਾ ਸੁਧਾਰ ਬਿੱਲ ਉੱਤੇ ਬਹਿਸ ਹੋਈ ਤਾਂ ਹਿੰਦੂ ਮੈਂਬਰਾਂ ਨੇ ਸਿੱਖਾਂ ਨੂੰ ਹਿੰਦੂ ਭਾਈਚਾਰੇ ਦਾ ਹੀ ਅੰਗ ਗਰਦਾਨਦਿਆਂ ਹੋਇਆਂ ਗੁਰਦੁਆਰਾ ਸੁਧਾਰ ਲਹਿਰ ਦੇ ਉਦੇਸ਼ਾਂ ਦਾ ਜ਼ੋਰਦਾਰ ਵਿਰੋਧ ਕੀਤਾ। ਮਹੰਤ ਨਰਾਇਣ ਦਾਸ ਦੀ ਖੁੱਲ੍ਹੇਆਮ ਹਮਾਇਤ ਕਰਨ ਵਾਲੇ ਬਾਬਾ ਕਰਤਾਰ ਸਿੰਘ ਬੇਦੀ ਦੇ ਭਰਾ ਹਰਦਿੱਤ ਸਿੰਘ ਬੇਦੀ ਨੇ ਗੁਰਦੁਆਰਿਆਂ ਦਾ ਪ੍ਰਬੰਧ ਉਦਾਸੀ ਮਹੰਤਾਂ ਦੇ ਹੀ ਹੱਥਾਂ 'ਚ ਬਣੇ ਰਹਿਣ ਦੀ ਜ਼ੋਰਦਾਰ ਵਕਾਲਤ ਕੀਤੀ ਜਿਸ ਦੀ ਕੌਂਸਲ ਅੰਦਰਲੇ ਹਿੰਦੂ ਮੈਂਬਰਾਂ ਨੇ ਡਟਵੀਂ ਹਮਾਇਤ ਕੀਤੀ। ਗਣਪਤ ਰਾਇ ਨਾਂ ਦੇ ਇਕ ਮੈਂਬਰ, ਜੋ ਆਪਣੇ ਆਪ ਨੂੰ ਸਹਿਜਧਾਰੀ ਸਿੱਖ ਅਖਵਾਉਂਦਾ ਸੀ, ਨੇ ਗੁਰਦੁਆਰਾ ਸੁਧਾਰ ਲਹਿਰ ਨੂੰ ਸਮੁੱਚੇ

ਸਿੱਖਾਂ ਦੀ ਨਹੀਂ, ਸਿੱਖਾਂ ਦੇ 'ਇਕ ਫ਼ਿਰਕੇ' ਦੀ ਲਹਿਰ ਦੱਸਿਆ ਅਤੇ ਇਸ ਨੂੰ ਉਨ੍ਹਾਂ ਵੱਲੋਂ 'ਆਪਣੇ ਪੂਜਾ ਪਾਠ ਦੇ ਢੰਗ ਨੂੰ ਹੋਰਨਾਂ 'ਤੇ ਜਬਰੀ ਮੜ੍ਹਨ' ਦੀ ਕਾਰਵਾਈ ਦੱਸਿਆ। ਗੁਰਦੁਆਰਾ ਬਿੱਲ ਪਾਸ ਹੋ ਜਾਣ ਉਪਰੰਤ ਲਾਹੌਰ ਹਿੰਦੂ ਸਭਾ ਦੀ ਕੌਂਸਲ ਨੇ ਮਤਾ ਪਾ ਕੇ ਮੰਗ ਕੀਤੀ ਕਿ ਗੁਰਦੁਆਰਾ ਕਮਿਸ਼ਨ ਅੰਦਰ 'ਹਿੰਦੂਆਂ ਨੂੰ ਵੀ ਯੋਗ ਨੁਮਾਇੰਦਗੀ' ਦਿੱਤੀ ਜਾਵੇ। ਪੇਸ਼ਾਵਰ ਦੀ ਹਿੰਦੂ ਸਭਾ ਦੀ ਕਾਰਜਕਾਰਨੀ ਨੇ ਵੀ ਗੁਰਦੁਆਰਿਆਂ ਦੇ ਪ੍ਰਬੰਧ ਅੰਦਰ ਹਿੰਦੂਆਂ ਦੀ ਸ਼ਮੂਲੀਅਤ ਯਕੀਨੀ ਬਣਾਉਣ ਦੀ ਮੰਗ ਕੀਤੀ। ਪੰਜਾਬ ਹਿੰਦੂ ਸਭਾ ਦੇ ਪ੍ਰਧਾਨ ਰਾਜਾ ਨਰੇਂਦਰ ਨਾਥ ਨੇ ਪੰਜਾਬ ਅਸੰਬਲੀ ਅੰਦਰ ਨਿਰਮਲੇ ਤੇ ਉਦਾਸੀ ਮਹੰਤਾਂ ਦਾ ਡੱਟ ਕੇ ਪੱਖ ਪੂਰਿਆ।[15]

ਇਸ ਤਰ੍ਹਾਂ ਪੰਜਾਬ ਦਾ ਹਿੰਦੂ ਵਰਗ, ਆਪਣੀ ਤੁਅੱਸਬੀ ਸੋਚ ਅਤੇ ਫ਼ਿਰਕੂ ਜ਼ਹਿਨੀਅਤ ਸਦਕਾ ਸਿੱਖ ਕੌਮ ਦੀਆਂ ਮੰਗਾਂ ਤੇ ਦਾਅਵਿਆਂ ਦਾ ਪੁਰਜ਼ੋਰ ਵਿਰੋਧ ਕਰਦਾ ਰਿਹਾ। ਇਹ ਸਿਲਸਿਲਾ 1947 ਤਕ ਨਿਰੰਤਰ ਜਾਰੀ ਰਿਹਾ। ਸੰਤਾਲੀ ਤੋਂ ਬਾਅਦ ਹੁਕਮਰਾਨ ਵਰਗ ਬਣਨ ਨਾਲ ਉਸ ਦੀ ਇਸ ਫ਼ਿਰਕੂ ਸੋਚਣੀ ਨੂੰ ਹੋਰ ਪਾਣ ਚੜ੍ਹ ਗਈ।

3. **ਸਿੱਖ ਵਰਗ**—ਅਣਵੰਡੇ ਪੰਜਾਬ ਅੰਦਰ ਸਿੱਖ ਕੌਮ, ਆਬਾਦੀ ਦੇ ਲਿਹਾਜ਼ ਨਾਲ, ਦੂਸਰੇ ਧਾਰਮਿਕ ਵਰਗਾਂ ਦੀ ਤੁਲਨਾ ਵਿੱਚ ਕਾਫ਼ੀ ਘਾਟੇਵੰਦੀ ਪੋਜ਼ੀਸ਼ਨ ਵਿੱਚ ਸੀ। ਇਕ ਤਾਂ ਪੰਜਾਬ ਅੰਦਰ ਕੁੱਲ ਸਿੱਖ ਵਸੋਂ ਮਸੀਂ 50-55 ਲੱਖ ਸੀ ਜੋ ਪੰਜਾਬ ਦੀ ਸਮੁੱਚੀ ਵਸੋਂ ਦੀ 12 ਫ਼ੀਸਦੀ ਤੋਂ ਵੀ ਘੱਟ ਸੀ। ਦੂਜਾ, ਭਾਵੇਂ ਕੇਂਦਰੀ ਜ਼ਿਲ੍ਹਿਆਂ ਅੰਦਰ ਸਿੱਖ ਚੋਖੀ ਗਿਣਤੀ ਵਿੱਚ ਸਨ ਪ੍ਰੰਤੂ ਸਾਰੇ ਪੰਜਾਬ ਅੰਦਰ ਉਨ੍ਹਾਂ ਦੀ ਕਿਸੇ ਇਕ ਵੀ ਜ਼ਿਲ੍ਹੇ ਅੰਦਰ ਬਹੁਗਿਣਤੀ ਨਹੀਂ ਸੀ। ਇਸ ਗ਼ੈਰ-ਲਾਹੇਵੰਦੀ ਹਾਲਤ ਕਾਰਨ ਸਿੱਖਾਂ ਨੂੰ ਚੁਣੇ ਹੋਏ ਅਦਾਰਿਆਂ ਅੰਦਰ ਯੋਗ ਨੁਮਾਇੰਦਗੀ ਮਿਲਣੀ ਨਾ ਸਿਰਫ਼ ਮੁਸ਼ਕਲ ਸਗੋਂ ਨਾਮੁਮਕਿਨ ਬਣੀ ਹੋਈ ਸੀ। ਵੋਟਾਂ ਜ਼ਿਆਦਾਤਰ ਫ਼ਿਰਕੂ ਲੀਹਾਂ 'ਤੇ ਪੈਣ ਕਰਕੇ ਸਿੱਖ ਉਮੀਦਵਾਰਾਂ ਦਾ ਸਫਲ ਹੋ ਸਕਣਾ ਅਤੀ ਮੁਸ਼ਕਲ ਸੀ। 1909 ਵਿੱਚ ਪੰਜਾਬ ਅਸੰਬਲੀ ਦੀਆਂ ਤਿੰਨੇ ਖੁੱਲ੍ਹੀਆਂ ਸੀਟਾਂ ਮੁਸਲਿਮ ਉਮੀਦਵਾਰਾਂ ਨੂੰ ਚਲੀਆਂ ਗਈਆਂ। 1912 ਵਿੱਚ ਛੇਆਂ ਸੀਟਾਂ 'ਚੋਂ ਇਕ 'ਤੇ ਹੀ ਸਿੱਖ ਉਮੀਦਵਾਰ ਸਫਲ ਹੋ ਸਕਿਆ। 1916 ਵਿੱਚ ਗਿਆਰਾਂ 'ਚੋਂ ਸਿੱਖਾਂ ਦੇ ਹੱਥ ਇਕ ਵੀ ਸੀਟ ਨਾ ਲੱਗੀ। 1883-84 ਵਿੱਚ 96 ਨਗਰਪਾਲਿਕਾਵਾਂ 'ਚੋਂ ਹਿੰਦੂਆਂ ਦੀ 72 ਅੰਦਰ ਬਹੁਗਿਣਤੀ, ਮੁਸਲਮਾਨਾਂ ਦੀ 12 ਵਿੱਚ ਅਤੇ ਸਿੱਖਾਂ ਦੀ ਸਿਰਫ਼ ਇੱਕੋ (ਤਰਨ ਤਾਰਨ) ਮਿਊਂਸਪੈਲਟੀ ਅੰਦਰ ਬਹੁਗਿਣਤੀ ਸੀ।[16] ਦੂਜੇ ਪਾਸੇ ਆਰਥਿਕ ਤੇ ਸਮਾਜਿਕ ਹੈਸੀਅਤ ਪੱਖੋਂ ਸਿੱਖ ਚੰਗੀ ਪੋਜ਼ੀਸ਼ਨ ਵਿੱਚ ਸਨ। ਜ਼ਰਈ ਖੇਤਰ ਅੰਦਰ ਸਿੱਖਾਂ ਦੀ ਤਕੜੀ ਪੋਜ਼ੀਸ਼ਨ ਬਾਰੇ ਪਿੱਛੇ ਜ਼ਿਕਰ ਹੋ ਚੁੱਕਾ ਹੈ। ਫ਼ੌਜ ਅੰਦਰ ਸਿੱਖ ਨਾ ਸਿਰਫ਼ ਨਫ਼ਰੀ ਦੇ ਲਿਹਾਜ਼ ਨਾਲ ਬਿਹਤਰ ਸਥਿਤੀ ਵਿੱਚ ਸਨ ਸਗੋਂ ਮਾਣ-ਸਨਮਾਨ ਤੇ ਪਦਵੀਆਂ ਪੱਖੋਂ ਉਹ ਦੂਸਰੇ ਫ਼ਿਰਕਿਆਂ ਨਾਲੋਂ ਕਿਤੇ ਵਾਧੂ ਸਨ। ਪਹਿਲੀ ਸੰਸਾਰ ਜੰਗ ਅੰਦਰ ਬਹਾਦਰੀ ਲਈ ਮਿਲੇ ਕੁੱਲ ਖ਼ਿਤਾਬਾਂ 'ਚੋਂ ਸਿੱਖਾਂ ਨੂੰ ਦੇਸ ਪੱਧਰ 'ਤੇ ਤੀਜਾ ਹਿੱਸਾ ਅਤੇ ਪੰਜਾਬ ਅੰਦਰ ਅੱਧ ਵੰਡਾਉਣ ਦਾ ਮਾਣ ਹਾਸਲ ਹੋਇਆ।[17] ਪੰਜਾਬ ਅੰਦਰ ਹਜ਼ਾਰਾਂ ਦੀ ਰਕਮ 'ਚ ਮਾਲੀਆ ਅਦਾ ਕਰਨ ਵਾਲੇ ਰਜਵਾੜਿਆਂ 'ਚੋਂ ਅੱਧੇ ਸਿੱਖ ਸਨ। ਮੌਰੂਸੀ ਖ਼ਿਤਾਬਧਾਰੀਆਂ (Hereditary title holders) 'ਚੋਂ ਦੋ ਤਿਹਾਈ ਸਿੱਖ ਸਨ। ਇਸ ਆਰਥਿਕ ਤੇ ਸਮਾਜਿਕ ਹੈਸੀਅਤ ਦੇ ਮੁਕਾਬਲੇ ਸਿੱਖਾਂ ਦੀ ਰਾਜਸੀ ਨੁਮਾਇੰਦਗੀ ਕਿਤੇ ਥੁੜਵੀਂ ਸੀ। ਪ੍ਰਚੱਲਤ ਚੋਣ ਪ੍ਰਣਾਲੀ ਸਿੱਖ ਵਰਗ ਦੇ ਹਿਤ ਨਹੀਂ ਸੀ ਪੂਰਦੀ। ਇਹ ਇਕ ਵੱਡੀ ਸਮੱਸਿਆ ਸੀ ਜਿਸ ਦਾ ਸਿੱਖ ਲੀਡਰਸ਼ਿਪ ਨੂੰ ਕੋਈ ਸੁਖਾਲਾ ਤੇ ਸੁਖਾਵਾਂ ਹੱਲ ਨਹੀਂ ਸੀ ਸੁੱਝ ਰਿਹਾ। ਆਮ ਰਾਜਸੀ

ਵਿਗਿਆਨ ਅਤੇ ਸਾਧਾਰਨ ਬੁੱਧੀ ਦੀ ਦ੍ਰਿਸ਼ਟੀ ਤੋਂ ਦੇਖਿਆਂ, ਇੱਕ ਘੱਟਗਿਣਤੀ ਵਰਗ ਹੋਣ ਦੇ ਨਾਤੇ ਸਿੱਖ ਲੀਡਰਸ਼ਿਪ ਨੂੰ ਸਰਬ-ਸਾਂਝੇ ਚੋਣ-ਖੇਤਰਾਂ ਦੀ ਬਜਾਇ ਵੱਖਰੇ ਚੋਣ ਖੇਤਰਾਂ ਦੀ ਮੰਗ ਕਰਨੀ ਚਾਹੀਦੀ ਸੀ ਅਤੇ ਨਾਲ ਹੀ, ਮਜ਼ਬੂਤ ਕੇਂਦਰ ਵਾਲੇ ਏਕਾਤਮਿਕ ਢਾਂਚੇ ਦੀ ਥਾਂ ਸੂਬਿਆਂ ਨੂੰ ਵਧੇਰੇ ਖ਼ੁਦਮੁਖ਼ਤਿਆਰੀ ਵਾਲੇ ਫ਼ੈਡਰਲ ਢਾਂਚੇ ਦੀ ਵਕਾਲਤ ਕਰਨੀ ਚਾਹੀਦੀ ਸੀ। ਪ੍ਰੰਤੂ ਹਕੀਕਤ ਵਿੱਚ ਹੋ ਇਹ ਰਿਹਾ ਸੀ ਕਿ ਇਨ੍ਹਾਂ ਦੋਨੋਂ ਹੀ ਪੱਖਾਂ ਬਾਰੇ ਸਿੱਖ ਲੀਡਰਸ਼ਿਪ ਉਲਟੀਆਂ ਪੋਜ਼ੀਸ਼ਨਾਂ ਲੈ ਰਹੀ ਸੀ। ਚੀਫ਼ ਖ਼ਾਲਸਾ ਦੀਵਾਨ ਵੱਲੋਂ 1917 ਵਿੱਚ ਪੰਜਾਬ ਸਰਕਾਰ ਨੂੰ ਦਿੱਤੇ ਯਾਦ ਪੱਤਰ ਤੋਂ ਲੈ ਕੇ 1947 ਤਕ ਹਰ ਵੰਨਗੀ ਦੀ ਸਿੱਖ ਲੀਡਰਸ਼ਿਪ ਇੱਕੋ ਗੱਲ ਕਹਿੰਦੀ ਰਹੀ ਕਿ ਉਹ "ਅਸੂਲੀ ਤੌਰ 'ਤੇ ਫ਼ਿਰਕੂ ਨੁਮਾਇੰਦਗੀ ਤੇ ਵੱਖਰੇ ਚੋਣ-ਖੇਤਰਾਂ ਦੀ ਹਾਮੀ ਨਹੀਂ। ਪ੍ਰੰਤੂ ਜੇਕਰ ਮੁਸਲਮਾਨਾਂ ਨੂੰ ਇਹ ਰਿਆਇਤ ਦਿੱਤੀ ਜਾਂਦੀ ਹੈ ਤਾਂ ਫਿਰ ਨਾਲ ਹੀ ਸਿੱਖਾਂ ਨੂੰ ਵੀ ਜ਼ਰੂਰ ਦਿੱਤੀ ਜਾਵੇ।" ਇਹ ਬੜਾ ਹੀ ਅਜੀਬੋ-ਗ਼ਰੀਬ ਤਰਕ ਸੀ! ਮੰਗਾਂ ਆਪਣੇ ਹਿਤਾਂ ਨੂੰ ਮੁੱਖ ਰੱਖ ਕੇ ਘੜੀਆਂ ਜਾਂਦੀਆਂ ਹਨ, ਨਾ ਕਿ ਸ਼ਰੀਕਾਂ ਦਾ ਵਿਰੋਧ ਕਰਨ ਲਈ। ਅਹਿਮ ਗੱਲ ਇਹ ਨਹੀਂ ਸੀ ਕਿ ਮੁਸਲਮਾਨ ਕੀ ਮੰਗ ਰਹੇ ਸਨ ਸਗੋਂ ਇਹ ਸੀ ਕਿ ਸਿੱਖਾਂ ਨੂੰ ਕੀ ਮੰਗਣਾ ਚਾਹੀਦਾ ਸੀ। ਜੇਕਰ ਮੁਸਲਿਮ ਆਗੂ ਫ਼ਿਰਕੂ ਨੁਮਾਇੰਦਗੀ ਤੇ ਵੱਖਰੇ ਚੋਣ ਖੇਤਰਾਂ ਦੀ ਮੰਗ ਨਾ ਵੀ ਕਰਦੇ, ਤਾਂ ਵੀ ਕੀ ਸਿੱਖਾਂ ਦੇ ਹਿਤ ਸਰਬ-ਸਾਂਝੇ ਚੋਣ ਖੇਤਰਾਂ 'ਚ ਸੁਰੱਖਿਅਤ ਰਹਿ ਸਕਦੇ ਸਨ ? ਇਸ ਦਾ ਸਹੀ ਜੁਆਬ ਠੋਸ ਤਜਰਬੇ 'ਚੋਂ ਮਿਲ ਸਕਦਾ ਸੀ ਅਤੇ ਮਿਲ ਵੀ ਰਿਹਾ ਸੀ। 1909, 1912 ਤੇ 1916 ਦੀਆਂ ਚੋਣਾਂ 'ਚ ਸਿੱਖ ਉਮੀਦਵਾਰਾਂ ਦੀ ਨਮੋਸ਼ੀ ਭਰੀ ਹਾਰ 'ਚੋਂ ਇਹ ਨਿਰਣਾ ਕੱਢਣਾ ਔਖਾ ਨਹੀਂ ਸੀ ਕਿ ਸਿੱਖ ਕੌਮ ਵਰਗੀ ਨਿਗੂਣੀ ਘੱਟਗਿਣਤੀ ਦੇ ਹਿਤ ਫ਼ਿਰਕੂ ਨੁਮਾਇੰਦਗੀ ਦੇ ਸਿਧਾਂਤ ਨੂੰ ਰੱਦਣ ਦੀ ਨਹੀਂ ਸਗੋਂ ਇਸ ਦੇ ਡਟਵੇਂ ਸਮਰਥਨ ਦੀ ਮੰਗ ਕਰਦੇ ਸਨ। ਪਰ ਐਨੀ ਜ਼ਾਹਰਾ ਹਕੀਕਤ ਦੇ ਬਾਵਜੂਦ ਸਿੱਖ ਲੀਡਰਸ਼ਿਪ ਵੱਲੋਂ ਆਪਣੇ ਪੈਰੀਂ ਆਪ ਕੁਹਾੜਾ ਮਾਰਨ ਵਾਲੀ ਗੱਲ ਕਿਉਂ ਕੀਤੀ ਜਾ ਰਹੀ ਸੀ ? ਇਸ ਦਾ ਪ੍ਰਗਟ ਕਾਰਨ ਤਾਂ ਉਸ ਦੀ ਮੁਸਲਿਮ ਭਾਈਚਾਰੇ ਨਾਲ ਸ਼ਰੀਕੇਬਾਜ਼ੀ ਸੀ ਪਰ ਅਸਲੀ ਕਾਰਨ ਉਸ ਦੀ, ਭਾਰਤ ਦੀ ਸਮਾਜੀ ਸਭਿਆਚਾਰਕ ਬਣਤਰ ਦੇ ਡੂੰਘੇ ਰਹੱਸਾਂ ਤੇ ਇਸ 'ਚੋਂ ਉਗਮਣ ਵਾਲੇ ਸਮਾਜੀ ਰਾਜਨੀਤਕ ਵਰਤਾਰਿਆਂ ਬਾਰੇ ਨਾ-ਸਮਝੀ ਸੀ। 1927 ਵਿੱਚ ਜਦ ਬਰਤਾਨੀਆ ਸਰਕਾਰ ਵੱਲੋਂ ਕਾਇਮ ਕੀਤਾ ਸਾਈਮਨ ਕਮਿਸ਼ਨ '1919 ਦੇ ਭਾਰਤੀ ਐਕਟ' ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਕਰਨ ਲਈ ਭਾਰਤ ਦੇ ਦੌਰੇ 'ਤੇ ਆਇਆ ਤਾਂ ਚੀਫ਼ ਖ਼ਾਲਸਾ ਦੀਵਾਨ ਵੱਲੋਂ ਉਸ ਨੂੰ ਦਿੱਤੇ ਗਏ ਯਾਦ-ਪੱਤਰ 'ਚੋਂ ਸਿੱਖ ਲੀਡਰਸ਼ਿਪ ਦੀ ਇਸ ਨਾ-ਸਮਝੀ ਦਾ ਗੂੜ੍ਹ ਪ੍ਰਗਟਾਵਾ ਹੁੰਦਾ ਹੈ। ਯਾਦ-ਪੱਤਰ 'ਚ ਸਿੱਖ ਪੋਜ਼ੀਸ਼ਨ ਨੂੰ ਇੰਜ ਬਿਆਨ ਕੀਤਾ ਗਿਆ:

"ਜਦ ਕਿ ਸਿੱਖ, ਇਕ ਵੱਖਰੇ ਭਾਈਚਾਰੇ ਵਜੋਂ ਆਪਣੀ ਵਿਲੱਖਣਤਾ ਕਾਇਮ ਰੱਖਣ ਪ੍ਰਤੀ ਉਤਸਕ ਹਨ, ਉਥੇ ਉਹ ਸਾਂਝੀ ਕੌਮ ਦੇ ਵਿਕਾਸ ਲਈ ਆਪਣੇ ਸਖੇ ਭਾਈਚਾਰਿਆਂ ਨਾਲ ਮਿਲਵਰਤਨ ਕਰਨ ਲਈ ਹਮੇਸ਼ਾ ਤਤਪਰ ਹਨ। ਇਸ ਕਰਕੇ ਉਹ ਅਜਿਹੇ ਐਲਾਨ ਦਾ ਸੁਆਗਤ ਕਰਨ ਵਿੱਚ ਸਭ ਤੋਂ ਮੂਹਰੇ ਹੋਣਗੇ ਕਿ ਦੇਸ ਅੰਦਰ ਇਕ ਕੌਮੀ ਸਰਕਾਰ ਦੀ ਸਥਾਪਨਾ ਦੇ ਮਾਮਲੇ ਵਿੱਚ ਜਾਤ ਜਾਂ ਫ਼ਿਰਕੇ (ਧਰਮ) ਦਾ ਕੋਈ ਵਿਚਾਰ ਅਸਰ-ਅੰਦਾਜ਼ ਨਹੀਂ ਹੋਵੇਗਾ। ਉਹ ਨਿਰੋਲ ਯੋਗਤਾ ਦੇ ਅਸੂਲ 'ਤੇ ਡਟਣ ਲਈ ਤਿਆਰ ਹਨ ਬਸ਼ਰਤੇ ਕਿ ਕਿਸੇ ਹੋਰ ਫ਼ਿਰਕੇ ਨੂੰ ਰਿਜ਼ਰਵੇਸ਼ਨ ਦੇ ਕੇ ਉਨ੍ਹਾਂ ਦੇ ਵਿਕਾਸ ਦਾ ਰਾਹ ਨਾ ਰੋਕਿਆ ਜਾਵੇ।"[18]

ਇਸ ਦੀ ਤੁਲਨਾ ਵਿੱਚ ਇਸ ਮਸਲੇ ਬਾਰੇ ਡਾ. ਭੀਮ ਰਾਓ ਅੰਬੇਦਕਰ ਬਿਲਕੁਲ

ਅਲੱਗ ਸੋਚਦੇ ਸਨ। ਗਾਂਧੀ ਤੇ ਹੋਰਨਾਂ ਹਿੰਦੂ ਆਗੂਆਂ ਵੱਲੋਂ ਵੱਖਰੇ ਚੋਣ-ਖੇਤਰਾਂ ਦੀ ਕੀਤੀ ਜਾ ਰਹੀ ਵਿਰੋਧਤਾ ਦਾ ਭੇਦ ਉਜਾਗਰ ਕਰਦਿਆਂ ਹੋਇਆਂ, ਉਨ੍ਹਾਂ ਲਿਖਿਆ ਕਿ "ਵੱਖਰੇ ਚੋਣ ਖੇਤਰਾਂ ਬਾਰੇ ਹਿੰਦੂਆਂ ਦਾ ਇਤਰਾਜ਼ ਇਹ ਹੈ ਕਿ ਵੱਖਰੇ ਚੋਣ ਖੇਤਰਾਂ ਦਾ ਮਤਲਬ ਕੌਮ ਨੂੰ ਖੱਖੜੀਆਂ-ਕਰੇਲੇ ਕਰਨਾ ਹੈ। ਸਾਡਾ ਜੁਆਬ ਸਪਸ਼ਟ ਹੈ। ਕੁੱਲ ਤੋਂ ਪਹਿਲੀ ਗੱਲ ਇਹ ਕਿ ਸ਼ਬਦ ਦੇ ਅਸਲੀ ਅਰਥਾਂ ਵਿੱਚ ਭਾਰਤੀਆਂ ਦੀ ਕੋਈ ਕੌਮ ਹੈ ਹੀ ਨਹੀਂ। ਕੌਮ ਹੈ ਨਹੀਂ, ਇਹ ਅਜੇ ਸਿਰਜਣ ਵਾਲੀ ਹੈ। ਮੇਰੇ ਖ਼ਿਆਲ 'ਚ ਇਹ ਮੰਨਣਾ ਪੈਣਾ ਹੈ ਕਿ ਇਕ ਵਿਲੱਖਣ ਤੇ ਵੱਖਰੇ ਭਾਈਚਾਰੇ ਨੂੰ ਦਰੜ ਕੇ ਕੌਮ ਸਿਰਜਣ ਦਾ ਕੋਈ ਤਰੀਕਾ ਨਹੀਂ।.....ਹਿੰਦੂਆਂ ਵੱਲੋਂ ਵੱਖਰੇ ਚੋਣ ਖੇਤਰਾਂ ਦੇ ਵਿਰੋਧ ਦੀ ਅਸਲੀ ਵਜ੍ਹਾ, ਕੌਮ ਦੇ ਨਾਂ ਹੇਠ ਕੀਤੇ ਜਾ ਰਹੇ ਜ਼ਾਹਰਾ ਵਿਰੋਧ ਨਾਲੋਂ ਵੱਖਰੀ ਹੈ। ਅਸਲ ਇਤਰਾਜ਼ ਇਹ ਹੈ ਕਿ ਵੱਖਰੇ ਚੋਣ ਖੇਤਰ ਹਿੰਦੂਆਂ ਨੂੰ ਅਛੂਤਾਂ ਲਈ ਰਾਖਵੀਆਂ ਸੀਟਾਂ ਹਥਿਆਉਣ ਦੀ ਇਜਾਜ਼ਤ ਨਹੀਂ ਦਿੰਦੇ ਜਦ ਕਿ ਸਾਂਝੇ ਚੋਣ ਖੇਤਰ ਇਸ ਮਾਮਲੇ 'ਚ ਉਨ੍ਹਾਂ ਲਈ ਸਹਾਈ ਸਿੱਧ ਹੁੰਦੇ ਹਨ।.....ਜੇਕਰ ਅਛੂਤਾਂ ਲਈ ਵੱਖਰੇ ਚੋਣ ਖੇਤਰ ਬਣਦੇ ਹਨ ਤਾਂ ਉਹ ਅਜਿਹੇ ਵਿਅਕਤੀ ਨੂੰ ਚੁਣਨ ਦੀ ਹੈਸੀਅਤ ਵਿੱਚ ਹੋਣਗੇ ਜਿਸ ਵਿੱਚ ਉਨ੍ਹਾਂ ਨੂੰ ਪੂਰਾ ਭਰੋਸਾ ਹੋਵੇਗਾ ਅਤੇ ਜੋ ਅਸੰਬਲੀ ਅੰਦਰ, ਹਿੰਦੂਆਂ ਦੇ ਨੁਮਾਇੰਦਿਆਂ ਦੀ ਤੁਲਨਾ ਵਿੱਚ, ਅਛੂਤਾਂ ਦੀ ਲੜਾਈ ਲੜਨ ਲਈ ਸੁਤੰਤਰ ਹੋਵੇਗਾ। ਇਸ ਦੇ ਉਲਟ, ਜੇਕਰ ਚੋਣ ਖੇਤਰ ਸਾਂਝੇ ਬਣਦੇ ਹਨ ਤਾਂ ਅਛੂਤਾਂ ਦੇ ਨੁਮਾਇੰਦੇ ਐਵੇਂ ਨਾਂ ਦੇ ਹੀ ਨੁਮਾਇੰਦੇ ਹੋਣਗੇ, ਅਸਲੀ ਨਹੀਂ। ਕਿਉਂਕਿ ਸਾਂਝੇ ਚੋਣ ਖੇਤਰਾਂ, ਜਿਨ੍ਹਾਂ ਵਿੱਚ ਅਛੂਤ ਵੋਟਰਾਂ ਦਾ ਅਨੁਪਾਤ 24 ਵਿੱਚੋਂ ਇੱਕ ਜਾਂ ਕੁਝ ਥਾਵਾਂ 'ਤੇ 49 ਵਿੱਚੋਂ ਇਕ ਹੈ, ਦੇ ਜ਼ਰੀਏ ਕਿਸੇ ਵੀ ਅਜਿਹੇ ਅਛੂਤ ਦੇ ਚੁਣੇ ਜਾਣ ਦੀ ਸੰਭਾਵਨਾ ਨਹੀਂ ਜੋ ਹਿੰਦੂਆਂ ਦਾ ਨੁਮਾਇੰਦਾ ਤੇ ਉਨ੍ਹਾਂ ਦਾ ਹੱਥ-ਠੋਕਾ ਬਣਨ ਲਈ ਰਜ਼ਾਮੰਦ ਨਾ ਹੋਵੇ।..... ਸਾਂਝੇ ਚੋਣ ਖੇਤਰ, ਹਿੰਦੂਆਂ ਦੇ ਨੁਕਤਾ-ਨਜ਼ਰ ਤੋਂ, ਪ੍ਰਚਲਤ ਮੁਹਾਵਰੇ ਅਨੁਸਾਰ ਅਜਿਹੀਆਂ 'ਵਿਰਾਨ ਵੋਟਰ-ਨਗਰੀਆਂ' ਹਨ, ਜਿਨ੍ਹਾਂ ਵਿੱਚ ਹਿੰਦੂਆਂ ਨੂੰ ਕਿਸੇ ਅਜਿਹੇ ਅਛੂਤ ਨੂੰ ਨਾਮਜ਼ਦ ਕਰਨ ਦੇ ਅਧਿਕਾਰ ਮਿਲ ਜਾਂਦੇ ਹਨ ਜੋ ਅਸੰਬਲੀ ਅੰਦਰ ਕਹਿਣ ਨੂੰ ਤਾਂ ਅਛੂਤਾਂ ਦਾ ਨੁਮਾਇੰਦਾ ਹੁੰਦਾ ਹੈ ਪਰ ਅਸਲੀਅਤ ਵਿੱਚ ਹਿੰਦੂਆਂ ਦਾ ਹੱਥ-ਠੋਕਾ ਹੁੰਦਾ ਹੈ।"[19]

ਡਾ. ਅੰਬੇਦਕਰ ਦੇ ਇਨ੍ਹਾਂ ਵਿਚਾਰਾਂ ਦੀ ਰੋਸ਼ਨੀ ਵਿੱਚ ਦੇਖਿਆਂ ਸਿੱਖ ਲੀਡਰਸ਼ਿਪ ਦੀ ਅਤੀ ਅਹਿਮ ਮਸਲਿਆਂ ਬਾਰੇ ਸਿਧਾਂਤਕ ਗੰਧਲਚੌਂਦ ਅਤੇ ਅਗਿਆਨਤਾ ਪਰਤੱਖ ਰੂਪ 'ਚ ਉਘੜ ਆਉਂਦੀ ਹੈ। ਡਾ. ਅੰਬੇਦਕਰ ਕਹਿੰਦੇ ਸਨ ਕਿ ਸਾਰੇ ਭਾਰਤੀਆਂ ਦੀ ਸਾਂਝੀ ਕੌਮ ਵਰਗੀ ਕੋਈ ਸ਼ੈਅ ਮੌਜੂਦ ਨਹੀਂ। ਉਨ੍ਹਾਂ ਦਾ ਇਹ ਵੀ ਮੰਨਣਾ ਸੀ ਕਿ ਅਜਿਹੀ ਕੌਮ ਦੀ ਸਿਰਜਣਾ ਅਲੱਗ-ਅਲੱਗ ਭਾਈਚਾਰਿਆਂ ਦੀ ਵਿਲੱਖਣਤਾ ਨੂੰ ਖ਼ਤਮ ਕਰਕੇ ਹੀ ਹੋ ਸਕਦੀ ਹੈ। (ਜਿਵੇਂ ਅਮਰੀਕੀ ਕੌਮ ਦੇ ਮਾਮਲੇ 'ਚ ਹੋਇਆ)। ਇਸ ਦੇ ਮੁਕਾਬਲੇ, ਸਿੱਖ ਲੀਡਰਸ਼ਿਪ ਸਿੱਖ ਭਾਈਚਾਰੇ ਦੀ 'ਵਿਲੱਖਣਤਾ ਕਾਇਮ ਰੱਖਣ' ਲਈ ਵੀ ਉਤਸੁਕ ਸੀ ਅਤੇ ਨਾਲ ਹੀ 'ਸਾਂਝੀ ਕੌਮ ਦੇ ਵਿਕਾਸ' ਲਈ ਵੀ ਤਹੂ ਸੀ! ਡਾ. ਅੰਬੇਦਕਰ ਦੇ ਵਿਚਾਰ ਅਨੁਸਾਰ ਘੱਟਗਿਣਤੀ ਵਰਗਾਂ ਦੇ ਰਾਹ ਦੀ ਸਭ ਤੋਂ ਵੱਡੀ ਰੁਕਾਵਟ ਅਖੌਤੀ 'ਯੋਗਤਾ ਦਾ ਅਸੂਲ' ਸੀ ਜੋ ਹਿੰਦੂ ਬਹੁਗਿਣਤੀ ਦੇ ਹਿਤ ਪੂਰਦਾ ਸੀ ਅਤੇ ਰਿਜ਼ਰਵੇਸ਼ਨ ਬਗ਼ੈਰ ਘੱਟਗਿਣਤੀਆਂ ਦਾ ਪਾਰ-ਉਤਾਰਾ ਕਿਸੇ ਵੀ ਸੂਰਤ ਸੰਭਵ ਨਹੀਂ ਸੀ। ਇਸ ਦੇ ਉਲਟ, ਸਿੱਖ ਲੀਡਰਸ਼ਿਪ ਉਹੀ ਕੁਝ ਕਹਿ ਰਹੀ ਸੀ ਜੋ ਬਹੁਗਿਣਤੀ ਵਰਗ ਹੋਣ ਦੇ ਨਾਤੇ ਹਿੰਦੂ ਕਹਿ ਰਹੇ ਸਨ। ਉਹ ਆਪਣੇ ਵਿਕਾਸ ਦੇ ਰਾਹ ਦਾ ਅੜਿੱਕਾ ਬਹੁਗਿਣਤੀ ਨੂੰ ਨਹੀਂ, ਇਕ ਘੱਟਗਿਣਤੀ (ਮੁਸਲਿਮ ਵਰਗ) ਨੂੰ ਮੰਨ ਰਹੀ ਸੀ। ਇਸ ਕਰਕੇ ਉਹ

ਮੁਸਲਿਮ ਭਾਈਚਾਰੇ ਨੂੰ ਘੱਟਗਿਣਤੀ ਵਰਗ ਵਜੋਂ ਮਿਲਣ ਵਾਲੀ ਕਿਸੇ ਵੀ ਰਿਆਇਤ ਦਾ ਕੱਟੜਤਾ ਨਾਲ ਵਿਰੋਧ ਕਰਦੀ ਸੀ।

ਅਸਲ ਵਿੱਚ ਸਿੱਖ ਲੀਡਰਸ਼ਿਪ ਇਹ ਸਮਝਣ ਤੋਂ ਅਸਮਰਥ ਸੀ ਕਿ ਮੁਸਲਮਾਨਾਂ ਅਤੇ 'ਅਛੂਤ' ਕਹੇ ਜਾਂਦੇ ਦਲਿਤ ਵਰਗਾਂ ਦੇ ਵੱਖਰੇ ਚੋਣ ਖੇਤਰਾਂ ਤੇ ਰਿਜ਼ਰਵੇਸ਼ਨ ਵਗੈਰਾ ਦੀਆਂ ਮੰਗਾਂ ਕਿਉਂ ਅਤੇ ਕਿਥੋਂ ਉਠ ਰਹੀਆਂ ਸਨ। ਸਿੱਖ ਲੀਡਰਸ਼ਿਪ ਵੱਲੋਂ ਲਈਆਂ ਜਾ ਰਹੀਆਂ ਉਪਰੋਕਤ ਸਿਧਾਂਤਕ ਪੋਜ਼ੀਸ਼ਨਾਂ ਕਿੰਨੀਆਂ ਗ਼ਲਤ ਸਨ ਅਤੇ ਇਨ੍ਹਾਂ ਦੇ ਸਿੱਟੇ (ਇੰਪਲੀਕੇਸ਼ਨਜ਼) ਕਿੰਨੇ ਗੰਭੀਰ ਸਨ, ਇਹ ਗੱਲ ਬੁੱਝਣ ਲਈ ਭਾਰਤ ਦੇ ਆਜ਼ਾਦੀ ਸੰਗਰਾਮ ਦੇ ਸਮੁੱਚੇ ਵਰਤਾਰੇ ਨੂੰ, ਇਸ ਦੇ ਕੁਝ ਸਿਧਾਂਤਕ ਪਹਿਲੂਆਂ ਤੋਂ, ਗਹਿਰਾਈ ਵਿੱਚ ਸਮਝਣ ਦੀ ਲੋੜ ਹੈ।

## ਆਜ਼ਾਦੀ ਦੀ ਲੜਾਈ : ਕੀਹਦੇ ਵੱਲੋਂ ਅਤੇ ਕੀਹਦੇ ਵਾਸਤੇ ?

ਵੀਹਵੀਂ ਸਦੀ ਦੇ ਆਰੰਭਕ ਦੌਰ ਅੰਦਰ ਭਾਰਤੀ ਸਮਾਜ ਦੇ ਅੱਡ-ਅੱਡ ਵਰਗਾਂ ਅੰਦਰ ਆਜ਼ਾਦੀ ਦੀਆਂ ਉਮੰਗਾਂ ਤੇ ਭਾਵਨਾਵਾਂ ਨੇ ਜ਼ੋਰ ਫੜਨਾ ਸ਼ੁਰੂ ਕਰ ਦਿੱਤਾ ਸੀ। ਅੱਡ-ਅੱਡ ਵਰਗਾਂ ਦੇ ਚਿੰਤਨਸ਼ੀਲ ਹਿੱਸੇ, ਆਪੋ-ਆਪਣੇ ਵਰਗ ਦੇ ਹੱਕਾਂ/ਹਿਤਾਂ ਦੀ ਰਾਖੀ ਤੇ ਪ੍ਰਾਪਤੀ ਲਈ ਰਾਜਸੀ ਪ੍ਰੋਗਰਾਮਾਂ ਦੇ ਨਕਸ਼ ਘੜਨ ਤੇ ਅਮਲੀ ਨੀਤੀਆਂ ਦੇ ਖਾਕੇ ਉਲੀਕਣ ਦੇ ਆਹਰੇ ਜੁੱਟ ਗਏ ਸਨ। ਹਿੰਦੂ ਵਰਗ ਅੰਦਰ ਇਹ ਅਮਲ ਸਭ ਤੋਂ ਅਗੇਤਾ ਸ਼ੁਰੂ ਹੋਇਆ। ਕਾਰਨ ਇਹ ਕਿ ਇਕ ਤਾਂ ਮੁਸਲਿਮ ਰਾਜ ਦੇ ਖ਼ਾਤਮੇ ਨਾਲ ਹਿੰਦੂ ਵਰਗ ਨੂੰ, ਲੰਮੀ ਮੁੱਦਤ ਬਾਅਦ, ਆਪਣੀ ਵਿਚਾਰਧਾਰਾ ਦੇ ਬੇਰੋਕ-ਟੋਕ ਪਸਾਰੇ ਲਈ ਖੁੱਲ੍ਹਾ ਮੌਕਾ ਤੇ ਮੈਦਾਨ ਨਸੀਬ ਹੋਇਆ। ਦੂਜਾ, ਵੋਟ ਪਰਨਾਲੀ 'ਤੇ ਆਧਾਰਿਤ ਬਰਤਾਨਵੀ ਰਾਜਪ੍ਰਬੰਧ ਦੇ ਨਵੀਨ ਢਾਂਚੇ ਅੰਦਰ, ਹਿੰਦੂ ਬਹੁਗਿਣਤੀ ਵਰਗ ਨੂੰ ਰਾਜਭਾਗ 'ਤੇ ਕਾਬਜ਼ ਹੋਣ ਦਾ ਲੁਭਾਉਣਾ ਮੌਕਾ ਸਾਹਮਣੇ ਦਿਖਾਈ ਦੇਣ ਲੱਗਾ। ਭਾਰਤ ਅੰਦਰ ਆਪਣੀ ਰਾਜਸੀ ਤੇ ਸਭਿਆਚਾਰਕ ਸਰਦਾਰੀ ਸਥਾਪਤ ਕਰਨ ਦੀ ਹਸਰਤ ਨੇ ਉਸ ਨੂੰ ਵੱਧ ਚਾਅ ਉਤਸ਼ਾਹ ਨਾਲ ਰਾਜਸੀ ਸਰਗਰਮੀ ਦੇ ਰਾਹੇ ਪਾਇਆ। ਪੱਛਮੀ ਵਿਦਿਆ ਤੇ ਸਭਿਆਚਾਰ ਦੇ ਪ੍ਰਭਾਵ ਹੇਠ ਹਿੰਦੂ ਤਬਕੇ ਦੇ ਚਿੰਤਨਸ਼ੀਲ ਹਿੱਸਿਆਂ ਅੰਦਰ ਨਵੀਂ ਚੇਤਨਾ ਜਾਗੀ। ਉਨ੍ਹਾਂ ਉੱਤੇ ਪੱਛਮ ਦੇ ਜਮਹੂਰੀ ਵਿਚਾਰਾਂ ਦਾ ਤਕੜਾ ਪ੍ਰਭਾਵ ਪਿਆ ਜਿਸ ਨਾਲ ਪੜ੍ਹੇ-ਲਿਖੇ ਹਿੰਦੂ ਵਰਗ ਅੰਦਰ ਪੁਨਰ-ਜਾਗਰਤੀ ਵਰਗੀ ਲਹਿਰ ਦਾ ਆਗਾਜ਼ ਹੋਇਆ। ਪਰ ਇਸ ਪੁਨਰ-ਜਾਗਰਤੀ ਦਾ ਤੱਤ ਤੇ ਸ਼ੈਲੀ (ਪੈਟਰਨ) ਧਾਰਮਿਕ ਸੀ। ਇਸ ਦੇ ਅਗਵਾਨੂੰ ਇੱਕੋ ਸਮੇਂ ਹਿੰਦੂ ਧਰਮ ਦਾ ਕਾਇਆ-ਕਲਪ ਕਰਕੇ ਇਸ ਉੱਤੇ ਨਵਾਂ ਜੋਬਨ ਚਾੜ੍ਹਨ ਅਤੇ ਹਿੰਦੂ ਜਨਤਾ ਨੂੰ ਰਾਜਸੀ ਤੌਰ 'ਤੇ ਉਭਾਰਨ ਦੇ ਜੁੜਵੇਂ ਕਾਰਜਾਂ ਨੂੰ ਸੰਬੋਧਨ ਹੋ ਰਹੇ ਸਨ। ਬ੍ਰਹਮੋ-ਸਮਾਜ ਦਾ ਬਾਨੀ ਰਾਜਾ ਰਾਮ ਮੋਹਨ ਰਾਇ ਇਸ ਹਿੰਦੂ ਸੁਧਾਰ ਲਹਿਰ ਦਾ ਸੰਸਥਾਪਕ ਮੰਨਿਆ ਜਾ ਸਕਦਾ ਹੈ। ਉਸ ਵੱਲੋਂ 1818 ਵਿੱਚ ਆਪਣੇ ਇਕ ਦੋਸਤ ਨੂੰ ਲਿਖੇ ਖ਼ਤ 'ਚੋਂ ਇਸ ਹਿੰਦੂ ਸੁਧਾਰ ਲਹਿਰ ਦੇ ਤੱਤ ਤੇ ਉਦੇਸ਼ਾਂ ਬਾਰੇ ਚੋਖੀ ਜਾਣਕਾਰੀ ਮਿਲ ਜਾਂਦੀ ਹੈ। ਉਸ ਨੇ ਲਿਖਿਆ, "ਹਿੰਦੂ ਧਰਮ ਦੇ ਜਿਸ ਸਰੂਪ ਨੂੰ ਜ਼ਿਆਦਾਤਰ ਲੋਕ ਮੰਨ ਰਹੇ ਹਨ, ਉਹ ਹਿੰਦੂ ਵਰਗ ਦੇ ਰਾਜਸੀ ਹਿਤਾਂ ਦੇ ਵਧਾਰੇ ਲਈ ਮੁਆਫ਼ਕ ਨਹੀਂ। ਜਾਤ-ਪਾਤ ਦੇ ਵੰਡ-ਵਖਰੇਵਿਆਂ ਨੇ ਉਨ੍ਹਾਂ 'ਚੋਂ ਦੇਸ ਪ੍ਰੇਮ ਦੀਆਂ ਭਾਵਨਾਵਾਂ ਖ਼ਤਮ ਕਰ ਛੱਡੀਆਂ ਹਨ। ਮੇਰੇ ਖ਼ਿਆਲ 'ਚ ਉਨ੍ਹਾਂ ਦੇ ਧਰਮ ਅੰਦਰ ਕੁਝ ਸੁਧਾਰ ਲਾਜ਼ਮੀ ਹਨ, ਘੱਟੋ ਘੱਟ ਉਨ੍ਹਾਂ ਦੇ ਰਾਜਸੀ ਫ਼ਾਇਦੇ ਤੇ ਸਮਾਜੀ ਸੁਖ-ਚੈਨ ਲਈ

ਹੀ ਸਹੀ।"[20] ਮਤਲਬ ਸਾਫ਼ ਹੈ ਕਿ ਹਿੰਦੂ ਧਰਮ ਸੁਧਾਰ ਅਤੇ ਪੁਨਰ-ਜਾਗਰਤੀ ਦਾ ਮੁੱਖ ਉਦੇਸ਼ "ਹਿੰਦੂ ਵਰਗ ਦੇ ਰਾਜਸੀ ਹਿਤਾਂ ਨੂੰ ਅੱਗੇ ਵਧਾਉਣਾ" ਸੀ। ਇਹ ਪੁਨਰ-ਜਾਗਰਣ ਇੱਕ ਰੂਪ ਨਹੀਂ ਸੀ। ਇਸ ਅੰਦਰ ਕਈ ਵੰਨਗੀਆਂ ਸਨ। ਇਕ ਧਾਰਾ ਅਜਿਹੀ ਸੀ ਜੋ "ਹਿੰਦੂ ਵਰਗ ਦੇ ਰਾਜਸੀ ਫ਼ਾਇਦਿਆਂ" ਦੇ ਨੁਕਤਾ-ਨਜ਼ਰ ਤੋਂ ਹੀ, ਹੋਰਨਾਂ ਧਾਰਮਿਕ ਵਰਗਾਂ ਨੂੰ ਨਾਲ ਲੈ ਕੇ ਚੱਲਣ ਦੀ ਧਾਰਨਾ ਰੱਖਦੀ ਸੀ। ਬਿਪਨ ਚੰਦਨ ਪਾਲ ਦਾ 'ਸੰਯੁਕਤ ਕੌਮਵਾਦ' ਦਾ ਫ਼ਲਸਫ਼ਾ ਇਸੇ ਸੋਚਣੀ ਦੀ ਉਪਜ ਸੀ ਜੋ ਹਿੰਦੂਆਂ ਤੇ ਮੁਸਲਮਾਨਾਂ (ਜਿਨ੍ਹਾਂ ਦੀ ਬੰਗਾਲ ਅੰਦਰ ਚੋਖੀ ਤਾਕਤ ਸੀ) ਨੂੰ ਆਪੋ-ਆਪਣੀ ਧਾਰਮਿਕ ਪਛਾਣ ਕਾਇਮ ਰਖਦਿਆਂ ਹੋਇਆਂ "ਸਾਂਝੇ ਕੌਮੀ ਆਦਰਸ਼" ਲਈ ਰਲ ਕੇ ਕੰਮ ਕਰਨ ਦੀ ਪ੍ਰੇਰਨਾ ਦਿੰਦਾ ਸੀ।[21] ਉਦਾਰਦਿਲ ਦਿਖਾਈ ਦੇਣ ਵਾਲੇ ਇਸ ਹਿੰਦੂਵਾਦੀ ਪੈਂਤੜੇ ਦਾ ਉਦੇਸ਼, ਹੋਰਨਾਂ ਧਾਰਮਿਕ ਫ਼ਿਰਕਿਆਂ ਨੂੰ (ਸਮੇਤ ਮੁਸਲਮਾਨਾਂ ਦੇ), ਸਹਿਜੇ ਸਹਿਜੇ ਹਿੰਦੂ ਸਮਾਜ ਅੰਦਰ ਜਜ਼ਬ ਕਰ ਲੈਣਾ ਸੀ। ਇਸ ਦੇ ਉਲਟ, ਹਿੰਦੂ ਕੱਟੜਵਾਦੀ ਧਾਰਾ (ਜਿਸ ਦੀ ਨੁਮਾਇੰਦਗੀ ਹਿੰਦੂ ਮਹਾਂ ਸਭਾ ਤੇ ਆਰ.ਐਸ.ਐਸ. ਕਰਦੀਆਂ ਸਨ) ਹਿੰਦੂ ਸਮਾਜ ਅੰਦਰ 'ਗ਼ੈਰ-ਭਾਰਤੀ' ਧਾਰਮਿਕ ਤੱਤਾਂ (ਮੁਸਲਮਾਨਾਂ ਤੇ ਈਸਾਈਆਂ) ਨੂੰ ਜਜ਼ਬ ਕਰਨ ਦੇ ਸਖ਼ਤ ਖ਼ਿਲਾਫ਼ ਸੀ। ਹਾਂ, ਬੁੱਧ, ਜੈਨ ਤੇ ਸਿੱਖ ਧਰਮ ਪ੍ਰਤੀ ਇਸ ਦੀ ਧਾਰਨਾ ਵੱਖਰੀ ਸੀ। ਇਨ੍ਹਾਂ 'ਭਾਰਤੀ ਮੂਲ' ਦੇ ਧਰਮਾਂ ਨੂੰ ਹਿੰਦੂਵਾਦ ਦੇ ਹੀ ਅੰਗ ਸਮਝਣ ਕਰਕੇ, ਇਹ ਹਿੰਦੂ ਕੱਟੜਵਾਦੀ ਧਾਰਾ, ਇਨ੍ਹਾਂ ਨੂੰ ਮੁੜ ਆਪਣੀ ਲਪੇਟ ਵਿੱਚ ਲੈਣ ਦੀ ਨੀਤ ਅਤੇ ਨੀਤੀ ਦੀ ਧਾਰਨੀ ਸੀ। (ਪੰਜਾਬ ਅੰਦਰ ਹਿੰਦੂ ਮਹਾਂ ਸਭਾ ਵੱਲੋਂ ਸਿੱਖਾਂ ਨਾਲ ਸਹਿਯੋਗ ਦੀ ਨੀਤੀ ਪਿੱਛੇ ਇਹੀ ਯੁੱਧਨੀਤਕ ਧਾਰਨਾ ਕੰਮ ਕਰਦੀ ਸੀ।)

ਹਿੰਦੂ ਸੁਧਾਰਕਾਂ ਤੇ ਉਨ੍ਹਾਂ ਦੇ ਪੈਰੋਕਾਰਾਂ ਦੀ ਸੋਚ ਇਹ ਸੀ ਕਿ ਸਿਰਫ਼ ਹਿੰਦੂ ਵਿਚਾਰਧਾਰਾ ਹੀ ਪੱਛਮ ਦੇ ਤਤਕਾਲੀਨ ਸਭਿਆਚਾਰਕ ਤੇ ਰਾਜਸੀ ਹੱਲੇ ਦਾ ਮੁਕਾਬਲਾ ਕਰ ਸਕਦੀ ਹੈ। ਉਨ੍ਹਾਂ ਦਾ ਇਹ ਵੀ ਯਕੀਨ ਸੀ ਕਿ ਇਹ ਹਿੰਦੂ ਵਿਚਾਰਧਾਰਾ ਹੀ ਹੈ ਜੋ ਭਾਰਤ ਦੀ ਵਿਸ਼ਾਲ ਲੋਕਾਈ ਨੂੰ ਇਕਜੁੱਟ ਕਰਨ ਅਤੇ ਉਨ੍ਹਾਂ ਨੂੰ ਰਾਜਸੀ ਸਰਗਰਮੀ ਲਈ ਉਭਾਰਨ ਵਿੱਚ ਸਹਾਈ ਹੋ ਸਕਦੀ ਹੈ। ਇਸ ਲਈ, ਉਨ੍ਹਾਂ ਹਿੰਦੂ ਵਰਗ ਅੰਦਰ ਆਪਣੇ ਪੁਰਾਤਨ ਫ਼ਲਸਫ਼ੇ ਤੇ ਸੰਸਕ੍ਰਿਤੀ ਦੀ ਮਹਾਨਤਾ ਦੇ ਵਿਚਾਰ ਤੇ ਭਾਵਨਾਵਾਂ ਪ੍ਰਫੁੱਲਤ ਕਰਨ ਲਈ ਉਚੇਚੇ ਯਤਨ ਕੀਤੇ। ਉਹ "ਹਿੰਦੂ ਕੌਮ ਦੇ ਨੀਂਦ ਤੋਂ ਜਾਗਣ" ਅਤੇ ਆਪਣੀ "ਦੈਵੀ ਪਰਬੀਨਤਾ" ਨਾਲ "ਤਰੱਕੀ ਦੀਆਂ ਮੰਜ਼ਿਲਾਂ ਸਰ ਕਰਨ" ਬਾਰੇ ਪੂਰੇ ਆਸਵੰਦ ਸਨ। ਉਨ੍ਹਾਂ ਦਾ ਨਿਸ਼ਚਾ ਸੀ ਕਿ "ਹਿੰਦੂ ਕੌਮ ਆਪਣੇ ਰੂਹਾਨੀ ਤੇ ਸਭਿਆਚਾਰਕ ਗਿਆਨ ਨਾਲ ਦੁਨੀਆ ਨੂੰ ਮੁੜ ਰੁਸ਼ਨਾਏਗੀ" ਅਤੇ ਸਾਰੇ ਸੰਸਾਰ ਉੱਤੇ "ਹਿੰਦੂ ਕੌਮ ਦੇ ਗੌਰਵ ਤੇ ਸ਼ਾਨ ਦਾ ਛਤਰ ਝੂਲੇਗਾ।"[22] ਸਵਾਮੀ ਸਰਸਵਤੀ ਦਯਾਨੰਦ ਨੇ ਹਿੰਦੂਆਂ ਨੂੰ ਆਪਣੇ ਪੁਰਾਤਨ ਸਭਿਆਚਾਰ, ਵੇਦਾਂ 'ਤੇ ਆਧਾਰਤ ਪੁਰਾਤਨ ਧਰਮ (ਜਿਸ ਨੂੰ ਉਹ 'ਕੌਮੀ ਮਜ਼ਬ' ਦਾ ਨਾਂ ਦਿੰਦਾ ਸੀ) ਅਤੇ ਆਪਣੀ ਪੁਰਾਤਨ ਭਾਸ਼ਾ (ਸੰਸਕ੍ਰਿਤ ਜਿਸ ਨੂੰ ਉਹ 'ਕੌਮੀ ਭਾਸ਼ਾ' ਕਹਿੰਦਾ ਸੀ) ਨਾਲ ਜੁੜਨ ਲਈ ਪਰੇਰਿਆ। ਉਸ ਦਾ ਅਕੀਦਾ ਸੀ ਕਿ ਹਿੰਦੂ ਧਰਮ ਤੇ ਸੰਸਕ੍ਰਿਤੀ ਦੀ, ਇਸਲਾਮ ਤੇ ਈਸਾਈਅਤ ਤੋਂ ਰੱਖਿਆ ਲਈ, ਹਿੰਦੂ ਧਰਮ ਨੂੰ ਭਾਰਤ ਦੇ 'ਕੌਮੀ ਮਜ਼ਬ' ਵਜੋਂ ਉਭਾਰਨ ਤੇ ਇਸ ਨੂੰ ਹਿੰਦੂ ਕੌਮ ਦੀ ਬੁਨਿਆਦ ਬਣਾਏ ਜਾਣ ਦੀ ਲੋੜ ਹੈ।[23] 'ਹਿੰਦੂ ਮਹਾਂ ਸਭਾ' ਵਰਗੇ ਕੱਟੜ ਹਿੰਦੂ ਦਲ ਭਾਰਤ ਦੀ ਧਰਤੀ ਨੂੰ 'ਓਪਰੇ ਮਾਦੇ' (ਭਾਵ ਈਸਾਈਆਂ ਤੇ ਮੁਸਲਮਾਨਾਂ) ਤੋਂ ਮੁਕਤ ਕਰਵਾਉਣ ਦੇ ਨੰਗੇ ਫ਼ਿਰਕੂ ਉਦੇਸ਼ਾਂ ਦਾ ਖੁੱਲ੍ਹਾ ਪ੍ਰਚਾਰ ਕਰ ਰਹੇ ਸਨ। ਬਾਲ ਗੰਗਾਧਰ ਤਿਲਕ, ਬਿਪਨ ਚੰਦਰ ਪਾਲ, ਲਾਲਾ ਲਾਜਪਤ ਰਾਇ,

ਮਦਨ ਮੋਹਨ ਮਾਲਵੀਆ, ਗੋਪਾਲ ਕ੍ਰਿਸ਼ਨ ਗੋਖਲੇ ਤੇ ਮੋਹਨ ਦਾਸ ਕਰਮ ਚੰਦ ਗਾਂਧੀ ਵਰਗੇ ਕਾਬਲ ਤੇ ਬਾਰਸੂਖ਼ ਹਿੰਦੂ ਲੀਡਰ, ਕਾਂਗਰਸ ਦੇ ਮੰਚ ਤੋਂ ਹਿੰਦੂ ਪੁਨਰਵਾਦ ਨੂੰ ਹੁਲਾਰਾ ਤੇ ਸ਼ਕਤੀ ਮੁਹੱਈਆ ਕਰ ਰਹੇ ਸਨ।[24] ਇਸ ਤੱਥ ਨੂੰ ਸਮਝਣਾ ਬਹੁਤ ਹੀ ਮਹੱਤਵਪੂਰਨ ਹੈ ਕਿ ਕਾਂਗਰਸ ਪਾਰਟੀ ਵੱਲੋਂ ਅਪਣਾਈ ਵਿਚਾਰਧਾਰਕ ਸੇਧ ਦਾ ਉਦੇਸ਼ ਭਾਰਤੀ ਲੋਕਾਂ ਦੇ ਮਨਾਂ ਅੰਦਰ 'ਇਕ ਜੁੱਟ ਭਾਰਤੀ ਕੌਮ' ਦੇ ਵਿਚਾਰ ਨੂੰ ਮਜ਼ਬੂਤੀ ਬਖ਼ਸ਼ਣਾ ਅਤੇ ਉਨ੍ਹਾਂ ਅੰਦਰ 'ਭਾਰਤੀ ਕੌਮਵਾਦ' ਦਾ ਜਜ਼ਬਾ ਉਭਾਰਨਾ ਸੀ। ਇਹ ਜਜ਼ਬਾ, ਭਾਰਤ ਦੀ ਆਜ਼ਾਦੀ ਦੀ ਲੜਾਈ ਅੰਦਰ ਕਾਂਗਰਸੀ ਆਗੂਆਂ ਦਾ ਪ੍ਰਮੁੱਖ ਵਿਚਾਰਧਾਰਕ ਹਥਿਆਰ ਸੀ।

ਇਥੇ ਇਹ ਜਾਣਨਾ ਜ਼ਰੂਰੀ ਹੈ ਕਿ 'ਭਾਰਤੀ ਕੌਮਵਾਦ' ਤੋਂ ਕਾਂਗਰਸੀ ਆਗੂਆਂ ਦੀ ਮੁਰਾਦ ਕੀ ਸੀ ? ਕੀ ਇਹ ਇਕ ਅਸਲੋਂ ਹੀ ਅਫ਼ਿਰਕੂ (ਸੈਕੂਲਰ) ਸੰਕਲਪ ਸੀ ਜਾਂ ਹਿੰਦੂ ਕੌਮਪ੍ਰਸਤੀ ਦੀ ਫ਼ਿਰਕੂ ਧਾਰਨਾ ਦਾ ਹੀ ਬਦਲਵਾਂ ਰੂਪ ਸੀ ? ਅਤੇ ਇਸ ਦਾ ਭਾਰਤੀ ਸਮਾਜ ਅੰਦਰਲੇ ਵੱਖ-ਵੱਖ ਧਾਰਮਿਕ ਵਰਗਾਂ ਦੀ ਜ਼ਿੰਦਗੀ ਨਾਲ ਕੀ ਰਿਸ਼ਤਾ ਸੀ ? ਇਨ੍ਹਾਂ ਅਹਿਮ ਸਿਧਾਂਤਕ ਸੁਆਲਾਂ ਬਾਰੇ ਗਹਿਰੀ ਤੇ ਭਰਵੀਂ ਸਮਝ ਹੀ ਭਾਰਤ ਦੇ ਆਜ਼ਾਦੀ ਅੰਦੋਲਨ ਦੇ ਹਕੀਕੀ ਖ਼ਾਸੇ ਨੂੰ ਸਮਝਣ 'ਚ ਸਹਾਈ ਹੋ ਸਕਦੀ ਹੈ। ਇਸ ਕਰਕੇ ਇਥੇ ਇਸ ਮਸਲੇ ਨੂੰ ਥੋੜਾ ਵਿਸਥਾਰ ਤੇ ਡੂੰਘਾਈ 'ਚ ਵਿਚਾਰਨਾ ਜ਼ਰੂਰੀ ਹੈ।

## ਭਾਰਤੀ ਕੌਮਵਾਦ : ਹਕੀਕਤ ਜਾਂ ਭੁਲਾਵਾ ?

'ਕੌਮਵਾਦ' ਦਾ ਸੰਕਲਪ, ਮੂਲ ਰੂਪ 'ਚ ਇੱਕ ਪੱਛਮੀ ਸੰਕਲਪ ਹੈ ਜੋ ਨਿਖਰਵੇਂ ਰੂਪ 'ਚ ਮੱਧਯੁੱਗ ਦੇ ਆਖ਼ਰੀ ਦੌਰ ਅੰਦਰ ਪ੍ਰਗਟ ਹੋਇਆ। ਇਹ ਵਰਤਾਰਾ ਜਿੰਨਾ ਵਿਆਪਕ ਹੈ, ਓਨਾ ਹੀ ਰੰਗ-ਬਰੰਗਾ ਹੈ। ਵਿਆਪਕਤਾ, ਇਤਿਹਾਸਕਤਾ ਤੇ ਵੰਨ-ਸੁਵੰਨਤਾ ਇਸ ਦੇ ਸੰਯੁਕਤ ਲੱਛਣ ਹਨ। ਇਸ ਕਰਕੇ ਇਸ ਦੀ ਕੋਈ ਸਿਕੇਬੰਦ ਪਰਿਭਾਸ਼ਾ ਸੰਭਵ ਨਹੀਂ। ਇਸ ਨੇ ਇਤਿਹਾਸ ਦੇ ਅੱਡ ਅੱਡ ਦੌਰਾਂ ਦੌਰਾਨ, ਅੱਡ ਅੱਡ ਰੂਪ ਅਖ਼ਤਿਆਰ ਕੀਤਾ। ਸ਼ਾਇਦ ਇਸੇ ਵਜ੍ਹਾ ਕਰਕੇ ਹੀ, ਇਸ ਨੂੰ ਅਲੱਗ-ਅਲੱਗ ਥਾਵਾਂ 'ਤੇ, ਅਲੱਗ-ਅਲੱਗ ਲੋਕਾਂ ਵੱਲੋਂ ਅਲੱਗ-ਅਲੱਗ ਤਰ੍ਹਾਂ ਸਮਝਿਆ ਜਾਂਦਾ ਹੈ। ਆਮ ਰੂਪ 'ਚ ਇਸ ਤੋਂ ਭਾਵ ਆਪਣੀ ਕੌਮ ਅਤੇ ਦੇਸ ਪ੍ਰਤੀ ਪੂਰਨ ਵਫ਼ਾਦਾਰੀ ਲਿਆ ਜਾਂਦਾ ਹੈ! ਇਹ ਭਾਵ ਦੋ ਪੱਖਾਂ ਤੋਂ ਠੀਕ ਨਹੀਂ ਮੰਨਿਆ ਜਾ ਸਕਦਾ। ਇੱਕ ਤਾਂ 'ਕੌਮ' (ਨੇਸ਼ਨ) ਤੇ 'ਦੇਸ' (ਕੰਟਰੀ) ਇੱਕੋ ਚੀਜ਼ ਨਹੀਂ, ਦੋ ਅਲੱਗ-ਅਲੱਗ ਵੰਨਗੀਆਂ (categories) ਹਨ। ਇਕ ਦੇਸ ਅੰਦਰ ਕਈ ਕੌਮਾਂ ਹੋ ਸਕਦੀਆਂ ਹਨ, ਜਾਂ ਇੱਕੋ ਕੌਮ ਕਈ ਦੇਸਾਂ 'ਚ ਵੰਡੀ ਬਿਖਰੀ ਹੋ ਸਕਦੀ ਹੈ। ਦੂਜਾ, ਕੌਮਵਾਦ ਆਪਣੇ ਵਿਸ਼ਾਲ ਅਰਥਾਂ ਵਿੱਚ ਕਿਸੇ ਆਦਰਸ਼ ਪ੍ਰਤੀ ਮੋਹ ਤੇ ਭਗਤੀ ਦਾ ਜਜ਼ਬਾ ਹੈ। ਇਹ ਮੋਹ ਮਿੱਟੀ ਨਾਲ ਹੋ ਸਕਦਾ ਹੈ, ਧਰਮ, ਸਭਿਆਚਾਰ ਤੇ ਬੋਲੀ ਨਾਲ ਹੋ ਸਕਦਾ ਹੈ। ਯੂਰਪ ਅੰਦਰ ਚੱਲੇ ਵਿਸ਼ੇਸ਼ ਇਤਿਹਾਸਕ ਅਮਲ ਨੇ ਸਦੀਆਂ ਤੋਂ ਵੱਖੋ-ਵੱਖਰੇ ਨਿਸ਼ਚਿਤ ਭੂਗੋਲਿਕ ਖ਼ਿਤਿਆਂ 'ਚ 'ਕੱਠੇ ਰਹਿੰਦੇ ਆ ਰਹੇ ਲੋਕਾਂ ਨੂੰ ਨਾ ਸਿਰਫ਼ ਇਤਿਹਾਸ, ਵਿਰਸੇ, ਭਾਸ਼ਾ, ਸਭਿਆਚਾਰ ਤੇ ਮਾਨਸਿਕ ਮੁਹਾਂਦਰੇ ਦੀ ਸਮੂਹਿਕ ਸਾਂਝ ਵਰਗੇ ਨਿਖਰਵੇਂ ਕੌਮੀ ਲੱਛਣ ਪ੍ਰਦਾਨ ਕਰ ਦਿੱਤੇ ਸਨ ਸਗੋਂ ਮੱਧਯੁੱਗ ਦੇ ਖ਼ਾਤਮੇ ਨਾਲ ਇਨ੍ਹਾਂ ਨੂੰ ਆਪੋ ਆਪਣੇ ਖ਼ੁਦਮੁਖ਼ਤਿਆਰ ਕੌਮੀ ਰਾਜਾਂ ਦੀ ਦਾਤ ਵੀ ਨਸੀਬ ਹੋ ਗਈ ਸੀ। ਇਉਂ ਆਪਣੇ ਕੌਮੀ ਰਾਜ ਪ੍ਰਤੀ ਸ਼ਰਧਾ ਤੇ ਵਫ਼ਾਦਾਰੀ ਦਾ ਪ੍ਰਬਲ ਜਜ਼ਬਾ, ਇਨ੍ਹਾਂ ਯੂਰਪੀ ਕੌਮਾਂ ਦੀ ਭਾਰੂ ਪਛਾਣ ਹੋ ਨਿਬੜੀ ਸੀ।

ਪੱਛਮ ਦੀ ਇਹ ਹਕੀਕਤ, ਪੂਰਬ ਦਾ ਸੁਪਨਾ ਸੀ। ਇਸ ਸੁਪਨੇ ਨੇ ਪੂਰਬ ਦੇ ਅੱਡ ਅੱਡ ਖ਼ਿੱਤਿਆਂ ਅੰਦਰ ਅੱਡ ਅੱਡ ਸਰੂਪ ਧਾਰਨ ਕੀਤਾ। ਭਾਰਤ ਅੰਦਰ ਹਿੰਦੂ ਵਰਗ ਦੇ, ਪੱਛਮੀ ਵਿਦਿਆ ਤੇ ਵਿਚਾਰਾਂ ਤੋਂ ਪ੍ਰਭਾਵਿਤ ਪੜ੍ਹੇ-ਲਿਖੇ ਤੱਤਾਂ ਨੂੰ, ਇਸ ਸੁਪਨੇ ਨੇ ਖ਼ਾਸ ਤੌਰ 'ਤੇ ਮੋਹਿਆ। ਵਜ੍ਹਾ ਇਹ ਕਿ ਇਹ ਸੁਪਨਾ ਉਨ੍ਹਾਂ ਨੂੰ ਭਾਰਤ ਦੇ ਰਾਜਭਾਗ 'ਤੇ ਕਾਬਜ਼ ਹੋਣ ਦੇ ਸਿੱਧੇ ਤੇ ਸਪਾਟ ਰਾਹ ਦੀ ਦੱਸ ਪਾਉਂਦਾ ਸੀ। ਜੇਕਰ ਸਮੁੱਚਾ ਭਾਰਤ ਯੂਰਪੀ ਕੌਮੀ ਰਾਜਾਂ ਦੀ ਤਰਜ਼ 'ਤੇ ਇਕ ਜੁੱਟ ਕੌਮੀ ਰਾਜ ਦਾ ਸਰੂਪ ਅਖ਼ਤਿਆਰ ਕਰਦਾ ਸੀ ਤਾਂ ਪੱਛਮੀ ਲੋਕਤੰਤਰ ਦੇ ਕਾਇਦੇ ਕਾਨੂੰਨਾਂ ਅਨੁਸਾਰ ਹਿੰਦੂ ਬਹੁਗਿਣਤੀ ਵਰਗ ਹੀ ਭਾਰਤੀ ਰਾਜਭਾਗ ਦਾ ਕੁਦਰਤੀ ਦਾਅਵੇਦਾਰ ਬਣਦਾ ਸੀ। ਸੋ ਇਸੇ ਸੋਚ ਤੇ ਪ੍ਰੇਰਨਾ ਤਹਿਤ ਹਿੰਦੂ ਵਰਗ 'ਭਾਰਤੀ ਕੌਮਵਾਦ' ਦਾ ਦ੍ਰਿੜ੍ਹ ਝੰਡਾਬਰਦਾਰ ਬਣ ਕੇ ਅੱਗੇ ਆਇਆ ਤੇ ਨਾਲ ਹੀ ਪੱਛਮ ਦੀ ਨਵੀਨ ਜਮਹੂਰੀ ਵਿਚਾਰਧਾਰਾ ਦਾ ਵੀ। ਕਿਉਂ ਜੋ 'ਕੌਮਵਾਦ' ਵਾਂਗ ਹੀ, ਸਿਰਾਂ ਦੀ ਗਿਣਤੀ 'ਤੇ ਆਧਾਰਤ ਲੋਕਤੰਤਰੀ ਰਾਜ ਪ੍ਰਣਾਲੀ ਵੀ ਇਸ ਦੇ ਵਰਗ ਹਿਤਾਂ ਨੂੰ ਘਿਓ ਵਾਂਗ ਲੱਗਦੀ ਸੀ।

ਹਿੰਦੂ ਆਗੂਆਂ ਵੱਲੋਂ ਜ਼ੋਸ਼ੋਖ਼ਰੋਸ਼ ਨਾਲ ਅਪਣਾਈ ਗਈ ਇਸ 'ਕੌਮਪ੍ਰਸਤੀ' ਦੀ ਅਸਲੀ ਤਾਸੀਰ ਕੀ ਸੀ ? ਇਹ ਉਨ੍ਹਾਂ ਦੇ ਕਥਨਾਂ ਤੇ ਕਰਮਾਂ ਤੋਂ ਭਲੀਭਾਂਤ ਸਪਸ਼ਟ ਹੋ ਜਾਂਦੀ ਹੈ। ਲਾਲਾ ਲਾਜਪਤ ਰਾਇ ਦੀ ਇਹ ਦ੍ਰਿੜ੍ਹ ਧਾਰਨਾ ਸੀ ਕਿ "ਪ੍ਰਾਚੀਨ ਭਾਰਤ ਦੇ ਗੌਰਵ ਦੀ ਗਾਥਾ 'ਚੋਂ ਹੀ ਭਾਰਤੀ ਲੋਕਾਂ ਅੰਦਰ ਆਪਣੇ ਧਰਮ ਅਤੇ ਸੰਸਕ੍ਰਿਤੀ ਪ੍ਰਤੀ ਗੌਰਵ ਦੀਆਂ ਭਾਵਨਾਵਾਂ ਪੈਦਾ ਹੋ ਸਕਦੀਆਂ ਹਨ ਅਤੇ ਉਨ੍ਹਾਂ ਅੰਦਰ ਦੇਸ ਪ੍ਰੇਮ ਤੇ ਕੌਮਪ੍ਰਸਤੀ ਦਾ ਜਜ਼ਬਾ ਉਭਰ ਸਕਦਾ ਹੈ।" ਲਾਲਾ ਜੀ ਦਾ ਇਹ ਕਥਨ ਉਨ੍ਹਾਂ ਦੀ ਸਵੈ-ਜੀਵਨੀ (ਸਟੋਰੀ ਆਫ਼ ਮਾਈ ਲਾਈਫ਼) 'ਚੋਂ ਲਿਆ ਗਿਆ ਹੈ, ਜਿਸ ਵਿੱਚ ਉਹ ਇਹ ਗੱਲ ਵੀ ਕਹਿੰਦੇ ਹਨ ਕਿ ਬ੍ਰਹਮੋ ਸਮਾਜ ਦਾ ਆਗੂ ਬਾਬੂ ਨਵੀਨ ਚੰਦਰ ਰਾਇ, "ਹਿੰਦੀ ਨੂੰ ਭਾਰਤ ਦੀ ਕੌਮੀ ਭਾਸ਼ਾ ਵਜੋਂ ਦੇਖਦਾ ਸੀ ਅਤੇ ਚਾਹੁੰਦਾ ਸੀ ਕਿ ਇਹ ਭਾਰਤੀ ਕੌਮੀਅਤ ਦੇ ਚਬੂਤਰੇ ਦੀ ਆਧਾਰਸ਼ਿਲਾ ਬਣੇ। ਇਨ੍ਹਾਂ ਵਿਚਾਰਾਂ ਨੇ ਮੈਨੂੰ ਗੂੜ੍ਹੀ ਤਰ੍ਹਾਂ ਪ੍ਰਭਾਵਤ ਕੀਤਾ.....ਮੇਰੇ ਚਰਿਤਰ 'ਤੇ ਸਭ ਤੋਂ ਗੂੜ੍ਹਾ ਅਸਰ ਹਿੰਦੀ ਐਜੀਟੇਸ਼ਨ (1882-83) ਨੇ ਪਾਇਆ। ਇਸ ਨੇ ਮੇਰੇ ਅੰਦਰ ਕੌਮੀ ਭਾਵਨਾਵਾਂ ਜਗਾਈਆਂ। ਜਦੋਂ ਮੈਂ ਲਾਹੌਰ ਵਿੱਚ ਪੜ੍ਹਦਾ ਸਾਂ ਤਾਂ ਮੇਰੀ ਇਹ ਧਾਰਨਾ ਸੀ ਕਿ ਅੰਗੇਰਜ਼ਾਂ ਨੇ ਸਾਡੀ ਮੁਸਲਮਾਨਾਂ ਦੇ ਜ਼ੁਲਮਾਂ ਤੋਂ ਖ਼ਲਾਸੀ ਕਰਵਾਈ ਹੈ....ਉਦੋਂ ਆਰੀਆ ਸਮਾਜ ਦੀ ਜੋ ਇਕ ਨਿੱਕੀ ਜਿਹੀ ਕਿਸ਼ਤੀ ਸੀ, ਮੇਰੇ ਲਈ ਹਿੰਦੂ ਕੌਮੀਅਤ ਦੀ ਬੇੜੀ ਸੀ ਉਹ।"[25]

ਅਰਬਿੰਦੋ ਘੋਸ਼ ਭਾਰਤ ਦੀ ਮੁੜ ਸਿਰਜਨਾ ਲਈ ਵੇਦਾਂ ਤੇ ਭਗਵਤ ਗੀਤਾ ਦੀਆਂ ਸਿੱਖਿਆਵਾਂ ਨੂੰ ਆਧਾਰ ਬਣਾਉਣ ਦੇ ਵਿਚਾਰ ਦੀ ਖੁੱਲ੍ਹਮਖੁੱਲ੍ਹੀ ਵਕਾਲਤ ਕਰਦਾ ਸੀ। ਪ੍ਰਸਿੱਧ ਇਤਿਹਾਸਕਾਰ ਆਰ.ਸੀ. ਮਜੂਮਦਾਰ ਅਨੁਸਾਰ ਬੰਗਾਲ ਅੰਦਰ ਹੀ 'ਨੈਸ਼ਨਲ ਸੁਸਾਇਟੀ' ਨਾਂ ਦੀ ਇਕ 'ਕੌਮਪ੍ਰਸਤ' ਸਭਾ ਦੇ ਬਾਨੀ ਨਾਬਾ ਗੋਪਾਲ ਮਿਤਰ ਦਾ ਮੰਨਣਾ ਸੀ ਕਿ "ਭਾਰਤ ਅੰਦਰ ਕੌਮੀ ਏਕਤਾ ਦੀ ਬੁਨਿਆਦ ਹਿੰਦੂ ਧਰਮ ਹੈ।"[26] ਬਾਲ ਗੰਗਾਧਰ ਤਿਲਕ ਨੇ ਮਹਾਰਾਸ਼ਟਰ ਅੰਦਰ ਹਿੰਦੂ ਜਨਤਾ ਨੂੰ ਉਭਾਰਨ ਲਈ ਗਣੇਸ਼ ਤੇ ਸ਼ਿਵਾ ਜੀ ਦੇ ਨਾਂ 'ਤੇ ਮੇਲੇ ਤੇ ਉਤਸਵ ਜਥੇਬੰਦ ਕਰਨ ਦੀ ਰੀਤ ਸ਼ੁਰੂ ਕੀਤੀ। ਉਸ ਨੇ ਖੁੱਲ੍ਹੇਆਮ ਇਹ ਮੰਗ ਕੀਤੀ ਕਿ ਹਿੰਦੀ ਨੂੰ ਭਾਰਤ ਦੀ ਕੌਮੀ ਜ਼ਬਾਨ ਦਾ ਦਰਜਾ ਦਿੱਤਾ ਜਾਵੇ ਕਿਉਂ ਜੋ "ਇਹ ਹਿੰਦੂ ਕੌਮਵਾਦ ਲਈ ਜ਼ਰੂਰੀ ਸੰਜੋਗ ਕੜੀ ਹੈ।"[27] ਇਸੇ ਦੌਰਾਨ ਬਿਹਾਰ ਅੰਦਰ ਉਰਦੂ ਨੂੰ 'ਬਦੇਸੀ ਜ਼ੁਬਾਨ' ਕਹਿ ਕੇ ਭੰਡਣ ਤੇ ਇਸ ਉੱਤੇ ਪਾਬੰਦੀ ਲਾਉਣ ਦੀਆਂ ਆਵਾਜ਼ਾਂ ਉਠਣੀਆਂ ਸ਼ੁਰੂ ਹੋ ਗਈਆਂ ਸਨ। ਗਾਂਧੀ, ਜੋ ਕਿ ਖ਼ੁਦ ਸਨਾਤਨੀ ਹਿੰਦੂ ਸੀ,

ਭਾਰਤੀ ਲੋਕਾਂ ਅੰਦਰ ਕੌਮਪ੍ਰਸਤੀ ਦੀਆਂ ਭਾਵਨਾਵਾਂ ਪੈਦਾ ਕਰਨ ਲਈ ਧਾਰਮਿਕ ਮੁਹਾਵਰੇ ਦੀ ਵੱਡੀ ਅਹਿਮੀਅਤ ਦੇਖਦਾ ਸੀ। ਇਸੇ ਕਰਕੇ ਉਹ ਰਾਜਨੀਤੀ ਦੇ ਖੇਤਰ ਅੰਦਰ ਹਿੰਦੂ ਚਿੰਨ੍ਹਾਂ ਦੀ ਖੁੱਲ੍ਹੀ ਵਰਤੋਂ ਕਰਦਾ ਸੀ। 'ਸਵਰਾਜ' ਤੇ 'ਰਾਮ ਰਾਜ' ਵਰਗੇ ਸੰਕਲਪ ਉਸ ਦੀ ਇਸੇ ਧਾਰਨਾ ਦੀ ਪੈਦਾਇਸ਼ ਸਨ। ਹੋਰ ਤਾਂ ਹੋਰ, ਸੈਕੂਲਰਿਜ਼ਮ ਦਾ 'ਦੂਤ' ਸਮਝੇ ਜਾਂਦੇ ਜਵਾਹਰ ਲਾਲ ਨਹਿਰੂ ਵਰਗੇ ਨਵੀਨ ਦਿਖ ਵਾਲੇ ਆਗੂ ਵੀ ਆਪਣੇ ਹਿੰਦੂਵਾਦੀ ਝੁਕਾਵਾਂ ਤੋਂ ਮੁਕਤ ਨਹੀਂ ਸਨ। ਨਹਿਰੂ ਆਪਣੀ ਸਵੈ-ਜੀਵਨੀ ਅੰਦਰ ਇਸ ਦਾ ਇਕਬਾਲ ਇਉਂ ਕਰਦਾ ਹੈ: "ਮੇਰੇ ਪਿੱਛੇ, ਕਿਤੇ ਨੀਮ-ਚੇਤਨਾ ਅੰਦਰ, ਬ੍ਰਾਹਮਣਾਂ ਦੀਆਂ ਸੈਂਕੜੇ ਪੁਸ਼ਤਾਂ ਦੀਆਂ ਨਸਲੀ ਯਾਦਾਂ ਪਈਆਂ ਹਨ। ਮੈਂ ਜਾਤਪੁਣੇ ਦੀ ਇਸ ਵਿਰਾਸਤ ਤੋਂ ਜਾਂ ਅਜਿਹੀ ਕਿਸੇ ਸੱਜਰੀ ਸਹੇੜ ਤੋਂ ਸੁਰਖ਼ਰੂ ਨਹੀਂ ਹੋ ਸਕਦਾ। ਇਹ ਦੋਨੋਂ ਮੇਰੇ ਵਜੂਦ ਦਾ ਹਿੱਸਾ ਹਨ........।"[28]

ਹਿੰਦੂ ਆਗੂਆਂ ਦੇ ਇਸ ਵਿਚਾਰਧਾਰਕ ਪੈਂਤੜੇ ਨੇ ਭਾਰਤ ਅੰਦਰਲੇ ਇਸਲਾਮੀ ਭਾਈਚਾਰੇ ਅੰਦਰ ਆਪਣੇ ਧਾਰਮਿਕ, ਸਭਿਆਚਾਰਕ ਤੇ ਰਾਜਸੀ ਹਿਤਾਂ ਨੂੰ ਮਹਿਫ਼ੂਜ਼ ਕਰਨ ਦਾ ਫ਼ੌਰੀ ਤੇ ਤਿੱਖਾ ਸਰੋਕਾਰ ਪੈਦਾ ਕੀਤਾ। ਬੌਧਿਕ ਮੁਸਲਿਮ ਵਰਗ ਨੇ ਆਪਣੇ ਭਾਈਚਾਰੇ ਦੇ ਹਿਤਾਂ ਦੀ ਰੱਖਿਆ ਲਈ ਢੁਕਵੀਂ ਰਣਨੀਤੀ ਘੜਨ ਦੇ ਕਾਰਜ ਨੂੰ ਪੂਰੀ ਸ਼ਿੱਦਤ ਤੇ ਗੰਭੀਰਤਾ ਨਾਲ ਹੱਥ ਲੈ ਲਿਆ। ਇਸ ਨੂੰ ਮੁਸਲਿਮ ਵਰਗ ਦੀਆਂ ਫ਼ਿਰਕੂ ਰੁਚੀਆਂ ਦਾ ਨਾਉਂ ਦਿੱਤਾ ਗਿਆ। ਦੇਸ ਭਰ ਦੇ ਲੋਕਾਂ, ਖ਼ਾਸ ਕਰਕੇ ਹਿੰਦੂਆਂ ਅੰਦਰ ਮੁਸਲਿਮ ਵਿਰੋਧੀ ਭਾਵਨਾਵਾਂ ਪੈਦਾ ਹੋ ਗਈਆਂ। ਇਨ੍ਹਾਂ ਮੁਸਲਿਮ ਵਿਰੋਧੀ ਤੁਅੱਸਬਾਂ ਦਾ ਅਸਰ ਅਜੇ ਤਕ ਜਿਉਂ ਦਾ ਤਿਉਂ ਕਾਇਮ ਹੈ। ਸਿਰਫ਼ ਹਿੰਦੂ ਜਨਤਾ ਅੰਦਰ ਹੀ ਨਹੀਂ, ਉਸੇ ਹੀ ਹੱਦ ਤਕ ਸਿੱਖਾਂ ਅੰਦਰ ਵੀ। ਇਸ ਦੀ ਬੁਨਿਆਦੀ ਵਿਚਾਰਧਾਰਕ ਵਜ੍ਹਾ 'ਭਾਰਤੀ ਕੌਮ' ਅਤੇ 'ਕੌਮਵਾਦ' ਬਾਰੇ ਮਨਾਂ ਵਿੱਚ ਬਣੀਆਂ (ਅਸਲ ਵਿੱਚ ਡੂੰਘੀਆਂ ਧਸੀਆਂ) ਗ਼ਲਤ ਧਾਰਨਾਵਾਂ ਹਨ। ਹਿੰਦੂ ਕਾਂਗਰਸੀ ਆਗੂਆਂ ਵੱਲੋਂ ਜੋ 'ਭਾਰਤੀ ਕੌਮ' ਦਾ ਸੰਕਲਪ ਉਭਾਰਿਆ ਜਾ ਰਿਹਾ ਸੀ, ਉਸ ਦਾ ਹਕੀਕੀ ਤੇ ਤਰਕਯੁਕਤ ਆਧਾਰ ਕੋਈ ਨਹੀਂ ਸੀ। ਪੱਛਮ ਅੰਦਰ ਜੋ ਕੌਮਾਂ ਇਕ ਇਕਹਿਰੇ ਰੂਪ ਵਿੱਚ ਸੰਗਠਿਤ ਹੋਈਆਂ, ਉਹ ਮਹਿਜ਼ ਆਗੂਆਂ ਦੀਆਂ ਨੇਕ ਇਛਾਵਾਂ ਕਰਕੇ ਹੀ ਨਹੀਂ ਸਨ ਹੋ ਗਈਆਂ। ਇਕ ਲੰਮੇ ਇਤਿਹਾਸਕ ਅਮਲ 'ਚੋਂ ਉਨ੍ਹਾਂ ਦੀ ਸੱਚਮੁੱਚ ਦੀ ਸੰਯੁਕਤ ਕੌਮੀ ਹਸਤੀ ਵਿਕਸਤ ਹੋ ਚੁੱਕੀ ਸੀ। ਇਸ ਕਰਕੇ ਉੱਥੇ ਕੌਮੀ ਜਜ਼ਬੇ ਨੇ ਹੋਰਨਾਂ ਸਭਨਾਂ ਜਜ਼ਬਿਆਂ (ਧਾਰਮਿਕ, ਨਸਲੀ ਆਦਿ) ਉੱਤੇ ਫ਼ਤਹਿ ਹਾਸਲ ਕਰ ਲਈ ਹੋਈ ਸੀ। ਪਰ ਇਥੇ ਹਿੰਦੋਸਤਾਨ ਅੰਦਰ ਅਜਿਹੀ ਗੱਲ ਨਹੀਂ ਸੀ ਵਾਪਰੀ। ਪਹਿਲੀ ਗੱਲ, ਜੇਕਰ ਮੂਲ ਭਾਰਤੀ ਸਭਿਆਚਾਰ ਤੇ ਪ੍ਰੰਪਰਾ ਨੂੰ ਹੀ ਲਈਏ ਤਾਂ ਇਸ ਅੰਦਰ ਨਸਲੀ, ਧਾਰਮਿਕ, ਭਾਸ਼ਾਈ ਤੇ ਸਭਿਆਚਾਰਕ ਪੱਖ ਤੋਂ ਏਨੇ ਵਿਰੋਧ ਵਖਰੇਵੇਂ ਹਨ ਕਿ Ainslie T. Embree ਨਾਂ ਦੇ ਪ੍ਰਸਿੱਧ ਬਰਤਾਨਵੀ ਚਿੰਤਕ (ਜਿਸ ਨੇ ਭਾਰਤੀ ਧਾਰਮਿਕ ਤੇ ਸਭਿਆਚਾਰਕ ਪ੍ਰੰਪਰਾ ਦੇ ਵਿਸ਼ੇ 'ਤੇ ਗੂੜ੍ਹਾ ਤੇ ਗਹਿਰ-ਗੰਭੀਰ ਅਧਿਅਨ ਕੀਤਾ ਹੈ) ਦਾ ਇਹ ਮੰਨਣਾ ਹੈ ਕਿ "ਕਿਸੇ ਹੋਰ ਜਗ੍ਹਾ, ਇਹ ਅਲੱਗ-ਅਲੱਗ ਕੌਮੀਅਤਾਂ ਹੋਣੀਆਂ ਸਨ, ਜਿਵੇਂ ਕਿ ਯੂਰਪ ਅੰਦਰ ਹੋਇਆ।"[29] ਹਿੰਦੋਸਤਾਨ ਅੰਦਰ ਇਸਲਾਮੀ ਸਭਿਅਤਾ ਦੀ ਆਮਦ ਕੋਈ ਸਧਾਰਨ ਘਟਨਾ ਨਹੀਂ ਸੀ। ਇਸ ਨੇ ਭਾਰਤ ਦੇ ਸਮਾਜੀ ਸਭਿਆਚਾਰਕ ਜੀਵਨ ਅੰਦਰ ਇਕ ਅਸਲੋਂ ਹੀ ਨਵੀਂ ਸਥਿਤੀ ਪੈਦਾ ਕਰ ਦਿੱਤੀ ਸੀ। ਇਹ ਦੋ ਧਰਮਾਂ ਦੇ ਵਖਰੇਵੇਂ ਦਾ ਹੀ ਮਾਮਲਾ ਨਹੀਂ ਸੀ ਰਹਿ ਗਿਆ। ਇਹ ਦੋ ਸੰਸਕ੍ਰਿਤੀਆਂ ਦੀ ਆਹਮੋ-ਸਾਹਮਣੀ ਟੱਕਰ ਸੀ ਜਿਸ ਨੇ ਭਾਰਤ ਦਾ ਸਭਿਆਚਾਰਕ ਜੁਗਰਾਫ਼ੀਆ ਹੀ ਬਦਲ ਕੇ ਰੱਖ ਦਿੱਤਾ ਸੀ। ਇਹ ਠੀਕ ਹੈ ਕਿ ਸਦੀਆਂ

ਲੰਮੇ ਸਹਿ-ਵਾਸ ਨੇ ਇਨ੍ਹਾਂ ਦੋਨੋਂ ਧਰਮਾਂ, ਸੰਸਕ੍ਰਿਤੀਆਂ ਤੇ ਧਾਰਮਿਕ ਭਾਈਚਾਰਿਆਂ ਅੰਦਰ ਵਿਰੋਧਾਂ ਤੇ ਟਕਰਾਵਾਂ ਦੇ ਨਾਲੋ ਨਾਲ ਆਪਸੀ ਮੇਲਜੋਲ ਤੇ ਸਾਂਝਾਂ ਵੀ ਪੈਦਾ ਕੀਤੀਆਂ ਪਰ ਇਸ ਦੇ ਬਾਵਜੂਦ ਦੋਵਾਂ ਦਾ ਮੁਕੰਮਲ ਮਿਲਾਪ ਕਦੇ ਵੀ ਸੰਭਵ ਨਹੀਂ ਹੋਇਆ। ਦੋਵੇਂ ਨਾਲੋ ਨਾਲ ਰਹਿੰਦੇ ਹੋਏ ਵੀ ਇਕ ਦੂਜੇ ਵਿੱਚ ਅਭੇਦ ਨਹੀਂ ਹੋਏ। ਮੈਕਸੀਕੋ ਦੇ ਨੋਬਲ ਇਨਾਮ ਜੇਤੂ ਸ਼ਾਇਰ ਅਤੇ ਪ੍ਰਤਿਭਾਸ਼ੀਲ ਚਿੰਤਕ ਓਕਟਾਵੀਓ ਪਾਜ਼ ਨੇ ਇਸ ਵਰਤਾਰੇ ਨੂੰ ਆਪਣੀ ਵਿਲੱਖਣ ਸ਼ੈਲੀ ਵਿੱਚ ਇੰਜ ਬਿਆਨਿਆ ਹੈ :

"ਸਦੀਆਂ ਤਕ ਨਾਲੋ ਨਾਲ ਰਹਿੰਦਿਆਂ ਹੋਇਆਂ ਵੀ ਦੋਨੋਂ ਭਾਈਚਾਰਿਆਂ ਨੇ ਆਪੋ ਆਪਣੀਆਂ ਪਛਾਣਾਂ ਬਰਕਰਾਰ ਰੱਖੀਆਂ ਹਨ। ਦੋਵਾਂ ਦਾ ਮੁਕੰਮਲ ਮਿਲਾਪ ਨਹੀਂ ਹੋਇਆ। ਫਿਰ ਵੀ ਉਨ੍ਹਾਂ ਨੂੰ ਕਈ ਚੀਜ਼ਾਂ ਆਪਸ ਵਿੱਚ ਜੋੜਦੀਆਂ ਹਨ, ਜਿਵੇਂ ਸੰਗੀਤ, ਲੋਕ ਕਲਾ, ਪਹਿਰਾਵਾ ਅਤੇ ਇਤਿਹਾਸ। ਇਕ ਅਜਿਹਾ ਇਤਿਹਾਸ, ਜੋ ਉਨ੍ਹਾਂ ਨੂੰ ਜੋੜਦਾ ਵੀ ਹੈ ਤੇ ਪਾੜਦਾ ਵੀ ਹੈ। ਉਹ ਇਕੱਠੇ ਜ਼ਰੂਰ ਰਹਿੰਦੇ ਰਹੇ ਪ੍ਰੰਤੂ ਉਨ੍ਹਾਂ ਦਾ ਸਹਿ-ਵਾਸ ਸ਼ਰੀਕੇਬਾਜ਼ੀ ਵਾਲਾ, ਸ਼ੱਕਾਂ, ਡਰਾਵਿਆਂ ਅਤੇ ਮੂਕ ਨਾਰਾਜ਼ਗੀਆਂ, ਜੋ ਅਕਸਰ ਹੀ ਖ਼ੂਨ ਖ਼ਰਾਬਿਆਂ 'ਚ ਲਿਪਟਦੀਆਂ ਆਈਆਂ ਹਨ, ਨਾਲ ਭਰਪੂਰ ਰਿਹਾ ਹੈ।"[30] ਭਾਰਤ ਦੀ ਸਮਾਜੀ ਸਭਿਆਚਾਰਕ ਹਕੀਕਤ ਬਾਰੇ Ainslie T. Embree ਦੇ ਇਹ ਵਿਚਾਰ ਵੀ ਕਾਫ਼ੀ ਭਾਵਪੂਰਤ ਹਨ ਕਿ "ਜੇਕਰ ਉੱਨੀਵੀਂ ਸਦੀ ਦੇ ਬਰਤਾਨਵੀ ਤੇ ਫ਼ਰਾਂਸੀਸੀ ਟਕਸਾਲੀ ਮਾਡਲਾਂ ਦੇ ਮਾਪਦੰਡ ਅਪਣਾਏ ਜਾਣ ਤਾਂ ਭਾਰਤ ਕੌਮਪੁਣੇ ਦੀ ਕੋਈ ਵੀ ਸ਼ਰਤ ਪੂਰੀ ਨਹੀਂ ਕਰਦਾ। ਕਿਉਂਕਿ ਇਕ ਸਾਂਝੀ ਭਾਸ਼ਾ, ਸਾਂਝਾ ਗੌਰਵਮਈ ਇਤਿਹਾਸਕ ਅਨੁਭਵ, ਇਕ ਸਾਂਝੀ ਧਾਰਮਿਕ ਪ੍ਰੰਪਰਾ ਅਤੇ ਨਸਲੀ ਇਕਰੂਪਤਾ ਵਰਗੀਆਂ ਸਾਰੀਆਂ ਚੀਜ਼ਾਂ ਦੀ ਭਾਰਤ ਅੰਦਰ ਰੜਕਵੀਂ ਅਣਹੋਂਦ ਹੈ। ਫਿਰ, ਇਥੇ ਹਿੰਦੂ ਬਹੁਗਿਣਤੀ ਦੇ ਦਰਮਿਆਨ ਇਕ ਵੱਡੀ ਮੁਸਲਿਮ ਘੱਟਗਿਣਤੀ ਦੀ ਹੋਂਦ ਗਹਿਰੇ ਪਾੜਿਆਂ ਦਾ ਸਬੱਬ ਬਣੀ ਹੋਈ ਹੈ। ਇਨ੍ਹਾਂ ਦੋਨੋਂ ਧਰਮਾਂ ਦੀ ਪਰਮ-ਸੱਚ ਦੀ ਕਲਪਨਾ ਏਨੀ ਅਲੱਗ-ਅਲੱਗ ਹੈ ਕਿ ਕੋਈ ਅਸਾਧ ਆਸ਼ਾਵਾਦੀ ਹੀ, ਇਨ੍ਹਾਂ ਦੇ ਸਵੈ-ਚੇਤੰਨ ਭਾਈਚਾਰਿਆਂ ਵਜੋਂ ਸਹਿਭਾਵ ਦੀ ਕਲਪਨਾ ਕਰ ਸਕਦਾ ਹੈ।"[31]

ਇਹ ਗੱਲ ਨਹੀਂ ਕਿ ਭਾਰਤ ਅੰਦਰ ਵੱਖ-ਵੱਖ ਧਾਰਮਿਕ ਫ਼ਿਰਕਿਆਂ ਅੰਦਰ ਆਪਸੀ ਪ੍ਰੇਮ ਤੇ ਭਾਈਚਾਰੇ ਦੀ ਉੱਕਾ ਹੀ ਕੋਈ ਸੰਭਾਵਨਾ ਨਹੀਂ। ਜਾਂ ਅਜਿਹਾ ਟੀਚਾ ਤੇ ਆਸ਼ਾ ਰੱਖਣੀ ਹੀ ਫ਼ਜ਼ੂਲ ਹੈ। ਇਤਿਹਾਸ ਅੰਦਰ ਇਨ੍ਹਾਂ ਫ਼ਿਰਕਿਆਂ ਦਰਮਿਆਨ ਆਪਸੀ ਨਫ਼ਰਤ ਤੇ ਵੈਰ-ਵਿਰੋਧ ਦੀਆਂ ਖਾਈਆਂ ਨੂੰ ਪੂਰਨ ਦੇ ਕਾਫ਼ੀ ਸ਼ਲਾਘਾਯੋਗ ਉਪਰਾਲੇ ਹੋਏ ਹਨ। ਕਿੰਨੇ ਹੀ ਧਾਰਮਿਕ ਸੁਧਾਰਕਾਂ, ਗੁਰੂਆਂ, ਅਵਤਾਰਾਂ, ਪੀਰਾਂ-ਪੈਗੰਬਰਾਂ ਅਤੇ ਭਗਤਾਂ ਤੇ ਸੂਫ਼ੀਆਂ ਨੇ ਮਨੁੱਖੀ ਪਿਆਰ ਤੇ ਭਾਈਚਾਰੇ ਦਾ ਸੰਦੇਸ਼ ਫੈਲਾਉਣ ਦੇ ਕਲਿਆਣਕਾਰੀ ਉੱਦਮ ਕੀਤੇ ਹਨ। ਇਨ੍ਹਾਂ ਪਿੱਛੇ ਕਿਸੇ ਫ਼ਿਰਕੇ ਨੂੰ ਹੇਠਾਂ ਲਾਉਣ ਜਾਂ ਕਿਸੇ ਦੀ ਧਾਰਮਿਕ ਸਭਿਆਚਾਰਕ ਪਛਾਣ ਨੂੰ ਢਾਹ ਲਾਉਣ ਦੀ ਮੰਦਭਾਵਨਾ ਦੀ ਲੇਸ ਨਹੀਂ ਸੀ। ਇਹ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦੀ ਸੱਚੀ ਤੇ ਸੁੱਚੀ ਭਾਵਨਾ ਸੀ ਜਿਸ ਵਿੱਚ ਕਿਸੇ ਮੈਲ, ਫ਼ਰੇਬ ਜਾਂ ਛਲ ਲਈ ਕੋਈ ਜਗ੍ਹਾ ਨਹੀਂ ਸੀ। ਮਾਨਵ ਏਕਤਾ ਦੇ ਇਹ ਉੱਦਮ ਉੱਕਾ ਹੀ ਨਿਹਫਲ ਸਾਬਤ ਹੋਏ ਨਹੀਂ ਕਹੇ ਜਾ ਸਕਦੇ। ਇਤਿਹਾਸ ਅੰਦਰ ਕਈ ਮੌਕੇ ਆਏ ਜਦੋਂ ਅਲੱਗ-ਅਲੱਗ ਫ਼ਿਰਕਿਆਂ ਵਿਚਕਾਰ ਵਿਰੋਧ ਤੇ ਕੁੜੱਤਣ ਦੀਆਂ ਭਾਵਨਾਵਾਂ ਮੱਠੀਆਂ ਪਈਆਂ ਅਤੇ ਮਨੁੱਖੀ ਭਾਈਚਾਰੇ ਦੀ ਜੋਤ ਪ੍ਰਜਵਲਤ ਹੋਈ। ਸਿਕੰਦਰ ਲੋਧੀ, ਸ਼ੇਰਸ਼ਾਹ ਸੂਰੀ ਤੇ ਅਕਬਰ ਵਰਗੇ ਬਾਦਸ਼ਾਹਾਂ ਨੇ ਵੀ ਇਸ ਦਿਸ਼ਾ ਵੱਲ ਸੁਹਿਰਦ ਯਤਨ ਜੁਟਾਏ। ਇਸ ਨਾਲ ਅੱਡ ਅੱਡ ਸਭਿਆਚਾਰਾਂ ਨੇ ਇਕ ਦੂਜੇ ਦਾ ਪ੍ਰਭਾਵ

ਜ਼ਰੂਰ ਕਬੂਲਿਆ ਪ੍ਰੰਤੂ ਇਨ੍ਹਾਂ ਵਿਚਕਾਰ ਪੂਰਨ ਮਿਲਾਪ ਕਦੇ ਨਹੀਂ ਹੋਇਆ। ਵੱਧ ਤੋਂ ਵੱਧ, ਵਕਤੀ ਏਕਤਾ ਤੇ ਰਾਜਸੀ ਗੱਠਜੋੜਾਂ ਦੇ ਦੌਰ ਜ਼ਰੂਰ ਆਏ। ਅਜਿਹੇ ਆਰਜ਼ੀ ਤੇ ਅੰਸ਼ਕ ਅਮਲ ਸਾਂਝੀ ਕੌਮੀਅਤ ਦੇ ਵਿਕਾਸ ਲਈ ਕਾਫ਼ੀ ਨਹੀਂ ਹੁੰਦੇ। ਇਸ ਕਰਕੇ ਜਿਸ ਨੂੰ 'ਭਾਰਤੀ ਕੌਮਪ੍ਰਸਤੀ' ਕਿਹਾ ਜਾ ਰਿਹਾ ਸੀ, ਉਹ ਤੱਤ ਰੂਪ 'ਚ ਹਿੰਦੂ ਕੌਮੀਅਤ ਦੀ ਉਸਾਰੀ ਦਾ ਪ੍ਰੋਜੈਕਟ ਹੀ ਸੀ। ਇਸ ਲਈ ਮੁਸਲਿਮ ਭਾਈਚਾਰੇ ਅੰਦਰਲੇ ਜਾਗਰੂਕ ਤੱਤਾਂ ਵੱਲੋਂ, ਇਸ ਨੂੰ ਆਪਣੀ ਧਾਰਮਿਕ ਤੇ ਸਭਿਆਚਾਰਕ ਪਛਾਣ ਲਈ ਇਕ ਗੰਭੀਰ ਖ਼ਤਰੇ ਵਜੋਂ ਦੇਖਣਾ ਬੇਵਜ੍ਹਾ ਨਹੀਂ ਸੀ। ਉਨ੍ਹਾਂ ਦੇ ਖ਼ਦਸ਼ੇ ਤੇ ਸਰੋਕਾਰ ਨਿਰਮੂਲ ਨਹੀਂ ਸਨ। ਹਿੰਦੂਵਾਦ ਦੀ ਇਸ ਚੜ੍ਹਾਈ ਦੇ ਜੁਆਬ ਵਿੱਚ ਹੀ, ਮੁਸਲਿਮ ਵਰਗ ਅੰਦਰ, ਸਵੈ-ਰੱਖਿਆ ਲਈ, ਮੁਸਲਿਮ ਕੌਮਪ੍ਰਸਤੀ ਦਾ ਜਜ਼ਬਾ ਪਰਬਲ ਹੋਇਆ ਜਿਸ ਨੂੰ ਹਿੰਦੂ ਆਗੂਆਂ ਨੇ ਮੁਸਲਿਮ 'ਕੱਟੜਪੁਣਾ' ਤੇ 'ਫ਼ਿਰਕਾਪ੍ਰਸਤੀ' ਕਹਿ ਕੇ ਭੰਡਣਾ ਸ਼ੁਰੂ ਕਰ ਦਿੱਤਾ। ਜੇਕਰ ਹਿੰਦੂ-ਮੁਸਲਿਮ ਸਬੰਧਾਂ ਦੇ ਮਸਲੇ ਨੂੰ ਇਸ ਸੰਦਰਭ ਵਿੱਚ ਰੱਖ ਕੇ ਨਹੀਂ ਦੇਖਿਆ ਜਾਂਦਾ ਅਤੇ ਕਾਂਗਰਸ ਦੀ ਅਗਵਾਈ ਹੇਠਲੀ ਆਜ਼ਾਦੀ ਦੀ ਲਹਿਰ ਦੇ ਹਿੰਦੂਵਾਦੀ ਤੱਤ ਨੂੰ ਲਗਾਤਾਰ ਧਿਆਨ ਵਿੱਚ ਨਹੀਂ ਰੱਖਿਆ ਜਾਂਦਾ ਤਾਂ ਮੁਸਲਿਮ ਭਾਈਚਾਰੇ ਦੇ ਖ਼ਦਸ਼ਿਆਂ, ਜਜ਼ਬਿਆਂ ਤੇ ਮੰਗਾਂ ਨੂੰ ਸਹੀ ਰੂਪ ਵਿੱਚ ਸਮਝ ਸਕਣਾ ਉੱਕਾ ਹੀ ਸੰਭਵ ਨਹੀਂ। ਜ਼ਿਆਦਾਤਰ ਮੁਸਲਿਮ ਆਗੂ, ਪਹਿਲੋਂ ਪਹਿਲ, 'ਮੁਸਲਿਮ ਵੱਖਵਾਦ' ਦੀ ਵਿਚਾਰਧਾਰਾ ਨਾਲ ਨਾ ਸਿਰਫ਼ ਸਹਿਮਤ ਨਹੀਂ ਸਨ ਸਗੋਂ ਇਸ ਦੇ ਨਿੰਦਕ ਵੀ ਸਨ। ਇਹ ਕਾਂਗਰਸ ਪਾਰਟੀ ਤੇ ਇਸ ਦੇ ਆਗੂਆਂ ਦੇ ਹਿੰਦੂਵਾਦੀ ਲੱਛਣ ਹੀ ਸਨ ਜਿਨ੍ਹਾਂ ਨੇ ਮੁਸਲਿਮ ਭਾਈਚਾਰੇ ਤੇ ਇਸ ਦੇ ਆਗੂਆਂ ਨੂੰ ਧੱਕ ਕੇ ਮੁਸਲਿਮ ਵੱਖਵਾਦ ਦੀ ਪੱਟੜੀ ਉੱਤੇ ਚਾੜ੍ਹਿਆ। ਉਦਾਹਰਣ ਵਜੋਂ, ਸਰ ਸਈਅਦ ਅਹਿਮਦ ਖ਼ਾਨ, ਪਹਿਲਾਂ, ਪੱਛਮੀ ਵਿਚਾਰਾਂ ਦੇ ਪ੍ਰਭਾਵ ਸਦਕਾ, 'ਭਾਰਤੀ ਕੌਮਪ੍ਰਸਤੀ' ਦੀ ਧਾਰਨਾ ਤੇ ਭਾਵਨਾ ਦਾ ਕਾਇਲ ਸੀ। ਧਾਰਮਿਕ ਭੇਦਭਾਵ ਨੂੰ ਲਾਂਭੇ ਛੱਡ ਕੇ, ਸਾਰੇ ਭਾਰਤੀ ਲੋਕਾਂ ਦੀ ਏਕਤਾ ਤੇ ਭਲਾਈ ਉਸ ਦਾ ਆਦਰਸ਼ ਸੀ। ਪਰ ਜਦ ਉਸ ਨੂੰ ਜਾਪਿਆ ਕਿ ਭਾਰਤ ਅੰਦਰ "ਨੁਮਾਇੰਦਾ ਸਰਕਾਰ ਦਾ ਇਕ ਅਰਥ ਇਹ ਹੈ ਕਿ ਇਹ ਘੱਟਗਿਣਤੀ, ਅਰਥਾਤ ਮੁਸਲਮਾਨਾਂ ਉੱਤੇ ਬਹੁਗਿਣਤੀ, ਅਰਥਾਤ ਹਿੰਦੂ ਵਰਗ ਦਾ ਰਾਜ" ਹੋਵੇਗਾ[32], ਤਾਂ ਉਸ ਦਾ 'ਭਾਰਤੀ ਕੌਮਵਾਦ' ਤੋਂ ਪੂਰੀ ਤਰ੍ਹਾਂ ਮੋਹ ਭੰਗ ਹੋ ਗਿਆ ਅਤੇ ਕਾਂਗਰਸ ਪਾਰਟੀ ਦੀ ਸਥਾਪਨਾ ਤੋਂ ਛੇਤੀ ਹੀ ਬਾਅਦ ਉਹ ਮੁਸਲਿਮ ਕੌਮਪ੍ਰਸਤੀ ਦਾ ਬੇਬਾਕ ਬੁਲਾਰਾ ਬਣ ਗਿਆ। ਇਸੇ ਤਰ੍ਹਾਂ, ਆਗਾ ਖ਼ਾਂ ਜਦ ਕੇਂਦਰੀ ਪ੍ਰੀਸ਼ਦ ਦਾ ਮੈਂਬਰ (1902 ਤੋਂ 1904 ਤਕ) ਹੁੰਦਾ ਸੀ ਤਾਂ ਉਹ ਗੋਪਾਲ ਕ੍ਰਿਸ਼ਨ ਗੋਖਲੇ ਨੂੰ ਆਪਣਾ ਰਾਜਸੀ ਉਸਤਾਦ ਮੰਨ ਕੇ ਚੱਲਦਾ ਸੀ ਅਤੇ ਵੱਖਰੇ ਚੋਣ ਖੇਤਰਾਂ ਦਾ ਕੱਟੜ ਵਿਰੋਧੀ ਸੀ। ਪਰ ਦੋ ਸਾਲਾਂ 'ਚ ਹੀ ਉਸ ਦਾ ਕਾਂਗਰਸੀ ਲੀਡਰਾਂ ਤੋਂ ਇਸ ਕਦਰ ਮੋਹ ਭੰਗ ਹੋ ਗਿਆ ਕਿ ਉਹ ਮੁਸਲਿਮ ਲੀਗ ਦਾ ਬਾਨੀ ਹੋ ਨਿਬੜਿਆ। ਆਗਾ ਖ਼ਾਂ ਦੇ ਹੀ ਦੱਸਣ ਮੁਤਾਬਕ ਮੁਹੰਮਦ ਅਲੀ ਜਿਨਾਹ, ਪਹਿਲੋਂ ਪਹਿਲ ਮੁਸਲਿਮ ਲੀਗ ਦਾ ਕੱਟੜ ਵਿਰੋਧੀ ਹੁੰਦਾ ਸੀ। ਉਸ ਦਾ ਇਹ ਮੰਨਣਾ ਸੀ ਕਿ ਵੱਖਰੇ ਚੋਣ ਖੇਤਰਾਂ ਦਾ ਸਿਧਾਂਤ 'ਭਾਰਤੀ ਕੌਮ' ਨੂੰ ਆਪਸ ਵਿੱਚ ਵੰਡਣ ਦਾ ਕੰਮ ਕਰਦਾ ਹੈ।[33] ਇਸ ਕਰਕੇ, ਉਹ, ਤਕਰੀਬਨ ਵੀਹ ਪੰਝੀ ਸਾਲ ਮੁਸਲਿਮ ਲੀਗ ਦੀ ਤਿੱਖੀ ਆਲੋਚਨਾ ਕਰਦਾ ਰਿਹਾ। ਇਹ ਨਹਿਰੂ ਰਿਪੋਰਟ (1928) ਸੀ ਜਿਸ ਨੇ ਜਿਨਾਹ ਲਈ ਕਾਂਗਰਸੀ ਆਗੂਆਂ ਦੇ ਚਿਹਰਿਆਂ ਤੋਂ 'ਕੌਮਪ੍ਰਸਤੀ' ਦਾ ਭਰਮਾਊ ਪਰਦਾ ਲਾਹ ਸੁੱਟਿਆ ਅਤੇ ਉਨ੍ਹਾਂ ਦੇ ਅਸਲੀ ਫ਼ਿਰਕੂ ਚਿਹਰੇ ਤੇ ਮਨਸ਼ੇ ਸਾਫ਼ ਉਜਾਗਰ ਹੋ ਗਏ। ਇਕ ਵਾਰ ਕਾਂਗਰਸੀ ਆਗੂਆਂ ਦੇ ਹਕੀਕੀ ਕਿਰਦਾਰ ਨੂੰ ਬੁੱਝ ਲੈਣ ਤੋਂ ਬਾਅਦ, ਜਿਨਾਹ ਨੇ ਮੁੜ ਕੇ ਇਸ

ਮਾਮਲੇ 'ਚ ਕੋਈ ਟਪਲਾ ਨਹੀਂ ਖਾਧਾ। ਇਸ ਤੋਂ ਬਾਅਦ ਉਸ ਨੇ ਕਾਂਗਰਸੀ ਆਗੂਆਂ ਦੇ ਕਿਸੇ ਵੀ ਝਾਂਸੇ ਵਿੱਚ ਆਉਣ ਤੋਂ ਕੋਰਾ ਇਨਕਾਰ ਕਰ ਦਿੱਤਾ ਅਤੇ ਠੋਸ ਤਜਰਬੇ 'ਚੋਂ ਗ੍ਰਹਿਣ ਕੀਤੀ ਇਸ ਵਿਦਿਆ ਦਾ ਆਖ਼ਰੀ ਸਾਹਾਂ ਤਕ ਪੱਲਾ ਨਹੀਂ ਛੱਡਿਆ।

## ਸਿੱਖ ਲੀਡਰਸ਼ਿਪ ਦਾ ਸਿਧਾਂਤਕ ਨਜ਼ਰੀਆ : ਕਿੰਨਾ ਖਰਾ, ਕਿੰਨਾ ਖੋਟਾ ?

ਸਿੱਖ ਲੀਡਰਸ਼ਿਪ ਜਦ 'ਫ਼ਿਰਕੂ ਨੁਮਾਇੰਦਗੀ' ਦੇ ਅਸੂਲ ਦੀ ਜਨੂੰਨ ਦੀ ਪੱਧਰ 'ਤੇ ਵਿਰੋਧਤਾ ਕਰ ਰਹੀ ਸੀ ਅਤੇ ਕਲਕੱਤਾ ਵਿਖੇ (ਦਸੰਬਰ 1928) 'ਨਹਿਰੂ ਰਿਪੋਰਟ' ਦੀ ਤਿਆਰੀ ਸਬੰਧੀ ਬੁਲਾਈ ਸਰਬ ਪਾਰਟੀ ਕਾਨਫ਼ਰੰਸ ਵਿੱਚ ਇਹ ਮੰਗ ਕਰ ਰਹੀ ਸੀ ਕਿ "ਫ਼ਿਰਕੂਪੁਣੇ ਨੂੰ ਕਿਸੇ ਵੀ ਸ਼ਕਲ ਜਾਂ ਕਿਸੇ ਵੀ ਹਾਲਤ ਵਿੱਚ ਭਾਰਤ ਦੀ ਭਾਵੀ ਨੀਤੀ ਦਾ ਆਧਾਰ ਨਹੀਂ ਬਣਾਇਆ ਜਾਣਾ ਚਾਹੀਦਾ" ਤਾਂ ਉਹ, ਜ਼ਾਹਰਾ ਤੌਰ 'ਤੇ, ਇਕ ਘੱਟਗਿਣਤੀ ਵਰਗ ਦੀ ਨਹੀਂ ਸਗੋਂ ਬਹੁਗਿਣਤੀ ਵਰਗ ਦੀ ਬੋਲੀ ਬੋਲ ਰਹੀ ਸੀ। ਕੀ ਇਹ ਹੈਰਾਨੀ ਵਾਲੀ ਗੱਲ ਨਹੀਂ ਜਾਪਦੀ ਕਿ ਇਕ ਅਜਿਹੀ ਕਮਿਊਨਿਟੀ, ਜਿਸ ਦੀ ਸਾਰੇ ਦੇਸ ਅੰਦਰ ਵਸੋਂ 2 ਫ਼ੀਸਦੀ ਤੋਂ ਵੀ ਘੱਟ ਅਤੇ ਪੰਜਾਬ ਅੰਦਰ ਬਾਰਾਂ ਫ਼ੀਸਦੀ ਤੋਂ ਵੱਧ ਨਹੀਂ ਸੀ ਅਤੇ ਜਿਸ ਦੀ ਕਿਸੇ ਇਕ ਵੀ ਜ਼ਿਲ੍ਹੇ ਅੰਦਰ ਬਹੁਗਿਣਤੀ ਨਹੀਂ ਸੀ ਅਤੇ ਜੋ 1909, 1912 ਤੇ 1916 ਦੀਆਂ ਚੋਣਾਂ ਵਿੱਚ, ਨਿਗੂਣੀ ਘੱਟਗਿਣਤੀ ਹੋਣ ਕਰਕੇ, ਬੁਰੀ ਤਰ੍ਹਾਂ ਮਾਤ ਖਾ ਚੁੱਕੀ ਸੀ, ਉਸ ਦੀ ਲੀਡਰਸ਼ਿਪ ਫ਼ਿਰਕੂ ਨੁਮਾਇੰਦਗੀ ਨੂੰ ਸਿਧਾਂਤਕ ਤੌਰ 'ਤੇ ਹੀ ਰੱਦ ਕਰਨ ਅਤੇ ਵੱਖਰੇ ਕਮਿਊਨਲ ਚੋਣ ਖੇਤਰਾਂ ਦੀ ਬਜਾਇ ਸਰਬਸਾਂਝੇ ਚੋਣ ਖੇਤਰਾਂ ਦੇ ਅਸੂਲ ਨੂੰ ਬੁਲੰਦ ਕਰਨ ਦੀ ਰੱਟ ਲਾਈ ਜਾ ਰਹੀ ਸੀ ? ਬਹੁਗਿਣਤੀ ਵਰਗ ਵੱਲੋਂ ਤਾਂ ਅਜਿਹੀ ਪੋਜ਼ੀਸ਼ਨ ਲੈਣੀ ਸਮਝ 'ਚ ਆਉਂਦੀ ਸੀ ਪ੍ਰੰਤੂ ਇਕ ਘੱਟਗਿਣਤੀ ਵਰਗ ਵੱਲੋਂ, ਆਪਣੇ ਹੀ ਹਿਤਾਂ ਦੇ ਉਲਟ, ਅਜਿਹੀ ਪੋਜ਼ੀਸ਼ਨ ਲੈਣ ਦੀ ਵਜ੍ਹਾ ਕੀ ਹੋ ਸਕਦੀ ਸੀ ? ਜੇਕਰ ਸਿੱਖ ਲੀਡਰਸ਼ਿਪ (ਜਿਸ ਵਿੱਚ ਹਰ ਵੰਨਗੀ ਦੀ ਲੀਡਰਸ਼ਿਪ ਸ਼ਾਮਲ ਸੀ) ਵੱਲੋਂ ਪ੍ਰਸ਼ਾਸਨੀ ਸੁਧਾਰਾਂ ਦੇ ਮਸਲੇ ਪ੍ਰਤੀ ਅਪਣਾਈ ਸਮੁੱਚੀ ਪਹੁੰਚ ਦਾ ਪੜਚੋਲਵਾਂ ਅਧਿਐਨ ਕੀਤਾ ਜਾਵੇ ਤਾਂ ਇਸ ਸੁਆਲ ਦਾ ਜੁਆਬ ਸਹਿਜੇ ਹੀ ਮਿਲ ਜਾਵੇਗਾ।

ਜਿਥੋਂ ਤਕ ਸਿੱਖ ਧਰਮ ਦੀ ਹਿੰਦੂ ਮੱਤ ਨਾਲੋਂ ਵੱਖਰੀ ਧਾਰਮਿਕ ਪਛਾਣ ਦਾ ਸੁਆਲ ਸੀ, ਉਸ ਬਾਰੇ ਸਿੱਖ ਲੀਡਰਸ਼ਿਪ ਅੰਦਰ ਕੋਈ ਸਿਧਾਂਤਕ ਘਚੋਲਾ ਜਾਂ ਦੁਬਿਧਾ ਨਹੀਂ ਸੀ। ਇਹ ਧਾਰਮਿਕ ਚੇਤਨਤਾ ਉਸ ਨੇ ਸਿੰਘ ਸਭਾ ਲਹਿਰ ਕੋਲੋਂ ਗ੍ਰਹਿਣ ਕੀਤੀ ਹੋਈ ਸੀ। ਇਸ ਕਰਕੇ ਜਿੰਨਾ ਚਿਰ ਲੜਾਈ ਇਸ ਧਾਰਮਿਕ/ਸਭਿਆਚਾਰਕ ਮੁੱਦੇ ਤਕ ਸੀਮਿਤ ਰਹੀ, ਉਨਾ ਚਿਰ ਸਿੱਖ ਲੀਡਰਸ਼ਿਪ ਅੰਦਰ ਕੋਈ ਸਿਧਾਂਤਕ ਡਾਵਾਂਡੋਲਤਾ ਜਾਂ ਥਿੜਕਣ ਨਹੀਂ ਆਈ। ਪਰ ਜਿਉਂ ਹੀ ਪ੍ਰਸ਼ਾਸਨੀ ਸੁਧਾਰਾਂ ਦਾ ਛੇੜਾ ਛਿੜ ਪੈਣ ਨਾਲ ਮਸਲਾ ਰਾਜਸੀ ਰੰਗਤ ਅਖ਼ਤਿਆਰ ਕਰ ਗਿਆ ਤਾਂ ਸਿੱਖ ਲੀਡਰਸ਼ਿਪ ਅੰਦਰ ਸਿਧਾਂਤਕ ਅਸਪਸ਼ਟਤਾ ਤੇ ਡਾਵਾਂਡੋਲਤਾ ਦੇ ਚਿੰਨ੍ਹ ਪ੍ਰਗਟ ਹੋਣ ਲੱਗੇ। ਹੁਣ ਮਸਲਾ ਨਿਰਾ ਸਿੱਖ ਪੰਥ ਦੀ ਵੱਖਰੀ ਧਾਰਮਿਕ/ਸਭਿਆਚਾਰਕ ਪਛਾਣ ਦਾ ਨਹੀਂ ਸੀ ਰਹਿ ਗਿਆ ਸਗੋਂ ਨਾਲ ਹੀ ਇਸ ਦੇ ਆਰਥਿਕ ਤੇ ਰਾਜਸੀ ਹਿਤਾਂ ਦੀ ਸੁਰੱਖਿਆ ਦਾ ਵੀ ਬਣ ਗਿਆ ਸੀ। ਸਿੱਖ ਲੀਡਰਸ਼ਿਪ ਲਈ ਇਹ ਕਾਰਜ ਨਵਾਂ ਨਵੇਕਲਾ ਸੀ ਅਤੇ ਬੇਭੇਤਾ ਵੀ। ਜਿੰਨਾ ਚਿਰ ਲੜਾਈ ਧਾਰਮਿਕ ਅਤੇ ਸਭਿਆਚਾਰਕ ਖੇਤਰ ਤਕ ਸੀਮਤ ਰਹੀ, ਉਨਾ ਚਿਰ ਇਸ ਵਿੱਚੋਂ

ਮੁਸਲਿਮ ਫ਼ੈਕਟਰ ਤਕਰੀਬਨ ਮਨਫ਼ੀ ਰਿਹਾ। ਸਿੱਖ ਪੰਥ ਦਾ ਇਸਲਾਮੀ ਭਾਈਚਾਰੇ ਨਾਲ ਧਾਰਮਿਕ, ਸਭਿਆਚਾਰਕ ਪਛਾਣ ਦਾ ਕੋਈ ਝਗੜਾ ਨਹੀਂ ਸੀ। ਇਹ ਝਗੜਾ ਕੇਵਲ ਤੇ ਕੇਵਲ ਹਿੰਦੂ ਵਰਗ ਨਾਲ ਹੀ ਸੀ। ਪਰ ਜਦ ਲੜਾਈ ਰਾਜਸੀ ਖੇਤਰ ਅੰਦਰ ਦਾਖ਼ਲ ਹੋ ਗਈ ਤਾਂ ਇਸ ਨਾਲ ਲੜਾਈ ਦੀ ਸਮੁੱਚੀ ਵਿਆਕਰਣ ਹੀ ਬਦਲ ਗਈ। ਪਹਿਲਾਂ ਸਿੱਖ ਕੌਮ ਨੂੰ ਖ਼ਤਰਾ ਇਕ ਵਰਗ ਹੱਥੋਂ ਸੀ। ਪ੍ਰਸ਼ਾਸਨੀ ਸੁਧਾਰਾਂ ਦਾ ਛੇੜਾ ਛਿੜਨ ਨਾਲ, ਸਿੱਖ ਕੌਮ ਨੂੰ ਹਿੰਦੂਆਂ ਦੇ ਨਾਲ ਹੀ ਮੁਸਲਿਮ ਵਰਗ ਵਾਲੇ ਪਾਸਿਓਂ ਵੀ ਵੱਡਾ ਖ਼ਤਰਾ ਦਿਖਾਈ ਦੇਣ ਲੱਗਾ। ਪੰਜਾਬ ਅੰਦਰ ਕਿਉਂਕਿ ਮੁਸਲਿਮ ਵਰਗ ਬਹੁਗਿਣਤੀ ਵਿੱਚ ਸੀ, ਇਸ ਕਰਕੇ ਨੁਮਾਇੰਦਗੀ ਦੇ ਸਿਧਾਂਤ 'ਤੇ ਆਧਾਰਤ ਨਵੀਂ ਰਾਜ-ਪ੍ਰਣਾਲੀ ਦੇ ਹੋਂਦ ਵਿੱਚ ਆਉਣ ਨਾਲ ਸਿੱਖ ਲੀਡਰਸ਼ਿਪ ਨੂੰ ਪੰਜਾਬ ਅੰਦਰ ਮੁਸਲਿਮ ਵਰਗ ਦਾ ਰਾਜਸੀ ਗ਼ਲਬਾ ਸਥਾਪਤ ਹੁੰਦਾ ਦਿਖਾਈ ਦਿੰਦਾ ਸੀ। ਕੁਝ ਇਤਿਹਾਸਕ ਕਾਰਨਾਂ ਕਰਕੇ, ਸਿੱਖ ਕੌਮ ਨੂੰ ਭਾਰਤ ਅੰਦਰ ਹਿੰਦੂ ਵਰਗ ਦੇ ਰਾਜਸੀ ਗ਼ਲਬੇ ਨਾਲੋਂ ਪੰਜਾਬ ਅੰਦਰ ਮੁਸਲਿਮ ਵਰਗ ਦੀ ਰਾਜਸੀ ਚੌਧਰ ਦਾ ਖ਼ਤਰਾ ਵੱਧ, ਵੱਡਾ ਤੇ ਨਜ਼ਦੀਕੀ ਜਾਪਣ ਲੱਗਾ। ਇਸ ਕਰਕੇ ਸਿੱਖ ਲੀਡਰਸ਼ਿਪ ਦਾ ਸਾਰਾ ਜ਼ੋਰ ਇਸ 'ਆਫ਼ਤ' ਨੂੰ ਟਾਲਣ ਵੱਲ ਉਲਰ ਪਿਆ। ਉਸ ਨੂੰ ਇਸ ਗੱਲ ਦੀ ਬਹੁਤੀ ਚਿੰਤਾ ਨਾ ਰਹੀ ਕਿ ਭਾਰਤ ਅੰਦਰ ਹਿੰਦੂ ਬਹੁਗਿਣਤੀ ਦਾ ਰਾਜਸੀ ਗ਼ਲਬਾ ਸਥਾਪਤ ਹੋਣ ਨਾਲ ਘੱਟਗਿਣਤੀ ਵਰਗਾਂ ਨਾਲ ਕੀ ਬੀਤੇਗੀ। ਉਸ ਦਾ ਦ੍ਰਿਸ਼ਟੀ-ਬਿੰਦੂ ਪੰਜਾਬ ਤਕ ਸੁੰਗੜ ਕੇ ਰਹਿ ਗਿਆ ਅਤੇ ਪੰਜਾਬ ਅੰਦਰ ਮੁਸਲਿਮ ਵਰਗ ਨੂੰ ਰਾਜਨੀਤਕ ਸਰਦਾਰੀ ਹਥਿਆਉਣ ਤੋਂ ਵਰਜਣਾ ਉਸ ਦੀ ਇਕ ਮਾਤਰ ਚਿੰਤਾ ਤੇ ਇਕ-ਨੁਕਾਤੀ ਪ੍ਰੋਗਰਾਮ ਹੋ ਨਿਬੜਿਆ। ਇਸ ਤੋਂ ਬਾਅਦ, ਉਸ ਦਾ ਹਰ ਨੀਤੀ ਪੈਂਤੜਾ ਇਥੋਂ ਹੀ ਨਿਰਧਾਰਤ ਹੋਣ ਲੱਗਾ। ਇਸ ਤਰ੍ਹਾਂ, ਸਿੱਖ ਲੀਡਰਸ਼ਿਪ ਆਪਣੀ ਅੰਨ੍ਹੀ ਮੁਸਲਿਮ ਦੁਸ਼ਮਣੀ ਸਦਕਾ ਇਕ ਅਜਿਹੀ ਨਕਾਰਾਤਮਿਕ ਰਾਜਨੀਤੀ ਦੀ ਪਟੜੀ ਉੱਤੇ ਜਾ ਚੜ੍ਹੀ ਜਿਥੇ ਉਹ ਠੀਕ ਅਤੇ ਗ਼ਲਤ ਵਿਚਕਾਰ ਨਿਖੇੜਾ ਕਰ ਸਕਣ ਦੀ ਸਮਰੱਥਾ ਤੇ ਸੁੱਧ-ਬੁੱਧ ਹੀ ਖੋ ਬੈਠੀ। ਚਾਹੀਦਾ ਇਹ ਸੀ ਕਿ ਸਿੱਖ ਲੀਡਰਸ਼ਿਪ ਪ੍ਰਸ਼ਾਸਨੀ ਸੁਧਾਰਾਂ ਦੇ ਸਮੁੱਚੇ ਵਰਤਾਰੇ ਦਾ ਗਹਿਰ-ਗੰਭੀਰ ਵਿਸ਼ਲੇਸ਼ਣ ਕਰਦੀ ਅਤੇ ਸਿੱਖੀ ਸਿਧਾਂਤਾਂ ਤੇ ਸਿੱਖ ਕੌਮ ਦੇ ਬੁਨਿਆਦੀ ਹਿਤਾਂ ਨੂੰ ਮੱਦੇਨਜ਼ਰ ਰੱਖਦਿਆਂ ਹੋਇਆਂ ਆਪਣੀਆਂ ਦੋਸਤ ਤੇ ਦੁਸ਼ਮਣ ਧਿਰਾਂ ਦੀ ਸਪਸ਼ਟ ਨਿਸ਼ਾਨਦੇਹੀ ਕਰਕੇ ਤੁਰਦੀ। ਜੇਕਰ ਉਹ ਅਜਿਹੀ ਪਹੁੰਚ ਅਪਣਾ ਕੇ ਚੱਲਦੀ ਤਾਂ ਉਸ ਲਈ ਇਹ ਗੱਲ ਸਮਝਣੀ ਰਤੀ ਵੀ ਔਖੀ ਨਹੀਂ ਸੀ ਕਿ ਭਾਰਤ ਅੰਦਰ ਪੱਛਮੀ ਤਰਜ਼ ਦੀ ਜਮਹੂਰੀ ਰਾਜ ਪ੍ਰਣਾਲੀ ਅਪਣਾਉਣ ਦਾ ਅਰਥ ਇਥੇ ਹਿੰਦੂ ਵਰਗ ਦਾ ਰਾਜਸੀ ਗ਼ਲਬਾ ਸਥਾਪਤ ਕਰਨਾ ਹੋਵੇਗਾ। ਉਹ ਭਾਰਤ ਦੀ ਸਮਾਜੀ ਵਿਵਸਥਾ ਤੋਂ ਏਡੀ ਅਨਜਾਣ ਨਹੀਂ ਸੀ ਕਿ ਏਨੀ ਗੱਲ ਵੀ ਨਾ ਸਮਝ ਸਕਦੀ ਕਿ ਹਿੰਦੂ ਵਰਗ ਦਾ ਰਾਜ ਅਸਲੀਅਤ ਵਿੱਚ ਅਖੌਤੀ ਸਵਰਨ ਜਾਤੀਆਂ ਦਾ ਰਾਜ ਹੀ ਹੋਵੇਗਾ ਜੋ ਨਾ ਸਿਰਫ਼ ਗ਼ੈਰ-ਹਿੰਦੂ ਘੱਟਗਿਣਤੀ ਧਾਰਮਿਕ ਭਾਈਚਾਰਿਆਂ ਲਈ ਅਸਹਿ ਹੋਵੇਗਾ ਸਗੋਂ ਸਮਾਜ ਦੇ ਸਭ ਤੋਂ ਵੱਧ ਲਤਾੜੇ ਤੇ 'ਨੀਵੇਂ' ਸਮਝੇ ਜਾਂਦੇ ਵਰਗਾਂ ਦਾ ਜੀਣਾ ਹੋਰ ਵੀ ਮੁਹਾਲ ਕਰ ਦੇਵੇਗਾ। ਕਿਉਂਕਿ ਹਿੰਦੂ ਸਵਰਨ ਜਾਤੀਆਂ ਦੇ ਹੱਥ ਵਿੱਚ ਰਾਜਸੀ ਸੱਤਾ ਆ ਜਾਣ ਨਾਲ ਉਨ੍ਹਾਂ ਦਾ ਜਾਤ-ਪਾਤੀ ਗਰੂਰ ਤੇ ਫ਼ਤੂਰ ਸੱਤ ਅਸਮਾਨੀ ਜਾ ਚੜ੍ਹੇਗਾ। ਇਹੀ ਕਾਰਨ ਸੀ ਕਿ ਕਾਂਗਰਸ ਦੀ ਅਗਵਾਈ ਹੇਠ ਜਿਉਂ ਜਿਉਂ ਹਿੰਦੂ ਵਰਗ ਦੀ ਤਾਕਤ ਜੁੜਦੀ ਜਾ ਰਹੀ ਸੀ, ਤਿਉਂ ਤਿਉਂ, ਇਕ ਪਾਸੇ ਮੁਸਲਿਮ ਭਾਈਚਾਰੇ ਅੰਦਰ ਅਤੇ ਦੂਜੇ ਪਾਸੇ ਦੇਸ ਭਰ ਦੇ ਦਲਿਤ ਵਰਗ ਅੰਦਰ ਡਰ ਤੇ ਅਸੁਰੱਖਿਆ ਦੀਆਂ ਭਾਵਨਾਵਾਂ ਜ਼ੋਰ ਫੜ ਰਹੀਆਂ ਸਨ। ਇਸ ਨੂੰ ਇਤਿਹਾਸ ਦਾ ਕਰੂਰ ਵਿਅੰਗ ਹੀ ਕਿਹਾ ਜਾਣਾ ਚਾਹੀਦਾ

ਹੈ ਕਿ ਸ਼ਾਨਦਾਰ ਬ੍ਰਾਹਮਣਵਾਦ ਵਿਰੋਧੀ ਪ੍ਰੰਪਰਾਵਾਂ ਦੀ ਮਾਲਕ ਸਿੱਖ ਲਹਿਰ, ਰਾਜਸੀ ਖੇਤਰ ਅੰਦਰ ਇਨ੍ਹਾਂ ਦੋਨੋਂ ਬ੍ਰਾਹਮਣਵਾਦ ਵਿਰੋਧੀ ਧਾਰਾਵਾਂ ਨਾਲੋਂ ਪੂਰੀ ਤਰ੍ਹਾਂ ਅਲੱਗ-ਥਲੱਗ ਹੋ ਕੇ ਰਹਿ ਗਈ। ਮੁਸਲਿਮ ਵਰਗ ਨਾਲ ਤਾਂ ਸਿੱਖ ਲਹਿਰ ਦੇ ਵਿਰੋਧਾਂ ਦੀ ਸਮਝ ਆਉਂਦੀ ਹੈ (ਜਿਨ੍ਹਾਂ ਨੂੰ ਹਿੰਦੂ ਆਗੂਆਂ ਨੇ ਆਪਣੀ ਮਤਲਬ ਪੂਰਤੀ ਲਈ ਰੱਜ ਕੇ ਵਰਤਿਆ) ਪ੍ਰੰਤੂ ਆਜ਼ਾਦੀ ਦੀ ਲੜਾਈ ਦੇ ਸਮੁੱਚੇ ਅਮਲ ਦੌਰਾਨ ਅਜਿਹੀ ਇਕ ਵੀ ਉਦਾਹਰਣ ਨਹੀਂ ਮਿਲਦੀ ਜਦ ਸਿੱਖ ਲੀਡਰਸ਼ਿਪ ਨੇ ਦਲਿਤ ਭਾਈਚਾਰੇ ਦੇ ਖ਼ਦਸ਼ਿਆਂ ਤੇ ਭਾਵਨਾਵਾਂ ਨੂੰ ਦਿਲੀ ਪੱਧਰ 'ਤੇ ਮਹਿਸੂਸ ਕਰਕੇ ਉਸ ਨਾਲ ਰਾਜਸੀ ਨੇੜਤਾ ਕਾਇਮ ਕਰਨ ਦਾ ਸੁਚੇਤ ਅਤੇ ਸੁਹਿਰਦ ਯਤਨ ਕੀਤਾ ਹੋਵੇ। ਉਲਟਾ ਸਗੋਂ ਹੋਇਆ ਇਹ ਕਿ ਜਦ ਦੂਜੀ ਗੋਲਮੇਜ਼ ਕਾਨਫ਼ਰੰਸ ਮੌਕੇ (1932) ਡਾ. ਭੀਮ ਰਾਓ ਅੰਬੇਦਕਰ ਦੀ ਪਹਿਲਕਦਮੀ 'ਤੇ ਸਭਨਾਂ ਘੱਟਗਿਣਤੀ ਧਾਰਮਿਕ ਭਾਈਚਾਰਿਆਂ ਅਤੇ ਦਲਿਤ ਵਰਗਾਂ ਦਾ ਵਿਸ਼ਾਲ ਸਾਂਝਾ ਮੁਹਾਜ਼ ਬਣਾ ਕੇ ਸਰਬ-ਸਾਂਝਾ ਰਾਜਸੀ ਪੈਂਤੜਾ ਉਭਾਰਨ ਦਾ ਯਤਨ ਕੀਤਾ ਗਿਆ ਤਾਂ ਸਿੱਖ ਨੁਮਾਇੰਦਿਆਂ ਨੇ ਆਪਣੇ ਆਪ ਨੂੰ ਇਸ ਮੁਹਾਜ਼ ਨਾਲੋਂ ਅਲੱਗ ਕਰ ਲਿਆ।[34]

ਅਸਲ ਵਿੱਚ ਹਿੰਦੂ ਲੀਡਰਸ਼ਿਪ ਸਿੱਖ ਆਗੂਆਂ ਦੇ ਮੁਕਾਬਲੇ ਕਿਤੇ ਵੱਧ ਸ਼ਾਤਰ ਤੇ ਬੁੱਧੀਮਾਨ ਸਾਬਤ ਹੋਈ। ਉਸ ਨੇ ਰਾਜਸੀ ਖੇਤਰ ਅੰਦਰ ਲੜਾਈ ਲੜਨ ਲਈ ਆਪਣੇ ਪਹਿਲੇ ਸਿਧਾਂਤਕ ਹਥਿਆਰ ਨੂੰ ਲਿਸ਼ਕਾ-ਸੰਵਾਰ ਕੇ ਨਵਾਂ ਰੂਪ ਦੇ ਲਿਆ। ਜਿਵੇਂ ਉਹ ਭਾਰਤੀ ਮੂਲ ਦੇ ਸਭਨਾਂ ਧਰਮਾਂ ਨੂੰ ਵਿਸ਼ਾਲ ਹਿੰਦੂ ਭਾਈਚਾਰੇ ਦਾ ਅੰਗ ਕਹਿ ਕੇ ਹਿੰਦੂਵਾਦ ਦੇ ਖਾਰੇ ਸਮੁੰਦਰ ਅੰਦਰ ਜਜ਼ਬ ਕਰ ਲੈਣ ਦੀ ਯੁੱਧਨੀਤਕ ਪਹੁੰਚ ਅਪਣਾ ਕੇ ਚੱਲ ਰਹੀ ਸੀ, ਉਵੇਂ ਉਸ ਨੇ, ਪੈਦਾ ਹੋਈ ਨਵੀਂ ਸਥਿਤੀ ਤੇ ਲੋੜ ਨੂੰ ਮੁੱਖ ਰੱਖਦਿਆਂ ਹੋਇਆਂ, ਭਾਰਤ ਅੰਦਰ ਵਸਦੇ ਸਭਨਾਂ ਲੋਕਾਂ ਨੂੰ ਹਿੰਦੂ ਵਰਗ ਦੀ ਸਰਦਾਰੀ ਤੇ ਸਰਪ੍ਰਸਤੀ ਹੇਠ ਇਕ ਵਡੇਰੀ ਤੇ ਸਰਬ-ਸਾਂਝੀ ਪਛਾਣ ਦੇ ਘੇਰੇ ਵਿੱਚ ਵਲਣ ਦੀ ਵਿਉਂਤ ਬਣਾਈ ਤਾਂ ਜੋ ਇੱਕ ਤਾਂ ਭਾਰਤੀ ਵਸੋਂ ਦੇ ਗ਼ੈਰ-ਹਿੰਦੂ ਹਿੱਸਿਆਂ ਨੂੰ ਅੰਗਰੇਜ਼ਾਂ ਕੋਲੋਂ ਰਾਜਸੀ ਸੱਤਾ ਹਥਿਆਉਣ ਦੇ ਸੰਘਰਸ਼ ਵਿੱਚ ਇਸਤੇਮਾਲ ਕੀਤਾ ਜਾ ਸਕੇ। ਦੂਜਾ, ਉਨ੍ਹਾਂ ਨੂੰ 'ਮੁੱਖ ਧਾਰਾ' ਅੰਦਰ ਖਿੱਚ ਕੇ ਉਨ੍ਹਾਂ ਦਾ 'ਭਾਰਤੀਕਰਨ' ਕਰ ਦਿੱਤਾ ਜਾਵੇ। ਜਿਸ ਦਾ ਸਿੱਧਾ ਤੇ ਸਾਫ਼ ਅਰਥ ਇਹ ਸੀ ਕਿ ਇਨ੍ਹਾਂ ਗ਼ੈਰ-ਹਿੰਦੂ ਵਰਗਾਂ ਦੇ ਲੋਕਾਂ ਦੇ ਮਨਾਂ ਅੰਦਰ ਜੋ ਆਪੋ ਆਪਣੇ ਭਾਈਚਾਰਿਆਂ ਪ੍ਰਤੀ ਮੋਹ ਤੇ ਸ਼ਰਧਾ ਦੀਆਂ ਭਾਵਨਾਵਾਂ ਹਨ, ਉਨ੍ਹਾਂ ਨੂੰ ਇਕ ਕਲਪਿਤ 'ਭਾਰਤੀ ਕੌਮ' ਪ੍ਰਤੀ ਸ਼ਰਧਾ ਦੇ ਜਜ਼ਬੇ ਹੇਠ ਦਬਾਅ ਦਿੱਤਾ ਜਾਵੇ। 'ਭਾਰਤੀ ਕੌਮ' ਦਾ ਇਹ ਅਡੰਬਰ, ਹਿੰਦੂਵਾਦੀ ਤਾਕਤਾਂ ਦੇ ਆਤਮਸਾਤੀ (ਅਸਿਮੀਲੇਟਰੀ) ਧਾਰਮਿਕ ਪੈਂਤੜੇ ਦਾ ਹੀ ਰਾਜਸੀ ਰੂਪਾਂਤਰ (version) ਸੀ। ਗ਼ੈਰ-ਹਿੰਦੂ ਧਾਰਮਿਕ ਵਰਗਾਂ ਦੇ 'ਹਿੰਦੂਕਰਨ' ਨੂੰ 'ਭਾਰਤੀਕਰਨ' ਦਾ ਹੀ ਨਵਾਂ ਨਾਉਂ ਦਿੱਤਾ ਗਿਆ ਸੀ, ਬੁਨਿਆਦੀ ਤੱਤ ਓਹੀ ਸੀ। ਇਹ ਉਹ ਨੁਕਤਾ ਸੀ ਜਿਥੇ ਸਿੱਖ ਲੀਡਰਸ਼ਿਪ ਬੁਰੀ ਤਰ੍ਹਾਂ ਮਾਤ ਖਾ ਗਈ। ਹਿੰਦੂਵਾਦੀ ਤਾਕਤਾਂ ਵੱਲੋਂ 'ਭਾਰਤੀ ਕੌਮਵਾਦ' ਦਾ ਨਵਾਂ ਵਿਚਾਰਧਾਰਕ ਹਥਿਆਰ ਲਿਸ਼ਕਾਉਣ ਅਤੇ ਲਹਿਰਾਉਣ ਦੀ ਦੇਰ ਸੀ ਕਿ ਦਹਾਕਿਆਂ ਤੋਂ ਧਾਰਮਿਕ ਖੇਤਰ ਅੰਦਰ ਹਿੰਦੂ ਗ਼ਲਬਾਪ੍ਰਸਤੀ ਵਿਰੁੱਧ ਸਖ਼ਤ ਜਾਨ ਸਿਧਾਂਤਕ ਲੜਾਈ ਲੜਦੀ ਆ ਰਹੀ ਸਿੱਖ ਲੀਡਰਸ਼ਿਪ ਰਾਜਸੀ ਖੇਤਰ ਅੰਦਰ ਇਕ-ਦਮ ਮੂਧੇ ਮੂੰਹ ਜਾ ਡਿਗੀ। ਇਕ ਵੀ ਅਜਿਹਾ ਪ੍ਰਮਾਣ ਨਹੀਂ ਮਿਲਦਾ ਜਿਸ 'ਚੋਂ ਸਿੱਖ ਲੀਡਰਸ਼ਿਪ ਵੱਲੋਂ 'ਭਾਰਤੀ ਕੌਮ' ਦੀ ਗੁੰਮਰਾਹਕੂ ਧਾਰਨਾ ਤੇ ਇਸ ਪਿੱਛੇ ਕੰਮ ਕਰਦੇ ਹਿੰਦੂ ਮਨਸੂਬਿਆਂ ਨੂੰ ਸ਼ੱਕ ਤੇ ਪੜਚੋਲ ਦੀ ਨਿਗ੍ਹਾ ਨਾਲ ਦੇਖਣ ਦੇ ਕਿਸੇ ਯਤਨ ਦਾ ਪਤਾ ਚੱਲਦਾ ਹੋਵੇ। ਇਸ

ਦੇ ਉਲਟ ਅਜਿਹੀਆਂ ਦਰਜਨਾਂ ਉਦਾਹਰਣਾਂ ਤੇ ਸੈਂਕੜੇ ਹੀ ਹਵਾਲੇ ਦਿੱਤੇ ਜਾ ਸਕਦੇ ਹਨ ਜਿਨ੍ਹਾਂ 'ਚੋਂ ਇਸ ਅਤੀ ਅਹਿਮ ਮਸਲੇ ਬਾਰੇ ਸਿੱਖ ਲੀਡਰਸ਼ਿਪ ਦੀ ਅਗਿਆਨਤਾ ਦੀ ਬਹੁਤ ਹੀ ਕਰੂਪ ਤਸਵੀਰ ਉਘੜਦੀ ਹੈ।

ਕਪੂਰਥਲਾ ਰਿਆਸਤ ਦੇ ਸਾਬਕਾ ਵਜ਼ੀਰ ਸ: ਸੰਤ ਸਿੰਘ, ਜੋ ਚੀਫ਼ ਖ਼ਾਲਸਾ ਦੀਵਾਨ ਦੀ ਜਾਣੀ-ਪਛਾਣੀ ਹਸਤੀ ਸਨ ਅਤੇ ਜਿਨ੍ਹਾਂ ਦੀ ਇਕ ਸੁਲਝੀ ਹੋਈ ਵਿਦਵਾਨ ਸ਼ਖ਼ਸੀਅਤ ਵਜੋਂ ਖ਼ਾਸ ਕਦਰ ਸੀ, ਨੇ ਚੀਫ਼ ਖ਼ਾਲਸਾ ਦੀਵਾਨ ਦੀ ਹੀ ਇਕ ਹੋਰ ਸਰਕਰਦਾ ਹਸਤੀ ਭਾਈ ਜੋਧ ਸਿੰਘ ਬਾਰੇ ਛਾਪੇ ਗਏ 'ਅਭਿਨੰਦਨ ਗ੍ਰੰਥ' ਵਿਚ ਇਸ ਮਸਲੇ ਬਾਰੇ ਆਪਣੀਆਂ ਅਤੇ ਸਮੁੱਚੀ ਸਿੱਖ ਲੀਡਰਸ਼ਿਪ ਦੀਆਂ ਖ਼ਤਰਨਾਕ ਹੱਦ ਤਕ ਗ਼ਲਤ ਧਾਰਨਾਵਾਂ ਦਾ ਇਉਂ ਖ਼ੁਲਾਸਾ ਕੀਤਾ ਹੈ:

"ਚੀਫ਼ ਖ਼ਾਲਸਾ ਦੀਵਾਨ ਵੱਲੋਂ ਜੋ ਜੋ ਮੈਮੋਰੰਡਮ ਪੇਸ਼ ਕੀਤੇ ਗਏ, ਉਨ੍ਹਾਂ ਵਿਚ ਇਕ ਵੱਡੀ ਗੱਲ ਇਹ ਸੀ ਕਿ ਵਿਧਾਨ ਵਿਚ ਵੱਖ-ਵੱਖ ਵਰਗਾਂ ਦੀਆਂ ਅੱਡ ਅੱਡ ਚੋਣਾਂ ਨਹੀਂ ਹੋਣੀਆਂ ਚਾਹੀਦੀਆਂ ਕਿਉਂਕਿ ਇਸ ਨਾਲ ਦੇਸ ਪਿਆਰ ਘਟ ਜਾਂਦਾ ਹੈ ਅਤੇ ਹਿੰਦੋਸਤਾਨੀ ਕੌਮੀਅਤ ਦੇ ਭਾਵ ਪ੍ਰਫੁਲਤ ਨਹੀਂ ਹੁੰਦੇ।"[35]

ਇਸੇ ਤਰ੍ਹਾਂ, ਭਾਰਤ ਦੇ ਆਜ਼ਾਦੀ ਅੰਦੋਲਨ ਦੌਰਾਨ (ਅਤੇ ਆਜ਼ਾਦੀ ਤੋਂ ਬਾਅਦ ਵੀ) ਹਰ ਮੰਚ ਉੱਤੇ ਸਿੱਖ ਕੌਮ ਦੀ ਤਰਜਮਾਨੀ ਅਤੇ ਉਸਦੇ ਪੱਖ ਦੀ ਵਜ਼ਾਹਤ ਕਰਨ ਵਾਲੇ ਸ: ਉਜਲ ਸਿੰਘ 1973 ਵਿਚ ਵੀ ਹਿੱਕ ਠੋਕ ਕੇ ਕਹਿ ਰਹੇ ਸਨ:

"ਇਹ ਗੱਲ ਕਦੇ ਨਹੀਂ ਭੁੱਲਣੀ ਚਾਹੀਦੀ ਕਿ ਆਪਣੇ ਵਾਜਬ ਹੱਕਾਂ ਦੀ ਰਾਖੀ ਦੀ ਚਿੰਤਾ ਦੇ ਨਾਲ ਹੀ ਸਿੱਖ ਹਮੇਸ਼ਾ ਕੌਮੀ ਨਜ਼ਰੀਏ ਦੇ ਧਾਰਨੀ ਰਹੇ ਹਨ।"[36]

ਇਥੇ 'ਕੌਮੀ ਨਜ਼ਰੀਏ' ਤੋਂ ਸ: ਉਜਲ ਸਿੰਘ ਹੁਰਾਂ ਦਾ ਜੋ ਭਾਵ ਹੈ, ਉਸ ਬਾਰੇ ਕਿਸੇ ਭੁਲੇਖੇ ਦੀ ਗੁੰਜਾਇਸ਼ ਨਹੀਂ। ਸ: ਸੰਤ ਸਿੰਘ ਤੇ ਸ: ਉਜਲ ਸਿੰਘ ਦੇ ਇਨ੍ਹਾਂ ਕਥਨਾਂ ਤੋਂ ਇਲਾਵਾ ਅਜਿਹੇ ਹੋਰ ਸੈਂਕੜੇ ਹਵਾਲੇ ਦਿੱਤੇ ਜਾ ਸਕਦੇ ਹਨ ਜਿਨ੍ਹਾਂ 'ਚੋਂ ਇਹ ਸਚਾਈ ਸਵੈ-ਉਜਾਗਰ ਹੁੰਦੀ ਹੈ ਕਿ ਇਸ ਸਦੀ ਦੇ ਸ਼ੁਰੂ ਤੋਂ ਲੈ ਕੇ ਅੱਠਵੇਂ ਦਹਾਕੇ ਤਕ ਹਰ ਵੰਨਗੀ ਦੀ ਸਿੱਖ ਲੀਡਰਸ਼ਿਪ 'ਭਾਰਤੀ ਕੌਮ' ਦੀ ਧਾਰਨਾ ਨੂੰ ਸੱਚ ਕਬੂਲ ਕਰਕੇ ਚੱਲਦੀ ਰਹੀ ਹੈ ਅਤੇ ਆਪਣੇ ਆਪ ਨੂੰ 'ਸੱਚੇ ਦੇਸ਼ ਭਗਤ' ਤੇ 'ਕੌਮਪ੍ਰਸਤ' ਸਾਬਤ ਕਰਨ ਲਈ ਸਿੱਖ ਭਾਈਚਾਰੇ ਦੇ ਕੌਮੀ ਹਿਤਾਂ ਨੂੰ ਨਾ ਸਿਰਫ਼ ਨਜ਼ਰ-ਅੰਦਾਜ਼ ਸਗੋਂ ਕਈ ਮੌਕਿਆਂ 'ਤੇ ਤਾਂ ਸ਼ਰ੍ਹੇਆਮ ਨਿਲਾਮ ਕਰਦੀ ਰਹੀ ਹੈ।

## ਗੁਰਦੁਆਰਾ ਸੁਧਾਰ ਲਹਿਰ : ਇਕ ਨਵਾਂ ਮੋੜ

ਆਪਣੇ ਉਦੇਸ਼ਾਂ ਪੱਖੋਂ ਗੁਰਦੁਆਰਾ ਸੁਧਾਰ ਤਹਿਰੀਕ ਸਿੰਘ ਸਭਾ ਲਹਿਰ ਦਾ ਹੀ ਜਾਰੀ ਅਮਲ ਸੀ। ਜਿਵੇਂ ਪਿੱਛੇ ਜ਼ਿਕਰ ਹੋ ਚੁੱਕਾ ਹੈ ਕਿ ਅਠਾਰ੍ਹਵੀਂ ਸਦੀ 'ਚ ਸਿੰਘਾਂ ਉੱਤੇ ਜ਼ੁਲਮ ਵਧਣ ਕਰਕੇ ਗੁਰਦੁਆਰਿਆਂ ਦਾ ਪ੍ਰਬੰਧ ਉਦਾਸੀ ਸੰਪਰਦਾਇ ਹੱਥ ਚਲਾ ਗਿਆ। ਇਸ ਨਾਲ ਗੁਰਦੁਆਰਿਆਂ ਅੰਦਰ ਗੁਰਮਤਿ ਵਿਰੋਧੀ ਰਹੁ-ਰੀਤਾਂ ਤੇ ਅਮਲ ਸ਼ੁਰੂ ਹੋ ਗਏ। ਸਿੱਖ ਰਾਜ ਵੇਲੇ ਗੁਰਦੁਆਰਿਆਂ ਦੇ ਨਾਉਂ ਵੱਡੀਆਂ ਜਾਗੀਰਾਂ ਤਾਂ ਲੱਗ ਗਈਆਂ ਪਰ ਇਨ੍ਹਾਂ ਦੇ ਪ੍ਰਬੰਧ ਲਈ ਕੋਈ ਮਰਿਆਦਾ ਤੈਅ ਨਾ ਹੋਈ। ਸਿੱਖ ਜੀਵਨ ਦੇ ਹੋਰਨਾਂ ਖੇਤਰਾਂ ਵਾਂਗ, ਗੁਰਦੁਆਰਿਆਂ ਅੰਦਰ ਵੀ ਬ੍ਰਾਹਮਣਵਾਦੀ ਪ੍ਰਭਾਵਾਂ ਦਾ ਬੋਲਬਾਲਾ ਹੋ ਗਿਆ। ਉਦਾਸੀ ਮਹੰਤਾਂ ਨੇ ਹਿੰਦੂ ਪ੍ਰੰਪਰਾ ਮੁਤਾਬਕ ਚੇਲੇ ਭਰਤੀ ਕਰਨੇ ਅਤੇ ਆਪਣੇ ਵਾਰਸ ਨਿਯੁਕਤ ਕਰਨੇ ਸ਼ੁਰੂ ਕਰ ਦਿੱਤੇ। ਅੰਗਰੇਜ਼ਾਂ ਵੇਲੇ ਜ਼ਮੀਨ ਮਾਲਕੀ

ਦੇ ਕਾਨੂੰਨਾਂ ਅੰਦਰ ਸੋਧਾਂ ਹੋਣ ਕਾਰਨ ਬਹੁਤੇ ਗੁਰਦੁਆਰਿਆਂ ਦੀ ਜਾਇਦਾਦ ਮਹੰਤਾਂ ਦੇ ਨਾਂ ਹੋ ਗਈ। ਨਹਿਰਾਂ ਨਿਕਲਣ ਕਰਕੇ ਅਤੇ ਖੇਤੀ 'ਚ ਆਏ ਸੁਧਾਰਾਂ ਦੀ ਬਦੌਲਤ ਗੁਰਦੁਆਰਿਆਂ ਦੀ ਆਮਦਨ 'ਚ ਚੋਖਾ ਵਾਧਾ ਹੋ ਗਿਆ। ਨਿਸ਼ਚਿਤ ਮਰਿਆਦਾ ਦੀ ਅਣਹੋਂਦ ਕਰਕੇ ਇਸ ਨਾਲ ਗੁਰਦੁਆਰਾ ਪ੍ਰਬੰਧ ਅੰਦਰ ਬੇਨਿਯਮੀਆਂ ਤੇ ਮਹੰਤਾਂ ਦੇ ਜੀਵਨ ਅਮਲ ਅੰਦਰ ਵੱਡੇ ਵਿਕਾਰ ਪੈਦਾ ਹੋ ਗਏ। ਸਿੰਘ ਸਭਾ ਲਹਿਰ ਦੇ ਪ੍ਰਚਾਰ-ਪਸਾਰ ਨਾਲ ਸਿੱਖ ਭਾਈਚਾਰੇ ਅੰਦਰ ਪੈਦਾ ਹੋਈ ਨਵੀਂ ਚੇਤਨਾ ਕਾਰਨ ਸ਼ਰਧਾਲੂ ਸਿੱਖ ਵਰਗ ਨੂੰ ਮਹੰਤਾਂ ਦਾ ਆਚਾਰ-ਵਿਹਾਰ ਚੁੱਭਣ ਲੱਗਾ। ਸਹਿਜੇ ਸਹਿਜੇ ਗੁਰਦੁਆਰਿਆਂ ਦੇ ਪ੍ਰਬੰਧ ਅੰਦਰ ਸੁਧਾਰਾਂ ਦੀ ਲੋੜ ਦਾ ਅਹਿਸਾਸ ਜ਼ੋਰ ਫੜ ਤੁਰਿਆ। ਕੁਝ ਜਗ੍ਹਾ ਸਿੰਘਾਂ ਨੇ ਕਾਨੂੰਨੀ ਚਾਰਾਜ਼ੋਈ ਨਾਲ ਮਹੰਤਾਂ ਨੂੰ ਬਦਲਣਾ ਚਾਹਿਆ। ਪਰ ਅਦਾਲਤੀ ਸਿਲਸਿਲਾ ਉਲਝਵਾਂ, ਖ਼ਰਚੀਲਾ ਤੇ ਨਾਲ ਹੀ ਪੱਖਪਾਤੀ ਵੀ ਸੀ। ਇਸ ਕਰਕੇ ਸਿੱਖ ਵਰਗ ਅੰਦਰ ਅੰਦੋਲਨਵਾਦੀ (ਐਜ਼ੀਟੇਸ਼ਨਲ) ਸੋਚ ਅਤੇ ਪ੍ਰਵਿਰਤੀਆਂ ਜ਼ੋਰ ਫੜਨ ਲੱਗੀਆਂ। ਇਸ ਨਵੇਂ ਰੁਝਾਨ 'ਚੋਂ ਸਿੱਖ ਰਾਜਨੀਤੀ ਦੀ ਨਵੀਂ ਸ਼ਕਲ ਸੂਰਤ ਉਭਰ ਕੇ ਸਾਹਮਣੇ ਆਈ।

ਉੱਨੀਵੀਂ ਸਦੀ ਦੇ ਆਖ਼ਰੀ ਸਾਲਾਂ ਦੌਰਾਨ ਸਿੰਘ ਸਭਾਵਾਂ ਦੀ ਗਿਣਤੀ ਵਿੱਚ ਵੱਡਾ ਵਾਧਾ ਹੋਣ ਨਾਲ, ਉਨ੍ਹਾਂ ਦੀਆਂ ਸਰਗਰਮੀਆਂ ਅੰਦਰ ਤਾਲਮੇਲ ਬਿਠਾਉਣ ਲਈ ਕਿਸੇ ਕੇਂਦਰੀ ਸਿੱਖ ਸੰਸਥਾ ਦੀ ਲੋੜ ਖੜੀ ਹੋ ਗਈ ਸੀ। ਇਸ ਲੋੜ ਨੂੰ ਪੂਰਾ ਕਰਨ ਲਈ 1902 ਵਿੱਚ ਚੀਫ਼ ਖ਼ਾਲਸਾ ਦੀਵਾਨ ਨਾਂ ਦੀ ਜਥੇਬੰਦੀ ਹੋਂਦ ਵਿੱਚ ਆਈ। ਇਸ ਬਾਰਸੂਖ਼ ਸਿੱਖ ਸੰਸਥਾ ਦੇ ਅਹੁਦੇਦਾਰ ਧਾਰਮਿਕ, ਸਮਾਜੀ, ਸਭਿਆਚਾਰਕ ਤੇ ਸਿਆਸੀ ਮਸਲਿਆਂ 'ਤੇ ਸਿੱਖ ਪੰਥ ਦੀ ਤਰਜਮਾਨੀ ਕਰਦੇ ਸਨ। ਚੀਫ਼ ਖ਼ਾਲਸਾ ਦੀਵਾਨ ਦੀ ਲੀਡਰਸ਼ਿਪ ਰਈਸ ਵਰਗ ਦੇ ਹੱਥਾਂ ਵਿੱਚ ਸੀ। (ਸੁੰਦਰ ਸਿੰਘ ਮਜੀਠੀਆ ਇਸ ਦਾ ਬਾਨੀ ਸਕੱਤਰ ਬਣਿਆ ਤੇ 1921 ਤਕ ਇਸ ਅਹੁਦੇ 'ਤੇ ਬਿਰਾਜਮਾਨ ਰਿਹਾ।) ਇਸ ਵਰਗ ਦਾ ਸਿੱਖੀ ਦੇ ਸਿਧਾਂਤਾਂ ਦੀ ਥਾਂ ਸਿੱਖੀ ਦੇ ਬਾਹਰੀ ਚਿੰਨ੍ਹਾਂ ਨਾਲ ਵਧੇਰੇ ਸਰੋਕਾਰ ਸੀ। ਇਹ ਵਰਗ ਅੰਗਰੇਜ਼ ਹਕੂਮਤ ਨਾਲ ਟਕਰਾਉ ਦੇ ਉੱਕਾ ਹੀ ਪੱਖ ਵਿੱਚ ਨਹੀਂ ਸੀ। ਅਸਲ ਵਿੱਚ, ਇਸ ਮਾਮਲੇ 'ਚ, ਚੀਫ਼ ਖ਼ਾਲਸਾ ਦੀਵਾਨ ਦੀ ਲੀਡਰਸ਼ਿਪ ਸਿੰਘ ਸਭਾ ਲਹਿਰ ਦੇ ਮੋਢੀਆਂ ਦੀ ਸੋਚ ਤੇ ਵਿਰਾਸਤ ਨੂੰ ਹੀ ਜਾਰੀ ਰੱਖ ਰਹੀ ਸੀ। ਇਸ ਦੇ ਵਿਚਾਰ ਵਿੱਚ, ਸਿੱਖੀ ਸੁਧਾਰ ਜਾਂ ਗੁਰਦੁਆਰਾ ਸੁਧਾਰ ਦਾ ਕਾਰਜ, ਆਪਣੇ ਆਪ ਵਿੱਚ, ਸਿੱਖ ਭਾਈਚਾਰੇ ਦੇ ਅੰਗਰੇਜ਼ ਹਕੂਮਤ ਨਾਲ ਵਿਰੋਧ ਜਾਂ ਟਕਰਾਉ ਦਾ ਆਧਾਰ ਨਹੀਂ ਸੀ ਬਣਦਾ। ਉਹ ਸਗੋਂ ਇਸ ਮਾਮਲੇ ਵਿੱਚ ਬਰਤਾਨਵੀ ਹੁਕਮਰਾਨਾਂ ਦੀ ਦਇਆ, ਹਮਦਰਦੀ ਤੇ ਹਮਾਇਤ ਦੀਆਂ ਉਮੀਦਾਂ ਰੱਖ ਕੇ ਚੱਲ ਰਹੇ ਸਨ। ਉਹ ਅੰਦੋਲਨ ਦੀ ਬਜਾਇ ਸਰਕਾਰ ਕੋਲ ਬੇਨਤੀਆਂ, ਮੰਗ-ਪੱਤਰ ਅਤੇ ਲੋੜ ਪੈਣ 'ਤੇ ਅਦਾਲਤੀ ਕਾਰਵਾਈ ਦਾ ਆਸਰਾ ਲੈਣ ਦੀ ਸੋਚ ਅਤੇ ਸਿਆਸਤ ਦੇ ਧਾਰਨੀ ਸਨ।

ਅੰਗਰੇਜ਼ਾਂ ਦੀ ਸਿੱਖਾਂ ਪ੍ਰਤੀ ਯੁੱਧਨੀਤਕ ਪਹੁੰਚ ਅੰਦਰ ਗੁਰਦੁਆਰਿਆਂ ਦੀ ਅਤੇ ਸਿੱਖ ਇਲੀਟ (ਪਤਵੰਤੇ) ਤੇ ਰਈਸ ਵਰਗ ਦੀ ਵੱਡੀ ਅਹਿਮੀਅਤ ਸੀ। ਸਿੱਖ ਜਗਤ ਨਾਲ ਰਾਬਤਾ ਗੰਢਣ, ਸੰਚਾਰ ਸਥਾਪਤ ਕਰਨ ਅਤੇ ਉਸ ਨੂੰ ਆਪਣੇ ਕੰਟਰੋਲ ਹੇਠ ਰੱਖਣ ਲਈ, ਉਹ ਇਨ੍ਹਾਂ ਨੂੰ ਕਾਰਗਰ ਔਜ਼ਾਰ ਸਮਝਦੇ ਸਨ। ਭਾਵੇਂ ਉਨ੍ਹਾਂ ਸਿੱਖ ਰਈਸਾਂ ਤੇ ਸਰਦਾਰਾਂ ਦੀ ਹਮਾਇਤ ਅਤੇ ਮਦਦ ਨਾਲ ਸਿੱਖ ਭਾਈਚਾਰੇ ਅੰਦਰ ਆਪਣੀ ਚੰਗੀ ਪੈਂਠ ਬਣਾ ਲਈ ਹੋਈ ਸੀ ਅਤੇ ਉਨ੍ਹਾਂ ਨੂੰ ਫ਼ੌਰੀ ਕਿਸੇ ਵੱਡੇ ਵਿਦਰੋਹ ਦੀ ਕੋਈ ਸੰਭਾਵਨਾ ਦਿਖਾਈ ਨਹੀਂ ਸੀ ਦਿੰਦੀ, ਪ੍ਰੰਤੂ ਸਿੱਖ ਕੌਮ ਦੀ "ਰਾਜ ਕਰਹਿੰ ਕੈ ਲੜ ਮਰਹਿੰ" ਦੀ ਤਰਬੀਅਤ ਨੂੰ ਧਿਆਨ ਵਿੱਚ ਰਖਦਿਆਂ ਉਹ ਲਗਾਤਾਰ ਚੌਕਸੀ ਵਰਤ ਰਹੇ ਸਨ। ਉਹ

ਸਿੱਖਾਂ ਦੇ ਧਾਰਮਿਕ ਪੱਖ ਪ੍ਰਤੀ ਖ਼ਾਸ ਤੌਰ 'ਤੇ ਸੁਚੇਤ ਸਨ। ਸਿੱਖੀ ਜਜ਼ਬੇ ਦੀ ਤਾਕਤ ਤੇ ਇਸ ਦੇ ਸੰਭਾਵੀ ਤੰਤ ਬਾਰੇ ਉਹ ਜਿੰਨੇ ਚੇਤੰਨ ਸਨ, ਉਨੇ ਹੀ ਚੌਕਸ ਵੀ ਸਨ। ਇਸ ਕਰਕੇ ਜਿੱਥੇ ਆਮ ਕਰਕੇ ਉਹ ਭਾਰਤੀ ਲੋਕਾਂ ਦੇ ਧਰਮ ਅਤੇ ਧਾਰਮਿਕ ਮਾਮਲਿਆਂ ਵਿੱਚ ਸਿੱਧੀ ਦਖ਼ਲ-ਅੰਦਾਜ਼ੀ ਕਰਨ ਤੋਂ ਗੁਰੇਜ਼ ਕਰਨ ਦੀ ਪਹੁੰਚ ਅਪਣਾ ਕੇ ਚੱਲ ਰਹੇ ਸਨ, ਉਥੇ ਸਿੱਖਾਂ ਦੇ ਮਾਮਲੇ 'ਚ ਉਹ ਅਲੱਗ ਤਰ੍ਹਾਂ ਵਰਤ ਰਹੇ ਸਨ। ਉਨ੍ਹਾਂ ਹਿੰਦੂਆਂ ਤੇ ਮੁਸਲਮਾਨਾਂ ਨੂੰ ਆਪਣੇ ਧਾਰਮਿਕ ਅਸਥਾਨਾਂ ਦੀ ਆਪ ਸੰਭਾਲ ਕਰਨ ਦੀ ਖੁੱਲ੍ਹ ਪ੍ਰਦਾਨ ਕੀਤੀ ਹੋਈ ਸੀ। ਇਸ ਵਿੱਚ ਸਰਕਾਰੀ ਦਖ਼ਲ ਦੀ ਕੋਈ ਵਿਵਸਥਾ ਨਹੀਂ ਸੀ ਰੱਖੀ ਗਈ। ਪਰ ਸਿੱਖਾਂ ਨੂੰ ਇਹ ਖੁੱਲ੍ਹ ਨਹੀਂ ਸੀ। 1881 ਵਿੱਚ ਹੀ ਇਕ ਸੀਨੀਅਰ ਬਰਤਾਨਵੀ ਅਧਿਕਾਰੀ ਨੇ ਵਾਇਸਰਾਇ (ਲਾਰਡ ਰਿੱਪਨ) ਨੂੰ ਪੱਤਰ ਲਿਖ ਕੇ ਆਗਾਹ ਕਰ ਦਿੱਤਾ ਸੀ ਕਿ "ਸਿੱਖ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਹਕੂਮਤੀ ਕੰਟਰੋਲ ਤੋਂ ਬਾਹਰੀ ਹੱਥਾਂ 'ਚ ਚਲੇ ਜਾਣ ਦੀ ਇਜਾਜ਼ਤ ਦੇਣਾ ਸਿਆਸੀ ਤੌਰ 'ਤੇ ਖ਼ਤਰਨਾਕ ਹੋਵੇਗਾ।"[37] ਸਿੱਖਾਂ ਦੀ ਸ਼ਰਧਾ ਤੇ ਸ਼ਕਤੀ ਦੇ ਸੋਮੇ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਸਿੱਧੇ ਸਰਕਾਰੀ ਕੰਟਰੋਲ ਅਤੇ ਨਿਗਰਾਨੀ ਹੇਠ ਰੱਖਣ ਲਈ ਵਿਸ਼ੇਸ਼ ਵਿਵਸਥਾ ਘੜੀ ਗਈ ਸੀ। ਦਰਬਾਰ ਸਾਹਿਬ ਦੇ ਮੈਨੇਜਰ (ਸਰਬਰਾਹ) ਦੀ ਨਿਯੁਕਤੀ ਸਰਕਾਰ ਵੱਲੋਂ ਹੁੰਦੀ ਸੀ ਅਤੇ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਸ੍ਰੀ ਦਰਬਾਰ ਸਾਹਿਬ ਦੀ ਪ੍ਰਬੰਧਕੀ ਕਮੇਟੀ ਦਾ, ਕਾਨੂੰਨੀ ਹੈਸੀਅਤ ਵਿੱਚ, ਕਰਤਾ ਧਰਤਾ ਸੀ। ਸ਼ੁਰੂ ਵਿੱਚ ਭਾਵੇਂ ਸਿੱਖ ਜਨਤਾ ਨੂੰ ਇਹ ਗੱਲ ਜ਼ਿਆਦਾ ਚੁਭਵੀਂ ਨਹੀਂ ਸੀ ਲਗਦੀ, ਪ੍ਰੰਤੂ ਸਿੰਘ ਸਭਾ ਦੇ ਪ੍ਰਚਾਰ ਅਤੇ ਸਰਗਰਮੀਆਂ ਦੇ ਅਸਰ ਹੇਠ ਸਿੱਖ ਭਾਈਚਾਰੇ ਅੰਦਰ ਫੈਲੀ ਧਾਰਮਿਕ ਚੇਤਨਾ ਸਦਕਾ, ਉਸ ਦੇ ਮਨਾਂ ਅੰਦਰ ਇਸ ਸਬੰਧੀ ਤਿੱਖੇ ਸੁਆਲ, ਸ਼ੰਕੇ ਅਤੇ ਇਤਰਾਜ਼ ਪੈਦਾ ਹੋਣ ਲੱਗੇ। 1906 ਵਿੱਚ ਸਿੰਘ ਸਭਾ ਅੰਦਰਲੇ ਗਰਮ-ਦਲੀਆਂ ਦੇ ਦਬਾਅ ਹੇਠ ਚੀਫ਼ ਖ਼ਾਲਸਾ ਦੀਵਾਨ ਨੇ ਇਕ ਮਤਾ ਪਾਸ ਕਰਕੇ ਦਰਬਾਰ ਸਾਹਿਬ ਦਾ ਪ੍ਰਬੰਧ ਸਿੱਖਾਂ ਦੀ ਨੁਮਾਇੰਦਾ ਕਮੇਟੀ ਹਵਾਲੇ ਕਰਨ ਦੀ ਮੰਗ ਕੀਤੀ। ਬੇਸ਼ੱਕ ਚੀਫ਼ ਖ਼ਾਲਸਾ ਦੀਵਾਨ ਦੇ ਆਗੂਆਂ ਨੇ, ਆਪਣੀ ਸੋਚ ਅਤੇ ਖ਼ਸਲਤ ਮੁਤਾਬਕ, ਇਸ ਮਤੇ ਦੀ ਅੱਗੇ ਕੋਈ ਪੈਰਵਾਈ ਨਾ ਕੀਤੀ ਪ੍ਰੰਤੂ ਸਿੱਖ ਜਨਤਾ ਅੰਦਰ ਇਹ ਸੋਚ ਅਤੇ ਜਜ਼ਬਾ ਲਗਾਤਾਰ ਤਕੜਾਈ ਫੜਦਾ ਚਲਾ ਗਿਆ। ਸਮੁੱਚੇ ਦੇਸ ਅੰਦਰ ਬਣ ਉਸਰ ਰਹੇ ਨਵੇਂ ਰਾਜਸੀ ਮਾਹੌਲ ਦੇ ਅਸਰ ਹੇਠ ਸਿੱਖ ਭਾਈਚਾਰੇ ਅੰਦਰ ਨਵੀਂ ਸੋਚ ਅਤੇ ਨਵੀਆਂ ਭਾਵਨਾਵਾਂ ਪੈਦਾ ਹੋਣ ਲੱਗੀਆਂ। ਸਿੱਖਾਂ ਨੂੰ ਉਨ੍ਹਾਂ ਦੇ ਧਾਰਮਿਕ ਮਾਮਲਿਆਂ 'ਚ ਗ਼ੈਰਾਂ ਦੀ, ਖ਼ਾਸ ਕਰਕੇ ਸਰਕਾਰ ਦੀ ਦਖ਼ਲ-ਅੰਦਾਜ਼ੀ ਰੜਕਣ ਲੱਗ ਪਈ ਅਤੇ ਇਸ ਨੂੰ ਉਹ ਕੌਮੀ ਅਪਮਾਨ ਦੇ ਰੂਪ 'ਚ ਦੇਖਣ ਲੱਗੇ। ਫ਼ਰਵਰੀ 1919 ਵਿੱਚ *ਪੰਥ ਸੇਵਕ* ਨਾਂ ਦੇ ਸਿੱਖ ਸਪਤਾਹਕ ਪੱਤਰ ਦੀ ਦਰਬਾਰ ਸਾਹਿਬ ਦੇ ਪ੍ਰਬੰਧ ਬਾਰੇ ਹੇਠ ਲਿਖੀ ਟਿੱਪਣੀ ਸਿੱਖ ਭਾਈਚਾਰੇ ਅੰਦਰ ਪੈਦਾ ਹੋ ਰਹੀ ਨਵੀਂ ਸੋਚ ਅਤੇ ਰੌਅ ਦੀ ਪ੍ਰਤੀਕ ਸੀ। *ਪੰਥ ਸੇਵਕ* ਨੇ ਲਿਖਿਆ ਕਿ "ਦਰਬਾਰ ਸਾਹਿਬ ਉੱਤੇ ਖ਼ਾਲਸੇ ਦਾ ਕੋਈ ਕੰਟਰੋਲ ਨਹੀਂ ਰਹਿ ਗਿਆ। ਜੋ ਭੇਟਾ ਚੜ੍ਹਦੀ ਹੈ, ਉਹ ਪੰਥ ਦੀ ਨਹੀਂ। ਪ੍ਰਬੰਧ ਸਿੱਖਾਂ ਦੇ ਹੱਥ 'ਚ ਨਹੀਂ।....ਕੀ ਸਿੱਖ ਏਨੇ ਜੋਗੇ ਵੀ ਨਹੀਂ ਕਿ ਉਹ ਆਪਣੇ ਧਾਰਮਿਕ ਅਸਥਾਨਾਂ ਦੀ ਦੇਖਭਾਲ ਖ਼ੁਦ ਕਰ ਸਕਣ ?"

ਇਹੋ ਗੱਲ ਗੁਰਦੁਆਰਾ ਰਕਾਬਗੰਜ ਦੇ ਮਸਲੇ ਨਾਲ ਵਾਪਰੀ। ਅੰਗਰੇਜ਼ਾਂ ਵੱਲੋਂ ਕਲਕੱਤੇ ਦੀ ਜਗ੍ਹਾ ਦਿੱਲੀ ਨੂੰ ਰਾਜਧਾਨੀ ਬਣਾਉਣ ਦੇ ਫ਼ੈਸਲੇ ਨਾਲ ਦਿੱਲੀ ਨੂੰ ਨਵਾਂ ਰੂਪ ਦੇਣ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ। ਵਾਈਸਰੀਗਲ (ਅਜੋਕੇ ਰਾਸ਼ਟਰਪਤੀ ਭਵਨ) ਨੂੰ ਜਾਂਦੀ ਸੜਕ ਦੀ ਚੌੜਾਈ ਵਧਾਉਣ ਲਈ, 1913 ਵਿੱਚ ਲੋਕ ਨਿਮਾਣ

ਮਹਿਕਮੇ ਨੇ ਰਕਾਬਗੰਜ ਦੀ ਬਾਹਰਲੀ ਕੰਧ ਢਾਹ ਦਿੱਤੀ। ਇਸ ਨਾਲ ਸਿੱਖ ਜਗਤ ਅੰਦਰ ਗ਼ੁੱਸੇ ਦੀ ਲਹਿਰ ਫੈਲ ਗਈ। ਸਿੱਖ ਆਪਣੀ ਪ੍ਰਮੁੱਖ ਨੁਮਾਇੰਦਾ ਸੰਸਥਾ ਚੀਫ਼ ਖ਼ਾਲਸਾ ਦੀਵਾਨ ਕੋਲੋਂ ਅਸਰਦਾਰ ਕਾਰਵਾਈ ਦੀ ਉਮੀਦ ਅਤੇ ਮੰਗ ਕਰਨ ਲੱਗੇ। ਦੀਵਾਨ ਦੇ ਆਗੂਆਂ ਨੇ, ਆਪਣੀ ਰਵਾਇਤੀ ਸੋਚ ਤੇ ਸ਼ੈਲੀ ਮੁਤਾਬਕ, ਅਧਿਕਾਰੀਆਂ ਨੂੰ ਬੇਨਤੀ-ਪੱਤਰ ਭੇਜਣ ਅਤੇ ਗੱਲਬਾਤ ਰਾਹੀਂ ਕਾਇਲ ਕਰਨ ਦੀਆਂ ਕੋਸ਼ਿਸ਼ਾਂ ਤੋਂ ਅੱਗੇ ਨਾ ਕੋਈ ਕਦਮ ਪੁੱਟਣਾ ਸੀ ਤੇ ਨਾ ਪੁੱਟਿਆ। ਬਰਤਾਨਵੀ ਅਧਿਕਾਰੀ ਸਿੱਖ ਦਬਾਅ ਅੱਗੇ ਝੁਕਣ ਲਈ ਤਿਆਰ ਨਹੀਂ ਸਨ। ਪਰ ਏਨੇ ਨੂੰ ਪਹਿਲੀ ਸੰਸਾਰ ਜੰਗ ਛਿੜ ਪਈ। ਇਸ ਨਾਲ ਇਹ ਮਸਲਾ ਆਰਜ਼ੀ ਤੌਰ 'ਤੇ ਦਬ ਗਿਆ। ਜੰਗ ਦੇ ਖ਼ਾਤਮੇ ਨਾਲ ਹੀ ਇਹ ਮਸਲਾ ਮੁੜ ਉਠ ਖੜਾ ਹੋਇਆ। ਸਿੱਖ ਜਨਤਾ ਢਾਹੀ ਹੋਈ ਕੰਧ ਨੂੰ ਮੁੜ ਉਸਾਰਨ ਦੀ ਮੰਗ ਕਰ ਰਹੀ ਸੀ। ਪਰ ਅੰਗਰੇਜ਼ ਸਰਕਾਰ ਹੁਕਮਰਾਨੀ ਹੈਂਕੜ ਕਰਕੇ ਆਪਣੀ ਪੋਜ਼ੀਸ਼ਨ ਤੋਂ ਪਿਛਾਂਹ ਹਟਣ ਲਈ ਰਾਜ਼ੀ ਨਹੀਂ ਸੀ। ਚੀਫ਼ ਖ਼ਾਲਸਾ ਦੀਵਾਨ ਦੇ ਆਗੂ ਆਪਣੀ ਰਵਾਇਤੀ ਸੋਚ ਅਤੇ ਪੈਂਤੜੇ ਤੋਂ ਇਧਰ ਉਧਰ ਹੋਣ ਲਈ ਤਿਆਰ ਨਹੀਂ ਸਨ। ਇਸ ਨਾਲ ਸਿੱਖ ਲੀਡਰਸ਼ਿਪ ਦਾ ਇਹ ਵਰਗ ਸਿੱਖ ਜਨਤਾ ਦੇ ਮਨੋਂ ਲੱਥਣਾ ਸ਼ੁਰੂ ਹੋ ਗਿਆ। ਭਾਰੂ ਸਿੱਖ ਰੌਂਅ ਸਰਕਾਰ ਨਾਲ ਕਰਾਰੇ ਹੱਥੀਂ ਨਿਪਟਣ ਦੇ ਹੱਕ ਵਿੱਚ ਸੀ। ਇਸ ਦਾ ਪ੍ਰਮਾਣ ਇਸ ਗੱਲ ਤੋਂ ਮਿਲਦਾ ਹੈ ਕਿ ਜਦ ਲਾਹੌਰ ਤੋਂ ਛਪਦੇ *ਅਕਾਲੀ* ਨਾਉਂ ਦੇ ਸਿੱਖ ਅਖ਼ਬਾਰ (2 ਸਤੰਬਰ 1920) ਵਿੱਚ ਸ: ਸਰਦੂਲ ਸਿੰਘ ਕਵੀਸ਼ਰ ਵੱਲੋਂ ਇਹ ਅਪੀਲ ਪ੍ਰਕਾਸ਼ਤ ਹੋਈ ਕਿ ਰਕਾਬਗੰਜ ਦੀ ਕੰਧ ਨੂੰ ਮੁੜ ਖੜੀ ਕਰਨ ਲਈ ਪੰਥ ਨੂੰ ਇਕ ਸੌ ਸਿਰਲੱਥ ਯੋਧਿਆਂ ਦੀ ਲੋੜ ਹੈ ਤਾਂ ਇਕ ਸੌ ਦੀ ਜਗ੍ਹਾ ਤੁਰੰਤ ਸੱਤ ਸੌ ਮਰਜੀਵੜੇ ਮੈਦਾਨ ਵਿੱਚ ਨਿਤਰ ਆਏ। ਅਨੇਕਾਂ ਸਿੰਘਾਂ ਨੇ ਆਪਣੇ ਖ਼ੂਨ ਨਾਲ ਚਿੱਠੀਆਂ ਲਿਖ ਕੇ ਭੇਜੀਆਂ।[38]

1918 ਵਿੱਚ ਸਿਆਲਕੋਟ ਵਿਖੇ 'ਬਾਬੇ ਦੀ ਬੇਰ' ਗੁਰਦੁਆਰੇ ਦੇ ਮਹੰਤ ਦੀ ਮੌਤ ਹੋ ਜਾਣ ਉਪਰੰਤ ਵਿਰਾਸਤ ਦਾ ਝਗੜਾ ਉਠ ਖੜਾ ਹੋਇਆ। ਗੁਰਦੁਆਰਿਆਂ ਦੇ ਪ੍ਰਬੰਧ ਅੰਦਰ ਸੁਧਾਰ ਲਿਆਉਣ ਦਾ ਵਿਚਾਰ ਸਿੱਖ ਜਗਤ ਦੇ ਵੱਡੇ ਹਿੱਸਿਆਂ ਅੰਦਰ ਫੈਲ ਚੁੱਕਾ ਸੀ। ਇਸ ਦੇ ਅਸਰ ਹੇਠ, ਜਗ੍ਹਾ ਜਗ੍ਹਾ ਸੁਧਾਰਵਾਦੀ ਤੱਤ ਗੁਰਦੁਆਰਿਆਂ ਦਾ ਪ੍ਰਬੰਧ ਸਿੱਖ ਸੰਗਤਾਂ ਦੇ ਹੱਥ ਦੇਣ ਦੀ ਮੰਗ ਉਠਾਉਣ ਲੱਗੇ। 'ਬਾਬੇ ਦੀ ਬੇਰ' ਗੁਰਦੁਆਰੇ ਦਾ ਪ੍ਰਬੰਧ ਸਿੱਖ ਸੰਗਤਾਂ ਦੇ ਹਵਾਲੇ ਕਰਨ ਦੀ ਮੰਗ ਕਾਫ਼ੀ ਜ਼ੋਰ ਫੜ ਗਈ। ਸਿੰਘ ਸਭਾ ਲਹਿਰ ਦੇ ਕਾਰੁਕੰਨਾਂ ਨੇ ਇਸ ਸਬੰਧੀ ਮਤੇ ਪਾਏ, ਅਧਿਕਾਰੀਆਂ ਨੂੰ ਯਾਦ-ਪੱਤਰ ਦਿੱਤੇ, ਕਾਨੂੰਨ ਦਾ ਆਸਰਾ ਵੀ ਲਿਆ। ਪਰ ਉਨ੍ਹਾਂ ਦੇ ਇਹ ਸਾਰੇ ਯਤਨ ਨਿਹਫਲ ਹੋ ਕੇ ਰਹਿ ਗਏ। ਇਹ ਕੋਈ 'ਕੱਲੀ ਕਹਿਰੀ ਘਟਨਾ ਨਾ ਰਹਿ ਕੇ, ਉਸ ਵੇਲੇ ਦਾ ਆਮ ਵਰਤਾਰਾ ਹੀ ਬਣ ਗਿਆ ਸੀ। ਗੁਰਧਾਮਾਂ ਦਾ ਪ੍ਰਬੰਧ ਸੁਧਾਰਨ ਅਤੇ ਭ੍ਰਿਸ਼ਟ ਮਹੰਤਾਂ ਨੂੰ ਲਾਂਭੇ ਕਰਕੇ ਗੁਰਦੁਆਰਿਆਂ ਨੂੰ ਸਿੱਖ ਸੰਗਤਾਂ ਦੇ ਹਵਾਲੇ ਕਰਨ ਦੀ ਮੰਗ ਥਾਂ ਥਾਂ ਉਠਣ ਲੱਗ ਪਈ। ਜਲਦੀ ਹੀ ਇਹ ਰੁਝਾਨ ਇਕ ਤਾਕਤਵਰ ਲਹਿਰ ਦਾ ਰੂਪ ਅਖ਼ਤਿਆਰ ਕਰ ਗਿਆ। ਇਸ ਨਾਲ ਸਿੱਖ ਕੌਮ ਦੇ ਅੰਗਰੇਜ਼ ਸਰਕਾਰ ਨਾਲ ਰਿਸ਼ਤੇ ਅੰਦਰ ਵੱਡੀ ਤਬਦੀਲੀ ਦਾ ਆਧਾਰ ਤਿਆਰ ਹੋਣ ਲੱਗਾ। ਅੰਗਰੇਜ਼ ਹਾਕਮ ਤੇ ਰਵਾਇਤੀ ਸਿੱਖ ਲੀਡਰਸ਼ਿਪ, ਦੋਨੋਂ ਹੀ ਇਸ ਘਟਨਾਕ੍ਰਮ ਤੋਂ ਡਾਢੇ ਫ਼ਿਕਰਮੰਦ ਸਨ। ਪਰ ਘਟਨਾਵਾਂ ਦੇ ਵਹਿਣ ਮੂਹਰੇ ਉਨ੍ਹਾਂ ਦੀ ਕੋਈ ਪੇਸ਼ ਨਹੀਂ ਸੀ ਚੱਲ ਰਹੀ।

ਉਂਜ ਦੇਖਿਆ ਜਾਵੇ ਤਾਂ ਗੁਰਦੁਆਰਾ ਸੁਧਾਰ ਲਹਿਰ ਦਾ ਸੁਭਾਵਿਕ ਵਹਿਣ ਸਰਕਾਰ ਵਿਰੋਧੀ ਘੱਟ ਅਤੇ ਹਿੰਦੂਵਾਦ ਵਿਰੋਧੀ ਜ਼ਿਆਦਾ ਸੀ। ਇਸ ਦਾ ਅਸਲੀ ਉਦੇਸ਼ ਤਾਂ ਗੁਰਦੁਆਰਿਆਂ ਅੰਦਰ ਪ੍ਰਚਲਤ ਹਿੰਦੂ ਰਹੁ-ਰੀਤਾਂ ਦਾ ਖ਼ਾਤਮਾ ਕਰਨਾ ਸੀ। ਸਿੱਖ

ਧਰਮ ਦੀ ਹਿੰਦੂਵਾਦ ਨਾਲੋਂ ਵੱਖਰੀ ਪਛਾਣ ਤੇ ਸੁਤੰਤਰ ਹਸਤੀ ਜਤਾਉਣ ਵਾਸਤੇ, ਵੱਖਰੀ ਸਿੱਖ ਪਛਾਣ ਨੂੰ ਖੋਰਾ ਲਾ ਰਹੇ ਹਿੰਦੂਵਾਦੀ ਅਮਲਾਂ 'ਤੇ ਰੋਕ ਲਾਉਣੀ ਜ਼ਰੂਰੀ ਸੀ। ਗੁਰਦੁਆਰਿਆਂ ਦਾ ਡੇਰਿਆਂ/ਅਖਾੜਿਆਂ ਨਾਲੋਂ ਨਿਖੇੜਾ ਕਰਨਾ ਜ਼ਰੂਰੀ ਸੀ। ਅਜਿਹਾ ਕੀਤੇ ਬਗ਼ੈਰ ਸਿੱਖੀ ਦੇ ਹਿੰਦੂ ਧਰਮ ਨਾਲੋਂ ਨਿਖੇੜੇ ਦਾ ਕਾਰਜ ਪੂਰਾ ਨਹੀਂ ਸੀ ਹੁੰਦਾ। ਸਿੰਘ ਸਭਾ ਲਹਿਰ ਨੇ ਇਸ ਦੇ ਲਈ ਲੋੜੀਂਦਾ ਵਿਚਾਰਧਾਰਕ ਆਧਾਰ ਤਿਆਰ ਕਰ ਦਿੱਤਾ ਸੀ। ਸਿੱਖ ਪੰਥ ਅੰਦਰ ਜਿਉਂ-ਜਿਉਂ ਇਹ ਚੇਤਨਾ ਤਿੱਖੀ ਹੁੰਦੀ ਗਈ, ਤਿਉਂ ਤਿਉਂ ਗੁਰਦੁਆਰਿਆਂ ਅੰਦਰ ਪ੍ਰਚਲਤ ਹਿੰਦੂਵਾਦੀ ਅਮਲਾਂ ਦੇ ਵਿਰੋਧ ਦੀਆਂ ਭਾਵਨਾਵਾਂ ਜ਼ੋਰ ਫੜਦੀਆਂ ਗਈਆਂ। ਅੰਮ੍ਰਿਤਸਰ ਦਰਬਾਰ ਸਾਹਿਬ ਅੰਦਰ ਦੁੱਖ ਭੰਜਨੀ ਬੇਰੀ ਦੇ ਸਾਹਮਣੇ ਵਾਲੇ ਕਮਰੇ 'ਚ ਬਹੁ-ਭੁਜਾਵਾਂ ਵਾਲੀ ਖੜਗਧਾਰੀ ਦੇਵੀ ਦੀ ਮੂਰਤ, ਜਿਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੂੰ ਦੇਵੀ ਸਾਹਮਣੇ ਨੰਗੇ ਪੈਰੀਂ ਅਧੀਨਗੀ ਨਾਲ ਖੜੇ ਦਿਖਾਇਆ ਗਿਆ ਸੀ, ਪਤਾ ਨਹੀਂ ਕਿੰਨੇ ਚਿਰਾਂ ਤੋਂ ਬਰਦਾਸ਼ਤ ਹੁੰਦੀ ਆ ਰਹੀ ਸੀ। ਪਰ ਸਿੱਖ ਪੰਥ ਅੰਦਰ ਨਵੀਂ ਚੇਤਨਾ ਵਿਕਸਤ ਹੋਣ ਦੀ ਦੇਰ ਸੀ ਕਿ ਦਰਬਾਰ ਸਾਹਿਬ ਵਰਗੇ ਕੇਂਦਰੀ ਧਾਰਮਿਕ ਅਸਥਾਨ ਅੰਦਰ ਅਜਿਹੀ ਗੁਰਮਤਿ ਵਿਰੋਧੀ ਰੀਤ ਸਿੱਖ ਸੰਵੇਦਨਾ ਨੂੰ ਕੰਡੇ ਵਾਂਗ ਚੁੱਭਣ ਲੱਗ ਪਈ। ਇਸੇ ਤਰ੍ਹਾਂ ਹਿੰਦੂਵਾਦੀ ਅਨਸਰਾਂ ਵੱਲੋਂ ਦੁੱਖ ਭੰਜਨੀ ਬੇਰੀ ਹੇਠ ਹਿੰਦੂ ਮੂਰਤੀਆਂ ਸਜਾ ਕੇ ਉਨ੍ਹਾਂ ਦੀ ਪੂਜਾ ਆਰੰਭਣ ਦਾ ਕਰਮ, ਸਿੱਖ ਧਰਮ ਅੰਦਰ ਹਿੰਦੂਵਾਦੀ ਘੁਸਪੈਠ ਕਰਨ ਦੀ ਗਿਣੀ ਮਿੱਥੀ ਚਾਲ ਵਜੋਂ ਦੇਖਿਆ ਅਤੇ ਨਿੰਦਿਆ ਜਾਣ ਲੱਗਾ। ਇਹ ਹਰਕਤ ਏਨੀ ਭੜਕਾਊ ਸੀ ਕਿ ਦਰਬਾਰ ਸਾਹਿਬ ਦੇ ਮੈਨੇਜਰ ਅਰੂੜ ਸਿੰਘ ਨੂੰ, ਜੋ ਖ਼ੁਦ ਸਿੱਖਾਂ ਨੂੰ ਇਕ ਹਿੰਦੂ ਫ਼ਿਰਕਾ ਮੰਨਣ ਤੇ ਪ੍ਰਚਾਰਨ ਵਾਲਿਆਂ 'ਚੋਂ ਸੀ, ਚੀਫ਼ ਖ਼ਾਲਸਾ ਦੀਵਾਨ ਦੇ ਜ਼ੋਰ ਪਾਉਣ 'ਤੇ 2 ਮਈ 1905 ਨੂੰ ਦਰਬਾਰ ਸਾਹਿਬ ਅੰਦਰੋਂ ਇਨ੍ਹਾਂ ਹਿੰਦੂ ਮੂਰਤੀਆਂ ਨੂੰ ਤੁਰੰਤ ਹਟਾਉਣ ਦਾ ਆਦੇਸ਼ ਜਾਰੀ ਕਰਨਾ ਪਿਆ। ਆਰੀਆ ਸਮਾਜ, ਜੋ ਖ਼ੁਦ ਮੂਰਤੀ ਪੂਜਾ ਦੀ ਕੱਟੜ ਵਿਰੋਧਤਾ ਕਰਦਾ ਸੀ, ਨੇ ਇਸ ਆਦੇਸ਼ ਦੀ ਤਿੱਖੀ ਮੁਖ਼ਾਲਫ਼ਤ ਕੀਤੀ। ਅਖੇ ਇਸ ਨਾਲ "ਹਿੰਦੂ ਸਿੱਖਾਂ ਦੇ ਸਬੰਧਾਂ 'ਚ ਤਨਾਉ ਪੈਦਾ ਹੋਵੇਗਾ।" ਆਰੀਆ ਸਮਾਜੀਆਂ ਨੇ ਤੇਰਾਂ ਹਜ਼ਾਰ ਦਸਖ਼ਤ ਕਰਵਾ ਕੇ ਸਰਕਾਰ ਨੂੰ ਭੇਜੀ ਪਟੀਸ਼ਨ ਅੰਦਰ ਫ਼ਰਿਆਦ ਕੀਤੀ ਕਿ ਉਹ ਹਿੰਦੂ ਮੂਰਤੀਆਂ ਨੂੰ ਮੁੜ ਬਹਾਲ ਕਰਵਾਏ। ਇਕ ਗਿਆਰਾਂ ਮੈਂਬਰੀ ਵਫ਼ਦ ਮਹਾਰਾਜਾ ਨਾਭਾ ਕੋਲ ਭੇਜਿਆ ਕਿ ਉਹ ਆਪਣਾ ਅਸਰ ਰਸੂਖ਼ ਵਰਤ ਕੇ ਅਰੂੜ ਸਿੰਘ ਨੂੰ ਇਹ ਆਦੇਸ਼ ਵਾਪਸ ਲੈਣ ਲਈ ਮਨਾਏ।[39] ਆਰੀਆ ਸਮਾਜ ਦਾ ਇਹ ਵਿਰੋਧ ਸਗੋਂ ਉਲਟ ਉਪਜਾਊ ਸਾਬਤ ਹੋਇਆ। ਇਸ ਨਾਲ ਸਿੱਖ ਪੰਥ ਅੰਦਰ ਵੱਖਰੀ ਪਛਾਣ ਦੀ ਚੇਤਨਾ ਦੀ ਧਾਰ ਹੋਰ ਤਿੱਖੀ ਹੋ ਗਈ।

ਹਿੰਦੂ ਸਮਾਜ ਅੰਦਰਲੇ ਕੁਝ ਹਿੱਸੇ ਸਿੱਖ ਭਾਈਚਾਰੇ ਅੰਦਰ ਜ਼ੋਰ ਫੜ ਰਹੀਆਂ ਇਨ੍ਹਾਂ ਵੱਖਰੇਪਣ ਦੀਆਂ ਭਾਵਨਾਵਾਂ ਤੋਂ ਡਾਢੇ ਪਰੇਸ਼ਾਨ ਅਤੇ ਚਿੰਤਾਤੁਰ ਸਨ। ਖ਼ਾਸ ਕਰਕੇ ਸਨਾਤਨੀ ਵਰਗ, ਜੋ ਭਾਰਤੀ ਮੂਲ ਦੇ ਸਭਨਾਂ ਧਾਰਮਿਕ ਮੱਤਾਂ ਤੇ ਫ਼ਿਰਕਿਆਂ (ਬੁੱਧ, ਜੈਨ, ਸਿੱਖ, ਆਦਿ) ਨੂੰ ਹਿੰਦੂਵਾਦ ਦੀਆਂ ਹੀ ਵੰਨਗੀਆਂ ਮਿਥ ਕੇ ਚੱਲਦਾ ਸੀ ਅਤੇ ਗ਼ੈਰ-ਭਾਰਤੀ ਧਰਮਾਂ (ਇਸਲਾਮ ਤੇ ਈਸਾਈਅਤ) ਖ਼ਿਲਾਫ਼ ਆਪਣੇ ਫ਼ਿਰਕੂ ਜਹਾਦ ਅੰਦਰ ਇਨ੍ਹਾਂ ਸਭਨਾਂ 'ਭਾਰਤੀ' ਧਾਰਮਿਕ ਮੱਤਾਂ ਤੇ ਫ਼ਿਰਕਿਆਂ ਦੀ ਮਜ਼ਬੂਤ ਯਕਜਹਿਤੀ ਦੀ ਸਮਝ ਅਤੇ ਸੇਧ ਦਾ ਧਾਰਨੀ ਸੀ। ਸਿੱਖ ਧਰਮ ਦੀ ਹਿੰਦੂਵਾਦ ਨਾਲੋਂ ਵੱਖਰੀ ਪਛਾਣ ਜਤਾਉਣ ਦੀ ਕੋਸ਼ਿਸ਼ ਇਨ੍ਹਾਂ ਹਿੰਦੂਵਾਦੀ ਤਾਕਤਾਂ ਦੇ ਉਦੇਸ਼ਾਂ ਤੇ ਗਿਣਤੀਆਂ-ਮਿਣਤੀਆਂ ਵਿੱਚ ਵੱਡਾ ਵਿਘਨ ਪਾ ਰਹੀ ਸੀ। ਇਸ ਕਰਕੇ ਇਹ ਤਾਕਤਾਂ ਸਿੱਖ ਭਾਈਚਾਰੇ ਦੀ ਇਸ ਸੋਚ ਅਤੇ ਰੁਝਾਨ ਨੂੰ ਗਹਿਰੀ ਚਿੰਤਾ ਦੀ ਨਜ਼ਰ ਨਾਲ ਦੇਖ ਰਹੀਆਂ ਸਨ ਅਤੇ

ਇਸ ਦਾ ਕੋਈ ਉਪਾਅ ਲੱਭ ਰਹੀਆਂ ਸਨ। ਸਿੱਖ ਭਾਈਚਾਰੇ ਦਾ ਬਰਤਾਨਵੀ ਹਾਕਮਾਂ ਨਾਲ ਤਿੱਖਾ ਹੋ ਰਿਹਾ ਟਕਰਾਉ ਇਨ੍ਹਾਂ ਹਿੰਦੂਵਾਦੀ ਤਾਕਤਾਂ ਦੇ ਇਨ੍ਹਾਂ ਮਨਸ਼ਿਆਂ ਤੇ ਮਨਸੂਬਿਆਂ ਦੇ ਅਨੁਕੂਲ ਬੈਠਦਾ ਸੀ। ਇਸ ਨਾਲ ਇਕ ਤਾਂ ਸਿੱਖ ਲੀਡਰਸ਼ਿਪ ਅੰਦਰਲਾ ਅੰਗਰੇਜ਼ ਭਗਤ ਵਰਗ ਚੀਫ਼ ਖ਼ਾਲਸਾ ਦੀਵਾਨ ਤੇ ਹੋਰ ਰਈਸ ਤੱਤ, ਜੋ ਵੱਖਰੀ ਸਿੱਖ ਪਛਾਣ ਉੱਤੇ ਖ਼ਾਸ ਦੱਬ ਦੇ ਰਹੇ ਸਨ, ਸਿੱਖ ਭਾਈਚਾਰੇ 'ਚੋਂ ਖ਼ੁਦ-ਬ-ਖ਼ੁਦ ਅਲੱਗ ਥਲੱਗ ਹੁੰਦੇ ਸਨ। ਦੂਜਾ, ਅੰਗੇਰਜ਼ਾਂ ਨਾਲ ਟਕਰਾਉ ਦੇ ਤਿੱਖਾ ਹੋ ਜਾਣ ਦੀ ਸੂਰਤ ਵਿੱਚ ਸਿੱਖ ਕੌਮ ਦਾ ਹਿੰਦੂ ਵਰਗ ਨਾਲ ਵਿਰੋਧ ਆਪਣੇ ਆਪ ਠੰਢਾ ਪੈਂਦਾ ਸੀ। ਤੀਜਾ, ਇਸ ਨਾਲ ਹਿੰਦੂਵਾਦੀ ਤਾਕਤਾਂ ਦੀਆਂ ਵਿਸ਼ਾਲ ਹਿੰਦੂ ਏਕਤਾ ਸਾਕਾਰ ਕਰਨ ਅਤੇ ਇਸ ਦੇ ਆਸਰੇ ਭਾਰਤੀ ਰਾਜਭਾਗ ਦੀ ਵਾਗਡੋਰ ਸੰਭਾਲਣ ਦੀਆਂ ਰਾਜਸੀ ਮੁਰਾਦਾਂ ਪੂਰੀਆਂ ਹੁੰਦੀਆਂ ਸਨ। ਇਸ ਵਜ੍ਹਾ ਕਰਕੇ, ਇਹ ਹਿੰਦੂਵਾਦੀ ਤਾਕਤਾਂ ਗੁਰਦੁਆਰਾ ਸੁਧਾਰ ਲਹਿਰ ਦੇ ਉਦੇਸ਼ਾਂ ਤੇ ਟੀਚਿਆਂ ਅੰਦਰ ਅਛੋਪਲੇ ਹੀ ਤਬਦੀਲੀ ਕਰ ਦੇਣ ਅਤੇ ਇਸ ਦੇ ਹਮਲੇ ਦੀ ਧਾਰ ਹਿੰਦੂਵਾਦ ਵੱਲੋਂ ਮੋੜ ਕੇ ਅੰਗਰੇਜ਼ ਸਰਕਾਰ ਵੱਲ ਭੁੰਆ ਦੇਣ ਦੀ ਸੋਚ ਅਤੇ ਇੱਛਾ ਪਾਲ ਰਹੀਆਂ ਸਨ। ਆਪਣੀਆਂ ਇਨ੍ਹਾਂ ਇਛਾਵਾਂ ਨੂੰ ਹਕੀਕਤ ਵਿੱਚ ਪਲਟਣ ਲਈ ਇਹ ਢੁਕਵੇਂ ਮੌਕਿਆਂ ਤੇ ਬਹਾਨਿਆਂ ਦੀ ਤਲਾਸ਼ ਵਿੱਚ ਸਨ। ਜਿਵੇਂ ਕਿ ਅੱਗੇ ਚੱਲ ਕੇ ਦੇਖਿਆ ਜਾਵੇਗਾ, ਉਨ੍ਹਾਂ ਨੂੰ ਅਜਿਹੇ ਗਨੀਮਤ ਮੌਕੇ ਅਤੇ ਬਹਾਨੇ ਛੇਤੀ ਤੇ ਸੁਖਾਲਿਆਂ ਹੀ ਜੁੜ ਗਏ। ਇਨ੍ਹਾਂ ਤਾਕਤਾਂ 'ਚ ਹਿੰਦੂ ਮਹਾਂ ਸਭਾ ਤੇ ਆਰੀਆ ਸਮਾਜੀ ਕੱਟੜਵਾਦੀ ਹਿੰਦੂ ਸੰਗਠਨਾਂ ਤੋਂ ਲੈ ਕੇ ਕਾਂਗਰਸ ਪਾਰਟੀ ਅੰਦਰਲੇ ਕੁਝ ਉਦਾਰਵਾਦੀ ਹਿੰਦੂ ਤੱਤ, ਜਿਨ੍ਹਾਂ ਦਾ ਸਰਗਣਾ 'ਮਹਾਤਮਾ' ਗਾਂਧੀ ਸੀ, ਵੀ ਸ਼ਾਮਲ ਸਨ।

ਸਿੱਖ ਲੀਡਰਸ਼ਿਪ ਅੰਦਰਲੇ ਰਵਾਇਤੀ ਹਿੱਸੇ ਕਿਸੇ ਵੀ ਸੂਰਤ ਅੰਗਰੇਜ਼ ਸਰਕਾਰ ਨਾਲ ਟਕਰਾਉ ਦੇ ਪੱਖ ਵਿੱਚ ਨਹੀਂ ਸਨ। ਨਿਰਾ-ਪੁਰਾ ਆਪਣੇ ਅੰਗਰੇਜ਼ ਭਗਤ ਖ਼ਾਸੇ ਕਰਕੇ ਹੀ ਨਹੀਂ। ਵੱਧ ਆਪਣੇ ਵਿਚਾਰਧਾਰਕ ਨਜ਼ਰੀਏ ਕਰਕੇ। ਉਨ੍ਹਾਂ ਨੂੰ ਸਿੱਖ ਕੌਮ ਵਰਗੀ ਨਿਗੂਣੀ ਘੱਟਗਿਣਤੀ ਦੇ ਇਸ ਰਾਹ ਪੈਣ ਨਾਲ ਵੱਡੇ ਖ਼ਤਰੇ ਤੇ ਤਬਾਹੀ ਨਜ਼ਰ ਆਉਂਦੀ ਸੀ। ਇਸ ਕਰਕੇ ਉਹ ਸਿੱਖ ਕੌਮ ਦੀ ਭਲਾਈ ਦੀ ਸੁਹਿਰਦ ਭਾਵਨਾ 'ਚੋਂ ਹੀ, ਸਿੱਖ ਭਾਈਚਾਰੇ ਅੰਦਰ ਪੈਦਾ ਹੋਣ ਵਾਲੀ ਟਕਰਾਉਵਾਦੀ ਸੋਚ ਅਤੇ ਰੁਚੀ ਨੂੰ ਥਾਏਂ ਮੋਂਦਾ ਲਾ ਦੇਣ ਦੀ ਸਮਝ ਅਤੇ ਸੇਧ ਅਪਨਾ ਕੇ ਚੱਲ ਰਹੇ ਸਨ। ਉਨ੍ਹਾਂ ਵੱਲੋਂ 1914-15 ਵਿੱਚ ਗ਼ਦਰ ਪਾਰਟੀ ਦੀ ਅਤੇ ਬਾਅਦ ਵਿੱਚ ਬੱਬਰ ਅਕਾਲੀ ਲਹਿਰ ਸਮੇਤ ਸਭਨਾਂ ਸਰਕਾਰ ਵਿਰੋਧੀ ਹਿੰਸਕ ਰੁਝਾਨਾਂ ਦੀ ਕੱਟੜ ਮੁਖ਼ਾਲਫ਼ਤ ਨੂੰ, ਨਿਰਾ-ਪੁਰਾ ਝੋਲੀਚੁੱਕਪੁਣਾ ਕਹਿ ਕੇ ਨਿੰਦਣ ਦੀ ਬਜਾਇ, ਇਸ ਦ੍ਰਿਸ਼ਟੀਕੋਣ ਤੋਂ ਵੀ ਦੇਖਣ ਤੇ ਸਮਝਣ ਦੀ ਲੋੜ ਹੈ।

ਵੀਹਵੀਂ ਸਦੀ ਦੇ ਦੂਜੇ ਦਹਾਕੇ ਦੌਰਾਨ ਹਾਲਤ ਅੰਦਰ ਵੱਡੀਆਂ ਤੇ ਬਹੁਗੁਣ ਤਬਦੀਲੀਆਂ ਵਾਪਰ ਗਈਆਂ ਜਿਨ੍ਹਾਂ ਨੇ ਸਿੱਖ ਰਾਜਨੀਤੀ ਨੂੰ ਨਵਾਂ ਮੋੜ ਦੇ ਦਿੱਤਾ। ਪਹਿਲੀ ਸੰਸਾਰ ਜੰਗ ਦੌਰਾਨ ਭਾਰਤ ਦੀਆਂ ਕੁਝ ਰਾਜਸੀ ਤਾਕਤਾਂ ਨੇ ਬਰਤਾਨਵੀ ਹਕੂਮਤ ਦੀ ਹਮਾਇਤ ਇਸ ਉਮੀਦ ਨਾਲ ਕੀਤੀ ਸੀ ਕਿ ਜੰਗ ਤੋਂ ਬਾਅਦ ਉਨ੍ਹਾਂ ਦੇ ਹਿਤਾਂ ਦਾ ਖ਼ਿਆਲ ਕਰਦਿਆਂ ਹੋਇਆਂ, ਉਨ੍ਹਾਂ ਦੀਆਂ ਵਾਜਬ ਮੰਗਾਂ ਤੇ ਸ਼ਿਕਾਇਤਾਂ ਉੱਤੇ ਹਮਦਰਦੀ ਨਾਲ ਵਿਚਾਰ ਕੀਤੀ ਜਾਵੇਗੀ। ਪਰ ਅਜਿਹਾ ਕੁਝ ਨਾ ਵਾਪਰਿਆ, ਜਿਸ ਸਦਕਾ ਦੇਸ ਅੰਦਰ ਆਮ ਕਰਕੇ ਬਰਤਾਨਵੀ ਹਕੂਮਤ ਵਿਰੁੱਧ ਨਾਰਾਜ਼ਗੀ ਦਾ ਮਾਹੌਲ ਬਣ ਗਿਆ। ਪੰਜਾਬ ਅੰਦਰ ਜੰਗ ਦੌਰਾਨ ਬਰਤਾਨਵੀ ਹਕੂਮਤ ਨੂੰ ਬਹੁਤ ਵੱਡਾ ਸਮਰਥਨ ਮਿਲਿਆ ਸ਼ੀ। ਲਗਭਗ ਸਾਰੇ ਧਾਰਮਿਕ ਫ਼ਿਰਕਿਆਂ ਦੇ ਰਈਸ ਹਿੱਸਿਆਂ, ਖ਼ਾਸ ਕਰਕੇ ਵੱਡੇ ਸਿੱਖ ਅਤੇ ਮੁਸਲਿਮ ਜ਼ਿਮੀਂਦਾਰਾਂ, ਸਿੰਘ ਸਭਾਵਾਂ, ਚੀਫ਼ੀਆਂ, ਮਹੰਤਾਂ,

ਸੇਵਾਦਾਰਾਂ, ਰਿਆਸਤੀ ਰਾਜ ਘਰਾਣਿਆਂ, ਸਰਦਾਰਾਂ, ਜ਼ੈਲਦਾਰਾਂ ਨੇ ਆਪਣਾ ਅਸਰ ਰਸੂਖ਼ ਵਰਤਦਿਆਂ ਹੋਇਆਂ ਵੱਡੀ ਪੱਧਰ 'ਤੇ ਫ਼ੌਜੀ ਭਰਤੀ ਕਰਵਾਈ। ਜੰਗ ਦੇ ਸ਼ੁਰੂ 'ਚ ਹੀ ਪੰਜਾਬ ਅੰਦਰੋਂ ਇਕ ਲੱਖ ਤੋਂ ਉੱਪਰ ਜਵਾਨ ਭਰਤੀ ਹੋਇਆ। ਜੰਗ ਦੇ ਖ਼ਾਤਮੇ ਤਕ ਇਕੱਲੇ ਸਿੱਖਾਂ ਦੀ ਭਰਤੀ ਲੱਖ ਤੋਂ ਉੱਪਰ ਪਹੁੰਚ ਗਈ ਸੀ। ਪੰਜਾਬ ਅੰਦਰ ਹਰ ਅਠਾਈਵਾਂ ਵਿਅਕਤੀ ਫ਼ੌਜ ਵਿੱਚ ਸੀ।[40]

ਸਿੱਖ ਰਈਸ ਵਰਗ ਨੂੰ ਇਹ ਪੱਕਾ ਭਰੋਸਾ ਸੀ ਕਿ ਜੰਗ ਤੋਂ ਬਾਅਦ ਬਰਤਾਨਵੀ ਹਾਕਮਾਂ ਵੱਲੋਂ ਸਿੱਖ ਕੌਮ ਦੀਆਂ ਸੇਵਾਵਾਂ ਦਾ ਮੁੱਲ ਜ਼ਰੂਰ ਤਾਰਿਆ ਜਾਵੇਗਾ। ਅੰਗਰੇਜ਼ ਹਾਕਮਾਂ ਨੇ ਮੁੱਲ ਤਾਰਿਆ ਤਾਂ ਜ਼ਰੂਰ, ਪਰ ਆਪਣੇ ਹੀ ਅੰਦਾਜ਼ ਵਿੱਚ! ਉਨ੍ਹਾਂ ਸਿੱਖ ਸਰਦਾਰਾਂ, ਪਤਵੰਤਿਆਂ ਅਤੇ ਮਹੰਤਾਂ/ਸੇਵਾਦਾਰਾਂ ਨੂੰ ਜਾਗੀਰਾਂ ਤੇ ਉਪਾਧੀਆਂ ਨਾਲ ਨਿਵਾਜਿਆ। ਉਦਾਹਰਣ ਵਜੋਂ ਬਾਬਾ ਖੇਮ ਸਿੰਘ ਬੇਦੀ ਦੇ ਸਪੁੱਤਰ ਬਾਬਾ ਗੁਰਬਖ਼ਸ਼ ਸਿੰਘ ਬੇਦੀ, ਜੋ ਪੰਜਾਬ ਹਿੰਦੂ ਸਭਾ ਦਾ ਪ੍ਰਧਾਨ ਤੇ ਸਿੱਖਾਂ ਨੂੰ ਹਿੰਦੂ ਕਹਿਣ ਵਾਲਿਆਂ ਦਾ ਸਰਗਣਾ ਸੀ, ਨੂੰ ਚਾਰ ਸੌ ਏਕੜ ਦੀ ਜਾਗੀਰ, 'ਰਾਜੇ' ਦੀ ਉਪਾਧੀ ਅਤੇ 'ਸੋਰਡ ਆਫ਼ ਆਨਰ' ਨਾਲ ਸਨਮਾਨਤ ਕੀਤਾ ਗਿਆ। ਵੱਧ ਭਰਤੀ ਵਾਲੇ ਪਿੰਡਾਂ ਤੇ ਇਲਾਕਿਆਂ ਦਾ ਮਾਲੀਆ ਘਟਾ ਦਿੱਤਾ ਗਿਆ ਅਤੇ ਜੰਗੀ ਘੁਲਾਟੀਆਂ (ਵੈਟਰਨਜ਼) ਨੂੰ ਵੀ ਜ਼ਮੀਨਾਂ ਅਲਾਟ ਕਰ ਦਿੱਤੀਆਂ ਗਈਆਂ।[41] ਪਰ ਜਿੱਥੋਂ ਤਕ ਆਮ ਸਿੱਖ ਭਾਈਚਾਰੇ ਦੀਆਂ ਪ੍ਰਮੁੱਖ ਧਾਰਮਿਕ ਤੇ ਰਾਜਸੀ ਮੰਗਾਂ ਦਾ ਸਬੰਧ ਸੀ, ਉਨ੍ਹਾਂ ਪ੍ਰਤੀ ਹਕੂਮਤੀ ਰਵਈਏ 'ਚ ਕੋਈ ਤਬਦੀਲੀ ਨਾ ਆਈ। ਹਰ ਜਗ੍ਹਾ ਸਰਕਾਰੀ ਅਧਿਕਾਰੀ ਆਪਣੇ ਪਿੱਠੂ ਮਹੰਤਾਂ/ਸੇਵਾਦਾਰਾਂ ਦਾ ਪੱਖ ਪੂਰ ਰਹੇ ਸਨ। ਪ੍ਰਸ਼ਾਸਨੀ ਸੁਧਾਰਾਂ ਅਤੇ 'ਲਖਨਊ ਪੈਕਟ' ਦੀ ਰੋਸ਼ਨੀ 'ਚ ਸਿੱਖਾਂ ਵੱਲੋਂ ਜੋ ਆਪਣੀ ਉਚਿਤ ਨੁਮਾਇੰਦਗੀ ਦੀ ਮੰਗ ਕੀਤੀ ਜਾ ਰਹੀ ਸੀ, ਉਸ ਪ੍ਰਤੀ ਅੰਗਰੇਜ਼ ਹਕੂਮਤ ਵੱਲੋਂ ਬਰਾਬਰ ਆਪਣੀ 'ਬੇਵਸੀ' ਪ੍ਰਗਟਾਈ ਗਈ। ਰਕਾਬਗੰਜ ਗੁਰਦੁਆਰੇ ਦਾ ਮਸਲਾ ਉਵੇਂ ਖੜਾ ਸੀ। ਇਸ ਨਾਲ ਆਮ ਸਿੱਖ ਜਨਤਾ ਅੰਦਰ ਅੰਗਰੇਜ਼ ਹਕੂਮਤ ਵਿਰੁੱਧ ਰੋਸ ਤੇ ਬੇਗਾਨਗੀ ਵਧਦੀ ਜਾ ਰਹੀ ਸੀ। ਦੂਜੇ ਪਾਸੇ ਰਵਾਇਤੀ ਸਿੱਖ ਲੀਡਰਸ਼ਿਪ ਅੰਗਰੇਜ਼ ਹਾਕਮਾਂ ਪ੍ਰਤੀ ਆਪਣੀ ਸੋਚ ਤੇ ਰਵੱਈਏ ਅੰਦਰ ਕੋਈ ਤਬਦੀਲੀ ਲਿਆਉਣ ਦੇ ਰੌਂਅ ਵਿੱਚ ਨਹੀਂ ਸੀ। ਰਈਸਾਂ, ਸਰਦਾਰਾਂ, ਪਤਵੰਤਿਆਂ ਦੀ ਅੰਗਰੇਜ਼ਾਂ ਪ੍ਰਤੀ ਵਫ਼ਾਦਾਰੀ, ਜਾਗੀਰਾਂ, ਉਪਾਧੀਆਂ, ਇਨਾਮਾਂ ਤੇ ਸਨਮਾਨਾਂ ਦੀ 'ਬੁਰਕੀ' ਨਾਲ, ਵਧ ਫੁਲ ਕੇ 'ਪਿੱਠੂਪੁਣੇ' ਦੀ ਪ੍ਰਵਿਰਤੀ 'ਚ ਤਬਦੀਲ ਹੋ ਗਈ। (ਅੰਗਰੇਜ਼ ਹਕੂਮਤ ਵੱਲੋਂ) ਸਿੱਖ ਸਮਾਜ ਅੰਦਰ ਸੁਚੇਤ ਰੂਪ 'ਚ ਬੀਜੇ 'ਬੁਰਕੀ ਦੀ ਸਿਆਸਤ' ਦੇ ਇਹਨਾਂ ਬੀਜਾਂ ਦਾ ਕੌੜਾ ਫਲ ਸਿੱਖ ਕੌਮ ਨੂੰ ਵਾਰ ਵਾਰ, ਲਗਾਤਾਰ ਚੱਖਣਾ ਪੈਂਦਾ ਰਿਹਾ। ਅਹੁਦਿਆਂ, ਤਰੱਕੀਆਂ, ਕੁਰਸੀਆਂ, ਠੇਕਿਆਂ ਤੇ ਪਰਮਿਟਾਂ ਆਦਿ ਲਈ ਹਾਕਮਾਂ ਅੱਗੇ ਵਿਛ ਜਾਣ ਦੀ ਇਹ ਪਿਰਤ ਅੱਜ ਵੀ ਬਦਸਤੂਰ ਜਾਰੀ ਹੈ। ਕੁਰਬਾਨੀ ਤੇ ਸੂਰਮਗਤੀ ਦੇ ਜਜ਼ਬੇ ਦੇ ਨਾਲ ਹੀ ਖ਼ੁਦਪ੍ਰਸਤੀ ਦੀ ਇਹ ਜ਼ਹਿਰ ਵੀ ਸਿੱਖ ਕੌਮ ਦੇ ਖ਼ੂਨ 'ਚ ਰਲ ਗਈ ਜਾਂ ਰਲਾ ਦਿੱਤੀ ਗਈ ਹੈ।

ਇਸ ਦੇ ਬਰੋ-ਬਰਾਬਰ ਹੀ, ਪੰਜਾਬੀ ਲੋਕਾਂ ਦੇ ਕੁਝ ਵਰਗਾਂ ਅੰਦਰ ਅੰਗਰੇਜ਼ ਵਿਰੋਧੀ ਭਾਵਨਾਵਾਂ ਦੀਆਂ ਕੁਝ ਹੋਰ ਧਾਰਾਵਾਂ ਵੀ ਵਗ ਰਹੀਆਂ ਸਨ। 1914-15 ਵਿੱਚ ਪੰਜਾਬੀ ਪਰਵਾਸੀਆਂ, ਜਿਨ੍ਹਾਂ 'ਚੋਂ ਵੱਡੀ ਗਿਣਤੀ ਸਿੱਖਾਂ ਦੀ ਸੀ, ਨੇ ਭਾਰਤੀ ਫ਼ੌਜਾਂ ਅੰਦਰ ਬਗ਼ਾਵਤ ਆਸਰੇ ਦੇਸ ਅੰਦਰ "ਗ਼ਦਰ ਮਚਾ ਕੇ", ਜੰਗ 'ਚ ਉਲਝੇ ਬਰਤਾਨਵੀ ਹਾਕਮਾਂ ਕੋਲੋਂ ਦੇਸ ਆਜ਼ਾਦ ਕਰਵਾਉਣ ਦੀ ਯੋਜਨਾ ਬਣਾਈ। ਪੰਜਾਬ ਦੇ ਲੋਕਾਂ, ਖ਼ਾਸ ਕਰਕੇ ਪੇਂਡੂ ਸਿੱਖ ਭਾਈਚਾਰੇ ਦਾ ਸਹਿਯੋਗ, ਇਸ ਯੋਜਨਾ ਦੀ ਕੇਂਦਰੀ ਟੇਕ ਸੀ। ਆਜ਼ਾਦੀ ਦੇ

ਜਜ਼ਬੇ ਨਾਲ ਸਰਸ਼ਾਰ ਗਿਣਤੀ ਦੇ ਗ਼ਦਰੀ ਲੋਕਾਂ ਨੇ ਪੰਜਾਬ ਦੇ ਪਿੰਡਾਂ ਅੰਦਰ ਗ਼ਦਰ ਦਾ ਸੁਨੇਹਾ ਪਹੁੰਚਾਉਣ ਲਈ ਪ੍ਰਚਾਰ ਸਰਗਰਮੀਆਂ ਚਲਾਈਆਂ। ਪ੍ਰੰਤੂ ਪੇਂਡੂ ਸਿੱਖ ਭਾਈਚਾਰੇ ਨੇ ਇਸ ਪ੍ਰਚਾਰ ਦਾ ਕੋਈ ਖ਼ਾਸ ਹੁੰਗਾਰਾ ਨਾ ਭਰਿਆ। ਲੋਕਾਂ ਦੀ ਹਮਾਇਤ ਤੋਂ ਵਿਰਵੀ ਅਤੇ ਜਥੇਬੰਦਕ ਪੱਖ ਤੋਂ ਬੇਹੱਦ ਕੱਚੀ ਇਹ ਲਹਿਰ, ਹਕੂਮਤੀ ਜਬਰ ਮੂਹਰੇ ਬਹੁਤਾ ਚਿਰ ਨਾ ਟਿਕ ਸਕੀ। ਇਸ ਲਹਿਰ ਦੇ ਸਰਕਰਦਾ ਆਗੂਆਂ ਨੂੰ ਜਾਂ ਤਾਂ ਫਾਂਸੀ ਦੇ ਦਿੱਤੀ ਗਈ ਅਤੇ ਜਾਂ 'ਕਾਲੇ ਪਾਣੀ' ਵਰਗੀਆਂ ਸਖ਼ਤ ਸਜ਼ਾਵਾਂ ਦੇ ਦਿੱਤੀਆਂ ਗਈਆਂ। ਪੰਜਾਬ ਦੇ ਪੜ੍ਹੇ ਲਿਖੇ ਦਰਮਿਆਨੇ ਵਰਗ ਉੱਤੇ ਗ਼ਦਰੀ ਆਗੂਆਂ ਦੀਆਂ ਇਨ੍ਹਾਂ ਕੁਰਬਾਨੀਆਂ ਅਤੇ ਸਰਕਾਰੀ ਜ਼ੁਲਮਾਂ ਦਾ ਗਹਿਰਾ ਅਸਰ ਹੋਇਆ। ਉਨ੍ਹਾਂ ਅੰਦਰ ਆਜ਼ਾਦੀ ਦੀਆਂ ਭਾਵਨਾਵਾਂ ਪ੍ਰਫੁੱਲਤ ਹੋਈਆਂ ਅਤੇ ਬਰਤਾਨਵੀ ਸਰਕਾਰ ਵਿਰੁੱਧ ਰੋਸ ਤੇ ਗ਼ੁੱਸੇ ਦੀ ਇਕ ਲਹਿਰ ਜਿਹੀ ਪੈਦਾ ਹੋ ਗਈ। ਸਿੱਖ ਸਮਾਜ ਅੰਦਰਲੇ ਰਵਾਇਤੀ ਹਿੱਸਿਆਂ ਵੱਲੋਂ ਇਸ ਮਾਮਲੇ 'ਚ ਅਪਣਾਏ ਅੰਗਰੇਜ਼ ਭਗਤ ਵਤੀਰੇ ਨੇ ਰਵਾਇਤੀ ਸਿੱਖ ਲੀਡਰਸ਼ਿਪ ਨੂੰ ਆਮ ਸਿੱਖ ਜਨਤਾ 'ਚੋਂ ਅਲੱਗ-ਥਲੱਗ ਕਰਨ ਵਿੱਚ ਸਹਾਈ ਰੋਲ ਨਿਭਾਇਆ।

ਇਸੇ ਦੌਰਾਨ 1919 ਵਿੱਚ ਪੰਜਾਬ ਦੇ ਕੁਝ ਵਰਗਾਂ ਅੰਦਰ 'ਰੌਲਟ ਐਕਟ' ਦੇ ਨਾਂ ਨਾਲ ਜਾਣੇ ਜਾਂਦੇ ਕਾਲੇ ਕਾਨੂੰਨਾਂ ਵਿਰੁੱਧ ਰੋਸ ਦੀ ਲਹਿਰ ਫੈਲ ਗਈ। ਗਾਂਧੀ ਨੇ ਇਸ ਰੋਸ ਭਾਵਨਾ ਨੂੰ ਵਿਸ਼ਾਲ ਅੰਦੋਲਨ ਦਾ ਰੂਪ ਦੇਣ ਲਈ ਪੰਜਾਬ ਵਿੱਚ ਇਕ ਵਿਸ਼ੇਸ਼ ਕਮੇਟੀ ਬਣਾਈ। ਪਰ ਇਹ ਰੋਸ ਲਹਿਰ ਮੁੱਖ ਤੌਰ 'ਤੇ ਸ਼ਹਿਰੀ ਮੱਧ ਵਰਗ ਤਕ ਹੀ ਸੀਮਤ ਰਹੀ। ਪੇਂਡੂ ਸਿੱਖ ਵਸੋਂ ਇਸ ਐਜੀਟੇਸ਼ਨ ਵਿੱਚ ਖ਼ਾਸ ਰੁਚੀ ਨਹੀਂ ਸੀ ਲੈ ਰਹੀ। ਉਸ ਵੇਲੇ ਤਕ ਪੰਜਾਬ ਅੰਦਰ ਕਾਂਗਰਸ ਦਾ ਕੋਈ ਜਨਤਕ ਆਧਾਰ ਨਹੀਂ ਸੀ। ਪੇਂਡੂ ਖੇਤਰ ਵਿੱਚ ਤਾਂ ਉੱਕਾ ਹੀ ਨਹੀਂ। ਪੰਜਾਬ ਦੇ ਇਕ ਕਾਂਗਰਸੀ ਆਗੂ ਦੂਨੀ ਚੰਦ ਦੇ ਸ਼ਬਦਾਂ 'ਚ ਸ਼ੁਰੂ ਦੌਰ ਵਿੱਚ ਪੰਜਾਬ ਅੰਦਰ ਕਾਂਗਰਸ "ਐਵੇਂ ਗਿਣਤੀ ਦੇ ਛੁੱਟੀਆਂ ਮਨਾਉਣ ਵਾਲੇ ਲੋਕਾਂ ਦਾ ਬੌਧਿਕ ਮਨਪਰਚਾਵੇ ਲਈ ਜੋੜਮੇਲਾ ਹੀ ਸੀ।"[42] ਜਿਸ ਨੂੰ 'ਕੌਮੀ ਚੇਤਨਾ' ਕਿਹਾ ਜਾਂਦਾ ਸੀ, ਉਸਦਾ ਅਸਰ ਛੋਟੇ ਮੱਧਵਰਗੀ ਘੇਰੇ ਤਕ ਹੀ ਸੀਮਤ ਸੀ। ਆਮ ਸਿੱਖ ਜਨਤਾ, ਜ਼ਿਆਦਾ ਕਰਕੇ ਆਪਣੇ ਧਰਮ ਅਤੇ ਪੰਥ ਦੇ ਮਾਮਲਿਆਂ ਵਿੱਚ ਹੀ ਰੁਚੀ ਪ੍ਰਗਟਾਅ ਰਹੀ ਸੀ। ਗਾਂਧੀ ਇਸ ਹਾਲਤ 'ਤੇ ਖ਼ੁਸ਼ ਨਹੀਂ ਸੀ। ਉਹ ਸਿੱਖ ਜਨਤਾ ਨੂੰ ਖ਼ਾਸ ਕਰਕੇ ਪੇਂਡੂ ਸਿੱਖ ਵਰਗ ਨੂੰ ਬਰਤਾਨਵੀ ਹਕੂਮਤ ਪ੍ਰਤੀ ਵਫ਼ਾਦਾਰ ਸਿੱਖ ਸਰਦਾਰਾਂ, ਚੀਫ਼ੀਆਂ ਤੇ ਸ਼ਾਹੀ ਸਿੱਖ ਘਰਾਣਿਆਂ ਦੇ ਅਸਰ ਹੇਠੋਂ ਕੱਢ ਕੇ ਆਜ਼ਾਦੀ ਸੰਗਰਾਮ ਦੀ 'ਮੁੱਖ ਧਾਰਾ' ਅੰਦਰ ਖਿੱਚ ਲਿਆਉਣ ਲਈ ਤਹੂ ਸੀ। ਅਸਲ ਵਿੱਚ ਗਾਂਧੀ, ਨਹਿਰੂ ਅਤੇ ਦੂਸਰੇ ਹਿੰਦੂ ਕਾਂਗਰਸੀ ਲੀਡਰ ਸਿੱਖਾਂ ਦੀ ਗੁਰਦੁਆਰਾ ਸੁਧਾਰ ਲਹਿਰ ਦੀ ਵਿਚਾਰਧਾਰਕ ਮਾਰਗ-ਦਿਸ਼ਾ (orientation) 'ਤੇ ਢਿੱਡੋਂ ਖ਼ੁਸ਼ ਨਹੀਂ ਸਨ। ਉਨ੍ਹਾਂ ਦਾ ਵੱਡਾ ਇਤਰਾਜ਼ ਇਹ ਸੀ ਕਿ ਇਹ ਲਹਿਰ ਸਿੱਖਾਂ ਅੰਦਰ ਹਿੰਦੂਵਾਦ ਨਾਲੋਂ ਅਲਹਿਦਗੀ ਦੀ ਸੋਚ ਨੂੰ ਤਕੜਾਈ ਬਖ਼ਸ਼ ਰਹੀ ਹੈ। ਕੁਝ ਹਿੰਦੂ ਧਾਰਮਿਕ ਜਥੇਬੰਦੀਆਂ (ਹਰਦਵਾਰ ਦੇ ਅਖਾੜਿਆਂ), ਹਿੰਦੂ ਸਮਾਜੀ ਸੰਸਥਾਵਾਂ (ਲਾਹੌਰ ਤੇ ਪਿਸ਼ਾਵਰ ਦੀਆਂ ਹਿੰਦੂ ਸਭਾਵਾਂ), ਨੀਮ ਰਾਜਸੀ ਹਿੰਦੂ ਸੰਗਠਨਾਂ (ਪੰਜਾਬ ਹਿੰਦੂ ਕਾਨਫ਼ਰੰਸ ਆਦਿ) ਅਤੇ ਹਿੰਦੂ ਪੱਖੀ ਪ੍ਰੈੱਸ ਵੱਲੋਂ ਖੁੱਲ੍ਹੇਆਮ ਮਹੰਤਾਂ (ਜੋ ਸਿੱਖਾਂ ਦੀਆਂ ਨਜ਼ਰਾਂ 'ਚ ਗੁਰਦੁਆਰਿਆਂ ਅੰਦਰ 'ਹਿੰਦੂਕਰਨ' ਦੇ ਅਮਲ ਦੇ ਵਾਹਕ ਬਣੇ ਹੋਏ ਸਨ) ਦਾ ਪੱਖ ਪੂਰਨ ਸਦਕਾ, ਸਿੱਖ ਲਹਿਰ ਦੇ ਸਿੱਧੇ ਰੂਪ 'ਚ ਹਿੰਦੂ ਵਿਰੋਧੀ ਰੁਖ਼ ਅਖ਼ਤਿਆਰ ਕਰ ਜਾਣ ਦੀਆਂ ਸੰਭਾਵਨਾਵਾਂ ਪੈਦਾ ਹੋ ਸਕਦੀਆਂ ਸਨ। ਗਾਂਧੀ ਨੂੰ ਅਜਿਹੀ ਕਲਪਨਾ ਤੋਂ ਹੀ ਡਰ ਲੱਗਦਾ ਸੀ। ਇਸ ਕਰਕੇ ਵੀ ਉਹ ਸਿੱਖ ਲਹਿਰ ਦਾ ਰੁਖ਼ ਹਿੰਦੂਵਾਦ ਵੱਲੋਂ ਹਟਾ ਕੇ ਅੰਗਰੇਜ਼ ਹਕੂਮਤ ਵੱਲ ਭੁਆਉਣਾ ਚਾਹੁੰਦਾ ਸੀ। ਇਸ

ਪਿੱਛੇ ਉਸ ਦੀਆਂ ਨਿਰੀਆਂ ਫ਼ੌਰੀ ਰਾਜਸੀ ਗਿਣਤੀਆਂ-ਮਿਣਤੀਆਂ ਹੀ ਨਹੀਂ ਸਗੋਂ ਵੱਡੀ ਯੁੱਧਨੀਤਕ ਸੋਚ ਕੰਮ ਕਰਦੀ ਸੀ। ਉਹ ਸਿਧਾਂਤਕ ਪੱਧਰ 'ਤੇ ਸਿੱਖਾਂ ਨੂੰ ਹਿੰਦੂਆਂ ਨਾਲੋਂ ਵਖਰਿਆਉਣ ਦੀ ਧਾਰਨਾ ਦਾ ਕੱਟੜ ਵਿਰੋਧੀ ਸੀ। ਸਿੱਖ ਲੀਡਰਾਂ ਨੂੰ ਲਿਖੇ ਪੱਤਰਾਂ 'ਚ ਉਸ ਨੇ ਵਾਰ ਵਾਰ ਇਸ ਗੱਲ 'ਤੇ ਜ਼ੋਰ ਦਿੱਤਾ ਕਿ, "ਜ਼ਾਤੀ ਤੌਰ 'ਤੇ ਮੈਨੂੰ ਸਿੱਖੀ ਵਿੱਚ ਤੇ ਹਿੰਦੂ ਮੱਤ ਵਿੱਚ ਕੋਈ ਫ਼ਰਕ ਮਾਲੂਮ ਨਹੀਂ ਹੁੰਦਾ। ਇਹ ਇੱਕੋ ਧਰਮ ਦੀਆਂ ਹੀ ਵੰਨਗੀਆਂ ਹਨ" ਅਤੇ ਹੋਰ, "ਹਿੰਦੂਆਂ ਤੇ ਸਿੱਖਾਂ 'ਚ ਵਖਰੇਵਾਂ ਕਰਨਾ ਗ਼ਲਤ ਹੈ..... ਗੁਰੂ ਨਾਨਕ ਦੇਵ ਜੀ ਜੇਕਰ ਹਿੰਦੂ ਨਹੀਂ ਸਨ ਤਾਂ ਹੋਰ ਕੀ ਸਨ ?.....ਹਿੰਦੂਵਾਦ ਇਕ ਵਿਸ਼ਾਲ ਸਮੁੰਦਰ ਦੀ ਤਰ੍ਹਾਂ ਹੈ ਜਿਹੜਾ ਸਭਨਾਂ ਨੂੰ ਕਬੂਲ ਕਰ ਲੈਂਦਾ ਹੈ ਤੇ ਆਪਣੇ ਅੰਦਰ ਜਜ਼ਬ ਕਰ ਲੈਂਦਾ ਹੈ।" 7 ਸਤੰਬਰ 1936 ਨੂੰ ਉਸ ਨੇ ਜੁਗਲ ਕਿਸ਼ੋਰ ਬਿਰਲਾ ਨੂੰ ਲਿਖਿਆ ਕਿ, "ਜੇ ਤੁਸੀਂ ਸਿੱਖਾਂ ਨੂੰ ਇਸ ਗੱਲ ਲਈ ਰਾਜ਼ੀ ਕਰ ਲਵੋ ਕਿ ਸਿੱਖ ਧਰਮ ਹਿੰਦੂਵਾਦ ਦਾ ਹੀ ਅੰਗ ਹੈ..... ਤਾਂ ਮੈਨੂੰ ਹਰੀਜਨਾਂ ਵੱਲੋਂ ਆਪਣੇ ਆਪ ਨੂੰ ਸਿੱਖ ਸਦਵਾਉਣ 'ਤੇ ਕੋਈ ਇਤਰਾਜ਼ ਨਹੀਂ ਹੋਵੇਗਾ।" 19 ਸਤੰਬਰ 1936 ਨੂੰ ਉਸਨੇ ਆਪਣੇ ਅਖ਼ਬਾਰ *ਹਰੀਜਨ* ਵਿੱਚ ਡਾ. ਬੀ.ਆਰ. ਅੰਬੇਦਕਰ ਦੀ ਇਸ ਗੱਲੋਂ ਲਾਹਪਾਹ ਕੀਤੀ ਕਿ ਉਹ "ਸਿੱਖਾਂ ਨੂੰ ਹਿੰਦੂ ਨਹੀਂ ਮੰਨਦਾ।" ਇਸੇ ਦੌਰਾਨ 14 ਨਵੰਬਰ 1936 ਨੂੰ ਅੰਮ੍ਰਿਤ ਕੌਰ ਨੂੰ ਲਿਖੇ ਇਕ ਖ਼ਤ ਅੰਦਰ ਉਸ ਨੇ ਵੱਖਰੀ ਸਿੱਖ ਪਛਾਣ ਦੀ ਧਾਰਨਾ ਵਿਰੁੱਧ ਆਪਣੇ ਮਨ ਦੀ ਭੜਾਸ ਕੱਢਦਿਆਂ ਹੋਇਆਂ ਇਹ ਗੁਸਤਾਖ਼ ਸ਼ਬਦ ਲਿਖੇ ਕਿ, "ਗੁਰਮੁਖੀ ਲਿਪੀ ਵਿੱਚ ਕੋਈ ਖ਼ਾਸ ਖ਼ੂਬੀ ਨਹੀਂ ਹੈ। ਮੇਰੀ ਸਮਝ ਅਨੁਸਾਰ ਸਿੱਖਾਂ ਨੂੰ ਹੋਰਨਾਂ ਹਿੰਦੂਆਂ ਨਾਲੋਂ ਨਿਖੇੜਨ ਲਈ ਇਸ ਦੀ ਵੀ, ਸਿੰਧੀ ਵਾਂਗ ਹੀ ਝੂਠੀ ਘਾੜਤ ਘੜ ਲਈ ਗਈ......।"[43] ਸਪਸ਼ਟ ਹੈ ਕਿ ਗਾਂਧੀ ਸਿੱਖਾਂ ਨੂੰ 'ਹੋਰਨਾਂ ਹਿੰਦੂਆਂ' ਦੀ ਸ਼੍ਰੇਣੀ ਵਿੱਚ ਹੀ ਸ਼ਾਮਲ ਕਰਦਾ ਸੀ। ਉਸ ਦੇ ਮਨਸ਼ੇ ਸਪਸ਼ਟ ਸਨ। ਉਹ ਸਿੱਖ ਧਰਮ ਨੂੰ "ਹਿੰਦੂਵਾਦ ਦੇ ਵਿਸ਼ਾਲ ਸਮੁੰਦਰ ਅੰਦਰ ਜਜ਼ਬ" ਕਰ ਲੈਣ ਦੀਆਂ ਇਛਾਵਾਂ ਪਾਲ ਰਿਹਾ ਸੀ। ਉਸ ਨੂੰ ਪੱਕਾ ਭਰੋਸਾ ਸੀ ਕਿ ਜੇਕਰ ਸਿੱਖ ਲਹਿਰ ਨੂੰ, ਜੋ ਉਸ ਵੇਲੇ ਤਕ ਕਾਂਗਰਸ ਦੀ ਅਗਵਾਈ ਹੇਠਲੇ ਆਜ਼ਾਦੀ ਦੇ ਅੰਦੋਲਨ ਤੋਂ ਵੱਖਰਾ ਵਹਿਣ ਬਣ ਕੇ ਚੱਲ ਰਹੀ ਸੀ, ਇਕ ਵਾਰ ਭਾਰਤ ਦੀ ਆਜ਼ਾਦੀ ਦੇ ਸੰਗਰਾਮ ਦੀ 'ਮੁੱਖ ਧਾਰਾ' ਅੰਦਰ ਸ਼ਾਮਲ ਕਰ ਲਿਆ ਜਾਵੇ ਤਾਂ ਸਿੱਖ ਪੰਥ ਦੇ ਹਿੰਦੂ ਸਮਾਜ ਅੰਦਰ ਅਭੇਦ ਹੋਣ ਦਾ ਅਮਲ ਖ਼ੁਦ-ਬ-ਖ਼ੁਦ ਚਾਲੇ ਪੈ ਜਾਵੇਗਾ। ਇਸੇ ਹੀ ਸਮੇਂ ਸਿੱਖ ਸਮਾਜ ਅੰਦਰ ਕੁਝ ਅਜਿਹੀਆਂ ਅਹਿਮ ਸਮਾਜੀ, ਰਾਜਸੀ ਤਬਦੀਲੀਆਂ ਵਾਪਰ ਗਈਆਂ, ਜਿਨ੍ਹਾਂ ਨਾਲ ਗਾਂਧੀ ਨੂੰ ਆਪਣੀ ਇਹ ਮਨੋਕਾਮਨਾ ਪੂਰੀ ਕਰਨ ਦੇ ਸਾਜ਼ਗਾਰ ਮੌਕੇ ਨਸੀਬ ਹੋ ਗਏ।

## ਨਵੀਂ ਸਿੱਖ ਲੀਡਰਸ਼ਿਪ : ਨਵੀਆਂ ਸੋਚਾਂ ਨਵੇਂ ਦਸਤੂਰ

ਸਿੰਘ ਸਭਾ ਲਹਿਰ ਵੱਲੋਂ ਸਿੱਖ ਜਗਤ ਅੰਦਰ ਵਿਦਿਆ ਨੂੰ ਉਤਸ਼ਾਹਤ ਕਰਨ ਦੀਆਂ ਕੋਸ਼ਿਸ਼ਾਂ ਦੇ ਸਿੱਟੇ ਵਜੋਂ ਸਿੱਖ ਨੌਜਵਾਨ ਵੱਡੀ ਗਿਣਤੀ ਵਿੱਚ ਪੜ੍ਹਾਈ ਵੱਲ ਪ੍ਰੇਰਿਤ ਹੋਏ। 1911 ਦੀ ਮਰਦਮਸ਼ੁਮਾਰੀ ਅਨੁਸਾਰ ਸਿੱਖ ਮਰਦਾਂ ਅੰਦਰ ਸਾਖਰਤਾ ਦੀ ਦਰ 9.4 ਫ਼ੀਸਦੀ ਸੀ ਜਦ ਕਿ ਸਮੁੱਚੇ ਪੰਜਾਬ ਅੰਦਰ ਇਹ 6.3 ਫ਼ੀਸਦੀ ਸੀ।[44] ਹੌਲੀ-ਹੌਲੀ ਸਿੱਖ ਸਮਾਜ ਅੰਦਰ ਇਕ ਪੜ੍ਹਿਆ-ਗੁੜ੍ਹਿਆ ਇਲੀਟ (ਵਸ਼ਿਸ਼ਟ) ਵਰਗ ਵਿਕਸਤ ਹੋ ਗਿਆ। ਇਹ ਵਰਗ ਮੁੱਖ ਤੌਰ 'ਤੇ ਸਮਾਜ ਦੀਆਂ ਦਰਮਿਆਨੀਆਂ ਪਰਤਾਂ 'ਚੋਂ ਆਇਆ ਸੀ। ਇਕ ਵੱਖਰੇ ਸਮਾਜੀ ਤੇ ਰਾਜਸੀ ਵਾਤਾਵਰਨ ਦੀ ਪੈਦਾਵਾਰ ਹੋਣ ਕਰਕੇ,

ਇਸ ਵਰਗ ਨੇ ਰਵਾਇਤੀ ਸਿੱਖ ਲੀਡਰਸ਼ਿਪ ਦੀ ਰਾਜਸੀ ਵਿਚਾਰਧਾਰਾ ਤੇ ਆਚਾਰ-ਵਿਹਾਰ ਨੂੰ ਸ਼ੱਕ ਅਤੇ ਪੜਚੋਲ ਦੀ ਨਿਗ੍ਹਾ ਨਾਲ ਦੇਖਣਾ ਸ਼ੁਰੂ ਕਰ ਦਿੱਤਾ। ਅੰਗਰੇਜ਼ ਹਾਕਮਾਂ ਦੀ ਦਯਾ, ਸਦਭਾਵਨਾ ਤੇ ਸਰਪ੍ਰਸਤੀ ਉੱਤੇ ਟੇਕ ਰੱਖਣ ਦੀ ਬਜਾਏ, ਇਸ ਵਰਗ ਨੇ ਆਪਣੇ ਸ਼ਿਕਵਿਆਂ ਤੇ ਸ਼ਿਕਾਇਤਾਂ ਦੇ ਨਿਪਟਾਰੇ ਤੇ ਮੰਗਾਂ ਦੀ ਪ੍ਰਾਪਤੀ ਲਈ ਸਰਗਰਮ ਜਦੋਜਹਿਦ ਦਾ ਰਾਹ ਅਖ਼ਤਿਆਰ ਕਰਨਾ ਸ਼ੁਰੂ ਕਰ ਦਿੱਤਾ। ਮਸਲੇ ਉਠਦੇ ਗਏ ਤੇ ਉਲਝਦੇ ਗਏ। ਉਸੇ ਅਨੁਪਾਤ ਨਾਲ ਸਿੱਖ ਜਗਤ ਅੰਦਰ ਬਰਤਾਨਵੀ ਹਾਕਮਾਂ ਵਿਰੁੱਧ ਔਖ ਤੇ ਨਾਰਾਜ਼ਗੀ ਵਧਦੀ ਗਈ। ਰਵਾਇਤੀ ਸਿੱਖ ਲੀਡਰਸ਼ਿਪ ਦੇ ਸਥਾਪਤ ਤੌਰ-ਤਰੀਕੇ ਬੇਅਸਰ ਤੇ ਅਪ੍ਰਸੰਗਿਕ ਹੋਣੇ ਸ਼ੁਰੂ ਹੋ ਗਏ। ਪੁਰਾਣੀ ਲੀਡਰਸ਼ਿਪ ਕੁਮਲਾਉਣੀ ਤੇ ਨਵੀਂ ਪੁੰਗਰਨੀ ਸ਼ੁਰੂ ਹੋ ਗਈ। ਇਸ ਸੰਦਰਭ ਵਿੱਚ ਗੁਰਦੁਆਰਾ ਰਕਾਬਗੰਜ ਦਾ ਮਸਲਾ ਇਕ ਅਹਿਮ ਮੋੜ-ਬਿੰਦੂ ਸਾਬਤ ਹੋਇਆ। ਸਿੱਖ ਜਗਤ ਅੰਦਰਲੇ ਅੰਦੋਲਨਕਾਰੀ ਵਰਗ ਨੇ ਇਸ ਤਿਆਰ-ਬਰ-ਤਿਆਰ ਮਸਲੇ ਨੂੰ ਹੱਥਾ ਬਣਾ ਕੇ ਬਰਤਾਨਵੀ ਹਾਕਮਾਂ ਵਿਰੁੱਧ ਤਿੱਖੇ ਸੰਘਰਸ਼ ਦਾ ਨਾਹਰਾ ਬੁਲੰਦ ਕਰ ਦਿੱਤਾ। ਇਸ ਸੱਦੇ ਨੂੰ ਸਿੱਖ ਜਗਤ ਵੱਲੋਂ ਮਿਲਿਆ ਭਰਪੂਰ ਹੁੰਗਾਰਾ ਰਵਾਇਤੀ ਲੀਡਰਸ਼ਿਪ ਦੇ ਪ੍ਰਭਾਵਹੀਣ ਹੋਣ ਅਤੇ ਉਸ ਦੀ ਰਾਜਸੀ ਵਿਚਾਰਧਾਰਾ ਦੇ ਵੇਲਾ ਪੁਗਾ ਚੁੱਕਣ ਦਾ ਗੂੰਜਵਾਂ ਸੰਕੇਤ ਸੀ। ਸਿੱਖ ਜਨਤਾ ਆਪਣੇ ਗੁਰਦੁਆਰਿਆਂ ਤੋਂ ਲੈ ਕੇ ਆਪਣੇ ਖ਼ਾਲਸਾ ਕਾਲਜ (ਅੰਮ੍ਰਿਤਸਰ) ਤਕ, ਹਰ ਜਗ੍ਹਾ ਸਰਕਾਰੀ ਦਖ਼ਲ ਦੀ ਲਾਹਨਤ ਤੋਂ ਸੁਰਖ਼ਰੂ ਹੋਣਾ ਲੋਚਦੀ ਸੀ।

ਦੇਸ ਪੱਧਰ 'ਤੇ ਤੇਜ਼ੀ ਨਾਲ ਫੈਲ ਪਸਰ ਰਹੀ ਰਾਜਸੀ ਜਾਗਰਤੀ ਦਾ ਸਿੱਖ ਭਾਈਚਾਰੇ 'ਤੇ, ਖ਼ਾਸ ਕਰਕੇ ਇਸ ਦੇ ਪੜ੍ਹੇ ਲਿਖੇ ਵਰਗਾਂ 'ਤੇ ਗਹਿਰਾ ਅਸਰ ਪੈ ਰਿਹਾ ਸੀ। ਪੈਦਾ ਹੋ ਰਹੀ ਨਵੀਂ ਹਾਲਤ ਦੇ ਸਨਮੁੱਖ ਇਸ ਚਿੰਤਨਸ਼ੀਲ ਵਰਗ ਨੂੰ ਇਹ ਅਹਿਸਾਸ ਹੋਣ ਲੱਗਾ ਕਿ ਸਿੱਖ ਕੌਮ ਸਿੱਧੇ ਰੂਪ 'ਚ ਸਿਆਸੀ ਖੇਤਰ ਅੰਦਰ ਕਰਮਸ਼ੀਲ ਹੋਣ ਤੋਂ ਬਿਨਾਂ ਆਪਣੇ ਹੱਕਾਂ ਹਿਤਾਂ ਦੀ ਰਾਖੀ ਨਹੀਂ ਕਰ ਸਕੇਗੀ। ਇਸ ਵਿੱਚੋਂ ਸਿਖ ਪੰਥ ਅੰਦਰ ਆਪਣੀ ਨੁਮਾਇੰਦਾ ਰਾਜਸੀ ਜਥੇਬੰਦੀ ਦੀ ਲੋੜ ਦਾ ਅਹਿਸਾਸ ਪੈਦਾ ਹੋਇਆ। 30 ਮਾਰਚ 1919 ਨੂੰ ਲੁਧਿਆਣੇ ਵਾਲੇ ਸ: ਗੱਜਣ ਸਿੰਘ, ਜੋ ਕਿ ਪੰਜਾਬ ਵਿਧਾਨ ਪ੍ਰੀਸ਼ਦ ਦਾ ਮੈਂਬਰ ਸੀ, ਦੀ ਅਗਵਾਈ ਹੇਠ ਲਾਹੌਰ ਵਿਖੇ ਸਿੱਖ ਬੁੱਧੀਜੀਵੀਆਂ ਦੀ ਇਕ ਮੀਟਿੰਗ ਹੋਈ ਜਿਥੇ ਸੈਂਟਰਲ ਸਿੱਖ ਲੀਗ ਨਾਂ ਦੀ ਨਿਰੋਲ ਰਾਜਸੀ ਜਥੇਬੰਦੀ ਸਥਾਪਤ ਕਰਨ ਦਾ ਨਿਰਣਾ ਲਿਆ ਗਿਆ। 8 ਦਸੰਬਰ 1919 ਨੂੰ ਅੰਮ੍ਰਿਤਸਰ ਵਿਖੇ ਡੈਲੀਗੇਟ ਕਾਨਫ਼ਰੰਸ ਨੇ ਇਸ ਜਥੇਬੰਦੀ ਨੂੰ ਬਾਕਾਇਦਾ ਰੂਪ ਦੇ ਦਿੱਤਾ। ਸ: ਗੱਜਣ ਸਿੰਘ ਇਸ ਦੇ ਬਾਨੀ ਪ੍ਰਧਾਨ ਬਣੇ। ਪਰ ਜਿਵੇਂ ਕਿ ਅਜਿਹੇ ਮਾਮਲਿਆਂ 'ਚ ਅਕਸਰ ਵਾਪਰਦਾ ਹੈ, ਇਹ ਰਵਾਇਤੀ ਧਾਰਾ ਨਾਲੋਂ ਸੰਪੂਰਨ ਤੋੜ-ਵਿਛੋੜਾ ਨਹੀਂ ਸੀ ਸਗੋਂ ਇਸ ਦਿਸ਼ਾ ਵੱਲ ਪੁੱਟਿਆ ਇਕ ਅਧੂਰਾ ਕਦਮ ਹੀ ਸੀ। ਆਪਣੀ ਰਾਜਸੀ ਵਿਚਾਰਧਾਰਾ ਤੇ ਕਿਰਦਾਰ-ਵਿਹਾਰ ਪੱਖੋਂ ਸ: ਗੱਜਣ ਸਿੰਘ ਨਵੀਂ ਨਾਲੋਂ ਪੁਰਾਣੀ ਧਾਰਾ ਦੇ ਵੱਧ ਕਰੀਬੀ ਸਨ। ਉਹ ਬਰਤਾਨਵੀ ਹਾਕਮਾਂ ਨਾਲ ਕੋਈ ਵੱਡਾ ਪੰਗਾ ਸਹੇੜਨ ਤੋਂ ਗੁਰੇਜ਼ ਕਰਨ ਅਤੇ ਲੱਗਦੀ ਵਾਹ ਉਨ੍ਹਾਂ ਨਾਲ ਬਣਾ ਕੇ ਚੱਲਣ ਦੀ ਸੇਧ ਅਪਣਾ ਕੇ ਚੱਲਣਾ ਚਾਹੁੰਦੇ ਸਨ। ਇਕ ਤਾਂ ਸ: ਗੱਜਣ ਸਿੰਘ ਉੱਤੇ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਮਾਈਕਲ ਓਡਵਾਇਰ, ਜੋ ਜਲ੍ਹਿਆਂਵਾਲੇ ਕਾਂਡ ਲਈ ਮੁੱਖ ਜ਼ਿੰਮੇਵਾਰ ਸੀ, ਲਈ ਵਿਦਾਇਗੀ ਫੰਡ ਇਕੱਠਾ ਕਰਨ ਦੇ ਦੋਸ਼ ਲੱਗਣ ਨਾਲ ਉਸ ਦੀ ਵਿਅਕਤੀਗਤ ਸਾਖ ਨੂੰ ਵੱਡਾ ਧੱਕਾ ਲੱਗ ਚੁੱਕਾ ਸੀ। ਦੂਜਾ, ਦੇਸ ਪੱਧਰ 'ਤੇ ਬਣ-ਉਸਰ ਰਹੀ ਰਾਜਸੀ ਚੇਤਨਾ ਰਵਾਇਤੀ ਲੀਡਰਸ਼ਿਪ ਦੀ ਰਾਜਨੀਤਕ ਸੋਚ ਅਤੇ ਸੇਧ ਨਾਲੋਂ ਤਿੱਖੇ ਤੋੜ-ਵਿਛੋੜੇ ਦੀ ਮੰਗ ਖੜੀ ਕਰ ਰਹੀ ਸੀ।

ਅਕਤੂਬਰ 1920 ਵਿੱਚ ਜਦ ਲਾਹੌਰ ਵਿਖੇ ਸੈਂਟਰਲ ਸਿੱਖ ਲੀਗ ਦਾ ਦੂਜਾ ਅਜਲਾਸ ਜੁੜਿਆ ਤਾਂ ਹਾਲਤ ਅੰਦਰ ਪਿਛਲੇ ਸਾਲ ਨਾਲੋਂ ਵੱਡੀ ਤੇ ਮਹੱਤਵਪੂਰਨ ਤਬਦੀਲੀ ਆ ਚੁੱਕੀ ਸੀ। ਸਿੱਖ ਕੌਮ ਦੇ ਵੱਡੇ ਹਿੱਸਿਆਂ ਦਾ, ਇਥੋਂ ਤਕ ਕਿ ਅੰਗਰੇਜ਼ਾਂ ਦੇ ਕੱਟੜ ਹਮਾਇਤੀ ਵਰਗਾਂ ਅੰਦਰਲੇ ਕੁਝ ਅੰਸ਼ਾਂ ਦਾ ਵੀ ਅੰਗਰੇਜ਼ ਹਾਕਮਾਂ ਤੋਂ ਮੋਹ ਭੰਗ ਹੋ ਚੁੱਕਾ ਸੀ। ਸਿੱਖ ਲੀਡਰਸ਼ਿਪ ਦਾ ਜੋ ਨਵਾਂ ਪੋਚ ਉਭਰ ਕੇ ਸਾਹਮਣੇ ਆ ਰਿਹਾ ਸੀ, ਉਹ ਗਾਂਧੀ ਦੀ ਸ਼ਖ਼ਸੀਅਤ ਤੇ ਵਿਚਾਰਾਂ ਦਾ ਚੋਖਾ ਅਸਰ ਕਬੂਲਦਾ ਸੀ। ਗਾਂਧੀ ਸਿੱਖ ਰਾਜਨੀਤੀ ਨੂੰ ਆਪਣੀਆਂ ਯੁੱਧਨੀਤਕ ਵਿਉਂਤਾਂ ਤੇ ਹਿਤਾਂ ਮੁਤਾਬਕ ਪ੍ਰਭਾਵਤ ਕਰਨ ਲਈ ਸਿੱਖ ਲੀਗ ਦੀ ਕਾਨਫ਼ਰੰਸ ਮੌਕੇ ਉਚੇਚੇ ਤੌਰ ’ਤੇ ਲਾਹੌਰ ਪੁੱਜਾ। ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਉਸ ਨੇ ਸਿੱਖ ਆਗੂਆਂ ਨੂੰ ਆਪਣੇ ਧਾਰਮਿਕ ਸੁਧਾਰਾਂ ਲਈ ਸਰਕਾਰ ਉੱਤੇ ਟੇਕ ਖ਼ਤਮ ਕਰਨ ਦੀ ਸਲਾਹ ਦਿੱਤੀ। ਗਾਂਧੀ ਦੇ ਪ੍ਰਭਾਵ ਤੇ ਪ੍ਰੇਰਨਾ ਹੇਠ, ਕਾਨਫ਼ਰੰਸ ਨੇ ਗਾਂਧੀ ਦੀ ਅਗਵਾਈ ਹੇਠ ਚੱਲ ਰਹੀ ਦੇਸ ਵਿਆਪੀ ਸ਼ਾਂਤਮਈ ਨਾਮਿਲਵਰਤਨ ਲਹਿਰ ਵਿੱਚ ਸ਼ਾਮਲ ਹੋਣ ਦਾ ਮਤਾ ਪਾਸ ਕਰ ਦਿੱਤਾ। ਇਸ ਨਾਲ ਸਿੱਖ ਲਹਿਰ ਭਾਰਤ ਦੀ ਆਜ਼ਾਦੀ ਦੇ ਅੰਦੋਲਨ ਦੀ ‘ਮੁੱਖ ਧਾਰਾ’ ਵਿੱਚ ਸ਼ਾਮਲ ਹੋ ਗਈ ਅਤੇ ਗਾਂਧੀ ਦੀਆਂ ਲੰਮੇ ਚਿਰ ਦੀਆਂ ਮੁਰਾਦਾਂ ਪੂਰੀਆਂ ਹੋ ਗਈਆਂ। ਇਸ ਕਾਨਫ਼ਰੰਸ ਅੰਦਰ ਅੰਗਰੇਜ਼ ਹਾਕਮਾਂ ਪ੍ਰਤੀ ਨਰਮ ਰਵੱਈਆ ਰੱਖਣ ਵਾਲੀ ਪੁਰਾਣੀ ਲੀਡਰਸ਼ਿਪ ਨੂੰ ਰੱਦ ਕਰਕੇ ਸਿੱਖਾਂ ਦੀ ਨਵੀਂ ਲੀਡਰਸ਼ਿਪ ਅੱਗੇ ਆਈ। ਸ: ਗੱਜਣ ਸਿੰਘ ਨੂੰ ਹਟਾ ਕੇ ਸ: ਖੜਕ ਸਿੰਘ (ਸਿਆਲਕੋਟ) ਨੂੰ ਸੈਂਟਰਲ ਸਿੱਖ ਲੀਗ ਦਾ ਨਵਾਂ ਪ੍ਰਧਾਨ ਚੁਣ ਲਿਆ ਗਿਆ। ਇਹ ਸਿੱਖ ਲਹਿਰ ਤੇ ਰਾਜਨੀਤੀ ਅੰਦਰ ਆਇਆ ਇਕ ਅਤੀ ਅਹਿਮ ਮੋੜ ਸੀ ਜਿਸ ਨੇ ਸਿੰਘ ਸਭਾ ਲਹਿਰ ਵੱਲੋਂ ਨਿਰਧਾਰਤ ਕੀਤੀ ਵਿਚਾਰਧਾਰਕ ਮਾਰਗ-ਸੇਧ ਨੂੰ ਉਲੱਦ-ਪੁਲੱਦ ਕੇ ਰੱਖ ਦਿੱਤਾ। ਪੁਰਾਣੀ ਲੀਡਰਸ਼ਿਪ ਨੂੰ ਲਾਂਭੇ ਕਰਕੇ ਜੋ ਨਵੀਂ ਲੀਡਰਸ਼ਿਪ ਅੱਗੇ ਆਈ, ਉਹ ਹਿੰਦੂਆਂ ਪ੍ਰਤੀ ਕੂਲੀ, ਮੁਸਲਮਾਨਾਂ ਪ੍ਰਤੀ ਖਰ੍ਹਵੀ ਅਤੇ ਅੰਗਰੇਜ਼ ਹਕੂਮਤ ਪ੍ਰਤੀ ਕਰਾਰੀ ਸੀ।

ਸਿੱਖ ਲਹਿਰ ਤੇ ਰਾਜਨੀਤੀ ਅੰਦਰ ਇਹ ਮੋੜਾ ਐਨਾ ਸੁਖਾਲਾ ਸ਼ਾਇਦ ਸੰਭਵ ਨਾ ਹੁੰਦਾ ਜੇਕਰ ਸਿੱਖਾਂ ਦੇ ਪੱਖ ਦੀ ਪੈਰਵਾਈ ਕਰਨ ਲਈ ਇੰਗਲੈਂਡ ਦੀ ਫੇਰੀ ’ਤੇ ਗਿਆ ਸਿੱਖ ਵਫ਼ਦ ਨਿਰਾਸ਼ ਹੋ ਕੇ ਖ਼ਾਲੀ ਹੱਥ ਨਾ ਪਰਤਿਆ ਹੁੰਦਾ। ਚੀਫ਼ ਖ਼ਾਲਸਾ ਦੀਵਾਨ ਦੀ ਕਾਰਜਕਾਰਨੀ ਦੇ ਇਕ ਮੈਂਬਰ ਸ: ਸੇਵਾ ਰਾਮ ਸਿੰਘ ਨੇ ‘ਲਖਨਊ ਪੈਕਟ’ ਤੋਂ ਫ਼ੌਰੀ ਬਾਅਦ (ਨਵੰਬਰ 1916 ’ਚ) ਦੀਵਾਨ ਦੇ ਸਕੱਤਰ ਨੂੰ ਇਕ ਲੰਮਾ ਪੱਤਰ ਲਿਖ ਕੇ ਮੰਗ ਕੀਤੀ ਸੀ ਕਿ ਪ੍ਰਸ਼ਾਸਨ ਅੰਦਰ ਨੁਮਾਇੰਦਗੀ ਦੇ ਮਸਲੇ ਬਾਰੇ ਸਿੱਖਾਂ ਦਾ ਭਰਵਾਂ ਤੇ ਜਚਵਾਂ ਪੱਖ ਤਿਆਰ ਕੀਤਾ ਜਾਵੇ ਅਤੇ ਬਰਤਾਨੀਆ ਸਰਕਾਰ ਨੂੰ ਭੇਜਿਆ ਜਾਵੇ। ਸੇਵਾ ਰਾਮ ਸਿੰਘ ਨੇ 1920 ਵਿੱਚ ਸੁਧਾਰਾਂ ਦੇ ਮਸਲੇ ਬਾਰੇ ਸਿੱਖਾਂ ਦੀ ਪੋਜ਼ੀਸ਼ਨ ਦਰਸਾਉਂਦਾ ਇਕ ਕਿਤਾਬਚਾ* ਛਾਪਿਆ। ਜਦ ਲਾਰਡ ਸਾਊਥਬੋਰੋ ਦੀ ਅਗਵਾਈ ਹੇਠ ਫ਼ਰੈਂਚਾਈਜ਼ ਕਮੇਟੀ ਤੇ ਡਿਵੀਜ਼ਨ ਆਫ਼ ਫ਼ੰਕਸ਼ਨਜ਼ ਕਮੇਟੀ ਨੇ ਭਾਰਤ ਦਾ ਦੌਰਾ ਕਰਕੇ ਸਬੰਧਤ ਧਿਰਾਂ ਦੇ ਜ਼ੁਬਾਨੀ ਪੱਖ ਸੁਣੇ ਤਾਂ ਸ: ਸੇਵਾ ਰਾਮ ਸਿੰਘ ਦੋਨੋਂ ਕਮੇਟੀਆਂ ਅੱਗੇ ਸਿੱਖ ਨੁਮਾਇੰਦੇ ਵਜੋਂ ਹਾਜ਼ਰ ਹੋਏ ਅਤੇ ਸਿੱਖਾਂ ਦੇ ਪੱਖ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੱਖਿਆ। ਪਰ ਜਦ ਸਾਊਥਬੋਰੋ ਕਮੇਟੀ ਦੀ ਰਿਪੋਰਟ (1920) ਪ੍ਰਕਾਸ਼ਤ ਹੋਈ ਤਾਂ ਰਵਾਇਤੀ ਸਿੱਖ ਲੀਡਰਸ਼ਿਪ ਨੂੰ ਵੱਡੀ ਠੇਸ ਪਹੁੰਚੀ। ਇਸ ਰਿਪੋਰਟ ਨੇ ਨੁਮਾਇੰਦਗੀ ਬਾਰੇ ਸਿੱਖਾਂ ਦੀ ਮੰਗ ਨੂੰ ਬੇਰੁਖ਼ੀ ਨਾਲ ਠੁਕਰਾ ਦਿੱਤਾ।[45] ਇਸ ਨਾਲ ਸਿੱਖ ਵਰਗ ਅੰਦਰ ਰਵਾਇਤੀ ਸਿੱਖ ਲੀਡਰਸ਼ਿਪ ਦੇ ਮਾਣ ਤੇ

* Reforms and the Sikh : A Sad Disappointment.

ਵਕਾਰ ਨੂੰ ਵੱਡੀ ਸੱਟ ਲੱਗੀ। ਇਸ ਵਿੱਚੋਂ ਹੀ, ਆਖ਼ਰੀ ਯਤਨ ਵਜੋਂ, ਇਕ ਉੱਚ ਪੱਧਰੀ ਵਫ਼ਦ ਇੰਗਲੈਂਡ ਭੇਜਿਆ ਗਿਆ (ਜੁਲਾਈ, ਅਗਸਤ 1920) ਜਿਸ ਨੇ ਸਬੰਧਤ ਅਧਿਕਾਰੀਆਂ ਤੇ ਅਸਰ-ਰਸੂਖ਼ ਵਾਲੇ ਹੋਰਨਾਂ ਲੋਕਾਂ ਨੂੰ ਮਿਲ ਕੇ ਸਿੱਖਾਂ ਦੇ ਪੱਖ ਦੀ ਜ਼ੋਰ ਨਾਲ ਵਕਾਲਤ ਕੀਤੀ। ਸਿੱਖਾਂ ਦੀ ਪ੍ਰਮੁੱਖ ਮੰਗ ਇਹ ਸੀ ਕਿ ਪੰਜਾਬ ਅਸੰਬਲੀ ਤੇ ਕੇਂਦਰੀ ਕੌਂਸਲ ਅੰਦਰ ਉਨ੍ਹਾਂ ਦੀ ਨੁਮਾਇੰਦਗੀ ਨਿਸ਼ਚਿਤ ਕਰਨ ਲੱਗਿਆਂ ਵਸੋਂ ਨੂੰ ਪੈਮਾਨਾ ਨਾ ਬਣਾਇਆ ਜਾਵੇ ਸਗੋਂ ਸਿੱਖ ਭਾਈਚਾਰੇ ਦੀ "ਅਹਿਮੀਅਤ, ਹੈਸੀਅਤ ਅਤੇ ਉਸ ਦੀਆਂ ਸੇਵਾਵਾਂ" ਨੂੰ ਮੁੱਖ ਰੱਖਿਆ ਜਾਵੇ। ਨਾਲ ਹੀ, ਅੰਗਰੇਜ਼ਾਂ ਵੱਲੋਂ ਪੰਜਾਬ 'ਤੇ ਕਬਜ਼ਾ ਕਰਨ ਤੋਂ ਪਹਿਲਾਂ "ਸਿੱਖਾਂ ਦੇ ਰੁਤਬੇ, ਦੇਸ ਅੰਦਰ ਉਨ੍ਹਾਂ ਦੇ ਮੌਜੂਦਾ ਹਿਤਾਂ ਨੂੰ ਅਤੇ ਉਨ੍ਹਾਂ ਦੀਆਂ ਅੰਗਰੇਜ਼ੀ ਰਾਜ ਪ੍ਰਤੀ ਪੁਰਾਣੀਆਂ ਤੇ ਮੌਜੂਦਾ ਸੇਵਾਵਾਂ" ਨੂੰ ਗਿਣਤੀ ਵਿੱਚ ਰੱਖਿਆ ਜਾਵੇ।[46] ਇਸ ਤਰ੍ਹਾਂ ਭਾਵੇਂ ਪੰਜਾਬ ਅੰਦਰ ਸਿੱਖਾਂ ਦੀ ਆਬਾਦੀ 12 ਫ਼ੀਸਦੀ ਤੋਂ ਵੱਧ ਨਹੀਂ ਸੀ ਪਰ ਉਹ ਪੰਜਾਬ ਅੰਦਰ ਸਾਰੀਆਂ ਸੀਟਾਂ ਤੇ ਨਾਮਜ਼ਦਗੀਆਂ 'ਚੋਂ ਆਪਣੇ ਲਈ ਤੀਜੇ ਹਿੱਸੇ ਦੀ ਮੰਗ ਕਰ ਰਹੇ ਸਨ।[47] ਪਰ ਸਾਊਥਬੋਰੋ ਕਮੇਟੀ ਨੇ ਪੰਜਾਬ ਅਸੰਬਲੀ ਅੰਦਰ ਸਿੱਖਾਂ ਨੂੰ 15 ਫ਼ੀਸਦੀ ਸੀਟਾਂ ਦੇਣ ਦੀ ਸਿਫ਼ਾਰਸ਼ ਕੀਤੀ ਜੋ ਸਿੱਖਾਂ ਨੂੰ ਕਿਸੇ ਵੀ ਤਰ੍ਹਾਂ ਮਨਜ਼ੂਰ ਨਹੀਂ ਸੀ।

ਸਿੱਖਾਂ ਦਾ ਅਸਲੀ ਨਿਸ਼ਾਨਾ ਮੁਸਲਮਾਨਾਂ ਨੂੰ ਸੰਵਿਧਾਨਕ ਬਹੁਗਿਣਤੀ ਦੀ ਪੋਜ਼ੀਸ਼ਨ ਤੋਂ ਹੇਠਾਂ ਲਾਹੁਣਾ ਸੀ। ਸਰ ਫ਼ਜ਼ਲੀ ਹੁਸੈਨ ਵੱਲੋਂ ਲਿਖੀ ਇਕ ਕਿਤਾਬ* ਵਿੱਚ ਇਕ ਬੜਾ ਰੋਚਿਕ ਜ਼ਿਕਰ ਹੈ। ਕਹਿੰਦੇ ਹਨ ਕਿ ਜਦ ਸਿੱਖਾਂ ਨੂੰ ਪੁੱਛਿਆ ਗਿਆ ਕਿ ਉਹ ਪੰਜਾਬ ਅਸੰਬਲੀ ਵਿੱਚ ਕਿੰਨੇ ਹਿੱਸੇ ਦੀ ਮੰਗ ਕਰਦੇ ਹਨ ਤਾਂ ਉਨ੍ਹਾਂ ਫ਼ੌਰਨ ਜੁਆਬ ਦਿੱਤਾ ਕਿ "ਤੀਹ ਫ਼ੀਸਦੀ ਨਾਲ ਚੱਲ ਜਾਊ"। ਜਦ ਉਨ੍ਹਾਂ ਨੂੰ ਇਹ ਪੁੱਛਿਆ ਗਿਆ ਕਿ ਬੱਸ, ਹੋਰ ਤਾਂ ਨਹੀਂ ? ਉਹ ਕਹਿੰਦੇ "ਨਹੀਂ, ਨਾਲ ਹੀ ਤੀਹ ਫ਼ੀਸਦੀ ਹਿੰਦੂਆਂ ਨੂੰ ਦਿਓ ਤਾਂ ਕਿ ਮੁਸਲਮਾਨ ਚਾਲੀ ਫ਼ੀਸਦੀ ਤੋਂ ਵੱਧ ਨਾ ਲੈ ਸਕਣ।" ਇਹ ਵਾਰਤਾਲਾਪ ਭਾਵੇਂ ਠੀਕ ਇਸੇ ਸ਼ਕਲ 'ਚ ਨਾ ਵੀ ਹੋਇਆ ਹੋਵੇ, ਪ੍ਰੰਤੂ ਸਿੱਖ ਆਗੂਆਂ ਦੀ ਪਹੁੰਚ ਤੇ ਰਵੱਈਆ ਐਨ ਇਹੋ ਸੀ। ਪੰਜਾਬ ਅੰਦਰ ਆਪਣੀ ਵਸੋਂ ਦੇ ਅਨੁਪਾਤ ਨਾਲੋਂ ਵੱਧ ਹਿੱਸੇਦਾਰੀ ਦੀ ਮੰਗ ਦੇ ਪੱਖ ਵਿੱਚ ਉਹ ਉੱਤਰ ਪ੍ਰਦੇਸ਼ ਦੀ ਮਿਸਾਲ ਦਾ ਆਸਰਾ ਲੈਂਦੇ ਸਨ ਜਿਥੇ ਮੁਸਲਮਾਨਾਂ ਦੀ ਵਸੋਂ 15 ਫ਼ੀਸਦੀ ਸੀ ਜਦ ਕਿ ਉਨ੍ਹਾਂ ਨੂੰ ਅਸੰਬਲੀ ਅੰਦਰ ਏਦੂੰ ਦੁਗਣੀ (ਤੀਹ ਫ਼ੀਸਦੀ) ਹਿੱਸੇਦਾਰੀ ਦਿੱਤੀ ਗਈ ਸੀ। ਜਦ ਸਿੱਖ ਆਗੂ ਪੰਜਾਬ ਅੰਦਰ ਇਸੇ ਪੈਟਰਨ 'ਤੇ ਆਪਣੇ ਲਈ ਇਕ ਤਿਹਾਈ ਸੀਟਾਂ ਦੀ ਮੰਗ ਕਰਦੇ ਸਨ ਤਾਂ ਉਹ ਇਸ ਅਹਿਮ ਤੱਥ ਨੂੰ ਨਜ਼ਰ-ਅੰਦਾਜ਼ ਕਰ ਰਹੇ ਸਨ ਕਿ ਯੂ.ਪੀ. ਅੰਦਰ ਮੁਸਲਮਾਨਾਂ ਨੂੰ ਉਨ੍ਹਾਂ ਦੀ ਵਸੋਂ ਦੇ ਅਨੁਪਾਤ ਨਾਲੋਂ ਵੱਧ ਹਿੱਸਾ ਦੇਣ ਨਾਲ ਨਾ ਤਾਂ ਉਥੋਂ ਦਾ ਬਹੁਗਿਣਤੀ ਵਰਗ (ਹਿੰਦੂ) ਘੱਟਗਿਣਤੀ ਵਿੱਚ ਤਬਦੀਲ ਹੁੰਦਾ ਸੀ ਅਤੇ ਨਾ ਹੀ ਕਿਸੇ ਹੋਰ ਘੱਟਗਿਣਤੀ ਵਰਗ ਨਾਲ ਬੇਇਨਸਾਫ਼ੀ ਹੁੰਦੀ ਸੀ। ਪ੍ਰੰਤੂ ਪੰਜਾਬ ਅੰਦਰ ਹਾਲਤ ਸਿਫ਼ਤੀ ਤੌਰ 'ਤੇ ਅਲੱਗ ਸੀ। ਇਥੇ ਸਿੱਖਾਂ ਨੂੰ ਉਚੇਚੀ ਰਿਆਇਤ (ਵੇਟੇਜ) ਦੇਣ ਦਾ ਮਤਲਬ ਜਾਂ ਤਾਂ ਮੁਸਲਮਾਨਾਂ ਨੂੰ ਬਹੁਗਿਣਤੀ ਦੀ ਪੁਜੀਸ਼ਨ ਤੋਂ ਘੱਟਗਿਣਤੀ ਵਿੱਚ ਤਬਦੀਲ ਕਰ ਦੇਣਾ ਸੀ ਜਾਂ ਫ਼ਿਰ ਘੱਟਗਿਣਤੀ ਹਿੰਦੂ ਵਰਗ ਦੀ ਬਣਦੀ ਹਿੱਸੇਦਾਰੀ 'ਚੋਂ ਕਾਟ ਕੱਟਣੀ ਪੈਣੀ ਸੀ। ਇਸ ਉਲਝਣਦਾਰ ਸਥਿਤੀ ਕਾਰਨ ਯੂ.ਪੀ. ਵਾਲਾ ਫ਼ਾਰਮੂਲਾ ਪੰਜਾਬ ਅੰਦਰ ਲਾਗੂ ਨਹੀਂ ਸੀ ਹੋ ਸਕਦਾ।

---

* Punjab Politics by a Punjabi.

ਇੰਗਲੈਂਡ ਦੀ ਆਮ ਜਨਤਾ ਨੂੰ ਇਨ੍ਹਾਂ ਪੇਚੀਦਗੀਆਂ ਦੀ ਸਮਝ ਨਹੀਂ ਸੀ। ਉਹ ਸਿੱਖਾਂ ਨੂੰ "ਇਕ ਬਹਾਦਰ, ਲੜਾਕੂ ਤੇ ਅੰਗਰੇਜ਼ ਰਾਜ ਪ੍ਰਤੀ ਵਫ਼ਾਦਾਰ ਕੌਮ" ਵਜੋਂ ਹੀ ਜਾਣਦੀ ਸੀ ਜਿਸ ਨੇ ਜੰਗ ਦੌਰਾਨ ਅਨੇਕਾਂ ਮੋਰਚਿਆਂ 'ਤੇ ਬਰਤਾਨਵੀ ਹਿਤਾਂ ਦੀ ਰਾਖੀ ਲਈ ਬੇਥਾਹ ਕੁਰਬਾਨੀਆਂ ਕੀਤੀਆਂ ਸਨ। ਇਸ ਕਰਕੇ, ਸਿੱਖ ਵਫ਼ਦ ਨੂੰ ਇੰਗਲੈਂਡ ਦੀ ਆਮ ਜਨਤਾ ਤੇ ਪ੍ਰੈੱਸ ਵੱਲੋਂ ਕਾਫ਼ੀ ਹਮਾਇਤ ਤੇ ਹਮਦਰਦੀ ਮਿਲੀ।[48] ਪ੍ਰੰਤੂ ਜਿਥੋਂ ਤਕ ਬਰਤਾਨਵੀ ਹਕੂਮਤ ਦਾ ਸਬੰਧ ਸੀ, ਉਸ ਵੱਲੋਂ ਸਿੱਖਾਂ ਦੀ ਇਹ ਮੰਗ ਪ੍ਰਵਾਨ ਕਰ ਲੈਣੀ ਕਿਸੇ ਵੀ ਸੂਰਤ ਸੰਭਵ ਨਹੀਂ ਸੀ। ਦੋ ਕਾਰਨਾਂ ਕਰਕੇ। ਇਕ, ਤਰਕ ਅਤੇ ਇਨਸਾਫ਼ ਦੇ ਤਰਾਜ਼ੂ 'ਚ ਤੋਲਿਆਂ ਸਿੱਖਾਂ ਦੀ ਇਸ ਮੰਗ ਵਿੱਚ ਬਹੁਤਾ ਵਜ਼ਨ ਤੇ ਜ਼ੋਰ ਨਹੀਂ ਸੀ। ਦੂਜਾ, ਬਰਤਾਨਵੀ ਹਕੂਮਤ ਚਾਲ੍ਹੀ ਲੱਖ ਸਿੱਖਾਂ ਨੂੰ ਖ਼ੁਸ਼ ਕਰਨ ਲਈ ਨੌਂ ਕਰੋੜ ਮੁਸਲਮਾਨਾਂ, ਜੋ ਉਸ ਦੇ ਪੱਕੇ ਹਮਾਇਤੀ ਸਨ, ਨੂੰ ਨਰਾਜ਼ ਕਰਨ ਦਾ ਜੋਖਮ ਨਹੀਂ ਸੀ ਉਠਾ ਸਕਦੀ। ਇਸ ਕਰਕੇ ਭਾਵੇਂ ਬਰਤਾਨਵੀ ਹਾਕਮਾਂ ਦੇ ਕੁਝ ਵਰਗ ਸਿੱਖਾਂ ਨਾਲ ਦਿਲੀ ਹਮਦਰਦੀ ਰੱਖਦੇ ਸਨ ਅਤੇ ਐਡਵਿਨ ਮੌਂਟੇਗ ਨੇ ਵੀ ਗੱਲਬਾਤ ਦੌਰਾਨ ਵਫ਼ਦ ਨੂੰ ਹਾਂ ਪੱਖੀ ਹੁੰਗਾਰੇ ਦਾ ਪ੍ਰਭਾਵ ਦਿੱਤਾ, ਪ੍ਰੰਤੂ ਲੱਖ ਚਾਹੁੰਦਿਆਂ ਹੋਇਆਂ ਵੀ, ਉਹ ਸਿੱਖਾਂ ਦੀ ਇਹ ਮੰਗ ਪੂਰੀ ਕਰਨ ਦੇ ਸਮਰੱਥ ਨਹੀਂ ਸਨ। ਵਾਇਸਰਾਇ ਵੱਲੋਂ ਸੈਕਟਰੀ ਆਫ਼ ਸਟੇਟ ਨੂੰ ਭੇਜੀ ਜੁਆਬੀ ਤਾਰ (28 ਜੁਲਾਈ 1920) ਵਿੱਚ ਬਰਤਾਨਵੀ ਹਕੂਮਤ ਦੀ ਇਸ ਮਾਮਲੇ 'ਚ ਅੰਤਮ ਪੋਜ਼ੀਸ਼ਨ ਸਪਸ਼ਟ ਕਰ ਦਿੱਤੀ ਗਈ ਸੀ ਕਿ ਸਿੱਖਾਂ ਦੀ ਇਹ ਮੰਗ ਕਿਸੇ ਵੀ ਹਿਸਾਬ ਨਾਲ ਕਬੂਲਣਯੋਗ ਨਹੀਂ।[49]

ਬਰਤਾਨਵੀ ਹਕੂਮਤ ਵੱਲੋਂ ਕੋਰਾ ਜੁਆਬ ਮਿਲ ਜਾਣ ਨਾਲ ਸਿੱਖਾਂ ਦਾ, ਖ਼ਾਸ ਕਰਕੇ ਇਸ ਦੇ ਅੰਗਰੇਜ਼ ਭਗਤ ਹਿੱਸਿਆਂ ਦਾ ਬੁਰੀ ਤਰ੍ਹਾਂ ਦਿਲ ਟੁੱਟ ਗਿਆ। ਆਮ ਸਿੱਖ ਜਨਤਾ ਅਤੇ ਪੜ੍ਹੇ-ਲਿਖੇ ਦਰਮਿਆਨੇ ਤਬਕਿਆਂ ਅੰਦਰ ਪਹਿਲਾਂ ਹੀ ਅੰਗਰੇਜ਼ ਹਕੂਮਤ ਵਿਰੋਧੀ ਰੋਸ ਤੇ ਗ਼ੁੱਸੇ ਦੀਆਂ ਭਾਵਨਾਵਾਂ ਜ਼ੋਰ ਫੜ ਚੁੱਕੀਆਂ ਸਨ। ਰਵਾਇਤੀ ਅੰਗਰੇਜ਼ ਭਗਤ ਵਰਗਾਂ ਦੇ ਕੁਝ ਹਿੱਸਿਆਂ ਦਾ ਬਰਤਾਨਵੀ ਹਾਕਮਾਂ ਤੋਂ ਵਿਸ਼ਵਾਸ ਉਠ ਜਾਣ ਨਾਲ ਸਿੱਖ ਭਾਈਚਾਰੇ ਅੰਦਰ ਸਰਕਾਰ ਵਿਰੁੱਧ ਇਕ ਆਮ ਹਵਾ ਜਿਹੀ ਬਣ ਗਈ। ਇਸ ਨਾਲ ਰਵਾਇਤੀ ਸਿੱਖ ਲੀਡਰਸ਼ਿਪ ਦੀ ਪੋਜ਼ੀਸ਼ਨ ਬੇਹੱਦ ਕਮਜ਼ੋਰ ਪੈ ਗਈ। ਉਸ ਨੂੰ ਅਜੇ ਵੀ ਇਹ ਭਰਮ ਬਣਿਆ ਰਿਹਾ ਕਿ ਇਹ ਸਿਰਫ਼ ਭਾਰਤ ਦੀ ਸਰਕਾਰ ਹੀ ਹੈ ਜੋ ਸਿੱਖ ਮੰਗਾਂ ਮੰਨਣ ਦੇ ਰਾਹ ਵਿੱਚ ਰੋੜੇ ਅਟਕਾ ਰਹੀ ਹੈ ਜਦ ਕਿ ਬਰਤਾਨਵੀ ਸਰਕਾਰ ਅਤੇ ਉਥੋਂ ਦੀ ਆਮ ਜਨਤਾ ਦਾ ਸਿੱਖ ਮੰਗਾਂ ਪ੍ਰਤੀ ਰਵੱਈਆ ਹਮਦਰਦੀ ਵਾਲਾ ਤੇ ਹਾਂ ਪੱਖੀ ਸੀ। ਰਵਾਇਤੀ ਲੀਡਰਸ਼ਿਪ ਦੀ ਇਸ ਘਟਨਾਕ੍ਰਮ ਤੋਂ ਦਰੁਸਤ ਸਿੱਟੇ ਨਾ ਕੱਢ ਸਕਣ ਦੀ ਇਸ ਕਮਜ਼ੋਰੀ ਨੇ ਉਸ ਦੀ ਹੋਣੀ ਲਗਭਗ ਤੈਅ ਕਰ ਦਿੱਤੀ। ਘਟਨਾਵਾਂ ਦਾ ਵਹਿਣ ਇਸ ਗੱਲ ਦਾ ਗੂੰਜਵਾਂ ਸੰਕੇਤ ਦੇ ਰਿਹਾ ਸੀ ਕਿ ਇਸ ਲੀਡਰਸ਼ਿਪ ਦੇ ਤੇ ਉਸ ਵੱਲੋਂ ਅਪਣਾਈ ਰਾਜਨੀਤਕ ਸੇਧ ਦੇ ਦਿਨ ਪੁੱਗ ਚੁੱਕੇ ਸਨ। ਨਵੀਂ ਲੀਡਰਸ਼ਿਪ ਵੱਲੋਂ ਸਟੇਜ ਸੰਭਾਲਣ ਦੀ ਰਸਮੀ ਕਾਰਵਾਈ ਹੀ ਬਾਕੀ ਰਹਿ ਗਈ ਸੀ ਜੋ ਸੈਂਟਰਲ ਸਿੱਖ ਲੀਗ ਦੇ ਲਾਹੌਰ ਵਿਖੇ ਹੋਏ ਦੂਸਰੇ ਡੈਲੀਗੇਟ ਇਜਲਾਸ (ਅਕਤੂਬਰ 1920) ਵਿੱਚ ਪੂਰੀ ਕਰ ਲਈ ਗਈ।

ਸਿੱਖ ਵਫ਼ਦ ਨੇ ਵਾਪਸ ਪੰਜਾਬ ਪਰਤ ਕੇ ਜੋ ਲਿਖਤੀ ਰਿਪੋਰਟ ਪੇਸ਼ ਕੀਤੀ, ਉਸ ਵਿੱਚੋਂ ਉਨ੍ਹਾਂ ਦੀ ਔਖ, ਨਿਰਾਸ਼ਤਾ ਤੇ ਬੇਉਮੀਦੀ ਸਾਫ਼ ਝਲਕਦੀ ਸੀ। ਉਨ੍ਹਾਂ ਨੇ ਸਿੱਖਾਂ ਨੂੰ ਪੁਰਾਣੀ ਸੋਚ ਤੇ ਪੁਰਾਣੀ ਕਾਰਜਨੀਤੀ ਤੋਂ ਹਟ ਕੇ, ਨਵੀਂ ਹਾਲਤ ਨੂੰ ਸਮਝਣ ਘੋਖਣ ਤੇ ਇਸ ਅਨੁਸਾਰ ਆਪਣੀ ਨਵੀਂ ਰਣਨੀਤੀ ਤੈਅ ਕਰਨ ਦਾ ਸੁਝਾਅ ਦਿੱਤਾ। ਬਰਤਾਨਵੀ

ਹਾਕਮਾਂ ਤੋਂ ਭਰੋਸਾ ਤੇ ਝਾਕ ਖ਼ਤਮ ਹੋ ਜਾਣ ਨਾਲ ਖ਼ੁਦ ਰਵਾਇਤੀ ਲੀਡਰਸ਼ਿਪ ਦੇ ਕੁਝ ਹਿੱਸਿਆਂ ਅੰਦਰ "ਆਪਣੇ ਦੇਸ ਦੇ ਲੋਕਾਂ ਨਾਲ ਜੁੜਨ ਅਤੇ ਹੋਰਨਾਂ ਧਾਰਮਿਕ ਫ਼ਿਰਕਿਆਂ ਦੇ ਲੋਕਾਂ ਨਾਲ ਸੰਗਰਾਮੀ ਸਾਂਝਾਂ ਗੰਢਣ" ਦੀ ਲੋੜ ਦਾ ਅਹਿਸਾਸ ਪੈਦਾ ਹੋਇਆ।[50] ਸਿੱਖਾਂ ਦੀ ਮੁਸਲਿਮ ਵਰਗ ਨਾਲ ਅਜਿਹੀ ਸਾਂਝ ਦੀ ਕੋਈ ਗੁੰਜਾਇਸ਼ ਨਜ਼ਰ ਨਹੀਂ ਸੀ ਆਉਂਦੀ। ਕਿਉਂਕਿ ਨੁਮਾਇੰਦਗੀ ਸਬੰਧੀ ਸਿੱਖਾਂ ਦੀ ਪ੍ਰਮੁੱਖ ਮੰਗ ਸਿੱਧੀ ਮੁਸਲਿਮ ਹਿਤਾਂ ਉੱਤੇ ਮਾਰ ਕਰਦੀ ਸੀ। ਅਸਲ ਵਿੱਚ ਮੁਸਲਿਮ-ਸਿੱਖ ਰਿਸ਼ਤੇ ਨੂੰ ਕਈ ਗੱਲਾਂ ਪ੍ਰਭਾਵਿਤ ਕਰ ਰਹੀਆਂ ਸਨ।

ਇਕ, ਮੁਗ਼ਲ ਰਾਜ ਦੌਰਾਨ ਸਿੱਖ ਕੌਮ ਤੇ ਮੁਸਲਿਮ ਹਾਕਮ ਵਰਗ ਵਿਚਕਾਰ ਜੋ ਖ਼ੂਨ ਦੀ ਲਕੀਰ ਵਗ ਗਈ ਸੀ, ਉਹ ਮਨੋਵਿਗਿਆਨਕ ਪੱਧਰ 'ਤੇ ਅਜੇ ਵੀ ਆਪਣਾ ਅਸਰ ਕਾਇਮ ਰੱਖ ਰਹੀ ਸੀ। ਦੂਜਾ, ਸਿੱਖ ਲੀਡਰਸ਼ਿਪ ਦੀ ਅੰਨ੍ਹੀ ਮੁਸਲਿਮ ਵਿਰੋਧਤਾ, ਮੋੜਵੇਂ ਰੂਪ ਵਿੱਚ, ਮੁਸਲਿਮ ਭਾਈਚਾਰੇ ਅੰਦਰ ਸਿੱਖ ਵਿਰੋਧੀ ਭਾਵਨਾਵਾਂ ਨੂੰ ਬਲ ਤੇ ਉਤੇਜਨਾ ਮੁਹੱਈਆ ਕਰ ਰਹੀ ਸੀ। ਤੀਜਾ, ਸਿੱਖ ਮੁਸਲਿਮ ਰਿਸ਼ਤੇ ਅੰਦਰ ਸਭ ਤੋਂ ਟੈਂਟੇ ਵਾਲਾ ਮਸਲਾ ਸੀ ਪੰਜਾਬ, ਜਿਸ 'ਤੇ ਮੁਸਲਮਾਨ ਆਪਣੀ ਬਹੁਗਿਣਤੀ ਵਸੋਂ ਦੇ ਸਿਰ 'ਤੇ ਦਾਅਵਾ ਜਤਾ ਰਹੇ ਸਨ ਅਤੇ ਜਿਸ ਨਾਲ ਖ਼ਾਲਸਾ ਪੰਥ ਦੀਆਂ ਅਜਿਹੀਆਂ ਇਤਿਹਾਸਕ ਯਾਦਾਂ ਤੇ ਭਾਵਨਾਤਮਿਕ ਸਾਂਝਾਂ ਜੁੜੀਆਂ ਹੋਈਆਂ ਸਨ ਕਿ ਉਹ ਇਸ ਉੱਤੇ ਕਿਸੇ ਸ਼ਰੀਕ ਦਾਅਵੇ ਨੂੰ ਕਿਸੇ ਵੀ ਸੂਰਤ ਪ੍ਰਵਾਨ ਕਰਨ ਲਈ ਤਿਆਰ ਨਹੀਂ ਸੀ। ਮੜਕ ਦੀ ਜ਼ਿੰਦਗੀ ਜਿਉਣ ਲਈ ਖ਼ਾਲਸੇ ਨੇ ਜਿਸ ਧਰਤੀ ਉੱਤੇ ਪੂਰੀ ਇਕ ਸਦੀ ਮੁਗ਼ਲਸ਼ਾਹੀ ਦੇ ਜ਼ੁਲਮਾਂ ਦੇ ਵਹਿਸ਼ੀ ਝਖੇੜਿਆਂ ਅੱਗੇ ਆਪਣੀ ਹਿੱਕ ਡਾਹ ਰੱਖੀ ਹੋਵੇ ਅਤੇ ਜਿਸ ਮਿੱਟੀ ਦੇ ਜ਼ਰ੍ਹੇ-ਜ਼ਰ੍ਹੇ 'ਤੇ ਉਸ ਦੀ ਕੁਰਬਾਨੀ ਤੇ ਸੂਰਮਗਤੀ ਦੇ ਗੌਰਵਮਈ ਨਿਸ਼ਾਨ ਉਕਰੇ ਪਏ ਹੋਣ, ਹਿੰਦਸਿਆਂ ਦਾ ਤਰਕ-ਵਿਗਿਆਨ (logic of numbers) ਜੋ ਮਰਜ਼ੀ ਪਿਆ ਕਹਿੰਦਾ ਹੋਵੇ, ਸਿੱਖ ਯਾਦ ਅੰਦਰ ਪੰਜਾਬ ਦੀ ਧਰਤੀ 'ਤੇ ਖ਼ਾਲਸਈ ਨਿਸ਼ਾਨ ਜਿਉਂ ਦੀ ਤਿਉਂ ਝੂਲ ਰਹੇ ਸਨ। ਪੰਜਾਬ ਦੇ ਤਖ਼ਤ 'ਤੇ ਟਿਕੀ ਕਿਸੇ ਗ਼ੈਰ ਦੀ ਨਜ਼ਰ ਪੰਥ ਕੋਲੋਂ ਸਹਿਣ ਨਹੀਂ ਸੀ ਹੁੰਦੀ। ਸਿੱਖ-ਮੁਸਲਿਮ ਰਿਸ਼ਤੇ ਅੰਦਰਲੀਆਂ ਇਨ੍ਹਾਂ ਗੁੰਝਲਾਂ ਨੂੰ ਸੁਲਝਾਉਣਾ ਉੱਕਾ ਹੀ ਨਾਮੁਮਕਿਨ ਤਾਂ ਨਹੀਂ ਸੀ ਪਰ ਇਸ ਦੇ ਵਾਸਤੇ ਦੋਨੋਂ ਵਰਗਾਂ ਦੀ ਰਾਜਸੀ ਲੀਡਰਸ਼ਿਪ ਅੰਦਰ ਆਹਲਾ ਦਰਜੇ ਦੀ ਸੂਝ-ਸਿਆਣਪ, ਦੂਰ-ਦ੍ਰਿਸ਼ਟੀ ਤੇ ਨੀਤੀਵਾਨਤਾ (ਸਟੇਟਸਮੈਨਸ਼ਿਪ) ਲੋੜੀਂਦੀ ਸੀ। ਪ੍ਰੰਤੂ ਐਲਨ ਕੈਂਪਬੈਲ ਦੇ ਸ਼ਬਦਾਂ 'ਚ "ਬਦਕਿਸਮਤੀ ਇਹ ਸੀ ਕਿ ਦੋਵੇਂ ਫ਼ਿਰਕਿਆਂ ਦੇ ਨੇਤਾ ਛੋਟੇ ਆਦਮੀ ਸਨ ਜਿਨ੍ਹਾਂ ਨੂੰ ਵੱਡੇ ਮਸਲੇ ਸੁਲਝਾਉਣ ਦਾ ਕੰਮ ਸੌਂਪਿਆ ਗਿਆ ਸੀ।"

ਸੋ ਇੰਗਲੈਂਡ ਤੋਂ ਪਰਤੇ ਸਿੱਖ ਵਫ਼ਦ ਵੱਲੋਂ ਸਿੱਖਾਂ ਨੂੰ 'ਹੋਰਨਾਂ ਵਰਗਾਂ ਦੇ ਲੋਕਾਂ ਨਾਲ ਜੁੜਨ' ਦੀ ਦਿੱਤੀ ਜਾ ਰਹੀ ਸਲਾਹ ਦਾ ਇਕ ਮਾਤਰ ਅਰਥ ਹਿੰਦੂ ਵਰਗ ਨਾਲ ਜੁੜਨਾ ਸੀ। ਇਹ ਸੋਚ ਸਿੱਖ ਲੀਡਰਸ਼ਿਪ ਨੂੰ ਬਦੋਬਦੀ ਕਾਂਗਰਸ ਦੀ ਝੋਲੀ 'ਚ ਲੈ ਜਾਂਦੀ ਸੀ। ਰਵਾਇਤੀ ਸਿੱਖ ਲੀਡਰਸ਼ਿਪ ਮਨੋਂ ਅਜਿਹਾ ਨਾ ਚਾਹੁੰਦੀ ਹੋਈ ਵੀ ਇਸ ਸੋਚ ਨੂੰ ਤਕੜਾਈ ਬਖ਼ਸ਼ ਰਹੀ ਸੀ। ਵਫ਼ਦ ਨੇ ਜੋ ਰਿਪੋਰਟ ਦਿੱਤੀ ਅਤੇ ਇਸ ਦੇ ਮੈਂਬਰਾਂ ਨੇ ਜਿਵੇਂ ਪ੍ਰੈਸ ਅੰਦਰ ਆਪਣੇ ਵਿਚਾਰਾਂ ਤੇ ਜਜ਼ਬਾਤਾਂ ਦਾ ਖੁੱਲ੍ਹ ਕੇ ਪ੍ਰਗਟਾਵਾ ਕੀਤਾ, ਉਸ ਨਾਲ ਸਿੱਖ ਜਨਤਾ ਦਾ ਬਰਤਾਨਵੀ ਹਾਕਮਾਂ ਤੋਂ ਸਿਰਫ਼ ਭਰੋਸਾ ਹੀ ਨਹੀਂ ਉਠਿਆ ਸਗੋਂ ਉਸ ਨੂੰ ਬਰਤਾਨਵੀ ਹਾਕਮਾਂ ਦੇ ਵਿਹਾਰ ਤੇ ਵਤੀਰੇ ਵਿੱਚੋਂ ਵਿਸ਼ਵਾਸਘਾਤ ਵਰਗੀ ਗੱਲ ਜਾਪੀ, ਜਿਸ ਨਾਲ ਉਸ ਅੰਦਰ ਅੰਗਰੇਜ਼ ਹਕੂਮਤ ਵਿਰੁੱਧ ਰੋਹ ਤੇ ਗ਼ੁੱਸੇ ਦੀ ਵਿਆਪਕ ਲਹਿਰ ਪੈਦਾ ਹੋ ਤੁਰੀ। ਕੱਲ੍ਹ ਤਕ ਅੰਗਰੇਜ਼ਾਂ ਦਾ ਜੱਸ ਗਾਣ ਕਰਦੇ ਰਹੇ ਸਿੱਖ ਅਖ਼ਬਾਰਾਂ

ਅੰਦਰ ਅੰਗਰੇਜ਼ਾਂ ਵਿਰੁੱਧ ਖੁੱਲ੍ਹ ਕੇ ਗੁੱਸੇ ਭਰੇ ਲੇਖ ਲਿਖੇ ਜਾਣ ਲੱਗੇ। ਅੰਮ੍ਰਿਤਸਰ ਤੋਂ ਛਪਣ ਵਾਲੇ *ਬੀਰ* ਨੇ ਆਪਣੇ 27 ਅਗਸਤ 1920 ਦੇ ਅੰਕ 'ਚ ਅੰਗਰੇਜ਼ਾਂ ਵਿਰੁੱਧ ਇਸ ਤਰ੍ਹਾਂ ਭੜਾਸ ਕੱਢੀ, "ਸਿੱਖਾਂ ਨੇ ਅੰਗਰੇਜ਼ਾਂ ਲਈ ਕੀ ਨਹੀਂ ਕੀਤਾ ? ਉਹ ਆਪਣੇ ਆਪ ਨੂੰ ਬਰਤਾਨਵੀ ਸਰਕਾਰ ਦੀ ਸੱਜੀ ਬਾਂਹ ਸਮਝਦੇ ਹਨ। ਪਰ ਕੀ ਬਰਤਾਨਵੀ ਸਰਕਾਰ ਵੀ ਉਨ੍ਹਾਂ ਨੂੰ ਆਪਣੀ ਸੱਜੀ ਬਾਂਹ ਸਮਝਦੀ ਹੈ ? ਵਫ਼ਦ ਦੇ ਤਜਰਬੇ ਨੇ ਦਿਖਾ ਦਿੱਤਾ ਹੈ ਕਿ ਯੂਰਪੀ ਰਾਜਨੀਤੀ ਅੰਦਰ ਸਭਿਆਚਾਰ ਤੇ ਕਿਰਦਾਰ ਖ਼ੁਦਪ੍ਰਸਤੀ ਦਾ ਹੀ ਦੂਜਾ ਨਾਉਂ ਹੈ। ਸਰਕਾਰ ਸਮਝਦੀ ਹੈ ਕਿ ਵਾਅਦੇ ਸਿਰਫ਼ ਕਰਨ ਲਈ ਹੁੰਦੇ ਹਨ, ਨਿਭਾਉਣ ਲਈ ਨਹੀਂ।" ਸ: ਉਜਲ ਸਿੰਘ ਨੇ 'ਬੰਬੇ ਕਰੌਨੀਕਲ' ਨਾਲ ਇਕ ਇੰਟਰਵਿਊ ਵਿੱਚ ਕਿਹਾ ਕਿ ਸਿੱਖਾਂ ਦਾ ਅੰਗੇਰਜ਼ ਅਫ਼ਸਰਸ਼ਾਹੀ ਤੋਂ ਸਾਰਾ ਭਰੋਸਾ ਜਾਂਦਾ ਰਿਹਾ ਹੈ। ਜਦ ਉਸ ਨੂੰ ਗਾਂਧੀ ਦੀ ਨਾਮਿਲਵਰਤਨ ਲਹਿਰ ਬਾਰੇ ਸੁਆਲ ਕੀਤਾ ਗਿਆ ਤਾਂ ਉਸ ਦਾ ਜੁਆਬ ਸੀ ਕਿ ਬਰਤਾਨਵੀ ਹਕੂਮਤ ਜਿਵੇਂ ਸਿੱਖਾਂ ਨਾਲ ਕੀਤੇ ਇਕਰਾਰਾਂ ਤੋਂ ਸ਼ਰੇਆਮ ਫਿਰ ਗਈ ਹੈ, ਉਸ ਨਾਲ ਸਿੱਖਾਂ ਦੇ ਰਵੱਈਏ 'ਚ ਪੱਕ ਨਾਲ ਤਬਦੀਲੀ ਆਵੇਗੀ ਤੇ ਉਹ ਨਾਮਿਲਵਰਤਨ ਲਹਿਰ 'ਤੇ ਜ਼ਰੂਰ ਗੰਭੀਰਤਾ ਨਾਲ ਗੌਰ ਕਰਨਗੇ।[51] ਇਸ ਇੰਟਰਵਿਊ ਦਾ ਵਿਆਪਕ ਪੱਧਰ 'ਤੇ ਪ੍ਰਚਾਰ ਪਸਾਰ ਹੋਇਆ। ਸ: ਸੇਵਾ ਰਾਮ ਸਿੰਘ ਨੇ ਵੀ ਅੰਗਰੇਜ਼ਾਂ ਨੂੰ ਰੱਜ ਕੇ ਕੋਸਿਆ।[52] *ਖ਼ਾਲਸਾ ਐਡਵੋਕੇਟ* ਨੇ ਅਕਤੂਬਰ (1920) ਵਿੱਚ ਆਪਣੇ ਇਕ ਸੰਪਾਦਕੀ ਰਾਹੀਂ ਰਵਾਇਤੀ ਸਿੱਖ ਵਰਗਾਂ ਦੀਆਂ ਭਾਵਨਾਵਾਂ ਦਾ ਇੰਜ ਪ੍ਰਗਟਾਵਾ ਕੀਤਾ : "ਜੋ ਬੇਉਮੀਦੀ ਕੌਮ ਪਹਿਲਾਂ ਹੀ ਮਹਿਸੂਸ ਕਰ ਰਹੀ ਸੀ, ਵਫ਼ਦ ਦੇ ਮੈਂਬਰਾਂ ਦੀ ਸਪਸ਼ਟ ਬਿਆਨੀ ਨੇ ਉਸ ਨੂੰ ਹੋਰ ਜ਼ਰਬਾਂ ਦੇ ਦਿੱਤੀਆਂ ਹਨ ਅਤੇ ਇਹ ਬੇਉਮੀਦੀ, ਬਿਨਾਂ ਸ਼ੱਕ ਤੇ ਸੁਭਾਵਿਕ ਹੀ ਆਪਣੇ ਪ੍ਰਗਟਾਵੇ ਦਾ ਕੋਈ ਨਾ ਕੋਈ ਰਾਹ ਲੱਭੇਗੀ। ਹੋ ਸਕਦੈ ਸਿੱਖ ਕੌਮ ਵੀ ਮੈਦਾਨ 'ਚ ਨਿਤਰ ਆਵੇ—ਜੋ ਕਿ ਬੜੀ ਪਛਤਾਵੇ ਵਾਲੀ ਗੱਲ ਹੋਵੇਗੀ।"[53] ਇਸ ਸੰਪਾਦਕੀ ਤੋਂ ਕੁਝ ਦਿਨ ਬਾਅਦ ਹੀ, ਵੀਹ ਅਕਤੂਬਰ ਨੂੰ ਸਿੱਖ ਲੀਗ ਨੇ ਆਪਣੇ ਦੂਜੇ ਸੈਸ਼ਨ ਵਿੱਚ ਨਾਮਿਲਵਰਤਨ ਦੇ ਪੱਖ 'ਚ ਮਤਾ ਪਾਸ ਕਰ ਦਿੱਤਾ। ਅਰਥਾਤ ਸਿੱਖ ਕੌਮ ਨੇ ਆਖ਼ਰ ਨੂੰ ਮੈਦਾਨ 'ਚ ਨਿਤਰਨ ਦਾ ਫ਼ੈਸਲਾ ਕਰ ਹੀ ਲਿਆ। ਸ: ਸੇਵਾ ਰਾਮ ਸਿੰਘ ਨੇ ਬਰਤਾਨਵੀ ਹਾਕਮਾਂ ਨੂੰ ਅਗਾਊਂ ਹੀ ਖ਼ਬਰਦਾਰ ਕਰ ਦਿੱਤਾ ਸੀ ਜਦ ਉਸ ਨੇ ਆਪਣੇ ਸੁਧਾਰਾਂ ਵਾਲੇ ਕਿਤਾਬਚੇ ਵਿੱਚ ਲਿਖਿਆ ਸੀ ਕਿ "ਮੈਂ (ਸੁਧਾਰਾਂ ਦੇ ਮਸਲੇ 'ਤੇ) ਸਿੱਖਾਂ ਅੰਦਰ ਵਧ ਰਹੀ ਬੇਚੈਨੀ ਦੇਖੀ ਹੈ। ਜਿਨ੍ਹਾਂ ਕੋਲ ਦੇਖਣ ਲਈ ਅੱਖਾਂ, ਸੁਣਨ ਲਈ ਕੰਨ ਤੇ ਅਨੁਮਾਨ ਲਾਉਣ ਲਈ ਨਰੋਏ ਤੇ ਨਿਰਲੇਪ ਦਿਮਾਗ਼ ਹਨ, ਉਨ੍ਹਾਂ ਨੂੰ ਇਸ ਬਾਰੇ ਸੋਚਣਾ ਚਾਹੀਦੈ।"[54] ਮਾਈਕਲ ਉਡਵਾਇਰ ਨੇ ਲਿਖਿਆ ਹੈ ਕਿ 1919 ਵਿੱਚ ਉਸ ਨੂੰ ਇਕ ਸਿੱਖ ਸਰਮਾਏਦਾਰ ਨੇ ਇਹ ਨਹੋਰਾ ਮਾਰਿਆ ਸੀ ਕਿ "ਅਜਿਹੀ ਸਰਕਾਰ, ਜਿਸ ਤੋਂ ਇਸ ਦੇ ਦੋਸਤਾਂ ਨੂੰ ਕੋਈ ਉਮੀਦ ਨਹੀਂ ਤੇ ਦੁਸ਼ਮਣਾਂ ਨੂੰ ਕੋਈ ਭੈਅ ਨਹੀਂ, ਆਖ਼ਰ ਕਿੰਨੇ ਕੁ ਦਿਨ ਚੱਲ ਸਕਦੀ ਹੈ।"[55] ਇਸ ਟਿੱਪਣੀ 'ਚੋਂ ਸਿੱਖਾਂ ਅੰਦਰ ਪਸਰ ਰਹੀ ਬੇਉਮੀਦੀ ਤੇ ਬੇਚੈਨੀ ਦੀ ਸਾਫ਼ ਝਲਕ ਮਿਲਦੀ ਹੈ। ਸੈਕਟਰੀ ਆਫ਼ ਸਟੇਟ ਵੱਲੋਂ ਭਾਰਤ ਅੰਦਰ ਵਾਇਸਰਾਇ ਨੂੰ ਭੇਜੀ 12 ਨਵੰਬਰ 1920 ਦੀ ਤਾਰ ਅਤੇ ਇਸ ਦੇ ਜੁਆਬ ਵਿੱਚ ਭਾਰਤ ਦੇ ਸਕੱਤਰ ਵੱਲੋਂ 15 ਨਵੰਬਰ ਨੂੰ ਭੇਜੀ ਗਈ ਤਾਰ ਵਿੱਚ ਸਿੱਖ ਜਗਤ ਦੀ ਸੋਚ ਤੇ ਰੌਅ ਅੰਦਰ ਆਈ ਇਸ ਤਬਦੀਲੀ 'ਤੇ ਹੈਰਾਨੀ ਤੇ ਚਿੰਤਾ ਪ੍ਰਗਟ ਕੀਤੀ ਗਈ।[56] ਜੋ ਭਾਈਚਾਰਾ ਅਜੇ ਇਕ ਸਾਲ ਪਹਿਲਾਂ, 1919 ਦੇ ਸਰਕਾਰ ਵਿਰੋਧੀ ਝੱਖੜ ਵੇਲੇ ਵੀ ਬਰਤਾਨਵੀ ਹਾਕਮਾਂ ਨਾਲ ਡਟ ਕੇ ਖੜਾ ਰਿਹਾ, ਉਹ ਸਾਲ ਬਾਅਦ, ਅਚਾਨਕ ਇਸ ਤਰ੍ਹਾਂ ਕਿਉਂ ਵਿੱਟਰ ਗਿਆ ? ਦੋਨੋਂ ਤਾਰਾਂ ਤੋਂ ਇਕ ਗੱਲ

ਸਾਫ਼ ਹੁੰਦੀ ਹੈ ਕਿ ਜਾਂ ਤਾਂ ਹਾਕਮਾਂ ਨੂੰ ਮਸਲੇ ਦੀ ਸਮਝ ਹੀ ਨਹੀਂ ਸੀ ਆ ਰਹੀ, ਅਤੇ ਜਾਂ ਫਿਰ ਉਨ੍ਹਾਂ ਦੀ ਸਮਝਣ ਦੇ ਵਿੱਚ ਬਹੁਤੀ ਰੁਚੀ ਹੀ ਨਹੀਂ ਸੀ। ਭਾਰਤ ਦੇ ਸਕੱਤਰ ਨੇ ਤਾਂ ਏਨਾ ਕਹਿ ਕੇ ਹੀ ਗੱਲ ਨਿਬੇੜ ਦਿੱਤੀ ਕਿ "ਸਿੱਖ ਹਮੇਸ਼ਾ ਹੀ ਜਲਦੀ ਤੈਸ਼ 'ਚ ਆ ਜਾਂਦੇ ਹਨ ਅਤੇ ਵਾਰ ਵਾਰ ਦਿਮਾਗ਼ੀ ਫ਼ਤੂਰ ਦਾ ਸ਼ਿਕਾਰ ਹੋ ਜਾਂਦੇ ਹਨ।"[57] ਪੰਜਾਬ ਦੇ ਗਵਰਨਰ-ਜਨਰਲ ਐਡਵਰਡ ਮੈਕਲਾਗਨ ਨੂੰ ਤਾਂ ਸਮੱਸਿਆ ਦੀ ਉੱਕਾ ਹੀ ਸਮਝ ਨਹੀਂ ਸੀ ਪੈ ਰਹੀ। ਉਸ ਨੂੰ ਭਰਮ ਸੀ ਕਿ ਉਸ ਨੇ ਗੁਰਪੁਰਬਾਂ 'ਤੇ ਛੁੱਟੀਆਂ ਆਦਿ ਕਰਕੇ ਸਮੁੱਚੇ ਸਿੱਖ ਭਾਈਚਾਰੇ ਨੂੰ ਮੋਹ ਲਿਆ ਹੋਇਆ ਹੈ। ਇਸ ਕਰਕੇ ਉਸ ਨੇ ਗ੍ਰਹਿ ਸਕੱਤਰ ਨੂੰ ਭੇਜੇ ਆਪਣੇ ਜੁਆਬ ਵਿੱਚ ਇਹ ਘਸੀ ਪਿਟੀ ਹੁਕਮਰਾਨਾ ਧਾਰਨਾ ਦੁਹਰਾਈ ਕਿ ਸਿੱਖ ਤਾਂ ਸਰਕਾਰ ਨਾਲ ਸੁਖਾਵੇਂ ਸਬੰਧ ਰੱਖਣਾ ਚਾਹੁੰਦੇ ਹਨ ਪ੍ਰੰਤੂ ਇਹ ਦੂਸਰੇ ਭਾਈਚਾਰਿਆਂ ਦੇ ਕੁਝ ਗ਼ਲਤ ਅਨਸਰ (ਅਰਥਾਤ ਕਾਂਗਰਸੀ) ਹੀ ਹਨ ਜੋ ਉਨ੍ਹਾਂ ਨੂੰ ਪੁੱਠੀ ਪੱਟੀ ਪੜ੍ਹਾ ਰਹੇ ਹਨ। ਉਸਦਾ ਕਹਿਣਾ ਸੀ ਕਿ ਸਿੱਖਾਂ ਦੀ ਕੋਈ ਸਮੱਸਿਆ ਨਹੀਂ, ਸਾਰੀ ਕਾਂਗਰਸੀਆਂ ਦੀ ਸ਼ਰਾਰਤ ਹੈ। ਇਸ ਦੇ ਜੁਆਬ ਵਿੱਚ ਸਿੱਖ ਅਖ਼ਬਾਰ ਇਹ ਕਹਿ ਰਹੇ ਸਨ ਕਿ ਉਹ ਕੋਈ 'ਬੱਚੇ' ਨਹੀਂ ਜੋ ਗੁਰਪੁਰਬਾਂ 'ਤੇ ਛੁੱਟੀਆਂ ਵਰਗੇ 'ਖਿਡਾਉਣਿਆਂ ਨਾਲ ਪਰਚ ਜਾਣਗੇ।'[58] ਅਕਤੂਬਰ 1920 'ਚ ਹੀ ਦਿੱਲੀ ਦੇ ਚੀਫ਼ ਕਮਿਸ਼ਨਰ ਨੇ ਗ੍ਰਹਿ ਸਕੱਤਰ ਨੂੰ ਭੇਜੀ ਆਪਣੀ ਪੰਦਰਵਾੜਾ ਰਿਪੋਰਟ ਵਿੱਚ ਇਹ ਦੱਸ ਪਾਈ ਕਿ ਸਿੱਖਾਂ ਦੇ ਕੁਝ ਹਿੱਸਿਆਂ ਨੇ ਸ਼ਾਇਦ ਇੰਗਲੈਂਡ 'ਚ ਸਿੱਖ ਵਫ਼ਦ ਦੀ ਨਾਕਾਮੀ ਦੇ ਸਿੱਟੇ ਵਜੋਂ ਕੋਈ ਨਵਾਂ ਛੇੜਾ ਛੇੜਨ ਦੀ ਨੀਤ ਨਾਲ, ਰਕਾਬਗੰਜ ਦੇ ਪੁਰਾਣੇ ਮਸਲੇ ਨੂੰ ਮੁੜ ਤੂਲ ਦੇਣੀ ਸ਼ੁਰੂ ਕਰ ਦਿੱਤੀ ਹੈ। 1930 ਵਿੱਚ ਗੋਲਮੇਜ਼ ਕਾਨਫ਼ਰੰਸ ਅੰਦਰ ਵੀ ਸਿੱਖ ਨੁਮਾਇੰਦਿਆਂ ਨੇ ਸਿੱਖ ਵਫ਼ਦ ਦੀ ਇੰਗਲੈਂਡ ਫੇਰੀ ਦੇ 'ਦੁਰਭਾਗਪੂਰਨ ਨਤੀਜਿਆਂ' ਨੂੰ ਅਕਾਲੀ ਲਹਿਰ ਦੇ ਫੁੰਟਾਰੇ ਲਈ ਵੱਡਾ ਕਾਰਨ ਦੱਸਿਆ।[59]

ਸੋ ਇਹ ਸੀ ਉਹ ਪਿਛੋਕੜ ਜਿਸ 'ਚੋਂ ਗੁਰਦੁਆਰਾ ਸੁਧਾਰ ਲਹਿਰ ਦਾ ਆਗਮਨ ਹੋਇਆ ਤੇ ਇਸ ਦੇ, ਗਾਂਧੀ ਦੀ ਅਗਵਾਈ ਹੇਠਲੇ ਆਜ਼ਾਦੀ ਦੇ ਅੰਦੋਲਨ ਨਾਲ ਸੰਜੋਗ ਦਾ ਸਬੱਬ ਜੁੜਿਆ।

•

# 3

# ਪੇਸ਼ਕਦਮੀ ਤੇ ਕੁਰਾਹਾ

ਵੀਹਵੀਂ ਸਦੀ ਦੇ ਵੀਹਵਿਆਂ ਦੇ ਦਹਾਕੇ ਦੀ ਸ਼ੁਰੂਆਤ ਸਿੱਖ ਲਹਿਰ ਦੀ ਵੱਡੀ ਉਠਾਣ ਨਾਲ ਹੋਈ। 1920 ਵਿੱਚ ਸਿੱਖਾਂ ਨੂੰ ਕਈ ਕਾਮਯਾਬੀਆਂ ਹਾਸਲ ਹੋਈਆਂ। ਗੁਰਦੁਆਰਾ ਰਕਾਬਗੰਜ ਦੇ ਮਸਲੇ 'ਤੇ ਸਰਕਾਰ ਨੂੰ, ਸਿੱਖ ਸੰਘਰਸ਼ ਦੀ ਤਾਬ ਨਾ ਝਲਦਿਆਂ ਹੋਇਆਂ, ਆਪਣੀ ਅੜੀ ਛੱਡਣ ਲਈ ਮਜਬੂਰ ਹੋਣਾ ਪਿਆ। 'ਬਾਬੇ ਦੀ ਬੇਰ' (ਸਿਆਲਕੋਟ) ਅਤੇ ਪੰਜਾ ਸਾਹਿਬ ਦੇ ਗੁਰਦੁਆਰਿਆਂ ਨੂੰ ਮਹੰਤਾਂ ਦੇ ਚੁੰਗਲ 'ਚੋਂ ਕੱਢ ਕੇ ਸਿੱਖ ਸੰਗਤਾਂ ਦੇ ਕੰਟਰੋਲ ਹੇਠ ਲੈ ਆਂਦਾ ਗਿਆ। ਇਸੇ ਸਾਲ ਸਿੱਖ ਸੰਘਰਸ਼ ਦੀ ਕੁੱਖ 'ਚੋਂ ਪੰਥ ਦੀਆਂ ਦੋ ਜੌੜੀਆਂ ਜਥੇਬੰਦੀਆਂ—ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੇ ਜਨਮ ਲਿਆ। ਇਨ੍ਹਾਂ ਮੁੱਢਲੀਆਂ ਜਿੱਤਾਂ ਨੇ ਸਿੱਖ ਜਨਤਾ ਦੇ ਹੌਸਲੇ ਬੁਲੰਦ ਕਰ ਦਿੱਤੇ ਅਤੇ ਲੀਡਰਸ਼ਿਪ ਦਾ ਇਕ ਨਵਾਂ ਪੋਚ ਉਭਰ ਆਇਆ ਜਿਸ ਵਿੱਚ ਸਰਦਾਰ ਖੜਕ ਸਿੰਘ, ਮਾਸਟਰ ਤਾਰਾ ਸਿੰਘ, ਮਾਸਟਰ ਮੋਤਾ ਸਿੰਘ, ਤੇਜਾ ਸਿੰਘ ਸਮੁੰਦਰੀ, ਤੇਜਾ ਸਿੰਘ ਭੁੱਚਰ, ਕਰਤਾਰ ਸਿੰਘ ਝੱਬਰ, ਅਮਰ ਸਿੰਘ ਤੇ ਜਸਵੰਤ ਸਿੰਘ ਝਬਾਲ (ਦੋਨੋਂ ਭਰਾ) ਆਦਿ ਉਭਰਵੇਂ ਨਾਉਂ ਸ਼ਾਮਲ ਸਨ। ਜਿਵੇਂ ਕਿ ਅਜਿਹੇ ਲੋਕ ਉਭਾਰਾਂ ਵਿੱਚ ਅਕਸਰ ਵਾਪਰਦਾ ਹੈ, ਗੁਰਦੁਆਰਿਆਂ ਨੂੰ ਮਹੰਤਾਂ ਤੋਂ ਮੁਕਤ ਕਰਾਉਣ ਦੀ ਇਹ ਲਹਿਰ ਕੁਝ ਥਾਵਾਂ 'ਤੇ ਆਪਮੁਹਾਰਾ ਵੇਗ ਅਖ਼ਤਿਆਰ ਕਰ ਗਈ। ਨਨਕਾਣਾ ਸਾਹਿਬ ਜਨਮ ਅਸਥਾਨ ਦੇ ਮਹੰਤ ਨਰਾਇਣ ਦਾਸ ਖ਼ਿਲਾਫ਼ ਸਿੱਖ ਸੰਗਤਾਂ ਅੰਦਰ ਭਾਰੀ ਗ਼ੁੱਸਾ ਪਾਇਆ ਜਾ ਰਿਹਾ ਸੀ। ਇਹ ਮਹੰਤ ਸਿਰਫ਼ ਬਦਨਾਮ ਹੀ ਨਹੀਂ, ਪੁੱਜ ਕੇ ਬਦ ਵੀ ਸੀ। ਉਸ ਦੀ ਸਰਕਾਰੇ-ਦਰਬਾਰੇ ਪੂਰੀ ਪੁੱਗਤ ਸੀ। ਮਹੰਤ ਦੇ ਕਿਰਦਾਰ ਤੇ ਤਾਕਤ ਨੂੰ ਮੱਦੇਨਜ਼ਰ ਰੱਖਦਿਆਂ ਹੋਇਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਲੀਡਰਸ਼ਿਪ ਇਸ ਮਾਮਲੇ ਵਿੱਚ ਥੋੜ੍ਹਾ ਸਾਵਧਾਨੀ ਵਰਤ ਕੇ ਚੱਲਣ ਦੀ ਸਮਝ ਰੱਖਦੀ ਸੀ। ਪਰ ਸੰਗਤਾਂ ਅੰਦਰ ਜਨਮ ਅਸਥਾਨ ਨੂੰ ਇਸ ਬਦਨਾਮ ਮਹੰਤ ਦੇ ਚੁੰਗਲ ਤੋਂ ਮੁਕਤ ਕਰਾਉਣ ਦਾ ਜੋਸ਼ ਤੇ ਜਜ਼ਬਾ ਏਨਾ ਜ਼ੋਰ ਫੜ ਚੁੱਕਾ ਸੀ ਕਿ ਲੀਡਰਸ਼ਿਪ ਦੇ ਨਾ ਚਾਹੁੰਦਿਆਂ ਹੋਇਆਂ ਵੀ 20 ਫ਼ਰਵਰੀ 1921 ਨੂੰ ਜੋਸ਼ੀਲੇ ਸਿੰਘਾਂ ਦਾ ਇਕ ਜਥਾ ਸ੍ਰੀ ਜਨਮ ਅਸਥਾਨ ਜਾ ਪਹੁੰਚਿਆ।[1] ਮਹੰਤ ਨੇ ਗਿਣੀ ਮਿਥੀ ਯੋਜਨਾ ਤਹਿਤ ਜਥੇ ਦੇ ਅੰਦਰ ਦਾਖ਼ਲ ਹੋਣ ਤੋਂ ਬਾਅਦ ਬਾਹਰਲਾ ਦਰਵਾਜ਼ਾ ਬੰਦ ਕਰ ਦਿੱਤਾ ਅਤੇ ਉਸ ਦੀ ਪਹਿਲਾਂ ਤੋਂ ਹੀ ਤਿਆਰ ਕੀਤੀ ਹੋਈ ਹਥਿਆਰਬੰਦ ਗੁੰਡਿਆਂ ਦੀ ਧਾੜ ਨੇ ਸਿੰਘਾਂ ਉੱਤੇ ਹੱਲਾ ਬੋਲ ਦਿੱਤਾ। ਇਸ ਹਮਲੇ ਵਿੱਚ 130 ਸਿੰਘ ਥਾਏਂ ਸ਼ਹੀਦ ਹੋ ਗਏ।

ਇਸ ਕਤਲੇਆਮ ਨੇ ਸਿੱਖ ਭਾਈਚਾਰੇ ਉੱਤੇ ਜਲ੍ਹਿਆਂਵਾਲੇ ਕਾਂਡ ਨਾਲੋਂ ਕਿਤੇ

ਵੱਡਾ ਅਸਰ ਛੱਡਿਆ। ਉਸ ਅੰਦਰ ਰੋਸ ਤੇ ਗ਼ੁੱਸੇ ਦੀ ਇਕ ਵਿਆਪਕ ਲਹਿਰ ਪਸਰ ਗਈ। ਅਫ਼ਸਰਸ਼ਾਹੀ ਵੱਲੋਂ ਮਹੰਤ ਦਾ ਨੰਗੇ ਰੂਪ 'ਚ ਪੱਖ ਪੂਰਨ ਦੀ ਕਾਰਵਾਈ ਨੇ ਸਿੱਖ ਜਜ਼ਬਾਤਾਂ ਨੂੰ ਲਾਂਬੂ ਲਾ ਦਿੱਤਾ। ਗਾਂਧੀ, ਜਿਸ ਨੇ ਸਿੱਖ ਲਹਿਰ ਅੰਦਰ ਪਹਿਲਾਂ ਹੀ ਆਪਣਾ ਅਸਰ ਰਸੂਖ਼ ਕਾਇਮ ਕਰ ਲਿਆ ਹੋਇਆ ਸੀ, ਲਈ ਇਸ ਤੋਂ ਵੱਧ ਸੁਨਹਿਰੀ ਮੌਕਾ ਹੋਰ ਕੀ ਹੋ ਸਕਦਾ ਸੀ ? ਗਰਮ ਲੋਹੇ 'ਤੇ ਸੱਟ ਮਾਰਨ ਲਈ ਉਹ 3 ਮਾਰਚ ਨੂੰ ਸ਼ਹੀਦੀ ਦੀਵਾਨ 'ਚ ਸ਼ਾਮਲ ਹੋਣ ਲਈ ਖ਼ੁਦ ਨਨਕਾਣਾ ਸਾਹਿਬ ਪਹੁੰਚਿਆ। ਸਿੱਖ ਲਹਿਰ ਦੇ ਵਹਿਣ ਨੂੰ ਆਪਣੇ ਆਜ਼ਾਦੀ ਦੇ ਅੰਦੋਲਨ ਦੀ 'ਮੁੱਖ ਧਾਰਾ' ਅੰਦਰ ਅਭੇਦ ਕਰ ਲੈਣ ਦੀ ਯੁੱਧਨੀਤਕ ਵਿਉਂਤ ਤਹਿਤ, ਉਸ ਨੇ ਸ਼ਹੀਦੀ ਦੀਵਾਨ ਨੂੰ ਸੰਬੋਧਨ ਕਰਦਿਆਂ ਹੋਇਆਂ ਬਹੁਤ ਹੀ ਸੋਚਿਆ ਸਮਝਿਆ ਭਾਸ਼ਣ ਦਿੱਤਾ। ਉਸ ਨੇ ਚਾਰ ਗੱਲਾਂ 'ਤੇ ਜ਼ੋਰ ਦਿੱਤਾ। ਇੱਕ, ਇਹ ਕਿ ਇਹ ਨਿਰੀ ਮਹੰਤ ਦੀ ਕਾਰਵਾਈ ਨਹੀਂ ਸਗੋਂ "ਮੇਰਾ ਇਹ ਦ੍ਰਿੜ੍ਹ ਵਿਸ਼ਵਾਸ ਹੈ ਕਿ ਇਸ ਵਾਰਦਾਤ ਵਿੱਚ ਸਾਮਰਾਜੀ ਹਕੂਮਤ ਦਾ ਵੀ ਹੱਥ ਹੈ।" ਉਸ ਨੇ ਇਸ ਕਤਲੇਆਮ ਨੂੰ "ਡਾਇਰਪੁਣੇ ਦੀ ਦੂਜੀ ਐਡੀਸ਼ਨ" ਕਰਾਰ ਦਿੰਦਿਆਂ ਹੋਇਆਂ ਕਿਹਾ ਕਿ ਇਹ "ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਨਾਲੋਂ ਵੱਧ ਵਹਿਸ਼ੀਆਨਾ, ਵੱਧ ਗਿਣੀ ਮਿਥੀ ਤੇ ਵੱਧ ਮਕਾਰੀ ਭਰੀ ਵਾਰਦਾਤ ਹੈ।" ਦੂਜੀ ਗੱਲ ਉਸ ਨੇ ਇਹ ਕਹੀ ਕਿ "ਇਹ ਸ਼ਹਾਦਤ ਭਾਰਤ ਮਾਤਾ ਨੂੰ ਸਮਰਪਤ ਹੋਣੀ ਚਾਹੀਦੀ ਹੈ।" ਤੀਜਾ, ਇਹ ਕਿ "ਖ਼ਾਲਸਾ ਸਿਰਫ਼ ਆਜ਼ਾਦ ਭਾਰਤ ਅੰਦਰ ਹੀ ਆਜ਼ਾਦੀ ਮਾਣ ਸਕਦਾ ਹੈ।" ਚੌਥਾ, ਉਸ ਨੇ ਸਮੁੱਚੀ ਘਟਨਾ ਦੀ ਡੂੰਘੀ ਤੇ ਭਰਵੀਂ ਜਾਂਚ ਪੜਤਾਲ ਲਈ ਇਕ ਗ਼ੈਰ-ਸਰਕਾਰੀ ਜਾਂਚ ਕਮੇਟੀ ਬਣਾਉਣ ਦੀ ਤਜਵੀਜ਼ ਰੱਖੀ ਅਤੇ ਨਾਲ ਹੀ ਇਹ ਪੇਸ਼ਕਸ਼ ਵੀ ਕੀਤੀ ਕਿ ਜੇਕਰ ਮੋਰਚੇ ਦੇ ਸੰਚਾਲਕ ਸਰਕਾਰੀ ਅਦਾਲਤੀ ਕਾਰਵਾਈ ਦਾ ਬਾਈਕਾਟ ਕਰਨ ਲਈ ਰਜ਼ਾਮੰਦ ਹੋ ਜਾਣ ਤਾਂ ਉਹ ਖ਼ੁਦ ਇਸ ਪੜਤਾਲੀਆ ਕਮੇਟੀ ਦਾ ਪ੍ਰਧਾਨ ਬਣਨ ਲਈ ਤਿਆਰ ਹੈ।[2]

ਉਸ ਵੇਲੇ ਪੁਰਾਣੀ ਤੇ ਨਵੀਂ ਸਿੱਖ ਲੀਡਰਸ਼ਿਪ ਵਿਚਕਾਰ ਕਸ਼ਮਕਸ਼ ਪੂਰੇ ਜ਼ੋਰਾਂ 'ਤੇ ਚੱਲ ਰਹੀ ਸੀ। ਬੇਸ਼ੱਕ ਭਾਰੂ ਸਿੱਖ ਰੌਂਅ ਨਵੀਂ ਲੀਡਰਸ਼ਿਪ ਦੇ ਹੱਕ ਵਿੱਚ ਸੀ ਪਰ ਪੁਰਾਣੀ ਲੀਡਰਸ਼ਿਪ ਨੇ ਅਜੇ ਦਿਲ ਅਤੇ ਮੈਦਾਨ ਨਹੀਂ ਸੀ ਛੱਡਿਆ। ਜਿਵੇਂ ਕਿ ਸਮਾਜੀ ਤੇ ਰਾਜਸੀ ਲਹਿਰਾਂ ਦਾ ਇਹ ਆਮ ਦਸਤੂਰ ਹੈ ਕਿ ਹਰ ਘਟਨਾ ਆਪਸ ਵਿੱਚ ਭਿੜ ਰਹੇ ਰੁਝਾਨਾਂ ਵਿਚਕਾਰ ਤਿੱਖੀ ਜ਼ੋਰ-ਅਜ਼ਮਾਈ ਤੇ ਤੀਬਰ ਸੰਘਰਸ਼ ਦਾ ਮੁੱਦਾ ਹੋ ਨਿਬੜਦੀ ਹੈ, ਉਵੇਂ ਨਨਕਾਣਾ ਸਾਹਿਬ ਦਾ ਸਾਕਾ ਵੀ ਜਿਥੇ ਬਰਤਾਨਵੀ ਹਕੂਮਤ ਵਿਰੁੱਧ ਸਿੱਖ ਸੰਘਰਸ਼ ਦਾ ਹੁਲਾਰ-ਪੈੜਾ (ਜੰਪਿੰਗ ਬੋਰਡ) ਬਣ ਗਿਆ ਹੋਇਆ ਸੀ, ਉਥੇ ਨਾਲ ਹੀ ਸਿੱਖ ਲਹਿਰ ਅੰਦਰਲੇ ਦੋ ਰੁਝਾਨਾਂ ਵਿਚਕਾਰ ਆਪਸੀ ਭੇੜ ਤੇ ਜ਼ੋਰ-ਅਜ਼ਮਾਈ ਦਾ ਅਖਾੜਾ ਵੀ ਬਣ ਗਿਆ ਸੀ। ਮਹੰਤ ਦੀ ਗ੍ਰਿਫ਼ਤਾਰੀ ਤੋਂ ਬਾਅਦ ਜਨਮ ਅਸਥਾਨ ਦੀ ਸੇਵਾ-ਸੰਭਾਲ ਦਾ ਕੰਮ ਇਕ ਕਮੇਟੀ ਦੇ ਸਪੁਰਦ ਕਰ ਦਿੱਤਾ ਗਿਆ ਸੀ। ਇਸ ਕਮੇਟੀ ਦੇ ਪ੍ਰਧਾਨ ਸਰਦਾਰ ਹਰਬੰਸ ਸਿੰਘ ਅਟਾਰੀ ਸਨ ਜੋ ਆਪਣੇ ਸਮਾਜੀ ਰੁਤਬੇ ਤੇ ਵਿਚਾਰਧਾਰਾ ਪੱਖੋਂ ਰਵਾਇਤੀ ਧਾਰਾ ਦੀ ਤਰਜਮਾਨੀ ਕਰਦੇ ਸਨ। ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੀ ਪ੍ਰਧਾਨ ਸਨ। ਇਉਂ, ਰਵਾਇਤੀ ਲੀਡਰਸ਼ਿਪ ਨੇ ਅਜੇ ਨਵੇਂ ਰੁਝਾਨ ਅੱਗੇ ਪੂਰੀ ਤਰ੍ਹਾਂ ਗੋਡੇ ਨਹੀਂ ਸਨ ਟੇਕੇ ਅਤੇ ਉਹ ਆਪਣੀ ਵਿਚਾਰਧਾਰਾ ਉੱਤੇ ਬਰਾਬਰ ਪਹਿਰਾ ਦੇ ਰਹੀ ਸੀ। ਸਿੱਖ ਲਹਿਰ ਦੇ ਅੰਦਰ ਚੱਲ ਰਹੀ ਇਹ ਸਿਧਾਂਤਕ ਜਦੋਜਹਿਦ ਬਾਹਰੀ ਅਸਰਾਂ ਤੋਂ ਅਭਿੱਜ ਨਹੀਂ ਸੀ। ਸਿੱਖ ਲਹਿਰ ਤੋਂ ਬਾਹਰਲੀਆਂ ਦੋ ਪ੍ਰਮੁੱਖ ਤਾਕਤਾਂ, ਬਰਤਾਨਵੀ ਹਕੂਮਤ ਅਤੇ ਉਸ ਵਿਰੁੱਧ ਰਾਜਸੀ ਲੜਾਈ ਲੜ ਰਹੀ ਹਿੰਦੂ ਜਮਾਤ (ਜਿਸ ਦੀ ਅਗਵਾਈ ਗਾਂਧੀ ਕਰ ਰਿਹਾ ਸੀ) ਸਿੱਖ ਲਹਿਰ ਦੇ ਅੰਦਰੂਨੀ

ਗਤੀ-ਅਮਲ ਉੱਤੇ ਤਿੱਖੀ ਨਿਗ੍ਹਾ ਰੱਖ ਕੇ ਚੱਲ ਰਹੀਆਂ ਸਨ। ਉਹ ਇਸ (ਅੰਦਰੂਨੀ) ਅਮਲ ਨੂੰ ਆਪੋ ਆਪਣੇ ਪੱਖ ਵਿੱਚ ਪ੍ਰਭਾਵਿਤ ਕਰਨ ਲਈ ਯਤਨਸ਼ੀਲ ਸਨ। ਇਕ ਤਰ੍ਹਾਂ ਨਾਲ, ਇਹ ਤਾਕਤਾਂ ਸਿੱਖ ਲਹਿਰ ਦੇ ਜ਼ਰੀਏ ਆਪਸੀ ਲੜਾਈ ਹੀ ਲੜ ਰਹੀਆਂ ਸਨ। ਜਿਥੇ ਅੰਗਰੇਜ਼ ਹੁਕਮਰਾਨ ਰਵਾਇਤੀ ਵਰਗਾਂ ਦੀ ਲੀਡਰਸ਼ਿਪ ਨੂੰ ਮਜ਼ਬੂਤ ਹੋਇਆ ਪਸੰਦ ਕਰਦੇ ਸਨ, ਉਥੇ ਗਾਂਧੀ ਤੇ ਹੋਰ ਕਾਂਗਰਸੀ ਆਗੂ ਨਵੀਂ ਲੀਡਰਸ਼ਿਪ ਦਾ ਪੱਖ ਤਕੜਾ ਹੋਇਆ ਚਾਹੁੰਦੇ ਸਨ।

ਰਈਸ ਵਰਗ ਅਤੇ ਉਸ ਦੀ ਤਰਜਮਾਨ ਰਵਾਇਤੀ ਸਿੱਖ ਲੀਡਰਸ਼ਿਪ ਨਨਕਾਣਾ ਸਾਹਿਬ ਦੇ ਸਾਕੇ ਲਈ ਬਰਤਾਨਵੀ ਹਕੂਮਤ ਨੂੰ ਕਸੂਰਵਾਰ ਠਹਿਰਾਉਣ ਦੀ ਬਜਾਇ, ਮਹੰਤ ਜੁੰਡਲੀ ਤੇ ਵਾਕਿਆਤ ਨਾਲ ਸਬੰਧਤ ਅਫ਼ਸਰਾਂ ਨੂੰ ਹੀ ਦੋਸ਼ੀ ਮੰਨ ਕੇ ਚੱਲ ਰਹੇ ਸਨ ਅਤੇ ਅਦਾਲਤੀ ਕਾਰਵਾਈ ਦੇ ਜਰੀਏ ਹੱਕ ਇਨਸਾਫ਼ ਹਾਸਲ ਕਰਨ ਪ੍ਰਤੀ ਪੂਰੇ ਆਸਵੰਦ ਸਨ। ਅਜਿਹੀ ਸੋਚ ਅਤੇ ਸੇਧ ਗਾਂਧੀ ਦੀਆਂ ਰਾਜਸੀ ਵਿਉਂਤਾਂ ਦੇ ਅਨੁਕੂਲ ਨਹੀਂ ਸੀ। ਸਰਕਾਰੀ ਅਦਾਲਤੀ ਕਾਰਵਾਈ ਦਾ ਬਾਈਕਾਟ ਕਰਨ ਅਤੇ ਗ਼ੈਰ-ਸਰਕਾਰੀ ਜਾਂਚ ਕਮੇਟੀ ਬਣਾਉਣ ਦਾ ਉਸ ਵੱਲੋਂ ਦਿੱਤਾ ਗਿਆ ਸੁਝਾਅ, ਉਸ ਦੀ ਸਿੱਖ ਲਹਿਰ ਨੂੰ ਆਪਣੀ ਮਨਭਾਉਂਦੀ ਦਿਸ਼ਾ ਦੇਣ ਦੀ ਯੁਧਨੀਤਕ ਵਿਉਂਤ ਦਾ ਹੀ ਹਿੱਸਾ ਸੀ। ਪਹਿਲਾਂ ਨਨਕਾਣਾ ਸਾਹਿਬ ਤੇ ਬਾਅਦ 'ਚ ਗੁਰੂ ਕਾ ਬਾਗ਼ ਕਾਂਡਾਂ ਸਬੰਧੀ ਕਾਂਗਰਸ ਨੇ ਜੋ ਗ਼ੈਰ-ਸਰਕਾਰੀ ਪੜਤਾਲ ਰਿਪੋਰਟਾਂ ਜਾਰੀ ਕੀਤੀਆਂ, ਉਨ੍ਹਾਂ ਅੰਦਰ ਦੋਸ਼ ਦੀ ਉਂਗਲ ਬਰਤਾਨਵੀ ਹਾਕਮਾਂ ਵੱਲ ਸੇਧਤ ਕਰਦਿਆਂ ਹੋਇਆਂ ਸਿੱਖ ਭਾਈਚਾਰੇ ਅੰਦਰ ਅੰਗਰੇਜ਼ ਹਕੂਮਤ ਵਿਰੋਧੀ ਭਾਵਨਾਵਾਂ ਨੂੰ ਹਵਾ ਦੇਣ ਦੇ ਉਚੇਚੇ ਯਤਨ ਕੀਤੇ ਗਏ। ਗੁਰਦੁਆਰਾ ਲਹਿਰ ਦੇ ਅਮਲ 'ਚੋਂ ਤੇਜ਼ੀ ਨਾਲ ਉਭਰ ਕੇ ਸਾਹਮਣੇ ਆ ਰਹੀ ਨਵੀਂ ਲੀਡਰਸ਼ਿਪ ਆਪਣੇ ਨਵੇਂ ਖ਼ੂਨ, ਜੋਸ਼ ਤੇ ਜਜ਼ਬੇ ਸਦਕਾ ਹਰ ਮੁੱਦੇ ਤੇ ਹਰ ਮੌਕੇ ਨੂੰ ਬਰਤਾਨਵੀ ਹਾਕਮਾਂ ਖ਼ਿਲਾਫ਼ ਤਿੱਖੀ ਲੜਾਈ ਲਈ ਇਸਤੇਮਾਲ ਕਰਨ ਦੀ ਸੋਚ ਅਤੇ ਪ੍ਰਵਿਰਤੀ ਰੱਖਦੀ ਸੀ। ਇਹ ਅਮਲ, ਬਿਨਾਂ ਛੋਟ, ਹਰ ਜਗ੍ਹਾ ਵਾਪਰਦਾ ਹੈ। ਜਦ ਵੀ ਕਿਸੇ ਸਮਾਜੀ ਭਾਈਚਾਰੇ ਅੰਦਰ, ਕਿਸੇ ਵੀ ਕਾਰਨ (ਜਾਂ ਕਾਰਨਾਂ) ਕਰਕੇ, ਤਿੱਖਾ ਉਬਾਲ ਪੈਦਾ ਹੁੰਦਾ ਹੈ ਤਾਂ ਉਸ ਅੰਦਰਲਾ ਸੱਜਰਾ ਖ਼ੂਨ ਹਮੇਸ਼ਾ ਹੀ ਕਿਨਾਰਿਆਂ ਤੋਂ ਬਾਹਰ ਛਲਕਣ ਦਾ ਰੁਝਾਨ ਰੱਖਦਾ ਹੈ। ਅਜਿਹੇ ਮੌਕਿਆਂ 'ਤੇ ਸਬੰਧਤ ਭਾਈਚਾਰੇ ਅੰਦਰਲਾ ਅੰਦੋਲਨਕਾਰੀ ਤੱਤ, ਹਮੇਸ਼ਾ ਹੀ ਇਕ ਆਮ ਅਸੂਲ ਵਜੋਂ, ਟਿਕਾਉ ਦੀ ਜਗ੍ਹਾ ਟਕਰਾਉ ਦੀ ਅਤੇ ਸਮਝੌਤੇ ਦੀ ਜਗ੍ਹਾ ਦੋ ਟੁੱਕ ਲੜਾਈ ਦੀ ਧੁੱਸ ਅਖ਼ਤਿਆਰ ਕਰਦਾ ਹੈ। ਟਕਰਾਉ ਅਤੇ ਲੜਾਈ ਉਸ ਦੀ ਰੂਹਾਨੀ ਖ਼ੁਰਾਕ ਹੁੰਦੀ ਹੈ। ਸਾਕੇ ਤੋਂ ਬਾਅਦ ਨਨਕਾਣਾ ਸਾਹਿਬ ਵਿਖੇ ਹੋਈ ਸ਼ਹੀਦੀ ਕਾਨਫ਼ਰੰਸ ਅੰਦਰ ਨਵੇਂ ਅਤੇ ਜੋਸ਼ੀਲੇ ਅੰਦੋਲਨਕਾਰੀਆਂ ਵੱਲੋਂ ਦਿੱਤੇ ਗਏ ਭਾਸ਼ਣ ਇਸ ਸੱਚਾਈ ਦੀ ਗੂੜ੍ਹੀ ਪੁਸ਼ਟੀ ਕਰਦੇ ਹਨ। ਇਨ੍ਹਾਂ ਭਾਸ਼ਣਾਂ ਅੰਦਰ ਦੋ ਗੱਲਾਂ ਉੱਤੇ ਖ਼ਾਸ ਬਲ ਦਿੱਤਾ ਗਿਆ।[3] ਇਕ, ਇਹ ਕਿ ਨਨਕਾਣਾ ਸਾਹਿਬ ਦਾ ਸਾਕਾ ਕੋਈ ਟੁਟਵੀਂ 'ਕਹਿਰੀ ਘਟਨਾ ਨਹੀਂ ਸਗੋਂ ਬਰਤਾਨਵੀ ਹਾਕਮਾਂ ਦੀ ਸਿੱਖ ਕੌਮ ਨੂੰ ਰੋਲਣ ਉਜਾੜਨ ਦੀ ਇਕ ਵੱਡੀ ਯੋਜਨਾ ਦੀ ਕੜੀ ਹੈ। ਦੂਜਾ, ਇਹ ਕਿ ਸਿੱਖ ਕੌਮ ਦੇ ਬਚਾਉ ਲਈ, ਸਿੱਖਾਂ ਨੂੰ ਬਰਤਾਨਵੀ ਹਾਕਮਾਂ ਵਿਰੁੱਧ ਲੜ ਰਹੀਆਂ 'ਹੋਰਨਾਂ ਤਾਕਤਾਂ' ਨਾਲ ਫ਼ੌਰੀ ਏਕਾ ਕਰਨਾ ਚਾਹੀਦਾ ਹੈ। ਉਹ ਗਾਂਧੀ ਨੂੰ ਬਰਤਾਨਵੀ ਹਾਕਮਾਂ ਵਿਰੁੱਧ ਲੜ ਰਹੀਆਂ 'ਹੋਰਨਾਂ ਤਾਕਤਾਂ' ਦੇ ਦੂਤ ਵਜੋਂ ਦੇਖਦੇ ਸਨ ਅਤੇ ਉਸ ਦੀ ਸਟੇਜ ਉੱਤੇ ਹਾਜ਼ਰੀ ਉਨ੍ਹਾਂ ਨੂੰ ਧਰਵਾਸ ਅਤੇ ਹੁਲਾਰਾ ਦਿੰਦੀ ਸੀ।

ਜਿੱਥੋਂ ਤਕ ਸਿੱਖ ਅੰਦੋਲਨਕਾਰੀਆਂ ਦੀ ਪਹਿਲੀ ਧਾਰਨਾ ਦਾ ਸਬੰਧ ਹੈ, ਉਸ ਵਿੱਚੋਂ ਸੱਚਾਈ ਅਤੇ ਝੂਠ ਦੇ ਅੰਸ਼ਾਂ ਦੀ ਫਰੋਲਾ-ਫਰਾਲੀ ਕਰਨੀ ਇਕ ਫ਼ਜ਼ੂਲ ਅਭਿਆਸ

ਹੈ। ਇਹ ਮਾਮਲਾ ਦ੍ਰਿਸ਼ਟੀਕੋਣ ਦਾ ਹੈ। ਹਮੇਸ਼ਾ ਹੀ ਲੜਾਈ ਵਿੱਚ ਉਲਝੇ ਲੋਕਾਂ ਨੂੰ ਚੀਜ਼ਾਂ ਤੇ ਘਟਨਾਵਾਂ ਉਨ੍ਹਾਂ ਲੋਕਾਂ ਨਾਲੋਂ, ਜੋ ਲੜਾਈ ਤੋਂ ਬਾਹਰ ਹੁੰਦੇ ਹਨ, ਵੱਖਰੀ ਤਰ੍ਹਾਂ ਦਿਖਾਈ ਦਿੰਦੀਆਂ ਹਨ। ਇਸ ਨਿਯਮ ਨੂੰ ਅਤੇ ਲੜਾਈ ਦੀ ਤਪਸ਼ ਨਾਲ ਮਘ ਰਹੇ ਲੋਕਾਂ ਦੀ ਮਨੋਅਵਸਥਾ ਨੂੰ ਨਜ਼ਰ-ਅੰਦਾਜ਼ ਕਰਕੇ ਸਮਾਜੀ ਲਹਿਰਾਂ ਬਾਰੇ ਮਕੈਨਕੀ ਕਿਸਮ ਦੇ ਨਿਰਣੇ ਤਾਂ ਕੱਢੇ ਜਾ ਸਕਦੇ ਹਨ ਪ੍ਰੰਤੂ ਉਨ੍ਹਾਂ ਦੀ ਆਤਮਾ ਦੇ ਕਰੀਬ ਨਹੀਂ ਪਹੁੰਚਿਆ ਜਾ ਸਕਦਾ।......ਖ਼ੈਰ, ਕੁਝ ਵੀ ਹੋਵੇ, ਸਿੱਖ ਅੰਦੋਲਨਕਾਰੀਆਂ ਦੇ ਸਿੱਖ ਲਹਿਰ ਸਬੰਧੀ ਅਜਿਹੇ ਨਿਰਣੇ ਤੇ ਅਨੁਮਾਨ, ਉਨ੍ਹਾਂ ਨੂੰ ਮੱਲੋਜ਼ੋਰੀ ਅਤੇ ਤੇਜ਼ੀ ਨਾਲ ਕਾਂਗਰਸ ਮਾਰਕਾ 'ਕੌਮੀ ਮੁੱਖ ਧਾਰਾ' ਵੱਲ ਧੂਹੀ ਲਈ ਜਾ ਰਹੇ ਸਨ। ਸ਼ਹੀਦੀ ਕਾਨਫ਼ਰੰਸ ਮੌਕੇ ਤਾਂ ਰਵਾਇਤੀ ਸਿੱਖ ਲੀਡਰਾਂ ਨੇ ਗਾਂਧੀ ਦੀ ਗ਼ੈਰ-ਸਰਕਾਰੀ ਜਾਂਚ ਕਮੇਟੀ ਬਣਾਉਣ ਦੀ ਤਜਵੀਜ਼, ਜਿਵੇਂ ਕਿਵੇਂ ਟਾਲ ਦਿੱਤੀ ਪਰ ਉਸ ਤੋਂ ਬਾਅਦ ਘਟਨਾਵਾਂ ਦੇ ਵਹਿਣ ਨੇ ਜੋ ਵੇਗ ਤੇ ਦਿਸ਼ਾ ਅਖ਼ਤਿਆਰ ਕਰ ਲਈ, ਉਸ ਦੇ ਸਨਮੁੱਖ ਰਵਾਇਤੀ ਲੀਡਰਸ਼ਿਪ ਨੂੰ ਆਪਣੇ ਪੈਰ ਟਿਕਾਉਣੇ ਮੁਸ਼ਕਲ ਹੋ ਗਏ।

ਸ਼ਹੀਦੀ ਕਾਨਫ਼ਰੰਸ ਤੋਂ ਫ਼ੌਰੀ ਬਾਅਦ ਬਰਤਾਨਵੀ ਹਕੂਮਤ ਨੇ ਸਿੱਖ ਲਹਿਰ ਉੱਤੇ ਤਸ਼ੱਦਦ ਦੀ ਇਕ ਵਿਆਪਕ ਮੁਹਿੰਮ ਆਰੰਭ ਦਿੱਤੀ। ਸਭਨਾਂ ਪ੍ਰਮੁੱਖ ਅੰਦੋਲਨਕਾਰੀਆਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹੀਂ ਸੁੱਟ ਦਿੱਤਾ ਗਿਆ ਅਤੇ ਉਨ੍ਹਾਂ 'ਤੇ ਮੁਕੱਦਮੇ ਚਲਾ ਕੇ ਸਖ਼ਤ ਸਜ਼ਾਵਾਂ ਸੁਣਾਈਆਂ ਗਈਆਂ। ਆਮ ਸਿੱਖ ਜਨਤਾ ਅੰਦਰ ਡਰ ਅਤੇ ਸਹਿਮ ਪੈਦਾ ਕਰਨ ਲਈ ਵੱਡੇ ਪੈਮਾਨੇ 'ਤੇ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ। ਮਹੰਤਾਂ ਕੋਲੋਂ ਮੁਕਤ ਕਰਵਾਏ ਕਈ ਗੁਰਦੁਆਰੇ ਵਾਪਸ ਉਨ੍ਹਾਂ ਨੂੰ ਸੌਂਪ ਦਿੱਤੇ ਅਤੇ ਬਾਕੀਆਂ 'ਤੇ ਪੁਲਸ ਪਹਿਰੇ ਲਾ ਦਿੱਤੇ। ਅੰਗੇਰਜ਼ ਹਕੂਮਤ ਨੇ ਸੋਚਿਆ ਤਾਂ ਸ਼ਾਇਦ ਇਹ ਹੋਵੇਗਾ ਕਿ ਇਸ ਨਾਲ ਸਿੱਖ ਜਗਤ ਅੰਦਰ ਅੰਦੋਲਨਕਾਰੀਆਂ ਦੀ ਪੋਜ਼ੀਸ਼ਨ ਕਮਜ਼ੋਰ ਅਤੇ ਰਵਾਇਤੀ ਵਰਗਾਂ ਦੀ ਮਜ਼ਬੂਤ ਹੋ ਜਾਵੇਗੀ ਪਰ ਹੋਇਆ ਇਸ ਦੇ ਉਲਟ। ਸਿੱਖ ਸੰਘਰਸ਼ ਦੇ ਚੜ੍ਹਤ ਦੀ ਅਵਸਥਾ 'ਚ ਹੋਣ ਕਰਕੇ ਹਕੂਮਤੀ ਜਬਰ ਦੇ 'ਟੀਕੇ' ਦਾ ਉਲਟਾ ਅਸਰ ਹੋਇਆ। ਸਿੱਖ ਜਗਤ ਅੰਦਰ ਲੜਾਈ ਦਾ ਰੌਂਅ ਅਤੇ ਜਜ਼ਬਾ ਠੰਢਾ ਪੈਣ ਦੀ ਬਜਾਇ ਹੋਰ ਵੱਧ ਤਾਅ ਫੜ ਗਿਆ। 5 ਅਪ੍ਰੈਲ 1921 ਨੂੰ ਨਨਕਾਣਾ ਸਾਹਿਬ ਵਿਖੇ ਜੁੜੇ ਇਕ ਵਿਸ਼ਾਲ ਇਕੱਠ ਨੇ ਜੈਕਾਰਿਆਂ ਦੀ ਗੂੰਜ ਵਿੱਚ ਨਾਮਿਲਵਰਤਨ ਦਾ ਮਤਾ ਪਾਸ ਕਰ ਦਿੱਤਾ। ਇਸ ਤੋਂ ਛੇਵੇਂ ਦਿਨ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਇਸ ਮਤੇ ਦੀ ਤਾਈਦ ਕਰ ਦਿੱਤੀ। ਹਾਲਤਾਂ ਵੱਲੋਂ ਲਏ ਇਸ ਮੋੜ ਨੇ ਸ: ਹਰਬੰਸ ਸਿੰਘ ਅਟਾਰੀ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨਗੀ ਪਦ ਤੋਂ ਅਸਤੀਫ਼ਾ ਦੇਣ ਲਈ ਮਜਬੂਰ ਕਰ ਦਿੱਤਾ। ਉਸ ਦੀ ਜਗ੍ਹਾ ਸਰਦਾਰ ਖੜਕ ਸਿੰਘ ਨੂੰ ਪ੍ਰਧਾਨ ਚੁਣ ਲਿਆ ਗਿਆ। ਇਉਂ, ਸਿੱਖ ਲਹਿਰ ਅੰਦਰ ਪੁਰਾਣੀ ਲੀਡਰਸ਼ਿਪ ਨੂੰ ਹਟਾ ਕੇ ਨਵੀਂ ਲੀਡਰਸ਼ਿਪ ਦੀ ਸਥਾਪਤੀ ਦਾ ਅਮਲ ਆਪਣੇ ਮੰਤਕੀ ਟਿਕਾਣੇ 'ਤੇ ਅੱਪੜ ਗਿਆ।

ਇਸੇ ਦੌਰਾਨ ਗਾਂਧੀ ਨੇ ਸਿੱਖ ਲਹਿਰ ਅੰਦਰ ਆਪਣੇ ਦਖ਼ਲ ਨੂੰ ਵਧੇਰੇ ਕਾਰਗਰ ਬਣਾਉਣ ਲਈ ਉਚੇਚਾ 'ਅਕਾਲੀ ਸਹਾਇਕ ਬਿਉਰੋ' ਸਥਾਪਤ ਕੀਤਾ। ਪਹਿਲਾਂ ਪ੍ਰੋ. ਗਿਡਵਾਨੀ ਤੇ ਬਾਅਦ 'ਚ ਕੇਰਲਾ ਦੇ ਕੇ.ਐਮ. ਪਨੀਕਰ ਨੂੰ ਇਸ ਦਾ ਇਨਚਾਰਜ ਬਣਾਇਆ ਗਿਆ। ਗਾਂਧੀ ਅਤੇ ਬਿਉਰੋ ਦੇ ਇਨਚਾਰਜਾਂ ਦਰਮਿਆਨ ਹੋਇਆ ਚਿੱਠੀ-ਪੱਤਰ ਅਤੇ ਖ਼ਾਸ ਕਰਕੇ ਗਾਂਧੀ ਵੱਲੋਂ ਜੈਤੋ ਮੋਰਚੇ ਦੌਰਾਨ ਅਕਾਲੀ ਆਗੂਆਂ ਨੂੰ ਲਿਖੀਆਂ ਚਿੱਠੀਆਂ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਗਾਂਧੀ ਦੇ ਮਨ ਅੰਦਰ ਅਕਾਲੀ ਐਜੀਟੇਸ਼ਨ ਦੇ ਉਦੇਸ਼ਾਂ ਤੇ ਸਾਧਨਾਂ ਬਾਰੇ ਵਾਰ-ਵਾਰ ਸ਼ੰਕੇ ਉਠਦੇ ਰਹੇ। ਅੱਵਲ ਦਰਜੇ ਦੇ ਬੁੱਧੀਮਾਨ

ਤੇ ਤੇਜ਼ ਦਿਮਾਗ਼ ਸਿਆਸਤਦਾਨ ਹੋਣ ਦੇ ਨਾਤੇ, ਗਾਂਧੀ ਨੇ ਇਸ ਪੰਥਕ ਉਭਾਰ ਦੀਆਂ ਸਭ ਲੁਪਤ ਸੰਭਾਵਨਾਵਾਂ ਦਾ ਕਿਆਫ਼ਾ ਲਾ ਲਿਆ ਹੋਇਆ ਸੀ। ਉਹ ਇਹ ਗੱਲ ਤਾੜ ਗਿਆ ਸੀ ਕਿ ਸਿੱਖ ਪੰਥ ਅੰਦਰ ਜਾਗੀ ਇਹ ਚੇਤਨਾ ਗੁਰਧਾਮਾਂ ਦੀ ਆਜ਼ਾਦੀ ਤਕ ਹੀ ਸੀਮਤ ਜਾਂ ਸੰਤੁਸ਼ਟ ਹੋ ਕੇ ਰਹਿ ਜਾਣ ਵਾਲੀ ਨਹੀਂ। ਸਿੱਖ ਕੌਮ ਅੰਦਰ ਗੁਰਧਾਮਾਂ ਦੀ ਆਜ਼ਾਦੀ ਲਈ ਜਾਗੇ ਇਸ ਜੋਸ਼ੋਖ਼ਰੋਸ਼ ਦਾ ਮੰਤਕੀ ਨਤੀਜਾ, ਉਸ ਅੰਦਰ ਆਜ਼ਾਦ ਸਿੱਖ ਰਾਜ ਲਈ ਸੁਸਤਾਈਆਂ ਰੀਝਾਂ ਦੇ ਮੁੜ ਕਰਮਸ਼ੀਲ ਹੋਣ ਵਿੱਚ ਨਿਕਲੇਗਾ। ਇਸ ਬਾਰੇ ਉਹ ਅਕਾਲੀਆਂ ਕੋਲੋਂ ਦੋ ਟੁਕ ਤੇ ਸਪਸ਼ਟ ਯਕੀਨਦਹਾਨੀ ਦੀ ਮੰਗ ਕਰਦਾ ਸੀ।[4] ਸ਼੍ਰੋਮਣੀ ਕਮੇਟੀ ਨੇ ਗਾਂਧੀ ਦੇ ਖ਼ਤਾਂ ਦੇ ਜੁਆਬ ਵਿੱਚ 20 ਅਪ੍ਰੈਲ 1924 ਨੂੰ ਇਕ ਲੰਮਾ ਪੱਤਰ ਲਿਖਿਆ ਜਿਸ 'ਚ ਗਾਂਧੀ ਦੇ ਸ਼ੰਕੇ ਨਵਿਰਤ ਕਰ ਦਿੱਤੇ ਗਏ। ਸ਼੍ਰੋਮਣੀ ਕਮੇਟੀ ਨੇ ਗਾਂਧੀ ਨੂੰ ਇਹ 'ਪੂਰਨ ਵਿਸ਼ਵਾਸ' ਦੁਆਇਆ ਕਿ "ਸਿਰਫ਼ ਸ਼੍ਰੋਮਣੀ ਕਮੇਟੀ ਹੀ ਨਹੀਂ, ਕੋਈ ਵੀ ਸਿੱਖ ਸੰਸਥਾ ਜਾਂ ਵਿਅਕਤੀ ਸੁਪਨੇ ਵਿੱਚ ਵੀ ਸਿੱਖ ਰਾਜ ਦੀ ਕਾਇਮੀ ਦਾ ਵਿਚਾਰ ਜਾਂ ਚਾਹਨਾ ਨਹੀਂ ਰੱਖਦਾ।"[5]

ਉਧਰ, ਦੂਜੇ ਪਾਸੇ, ਬਰਤਾਨਵੀ ਹਾਕਮਾਂ ਦੀ ਸੋਚ ਦੀ ਸੂਈ ਵੀ ਕੁਝ ਇਸੇ ਹੀ ਮੀਟਰ 'ਤੇ ਘੁੰਮ ਰਹੀ ਸੀ। ਉਂਝ ਭਾਵੇਂ ਉਨ੍ਹਾਂ ਦੀ ਸਮੁੱਚੀ ਰਣਨੀਤੀ ਅੰਦਰ ਸਿੱਖ ਭਾਈਚਾਰੇ ਦਾ ਸਹਿਯੋਗ ਤੇ ਸਦਭਾਵਨਾ ਖ਼ਾਸ ਅਹਿਮੀਅਤ ਰੱਖਦੀ ਸੀ। ਪੰਜਾਬ ਉੱਤੇ ਕਬਜ਼ਾ ਕਰਨ ਤੋਂ ਬਾਅਦ ਵਾਹ ਲੱਗਦੀ ਉਹ ਸਿੱਖ ਕੌਮ ਨੂੰ ਨਰਾਜ਼ ਕਰਨ ਤੋਂ ਗੁਰੇਜ਼ ਕਰਨ ਦੀ ਆਮ ਸੇਧ ਅਪਣਾ ਕੇ ਚੱਲ ਰਹੇ ਸਨ। ਪਰ ਗੁਰਦੁਆਰਾ ਲਹਿਰ ਸ਼ੁਰੂ ਹੋਣ ਨਾਲ, ਖ਼ਾਸ ਕਰਕੇ ਨਨਕਾਣਾ ਸਾਹਿਬ ਦੇ ਸਾਕੇ ਤੋਂ ਬਾਅਦ ਜੇਕਰ ਉਨ੍ਹਾਂ ਆਪਣੀ ਇਸ ਆਮ ਸੇਧ ਤੋਂ ਲਾਂਭੇ ਹਟ ਕੇ, ਸਿੱਖ ਸੰਘਰਸ਼ ਪ੍ਰਤੀ ਜਾਬਰ ਵਤੀਰਾ ਧਾਰਨ ਕਰ ਲਿਆ ਹੋਇਆ ਸੀ ਤਾਂ ਇਸ ਦੇ ਦੋ ਕਾਰਨ ਨਜ਼ਰ ਆਉਂਦੇ ਹਨ। ਪਹਿਲਾ ਇਹ ਕਿ, ਗਾਂਧੀ ਵਾਂਗ ਅੰਗਰੇਜ਼ ਹਾਕਮਾਂ ਨੂੰ ਵੀ ਸਿੱਖ ਸੰਘਰਸ਼ ਦੇ 'ਖ਼ਤਰਨਾਕ' ਦਿਸ਼ਾ ਅਖ਼ਤਿਆਰ ਕਰ ਜਾਣ ਦਾ ਹਕੀਕੀ ਡਰ ਮਾਰ ਰਿਹਾ ਸੀ। ਨਨਕਾਣਾ ਸਾਹਿਬ ਦੇ ਮੋਰਚੇ ਦੌਰਾਨ ਸਰਕਾਰ ਦੀ ਇਕ ਖ਼ੁਫ਼ੀਆ ਰਿਪੋਰਟ ਅੰਗਰੇਜ਼ ਹਾਕਮਾਂ ਦੇ ਮਨ ਅੰਦਰਲੇ ਡਰ ਅਤੇ ਤੌਖਲਿਆਂ ਦਾ ਇਸ ਤਰ੍ਹਾਂ ਖ਼ੁਲਾਸਾ ਕਰਦੀ ਸੀ : "ਸਿੱਖ ਕਿਰਸਾਨੀ ਅੰਦਰ ਇਹ ਵਿਚਾਰ ਪ੍ਰਵਾਹ ਚੱਲ ਰਿਹਾ ਹੈ ਕਿ ਮੌਜੂਦਾ ਲਹਿਰ ਇਕ ਵੱਡੀ ਚੱਕ-ਥੱਲ, ਜੋ ਸਿੱਖਾਂ ਨੂੰ ਮੁੜ ਪੰਜਾਬ ਦੀ ਮਾਲਕੀ ਬਹਾਲ ਕਰ ਦੇਵੇਗੀ, ਦੀ ਹੀ ਇਕ ਪੂਰਵਲੀ ਝਲਕੀ ਹੈ।"[6] ਇਕ ਅੰਗਰੇਜ਼ ਲੇਖਕ (ਸਰ ਮਾਲਕਮ ਡਾਰਲਿੰਗ) ਦੇ ਸਿੱਖਾਂ ਬਾਰੇ ਲਿਖੇ ਵਿਚਾਰ ਵੀ ਬਹੁਤ ਭਾਵਪੂਰਤ ਹਨ। *ਐਟ ਫ਼ਰੀਡਮਜ਼ ਡੋਰ* ਨਾਂ ਦੀ ਕਿਤਾਬ ਵਿੱਚ ਡਾਰਲਿੰਗ ਲਿਖਦਾ ਹੈ ਕਿ "ਸਿੱਖ ਬੜੇ ਹੀ ਜੋਸ਼ਮੱਤੇ, ਮੜ੍ਹਕ ਵਾਲੇ ਤੇ ਰੋਹਬਦਾਰ ਲੋਕ ਹਨ। ਉਹ ਇਸ ਗੱਲ ਨੂੰ ਕਦੇ ਨਹੀਂ ਭੁੱਲਦੇ ਕਿ ਪੰਜਾਬ ਅਸੀਂ ਉਨ੍ਹਾਂ ਪਾਸੋਂ ਜਿੱਤ ਕੇ ਪ੍ਰਾਪਤ ਕੀਤਾ ਸੀ।" ਦੂਜਾ, ਅੰਗਰੇਜ਼ ਹਕੂਮਤ ਨੂੰ ਇਹ ਖ਼ਤਰਾ ਭਾਸਣ ਲੱਗ ਪਿਆ ਸੀ ਕਿ ਗੁਰਦੁਆਰਿਆਂ ਦਾ ਕੰਟਰੋਲ ਮਹੰਤਾਂ ਦੇ ਹੱਥਾਂ 'ਚੋਂ ਨਿਕਲ ਕੇ ਉਨ੍ਹਾਂ ਤਾਕਤਾਂ ਦੇ ਹੱਥਾਂ 'ਚ ਚਲਾ ਜਾਵੇਗਾ ਜੋ ਬਰਤਾਨਵੀ ਰਾਜ ਨੂੰ ਕੈਰੀ ਅੱਖ ਨਾਲ ਦੇਖਦੀਆਂ ਹਨ। ਉਨ੍ਹਾਂ ਨੂੰ ਡਰ ਸੀ ਕਿ ਇਹ ਤਾਕਤਾਂ ਗੁਰਦੁਆਰਿਆਂ ਦੇ ਰੁਤਬੇ ਤੇ ਆਮਦਨ ਵਗੈਰਾ ਦਾ ਸਰਕਾਰ ਵਿਰੋਧੀ ਰਾਜਸੀ ਲਹਿਰ ਲਈ ਇਸਤੇਮਾਲ ਕਰਨਗੀਆਂ। ਨਵੀਂ ਸਿੱਖ ਲੀਡਰਸ਼ਿਪ ਵੱਲੋਂ ਅਖ਼ਤਿਆਰ ਕੀਤੀ ਸੇਧ ਅਤੇ ਉਸ ਦੀ ਕਾਂਗਰਸ ਨਾਲ ਵਧ ਰਹੀ ਨੇੜਤਾ 'ਚੋਂ, ਸਰਕਾਰ ਨੂੰ ਆਪਣੇ ਖਦਸ਼ੇ ਸੱਚ ਹੁੰਦੇ ਪ੍ਰਤੀਤ ਹੋਣ ਲੱਗ ਪਏ ਸਨ। ਇਸ ਕਰਕੇ, ਉਸ ਨੇ ਨਨਕਾਣਾ ਸਾਹਿਬ ਦੀ ਸ਼ਹੀਦੀ ਕਾਨਫ਼ਰੰਸ ਤੋਂ ਫ਼ੌਰਨ ਬਾਅਦ ਸਿੱਖ ਭਾਈਚਾਰੇ ਉੱਤੇ, ਵਹਿਸ਼ੀ ਜਬਰ ਦੀ ਵਿਆਪਕ ਮੁਹਿੰਮ ਚਲਾ ਦਿੱਤੀ।[7]

ਜਿਥੋਂ ਤਕ ਮੁਸਲਿਮ ਭਾਈਚਾਰੇ ਦਾ ਸਬੰਧ ਸੀ, ਉਹ ਆਮ ਕਰਕੇ ਗੁਰਦੁਆਰਾ ਸਿੱਖ ਲਹਿਰ ਨੂੰ ਸ਼ੱਕ ਤੇ ਵਿਰੋਧ ਦੀ ਭਾਵਨਾ ਨਾਲ ਦੇਖਦਾ ਸੀ। ਸਰ ਫ਼ਜ਼ਲੀ-ਹੁਸੈਨ ਨੇ ਇਸ ਦੀ ਵਜ੍ਹਾ ਦਰਸਾਉਂਦਿਆਂ ਹੋਇਆਂ ਲਿਖਿਆ ਕਿ "ਭਾਵੇਂ ਸਿੱਖ ਧਾਰਮਿਕ ਤੌਰ 'ਤੇ ਆਪਣੀ ਸੁਤੰਤਰਤਾ ਦਾ ਐਲਾਨ ਕਰਦੇ ਹਨ, ਪਰ ਰਾਜਸੀ ਤੌਰ 'ਤੇ ਉਹ ਹਿੰਦੂ ਸਿਆਸਤਦਾਨਾਂ ਦੇ ਢਹੇ ਚੜ੍ਹੇ ਹੋਏ ਹਨ.......ਹਿੰਦੂਆਂ ਦੀ ਹਮਾਇਤ ਹਾਸਲ ਕਰ ਲੈਣ ਅਤੇ ਬਰਤਾਨਵੀ ਸਰਕਾਰ ਉੱਤੇ ਆਪਣੀ ਤਾਕਤ ਦਾ ਰੋਹਬ ਪਾ ਲੈਣ ਤੋਂ ਬਾਅਦ, ਉਹ ਆਪਣੀ ਪੋਜ਼ੀਸ਼ਨ ਨੂੰ ਪੱਕੇ-ਪੈਰੀਂ ਕਰਨਾ ਅਤੇ ਮੁਸਲਮਾਨਾਂ ਨੂੰ ਆਪਣੇ ਹੱਕਾਂ 'ਤੇ ਦਾਅਵਾ ਜਤਲਾਉਣ ਤੋਂ ਰੋਕਣ ਦੀ ਦਿਸ਼ਾ 'ਚ ਅੱਗੇ ਵਧਣਾ ਚਾਹੁੰਦੇ ਹਨ।"[8]

ਸਿੱਖਾਂ ਨੂੰ ਹਰਿਮੰਦਰ ਸਾਹਿਬ ਉੱਤੇ ਸਰਕਾਰੀ ਕੰਟਰੋਲ ਚਿਰਾਂ ਤੋਂ ਰੜਕ ਰਿਹਾ ਸੀ। 29 ਅਕਤੂਬਰ 1921 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਨੇ ਇਕ ਮਤਾ ਪਾ ਕੇ ਸਰਕਾਰ ਵੱਲੋਂ ਨਿਯੁਕਤ ਕੀਤੇ ਸਰਬਰਾਹ ਸ: ਸੁੰਦਰ ਸਿੰਘ ਰਾਮਗੜ੍ਹੀਆ ਨੂੰ ਆਦੇਸ਼ ਦਿੱਤਾ ਕਿ ਉਹ ਤੋਸ਼ੇਖਾਨੇ ਦੀਆਂ ਚਾਬੀਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ: ਖੜਕ ਸਿੰਘ ਦੇ ਹਵਾਲੇ ਕਰ ਦੇਵੇ। ਸ: ਸੁੰਦਰ ਸਿੰਘ ਰਾਮਗੜ੍ਹੀਆ ਨੇ ਫ਼ੌਰਨ ਡੀ.ਸੀ. ਨਾਲ ਸੰਪਰਕ ਕੀਤਾ ਅਤੇ ਡੀ.ਸੀ. ਨੇ ਚਾਬੀਆਂ ਆਪਣੇ ਇਕ ਸਹਾਇਕ ਦੇ ਸਪੁਰਦ ਕਰ ਦਿੱਤੀਆਂ। ਇਸ ਨਾਲ ਸਿੱਖ ਜਗਤ ਅੰਦਰ ਇਕਦਮ ਗ਼ੁੱਸਾ ਭੜਕ ਪਿਆ। ਮੋਰਚਾ ਸ਼ੁਰੂ ਹੋ ਗਿਆ। ਹਮੇਸ਼ਾ ਵਾਂਗ ਸਰਕਾਰ ਨੇ ਜਬਰ ਤਸ਼ੱਦਦ ਨਾਲ ਸਿੱਖਾਂ ਨੂੰ ਧਰਕਾਉਣਾ ਚਾਹਿਆ। ਵੱਡੀ ਪੱਧਰ 'ਤੇ ਗ੍ਰਿਫ਼ਤਾਰੀਆਂ ਤੇ ਸਜ਼ਾਵਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ। ਸ: ਖੜਕ ਸਿੰਘ ਨੂੰ ਵੀ ਜੇਲ੍ਹ 'ਚ ਡੱਕ ਦਿੱਤਾ ਗਿਆ। ਪਰ ਜਿੰਨਾ ਸਰਕਾਰੀ ਤਸ਼ੱਦਦ ਤਿੱਖਾ ਹੁੰਦਾ ਗਿਆ, ਓਨਾ ਹੀ ਸਿੱਖ ਜਗਤ ਅੰਦਰ ਰੋਹ ਤੇ ਗ਼ੁੱਸਾ ਵਧਦਾ ਗਿਆ। ਲਹਿਰ ਪੰਜਾਬ ਦੇ ਪਿੰਡ ਪਿੰਡ ਤਕ ਫੈਲ ਗਈ। ਸਰਕਾਰ ਦੇ ਕਹੇ 'ਤੇ ਕੋਈ ਵੀ ਸਿੱਖ ਸਰਬਰਾਹ ਬਣਨ ਲਈ ਤਿਆਰ ਨਹੀਂ ਸੀ। ਮੋਰਚੇ ਦਾ ਸਿੱਖ ਫ਼ੌਜਾਂ ਤਕ ਅਸਰ ਫੈਲਣ ਲੱਗਾ ਅਤੇ ਸਰਕਾਰ ਨੂੰ ਝੁਕਣਾ ਪਿਆ। 17 ਜਨਵਰੀ 1922 ਨੂੰ ਬਿਨਾਂ ਸ਼ਰਤ ਰਿਹਾਈਆਂ ਦੇ ਹੁਕਮ ਹੋ ਗਏ ਅਤੇ 53 ਚਾਬੀਆਂ ਦਾ ਗੁੱਛਾ ਸ: ਖੜਕ ਸਿੰਘ ਨੂੰ ਭਰੇ ਦੀਵਾਨ ਵਿੱਚ ਸੌਂਪ ਦਿੱਤਾ ਗਿਆ। ਇਸ ਤਰ੍ਹਾਂ ਸਿੱਖ ਜਗਤ ਦੀ ਦਰਬਾਰ ਸਾਹਿਬ ਉੱਤੇ ਪੰਥਕ ਕੰਟਰੋਲ ਦੀ ਚਿਰਾਂ ਦੀ ਮੰਗ ਤੇ ਸੱਧਰ ਪੂਰੀ ਹੋ ਗਈ।

ਇਸ ਨਮੋਸ਼ੀ ਭਰੀ ਹਾਰ ਤੋਂ ਬਾਅਦ ਸਰਕਾਰ ਨੇ ਸਿੱਖ ਲਹਿਰ ਉੱਤੇ ਇਕ ਵਾਰ ਫ਼ਿਰ ਜਬਰ ਦਾ ਹਥਿਆਰ ਅਜ਼ਮਾ ਕੇ ਦੇਖਿਆ। ਮਾਰਚ 1922 ਵਿੱਚ ਫਿਰ ਤਸ਼ੱਦਦ ਦਾ ਇਕ ਦੌਰ ਚੱਲਿਆ। ਪਰ ਥੋੜ੍ਹੇ ਹੀ ਚਿਰ ਬਾਅਦ, ਅਗਸਤ 1922 ਵਿੱਚ ਉਸ ਨੂੰ 'ਗੁਰੂ ਕਾ ਬਾਗ਼' ਦੇ ਮੋਰਚੇ ਵਿੱਚ ਫਿਰ ਨੈਤਿਕ ਪਛਾੜ ਦਾ ਸਾਹਮਣਾ ਕਰਨਾ ਪਿਆ। ਇਸ ਤੋਂ ਬਾਅਦ ਬਰਤਾਨਵੀ ਹਕੂਮਤ ਕਾਫ਼ੀ ਢੋਲੀ ਪੈ ਗਈ। ਪਰ ਸਿੱਖ ਲਹਿਰ ਦਾ ਵੇਗ ਅਜੇ ਜਿਉਂ ਦੀ ਤਿਉਂ ਬਣਿਆ ਹੋਇਆ ਸੀ। ਇਸ ਵੇਗ ਤੇ ਜੋਸ਼ੋਖ਼ਰੋਸ਼ ਦੀ ਲਹਿਰ 'ਚੋਂ ਹੀ ਸ਼੍ਰੋਮਣੀ ਕਮੇਟੀ ਨੇ, ਬਰਤਾਨਵੀ ਹਕੂਮਤ ਵੱਲੋਂ ਰਾਜਸੀ ਖੁੰਦਕ ਅਧੀਨ ਮਹਾਰਾਜਾ ਨਾਭਾ ਨੂੰ ਗੱਦੀਓਂ ਲਾਹੁਣ ਦੀ ਕਾਰਵਾਈ ਵਿਰੁੱਧ ਸੰਘਰਸ਼ ਕਰਨ ਦਾ ਫ਼ੈਸਲਾ ਲੈ ਲਿਆ। ਮੋਰਚਾ ਸ਼ੁਰੂ ਤਾਂ ਹੋ ਗਿਆ ਅਤੇ ਸਿੱਖ ਜਗਤ ਅੰਦਰ ਵੱਡੀ ਸਰਗਰਮੀ ਵੀ ਛਿੜ ਪਈ ਪਰ ਇਕ ਤਾਂ ਮਸਲਾ ਸਿੱਧਾ ਸਿਆਸੀ ਹੋਣ ਕਰਕੇ ਅਤੇ ਦੂਜਾ ਮਹਾਰਾਜਾ ਨਾਭਾ ਵੱਲੋਂ ਵਾਰ-ਵਾਰ ਥਿੜਕਣ ਤੇ ਕਮਜ਼ੋਰੀ ਦਿਖਾਉਣ ਨਾਲ ਸਿੱਖ ਲੀਡਰਸ਼ਿਪ ਨੂੰ ਕਾਫ਼ੀ ਕਸੂਤੀਆਂ ਹਾਲਤਾਂ ਦਾ ਸਾਹਮਣਾ ਕਰਨਾ ਪੈ ਗਿਆ। ਜੈਤੋ ਵਿਖੇ ਫ਼ੌਜ ਵੱਲੋਂ ਦੀਵਾਨ ਅੰਦਰ ਅਖੰਡ ਪਾਠ ਵਿੱਚ ਵਿਘਨ ਪਾਉਣ ਦੀ ਘਟਨਾ ਨੇ ਸਿੱਖਾਂ ਦੇ ਧਾਰਮਿਕ ਜਜ਼ਬਾਤਾਂ

ਨੂੰ ਅਜਿਹੀ ਚੋਭ ਲਾਈ ਕਿ ਉਨ੍ਹਾਂ ਲਈ ਇਹ ਮਸਲਾ ਜ਼ਿੰਦਗੀ ਮੌਤ ਦਾ ਸੁਆਲ ਬਣ ਗਿਆ। ਮੋਰਚੇ ਦੇ ਬੇਹੱਦ ਲਮਕ ਜਾਣ ਕਾਰਨ ਸਿੱਖ ਲੀਡਰਸ਼ਿਪ ਨੂੰ ਆਪਸੀ ਵਿਰੋਧਾਂ ਤੇ ਕਲੇਸ਼ਾਂ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਦੁਸ਼ਵਾਰ ਹਾਲਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਧਰ ਸਰਕਾਰ ਦਾ ਵੀ ਦਮ ਟੁੱਟ ਚੁੱਕਾ ਸੀ ਅਤੇ ਉਸਨੇ ਅੰਦਰਖਾਤੇ ਸਿੱਖਾਂ ਨਾਲ ਸੁਲਹ-ਸਫ਼ਾਈ ਦਾ ਯਤਨ ਆਰੰਭ ਦਿੱਤਾ।

ਜਨਰਲ ਬਰਡਵੁੱਡ, ਜਿਸਦੀ ਸਿੱਖ ਹਲਕਿਆਂ ਅੰਦਰ ਚੰਗੀ ਸਾਖ ਸੀ, ਨੇ ਮਾਰਚ 1924 ਵਿੱਚ ਭਾਈ ਜੋਧ ਸਿੰਘ ਤੇ ਹੋਰਨਾਂ ਪਤਵੰਤੇ ਸਿੱਖਾਂ ਰਾਹੀਂ ਸਮਝੌਤੇ ਲਈ ਗੁਪਤ ਵਾਰਤਾਲਾਪ ਸ਼ੁਰੂ ਕਰ ਦਿੱਤਾ। ਕਾਂਗਰਸੀ ਆਗੂ ਇਸ ਵਾਰਤਾਲਾਪ 'ਤੇ ਢਿੱਡੋਂ ਖ਼ੁਸ਼ ਨਹੀਂ ਸਨ। ਵੈਸੇ ਉਨ੍ਹਾਂ ਨੂੰ ਸਿੱਖ ਲੀਡਰਸ਼ਿਪ ਦੀ ਮਹਾਰਾਜਾ ਨਾਭਾ ਦੇ ਮਸਲੇ ਪ੍ਰਤੀ ਅਪਨਾਈ ਸਮੁੱਚੀ ਪਹੁੰਚ 'ਤੇ ਹੀ ਵੱਡੇ ਇਤਰਾਜ਼ ਤੇ ਗਿਲੇ ਸਨ, ਜਿਨ੍ਹਾਂ ਕਰਕੇ ਕੇ.ਐਮ. ਪਨੀਕਰ ਨੇ 'ਅਕਾਲੀ ਸਹਾਇਕ ਬਿਊਰੋ' ਦੇ ਮੁਖੀ ਦਾ ਅਹੁਦਾ ਤਿਆਗ ਦਿੱਤਾ ਅਤੇ ਇਸ ਨਾਲ ਹੀ ਇਹ ਬਿਊਰੋ ਠੱਪ ਹੋ ਗਿਆ।[9] ਨਹਿਰੂ ਵੱਲੋਂ 29 ਅਪ੍ਰੈਲ 1924 ਨੂੰ ਡਾ. ਕਿਚਲੂ ਦੇ ਨਾਂ ਲਿਖੇ ਗਏ ਪੱਤਰ 'ਚੋਂ ਉਸ ਦੀ ਸਿੱਖ ਲੀਡਰਸ਼ਿਪ ਪ੍ਰਤੀ ਔਖ ਤੇ ਨਾਰਾਜ਼ਗੀ ਸਾਫ਼ ਦੇਖੀ ਜਾ ਸਕਦੀ ਸੀ।[10] ਇਸੇ ਦੌਰਾਨ ਬਰਡਵੁੱਡ ਦੀਆਂ ਸਮਝੌਤੇ ਦੀਆਂ ਕੋਸ਼ਿਸ਼ਾਂ ਨਾਕਾਮ ਹੋ ਗਈਆਂ। ਬਾਅਦ ਵਿੱਚ ਮਾਸਟਰ ਤਾਰਾ ਸਿੰਘ ਨੇ ਆਪਣੀ 'ਸਵੈ-ਜੀਵਨੀ' ਵਿੱਚ ਇਹ ਗੱਲ ਕਬੂਲੀ ਕਿ ਸਮਝੌਤੇ ਦੇ ਇਹ ਯਤਨ "ਕੇਵਲ ਸਮਝ ਦੀ ਘਾਟ ਕਰਕੇ" ਨੇਪਰੇ ਨਾ ਚੜ੍ਹ ਸਕੇ।[11]

ਖ਼ੈਰ, ਲੰਮੀ ਕਸ਼ਮਕਸ਼ ਤੋਂ ਬਾਅਦ ਗੁਰਦੁਆਰਿਆਂ ਦੀ ਆਜ਼ਾਦੀ ਲਈ ਸਿੱਖ ਕੌਮ ਦੇ ਸਿਰੜੀ ਸੰਘਰਸ਼ ਨੂੰ ਅੰਤ ਸ਼ਾਨਦਾਰ ਫ਼ਤਹਿ ਨਸੀਬ ਹੋ ਗਈ। 2 ਜੁਲਾਈ 1925 ਨੂੰ ਗੁਰਦੁਆਰਾ ਸੁਧਾਰ ਸੰਬੰਧੀ ਉਹ ਕਾਨੂੰਨ ਪਾਸ ਹੋ ਗਿਆ ਜਿਸ ਨੇ ਸਿੱਖ ਪੰਥ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਾਰੇ ਇਤਿਹਾਸਕ ਗੁਰਧਾਮਾਂ ਦੀ ਸੇਵਾ-ਸੰਭਾਲ ਦਾ ਕਾਨੂੰਨੀ ਅਧਿਕਾਰ ਬਖ਼ਸ਼ ਦਿੱਤਾ।

## ਨਵੀਂ ਮਾਰਗ-ਸੇਧ : ਗਾਂਧੀ ਬਾਗ਼ੋ-ਬਾਗ਼

ਸਿੱਖਾਂ ਦੇ ਬਲਸ਼ਾਲੀ ਸੰਘਰਸ਼ ਸਦਕਾ ਜਦ ਜਨਵਰੀ 1922 ਵਿੱਚ ਦਰਬਾਰ ਸਾਹਿਬ ਦੀਆਂ ਚਾਬੀਆਂ ਦਾ ਮੋਰਚਾ ਫ਼ਤਹਿ ਕਰ ਲਿਆ ਗਿਆ ਤਾਂ ਗਾਂਧੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਤਕਾਲੀ ਪ੍ਰਧਾਨ ਸਰਦਾਰ ਖੜਕ ਸਿੰਘ ਨੂੰ ਫ਼ੌਰਨ ਵਧਾਈ ਦੀ ਤਾਰ ਭੇਜੀ ਜਿਸ ਵਿੱਚ ਉਸ ਨੇ ਸਿੱਖਾਂ ਦੀ ਇਸ ਜਿੱਤ ਨੂੰ 'ਭਾਰਤ ਦੀ ਆਜ਼ਾਦੀ ਦੀ ਲੜਾਈ ਦੀ ਪਹਿਲੀ ਜਿੱਤ' ਕਹਿ ਕੇ ਵਡਿਆਇਆ। ਗਾਂਧੀ ਦਾ ਇਹ ਸੰਦੇਸ਼ ਨਿਰਾ ਸ਼ਿਸ਼ਟਾਚਾਰ ਦਾ ਮਾਮਲਾ ਨਹੀਂ ਸੀ। ਇਹ ਬਹੁਤ ਹੀ ਭਾਵਪੂਰਤ ਸੀ। ਇਹ ਉਸ ਵੱਲੋਂ ਸਿੱਖ ਲਹਿਰ ਨੂੰ ਫਾਹੁਣ ਲਈ ਸੁੱਟਿਆ ਇਕ ਜਾਲ ਸੀ ਜਿਸ ਨੇ ਸਿੱਖ ਲਹਿਰ ਉੱਤੇ ਬਹੁਤ ਹੀ ਦੂਰ-ਰਸ ਪ੍ਰਭਾਵ ਛੱਡਿਆ।

ਮੂਲ ਰੂਪ ਵਿੱਚ ਗੁਰਦੁਆਰਾ ਸੁਧਾਰ ਲਹਿਰ ਦੀ ਸ਼ੁਰੂਆਤ ਸਿੱਖ ਧਰਮ ਦੀ ਦੇਹੀ ਅੰਦਰ ਦਾਖ਼ਲ ਹੋ ਚੁੱਕੇ ਬ੍ਰਾਹਮਣਵਾਦੀ ਮਾਦੇ ਨੂੰ ਕੱਢ ਕੇ ਬਾਹਰ ਸੁੱਟ ਦੇਣ ਦੇ ਉਦੇਸ਼ ਨਾਲ ਹੋਈ ਸੀ। ਭਾਵੇਂ ਬਰਤਾਨਵੀ ਹਕੂਮਤ ਵੱਲੋਂ ਮਹੰਤ ਲਾਣੇ ਦੇ ਪੱਖ ਵਿੱਚ ਖੜੋ ਜਾਣ ਅਤੇ ਆਪਣੇ ਰਾਜਸੀ ਅਨੁਮਾਨਾਂ ਤੇ ਗਿਣਤੀਆਂ-ਮਿਣਤੀਆਂ 'ਚੋਂ ਸਿੱਖ ਲਹਿਰ ਪ੍ਰਤੀ ਜਾਬਰਾਨਾ ਰਵੱਈਆ ਧਾਰਨ ਕਰ ਲੈਣ ਸਦਕਾ, ਇਸ ਲਹਿਰ ਦੀ ਧਾਰ ਬਸਤੀਵਾਦੀ

ਹਾਕਮਾਂ ਵਿਰੁੱਧ ਵੀ ਸੇਧਤ ਹੋ ਗਈ ਸੀ। ਪਰ ਫਿਰ ਵੀ ਇਸ ਲਹਿਰ ਦਾ ਗਤੀ-ਅਮਲ, ਭਾਰਤ ਦੀ ਆਜ਼ਾਦੀ ਦੇ ਅੰਦੋਲਨ ਨਾਲੋਂ ਅਹਿਮ ਰੂਪ 'ਚ ਅਲੱਗ ਅਤੇ ਵੱਖਰਾ ਸੀ। ਗੁਰਦੁਆਰਿਆਂ ਨੂੰ ਹਿੰਦੂਵਾਦੀ ਪ੍ਰਭਾਵਾਂ ਤੋਂ ਮੁਕਤ ਕਰਾਉਣ ਦੀ ਲੜਾਈ ਨੂੰ ਭਾਰਤ ਦੇ ਆਜ਼ਾਦੀ ਅੰਦੋਲਨ ਦੀ ਹੀ ਇਕ (ਅਧੀਨ) ਕੜੀ ਵਜੋਂ ਪੇਸ਼ ਕਰਨਾ, ਇਸ ਦੇ ਮੂਲ ਖ਼ਾਸੇ ਨੂੰ ਨਕਾਰਨਾ ਸੀ। ਜਦ ਨਵੀਂ ਸਿੱਖ ਲੀਡਰਸ਼ਿਪ ਨੇ, ਆਪਣੀ ਬੇਸਮਝੀ ਜਾਂ ਅਗਿਆਨਤਾ ਦੀ ਵਜ੍ਹਾ ਕਰਕੇ, ਗਾਂਧੀ ਦੀ ਇਹ ਗੁਰਬੰਦੀ (ਫ਼ਾਰਮੂਲੇਸ਼ਨ) ਪ੍ਰਵਾਨ ਕਰ ਲਈ ਤਾਂ ਉਹ ਵਿਚਾਰਧਾਰਕ ਤੌਰ 'ਤੇ ਨਿਹੱਥੀ ਹੋ ਕੇ ਰਹਿ ਗਈ। ਇਸ ਨਾਲ ਉਸ ਦੀ ਸਿੱਖ ਕੌਮ ਦੇ ਹਿਤਾਂ ਨੂੰ ਸਿਰਮੌਰ ਰੱਖ ਕੇ ਸੋਚਣ ਤੇ ਅਮਲ ਕਰਨ ਦੀ ਸਮਰੱਥਾ ਜਾਂਦੀ ਰਹੀ ਅਤੇ ਉਹ ਰਾਜਸੀ ਤੌਰ 'ਤੇ ਕਾਂਗਰਸੀ (ਹਿੰਦੂ) ਆਗੂਆਂ ਦੀ ਪਿਛਲੱਗ ਹੋ ਤੁਰੀ। ਮਸਲਾ ਸਾਈਮਨ ਕਮਿਸ਼ਨ ਦਾ ਹੋਵੇ (1928) ਜਾਂ ਕਰਿਪਸ ਤਜ਼ਵੀਜਾਂ (1942) ਦਾ, ਅਕਾਲੀ ਆਗੂਆਂ ਨੇ ਆਜ਼ਾਦਾਨਾ ਤੌਰ 'ਤੇ ਸੋਚਣ ਤੇ ਫ਼ੈਸਲੇ ਲੈਣ ਦੀ ਬਜਾਇ, ਕਾਂਗਰਸੀ ਆਗੂਆਂ ਦੀ ਪੈੜ ਵਿੱਚ ਪੈੜ ਰੱਖਣ ਦਾ ਸਵੈ-ਵਿਨਾਸ਼ਕਾਰੀ ਰਾਹ ਅਖ਼ਤਿਆਰ ਕਰ ਲਿਆ। ਜੇਕਰ ਕਾਂਗਰਸ ਨੇ, ਆਪਣੀਆਂ ਰਾਜਸੀ ਗਿਣਤੀਆਂ-ਮਿਣਤੀਆਂ ਤਹਿਤ, 1930 ਵਿੱਚ ਕੌਂਸਲ ਚੋਣਾਂ ਦੇ ਬਾਈਕਾਟ ਦਾ ਫ਼ੈਸਲਾ ਲੈ ਲਿਆ ਤਾਂ ਸਿੱਖ ਲੀਗ ਨੇ ਝੱਟ ਅਤੇ ਬਿਨਾਂ ਸੋਚੇ ਵਿਚਾਰੇ ਇਸ 'ਤੇ ਫੁੱਲ ਚੜ੍ਹਾਉਣ ਦਾ ਐਲਾਨ ਕਰ ਦਿੱਤਾ। ਸੈਂਟਰਲ ਸਿੱਖ ਲੀਗ ਦੇ ਸਕੱਤਰ ਤੇ ਸਰਕਰਦਾ ਸਿੱਖ ਲੀਡਰ ਸਰਦੂਲ ਸਿੰਘ ਕਵੀਸ਼ਰ ਨੇ ਪੰਜਾਬ ਅਸੰਬਲੀ ਦੀਆਂ ਚੋਣਾਂ 'ਚੋਂ ਆਪਣੇ ਉਮੀਦਵਾਰੀ ਦੇ ਕਾਗ਼ਜ਼ ਵਾਪਸ ਲੈ ਲਏ। ਕਾਂਗਰਸ ਨੇ ਬਦੇਸੀ ਵਸਤੂਆਂ ਦੇ ਬਾਈਕਾਟ ਦਾ ਸੱਦਾ ਦਿੱਤਾ ਤਾਂ ਮਾਸਟਰ ਤਾਰਾ ਸਿੰਘ (ਜੋ ਉਸ ਵੇਲੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਸਨ) ਨੇ ਅਕਾਲ ਤਖ਼ਤ ਵੱਲੋਂ ਝੱਟ ਇਹ ਫ਼ੈਸਲਾ ਕਰ ਮਾਰਿਆ ਕਿ ਗੁਰੂ ਗ੍ਰੰਥ ਸਾਹਿਬ ਦੇ ਰੁਮਾਲੇ ਦੇਸੀ ਖੱਦਰ ਦੇ ਹੋਣਗੇ ਅਤੇ ਗੁਰਦੁਆਰਿਆਂ ਅੰਦਰ ਬਦੇਸੀ ਖੰਡ ਦਾ ਬਣਿਆ ਕੜਾਹ ਪ੍ਰਸ਼ਾਦ ਪ੍ਰਵਾਨ ਨਹੀਂ ਕੀਤਾ ਜਾਵੇਗਾ।[12] ਬਾਬਾ ਖੜਕ ਸਿੰਘ ਨੇ ਹੋਰਨਾਂ 26 ਸਿੱਖਾਂ ਨਾਲ ਰਲ ਕੇ ਆਜ਼ਾਦੀ ਦੀ 'ਕੌਮੀ ਲਹਿਰ' ਅੰਦਰ ਸ਼ਾਮਲ ਹੋਣ ਲਈ ਦਸ ਹਜ਼ਾਰ ਸਿੱਖ ਵਲੰਟੀਅਰਾਂ ਨੂੰ ਤਿਆਰ-ਬਰ-ਤਿਆਰ ਹੋਣ ਦਾ ਸੱਦਾ ਦੇ ਦਿੱਤਾ। ਜਦ 1921 ਵਿੱਚ ਬਰਤਾਨੀਆ ਦੇ ਸ਼ਹਿਜ਼ਾਦੇ (ਪਰਿੰਸ ਆਫ਼ ਵੇਲਜ਼) ਨੇ ਖ਼ਾਲਸਾ ਕਾਲਜ (ਅੰਮ੍ਰਿਤਸਰ) ਨੂੰ ਸਿੱਖ ਯੂਨੀਵਰਸਿਟੀ ਐਲਾਨਣ ਲਈ ਅੰਮ੍ਰਿਤਸਰ ਆਉਣ ਦਾ ਪ੍ਰੋਗਰਾਮ ਬਣਾਇਆ ਤਾਂ ਪ੍ਰੋ. ਨਰਿੰਜਣ ਸਿੰਘ ਤੇ ਉਸਦੇ ਹਮਖ਼ਿਆਲ ਹੋਰਨਾਂ ਸਿੱਖ ਪ੍ਰੋਫ਼ੈਸਰਾਂ ਨੇ ਕਾਲਜ ਵਿੱਚ ਹੜਤਾਲ ਕਰਵਾ ਕੇ ਸ਼ਹਿਜ਼ਾਦੇ ਦੀ ਪ੍ਰਸਤਾਵਿਤ ਫੇਰੀ ਵਿਰੁੱਧ ਤਿੱਖਾ ਰੋਸ ਜ਼ਾਹਿਰ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਮਤੇ ਰਾਹੀਂ ਸ਼ਹਿਜ਼ਾਦੇ ਦੀ ਭਾਰਤ ਫੇਰੀ ਮੌਕੇ ਹੜਤਾਲ ਕਰਨ ਅਤੇ ਸਿੱਖ ਫ਼ੌਜੀਆਂ ਤੇ ਪੈਨਸ਼ਨੀਆਂ ਨੂੰ ਸ਼ਹਿਜ਼ਾਦੇ ਦੇ ਮਾਣ ਵਿੱਚ ਹੋਣ ਵਾਲੇ ਸਮਾਗਮਾਂ ਤੋਂ ਲਾਂਭੇ ਰਹਿਣ ਦਾ ਸੱਦਾ ਦਿੱਤਾ।[13] ਇਸ ਵਿਰੋਧ ਸਦਕਾ ਸ਼ਹਿਜ਼ਾਦੇ ਨੂੰ ਆਪਣੀ ਅੰਮ੍ਰਿਤਸਰ ਫੇਰੀ ਮਨਸੂਖ਼ ਕਰਨੀ ਪੈ ਗਈ। ਇਸ ਦੇ ਉਲਟ ਜਦ ਮਦਨ ਮੋਹਨ ਮਾਲਵੀਆ (ਇਕ ਕਾਂਗਰਸੀ ਹਿੰਦੂ ਲੀਡਰ) ਅੰਮ੍ਰਿਤਸਰ ਪਹੁੰਚਿਆ ਤਾਂ ਅਕਾਲੀ ਲਹਿਰ ਵਿੱਚ ਸਰਗਰਮ ਸਿੱਖ ਪ੍ਰੋਫ਼ੈਸਰਾਂ ਦੀ ਅਗਵਾਈ ਹੇਠ ਖ਼ਾਲਸਾ ਕਾਲਜ ਦੇ ਵਿਦਿਆਰਥੀ, ਅੰਤਾਂ ਦੇ ਚਾਅ ਉਤਸ਼ਾਹ ਨਾਲ, ਰੇਲਵੇ ਸਟੇਸ਼ਨ 'ਤੇ ਉਸ ਦੀ ਆਓ-ਭਗਤ ਕਰਨ ਲਈ ਪਹੁੰਚੇ। ਇਕ ਹਿੰਦੂ ਕਾਂਗਰਸੀ ਆਗੂ ਪ੍ਰਤੀ ਸਿੱਖ ਵਿਦਿਆਰਥੀਆਂ ਵਿੱਚ ਸ਼ਰਧਾ ਤੇ ਚਾਓ ਇਸ ਕਦਰ ਉਛਾਲੇ ਖਾ ਰਿਹਾ ਸੀ ਕਿ ਉਨ੍ਹਾਂ ਨੇ ਉਸ ਦੀ ਬੱਘੀ ਦੇ ਘੋੜੇ ਪਾਸੇ ਕਰ ਦਿੱਤੇ ਅਤੇ ਆਪ 'ਘੋੜੇ' ਬਣ ਕੇ ਖ਼ਾਲਸਾ ਕਾਲਜ ਤਕ 'ਜਲੂਸ' (ਵੱਧ ਆਪਣਾ!) ਕੱਢਿਆ।

ਸਿੱਖ ਲੀਡਰਸ਼ਿਪ ਦਾ ਕਾਂਗਰਸੀ ਆਗੂਆਂ ਨਾਲ ਯਾਰਾਨਾ ਏਨਾ ਗੂੜ੍ਹਾ ਹੋ ਗਿਆ ਕਿ ਬਾਬਾ ਖੜਕ ਸਿੰਘ ਇੱਕੋ ਸਮੇਂ ਸੈਂਟਰਲ ਸਿੱਖ ਲੀਗ ਦਾ ਵੀ ਤੇ ਨਾਲ ਹੀ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਵੀ ਪ੍ਰਧਾਨ ਸੀ। ਸਰਦੂਲ ਸਿੰਘ ਕਵੀਸ਼ਰ ਇੱਕੋ ਸਮੇਂ ਸਿੱਖ ਲੀਗ ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ, ਦੋਨਾਂ ਦਾ ਸਕੱਤਰ ਸੀ। ਸਿੱਖਾਂ ਦੀ ਕਾਂਗਰਸ ਨਾਲ ਇਸ ਵਧ ਰਹੀ ਨੇੜਤਾ ਉੱਤੇ ਗਾਂਧੀ ਬੇਹੱਦ ਪ੍ਰਸੰਨ ਸੀ। 1921 ਵਿੱਚ ਕਾਂਗਰਸ ਦੇ ਅਹਿਮਦਾਬਾਦ ਸੈਸ਼ਨ 'ਚ ਸਿੱਖ ਡੈਲੀਗੇਟਾਂ ਦੀ ਭਰਵੀਂ ਸ਼ਮੂਲੀਅਤ 'ਤੇ ਆਪਣੀ ਖ਼ੁਸ਼ੀ ਜ਼ਾਹਿਰ ਕਰਦਿਆਂ ਗਾਂਧੀ ਨੇ ਕਿਹਾ, "ਹੁਣ... ਹਰ ਜਗ੍ਹਾ ਹੀ ਸਿੱਖ ਭਾਈਚਾਰਾ ਕੌਮੀ ਲਹਿਰਾਂ ਵਿੱਚ ਵਧ ਚੜ੍ਹ ਕੇ ਅੱਗੇ ਆ ਰਿਹਾ ਹੈ...।"[14] ਸਿੱਖ ਅਖ਼ਬਾਰਾਂ ਵਿੱਚ ਅਤੇ ਸਿੱਖ ਆਗੂਆਂ ਵੱਲੋਂ ਇਹ ਗੱਲ ਆਮ ਕਹੀ ਤੇ ਦੁਹਰਾਈ ਜਾਣ ਲੱਗੀ ਕਿ 'ਸਵਰਾਜ' ਤੋਂ ਬਗ਼ੈਰ ਸਿੱਖਾਂ ਦੇ ਹਿਤ ਸੁਰੱਖਿਅਤ ਨਹੀਂ ਹੋ ਸਕਦੇ। ਪਰ ਕਿਸੇ ਵੀ ਸਿੱਖ ਵਿਦਵਾਨ ਜਾਂ ਆਗੂ ਨੇ, ਕਿਸੇ ਵੀ ਜਗ੍ਹਾ, ਇਹ ਗੱਲ ਸਪਸ਼ਟ ਨਹੀਂ ਕੀਤੀ ਕਿ 'ਸਵਰਾਜ' ਨਾਲ ਉਨ੍ਹਾਂ ਦੇ ਹਿਤ ਕਿਵੇਂ ਪੂਰੇ ਹੋ ਜਾਣਗੇ ਜਾਂ ਸੁਰੱਖਿਅਤ ਹੋ ਜਾਣਗੇ ? ਹਿੰਦੂਆਂ ਦੇ ਮਾਮਲੇ 'ਚ ਗੱਲ ਬੜੀ ਸਾਫ਼ ਤੇ ਸਪਸ਼ਟ ਸੀ। ਉਨ੍ਹਾਂ ਲਈ 'ਸਵਰਾਜ' ਦਾ ਅਰਥ ਬਰਤਾਨਵੀ ਹਾਕਮਾਂ ਦੀ ਗ਼ੁਲਾਮੀ ਤੋਂ ਛੁਟਕਾਰਾ ਸੀ। 'ਸਵਰਾਜ' ਨੇ ਉਨ੍ਹਾਂ ਨੂੰ ਰਾਜਭਾਗ ਦੇ ਮਾਲਕ ਬਣਾਉਣਾ ਸੀ। ਇਸ ਸੰਦਰਭ 'ਚ ਦੇਖਿਆਂ ਕਾਂਗਰਸੀ ਆਗੂਆਂ ਦਾ ਨਿਸ਼ਾਨਾ ਸਾਫ਼ ਸੀ ਕਿ : ਭਾਰਤ ਲਈ ਆਜ਼ਾਦੀ ਤੇ ਉਨ੍ਹਾਂ ਲਈ ਰਾਜਸੀ ਤਾਕਤ। ਪਰ ਇਕ ਘੱਟਗਿਣਤੀ ਵਰਗ ਹੋਣ ਦੇ ਨਾਤੇ ਸਿੱਖਾਂ ਨੂੰ 'ਸਵਰਾਜ' ਨਾਲ ਸਿਧਮਸਿੱਧੀ ਆਜ਼ਾਦੀ ਅਤੇ ਰਾਜਸੀ ਸੱਤਾ ਨਹੀਂ ਸੀ ਮਿਲ ਜਾਣੀ। ਖ਼ਾਸ ਕਰਕੇ ਹਿੰਦੂ ਆਗੂਆਂ ਦੀ ਸਿੱਖ ਧਰਮ ਤੇ ਭਾਈਚਾਰੇ ਬਾਰੇ ਸਮੁੱਚੀ ਸਮਝ ਤੇ ਵਤੀਰੇ 'ਚੋਂ ਕੋਈ ਅਗਿਆਨੀ ਵੀ ਸੌਖ ਨਾਲ ਇਹ ਅਨੁਮਾਨ ਲਾ ਸਕਦਾ ਸੀ ਕਿ ਹਿੰਦੂ ਬਹੁਗਿਣਤੀ ਦੇ ਰਾਜ ਹੇਠ ਸਿੱਖਾਂ ਦੇ ਹਿਤ ਕਿੰਨੇ ਕੁ ਸੁਰੱਖਿਅਤ ਰਹਿ ਸਕਣਗੇ ? ਸੁਲਝੀ ਤੇ ਸਿਆਣੀ ਲੀਡਰਸ਼ਿਪ ਜਦ ਕਿਸੇ ਹੋਰ ਰਾਜਸੀ ਧਿਰ ਨਾਲ ਸਹਿਯੋਗ ਅਤੇ ਗੱਠਜੋੜ ਸਥਾਪਤ ਕਰਦੀ ਹੈ ਤਾਂ ਉਹ ਇਸ ਗੱਠਜੋੜ ਰਾਹੀਂ ਆਪਣੇ ਹਿਤਾਂ ਦੀ ਪੂਰਤੀ ਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਮੁਕੰਮਲ ਸੋਚ ਵਿਚਾਰ ਕਰਕੇ ਤੁਰਦੀ ਹੈ। ਇਸ ਮਾਮਲੇ 'ਚ ਕੁੱਲ ਤੋਂ ਅਹਿਮ ਗੱਲ ਭਾਈਵਾਲ ਧਿਰ ਦੇ ਬੁਨਿਆਦੀ ਖ਼ਾਸੇ ਨੂੰ ਸਮਝਣਾ ਅਤੇ ਇਸ ਦੀ ਰੋਸ਼ਨੀ ਵਿੱਚ ਉਸ ਨਾਲ ਆਪਣੇ ਰਿਸ਼ਤੇ ਦੀ ਵਿਆਕਰਣ ਨਿਰਧਾਰਤ ਕਰਨਾ ਹੁੰਦਾ ਹੈ। ਜੇਕਰ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਆਪਣੇ ਹਿਤਾਂ ਨੂੰ ਸੁਰੱਖਿਅਤ ਰੱਖਣ ਦੀਆਂ ਨੇਕ ਇਛਾਵਾਂ, ਮਹਿਜ਼ ਇਛਾਵਾਂ ਹੀ ਰਹਿ ਜਾਂਦੀਆਂ ਹਨ। ਲੱਖ ਢੂੰਡਣ 'ਤੇ ਵੀ ਅਜਿਹਾ ਕੋਈ ਪ੍ਰਮਾਣ ਨਹੀਂ ਮਿਲਦਾ ਜਿਸ 'ਚੋਂ ਸਿੱਖ ਲੀਡਰਸ਼ਿਪ ਵੱਲੋਂ ਕਾਂਗਰਸੀ ਆਗੂਆਂ ਨਾਲ ਸਾਂਝ ਤੇ ਨੇੜਤਾ ਬਣਾਉਣ ਲੱਗਿਆਂ ਅਜਿਹੀ ਸਾਵਧਾਨੀ ਵਰਤਣ ਦੀ ਝਲਕ ਮਿਲਦੀ ਹੋਵੇ। ਕੌਮ ਦੀ ਹੋਣੀ ਨੂੰ ਪ੍ਰਭਾਵਤ ਕਰਨ ਵਾਲੇ ਅਜਿਹੇ ਅਤੀ ਅਹਿਮ ਮਾਮਲਿਆਂ ਵਿੱਚ ਇਸ ਤਰ੍ਹਾਂ ਦੀ 'ਮਾਸੂਮੀਅਤ' ਦੀ ਇਤਿਹਾਸ ਅੰਦਰ ਸ਼ਾਇਦ ਹੀ ਕੋਈ ਹੋਰ ਮਿਸਾਲ ਮਿਲਦੀ ਹੋਵੇ।

## ਨਹਿਰੂ ਰਿਪੋਰਟ ਤੇ ਸਿੱਖ ਲੀਡਰਸ਼ਿਪ

ਪ੍ਰਸ਼ਾਸਨੀ ਸੁਧਾਰਾਂ ਉੱਤੇ ਹਰ ਦਸਾਂ ਸਾਲਾਂ ਬਾਅਦ ਨਜ਼ਰਸਾਨੀ ਕਰਨ ਦੀ ਵਿਵਸਥਾ ਅਧੀਨ ਬਰਤਾਨਵੀ ਸਰਕਾਰ ਨੇ ਨਵੰਬਰ 1927 ਵਿੱਚ ਜੋਹਨ ਏ ਸਾਈਮਨ ਦੀ ਅਗਵਾਈ ਹੇਠ ਇਕ ਕਮਿਸ਼ਨ ਸਥਾਪਤ ਕੀਤਾ ਜਿਸ ਨੇ ਭਾਰਤ ਦਾ ਦੌਰਾ ਕਰਕੇ

ਆਪਣੀ ਰਿਪੋਰਟ ਸਰਕਾਰ ਨੂੰ ਦੇਣੀ ਸੀ। ਉਦੋਂ ਤਕ ਕਾਂਗਰਸ ਪਾਰਟੀ ਬਰਤਾਨਵੀ ਹਾਕਮਾਂ ਨਾਲ ਸੱਤਾ ਵਿੱਚ ਭਾਈਵਾਲ ਬਣਨ ਦੀ ਥਾਂ ਖ਼ੁਦ ਹੁਕਮਰਾਨ ਤਾਕਤ ਬਣਨ ਦੀਆਂ ਇਛਾਵਾਂ ਪਾਲਣ ਲੱਗ ਪਈ ਸੀ। ਇਸ ਕਰਕੇ ਉਸ ਨੇ ਆਪਣੀ ਪਹਿਲੀ 'ਡੋਮੀਨੀਅਨ ਸਟੇਟੱਸ' ਵਾਲੀ ਮੰਗ ਨੂੰ ਛੱਡ ਕੇ 'ਪੂਰਨ ਸਵਰਾਜ' ਦੀ ਮੰਗ ਵੱਲ ਵਧਣਾ ਸ਼ੁਰੂ ਕਰ ਦਿੱਤਾ ਸੀ। ਅਮਲੀ ਤੌਰ 'ਤੇ ਕਾਂਗਰਸ ਪਾਰਟੀ ਨੇ ਆਪਣੇ ਆਪ ਨੂੰ ਨਵੇਂ ਰੋਲ ਵਿੱਚ ਢਾਲਣਾ ਸ਼ੁਰੂ ਕਰ ਦਿੱਤਾ ਸੀ। ਜਿਉਂ ਜਿਉਂ ਉਹ ਰਾਜਸੀ ਸੱਤਾ ਹਥਿਆਉਣ ਦੇ ਟੀਚੇ ਦੇ ਨੇੜੇ ਪਹੁੰਚ ਰਹੀ ਸੀ, ਤਿਉਂ ਤਿਉਂ ਉਸ ਦੀਆਂ ਸਮੁੱਚੀ ਤਾਕਤ ਉੱਤੇ ਯਮ-ਜੱਫਾ ਮਾਰਨ ਦੀਆਂ ਅਜਾਰੇਦਾਰਾਨਾ ਪ੍ਰਵਿਰਤੀਆਂ ਵੱਧ ਖੁੱਲ੍ਹ ਕੇ ਪ੍ਰਗਟ ਹੋ ਰਹੀਆਂ ਸਨ। ਇਸ ਨਾਲ ਮੁਸਲਿਮ ਲੀਗ ਤੇ ਮੁਸਲਿਮ ਭਾਈਚਾਰੇ ਨਾਲ ਉਸ ਦੇ ਸਬੰਧਾਂ ਅੰਦਰ ਤਣਾਉ ਅਤੇ ਤਬਦੀਲੀ ਦੇ ਸਾਫ਼ ਚਿੰਨ੍ਹ ਪ੍ਰਗਟ ਹੋਣ ਲੱਗ ਪਏ ਸਨ। ਨਵੀਂ ਹਾਲਤ ਅਨੁਸਾਰ ਉਹ 'ਲਖਨਊ ਪੈਕਟ' ਵਾਲੇ ਚੌਖਟੇ ਅੰਦਰ ਵੱਡੀ ਰੱਦੋਬਦਲ ਦੀ ਲੋੜ ਮਹਿਸੂਸ ਕਰਨ ਲੱਗ ਪਈ ਸੀ। 'ਲਖਨਊ ਪੈਕਟ' ਵੇਲੇ ਮਸਲਾ ਬਰਤਾਨਵੀ ਹਾਕਮਾਂ ਦੀ ਸਰਦਾਰੀ ਹੇਠ, ਉਨ੍ਹਾਂ ਨਾਲ ਰਾਜਸੀ ਸੱਤਾ ਵਿੱਚ ਛੋਟੇ ਭਾਈਵਾਲ ਬਣਨ ਦਾ ਹੀ ਸੀ। ਇਸ ਕਰਕੇ, ਉਦੋਂ ਕਾਂਗਰਸ ਪਾਰਟੀ ਮੁਸਲਿਮ ਲੀਗ ਨਾਲ ਲੈ-ਦੇਅ ਕਰਨ ਮੌਕੇ ਉਸ ਨੂੰ ਵੱਡੀਆਂ ਰਿਆਇਤਾਂ ਦੇਣ ਲਈ ਰਜ਼ਾਮੰਦ ਹੋ ਗਈ ਸੀ। ਉਸ ਨੇ ਅਣਮੰਨੇ ਚਿਤ ਨਾਲ ਮੁਸਲਿਮ ਲੀਗ ਦੀਆਂ ਕੁੱਝ ਮਹੱਤਵਪੂਰਨ ਸਿਧਾਂਤਕ ਪੋਜ਼ੀਸ਼ਨਾਂ ਨਾਲ ਸਹਿਮਤੀ ਪ੍ਰਗਟਾਅ ਦਿੱਤੀ ਸੀ, ਜਿਵੇਂ ਕਿ ਸਰਬ੍ਹ-ਸਾਂਝੇ ਚੋਣ ਖੇਤਰਾਂ ਦੀ ਜਗ੍ਹਾ ਵੱਖਰੇ ਕਮਿਊਨਲ ਚੋਣ ਖੇਤਰ ਸਥਾਪਤ ਕਰਨਾ, ਜਿਥੇ ਮੁਸਲਮਾਨ ਘੱਟਗਿਣਤੀ ਵਿੱਚ ਸਨ ਉਥੇ ਉਨ੍ਹਾਂ ਦੀਆਂ ਨਿਸ਼ਚਿਤ ਮਾਤਰਾ ਵਿੱਚ ਸੀਟਾਂ ਰਾਖਵੀਆਂ ਕਰਨੀਆਂ ਅਤੇ ਮੁਸਲਿਮ ਹਿਤਾਂ ਦਾ ਖ਼ਿਆਲ ਰੱਖਦਿਆਂ ਹੋਇਆਂ ਆਮ ਰੂਪ 'ਚ ਫ਼ੈਡਰਲ ਢਾਂਚੇ ਦਾ ਸਮਰਥਨ ਕਰਨਾ। ਪਰ ਆਜ਼ਾਦੀ ਦੀ ਮੰਜ਼ਲ ਨੂੰ ਨੇੜੇ ਦੇਖਦਿਆਂ ਹੋਇਆਂ ਕਾਂਗਰਸੀ ਆਗੂਆਂ ਨੇ ਆਪਣੇ ਪੈਂਤੜੇ ਤੇ ਰਵੱਈਏ 'ਚ ਸਿਫ਼ਤੀ ਫੇਰ-ਬਦਲ ਲੈ ਆਂਦਾ। ਹੁਣ ਉਹ ਮਜ਼ਬੂਤ ਕੇਂਦਰ ਹੇਠ ਏਕਾਤਮਿਕ ਰਾਜ (unitary state) ਦੇ ਧਾਰਨੀ ਬਣ ਗਏ ਅਤੇ ਸਰਬਜਨਕ ਬਾਲਗ਼ ਵੋਟ ਪ੍ਰਣਾਲੀ ਤੇ ਸਾਂਝੇ ਚੋਣ ਖੇਤਰਾਂ ਦੀ ਹਮਾਇਤ ਕਰਨ ਲੱਗ ਪਏ। ਹੁਣ ਉਹ ਭਾਰਤ ਲਈ ਸੰਵਿਧਾਨ ਤਿਆਰ ਕਰਨ ਦਾ ਕੰਮ ਬਰਤਾਨਵੀ ਹਾਕਮਾਂ 'ਤੇ ਛੱਡਣ ਦੀ ਥਾਂ, ਆਪਣੇ ਹੱਥ ਲੈਣ ਦੀਆਂ ਇਛਾਵਾਂ ਪਾਲਣ ਲੱਗ ਪਏ ਸਨ। ਇਸੇ ਲਈ ਹੀ ਕਾਂਗਰਸ ਦੇ ਮਦਰਾਸ ਸੈਸ਼ਨ (1927) 'ਚ ਇਹ ਫ਼ੈਸਲਾ ਕੀਤਾ ਗਿਆ ਕਿ ਕਾਂਗਰਸ ਪਾਰਟੀ ਸਾਈਮਨ ਕਮਿਸ਼ਨ ਨਾਲ ਸਹਿਯੋਗ ਕਰਨ ਦੀ ਬਜਾਇ, ਸੰਵਿਧਾਨ ਦੀ ਤਿਆਰੀ ਦਾ ਜ਼ੁੰਮਾ ਖ਼ੁਦ ਓਟੇਗੀ। ਭਾਵੇਂ ਸਿੱਖਾਂ ਦੇ ਕੁਝ ਹਿੱਸੇ ਸਾਈਮਨ ਕਮਿਸ਼ਨ ਅੱਗੇ ਸਿੱਖਾਂ ਦਾ ਪੱਖ ਰੱਖਣ ਦੀ ਵਕਾਲਤ ਕਰਦੇ ਸਨ ਅਤੇ ਉਸ ਕੋਲੋਂ ਉਚਿਤ ਰਿਆਇਤਾਂ ਹਾਸਲ ਕਰਨ ਪ੍ਰਤੀ ਆਸ਼ਾਵਾਦੀ ਸਨ ਪਰ ਭਾਰੂ ਸਿੱਖ ਲੀਡਰਸ਼ਿਪ ਨੇ ਕਾਂਗਰਸ ਦੀ ਰੀਸੇ ਸਾਈਮਨ ਕਮਿਸ਼ਨ ਦੇ ਬਾਈਕਾਟ ਦਾ ਫ਼ੈਸਲਾ ਲੈ ਲਿਆ।[15] ਕਾਂਗਰਸ ਪਾਰਟੀ ਨੇ, ਆਪਣੇ ਮਦਰਾਸ ਸੈਸ਼ਨ ਦੇ ਫ਼ੈਸਲੇ ਦੀ ਰੋਸ਼ਨੀ 'ਚ ਦਿੱਲੀ ਵਿਖੇ ਸਰਬ ਪਾਰਟੀ ਕਾਨਫ਼ਰੰਸ ਦੀਆਂ ਤਿੰਨ ਬੈਠਕਾਂ (ਜਨਵਰੀ 1925, ਮਾਰਚ 1927 ਤੇ ਫ਼ਰਵਰੀ 1928) ਕੀਤੀਆਂ ਜਿਸ ਵਿੱਚ ਮੁਸਲਿਮ ਲੀਗ ਸਮੇਤ ਹਰ ਵੰਨਗੀ ਦੀ ਸਿੱਖ ਲੀਡਰਸ਼ਿਪ ਸ਼ਾਮਲ ਹੋਈ। ਮੁਸਲਿਮ ਲੀਗ ਨੇ ਇਨ੍ਹਾਂ ਬੈਠਕਾਂ ਦੌਰਾਨ ਆਪਣੀਆਂ ਮੰਗਾਂ ਤੇ ਪੋਜ਼ੀਸ਼ਨਾਂ ਦੀ ਧੜੱਲੇ ਨਾਲ ਪੈਰਵਾਈ ਕੀਤੀ। ਪਰ ਕਾਂਗਰਸੀ ਆਗੂਆਂ ਨੇ ਮੁਸਲਿਮ ਲੀਗ ਦੀ ਵੱਖਰੇ ਚੋਣ ਖੇਤਰਾਂ ਦੀ ਅਤੇ ਮੁਸਲਿਮ ਘੱਟਗਿਣਤੀ ਵਾਲੇ ਰਾਜਾਂ 'ਚ ਉਨ੍ਹਾਂ ਨੂੰ ਉਚੇਚੀਆਂ ਰਿਆਇਤਾਂ (ਵੇਟੇਜ) ਦੇਣ ਦੀ ਮੰਗ ਮੰਨਣ ਤੋਂ

ਕੋਰੀ ਨਾਂਹ ਕਰ ਦਿੱਤੀ। ਮੁਸਲਿਮ ਲੀਡਰਸ਼ਿਪ ਕਿਉਂਕਿ ਉਦੇਸ਼ਾਂ ਬਾਰੇ ਸਪਸ਼ਟ ਅਤੇ ਆਪਣੇ ਹੱਕਾਂ ਤੇ ਹਿਤਾਂ ਪ੍ਰਤੀ ਪੂਰੀ ਸੁਚੇਤ ਸੀ, ਇਸ ਲਈ ਉਸ ਨੇ ਕਾਂਗਰਸੀ ਆਗੂਆਂ ਦੇ ਮਨਸ਼ਿਆਂ ਨੂੰ ਬੁੱਝਣ ਤੇ ਉਨ੍ਹਾਂ ਦੇ ਮਨ ਦੀ ਮੈਲ ਨੂੰ ਤਾੜਨ 'ਚ ਰਤੀ ਦੇਰ ਨਾ ਲਾਈ। ਉਨ੍ਹਾਂ ਆਪਣੇ ਆਪ ਨੂੰ ਫ਼ੌਰੀ ਇਸ ਕਾਂਗਰਸੀ ਅਡੰਬਰ ਨਾਲੋਂ ਅਲੱਗ ਕਰ ਲਿਆ ਅਤੇ ਆਪਣਾ ਆਜ਼ਾਦਾਨਾ ਵਹਿਣ ਅਖ਼ਤਿਆਰ ਕਰ ਲਿਆ। ਇਸ ਦੀ ਤੁਲਨਾ ਵਿੱਚ, ਇਸ ਮਾਮਲੇ 'ਚ ਸਿੱਖ ਲੀਡਰਸ਼ਿਪ ਦਾ ਰੋਲ ਦੇਖਿਆ ਜਾਵੇ ਤਾਂ ਉਸ ਦੀ ਰਾਜਸੀ ਜ਼ਹਾਲਤ ਉੱਤੇ ਰੋਣ ਆ ਜਾਂਦਾ ਹੈ। ਸੈਂਟਰਲ ਸਿੱਖ ਲੀਗ ਦੀ ਸਮੁੱਚੀ ਚੋਟੀ ਲੀਡਰਸ਼ਿਪ ਸਰਬ ਪਾਰਟੀ ਬੈਠਕ (ਫ਼ਰਵਰੀ, 1928) 'ਚ ਸ਼ਾਮਲ ਹੋਈ। ਇਸ ਦਾ ਇਕ ਨੁਮਾਇੰਦਾ (ਸ: ਮੰਗਲ ਸਿੰਘ) ਉਸ ਕਮੇਟੀ 'ਚ ਵੀ ਸ਼ਾਮਲ ਕਰ ਲਿਆ ਗਿਆ ਜਿਸ ਨੇ ਮੋਤੀ ਲਾਲ ਨਹਿਰੂ ਦੀ ਅਗਵਾਈ ਹੇਠ ਅੰਤਮ ਰਿਪੋਰਟ ਤਿਆਰ ਕਰਨੀ ਸੀ। ਇਸ ਕਮੇਟੀ ਨੇ ਜੋ ਰਿਪੋਰਟ ਤਿਆਰ ਕੀਤੀ (ਜਿਸ ਨੂੰ 'ਨਹਿਰੂ ਰਿਪੋਰਟ' ਦੇ ਨਾਂ ਨਾਲ ਜਾਣਿਆ ਜਾਣ ਲੱਗਾ) ਉਸ ਵਿੱਚ ਸਿੱਖਾਂ ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਕਰ ਦਿੱਤਾ ਗਿਆ।[16] ਉਨ੍ਹਾਂ ਨੂੰ ਪੰਜਾਬ ਜਾਂ ਕੇਂਦਰ ਅੰਦਰ, ਕਿਸੇ ਜਗ੍ਹਾ ਵੀ ਰਿਜ਼ਰਵੇਸ਼ਨ ਜਾਂ ਵੇਟੇਜ ਦੇ ਹੱਕਦਾਰ ਨਾ ਸਮਝਿਆ ਗਿਆ। ਅਸਲ ਵਿੱਚ ਕਾਂਗਰਸੀ ਆਗੂ ਸਿੱਖਾਂ ਨੂੰ 'ਤੀਜੀ ਧਿਰ' ਮੰਨਣ ਲਈ ਉੱਕਾ ਹੀ ਰਾਜ਼ੀ ਨਹੀਂ ਸਨ।

ਇਸ ਰਿਪੋਰਟ ਨੇ ਸਿੱਖ ਲੀਡਰਸ਼ਿਪ ਨੂੰ ਅੱਗ ਤਾਂ ਬਹੁਤ ਲਾਈ ਪਰ ਉਸ ਵਿੱਚੋਂ ਧੂੰਏਂ ਤੋਂ ਬਿਨਾਂ ਹੋਰ ਕੱਖ ਵੀ ਨਾ ਨਿਕਲਿਆ। ਸ: ਮੰਗਲ ਸਿੰਘ ਸਮੇਤ ਸਾਰੇ ਸਿੱਖ ਆਗੂਆਂ ਨੇ ਇਸ 'ਤੇ ਤਿੱਖੀ ਨਾਰਾਜ਼ਗੀ ਪ੍ਰਗਟਾਈ। ਸ: ਖੜਕ ਸਿੰਘ ਨੇ ਤਾਂ ਇਸ ਨੂੰ ਫਾੜ ਕੇ 'ਰੱਦੀ ਦੀ ਟੋਕਰੀ' 'ਚ ਵਗਾਹ ਮਾਰਨ ਦੀ ਗੱਲ ਵੀ ਕੀਤੀ।[17] ਆਪਣੇ ਸੁਭਾਅ ਮੁਤਾਬਕ ਅਕਾਲੀ ਆਗੂਆਂ ਨੇ ਰਿਪੋਰਟ ਵਿਰੁੱਧ ਕਾਫ਼ੀ ਤੱਤੇ ਬਚਨ ਵੀ ਬੋਲੇ। ਰਿਪੋਰਟ 'ਤੇ ਵਿਚਾਰ ਕਰਨ ਲਈ ਦਸੰਬਰ 1928 ਵਿੱਚ ਕਲਕੱਤਾ ਵਿਖੇ ਜੁੜੀ ਸਰਬ ਪਾਰਟੀ ਕਾਨਫ਼ਰੰਸ ਵਿੱਚ ਹਿੱਸਾ ਲੈਣ ਲਈ ਮਾਸਟਰ ਤਾਰਾ ਸਿੰਘ ਦੀ ਅਗਵਾਈ 'ਚ ਤੀਹ ਸਿੱਖ ਡੈਲੀਗੇਟਾਂ ਦਾ ਵੱਡਾ ਦਲ ਪਹੁੰਚਿਆ। ਪ੍ਰੰਤੂ ਸਿੱਖ ਆਗੂਆਂ ਵੱਲੋਂ ਪੂਰੀ ਵਾਹ ਲਾਉਣ ਦੇ ਬਾਵਜੂਦ ਕਾਂਗਰਸੀ ਆਗੂ ਭੋਰਾ ਭਰ ਵੀ ਲਚਕ ਦਿਖਾਉਣ ਲਈ ਤਿਆਰ ਨਾ ਹੋਏ। ਕਮੇਟੀ ਅੰਦਰ ਸ: ਮੰਗਲ ਸਿੰਘ ਵੱਲੋਂ ਸੁਝਾਈਆਂ ਤਰਮੀਮਾਂ ਨੂੰ ਉਨ੍ਹਾਂ ਹਕਾਰਤ ਨਾਲ ਠੁਕਰਾ ਦਿੱਤਾ। ਚਾਹੀਦਾ ਤਾਂ ਇਹ ਸੀ ਕਿ ਏਨੀ ਵਧੀਕੀ ਤੇ ਬੇਇਜ਼ਤੀ ਤੋਂ ਬਾਅਦ ਸਿੱਖ ਲੀਡਰਸ਼ਿਪ ਵੀ, ਮੁਸਲਿਮ ਆਗੂਆਂ ਵਾਂਗ, ਆਪਣਾ ਵੱਖਰਾ ਵਹਿਣ ਅਖ਼ਤਿਆਰ ਕਰ ਲੈਂਦੀ। ਪਰ ਨਹੀਂ, ਸਿੱਖ ਲੀਡਰਸ਼ਿਪ ਪੱਲੇ ਨਾ ਸਿਧਾਂਤਕ ਸਪਸ਼ਟਤਾ ਸੀ ਤੇ ਨਾ ਹੀ ਰਾਜਸੀ ਇਰਾਦਾ। ਇਸ ਕਰਕੇ ਉਸ ਨੇ ਨਾ ਸਿਰਫ਼ ਕਾਂਗਰਸ ਨਾਲ ਆਪਣੀ ਰਾਜਸੀ ਅਧੀਨਗੀ ਜਿਉਂ ਦੀ ਤਿਉਂ ਬਣਾਈ ਰੱਖੀ ਸਗੋਂ ਸ: ਮੰਗਲ ਸਿੰਘ ਹੁਰਾਂ ਨੇ ਸਾਰੀ ਵਧੀਕੀ ਤੇ ਨਿਰਾਦਰੀ ਨੂੰ ਸੰਘ ਹੇਠੋਂ ਲੰਘਾਉਂਦਿਆਂ ਹੋਇਆਂ 'ਨਹਿਰੂ ਰਿਪੋਰਟ' ਉੱਤੇ ਆਪਣੀ ਸਹਿਮਤੀ ਦੇ ਦਸਤਖ਼ਤ ਕਰ ਦਿੱਤੇ। ਸਿੱਖ ਹਿਤਾਂ ਨੂੰ ਹਿੰਦੂ ਆਗੂਆਂ ਦੇ ਕਦਮਾਂ 'ਤੇ ਇਸ ਕਦਰ ਢੇਰੀ ਕਰ ਸੁੱਟਣ ਵਾਲੇ ਇਸ ਕੌਮ-ਵੇਚੂ ਕਰਮ ਪਿੱਛੇ ਦਲੀਲ ਇਹ ਸੁਝਾਈ ਗਈ ਕਿ 'ਦੇਸ ਦੇ ਵਡੇਰੇ ਹਿਤਾਂ' ਨੂੰ ਧਿਆਨ 'ਚ ਰੱਖਦਿਆਂ ਹੋਇਆਂ ਅਜਿਹਾ ਕਰਨਾ ਜ਼ਰੂਰੀ ਹੋ ਗਿਆ ਸੀ। ਕਈ ਸਾਲ ਗੁਜ਼ਰ ਜਾਣ ਬਾਅਦ ਸ: ਮੰਗਲ ਸਿੰਘ ਨੇ ਸ: ਖੁਸ਼ਵੰਤ ਸਿੰਘ ਨਾਲ ਮੁਲਾਕਾਤ 'ਚ ਇਹ ਮੰਨਿਆ ਕਿ ਉਸ ਉੱਤੇ ਕਾਂਗਰਸੀ ਆਗੂਆਂ ਨੇ ਲਗਾਤਾਰ ਇਹ ਜ਼ੋਰ ਚਾੜ੍ਹ ਰੱਖਿਆ ਸੀ ਕਿ "ਦੇਸ ਦੇ ਵਡੇਰੇ ਹਿਤਾਂ" ਨੂੰ ਧਿਆਨ 'ਚ ਰੱਖਦਿਆਂ ਹੋਇਆਂ ਉਹ ਰਿਪੋਰਟ ਉੱਤੇ ਸਰਬਸੰਮਤੀ ਲਈ ਰਜ਼ਾਮੰਦ ਹੋ ਜਾਵੇ।[18] ਮਾਸਟਰ ਤਾਰਾ ਸਿੰਘ ਨੇ

ਵੀ ਆਪਣੀ 'ਸਵੈ-ਜੀਵਨੀ' 'ਚ ਇਹ ਇੰਕਸ਼ਾਫ ਕੀਤਾ ਹੈ ਕਿ "ਸਾਨੂੰ ਕਿਹਾ ਜਾ ਰਿਹਾ ਹੈ ਕਿ ਨਹਿਰੂ ਰਿਪੋਰਟ ਮੰਨ ਕੇ ਦੇਸ ਲਈ ਕੁਰਬਾਨੀ ਕਰੋ।" ਵੱਖ-ਵੱਖ ਵੰਨਗੀ ਦੇ ਸਿੱਖ ਆਗੂਆਂ ਨੇ ਉਦੋਂ ਤੋਂ ਲੈ ਕੇ ਅੱਜ ਤਕ, ਵੱਖ ਵੱਖ ਮੌਕਿਆਂ 'ਤੇ, ਆਪਣੀ ਹਰ ਥਿੜਕਣ ਤੇ ਕਮਜ਼ੋਰੀ ਨੂੰ ਇਸੇ ਗੁੰਮਰਾਹਕੁੰਨ ਤਰਕ ਦੇ ਆਸਰੇ ਉਚਿਤ ਠਹਿਰਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ। ਦੇਸ ਦੇ ਜਿਨ੍ਹਾਂ 'ਵਡੇਰੇ ਹਿਤਾਂ' ਦੀ ਰਟ ਵਾਰ ਵਾਰ ਲਾਈ ਜਾਂਦੀ ਰਹੀ ਹੈ (ਤੇ ਅੱਜ ਵੀ ਲਾਈ ਜਾ ਰਹੀ ਹੈ), ਸਿੱਖ ਆਗੂਆਂ ਦੀ ਉਨ੍ਹਾਂ ਤੋਂ ਮੁਰਾਦ ਕੀ ਹੈ? ਇਸ ਦਾ ਜੁਆਬ ਦੇਣ ਦੀ ਉਨ੍ਹਾਂ ਨੂੰ ਕਦੇ ਵੀ ਲੋੜ ਮਹਿਸੂਸ ਨਹੀਂ ਹੋਈ, ਕਿਉਂਕਿ 'ਦੇਸ', 'ਧਰਮ' ਤੇ 'ਕੌਮ' ਦੇ ਸੰਕਲਪਾਂ ਬਾਰੇ ਗੰਧਲੀ ਚੇਤਨਾ ਕਾਰਨ ਸਿੱਖ ਜਨਤਾ ਨੇ ਇਹ ਸੁਆਲ ਕਦੇ ਚੱਜ ਨਾਲ ਉਠਾਇਆ ਹੀ ਨਹੀਂ।

1845 ਤੋਂ ਲੈ ਕੇ 1849 ਤਕ ਸਿੱਖਾਂ ਨੇ ਬਰਤਾਨਵੀ ਫ਼ੌਜ ਵਿਰੁੱਧ ਜੋ ਯਾਦਗਾਰੀ ਜੰਗਾਂ ਲੜੀਆਂ, ਉਹ ਸਿੱਖ ਕੌਮ ਦੇ ਹਿਤਾਂ ਨੂੰ ਸਿਰਮੌਰ ਰੱਖ ਕੇ ਲੜੀਆਂ। ਜਦ ਖ਼ਾਲਸਾ ਪੰਥ ਪੰਜਾਬ ਅੰਦਰ ਆਪਣੇ ਰਾਜ ਦੀ ਸਥਾਪਤੀ ਤੇ ਸਲਾਮਤੀ ਲਈ ਸੂਰਮਗਤੀ ਭਰੀ ਜਦੋਜਹਿਦ ਕਰ ਰਿਹਾ ਸੀ ਤਾਂ ਉਸ ਦੀ ਚੇਤਨਾ ਜਾਂ ਕਲਪਨਾ ਵਿੱਚ ਪੰਜਾਬ ਤੋਂ ਵੱਖਰਾ ਹੋਰ ਕੋਈ ਦੇਸ ਨਹੀਂ ਸੀ ਅਤੇ ਉਸ ਦੇ ਸਾਹਮਣੇ ਆਪਣੇ ਹੋਰ ਕੋਈ ਹਿਤ ਨਹੀਂ ਸਨ। 1857 ਦੇ ਗ਼ਦਰ ਵੇਲੇ ਸਿੱਖ ਕੌਮ ਦੀ ਅੰਤਰ-ਆਤਮਾ ਨੇ ਹਿੰਦੁਸਤਾਨ ਨੂੰ ਆਪਣਾ ਮੁਲਕ ਮੰਨਣ ਤੋਂ ਖੁੱਲ੍ਹਾ ਇਨਕਾਰ ਕਰ ਦਿੱਤਾ ਸੀ। 1849 ਵਿੱਚ ਸਿੱਖ ਰਾਜ ਦੇ ਖ਼ਾਤਮੇ ਤੋਂ ਲੈ ਕੇ ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਤਕ ਸਿੱਖ ਫਰੰਟ ਉੱਤੇ ਜੋ ਵੀ ਧਾਰਮਿਕ ਜਾਂ ਰਾਜਸੀ ਸਰਗਰਮੀਆਂ ਹੋਈਆਂ, ਸਿੱਖ ਪੰਥ ਦੀ ਬਿਹਤਰੀ ਉਨ੍ਹਾਂ ਦਾ ਪ੍ਰਮੁੱਖ ਸਰੋਕਾਰ ਸੀ। 'ਦੇਸ ਦੇ ਹਿਤਾਂ' ਨੂੰ ਸਿੱਖ ਕੌਮ ਦੇ ਹਿਤਾਂ ਦੇ ਮੁਕਾਬਲੇ 'ਤੇ ਖੜਾ ਕਰਨ ਅਤੇ ਇਸ ਤੋਂ ਵੀ ਵੱਧ, ਦੇਸ ਦੇ ਹਿਤਾਂ ਨੂੰ ਪੰਥ ਦੇ ਹਿਤਾਂ ਤੋਂ 'ਵਡੇਰੇ' ਤੇ 'ਉਚੇਰੇ' ਕਰਾਰ ਦੇਣ ਦੀ ਧਾਰਨਾ ਦੇ ਸਿੱਖ ਚੇਤਨਾ ਅੰਦਰ ਘੁਸਪੈਠ ਕਰਨ ਦਾ ਅਮਲ ਉਦੋਂ ਸ਼ੁਰੂ ਹੋਇਆ ਜਦ ਸਿੱਖ ਲਹਿਰ ਗਾਂਧੀ ਦੀ ਅਗਵਾਈ ਹੇਠ ਚੱਲ ਰਹੇ ਭਾਰਤ ਦੀ ਆਜ਼ਾਦੀ ਦੇ ਅੰਦੋਲਨ ਦੀ 'ਮੁੱਖ ਧਾਰਾ' ਅੰਦਰ ਸ਼ਾਮਲ ਹੋ ਗਈ।

ਸਿੰਘ ਸਭਾ ਲਹਿਰ ਵੱਲੋਂ ਨਿਰਧਾਰਤ ਕੀਤੀ ਮਾਰਗ-ਸੇਧ, ਅੰਤਮ ਨਤੀਜੇ ਵਜੋਂ, ਸਿੱਖ ਪੰਥ ਅੰਦਰ ਆਪਣਾ ਪ੍ਰਭੂਸੱਤਾ ਸੰਪੰਨ ਰਾਜ (sovereign regime) ਕਾਇਮ ਕਰਨ ਦੀ ਚੇਤਨਾ ਤੇ ਭਾਵਨਾ ਜਗਾਉਂਦੀ ਸੀ। ਅਜਿਹੇ ਰਾਜ ਦੀ ਸਥਾਪਨਾ ਬਗ਼ੈਰ ਖ਼ਾਲਸਾ ਪੰਥ ਦੇ ਧਾਰਮਿਕ, ਸਭਿਆਚਾਰਕ ਤੇ ਆਰਥਿਕ ਹਿਤਾਂ ਦੀ ਸੁਰੱਖਿਆ ਯਕੀਨੀ ਨਹੀਂ ਸੀ। ਇਸ ਮਾਰਗ-ਸੇਧ 'ਤੇ ਚੱਲਦਿਆਂ ਸਿੱਖ ਕੌਮ ਲਈ ਆਪਣੀ ਆਜ਼ਾਦ ਹਸਤੀ ਸਥਾਪਤ ਕਰਨ ਦਾ ਮਨੋਰਥ ਪਰਮ-ਸ੍ਰਿਸ਼ਟ ਸੀ। ਇਹੀ ਉਸ ਦਾ ਕੌਮੀ ਨਿਸ਼ਾਨਾ ਤੇ ਇਹੀ ਕੌਮੀ ਕਾਜ਼ ਸੀ। ਇਸ ਕਾਜ਼ ਲਈ ਲੜਨਾ ਖ਼ਾਲਸੇ ਲਈ ਕੋਈ ਗੁਨਾਹ ਜਾਂ ਮਿਹਣੇ ਵਾਲੀ ਗੱਲ ਨਹੀਂ ਸੀ। ਆਪਣੀ ਆਜ਼ਾਦੀ ਦੀ ਇੱਛਾ ਤੇ ਉਮੰਗ ਪਾਲਣਾ ਤੇ ਇਸ ਦੀ ਪੂਰਤੀ ਲਈ ਸੰਘਰਸ਼ ਕਰਨਾ, ਹੋਰ ਕਿਸੇ ਵੀ ਸਵੈ-ਚੇਤੰਨ ਅਤੇ ਖ਼ੁਦਦਾਰ ਕੌਮ ਵਾਂਗ, ਖ਼ਾਲਸੇ ਦਾ ਜਨਮ ਸਿੱਧ ਅਧਿਕਾਰ ਸੀ। ਇਹ ਚੇਤਨਾ ਹੀ ਖ਼ਾਲਸੇ ਦੀ ਕੌਮੀ ਚੇਤਨਾ ਸੀ ਅਤੇ ਇਹ ਕੌਮੀ ਜਜ਼ਬਾ ਉਸ ਲਈ ਪਾਵਨ ਤੇ ਸਰਬ-ਸ੍ਰੇਸ਼ਟ ਸੀ। ਖ਼ਾਲਸਾ ਪੰਥ ਦੀ ਇਹੀ ਕੌਮੀ ਮੁੱਖ ਧਾਰਾ ਸੀ। ਇਸ ਤੋਂ ਵੱਖਰੀ ਜਾਂ 'ਵਡੇਰੀ' ਜਾਂ 'ਉਚੇਰੀ' ਕਿਸੇ ਹੋਰ 'ਮੁੱਖ ਧਾਰਾ' ਦਾ ਸੰਕਲਪ ਇਕ ਹਿੰਦੂਵਾਦੀ ਸੰਕਲਪ ਹੈ ਜੋ ਭਾਰਤ ਦੀ ਹਿੰਦੂ ਬਹੁਗਿਣਤੀ ਦੇ ਹਿਤਾਂ ਦੀ ਸੇਵਾ ਪੂਰਤੀ ਕਰਦਾ ਹੈ। ਭਾਰਤ ਦੀ ਆਜ਼ਾਦੀ ਦੇ ਅੰਦੋਲਨ ਨੂੰ 'ਕੌਮੀ ਮੁੱਖ ਧਾਰਾ' ਕਹਿਣ ਦਾ ਸਿਧਮ-ਸਿੱਧਾ ਅਰਥ ਘੱਟਗਿਣਤੀ ਵਰਗਾਂ ਦੇ ਅੰਦੋਲਨਾਂ ਨੂੰ ਇਸ ਤੋਂ ਨੀਵਾਂ,

'ਉਪ-ਧਾਰਾ' ਦਾ ਦਰਜਾ ਦੇਣਾ ਸੀ। ਇਸ ਦਾ ਮੰਤਕੀ ਅਰਥ ਹਿੰਦੂ ਬਹੁਗਿਣਤੀ ਵਰਗ ਦੀ ਤੁਲਨਾ ਵਿੱਚ ਘੱਟਗਿਣਤੀ ਭਾਈਚਾਰਿਆਂ ਨੂੰ ਦੋਮ ਪੋਜ਼ੀਸ਼ਨ 'ਤੇ ਰੱਖਣਾ ਸੀ। ਬਹੁਗਿਣਤੀ ਵਰਗ ਹੋਣ ਕਰਕੇ ਹਿੰਦੂ ਭਾਈਚਾਰੇ ਦੇ ਹਿਤ ਅਤੇ ਦੇਸ ਦੇ ਹਿਤ ਸਮਅਰਥੀ ਮੰਨ ਲਏ ਗਏ। ਇਨ੍ਹਾਂ ਨੂੰ 'ਵਡੇਰੇ ਹਿਤਾਂ' ਦਾ ਦਰਜਾ ਦੇ ਕੇ ਘੱਟਗਿਣਤੀ ਭਾਈਚਾਰਿਆਂ ਦੇ ਹਿਤਾਂ ਨੂੰ ਇਨ੍ਹਾਂ ਦੇ ਮਤੈਹਤ ਕਰ ਦਿੱਤਾ ਗਿਆ। ਇਉਂ ਹਿੰਦੂ ਧਾਰਾ 'ਕੌਮੀ ਮੁੱਖ ਧਾਰਾ' ਬਣ ਗਈ। ਹਿੰਦੂ ਸੋਚ 'ਕੌਮਪ੍ਰਸਤੀ' ਦਾ ਦਰਜਾ ਹਾਸਲ ਕਰ ਗਈ। ਜਦ ਕਿ ਘੱਟਗਿਣਤੀ ਵਰਗਾਂ ਦੀਆਂ ਉਮੰਗਾਂ ਤੇ ਇਛਾਵਾਂ ਨੂੰ 'ਫ਼ਿਰਕੂਪੁਣੇ' ਦਾ ਨਾਉਂ ਦੇ ਕੇ, ਇਨ੍ਹਾਂ ਨੂੰ 'ਦੇਸ ਦੇ ਵਡੇਰੇ ਹਿਤਾਂ' ਦੇ ਵਿਰੋਧ 'ਚ ਖੜਾ ਕੀਤਾ ਜਾਣ ਲੱਗ ਪਿਆ। ਘੱਟਗਿਣਤੀ ਭਾਈਚਾਰਿਆਂ ਅੰਦਰਲੇ ਉਹ ਹਿੱਸੇ, ਜੋ ਆਪਣੇ ਭਾਈਚਾਰੇ ਦੇ ਹਿਤਾਂ ਨੂੰ 'ਦੇਸ ਦੇ ਵਡੇਰੇ' (ਅਰਥਾਤ 'ਕੌਮੀ') ਹਿਤਾਂ ਦੇ ਅਧੀਨ ਕਰਨ ਲਈ ਰਜ਼ਾਮੰਦ ਹੋ ਗਏ, ਉਨ੍ਹਾਂ ਨੂੰ 'ਕੌਮਪ੍ਰਸਤ' ਅਤੇ ਭਾਈਚਾਰੇ ਦੇ ਹਿਤਾਂ ਨੂੰ ਸਿਰਮੌਰ ਰੱਖਣ ਵਾਲਿਆਂ ਨੂੰ 'ਫ਼ਿਰਕਾਪ੍ਰਸਤ' ਕਹਿ ਕੇ ਨਿਵਾਜਣ ਦਾ ਰਿਵਾਜ ਪ੍ਰਚਲਤ ਹੋ ਗਿਆ। ਇਉਂ 'ਕੌਮਪ੍ਰਸਤ ਸਿੱਖਾਂ' 'ਤੇ 'ਕੌਮਪ੍ਰਸਤ ਮੁਸਲਮਾਨਾਂ' ਦੀਆਂ ਵੰਨਗੀਆਂ ਹੋਂਦ ਵਿੱਚ ਆ ਗਈਆਂ ਜਿਨ੍ਹਾਂ ਨੂੰ ਹਿੰਦੂ ਆਗੂਆਂ (ਤੇ ਆਮ ਹਿੰਦੂ ਜਨਤਾ) ਵੱਲੋਂ ਉਚੇਚੀ ਹਮਾਇਤ ਤੇ ਹੱਲਾਸ਼ੇਰੀ ਮਿਲਣ ਲੱਗੀ। ਸਿੱਖ ਕੌਮ ਅੰਦਰ ਪੁਰਾਣੀ ਰਵਾਇਤੀ ਲੀਡਰਸ਼ਿਪ ਦੇ ਮੁਕਾਬਲੇ ਨਵੀਂ 'ਕੌਮਪ੍ਰਸਤ' ਸਿੱਖ ਲੀਡਰਸ਼ਿਪ ਨੂੰ ਉਭਾਰਨ ਤੇ ਸ਼ਿੰਗਾਰਨ ਵਿੱਚ ਹਿੰਦੂ ਆਗੂਆਂ ਨੇ ਵਿਸ਼ੇਸ਼ ਰੁਚੀ ਤੇ ਉਤਸ਼ਾਹ ਦਿਖਾਇਆ। ਸਿੱਖ ਲਹਿਰ ਅੰਦਰਲੀ ਇਹ 'ਕੌਮਪ੍ਰਸਤ' ਧਾਰਾ ਸਿੰਘ ਸਭਾ ਲਹਿਰ ਦੀ ਵਿਰਾਸਤ ਤੇ ਵਿਚਾਰਧਾਰਾ ਨਾਲੋਂ ਖੁੱਲ੍ਹਮ-ਖੁੱਲ੍ਹਾ ਤੋੜ-ਵਿਛੋੜਾ ਸੀ। ਇਸ ਨੇ ਸਿੰਘ ਸਭਾ ਲਹਿਰ ਵੱਲੋਂ ਨਿਰਧਾਰਤ ਕੀਤੀ ਮਾਰਗ-ਸੇਧ ਦਾ ਮੂੰਹ ਉਲਟੀ ਦਿਸ਼ਾ ਵਿੱਚ ਘੁਮਾ ਦਿੱਤਾ। ਰਸਮੀ ਤੌਰ 'ਤੇ ਇਹ ਧਾਰਾ ਭਾਵੇਂ ਸਿੱਖਾਂ ਦੀ ਵੱਖਰੀ ਪਛਾਣ ਤੇ ਸੁਤੰਤਰ ਹਸਤੀ ਦਾ ਜਾਪ ਤਾਂ ਕਰਦੀ ਰਹੀ, ਪ੍ਰੰਤੂ ਇਉਂ ਕਹਿਣ ਵੇਲੇ ਉਹ ਗੰਭੀਰ ਨਹੀਂ ਸੀ ਤੇ ਨਾ ਹੀ ਇਸ ਦੇ ਸੰਭਾਵੀ ਅਰਥਾਂ ਤੋਂ ਸੁਚੇਤ ਸੀ। ਜਦ ਇਕ ਵਾਰ ਆਪਣੇ ਭਾਈਚਾਰੇ ਤੇ ਆਪਣੀ ਕੌਮ ਦੇ ਹਿਤਾਂ ਨਾਲੋਂ 'ਦੇਸ ਦੇ ਹਿਤਾਂ' ਨੂੰ 'ਵਡੇਰੇ' ਤੇ ਉੱਤਮ ਮੰਨ ਲਿਆ ਗਿਆ ਤਾਂ 'ਦੇਸ ਦੇ ਵਡੇਰੇ ਹਿਤਾਂ' ਲਈ ਆਪਣੇ ਭਾਈਚਾਰੇ ਦੇ ਹਿਤਾਂ ਦੀ ਬਲੀ ਦੇਣ ਦਾ ਅਮਲ ਇਕ ਸੁਭਾਵਿਕ ਕਰਮ ਹੋ ਨਿਬੜਿਆ। ਇਸ ਭਰਿਸ਼ਟ ਚੇਤਨਾ ਦਾ ਜ਼ਹਿਰ ਸਿੱਖ ਕੌਮ ਦੀਆਂ ਰਗਾਂ ਅੰਦਰ ਇਸ ਕਦਰ ਫੈਲ ਗਿਆ ਕਿ ਜੇਕਰ ਜੂਨ 1984 ਵਿੱਚ 'ਦੇਸ ਦੇ ਹਿਤਾਂ' ਲਈ ਆਪਣੀ ਸ਼ਰਧਾ ਦੇ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਉੱਤੇ ਟੈਂਕ ਚਾੜ੍ਹਨ ਦੇ ਹੁਕਮ ਹੋ ਗਏ ਤਾਂ ਫ਼ੌਜੀ ਤੇ ਸਿਵਲੀਅਨ ਸਿੱਖ ਅਫ਼ਸਰਾਂ ਨੇ ਇਹ ਪਾਪ ਨੁਮਾ 'ਸੇਵਾ' ਵੀ ਖ਼ੁਸ਼ੀ ਖ਼ੁਸ਼ੀ ਕਬੂਲ ਕਰ ਲਈ। ਇਸ ਗੰਧਲੀ ਤੇ ਭੁਲੇਖੇ ਭਰੀ ਚੇਤਨਾ ਦਾ ਸ਼ਿਕਾਰ ਹੋਈ ਸਿੱਖ ਕੌਮ ਇਕ ਚੇਤੰਨ ਤੇ ਖ਼ੁਦਦਾਰ ਕੌਮ ਦਾ ਲੱਛਣ ਗੁਆ ਬੈਠੀ। ਅਮਲੀ ਤੌਰ 'ਤੇ ਉਹ ਭਾਰਤ ਦੇ ਹਿੰਦੂ ਹਾਕਮਾਂ ਦੀ ਸੇਵਾ ਹਿਤ ਇਕ 'ਮਾਂਗਵੀ ਧਾੜ' ਬਣ ਕੇ ਰਹਿ ਗਈ ਜਿਸ ਨੂੰ ਉਨ੍ਹਾਂ ਜਦ, ਜਿੱਥੇ ਅਤੇ ਜਿਵੇਂ ਜੀਅ ਕੀਤਾ, ਵਰਤ ਲਿਆ।

## ਸਿੱਖ ਲੀਡਰਸ਼ਿਪ ਕਿਥੋਂ ਉਖੜੀ ਤੇ ਕਿਉਂ ?

ਉਸ ਦੌਰ ਦੀ ਸਿੱਖ ਲੀਡਰਸ਼ਿਪ ਬਾਰੇ ਇਹ ਕਹਿਣਾ ਜਾਂ ਸੋਚਣਾ ਕਦਾਚਿਤ ਠੀਕ ਨਹੀਂ ਹੋਵੇਗਾ ਕਿ ਉਸ ਨੂੰ ਸਿੱਖ ਕੌਮ ਦੇ ਹਿਤਾਂ ਨਾਲ ਕੋਈ ਸਰੋਕਾਰ ਨਹੀਂ ਸੀ ਅਤੇ ਉਹ ਜੋ ਵੀ ਨਿਰਣੇ ਜਾਂ ਫ਼ੈਸਲੇ ਲੈ ਰਹੀ ਸੀ, ਉਨ੍ਹਾਂ ਪਿੱਛੇ ਉਸ ਦੀਆਂ ਨਿੱਜੀ ਸੋਚਾਂ ਜਾਂ

ਨਿੱਜੀ ਮੁਫ਼ਾਦ ਕੰਮ ਕਰਦੇ ਸਨ। ਵੀਹਵਿਆਂ ਦੇ ਸਿੱਖ ਉਭਾਰ ਤੇ ਸੰਘਰਸ਼ 'ਚੋਂ ਜੋ ਆਗੂ ਉਭਰੇ, ਜੇਕਰ ਉਨ੍ਹਾਂ ਦੀ ਸਮੁੱਚੀ ਜੀਵਨ-ਕਮਾਈ ਉੱਤੇ ਘੋਖਵੀਂ ਨਜ਼ਰ ਮਾਰੀ ਜਾਵੇ ਤਾਂ ਸਹਿਜੇ ਹੀ ਇਸ ਨਿਰਣੇ 'ਤੇ ਅਪੜਿਆ ਜਾ ਸਕਦਾ ਹੈ ਕਿ ਮੂਲ ਕਿਰਦਾਰ, ਜਜ਼ਬੇ ਤੇ ਪ੍ਰਤੀਬੱਧਤਾ ਪੱਖੋਂ ਉਨ੍ਹਾਂ ਵਿੱਚ ਕੋਈ ਵੱਡੀ ਕਾਣ ਨਹੀਂ ਸੀ। ਉਨ੍ਹਾਂ ਦੀ ਬੁੱਧੀ ਤੇ ਲਿਆਕਤ ਬਾਰੇ ਤਾਂ ਲੱਖ ਕਿੰਤੂ-ਪ੍ਰੰਤੂ ਹੋ ਸਕਦੇ ਹਨ ਪਰ ਉਨ੍ਹਾਂ ਦੇ ਇਮਾਨ ਬਾਰੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ। ਸਿੱਖੀ ਪਿਆਰ, ਜਜ਼ਬਾ, ਕੁਰਬਾਨੀ ਦੀ ਭਾਵਨਾ ਤੇ ਨੇਕ-ਨੀਤੀ, ਉਨ੍ਹਾਂ ਦੇ ਚਰਿਤਰ ਦੇ ਰੋਸ਼ਨ ਪਹਿਲੂ ਸਨ ਜਿਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਨਕਾਰਿਆ ਨਹੀਂ ਜਾ ਸਕਦਾ। ਉਸ ਦੌਰ ਦੀ ਸਿੱਖ ਲੀਡਰਸ਼ਿਪ ਦੇ ਸਮੁੱਚੇ ਕਿਰਦਾਰ-ਵਿਹਾਰ ਬਾਰੇ ਇਹ ਇਕ ਆਮ ਜਿਹਾ ਨਿਰਣਾ ਹੈ ਜਿਸ ਨੂੰ ਪਰਮ-ਸੱਚ (absolute) ਵਜੋਂ ਨਹੀਂ ਸਗੋਂ ਆਮ ਸੱਚ ਦੀਆਂ ਸੀਮਾਵਾਂ 'ਚ ਰੱਖ ਕੇ ਹੀ ਸਮਝਿਆ ਜਾਣਾ ਚਾਹੀਦਾ ਹੈ। ਅਰਥਾਤ ਦੋ ਗੱਲਾਂ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ। ਇਕ ਇਹ ਕਿ ਵਿਅਕਤੀਗਤ ਗੁਣਾਂ ਔਗੁਣਾਂ ਦੀ ਦ੍ਰਿਸ਼ਟੀ ਤੋਂ ਦੇਖਿਆਂ ਇਹ ਆਗੂ ਮਨੁੱਖੀ ਸੁਭਾਅ ਦੀਆਂ ਆਮ ਕਮਜ਼ੋਰੀਆਂ ਤੋਂ ਸੁਰਖ਼ਰੂ ਨਹੀਂ ਸਨ। ਕਿਉਂਕਿ ਸਭ ਕੁਝ ਦੇ ਬਾਵਜੂਦ ਉਹ ਸਨ ਤਾਂ ਇਨਸਾਨ ਹੀ, ਦੇਵਤੇ ਨਹੀਂ। ਉਹ ਜਾਂ ਉਨ੍ਹਾਂ 'ਚੋਂ ਕਈ, ਵਿਅਕਤੀਗਤ ਸੋਚਣੀ, ਨਿੱਜੀ ਵਕਾਰ, ਹਉਮੈ, ਅਹੁਦਿਆਂ ਦੀ ਲਾਲਸਾ, ਨਿੱਜੀ ਲਾਗ ਡਾਟ, ਈਰਖਾ ਤੇ ਵੈਰ-ਭਾਵ ਵਰਗੀਆਂ ਮਨੁੱਖੀ ਕਮਜ਼ੋਰੀਆਂ ਦਾ ਉਵੇਂ ਹੀ ਸ਼ਿਕਾਰ ਸਨ ਜਿਵੇਂ ਕਿ ਆਮ ਇਨਸਾਨ ਹੁੰਦਾ ਹੈ। ਦੂਜਾ, ਜਿਵੇਂ ਕਿ ਅਜਿਹੇ ਸਮਾਜੀ-ਰਾਜਸੀ ਵਰਤਾਰਿਆਂ ਦਾ ਇਹ ਆਮ ਜਿਹਾ ਲੱਛਣ ਹੈ ਕਿ ਕੁਝ ਕੈਰੀਅਰਿਸਟ ਤੇ ਖ਼ੁਦਪ੍ਰਸਤ ਕਿਸਮ ਦੇ ਲੋਕ, ਕਿਵੇਂ ਨਾ ਕਿਵੇਂ, ਮੋਹਰੀ ਸਫ਼ਾਂ ਅੰਦਰ ਘੁਸ ਆਉਂਦੇ ਹਨ ਅਤੇ ਲਹਿਰ ਦੇ ਮਾਣ, ਵਕਾਰ ਤੇ ਤਾਕਤ ਨੂੰ ਆਪਣੇ ਨਿੱਜੀ ਮੁਫ਼ਾਦਾਂ ਲਈ ਵਰਤਣ ਦੀ ਰਾਜਨੀਤਕ ਖੇਡ ਖੇਡਦੇ ਹਨ। ਸਿੱਖ ਲਹਿਰ ਦੀਆਂ ਆਗੂ ਸਫ਼ਾਂ ਅੰਦਰ ਵੀ ਅਜਿਹਾ 'ਖੋਟ' ਆ ਰਲਿਆ ਸੀ ਜੋ ਸਿੱਖ ਕੌਮ ਦੇ ਸਮੂਹਿਕ ਹਿਤਾਂ ਦੀ ਥਾਂ ਆਪਣੇ ਨਿੱਜੀ ਮੁਫ਼ਾਦਾਂ ਨੂੰ ਪ੍ਰਮੁੱਖ ਰੱਖਦਾ ਸੀ ਅਤੇ ਇਸੇ ਦ੍ਰਿਸ਼ਟੀ ਤੋਂ ਸਿੱਖ ਲੀਡਰਸ਼ਿਪ ਦੇ ਨੀਤੀ ਪੈਂਤੜਿਆਂ ਉੱਤੇ ਅਸਰ ਅੰਦਾਜ਼ ਹੋਣ ਦੀਆਂ ਕੋਸ਼ਿਸ਼ਾਂ ਕਰਦਾ ਸੀ। ਸ: ਬਲਦੇਵ ਸਿੰਘ, ਜੋ ਆਜ਼ਾਦ ਭਾਰਤ ਦਾ ਪਹਿਲਾ ਰੱਖਿਆ ਮੰਤਰੀ ਬਣਿਆ, ਨੂੰ ਸਹਿਜੇ ਹੀ ਇਸ ਸ਼੍ਰੇਣੀ 'ਚ ਸ਼ਾਮਲ ਕੀਤਾ ਜਾ ਸਕਦਾ ਹੈ। ਸਰਦਾਰ ਸਾਹਿਬ ਹੁਰੀਂ ਸਿੱਖ ਸੰਘਰਸ਼ਾਂ ਦੀ ਪੈਦਾਇਸ਼ ਨਹੀਂ ਸਨ। ਉਨ੍ਹਾਂ ਉਮਰ ਭਰ ਜੇਲ੍ਹ ਦਾ ਮੂੰਹ ਤਕ ਨਹੀਂ ਦੇਖਿਆ। ਉਹ ਮਹਿਜ਼ ਆਪਣੀ ਦੌਲਤ ਤੇ ਕਾਂਗਰਸੀ ਆਗੂਆਂ ਦੀ ਕਿਰਪਾ-ਦ੍ਰਿਸ਼ਟੀ ਆਸਰੇ ਹੀ ਸਿੱਖ ਲੀਡਰਸ਼ਿਪ ਦੀ ਮੂਹਰਲੀ ਕਤਾਰ ਅੰਦਰ ਘੁਸ ਆਏ ਸਨ ਅਤੇ ਉਨ੍ਹਾਂ ਆਪਣੇ ਕਾਰੋਬਾਰੀ ਹਿਤਾਂ ਨੂੰ ਪ੍ਰਮੁੱਖ ਰੱਖਦੇ ਹੋਏ, ਕਾਂਗਰਸੀ ਆਗੂਆਂ ਦੀ ਸਿੱਖ-ਦੋਖੀ ਰਾਜਨੀਤੀ ਦੀ ਸ਼ਤਰੰਜ ਦੇ ਮੋਹਰੇ ਵਜੋਂ ਕੰਮ ਕੀਤਾ। ਪਰ ਜੇਕਰ ਉਦੋਂ ਵਾਲੀ ਸਿੱਖ ਲੀਡਰਸ਼ਿਪ ਦੀ ਆਮ ਰੂਪ 'ਚ ਗੱਲ ਕਰਨੀ ਹੋਵੇ ਤਾਂ ਉਸ ਬਾਰੇ ਅਜਿਹੀ ਗੱਲ ਕਹਿਣੀ ਕਿਸੇ ਵੀ ਤਰ੍ਹਾਂ ਉਚਿਤ ਨਹੀਂ। ਉਸ ਮੌਕੇ ਸਿੱਖ ਲੀਡਰਸ਼ਿਪ ਦੇ ਵੱਡੇ ਹਿੱਸੇ, ਰਾਜਸੀ ਤੌਰ 'ਤੇ ਕਾਂਗਰਸੀ ਆਗੂਆਂ ਦੇ ਪਿਛਲੱਗ ਜ਼ਰੂਰ ਬਣ ਤੁਰੇ ਅਤੇ ਉਨ੍ਹਾਂ ਕੋਲੋਂ ਨੀਤੀ ਪੈਂਤੜੇ ਘੜਨ ਦੇ ਮਾਮਲੇ 'ਚੋਂ ਹੋਈਆਂ ਬੱਜਰ ਗ਼ਲਤੀਆਂ ਨਾਲ ਪੰਥ ਨੂੰ ਬੇਥਾਹ ਨੁਕਸਾਨ ਵੀ ਝੱਲਣਾ ਪਿਆ ਪਰ ਇਹ ਉਨ੍ਹਾਂ ਸਿੱਖੀ ਪਿਆਰ ਜਾਂ ਨੇਕਨੀਅਤੀ ਦੀ ਘਾਟ ਕਰਕੇ ਨਹੀਂ ਕੀਤਾ। ਇਹ ਉਨ੍ਹਾਂ ਦੀ ਕੁਝ ਬੁਨਿਆਦੀ ਗੱਲਾਂ ਬਾਰੇ ਗ਼ਲਤ ਸਿਧਾਂਤਕ ਸਮਝ ਤੇ ਪੋਜ਼ੀਸ਼ਨਾਂ ਦਾ ਤਰਕ ਹੀ ਸੀ ਜਿਸ ਨੇ, ਉਨ੍ਹਾਂ ਨੂੰ ਅਜਿਹੀ ਰਾਜਨੀਤਕ ਪਟੜੀ 'ਤੇ ਚਾੜ੍ਹ ਦਿੱਤਾ ਜਿਸ 'ਚ ਭਾਰਤ ਦੀ ਆਜ਼ਾਦੀ ਪਰ ਪੰਥ ਦੀ ਬਰਬਾਦੀ ਨਿਸ਼ਚਿਤ ਸੀ। ਇਸ ਕਰਕੇ ਕੁੱਲ ਤੋਂ ਬੁਨਿਆਦੀ ਤੇ ਅਹਿਮ ਸੁਆਲ

ਇਹ ਹੈ ਕਿ ਸਿੱਖ ਲੀਡਰਸ਼ਿਪ ਨੇ ਸਿਧਾਂਤਕ ਟਪਲਾ ਕਿਥੇ ਖਾਧਾ ਤੇ ਕਿਉਂ ? ਜੇਕਰ ਉਸ ਦੀਆਂ ਰਾਜਨੀਤਕ ਗ਼ਲਤੀਆਂ, ਭੁੱਲਾਂ ਤੇ ਖਿੜਕਣਬਾਜ਼ੀਆਂ ਦੇ ਮੁੱਖ ਸਰੋਤ ਦੀ ਪਛਾਣ ਕਰ ਲਈ ਜਾਵੇ ਤਾਂ 'ਮਰਜ਼' ਦੀ ਤਸ਼ਖ਼ੀਸ਼ (diagnosis) ਦਾ ਕੰਮ ਮੁਕੰਮਲ ਹੋ ਜਾਵੇਗਾ।

## ਸਿੱਖ : ਘੱਟਗਿਣਤੀ ਕਿ ਕੌਮੀ ਭਾਈਚਾਰਾ ?

ਸਿੱਖ ਲੀਡਰਸ਼ਿਪ ਜੇਕਰ ਕਾਂਗਰਸੀ ਆਗੂਆਂ ਵੱਲੋਂ ਸਿੱਖਾਂ ਦੀਆਂ ਮੰਗਾਂ ਤੇ ਦਾਅਵਿਆਂ ਨੂੰ ਵਾਰ ਵਾਰ ਨਕਾਰਨ ਅਤੇ ਕਈ ਮੌਕਿਆਂ 'ਤੇ ਉਨ੍ਹਾਂ ਨੂੰ ਖੁੱਲ੍ਹੇਆਮ ਅਪਮਾਨਤ ਕਰਨ ਦੇ ਬਾਵਜੂਦ ਵੀ, ਮੁਸਲਿਮ ਲੀਡਰਸ਼ਿਪ ਵਾਂਗ ਆਪਣਾ ਵੱਖਰਾ ਤੇ ਸੁਤੰਤਰ ਵਹਿਣ ਅਖ਼ਤਿਆਰ ਕਰਨ ਲਈ ਤਿਆਰ ਨਾ ਹੋ ਸਕੀ ਤਾਂ ਇਸ ਦੀ ਬੁਨਿਆਦੀ ਵਜ੍ਹਾ, ਭਾਰਤ ਦੀ ਸਮਾਜੀ-ਰਾਜਸੀ ਹਕੀਕਤ ਬਾਰੇ ਉਸ ਦੀ ਗੰਧਲੀ ਤੇ ਖ਼ਤਰਨਾਕ ਹੱਦ ਤੱਕ ਗ਼ਲਤ ਸਮਝ ਸੀ। ਸਿੱਖ ਆਗੂ, ਇਕ ਪਾਸੇ ਤਾਂ ਸਾਂਝੀ ਭਾਰਤੀ ਕੌਮ ਦੀ ਧਾਰਨਾ ਨਾਲ ਆਪਣੀ ਪੂਰਨ ਸਹਿਮਤੀ ਪ੍ਰਗਟਾਅ ਰਹੇ ਸਨ ਅਤੇ ਭਾਰਤ ਦੇ ਸਭਨਾਂ ਲੋਕਾਂ ਅੰਦਰ 'ਸਾਂਝੀ ਕੌਮੀ ਭਾਵਨਾ' ਪ੍ਰਫੁੱਲਤ ਕਰਨ ਦੇ ਕਾਰਜ ਪ੍ਰਤੀ ਆਪਣੀ ਵਚਨਬੱਧਤਾ ਦਰਸਾ ਰਹੇ ਸਨ, ਪਰ ਦੂਜੇ ਪਾਸੇ, ਨਾਲ ਹੀ ਸਿੱਖ ਪੰਥ ਦੀ ਨਵੇਕਲੀ ਪਛਾਣ ਤੇ ਹਸਤੀ ਬਰਕਰਾਰ ਰੱਖਣ ਬਾਰੇ ਵੀ ਪੂਰੇ ਫ਼ਿਕਰਮੰਦ ਸਨ। ਸਿੱਖ ਆਗੂਆਂ ਦੀ ਇਹ ਪੋਜ਼ੀਸ਼ਨ ਸਵੈ-ਵਿਰੋਧੀ ਸੀ। ਇਹ ਦੋਵੇਂ ਗੱਲਾਂ ਇਕ ਦੂਜੇ ਨੂੰ ਕਟਦੀਆਂ ਸਨ ਤੇ ਇਨ੍ਹਾਂ ਵਿੱਚ ਰਸਾਈ ਸੰਭਵ ਨਹੀਂ ਸੀ। ਸੁਆਲ ਇਹ ਨਹੀਂ ਸੀ ਕਿ ਕੀ ਭਾਰਤ ਦੇ ਸਭਨਾਂ ਲੋਕਾਂ ਵਿਚਕਾਰ ਆਪਸੀ ਭਾਈਚਾਰੇ ਤੇ ਸਹਿਯੋਗ ਦੀ ਭਾਵਨਾ ਪ੍ਰਫੁੱਲਤ ਕੀਤੀ ਜਾਵੇ ਜਾਂ ਨਾ ? ਸੁਆਲ ਇਹ ਸੀ ਕਿ ਇਸ ਦਾ ਆਧਾਰ ਕੀ ਹੋਵੇ। ਇਸ ਬਾਰੇ ਵੀ ਕੋਈ ਦੋ ਰਾਵਾਂ ਨਹੀਂ ਸਨ ਕਿ ਭਾਰਤ ਦੇ ਅਲੱਗ-ਅਲੱਗ ਵਰਗਾਂ ਨੂੰ ਅੰਗਰੇਜ਼ ਹਾਕਮਾਂ ਵਿਰੁੱਧ ਇਕੱਠੇ ਰਲ ਕੇ ਜੂਝਣਾ ਚਾਹੀਦਾ ਸੀ। ਪਰ ਸੁਆਲ ਇਹ ਸੀ ਕਿ ਇਸ ਸਾਂਝ ਦਾ ਆਧਾਰ ਕੀ ਹੋਵੇ ? ਮੁਹੰਮਦ ਇਕਬਾਲ ਦੀ ਇਸ ਬਾਰੇ ਧਾਰਨਾ ਬਹੁਤ ਹੀ ਸਾਫ਼ ਤੇ ਸਪਸ਼ਟ ਸੀ ਕਿ "ਇਕ ਸਾਂਝਾ ਭਾਰਤ ਇਸ ਹਕੀਕੀ ਸੱਚ ਦੀਆਂ ਬੁਨਿਆਦਾਂ ਉੱਤੇ ਹੀ ਉਸਰ ਸਕਦਾ ਹੈ ਕਿ ਭਾਰਤ ਅੰਦਰ ਇਕ ਤੋਂ ਵੱਧ ਕੌਮਾਂ ਵਸਦੀਆਂ ਹਨ। ਭਾਰਤੀ ਆਗੂ ਸਾਂਝੀ ਭਾਰਤੀ ਕੌਮਪ੍ਰਸਤੀ ਦੇ ਵਿਚਾਰ, ਜੋ ਕਿ ਅਲੱਗ-ਅਲੱਗ ਭਾਈਚਾਰਿਆਂ ਦੀ ਵਿਚਾਰਧਾਰਕ ਇਕਮਿਕਤਾ (fusion) ਦੀ ਧਾਰਨਾ 'ਤੇ ਆਧਾਰਤ ਹੈ, ਨੂੰ ਜਿੰਨੀ ਜਲਦੀ ਮਨਾਂ 'ਚੋਂ ਕੱਢ ਦੇਣਗੇ, ਉਨਾ ਹੀ ਸਾਰਿਆਂ ਦਾ ਭਲਾ ਹੋਵੇਗਾ। ਹਿੰਦੂ ਤੇ ਮੁਸਲਿਮ ਸਭਿਆਚਾਰਾਂ ਵਿੱਚ ਇਕਮਿਕਤਾ ਦੀ ਕੋਈ ਗੁੰਜਾਇਸ਼ ਨਹੀਂ।"[20] ਅਸਲ ਵਿੱਚ, ਪੱਛਮੀ ਵਿਦਿਆ ਤੇ ਆਧੁਨਿਕ ਵਿਚਾਰਾਂ ਦੇ ਅਸਰ ਸਦਕਾ, ਭਾਰਤੀ ਲੋਕਾਂ ਦੀ ਵਿਸ਼ਾਲ ਏਕਤਾ ਉਸਾਰਨ ਤੇ ਉਨ੍ਹਾਂ ਅੰਦਰ ਆਪਸੀ ਭਾਈਚਾਰੇ ਦੀਆਂ ਭਾਵਨਾਵਾਂ ਪ੍ਰਫੁਲਤ ਕਰਨ ਦੇ ਆਦਰਸ਼ ਨੇ ਭਾਰਤ ਦੇ ਸਭਨਾਂ ਹੀ ਵਰਗਾਂ ਦੇ ਪੜ੍ਹੇ-ਲਿਖੇ ਲੋਕਾਂ ਦਾ ਮਨ ਮੋਹ ਲਿਆ ਹੋਇਆ ਸੀ। ਇਹ ਸਮਾਜੀ ਚੇਤਨਾ ਦੀ ਬਹੁਤ ਹੀ ਮੁਢਲੀ ਅਵਸਥਾ ਸੀ। ਉਨ੍ਹਾਂ ਨੂੰ ਇਸ ਮਸਲੇ ਦੀਆਂ ਪੇਚੀਦਗੀਆਂ ਦਾ ਬਹੁਤਾ ਗਿਆਨ ਨਹੀਂ ਸੀ। ਹਮੇਸ਼ਾ ਇੰਜ ਹੀ ਹੁੰਦਾ ਹੈ। ਚੇਤਨਾ ਦੇ ਮੌਲਣ ਵਿਗਸਣ ਦਾ ਅਮਲ ਸ਼ੁਰੂਆਤ ਤੋਂ ਹੀ ਸੰਪੂਰਨਤਾ ਵੱਲ ਵਧਦਾ ਹੈ। ਸਰ ਸਈਅਦ ਅਹਿਮਦ, ਸ਼ੁਰੂ ਵਿੱਚ ਸਮੁੱਚੇ ਭਾਰਤੀ ਲੋਕਾਂ ਦੀ ਏਕਤਾ ਦੀ ਹਿੰਦੂ ਆਗੂਆਂ ਨਾਲੋਂ ਵੀ ਵੱਧ ਚਕਵੀਂ ਵਕਾਲਤ ਕਰਦਾ ਸੀ। ਉਦੋਂ ਉਸ ਨੂੰ 'ਕੌਮ' ਦੇ ਸੰਕਲਪ ਦੀ ਕੋਈ ਡੂੰਘੀ ਸੋਝੀ ਨਹੀਂ

ਸੀ। ਉਸ ਵੱਲੋਂ 1881 ਵਿੱਚ ਇੰਪੀਰੀਅਲ ਕੌਂਸਲ ਵਿੱਚ ਦਿੱਤਾ ਗਿਆ ਭਾਸ਼ਣ ਉਸ ਦੀ ਮਾਸੂਮੀਅਤ ਤੇ ਸੁਹਿਰਦਤਾ ਦੀ ਬਹੁਤ ਹੀ ਖ਼ੂਬਸੂਰਤ ਤਸਵੀਰ ਪੇਸ਼ ਕਰਦਾ ਹੈ। ਉਸ ਨੇ ਕਿਹਾ, "ਮੈਂ 'ਕੌਮ' ਨਾਂ ਦੇ ਲਫ਼ਜ਼ ਵਿੱਚ ਹਿੰਦੂਆਂ ਤੇ ਮੁਸਲਮਾਨਾਂ, ਦੋਵਾਂ ਨੂੰ ਸ਼ਾਮਲ ਕਰਦਾ ਹਾਂ.......ਮੇਰੇ ਲਈ ਇਹ ਗੱਲ ਕੋਈ ਮਾਅਨੇ ਨਹੀਂ ਰੱਖਦੀ ਕਿ ਉਨ੍ਹਾਂ ਦਾ ਧਰਮ ਕੀ ਹੈ.....ਮੈਂ ਤਾਂ ਕੌਮ ਦੇ ਵਿਕਾਸ ਲਈ ਬਿਹਬਲ ਹਾਂ।"[21] 1885 ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ ਨਾਲ ਹੀ ਸਰ ਸਈਅਦ ਅਹਿਮਦ ਦਾ ਮੱਥਾ ਠਣਕ ਗਿਆ ਅਤੇ ਉਸ ਨੂੰ ਕਾਂਗਰਸੀ ਆਗੂਆਂ ਦੇ ਅਸਲੀ ਇਰਾਦਿਆਂ ਨੂੰ ਤਾੜਨ ਵਿੱਚ ਰਤੀ ਦੇਰ ਨਾ ਲੱਗੀ। ਉਸ ਨੇ ਮੁਸਲਿਮ ਭਾਈਚਾਰੇ ਦੇ ਹਿਤਾਂ ਦੀ ਰਾਖੀ ਲਈ ਉਨ੍ਹਾਂ ਦੀ ਅਲੱਗ ਜਥੇਬੰਦੀ ਦੀ ਲੋੜ ਮਹਿਸੂਸ ਕੀਤੀ। ਇਸ ਚੇਤਨਾ ਵਿੱਚੋਂ ਹੀ ਮੁਸਲਿਮ ਲੀਗ ਦਾ ਵਿਚਾਰ-ਨਕਸ਼ਾ ਤੇ ਜਥੇਬੰਦਕ ਸਰੂਪ ਉਭਰਿਆ। ਮੁਹੰਮਦ ਅਲੀ ਜਿਨਾਹ ਇਸ ਤੋਂ ਕਾਫ਼ੀ ਬਾਅਦ ਤਕ 'ਸਾਂਝੀ ਭਾਰਤੀ ਕੌਮ' ਦੇ ਵਿਚਾਰ ਦੀ ਡਟਵੀਂ ਹਮਾਇਤ ਕਰਦਾ ਰਿਹਾ। ਇਹ ਜਿਨਾਹ ਹੀ ਸੀ ਜਿਸ ਨੇ ਕਾਂਗਰਸ ਪਾਰਟੀ ਦੇ 25ਵੇਂ ਸੈਸ਼ਨ ਵਿੱਚ ਵੱਖਰੇ ਚੋਣ ਖੇਤਰਾਂ ਦੀ ਥਾਂ ਸਰਬਸਾਂਝੇ ਚੋਣ ਖੇਤਰਾਂ ਦੇ ਪੱਖ ਵਿੱਚ ਮਤਾ ਪੇਸ਼ ਕੀਤਾ ਸੀ ਅਤੇ ਇਹ ਵੀ ਜਿਨਾਹ ਹੀ ਸੀ ਜਿਸ ਨੇ ਠੋਸ ਤਜਰਬੇ 'ਚੋਂ ਡੂੰਘਾ ਰਾਜਸੀ ਗਿਆਨ ਹਾਸਲ ਕਰ ਲੈਣ ਤੋਂ ਬਾਅਦ 1940 ਵਿੱਚ ਮੁਸਲਿਮ ਲੀਗ ਦੇ ਲਾਹੌਰ ਸੈਸ਼ਨ ਵਿੱਚ ਠੋਕ ਵਜਾ ਕੇ ਇਹ ਗੱਲਾਂ ਕਹੀਆਂ ਕਿ "ਇਹ ਸਮਝਣਾ ਬਹੁਤ ਹੀ ਮੁਸ਼ਕਲ ਲੱਗ ਰਿਹਾ ਹੈ ਕਿ ਸਾਡੇ ਹਿੰਦੂ ਦੋਸਤਾਂ ਨੂੰ ਇਸਲਾਮ ਤੇ ਹਿੰਦੂਵਾਦ ਦੀ ਸਮਝ ਕਿਉਂ ਨਹੀਂ ਆ ਰਹੀ। ਸ਼ਬਦ ਦੇ ਸਹੀ ਅਰਥਾਂ 'ਚ ਗੱਲ ਕਰਨੀ ਹੋਵੇ ਤਾਂ ਇਹ ਦੋ ਧਰਮਾਂ ਦਾ ਮਾਮਲਾ ਨਹੀਂ, ਅਸਲ ਵਿੱਚ ਇਹ ਵੱਖੋ-ਵੱਖਰੀਆਂ ਤੇ ਐਨ ਅਲੱਗ-ਅਲੱਗ ਤਰ੍ਹਾਂ ਦੀਆਂ ਸਮਾਜੀ ਪ੍ਰਣਾਲੀਆਂ ਹਨ। ਇਹ ਸੋਚਣਾ ਕਿ ਹਿੰਦੂ ਤੇ ਮੁਸਲਮਾਨ ਕਦੇ ਸਾਂਝੀ ਕੌਮੀਅਤ ਵਿਕਸਤ ਕਰ ਲੈਣਗੇ, ਇਕ ਸੁਪਨਾ ਹੀ ਹੈ।..... ਅਜਿਹੀਆਂ ਦੋ ਕੌਮਾਂ ਨੂੰ, ਘੱਟਗਿਣਤੀ ਤੇ ਬਹੁਗਿਣਤੀ ਵਜੋਂ ਇੱਕੋ ਸਾਂਝੇ ਰਾਜ ਵਿੱਚ ਨਰੜ ਦੇਣ ਦਾ ਨਤੀਜਾ ਇਹ ਨਿਕਲੇਗਾ ਕਿ ਬੇਚੈਨੀ ਹੋਰ ਭੜਕੇਗੀ ਤੇ.......।"[22]

ਬੱਸ ਇਹੀ ਗੱਲ ਸੀ! ਕੌਮਾਂ ਦੇ ਮਾਮਲੇ 'ਚ ਬਹੁਗਿਣਤੀ ਬਨਾਮ ਘੱਟਗਿਣਤੀ ਦੀ ਕੋਈ ਗੱਲ ਨਹੀਂ ਰਹਿ ਜਾਂਦੀ। ਬਹੁਗਿਣਤੀ/ਘੱਟਗਿਣਤੀ ਦਾ ਅਸੂਲ ਜਾਂ ਤਾਂ ਇਕ-ਜਾਤੀ (ਯੂਨੀਐਥਨਿਕ) ਸਮਾਜਾਂ 'ਤੇ ਲਾਗੂ ਹੁੰਦਾ ਹੈ ਅਤੇ ਜਾਂ ਅਜਿਹੇ ਬਹੁ-ਭਾਂਤੀ (diverse) ਸਮਾਜਾਂ 'ਤੇ, ਜਿਥੇ ਇਕ ਭਾਰੂ ਕੌਮ ਦੇ ਨਾਲੋ ਨਾਲ ਕੁਝ ਨਸਲੀ, ਭਾਸ਼ਾਈ ਜਾਂ ਧਾਰਮਿਕ ਘੱਟਗਿਣਤੀਆਂ ਵੀ ਵੱਸ ਰਹੀਆਂ ਹੋਣ। ਅਜਿਹੇ ਬਹੁ-ਭਾਂਤੀ ਸਮਾਜਾਂ ਅੰਦਰ ਘੱਟਗਿਣਤੀਆਂ ਦੇ ਹੱਕਾਂ ਦੀ ਸੰਵਿਧਾਨਕ ਸੁਰੱਖਿਆ ਦੇ ਮਾਮਲੇ ਉਠਦੇ ਹਨ। ਪਰ ਇਕ ਬਹੁ-ਕੌਮੀ ਦੇਸ (ਮਲਟੀ-ਨੈਸ਼ਨਲ) ਅੰਦਰ ਕੌਮਾਂ ਦੇ ਆਪਸੀ ਸਬੰਧਾਂ ਵਿੱਚ ਬਹੁਗਿਣਤੀ/ਘੱਟਗਿਣਤੀ ਦੀ ਧਾਰਨਾ ਕੋਈ ਮਾਅਨੇ ਨਹੀਂ ਰੱਖਦੀ। ਕੌਮ ਵੱਡੀ ਹੋਵੇ ਜਾਂ ਛੋਟੀ, ਦੌਲਤਮੰਦ ਹੋਵੇ ਜਾਂ ਥੁੜ ਮਾਰੀ, ਉੱਨਤ ਹੋਵੇ ਜਾਂ ਪਛੜੀ ਹੋਈ, ਉਹ ਬਰਾਬਰ ਦੇ ਸਲੂਕ ਤੇ ਮਾਣ-ਸਤਿਕਾਰ ਦੀ ਹੱਕਦਾਰ ਹੁੰਦੀ ਹੈ। ਇਹ ਦਸਤੂਰ ਕੌਮਾਂਤਰੀ ਪੱਧਰ 'ਤੇ ਚਿਰੋਕਣਾ ਪ੍ਰਵਾਨ ਹੋ ਚੁੱਕਾ ਹੈ। ਇਕ ਸਵੈ-ਚੇਤੰਨ ਤੇ ਖ਼ੁਦਦਾਰ ਕੌਮ, ਕਿੰਨੀ ਵੀ ਛੋਟੀ ਕਿਉਂ ਨਾ ਹੋਵੇ, ਅਧੀਨਗੀ ਦੇ ਰਿਸ਼ਤੇ ਨੂੰ ਕਿਸੇ ਵੀ ਰੂਪ ਵਿੱਚ ਪ੍ਰਵਾਨ ਕਰਨ ਤੋਂ ਇਨਕਾਰੀ ਹੁੰਦੀ ਹੈ। 1947 ਤੋਂ ਪਹਿਲਾਂ ਦੇ ਭਾਰਤ ਅੰਦਰ ਇਹੀ ਰੌਲਾ ਸੀ। (ਅਤੇ ਅਜੋਕੇ ਭਾਰਤ ਅੰਦਰ ਵੀ ਫਿਰ ਇਹੀ ਰੌਲਾ ਹੈ) ਹਿੰਦੂ ਆਗੂ ਭਾਰਤੀ ਸਮਾਜ ਦੀ ਵੰਨ-ਸੁਵੰਨਤਾ ਤੋਂ ਮੁਨਕਰ ਨਹੀਂ ਸਨ, (ਨਾ ਅੱਜ ਹਨ)। ਪਰ ਉਹ ਭਾਰਤ ਨੂੰ ਇਕ

ਬਹੁ-ਕੌਮੀ ਦੇਸ ਮੰਨਣ ਲਈ ਤਿਆਰ ਨਹੀਂ ਸਨ, (ਨਾ ਅੱਜ ਹਨ)। ਭਾਰੂ ਬਹੁਗਿਣਤੀ ਵਿੱਚ ਹੋਣ ਕਰਕੇ, ਉਹ ਹਰ ਮਸਲੇ ਨੂੰ ਅੰਕਾਂ ਦੀ ਗਿਣਤੀ ਦੀ ਦ੍ਰਿਸ਼ਟੀ ਤੋਂ ਦੇਖਣ ਤੇ ਨਜਿੱਠਣ ਦੀ ਅੜੀ ਕਰਦੇ ਸਨ। ਵੱਧ ਤੋਂ ਵੱਧ, ਕੁਝ ਵਰਗਾਂ ਨੂੰ (ਸਾਰਿਆਂ ਨੂੰ ਨਹੀਂ! ਸਿੱਖਾਂ ਨੂੰ ਤਾਂ ਬਿਲਕੁਲ ਹੀ ਨਹੀਂ!!) ਧਾਰਮਿਕ ਘੱਟਗਿਣਤੀ ਵਜੋਂ ਤਸਲੀਮ ਕਰਨ ਅਤੇ ਉਨ੍ਹਾਂ ਦੇ ਘੱਟਗਿਣਤੀ ਹੱਕਾਂ ਦੀ ਸੁਰੱਖਿਆ ਲਈ ਸੰਵਿਧਾਨਕ ਵਿਵਸਥਾ ਮੁਹੱਈਆ ਕਰਨ ਲਈ ਰਾਜ਼ੀ ਸਨ। ਉਹ ਵੀ ਅੱਧ-ਮੰਨੇ ਚਿਤ ਨਾਲ ਹੀ! ਮੁਸਲਿਮ ਵਰਗ ਤੇ ਉਸ ਦੀ ਲੀਡਰਸ਼ਿਪ ਇਸ ਨਾਲ ਸੰਤੁਸ਼ਟ ਨਹੀਂ ਸੀ। ਉਹ ਆਪਣੇ ਆਪ ਨੂੰ ਇਕ ਧਾਰਮਿਕ ਘੱਟਗਿਣਤੀ ਨਹੀਂ ਸਗੋਂ ਕੌਮੀ ਗਰੁੱਪ ਤਸੱਵਰ ਕਰਦੇ ਸਨ। ਇਸ ਕਰਕੇ, ਸਾਂਝੇ ਭਾਰਤ ਅੰਦਰ ਰਹਿਣ ਲਈ ਉਨ੍ਹਾਂ ਦੀ ਕੁੱਲ ਤੋਂ ਪਹਿਲੀ ਤੇ ਆਖ਼ਰੀ ਸ਼ਰਤ ਇਹੀ ਸੀ ਕਿ ਉਨ੍ਹਾਂ ਨੂੰ ਇਕ 'ਕੌਮ' ਵਜੋਂ ਤਸਲੀਮ ਕੀਤਾ ਜਾਵੇ ਅਤੇ ਉਨ੍ਹਾਂ ਨਾਲ ਇਕ ਕੌਮ ਵਾਂਗ ਹੀ ਵਰਤਿਆ ਜਾਵੇ। ਉਹ ਘੱਟਗਿਣਤੀ ਵਾਲਾ ਰੁਤਬਾ ਤੇ ਸਲੂਕ ਸਹਿਣ ਲਈ ਤਿਆਰ ਨਹੀਂ ਸੀ। ਉਧਰ ਹਿੰਦੂ ਆਗੂਆਂ ਨੂੰ ਉਨ੍ਹਾਂ ਦੀ ਇਹ ਸ਼ਰਤ ਅਤੇ ਪੋਜ਼ੀਸ਼ਨ ਕਿਸੇ ਵੀ ਭਾਅ ਮਨਜ਼ੂਰ ਨਹੀਂ ਸੀ। ਹਿੰਦੂ ਆਗੂਆਂ ਦੀ ਜੁਆਬੀ ਸ਼ਰਤ ਇਹ ਸੀ ਕਿ ਸਾਂਝੇ ਭਾਰਤ ਅੰਦਰ ਰਹਿਣਾ ਹੈ ਤਾਂ ਧੌਣ 'ਚੋਂ ਕੌਮ ਵਾਲਾ 'ਕਿੱਲਾ' ਕੱਢ ਕੇ, ਘੱਟਗਿਣਤੀ ਵਰਗ ਬਣ ਕੇ ਰਹਿਣਾ ਪਵੇਗਾ। ਸ਼ਰਤ ਨਹੀਂ ਪੁਗਦੀ ਤਾਂ ਡੰਡਾ ਡੇਰਾ ਚੁੱਕ ਕੇ ਅਲਹਿਦਾ ਹੋ ਜਾਵੋ! ਮਸਲਾ ਸਾਫ਼ ਸੀ। ਪੁਜੀਸ਼ਨਾਂ ਸਪਸ਼ਟ ਸਨ। ਇਸ 'ਚੋਂ ਵਾਪਰਨ ਵਾਲੇ ਅਟੱਲ ਭਾਣੇ ਬਾਰੇ ਵੀ ਕੋਈ ਸ਼ੱਕ-ਸ਼ੁਬਾ ਨਹੀਂ ਸੀ ਰਿਹਾ। ਹੁਣ ਇਸ ਸੰਦਰਭ ਵਿੱਚ ਦੇਖੀਏ ਕਿ ਸਿੱਖ ਲੀਡਰਸ਼ਿਪ ਕਿਥੇ ਖੜੀ ਸੀ ?

ਪਿੱਛੇ ਅਸੀਂ ਦੇਖ ਆਏ ਹਾਂ ਕਿ ਨਵੀਂ ਤੇ ਪੁਰਾਣੀ, ਦੋਨੋਂ ਹੀ ਵੰਨਗੀਆਂ ਦੀ ਸਿੱਖ ਲੀਡਰਸ਼ਿਪ ਦੀ ਭਾਰਤ ਦੀ ਸਮਾਜੀ ਸਭਿਆਚਾਰਕ ਬਣਤਰ ਬਾਰੇ ਸਮਝ ਬੇਹੱਦ ਗ਼ਲਤ ਅਤੇ ਘਚੋਲੇ-ਗ੍ਰਸੀ ਸੀ। ਇਹ ਘਚੋਲਾ ਸਿਰਫ਼ ਰਾਜਸੀ ਖੇਤਰ ਅੰਦਰ ਹੀ ਨਹੀਂ ਸੀ। ਇਸ ਦਾ ਵੱਧ ਗੂੜ੍ਹਾ ਪ੍ਰਗਟਾਵਾ ਚਿੰਤਨ ਦੇ ਖੇਤਰ ਅੰਦਰ ਮਿਲਦਾ ਹੈ। ਇਸ ਸਦੀ ਦੇ ਕਿਸੇ ਵੀ ਸਿੱਖ ਵਿਦਵਾਨ ਦੀ, ਇਸ ਮਸਲੇ ਬਾਰੇ ਕਿਸੇ ਵੀ ਲਿਖਤ ਜਾਂ ਟਿੱਪਣੀ ਨੂੰ ਲੈ ਲਓ, ਉਸ ਵਿੱਚੋਂ ਸਿਧਾਂਤਕ ਅਸਪਸ਼ਟਤਾ ਤੇ ਥਿੜਕਣ ਸਾਫ਼ ਨਜ਼ਰ ਪੈ ਜਾਵੇਗੀ। ਮਿਸਾਲ ਵਜੋਂ, ਜੇਕਰ ਇਸ ਸਦੀ ਦੇ ਸ਼੍ਰੋਮਣੀ ਸਿੱਖ ਵਿਦਵਾਨ ਸਰਦਾਰ ਕਪੂਰ ਸਿੰਘ ਹੁਰਾਂ ਦੀ ਬਹੁ-ਚਰਚਿਤ ਰਚਨਾ *ਸਾਚੀ ਸਾਖੀ* ਦਾ ਥੋੜ੍ਹਾ ਘੋਖਵੀਂ ਨਜ਼ਰ ਨਾਲ ਅਧਿਅਨ ਕੀਤਾ ਜਾਵੇ ਤਾਂ ਉਨ੍ਹਾਂ ਦੀ ਮੁਸਲਿਮ ਕੌਮਪ੍ਰਸਤੀ ਦੇ ਵਰਤਾਰੇ ਪ੍ਰਤੀ ਸਮਝ ਦੀਆਂ ਕਮਜ਼ੋਰੀਆਂ ਤੇ ਸੀਮਤਾਈਆਂ ਪ੍ਰਤੱਖ ਹੋ ਜਾਂਦੀਆਂ ਹਨ। ਇਸੇ ਹੀ ਤਰ੍ਹਾਂ ਸਰਦਾਰ ਅਜੀਤ ਸਿੰਘ ਸਰਹੱਦੀ ਦੀ ਭਾਰਤ ਅੰਦਰ ਕੌਮਵਾਦ ਦੇ ਵਰਤਾਰੇ ਬਾਰੇ ਲਿਖੀ ਪੁਸਤਕ *Nationalisms in India—The Problem*, ਜੋ ਵੈਸੇ ਬਹੁਤ ਹੀ ਲਗਨ, ਮਿਹਨਤ ਤੇ ਖੋਜ ਨਾਲ ਲਿਖੀ ਗਈ ਹੈ ਅਤੇ ਕਈ ਪੱਖਾਂ ਬਾਰੇ ਡੂੰਘੀ ਤੇ ਬਹੁਮੁੱਲੀ ਜਾਣਕਾਰੀ ਮੁਹੱਈਆ ਕਰਦੀ ਹੈ, ਅੰਦਰ ਤਰਕ ਦੀ ਤੰਦ ਥਾਂ ਥਾਂ ਤਿੜਕਦੀ ਅਤੇ ਆਪਣੇ ਹੀ ਵਿਰੋਧਾਂ ਵਿੱਚ ਉਲਝਦੀ ਦੇਖੀ ਜਾ ਸਕਦੀ ਹੈ। ਪ੍ਰਸਿੱਧ ਸਿੱਖ ਇਤਿਹਾਸਕਾਰ ਡਾ. ਫ਼ੌਜਾ ਸਿੰਘ ਵੱਲੋਂ, ਆਜ਼ਾਦੀ ਦੇ ਅੰਦੋਲਨ ਦੌਰਾਨ ਕੁਝ ਮੌਕਿਆਂ 'ਤੇ ਸਿੱਖ ਲੀਡਰਸ਼ਿਪ ਦੁਆਰਾ ਕਾਂਗਰਸ ਪਾਰਟੀ ਨਾਲੋਂ ਵੱਖਰੀਆਂ ਪੋਜ਼ੀਸ਼ਨਾਂ ਲਏ ਜਾਣ ਨਾਲ ਆਮ ਹਿੰਦੂ ਜਨਤਾ ਅੰਦਰ ਬਣੇ 'ਗ਼ਲਤ ਪ੍ਰਭਾਵਾਂ' ਨੂੰ ਦੂਰ ਕਰਨ ਅਤੇ ਸਿੱਖ ਲੀਡਰਸ਼ਿਪ ਨੂੰ ਹਮੇਸ਼ਾ ਤੇ ਹਰ ਮੁੱਦੇ 'ਤੇ 'ਕੌਮਪ੍ਰਸਤ ਪੈਂਤੜੇ' ਦੀ ਅਡੋਲ ਧਾਰਨੀ ਸਾਬਤ ਕਰਨ ਲਈ ਲਿਖਿਆ ਗਿਆ ਇਕ ਉਚੇਚਾ ਲੇਖ (ਪੰਜਾਬ ਪਾਸਟ ਐਂਡ ਪਰੈਜ਼ੈਂਟ, ਅੰਕ ਨੰ. 30, 1981) ਇਸ ਸਿਧਾਂਤਕ ਰੋਗ ਦਾ ਹੀ ਇਕ ਹੋਰ

ਉਘੜਵਾਂ ਨਮੂਨਾ ਮੰਨਿਆ ਜਾ ਸਕਦਾ ਹੈ। ਜੇਕਰ ਕਦੇ ਕਿਸੇ ਸਿੱਖ ਵਿਦਵਾਨ ਜਾਂ ਰਾਜਸੀ ਆਗੂ ਨੇ ਸਿੱਖ ਕੌਮ ਬਾਰੇ ਠੀਕ ਪੋਜ਼ੀਸ਼ਨ ਲੈ ਵੀ ਲਈ ਤਾਂ ਉਹ ਉਸ 'ਤੇ ਨਾ ਤਾਂ ਜਚਵੇਂ ਪੈਰੀਂ ਖੜ ਸਕਿਆ ਤੇ ਨਾ ਹੀ ਇਸ ਦੀ ਧੜੱਲੇ ਨਾਲ ਪੈਰਵਾਈ ਕਰਨ ਦੇ ਸਮਰੱਥ ਹੋ ਸਕਿਆ। ਅਸਲ ਵਿੱਚ, ਖ਼ਾਲੀ ਸਿਧਾਂਤਕ ਪੋਜ਼ੀਸ਼ਨਾਂ ਲੈਣ ਜਾਂ ਛੱਡਣ ਨਾਲੋਂ, ਠੋਸ ਰਾਜਨੀਤਕ ਅਮਲ ਰਾਹੀਂ ਪ੍ਰਗਟ ਹੋਈ ਸਮਝ ਵਧੇਰੇ ਅਹਿਮੀਅਤ ਰੱਖਦੀ ਹੈ। ਇਹੀ ਉਹ ਪੱਖ ਹੈ ਜਿਸ 'ਚੋਂ ਸਿੱਖ ਲੀਡਰਸ਼ਿਪ ਦੀ ਬੌਧਿਕ ਗ਼ੁਰਬਤ ਦੀ ਹੋਰ ਵੀ ਮਾੜੀ ਤਸਵੀਰ ਉਘੜਦੀ ਹੈ।

ਦੋਨੋਂ ਹੀ ਵੰਨਗੀਆਂ ਦੇ ਸਿੱਖ ਆਗੂਆਂ ਦੀ ਇਹ ਮਰਜ਼ ਸਾਂਝੀ ਸੀ ਕਿ ਉਹ ਸਿੱਖ ਪੰਥ ਨੂੰ ਇਕ ਕੌਮ ਦੇ ਰੂਪ ਵਿੱਚ ਨਹੀਂ, ਇਕ ਘੱਟਗਿਣਤੀ ਧਾਰਮਿਕ ਵਰਗ ਵਜੋਂ ਦੇਖਦੇ ਸਨ। ਭਾਰਤ ਦੇ ਦੂਸਰੇ ਦੋਨੋਂ ਸ਼ਰੀਕ ਭਾਈਚਾਰਿਆਂ—ਹਿੰਦੂ ਤੇ ਮੁਸਲਿਮ—ਦੇ ਮੁਕਾਬਲੇ ਸਿੱਖ ਵਰਗ, ਗਿਣਤੀ ਦੇ ਲਿਹਾਜ਼ ਨਾਲ, ਅਸਲੋਂ ਹੀ ਅਣਸਾਵੀਂ ਤੇ ਘਾਟੇਵੰਦੀ ਪੋਜ਼ੀਸ਼ਨ ਵਿੱਚ ਸੀ। ਇਸ ਨਾਲ ਸਿੱਖ ਪੰਥ ਦੇ ਉਪਰਲੇ ਵਰਗਾਂ, ਖ਼ਾਸ ਕਰਕੇ ਇਸ ਦੇ ਪੜ੍ਹੇ-ਲਿਖੇ ਹਿੱਸਿਆਂ ਦੇ ਮਨਾਂ ਅੰਦਰ ਇਕ ਘੱਟਗਿਣਤੀ ਵਰਗ ਦੇ ਡਰ ਤੇ ਅਸੁਰੱਖਿਆ ਦੀ ਭਾਵਨਾ (ਮਾਈਨਾਰਟੀ ਕੰਪਲੈਕਸ) ਪੱਕੇ ਤੌਰ 'ਤੇ ਘਰ ਕਰ ਗਈ। ਕਿਸੇ ਵੀ ਬੱਝਵੇਂ ਇਲਾਕੇ ਅੰਦਰ ਬਹੁਗਿਣਤੀ ਨਾ ਹੋਣ ਕਰਕੇ ਇਹ ਭਾਵਨਾ ਹੋਰ ਪੱਕੀ ਹੁੰਦੀ ਚਲੀ ਗਈ। ਇਸ ਵਿੱਚੋਂ, ਸਿੱਖ ਪੰਥ ਦੀਆਂ ਉਪਰਲੀਆਂ ਪਰਤਾਂ ਅੰਦਰ ਦੋ ਪਾਟਵੀਆਂ ਸੋਚ ਧਾਰਾਵਾਂ ਨੇ ਜਨਮ ਧਾਰਿਆ। ਸਿੱਖ ਭਾਈਚਾਰੇ ਅੰਦਰਲੇ ਰਵਾਇਤੀ ਵਰਗਾਂ ਦਾ ਮੱਤ ਇਹ ਸੀ ਕਿ ਦੋ ਵੱਡੇ ਸ਼ਰੀਕਾਂ ਵਿਚਕਾਰ ਘਿਰੀ ਸਿੱਖ ਪੰਥ ਵਰਗੀ ਨਿਗੂਣੀ ਘੱਟਗਿਣਤੀ ਸਿਰਫ਼ ਸਰਕਾਰੀ ਸਰਪ੍ਰਸਤੀ ਤੇ ਸਦਭਾਵਨਾ ਆਸਰੇ ਹੀ ਆਪਣੇ ਹਿਤਾਂ ਦਾ ਬਚਾਉ ਕਰ ਸਕਦੀ ਹੈ। ਇਸ ਵਿੱਚੋਂ ਸਿੱਖ ਸਰਦਾਰਾਂ, ਰਈਸਾਂ, ਤੇ ਚੀਫ਼ੀਆਂ (ਚੀਫ਼ ਖ਼ਾਲਸਾ ਦੀਵਾਨ) ਦੀ ਰਾਜਨੀਤੀ ਨਿਕਲੀ ਜੋ ਸਿੱਖ ਕੌਮ ਨੂੰ ਅੰਗਰੇਜ਼ ਹਾਕਮਾਂ ਦੀ ਪਿਛਲੱਗ ਬਣਾਉਣ ਦੀ ਦਿਸ਼ਾ ਨਿਰਧਾਰਤ ਕਰਦੀ ਸੀ। ਦੂਸਰੇ ਪਾਸੇ, ਸਿੱਖ ਪੰਥ ਅੰਦਰਲੇ ਨਵੇਂ, ਪੜ੍ਹੇ-ਲਿਖੇ ਮੱਧਵਰਗ ਦੀ ਸੋਚ ਇਹ ਸੀ ਕਿ ਬਰਤਾਨਵੀ ਹਾਕਮਾਂ ਵੱਲੋਂ ਖੁੱਲ੍ਹੇਆਮ ਮੁਸਲਿਮ ਭਾਈਚਾਰੇ ਦੀ ਤਰਫ਼ਦਾਰੀ ਕਰਨ ਵਾਲੇ ਪੱਖ-ਪਾਤੀ ਵਤੀਰੇ ਦੇ ਸਨਮੁੱਖ, ਸਿੱਖ ਪੰਥ ਦੀ ਸੁਰੱਖਿਆ ਤੇ ਬਿਹਤਰੀ ਦਾ ਇਕ ਹੀ ਰਾਹ ਬਚਦਾ ਹੈ ਕਿ ਉਹ ਹਿੰਦੂ ਵਰਗ ਨਾਲ ਏਕਤਾ ਤੇ ਸਹਿਯੋਗ ਦੀ ਰਣਨੀਤੀ ਦਾ ਪੱਲਾ ਫੜ ਕੇ ਚੱਲੇ। ਇਸ ਵਿੱਚੋਂ ਅਕਾਲੀ ਰਾਜਨੀਤੀ ਦੀ ਉਹ ਧਾਰਾ ਫੁੱਟੀ ਜਿਸ ਨੇ ਸਿੱਖ ਕੌਮ ਨੂੰ ਰਾਜਸੀ ਪੱਖ ਤੋਂ, ਪੱਕੇ ਤੌਰ 'ਤੇ ਹਿੰਦੂ ਵਰਗ ਦੀ 'ਰਾਖਵੀਂ ਟੁਕੜੀ' (ਰੀਜ਼ਰਵ ਫ਼ੋਰਸ) ਬਣਾ ਕੇ ਰੱਖ ਦਿੱਤਾ।

ਇਸ ਘੱਟਗਿਣਤੀ ਵਾਲੀ ਸੋਚ (ਮਾਈਨਾਰਟੀ ਕੰਪਲੈਕਸ) ਵਿੱਚੋਂ ਨਾ ਸਿੱਖ ਕੌਮ ਦੀ ਆਜ਼ਾਦੀ ਦਾ ਸੰਕਲਪ ਉਭਰ ਸਕਦਾ ਸੀ ਤੇ ਨਾ ਹੀ ਇੱਛਾ। ਇਸ ਕਰਕੇ ਅਕਾਲੀ ਲੀਡਰਸ਼ਿਪ ਨੂੰ ਹਿੰਦੂ ਆਗੂਆਂ ਅੱਗੇ ਇਹ ਸਫ਼ਾਈਆਂ ਦੇਣ, ਕਿ ਕੋਈ ਸਿੱਖ "ਸੁਪਨੇ 'ਚ ਵੀ ਆਜ਼ਾਦ ਸਿੱਖ ਰਾਜ ਸਥਾਪਤ ਕਰਨ ਦੀ ਇੱਛਾ ਨਹੀਂ ਰੱਖ ਸਕਦਾ", ਵਿੱਚ ਰਤੀ ਭਰ ਵੀ ਝਿਜਕ ਮਹਿਸੂਸ ਨਹੀਂ ਸੀ ਹੁੰਦੀ। ਘੱਟਗਿਣਤੀ ਵਾਲੀ ਸੋਚ ਵਿੱਚੋਂ ਘੱਟਗਿਣਤੀ ਦੇ ਹੱਕਾਂ (ਮਾਈਨਾਰਟੀ ਰਾਈਟਸ) ਦੀ ਸੁਰੱਖਿਆ ਦਾ ਸਰੋਕਾਰ ਹੀ ਪੈਦਾ ਹੋ ਸਕਦਾ ਸੀ। ਉਹ ਹੋਇਆ ਵੀ। ਦੋਨੋਂ ਹੀ ਵੰਨਗੀਆਂ ਦੀ ਸਿੱਖ ਲੀਡਰਸ਼ਿਪ, ਆਪਣੀ ਸਾਂਝੀ ਸਿਧਾਂਤਕ 'ਮਰਜ਼' ਦੀ ਵਜ੍ਹਾ ਕਰਕੇ, ਸਿੱਖ ਕੌਮ ਦੇ ਆਜ਼ਾਦੀ ਦੇ ਪੈਂਤੜੇ ਨੂੰ ਨਕਾਰਨ ਅਤੇ ਸਿੱਖ ਹਿਤਾਂ ਦੀ ਰਾਖੀ ਲਈ ਕੇਵਲ ਅਤੇ ਕੇਵਲ ਸੰਵਿਧਾਨਕ ਸੁਰੱਖਿਆਵਾਂ ਦੀ ਮੰਗ ਕਰਨ ਦੇ ਪੈਂਤੜੇ ਉੱਤੇ ਇਕ ਮੱਤ ਸੀ। 1917 ਤੋਂ ਲੈ ਕੇ 1947 ਤਕ ਸਿੱਖ ਆਗੂਆਂ ਵੱਲੋਂ

ਪੇਸ਼ ਕੀਤੇ ਹਰ ਵਿਚਾਰ, ਹਰ ਤਜਵੀਜ਼ ਅਤੇ ਹਰ ਮੰਗ-ਪੱਤਰ ਵਿੱਚੋਂ ਇਕ ਹੀ ਸਰੋਕਾਰ ਝਲਕਦਾ ਹੈ ਕਿ ਦੁਸ਼ਮਣਾਂ 'ਚ ਘਿਰੇ ਸਿੱਖ ਘੱਟਗਿਣਤੀ ਭਾਈਚਾਰੇ ਨੂੰ ਕਿਵੇਂ ਬਚਾਇਆ ਜਾਵੇ? ਬਹੁਤ ਹੀ ਛੋਟੀ ਗਿਣਤੀ ਹੋਣ ਕਰਕੇ, ਅਨੁਪਾਤ ਅਨੁਸਾਰ ਨੁਮਾਇੰਦਗੀ ਦਾ ਆਮ ਸਿਧਾਂਤ ਸਿੱਖ ਹਿਤਾਂ ਦੀ ਰਾਖੀ ਨਹੀਂ ਸੀ ਕਰ ਸਕਦਾ। ਇਸ ਕਰਕੇ ਸਿੱਖ ਆਗੂ, ਪ੍ਰਸ਼ਾਸਨ ਅੰਦਰ ਸਿੱਖ ਵਰਗ ਦੀ ਹਿੱਸਾ-ਪੱਤੀ ਤੈਅ ਕਰਨ ਲਈ ਆਬਾਦੀ ਦੇ ਨਾਲ ਹੀ 'ਹੋਰਨਾਂ ਪੱਖਾਂ' ਨੂੰ ਵੀ ਗਿਣਤੀ ਵਿੱਚ ਰੱਖਣ ਦੀ ਮੰਗ ਕਰਨ ਲੱਗੇ। ਸ਼ਰੀਕ ਇਹ ਗੱਲ ਭਲਾ ਕਿਉਂ ਮੰਨਣ? ਅਤੇ ਬਰਤਾਨਵੀ ਹਾਕਮ ਵੀ ਐਡੇ ਤਰਕ-ਵਿਹੂਣੇ 'ਤਰਕ' ਨਾਲ ਕਿਵੇਂ ਸਹਿਮਤ ਹੋਣ? ਮੁਸਲਮਾਨ ਪੰਜਾਬ ਅੰਦਰ ਆਪਣੀ ਬਹੁਗਿਣਤੀ ਵਾਲੀ ਪੋਜ਼ੀਸ਼ਨ ਤੋਂ ਹੇਠਾਂ ਕਿਉਂ ਲੱਥਣ? ਉਧਰ ਹਿੰਦੂ ਆਗੂ ਸਿੱਖ ਲੀਡਰਸ਼ਿਪ ਦਾ ਮਖ਼ੌਲ ਉਡਾਉਣ ਕਿ "ਆਪਣੀ ਇਤਿਹਾਸਕ ਮਹੱਤਤਾ ਅਤੇ ਰਾਜ ਪ੍ਰਤੀ ਮੌਜੂਦਾ ਸੇਵਾਵਾਂ ਦੇ ਆਧਾਰ 'ਤੇ ਸਿੱਖਾਂ ਲਈ ਵੱਖਰੀ ਤੇ ਵਧੇਰੇ ਨੁਮਾਇੰਦਗੀ ਦੀ ਮੰਗ ਕਰਕੇ" ਸਿੱਖ ਲੀਡਰ "ਅਜੋਕੀਆਂ ਜਮਹੂਰੀ ਹਾਲਤਾਂ ਹੇਠ ਨੁਮਾਇੰਦਾ ਸਰਕਾਰ ਦੇ ਬੁਨਿਆਦੀ ਸਿਧਾਂਤਾਂ ਬਾਰੇ ਆਪਣੀ ਅਜੀਬ ਕਿਸਮ ਦੀ ਉਜੱਡਤਾ ਦਾ ਮੁਜ਼ਾਹਰਾ ਕਰ ਰਹੇ ਹਨ।"[23] ਇਸ ਟਿੱਪਣੀ ਦੀ ਗ਼ੌਰ ਕਰਨ ਵਾਲੀ ਗੱਲ ਇਹ ਹੈ ਕਿ ਹਿੰਦੂ ਆਗੂਆਂ ਨੂੰ ਸਿੱਖਾਂ ਦੀ ਸਿਰਫ਼ 'ਵਧੇਰੇ' ਨੁਮਾਇੰਦਗੀ ਦੀ ਮੰਗ 'ਤੇ ਹੀ ਇਤਰਾਜ਼ ਨਹੀਂ ਸੀ, ਉਹ ਸਿੱਖਾਂ ਵੱਲੋਂ ਹਿੰਦੂਆਂ ਨਾਲੋਂ 'ਵੱਖਰੀ' ਨੁਮਾਇੰਦਗੀ ਦੀ ਮੰਗ ਦਾ ਵੀ ਬਰਾਬਰ ਵਿਰੋਧ ਕਰਦੇ ਸਨ। ਇਸ ਚੌਤਰਫ਼ੇ ਵਿਰੋਧ ਨੇ ਸਿੱਖ ਆਗੂਆਂ ਨੂੰ ਡਰ ਤੇ ਅਸੁਰੱਖਿਆ ਦੇ ਨਾਲ ਹੀ ਬੇਵਸੀ ਦੀ ਭਾਵਨਾ ਦਾ ਵੀ ਤਾਪ ਚਾੜ੍ਹ ਦਿੱਤਾ। ਇਸ 'ਚੋਂ ਉਹ ਰਾਜਨੀਤੀ ਦੇ ਹੋਰ ਵੀ ਉਖੜੇ ਕੁਹਾੜੇ ਚਲਾਉਣ ਲੱਗ ਪਏ। ਉਨ੍ਹਾਂ ਦੀ ਵੱਡੀ ਚਿੰਤਾ ਪੰਜਾਬ ਅੰਦਰ ਮੁਸਲਿਮ ਬਹੁਗਿਣਤੀ ਦੇ ਰਾਜਸੀ ਦਾਬੇ ਦੀ ਸਾਹਮਣੇ ਦਿੱਸ ਰਹੀ 'ਆਫ਼ਤ' ਤੋਂ ਆਪਣਾ ਬਚਾਉ ਕਰਨ ਦੀ ਸੀ। ਇਸ ਕਰਕੇ ਜੋ ਵੀ ਤਜਵੀਜ਼ ਅਤੇ ਜੋ ਵੀ ਕਦਮ ਪੰਜਾਬ ਅੰਦਰ ਮੁਸਲਿਮ ਵਰਗ ਦੀ ਰਾਜਸੀ ਚੌਧਰ ਨੂੰ ਤਕੜਿਆਂ ਕਰਦਾ ਦਿਸਿਆ, ਸਿੱਖ ਲੀਡਰਸ਼ਿਪ ਨੇ ਉਸ ਦਾ ਬੂਹੇ ਦੇ ਘਰ ਤਕ ਜਾ ਕੇ ਵਿਰੋਧ ਕਰਨ ਤੋਂ ਸੰਕੋਚ ਨਹੀਂ ਕੀਤਾ। 1942 'ਚ ਜਦ ਕਾਂਗਰਸੀ ਆਗੂ ਕਰਿੱਪਸ ਤਜਵੀਜ਼ਾਂ ਨਾਲ ਸਹਿਮਤ ਹੁੰਦੇ ਦਿਖੇ ਤਾਂ ਅਕਾਲੀ ਆਗੂਆਂ ਨੇ ਆਜ਼ਾਦ 'ਕੇਂਦਰੀ ਪੰਜਾਬ' ਦਾ ਨਾਹਰਾ ਚੁੱਕ ਲਿਆ। ਇਸ 'ਕੇਂਦਰੀ ਪੰਜਾਬ' ਦੀਆਂ ਹੱਦਾਂ ਉਨ੍ਹਾਂ ਇਸ ਹਿਸਾਬ ਨਾਲ 'ਉਲੀਕੀਆਂ' ਕਿ ਇਸ ਵਿੱਚ ਹਿੰਦੂਆਂ ਤੇ ਮੁਸਲਮਾਨਾਂ ਦੀ ਵਸੋਂ ਚਾਲ੍ਹੀ ਚਾਲ੍ਹੀ ਫ਼ੀਸਦੀ ਅਤੇ ਸਿੱਖਾਂ ਦੀ ਵੀਹ ਫ਼ੀਸਦੀ ਬਣਦੀ ਸੀ। ਮਤਲਬ ਇਹ ਕਿ ਮੁਸਲਮਾਨ ਬਹੁਗਿਣਤੀ ਤੋਂ ਘੱਟਗਿਣਤੀ 'ਚ ਤਬਦੀਲ ਹੁੰਦੇ ਸਨ। ਸਿੱਖ ਲੀਡਰਸ਼ਿਪ ਦਾ ਇਹੋ ਇਕਮਾਤਰ ਨਿਸ਼ਾਨਾ ਸੀ। ਇਸ ਕਰਕੇ ਉਨ੍ਹਾਂ 'ਕੇਂਦਰੀ ਪੰਜਾਬ' ਵਿੱਚੋਂ ਭਾਰੂ ਮੁਸਲਿਮ ਵਸੋਂ ਵਾਲੀ ਮੁਲਤਾਨ ਡਿਵੀਜ਼ਨ ਛਾਂਗ ਦਿੱਤੀ ਸੀ (ਜੋ ਕਿ ਨਾ ਸਿਰਫ਼ ਸਭਿਆਚਾਰਕ ਪੱਖ ਤੋਂ ਸਗੋਂ ਇਤਿਹਾਸਕ ਤੌਰ 'ਤੇ ਹਮੇਸ਼ਾ ਤੋਂ ਹੀ ਪੰਜਾਬ ਦਾ ਅੰਗ ਬਣੀ ਆ ਰਹੀ ਸੀ)। ਪਰ ਇਸ ਦੇ ਉਲਟ 'ਕੇਂਦਰੀ ਪੰਜਾਬ' ਅੰਦਰ ਅੰਬਾਲਾ ਡਿਵੀਜ਼ਨ ਦਾ ਭਾਰੂ ਹਿੰਦੂ ਵਸੋਂ ਵਾਲਾ ਹਿੰਦੀ ਬੋਲਦਾ ਇਲਾਕਾ ਸ਼ਾਮਲ ਕਰ ਲਿਆ ਸੀ ਜੋ ਇਤਿਹਾਸਕ ਤੌਰ 'ਤੇ ਕਦੇ ਵੀ ਪੰਜਾਬ ਦਾ ਹਿੱਸਾ ਨਹੀਂ ਸੀ ਰਿਹਾ। ਇਸ ਨੂੰ ਅੰਗਰੇਜ਼ਾਂ ਨੇ 1857 ਦੇ ਗ਼ਦਰ ਦੌਰਾਨ ਹਕੂਮਤੀ ਵਿਰੋਧ ਦੀ ਸਜ਼ਾ ਦੇਣ ਲਈ ਹੀ ਪੰਜਾਬ ਨਾਲ ਜੋੜਿਆ ਸੀ।[24] ਬਿਨਾਂ ਕਿਸੇ ਤਰਕਸੰਗਤ ਆਧਾਰ ਦੇ, ਮਹਿਜ਼ ਰਾਜਸੀ ਸਹੂਲਤ ਨੂੰ ਮੁੱਖ ਰੱਖ ਕੇ ਘੜੀ ਅਜਿਹੀ ਤਰਕ ਵਿਹੂਣੀ ਪੋਜ਼ੀਸ਼ਨ ਦੀ ਕਿਸੇ ਵਿਰੋਧੀ ਨੇ ਤਾਂ ਕੀ ਹਮਾਇਤ ਕਰਨੀ ਸੀ, ਕਿਸੇ ਦੋਸਤ ਨੇ ਵੀ ਹਾਮੀ ਨਾ ਭਰੀ। ਜਦ ਜੁਲਾਈ 1944 ਵਿੱਚ

ਸੀ. ਰਾਜਗੋਪਾਲਾਚਾਰੀਆ ਨੇ ਮੁਸਲਿਮ ਲੀਗ ਦੀ ਪਾਕਿਸਤਾਨ ਦੀ ਮੰਗ ਨਾਲ ਮਾਮੂਲੀ ਸਹਿਮਤੀ ਪ੍ਰਗਟਾਉਂਦਿਆਂ ਹੋਇਆਂ ਸਾਂਝੀ ਕੌਮੀ ਸਰਕਾਰ ਬਣਾਉਣ ਦਾ ਫ਼ਾਰਮੂਲਾ ਪੇਸ਼ ਕਰ ਦਿੱਤਾ ਤਾਂ ਸਿੱਖ ਆਗੂਆਂ ਅੰਦਰ ਇਕਦਮ ਘਬਰਾਹਟ ਜਿਹੀ ਫੈਲ ਗਈ। ਇਸ ਫ਼ਾਰਮੂਲੇ ਨੂੰ ਗਾਂਧੀ ਨੇ ਵੀ ਆਪਣੀ ਪ੍ਰਵਾਨਗੀ ਦੇ ਦਿੱਤੀ। ਸਿੱਖ ਆਗੂਆਂ ਨੇ ਆਪਣੇ ਰੋਸ ਤੇ ਗ਼ੁੱਸੇ ਦਾ ਪ੍ਰਗਟਾਵਾ ਕਰਨ ਲਈ ਝੱਟ, 20-21 ਅਗਸਤ 1944 ਨੂੰ ਅੰਮ੍ਰਿਤਸਰ ਵਿਖੇ ਸਰਬ-ਪਾਰਟੀ ਸਿੱਖ ਕਾਨਫ਼ਰੰਸ ਬੁਲਾ ਲਈ। ਮਾਸਟਰ ਤਾਰਾ ਸਿੰਘ ਨੇ ਇਸ ਮੀਟਿੰਗ ਅੰਦਰ ਆਪਣਾ ਅੱਗ ਚੱਬਦਾ ਭਾਸ਼ਣ ਦਿੱਤਾ। ਉਸ ਨੇ ਹਿੰਦੂਆਂ ਨੂੰ ਮੁਖ਼ਾਤਬ ਹੁੰਦਿਆਂ ਕਿਹਾ ਕਿ "ਜੇ ਤੁਸੀਂ ਇਕ ਘੱਟਗਿਣਤੀ ਨੂੰ ਜ਼ੋਰ ਨਾਲ ਦੇਸ ਦੇ ਅੰਦਰ ਨਹੀਂ ਰੱਖ ਸਕਦੇ, ਤਾਂ ਦੂਜੀ ਨੂੰ ਧੱਕੇ ਨਾਲ ਦੇਸ ਤੋਂ ਬਾਹਰ ਕਿਵੇਂ ਕੱਢ ਸਕਦੇ ਹੋ ?"[25] ਇਸ ਕਾਨਫ਼ਰੰਸ ਅੰਦਰ ਭਾਰੂ ਰੌਅ ਆਜ਼ਾਦ ਸਿੱਖ ਰਾਜ ਦੇ ਹੱਕ ਵਿੱਚ ਸੀ। ਇਥੇ ਮਾਸਟਰ ਤਾਰਾ ਸਿੰਘ ਨੇ ਪਹਿਲੀ ਵਾਰ ਖੁੱਲ੍ਹ ਕੇ ਇਹ ਗੱਲ ਆਖੀ ਕਿ 'ਸਿੱਖ ਇਕ ਕੌਮ ਹਨ'। ਗਿਆਨੀ ਕਰਤਾਰ ਸਿੰਘ ਨੇ ਵੀ ਆਜ਼ਾਦ ਸਿੱਖ ਰਾਜ ਦੀ ਮੰਗ ਦੀ ਪ੍ਰੋੜ੍ਹਤਾ ਕੀਤੀ। ਇਸ ਤੋਂ ਬਾਅਦ ਅਕਤੂਬਰ 1944 ਵਿੱਚ ਲਾਹੌਰ ਵਿਖੇ ਜੁੜੀ ਅਜਿਹੀ ਹੀ ਸਰਬ-ਪਾਰਟੀ ਸਿੱਖ ਕਾਨਫ਼ਰੰਸ ਨੇ ਇਨ੍ਹਾਂ ਹੀ ਵਿਚਾਰਾਂ ਦੀ ਪ੍ਰੋੜ੍ਹਤਾ ਕੀਤੀ। ਪਰ ਇਹ ਸਿੱਖ ਆਗੂਆਂ ਵੱਲੋਂ ਗ਼ੁੱਸੇ 'ਚ ਕੱਢਿਆ ਜਾ ਰਿਹਾ ਗੁਬ-ਗੁਬਾਟ ਹੀ ਸੀ। ਆਜ਼ਾਦ ਸਿੱਖ ਰਾਜ ਦੀ ਇਹ ਮੰਗ, ਸਿੱਖ ਆਗੂਆਂ ਦੀ ਕਿਸੇ ਤਰਕਸ਼ੀਲ ਸੋਚ 'ਚੋਂ ਨਹੀਂ, ਬਲਕਿ ਪਾਕਿਸਤਾਨ ਦੀ ਮੰਗ ਦੇ ਤੱਤ-ਭੜੱਥੇ ਪ੍ਰਤੀਕਰਮ 'ਚੋਂ ਪੈਦਾ ਹੋਈ ਸੀ। ਇਸ ਕਰਕੇ ਨਾ ਤਾਂ ਸਿੱਖ ਆਗੂਆਂ ਵੱਲੋਂ ਇਸ ਮੰਗ ਪਿੱਛੇ ਕੋਈ ਨਿੱਗਰ ਤਰਕ ਪੇਸ਼ ਕੀਤਾ ਗਿਆ ਤੇ ਨਾ ਹੀ ਇਸ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੱਤਾ ਜਾ ਸਕਿਆ। ਮਾਸਟਰ ਤਾਰਾ ਸਿੰਘ ਵੱਲੋਂ 'ਸਿੱਖ ਕੌਮ' ਦੀ ਗੱਲ ਵੀ ਕੋਈ ਡੂੰਘੀ ਸੋਚ ਵਿਚਾਰ ਤੇ ਨਿੱਗਰ ਸਿਧਾਂਤਕ ਆਧਾਰ 'ਚੋਂ ਨਹੀਂ ਸੀ ਕੀਤੀ ਗਈ। ਇਹ ਔਖ ਤੇ ਗ਼ੁੱਸੇ 'ਚੋਂ ਪੈਦਾ ਹੋਇਆ ਮਹਿਜ਼ ਇਕ ਜਜ਼ਬਾਤੀ ਉਬਾਲ ਸੀ। ਅਜਿਹੇ ਜਜ਼ਬਾਤੀ ਉਬਾਲਾਂ ਦੀ ਨਾ ਤਾਂ ਬਹੁਤੀ ਮਿਆਦ ਹੁੰਦੀ ਹੈ ਤੇ ਨਾ ਮਾਰ। ਸਮਝਦਾਰ ਵਿਰੋਧੀ ਇਸ ਨੂੰ ਬਹੁਤੀ ਗੰਭੀਰਤਾ ਨਾਲ ਨਹੀਂ ਲੈਂਦਾ ਕਿਉਂਕਿ ਉਸ ਨੂੰ ਪਤਾ ਹੁੰਦਾ ਹੈ ਕਿ ਇਸ ਨੇ ਆਪੇ ਸਮਾਂ ਪੈਣ ਨਾਲ ਸ਼ਾਂਤ ਹੋ ਜਾਣਾ ਹੁੰਦਾ ਹੈ। ਇਸ ਕਰਕੇ, ਸਿੱਖ ਆਗੂਆਂ ਦੀ 'ਆਜ਼ਾਦ ਸਿੱਖ ਰਾਜ' ਦੀ ਗੱਲ ਨੂੰ ਕਿਸੇ ਨੇ ਵੀ ਬਹੁਤੀ ਗੰਭੀਰਤਾ ਨਾਲ ਨਹੀਂ ਲਿਆ। ਅਸਲ ਵਿੱਚ ਅਕਾਲੀ ਆਗੂ ਖ਼ੁਦ ਇਸ ਬਾਰੇ ਗੰਭੀਰ ਨਹੀਂ ਸਨ। ਇਹ ਉਨ੍ਹਾਂ ਦੀ ਆਪਣੀ ਕੌਮੀ ਆਜ਼ਾਦੀ ਦੇ ਜਜ਼ਬੇ 'ਚੋਂ ਨਿਕਲੀ ਸਾਕਾਰਾਤਮਿਕ ਮੰਗ ਨਹੀਂ ਸੀ ਸਗੋਂ ਪਾਕਿਸਤਾਨ ਦੀ ਮੰਗ ਦੇ ਵਿਰੋਧ 'ਚੋਂ ਨਿਕਲੀ ਨਾਕਾਰਾਤਮਿਕ ਪੈਂਤੜੇਬਾਜ਼ੀ ਸੀ। ਸਿੱਖ ਆਗੂਆਂ ਵੱਲੋਂ ਪਾਕਿਸਤਾਨ ਦੀ ਮੰਗ ਦੇ ਸ਼ੋਰੀਲੇ ਵਿਰੋਧ ਪਿੱਛੇ ਵੀ ਕੋਈ ਨਿੱਗਰ ਤਰਕ ਨਹੀਂ ਸੀ। ਇਸ ਦਾ ਆਧਾਰ ਮਹਿਜ਼ ਇਕ ਜਜ਼ਬਾ ਸੀ। ਇਹ ਜਜ਼ਬਾ ਕੀ ਸੀ ? ਜੇਕਰ ਸਿੱਖ ਆਗੂ ਇਸ ਸੁਆਲ ਨੂੰ ਹੀ ਗੰਭੀਰਤਾ ਨਾਲ ਸੰਬੋਧਿਤ ਹੋਏ ਹੁੰਦੇ ਤਾਂ ਉਨ੍ਹਾਂ ਨੂੰ ਆਪਣੇ ਸਿਧਾਂਤਕ ਘਚੋਲੇ ਤੇ ਉਲਝਣਬਾਜ਼ੀ 'ਚੋਂ ਨਿਕਲਣ ਦਾ ਰਾਹ ਆਪੇ ਦਿੱਸ ਪੈਣਾ ਸੀ ਅਤੇ ਉਨ੍ਹਾਂ ਦੀ ਨਾਕਾਰਾਤਮਿਕ ਰਾਜਨੀਤੀ ਤੋਂ ਆਪੇ ਖ਼ਲਾਸੀ ਹੋ ਜਾਣੀ ਸੀ।

ਹਾਲਤ ਇਹ ਬਣੀ ਹੋਈ ਸੀ ਕਿ ਸਿੱਖ ਕਿਸੇ ਵੀ ਸੂਰਤ ਅਤੇ ਕਿਸੇ ਵੀ ਸ਼ਕਲ ਵਿੱਚ, ਮੁਸਲਿਮ ਵਰਗ ਦਾ ਰਾਜਸੀ ਦਾਬਾ ਸਹਿਣ ਕਰਨ ਲਈ ਤਿਆਰ ਨਹੀਂ ਸਨ। ਇਹ ਜਜ਼ਬਾ ਸਿੱਖ ਭਾਈਚਾਰੇ ਅੰਦਰ ਏਡਾ ਪਰਬਲ ਸੀ ਕਿ ਉਹ ਇਸ ਮਾਮਲੇ 'ਚ ਰਤੀ ਭਰ ਵੀ ਰਿਆਇਤ ਦੇਣ ਲਈ ਤਿਆਰ ਨਹੀਂ ਸਨ। ਇਹ ਜਜ਼ਬਾ, ਤੱਤ ਰੂਪ ਵਿੱਚ,

ਇਕ ਕੌਮੀ ਜਜ਼ਬਾ ਸੀ ਜਿਸ ਦੇ ਪਿੱਛੇ ਇਤਿਹਾਸ ਦਾ ਨਿੱਗਰ ਅਨੁਭਵ ਕੰਮ ਕਰ ਰਿਹਾ ਸੀ। ਕੋਈ ਘੱਟਗਿਣਤੀ ਵਰਗ ਜੇਕਰ ਘੱਟਗਿਣਤੀ ਦੀ ਚੇਤਨਾ ਹੀ ਰੱਖਦਾ ਹੋਵੇ ਤਾਂ ਉਹ ਇਸ ਤਰ੍ਹਾਂ ਦੀ ਸਿਰੇ ਦੀ (absolute) ਪੋਜ਼ੀਸ਼ਨ ਨਹੀਂ ਲੈ ਸਕਦਾ। ਲੈ ਵੀ ਲਏ ਤਾਂ ਇਸ 'ਤੇ ਅਡੋਲਤਾ ਨਾਲ ਖੜ੍ਹੋ ਨਹੀਂ ਸਕਦਾ। ਬਹੁਭਾਂਤੀ ਰਾਜ ਅੰਦਰ ਕਿਉਂਕਿ ਘੱਟਗਿਣਤੀ ਵਰਗ ਦੀ ਹੋਣੀ ਹੀ ਕੁਝ ਇਸ ਤਰ੍ਹਾਂ ਨਿਸ਼ਚਿਤ ਹੋਈ ਹੁੰਦੀ ਹੈ ਕਿ ਉਸ ਨੂੰ ਭਾਰੂ ਵਰਗ ਦੇ ਰਾਜਸੀ ਗ਼ਲਬੇ ਦੀ ਲਾਹਨਤ ਤੋਂ ਅੰਸ਼ਕ ਰੂਪ ਵਿੱਚ ਹੀ ਰਾਹਤ ਮਿਲ ਸਕਦੀ ਹੈ (ਸੰਵਿਧਾਨਕ ਸੁਰੱਖਿਆਵਾਂ ਰਾਹੀਂ)। ਉਹ ਇਸ ਤੋਂ ਮੁਕੰਮਲ ਰੂਪ ਵਿੱਚ ਸੁਰਖ਼ਰੂ ਨਹੀਂ ਹੋ ਸਕਦਾ। ਇਸ ਕਰਕੇ, ਆਮ ਤੌਰ 'ਤੇ ਘੱਟਗਿਣਤੀ ਵਰਗ ਰਾਜਸੀ ਦਾਬੇ ਨੂੰ "ਕਿਸੇ ਵੀ ਸੂਰਤ ਤੇ ਕਿਸੇ ਵੀ ਸ਼ਕਲ ਵਿੱਚ" ਨਾ ਸਹਿਣ ਕਰਨ ਵਰਗੀਆਂ ਸਿਰੇ ਦੀਆਂ ਰਾਜਸੀ ਪੋਜ਼ੀਸ਼ਨਾਂ ਨਹੀਂ ਲੈਂਦੇ। ਉਨ੍ਹਾਂ ਦੇ ਸਰੋਕਾਰ ਤੇ ਯਤਨ ਇਸ ਦਾਬੇ ਦੇ ਬੋਝ ਤੇ ਇਸ ਦੀ ਚੋਭ ਨੂੰ ਵੱਧ ਤੋਂ ਵੱਧ ਹੱਦ ਤਕ ਘੱਟ ਕਰਨ ਦੀ ਦਿਸ਼ਾ ਵੱਲ ਸੇਧਤ ਹੁੰਦੇ ਹਨ। ਰਾਜਸੀ ਦਾਬੇ ਦੇ ਜੂਲੇ ਨੂੰ ਪੂਰੀ ਤਰ੍ਹਾਂ ਗਲੋਂ ਵਗਾਹ ਮਾਰਨਾ ਉਨ੍ਹਾਂ ਦੇ ਭਾਗਾਂ ਵਿੱਚ ਨਹੀਂ ਹੁੰਦਾ। ਹਾਂ, ਉਹ ਇਸ ਜੂਲੇ ਦੀ 'ਅਰਲੀ' ਨੂੰ ਗਲ ਤੋਂ ਵਧੇਰੇ ਦੂਰ ਰਿਸਕਾਉਣ ਲਈ ਯਤਨਸ਼ੀਲ ਜ਼ਰੂਰ ਹੁੰਦੇ ਹਨ।

ਸਵੈ-ਚੇਤੰਨ ਕੌਮਾਂ ਦਾ ਮਾਮਲਾ ਏਦੂੰ ਵੱਖਰਾ ਹੁੰਦਾ ਹੈ। ਕੌਮੀ ਚੇਤਨਾ ਜਦ ਜੋਬਨ 'ਤੇ ਆ ਜਾਵੇ ਤਾਂ ਸਬੰਧਤ ਭਾਈਚਾਰਾ ਸ਼ਰੀਕ ਕੌਮ ਦੇ ਰਾਜਸੀ ਦਾਬੇ ਨੂੰ "ਕਿਸੇ ਵੀ ਸੂਰਤ ਤੇ ਕਿਸੇ ਵੀ ਸ਼ਕਲ" ਵਿੱਚ ਸਹਿਣ ਕਰਨ ਤੋਂ ਇਨਕਾਰੀ ਹੋ ਜਾਂਦਾ ਹੈ। ਇਕ ਘੱਟਗਿਣਤੀ ਵਰਗ ਦੀ ਚੇਤਨਾ ਤੇ ਕੌਮੀ ਚੇਤਨਾ ਵਿੱਚ ਇਹ ਅਹਿਮ ਫ਼ਰਕ ਹੁੰਦਾ ਹੈ। ਸੋ ਜਦ ਸਿੱਖ ਭਾਈਚਾਰਾ ਮੁਸਲਿਮ ਵਰਗ ਦੀ ਰਾਜਸੀ ਗ਼ੁਲਾਮੀ ਨੂੰ "ਕਿਸੇ ਵੀ ਸੂਰਤ ਤੇ ਕਿਸੇ ਵੀ ਸ਼ਕਲ ਵਿੱਚ" ਝੱਲਣ ਤੋਂ ਮੁਨਕਰ ਹੋ ਰਿਹਾ ਸੀ ਤਾਂ ਉਹ, ਤੱਤ ਰੂਪ ਵਿੱਚ, ਆਪਣੀ ਕੌਮੀ ਚੇਤਨਾ ਦਾ ਪ੍ਰਗਟਾਵਾ ਕਰ ਰਿਹਾ ਸੀ, ਭਾਵੇਂ ਕਿ ਉਹ ਇਸ ਤੋਂ ਸੁਚੇਤ ਨਹੀਂ ਸੀ। ਠੀਕ ਇਹੋ ਗੱਲ ਮੁਸਲਿਮ-ਹਿੰਦੂ ਸਬੰਧਾਂ ਉੱਤੇ ਲਾਗੂ ਹੁੰਦੀ ਸੀ। ਮੁਸਲਿਮ ਭਾਈਚਾਰਾ, ਜਾਂ ਇਹ ਕਹਿ ਲਵੋ ਕਿ ਉਸ ਦੇ ਵਧੇਰੇ ਜਾਗਰੂਕ ਹਿੱਸੇ ਹਿੰਦੂ ਬਹੁਗਿਣਤੀ ਵਰਗ ਦੀ ਰਾਜਸੀ ਗ਼ੁਲਾਮੀ ਨੂੰ ਕਿਸੇ ਵੀ ਰੂਪ ਵਿੱਚ ਝੱਲਣ ਲਈ ਤਿਆਰ ਨਹੀਂ ਸਨ। ਉਹ ਇਸ ਦੇ ਆਧਾਰ ਬਾਰੇ ਸੁਚੇਤ ਵੀ ਸਨ। ਉਹ ਠੋਕ ਵਜਾ ਕੇ ਇਹ ਗੱਲ ਕਹਿ ਰਹੇ ਸਨ ਕਿ ਮੁਸਲਿਮ ਵਰਗ ਇਕ ਘੱਟਗਿਣਤੀ ਧਾਰਮਿਕ ਵਰਗ ਨਹੀਂ, ਸਗੋਂ ਵੱਖਰੀ ਕੌਮ ਹੈ। ਇਸੇ ਕੌਮੀ ਚੇਤਨਾ 'ਚੋਂ ਉਨ੍ਹਾਂ ਦੀਆਂ ਕੱਟੜ ਕਹੀਆਂ ਜਾਂਦੀਆਂ ਮੰਗਾਂ ਤੇ ਪੋਜ਼ੀਸ਼ਨਾਂ (ਸਮੇਤ ਪਾਕਿਸਤਾਨ ਦੀ ਮੰਗ ਦੇ) ਨਿਕਲਦੀਆਂ ਸਨ। ਸਿੱਖ ਕੌਮ ਤੇ ਇਸ ਦੇ ਲੀਡਰ ਅਚੇਤ ਰੂਪ 'ਚ ਤਾਂ ਕੌਮੀ ਜਜ਼ਬੇ ਦਾ ਪ੍ਰਗਟਾਵਾ ਕਰ ਰਹੇ ਸਨ ਪਰ ਉਹ ਇਸ ਬਾਰੇ ਪੂਰੇ ਸੁਚੇਤ ਨਹੀਂ ਸਨ। ਅਸਲ ਵਿੱਚ ਉਨ੍ਹਾਂ ਦੀ ਕੌਮੀ ਚੇਤਨਾ ਪੂਰੀ ਨਹੀਂ, ਅਧੂਰੀ ਸੀ। ਮੁਕੰਮਲ ਨਹੀਂ, ਅੰਸ਼ਕ ਸੀ। ਇਸ ਕਰਕੇ ਉਨ੍ਹਾਂ ਵੱਲੋਂ ਦੋ ਗੰਭੀਰ ਗੜਬੜਾਂ ਹੋ ਰਹੀਆਂ ਸਨ। ਇਕ ਤਾਂ ਉਹ ਆਪਣੇ ਇਸ ਮੁਸਲਿਮ ਵਿਰੋਧ ਦਾ ਨਿੱਗਰ ਅਤੇ ਤਰਕਸੰਗਤ ਆਧਾਰ ਦਰਸਾਉਣ 'ਚ ਨਾਕਾਮ ਰਹਿ ਰਹੇ ਸਨ, ਜਿਸ ਨਾਲ ਹੋਰਨਾਂ ਨੂੰ, ਖ਼ਾਸ ਕਰਕੇ ਬਰਤਾਨਵੀ ਹਾਕਮਾਂ ਨੂੰ ਇਸ ਵਿਰੋਧ ਦਾ ਰੈਸ਼ਨੇਲ ਸਮਝਣ 'ਚ ਵੱਡੀ ਦਿੱਕਤ ਆ ਰਹੀ ਸੀ। ਦੂਜਾ, ਉਹ ਦੋਹਰੀ ਰਾਜਨੀਤਕ ਪੈਂਤੜੇਬਾਜ਼ੀ ਅਪਣਾ ਰਹੇ ਸਨ। ਮੁਸਲਿਮ ਵਰਗ ਨਾਲ ਨਿਪਟਣ ਵੇਲੇ ਤਾਂ ਉਹ ਕੌਮੀ ਚੇਤਨਾ ਦਾ ਪ੍ਰਗਟਾਵਾ ਕਰਦੇ ਸਨ ਪਰ ਹਿੰਦੂ ਵਰਗ ਦੇ ਮਾਮਲੇ 'ਚ ਉਹ ਕੌਮੀ ਚੇਤਨਾ ਤੋਂ ਇਕਦਮ ਹੇਠਾਂ ਉਤਰ ਕੇ ਘੱਟਗਿਣਤੀ ਵਰਗ ਦੀ ਚੇਤਨਾ ਦੇ ਪੱਧਰ 'ਤੇ ਆ ਡਿਗਦੇ ਸਨ। ਇਹੀ ਵਜ੍ਹਾ ਹੈ ਕਿ 1944-45 ਵਿੱਚ ਜਾ ਕੇ ਜਦੋਂ

ਸਿੱਖ ਆਗੂਆਂ ਨੂੰ ਇਹ ਲੱਗਣ ਲੱਗ ਪਿਆ ਸੀ ਕਿ ਕਾਂਗਰਸੀ ਆਗੂ ਪਾਕਿਸਤਾਨ ਦੀ, ਅਰਥਾਤ ਭਾਰਤ ਦੇ ਬਟਵਾਰੇ ਦੀ ਮੰਗ ਨਾਲ ਸਹਿਮਤ ਹੋਣ ਵੱਲ ਝੁਕ ਰਹੇ ਹਨ ਤਾਂ ਉਨ੍ਹਾਂ ਨਿਰਾਸ਼ਤਾ ਤੇ ਬੇਦਿਲੀ 'ਚੋਂ ਮੁਸਲਿਮ ਆਗੂਆਂ ਨਾਲ ਲੈ-ਦੇਅ ਕਰਨ ਦਾ ਮਨ ਬਣਾਇਆ। ਉਨ੍ਹਾਂ ਅਣਮੰਨੇ ਚਿਤ ਨਾਲ ਜਿਨਾਹ ਤੇ ਹੋਰਨਾਂ ਮੁਸਲਿਮ ਆਗੂਆਂ ਨਾਲ ਗੱਲਬਾਤ ਦਾ ਸਿਲਸਿਲਾ ਵੀ ਆਰੰਭ ਦਿੱਤਾ। ਇਸ ਗੱਲਬਾਤ ਦੌਰਾਨ ਉਹ ਆਪਣੇ ਹਿਤਾਂ ਬਾਰੇ ਇਸ ਹੱਦ ਤਕ ਜਾਗਰੂਕਤਾ ਦਾ ਪ੍ਰਗਟਾਵਾ ਕਰ ਰਹੇ ਸਨ ਕਿ ਮੁਸਲਿਮ ਆਗੂਆਂ ਦੀ ਕਿਸੇ ਫੋਕੀ ਯਕੀਨ-ਦਹਾਨੀ ਉੱਤੇ ਧਿਜਣ ਦੀ ਥਾਂ, ਉਹ ਪਾਕਿਸਤਾਨ ਵਿੱਚ ਸ਼ਾਮਲ ਹੋਣ ਲਈ ਹਰ ਮਸਲੇ ਬਾਰੇ ਠੋਸ ਅਤੇ ਲਿਖਤੀ ਸੰਵਿਧਾਨਕ ਗਰੰਟੀਆਂ ਦੀ ਸ਼ਰਤ ਰੱਖ ਰਹੇ ਸਨ। ਇਸ ਦੇ ਉਲਟ ਆਪਣੀ ਹੋਣੀ ਨੂੰ ਭਾਰਤ ਨਾਲ ਜੋੜਨ ਦਾ ਫ਼ੈਸਲਾ ਕਰਨ ਮੌਕੇ ਉਨ੍ਹਾਂ ਹਿੰਦੂ ਆਗੂਆਂ ਕੋਲੋਂ ਕਿਸੇ ਇਕ ਵੀ ਗੱਲ ਬਾਰੇ ਲਿਖਤੀ ਭਰੋਸਾ ਜਾਂ ਸੰਵਿਧਾਨਕ ਗਰੰਟੀ ਦੀ ਮੰਗ ਨਹੀਂ ਕੀਤੀ। ਉਨ੍ਹਾਂ ਸਭ ਕੁਝ 'ਰਾਮ ਭਰੋਸੇ' ਛੱਡਣ ਦਾ ਜੋ ਰਾਜਨੀਤਕ ਕੱਚਪੁਣਾ ਦਿਖਾਇਆ, ਉਸ 'ਚੋਂ ਉਨ੍ਹਾਂ ਦੀ ਕੌਮੀ ਚੇਤਨਾ ਦੀ ਤਾਂ ਗੱਲ ਹੀ ਛੱਡੋ, ਘੱਟਗਿਣਤੀ ਵਰਗ ਚੇਤਨਾ ਦੀ ਵੀ ਕੋਈ ਝਲਕ ਨਹੀਂ ਦਿਖਦੀ। ਇਸ ਦੇ ਮੁਕਾਬਲੇ ਮੁਸਲਿਮ ਲੀਡਰਸ਼ਿਪ ਦੀ ਰਾਜਸੀ ਸੋਝੀ ਕਿਤੇ ਅਗਾਂਹ ਪਹੁੰਚੀ ਹੋਈ ਸੀ। ਹਿੰਦੂ ਆਗੂਆਂ ਨੇ ਮੁਸਲਿਮ ਲੀਡਰਸ਼ਿਪ ਨੂੰ ਭਰਮਾਉਣ ਲਈ ਰਾਜਸੀ ਚੋਗਾ ਪਾਉਣ ਦੇ ਜਿੰਨੇ ਵੀ ਯਤਨ ਕੀਤੇ, ਸਭ ਨਾਕਾਮ ਰਹੇ। 1940 ਵਿੱਚ ਸੀ. ਰਾਜਗੋਪਾਲਾਚਾਰੀਆ ਨੇ ਭਾਰਤ ਨੂੰ ਇਕਮੁੱਠ ਰੱਖਣ ਦੇ ਉਦੇਸ਼ ਨਾਲ ਪਹਿਲੇ ਦਸਾਂ ਸਾਲਾਂ ਲਈ ਮੁਸਲਿਮ ਪ੍ਰਧਾਨ ਮੰਤਰੀ ਦੀ ਤਜਵੀਜ਼ ਰੱਖੀ। ਪਰ ਮੁਸਲਿਮ ਆਗੂ ਜਾਣੀਜਾਣ ਸਨ। ਉਨ੍ਹਾਂ ਨੂੰ ਪਤਾ ਸੀ ਕਿ ਜਦ ਤੀਜੀ ਧਿਰ, ਅਰਥਾਤ ਅੰਗਰੇਜ਼ ਦ੍ਰਿਸ਼ ਤੋਂ ਲਾਂਭੇ ਹੋ ਗਏ ਤਾਂ ਮੁਸਲਿਮ ਘੱਟਗਿਣਤੀ ਵਰਗ ਪੂਰੀ ਤਰ੍ਹਾਂ ਹਿੰਦੂਆਂ ਦੇ ਰਹਿਮੋ-ਕਰਮ 'ਤੇ ਰਹਿ ਜਾਵੇਗਾ। ਫਿਰ ਨਾ ਕੋਈ ਸੰਵਿਧਾਨਕ ਗਾਰੰਟੀ ਕੰਮ ਆਵੇਗੀ ਤੇ ਨਾ ਪ੍ਰਧਾਨ ਮੰਤਰੀਪੁਣਾ ਕੁਝ ਕਰ ਸਕੇਗਾ। ਮੁਸਲਿਮ ਆਗੂਆਂ ਨੂੰ ਪਤਾ ਸੀ ਕਿ ਸੰਵਿਧਾਨ ਨੂੰ ਬਦਲਣ ਜਾਂ ਰੱਦ ਕਰਨ 'ਚ ਬਹੁਤੀ ਦੇਰ ਨਹੀਂ ਲੱਗਦੀ। ਬਹੁਗਿਣਤੀ ਨਾਲ ਹੋਵੇ ਤਾਂ ਬਹੁਤਾ ਜ਼ੋਰ ਵੀ ਨਹੀਂ ਲੱਗਦਾ। ਪਰ ਸਿੱਖ ਲੀਡਰਸ਼ਿਪ ਇਸ ਰਾਜਸੀ ਸੋਝੀ ਤੋਂ ਊਣੀ ਹੀ ਨਹੀਂ, ਲਗਭਗ ਕੋਰੀ ਹੀ ਸੀ। ਕਿਸੇ ਮੁਸਲਿਮ ਬੁੱਧੀਮਾਨ ਵੱਲੋਂ ਕਹੀ ਗੱਲ ਕਿੰਨੀ ਸੱਚੀ ਪ੍ਰਤੀਤ ਹੁੰਦੀ ਹੈ ਕਿ ਹਿੰਦੂ ਆਗੂ ਆਉਣ ਵਾਲੇ ਘਟਨਾਕ੍ਰਮ ਦਾ ਅਗਾਊਂ ਅਨੁਮਾਨ ਲਾ ਲੈਂਦੇ ਹਨ, ਮੁਸਲਮਾਨ ਮੌਕਾ ਆਉਣ 'ਤੇ ਅੱਖਾਂ ਖੋਲ੍ਹਦੇ ਹਨ ਅਤੇ ਸਿੱਖਾਂ ਦੀਆਂ ਅੱਖਾਂ ਮੌਕਾ ਲੰਘ ਜਾਣ ਤੋਂ ਬਾਅਦ ਜਾ ਕੇ ਖੁਲ੍ਹਦੀਆਂ ਹਨ।[27]

ਸਿੱਖ ਲੀਡਰਸ਼ਿਪ ਦੀ ਰਾਜਸੀ ਚੇਤਨਾ ਦਾ ਹਾਲ ਇਹ ਸੀ ਕਿ ਜਦ ਕਾਂਗਰਸ ਨੇ ਦੇਸ ਦੀ ਵੰਡ ਦੀ ਤਜਵੀਜ਼ ਨਾਲ ਸਹਿਮਤੀ ਪ੍ਰਗਟਾਅ ਦਿੱਤੀ ਤਾਂ ਸ: ਹੁਕਮ ਸਿੰਘ ਦੇ ਸ਼ਬਦਾਂ 'ਚ "ਸਿੱਖ ਸਾਰੇ ਪਾਸਿਆਂ ਤੋਂ ਲੁੱਟੇ-ਪੁੱਟੇ ਗਏ ਮਹਿਸੂਸ ਕਰਨ ਲੱਗੇ ਅਤੇ ਲੀਡਰ ਭੌਚਲ ਕੇ ਰਹਿ ਗਏ।"[28] ਸ: ਹੁਕਮ ਸਿੰਘ ਦਾ ਇਹ ਮੰਨਣਾ ਕਿ "ਸਾਡੀ ਲੀਡਰਸ਼ਿਪ ਪੱਲੇ ਹਾਸਲ ਕੀਤੇ ਜਾਣ ਵਾਲੇ ਕਿਸੇ ਵੀ ਠੋਸ ਨਿਸ਼ਾਨੇ ਦੀ ਕੋਈ ਤਸਵੀਰ ਨਹੀਂ ਸੀ," ਕਿਸੇ ਮਾਮੂਲੀ ਥਿੜਕਣ ਜਾਂ ਕਮਜ਼ੋਰੀ ਦਾ ਨਹੀਂ ਸਗੋਂ ਰਾਜਸੀ ਦੀਵਾਲੀਏਪਣ ਦਾ ਇਕਬਾਲ ਹੈ। ਇਸ ਦੇ ਬਾਵਜੂਦ ਵੀ ਜੇਕਰ ਸਰਦਾਰ ਹੁਕਮ ਸਿੰਘ ਹੁਰੀਂ 1973 ਵਿੱਚ ਇਹ ਕਹਿਣ ਦੀ 'ਜੁਰਅਤ' ਕਰਦੇ ਹਨ ਕਿ 1947 ਵਿੱਚ ਸਿੱਖ ਲੀਡਰਸ਼ਿਪ ਨੇ ਜੋ ਫ਼ੈਸਲਾ ਕੀਤਾ, ਉਹ ਹਾਸਲ ਹਾਲਤਾਂ ਵਿੱਚ ਸਭ ਤੋਂ ਬਿਹਤਰ ਫ਼ੈਸਲਾ ਸੀ ਅਤੇ ਏਦੂੰ ਚੰਗਾ ਕੋਈ ਫ਼ੈਸਲਾ ਹੋ ਹੀ ਨਹੀਂ ਸੀ ਸਕਦਾ[29] ਤਾਂ ਉਸ ਵੇਲੇ ਦੀ ਸਿੱਖ ਲੀਡਰਸ਼ਿਪ

(ਜਿਸ ਦਾ ਸਰਦਾਰ ਹੁਕਮ ਸਿੰਘ ਹੁਰੀਂ ਮਹਤੱਵਪੂਰਨ ਅੰਗ ਸਨ) ਦੀ ਬੌਧਿਕ ਕਾਬਲੀਅਤ ਦਾ ਅਨੁਮਾਨ ਲਾਉਣਾ ਔਖਾ ਨਹੀਂ। ਜਿਹੜੀ ਲੀਡਰਸ਼ਿਪ ਕੋਲ "ਹਾਸਲ ਕੀਤੇ ਜਾਣ ਵਾਲੇ ਕਿਸੇ ਵੀ ਠੋਸ ਨਿਸ਼ਾਨੇ ਦੀ ਕੋਈ ਤਸਵੀਰ ਹੀ ਨਹੀਂ ਸੀ" ਅਤੇ ਜਿਹੜੀ ਲੀਡਰਸ਼ਿਪ, ਸ: ਹੁਕਮ ਸਿੰਘ ਦੇ ਹੀ ਸ਼ਬਦਾਂ 'ਚ,"ਕਿਸੇ ਇਕ ਪੋਜ਼ੀਸ਼ਨ 'ਤੇ ਟਿਕਵੇਂ ਪੈਰੀਂ ਨਹੀਂ ਖੜ੍ਹੋ ਸਕੀ", ਉਸ ਲੀਡਰਸ਼ਿਪ ਦੀ ਕਰਾਮਾਤ ਦੇਖੋ ਕਿ ਉਸ ਨੇ ਅਜਿਹਾ ਫ਼ੈਸਲਾ ਲੈਣ ਦਾ 'ਕ੍ਰਿਸ਼ਮਾ' ਕਰ ਦਿਖਾਇਆ ਜੋ "ਹਾਸਲ ਹਾਲਤਾਂ ਵਿੱਚ ਸਭ ਤੋਂ ਬਿਹਤਰ ਸੀ" ਅਤੇ "ਜਿਸ ਤੋਂ ਚੰਗਾ ਕੋਈ ਹੋਰ ਫ਼ੈਸਲਾ ਹੋ ਹੀ ਨਹੀਂ ਸੀ ਸਕਦਾ!" ਕਿਉਂ ? ਕਿਉਂਕਿ ਸ: ਹੁਕਮ ਸਿੰਘ ਦਾ ਕਹਿਣਾ ਹੈ ਕਿ "ਕਾਂਗਰਸ ਨੇ ਤਾਂ ਠੀਕ ਹੀ ਸਾਡੇ ਨਾਲ ਧੋਖਾ ਕੀਤਾ। ਪਰ ਜੇਕਰ ਅਸੀਂ ਮੁਸਲਿਮ ਲੀਗ ਤੇ ਜਿਨਾਹ 'ਤੇ ਭਰੋਸਾ ਕਰ ਲੈਂਦੇ ਤਾਂ ਵੀ ਸਾਡੇ ਨਾਲ ਇਹੀਓ, ਸ਼ਾਇਦ ਏਦੂੰ ਵੀ ਬੁਰਾ ਹੋਣਾ ਸੀ।" ਸ: ਹੁਕਮ ਸਿੰਘ ਵੱਲੋਂ ਇਹ ਮਿਥ ਕੇ ਤੁਰਨਾ ਕਿ ਸਿੱਖਾਂ ਕੋਲ ਆਪਣੀ ਹੋਣੀ ਨੂੰ ਭਾਰਤ ਜਾਂ ਪਾਕਿਸਤਾਨ 'ਚੋਂ ਕਿਸੇ ਇਕ ਦੇ ਹਵਾਲੇ ਕਰ ਦੇਣ ਤੋਂ ਇਲਾਵਾ ਜਾਂ ਵੱਖਰਾ ਹੋਰ ਕੋਈ ਰਾਹ ਹੀ ਨਹੀਂ ਸੀ, ਉਸ ਦੀ ਤੇ ਉਸ ਦੇ ਸਮਕਾਲੀ ਸਿੱਖ ਆਗੂਆਂ ਦੀ ਚੇਤਨਾ ਦੇ ਖ਼ਾਸੇ ਤੇ ਪੱਧਰ ਬਾਰੇ ਦਿਮਾਗ਼-ਰੁਸ਼ਨਾਊ ਇਕਬਾਲੀਆ ਬਿਆਨ ਹੈ। ਘੱਟਗਿਣਤੀ ਵਰਗ ਚੇਤਨਾ ਤੇ ਘੱਟਗਿਣਤੀ ਹੀਣ ਭਾਵਨਾ ਦਾ ਇਸ ਤੋਂ ਸ਼ੁੱਧ ਨਮੂਨਾ ਹੋਰ ਕੀ ਹੋ ਸਕਦੈ ?

## ਬਦਲ ਹੈ ਸੀ ਪਰ....

ਸਿੱਖ ਲੀਡਰਸ਼ਿਪ ਇਸ ਬਾਰੇ ਸੁਚੇਤ ਹੈ ਸੀ ਜਾਂ ਨਹੀਂ, ਪਰ ਸੱਚ ਇਹ ਸੀ (ਅਤੇ ਹੈ) ਕਿ ਸਿੱਖ ਵਿਚਾਰਧਾਰਾ ਅਤੇ ਇਕ ਖ਼ਾਸ ਇਤਿਹਾਸਕ ਅਨੁਭਵ ਦੀ ਬਦੌਲਤ ਸਿੱਖ ਪੰਥ ਅੰਦਰ ਇਕ ਕੌਮ ਦੀ ਹੈਸੀਅਤ ਤੇ ਚੇਤਨਤਾ ਚਿਰੋਕਣੀ ਪੈਦਾ ਹੋ ਗਈ ਸੀ। ਇਸ ਦੀ ਅੰਤਰ-ਆਤਮਾ ਨੂੰ ਘੱਟਗਿਣਤੀ ਵਰਗ ਵਾਲਾ ਰੁਤਬਾ ਤੇ ਸਲੂਕ ਮਨਜ਼ੂਰ ਨਹੀਂ ਸੀ। ਸਿੱਖ ਪੰਥ ਦੇ ਅੰਤਰ-ਮਨ ਅੰਦਰ ਆਜ਼ਾਦੀ ਦੀ ਇੱਛਾ ਨੇ ਗੁਰੂ ਸਾਹਿਬਾਨ ਵੇਲੇ ਤੋਂ ਹੀ ਸਰੂਪ ਧਾਰਿਆ ਹੋਇਆ ਸੀ। ਇਹੀ ਉਹ ਤਾਕਤ ਸੀ ਜਿਸ ਨੇ ਸਿੱਖ ਕੌਮ ਨੂੰ ਇਤਿਹਾਸ ਵਿੱਚ ਇਸ ਖ਼ਿੱਤੇ ਅੰਦਰ, ਬਾਕੀ ਭਾਰਤ ਦੇ ਲੋਕਾਂ ਨਾਲੋਂ ਵੱਖਰਾ ਤੇ ਵਿਲੱਖਣ ਰੋਲ ਨਿਭਾਉਣ ਦੇ ਸਮਰੱਥ ਬਣਾਇਆ। 1849 ਵਿੱਚ ਆਜ਼ਾਦ ਸਿੱਖ ਰਾਜ ਦੇ ਖੁੱਸ ਜਾਣ ਨਾਲ ਆਜ਼ਾਦੀ ਦੀ ਇੱਛਾ ਖ਼ਤਮ ਨਹੀਂ ਸੀ ਹੋ ਗਈ। ਇਹ ਤੜਪ ਬਣ ਕੇ ਸਿੱਖ ਕੌਮ ਦੀ ਅੰਤਰ-ਆਤਮਾ ਦੇ ਅੰਦਰ ਪਰਵੇਸ਼ ਕਰ ਗਈ ਸੀ। ਇਹੀ ਤੜਪ ਸੀ ਜੋ ਸਿੱਖ ਕੌਮ ਨੂੰ ਬਰਤਾਨਵੀ ਹਾਕਮਾਂ ਵਿਰੁੱਧ ਵਾਰ-ਵਾਰ ਸੰਘਰਸ਼ ਲਈ ਪਰੇਰਦੀ ਸੀ। ਜੇਕਰ ਭਾਰਤ ਦੀ ਆਜ਼ਾਦੀ ਦੀ ਲੜਾਈ ਅੰਦਰ, ਕੁਰਬਾਨੀਆਂ ਦੇ ਲਿਹਾਜ਼ ਨਾਲ, ਭਾਰਤ ਦੇ ਬਾਕੀ ਲੋਕਾਂ ਦੀ ਤੁਲਨਾ ਵਿੱਚ ਸਿੱਖ ਕੌਮ ਦੀ ਦੇਣ ਕਿਤੇ ਵਾਧੂ ਹੈ ਤਾਂ ਇਸ ਦੀ ਬੁਨਿਆਦੀ ਵਜ੍ਹਾ ਸਿੱਖ ਪੰਥ ਅੰਦਰ ਜਾਗੀ ਕੌਮੀ ਚੇਤਨਾ ਹੈ। ਜਿਸ ਕੌਮ ਅੰਦਰ ਅਜਿਹੇ ਗੁਣ ਤੇ ਲੱਛਣ ਪੈਦਾ ਹੋ ਚੁੱਕੇ ਹੋਣ ਉਹ ਕੌਮੀ ਆਜ਼ਾਦੀ ਦੀ ਸੁਭਾਵਿਕ ਦਾਅਵੇਦਾਰ ਹੋ ਨਿਬੜਦੀ ਹੈ। ਕੌਮੀ ਆਜ਼ਾਦੀ ਤੋਂ ਬਿਨਾਂ ਉਸ ਦੀ ਰੂਹ ਨੂੰ ਰੱਜ ਨਹੀਂ ਮਿਲਦਾ। ਇਸ ਦ੍ਰਿਸ਼ਟੀਕੋਣ ਤੋਂ ਦੇਖਿਆਂ, ਸਹਿਜੇ ਹੀ ਇਸ ਨਿਰਣੇ 'ਤੇ ਅਪੜਿਆ ਜਾ ਸਕਦਾ ਹੈ ਕਿ ਸਿੱਖ ਲੀਡਰਸ਼ਿਪ ਨੂੰ ਸਿੱਖ ਕੌਮ ਦੀ ਆਜ਼ਾਦੀ ਦਾ ਪੈਂਤੜਾ ਉਭਾਰਨਾ ਚਾਹੀਦਾ ਸੀ। ਸਿੱਖ ਪੰਥ ਦੇ ਧਾਰਮਿਕ, ਸਭਿਆਚਾਰਕ, ਆਰਥਿਕ ਤੇ ਰਾਜਸੀ ਹਿਤ ਵੀ ਅਜਿਹੇ ਹੀ ਪੈਂਤੜੇ ਦੀ ਮੰਗ ਕਰਦੇ ਸਨ, ਕਿਉਂਕਿ ਆਜ਼ਾਦੀ ਤੋਂ ਬਿਨਾਂ ਇਨ੍ਹਾਂ ਹਿਤਾਂ ਦੀ ਸੁਰੱਖਿਆ ਕਤਈ ਤੌਰ 'ਤੇ ਸੰਭਵ ਨਹੀਂ ਸੀ।

ਪਰ ਇਸ ਮਾਮਲੇ ਵਿੱਚ ਪਰਮੁੱਖ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਕਿਸੇ ਵੀ ਬੱਝਵੇਂ ਖ਼ਿੱਤੇ ਅੰਦਰ ਬਹੁਗਿਣਤੀ ਨਾ ਹੋਣ ਕਰਕੇ ਸਿੱਖਾਂ ਵੱਲੋਂ ਅਜਿਹੀ ਪੋਜ਼ੀਸ਼ਨ ਲੈ ਸਕਣੀ ਨਾ ਸਿਰਫ਼ ਬੇਹੱਦ ਔਖੀ ਸਗੋਂ ਅਸੰਭਵ ਵਰਗੀ ਗੱਲ ਲੱਗਦੀ ਸੀ। ਕਾਂਗਰਸੀ ਆਗੂਆਂ ਤੋਂ ਮੋਹ ਭੰਗ ਹੋ ਜਾਣ ਤੋਂ ਬਾਅਦ ਜਦ ਵੀ ਸਿੱਖ ਆਗੂਆਂ ਨੇ ਅੰਗੇਰਜ਼ ਹਾਕਮਾਂ ਕੋਲ ਆਜ਼ਾਦ ਸਿੱਖ ਰਾਜ ਦੀ ਮੰਗ ਉਠਾਉਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਅਕਸਰ ਇਸ ਮੋੜਵੇਂ ਸੁਆਲ ਨਾਲ ਨਿਰਉੱਤਰ ਕੀਤਾ ਜਾਂਦਾ ਰਿਹਾ ਕਿ ਉਹ ਆਜ਼ਾਦ ਰਾਜ ਬਣਾਉਣਗੇ ਕਿਥੇ ? ਜਦ ਵੀ ਸਿੱਖ ਆਗੂਆਂ ਨੂੰ ਅਜਿਹੇ ਰਾਜ ਦੀਆਂ ਹੱਦਾਂ ਬਾਰੇ ਪੁੱਛਿਆ ਗਿਆ ਤਾਂ ਉਹ ਕਦੇ ਵੀ ਤਸੱਲੀਬਖ਼ਸ਼ ਜੁਆਬ ਨਾ ਦੇ ਸਕੇ। ਕਦੇ ਉਹ ਪੁਰਾਣੇ ਸਿੱਖ ਰਾਜ ਅੰਦਰਲੇ ਸਾਰੇ ਇਲਾਕੇ 'ਤੇ ਹੱਕ ਜਤਾਉਣ ਲੱਗ ਪੈਂਦੇ ਅਤੇ ਕਦੇ ਪਿਸ਼ਾਵਰ ਤੋਂ ਲੈ ਕੇ ਜਮਨਾ ਤਕ ਦਾ ਇਲਾਕਾ ਪ੍ਰਸਤਾਵਤ ਸਿੱਖ ਰਾਜ ਵਿੱਚ ਸ਼ਾਮਲ ਕਰਨ ਦੀ ਨਾ-ਮੰਨਣਯੋਗ ਮੰਗ ਕਰਨ ਤਕ ਚਲੇ ਜਾਂਦੇ। ਅਜੋਕੀ ਲੋਕਤੰਤਰੀ ਪ੍ਰਣਾਲੀ ਹੇਠ ਕਿਉਂਕਿ ਰਾਜ ਬਹੁਗਿਣਤੀ ਦਾ ਹੀ ਸੰਭਵ ਹੋ ਸਕਦਾ ਹੈ ਅਤੇ ਸਿੱਖ ਆਗੂਆਂ ਵੱਲੋਂ ਪ੍ਰਸਤਾਵਤ ਆਜ਼ਾਦ ਸਿੱਖ ਸਟੇਟ ਅੰਦਰ ਸਿੱਖ ਇਕ ਬਹੁਤ ਹੀ ਛੋਟੀ ਘੱਟਗਿਣਤੀ ਬਣਦੇ ਸਨ, ਇਸ ਕਰਕੇ ਉਨ੍ਹਾਂ ਦੀ ਆਜ਼ਾਦ ਸਿੱਖ ਰਾਜ ਦੀ ਮੰਗ ਨੂੰ ਤਰਕ-ਵਿਹੂਣੀ ਅਤੇ ਅਣਉਚਿਤ ਕਹਿ ਕੇ ਰੱਦ ਕਰ ਦਿੱਤਾ ਜਾਂਦਾ ਰਿਹਾ। ਸਿੱਖ ਆਗੂ ਕਿਉਂਕਿ ਖ਼ੁਦ ਇਸ ਮੰਗ ਪ੍ਰਤੀ ਗੰਭੀਰ ਨਹੀਂ ਸਨ ਅਤੇ ਉਹ ਇਸ ਨੂੰ ਪਾਕਿਸਤਾਨ ਦੀ ਮੰਗ ਦਾ ਵਿਰੋਧ ਕਰਨ ਲਈ ਇਕ ਹਥਿਆਰ ਦੇ ਤੌਰ 'ਤੇ ਵਰਤ ਰਹੇ ਸਨ, ਇਸ ਕਰਕੇ, ਉਨ੍ਹਾਂ ਵੀ ਕਦੇ ਇਸ ਸਮੱਸਿਆ ਨਾਲ ਬਹੁਤੀ ਗੰਭੀਰਤਾ ਤੇ ਡੂੰਘਾਈ ਵਿੱਚ ਜਾ ਕੇ ਖੌਝਲਣ ਦਾ ਯਤਨ ਨਹੀਂ ਕੀਤਾ।

ਸਿੱਖਾਂ ਦੀ ਕਿਸੇ ਵੀ ਬੱਝਵੇਂ ਖੇਤਰ ਅੰਦਰ ਬਹੁਗਿਣਤੀ ਨਾ ਹੋਣੀ, ਬਿਨਾਂ ਸ਼ੱਕ, ਇਕ ਵੱਡੀ ਸਮੱਸਿਆ ਸੀ ਜਿਸ ਦਾ ਕੋਈ ਆਸਾਨ ਹੱਲ ਨਜ਼ਰ ਨਹੀਂ ਸੀ ਆਉਂਦਾ। ਇਸ ਅਮਲੀ ਮੁਸ਼ਕਲ ਨਾਲ ਆਜ਼ਾਦ ਸਿੱਖ ਸਟੇਟ ਦੀ ਸਥਾਪਨਾ ਦਾ ਕਾਰਜ ਬੇਹੱਦ ਦੂਭਰ ਜ਼ਰੂਰ ਬਣਦਾ ਸੀ, ਪ੍ਰੰਤੂ ਇਸ ਆਧਾਰ 'ਤੇ ਹੀ ਸਿੱਖ ਕੌਮ ਦੀ ਆਜ਼ਾਦੀ ਦੀ ਮੰਗ ਤੇ ਪੈਂਤੜੇ ਨੂੰ ਅਣਉਚਿਤ ਠਹਿਰਾਉਣਾ, ਨਾ ਸਿਰਫ਼ ਸਿੱਖ ਭਾਈਚਾਰੇ ਨਾਲ ਵੱਡੀ ਬੇਇਨਸਾਫ਼ੀ ਸੀ ਸਗੋਂ ਕੌਮੀ ਸਵਾਲ ਬਾਰੇ ਇਕ ਵੱਡੀ ਸਿਧਾਂਤਕ ਕੁਤਾਹੀ ਨੂੰ ਮਾਨਤਾ ਦੇਣ ਵਾਲੀ ਗੱਲ ਵੀ ਸੀ।

ਸਿੱਖ ਕੌਮ ਦੀ ਆਜ਼ਾਦੀ ਦੀ ਮੰਗ ਨੂੰ ਨਾਕਾਰਨ ਦਾ ਪੈਂਤੜਾ ਕੌਮੀ ਸਵਾਲ ਬਾਰੇ ਗ਼ਲਤ ਸਮਝ 'ਚੋਂ ਨਿਕਲਦਾ ਸੀ। ਆਮ ਪ੍ਰਚਲਤ ਤੇ ਪਰਵਾਨਤ ਧਾਰਨਾ ਇਹ ਕਹਿੰਦੀ ਹੈ ਕਿ ਕਿਸੇ ਵੀ ਕੌਮ ਦੀ ਆਜ਼ਾਦ ਸਟੇਟ ਕਾਇਮ ਕਰਨ ਦੀ ਮੰਗ ਸਿਰਫ਼ ਅਤੇ ਸਿਰਫ਼ ਉਸ ਸੂਰਤ ਵਿੱਚ ਹੀ ਮੰਨਣਯੋਗ ਹੋ ਸਕਦੀ ਹੈ ਜਦੋਂ ਉਸ ਦੀ ਇਕ ਬੱਝਵੇਂ ਖ਼ਿੱਤੇ ਅੰਦਰ ਬਹੁਗਿਣਤੀ ਹੋਵੇ। ਆਮ ਰੂਪ 'ਚ ਇਹ ਗੱਲ ਦਰੁਸਤ ਹੈ ਅਤੇ ਜਚਣਹਾਰ ਵੀ ਲੱਗਦੀ ਹੈ। ਪਰ ਕਿਸੇ ਵੀ ਆਮ ਸਮਝ, ਨਿਯਮ ਜਾਂ ਧਾਰਨਾ ਨੂੰ ਲੈ ਲਵੋ, ਉਹ ਕਦੇ ਵੀ ਪਰਮ-ਸੰਪੂਰਨ (absolute) ਨਹੀਂ ਹੁੰਦੀ। ਹੋ ਹੀ ਨਹੀਂ ਸਕਦੀ। ਇਹ ਕੁਦਰਤ ਦਾ ਨਿਯਮ ਹੈ। ਜਿੱਥੇ ਇਹ ਗੱਲ ਠੀਕ ਹੈ ਕਿ ਹਰ ਵਰਤਾਰਾ ਕਿਸੇ ਨਾ ਕਿਸੇ ਨਿਯਮ ਅਧੀਨ ਚੱਲਦਾ ਹੈ, ਉੱਥੇ ਇਹ ਵੀ ਸੱਚ ਹੈ ਕਿ ਸਾਰੇ ਵਰਤਾਰੇ ਐਨੇ ਸਰਲ ਪੱਧਰੇ ਨਹੀਂ ਹੁੰਦੇ ਜੋ ਉਨ੍ਹਾਂ ਨੂੰ ਪੂਰਨ ਰੂਪ ਵਿੱਚ ਆਮ ਨਿਯਮਾਂ ਅੰਦਰ ਬੰਨ੍ਹਿਆ ਜਾ ਸਕੇ। ਕੁਦਰਤ ਦਾ ਨਿਯਮ ਵੰਨ-ਸੁਵੰਨਤਾ ਹੈ, ਨਾ ਕਿ ਇਕਰੂਪਤਾ। ਵੰਨ-ਸੁਵੰਨਤਾ ਸਿਰਫ਼ ਵੱਖੋ-ਵੱਖਰੇ ਵਰਤਾਰਿਆਂ ਦੇ ਰੂਪ 'ਚ ਹੀ ਨਹੀਂ, ਸਗੋਂ ਅਗਾਂਹ ਹਰ ਵਰਤਾਰੇ ਦੇ ਅੰਦਰ ਵੀ ਦੇਖਣ ਨੂੰ ਮਿਲਦੀ ਹੈ। ਹਰ ਵੱਡੇ ਵਿਆਪਕ ਤੇ ਗੁੰਝਲਦਾਰ ਵਰਤਾਰੇ ਅੰਦਰ ਕੁਝ ਗੱਲਾਂ ਅਜਿਹੀਆਂ ਹੁੰਦੀਆਂ

ਹਨ ਜਿਨ੍ਹਾਂ ਨੂੰ ਆਮ ਸਮਝ ਦੇ ਘੇਰੇ 'ਚ ਫਿੱਟ ਕਰਨਾ ਮੁਸ਼ਕਲ ਹੁੰਦਾ ਹੈ। ਇਨ੍ਹਾਂ ਨੂੰ ਆਮ ਤੌਰ 'ਤੇ ਅਸਾਧਾਰਨ ਜਾਂ ਛੋਟਵੇਂ (exceptional) ਪੱਖ ਕਿਹਾ ਜਾਂਦਾ ਹੈ। ਇਹ ਪੱਖ ਆਮ ਨਿਯਮਾਂ (general rule) ਤੋਂ ਬਾਹਰ ਹੁੰਦੇ ਹਨ ਤੇ ਇਨ੍ਹਾਂ ਅਸਾਧਾਰਨ ਮਾਮਲਿਆਂ ਦੇ ਹੱਲ ਵੀ ਅਸਾਧਾਰਨ ਹੁੰਦੇ ਹਨ, ਆਮ ਨਹੀਂ।

ਸਿੱਖ ਕੌਮ ਦਾ ਮਸਲਾ ਕੁਝ ਅਜਿਹਾ ਹੀ ਸੀ। ਜਿੱਥੇ ਸਿੱਖ ਪੰਥ ਅੰਦਰ ਇਕ ਕੌਮ ਵਾਲੀਆਂ ਸਾਰੀਆਂ ਵਿਸ਼ੇਸ਼ਤਾਈਆਂ ਵਿਦਮਾਨ ਸਨ, ਉਥੇ ਇਸ ਦੀ ਆਜ਼ਾਦ ਸਟੇਟ ਦੀ ਸਥਾਪਨਾ ਦੇ ਰਾਹ ਵਿੱਚ ਇਕ ਬਹੁਤ ਹੀ ਵੱਡੀ ਅਮਲੀ ਮੁਸ਼ਕਲ ਆ ਖੜੀ ਸੀ। ਇਤਿਹਾਸ ਦਾ ਵਿਹਾਰ ਕੁਝ ਇਸ ਤਰ੍ਹਾਂ ਚੱਲਿਆ ਕਿ ਸਿੱਖ ਵਸੋਂ ਕਿਸੇ ਇਕ ਬਝਵੇਂ ਖੇਤਰ ਅੰਦਰ ਇਕੱਤਰ ਹੋਣ ਦੀ ਜਗ੍ਹਾ ਦੂਰ ਤਕ ਖਿਲਰ ਗਈ ਸੀ। ਸਿੱਟੇ ਵਜੋਂ ਉਹ ਕਿਸੇ ਬੱਝਵੇਂ ਖ਼ਿੱਤੇ ਅੰਦਰ ਬਹੁਗਿਣਤੀ ਦਾ ਰੁਤਬਾ ਹਾਸਲ ਨਹੀਂ ਕਰ ਸਕੀ। ਇਹ ਇਕ ਅਸਾਧਾਰਨ ਹਾਲਤ ਸੀ ਜਿਸ ਨੇ ਸਿੱਖ ਕੌਮ ਨੂੰ ਅਜੀਬੋ-ਗ਼ਰੀਬ ਦਸ਼ਾ ਵਿੱਚ ਧੱਕ ਦਿੱਤਾ ਸੀ। ਕੌਮਾਂ ਦੇ ਇਤਿਹਾਸ ਅੰਦਰ ਅਜਿਹੀ ਅਨੋਖੀ ਉਦਾਹਰਣ ਘੱਟ ਹੀ ਦੇਖਣ ਨੂੰ ਮਿਲਦੀ ਹੈ। ਇਕ ਯਹੂਦੀ ਸਨ ਜਿਨ੍ਹਾਂ ਦੀ ਸਮੱਸਿਆ ਇਸ ਪੱਖੋਂ ਕਾਫ਼ੀ ਮੇਲ ਖਾਂਦੀ ਸੀ। ਕੁਝ ਯੂਰਪੀ ਦੇਸਾਂ ਅੰਦਰ ਯਹੂਦੀ ਲੋਕਾਂ ਉੱਤੇ ਹੋ ਰਹੇ ਵਹਿਸ਼ੀ ਅਤਿਆਚਾਰਾਂ ਨੇ, ਖ਼ਾਸ ਕਰਕੇ ਫ਼ਾਸ਼ੀਵਾਦੀ ਤਾਕਤਾਂ ਵੱਲੋਂ ਵਿੱਢੀ ਯਹੂਦੀ ਭਾਈਚਾਰੇ ਦੀ ਨਸਲਕੁਸ਼ੀ ਦੀ ਮੁਹਿੰਮ ਨੇ ਯਹੂਦੀਆਂ ਦੇ ਮਸਲੇ ਨੂੰ ਅਜਿਹੀ ਅਹਿਮੀਅਤ ਪਰਦਾਨ ਕਰ ਦਿੱਤੀ ਸੀ ਕਿ ਦੂਜੀ ਸੰਸਾਰ ਜੰਗ ਤੋਂ ਬਾਅਦ ਯਹੂਦੀ ਮਸਲੇ ਦਾ ਜੋ ਹੱਲ ਅਮਲ ਵਿੱਚ ਲਿਆਂਦਾ ਗਿਆ, ਉਹ ਕੌਮੀ ਸਵਾਲ ਬਾਰੇ ਆਮ ਸਮਝ ਤੇ ਰਵਾਇਤ ਨਾਲੋਂ ਇਕਦਮ ਵੱਖਰਾ ਸੀ। ਕੁਝ ਵੱਡੀਆਂ ਤਾਕਤਾਂ ਦੀ ਮਦਦ ਨਾਲ ਯਹੂਦੀਆਂ ਦੀ ਅਜਿਹੀ ਜਗ੍ਹਾ ਆਜ਼ਾਦ ਸਟੇਟ ਸਥਾਪਤ ਕੀਤੀ ਗਈ ਜਿੱਥੇ ਉਨ੍ਹਾਂ ਦੀ ਵਸੋਂ ਮਹਿਜ਼ ਛੇ ਫ਼ੀਸਦੀ ਸੀ। ਆਜ਼ਾਦ ਸਟੇਟ ਦੀ ਸਥਾਪਨਾ ਤੋਂ ਬਾਅਦ ਦੁਨੀਆ ਭਰ 'ਚੋਂ ਯਹੂਦੀ ਉਥੇ ਆ ਕੇ ਵਸਣੇ ਸ਼ੁਰੂ ਹੋ ਗਏ ਤੇ ਕੌਮੀ ਦਾਬੇ ਤੇ ਅਤਿਆਚਾਰਾਂ ਦੀ ਸਦੀਆਂ ਪੁਰਾਣੀ ਲਾਹਨਤ ਤੋਂ ਸੁਰਖ਼ਰੂ ਹੋ ਗਏ।

ਸਿੱਖ ਕੌਮ ਦੀ ਸਮੱਸਿਆ ਨੂੰ ਵੀ ਕੁਝ ਇਸ ਤਰ੍ਹਾਂ ਦੀ ਪਹੁੰਚ ਅਪਨਾ ਕੇ ਹੀ ਸਮਝਿਆ ਤੇ ਹੱਲ ਕੀਤਾ ਜਾ ਸਕਦਾ ਸੀ ਅਤੇ ਕੀਤਾ ਜਾਣਾ ਚਾਹੀਦਾ ਸੀ। ਇਤਿਹਾਸ ਕਈ ਵਾਰ ਕੌਮਾਂ ਨੂੰ ਅਜਿਹੀਆਂ ਕਸੂਤੀਆਂ ਹਾਲਤਾਂ ਵਿੱਚ ਧੱਕ ਦਿੰਦਾ ਹੈ ਕਿ ਉਨ੍ਹਾਂ ਸਾਹਮਣੇ ਸੁਖਾਲੇ ਰਾਹਾਂ ਦੀ ਚੋਣ ਕਰਨ ਦੀਆਂ ਗੁੰਜਾਇਸ਼ਾਂ ਖ਼ਤਮ ਹੋ ਜਾਂਦੀਆਂ ਹਨ। ਉਨ੍ਹਾਂ ਨੂੰ ਕਠੋਰ ਰਾਹਾਂ 'ਚੋਂ ਹੀ ਕਿਸੇ ਇਕ ਦੀ ਚੋਣ ਕਰਨੀ ਪੈਂਦੀ ਹੈ। ਅਜਿਹੇ ਮਾਮਲਿਆਂ ਵਿੱਚ ਅਕਸਰ ਹੀ ਆਮ ਸਮਝ ਤੇ ਰਵਾਇਤ ਨਾਲੋਂ ਹਟਵੇਂ ਫ਼ੈਸਲੇ ਲੈਣੇ ਪੈਂਦੇ ਹਨ। ਇਹ ਹਾਲਤ ਦੀ ਲੋੜ ਤੇ ਮਜਬੂਰੀ ਹੁੰਦੀ ਹੈ। ਜੇਕਰ ਸਿੱਖ ਲੀਡਰਸ਼ਿਪ ਮਸਲੇ ਨੂੰ ਇਸ ਦ੍ਰਿਸ਼ਟੀਕੋਣ ਤੋਂ ਸੰਬੋਧਤ ਹੋਈ ਹੁੰਦੀ ਹੈ ਤਾਂ ਉਸ ਨੂੰ ਇਕ ਅਮਲੀ ਮੁਸ਼ਕਲ ਤੋਂ ਘਬਰਾ ਕੇ ਆਪਣੇ ਸਿਧਾਂਤਕ ਪੈਂਤੜੇ ਤੋਂ ਪਿਛਾਂਹ ਹਟਣ ਦੀ ਥਾਂ, ਸਿਧਾਂਤਕ ਪੋਜ਼ੀਸ਼ਨ ਉੱਤੇ ਗੱਡਵੇਂ ਪੈਰੀਂ ਖੜਦਿਆਂ ਹੋਇਆਂ ਅਮਲੀ ਮੁਸ਼ਕਲ ਦਾ ਹੱਲ, ਉਹ ਕਿੰਨਾ ਵੀ ਔਖਾ ਤੇ ਕਠੋਰ ਕਿਉਂ ਨਾ ਹੁੰਦਾ, ਤਲਾਸ਼ਣ ਦੀ ਦਿਸ਼ਾ ਵੱਲ ਯਤਨ ਕਰਨੇ ਚਾਹੀਦੇ ਸਨ। ਸਾਡੀ ਜਾਚੇ ਉਸ ਵੇਲੇ ਵਧੇਰੇ ਠੀਕ ਤੇ ਉਚਿਤ ਪੋਜ਼ੀਸ਼ਨ ਇਹ ਬਣਦੀ ਸੀ ਕਿ ਸਿੱਖ ਲੀਡਰਸ਼ਿਪ ਵੱਲੋਂ ਪੰਜਾਬ ਦੀ ਮੁੜ-ਹੱਦਬੰਦੀ ਦੀ ਅਜਿਹੀ ਤਸਵੀਰ ਪੇਸ਼ ਕੀਤੀ ਜਾਂਦੀ ਜਿਸ ਨਾਲ ਸਿੱਖ ਕੌਮ ਇਕ ਬੱਝਵੇਂ ਖੇਤਰ ਅੰਦਰ ਭਾਰੂ ਪੋਜ਼ੀਸ਼ਨ ਅਖ਼ਤਿਆਰ ਕਰਨ ਦੀ ਹਾਲਤ ਵਿੱਚ ਹੋ ਜਾਂਦੀ। ਇਤਿਹਾਸਿਕ ਦ੍ਰਿਸ਼ਟੀਕੋਣ ਤੋਂ ਦੇਖਿਆਂ ਪੰਜਾਬ ਦਾ ਕੇਂਦਰੀ ਇਲਾਕਾ, ਜਿਸ ਵਿੱਚ ਰਾਵੀ ਤੋਂ ਲੈ ਕੇ ਘੱਗਰ ਦਰਿਆ ਤਕ ਦਾ ਇਲਾਕਾ ਆ ਜਾਂਦਾ ਹੈ, ਸਿੱਖ

ਪੰਥ ਦਾ ਪੰਘੂੜਾ ਕਿਹਾ ਜਾ ਸਕਦਾ ਹੈ। ਇਹੀ ਉਹ ਇਲਾਕਾ ਹੈ ਜਿੱਥੇ ਸਿੱਖ ਕੌਮ ਦੀਆਂ ਮਹਾਨ ਤੇ ਗੌਰਵਸ਼ੀਲ ਇਤਿਹਾਸਕ ਪ੍ਰੰਪਰਾਵਾਂ ਵਿਕਸਤ ਹੋਈਆਂ। ਉਸ ਵੇਲੇ ਪੰਜਾਬ ਅੰਦਰ ਸਿੱਖਾਂ ਦੀ ਕੁੱਲ ਵਸੋਂ ਪੰਜਾਹ ਲੱਖ ਤੋਂ ਉਪਰ ਬਣਦੀ ਸੀ। ਇਸ ਵਿੱਚੋਂ 35 ਲੱਖ ਦੇ ਕਰੀਬ 'ਕੱਲੇ ਕੇਂਦਰੀ ਪੰਜਾਬ ਵਿੱਚ ਹੀ ਸੀ। ਕੇਂਦਰੀ ਪੰਜਾਬ ਦੇ ਇਸ ਇਲਾਕੇ ਦਾ ਕੁੱਲ ਰਕਬਾ ਸਾਢੇ ਬਾਈ ਹਜ਼ਾਰ ਵਰਗਮੀਲ ਸੀ। ਕੁੱਲ ਵਸੋਂ ਇਕ ਕਰੋੜ ਪੰਜ ਲੱਖ ਸੀ। ਇਸ ਵਿੱਚ ਹਿੰਦੂ ਵਸੋਂ 31.6 ਫ਼ੀਸਦੀ, ਮੁਸਲਮਾਨ 34.5 ਫ਼ੀਸਦੀ ਅਤੇ ਸਿੱਖ 33.7 ਫ਼ੀਸਦੀ ਸਨ। ਪੰਜਾਬ ਅੰਦਰਲੀ ਕੁੱਲ ਸਿੱਖ ਵਸੋਂ ਵਿੱਚੋਂ 70 ਫ਼ੀਸਦੀ ਸਿੱਖ ਆਬਾਦੀ ਇਸ ਇਲਾਕੇ ਵਿੱਚ ਪੈਂਦੀ ਸੀ। ਦੂਜੇ ਪਾਸੇ ਰਾਵੀ ਪਾਰਲੇ ਪੱਛਮੀ ਪੰਜਾਬ ਅੰਦਰ ਮੁਸਲਮਾਨਾਂ ਦੀ ਵਸੋਂ 74 ਫ਼ੀਸਦੀ ਸੀ ਜੋ ਕਿ ਪੰਜਾਬ ਦੀ ਕੁੱਲ ਮੁਸਲਮਾਨ ਅਬਾਦੀ ਦਾ 82 ਫ਼ੀਸਦੀ ਸੀ। ਘੱਗਰ ਤੋਂ ਪਰ੍ਹੇ ਅੰਬਾਲਾ ਡਿਵੀਜ਼ਨ ਅੰਦਰ ਜ਼ਿਆਦਾ ਕਰਕੇ ਹਿੰਦੀ ਬੋਲਦੇ ਇਲਾਕੇ ਪੈਂਦੇ ਸਨ ਜਿਨ੍ਹਾਂ ਵਿੱਚ 76 ਫ਼ੀਸਦੀ ਆਬਾਦੀ ਹਿੰਦੂਆਂ ਦੀ ਸੀ।[30] ਲੰਡਨ ਵਿਖੇ ਸਰਬ ਪਾਰਟੀ ਗੋਲਮੇਜ਼ ਕਾਨਫ਼ਰੰਸ ਅੰਦਰ ਸਰ ਜੈਫਰੇ ਕੌਰਬਟ (ਜੋ ਪੰਜਾਬ ਦਾ ਵਿਤ ਕਮਿਸ਼ਨਰ ਰਹਿ ਚੁੱਕਾ ਸੀ) ਨੇ ਇਹ ਸੁਝਾਅ ਰੱਖਿਆ ਸੀ ਕਿ ਅੰਬਾਲਾ ਡਿਵੀਜ਼ਨ ਨੂੰ ਪੰਜਾਬ ਨਾਲੋਂ ਅਲਹਿਦਾ ਕਰ ਦੇਣਾ ਚਾਹੀਦਾ ਹੈ, ਕਿਉਂਕਿ ਇਹ ਇਤਿਹਾਸਕ ਤੌਰ 'ਤੇ ਪੰਜਾਬ ਦਾ ਹਿੱਸਾ ਨਹੀਂ ਸੀ। ਇਥੋਂ ਦੇ ਲੋਕਾਂ ਦੀ ਬੋਲੀ ਪੰਜਾਬੀ ਨਹੀਂ। ਪੰਜਾਬ ਦੇ ਪੰਜ ਦਰਿਆ ਇਸ ਦੀ ਜ਼ਮੀਨ ਨਹੀਂ ਸਿੰਜਦੇ। ਇਸ ਦਾ ਕੁਦਰਤੀ ਵਾਹ-ਵਾਸਤਾ ਤੇ ਲਗਾਅ ਮੇਰਠ ਤੇ ਆਗਰਾ ਡਿਵੀਜ਼ਨਾਂ ਨਾਲ ਹੈ। ਇਸ ਤਜਵੀਜ਼ 'ਤੇ ਅਮਲ ਹੋਣ ਨਾਲ ਪੰਜਾਬ ਵਿੱਚ ਮੁਸਲਮਾਨ ਭਾਰੂ ਗਿਣਤੀ ਵਿੱਚ (63 ਫ਼ੀਸਦੀ) ਹੋ ਜਾਣੇ ਸਨ। ਇਸ ਕਰਕੇ ਸਿੱਖ ਆਗੂਆਂ ਨੂੰ ਇਹ ਸੁਝਾਅ ਕਤਈ ਤੌਰ 'ਤੇ ਮਨਜ਼ੂਰ ਨਹੀਂ ਸੀ।[31] ਉਨ੍ਹਾਂ ਇਸਦੇ ਪ੍ਰਤੀਕਰਮ ਵਿੱਚ ਮੋੜਵੀਂ ਤਜਵੀਜ਼ ਰੱਖੀ ਕਿ ਰਾਵਲਪਿੰਡੀ ਤੇ ਮੁਲਤਾਨ ਡਿਵੀਜ਼ਨਾਂ (ਮਿੰਟਗੁਮਰੀ ਤੇ ਲਾਇਲਪੁਰ ਨੂੰ ਛੱਡ ਕੇ) ਪੰਜਾਬ ਨਾਲੋਂ ਤੋੜ ਕੇ ਸਰਹੱਦੀ ਸੂਬੇ ਨਾਲ ਜੋੜ ਦਿੱਤੀਆਂ ਜਾਣ।[32] ਇਸ ਨਾਲ ਮੁਸਲਮਾਨ ਘੱਟਗਿਣਤੀ ਵਿੱਚ ਆ ਜਾਣੇ ਸਨ। ਇਸ ਕਰਕੇ ਮੁਸਲਮਾਨਾਂ ਵੱਲੋਂ ਇਸ ਦਾ ਤਿੱਖਾ ਵਿਰੋਧ ਕੀਤਾ ਗਿਆ। ਸੋ ਦੇਖਿਆ ਜਾਵੇ ਤਾਂ ਪੰਜਾਬ ਦੇ ਹਿੰਦੂ, ਸਿੱਖ ਤੇ ਮੁਸਲਮਾਨ ਭਾਈਚਾਰਿਆਂ 'ਚੋਂ ਕਿਸੇ ਦੀ ਵੀ ਮੰਗ ਨਿਆਈਂ ਨਹੀਂ ਸੀ। ਸਿੱਖ ਆਗੂਆਂ ਵੱਲੋਂ ਪੰਜਾਬ ਅੰਦਰ ਮੁਸਲਮਾਨਾਂ ਨੂੰ ਘੱਟਗਿਣਤੀ ਵਿੱਚ ਧੱਕਣ ਲਈ ਸੁਝਾਈਆਂ ਜਾ ਰਹੀਆਂ ਸਾਰੀਆਂ ਤਜਵੀਜ਼ਾਂ ਮੁਸਲਮਾਨਾਂ ਨਾਲ ਬੇਇਨਸਾਫ਼ੀ ਕਰਦੀਆਂ ਸਨ। ਦੂਜੇ ਪਾਸੇ ਮੁਸਲਿਮ ਆਗੂਆਂ ਵੱਲੋਂ ਸਮੁੱਚੇ ਪੰਜਾਬ ਨੂੰ ਪਾਕਿਸਤਾਨ ਵਿੱਚ ਸ਼ਾਮਲ ਕਰਨ ਦੀ ਜ਼ਿੱਦ ਸਿੱਖਾਂ ਨਾਲ ਘੋਰ ਅਨਿਆਂ ਸੀ ਕਿਉਂਕਿ ਇਸ ਨਾਲ ਸਿੱਖਾਂ ਉੱਤੇ ਮੁਸਲਿਮ ਬਹੁਗਿਣਤੀ ਦਾ ਰਾਜਸੀ ਗ਼ਲਬਾ ਸਥਾਪਤ ਹੁੰਦਾ ਸੀ। ਹਿੰਦੂ ਆਗੂਆਂ ਵੱਲੋਂ ਪੰਜਾਬ ਦੇ ਜਿਸ ਹਿੱਸੇ ਨੂੰ ਹਿੰਦੋਸਤਾਨ ਨਾਲ ਜੋੜਿਆ ਜਾ ਰਿਹਾ ਸੀ, ਉਸ ਨਾਲ ਸਿੱਖਾਂ ਨੂੰ ਹਿੰਦੂਆਂ ਦੀ ਗ਼ੁਲਾਮੀ ਦਾ ਮੁਥਾਜ ਬਣਨਾ ਪੈਣਾ ਸੀ। ਸੋ ਅਜਿਹੀ ਹਾਲਤ ਵਿੱਚ ਵਧੇਰੇ ਉਚਿਤ ਪੋਜ਼ੀਸ਼ਨ ਇਹੀ ਬਣਦੀ ਸੀ ਕਿ ਪੰਜਾਬ ਦੀ ਮੁੜ-ਹੱਦਬੰਦੀ ਕਰਕੇ ਇਸ ਦੇ ਕੇਂਦਰੀ ਭਾਗ ਅੰਦਰ ਸਿੱਖਾਂ ਨੂੰ ਆਪਣੀ ਹੋਣੀ ਆਪ ਘੜਨ ਦਾ ਅਧਿਕਾਰ ਤੇ ਮੌਕਾ ਮੁਹੱਈਆ ਕੀਤਾ ਜਾਂਦਾ। ਪੰਜਾਬ ਦੇ ਤਿੰਨ ਪੂਰਬੀ, ਕੇਂਦਰੀ ਤੇ ਪੱਛਮੀ ਯੂਨਿਟ ਕਾਇਮ ਕਰਨ ਨਾਲ ਤਿੰਨੇ ਹੀ ਭਾਈਚਾਰਿਆਂ ਦੀਆਂ ਸਮੱਸਿਆਵਾਂ ਦਾ ਨਿਆਂਇਪੂਰਨ ਹੱਲ ਨਿਕਲ ਸਕਦਾ ਸੀ। ਮੁਸਲਮਾਨ ਪੱਛਮੀ ਪੰਜਾਬ ਅੰਦਰ ਆਪਣੀ ਆਜ਼ਾਦੀ ਮਾਣ ਸਕਦੇ ਸਨ। ਘੱਗਰ ਪਾਰਲੀ ਗ਼ੈਰ-ਪੰਜਾਬੀ ਹਿੰਦੂ ਜਨਤਾ ਗੰਗਾ-ਜਮਨਾ ਕਲਚਰ ਦਾ ਅੰਗ ਬਣ ਕੇ ਆਪਣੀ ਆਜ਼ਾਦੀ ਦਾ ਸੁਖ ਮਾਣ ਸਕਦੀ ਸੀ। ਕੇਂਦਰੀ ਪੰਜਾਬ 'ਚ ਭਾਵੇਂ

ਉਸ ਮੌਕੇ ਸਿੱਖਾਂ ਦੀ ਵਸੋਂ 33.7 ਫ਼ੀਸਦੀ ਦੇ ਕਰੀਬ ਬਣਦੀ ਸੀ। ਪਰ ਜੇਕਰ ਪੰਜਾਬ ਦੇ ਪੱਛਮੀ ਹਿੱਸੇ ਦੀ ਸਿੱਖ ਆਬਾਦੀ ਦਾ ਕੇਂਦਰੀ ਪੰਜਾਬ ਦੀ ਮੁਸਲਿਮ ਵਸੋਂ ਨਾਲ ਤਬਾਦਲਾ ਹੋ ਜਾਂਦਾ ਤਾਂ ਕੇਂਦਰੀ ਪੰਜਾਬ ਅੰਦਰ ਸਿੱਖਾਂ ਦੀ ਵਸੋਂ 60 ਫ਼ੀਸਦੀ ਤਕ ਪਹੁੰਚ ਜਾਣੀ ਸੀ। ਇਉਂ ਉਹ ਅਮਲੀ ਮੁਸ਼ਕਲ ਦੂਰ ਹੋ ਜਾਣੀ ਸੀ ਜੋ ਕਿ ਸਿੱਖ ਕੌਮ ਦੀ ਆਜ਼ਾਦੀ ਦੇ ਰਾਹ ਦੀ ਮੁੱਖ ਰੁਕਾਵਟ ਮੰਨੀ ਜਾ ਰਹੀ ਸੀ। ਇਸ ਦੇ ਨਾਲ ਹੀ, ਸਿੱਖ ਆਗੂ ਆਪਣੀ ਤਰਕ-ਵਿਹੂਣੀ ਤੇ ਦੀਵਾਲੀਆ ਕਿਸਮ ਦੀ ਰਾਜਨੀਤੀ ਦੇ ਸੰਤਾਪ ਤੋਂ ਮੁਕਤ ਹੋ ਸਕਦੇ ਸਨ।

ਸੁਆਲ ਉੱਠ ਸਕਦਾ ਹੈ ਕਿ ਕੀ ਇਹ ਪੋਜ਼ੀਸ਼ਨ ਅਮਲਯੋਗ ਹੋ ਸੀ? ਕੀ ਬਰਤਾਨਵੀ ਹਾਕਮ ਤੇ ਦੂਸਰੀਆਂ ਧਿਰਾਂ ਇਸ ਤਜਵੀਜ਼ ਨਾਲ ਸਹਿਮਤ ਹੋ ਜਾਂਦੀਆਂ? ਰਵਾਇਤੀ ਦ੍ਰਿਸ਼ਟੀਕੋਣ ਤੋਂ ਦੇਖਿਆਂ ਇਸ ਸੁਆਲ ਦਾ ਸਹੀ ਜੁਆਬ ਲੱਭ ਸਕਣਾ ਨਾਮੁਮਕਿਨ ਹੋਵੇਗਾ। ਅਜਿਹੇ ਮਾਮਲਿਆਂ 'ਚ ਇਸ ਸੱਚਾਈ ਨੂੰ ਗ੍ਰਹਿਣ ਕਰਨਾ ਜ਼ਰੂਰੀ ਹੈ ਕਿ ਇਤਿਹਾਸ ਦੀਆਂ ਅਜਿਹੀਆਂ ਅਸਾਧਾਰਨ ਸਮੱਸਿਆਵਾਂ ਦੇ ਅਸਾਧਾਰਨ ਹੱਲ ਸਾਧਾਰਨ ਹਾਲਤਾਂ ਵਿੱਚ ਨਹੀਂ, ਅਸਾਧਾਰਨ ਹਾਲਤਾਂ ਵਿੱਚ ਹੀ ਸੰਭਵ ਹੁੰਦੇ ਹਨ। ਅਜਿਹੀਆਂ ਹਾਲਤਾਂ ਵਿੱਚ ਕਿਸੇ ਧਿਰ ਦੀ ਸਹਿਮਤੀ ਜਾਂ ਅਸਹਿਮਤੀ ਬਹੁਤਾ ਅਰਥ ਨਹੀਂ ਰਖਦੀ। ਇਹ ਹਾਲਤਾਂ ਦਾ ਦਬਾਅ ਤੇ ਮਜਬੂਰੀ ਹੁੰਦੀ ਹੈ ਜੋ ਅਸਹਿਮਤ ਧਿਰਾਂ ਦੇ ਗਲ ਗੂਠਾ ਦੇ ਕੇ ਉਨ੍ਹਾਂ ਨੂੰ ਸਹਿਮਤੀ ਦੇ ਕੌੜੇ ਘੁੱਟ ਭਰਨ ਲਈ ਮਜਬੂਰ ਕਰਦੀ ਹੈ। ਰਾਜਸੀ ਵਿਗਿਆਨ ਅੰਦਰ ਇਤਿਹਾਸ ਦੀਆਂ ਅਜਿਹੀਆਂ ਘੜੀਆਂ ਨੂੰ ਇਤਿਹਾਸਕ ਮੌਕਾ-ਮੇਲ (historical conjuncture) ਕਿਹਾ ਜਾਂਦਾ ਹੈ। ਸੰਨ ਸੰਤਾਲੀ ਮੌਕੇ ਭਾਰਤੀ ਸਮਾਜ ਦੀਆਂ ਅੰਦਰੂਨੀ ਵਿਰੋਧਤਾਈਆਂ ਦੇ ਵਿਸਫੋਟ ਨਾਲ ਜੋ ਹਾਲਤ ਪੈਦਾ ਹੋ ਗਈ ਸੀ, ਉਹ ਕਿਸੇ ਵੀ ਤਰ੍ਹਾਂ ਸਾਧਾਰਨ ਨਹੀਂ ਸੀ। ਦੇਸ ਦਾ ਬਟਵਾਰਾ ਅਟੱਲ ਬਣ ਗਿਆ ਸੀ। ਬਰਤਾਨਵੀ ਹਾਕਮਾਂ ਦੀ ਸਾਜ਼ਸ਼ ਕਰਕੇ ਨਹੀਂ (ਜਿਵੇਂ ਕਿ ਆਮ ਧਾਰਨਾ ਬਣੀ ਹੋਈ ਹੈ) ਸਗੋਂ ਭਾਰਤ ਦੀਆਂ ਆਪਣੀਆਂ ਹੀ ਸਮਾਜੀ ਵਿਰੋਧਤਾਈਆਂ ਦੇ ਅੰਦਰੂਨੀ ਗਤੀ-ਅਮਲ ਦੀ ਵਜ੍ਹਾ ਕਰਕੇ। ਦੋ ਸ਼ਰੀਕ ਭਾਈਚਾਰਿਆਂ—ਹਿੰਦੂ ਤੇ ਮੁਸਲਮਾਨ ਅਤੇ ਦੋ ਸ਼ਰੀਕ ਤਾਕਤਾਂ—ਕਾਂਗਰਸ ਤੇ ਮੁਸਲਿਮ ਲੀਗ ਦੇ ਆਪਸੀ ਟਕਰਾਓ ਨੇ ਸਿੱਖ ਕੌਮ ਦੇ ਇਕ ਨਿਰਣਾਇਕ ਸ਼ਕਤੀ ਵਜੋਂ ਉਭਰਨ ਦੇ ਇਤਿਹਾਸਿਕ ਮੌਕੇ ਸਿਰਜ ਦਿੱਤੇ ਸਨ। ਮੁਸਲਿਮ ਆਗੂ ਆਪਣੇ ਸ਼ਰੀਕ ਹਿੰਦੂ ਵਰਗ ਨੂੰ ਰਾਜਸੀ ਤੌਰ 'ਤੇ ਵੱਡੀ ਸੱਟ ਮਾਰਨ ਦੀ ਨੀਤ ਨਾਲ ਸਿੱਖ ਪੰਥ ਨੂੰ ਪਤਿਆਉਣ ਅਤੇ ਭਰਮਾਉਣ ਦੇ ਸਿਰਤੋੜ ਯਤਨ ਕਰ ਰਹੇ ਸਨ। ਕਿਸੇ ਖ਼ੁਸ਼ੀ ਨਾਲ ਨਹੀਂ ਸਗੋਂ ਹਾਲਤਾਂ ਦੀ ਲੋੜ ਤੇ ਮਜਬੂਰੀ ਵਿੱਚੋਂ। ਸਿੱਖ ਭਾਈਚਾਰੇ ਦੇ ਸਹਿਯੋਗ ਨਾਲ ਉਹ ਪਾਕਿਸਤਾਨ ਦੀ ਸਰਹੱਦ ਨੂੰ ਜਮਨਾ ਦੇ ਕਰੀਬ ਲੈ ਜਾਣ ਦੀਆਂ ਲਾਲਸਾਵਾਂ ਪਾਲ ਰਹੇ ਸਨ। ਉੱਧਰ ਹਿੰਦੂ ਆਗੂਆਂ ਨੂੰ ਇਸ ਹੋਣੀ ਦੀ ਕਲਪਨਾ ਤੋਂ ਹੀ ਭੈਅ ਲੱਗਦਾ ਸੀ। ਇਸ ਨਾਲ ਨਾ ਸਿਰਫ਼ ਪਾਕਿਸਤਾਨ ਦੀ ਸਰਹੱਦ ਐਨ ਦਿੱਲੀ ਦੀਆਂ ਬਰੂਹਾਂ ਤਕ ਆ ਪਹੁੰਚਣੀ ਸੀ ਸਗੋਂ ਪੂਰਾ ਜੰਮੂ ਤੇ ਕਸ਼ਮੀਰ ਉਨ੍ਹਾਂ ਦੇ ਹੱਥੋਂ ਤਿਲਕ ਕੇ ਮੁਸਲਿਮ ਆਗੂਆਂ ਦੀ ਝੋਲੀ 'ਚ ਚਲਾ ਜਾਣਾ ਸੀ। ਹਿੰਦੂ ਆਗੂ ਇਸ ਹੋਣੀ ਨੂੰ ਟਾਲਣ ਲਈ ਸਿੱਖ ਕੌਮ ਨੂੰ ਵੱਡੀ ਤੋਂ ਵੱਡੀ ਰਿਆਇਤ ਦੇਣ ਲਈ ਵੀ ਤਿਆਰ ਹੋ ਸਕਦੇ ਸਨ। ਖ਼ੁਸ਼ੀ ਨਾਲ ਨਹੀਂ ਸਗੋਂ ਹਾਲਤਾਂ ਦੀ ਲੋੜ ਤੇ ਮਜਬੂਰੀ ਵਿੱਚੋਂ। ਜਿਥੋਂ ਤਕ ਬਰਤਾਨਵੀ ਹਾਕਮਾਂ ਦਾ ਸਬੰਧ ਹੈ, ਜੇਕਰ ਉਨ੍ਹਾਂ ਵੱਲੋਂ ਸਿੱਖ ਕੌਮ ਪ੍ਰਤੀ ਧਾਰਨ ਕੀਤੇ ਗਏ ਸਮੁੱਚੇ ਰਵੱਈਏ ਦਾ ਡੂੰਘਾ ਤੇ ਸਰਬਪੱਖੀ ਅਧਿਐਨ ਕੀਤਾ ਜਾਵੇ ਤਾਂ ਇਹ ਤੱਥ ਖ਼ਾਸ ਤੌਰ 'ਤੇ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਜਿੱਥੇ ਉਹ ਆਪਣੀਆਂ ਯੁੱਧਨੀਤਕ ਲੋੜਾਂ ਤੇ ਰਾਜਸੀ

ਗਿਣਤੀਆਂ-ਮਿਣਤੀਆਂ 'ਚੋਂ ਸਿੱਖਾਂ ਦੇ ਮੁਕਾਬਲੇ ਮੁਸਲਿਮ ਭਾਈਚਾਰੇ ਨੂੰ ਵੱਧ ਤਰਜੀਹ ਦਿੰਦੇ ਸਨ, ਉਥੇ ਅਜਿਹੀਆਂ ਗੱਲਾਂ ਘੱਟ ਹੀ ਮਿਲਦੀਆਂ ਹਨ ਜਿਸ 'ਚੋਂ ਉਨ੍ਹਾਂ ਦੀ ਸਿੱਖ ਵਿਰੋਧੀ ਸੋਚ ਜਾਂ ਤੁਅਸਬਾਂ ਦੀ ਝਲਕ ਮਿਲਦੀ ਹੋਵੇ। ਆਮ ਤੌਰ 'ਤੇ ਉਹ ਸਿੱਖਾਂ ਦੇ ਮਸਲੇ ਨੂੰ ਹਮਦਰਦੀ ਦੇ ਨੁਕਤਾ-ਨਜ਼ਰ ਤੋਂ ਦੇਖਦੇ ਸਨ।

ਸਿੱਖ ਆਗੂਆਂ ਦੀਆਂ ਪੋਜ਼ੀਸ਼ਨਾਂ ਤੇ ਮੰਗਾਂ ਸਨ ਹੀ ਏਨੀਆਂ ਤਰਕ-ਵਿਹੂਣੀਆਂ ਕਿ ਅੰਗਰੇਜ਼ ਹਾਕਮਾਂ ਨੂੰ ਇਨ੍ਹਾਂ ਨਾਲ ਸਹਿਮਤ ਹੋਣਾ ਅਤਿਅੰਤ ਮੁਸ਼ਕਲ ਹੋ ਰਿਹਾ ਸੀ। ਬਰਤਾਨਵੀ ਹਾਕਮਾਂ ਅੰਦਰਲੇ ਕੁਝ ਪ੍ਰਭਾਵਸ਼ਾਲੀ ਵਰਗ, ਖ਼ਾਸ ਕਰਕੇ ਫ਼ੌਜੀ ਪਿਛੋਕੜ ਵਾਲੇ ਲੋਕ, ਸਿੱਖਾਂ ਦੇ ਦਿਲੀ ਹਮਾਇਤੀ ਤੇ ਹਤੈਸ਼ੀ ਸਨ। (ਜਿਵੇਂ ਕਿ ਪੈਂਡਰਲ ਮੂਨ ਤੇ ਮੇਜਰ ਸ਼ਾਰਟ ਆਦਿ) ਉਹ ਸਿੱਖ ਕੌਮ ਦੀ ਬਿਹਤਰੀ ਲਈ ਕਿਸੇ ਚੰਗੇ ਹੱਲ ਵਾਸਤੇ ਸਿਰਤੋੜ ਕੋਸ਼ਿਸ਼ਾਂ ਵਿੱਚ ਜੁਟੇ ਹੋਏ ਸਨ।[33] ਜੇਕਰ ਇਸ ਦਾ ਕੋਈ ਚੰਗਾ ਨਤੀਜਾ ਨਹੀਂ ਨਿਕਲ ਸਕਿਆ ਤਾਂ ਇਸ ਦੀ ਮੁੱਖ ਵਜ੍ਹਾ ਬਰਤਾਨਵੀ ਹਾਕਮ ਨਹੀਂ ਸਗੋਂ ਸਿੱਖ ਆਗੂ ਸਨ, ਜਿਨ੍ਹਾਂ ਨੂੰ ਹਿੰਦੂ ਆਗੂਆਂ ਨੇ ਅਜਿਹੀ ਢਾਕ 'ਤੇ ਚੜ੍ਹਾ ਰੱਖਿਆ ਹੋਇਆ ਸੀ ਕਿ ਉਹ ਹਿੰਦੂ ਆਗੂਆਂ ਦੀ ਮਰਜ਼ੀ ਤੋਂ ਵੱਖਰਾ ਫ਼ੈਸਲਾ ਲੈਣ ਲਈ ਤਿਆਰ ਹੀ ਨਹੀਂ ਸਨ। ਜੇਕਰ ਸਿੱਖ ਲੀਡਰਸ਼ਿਪ ਨੇ ਕਾਫ਼ੀ ਪਹਿਲਾਂ ਤੋਂ ਹੀ, ਸਾਈਮਨ ਕਮਿਸ਼ਨ ਦੀ ਸਥਾਪਨਾ ਤੇ 'ਨਹਿਰੂ ਰਿਪੋਰਟ' ਵੇਲੇ ਤੋਂ ਹੀ, ਪੰਜਾਬ ਦੀ ਮੁੜ-ਹੱਦਬੰਦੀ ਅਤੇ ਸਿੱਖ ਤੇ ਮੁਸਲਿਮ ਵਸੋਂ ਦੇ ਅਮਨ ਪੂਰਵਕ ਤੇ ਵਿਉਂਤਬੱਧ ਤਬਾਦਲੇ ਦੀ ਪੋਜ਼ੀਸ਼ਨ ਰੱਖੀ ਹੁੰਦੀ, ਅਤੇ ਇਸ ਪੋਜ਼ੀਸ਼ਨ ਦੀ ਦ੍ਰਿੜ੍ਹਤਾ ਤੇ ਧੜੱਲੇ ਨਾਲ ਪੈਰਵਾਈ ਕੀਤੀ ਹੁੰਦੀ ਤਾਂ ਬਰਤਾਨਵੀ ਹਾਕਮਾਂ ਲਈ ਇਸ ਤਜਵੀਜ਼ ਨੂੰ ਪੈਂਦੀ ਸੱਟੇ ਹੀ ਰੱਦ ਕਰ ਦੇਣਾ ਅਤੀ ਮੁਸ਼ਕਲ ਹੋਣਾ ਸੀ। ਕਿਉਂਕਿ ਸਿੱਖ ਲੀਡਰਸ਼ਿਪ ਦੀਆਂ ਹੋਰਨਾਂ ਪੋਜ਼ੀਸ਼ਨਾਂ ਦੇ ਸਿਧਾਂਤਕ ਖੋਖਲੇਪਣ ਦੇ ਉਲਟ, ਇਹ ਪੋਜ਼ੀਸ਼ਨ ਕਿਤੇ ਤਰਕਸੰਗਤ ਤੇ ਵਜ਼ਨਦਾਰ ਹੋਣੀ ਸੀ।

ਜੇਕਰ ਸਿੱਖ ਆਗੂਆਂ ਨੇ ਮਸਲੇ ਪ੍ਰਤੀ ਅਜਿਹੀ ਗਹਿਰ-ਗੰਭੀਰ ਪਹੁੰਚ ਧਾਰਨ ਕੀਤੀ ਹੁੰਦੀ ਤਾਂ ਜਿਸ ਪ੍ਰਾਪਤੀ ਲਈ ਸਿੱਖ ਕੌਮ ਨੂੰ 1947 ਤੋਂ ਬਾਅਦ ਕਈ ਦਹਾਕਿਆਂ ਤਕ ਖੱਜਲ ਖ਼ੁਆਰ ਹੋਣਾ ਪਿਆ, ਰਤਾ ਕੁ ਦ੍ਰਿੜ੍ਹਤਾ ਤੇ ਸੂਝ ਸਿਆਣਪ ਨਾਲ 1947 ਵਿੱਚ ਇਸ ਤੋਂ ਕਿਤੇ ਬਿਹਤਰ ਕਮਾਈ ਕੀਤੀ ਜਾ ਸਕਦੀ ਸੀ। ਇਕ ਤਾਂ ਸਿੱਖ ਕੌਮ ਦੇ ਪਰਸੰਗ ਵਿੱਚ ਉਸ ਮੌਕੇ ਦੀ ਹੁਕਮਰਾਨ ਤਾਕਤ ਦਾ ਦਿਲ ਓਨਾ ਕਾਲਾ ਨਹੀਂ ਸੀ ਜਿੰਨਾ ਸੰਤਾਲੀ ਤੋਂ ਬਾਅਦ ਦਿੱਲੀ ਤਖ਼ਤ 'ਤੇ ਬਿਰਾਜਮਾਨ ਹੋਏ ਹਿੰਦੂ ਹਾਕਮਾਂ ਦਾ ਸਾਬਤ ਹੋਇਆ। ਦੂਜਾ, ਉਸ ਵੇਲੇ ਦੀਆਂ ਅਸਾਧਾਰਨ ਹਾਲਤਾਂ ਨੇ ਸਿੱਖ ਕੌਮ ਲਈ ਕੁੱਲ ਮਿਲਾ ਕੇ ਕਾਫ਼ੀ ਸਾਜ਼ਗਾਰ ਮੌਕੇ ਪੈਦਾ ਕਰ ਦਿੱਤੇ ਸਨ। ਪਰ ਇਸ ਨੂੰ ਸਿੱਖ ਕੌਮ ਦਾ ਦੁਰਭਾਗ ਹੀ ਸਮਝਿਆ ਜਾਣਾ ਚਾਹੀਦਾ ਹੈ ਕਿ ਸਿੱਖ ਲੀਡਰਸ਼ਿਪ ਨਾ ਤਾਂ ਹਾਲਤਾਂ ਦੀ ਨਬਜ਼ ਨੂੰ ਪਛਾਣ ਸਕੀ ਤੇ ਨਾ ਹੀ ਆਪਣੀ ਸੌਦੇਬਾਜ਼ੀ ਦੀ ਤਾਕਤ (bargaining power) ਦਾ ਸਹੀ ਅਨੁਮਾਨ ਲਾ ਸਕੀ।

ਬਾਅਦ ਵਿੱਚ ਮਾਸਟਰ ਤਾਰਾ ਸਿੰਘ ਵੱਲੋਂ ਕੀਤੇ ਗਏ ਇਕਬਾਲ 'ਚੋਂ ਸਿੱਖ ਲੀਡਰਸ਼ਿਪ ਦੀ ਉਸ ਮੌਕੇ ਦੀ ਬੌਧਿਕ ਦਸ਼ਾ ਦੀ ਸਹੀ ਤਸਵੀਰ ਉਘੜ ਕੇ ਸਾਹਮਣੇ ਆਉਂਦੀ ਹੈ। ਉਸ ਨੇ ਮੰਨਿਆ ਕਿ 40ਵਿਆਂ ਵਿੱਚ "ਸਿੱਖ ਸਟੇਟ ਦੀ ਮੰਗ ਵਿੱਚ ਜ਼ੋਰ ਨਹੀਂ ਸੀ ਭਰਦਾ... ਵੱਡਾ ਕਾਰਨ ਇਹ ਸੀ ਕਿ ਆਬਾਦੀ 'ਚ ਸਿੱਖ ਬਹੁਗਿਣਤੀ ਕੇਵਲ ਤਰਨ ਤਾਰਨ ਤੇ ਮੋਗਾ, ਦੋ ਤਹਿਸੀਲਾਂ ਵਿੱਚ ਹੀ ਸੀ ਤੇ ਇਹ ਤਹਿਸੀਲਾਂ ਵੀ ਨਾਲ ਲੱਗਦੀਆਂ ਨਹੀਂ ਸਨ। ਸਿੱਖ ਸਟੇਟ 'ਤੇ ਬਹੁਤਾ ਜ਼ੋਰ ਨਾ ਪਾਉਣ ਵਿੱਚ ਸਾਡੀ ਇਕ ਨਾਵਾਕਫ਼ੀ ਵੀ ਸੀ। ਸਾਨੂੰ ਕਿਸੇ ਨੂੰ ਇਹ ਪਤਾ ਨਹੀਂ ਸੀ ਕਿ ਆਬਾਦੀ ਵਿੱਚ ਘੱਟਗਿਣਤੀ

ਹੁੰਦਿਆਂ ਹੋਇਆਂ ਵੀ ਕਿਸੇ ਢੰਗ ਨਾਲ ਸਟੇਟ ਬਣਾਈ ਜਾ ਸਕਦੀ ਹੈ, ਜਿਸ ਢੰਗ ਨਾਲ ਯਹੂਦੀਆਂ ਨੂੰ ਯਹੂਦੀ ਸਟੇਟ ਬਣਾ ਕੇ ਦਿੱਤੀ ਜਾ ਚੁੱਕੀ ਸੀ। ਇਸ ਗੱਲ ਦਾ ਮੈਨੂੰ ਉਸ ਵੇਲੇ ਪਤਾ ਲੱਗਾ ਜਦ 1949 ਵਿੱਚ ਮੈਂ ਅਲਮੋੜੇ ਜੇਲ੍ਹ ਵਿੱਚ ਸਾਂ। ਉਸ ਵੇਲੇ ਮੈਨੂੰ ਕਿਸੇ ਨੇ ਦੱਸਿਆ ਕਿ ਰੂਸ ਦੇ ਵੱਡੇ ਅਖ਼ਬਾਰ *ਪਰਾਵਦਾ* ਨੇ ਇਹ ਲਿਖਿਆ ਹੈ ਕਿ "ਦੁਨੀਆ ਵਿੱਚ ਦੋ ਕੌਮਾਂ ਹਨ, ਜਿਨ੍ਹਾਂ ਦਾ ਕੋਈ ਘਰ ਨਹੀਂ ਬਣਿਆ ਭਾਵੇਂ ਉਨ੍ਹਾਂ ਵਿੱਚ ਕੌਮੀਅਤ ਦੇ ਸਾਰੇ ਗੁਣ ਹਨ। ਇਕ ਹਨ ਯਹੂਦੀ ਤੇ ਦੂਜੇ ਸਿੱਖ। ਯਹੂਦੀਆਂ ਲਈ ਤਾਂ ਘਰ ਬਣਾ ਦਿੱਤਾ ਗਿਆ ਹੈ ਪਰ ਸਿੱਖ ਬਿਨਾਂ ਘਰ ਹਨ।" ਇਹ ਸੁਣ ਕੇ ਮੈਂ ਬੰਬਈ ਤੋਂ ਨਿਕਲਦੇ ਯਹੂਦੀ ਅਖ਼ਬਾਰ (*ਇਜ਼ਰਾਈਲ*) ਨੂੰ ਮੰਗਵਾਉਣਾ ਸ਼ੁਰੂ ਕੀਤਾ। *ਇਜ਼ਰਾਈਲ* ਵਿੱਚ ਮੈਂ ਪੜ੍ਹਿਆ ਕਿ ਯਹੂਦੀ ਸਟੇਟ ਬਣਾਈ ਗਈ ਤਾਂ ਉਥੇ ਯਹੂਦੀਆਂ ਦੀ ਆਬਾਦੀ ਛਿਆਲੀ ਹਜ਼ਾਰ, ਈਸਾਈਆਂ ਦੀ ਛਿਆਸੀ ਹਜ਼ਾਰ ਤੇ ਮੁਸਲਮਾਨਾਂ ਦੀ ਛੇ ਲੱਖ ਸੀ। ਕੁਝ ਸਾਲ ਬੀਤਣ ਉਪਰੰਤ ਉਥੇ ਯਹੂਦੀਆਂ ਦੀ ਵਸੋਂ ਛੇ ਲੱਖ ਹੋ ਗਈ। ਯਹੂਦੀ ਭਾਰੀ ਗਿਣਤੀ ਵਿੱਚ ਬਾਹਰੋਂ ਆ ਕੇ ਇਥੇ ਆਬਾਦ ਹੋਏ ਹਨ ਤੇ ਹੋ ਰਹੇ ਹਨ।"[34]

●

# ਭਾਗ ਦੂਜਾ

## ਹਿੰਦੂ ਗ਼ਲਬਾ ਤੇ ਸਿੱਖ

## (1947-1978)

ਜੇਕਰ ਗੱਡੀ ਹੀ ਗ਼ਲਤ ਫੜ ਲਈ ਜਾਵੇ ਤਾਂ ਡੱਬੇ ਦੇ ਅੰਦਰ ਉਲਟੀ ਦਿਸ਼ਾ 'ਚ ਭੱਜਣ ਨਾਲ ਕੁਛ ਨਹੀਂ ਸੌਰਦਾ।

—ਅਗਿਆਤ

# 4

# ਆਜ਼ਾਦੀ ਦਾ ਫੰਧਾ

15 ਅਗਸਤ 1947 ਨੂੰ ਜਦ ਭਾਰਤ ਦੀ ਆਜ਼ਾਦੀ ਦਾ ਐਲਾਨ ਹੋ ਗਿਆ ਅਤੇ ਇਸ ਨੂੰ ਹਿੰਦੂ ਬਹੁ-ਵਸੋਂ ਤੇ ਮੁਸਲਿਮ ਬਹੁ-ਵਸੋਂ ਵਾਲੇ ਦੋ ਅਲੱਗ-ਅਲੱਗ ਆਜ਼ਾਦ ਰਾਜਾਂ ਵਿੱਚ ਤਕਸੀਮ ਕਰ ਦਿੱਤਾ ਗਿਆ ਤਾਂ ਸਿੱਖ ਆਗੂਆਂ ਨੇ ਆਪਣੇ ਕੁਦਰਤੀ ਝੁਕਾਅ ਮੁਤਾਬਕ ਸਿੱਖ ਕੌਮ ਦੀ ਹੋਣੀ ਦਾ ਹਿੰਦੂ ਬਹੁ-ਵਸੋਂ ਵਾਲੇ ਰਾਜ ਭਾਰਤ ਨਾਲ ਸੰਜੋਗ ਕਰਨ ਦਾ ਨਿਰਣਾ ਕਰ ਲਿਆ। ਸਿੱਖ ਲੀਡਰਸ਼ਿਪ ਨੇ ਵੀਹਵਿਆਂ ਤੋਂ ਜੋ ਵਿਚਾਰਧਾਰਕ ਸੇਧ ਅਖ਼ਤਿਆਰ ਕਰ ਲਈ ਹੋਈ ਸੀ ਉਸ 'ਚੋਂ ਇਸ ਤੋਂ ਵੱਖਰਾ ਹੋਰ ਕੋਈ ਨਿਰਣਾ ਹੋ ਹੀ ਨਹੀਂ ਸੀ ਸਕਦਾ। ਬੇਸ਼ੱਕ ਸਿੱਖ ਆਗੂਆਂ ਵੱਲੋਂ ਬਰਤਾਨਵੀ ਅਧਿਕਾਰੀਆਂ ਨਾਲ ਵਾਰਤਾਲਾਪਾਂ ਦੌਰਾਨ ਵਾਰ-ਵਾਰ ਇਹ ਪੋਜ਼ੀਸ਼ਨ ਪ੍ਰਗਟਾਈ ਜਾ ਰਹੀ ਸੀ ਕਿ ਉਹ ਭਾਰਤ ਦੀ ਤਕਸੀਮ ਦੇ ਹਾਮੀ ਨਹੀਂ ਅਤੇ ਜੇਕਰ ਸਿੱਖ ਪੰਥ ਦੀ ਇੱਛਾ ਦੇ ਉਲਟ ਦੇਸ ਦਾ ਬਟਵਾਰਾ ਕਰਨਾ ਹੀ ਹੈ ਤਾਂ ਹਿੰਦੂਆਂ ਤੇ ਮੁਸਲਮਾਨਾਂ ਵਾਂਗ ਸਿੱਖਾਂ ਦਾ ਵੀ ਆਜ਼ਾਦ ਰਾਜ ਕਾਇਮ ਕੀਤਾ ਜਾਵੇ। ਪਰ ਅਸੀਂ ਦੇਖ ਆਏ ਹਾਂ ਕਿ ਸਿੱਖ ਆਗੂਆਂ ਦੀ ਇਸ ਪੋਜ਼ੀਸ਼ਨ ਵਿੱਚ ਬਹੁਤਾ ਦਮ ਨਹੀਂ ਸੀ।

## 'ਮਛੁਲੀ ਜਾਲੁ ਨ ਜਾਣਿਆ'

ਅਸਲੀਅਤ ਵਿੱਚ ਸਿੱਖ ਲੀਡਰਸ਼ਿਪ ਅੰਦਰਲੇ 'ਨੈਸ਼ਨਲਿਸਟ'[1] ਹਿੱਸੇ ਢਿੱਡੋਂ ਸਿੱਖ ਰਾਜ ਦੇ ਹਾਮੀ ਨਹੀਂ ਸਨ। ਉਹ ਜਿਸ ਵਿਚਾਰਧਾਰਾ ਦਾ ਲੜ ਫੜ ਕੇ ਚੱਲ ਰਹੇ ਸਨ ਉਹ ਉਨ੍ਹਾਂ ਨੂੰ ਅਜਿਹੀ ਸੋਚ ਦੇ ਰਾਹ ਪੈਣ ਤੋਂ ਸਖ਼ਤੀ ਨਾਲ ਮਨ੍ਹਾਂ ਕਰਦੀ ਸੀ। ਹਾਂ, ਸਿੱਖ ਰਈਸ ਵਰਗਾਂ ਅੰਦਰਲੇ ਕਾਫ਼ੀ ਹਿੱਸੇ ਜ਼ਰੂਰ ਆਜ਼ਾਦ ਸਿੱਖ ਰਾਜ ਦੀ ਕਾਇਮੀ ਦੀ ਚਾਹਨਾ ਰਖਦੇ ਸਨ। ਇਸ ਮੰਤਵ ਲਈ ਉਹ ਬਰਤਾਨਵੀ ਹਾਕਮਾਂ ਦੀ ਹਮਾਇਤ ਤੇ ਸਦਭਾਵਨਾ ਆਸਰੇ ਮੁਸਲਿਮ ਆਗੂਆਂ ਨਾਲ ਲੈਅ-ਦੇਅ ਕਰਨ ਦੇ ਰੌਂਅ ਵਿੱਚ ਸਨ। ਪਰ ਉਸ ਮੌਕੇ, ਇਸ ਵਰਗ ਦੀ ਸਿੱਖ ਪੰਥ ਅੰਦਰ ਬਹੁਤੀ ਪੁੱਗਤ ਨਹੀਂ ਸੀ ਰਹੀ। ਆਮ ਸਿੱਖ ਜਨਤਾ ਵੀ 'ਨੈਸ਼ਨਲਿਸਟ' ਵਿਚਾਰਧਾਰਾ ਦੇ ਜਾਦੂ-ਅਸਰ ਹੇਠ ਸੀ। ਇਸ ਕਰਕੇ ਸਿੱਖ ਕੌਮ ਦੇ ਹਿੰਦੂ ਭਾਰਤ ਨਾਲ ਰਲੇਵੇਂ ਦੀ ਗੱਲ ਸਹਿਜੇ ਹੀ ਪਰਵਾਨ ਹੋ ਗਈ।

ਇਹ ਕਹਿਣਾ ਕਿ 'ਨੈਸ਼ਨਲਿਸਟ' ਸਿੱਖ ਆਗੂਆਂ ਨੇ ਇਹ ਨਿਰਣਾ ਕਰਨ ਲੱਗਿਆਂ ਸਿੱਖ ਕੌਮ ਦੇ ਹਿਤਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ, ਉਨ੍ਹਾਂ ਨਾਲ ਬੇਇਨਸਾਫ਼ੀ ਹੋਵੇਗੀ। ਬੇਸ਼ੱਕ ਇਹ ਗੱਲ ਠੀਕ ਹੈ ਕਿ 'ਨੈਸ਼ਨਲਿਸਟ' ਸਿੱਖ ਲੀਡਰਸ਼ਿਪ ਅੰਦਰ ਕੁਝ ਅਜਿਹੇ ਤੱਤ ਵੀ ਸਨ ਜਿਨ੍ਹਾਂ ਨੂੰ ਸਿੱਖ ਪੰਥ ਦੇ ਹਿਤਾਂ ਨਾਲੋਂ ਆਪਣੇ ਨਿੱਜੀ ਮੁਫ਼ਾਦ

ਵੱਧ ਪਿਆਰੇ ਸਨ। ਉਨ੍ਹਾਂ ਵੱਲੋਂ ਸਿੱਖ ਪੰਥ ਦੇ ਹਿੰਦੂ ਵਰਗ ਨਾਲ ਗੱਠਜੋੜ ਦੀ ਵਕਾਲਤ ਕਰਨ ਦੀ ਮੁੱਖ ਵਜ੍ਹਾ ਵਿਚਾਰਧਾਰਾ ਨਹੀਂ ਸਗੋਂ ਨਿੱਜੀ ਗ਼ਰਜ਼ਾਂ ਤੇ ਲਾਲਸਾਵਾਂ ਸਨ। ਸ: ਬਲਦੇਵ ਸਿੰਘ ਨੂੰ ਅਜਿਹੇ ਤੱਤਾਂ ਦਾ ਸਰਗਣਾ ਮੰਨਿਆ ਜਾ ਸਕਦਾ ਹੈ। ਸ: ਹਰਨਾਮ ਸਿੰਘ ਐਡਵੋਕੇਟ, ਡਾ: ਗੋਪਾਲ ਸਿੰਘ ਤੇ ਸ: ਨਰਿੰਜਣ ਸਿੰਘ ਗਿੱਲ ਵਰਗੇ ਲੋਕਾਂ ਨੂੰ ਵੀ ਇਸੇ ਸ਼੍ਰੇਣੀ ਵਿੱਚ ਸ਼ੁਮਾਰ ਕੀਤਾ ਜਾ ਸਕਦਾ ਹੈ। ਪ੍ਰੰਤੂ 'ਨੈਸ਼ਨਲਿਸਟ' ਸਿੱਖ ਲੀਡਰਸ਼ਿਪ ਬਾਰੇ ਥੋਕ ਰੂਪ 'ਚ ਇਹ ਗੱਲ ਕਹਿਣੀ ਠੀਕ ਨਹੀਂ ਹੋਵੇਗੀ। ਉਸ ਵੇਲੇ ਦੇ ਜ਼ਿਆਦਾਤਰ ਸਿੱਖ ਆਗੂਆਂ ਵੱਲੋਂ ਲਏ ਗਏ ਗ਼ਲਤ ਫ਼ੈਸਲਿਆਂ ਦੀ ਮੁੱਖ ਵਜ੍ਹਾ ਉਨ੍ਹਾਂ ਦੀ ਨਿਜਪ੍ਰਸਤੀ ਨਹੀਂ ਸਗੋਂ ਉਨ੍ਹਾਂ ਦੀ ਸਿਧਾਂਤਕ ਨਾ-ਸਮਝੀ ਸੀ। ਕੌਮੀ ਸਵਾਲ ਬਾਰੇ ਸਿਧਾਂਤਕ ਪੱਖ ਤੋਂ ਕੱਚੇ ਹੋਣ ਕਾਰਨ ਉਹ ਸਿੱਖ ਕੌਮ ਦੇ ਮਸਲੇ ਨੂੰ ਕੌਮੀ ਆਜ਼ਾਦੀ ਦੇ ਪੈਂਤੜੇ ਤੋਂ ਮੁਖ਼ਾਤਬ ਹੋਣ ਦੇ ਸਮਰੱਥ ਨਹੀਂ ਸਨ। ਉਨ੍ਹਾਂ ਦੀ ਸੋਚ ਦੀ ਉਡਾਣ ਬੜੀ ਸੀਮਤ ਸੀ। ਉਹ ਹਿੰਦੂ ਆਗੂਆਂ ਦੇ ਮਨੋਰਥਾਂ ਤੇ ਉਨ੍ਹਾਂ ਦੀਆਂ ਚਾਲਾਂ ਨੂੰ ਸਮਝ ਸਕਣ ਦੀ ਬੌਧਿਕ ਕਾਬਲੀਅਤ ਤੋਂ ਊਣੇ ਸਨ। ਆਪਣੇ ਇਸ ਅਨਾੜੀਪੁਣੇ ਕਰਕੇ ਉਨ੍ਹਾਂ ਨੂੰ ਆਜ਼ਾਦ ਭਾਰਤ ਅੰਦਰ ਸਿੱਖ ਕੌਮ ਨਾਲ ਕਿਸੇ ਵਧੀਕੀ ਜਾਂ ਬੇਇਨਸਾਫ਼ੀ ਦੀ ਤਵੱਕੋ ਨਹੀਂ ਸੀ। ਜੇਕਰ ਕਾਂਗਰਸੀ ਆਗੂਆਂ ਵੱਲੋਂ ਅੱਡ-ਅੱਡ ਮੌਕਿਆਂ 'ਤੇ ਸਿੱਖ ਕੌਮ ਨਾਲ ਕੀਤੇ ਕੌਲ ਇਕਰਾਰਾਂ ਉੱਤੇ ਇਕ ਤੈਰਵੀਂ ਜਿਹੀ ਨਜ਼ਰ ਮਾਰੀ ਜਾਵੇ ਤਾਂ ਸਿੱਖ ਲੀਡਰਸ਼ਿਪ ਦੇ ਇਸ ਵਿਸ਼ਵਾਸ ਦਾ ਰਹੱਸ ਸਹਿਜੇ ਹੀ ਸਮਝ 'ਚ ਆ ਜਾਂਦਾ ਹੈ।

1. ਦਸੰਬਰ 1929 ਵਿੱਚ ਕਾਂਗਰਸ ਪਾਰਟੀ ਦੇ ਲਾਹੌਰ ਸੈਸ਼ਨ ਵਿੱਚ ਇਹ ਮਤਾ ਪ੍ਰਵਾਨ ਕੀਤਾ ਗਿਆ ਕਿ "ਕਾਂਗਰਸ ਪਾਰਟੀ ਸਿੱਖਾਂ, ਮੁਸਲਮਾਨਾਂ ਤੇ ਹੋਰਨਾਂ ਘੱਟ-ਗਿਣਤੀਆਂ ਨੂੰ ਇਹ ਭਰੋਸਾ ਦੁਆਉਂਦੀ ਹੈ ਕਿ ਭਾਰਤ ਦੇ ਕਿਸੇ ਭਾਵੀ ਸੰਵਿਧਾਨ ਵਿੱਚ ਕਾਂਗਰਸ ਨੂੰ ਅਜਿਹਾ ਹੱਲ ਮਨਜ਼ੂਰ ਨਹੀਂ ਹੋਵੇਗਾ ਜੋ ਸਬੰਧਿਤ ਧਿਰਾਂ ਦੀ ਪੂਰਨ ਤਸੱਲੀ ਨਾ ਕਰਾਉਂਦਾ ਹੋਵੇ।"[2]

2. 16 ਮਾਰਚ 1931 ਨੂੰ ਮਹਾਤਮਾ ਗਾਂਧੀ ਗੁਰਦੁਆਰਾ ਸੀਸ ਗੰਜ (ਦਿੱਲੀ) ਦੇ ਇਕ ਵਿਸ਼ੇਸ਼ ਦੀਵਾਨ ਵਿੱਚ ਗਿਆ ਜਿਥੇ ਉਸ ਨੂੰ ਸਿੱਖ ਸੰਗਤ ਵੱਲੋਂ ਉਚੇਚਾ ਮਾਣ ਪੱਤਰ ਦਿੱਤਾ ਗਿਆ। ਜਦ ਉਸ ਕੋਲੋਂ ਪੁੱਛਿਆ ਗਿਆ ਕਿ ਜੇਕਰ ਕਾਂਗਰਸ ਸਿੱਖਾਂ ਨਾਲ ਕੀਤੇ ਕੌਲ ਇਕਰਾਰਾਂ ਤੋਂ ਮੁਕਰ ਗਈ ਤਾਂ ਸਿੱਖਾਂ ਦਾ ਕੀ ਬਣੇਗਾ, ਤਾਂ ਗਾਂਧੀ ਦਾ ਉੱਤਰ ਸੀ ਕਿ "ਭਰਾਵੋ, ਕਾਂਗਰਸ ਨੇ ਲਾਹੌਰ ਵਿੱਚ ਮਤਾ ਪਾਸ ਕਰ ਦਿੱਤਾ ਹੋਇਆ ਹੈ ਕਿ ਉਹ ਕੋਈ ਅਜਿਹਾ ਵਿਧਾਨ ਨਹੀਂ ਬਣਾਇਗੀ ਜਿਸ ਨੂੰ ਸਿੱਖ ਪ੍ਰਵਾਨ ਨਾ ਕਰਨ। ਮੈਨੂੰ ਸਮਝ ਨਹੀਂ ਆਉਂਦੀ ਕਿ ਇਸ ਨਾਲੋਂ ਹੋਰ ਵੱਧ ਭਰੋਸਾ ਮੈਂ ਸਿੱਖਾਂ ਨੂੰ ਕੀ ਦੇਵਾਂ।.... ਮੈਂ ਸਿੱਖਾਂ ਨੂੰ ਆਖਦਾ ਹਾਂ ਕਿ ਉਹ ਮੇਰੇ ਬਚਨਾਂ 'ਤੇ ਵਿਸ਼ਵਾਸ ਕਰਨ ਅਤੇ ਕਾਂਗਰਸ ਦੇ ਮਤੇ ਉੱਤੇ ਭਰੋਸਾ ਰੱਖਣ ਕਿ ਕਾਂਗਰਸ ਸਿੱਖ ਭਾਈਚਾਰੇ ਨਾਲ ਤਾਂ ਕੀ, ਕਿਸੇ ਇਕ ਵਿਅਕਤੀ ਨਾਲ ਵੀ ਵਿਸ਼ਵਾਸਘਾਤ ਨਹੀਂ ਕਰੇਗੀ। ਜੇ ਉਸ ਨੇ ਅਜਿਹਾ ਕੀਤਾ ਤਾਂ ਉਹ ਆਪਣੀ ਮੌਤ ਆਪ ਹੀ ਮਰ ਜਾਵੇਗੀ। ਸਿੱਖੋ, ਭਾਈਓ ਤੇ ਭੈਣੋ, ਮੇਰੀ ਬੇਨਤੀ ਹੈ ਕਿ ਤੁਸੀਂ ਸਾਰੇ ਸ਼ੱਕ ਤੇ ਸੰਸੇ ਤਿਆਗ ਦਿਓ.... ਇਸ ਤੋਂ ਵੱਧ ਮੈਂ ਹੋਰ ਕੀ ਆਖਾਂ? ਪਰਮਾਤਮਾ ਸਾਖੀ ਹੈ ਕਿ ਮੈਂ ਜੋ ਬਚਨ ਕਰ ਰਿਹਾ ਹਾਂ, ਉਨ੍ਹਾਂ ਤੋਂ ਮੈਂ ਤੇ ਕਾਂਗਰਸ ਕਦੇ ਨਹੀਂ ਫਿਰਾਂਗੇ।"[3]

3. ਜਵਾਹਰ ਲਾਲ ਨਹਿਰੂ ਨੇ 6 ਜੁਲਾਈ 1946 ਨੂੰ ਕਲਕੱਤਾ ਵਿਖੇ ਇਕ ਪ੍ਰੈਸ ਕਾਨਫ਼ਰੰਸ ਵਿੱਚ ਇਹ ਗੱਲ ਆਖੀ ਕਿ "ਪੰਜਾਬ ਦੇ ਬਹਾਦਰ ਸਿੱਖ ਵਿਸ਼ੇਸ਼ ਸਲੂਕ ਦੇ ਹੱਕਦਾਰ ਹਨ। ਮੈਨੂੰ ਇਸ 'ਚ ਕੋਈ ਗ਼ਲਤ ਗੱਲ ਨਹੀਂ ਲੱਗਦੀ ਕਿ ਹਿੰਦੁਸਤਾਨ ਦੇ

ਉੱਤਰ ਵਿੱਚ ਇਕ ਅਜਿਹਾ ਇਲਾਕਾ ਕਾਇਮ ਕੀਤਾ ਜਾਵੇ ਜਿਥੇ ਕਿ ਸਿੱਖ ਵੀ ਆਜ਼ਾਦੀ ਦਾ ਨਿੱਘ ਮਾਣ ਸਕਣ।"[4]

4. 10 ਅਗਸਤ 1946 ਨੂੰ ਕਾਂਗਰਸ ਵਰਕਿੰਗ ਕਮੇਟੀ ਨੇ ਇਕ ਬਾਕਾਇਦਾ ਮਤਾ ਪਾਸ ਕਰਕੇ ਸਿੱਖਾਂ ਨੂੰ ਇਹ ਭਰੋਸਾ ਦੁਆਇਆ ਕਿ "ਕਾਂਗਰਸ ਉਨ੍ਹਾਂ ਦੀਆਂ ਵਾਜਬ ਸ਼ਿਕਾਇਤਾਂ ਨੂੰ ਦੂਰ ਕਰਨ ਅਤੇ ਪੰਜਾਬ ਅੰਦਰ ਉਨ੍ਹਾਂ ਦੇ ਹਿਤਾਂ ਦੀ ਸੁਰੱਖਿਆ ਲਈ ਢੁਕਵੇਂ ਉਪਾਅ ਕਰਨ ਵਿੱਚ ਹਰ ਸੰਭਵ ਸਹਾਇਤਾ ਕਰੇਗੀ।"[5]

5. 9 ਦਸੰਬਰ 1946 ਨੂੰ ਜਦ ਭਾਰਤ ਦੀ ਵਿਧਾਨ ਤਿਆਰ ਕਰਨ ਵਾਲੀ ਪ੍ਰੀਸ਼ਦ ਦੀ ਪਹਿਲੀ ਬੈਠਕ ਦਿੱਲੀ ਵਿੱਚ ਹੋਈ ਤਾਂ ਉਸ ਸਮੇਂ ਬਾਬੂ ਰਾਜਿੰਦਰ ਪ੍ਰਸ਼ਾਦ ਦੀ ਪ੍ਰਧਾਨਗੀ ਹੇਠਾਂ ਪੰਡਤ ਜਵਾਹਰ ਲਾਲ ਨਹਿਰੂ ਨੇ ਕੁੱਲ ਤੋਂ ਪਹਿਲਾਂ ਜੋ ਮਤਾ ਪੇਸ਼ ਕੀਤਾ ਉਸ ਵਿੱਚ ਇਹ ਕਿਹਾ ਗਿਆ ਕਿ "ਘੱਟਗਿਣਤੀਆਂ ਦੇ ਰਾਜਸੀ ਅਧਿਕਾਰਾਂ ਦੀ ਸੁਰੱਖਿਆ ਲਈ ਪੂਰਨ ਪ੍ਰਬੰਧ ਕੀਤੇ ਜਾਣਗੇ। ਇਹ ਸਾਡਾ ਐਲਾਨ ਹੈ ਤੇ ਇਹ ਸਾਡਾ ਪ੍ਰਣ ਹੈ ਤੇ ਇਹ ਅਸਾਡਾ ਬਚਨ ਹੈ, ਜੋ ਅਸੀਂ ਸਾਰੇ ਸੰਸਾਰ ਦੇ ਸਨਮੁੱਖ ਹਿੰਦੁਸਤਾਨ ਦੇ ਕਰੋੜਾਂ ਨਾਗਰਿਕਾਂ ਨੂੰ ਦਿੰਦੇ ਹਾਂ। ਇਸ ਲਈ ਇਹ ਇਕ ਪਵਿੱਤਰ ਸਹੁੰ ਹੈ ਜਿਸ ਦਾ ਪਾਲਣ ਕਰਨਾ ਸਾਡਾ ਪਰਮ-ਧਰਮ ਹੈ।"[6]

'ਨੈਸ਼ਨਲਿਸਟ' ਸਿੱਖ ਲੀਡਰਸ਼ਿਪ ਦੀ ਇਹ 'ਨੈਸ਼ਨਲਿਸਟ' ਵਿਚਾਰਧਾਰਾ ਹੀ ਸੀ ਜੋ ਉਸ ਨੂੰ ਕਾਂਗਰਸੀ ਆਗੂਆਂ ਵੱਲੋਂ ਵਿਛਾਏ ਇਸ ਜਾਲ ਵੱਲ ਧਰੂਹ ਕੇ ਲੈ ਗਈ। ਵਿਚਾਰਧਾਰਕ ਉਲਾਰਪੁਣਾ, ਮਨੁੱਖ ਦੀ ਘੋਖ ਪੜਤਾਲ ਦੀ ਸਮਰੱਥਾ ਨੂੰ ਬੇਹੱਦ ਨਿਤਾਣਾ ਬਣਾ ਕੇ ਰੱਖ ਦਿੰਦਾ ਹੈ। ਇਹੀ ਵਜ੍ਹਾ ਸੀ ਕਿ ਸਿੱਖ ਲੀਡਰਸ਼ਿਪ ਨੇ ਕਾਂਗਰਸੀ ਆਗੂਆਂ ਦੇ ਇਨ੍ਹਾਂ ਵਾਅਦਿਆਂ ਤੇ ਭਰੋਸਿਆਂ ਨੂੰ ਘੋਖਵੀਂ ਨਿਗ੍ਹਾ ਨਾਲ ਜਾਚਣ-ਪਰਖਣ ਦੀ ਥਾਂ ਇਨ੍ਹਾਂ ਉੱਤੇ ਅੰਨ੍ਹਾ ਵਿਸ਼ਵਾਸ ਕਰ ਲਿਆ। ਵਰਨਾ ਇਹ ਗੱਲ ਬੁੱਝਣੀ ਬਹੁਤੀ ਔਖੀ ਨਹੀਂ ਸੀ ਕਿ ਇਕ ਤਾਂ ਇਨ੍ਹਾਂ ਵਾਅਦਿਆਂ ਅੰਦਰ ਠੋਸ ਗੱਲ ਕੋਈ ਨਹੀਂ ਸੀ ਕੀਤੀ ਗਈ, ਸਿਰਫ਼ ਕਾਂਗਰਸੀ ਆਗੂਆਂ ਦੇ ਬਚਨਾਂ 'ਤੇ ਵਿਸ਼ਵਾਸ ਕਰਨ ਦੀ ਹੀ ਗੱਲ ਕੀਤੀ ਗਈ ਸੀ। ਦੂਜਾ, ਜੇਕਰ ਉੱਪਰ ਬਿਆਨੇ ਪੰਜਾਂ ਹੀ ਵਾਅਦਿਆਂ ਦੇ ਸਮੇਂ ਤੇ ਸਥਿਤੀ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਹ ਸਚਾਈ ਸਾਫ਼ ਉਜਾਗਰ ਹੁੰਦੀ ਹੈ ਕਿ ਇਹ ਵਾਅਦੇ ਉਦੋਂ ਹੀ ਕੀਤੇ ਗਏ ਜਦ ਕਾਂਗਰਸੀ ਆਗੂਆਂ ਨੂੰ ਸਿੱਖ ਲੀਡਰਸ਼ਿਪ ਦੀ ਹਮਾਇਤ ਤੇ ਸਹਿਯੋਗ ਦੀ ਭਾਰੀ ਲੋੜ ਸੀ। ਸੋ ਸਿੱਖ ਲੀਡਰਸ਼ਿਪ ਜੇਕਰ ਥੋੜੀ ਜਿੰਨੀ ਵੀ ਪੜਚੋਲ ਤੇ ਵਿਸ਼ਲੇਸ਼ਣ ਦੀ ਬਿਰਤੀ ਰੱਖਦੀ ਹੁੰਦੀ ਤਾਂ ਉਸ ਨੂੰ ਕਾਂਗਰਸੀ ਆਗੂਆਂ ਦੇ ਇਨ੍ਹਾਂ ਵਾਅਦਿਆਂ ਅਤੇ ਉਨ੍ਹਾਂ ਦੇ ਹਕੀਕੀ ਇਰਾਦਿਆਂ 'ਚ ਵੱਡੇ ਪਾੜੇ ਦੀ ਹਕੀਕਤ ਪਛਾਣਨ ਵਿੱਚ ਬਹੁਤੀ ਮੁਸ਼ਕਿਲ ਨਹੀਂ ਸੀ ਆਉਣੀ।

## ਡਾ. ਅੰਬੇਦਕਰ ਦਾ ਵਡਮੁੱਲਾ ਮਸ਼ਵਰਾ

ਪੰਜਾਬ ਦੇ ਬਟਵਾਰੇ ਨਾਲ ਪੂਰਬੀ ਪੰਜਾਬ ਅੰਦਰ ਅੱਡ-ਅੱਡ ਵਰਗਾਂ ਦੀ ਵਸੋਂ ਦੇ ਅਨੁਪਾਤ ਅੰਦਰ ਅਹਿਮ ਤਬਦੀਲੀ ਆ ਗਈ ਸੀ। ਪੱਛਮੀ ਪੰਜਾਬ ਅਤੇ ਉੱਤਰ ਪੱਛਮੀ ਸਰਹੱਦੀ ਸੂਬੇ ਦੀ ਹਿੰਦੂ ਤੇ ਸਿੱਖ ਵਸੋਂ ਨੂੰ ਆਪਣੇ ਘਰ ਬਾਰ ਛੱਡ ਕੇ, ਕਾਫ਼ਲਿਆਂ ਦੇ ਰੂਪ 'ਚ ਸਰਹੱਦ ਪਾਰ ਕਰਨ ਲਈ ਮਜਬੂਰ ਹੋਣਾ ਪੈ ਗਿਆ। ਇਧਰੋਂ, ਪੂਰਬੀ ਪੰਜਾਬ 'ਚੋਂ ਮੁਸਲਿਮ ਵਸੋਂ ਪੱਛਮੀ ਪੰਜਾਬ ਅੰਦਰ ਤਬਦੀਲ ਹੋ ਗਈ। ਲਾਇਲਪੁਰ, ਮਿੰਟਗੁਮਰੀ ਤੇ ਸ਼ੇਖ਼ੂਪੁਰਾ ਦੀਆਂ ਬਾਰਾਂ 'ਚੋਂ ਉਜੜੇ ਸਿੱਖ ਪਰਿਵਾਰ ਜ਼ਿਆਦਾ ਕਰਕੇ ਜਲੰਧਰ ਡਿਵੀਜ਼ਨ

ਅੰਦਰ ਆਪਣੇ ਜੱਦੀ ਜ਼ਿਲ੍ਹਿਆਂ ਵਿੱਚ ਆ ਵੱਸੇ। ਪਾਕਿਸਤਾਨ 'ਚੋਂ ਉਜੜੀ ਹਿੰਦੂ ਵਸੋਂ ਦੇ ਵੱਡੇ ਹਿੱਸੇ ਘੱਗਰ ਪਾਰ ਦੇ ਇਲਾਕਿਆਂ ਅੰਦਰ ਜਾ ਟਿਕੇ। ਆਬਾਦੀ ਦੇ ਇਸ ਤਬਾਦਲੇ ਨੇ ਹਿੰਦੂ ਤੇ ਸਿੱਖ, ਦੋਨੋਂ ਭਾਈਚਾਰਿਆਂ ਦੀ ਪੋਜ਼ੀਸ਼ਨ ਨੂੰ ਅਹਿਮ ਰੂਪ 'ਚ ਪ੍ਰਭਾਵਿਤ ਕੀਤਾ। ਪੂਰਬੀ ਪੰਜਾਬ ਦੀ ਕੁੱਲ ਇਕ ਕਰੋੜ ਪੰਝੀ ਲੱਖ ਵਸੋਂ ਵਿੱਚ ਹਿੰਦੂਆਂ ਦੀ ਗਿਣਤੀ 62 ਫ਼ੀਸਦੀ ਤਕ ਅੱਪੜ ਗਈ ਜਦ ਕਿ ਸਿੱਖਾਂ ਦੀ 35 ਫ਼ੀਸਦੀ ਦੇ ਕਰੀਬ ਹੋ ਗਈ। ਇਉਂ ਹਿੰਦੂ ਵਰਗ ਨੂੰ ਇਤਿਹਾਸ ਅੰਦਰ ਪਹਿਲੀ ਵਾਰ ਪੰਜਾਬ ਅੰਦਰ ਬਹੁਗਿਣਤੀ ਨਸੀਬ ਹੋ ਗਈ। ਨਾਲ ਹੀ ਇਤਿਹਾਸ ਅੰਦਰ ਪਹਿਲੀ ਵਾਰ ਸਿੱਖ ਭਾਈਚਾਰੇ ਨੂੰ ਇਕ ਬੱਝਵੇਂ ਇਲਾਕੇ (ਰਾਵੀ ਤੇ ਘੱਗਰ ਦੇ ਵਿਚਕਾਰਲੇ ਖ਼ਿੱਤੇ) ਅੰਦਰ ਆਪਣੀ ਬਹੁਗਿਣਤੀ ਹਾਸਲ ਹੋ ਗਈ। ਬੇਸ਼ੱਕ ਪੰਜਾਬ ਦੇ ਬਟਵਾਰੇ ਨਾਲ ਸਿੱਖ ਕੌਮ ਨੂੰ, ਜਾਨੀ ਤੇ ਮਾਲੀ, ਦੋਨੋਂ ਹੀ ਪੱਖਾਂ ਤੋਂ ਬੇਹਿਸਾਬਾ ਨੁਕਸਾਨ ਝੱਲਣਾ ਪਿਆ ਪਰ ਇਸ ਤਬਾਹੀ ਨੇ ਉਸ ਦੀ ਰਾਜਸੀ ਹੋਣੀ ਦੇ ਜੋ ਨਵੇਂ ਦਰ ਖੋਲ੍ਹੇ, ਉਸ ਦਾ ਸਹੀ ਅਨੁਮਾਨ ਡਾ. ਭੀਮ ਰਾਓ ਅੰਬੇਦਕਰ ਵਰਗਾ ਪ੍ਰਤਿਭਾਸ਼ੀਲ ਮਨ ਹੀ ਲਗਾ ਸਕਦਾ ਸੀ। ਫ਼ਰਵਰੀ 1948 ਵਿੱਚ ਜਦ ਇਕ ਸਿੱਖ ਡੈਪੂਟੇਸ਼ਨ ਨੇ ਬਟਵਾਰੇ ਸਦਕਾ ਸਿੱਖ ਕੌਮ ਨੂੰ ਝੱਲਣੀਆਂ ਪੈ ਰਹੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਉਣ ਲਈ ਡਾ. ਅੰਬੇਦਕਰ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਤਾਂ ਸਿੱਖ ਮੁਲਾਕਾਤੀਆਂ ਦੀ ਗੱਲ ਸੁਣਨ ਤੋਂ ਬਾਅਦ ਡਾ. ਹੁਰਾਂ ਜੋ ਗੰਭੀਰ ਅਤੇ ਗੂੜ੍ਹ ਜੁਆਬ ਦਿੱਤਾ ਉਹ ਇਸ ਤਰ੍ਹਾਂ ਸੀ:

"ਸਾਂਝੇ ਪੰਜਾਬ ਅੰਦਰ ਤੁਹਾਡੀ ਆਬਾਦੀ 13 ਫ਼ੀਸਦੀ ਸੀ। ਇਸ ਤਰ੍ਹਾਂ ਤੁਸੀਂ ਉਸ ਰਾਜ ਅੰਦਰ ਵੀ, ਜਿਥੇ ਤੁਹਾਡੀ ਵਸੋਂ ਵਧੇਰੇ ਬੱਝਵੀਂ ਸੀ, ਇਕ ਘੱਟਗਿਣਤੀ ਵਰਗ ਵਜੋਂ ਦੋ ਭਾਈਚਾਰਿਆਂ, ਹਿੰਦੂਆਂ ਤੇ ਮੁਸਲਮਾਨਾਂ ਦੇ ਰਹਿਮੋ-ਕਰਮ ਉੱਤੇ ਸੋ। ਤੁਸੀਂ ਆਪਣੀ ਜਮਾਂਦਰੂ ਸ਼ਕਤੀ, ਗਤੀਸ਼ੀਲਤਾ, ਉੱਦਮ ਅਤੇ ਸਖ਼ਤ ਘਾਲਣਾ ਸਦਕਾ, ਗਿਣਤੀ 'ਚ ਆਪਣੇ ਨਾਲੋਂ ਕਿਤੇ ਵੱਡੇ ਇਨ੍ਹਾਂ ਦੋਨੋਂ ਭਾਈਚਾਰਿਆਂ ਦੇ ਬਰਾਬਰ ਮੜ੍ਹਕਦੇ ਰਹੇ। ਪ੍ਰੰਤੂ ਰਾਜਸੀ ਤੌਰ 'ਤੇ ਤੁਹਾਡੇ ਪੱਲੇ ਕੱਖ ਨਹੀਂ ਸੀ। ਬੇਸ਼ੱਕ ਬਟਵਾਰਾ ਦੇਸ ਲਈ ਇਕ ਵੱਡੀ ਤਰਾਸਦੀ ਹੋ ਨਿਬੜਿਆ ਹੈ ਜਿਸ ਨਾਲ ਮਾਲੀ ਨੁਕਸਾਨ ਤੋਂ ਇਲਾਵਾ ਲੋਕਾਂ ਨੂੰ ਵੱਡੇ ਦਸੌਂਟੇ ਝੱਲਣੇ ਪਏ ਹਨ ਪ੍ਰੰਤੂ ਇਸ ਆਬਾਦੀ ਦੇ ਤਬਾਦਲੇ, ਭਾਵੇਂ ਇਹ ਜਬਰਨ ਹੀ ਹੋਇਆ ਹੈ, ਨਾਲ ਤੁਸੀਂ ਸਿੱਖ ਲੋਕਾਂ ਨੇ ਅੱਜ ਰਾਜਸੀ ਤੌਰ 'ਤੇ ਸਭ ਤੋਂ ਵੱਧ ਨਫ਼ਾ ਖੱਟਿਆ ਹੈ ਅਤੇ ਇਸ ਤੋਂ ਬਾਅਦ ਆਰਥਿਕ ਤੌਰ 'ਤੇ ਵੀ ਸਭ ਤੋਂ ਵੱਧ ਨਫ਼ੇ 'ਚ ਰਹੋਗੇ। ਜੋ ਮੈਂ ਸੁਣ ਤੇ ਦੇਖ ਰਿਹਾ ਹਾਂ, ਉਸ ਹਿਸਾਬ ਨਾਲ ਤੁਹਾਡਾ ਭਾਈਚਾਰਾ ਬਾਰਾਂ ਹਜ਼ਾਰ ਵਰਗਮੀਲ ਦੇ ਇਲਾਕੇ ਵਾਲੀਆਂ ਛੇ ਸਿੱਖ ਰਿਆਸਤਾਂ ਵਿੱਚ ਬਹੁਗਿਣਤੀ ਹਾਸਲ ਕਰ ਚੁੱਕਾ ਹੈ। ਜਲੰਧਰ ਡਿਵੀਜ਼ਨ ਦੇ ਛੇਆਂ ਜ਼ਿਲ੍ਹਿਆਂ ਅੰਦਰ ਵੀ ਤੁਹਾਡੀ ਬਹੁਗਿਣਤੀ ਬਣ ਜਾਵੇਗੀ....। ਇਸ ਤਰ੍ਹਾਂ ਜਦ ਇਹ ਜਬਰੀ ਤਬਾਦਲੇ ਦਾ ਅਮਲ ਪੂਰਾ ਹੋ ਜਾਵੇਗਾ ਤਾਂ ਤੁਹਾਡੀ ਪੰਜਾਹ ਹਜ਼ਾਰ ਵਰਗਮੀਲ ਦੇ ਇਲਾਕੇ ਅੰਦਰ ਬਹੁਗਿਣਤੀ ਸਥਾਪਤ ਹੋ ਚੁੱਕੀ ਹੋਵੇਗੀ। ਚਾਰ ਸੌ ਸਾਲਾਂ ਤੋਂ ਵੱਧ ਲੰਮੇ ਇਤਿਹਾਸ ਅੰਦਰ ਤੁਹਾਡੇ ਭਾਈਚਾਰੇ ਨੂੰ ਪਹਿਲੀ ਵਾਰ ਅਜਿਹਾ ਘਰ (ਹੋਮਲੈਂਡ) ਨਸੀਬ ਹੋਇਆ ਹੈ ਜਿਸ ਨੂੰ ਤੁਸੀਂ ਆਪਣਾ ਕਹਿ ਸਕਦੇ ਹੋ। ਹੁਣ ਤੁਹਾਡੇ ਕੋਲ ਇਕ ਅਜਿਹਾ ਖ਼ਿੱਤਾ ਹੈ ਜਿਥੇ ਤੁਹਾਡੀ ਬਹੁਗਿਣਤੀ ਹੈ। ਤੁਹਾਡੇ ਕੋਲ ਇਕ ਧਰਮ ਹੈ ਜੋ ਤੁਹਾਨੂੰ ਆਪਸ ਵਿੱਚ ਜੋੜਦਾ ਹੈ; ਕੌਮੀਅਤ ਦੇ ਸਾਰੇ ਮਾਨ-ਦੰਡਾਂ ਅਨੁਸਾਰ ਤੁਸੀਂ ਇਕ ਅਜਿਹੀ ਕੌਮ ਬਣ ਗਏ ਹੋ ਜਿਨ੍ਹਾਂ ਦਾ ਆਪਣਾ ਘਰ ਹੈ ਅਤੇ ਅਜੇ ਵੀ ਤੁਸੀਂ ਮੈਨੂੰ ਦਸਦੇ ਹੋ ਕਿ ਤੁਹਾਡਾ ਅੰਤਾਂ ਦਾ ਨੁਕਸਾਨ ਹੋਇਆ ਹੈ। ਇਤਿਹਾਸ ਦਰਸਾਉਂਦਾ ਹੈ ਕਿ ਅਜਿਹੇ ਮੰਤਵ ਲਈ ਹਮੇਸ਼ਾ ਹੀ ਵੱਡੇ ਕਸ਼ਟ ਝੱਲਣੇ ਪਿਆ

ਕਰਦੇ ਹਨ। ਹੁਣ ਜਦੋਂ ਕਿ ਤੁਹਾਡੇ ਕੋਲ ਆਪਣਾ ਅਜਿਹਾ ਇਕ ਖ਼ਿੱਤਾ ਹੈ ਜਿਥੇ ਤੁਸੀਂ, ਸਮੇਂ ਤੇ ਹਾਲਾਤ ਦੇ ਤਕਾਜ਼ੇ ਅਨੁਸਾਰ, ਆਪਾ-ਨਿਰਣੇ ਦੇ ਪ੍ਰਵਾਨਤ ਨਿਯਮਾਂ ਮੁਤਾਬਕ ਵੱਖ ਹੋਣ ਦੇ ਅਧਿਕਾਰ ਦੀ ਵਰਤੋਂ ਕਰ ਸਕਦੇ ਹੋ ਤਾਂ ਭਾਰਤ ਵਿੱਚ ਕੋਈ ਦਲ ਤੁਹਾਨੂੰ ਕੁਚਲਣ ਵਿੱਚ ਜਾਂ ਤੁਹਾਡੇ ਨਾਲ ਬੁਰਾ ਸਲੂਕ ਕਰਨ 'ਚ ਕਿੰਨਾ ਕੁ ਚਿਰ ਸਫਲ ਹੋ ਸਕੇਗਾ।"[7]

ਡਾ. ਅੰਬੇਦਕਰ ਦੇ ਇਸ ਕਥਨ 'ਚੋਂ ਤਿੰਨ ਗੱਲਾਂ ਸਪਸ਼ਟ ਹੁੰਦੀਆਂ ਹਨ। ਇਕ ਇਹ ਕਿ ਉਹ ਸਿੱਖ ਭਾਈਚਾਰੇ ਨੂੰ ਮਹਿਜ਼ ਧਾਰਮਿਕ ਘੱਟਗਿਣਤੀ ਵਰਗ ਵਜੋਂ ਹੀ ਨਹੀਂ ਸਗੋਂ "ਕੌਮੀਅਤ ਦੇ ਸਾਰੇ ਮਾਨ-ਦੰਡਾਂ ਅਨੁਸਾਰ" ਇਕ ਕੌਮ ਵਜੋਂ ਪਰਵਾਨ ਕਰਦੇ ਸਨ। ਦੂਜਾ ਇਹ ਕਿ ਉਹ ਆਪਾ-ਨਿਰਣੇ ਦੇ ਅਧਿਕਾਰ ਨੂੰ ਹਰ ਕੌਮ ਦਾ ਜਨਮ ਸਿੱਧ ਅਧਿਕਾਰ ਸਮਝਦੇ ਸਨ ਅਤੇ ਨਾਲ ਹੀ ਉਨ੍ਹਾਂ ਦੀ ਇਹ ਦ੍ਰਿੜ ਧਾਰਨਾ ਸੀ ਕਿ "ਆਪਾ-ਨਿਰਣੇ ਦੇ ਪ੍ਰਵਾਨਤ ਨਿਯਮਾਂ ਅਨੁਸਾਰ" ਕੋਈ ਵੀ ਕੌਮ, ਸਮੇਂ ਤੇ ਹਾਲਾਤ ਦੀ ਮੰਗ ਅਨੁਸਾਰ, ਵੱਖਰੇ ਹੋਣ ਦਾ ਹੱਕ ਰੱਖਦੀ ਹੈ। ਤੀਜੀ ਗੱਲ, ਸਿੱਖ ਕੌਮ ਵੱਲੋਂ ਇਕ ਬੱਝਵੇਂ ਖ਼ਿੱਤੇ ਅੰਦਰ ਬਹੁਗਿਣਤੀ ਹਾਸਲ ਕਰ ਲੈਣ ਤੋਂ ਬਾਅਦ, ਉਹ ਇਸ ਖ਼ਿੱਤੇ ਅੰਦਰ ਸਿੱਖ ਕੌਮ ਵੱਲੋਂ ਆਪਣਾ ਸੁਤੰਤਰ ਭਵਿੱਖ ਉਸਾਰਨ ਦਾ ਦਾਅਵਾ ਤੇ ਹੱਕ ਤਸਲੀਮ ਕਰਦੇ ਸਨ। ਡਾ. ਅੰਬੇਦਕਰ ਦੇ ਦ੍ਰਿਸ਼ਟੀਕੋਣ ਤੋਂ ਦੇਖਿਆਂ ਸੰਨ ਸੰਤਾਲੀ ਦਾ ਉਜਾੜਾ ਸਿੱਖ ਕੌਮ ਲਈ ਇਕ ਵਰਦਾਨ ਸਾਬਤ ਹੋ ਸਕਦਾ ਸੀ ਬਸ਼ਰਤੇ ਕਿ ਸਿੱਖ ਲੀਡਰਸ਼ਿਪ ਇਸ ਬਾਰੇ ਚੇਤੰਨ ਅਤੇ ਅਡੋਲ ਚਿਤ ਹੁੰਦੀ। ਅਣਵੰਡੇ ਪੰਜਾਬ ਅੰਦਰ ਸਿੱਖ ਕੌਮ ਨੂੰ ਆਪਣੀ ਕੌਮੀ ਆਜ਼ਾਦੀ ਦੇ ਰਾਹ ਦੀ ਜਿਸ ਵੱਡੀ ਅਮਲੀ ਔਕੜ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਪੰਜਾਬ ਦੇ ਬਟਵਾਰੇ ਨਾਲ ਉਹ ਔਕੜ ਆਪਣੇ ਆਪ ਦੂਰ ਹੋ ਗਈ ਸੀ।

ਪਰ ਜਿਵੇਂ ਕਿ ਅਸੀਂ ਚਰਚਾ ਕਰ ਚੁੱਕੇ ਹਾਂ ਕਿ ਅਣਵੰਡੇ ਪੰਜਾਬ ਅੰਦਰ ਸਿੱਖ ਕੌਮ ਦੀ ਆਜ਼ਾਦੀ ਦੇ ਰਾਹ ਦੀ ਮੁੱਖ ਔਕੜ ਵਿਹਾਰਕ ਨਹੀਂ ਸਗੋਂ ਸਿੱਖ ਲੀਡਰਸ਼ਿਪ ਦੀ ਸਿਧਾਂਤਕ ਕਮਜ਼ੋਰੀ ਸੀ। ਵੰਡ ਤੋਂ ਬਾਅਦ ਵੀ ਸਿੱਖ ਲੀਡਰਸ਼ਿਪ ਦੀ ਇਹ ਸਿਧਾਂਤਕ ਮਰਜ਼ ਜਿਉਂ ਦੀ ਤਿਉਂ ਕਾਇਮ ਸੀ। ਉਹ ਸਿੱਖ ਮਸਲੇ ਨੂੰ ਡਾ. ਭੀਮ ਰਾਓ ਅੰਬੇਦਕਰ ਨਾਲੋਂ ਅਸਲੋਂ ਹੀ ਵੱਖਰੇ ਦ੍ਰਿਸ਼ਟੀਕੋਣ ਤੋਂ ਦੇਖਦੀ ਸੀ। ਉਹ 'ਸਿੱਖ ਕੌਮ' ਦੀ ਗੱਲ ਕਰਦੀ ਹੋਈ ਵੀ, ਅਮਲੀ ਤੌਰ 'ਤੇ ਸਿੱਖ ਪੰਥ ਨੂੰ ਇਕ ਘੱਟਗਿਣਤੀ ਧਾਰਮਿਕ ਵਰਗ ਮੰਨ ਕੇ ਚੱਲਦੀ ਸੀ ਅਤੇ ਆਜ਼ਾਦ ਭਾਰਤ ਅੰਦਰ ਸਿੱਖ ਕੌਮ ਦੇ ਇਕ ਘੱਟਗਿਣਤੀ ਵਰਗ ਵਜੋਂ ਹੱਕਾਂ/ਹਿਤਾਂ ਦੀ ਸੁਰੱਖਿਆ ਹੀ ਉਸ ਦਾ ਮੁੱਖ ਸਰੋਕਾਰ ਸੀ। ਆਮ ਸਿੱਖ ਜਨਤਾ ਵਾਂਗ ਹੀ ਸਿੱਖ ਲੀਡਰਸ਼ਿਪ ਅੰਦਰਲੇ ਕੁਝ ਹਿੱਸਿਆਂ ਅੰਦਰ ਵੀ ਸਿੱਖ ਕੌਮ ਦੀ ਆਜ਼ਾਦੀ ਦੀ ਤਾਂਘ ਤੇ ਜਜ਼ਬਾ ਤਾਂ ਸੀ ਪਰ ਉਨ੍ਹਾਂ ਅੰਦਰ ਸਿਧਾਂਤਕ ਸਪਸ਼ਟਤਾ ਤੇ ਨਿਸ਼ਚਾ ਦੀ ਰੜਕਵੀਂ ਘਾਟ ਸੀ। ਇਸ ਕੌਮੀ ਚੇਤਨਤਾ ਦੀ ਘਾਟ ਕਰਕੇ ਉਹ ਸਿੱਖ ਕੌਮ ਦੇ ਹਿਤਾਂ ਤੇ ਮੰਗਾਂ ਨੂੰ ਕੌਮੀ ਆਜ਼ਾਦੀ ਦੇ ਪੈਂਤੜੇ ਤੋਂ ਨਜਿੱਠਣ ਦੀ ਥਾਂ ਇਕ ਘੱਟਗਿਣਤੀ ਵਰਗ ਦੇ ਦ੍ਰਿਸ਼ਟੀਕੋਣ ਤੋਂ ਦੇਖਣ ਦੀ ਕਰੁਚੀ ਦਾ ਸ਼ਿਕਾਰ ਹੁੰਦੇ ਰਹੇ। 'ਜਜ਼ਬੇ' ਤੇ 'ਚੇਤਨਾ' ਅੰਦਰ ਇਕ ਵੱਡੇ ਪਾੜੇ ਕਾਰਨ ਉਹ ਅਕਸਰ ਕਈ ਅਵਾਜ਼ਾਂ ਕੱਢਦੇ ਅਤੇ ਥਿੜਕਵੀਆਂ ਪੋਜ਼ੀਸ਼ਨਾਂ ਲੈਂਦੇ ਰਹੇ। ਇਸ ਸਿਧਾਂਤਕ ਰੋਗ ਤੋਂ ਜੇਕਰ ਕੋਈ ਵਿਅਕਤੀ ਸਭ ਤੋਂ ਵੱਧ ਪੀੜਤ ਸੀ ਤਾਂ ਉਹ ਮਾਸਟਰ ਤਾਰਾ ਸਿੰਘ ਹੁਰੀਂ ਸਨ। ਮਾਸਟਰ ਤਾਰਾ ਸਿੰਘ ਵੱਲੋਂ ਸੱਠ ਸਾਲਾਂ ਦੇ ਲੰਮੇ ਰਾਜਸੀ ਕੈਰੀਅਰ ਦੌਰਾਨ ਅੱਡ-ਅੱਡ ਮੌਕਿਆਂ 'ਤੇ ਅਪਣਾਏ ਨੀਤੀ ਪੈਂਤੜਿਆਂ ਅਤੇ ਅਲੱਗ-ਅਲੱਗ ਮੌਕਿਆਂ 'ਤੇ ਉਚਰੇ ਕਥਨਾਂ ਤੇ ਬਿਆਨਾਂ ਦੀ ਸਰਸਰੀ ਪੁਣ-ਛਾਣ ਕੀਤਿਆਂ ਹੀ ਇਹ ਗੱਲ ਝੱਟ ਪਛਾਣੀ ਜਾਂਦੀ ਹੈ ਕਿ ਉਨ੍ਹਾਂ ਦਾ ਦਿਲ (ਜਜ਼ਬਾ)

ਕਿਸੇ ਹੋਰ ਜਗ੍ਹਾ ਹੁੰਦਾ ਸੀ ਤੇ ਦਿਮਾਗ਼ (ਚੇਤਨਾ) ਕਿਸੇ ਹੋਰ ਜਗ੍ਹਾ। ਆਪਣੇ ਸਮਕਾਲੀ 'ਨੈਸ਼ਨਲਿਸਟ' ਸਿੱਖ ਆਗੂਆਂ ਵਿੱਚੋਂ ਉਹੀ ਇਕ ਮਾਤਰ ਅਜਿਹੇ ਲੀਡਰ ਸਨ ਜਿਨ੍ਹਾਂ ਦਾ 'ਦਿਲ', ਸ਼ੁਰੂ ਤੋਂ ਲੈ ਕੇ ਅਖ਼ੀਰ ਤਕ, ਸਿੱਖ ਕੌਮ ਦੀ ਆਜ਼ਾਦੀ ਦੀ ਹਾਮੀ ਭਰਦਾ ਰਿਹਾ ਪਰ 'ਦਿਮਾਗ਼' ਦਿਲ ਨਾਲ ਵਫ਼ਾ ਪਾਲਣ ਤੋਂ ਲਗਾਤਾਰ ਇਨਕਾਰ ਕਰਦਾ ਰਿਹਾ। 1937-38 ਵਿੱਚ, ਭਾਰਤ ਦੀ ਆਜ਼ਾਦੀ ਦੇ ਸੰਗਰਾਮ ਦੌਰਾਨ ਉਨ੍ਹਾਂ ਵੱਲੋਂ ਸਿੱਖ ਕੌਮ ਦੀ ਆਜ਼ਾਦੀ ਦੇ ਮਸਲੇ ਬਾਰੇ ਪ੍ਰਗਟਾਏ ਹੇਠ ਲਿਖੇ ਵਿਚਾਰ ਇਸ ਅੰਤਰ-ਵਿਰੋਧ ਦਾ ਸਿਕੇਬੰਦ ਨਮੂਨਾ ਪੇਸ਼ ਕਰਦੇ ਹਨ:

"ਮੈਂ ਜ਼ਰੂਰ ਸਿੱਖ ਰਾਜ ਚਾਹੁੰਦਾ ਹਾਂ ਤੇ ਸਵਰਾਜ ਅਥਵਾ ਸਾਂਝੇ ਰਾਜ ਦੇ ਵੀ ਹੱਕ ਵਿੱਚ ਹਾਂ। ਪਰ ਮੈਂ ਅਜਿਹਾ ਮੂਰਖ ਨਹੀਂ ਹਾਂ ਕਿ ਇਹ ਨਾ ਸਮਝਦਾ ਹੋਵਾਂ ਕਿ ਸਿੱਖ ਰਾਜ ਦੀ ਕੋਈ ਸੰਭਾਵਨਾ ਨਹੀਂ ਹੈ।.... ਕੇਵਲ ਸਵਰਾਜ ਦੀ ਜਾਂ ਸਾਂਝੇ ਰਾਜ ਦੀ ਸੰਭਾਵਨਾ ਹੈ। ਇਸੇ ਲਈ ਹੀ ਇੱਛਾ ਤੇ ਯਤਨ ਕਰਨਾ ਚਾਹੀਦਾ ਹੈ....।"[8]

ਸਪਸ਼ਟ ਹੈ ਕਿ ਮਾਸਟਰ ਤਾਰਾ ਸਿੰਘ ਢਿੱਡੋਂ ਸਿੱਖ ਕੌਮ ਦੀ ਆਜ਼ਾਦੀ ਦੇ ਇੱਛੁਕ ਸਨ। ਉਨ੍ਹਾਂ ਦਾ ਇਹ ਪੱਖ ਉਨ੍ਹਾਂ ਨੂੰ ਹੋਰਨਾਂ 'ਨੈਸ਼ਨਲਿਸਟ' ਸਿੱਖ ਆਗੂਆਂ, ਜੋ ਸਿੱਖ ਕੌਮ ਦੀ ਆਜ਼ਾਦੀ ਦੀ ਚਾਹ ਹੀ ਨਹੀਂ ਸਨ ਰੱਖਦੇ ਅਤੇ ਜੋ ਮਾਨਸਿਕ ਤੌਰ 'ਤੇ ਆਪਣੇ ਆਪ ਨੂੰ ਹਿੰਦੂ ਧਾਰਾ ਦਾ ਹੀ ਅੰਗ ਮੰਨ ਕੇ ਚੱਲਦੇ ਸਨ, ਨਾਲੋਂ ਨਿਖੇੜਦਾ ਸੀ। ਪਰ ਕਿਉਂਕਿ ਮਾਸਟਰ ਜੀ ਹੁਰਾਂ ਨੂੰ, ਆਪਣੇ ਸਿਧਾਂਤਕ ਨਜ਼ਰੀਏ ਦੀ ਗੜਬੜ ਕਾਰਨ, ਸਿੱਖ ਕੌਮ ਦੀ ਆਜ਼ਾਦੀ ਦੀ ਕੋਈ ਸੰਭਾਵਨਾ ਨਜ਼ਰ ਨਹੀਂ ਸੀ ਆਉਂਦੀ, ਇਸ ਕਰਕੇ ਉਨ੍ਹਾਂ ਦੀ ਵਿਹਾਰਕ ਬੁੱਧੀ ਉਨ੍ਹਾਂ ਨੂੰ ਇਸ ਰਾਹ ਪੈਣ ਤੋਂ ਵਰਜਦੀ ਸੀ। ਸੰਨ ਸੰਤਾਲੀ ਤੋਂ ਬਾਅਦ ਵੀ ਉਨ੍ਹਾਂ ਨੂੰ ਇਸ ਅੰਤਰ-ਵਿਰੋਧ ਦਾ ਲਗਾਤਾਰ ਸੰਤਾਪ ਝੱਲਣਾ ਪੈਂਦਾ ਰਿਹਾ। ਜਦ ਜਜ਼ਬਾਤੀ ਵਹਾਅ 'ਚ ਆ ਕੇ ਉਹ ਦਿਲ ਦੀ ਗੱਲ ਕਰਦੇ ਸਨ ਤਾਂ ਹਿੰਦੂ ਆਗੂਆਂ ਨੂੰ ਸੱਤੀਂ ਕੱਪੜੀਂ ਅੱਗ ਲੱਗ ਉੱਠਦੀ ਸੀ ਅਤੇ ਉਨ੍ਹਾਂ ਨੂੰ 'ਫ਼ਿਰਕੂਪੁਣੇ' ਦੇ ਦੋਸ਼ਾਂ ਨਾਲ ਨਿਵਾਜਿਆ ਜਾਂਦਾ ਸੀ। ਸਿਧਾਂਤਕ ਸਪਸ਼ਟਤਾ ਦੀ ਘਾਟ ਕਾਰਨ, ਜਦ ਮਾਸਟਰ ਤਾਰਾ ਸਿੰਘ ਨੂੰ ਇਸ ਹਿੰਦੂਵਾਦੀ ਹੱਲੇ ਦੇ ਸਨਮੁੱਖ ਬਚਾਉ ਦੇ ਪੈਂਤੜੇ 'ਤੇ ਜਾਣਾ ਪੈਂਦਾ ਸੀ ਅਤੇ ਵਾਰ ਵਾਰ ਸਪਸ਼ਟੀਕਰਨ ਤੇ ਸਫ਼ਾਈਆਂ ਦੇਣੀਆਂ ਪੈਂਦੀਆਂ ਸਨ ਤਾਂ ਇਸ ਨਾਲ ਇਕ ਤਾਂ ਉਨ੍ਹਾਂ ਦਾ ਆਤਮਿਕ ਤੌਰ 'ਤੇ ਆਪਣਾ ਹੀ ਘਾਣ ਹੋ ਜਾਂਦਾ ਸੀ ਅਤੇ ਦੂਜਾ, ਉਨ੍ਹਾਂ ਨੂੰ ਆਮ ਸਿੱਖ ਜਨਤਾ ਤੇ ਆਪਣੇ ਹੀ ਸਾਥੀਆਂ ਦੀਆਂ ਨਜ਼ਰਾਂ 'ਚ ਗਿਰਨਾ ਪੈਂਦਾ ਸੀ। ਵਾਰ-ਵਾਰ ਝੱਲਣੀ ਪੈਂਦੀ ਰਹੀ ਇਸ ਜ਼ਲਾਲਤ ਨੇ ਮਾਸਟਰ ਜੀ ਦੀ ਸ਼ਖ਼ਸੀਅਤ ਅੰਦਰ ਗੰਭੀਰ ਮਨੋਵਿਗਿਆਨਕ ਉਲਝਣਾਂ ਪੈਦਾ ਕਰ ਦਿੱਤੀਆਂ। ਜਿਸ ਸਦਕਾ ਉਨ੍ਹਾਂ ਨੂੰ ਜਿੰਨੀ ਗ਼ੈਰਾਂ ਦੀ ਪੜਚੋਲ ਝੱਲਣੀ ਪਈ, ਓਨੇ ਹੀ ਆਪਣਿਆਂ ਵੱਲੋਂ ਤਾਅਨੇ-ਮਿਹਣੇ ਸੁਣਨੇ ਪੈਂਦੇ ਰਹੇ।

## ਵਾਅਦੇ ਜੋ ਵਫ਼ਾ ਨਾ ਹੋਏ

1946-47 ਵਿੱਚ ਜਦ ਕੁਝ ਸਿੱਖ ਹਿਤੈਸ਼ੀ ਅੰਗਰੇਜ਼ ਅਫ਼ਸਰਾਂ (ਪੈਂਡਰਲ ਮੂਨ ਤੇ ਮੇਜਰ ਸ਼ਾਰਟ ਆਦਿ) ਵੱਲੋਂ ਪੰਜਾਬ ਦੇ ਬਟਵਾਰੇ ਨੂੰ ਰੋਕਣ ਲਈ ਸਿੱਖ-ਮੁਸਲਿਮ ਸਮਝੌਤੇ ਦੇ ਯਤਨ ਹੋ ਰਹੇ ਸਨ ਤਾਂ ਇਕ ਸਿੱਖ ਲੀਡਰ ਨੇ ਪੈਂਡਰਲ ਮੂਨ ਕੋਲ ਇਹ ਵਿਸ਼ਵਾਸ ਪ੍ਰਗਟਾਇਆ ਕਿ ਪੰਜਾਬ ਦੇ ਬਟਵਾਰੇ ਤੋਂ ਬਾਅਦ ਕਾਂਗਰਸ ਪਾਰਟੀ ਪੂਰਬੀ ਪੰਜਾਬ ਦੀਆਂ ਹੱਦਾਂ ਅੰਦਰ ਵੱਡੀ ਰੱਦੋਬਦਲ ਕਰਕੇ ਪੰਜਾਬ ਨੂੰ ਸਿੱਖਾਂ ਦਾ 'ਸਭਿਆਚਾਰਕ ਘਰ' ਬਣਾਉਣ ਵਿੱਚ ਉਨ੍ਹਾਂ ਦੀ ਸਹਾਇਤਾ ਕਰੇਗੀ।[9] ਸਿੱਖ ਆਗੂਆਂ ਦੇ ਇਸ ਵਿਸ਼ਵਾਸ ਦਾ ਆਧਾਰ

ਕਾਂਗਰਸ ਪਾਰਟੀ ਦੀ ਭਾਸ਼ਾ ਦੇ ਆਧਾਰ 'ਤੇ ਰਾਜਾਂ ਦੀ ਮੁੜ-ਹੱਦਬੰਦੀ ਦੀ ਐਲਾਨੀਆ ਪਾਲਸੀ ਸੀ ਜਿਸ ਨੂੰ ਉਸ ਨੇ 1920 ਦੇ ਨਾਗਪੁਰ ਸੈਸ਼ਨ ਵਿੱਚ ਹੀ ਪਰਵਾਨ ਕਰ ਲਿਆ ਹੋਇਆ ਸੀ ਅਤੇ ਜਿਸ ਦੀ ਪਾਲਣਾ ਦਾ ਉਸ ਨੇ ਐਲਾਨੀਆ ਬਚਨ ਦਿੱਤਾ ਹੋਇਆ ਸੀ। ਇਸੇ ਉਮੀਦ ਆਸਰੇ ਗਿਆਨੀ ਕਰਤਾਰ ਸਿੰਘ ਨੇ ਦੇਸ ਦੇ ਬਟਵਾਰੇ ਤੋਂ ਪਹਿਲਾਂ ਹੀ 30 ਜੁਲਾਈ 1947 ਨੂੰ ਪੰਜਾਬ ਦੇ ਗਵਰਨਰ (ਇਵਾਨ ਜੈਕਿਨਜ਼) ਨਾਲ ਇਹ ਰਾਜ਼ ਸਾਂਝਾ ਕੀਤਾ ਕਿ ਉਹ ਪੰਜਾਬ ਦੇ "ਗ਼ੈਰ-ਪੰਜਾਬੀ ਬੋਲਣ ਵਾਲੇ ਇਲਾਕਿਆਂ ਨੂੰ ਉੱਤਰ ਪ੍ਰਦੇਸ਼ ਜਾਂ ਕਿਸੇ ਹੋਰ ਨਵੇਂ ਰਾਜ ਨਾਲ ਜੋੜ ਦੇਣਗੇ ਅਤੇ ਬਾਕੀ ਬਚਦੇ ਪੂਰਬੀ ਪੰਜਾਬ ਨੂੰ ਭਾਰੂ ਸਿੱਖ ਵਸੋਂ ਵਾਲੇ ਰਾਜ ਵਿੱਚ ਤਬਦੀਲ ਕਰ ਦੇਣਗੇ।"[10] ਇਸੇ ਉਮੀਦ ਤੇ ਆਸ਼ੇ ਨੂੰ ਮੁੱਖ ਰੱਖਦਿਆਂ ਹੋਇਆਂ ਗਿਆਨੀ ਕਰਤਾਰ ਸਿੰਘ ਦੀ ਅਗਵਾਈ ਹੇਠਲੇ ਇਕ ਸਿੱਖ ਵਫ਼ਦ ਨੇ 21 ਜਨਵਰੀ 1948 ਨੂੰ ਭਾਰਤ ਦਾ ਸੰਵਿਧਾਨ ਤਿਆਰ ਕਰਨ ਵਾਲੀ ਪ੍ਰੀਸ਼ਦ ਦੇ ਪ੍ਰਧਾਨ ਡਾ. ਰਾਜਿੰਦਰ ਪ੍ਰਸ਼ਾਦ ਨਾਲ ਮੁਲਾਕਾਤ ਕਰਕੇ, ਉਸ ਦੇ ਅੱਗੇ ਜ਼ੋਰ ਨਾਲ ਇਹ ਤਜਵੀਜ਼ ਰੱਖੀ ਕਿ "ਰੋਹਤਕ ਤੇ ਗੁੜਗਾਉਂ ਦੇ ਜ਼ਿਲ੍ਹੇ ਅਸਲ ਵਿੱਚ ਪੰਜਾਬ ਦੇ ਇਲਾਕੇ ਨਹੀਂ ਹਨ ਕਿਉਂਕਿ ਉਨ੍ਹਾਂ ਦੀ ਬੋਲੀ ਦਿੱਲੀ ਵਾਲੀ ਹੈ ਅਤੇ ਉਨ੍ਹਾਂ ਦੀ ਜ਼ਿੰਦਗੀ ਤੇ ਸਭਿਆਚਾਰ ਵੀ ਪੰਜਾਬ ਨਾਲੋਂ ਦਿੱਲੀ ਨਾਲ ਵੱਧ ਮਿਲਦਾ ਹੈ," ਜਿਸ ਕਰਕੇ ਇਨ੍ਹਾਂ ਜ਼ਿਲ੍ਹਿਆਂ ਨੂੰ "ਦਿੱਲੀ ਨਾਲ ਜੋੜ ਦਿੱਤਾ ਜਾਵੇ।" ਸਿੱਖ ਵਫ਼ਦ ਨੇ ਡਾ. ਰਾਜਿੰਦਰ ਪ੍ਰਸ਼ਾਦ ਨੂੰ ਇਹ ਗੱਲ ਚੇਤੇ ਕਰਾਈ ਕਿ ਕਾਂਗਰਸ ਪਾਰਟੀ ਨੇ ਸਿੱਖਾਂ ਨਾਲ ਇਹ ਵਾਅਦਾ ਕੀਤਾ ਹੋਇਆ ਹੈ ਕਿ "ਉਹ ਘੱਟਗਿਣਤੀਆਂ ਦੇ ਮਸਲੇ ਬਾਰੇ ਸਿੱਖਾਂ ਦੀ ਸਹਿਮਤੀ ਬਗ਼ੈਰ ਕੋਈ ਫ਼ੈਸਲਾ ਨਹੀਂ ਕਰੇਗੀ" ਅਤੇ "ਪੰਜਾਬ ਅੰਦਰ ਸਿੱਖਾਂ ਦੇ ਰਾਜਸੀ ਹਿਤਾਂ ਦੀ ਸੁਰੱਖਿਆ ਦਾ ਖ਼ਾਸ ਖ਼ਿਆਲ ਰੱਖੇਗੀ।"[11] ਆਪਣੀ ਸਾਰੀ ਬੌਧਿਕ ਅਯੋਗਤਾ ਦੇ ਬਾਵਜੂਦ ਸਿੱਖ ਆਗੂ ਏਨੀ ਕੁ ਸੋਝੀ ਜ਼ਰੂਰ ਰੱਖਦੇ ਸਨ ਕਿ ਜੇਕਰ ਸਿੱਖ ਪੰਜਾਬ ਅੰਦਰ ਘੱਟਗਿਣਤੀ ਵਿੱਚ ਹੀ ਰਹੇ ਤਾਂ ਉਨ੍ਹਾਂ ਦੇ ਰਾਜਸੀ ਹਿਤਾਂ ਦੀ ਸੁਰੱਖਿਆ ਕਤਈ ਤੌਰ 'ਤੇ ਸੰਭਵ ਨਹੀਂ। ਹੁਣ ਜਦ ਕਿ ਪੰਜਾਬ ਦੀ ਵੰਡ ਤੋਂ ਬਾਅਦ ਉਨ੍ਹਾਂ ਦੀ ਇਕ ਬੱਝਵੇਂ ਖ਼ਿੱਤੇ ਅੰਦਰ ਬਹੁਗਿਣਤੀ ਬਣ ਗਈ ਹੋਈ ਸੀ ਤਾਂ ਉਨ੍ਹਾਂ ਲਈ ਆਪਣੀ ਰਾਜਸੀ ਪੋਜ਼ੀਸ਼ਨ ਨੂੰ ਪੱਕੇ ਪੈਰੀਂ ਕਰਨ ਦਾ ਸਾਜ਼ਗਾਰ ਮੌਕਾ ਜੁੜ ਗਿਆ ਸੀ। ਸਿੱਖ ਆਗੂਆਂ ਨੇ ਇਹ ਗੱਲ ਭਲੀਭਾਂਤ ਤਾੜ ਲਈ ਹੋਈ ਸੀ ਕਿ ਜੇਕਰ ਭਾਰੂ ਸਿੱਖ ਵਸੋਂ ਵਾਲੇ ਰਾਜ ਦੀ ਸਥਾਪਨਾ ਆਸਾਨੀ ਨਾਲ ਹੋ ਜਾਂਦੀ ਹੈ ਤਾਂ ਇਸ ਦਾ ਸਿੱਖ ਪੰਥ ਦੇ ਨਾਲ ਹੀ ਵਿਅਕਤੀਗਤ ਤੌਰ 'ਤੇ ਸਿੱਖ ਆਗੂਆਂ ਨੂੰ ਵੀ ਚੋਖਾ ਲਾਭ ਹੋਣਾ ਸੀ। ਇਸ ਕਰਕੇ, ਸ਼ੁਰੂ ਦੌਰ ਅੰਦਰ ਸਾਰੀ ਸਿੱਖ ਲੀਡਰਸ਼ਿਪ ਇਸ ਮਸਲੇ 'ਤੇ ਲਗਭਗ ਇਕਮੱਤ ਸੀ ਅਤੇ ਲਗਭਗ ਸਾਰਿਆਂ ਨੂੰ ਹੀ ਇਹ ਉਮੀਦ ਸੀ ਕਿ ਕਾਂਗਰਸੀ ਆਗੂ ਰਾਜਾਂ ਦੀ ਮੁੜ-ਹੱਦਬੰਦੀ ਸਬੰਧੀ ਆਪਣੀ ਐਲਾਨੀਆ ਨੀਤੀ ਅਤੇ ਸਿੱਖ ਹਿਤਾਂ ਦੀ ਰੱਖਿਆ ਬਾਰੇ ਆਪਣੇ ਐਲਾਨੀਆ ਬਚਨਾਂ ਮੁਤਾਬਕ ਸਿੱਖ ਪੰਥ ਦੀ ਇਸ ਵਾਜਬ ਤੇ ਹੱਕੀ ਮੰਗ ਨੂੰ ਬਿਨਾਂ ਕਿਸੇ ਤਰੱਦਦ ਦੇ ਕਬੂਲ ਕਰ ਲੈਣਗੇ। ਇਸ ਤੋਂ ਇਲਾਵਾ, ਸਿੱਖ ਆਗੂ ਸਿੱਖ ਵਸੋਂ ਦੇ ਹਿਤਾਂ ਦੀ ਸੁਰੱਖਿਆ ਲਈ ਦੋ ਹੋਰ ਸੰਵਿਧਾਨਕ ਉਪਾਵਾਂ ਦੀ ਮੰਗ ਕਰ ਰਹੇ ਸਨ। ਇਕ, ਸਿੱਖ ਕੌਮ ਦੇ ਘੱਟਗਿਣਤੀ ਵਿੱਚ ਹੋਣ ਅਤੇ ਵਿਦਿਅਕ ਪੱਖੋਂ ਪਛੜੇ ਹੋਣ ਕਾਰਨ ਪੰਜਾਬ ਅਤੇ ਪੰਜਾਬੋਂ ਬਾਹਰਲੇ ਰਾਜਾਂ ਅੰਦਰ ਇਸ ਦੇ ਲਈ ਰਾਜਸੀ ਨੁਮਾਇੰਦਗੀ ਤੇ ਨੌਕਰੀਆਂ ਦੇ ਖੇਤਰ ਅੰਦਰ ਰਿਜ਼ਰਵੇਸ਼ਨ ਤੇ ਵੇਟੇਜ ਦੀ ਵਿਵਸਥਾ ਕੀਤੀ ਜਾਵੇ। ਦੂਜਾ, ਸਾਂਝੇ ਚੋਣ ਖੇਤਰਾਂ ਦੀ ਥਾਂ ਸਿੱਖਾਂ ਲਈ ਵੱਖਰੇ (ਕਮਿਊਨਲ) ਚੋਣ ਖੇਤਰ ਕਾਇਮ ਕੀਤੇ ਜਾਣ। ਦੇਸ ਦੀ ਵੰਡ ਤੋਂ ਪਹਿਲਾਂ ਸਿੱਖ ਆਗੂ ਵੱਖਰੇ ਚੋਣ ਖੇਤਰਾਂ ਦੇ ਕੱਟੜ ਨਿੰਦਕ ਰਹੇ ਸਨ। ਕਾਰਨ ਇਹ ਕਿ ਉਦੋਂ ਵੱਖਰੇ ਚੋਣ ਖੇਤਰਾਂ ਨਾਲ ਮੁਸਲਿਮ ਵਰਗ ਦਾ

ਪੱਖ ਤਕੜਾ ਹੁੰਦਾ ਸੀ ਜੋ ਸਿੱਖ ਆਗੂਆਂ ਨੂੰ ਕਦਾਚਿਤ ਨਹੀਂ ਸੀ ਸੁਖਾਉਂਦਾ। ਪੰਜਾਬ ਦੇ ਬਟਵਾਰੇ ਤੋਂ ਬਾਅਦ ਜਦ ਮੁਸਲਿਮ ਫ਼ੈਕਟਰ ਮਨਫ਼ੀ ਹੋ ਗਿਆ ਤਾਂ ਸਿੱਖ ਆਗੂਆਂ ਨੇ ਇਸ ਮਸਲੇ 'ਤੇ ਖੜ੍ਹੇ ਪੈਰ ਪੋਜ਼ੀਸ਼ਨ ਬਦਲ ਲਈ। 25 ਅਕਤੂਬਰ 1948 ਨੂੰ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਵੱਖਰੇ ਚੋਣ ਖੇਤਰਾਂ ਬਾਰੇ ਆਪਣੇ ਪੱਖ ਦੀ ਵਜ਼ਾਹਤ ਕਰਦਿਆਂ ਐਨ ਉਹੀ ਗੱਲਾਂ ਕਹੀਆਂ ਜੋ ਮੁਸਲਿਮ ਆਗੂ ਚਾਲ੍ਹੀ ਸਾਲਾਂ ਤੋਂ ਕਹਿੰਦੇ ਆ ਰਹੇ ਸਨ ਅਤੇ ਜਿਸ ਦੀ ਸਿੱਖ ਆਗੂ ਜਨੂੰਨ ਦੀ ਪੱਧਰ 'ਤੇ ਵਿਰੋਧਤਾ ਕਰਦੇ ਰਹੇ ਸਨ। ਜ਼ਰਾ ਸੁਣੋ! "ਅਜੋਕੀ ਰਾਜਨੀਤੀ ਅੰਦਰ ਵੱਖਰੇ ਫ਼ਿਰਕੇਦਾਰਾਨਾ ਚੁਣਾਉ ਨੂੰ ਭੰਡਣਾ ਇਕ ਆਮ ਫ਼ੈਸ਼ਨ ਬਣ ਗਿਆ ਹੈ। ਪਰ ਹਿੰਦੁਸਤਾਨ, ਜੋ ਕਿ ਯਕੀਨਨ ਹੀ ਕਈ ਕੌਮਾਂ ਦਾ ਰਲਵਾਂ ਮਿਲਵਾਂ ਦੇਸ ਹੈ, ਅੰਦਰ ਕਿਸੇ ਘੱਟਗਿਣਤੀ ਵੱਲੋਂ ਆਪਣਾ ਨੁਮਾਇੰਦਾ ਖ਼ੁਦ ਚੁਣਨ ਦਾ ਅਧਿਕਾਰ, ਉਸ ਦੀ ਸੁਰੱਖਿਆ ਦਾ ਸਭ ਤੋਂ ਵੱਧ ਕਾਰਗਰ ਤੇ ਆਹਲਾ ਤਰੀਕਾ ਹੈ। ਵੱਖਰਾ, ਫ਼ਿਰਕੇਦਾਰਾਨਾ ਚੁਣਾਉ ਯੁੱਗਾਂ ਪੁਰਾਣਾ ਜਮਹੂਰੀ ਸੂਤਰ ਹੈ....। ਸਿੱਖ ਇਸ ਉੱਤੇ ਇਸ ਕਰਕੇ ਜ਼ੋਰ ਦੇ ਰਹੇ ਹਨ ਕਿ ਬਹੁਗਿਣਤੀ ਫ਼ਿਰਕੇ ਵੱਲੋਂ ਖ਼ਾਸ ਤੌਰ 'ਤੇ ਅਮਲ 'ਚ ਲਿਆਂਦੀ ਗਈ ਧੱਕੜ ਫ਼ਿਰਕੂ ਜ਼ਹਿਨੀਅਤ ਨੇ ਸਿੱਖਾਂ ਦੇ ਮਨਾਂ ਅੰਦਰ ਇਹ ਤੌਖਲਾ ਪੈਦਾ ਕਰ ਦਿੱਤਾ ਹੈ ਕਿ ਸਾਂਝੇ ਚੁਣਾਉ ਦੇ ਪ੍ਰਬੰਧ ਨੂੰ ਉਨ੍ਹਾਂ ਦੀ ਹਸਤੀ ਦੇ ਖ਼ਾਤਮੇ ਲਈ ਵਰਤਿਆ ਜਾ ਸਕਦਾ ਹੈ।"[12]

ਉਪਰੋਕਤ ਬਿਆਨ ਵਿੱਚੋਂ ਸਿੱਖ ਕੌਮ ਦੇ ਆਗੂਆਂ ਦੀ ਔਖ ਤੇ ਨਿਰਾਸ਼ਤਾ ਸਾਫ਼ ਦੇਖੀ ਜਾ ਸਕਦੀ ਹੈ। ਅਸਲ ਵਿੱਚ ਇਹ ਸਮਾਂ ਸਿੱਖ ਲੀਡਰਸ਼ਿਪ ਲਈ ਬੇਹੱਦ ਕਠਿਨਾਈਆਂ ਭਰਿਆ ਸੀ। ਇਕ ਤਾਂ ਬਟਵਾਰੇ ਨਾਲ ਸਿੱਖ ਕੌਮ ਦਾ ਸਮੁੱਚਾ ਜੀਵਨ ਉੱਖੜ-ਪੁੱਖੜ ਗਿਆ ਸੀ ਅਤੇ ਉਸ ਨੂੰ ਮੁੜ-ਵਸੇਬੇ ਦੀਆਂ ਵੱਡੀਆਂ ਮੁਸ਼ਕਲਾਂ ਨਾਲ ਜੂਝਣਾ ਪੈ ਰਿਹਾ ਸੀ। ਦੂਜਾ, ਸਿੱਖ ਕੌਮ ਨੂੰ ਨਵੇਂ ਹਾਕਮਾਂ ਤੇ ਨਵੀਂ ਰਾਜਸੀ ਹਕੀਕਤ ਦਾ ਭੇਤ ਪਾਉਣ ਅਤੇ ਆਪਣੇ ਆਪ ਨੂੰ ਇਸ ਅਨੁਸਾਰ ਢਾਲਣ ਦੇ ਕਾਰਜ ਵਿੱਚ ਵੱਡੀਆਂ ਅਮਲੀ ਤੇ ਮਨੋਵਿਗਿਆਨਕ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਮਗਰਲੀ ਸਮੱਸਿਆ ਪਹਿਲੀ ਨਾਲੋਂ ਕਿਤੇ ਗੰਭੀਰ ਸੀ। ਇਤਿਹਾਸ ਅੰਦਰ ਇਹ ਪਹਿਲਾ ਮੌਕਾ ਸੀ ਜਦ ਸਿੱਖ ਪੰਥ ਹਿੰਦੂ ਵਰਗ ਨੂੰ ਇਕ ਰਾਜਨੀਤਕ ਹੁਕਮਰਾਨ ਤਾਕਤ ਦੇ ਰੂਪ ਵਿੱਚ ਦੇਖ ਰਿਹਾ ਸੀ। ਹਿੰਦੂ ਵਰਗ ਨੂੰ ਇਸ ਰੂਪ ਵਿੱਚ ਦੇਖਣ ਦਾ ਸਿੱਖ ਪੰਥ ਨੂੰ ਇਸ ਤੋਂ ਪਹਿਲਾਂ ਇਤਿਹਾਸ ਅੰਦਰ ਕੋਈ ਮੌਕਾ ਨਹੀਂ ਸੀ ਮਿਲਿਆ। ਉਸ ਨੇ ਪਹਿਲਾਂ ਮੁਗ਼ਲ ਰਾਜ ਅਤੇ ਫਿਰ ਬਰਤਾਨਵੀ ਰਾਜ ਹੇਠ ਹਿੰਦੂ ਵਰਗ ਨੂੰ ਇਕ ਅਧੀਨ ਵਰਗ ਦੇ ਰੂਪ ਵਿੱਚ ਹੀ ਦੇਖਿਆ ਸੀ। ਸਿੱਖ ਪੰਥ ਦੀ ਬ੍ਰਾਹਮਣਵਾਦ ਨਾਲ ਵਿਚਾਰਧਾਰਕ ਟੱਕਰ ਭਾਵੇਂ ਗੁਰੂ ਸਾਹਿਬਾਨ ਦੇ ਵੇਲੇ ਤੋਂ ਹੀ ਚਲੀ ਆ ਰਹੀ ਸੀ ਅਤੇ ਇਸ ਅਮਲ ਰਾਹੀਂ ਸਿੱਖ ਪੰਥ ਨੇ ਬ੍ਰਾਹਮਣਵਾਦ ਦੀ ਵਿਚਾਰਧਾਰਕ ਖ਼ਸਲਤ ਤੇ ਇਸ ਦੇ ਸਭਿਆਚਾਰਕ ਲੱਛਣਾਂ ਦਾ ਚੋਖਾ ਭੇਤ ਪਾ ਲਿਆ ਹੋਇਆ ਸੀ ਪਰ ਇਕ ਹੁਕਮਰਾਨ ਰਾਜਸੀ ਤਾਕਤ ਵਜੋਂ ਬ੍ਰਾਹਮਣਵਾਦ ਨੂੰ ਪਰਖਣ ਤੇ ਪਰਤਿਆਉਣ ਦਾ ਸਬੱਬ ਪਹਿਲੀ ਵਾਰ ਜੁੜਿਆ ਸੀ। 'ਨੈਸ਼ਨਲਿਸਟ' ਸਿੱਖ ਲੀਡਰਸ਼ਿਪ ਲਈ ਹਿੰਦੂ ਆਗੂਆਂ ਨਾਲ ਆਪਣੇ ਰਿਸ਼ਤੇ ਨੂੰ ਨਵੇਂ ਸਾਂਚੇ ਵਿੱਚ ਢਾਲਣ ਦਾ ਮਸਲਾ ਸਿਰਫ਼ ਰਾਜਨੀਤਕ ਹੀ ਨਹੀਂ, ਥੋੜ੍ਹਾ ਭਾਵਨਾਤਮਿਕ ਵੀ ਸੀ। ਉਹ ਲਗਭਗ ਤਿੰਨ ਦਹਾਕੇ ਬਰਤਾਨਵੀ ਹਾਕਮਾਂ ਵਿਰੁੱਧ 'ਕੱਠੇ ਜੂਝਦੇ ਰਹੇ ਸਨ। ਦੇਸ ਦੇ ਬਟਵਾਰੇ ਮੌਕੇ ਸਿੱਖ ਆਗੂਆਂ ਨੇ ਸਿੱਖ ਕੌਮ ਦੀ ਹੋਣੀ ਨੂੰ ਜਿਸ ਤਰ੍ਹਾਂ ਅੱਖਾਂ ਮੀਚ ਕੇ ਹਿੰਦੂ ਆਗੂਆਂ ਦੇ ਹਵਾਲੇ ਕਰ ਦਿੱਤਾ ਸੀ, ਉਸ ਤੋਂ ਉਨ੍ਹਾਂ ਦੀ ਹਿੰਦੂ ਲੀਡਰਸ਼ਿਪ ਅੰਦਰ ਅੰਨ੍ਹੀ ਸ਼ਰਧਾ ਤੇ ਵਿਸ਼ਵਾਸ ਦਾ ਪਤਾ ਚੱਲਦਾ ਹੈ। ਸ: ਬਲਦੇਵ ਸਿੰਘ ਵੱਲੋਂ 26-27 ਨਵੰਬਰ 1938

ਨੂੰ ਰਾਵਲਪਿੰਡੀ ਵਿਖੇ ਅਕਾਲੀ ਦਲ ਦੀ ਕੁੱਲ ਹਿੰਦ ਕਾਨਫ਼ਰੰਸ ਮੌਕੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਾਂਗਰਸ ਪ੍ਰਤੀ ਆਪਣੇ ਸ਼ਰਧਾ ਭਾਵ ਨੂੰ ਇੰਜ ਬਿਆਨ ਕੀਤਾ ਗਿਆ : "ਵਾਹਿਗੁਰੂ ਤੇ ਗੁਰੂ ਸਾਹਿਬਾਨ ਤੋਂ ਬਾਅਦ ਮੇਰੀ ਆਸਥਾ ਕਾਂਗਰਸ ਵਿੱਚ ਹੀ ਹੈ। ਅਜਿਹਾ ਮੈਂ ਕਿਸੇ ਜ਼ਾਤੀ ਵਜ੍ਹਾ ਕਰਕੇ ਨਹੀਂ ਕਰ ਰਿਹਾ ਸਗੋਂ ਇਸ ਕਰਕੇ ਕਰ ਰਿਹਾ ਹਾਂ ਕਿ ਕਾਂਗਰਸ ਹੀ ਕੌਮੀ ਗੌਰਵ ਤੇ ਸਵੈਮਾਣ ਵਾਲੀ ਇਕਮਾਤਰ ਸੰਸਥਾ ਹੈ।"[13] ਜਿਸ ਲੀਡਰਸ਼ਿਪ ਉੱਤੇ ਸਿੱਖ ਆਗੂਆਂ ਨੇ ਇਸ ਕਦਰ ਅੰਨ੍ਹਾ ਭਰੋਸਾ ਕੀਤਾ ਹੋਵੇ, ਉਸ ਵੱਲੋਂ ਰਾਜਭਾਗ ਉੱਤੇ ਕਾਬਜ਼ ਹੁੰਦਿਆਂ ਹੀ ਸਿੱਖ ਕੌਮ ਦੇ ਹਿਤਾਂ ਨੂੰ ਬੇਰੁਖ਼ੀ ਨਾਲ ਨਜ਼ਰ-ਅੰਦਾਜ਼ ਕਰ ਦੇਣਾ, ਸਿੱਖ ਆਗੂਆਂ ਦੀਆਂ ਨਜ਼ਰਾਂ 'ਚ ਵਿਸ਼ਵਾਸਘਾਤ ਵਾਲੀ ਗੱਲ ਸੀ। ਕਾਂਗਰਸੀ ਆਗੂਆਂ ਦਾ ਅਜਿਹਾ ਹਰ ਕਰਮ ਸਿੱਖ ਹਿਰਦਿਆਂ ਉੱਤੇ ਗਹਿਰੀ ਚੋਟ ਲਾ ਰਿਹਾ ਸੀ। ਪੰਜਾਬ ਦੇ ਬਟਵਾਰੇ ਸਦਕਾ ਸਿੱਖ ਕੌਮ ਨੂੰ ਝੱਲਣੀ ਪੈ ਰਹੀ ਅੰਤਾਂ ਦੀ ਖੱਜਲ-ਖ਼ੁਆਰੀ ਦੇ ਨਾਲ ਹੀ, ਸਿੱਖ ਆਗੂਆਂ ਨੂੰ ਕਾਂਗਰਸੀ ਹਾਕਮਾਂ ਹੱਥੋਂ ਵਿਸ਼ਵਾਸਘਾਤ ਦੇ ਸਦਮੇ ਦੀ ਦੋਹਰੀ ਮਾਰ ਸਹਿਣੀ ਪੈ ਰਹੀ ਸੀ।

ਭਾਰਤ ਦਾ ਸੰਵਿਧਾਨ ਘੜਨ ਲਈ ਬਣਾਈ ਗਈ ਵਿਧਾਨਸਾਜ਼ ਅਸੰਬਲੀ ਦੀ "ਨਾਗਰਿਕਾਂ ਦੇ ਮੂਲ ਅਧਿਕਾਰਾਂ ਅਤੇ ਘੱਟਗਿਣਤੀਆਂ ਦੀ ਸੁਰੱਖਿਆ ਲਈ ਐਡਵਾਇਜ਼ਰੀ ਕਮੇਟੀ" ਦੀ 29-31 ਜੁਲਾਈ 1947 ਨੂੰ ਜੋ ਮੀਟਿੰਗ ਹੋਈ, ਉਸ ਵਿੱਚ ਸਿੱਖ ਕੌਮ ਦੇ ਹੱਕਾਂ ਦੀ ਸੁਰੱਖਿਆ ਦਾ ਮਸਲਾ ਇਹ ਕਹਿ ਕੇ ਟਾਲ ਦਿੱਤਾ ਗਿਆ ਕਿ ਅਜੇ ਆਬਾਦੀ ਦੇ ਤਬਾਦਲੇ ਦਾ ਅਮਲ ਪੂਰਾ ਨਾ ਹੋਣ ਕਰਕੇ 'ਅਨਿਸ਼ਚਤਾ ਦੀ ਹਾਲਤ' ਬਣੀ ਹੋਈ ਹੈ।[14] ਇਹ ਕਾਂਗਰਸੀ ਆਗੂਆਂ ਦੀ ਬਦਨੀਤ ਦਾ ਪਹਿਲਾ ਇਜ਼ਹਾਰ ਸੀ। ਕਿਉਂਕਿ ਆਬਾਦੀ ਦੇ ਤਬਾਦਲੇ ਦਾ ਸਿੱਖ ਕੌਮ ਦੇ ਘੱਟਗਿਣਤੀ ਰੁਤਬੇ ਨਾਲ ਕੋਈ ਸਬੰਧ ਨਹੀਂ ਸੀ। ਆਬਾਦੀ ਦੇ ਤਬਾਦਲੇ ਦਾ ਅਮਲ ਪੂਰਾ ਹੋਣ ਉਪਰੰਤ ਵੀ ਪੰਜਾਬ ਅੰਦਰ ਸਿੱਖਾਂ ਦੀ ਘੱਟਗਿਣਤੀ ਹੀ ਰਹਿਣੀ ਸੀ। ਇਸ ਕਰਕੇ ਜੇਕਰ ਹਿੰਦੂ ਆਗੂਆਂ ਦੀਆਂ ਨੀਤਾਂ ਸਾਫ਼ ਹੁੰਦੀਆਂ ਤਾਂ ਉੱਪਰ ਬਿਆਨੀ ਮੀਟਿੰਗ ਵਿੱਚ ਹੀ ਇਕ ਘੱਟਗਿਣਤੀ ਵਰਗ ਵਜੋਂ ਸਿੱਖ ਭਾਈਚਾਰੇ ਦੇ ਹੱਕਾਂ ਦੀ ਸੁਰੱਖਿਆ ਦੇ ਮਸਲੇ 'ਤੇ ਵਿਚਾਰ ਕੀਤੀ ਜਾ ਸਕਦੀ ਸੀ। ਅਸਲ ਗੱਲ ਇਹ ਸੀ ਕਿ ਪਾਕਿਸਤਾਨ ਬਣ ਜਾਣ ਤੋਂ ਬਾਅਦ ਹਿੰਦੂ ਆਗੂਆਂ ਨੇ ਘੱਟ-ਗਿਣਤੀਆਂ ਦੇ ਮਸਲੇ ਪ੍ਰਤੀ ਆਪਣੀ ਸਮਝ ਬਦਲ ਲਈ ਸੀ। ਉਹ ਘੱਟਗਿਣਤੀਆਂ ਨੂੰ ਕੋਈ ਉਚੇਚੀ ਰਿਆਇਤ ਦੇਣ ਦੇ ਕਦੇ ਵੀ ਹਾਮੀ ਨਹੀਂ ਸਨ। ਪਰ ਬਟਵਾਰੇ ਤੋਂ ਪਹਿਲਾਂ ਮੁਸਲਿਮ ਵਰਗ ਦੇ ਦਬਾਅ ਸਦਕਾ ਉਨ੍ਹਾਂ ਨੂੰ ਘੱਟਗਿਣਤੀਆਂ ਦੇ ਹੱਕਾਂ ਦੀ ਸੁਰੱਖਿਆ ਲਈ ਉਚੇਚੀਆਂ ਰਿਆਇਤਾਂ ਦਾ ਕੌੜਾ ਘੁੱਟ ਭਰਨ ਲਈ ਮਜਬੂਰ ਹੋਣਾ ਪੈਂਦਾ ਸੀ। ਦੇਸ ਦੇ ਬਟਵਾਰੇ ਨਾਲ ਜਦ ਮੁਸਲਿਮ ਵਰਗ ਵਾਲਾ 'ਕੰਡਾ' ਨਿਕਲ ਗਿਆ ਤਾਂ ਹਿੰਦੂ ਆਗੂਆਂ ਦੀ ਅਸਲੀ ਖ਼ਸਲਤ ਪ੍ਰਗਟ ਹੋਣ ਲੱਗੀ। ਵਿਧਾਨਸਾਜ਼ ਅਸੰਬਲੀ ਨੇ 27-28 ਅਗਸਤ 1947 ਨੂੰ ਫੁਰਤੀ ਨਾਲ ਵੱਖਰੇ ਚੋਣ ਖੇਤਰਾਂ ਦੀ ਵਿਵਸਥਾ ਸਮਾਪਤ ਕਰ ਦਿੱਤੀ। ਨਾਲ ਹੀ ਉਹ ਘੱਟਗਿਣਤੀਆਂ ਲਈ ਰਿਜ਼ਰਵੇਸ਼ਨ ਦਾ ਵੀ ਫ਼ਸਤਾ ਵੱਢਣਾ ਚਾਹੁੰਦੇ ਸਨ। ਪਰ ਹੋਰਨਾਂ ਮੈਂਬਰਾਂ ਦੇ ਵਿਰੋਧ ਕਾਰਨ ਉਨ੍ਹਾਂ ਨੂੰ ਕੁਝ ਦੇਰ ਵਾਸਤੇ ਆਪਣੇ ਹੱਥ ਰੋਕਣ ਲਈ ਮਜਬੂਰ ਹੋਣਾ ਪੈ ਗਿਆ। ਅੰਤ 11 ਮਈ 1949 ਨੂੰ ਵਿਧਾਨਸਾਜ਼ ਅਸੰਬਲੀ ਦੀ ਘੱਟਗਿਣਤੀਆਂ ਲਈ ਅਡਵਾਇਜ਼ਰੀ ਕਮੇਟੀ ਨੇ ਘੱਟਗਿਣਤੀ ਧਾਰਮਿਕ ਵਰਗਾਂ ਲਈ ਰਿਜ਼ਰਵੇਸ਼ਨ ਖ਼ਤਮ ਕਰਨ ਦਾ ਫ਼ੈਸਲਾ ਕਰ ਦਿੱਤਾ। ਸਿਰਫ਼ ਹਿੰਦੂ ਦਲਿਤ ਵਰਗਾਂ ਲਈ ਰਿਜ਼ਰਵੇਸ਼ਨ ਜਾਰੀ ਰਹਿਣ ਦਿੱਤੀ ਗਈ। ਸਿੱਖ ਦਲਿਤਾਂ ਨੂੰ ਇਸ ਰਿਆਇਤ ਤੋਂ ਵਾਂਝਿਆਂ ਕਰ ਦਿੱਤਾ ਗਿਆ।[15]

ਘੱਟਗਿਣਤੀਆਂ ਦੇ ਹੱਕਾਂ ਦੀ ਸੁਰੱਖਿਆ ਦੇ ਮਸਲੇ ਵਾਂਗ ਹੀ, ਕਾਂਗਰਸੀ ਆਗੂਆਂ ਨੇ ਰਾਜਾਂ ਦੇ ਪੁਨਰ-ਗਠਨ ਬਾਰੇ ਵੀ ਆਪਣੀ ਪਹਿਲੀ ਪੋਜ਼ੀਸ਼ਨ ਤੋਂ ਮੋੜਾ ਕੱਟਣਾ ਸ਼ੁਰੂ ਕਰ ਦਿੱਤਾ। ਅਸਲ ਵਿੱਚ ਇਸ ਮਾਮਲੇ ਵਿੱਚ ਵੀ ਕਾਂਗਰਸ ਪਾਰਟੀ ਦੀ ਭਾਰੂ ਲੀਡਰਸ਼ਿਪ, ਖ਼ਾਸ ਕਰਕੇ 'ਗਊ ਖੇਤਰ' (cow belt) ਵਜੋਂ ਜਾਣੇ ਜਾਂਦੇ ਉੱਤਰੀ ਭਾਰਤ ਦੀ ਹਿੰਦੂ ਲੀਡਰਸ਼ਿਪ, ਭਾਸ਼ਾ ਦੇ ਆਧਾਰ 'ਤੇ ਰਾਜਾਂ ਦੇ ਪੁਨਰਗਠਨ ਦੇ ਸਿਧਾਂਤ ਨਾਲ ਢਿੱਡੋਂ ਕਦੇ ਵੀ ਸਹਿਮਤ ਨਹੀਂ ਹੋਈ। ਭਾਸ਼ਾ ਦਾ ਜਜ਼ਬਾ ਦੱਖਣ ਵਿੱਚ ਹੀ ਪਰਬਲ ਸੀ। ਉੱਤਰੀ ਭਾਰਤ ਦਾ ਹਿੰਦੂ ਵਰਗ, ਹਿੰਦੀ ਤੋਂ ਬਿਨਾਂ ਭਾਰਤ ਅੰਦਰਲੀਆਂ ਬਾਕੀ ਦੀਆਂ ਭਾਸ਼ਾਵਾਂ ਨੂੰ ਤਿਰਸਕਾਰ ਦੀ ਭਾਵਨਾ ਨਾਲ ਦੇਖਦਾ ਸੀ। ਕਾਂਗਰਸ ਦੇ ਨਾਗਪੁਰ ਸੈਸ਼ਨ (1920) ਅੰਦਰ ਰਾਜਾਂ ਦੀ ਭਾਸ਼ਾ ਦੇ ਆਧਾਰ 'ਤੇ ਨਵੇਂ ਸਿਰਿਓਂ ਹੱਦਬੰਦੀ ਕਰਨ ਸਬੰਧੀ ਲਿਆ ਗਿਆ ਫ਼ੈਸਲਾ ਦੱਖਣ ਦੀਆਂ ਕਾਂਗਰਸ ਇਕਾਈਆਂ ਵੱਲੋਂ ਪੰਜਾਂ ਸਾਲਾਂ ਤੋਂ ਪਾਏ ਜਾ ਰਹੇ ਦਬਾਅ ਦਾ ਨਤੀਜਾ ਸੀ। 'ਗਊ ਖੇਤਰ' ਦੇ ਕਾਂਗਰਸੀ ਆਗੂਆਂ ਨੇ ਇਸ ਨੂੰ ਅਧਮੰਨੇ ਚਿਤ ਨਾਲ ਹੀ ਪਰਵਾਨ ਕੀਤਾ ਸੀ। ਉਹ ਵੀ ਅਲੱਗ-ਅਲੱਗ ਕੌਮੀਅਤਾਂ ਦੇ ਵਿਕਾਸ ਦੇ ਨੁਕਤਾ-ਨਜ਼ਰ ਤੋਂ ਨਹੀਂ ਸਗੋਂ ਲੋਕਾਂ ਦੇ ਵੱਧ ਤੋਂ ਵੱਧ ਹਿੱਸਿਆਂ ਤਕ ਪਹੁੰਚ ਕਰਨ ਦੇ ਸੀਮਤ ਮੰਤਵ ਨੂੰ ਮੁੱਖ ਰੱਖਦੇ ਹੋਏ ਹੀ। ਇਸ ਕਰਕੇ ਰਾਜ ਭਾਗ 'ਤੇ ਕਾਬਜ਼ ਹੋਣ ਤੋਂ ਬਾਅਦ ਉੱਤਰੀ ਭਾਰਤ ਦੀ ਕਾਂਗਰਸੀ ਲੀਡਰਸ਼ਿਪ (ਜਿਸ ਦਾ ਸਰਗਣਾ ਪੰਡਤ ਜਵਾਹਰ ਲਾਲ ਨਹਿਰੂ ਜੀ) ਨੇ ਇਸ ਮਸਲੇ 'ਤੇ ਟਾਲਮਟੋਲ ਸ਼ੁਰੂ ਕਰ ਦਿੱਤੀ। ਪਰ ਦੱਖਣ ਦੇ ਕਾਂਗਰਸੀ ਆਗੂਆਂ, ਖ਼ਾਸ ਕਰਕੇ ਪੱਟਾਭੀ ਸੀਤਾਰਮਈਆ (ਜੋ 1948 'ਚ ਕਾਂਗਰਸ ਦਾ ਕੁੱਲ ਹਿੰਦ ਪ੍ਰਧਾਨ ਸੀ) ਦੇ ਦਬਾਅ ਪਾਉਣ 'ਤੇ ਕਾਂਗਰਸੀ ਹਾਕਮਾਂ ਨੂੰ, ਨਾ ਚਾਹੁੰਦਿਆਂ ਹੋਇਆਂ ਵੀ, ਦੱਖਣ ਵਿੱਚ ਭਾਸ਼ਾ ਦੇ ਆਧਾਰ 'ਤੇ ਚਾਰ ਨਵੇਂ ਰਾਜ (ਕੇਰਲਾ, ਕਰਨਾਟਕ, ਆਂਧਰਾ ਪ੍ਰਦੇਸ਼ ਤੇ ਮਹਾਂਰਾਸ਼ਟਰ) ਬਣਾਉਣ ਦੀ ਮੰਗ ਕਬੂਲ ਕਰਨੀ ਪੈ ਗਈ। ਪਰ ਕਾਂਗਰਸੀ ਹਾਕਮਾਂ ਨੇ, ਸਿੱਖਾਂ ਦੀ ਪੰਜਾਬੀ ਸੂਬੇ ਦੀ ਮੰਗ ਦਾ ਰਾਹ ਬੰਦ ਕਰਨ ਦੇ ਮਨਸ਼ੇ ਨਾਲ, ਅਪ੍ਰੈਲ 1949 ਵਿੱਚ ਕਾਂਗਰਸ ਵਰਕਿੰਗ ਕਮੇਟੀ ਵੱਲੋਂ ਇਹ ਫ਼ੈਸਲਾ ਕਰ ਮਾਰਿਆ ਕਿ ਉੱਤਰ ਵਿੱਚ ਨਾ ਕੋਈ ਨਵਾਂ ਰਾਜ ਬਣਾਇਆ ਜਾਵੇਗਾ ਅਤੇ ਨਾ ਹੀ ਰਾਜਾਂ ਦੀਆਂ ਮੌਜੂਦਾ ਹੱਦਬੰਦੀਆਂ ਅੰਦਰ ਕਿਸੇ ਕਿਸਮ ਦਾ ਫੇਰ-ਬਦਲ ਕੀਤਾ ਜਾਵੇਗਾ। ਇਥੋਂ ਤਕ ਕਿ, ਕਿਸੇ "ਤਜਵੀਜ਼ ਅੰਦਰ ਕਿੰਨਾ ਵੀ ਵਜ਼ਨ ਕਿਉਂ ਨਾ ਹੋਵੇ," ਉਸ ਨੂੰ ਕਿਸੇ ਵੀ ਸੂਰਤ ਪਰਵਾਨ ਨਹੀਂ ਕੀਤਾ ਜਾਵੇਗਾ।[16] ਬਹਾਨਾ ਇਹ ਘੜਿਆ ਗਿਆ ਕਿ ਰਾਜਾਂ ਦੇ ਪੁਨਰਗਠਨ ਨਾਲ ਦੇਸ ਦੀ ਏਕਤਾ ਕਮਜ਼ੋਰ ਪੈ ਜਾਵੇਗੀ ਤੇ ਇਸ ਦੀ ਸੁਰੱਖਿਆ ਨੂੰ ਖ਼ਤਰਾ ਖੜ੍ਹਾ ਹੋ ਜਾਵੇਗਾ।

ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬੀ ਸੂਬੇ ਦੀ ਮੰਗ ਉਠਾਉਣੀ ਸ਼ੁਰੂ ਕਰ ਦਿੱਤੀ ਹੋਈ ਸੀ। ਮਾਸਟਰ ਤਾਰਾ ਸਿੰਘ ਨੇ ਦੋ ਅਗਸਤ 1948 ਨੂੰ ਦਿੱਲੀ ਪ੍ਰੈੱਸ ਕਾਨਫ਼ਰੰਸ ਕਰਕੇ ਅਕਾਲੀ ਦਲ ਦੀ ਤਰਫ਼ੋਂ ਇਸ ਦਾ ਰਸਮੀ ਤੌਰ 'ਤੇ ਐਲਾਨ ਕਰ ਦਿੱਤਾ ਸੀ। ਅਕਾਲੀ ਆਗੂਆਂ ਦੇ ਮੂੰਹੋਂ ਇਹ ਮੰਗ ਨਿਕਲਣ ਦੀ ਦੇਰ ਸੀ ਕਿ ਪੰਜਾਬ ਦੀ ਆਰੀਆ ਸਮਾਜੀ ਪ੍ਰੈੱਸ ਨੇ ਇਸ ਵਿਰੁੱਧ ਫ਼ਿਰਕੂ ਤੂਫ਼ਾਨ ਪੈਦਾ ਕਰ ਦਿੱਤਾ। ਬੇਸ਼ੱਕ ਸਾਰੇ ਪ੍ਰਮੁੱਖ ਅਕਾਲੀ ਆਗੂ ਵਾਰ-ਵਾਰ ਇਹ ਸਫ਼ਾਈਆਂ ਦੇ ਰਹੇ ਸਨ ਕਿ ਉਹ ਪੰਜਾਬੀ ਬੋਲੀ ਦੇ ਆਧਾਰ 'ਤੇ ਪੰਜਾਬੀ ਸੂਬੇ ਦੀ ਮੰਗ ਕਰਦੇ ਹਨ, ਨਾ ਕਿ ਸਿੱਖ ਸੂਬੇ ਦੀ। ਪਰ ਹਿੰਦੂ ਪ੍ਰੈੱਸ ਉਨ੍ਹਾਂ ਦੀ ਗੱਲ ਸੁਣਨ ਨੂੰ ਤਿਆਰ ਨਹੀਂ ਸੀ (ਇਸ 'ਤੇ ਯਕੀਨ ਕਰਨਾ ਤਾਂ ਦੂਰ ਦੀ ਗੱਲ ਸੀ)। ਆਰੀਆ ਸਮਾਜੀ ਪ੍ਰੈੱਸ ਨੇ ਪੰਜਾਬੀ ਸੂਬੇ ਦੀ ਮੰਗ ਨੂੰ 'ਸਿੱਖ ਰਾਜ', 'ਸਿੱਖਸਤਾਨ', 'ਸਿੱਖ ਹੋਮਲੈਂਡ' ਤੇ 'ਖ਼ਾਲਿਸਤਾਨ' ਦੀ ਮੰਗ ਬਣਾ ਕੇ ਪੇਸ਼ ਕਰਨਾ ਸ਼ੁਰੂ

ਕਰ ਦਿੱਤਾ। ਅਕਾਲੀ ਦਲ ਵੱਲੋਂ ਚਾਲੀਵਿਆਂ 'ਚ 'ਆਜ਼ਾਦ ਪੰਜਾਬ' ਤੇ 'ਸਿੱਖ ਸਟੇਟ' ਸਬੰਧੀ ਲਏ ਫ਼ੈਸਲਿਆਂ ਦੇ, ਪ੍ਰਸੰਗ ਨਾਲੋਂ ਟੁੱਟਵੇਂ ਹਵਾਲੇ ਦੇ ਕੇ ਆਮ ਹਿੰਦੂ ਵਰਗ ਅੰਦਰ ਤੁਅੱਸਬ ਪੈਦਾ ਕਰਨ ਦੇ ਬਦਨੀਤੇ ਯਤਨ ਆਰੰਭ ਕਰ ਦਿੱਤੇ ਗਏ।[17] ਹਿੰਦੂ ਪ੍ਰੈਸ ਦਾ ਇਹ ਹਮਲਾ ਏਨਾ ਵਿਉਂਤਬੱਧ, ਏਨਾ ਵਿਆਪਕ ਅਤੇ ਏਨਾ ਜ਼ਹਿਰੀਲਾ ਸੀ ਕਿ ਸਿੱਖ ਆਗੂਆਂ ਦਾ ਆਪਣੀ ਮੰਗ ਉੱਤੇ ਜ਼ੋਰ ਦੇਣ ਨਾਲੋਂ ਸਪਸ਼ਟੀਕਰਨ ਤੇ ਸਫ਼ਾਈਆਂ ਦੇਣ ਉੱਤੇ ਵੱਧ ਸਮਾਂ ਤੇ ਸ਼ਕਤੀ ਖਰਚ ਹੁੰਦੀ ਰਹੀ।

## ਚੌਤਰਫ਼ੀ ਘੇਰਾਬੰਦੀ

ਅਸਲ ਵਿੱਚ ਸੰਨ ਸੰਤਾਲੀ ਦੇ ਬਟਵਾਰੇ ਦੌਰਾਨ ਲੁੱਟੀ-ਪੁੱਟੀ ਤੇ ਲਹੂ-ਲੁਹਾਣ ਹੋਈ ਸਿੱਖ ਕੌਮ ਨੂੰ ਕਈ ਤਰਫ਼ੋਂ ਅਤੇ ਬਹੁਤ ਹੀ ਸ਼ਕਤੀਵਾਨ ਹਮਲੇ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਬਟਵਾਰੇ ਤੋਂ ਬਾਅਦ ਪੰਜਾਬ ਅੰਦਰ ਹਿੰਦੂ ਵਰਗ ਦੀ ਭਾਰੀ ਬਹੁਸੰਮਤੀ (62 ਫ਼ੀਸਦੀ) ਬਣ ਜਾਣ ਸਦਕਾ ਪੰਜਾਬ ਪੂਰੀ ਤਰ੍ਹਾਂ ਕਾਂਗਰਸ ਪਾਰਟੀ ਦੇ ਯਮ-ਜੱਫੇ 'ਚ ਆ ਗਿਆ ਸੀ। ਪੰਜਾਬ ਅੰਦਰ ਕਾਂਗਰਸ ਪਾਰਟੀ ਨੂੰ ਆਰੀਆ ਸਮਾਜ ਦਾ ਹੀ ਰਾਜਸੀ ਵਿੰਗ ਕਿਹਾ ਜਾ ਸਕਦਾ ਸੀ ਜੋ ਪੰਜਾਬ ਦੇ ਹਿੰਦੂ ਵਪਾਰੀ ਵਰਗ ਦੀ ਸੋਚ ਤੇ ਹਿਤਾਂ ਦੀ ਤਰਜਮਾਨੀ ਕਰਦਾ ਸੀ। ਭਾਵੇਂ ਗਿਣਤੀ ਦੇ ਲਿਹਾਜ਼ ਨਾਲ ਆਪਣੇ ਆਪ 'ਚ ਇਹ ਵਰਗ ਪੰਜਾਬੀ ਵਸੋਂ ਦਾ ਇਕ ਨਿਗੂਣਾ ਭਾਗ ਹੀ ਸੀ ਪਰ ਇਸ ਵਰਗ ਦੀ ਰਾਜਨੀਤਕ ਤੇ ਸਭਿਆਚਾਰਕ ਮਾਰ, ਇਸਦੇ ਆਕਾਰ ਨਾਲੋਂ ਕਈ ਗੁਣਾ ਵੱਧ ਸੀ। ਪੰਜਾਬ ਦਾ ਸਮੁੱਚਾ ਸਵਰਨਜਾਤੀ ਹਿੰਦੂ ਤਬਕਾ ਇਸ ਬਾਣੀਆ ਵਰਗ ਦਾ ਪੱਕਾ ਯੁੱਧ-ਸਾਥੀ ਸੀ। ਸਮੁੱਚੇ 'ਗਊ ਖੇਤਰ' ਦਾ ਬ੍ਰਾਹਮਣ ਤੇ ਬਾਣੀਆ ਪੰਜਾਬੀ ਹਿੰਦੂ ਵਰਗ ਦਾ ਡਟਵਾਂ ਵਿਚਾਰਧਾਰਕ ਸੰਗੀ ਸੀ। ਸਿੱਖ ਵਿਰੋਧ ਦੇ ਮਾਮਲੇ 'ਚ, ਪੰਜਾਬੀ ਹਿੰਦੂ ਵਰਗ ਨੂੰ ਉੱਤਰੀ ਭਾਰਤ ਦੀ ਆਮ ਹਿੰਦੂ ਜਨਤਾ ਦੀ, ਖ਼ਾਸ ਕਰਕੇ ਸਵਰਨਜਾਤੀ ਤਬਕਿਆਂ ਦੀ ਪੱਕੀ ਹਮਾਇਤ ਹਾਸਲ ਸੀ। ਪੰਜਾਬ ਤੋਂ ਲੈ ਕੇ ਕੇਂਦਰ ਤਕ, ਸਭਨਾਂ ਅਹਿਮ ਖੇਤਰਾਂ ਅੰਦਰ ਤੇ ਪਦਵੀਆਂ ਉੱਤੇ, ਮੁਤੱਸਬੀ ਵਿਚਾਰਧਾਰਾ ਨੂੰ ਪਰਨਾਏ ਪੰਜਾਬੀ ਹਿੰਦੂ ਅਫ਼ਸਰਸ਼ਾਹ ਲਾਣੇ ਦੀ ਸਰਦਾਰੀ ਸੀ। ਪੰਜਾਬ ਅੰਦਰ ਪ੍ਰੈਸ ਆਰੀਆ ਸਮਾਜੀ ਤਾਕਤਾਂ ਦਾ ਪ੍ਰਮੁੱਖ ਹਥਿਆਰ ਸੀ ਜਿਸ ਦੀ ਫ਼ਿਰਕੂ ਉਦੇਸ਼ਾਂ ਲਈ ਵਰਤੋਂ ਦਾ ਉਸ ਨੂੰ ਵਿਸ਼ੇਸ਼ ਤਜਰਬਾ ਤੇ ਮੁਹਾਰਤ ਹਾਸਲ ਸੀ। ਕੁੱਲ ਹਿੰਦ ਪੱਧਰ 'ਤੇ ਕਾਂਗਰਸ ਪਾਰਟੀ ਤੇ ਹਕੂਮਤ ਅੰਦਰ ਪੰਜਾਬੀ ਹਿੰਦੂ ਵਰਗ ਦਾ ਖ਼ਾਸ ਅਸਰ-ਰਸੂਖ਼ ਸੀ ਅਤੇ ਪੰਜਾਬ ਤੇ ਸਿੱਖ ਪੰਥ ਦੇ ਸਬੰਧ 'ਚ ਨੀਤੀ-ਨਿਰਣੇ ਤੈਅ ਕਰਨ ਦੇ ਮਾਮਲੇ 'ਚ ਉਸ ਦੀ ਪੁਗਾਊ ਹੈਸੀਅਤ ਸੀ।

ਪੰਜਾਬੀ ਹਿੰਦੂ ਵਰਗ ਦੀ ਤਾਕਤ ਤੇ ਅਸਰ-ਰਸੂਖ਼ ਦੇ ਇਸ ਵਿਸ਼ਾਲ ਤਾਣੇ-ਬਾਣੇ ਅੰਦਰ ਸਿੱਖ ਕੌਮ ਚੁਫੇਰਿਉਂ ਘਿਰੀ ਤੇ ਖ਼ਤਰੇ-ਮੂੰਹ ਆਈ ਮਹਿਸੂਸ ਕਰਨ ਲੱਗੀ। ਕੁੱਲ ਹਿੰਦ ਪੱਧਰ 'ਤੇ ਕਾਂਗਰਸੀ (ਹਿੰਦੂ) ਲੀਡਰਸ਼ਿਪ, ਆਪਣੇ ਸਾਰੇ ਵਾਅਦਿਆਂ ਤੇ ਇਕਰਾਰਾਂ ਤੋਂ ਬੇਹਯਾਈ ਨਾਲ ਮੂੰਹ ਭੁੰਆ ਕੇ, ਆਜ਼ਾਦ ਭਾਰਤ ਦੇ ਸੰਵਿਧਾਨ ਅੰਦਰ ਸਿੱਖਾਂ ਦੇ ਨੁਕਤਾ-ਨਜ਼ਰ ਨੂੰ 'ਸੂਈ ਦੇ ਨੱਕੇ' ਜਿੰਨੀ ਵੀ ਜਗ੍ਹਾ ਦੇਣ ਲਈ ਤਿਆਰ ਨਹੀਂ ਸੀ। ਸਿੱਖ ਪੰਥ ਦੇ ਸਰੋਕਾਰਾਂ, ਤੌਖਲਿਆਂ ਤੇ ਮੰਗਾਂ ਨੂੰ ਨਾ ਸਿਰਫ਼ ਬੇਰੁਖ਼ੀ ਨਾਲ ਠੁਕਰਾਇਆ ਜਾ ਰਿਹਾ ਸੀ ਸਗੋਂ ਉਨ੍ਹਾਂ ਦਾ ਬਹੁਤ ਹੀ ਕਰੂਰਤਾ ਨਾਲ ਮਖ਼ੌਲ ਉਡਾਇਆ ਜਾ ਰਿਹਾ ਸੀ। (ਵਿਧਾਨਸਾਜ਼ ਅਸੰਬਲੀ ਅੰਦਰ 25 ਮਈ 1949 ਨੂੰ ਧਾਰਮਿਕ ਘੱਟਗਿਣਤੀ ਵਰਗ ਵਜੋਂ ਸਿੱਖਾਂ ਲਈ ਰਿਜ਼ਰਵੇਸ਼ਨ ਦੀ ਮੰਗ ਦੇ ਵਿਰੋਧ ਵਿੱਚ ਸਰਦਾਰ ਪਟੇਲ ਵੱਲੋਂ ਦਿੱਤਾ

ਗਿਆ ਚਿੜਚਿੜਾ ਭਾਸ਼ਣ, ਸਿੱਖ ਸੰਵੇਦਨਸ਼ੀਲਤਾ ਨੂੰ ਟਿੱਚ ਕਰਕੇ ਜਾਣਨ ਦੀ ਹੰਕਾਰੀ ਬਿਰਤੀ ਦਾ 'ਸੁੰਦਰ' ਨਮੂਨਾ ਪੇਸ਼ ਕਰਦਾ ਹੈ।)[18] ਦੂਜੇ ਹੱਥ, ਫ਼ਿਰਕੂ ਤੁਅੱਸਬਾਂ ਦੀ ਡੰਗੀ ਹੋਈ ਹਿੰਦੂ ਅਫ਼ਸਰਸ਼ਾਹੀ ਹਰ ਖੇਤਰ ਅੰਦਰ ਸਿੱਖਾਂ ਨੂੰ ਪ੍ਰੇਸ਼ਾਨ ਕਰਨ ਤੇ ਨੁਕਰੇ ਲਾਉਣ ਲਈ ਤੁਲੀ ਹੋਈ ਸੀ। ਨੌਕਰੀਆਂ ਦੀ ਭਰਤੀ ਤੋਂ ਲੈ ਕੇ ਤਰੱਕੀਆਂ ਦੇਣ ਤਕ, ਡਿਊਟੀਆਂ ਦੀ ਵੰਡ ਤੋਂ ਲੈ ਕੇ ਛੁੱਟੀਆਂ ਮਨਜ਼ੂਰ ਕਰਨ ਤਕ, ਹਰ ਖੇਤਰ ਅੰਦਰ ਸਿੱਖਾਂ ਨੂੰ ਦੁਪਿਆਰਿਆ ਤੇ ਜ਼ਲੀਲ ਕੀਤਾ ਜਾ ਰਿਹਾ ਸੀ। ਫ਼ਿਰਕੂ ਪੱਖਬਾਜ਼ੀ ਦੀ ਇਹ ਖੇਡ ਐਨੇ ਨੰਗੇ ਰੂਪ ਵਿੱਚ ਖੇਡੀ ਜਾ ਰਹੀ ਸੀ ਕਿ 'ਗਊ ਦੇ ਜਾਇਆਂ ਵਰਗੇ' ਕਾਂਗਰਸੀ ਸਿੱਖਾਂ ਨੂੰ ਵੀ ਇਸ ਵਿਰੁੱਧ ਖੁੱਲ੍ਹੇ ਬਿਆਨ ਦੇਣ ਲਈ ਮਜਬੂਰ ਹੋਣਾ ਪੈ ਰਿਹਾ ਸੀ।[19] ਪੰਜਾਬ ਦੀ ਸਮੁੱਚੀ ਹਿੰਦੂ ਪ੍ਰੈਸ (*ਹਿੰਦ ਸਮਾਚਾਰ, ਪੰਜਾਬ ਕੇਸਰੀ, ਮਿਲਾਪ, ਪਰਤਾਪ ਤੇ ਟ੍ਰਿਬਿਊਨ* ਆਦਿ) ਨੇ, ਇਸ ਸਿੱਖ ਵਿਰੋਧੀ ਫ਼ਿਰਕੂ ਜਹਾਦ ਅੰਦਰ 'ਤੋਪਖ਼ਾਨੇ' ਦੀ ਕਮਾਨ ਸੰਭਾਲ ਲਈ ਹੋਈ ਸੀ ਜਿਥੋਂ ਸ਼ਬਦਾਂ ਦੀ ਥਾਂ 'ਤੇ ਫ਼ਿਰਕੂ ਤੁਅੱਸਬਾਂ ਦਾ ਬਾਰੂਦ ਵਰਤਾਇਆ ਜਾ ਰਿਹਾ ਸੀ।

ਇਸ ਹਾਲਤ ਨੇ ਆਮ ਸਿੱਖ ਜਨਤਾ ਅਤੇ ਸਿੱਖ ਲੀਡਰਸ਼ਿਪ ਉੱਤੇ ਦੋਹਰਾ ਅਸਰ ਛੱਡਿਆ। ਜਿੱਥੇ ਇਸ ਨਾਲ ਸਿੱਖ ਭਾਈਚਾਰੇ ਤੇ ਉਸ ਦੀ ਲੀਡਰਸ਼ਿਪ ਦੇ ਕੁਝ ਹਿੱਸਿਆਂ ਅੰਦਰ ਕਾਂਗਰਸੀ ਹਾਕਮਾਂ ਵਿਰੁੱਧ ਰੋਸ ਤੇ ਗ਼ੁੱਸੇ ਦੀਆਂ ਭਾਵਨਾਵਾਂ ਪੈਦਾ ਹੋਈਆਂ, ਉਥੇ ਨਾਲ ਹੀ ਵੱਡੇ ਹਿੱਸਿਆਂ ਨੂੰ ਮਾਯੂਸੀ ਤੇ ਬੇਦਿਲੀ ਨੇ ਆਪਣੀ ਗ੍ਰਿਫ਼ਤ ਵਿੱਚ ਲੈ ਲਿਆ। ਕੌਮੀ ਚੇਤਨਾ ਤੋਂ ਸੱਖਣੀ ਸਿੱਖ ਲੀਡਰਸ਼ਿਪ ਦੇ ਵੱਡੇ ਹਿੱਸਿਆਂ ਨੂੰ ਚਾਰੇ ਪਾਸੇ ਬੇਉਮੀਦੀ ਤੇ ਹਨੇਰਾ ਪਸਰਿਆ ਦਿਖਾਈ ਦੇਣ ਲੱਗ ਪਿਆ ਅਤੇ ਉਨ੍ਹਾਂ ਅੰਦਰ ਭਾਂਜਵਾਦੀ ਰੁਚੀਆਂ (defeatist tendencies) ਭਾਰੂ ਹੋ ਗਈਆਂ। ਸਮਾਜੀ/ਰਾਜਸੀ ਲਹਿਰਾਂ ਤੇ ਸੰਗਠਨਾਂ ਨੂੰ ਅਜਿਹੀਆਂ ਹਾਲਤਾਂ ਦਾ ਅਕਸਰ ਸਾਹਮਣਾ ਕਰਨਾ ਪੈਂਦਾ ਹੈ। ਜਦ ਨਿਸ਼ਾਨੇ ਦੀ ਪ੍ਰਾਪਤੀ ਮੁਸ਼ਕਲ ਜਾਂ ਅਸੰਭਵ ਦਿਖਾਈ ਦੇਣ ਲੱਗਦੀ ਹੈ ਤਾਂ ਲਹਿਰ ਤੇ ਜਥੇਬੰਦੀ ਅੰਦਰ ਬੇਦਿਲੀ ਤੇ ਬੇਉਮੀਦੀ ਦਾ ਮਾਹੌਲ ਪਸਰ ਜਾਂਦਾ ਹੈ। ਇਸ ਦਾ ਸਭ ਤੋਂ ਗੂੜ੍ਹਾ ਇਜ਼ਹਾਰ ਲੀਡਰਸ਼ਿਪ ਅੰਦਰ ਪ੍ਰਗਟ ਹੁੰਦਾ ਹੈ ਜਿਥੇ ਕਈ ਕਿਸਮ ਦੀਆਂ ਸੋਚਾਂ ਤੇ ਰੁਝਾਨ ਆਪਸ ਵਿਚੀਂ ਉਲਝਦੇ ਤੇ ਭਿੜਦੇ ਹਨ, ਜੋ ਜਥੇਬੰਦੀ ਅੰਦਰ ਵੱਡੇ ਵਖਰੇਵਿਆਂ ਤੇ ਵਿਰੋਧਾਂ ਨੂੰ ਜਨਮ ਦੇਣ ਦਾ ਕਾਰਨ ਹੋ ਨਿਬੜਦੇ ਹਨ। ਆਮ ਨਿਯਮ ਵਜੋਂ, ਅਜਿਹੀ ਹਾਲਤ ਦੋ ਉਲਟ ਸਿਰੇ ਦੀਆਂ ਸੋਚਾਂ ਨੂੰ ਜਨਮ ਦਿੰਦੀ ਹੈ। ਨਵਾਂ ਤੇ ਨੌਜਵਾਨ ਖ਼ੂਨ, ਅਜਿਹੀ ਹਾਲਤ ਦੇ ਸਨਮੁੱਖ, ਗਰਮਾ-ਗਰਮ ਨਾਹਰਿਆਂ ਤੇ ਤੱਤ-ਭੜੱਥੀਆਂ ਕਾਰਵਾਈਆਂ ਵੱਲ ਉਲਰਦਾ ਹੈ। ਦੂਜੇ ਪਾਸੇ, ਬੇਦਿਲੀ ਤੇ ਨਿਰਾਸ਼ਾ ਦੇ ਹੱਲੇ ਹੇਠ ਆਏ ਕੁਝ ਹਿੱਸਿਆਂ ਅੰਦਰ ਗੋਡੇਟੇਕੂ ਸੋਚ ਅਤੇ ਰੁਚੀਆਂ ਜ਼ੋਰ ਫੜ ਲੈਂਦੀਆਂ ਹਨ ਅਤੇ ਉਹ ਜਾਂ ਤਾਂ ਸਰਗਰਮੀ ਤੋਂ ਲਾਂਭੇ ਹੋ ਕੇ ਆਪਣੇ ਨਿਜੀ ਕੈਰੀਅਰ ਵੱਲ ਮੂੰਹ ਕਰ ਲੈਂਦੇ ਹਨ ਅਤੇ ਜਾਂ ਦੁਸ਼ਮਣ ਧਿਰ ਨਾਲ ਲਿਫ਼ ਕੇ ਸਮਝੌਤਾ ਕਰਨ ਦੀ ਦਿਸ਼ਾ ਅਖ਼ਤਿਆਰ ਕਰ ਲੈਂਦੇ ਹਨ। ਭਾਰਤ ਦੀ ਆਜ਼ਾਦੀ ਤੋਂ ਬਾਅਦ, ਮੁੱਢਲੇ ਸਾਲਾਂ ਦੌਰਾਨ, ਸਿੱਖ ਕੌਮ ਨੂੰ ਕੁਝ ਅਜਿਹੀ ਹੀ ਸੰਕਟਮਈ ਹਾਲਤ ਦਾ ਸਾਹਮਣਾ ਕਰਨਾ ਪਿਆ।

## ਕਾਂਗਰਸੀ ਸਿੱਖ : ਇਤਿਹਾਸ ਦਾ ਇਕ ਨਾਮੁਰਾਦ ਵਰਤਾਰਾ

ਸਿੱਖ ਲੀਡਰਸ਼ਿਪ ਨੇ ਜੋ ਵਿਚਾਰਧਾਰਕ ਸੇਧ ਵੀਹਵਿਆਂ ਤੋਂ ਅਪਣਾ ਰੱਖੀ ਹੋਈ ਸੀ, ਉਸ ਨੇ ਆਜ਼ਾਦੀ ਤੋਂ ਪਹਿਲਾਂ ਹੀ ਸਿੱਖ ਕੌਮ ਨੂੰ ਹਿੰਦੂ ਵਰਗ ਦੀ ਮੁਥਾਜਗੀ ਦਾ ਸ਼ਿਕਾਰ ਬਣਾ ਦਿੱਤਾ ਹੋਇਆ ਸੀ। ਇਸ ਨੇ ਸਿੱਖ ਕੌਮ ਦੀ ਆਜ਼ਾਦੀ ਦੇ ਰਾਹ ਨੂੰ ਅਜਿਹੇ

ਤਾਲੇ ਲਗਾਅ ਦਿੱਤੇ ਸਨ ਕਿ ਸਿੱਖ ਲੀਡਰਸ਼ਿਪ ਨਾ ਤਾਂ 1947 ਵਿੱਚ ਪੈਦਾ ਹੋਏ ਸ਼ਾਨਦਾਰ ਇਤਿਹਾਸਕ ਮੌਕਾ-ਮੇਲ ਦਾ ਕੋਈ ਫ਼ਾਇਦਾ ਉਠਾ ਸਕੀ ਅਤੇ ਨਾ ਹੀ ਸੰਤਾਲੀ ਤੋਂ ਬਾਅਦ ਹਿੰਦੂ ਹਾਕਮਾਂ ਵੱਲੋਂ ਧਾਰਨ ਕੀਤੇ ਸਿੱਖ ਦੁਸ਼ਮਣ ਰਵੱਈਏ ਦੇ ਸਨਮੁੱਖ ਸਿੱਖ ਕੌਮ ਨੂੰ ਕੋਈ ਸਾਰਥਕ ਸੇਧ ਦੇਣ 'ਚ ਸਫਲ ਹੋ ਸਕੀ। ਭਾਰਤ ਦੀ ਆਜ਼ਾਦੀ ਦੇ ਸੰਗਰਾਮ ਦੌਰਾਨ 'ਨੈਸ਼ਨਲਿਸਟ' ਕਾਂਗਰਸੀ ਸਿੱਖਾਂ ਅਤੇ 'ਨੈਸ਼ਨਲਿਸਟ' ਅਕਾਲੀ ਆਗੂਆਂ ਵਿਚਕਾਰ ਕੋਈ ਵੱਡਾ ਸਿਧਾਂਤਕ ਫ਼ਰਕ ਨਹੀਂ ਸੀ ਰਿਹਾ। ਦੋਨਾਂ ਨੂੰ 'ਭਾਰਤੀ ਕੌਮਪ੍ਰਸਤੀ' ਦਾ ਇੱਕੋ ਜਿੰਨਾ ਤਾਪ ਚੜ੍ਹਿਆ ਹੋਇਆ ਸੀ। ਦੋਨੋਂ ਭਾਰਤ ਦੀ ਆਜ਼ਾਦੀ ਦੇ ਇੱਕੋ ਜਿੰਨੇ ਆਸ਼ਕ ਸਨ। 'ਮੁਸਲਿਮ ਕੌਮਵਾਦ' ਪ੍ਰਤੀ ਦੋਨਾਂ ਦੀ ਸਮਝ ਅਤੇ ਵਤੀਰੇ ਵਿੱਚ ਕੋਈ ਅੰਤਰ ਨਹੀਂ ਸੀ। ਅਰਥਾਤ ਦੋਨੋਂ ਹੀ ਬਰਾਬਰ ਦੀ ਨਿਖੇਧਾਤਮਿਕ ਪਹੁੰਚ ਰਖਦੇ ਸਨ। ਕਾਂਗਰਸ ਪਾਰਟੀ ਤੇ ਇਸ ਦੀ ਅਗਵਾਈ ਹੇਠਲੇ ਆਜ਼ਾਦੀ ਸੰਗਰਾਮ ਪ੍ਰਤੀ ਦੋਨਾਂ ਦੀ ਸਮਝ ਅਤੇ ਪਹੁੰਚ ਵਿੱਚ ਕੋਈ ਬੁਨਿਆਦੀ ਵਖਰੇਵਾਂ ਨਹੀਂ ਸੀ। ਦੋਨੋਂ ਹੀ ਕਾਂਗਰਸ ਪਾਰਟੀ ਨੂੰ ਭਾਰਤ ਦੇ ਸਭਨਾਂ ਵਰਗਾਂ ਦੀ ਸਰਬਸਾਂਝੀ, ਅਫ਼ਿਰਕੂ ਤੇ ਪ੍ਰਮੁੱਖ ਜਮਾਤ ਮੰਨ ਕੇ ਚਲਦੇ ਸਨ ਅਤੇ ਇਸ ਦੀ ਅਗਵਾਈ ਹੇਠਲੀ ਲਹਿਰ ਨੂੰ ਭਾਰਤ ਦੀ 'ਕੌਮੀ ਮੁੱਖ ਧਾਰਾ' ਵਜੋਂ ਤਸਲੀਮ ਕਰਦੇ ਸਨ। ਇਸ ਮਾਮਲੇ ਵਿੱਚ ਜੇਕਰ ਦੋਨਾਂ ਵਿਚਕਾਰ ਕੋਈ ਮੱਤਭੇਦ ਜਾਂ ਵਖਰੇਵਾਂ ਸੀ ਤਾਂ ਉਹ ਬੁਨਿਆਦੀ ਸਮਝ ਦਾ ਨਹੀਂ ਸਗੋਂ ਦੋਮ ਦਰਜੇ ਦੇ ਪੱਖਾਂ ਦਾ ਸੀ। ਸਿੱਖ ਕੌਮ ਦੇ ਮਸਲਿਆਂ ਅਤੇ ਮੰਗਾਂ ਪ੍ਰਤੀ ਵੀ ਦੋਨਾਂ ਦੀ ਸਮਝ ਅੰਦਰ ਕੋਈ ਬੁਨਿਆਦੀ ਪਾੜਾ ਨਹੀਂ ਸੀ। ਅਮਲੀ ਤੌਰ 'ਤੇ, ਦੋਨੋਂ ਹੀ, ਸਿੱਖ ਭਾਈਚਾਰੇ ਨੂੰ ਇਕ ਘੱਟਗਿਣਤੀ ਵਰਗ ਮੰਨ ਕੇ ਚੱਲਦੇ ਸਨ ਅਤੇ ਇਸ ਦੇ ਹੱਕਾਂ ਤੇ ਹਿਤਾਂ ਦੀ ਸੁਰੱਖਿਆ ਲਈ ਹਿੰਦੂ ਵਰਗ ਦੀ ਹਮਾਇਤ, ਸਦਭਾਵਨਾ ਤੇ ਦਯਾ-ਦ੍ਰਿਸ਼ਟੀ ਦਾ 'ਰੱਬੀ ਓਟ' ਵਰਗਾ ਆਸਰਾ ਤੱਕ ਕੇ ਚੱਲਦੇ ਸਨ। ਕਾਂਗਰਸੀ ਆਗੂਆਂ ਵਿੱਚ ਵਿਸ਼ਵਾਸ ਤੇ ਭਰੋਸੇ ਦੇ ਮਾਮਲੇ 'ਚ ਵੀ ਦੋਨਾਂ ਵਿੱਚ ਜੇ ਕੋਈ ਫ਼ਰਕ ਸੀ ਤਾਂ ਮਾਤਰਾ ਦਾ ਹੀ ਸੀ। ਕਾਂਗਰਸੀ ਸਿੱਖਾਂ ਦਾ ਕਾਂਗਰਸੀ ਆਗੂਆਂ ਵਿੱਚ ਭਰੋਸਾ ਤੇ ਵਿਸ਼ਵਾਸ ਥੋੜ੍ਹਾ ਵੱਧ ਸੀ। ਇਸ ਕਰਕੇ, ਉਨ੍ਹਾਂ ਨੂੰ ਕਾਂਗਰਸ ਤੋਂ ਬਾਹਰ ਰਹਿਣ ਦੀ ਬਜਾਇ ਇਸ ਦੇ ਅੰਦਰ ਰਹਿਣਾ ਵਧੇਰੇ ਬਿਹਤਰ ਲੱਗਦਾ ਸੀ। ਇਸ ਬੁਨਿਆਦੀ ਸਾਂਝ ਦੀ ਵਜ੍ਹਾ ਕਰਕੇ 'ਨੈਸ਼ਨਲਿਸਟ' ਅਕਾਲੀ ਸਫ਼ਾਂ 'ਚੋਂ ਕਾਂਗਰਸ ਪਾਰਟੀ ਵੱਲ ਨਿਕਾਸ ਦਾ ਅਮਲ ਨਿਰੰਤਰ ਚੱਲਦਾ ਆ ਰਿਹਾ ਸੀ। ਇਕ ਦਰਬਾਰਾ ਸਿੰਘ ਨੂੰ ਛੱਡ ਕੇ ਇਸ ਦੌਰ ਦਾ, ਅਜਿਹਾ ਹੋਰ ਇਕ ਵੀ ਕਾਂਗਰਸੀ ਸਿੱਖ ਨਹੀਂ ਮਿਲੇਗਾ ਜੋ ਪਹਿਲਾਂ ਅਕਾਲੀ 'ਰੰਗਰੂਟ' ਨਾ ਰਹਿ ਚੁੱਕਿਆ ਹੋਵੇ।

ਸਿੱਖ ਭਾਈਚਾਰੇ ਨੂੰ ਇਕ ਘੱਟਗਿਣਤੀ ਵਰਗ ਵਜੋਂ ਤਸੱਵਰ ਕਰਨ ਵਾਲਾ ਨਜ਼ਰੀਆ ਸਿੱਖ ਜਨਤਾ ਅੰਦਰ, ਆਮ ਰੂਪ 'ਚ, ਬੇਉਮੀਦੀ ਤੇ ਬੇਵਸੀ ਦੇ ਰੌਂਅ ਦਾ ਸੰਚਾਰ ਕਰਦਾ ਹੈ। ਸਿੱਖ ਪੰਥ ਵਰਗੀ ਇਕ ਨਿਗੂਣੀ ਘੱਟਗਿਣਤੀ, ਜਿਸ ਦਾ ਭਾਰਤ ਦੀ ਕੁੱਲ ਵਸੋਂ ਅੰਦਰ ਹਿੱਸਾ ਮੁਸ਼ਕਲ ਨਾਲ ਦੋ ਫ਼ੀਸਦੀ ਬਣਦਾ ਹੈ, ਦਾ ਭਵਿੱਖ ਕਿੰਨਾ ਕੁ ਉਜਲਾ ਹੋ ਸਕਦਾ ਹੈ ? ਅਜਿਹਾ ਸੁਆਲ ਤੇ ਭਾਵਨਾ ਸਿੱਖ ਮਨ ਉੱਤੇ ਅਚੇਤ ਰੂਪ 'ਚ ਹੀ ਢਾਹੂ ਪ੍ਰਭਾਵ ਪਾਉਂਦੀ ਹੈ। ਇਕ ਘੱਟਗਿਣਤੀ ਵਰਗ ਦੇ ਨੁਕਤਾ-ਨਜ਼ਰ ਤੋਂ ਸਿੱਖ ਕੌਮ ਦੇ ਭਵਿੱਖ ਦੀ ਬਹੁਤੀ ਆਸ਼ਾਵਾਦੀ ਤਸਵੀਰ ਨਹੀਂ ਉਭਰਦੀ। ਘੱਟਗਿਣਤੀ ਦੀ ਹੋਣੀ ਦੀ ਵਾਗਡੋਰ ਉਸ ਦੇ ਆਪਣੇ ਹੱਥਾਂ 'ਚ ਨਹੀਂ, ਬਹੁਗਿਣਤੀ ਦੇ ਹੱਥਾਂ 'ਚ ਹੁੰਦੀ ਹੈ ਜੋ ਉਸ ਨੂੰ ਜਿਵੇਂ ਚਾਹੇ ਮਰੋੜਾ ਦੇ ਸਕਦੀ ਹੈ। ਇਸ ਤਰ੍ਹਾਂ ਇਕ ਘੱਟਗਿਣਤੀ ਭਾਈਚਾਰੇ ਨੂੰ ਬਹੁਗਿਣਤੀ ਵਰਗ ਉੱਤੇ ਸਦੀਵੀਂ ਨਿਰਭਰਤਾ ਦਾ ਸਰਾਪ ਲੱਗਾ ਹੁੰਦਾ ਹੈ। ਉਹ ਲੱਖ ਚਾਹੁਣ ਦੇ ਬਾਵਜੂਦ ਇਸ ਲਾਹਨਤ ਤੋਂ ਮੁਕੰਮਲ ਰੂਪ 'ਚ ਸੁਰਖ਼ਰੂ ਨਹੀਂ ਹੋ ਸਕਦਾ।

ਲੜ ਭਿੜ ਕੇ ਅੰਸ਼ਕ ਰਾਹਤ ਹੀ ਹਾਸਲ ਕਰ ਸਕਦਾ ਹੈ। ਘੱਟਗਿਣਤੀ ਦੀ ਇਸ ਸੋਚ ਅਤੇ ਭਾਵਨਾ ਨੇ ਸਿੱਖ ਬੌਧਿਕ ਵਰਗ ਉੱਤੇ ਬਹੁਤ ਹੀ ਮਾਰੂ ਅਸਰ ਪਾਇਆ ਹੈ। ਆਪਣੀ ਬੌਧਿਕ ਲਿਆਕਤ ਤੇ ਸਮਰੱਥਾ ਨੂੰ ਸਿੱਖ ਕੌਮ ਦੀ ਆਜ਼ਾਦੀ ਤੇ ਬਿਹਤਰੀ ਦੇ ਕਾਰਜ ਦੇ ਲੇਖੇ ਲਾਉਣ ਦੀ ਬਜਾਇ, ਸਿੱਖ ਬੌਧਿਕ ਵਰਗ ਦੇ ਵੱਡੇ ਹਿੱਸਿਆਂ ਨੇ ਬਹੁਗਿਣਤੀ (ਹਿੰਦੂ) ਵਰਗ ਦੀ ਸ਼ਰਨ ਕਬੂਲ ਕਰ ਲਈ ਹੈ। ਪ੍ਰਬੰਧਕੀ ਢਾਂਚੇ ਤੋਂ ਲੈ ਕੇ ਵਿੱਦਿਆ, ਤਕਨੀਕ ਅਤੇ ਵਿਗਿਆਨ ਦੇ ਖੇਤਰ ਤਕ, ਹਰ ਜਗ੍ਹਾ, ਸਿੱਖ ਇੰਟਲੈਕਟ ਬਹੁਗਿਣਤੀ (ਹਿੰਦੂ) ਵਰਗ ਦੀ ਸੇਵਾ 'ਚ ਜੁਟਿਆ ਹੋਇਆ ਹੈ। ਕਿਤੇ ਅਚੇਤ ਰੂਪ 'ਚ ਅਤੇ ਕਿਤੇ ਸੁਚੇਤ ਪੱਧਰ 'ਤੇ। ਕੌਮੀ ਚੇਤਨਾ ਦੀ ਘਾਟ ਕਰਕੇ ਸਿੱਖ ਪੰਥ ਅੰਦਰਲੇ ਬੌਧਿਕ ਭਾਈਚਾਰੇ ਨੂੰ ਨਾ ਸਿਰਫ਼ ਆਪਣੇ ਇਸ ਰੋਲ 'ਤੇ ਕੋਈ ਗ਼ਲਾਜ਼ਤ ਨਹੀਂ ਆਉਂਦੀ ਸਗੋਂ ਇਸ ਨੂੰ ਉਹ ਉਚੇਚੇ ਮਾਣ ਵਾਲੀ ਗੱਲ ਸਮਝਦਾ ਹੈ। ਫ਼ੌਜ, ਪੁਲਸ, ਰਾਜਨੀਤੀ ਤੇ ਅਫ਼ਸਰਸ਼ਾਹੀ ਦੇ ਖੇਤਰਾਂ ਅੰਦਰ ਤਾਂ ਸਿੱਖ ਬੁੱਧੀ ਤੇ ਲਿਆਕਤ ਦਾ ਹਿੰਦੂ ਹਿਤਾਂ ਲਈ ਹੋ ਰਿਹਾ ਇਸਤੇਮਾਲ ਅੰਨ੍ਹਿਆਂ ਨੂੰ ਵੀ ਨਜ਼ਰ ਆਉਂਦਾ ਹੈ। ਇਹ ਬੌਧਿਕ ਨਿਕਾਸ ਸਿੱਖ ਕੌਮ ਦੀ ਜ਼ਿੰਦਗੀ ਨੂੰ ਦੋਹਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ। ਇਕ ਤਾਂ ਇਸ ਨਾਲ ਸਿੱਖ ਕੌਮ ਆਪਣੇ ਬੌਧਿਕ ਸਰਮਾਏ ਤੋਂ ਵਿਰਵੀ ਹੋ ਰਹੀ ਹੈ। ਦੂਜਾ, ਬਹੁਗਿਣਤੀ ਵਰਗ ਦੀ ਸੇਵਾ 'ਚ ਜੁਟਿਆ ਸਿੱਖ ਇੰਟਲੈਕਟ ਆਪਣੇ ਹੀ ਭਾਈਚਾਰੇ ਦੇ ਹਿਤਾਂ ਦੇ ਉਲਟ ਭੁਗਤ ਰਿਹਾ ਹੈ। ਇਸ ਨੂੰ ਫ਼ੌਜ, ਪੁਲਸ, ਰਾਜਨੀਤੀ ਤੇ ਅਫ਼ਸਰਸ਼ਾਹੀ ਦੇ ਮਾਮਲੇ 'ਚ ਵੱਧ ਆਸਾਨੀ ਨਾਲ ਦੇਖਿਆ ਜਾ ਸਕਦਾ ਹੈ, ਜਿਥੇ ਸਿੱਖ ਤੱਤਾਂ ਦਾ ਸਿੱਖ ਕੌਮ ਦੇ ਹੀ ਵਿਰੁੱਧ ਇਸਤੇਮਾਲ ਕਰਨ ਦੀ ਨੀਤੀ ਨੰਗੇ ਰੂਪ 'ਚ ਸਾਹਮਣੇ ਆਉਂਦੀ ਹੈ। ਇਹ ਬੌਧਿਕ ਨਿਕਾਸ ਸਿੱਖ ਰਾਜਨੀਤੀ ਨੂੰ ਇਕ ਹੋਰ ਨਾਂਹਵਾਚਕ ਪੱਖ ਤੋਂ ਪ੍ਰਭਾਵਿਤ ਕਰਦਾ ਹੈ। ਸਿੱਖ ਇੰਟਲੈਕਟ ਦੇ ਅੱਵਲ ਭਾਗ ਵੱਲੋਂ ਚੰਗੇ ਕੈਰੀਅਰ ਦੀ ਝਾਕ ਵਿੱਚ ਬਹੁਗਿਣਤੀ ਵਰਗ ਦੀ ਸੇਵਾ 'ਚ ਹਾਜ਼ਰ ਹੋ ਜਾਣ ਸਦਕਾ, ਸਿੱਖ ਰਾਜਨੀਤੀ ਨੂੰ ਖ਼ਾਸ ਤੌਰ 'ਤੇ ਬੌਧਿਕ ਗੁਰਬਤ ਦੀ ਮਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿੱਖ ਰਾਜਨੀਤੀ ਅੰਦਰ ਪੜ੍ਹੇ ਲਿਖੇ ਤੇ ਕਾਬਲ ਤੱਤਾਂ ਦੀ ਘਾਟ ਆਮ ਰੜਕਦੀ ਹੈ। ਕਈ ਸਿੱਖ ਵਿਦਵਾਨਾਂ ਨੇ ਆਪਣੀਆਂ ਲਿਖਤਾਂ ਅੰਦਰ ਇਸ 'ਤੇ ਗਹਿਰੀ ਚਿੰਤਾ ਪ੍ਰਗਟ ਕੀਤੀ ਹੈ। ਪਰ ਸਿੱਖ ਲੀਡਰਸ਼ਿਪ ਵੱਲੋਂ ਪਿਛਲੇ ਸੱਠਾਂ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਅਖ਼ਤਿਆਰ ਕੀਤੀ ਵਿਚਾਰਧਾਰਕ ਸੇਧ ਦੇ ਸਿੱਟੇ ਇਸ ਤੋਂ ਵੱਖਰੇ ਨਹੀਂ ਸਨ ਹੋ ਸਕਦੇ। ਜਿੰਨਾ ਚਿਰ ਸਿੱਖ ਬੁੱਧੀ ਦੀਆਂ ਅੱਵਲ ਪਰਤਾਂ 'ਨੈਸ਼ਨਲ ਜੀਵਨ ਅੰਦਰ ਯੋਗਦਾਨ ਪਾਉਣ' ਦੀ ਭਰਮ-ਚੇਤਨਾ ਦਾ ਸ਼ਿਕਾਰ ਹੋ ਕੇ ਇਸੇ ਤਰ੍ਹਾਂ ਆਪਣੀਆਂ ਸੇਵਾਵਾਂ ਭਾਰਤ ਦੇ ਬਹੁਗਿਣਤੀ (ਹਿੰਦੂ) ਵਰਗ ਨੂੰ ਅਰਪਣ ਕਰਦੀਆਂ ਰਹਿਣਗੀਆਂ, ਉਨਾ ਚਿਰ ਸਿੱਖ ਰਾਜਨੀਤੀ ਇਸੇ ਤਰ੍ਹਾਂ ਬੌਧਿਕ ਸੋਕੜੇ ਦੇ ਰੋਗ ਦੀ ਸ਼ਿਕਾਰ ਹੋਈ ਰਹੇਗੀ ਅਤੇ ਸਿੱਖ ਭਾਈਚਾਰਾ ਇਸੇ ਤਰ੍ਹਾਂ ਆਪਣੇ ਘੱਟ ਬੁੱਧੀਮਾਨ ਆਗੂਆਂ ਦੀਆਂ ਰਾਜਸੀ ਹਮਾਕਤਾਂ ਦਾ ਸੰਤਾਪ ਭੋਗਦਾ ਰਹੇਗਾ।

ਆਜ਼ਾਦੀ ਤੋਂ ਪਹਿਲਾਂ ਜਦ ਮੁਸਲਮਾਨ ਫ਼ਿਰਕਾ ਪੰਜਾਬ ਅੰਦਰ ਮੁੱਖ ਤਾਕਤ ਸੀ ਤਾਂ ਪ੍ਰਾਂਤਕ ਪੱਧਰ 'ਤੇ ਸਿੱਖਾਂ ਦਾ ਮੁੱਖ ਸਰੋਕਾਰ ਇਸ ਮੁਸਲਿਮ 'ਖ਼ਤਰੇ' ਵਿਰੁੱਧ ਲੜਨਾ ਸੀ। ਕਾਂਗਰਸ ਪਾਰਟੀ ਦਾ ਮੁਸਲਿਮ ਵਰਗ ਨਾਲ ਰਿਸ਼ਤਾ ਪੰਜਾਬ ਤੋਂ ਨਹੀਂ, ਉਸ ਦੀ ਕੁਲ ਹਿੰਦ ਪੱਧਰੀ ਰਾਜਨੀਤੀ ਦੇ ਤਕਾਜ਼ਿਆਂ ਤੋਂ ਨਿਰਧਾਰਤ ਹੁੰਦਾ ਸੀ। ਇਸ ਨਾਲ ਕਈ ਵੇਰਾਂ ਅਕਾਲੀ ਤੇ ਕਾਂਗਰਸੀ ਰਾਜਨੀਤੀ ਵਿਚਕਾਰ ਝਗੜਾ ਤੇ ਵਿਰੋਧ ਖੜਾ ਹੋ ਜਾਂਦਾ ਰਿਹਾ। ਅਕਾਲੀ ਆਗੂ ਮੁਸਲਿਮ ਵਰਗ ਖ਼ਿਲਾਫ਼ ਜਿੰਨੀ ਤਿੱਖੀ ਤੇ ਅਡੋਲ ਲੜਾਈ ਦੀ ਮੰਗ ਕਰਦੇ ਸਨ, ਕਾਂਗਰਸ ਪਾਰਟੀ, ਕਈ ਵੇਰਾਂ, ਆਪਣੀਆਂ ਸਮੁੱਚੀਆਂ ਰਾਜਸੀ

ਗਿਣਤੀਆਂ-ਮਿਣਤੀਆਂ 'ਚੋਂ, ਅਕਾਲੀ ਆਗੂਆਂ ਦੀ ਇਸ ਮੰਗ ਦਾ ਪੂਰਾ ਡਟਵਾਂ ਹੁੰਗਾਰਾ ਭਰਨ 'ਚ ਅਸਮਰਥ ਹੋ ਜਾਂਦੀ ਸੀ। ਦੂਜੀ ਵੱਡੀ ਜੰਗ ਦੌਰਾਨ ਬਰਤਾਨਵੀ ਹਕੂਮਤ ਦੀਆਂ ਜੰਗੀ ਤਿਆਰੀਆਂ ਤੇ ਲੋੜਾਂ ਪ੍ਰਤੀ ਪਹੁੰਚ ਦੇ ਮਾਮਲੇ 'ਚ ਕਾਂਗਰਸੀ ਤੇ ਅਕਾਲੀ ਆਗੂਆਂ ਵਿਚਕਾਰ ਪਰਗਟ ਹੋਏ ਵੱਡੇ ਵਿਰੋਧਾਂ ਪਿੱਛੇ ਇਸ ਮੁਸਲਿਮ ਫ਼ੈਕਟਰ ਦਾ ਅਹਿਮ ਰੋਲ ਸੀ। ਅਕਾਲੀ ਆਗੂ ਪੰਜਾਬ ਅੰਦਰ ਮੁਸਲਿਮ ਖ਼ਤਰੇ ਨਾਲ ਮੜਿਕਣ ਲਈ ਬਰਤਾਨਵੀ ਹਕੂਮਤ ਦੀਆਂ ਜੰਗੀ ਤਿਆਰੀਆਂ ਵਿੱਚ ਹੱਥ ਵਟਾਉਣ ਦੀ ਨੀਤੀ ਵੱਲ ਉਲਰ ਗਏ ਸਨ। ਉਹ ਸਿੱਖਾਂ ਦੇ ਵੱਧ ਤੋਂ ਵੱਧ ਹਿੱਸਿਆਂ ਨੂੰ ਫ਼ੌਜ ਅੰਦਰ ਭਰਤੀ ਕਰਵਾ ਕੇ ਸਿੱਖ ਕੌਮ ਦੀ 'ਹਥਿਆਰਬੰਦ ਤਾਕਤ' ਵਿੱਚ ਵਾਧਾ ਕਰਨ ਦੀਆਂ ਯੁੱਧਨੀਤਕ ਵਿਉਂਤਾਂ ਉੱਤੇ ਅਮਲ ਕਰ ਰਹੇ ਸਨ।[20] ਕਾਂਗਰਸੀ ਆਗੂਆਂ ਦੀ, ਖ਼ਾਸ ਕਰਕੇ ਗਾਂਧੀ ਦੀ ਇਸ ਮਾਮਲੇ ਵਿਚ ਅਕਾਲੀ ਆਗੂਆਂ ਨਾਲ ਮੱਤ ਨਹੀਂ ਸੀ ਮਿਲਦੀ। ਬਾਅਦ ਵਿੱਚ ਕਰਿਪਸ ਤਜਵੀਜ਼ਾਂ (1942) ਦੇ ਸਬੰਧ ਵਿੱਚ ਵੀ ਅਕਾਲੀ ਤੇ ਕਾਂਗਰਸੀ ਆਗੂਆਂ ਵਿਚਕਾਰ ਪੈਦਾ ਹੋਏ ਮੱਤਭੇਦਾਂ ਅੰਦਰ ਮੁੱਖ ਮਸਲਾ ਫਿਰ ਮੁਸਲਿਮ ਵਰਗ ਪ੍ਰਤੀ ਰਵੱਈਏ ਦਾ ਹੀ ਸੀ। ਆਜ਼ਾਦੀ ਤੋਂ ਬਾਅਦ ਪੰਜਾਬ ਦੇ ਬਟਵਾਰੇ ਤੇ ਅਬਾਦੀ ਦੇ ਤਬਾਦਲੇ ਨਾਲ ਹਾਲਤ ਅੰਦਰ ਇਕ ਸਿਫ਼ਤੀ ਤਬਦੀਲੀ ਆ ਗਈ। ਕਾਂਗਰਸ ਤੇ ਅਕਾਲੀ ਰਿਸ਼ਤੇ ਨੂੰ ਪ੍ਰਭਾਵਿਤ ਕਰਨ ਵਾਲਾ ਮੁਸਲਿਮ ਫ਼ੈਕਟਰ ਗ਼ਾਇਬ ਹੋ ਗਿਆ। 'ਨੈਸ਼ਨਲ ਨਿਸ਼ਾਨਿਆਂ' ਬਾਰੇ ਦੋਨਾਂ ਪਾਰਟੀਆਂ ਵਿਚਕਾਰ ਕੋਈ ਬੁਨਿਆਦੀ ਝਗੜਾ ਨਹੀਂ ਸੀ। ਇਸ ਕਰਕੇ ਆਮ ਮੱਤ ਅਨੁਸਾਰ, ਅਕਾਲੀ ਦਲ ਦਾ ਵੱਖਰਾ ਵਜੂਦ ਕਾਇਮ ਰੱਖਣ ਦੀ ਕੋਈ ਵੱਡੀ ਰਾਜਨੀਤਕ ਵਜ੍ਹਾ ਨਹੀਂ ਸੀ ਰਹਿ ਗਈ। 'ਨੈਸ਼ਨਲਿਸਟ' ਨਜ਼ਰੀਆ ਵੈਸੇ ਵੀ ਅਕਾਲੀ ਦਲ ਵਰਗੀਆਂ ਸਥਾਨਕ ਤੇ ਧਰਮ-ਆਧਾਰਤ ਤਾਕਤਾਂ ਨੂੰ ਸਹਿਣ ਨਹੀਂ ਸੀ ਕਰਦਾ।

ਬਰਤਾਨਵੀ ਰਾਜ ਵਿਰੁੱਧ ਆਜ਼ਾਦੀ ਦੀ ਜਦੋਜਹਿਦ ਦੌਰਾਨ ਅਜਿਹੀਆਂ ਤਾਕਤਾਂ ਨੂੰ ਸਹਿਣ ਕਰਨਾ ਉਸ ਦੀ ਮਜਬੂਰੀ ਸੀ ਜੋ ਆਜ਼ਾਦੀ ਮਿਲ ਜਾਣ ਦੇ ਨਾਲ ਹੀ ਖ਼ਤਮ ਹੋ ਗਈ ਸੀ। ਵੰਡ ਤੋਂ ਬਾਅਦ ਪੰਜਾਬ ਅੰਦਰ ਅਲੱਗ-ਅਲੱਗ ਫ਼ਿਰਕਿਆਂ ਦੀ ਵਸੋਂ ਅਤੇ ਤਾਕਤ ਦੀ ਜੋ ਸਮੀਕਰਨ ਸਾਹਮਣੇ ਆਈ, ਉਸ ਨਾਲ ਕਾਂਗਰਸ ਪਾਰਟੀ ਰਾਜ ਅੰਦਰ ਪ੍ਰਮੁੱਖ ਰਾਜਸੀ ਦਲ ਵਜੋਂ ਉਭਰ ਕੇ ਸਾਹਮਣੇ ਆਈ। ਰਾਜ ਅੰਦਰ ਹਿੰਦੂ ਵਰਗ ਦੀ ਭਾਰੂ ਬਹੁਗਿਣਤੀ ਅਕਾਲੀ ਪਾਰਟੀ ਦੇ ਰਾਜਸੀ ਮੁਕੱਦਰ ਉੱਤੇ ਆਪਣਾ ਕਾਲਾ ਪਰਛਾਵਾਂ ਛੱਡ ਰਹੀ ਸੀ। ਕਾਂਗਰਸ ਪਾਰਟੀ ਨੂੰ ਪੰਜਾਬ ਅੰਦਰ ਅਕਾਲੀ ਦਲ ਨਾਲ ਰਾਜਸੀ ਗੱਠਜੋੜ ਦੀ ਨਾ ਕੋਈ ਲੋੜ ਸੀ ਤੇ ਨਾ ਮਜਬੂਰੀ। ਅਕਾਲੀ ਦਲ ਵੱਲੋਂ ਨਿਰੋਲ ਆਪਣੇ ਬਲਬੂਤੇ ਪੰਜਾਬ ਅੰਦਰ ਹਕੂਮਤੀ ਤਾਕਤ ਵਿੱਚ ਆਉਣ ਦੀ ਕੋਈ ਦੂਰ ਦੀ ਸੰਭਾਵਨਾ ਵੀ ਨਜ਼ਰ ਨਹੀਂ ਸੀ ਆਉਂਦੀ। ਇਸ ਦੀ ਕੋਈ ਸੰਭਾਵਨਾ ਤਾਂ ਹੀ ਬਣ ਸਕਦੀ ਸੀ ਜੇਕਰ ਅਕਾਲੀ ਦਲ ਦੀ ਮੰਗ ਤੇ ਇੱਛਾ ਅਨੁਸਾਰ ਪੰਜਾਬ ਦੀ, ਬੋਲੀ ਦੇ ਆਧਾਰ 'ਤੇ ਨਵੇਂ ਸਿਰਿਉਂ ਹੱਦਬੰਦੀ ਕਰ ਦਿੱਤੀ ਜਾਂਦੀ। ਪ੍ਰੰਤੂ ਕਾਂਗਰਸੀ ਆਗੂ ਪੰਜਾਬੀ ਹਿੰਦੂ ਵਰਗ ਦੀ ਇੱਛਾ ਦੇ ਉਲਟ ਅਜਿਹਾ ਕਦਮ ਚੁੱਕਣ ਲਈ ਹਰਗਿਜ਼ ਤਿਆਰ ਨਹੀਂ ਸਨ। ਇਸ ਨਾਲ, ਸੁਭਾਵਿਕ ਹੀ ਅਕਾਲੀ ਲੀਡਰਸ਼ਿਪ ਦੀਆਂ ਸਫ਼ਾਂ ਅੰਦਰ ਮਾਯੂਸੀ ਤੇ ਨਿਰਾਸ਼ਤਾ ਫੈਲਣੀ ਸ਼ੁਰੂ ਹੋ ਗਈ। ਭਾਵੇਂ ਇਸ ਦਾ ਆਮ ਪ੍ਰਭਾਵ ਸਾਰੀ ਅਕਾਲੀ ਲੀਡਰਸ਼ਿਪ ਉੱਤੇ ਹੀ ਪਿਆ ਪਰ ਅਕਾਲੀ ਲੀਡਰਸ਼ਿਪ ਦੇ ਜਿਹੜੇ ਹਿੱਸਿਆਂ ਉੱਤੇ ਹਕੂਮਤੀ ਤਾਕਤ ਦੀ ਲਲਕ ਜ਼ਿਆਦਾ ਹਾਵੀ ਹੋ ਚੁੱਕੀ ਸੀ ਅਤੇ ਜੋ ਧੀਰਜ ਗੁਆ ਚੁੱਕੇ ਸਨ, ਉਨ੍ਹਾਂ ਅੰਦਰ ਅਕਾਲੀ ਦਲ ਨੂੰ ਛੱਡ ਕੇ ਕਾਂਗਰਸ ਅੰਦਰ ਜਾ ਰਲਣ ਦੀ ਸੋਚ ਤੇ ਰੁਚੀ ਏਨਾ ਜ਼ੋਰ ਫੜ ਗਈ ਕਿ ਅਕਾਲੀ ਲੀਡਰਸ਼ਿਪ ਲਈ ਇਸ ਦੀ ਰੋਕਥਾਮ ਕਰਨੀ ਨਾ ਸਿਰਫ਼ ਮੁਸ਼ਕਲ ਸਗੋਂ

ਨਾਮੁਮਕਿਨ ਹੋ ਕੇ ਰਹਿ ਗਈ। ਜਥੇਦਾਰ ਊਧਮ ਸਿੰਘ ਨਾਗੋਕੇ ਦਾ 1948 ਦੇ ਸ਼ੁਰੂ ਵਿੱਚ ਹੀ ਮਾਸਟਰ ਤਾਰਾ ਸਿੰਘ ਨੂੰ ਇਹ ਕਹਿਣਾ ਕਿ "ਹੁਣ ਸਾਂਝਾ ਚੁਣਾਉ (ਜਾਇੰਟ ਇਲੈਕਟੋਰੇਟ) ਹੋ ਗਿਆ ਹੈ ਤੇ ਕਾਂਗਰਸ ਦੇ ਟਿਕਟ ਬਿਨਾਂ ਸਾਡਾ ਕੋਈ ਆਦਮੀ ਅਸੰਬਲੀ ਚੋਣ ਵਿੱਚ ਕਾਮਯਾਬ ਨਹੀਂ ਹੋਣਾ"[21]; ਅਤੇ ਇਸੇ ਹੀ ਮੌਕੇ ਗਿਆਨੀ ਕਰਤਾਰ ਸਿੰਘ ਵੱਲੋਂ ਵਰਕਿੰਗ ਕਮੇਟੀ ਨਾਲ ਵਿਚਾਰ ਕੀਤੇ ਬਿਨਾਂ ਹੀ ਅਕਾਲੀ ਦਲ ਦੇ ਪ੍ਰਧਾਨ ਦੀ ਹੈਸੀਅਤ ਵਿੱਚ ਜਲੰਧਰ ਵਿਖੇ ਇਕ ਪ੍ਰੈਸ ਕਾਨਫ਼ਰੰਸ ਕਰਕੇ ਇਹ ਐਲਾਨ ਕਰ ਦੇਣਾ ਕਿ "ਸਿੱਖ ਕਿਸੇ ਵੀ ਫ਼ਿਰਕੂ ਚੋਣ ਹਲਕੇ ਦੀ ਮੰਗ ਨਹੀਂ ਕਰਨਗੇ ਅਤੇ ਹੁਣ ਕਾਂਗਰਸ ਨਾਲ ਮਿਲ ਕੇ ਇਸ ਨੂੰ ਪੂਰਨ ਹਮਾਇਤ ਦੇਣਗੇ"[22], ਅਕਾਲੀ ਲੀਡਰਸ਼ਿਪ ਦੇ ਵੱਡੇ ਹਿੱਸੇ ਦੀ ਸੋਚ ਤੇ ਮਨੋ-ਦਸ਼ਾ ਦੀ ਅੰਦਰਲੀ ਤਸਵੀਰ ਪ੍ਰਗਟ ਕਰਦਾ ਸੀ। ਜਥੇਦਾਰ ਊਧਮ ਸਿੰਘ ਨਾਗੋਕੇ ਸਮੇਤ ਅਕਾਲੀ ਦਲ ਦੇ ਦੋ ਹੋਰ ਪ੍ਰਮੁੱਖ ਵਿਧਾਇਕ (ਸ: ਈਸ਼ਰ ਸਿੰਘ ਮਝੈਲ ਤੇ ਸਵਰਨ ਸਿੰਘ) ਛੇਤੀ ਹੀ ਕਾਂਗਰਸ ਵਿੱਚ ਜਾ ਰਲੇ। ਹਾਲਤ ਦੇ ਇਸ ਦਬਾਅ ਹੇਠ, ਅਖ਼ੀਰ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 16 ਮਾਰਚ, 1948 ਨੂੰ ਆਪਣੇ ਸਾਰੇ ਵਿਧਾਇਕਾਂ ਨੂੰ ਇਹ ਆਦੇਸ਼ ਜਾਰੀ ਕਰ ਦਿੱਤਾ ਕਿ ਉਹ ਸਮੂਹਕ ਰੂਪ ਵਿੱਚ ਕਾਂਗਰਸ ਵਿਧਾਇਕ ਦਲ ਵਿੱਚ ਸ਼ਾਮਿਲ ਹੋ ਜਾਣ ਤਾਂ ਜੋ ਭਾਰਤ ਅੰਦਰ "ਧਰਮ ਨਿਰਪੱਖ ਤਾਕਤਾਂ ਨੂੰ ਤਕੜਿਆਂ ਕੀਤਾ ਜਾ ਸਕੇ।"[23] ਅਕਾਲੀ ਦਲ ਨੇ ਆਪਣੀਆਂ ਸਰਗਰਮੀਆਂ ਨੂੰ ਸਿਰਫ਼ ਧਾਰਮਿਕ ਤੇ ਸਭਿਆਚਾਰਕ ਖੇਤਰ ਤਕ ਸੀਮਤ ਰੱਖਣ ਦਾ ਨਿਰਣਾ ਲੈ ਲਿਆ।

ਅਕਾਲੀ ਲੀਡਰਸ਼ਿਪ ਦੇ ਕੁਝ ਹਿੱਸਿਆਂ ਅੰਦਰ ਪੰਥਕ ਹਿਤਾਂ ਨੂੰ ਛੱਡ ਕੇ ਵਜ਼ਾਰਤੀ ਕੁਰਸੀਆਂ ਵੱਲ ਦੌੜਨ ਦੀ ਪੈਦਾ ਹੋਈ ਇਹ ਕਰੁਚੀ ਕੋਈ ਮਾਮੂਲੀ ਗੱਲ ਨਹੀਂ ਸੀ। ਇਹ ਇਕ ਗੰਭੀਰ ਰਾਜਨੀਤਕ ਮਰਜ਼ ਦੇ ਮੁਢਲੇ ਲੱਛਣਾਂ ਦਾ ਇਜ਼ਹਾਰ ਸੀ ਜਿਸ ਨੇ ਬਾਅਦ ਵਿੱਚ ਜਾ ਕੇ ਇਕ 'ਮਹਾਂਮਾਰੀ' ਦਾ ਰੂਪ ਧਾਰਨ ਕਰ ਲਿਆ ਅਤੇ ਅਕਾਲੀ ਦਲ ਦੀ ਰੂਹ ਅਤੇ ਕਾਇਆ, ਦੋਹਾਂ ਨੂੰ ਹੀ ਭਰਿਸ਼ਟ ਕਰਕੇ ਰੱਖ ਦਿੱਤਾ।

ਪ੍ਰਾਪਤੀ ਦੀ ਇੱਛਾ ਮਨੁੱਖ ਦੀਆਂ ਮੂਲ ਪ੍ਰਵਿਰਤੀਆਂ 'ਚੋਂ ਇਕ ਹੈ। ਰਾਜਨੀਤਕ ਵਿਅਕਤੀਆਂ ਅੰਦਰ ਇਸ ਇੱਛਾ ਦਾ ਆਮ ਨਾਲੋਂ ਥੋੜਾ ਵੱਧ ਹੋਣਾ ਸੁਭਾਵਕ ਹੈ। ਜਿਹੜੇ ਰਾਜਨੀਤਕ ਦਲ ਕਿਸੇ ਆਦਰਸ਼ ਜਾਂ ਵਿਚਾਰਧਾਰਾ ਨੂੰ ਪਰਣਾਏ ਹੁੰਦੇ ਹਨ, ਉਨ੍ਹਾਂ ਨਾਲ ਜੁੜੇ ਵਿਅਕਤੀ ਵੀ ਪ੍ਰਾਪਤੀ ਦੀ ਲਾਲਸਾ ਤੋਂ ਸੁਰਖ਼ਰੂ ਨਹੀਂ ਹੁੰਦੇ। ਅਜਿਹੇ ਵਿਅਕਤੀ ਬਹੁਤ ਥੋੜੇ ਹੁੰਦੇ ਹਨ ਜੋ ਨਿਰੀ ਨੈਤਿਕ ਪ੍ਰੇਰਨਾ ਆਸਰੇ ਕੰਮ ਕਰਦੇ ਹਨ। ਆਮ ਵਿਅਕਤੀ ਦਾ ਅਮਲ ਹਮੇਸ਼ਾ ਕਿਸੇ ਮਾਦੀ ਉਤਸ਼ਾਹ ਤੋਂ ਪ੍ਰਭਾਵਿਤ ਹੁੰਦਾ ਹੈ। ਰਾਜਸੀ ਸਰਗਰਮੀ ਦੇ ਖੇਤਰ ਅੰਦਰ ਪ੍ਰਾਪਤੀ ਦੀ ਲਾਲਸਾ ਕਈ ਰੂਪਾਂ 'ਚ ਪ੍ਰਗਟ ਹੁੰਦੀ ਹੈ। ਅਹੁਦੇ, ਮਾਨਤਾ ਤੇ ਸ਼ੋਹਰਤ ਦੀ ਇੱਛਾ ਇਸ ਦੇ ਆਮ ਤੇ ਸੁਭਾਵਿਕ ਰੂਪ ਕਹੇ ਜਾ ਸਕਦੇ ਹਨ। ਹਰ ਮੂਲ ਮਨੁੱਖੀ ਪ੍ਰਵਿਰਤੀ ਵਾਂਗ, ਪ੍ਰਾਪਤੀ ਦੀ ਇਹ ਇੱਛਾ ਵੀ ਅਲੱਗ-ਅਲੱਗ ਲੋਕਾਂ ਅੰਦਰ ਅਲੱਗ-ਅਲੱਗ ਮਾਤਰਾ ਵਿੱਚ ਆਪਣਾ ਅਸਰ ਦਿਖਾਉਂਦੀ ਹੈ। ਕਈਆਂ ਦੇ ਰਾਜਸੀ ਅਮਲ ਦਾ ਪ੍ਰਧਾਨ ਪੱਖ ਉਨ੍ਹਾਂ ਦੀ ਨੈਤਿਕ ਵਚਨਬੱਧਤਾ ਹੁੰਦੀ ਹੈ। ਇਹ ਗੱਲ ਨਹੀਂ ਕਿ ਉਨ੍ਹਾਂ ਅੰਦਰ ਪ੍ਰਾਪਤੀ ਦੀ ਲਾਲਸਾ ਉੱਕਾ ਹੀ ਗ਼ਾਇਬ ਹੁੰਦੀ ਹੈ, ਜਾਂ ਉਨ੍ਹਾਂ ਅੰਦਰ ਅਹੁਦੇ, ਮਾਨਤਾ ਤੇ ਸ਼ੋਹਰਤ ਦੀ ਉੱਕਾ ਹੀ ਕੋਈ ਚਾਹ ਨਹੀਂ ਹੁੰਦੀ। ਅਜਿਹੇ ਆਤਮਤਿਆਗੀ 'ਮੱਠਾਂ' ਵਿੱਚ ਭਾਵੇਂ ਮਿਲ ਜਾਣ, ਰਾਜਸੀ ਸੰਗਠਨਾਂ ਵਿੱਚ ਨਹੀਂ ਮਿਲ ਸਕਦੇ। ਅਸਲ ਵਿੱਚ ਆਤਮ-ਤਿਆਗ ਤੇ ਰਾਜਨੀਤੀ ਦਾ ਕੋਈ ਸੁਰਮੇਲ ਨਹੀਂ। ਆਮ ਰਾਜਨੀਤੀ ਦੀ ਗੱਲ ਕਰਨੀ ਹੋਵੇ ਤਾਂ ਇਹ ਹੈ ਹੀ ਸਵੈ-ਪੂਰਤੀ ਦਾ ਸਾਧਨ। ਭਾਵੇਂ ਇਹ ਬਿਆਨ ਕਿਸੇ ਆਦਰਸ਼ ਜਾਂ ਵਿਚਾਰਧਾਰਾ ਨੂੰ ਪਰਣਾਈ ਰਾਜਨੀਤੀ ਬਾਰੇ ਪੂਰਨ ਰੂਪ 'ਚ ਸਹੀ ਨਹੀਂ

ਮੰਨਿਆ ਜਾ ਸਕਦਾ। ਪਰ ਫਿਰ ਵੀ, ਅਜਿਹੀ ਆਦਰਸ਼-ਪ੍ਰੇਰਿਤ ਰਾਜਨੀਤੀ ਅੰਦਰ ਵੀ ਮਾਦੀ ਪ੍ਰੇਰਨਾ ਦਾ ਪੱਖ ਉੱਕਾ ਹੀ ਅਲੋਪ ਨਹੀਂ ਹੋ ਜਾਂਦਾ। ਮਸਲਾ ਇਹ ਹੈ ਕਿ ਦੋਨਾਂ 'ਚੋਂ ਪ੍ਰਧਾਨ ਪੱਖ ਕਿਹੜਾ ਹੈ। ਆਮ ਤੌਰ 'ਤੇ ਆਦਰਸ਼-ਪ੍ਰੇਰਿਤ ਰਾਜਨੀਤੀ ਅੰਦਰ, ਖ਼ਾਸ ਕਰਕੇ ਇਸ ਦੇ ਜੋਬਨਸ਼ਾਲੀ ਦੌਰ ਵਿੱਚ, ਜ਼ਿਆਦਾਤਰ ਲੋਕਾਂ ਦੇ ਰਾਜਸੀ ਵਿਹਾਰ ਦਾ ਪ੍ਰਧਾਨ ਪੱਖ ਉਨ੍ਹਾਂ ਦੀ ਨੈਤਿਕ ਵਚਨਬੱਧਤਾ ਹੁੰਦੀ ਹੈ। ਉਹ ਪ੍ਰਾਪਤੀ ਦੀ ਲਾਲਸਾ ਤੋਂ ਪੂਰਨ ਰੂਪ 'ਚ ਸੁਰਖ਼ਰੂ ਨਹੀਂ ਹੁੰਦੇ। ਨਾ ਹੋ ਸਕਦੇ ਹਨ ਕਿਉਂਕਿ ਉਹ ਰਾਜਨੀਤੀਵਾਨ ਹਨ, ਫ਼ਕੀਰ ਨਹੀਂ। ਪਰ ਪ੍ਰਾਪਤੀ ਦੀ ਲਾਲਸਾ ਉਨ੍ਹਾਂ ਦੇ ਰਾਜਸੀ ਅਮਲ ਦਾ ਗੌਣ ਪੱਖ ਹੁੰਦਾ ਹੈ, ਪ੍ਰਧਾਨ ਨਹੀਂ। ਆਦਰਸ਼-ਪ੍ਰੇਰਿਤ ਰਾਜਨੀਤੀ ਦਾ ਇਹ ਅਹਿਮ ਪੱਖ ਹੈ ਜੋ ਉਸ ਨੂੰ ਆਮ ਰਾਜਨੀਤੀ ਨਾਲੋਂ ਨਿਖੇੜਦਾ ਹੈ। ਪਰ ਆਦਰਸ਼-ਪ੍ਰੇਰਿਤ ਰਾਜਨੀਤੀ ਤੇ ਇਸ ਨਾਲ ਜੁੜੇ ਲੋਕ, ਦੋਨੋਂ ਹੀ ਕੋਈ ਸਦਾ-ਸਥਿਰ ਸ਼ੈਆਂ ਨਹੀਂ ਹਨ। ਇਨ੍ਹਾਂ ਉੱਤੇ ਵੀ ਤਬਦੀਲੀ ਦਾ ਸਰਬਵਿਆਪਕ ਨਿਯਮ ਬਰਾਬਰ ਲਾਗੂ ਹੁੰਦਾ ਹੈ। ਇਹ ਵੀ ਜੋਬਨ ਤੇ ਬੁਢਾਪੇ ਦਾ ਅਮਲ ਹੰਢਾਉਂਦੇ ਹਨ। ਆਦਰਸ਼-ਪ੍ਰੇਰਿਤ ਰਾਜਨੀਤੀ ਦੀ ਜੋ ਆਭਾ ਇਸ ਦੇ ਜ਼ੋਬਨਸ਼ਾਲੀ ਦੌਰ ਵਿੱਚ ਦੇਖਣ ਨੂੰ ਮਿਲਦੀ ਹੈ, ਸਮੇਂ ਨਾਲ ਉਸ ਦਾ ਰੰਗ ਮੱਧਮ ਹੁੰਦਾ ਚਲਾ ਜਾਂਦਾ ਹੈ ਜੋ ਢਲਦੀ ਉਮਰੇ ਜਾ ਕੇ ਉੱਕਾ ਹੀ ਘਸਮੈਲਾ ਪੈ ਜਾਂਦਾ ਹੈ। ਇਹੋ ਗੱਲ ਵਿਅਕਤੀਆਂ 'ਤੇ ਲਾਗੂ ਹੁੰਦੀ ਹੈ। ਇਕ ਮੌਕੇ ਆਦਰਸ਼ਾਂ ਲਈ ਮਰ ਮਿਟਣ ਵਾਲੇ ਲੋਕ, ਹੌਲੀ-ਹੌਲੀ, ਸਮੇਂ ਦੀ ਘਸਾਈ ਨਾਲ, ਨਾ ਸਿਰਫ਼ ਆਮ ਵਿਅਕਤੀਆਂ ਦੀ ਪੱਧਰ 'ਤੇ ਆ ਟਿਕਦੇ ਹਨ ਸਗੋਂ ਉਨ੍ਹਾਂ ਵਿੱਚੋਂ ਕਈ ਤਾਂ, ਲੋਭ ਤੇ ਲਾਲਚ ਆਦਿ ਦੇ ਮਾਮਲੇ 'ਚ ਆਮ ਵਿਅਕਤੀਆਂ ਨਾਲੋਂ ਵੀ ਕਿਤੇ ਹੇਠਾਂ ਜਾ ਡਿਗਦੇ ਹਨ।

ਆਜ਼ਾਦੀ ਤੋਂ ਫ਼ੌਰਨ ਬਾਅਦ ਅਕਾਲੀ ਲੀਡਰਸ਼ਿਪ ਦੇ ਵੱਡੇ ਹਿੱਸਿਆਂ ਅੰਦਰ ਕਾਂਗਰਸ ਵਿੱਚ ਰਲਣ ਲਈ ਉਠਿਆ ਡੌਅ ਅਕਾਲੀ ਰਾਜਨੀਤੀ ਦੇ ਪਤਨ ਦੀ ਪੂਰਵ ਚਿਤਾਵਨੀ ਸੀ। ਅਕਾਲੀ ਦਲ ਕੋਈ ਸਾਧਾਰਨ ਰਾਜਸੀ ਸੰਗਠਨ ਨਹੀਂ ਸੀ। ਨਾ ਹੀ ਅਕਾਲੀ ਰਾਜਨੀਤੀ ਕੋਈ ਮਨਪ੍ਰਚਾਵੇ ਦੀ ਖੇਡ ਸੀ। ਸ਼੍ਰੋਮਣੀ ਅਕਾਲੀ ਦਲ ਸਿੱਖ ਕੌਮ ਦੇ ਹੱਕਾਂ/ਹਿਤਾਂ ਦੀ ਰਾਖੀ ਤੇ ਵਧਾਰੇ ਲਈ ਸੰਘਰਸ਼ ਦਾ ਝੰਡਾ ਬੁਲੰਦ ਕਰਨ ਵਾਲੀ ਸਿੱਖਾਂ ਦੀ ਸਿਰਮੌਰ ਕੌਮੀ ਜਥੇਬੰਦੀ ਸੀ ਜੋ ਖ਼ੁਦ ਸੰਘਰਸ਼ ਦੀ ਕੁੱਖ 'ਚੋਂ ਜਨਮੀ ਤੇ ਸੰਘਰਸ਼ ਦੇ ਮੈਦਾਨਾਂ ਵਿੱਚ ਹੀ ਪਲੀ ਤੇ ਪ੍ਰਵਾਨ ਚੜ੍ਹੀ ਸੀ। ਅਕਾਲੀ ਲੀਡਰਸ਼ਿਪ ਦਾ ਜੋ ਪਲੇਠਾ ਪੂਰ ਉਭਰ ਕੇ ਅੱਗੇ ਆਇਆ, ਉਸ 'ਚੋਂ ਇੱਕਾ-ਦੁੱਕਾ ਵਿਅਕਤੀਆਂ ਨੂੰ ਛੱਡ ਕੇ ਬਾਕੀ ਦਿਆਂ ਬਾਰੇ ਇਹ ਕਹਿਣਾ (ਜਾਂ ਸੋਚਣਾ) ਕਿ ਉਹ ਕਿਸੇ ਅਹੁਦੇ, ਦੌਲਤ ਜਾਂ ਸ਼ੋਹਰਤ ਦੀ ਪ੍ਰਾਪਤੀ ਦੇ ਨਿਸ਼ਾਨੇ ਨੂੰ ਮੁੱਖ ਰੱਖ ਕੇ ਹੀ ਅਕਾਲੀ ਲਹਿਰ ਅੰਦਰ ਸ਼ਾਮਲ ਹੋਏ ਸਨ, ਨਾ ਸਿਰਫ਼ ਉਨ੍ਹਾਂ ਨਾਲ ਸ਼ਰੀਹਣ ਬੇਇਨਸਾਫ਼ੀ ਹੋਵੇਗੀ ਸਗੋਂ ਸਮਾਜੀ ਤੇ ਰਾਜਸੀ ਲਹਿਰਾਂ ਦੇ ਵਿਗਿਆਨ ਬਾਰੇ ਆਪਣੀ ਅਗਿਆਨਤਾ ਦਾ ਪ੍ਰਗਟਾਵਾ ਕਰਨਾ ਹੋਵੇਗਾ।

ਇਥੇ ਇਸ ਮਾਮਲੇ 'ਚ ਕੁਝ ਮਹੱਤਵਪੂਰਨ ਤੱਥਾਂ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ। ਪਹਿਲੀ ਗੱਲ, ਜਿਹੜੇ ਅਕਾਲੀ ਆਗੂ ਹੁਣ ਕਾਂਗਰਸ ਵਿੱਚ ਰਲਣ ਲਈ ਰੱਸੇ ਤੁੜਾ ਰਹੇ ਸਨ ਉਨ੍ਹਾਂ 'ਚੋਂ ਕਾਫ਼ੀ ਅਜਿਹੇ ਸਨ, ਜਿਨ੍ਹਾਂ ਨੇ ਚੜ੍ਹਦੀ ਉਮਰੇ ਆਪਣੇ ਚੰਗੇ ਰੁਜ਼ਗਾਰ (ਕੈਰੀਅਰ) ਅਤੇ ਸੁਖ-ਆਰਾਮ ਦੀ ਜ਼ਿੰਦਗੀ ਨੂੰ ਲੱਤ ਮਾਰਦਿਆਂ ਹੋਇਆਂ ਪੰਥਕ ਸੇਵਾ ਨੂੰ ਤਰਜੀਹ ਦੇਣ ਦਾ ਸੁਚੇਤ ਨਿਰਣਾ ਲਿਆ ਸੀ। ਉਦੋਂ ਪੰਥਕ ਸੇਵਾ ਦਾ ਜਜ਼ਬਾ ਉਨ੍ਹਾਂ ਦੇ ਜੀਵਨ ਅਮਲ ਦਾ ਪ੍ਰਧਾਨ ਪੱਖ ਸੀ। ਇਕ ਤਾਂ ਸਮਾਂ ਪੈਣ ਨਾਲ ਉਨ੍ਹਾਂ ਦਾ ਇਹ ਜਜ਼ਬਾ ਕੁਮਲਾਉਣਾ ਸ਼ੁਰੂ ਹੋ ਗਿਆ ਸੀ (ਜਿਸ ਵਿੱਚ ਅਕਾਲੀ ਲੀਡਰਸ਼ਿਪ ਵੱਲੋਂ ਅਪਣਾਈ ਵਿਚਾਰਧਾਰਕ ਸੇਧ ਦਾ ਵੀ ਅਹਿਮ ਰੋਲ ਸੀ)। ਦੂਜਾ, ਆਜ਼ਾਦੀ ਤੋਂ

ਬਾਅਦ ਜਿਉਂ ਹੀ ਕਾਂਗਰਸ ਇਕ ਹੁਕਮਰਾਨ ਤਾਕਤ ਬਣ ਗਈ ਤਾਂ ਅਕਾਲੀ ਲੀਡਰਸ਼ਿਪ ਦੀਆਂ ਕੁਝ ਸਫ਼ਾਂ ਅੰਦਰ ਰਾਜ ਭਾਗ 'ਤੇ ਕਾਬਜ਼ ਹੋਣ ਦੀ ਭੁੱਖ ਇਕਦਮ ਚਮਕ ਉੱਠੀ। ਅਕਾਲੀ ਰਾਜਨੀਤੀ ਅੰਦਰਲੀ 'ਨੈਸ਼ਨਲਿਸਟ ਧਾਰਾ' ਦੀ ਕਾਂਗਰਸ ਨਾਲ ਵਿਚਾਰਧਾਰਕ ਸਾਂਝ ਅਤੇ ਨੇੜਤਾ ਇਸ ਰੁਚੀ ਨੂੰ ਖਾਧ-ਖ਼ੁਰਾਕ ਮੁਹੱਈਆ ਕਰਦੀ ਸੀ। ਤੀਜਾ, ਕਾਂਗਰਸੀ ਲੀਡਰਸ਼ਿਪ ਸਿੱਖ ਕੌਮ ਨੂੰ ਕਮਜ਼ੋਰ ਕਰਨ ਦੀ ਨੀਤ ਨਾਲ ਪੰਥਕ ਜਥੇਬੰਦੀ ਨੂੰ ਖੇਰੂੰ-ਖੇਰੂੰ ਕਰਨ ਲਈ ਵਿਉਂਤਬੱਧ ਕੋਸ਼ਿਸ਼ਾਂ 'ਚ ਜੁਟੀ ਹੋਈ ਸੀ। ਇਨ੍ਹਾਂ ਸਾਰੇ ਕਾਰਨਾਂ ਦੇ ਰਲਵੇਂ ਅਸਰ ਕਰਕੇ ਇਹ ਰੁਚੀ ਏਨਾ ਜ਼ੋਰ ਫੜ ਗਈ ਕਿ ਇਸ ਨੂੰ ਠੱਲ੍ਹ ਪਾ ਸਕਣੀ ਨਾਮੁਮਕਿਨ ਹੋ ਕੇ ਰਹਿ ਗਈ। ਕਾਂਗਰਸ ਵਿੱਚ ਸ਼ਾਮਲ ਹੋਣ ਦਾ ਝੁਕਾਅ ਰੱਖਣ ਵਾਲੇ ਵਿਅਕਤੀਆਂ ਨੇ ਆਪਣੇ ਰਾਜਸੀ ਕੈਰੀਅਰ ਦੀ ਨਵੀਂ ਦਿਸ਼ਾ ਸਪਸ਼ਟ ਰੂਪ 'ਚ ਤੈਅ ਕਰ ਲਈ ਹੋਈ ਸੀ। ਹੁਣ ਉਨ੍ਹਾਂ ਦੇ ਰਾਜਸੀ ਜੀਵਨ ਅੰਦਰ ਪੰਥਕ ਸੇਵਾ ਦਾ ਜਜ਼ਬਾ ਗੌਣ ਪੱਖ 'ਚ ਹੀ ਤਬਦੀਲ ਨਹੀਂ ਸੀ ਹੋ ਗਿਆ ਸਗੋਂ ਕੁਝ ਮਾਮਲਿਆਂ 'ਚ ਇਹ ਨਾਂਹ ਦੇ ਬਰਾਬਰ ਹੋ ਗਿਆ ਸੀ। ਹੁਣ ਉਨ੍ਹਾਂ ਦਾ ਇਕ ਮਾਤਰ ਉਦੇਸ਼ ਕਾਂਗਰਸ ਦੀ ਪੀਂਘ ਉੱਤੇ ਚੜ੍ਹ ਕੇ ਹਕੂਮਤੀ ਤਾਕਤ ਦੇ ਹੁਲਾਰੇ ਲੈਣਾ ਰਹਿ ਗਿਆ ਸੀ। ਉਹ ਰਾਜਸੀ ਨਿਘਾਰ ਦੀ ਜਿਸ ਪਟੜੀ ਉੱਤੇ ਜਾ ਚੜ੍ਹੇ ਸਨ ਉਸ 'ਚੋਂ ਉਨ੍ਹਾਂ ਦੀ ਹੋਣੀ ਤੇ ਰੋਲ ਨਿਸ਼ਚਤ ਹੋ ਚੁੱਕਾ ਸੀ। ਇਹ ਕੋਈ ਸਾਧਾਰਨ ਦਲ-ਬਦਲੀ ਦਾ ਮਾਮਲਾ ਨਹੀਂ ਸੀ। ਕਾਂਗਰਸੀ ਹਾਕਮਾਂ ਵੱਲੋਂ ਸਿੱਖ ਭਾਈਚਾਰੇ ਪ੍ਰਤੀ ਧਾਰਨ ਕੀਤੇ ਸਮੁੱਚੇ ਰਵੱਈਏ ਅਤੇ ਸਿੱਖ ਪੰਥ ਦੁਆਰਾ ਆਪਾ ਬਚਾਉ ਲਈ ਲੜਨੀ ਪੈ ਰਹੀ ਜੋਖਮ ਭਰੀ ਲੜਾਈ ਨੂੰ ਦੇਖਦਿਆਂ ਹੋਇਆਂ, ਇਹ ਆਪਣੇ ਭਾਈਚਾਰੇ ਨਾਲ ਧਰੋਹ ਤੇ ਦੁਸ਼ਮਣੀ ਪੁਗਾਉਣ ਦਾ ਮਾਮਲਾ ਸੀ। ਅਜਿਹੇ ਮਾਮਲਿਆਂ ਵਿੱਚ ਘੱਟਗਿਣਤੀ ਵਰਗ (ਦੁਬੇਲ ਧਿਰ) ਨਾਲ ਦਗ਼ਾ ਕਮਾ ਕੇ ਬਹੁਗਿਣਤੀ ਵਰਗ (ਗ਼ਾਲਬ ਧਿਰ) ਦੀ ਸੇਵਾ 'ਚ ਹਾਜ਼ਰ ਹੋਣ ਵਾਲੇ ਅਨਸਰਾਂ ਦਾ ਆਪਣੀ ਖ਼ਸਮ ਧਿਰ ਨਾਲ ਸਾਧਾਰਨ ਵਫ਼ਾਦਾਰੀ ਪ੍ਰਗਟਾਅ ਕੇ ਗੁਜ਼ਾਰਾ ਨਹੀਂ ਹੁੰਦਾ। ਖ਼ਸਮ ਧਿਰ ਦਾ ਵਿਸ਼ਵਾਸ ਜਿੱਤਣ ਲਈ ਉਨ੍ਹਾਂ ਨੂੰ ਦੂਣੀ ਚੌਣੀ ਵਫ਼ਾਦਾਰੀ ਦਿਖਾਉਣੀ ਪੈਂਦੀ ਹੈ। ਕਾਂਗਰਸੀ ਹਾਕਮਾਂ ਦਾ ਭਰੋਸਾ ਜਿੱਤਣ ਵਾਸਤੇ ਕਾਂਗਰਸੀ ਸਿੱਖਾਂ ਲਈ ਆਮ ਕਾਂਗਰਸੀਆਂ ਨਾਲੋਂ ਦੋ ਗੁਣਾ ਵੱਧ ਕਾਂਗਰਸੀ ਬਣ ਕੇ ਦਿਖਾਉਣਾ ਜ਼ਰੂਰੀ ਬਣ ਗਿਆ ਸੀ। ਇਹ ਸੀ ਉਹ ਅਮਲ ਜਿਸ ਵਿੱਚੋਂ ਪ੍ਰਤਾਪ ਸਿੰਘ ਕੈਰੋਂ, ਗੁਰਦਿਆਲ ਸਿੰਘ ਢਿੱਲੋਂ, ਸਵਰਨ ਸਿੰਘ, ਗਿਆਨੀ ਜ਼ੈਲ ਸਿੰਘ, ਬੂਟਾ ਸਿੰਘ ਤੇ ਬੇਅੰਤ ਸਿੰਘ ਵਰਗੇ ਪੰਥ-ਦੋਖੀ ਜੀਵ ਪੈਦਾ ਹੋਏ, ਜਿਨ੍ਹਾਂ ਉੱਤੇ ਹਿਟਲਰ ਦਾ ਇਹ ਕਥਨ ਪੂਰਾ ਢੁੱਕਦਾ ਹੈ ਕਿ ਜੇਕਰ ਗ਼ਾਲਬ ਧਿਰ ਗ਼ੁਲਾਮ ਕੌਮਾਂ 'ਚੋਂ ਹੀ ਅਜਿਹੇ 'ਚਰਿੱਤਰਹੀਣ ਅਨਸਰ' ਲੱਭ ਕੇ ਉਨ੍ਹਾਂ ਨੂੰ ਦਰੋਗੇ ਦਾ ਰੋਲ ਸੌਂਪ ਦੇਵੇ ਤਾਂ ਉਹ ਆਪਣੀ ਹੀ ਕੌਮ ਉੱਤੇ ਕਿਸੇ ਵੀ ਹੋਰ 'ਓਪਰੇ ਹੈਂਸਿਆਰੇ' (alien beast) ਨਾਲੋਂ ਕਿਤੇ ਵੱਧ ਨਿਰਦਈਪੁਣੇ ਨਾਲ ਚਾਬਕ ਫੇਰਦੇ ਹਨ। ਹਿਟਲਰ ਮੁਤਾਬਕ ਗ਼ਾਲਬ ਕੌਮਾਂ ਨੂੰ ਇਹ ਤਜਰਬਾ ਬੜਾ ਹੀ ਰਾਸ ਆਉਂਦਾ ਹੈ।[24]

ਮਾਸਟਰ ਤਾਰਾ ਸਿੰਘ ਅਕਾਲੀ ਮੈਂਬਰਾਂ ਦੇ ਕਾਂਗਰਸ ਵਿੱਚ ਰਲੇਵੇਂ ਦੇ ਫ਼ੈਸਲੇ ਨਾਲ ਦਿਲੋਂ ਸਹਿਮਤ ਨਹੀਂ ਸਨ। ਪਰ ਹਾਲਾਤ ਦੇ ਦਬਾਅ ਹੇਠ ਉਸਨੇ ਇਸ ਦਾ ਖੁੱਲ੍ਹਾ ਵਿਰੋਧ ਨਾ ਕੀਤਾ। ਇਥੇ ਫਿਰ ਉਸ ਨੂੰ ਆਪਣੇ ਹੀ ਅੰਤਰ-ਵਿਰੋਧਾਂ ਨਾਲ ਜੂਝਣਾ ਪੈ ਰਿਹਾ ਸੀ। ਭਾਵਨਾਵਾਂ ਦੀ ਪੱਧਰ 'ਤੇ ਉਸ ਨੂੰ ਕਾਂਗਰਸ ਪਾਰਟੀ ਅਤੇ ਹਿੰਦੂ ਵਰਗ ਦੀ ਸਿੱਖ ਦੁਸ਼ਮਣ ਸੋਚ ਤੇ ਵਤੀਰੇ ਤੋਂ ਡਾਢੀ ਔਖ ਹੋ ਰਹੀ ਸੀ। ਉਸ ਅੰਦਰ ਲੜਾਈ ਦਾ ਜੋਸ਼ ਤੇ ਜਜ਼ਬਾ ਜਿਉਂ ਦਾ ਤਿਉਂ ਬਰਕਰਾਰ ਸੀ ਪਰ ਉਹ ਜਿਸ ਸਿਧਾਂਤਕ ਪੈਂਤੜੇ ਤੋਂ ਖੜ ਕੇ ਲੜਾਈ ਦੇ ਰਿਹਾ ਜਾਂ ਦੇਣੀ ਚਾਹੁੰਦਾ ਸੀ, ਉਹ ਸਵੈ-ਪਛਾੜਕਾਰੀ (self

defeating) ਸੀ। ਵਜ੍ਹਾ ਇਹ ਕਿ ਬਾਕੀ ਦੀ 'ਨੈਸ਼ਨਲਿਸਟ' ਸਿੱਖ ਲੀਡਰਸ਼ਿਪ ਵਾਂਗ ਬੁਨਿਆਦੀ ਸਿਧਾਂਤਕ ਮਸਲਿਆਂ 'ਤੇ ਮਾਸਟਰ ਤਾਰਾ ਸਿੰਘ ਦੀ ਸਮਝ ਵੀ ਜਾਂ ਤਾਂ ਅਸਪਸ਼ਟ, ਤੇ ਜਾਂ ਗ਼ਲਤ ਸੀ।

## ਹਿੰਦੂ ਹਾਕਮਾਂ ਦਾ ਸਿਧਾਂਤਕ ਤ੍ਰਿਸ਼ੂਲ

ਆਜ਼ਾਦੀ ਤੋਂ ਬਾਅਦ ਕਾਂਗਰਸੀ ਆਗੂ ਵਿਧਾਨਸਾਜ਼ ਅਸੰਬਲੀ ਅੰਦਰ ਅਤੇ ਉਸ ਤੋਂ ਬਾਹਰ, ਅਕਾਲੀ ਲੀਡਰਸ਼ਿਪ ਵਿਰੁੱਧ (ਅਸਲ ਵਿੱਚ ਸਿੱਖ ਕੌਮ ਵਿਰੁੱਧ) ਆਪਣੀ ਮੁਤੱਸਬੀ ਜੰਗ ਅੰਦਰ, ਤਿੰਨ ਸਿਧਾਂਤਕ ਮੁੱਦਿਆਂ ਦੀ ਕਪਟੀ ਹਥਿਆਰਾਂ ਵਜੋਂ ਵਰਤੋਂ ਕਰ ਰਹੇ ਸਨ। ਇਕ, ਧਰਮ ਨਿਰਪੱਖਤਾ (ਸੈਕੂਲਰਿਜ਼ਮ) ਦਾ ਸਿਧਾਂਤ। ਦੂਜਾ, ਭਾਰਤੀ ਕੌਮ ਦੀ ਸਿਰਜਣਾ। ਤੀਜਾ, ਦੇਸ ਦੀ ਏਕਤਾ ਤੇ ਸੁਰੱਖਿਆ। ਇਨ੍ਹਾਂ ਤਿੰਨਾਂ ਹੀ ਮੁੱਦਿਆਂ 'ਤੇ ਅਕਾਲੀ ਲੀਡਰਸ਼ਿਪ ਅਸਲੋਂ ਹੀ ਢਾਲਵੀਂ ਜ਼ਮੀਨ 'ਤੇ ਖਲੋਤੀ ਹੋਈ ਸੀ। ਕਾਂਗਰਸੀ ਹਾਕਮਾਂ ਨੂੰ ਜਦੋਂ ਠੀਕ ਲੱਗਦਾ ਸੀ, ਉਹ ਉਦੋਂ ਹੀ ਅਕਾਲੀ ਆਗੂਆਂ ਨੂੰ 'ਫ਼ਿਰਕੂ' ਗਰਦਾਨ ਕੇ ਉਨ੍ਹਾਂ ਨੂੰ ਧਰਮ-ਨਿਰਪੱਖਤਾ ਦੇ ਕੁਤਕੇ ਨਾਲ ਕੁੱਟਣ ਡਹਿ ਪੈਂਦੇ ਸਨ। ਅਕਾਲੀ ਆਗੂਆਂ ਦੇ ਕਿਸੇ ਵੀ ਨੀਤੀ-ਪੈਂਤੜੇ ਜਾਂ ਕਰਮ ਨੂੰ 'ਭਾਰਤੀ ਕੌਮ' ਦੀ ਸਿਹਤ ਲਈ ਨੁਕਸਾਨਦੇਹ ਸਾਬਤ ਕਰਨਾ, ਕਾਂਗਰਸੀ ਹਾਕਮਾਂ ਲਈ ਖੱਬੇ ਹੱਥ ਦੀ ਖੇਡ ਸੀ। ਅਕਾਲੀ ਆਗੂਆਂ ਦੀ ਕਿਸੇ ਵੀ ਹਰਕਤ ਨੂੰ ਦੇਸ ਦੀ ਏਕਤਾ ਤੇ ਸੁਰੱਖਿਆ ਲਈ 'ਖ਼ਤਰਨਾਕ' ਕਰਾਰ ਦੇ ਕੇ, ਉਨ੍ਹਾਂ ਨੂੰ ਸੌਖ ਨਾਲ ਵਾਹਣੀਂ ਪਾਇਆ ਜਾ ਸਕਦਾ ਸੀ। ਗੱਲ ਕੀ, ਅਕਾਲੀ ਆਗੂ ਆਪਣੀਆਂ ਵਿਰੋਧ-ਗ੍ਰਸੀਆਂ ਤੇ ਉਖੜਵੀਆਂ ਸਿਧਾਂਤਕ ਪੋਜ਼ੀਸ਼ਨਾਂ ਕਰਕੇ, ਇਨ੍ਹਾਂ ਤਿੰਨੋਂ ਹੀ ਮੁੱਦਿਆਂ ਉੱਤੇ ਪੱਕੇ ਤੌਰ 'ਤੇ ਕੁੱਟ-ਖਾਣ-ਵਾਲੀ-ਧਿਰ ਬਣੇ ਹੋਏ ਸਨ। ਭਾਰਤ ਦਾ ਸੰਵਿਧਾਨ ਘੜਨ ਮੌਕੇ ਕਾਂਗਰਸੀ ਆਗੂਆਂ ਨੇ ਸਿੱਖਾਂ ਦੀ ਹਰ ਇਕ ਮੰਗ ਨੂੰ ਨਕਾਰਨ ਲਈ ਉਪਰੋਕਤ ਤਿੰਨ ਸਿਧਾਂਤਕ ਪੋਜ਼ੀਸ਼ਨਾਂ ਦਾ ਢਾਲ ਅਤੇ ਤਲਵਾਰ ਵਜੋਂ ਇਸਤੇਮਾਲ ਕੀਤਾ। ਸਿੱਖਾਂ ਦੀ ਵੱਖਰੇ ਚੁਣਾਓ ਖੇਤਰਾਂ ਦੀ ਅਤੇ ਰਿਜ਼ਰਵੇਸ਼ਨ ਦੀ ਮੰਗ ਇਹ ਕਹਿ ਕੇ ਠੁਕਰਾ ਦਿੱਤੀ ਗਈ ਕਿ ਇਸ ਨਾਲ ਧਰਮ ਨਿਰਪੱਖਤਾ ਦੀਆਂ ਬੁਨਿਆਦਾਂ ਕਮਜ਼ੋਰ ਹੁੰਦੀਆਂ ਹਨ। ਧਾਰਮਿਕ ਘੱਟਗਿਣਤੀ ਦੇ ਪੈਂਤੜੇ ਤੋਂ ਕੀਤੀ ਜਾਣ ਵਾਲੀ ਹਰ ਗੱਲ ਅਤੇ ਮੰਗ ਬਾਰੇ ਇਹ ਕਿਹਾ ਗਿਆ ਕਿ ਇਸ ਨਾਲ ਫ਼ਿਰਕੂ ਤੰਗਨਜ਼ਰੀ ਦੀਆਂ ਰੁਚੀਆਂ ਨੂੰ ਸ਼ਹਿ ਮਿਲਦੀ ਹੈ ਜੋ ਕਿ ਸਰਬਸਾਂਝੀ 'ਭਾਰਤੀ ਕੌਮ' ਦੀ ਉਸਾਰੀ ਲਈ ਬਹੁਤ ਹੀ ਨੁਕਸਾਨਦੇਹ ਹੈ। ਸਰਦਾਰ ਪਟੇਲ ਨੇ 30 ਦਸੰਬਰ 1948 ਨੂੰ ਸਰਦਾਰ ਬਲਦੇਵ ਸਿੰਘ ਨੂੰ ਲਿਖੇ ਆਪਣੇ ਪੱਤਰ ਅੰਦਰ ਡਾਂਟ ਭਰੀ ਭਾਸ਼ਾ ਵਿੱਚ ਇਹ ਕਹਿ ਕੇ ਗੱਲ ਨਿਬੇੜ ਦਿੱਤੀ ਸੀ ਕਿ ਹੁਣ ਜਦ ਪਾਕਿਸਤਾਨ ਬਣ ਚੁੱਕਾ ਹੈ ਤਾਂ ਉਹ ਘੱਟਗਿਣਤੀ ਧਾਰਮਿਕ ਵਰਗਾਂ ਨੂੰ ਰਿਜ਼ਰਵੇਸ਼ਨ ਵਰਗੀਆਂ ਰਿਆਇਤਾਂ ਦੇ ਕੇ "ਸੰਵਿਧਾਨ ਦੀ ਸ਼ਕਲ ਨਹੀਂ ਵਿਗਾੜਨਾ ਚਾਹੁੰਦੇ।"[25] ਪੰਜਾਬੀ ਸੂਬੇ ਦੀ ਮੰਗ ਨੂੰ ਕਦੇ ਤਾਂ 'ਫ਼ਿਰਕੂ' ਕਹਿ ਕੇ ਭੰਡਿਆ ਤੇ ਠੁਕਰਾਇਆ ਜਾਂਦਾ ਰਿਹਾ ਅਤੇ ਜਦ ਅਕਾਲੀ ਆਗੂ ਕਾਂਗਰਸੀ ਹਾਕਮਾਂ ਦੀ ਇਸ ਊਜ ਦਾ ਪਰਦਾਫ਼ਾਸ਼ ਕਰਕੇ ਪੰਜਾਬੀ ਸੂਬੇ ਦੀ ਮੰਗ ਨੂੰ ਸੈਕੂਲਰ ਸਾਬਤ ਕਰਨ ਦਾ ਯਤਨ ਕਰਦੇ ਤਾਂ ਇਸ ਨਾਲ ਦੇਸ ਦੀ ਏਕਤਾ ਤੇ ਸੁਰੱਖਿਆ ਨੂੰ ਖ਼ਤਰੇ ਦੀ ਫ਼ਰੇਬੀ ਦੁਹਾਈ ਪੁੱਟ ਦਿੱਤੀ ਜਾਂਦੀ। ਅਕਾਲੀ ਆਗੂ ਆਪਣੀਆਂ ਸੈਂਕੜੇ ਦਲੀਲਾਂ, ਹਜ਼ਾਰਾਂ ਸਫ਼ਾਈਆਂ ਤੇ ਲੱਖਾਂ ਦੁਹਾਈਆਂ ਨਾਲ ਵੀ ਕਾਂਗਰਸੀ ਹਾਕਮਾਂ ਦੀ ਇਸ ਸਿਧਾਂਤਕ ਮੋਰਚਾਬੰਦੀ ਨੂੰ ਭੰਨਣ ਵਿੱਚ ਕਾਮਯਾਬ ਨਾ ਹੋ

ਸਕੇ। ਹੋ ਵੀ ਨਹੀਂ ਸਨ ਸਕਦੇ ਕਿਉਂਕਿ ਵਿਰੋਧੀ ਨੂੰ ਉਸ ਦੇ ਹੀ ਸਭ ਤੋਂ ਵੱਧ ਸ਼ਕਤੀਸ਼ਾਲੀ ਵਿਚਾਰਧਾਰਕ ਹਥਿਆਰ ਨਾਲ ਢਾਹੁਣ ਦੀ ਕੋਸ਼ਿਸ਼ ਦਾ ਨਤੀਜਾ ਸਵੈ-ਵਿਨਾਸ਼ਕਾਰੀ ਹੀ ਹੋ ਸਕਦਾ ਹੈ। ਅਤੇ ਅਕਾਲੀ ਆਗੂਆਂ ਦੇ ਮਾਮਲੇ 'ਚ ਅਜਿਹਾ ਹੀ ਹੋਇਆ। ਬਹੁਗਿਣਤੀ ਅਤੇ ਉਹ ਵੀ ਇਕ ਹੰਕਾਰੀ ਹੋਈ ਫ਼ਿਰਕੂ ਬਹੁਗਿਣਤੀ ਦੇ ਰਾਜ ਹੇਠ ਘੱਟਗਿਣਤੀ ਧਾਰਮਿਕ ਭਾਈਚਾਰਾ ਆਪਣੇ ਆਪ ਨੂੰ 'ਫ਼ਿਰਕਾਪ੍ਰਸਤੀ' ਦੇ ਦੋਸ਼ ਤੋਂ ਬਚਾਉਣ ਵਿੱਚ ਕਦਾਚਿਤ ਸਫਲ ਨਹੀਂ ਹੋ ਸਕਦਾ। ਸਿਰਫ਼ ਇਕ ਹਾਲਤ ਵਿੱਚ ਹੀ ਹੋ ਸਕਦਾ ਹੈ ਕਿ ਉਹ ਆਪਣੀ ਵੱਖਰੀ ਪਛਾਣ ਕਾਇਮ ਰੱਖਣ ਦੀ ਪੋਜ਼ੀਸ਼ਨ ਅਤੇ ਚਿੰਤਾ ਦਾ ਤਿਆਗ ਕਰਕੇ ਬਹੁਗਿਣਤੀ ਵਰਗ ਵਿੱਚ ਅਭੇਦ ਹੋ ਜਾਵੇ। ਜੇਕਰ ਕਿਸੇ ਘੱਟਗਿਣਤੀ ਭਾਈਚਾਰੇ ਨੇ ਫ਼ਿਰਕੂ ਬਹੁਗਿਣਤੀ ਦੇ ਰਾਜ ਹੇਠ ਆਪਣੀ ਵੱਖਰੀ ਪਛਾਣ ਕਾਇਮ ਰੱਖਣੀ ਹੈ ਤਾਂ ਉਹ ਬਹੁਗਿਣਤੀ ਵਿਰੁੱਧ ਉਸ ਦੇ ਹੀ ਸਿਧਾਂਤਕ ਪੈਂਤੜੇ 'ਤੇ ਖੜ ਕੇ, ਉਸ ਦੇ ਹੀ ਹਥਿਆਰਾਂ ਨਾਲ ਲੜਾਈ ਨਹੀਂ ਲੜ ਸਕਦਾ। ਇਹ ਲੜਾਈ ਉਸ ਨੂੰ ਆਪਣੇ ਹੀ ਸਿਧਾਂਤਕ ਆਧਾਰ 'ਤੇ ਖੜ ਕੇ ਆਪਣੇ ਹੀ ਹਥਿਆਰਾਂ ਨਾਲ ਲੜਨੀ ਪੈਂਦੀ ਹੈ। ਬਹੁਗਿਣਤੀ ਵਰਗ ਘੱਟਗਿਣਤੀ ਭਾਈਚਾਰੇ ਦੀ ਹਰ ਉਮੰਗ ਅਤੇ ਮੰਗ ਉੱਤੇ, ਜਦ ਜੀਅ ਚਾਹੇ, ਆਸਾਨੀ ਨਾਲ 'ਫ਼ਿਰਕੂਪੁਣੇ' ਦਾ ਠੱਪਾ ਲਾ ਸਕਦਾ ਹੈ। ਘੱਟਗਿਣਤੀ ਭਾਈਚਾਰਾ ਜੇਕਰ ਬਹੁਗਿਣਤੀ ਅੱਗੇ ਮੁਕੰਮਲ ਤੌਰ 'ਤੇ (ਨਾ ਕਿ ਅੰਸ਼ਕ ਰੂਪ 'ਚ) ਲਿਫਣ ਲਈ ਅਤੇ ਉਸ ਦੀ ਪੂਰਨ ਰੂਪ ਵਿੱਚ (ਨਾ ਕਿ ਅੰਸ਼ਕ ਰੂਪ ਵਿੱਚ) ਈਨ ਮੰਨਣ ਲਈ ਤਿਆਰ ਨਹੀਂ ਹੋ ਜਾਂਦਾ ਤਾਂ ਉਹ ਲੱਖ ਯਤਨ ਕੀਤਿਆਂ ਵੀ ਇਸ ਇਲਜ਼ਾਮ ਤੋਂ ਆਪਣੀ ਰੱਖਿਆ ਨਹੀਂ ਕਰ ਸਕਦਾ। ਬਹੁਗਿਣਤੀ ਦੇ ਸਿਧਾਂਤਕ ਪੈਂਤੜੇ ਨਾਲੋਂ ਨਿਖੇੜੇ ਦੀ ਦੋ ਟੁਕ ਲਕੀਰ ਖਿੱਚ ਕੇ ਅਤੇ ਆਪਣਾ ਵੱਖਰਾ ਸਿਧਾਂਤਕ ਪੈਂਤੜਾ ਉਭਾਰ ਕੇ ਹੀ ਉਹ ਆਪਣੇ ਹਿਤਾਂ ਦੀ ਕਾਰਗਰ ਢੰਗ ਨਾਲ ਰਾਖੀ ਕਰ ਸਕਦਾ ਹੈ।

ਇਸ ਸੰਦਰਭ ਵਿੱਚ ਦੇਖਿਆਂ ਅਕਾਲੀ ਲੀਡਰਸ਼ਿਪ ਨੂੰ, ਕੁੱਲ ਤੋਂ ਪਹਿਲਾਂ, ਕਾਂਗਰਸੀ ਆਗੂਆਂ ਦੇ ਧਰਮ-ਨਿਰਪੱਖਤਾ ਦੇ ਸਿਧਾਂਤ ਦਾ ਦੰਭ ਨੰਗਾ ਕਰਨ ਅਤੇ ਇਸ ਸੰਕਲਪ ਨੂੰ ਮੁਕੰਮਲ ਤੌਰ 'ਤੇ ਰੱਦ ਕਰਨ ਦੀ ਸਿਧਾਂਤਕ ਪੋਜ਼ੀਸ਼ਨ ਲੈਣੀ ਚਾਹੀਦੀ ਸੀ। ਕਾਂਗਰਸੀ ਆਗੂਆਂ ਵੱਲੋਂ 'ਫ਼ਿਰਕਾਪ੍ਰਸਤੀ' ਦੀ ਟਰਮ ਨੂੰ ਜਿਨ੍ਹਾਂ ਅਰਥਾਂ ਵਿੱਚ ਵਰਤਿਆ ਜਾ ਰਿਹਾ ਸੀ (ਅਤੇ ਅੱਜ ਵੀ ਵਰਤਿਆ ਜਾ ਰਿਹਾ ਹੈ), ਉਸ ਦਾ ਪੂਰੀ ਦ੍ਰਿੜ੍ਹਤਾ ਤੇ ਧੜੱਲੇ ਨਾਲ ਵਿਰੋਧ ਕਰਨਾ ਬਣਦਾ ਸੀ। ਇਸ ਮਸਲੇ 'ਤੇ ਅਕਾਲੀ ਆਗੂਆਂ 'ਚੋਂ ਮਾਸਟਰ ਤਾਰਾ ਸਿੰਘ ਅਤੇ ਸਿੱਖ ਵਿਦਵਾਨਾਂ 'ਚੋਂ ਸਰਦਾਰ ਕਪੂਰ ਸਿੰਘ ਨੇ ਹੀ ਹਿੰਦੂ ਆਗੂਆਂ ਨੂੰ ਸਿੰਗਾਂ ਤੋਂ ਫੜਨ ਦੀ ਜੁਰਅਤ ਭਰੀ ਕੋਸ਼ਿਸ਼ ਕੀਤੀ। ਭਾਵੇਂ ਮਾਸਟਰ ਤਾਰਾ ਸਿੰਘ ਦੀ ਪੋਜ਼ੀਸ਼ਨ ਅੰਦਰ ਉਸ ਦੇ ਆਮ ਚਰਿਤਰ ਮੁਤਾਬਕ, ਸਿਧਾਂਤਕ ਪਕਿਆਈ ਨਾਲੋਂ ਭਾਵੁਕਤਾ ਦਾ ਅੰਸ਼ ਵੱਧ ਭਾਰੂ ਸੀ ਪਰ ਫਿਰ ਵੀ, ਉਸ ਦੇ ਹੇਠ ਦਿੱਤੇ ਕਥਨਾਂ 'ਚੋਂ ਉਸ ਵੱਲੋਂ ਹਿੰਦੂ ਫ਼ਿਰਕਾਪ੍ਰਸਤੀ ਨੂੰ ਕੋਈ ਰਿਆਇਤ ਨਾ ਦੇਣ ਅਤੇ ਇਸ ਖ਼ਿਲਾਫ਼ ਦ੍ਰਿੜ੍ਹ ਸੰਘਰਸ਼ ਕਰਨ ਦੀ ਰੁਚੀ ਸਾਫ਼ ਝਲਕਦੀ ਹੈ। ਦਸੰਬਰ 1949 ਵਿੱਚ ਪੰਜਾਬੀ ਸੂਬੇ ਬਾਰੇ ਗੱਲ ਕਰਦਿਆਂ ਉਸਨੇ ਕਰਾਰ ਭਰੇ ਲਹਿਜੇ 'ਚ ਖੁੱਲ੍ਹ ਕੇ ਇਹ ਗੱਲ ਆਖੀ ਕਿ, "...ਮੈਂ ਹਿੰਦੂ ਗ਼ੁਲਾਮੀ ਤੋਂ ਬਚਣਾ ਹੈ ਕਿਉਂਕਿ ਹਿੰਦੂ ਕੱਟੜ ਫ਼ਿਰਕੂ ਹਨ। ਸੱਚੀ ਗੱਲ ਤਾਂ ਇਹ ਹੈ ਕਿ ਪੰਜਾਬ ਦਾ ਐਸਾ ਹਿੰਦੂ ਮੈਂ ਇਕ ਵੀ ਨਹੀਂ ਜਾਣਦਾ ਜੋ ਫ਼ਿਰਕੂ ਨਾ ਹੋਵੇ ਤੇ ਕੌਮੀ ਨਾ ਅਖਵਾਂਦਾ ਹੋਵੇ। ਮੈਨੂੰ ਫ਼ਿਰਕੂ ਅਖਵਾਨ ਤੋਂ ਕੋਈ ਡਰ ਨਹੀਂ ਲੱਗਦਾ ਪਰ ਕੌਮੀ ਅਖਵਾਨ ਤੋਂ ਜ਼ਰੂਰ ਡਰ ਲੱਗਦਾ ਹੈ ਕਿਉਂਕਿ ਇਸ ਲਫ਼ਜ਼ ਦੇ ਨਾਲ ਫ਼ਿਰਕੂਪੁਣੇ ਨਾਲ ਪਖੰਡ ਰਲ ਜਾਂਦਾ ਹੈ। ਜੇ ਹਿੰਦੂ ਭਰਾਵਾਂ ਨੂੰ ਪਸੰਦ ਹੈ ਤਾਂ ਮੇਰੇ ਮੱਥੇ ਉੱਤੇ ਪੱਕਾ

ਫ਼ਿਰਕੂ ਲਿਖ ਕੇ ਲਾ ਦੇਣ, ਪਰ ਮੇਰੀ ਮੰਗ ਮੰਨ ਲੈਣ। ਕਿਉਂਕਿ ਮੈਂ ਹਿੰਦੂ ਗ਼ਲਬੇ ਹੇਠ ਨਹੀਂ ਰਹਿਣਾ।"[26]

ਅਕਾਲੀ ਆਗੂਆਂ 'ਤੇ ਲੱਗ ਰਹੇ ਫ਼ਿਰਕੂਪੁਣੇ ਦੇ ਦੋਸ਼ਾਂ ਦਾ ਜੁਆਬ ਦਿੰਦਿਆਂ ਉਸ ਕਿਹਾ, "ਬਹੁ-ਸੰਮਤੀ ਦੀ ਫ਼ਿਰਕੇਦਾਰੀ ਗ਼ਲਬਾ ਪਾਣ ਲਈ ਇਛਿਆ ਮਾਰੂ ਹੁੰਦੀ ਹੈ। ਘੱਟਗਿਣਤੀ ਦੀ ਫ਼ਿਰਕੇਦਾਰੀ ਬਚਾਉ ਲਈ ਹੁੰਦੀ ਹੈ। ਬਹੁਗਿਣਤੀ ਦੀ ਫ਼ਿਰਕੇਦਾਰੀ ਤਲਵਾਰ ਵਾਂਗ ਹੈ। ਜਦ ਤਕ ਤਲਵਾਰ ਵਾਲਾ ਆਪਣੀ ਤਲਵਾਰ ਨਹੀਂ ਛੱਡਦਾ, ਢਾਲ ਵਾਲੇ ਨੂੰ ਆਪਣੀ ਢਾਲ ਨਹੀਂ ਛੱਡਣੀ ਚਾਹੀਦੀ ਤੇ ਨਾ ਉਸ ਨੂੰ ਢਾਲ ਛੱਡਣ ਲਈ ਕਹਿਣਾ ਹੀ ਚਾਹੀਦਾ ਹੈ। ਅਮਨ ਤੇ ਸੱਭਿਅਤਾ ਦਾ ਤਰੀਕਾ ਇਹੋ ਹੀ ਹੈ ਕਿ ਤਲਵਾਰ ਵਾਲੇ ਤੋਂ ਤਲਵਾਰ ਛੁਡਾਈ ਜਾਵੇ ਤੇ ਪਿੱਛੋਂ ਢਾਲ ਵਾਲਾ ਤਾਂ ਆਪੇ ਹੀ ਢਾਲ ਛੱਡ ਦੇਵੇਗਾ। ਸਾਰੀ ਦੁਨੀਆ ਵਿੱਚ ਅੱਜ ਤਕ ਤਾਂ ਇਹੋ ਕਿਹਾ ਜਾਂਦਾ ਰਿਹਾ ਹੈ ਕਿ ਬਹੁ-ਸੰਮਤੀ ਘੱਟ-ਸੰਮਤੀ ਦਾ ਭਰੋਸਾ ਲਵੇ। ਅੱਜ ਕੇਵਲ ਇਸ ਨਕਲੀ ਸੈਕੂਲਰ ਸਟੇਟ ਵਿੱਚ ਸੁਣਨ ਵਿੱਚ ਆਉਣ ਲੱਗ ਪਿਆ ਹੈ ਕਿ ਘੱਟ-ਸੰਮਤੀ ਬਹੁ-ਸੰਮਤੀ ਦਾ ਭਰੋਸਾ ਲਵੇ। ਜਿਸ ਦਾ ਮਤਲਬ ਹੈ ਕਿ ਘੱਟਗਿਣਤੀਆਂ ਬਹੁਗਿਣਤੀ ਦੀ ਖ਼ੁਸ਼ਾਮਦ ਕਰਨ। ਬਹੁ-ਸੰਮਤੀ ਤਾਂ ਭਰੋਸਾ ਜਿੱਤ ਸਕਦੀ ਹੈ ਆਪਣੀ ਵਡੱਤਣ ਨਾਲ ਤੇ ਘੱਟ-ਸੰਮਤੀ ਆਪਣੀ ਖ਼ੁਸ਼ਾਮਦ ਨਾਲ। ਪਰ ਮੈਂ ਆਪਣੀ ਬਹੁਗਿਣਤੀ ਦੇ ਹੰਕਾਰੇ ਹੋਏ ਭਰਾਵਾਂ ਨੂੰ ਕਹਾਂਗਾ ਕਿ ਸਿੱਖ ਕੌਮ ਤੋਂ ਖ਼ੁਸ਼ਾਮਦ ਦੀ ਆਸ ਛੱਡ ਦੇਣ।"[27]

ਅਕਾਲੀ ਲੀਡਰਸ਼ਿਪ 'ਚੋਂ ਹੋਰ ਕਿਸੇ ਕੋਲ ਏਨੇ ਕਰਾਰ ਤੇ ਧੜੱਲੇ ਨਾਲ ਗੱਲ ਕਰਨ ਦੀ ਸਮਰੱਥਾ ਤੇ ਹੌਸਲਾ ਨਹੀਂ ਸੀ। ਮਾਸਟਰ ਤਾਰਾ ਸਿੰਘ ਤੋਂ ਬਾਅਦ ਜੋ ਨਵੀਂ ਅਕਾਲੀ ਲੀਡਰਸ਼ਿਪ ਸਾਹਮਣੇ ਆਈ, ਉਹ ਜੁਰਅਤ ਤੇ ਸੂਝ ਸਮਰੱਥਾ, ਦੋਨਾਂ ਦੀ ਪੱਖਾਂ ਤੋਂ ਕਿਤੇ ਵੱਧ ਗਈ ਗੁਜ਼ਰੀ ਸਾਬਤ ਹੋਈ।

ਸੈਕੂਲਰਿਜ਼ਮ ਦੇ 'ਹਥੌੜੇ' ਨਾਲੋਂ "ਭਾਰਤੀ ਕੌਮਵਾਦ" ਦੇ 'ਵਦਾਨ' ਦੀ ਸੱਟ ਕਿਤੇ ਵੱਧ ਕੰਗਰੋੜ ਭੰਨਵੀਂ ਹੈ। ਇਹੀ ਉਹ ਨੁਕਤਾ ਹੈ ਜਿਸ 'ਤੇ ਸਿੱਖ ਲੀਡਰਸ਼ਿਪ ਨੇ ਹਿੰਦੂ ਆਗੂਆਂ ਹੱਥੋਂ ਵਾਰ-ਵਾਰ ਮਾਰ ਅਤੇ ਮਾਤ ਖਾਧੀ ਹੈ ਅਤੇ ਉਨ੍ਹਾਂ ਆਪਣੀ ਸਿਰਫ਼ ਤੇ ਸਿਰਫ਼ ਇਸ ਕੇਂਦਰੀ ਕਮਜ਼ੋਰੀ ਦੀ ਵਜ੍ਹਾ ਕਰਕੇ ਕਿੰਨੀਆਂ ਹੀ ਜਿੱਤੀਆਂ ਹੋਈਆਂ ਬਾਜ਼ੀਆਂ ਹਾਰੀਆਂ ਹਨ। ਅੰਗਰੇਜ਼ੀ ਮੁਹਾਵਰੇ 'ਚ ਗੱਲ ਕਰਨੀ ਹੋਵੇ ਤਾਂ ਇਹ ਸਿੱਖ ਲੀਡਰਸ਼ਿਪ ਦਾ ਅਜਿਹਾ 'ਮਰਮ ਸਥਲ' (Achilles' heel) ਹੈ ਜਿਥੇ ਹਿੰਦੂ ਹਾਕਮ, ਜਦ ਜੀਅ ਚਾਹੇ, ਸੱਟ ਮਾਰ ਕੇ ਉਸ ਨੂੰ ਚੌਫਾਲ ਮੂਧਾ ਸੁੱਟ ਲੈਂਦੇ ਹਨ।

ਅਸੀਂ ਪਹਿਲਾਂ ਹੀ ਇਹ ਗੱਲ ਨਿਤਾਰ ਚੁੱਕੇ ਹਾਂ ਕਿ ਇਕ ਸਵੈ-ਚੇਤੰਨ ਕੌਮੀ ਭਾਈਚਾਰੇ ਦੇ ਮੈਂਬਰਾਂ ਲਈ ਪਹਿਲੀ ਵਫ਼ਾਦਾਰੀ (first loyalty) ਦਾ ਸੁਆਲ ਨਹੀਂ ਉਠਣਾ ਚਾਹੀਦਾ। ਉਨ੍ਹਾਂ ਦੀ ਪਹਿਲੀ ਵਫ਼ਾਦਾਰੀ ਆਪਣੇ ਕੌਮੀ ਭਾਈਚਾਰੇ ਨਾਲ ਹੀ ਹੋ ਸਕਦੀ ਹੈ, ਤੇ ਹੋਣੀ ਚਾਹੀਦੀ ਹੈ। ਇਹ ਕੌਮਵਾਦ ਦਾ ਇਕ ਬਹੁਤ ਹੀ ਮੁੱਢਲਾ ਸਬਕ ਤੇ ਸਰਬ-ਪਰਵਾਨਤ ਅਸੂਲ ਹੈ। ਆਪਣੀ ਕੌਮ ਨਾਲ ਵਫ਼ਾਦਾਰੀ ਦਾ ਸੁਤੇ-ਸਿੱਧ ਅਰਥ ਹੋਰਨਾਂ ਨਾਲ ਦੁਸ਼ਮਣੀ ਜਾਂ ਸ਼ਰੀਕਾ ਪਾਲਣਾ ਨਹੀਂ ਹੁੰਦਾ। ਹੋਰਨਾਂ ਨਾਲ ਰਿਸ਼ਤੇ ਦੇ ਮਾਮਲੇ 'ਚ ਕੌਮਾਂ ਦੇ ਆਪਸੀ ਸਬੰਧਾਂ ਦੇ ਨਿਯਮ ਲਾਗੂ ਹੁੰਦੇ ਹਨ। ਕੌਮਾਂ ਦੇ ਆਪਸੀ ਰਿਸ਼ਤੇ ਆਪਸੀ ਹਿਤਾਂ ਨੂੰ ਮੁੱਖ ਰੱਖ ਕੇ ਤੈਅ ਕੀਤੇ ਜਾਂਦੇ ਹਨ। ਇਸ ਵਿੱਚ ਇਤਿਹਾਸ ਤੋਂ ਲੈ ਕੇ ਭੂਗੋਲ ਤਕ, ਰਾਜਨੀਤੀ ਤੋਂ ਲੈ ਕੇ ਅਰਥਚਾਰੇ ਤਕ, ਕਈ ਫ਼ੈਕਟਰ ਆ ਜਾਂਦੇ ਹਨ। ਜੇ ਕੋਈ ਵੱਡੀ ਕੌਮ ਕਿਸੇ ਛੋਟੇ ਕੌਮੀ ਭਾਈਚਾਰੇ ਕੋਲੋਂ ਇਹ ਮੰਗ ਕਰੇ ਕਿ ਉਹ ਆਪਣੇ ਕੌਮੀ ਹਿਤਾਂ ਨੂੰ ਪ੍ਰਮੁੱਖਤਾ ਦੇਣ ਦੀ ਥਾਂ ਵੱਡੀ ਕੌਮ ਦੇ ਹਿਤਾਂ ਨੂੰ ਪ੍ਰਮੁੱਖ ਰੱਖ ਕੇ ਚੱਲੇ,

ਜਾਂ ਉਸ ਨੂੰ ਅਜਿਹੀ ਪੜ੍ਹਤ ਪੜ੍ਹਾਏ ਕਿ ਵੱਡੀ ਕੌਮ ਦੇ ਹਿਤ ਹੀ 'ਕੌਮੀ ਹਿਤ' ਹੁੰਦੇ ਹਨ ਅਤੇ ਛੋਟੀ ਕੌਮ ਦੇ ਹਿਤਾਂ ਨੂੰ ਹਮੇਸ਼ਾ ਤੇ ਹਰ ਸੂਰਤ ਵਿੱਚ ਵੱਡੀ ਕੌਮ ਦੇ ਮਤੈਹਤ ਰੱਖਿਆ ਜਾਣਾ ਚਾਹੀਦਾ ਹੈ, ਤਾਂ ਉਹ, ਬਿਨਾਂ ਸ਼ੱਕ, ਦੂਸਰੇ ਕੌਮੀ ਭਾਈਚਾਰੇ ਦੇ ਆਜ਼ਾਦੀ ਨਾਲ ਜਿਉਣ ਦੇ ਹੱਕ ਉੱਤੇ ਧਾੜਾ ਮਾਰ ਰਹੀ ਹੁੰਦੀ ਹੈ।

ਹਿੰਦੂ ਹਾਕਮ ਸਿੱਖ ਲੀਡਰਸ਼ਿਪ ਅੱਗੇ ਅਕਸਰ ਇਹ ਸੁਆਲ ਖੜਾ ਕਰਦੇ ਆ ਰਹੇ ਹਨ ਕਿ ਉਸ ਦੀ ਪਹਿਲੀ ਵਫ਼ਾਦਾਰੀ ਕਿਸ ਨਾਲ ਹੈ? ਦੇਸ ਨਾਲ ਜਾਂ ਆਪਣੇ ਭਾਈਚਾਰੇ ਅਥਵਾ ਪੰਥ ਨਾਲ? ਸਿੱਖ ਲੀਡਰਸ਼ਿਪ ਦਾ ਹਮੇਸ਼ਾ ਇੱਕੋ ਜੁਆਬ ਰਿਹਾ ਹੈ ਕਿ ਨਾ ਸਿਰਫ਼ ਉਸ ਦੀ ਸਗੋਂ ਸਮੁੱਚੇ ਸਿੱਖ ਭਾਈਚਾਰੇ ਦੀ ਪਹਿਲੀ ਵਫ਼ਾਦਾਰੀ ਬਿਨਾਂ ਸ਼ੱਕ ਅਤੇ ਬਿਨਾਂ ਸ਼ਰਤ, ਦੇਸ ਨਾਲ ਹੈ। ਸਿੱਖ ਲੀਡਰਸ਼ਿਪ ਦਾ ਇਹ ਲਗਾਤਾਰ ਇਤਰਾਜ਼ ਰਿਹਾ ਹੈ ਕਿ ਸਿੱਖ ਭਾਈਚਾਰੇ ਦੀ ਦੇਸ ਭਗਤੀ ਅਥਵਾ ਦੇਸ ਪ੍ਰਤੀ ਵਫ਼ਾਦਾਰੀ ਬਾਰੇ ਸ਼ੱਕ ਹੀ ਕਿਉਂ ਕੀਤਾ ਜਾਂਦਾ ਹੈ। ਇਹ ਸਿੱਖ ਲੀਡਰਸ਼ਿਪ ਅੰਦਰ ਅਤੇ ਆਮ ਕਰਕੇ ਸਮੁੱਚੇ ਸਿੱਖ ਭਾਈਚਾਰੇ ਅੰਦਰ ਕੌਮੀ ਚੇਤਨਾ ਦੀ ਘਾਟ ਦਾ ਹੀ ਨਤੀਜਾ ਹੈ ਕਿ ਉਸ ਨੇ ਅਜੇ ਤਕ ਕੌਮਵਾਦ ਦਾ ਇਹ ਕੁੱਲ ਤੋਂ ਮੁੱਢਲਾ ਸਬਕ ਹੀ ਗ੍ਰਹਿਣ ਨਹੀਂ ਕੀਤਾ ਕਿ ਉਸ ਲਈ ਦੇਸ ਨਾਲੋਂ ਪੰਥ ਦਾ ਮਰਤਬਾ ਕਿਤੇ ਉੱਚਾ ਹੈ। ਮਾਸਟਰ ਤਾਰਾ ਸਿੰਘ ਨੇ ਇਸ ਮਸਲੇ 'ਤੇ ਇਕ ਵਾਰ, ਅਤੇ ਸਿਰਫ਼ ਇਕ ਹੀ ਵਾਰ, ਦਰੁਸਤ ਪੋਜ਼ੀਸ਼ਨ ਲੈਂਦਿਆਂ ਹੋਇਆਂ ਇਹ ਗੱਲ ਆਖੀ ਸੀ ਕਿ "ਮੇਰਾ ਦੇਸ ਉਹ ਹੈ ਜਿਥੇ ਮੇਰਾ ਪੰਥ ਵਸਦਾ ਹੈ.... ਪੰਥ ਦੀ ਖ਼ਾਤਰ ਮੈਂ ਦੇਸ ਛੱਡਣ ਨੂੰ ਤਿਆਰ ਹਾਂ, ਦੇਸ ਦੀ ਖ਼ਾਤਰ ਪੰਥ ਛੱਡਣ ਨੂੰ ਤਿਆਰ ਨਹੀਂ ਹਾਂ। ਇਹ ਗੱਲ ਪੱਕੀ ਸਮਝੋ ਕਿ ਮੇਰੇ ਲਈ ਪਹਿਲਾ, ਦੂਜਾ, ਤੀਜਾ ਸਭ ਕੁਝ ਪੰਥ ਹੀ ਹੈ। ਦੇਸ ਤਾਂ ਮੇਰਾ ਹਿੰਦੁਸਤਾਨ ਤਦ ਹੀ ਹੈ ਜੇ ਪੰਥ ਇਸ ਵਿੱਚ ਵਸਦਾ ਹੈ....।"[28]

ਇਸ ਨੂੰ ਮਾਸਟਰ ਤਾਰਾ ਸਿੰਘ ਦੀ ਕੋਈ ਬਾਕਾਇਦਾ ਸੋਚੀ ਵਿਚਾਰੀ ਸਿਧਾਂਤਕ ਪੋਜ਼ੀਸ਼ਨ ਸਮਝ ਬੈਠਣ ਦਾ ਟਪਲਾ ਨਹੀਂ ਖਾਣਾ ਚਾਹੀਦਾ। 1965 ਵਿੱਚ ਇਹ ਉਸ ਦੇ ਮੂੰਹੋਂ ਨਿਕਲੀ ਇਕ ਭਾਵਨਾਤਮਿਕ ਹੂਕ ਸੀ ਜੋ ਇਹ ਦਰਸਾਉਂਦੀ ਹੈ ਕਿ ਉਹ ਹਿੰਦੂ ਹਾਕਮਾਂ ਦੀਆਂ ਘਿਨਾਉਣੀਆਂ ਸਿੱਖ ਦੁਸ਼ਮਣ ਕੁਚਾਲਾਂ ਤੋਂ ਕਿਸ ਹੱਦ ਤਕ ਦੁਖੀ ਹੋ ਚੁੱਕਾ ਸੀ। ਮਾਸਟਰ ਤਾਰਾ ਸਿੰਘ ਦੇ ਬਿਆਨਾਂ, ਕਥਨਾਂ, ਭਾਸ਼ਣਾਂ ਤੇ ਲਿਖਤਾਂ 'ਚੋਂ ਅਜਿਹੀਆਂ ਅਣਗਿਣਤ ਉਦਾਹਰਣਾਂ ਮਿਲਦੀਆਂ ਹਨ ਜਿਨ੍ਹਾਂ 'ਚੋਂ ਪੰਥ, ਦੇਸ ਅਤੇ ਕੌਮ ਦੇ ਆਪਸੀ ਰਿਸ਼ਤੇ ਬਾਰੇ ਉਸ ਦੀ ਗੰਧਲੀ ਤੇ ਗ਼ਲਤ ਸਮਝ ਦੀ ਬਹੁਤ ਹੀ ਬੇਸੁਆਦੀ ਤਸਵੀਰ ਉਭਰਦੀ ਹੈ। ਮਿਸਾਲ ਦੇ ਤੌਰ 'ਤੇ ਅਕਤੂਬਰ 1953 ਵਿੱਚ ਪੰਥ ਦੇ ਨਾਂ ਜਾਰੀ ਕੀਤੇ ਇਕ ਸੰਦੇਸ਼ ਵਿੱਚ ਉਸ ਨੇ ਪੰਥ ਭਗਤੀ ਤੇ ਦੇਸ ਭਗਤੀ ਦੇ ਆਪਸੀ ਰਿਸ਼ਤੇ ਨੂੰ ਉਲਟੇ ਰੁਖ਼ ਖੜਾ ਕਰ ਦਿੱਤਾ। ਉਸ ਕਿਹਾ, "ਸਰਕਾਰ ਨੂੰ ਚਾਹੀਦਾ ਹੈ ਕਿ ਸਾਡੇ ਵਿਰੁੱਧ ਤੁਅਸਬ, ਸ਼ੱਕ ਤੇ ਸਾਨੂੰ ਕੁਚਲਣ ਦੀ ਇੱਛਾ ਛੱਡ ਦੇਵੇ, ਬਾਕੀ ਮੰਗਾਂ, ਤੇ ਇਹ ਵੀ ਛੇਤੀ ਪੂਰੀਆਂ ਕਰੇ ਤਾਂ ਕਿ ਅਸੀਂ ਆਪਣਾ ਪੂਰਾ ਧਿਆਨ ਦੇਸ ਦੀ ਸੇਵਾ ਤੇ ਦੇਸ ਦੀ ਰੱਖਿਆ ਵੱਲ ਦੇ ਸਕੀਏ। ਦੇਸ, ਧਰਮ ਤੇ ਕੌਮ ਦੀ ਰੱਖਿਆ ਮੁੱਖ ਗੱਲ ਹੈ ਤੇ ਇਸ ਮੁੱਖ ਗੱਲ ਨੂੰ ਹਰ ਵੇਲੇ ਮੁੱਖ ਰੱਖਿਆ ਜਾਵੇਗਾ। ਜੇ ਦੇਸ, ਕੌਮ ਤੇ ਧਰਮ ਡਿੱਗ ਪਏ ਤਾਂ ਸਿੱਖ ਧਰਮ ਤੇ ਸਿੱਖ ਪੰਥ ਵੀ ਵਿੱਚੇ ਗਏ।"[29]

ਇਥੇ ਮਾਸਟਰ ਜੀ ਪਰਤੱਖ ਤੌਰ 'ਤੇ ਸਿੱਖ ਕੌਮਪ੍ਰਸਤੀ ਦੀ ਬਜਾਇ ਹਿੰਦੂ ਕੌਮਪ੍ਰਸਤੀ ਦੀ ਭਾਸ਼ਾ ਵਿੱਚ ਗੱਲ ਕਰਦੇ ਹਨ। ਉਹ ਨਾ ਸਿਰਫ਼ ਭਾਰਤ ਦੀ ਰੱਖਿਆ ਨੂੰ ਆਪਣਾ ਪਹਿਲਾ ਫ਼ਰਜ਼ ਸਮਝਦੇ ਹਨ ਸਗੋਂ ਹਿੰਦੂ ਕੌਮ ਤੇ ਹਿੰਦੂ ਧਰਮ ਦੀ ਰੱਖਿਆ ਨੂੰ ਪੰਥ ਭਗਤੀ ਨਾਲੋਂ ਉੱਚਾ ਦਰਜਾ ਦੇਣ ਦੀ ਸਮਝ ਉਭਾਰਦੇ ਹਨ। ਇਹ ਕਹਿਣਾ ਕਿ "ਦੇਸ, ਧਰਮ

ਤੇ ਕੌਮ ਦੀ ਰੱਖਿਆ ਮੁੱਖ ਗੱਲ ਹੈ ਤੇ ਇਸ ਮੁੱਖ ਗੱਲ ਨੂੰ ਹਰ ਵੇਲੇ ਮੁੱਖ ਰੱਖਿਆ ਜਾਵੇਗਾ," ਨੰਗੇ ਰੂਪ ਵਿੱਚ ਹਿੰਦੂ ਕੌਮਪ੍ਰਸਤਾਂ ਦੀ ਬੋਲੀ ਬੋਲਣਾ ਹੈ। ਕੀ ਇਹ ਹੈਰਾਨੀ ਦੀ ਗੱਲ ਨਹੀਂ ਕਿ ਸਿੱਖ ਕੌਮ ਦੀ ਸਿਰਮੌਰ ਹਸਤੀ ਵੱਲੋਂ ਆਪਣੇ ਧਰਮ (ਅਰਥਾਤ ਸਿੱਖ ਧਰਮ) ਦੀ ਰੱਖਿਆ ਨੂੰ ਆਪਣਾ ਪ੍ਰਮੁੱਖ ਫ਼ਰਜ਼ ਸਮਝਣ ਦੀ ਬਜਾਇ, ਉਹ ਧਰਮ ਜੋ ਉਸ ਦੇ ਆਪਣੇ ਹੀ ਸ਼ਬਦਾਂ 'ਚ "ਸਿੱਖ ਧਰਮ ਨੂੰ ਹੜੱਪ ਕਰਨਾ ਚਾਹੁੰਦਾ ਹੈ," ਦੀ ਰੱਖਿਆ ਨੂੰ ਆਪਣਾ ਸਭ ਤੋਂ ਉਚੇਰਾ ਧਰਮ ਸਮਝਿਆ ਜਾ ਰਿਹਾ ਹੈ ? ਇਹ ਕੈਸਾ ਅਜੀਬੋ-ਗ਼ਰੀਬ ਤਰਕ ਹੈ ਕਿ ਇਕ ਪਾਸੇ ਸਿੱਖ ਪੰਥ ਨੂੰ "ਹਿੰਦੂਆਂ ਦੀ ਗ਼ੁਲਾਮੀ ਤੋਂ ਛੁਟਕਾਰਾ ਪਾਉਣ ਲਈ ਸੰਘਰਸ਼ ਦਾ ਮੈਦਾਨ ਗਰਮਾਉਣ" ਦੇ ਸੱਦੇ ਦਿੱਤੇ ਜਾ ਰਹੇ ਹਨ ਅਤੇ ਦੂਜੇ ਪਾਸੇ, ਨਾਲ ਹੀ, ਉਸ ਨੂੰ ਹਿੰਦੂਆਂ ਦੇ ਧਰਮ ਤੇ ਕੌਮ ਦੀ ਰੱਖਿਆ ਲਈ ਮਰ ਮਿਟਣ ਦੀਆਂ ਸਲਾਹਾਂ ਦਿੱਤੀਆਂ ਜਾ ਰਹੀਆਂ ਹਨ ? ਆਪਣੀ ਇਸ ਸਵੈ-ਵਿਰੋਧੀ ਪੋਜ਼ੀਸ਼ਨ ਨੂੰ ਵਾਜਬ ਠਹਿਰਾਉਣ ਲਈ ਮਾਸਟਰ ਜੀ, ਆਪਣੇ ਉਸੇ ਸੰਦੇਸ਼ ਵਿੱਚ, ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲੋਂ 'ਹਿੰਦੂ ਧਰਮ ਦੀ ਰੱਖਿਆ' ਲਈ ਕੀਤੀ ਗਈ ਕੁਰਬਾਨੀ ਦੀ ਮਿਸਾਲ ਦਿੰਦੇ ਹਨ। ਇਥੇ ਉਹ ਦੋਹਰਾ ਗੁਨਾਹ ਕਰ ਰਹੇ ਹਨ। ਇਕ ਤਾਂ ਉਹ ਸਿੱਖ ਕੌਮ ਨੂੰ ਪੁੱਠੀ ਮੱਤ ਦੇ ਰਹੇ ਹਨ। ਦੂਜਾ, ਜਾਂ ਤਾਂ ਆਪਣੀ ਅਗਿਆਨਤਾ ਕਰਕੇ ਅਤੇ ਜਾਂ ਆਪਣੀ ਗ਼ਲਤ ਪੋਜ਼ੀਸ਼ਨ ਨੂੰ ਦਰੁਸਤ ਸਾਬਤ ਕਰਨ ਦੇ ਜੋਸ਼ ਵਿੱਚ ਉਹ ਇਤਿਹਾਸ ਦੀ ਅਸਲੋਂ ਹੀ ਗ਼ਲਤ ਵਿਆਖਿਆ ਕਰ ਰਹੇ ਹਨ। ਇਹ ਕਹਿਣਾ ਕਿ ਗੁਰੂ ਤੇਗ ਬਹਾਦਰ ਜੀ ਨੇ 'ਹਿੰਦੂ ਧਰਮ ਦੀ ਰੱਖਿਆ' ਲਈ ਕੁਰਬਾਨੀ ਦਿੱਤੀ, ਸਿੱਖ ਧਰਮ ਬਾਰੇ ਹਿੰਦੂਵਾਦੀ ਸਮਝ ਦਾ ਢੰਡੋਰਾ ਪਿੱਟਣਾ ਹੈ। ਹਿੰਦੂ ਵਰਗ ਦੇ ਬੌਧਿਕ ਰਹਿਬਰਾਂ ਵੱਲੋਂ ਸਿੱਖ ਵਿਚਾਰਧਾਰਾ ਦੇ ਬ੍ਰਾਹਮਣਵਾਦ ਨਾਲ ਬੁਨਿਆਦੀ ਵਖਰੇਵੇਂ ਤੇ ਵਿਰੋਧਾਂ ਉੱਤੇ ਝੂਠ ਦਾ ਪਰਦਾ ਤਾਨਣ ਦੀ ਨੀਤ ਨਾਲ, ਮੁੱਢ ਤੋਂ ਹੀ ਇਹ ਕਿਹਾ ਤੇ ਪਰਚਾਰਿਆ ਜਾਂਦਾ ਆ ਰਿਹਾ ਹੈ ਕਿ ਸਿੱਖ ਧਰਮ ਦੀ ਸਥਾਪਨਾ ਹੀ 'ਹਿੰਦੂ ਧਰਮ ਦੀ ਰੱਖਿਆ' ਲਈ ਕੀਤੀ ਗਈ ਸੀ। ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਨੂੰ ਖ਼ਾਸ ਤੌਰ 'ਤੇ ਇਸ ਧਾਰਨਾ ਦੇ ਪੱਖ 'ਚ ਭੁਗਤਾਇਆ ਜਾਂਦਾ ਹੈ। ਹਿੰਦੂ ਵਰਗ ਦੇ ਬੌਧਿਕ ਬੁਲਾਰਿਆਂ ਵੱਲੋਂ ਅਜਿਹਾ ਕਰਨਾ ਸਾਫ਼ ਸਮਝ ਪੈਂਦਾ ਹੈ। ਸਿੱਖ ਧਰਮ ਦੀ ਇਸ ਹਿੰਦੂਵਾਦੀ ਵਿਆਖਿਆ ਨਾਲ ਹਿੰਦੂਵਾਦ ਨਾਲੋਂ ਸਿੱਖ ਧਰਮ ਦੀ ਅੱਡਰੀ ਪਛਾਣ ਦੇ ਦਾਅਵੇ ਦਾ ਆਪਣੇ ਆਪ ਖੰਡਨ ਹੋ ਜਾਂਦਾ ਹੈ। ਇਸ ਤਰ੍ਹਾਂ, ਸਿੱਖ ਧਰਮ ਨੂੰ ਹਿੰਦੂਵਾਦ ਦੀ ਹੀ ਇਕ ਸ਼ਾਖਾ ਵਜੋਂ ਪੇਸ਼ ਕਰਕੇ, ਇਸ ਦੀ ਸੁਤੰਤਰ ਹਸਤੀ ਨੂੰ ਮਲੀਆਮੇਟ ਕਰਨ ਦਾ ਕਾਰਜ ਆਸਾਨ ਹੋ ਜਾਂਦਾ ਹੈ। ਹਿੰਦੂ ਵਿਦਵਾਨਾਂ ਵੱਲੋਂ ਇਕ ਬਾਕਾਇਦਾ ਸੋਚੀ ਸਮਝੀ ਵਿਉਂਤ ਤਹਿਤ, ਲੰਮੇ ਸਮੇਂ ਤੋਂ, ਇਹ ਕੰਮ ਸਿਲਸਿਲੇਬੱਧ ਰੂਪ 'ਚ ਕੀਤਾ ਜਾ ਰਿਹਾ ਹੈ। ਗੋਕਲ ਚੰਦ ਨਾਰੰਗ ਨੇ ਸਿੱਖ ਧਰਮ ਬਾਰੇ ਆਪਣੀ ਪ੍ਰਸਿੱਧ ਕਿਤਾਬ *Transformation of Sikhism* ਇਸੇ ਆਸ਼ੇ ਨੂੰ ਮੁੱਖ ਰੱਖ ਕੇ ਲਿਖੀ ਸੀ। ਸਿੱਖ ਧਰਮ ਬਾਰੇ ਹਿੰਦੂਵਾਦੀ ਭਰਮ ਫੈਲਾਉਣ ਵਿੱਚ ਇਸ ਕਿਤਾਬ ਨੇ ਅਹਿਮ ਭੂਮਿਕਾ ਨਿਭਾਈ ਹੈ। ਖ਼ਾਸ ਕਰਕੇ, ਖ਼ਾਲਸਾ ਪੰਥ ਦੀ ਸਾਜਨਾ ਦੇ ਉਦੇਸ਼ ਨੂੰ 'ਹਿੰਦੂ ਧਰਮ ਦੀ ਰੱਖਿਆ' ਤਕ ਸੁੰਗੇੜਨ ਅਤੇ ਖ਼ਾਲਸਾ ਪੰਥ ਨੂੰ ਹਿੰਦੂ ਭਾਈਚਾਰੇ ਦਾ ਹੀ ਇਕ 'ਸੈਨਕ ਸੰਗਠਨ' ਬਣਾ ਕੇ ਪੇਸ਼ ਕਰਨ ਵਿੱਚ ਇਸ ਪੁਸਤਕ ਨੇ ਉਚੇਚਾ ਯੋਗਦਾਨ ਪਾਇਆ ਹੈ। ਇਸ ਦੁਰਪ੍ਰਚਾਰ ਦਾ ਅਸਰ ਸਿਰਫ਼ ਹਿੰਦੂ ਵਰਗ ਤਕ ਹੀ ਸੀਮਤ ਨਹੀਂ। ਖ਼ੁਦ ਸਿੱਖ ਪੰਥ ਦੇ ਵੱਡੇ ਹਿੱਸੇ ਇਸ ਦੇ ਮਾਰੂ ਪ੍ਰਭਾਵ ਹੇਠ ਹਨ। ਸਿੱਖ ਧਾਰਮਿਕ ਹਸਤੀਆਂ, ਪ੍ਰਚਾਰਕਾਂ, ਕਥਾਵਾਚਕਾਂ, ਰਾਗੀਆਂ, ਢਾਡੀਆਂ, ਸਿੱਖ ਵਿਚਾਰਧਾਰਾ ਦੇ ਮੂਲ ਤੱਤ ਨੂੰ ਗ੍ਰਹਿਣ ਕਰਨ ਤੋਂ ਅਸਮਰਥ ਸਿੱਖ ਵਿਦਵਾਨਾਂ ਤੇ ਤੁੱਛ ਬੁੱਧੀ ਵਾਲੇ ਲਿਖਾਰੀਆਂ ਵੱਲੋਂ ਸਿੱਖ ਧਰਮ ਤੇ ਸਿੱਖ ਇਤਿਹਾਸ ਦੀ ਇਸ ਹਿੰਦੂਵਾਦੀ

ਵਿਆਖਿਆ ਦੇ ਪ੍ਰਚਾਰ-ਪਸਾਰ ਦਾ ਕਰਮ ਹਰ ਦਿਹਾੜੀ, ਹਰ ਘੜੀ ਅਤੇ ਹਰ ਪਲ, ਵਿਆਪਕ ਪੈਮਾਨੇ 'ਤੇ ਚਲਾਇਆ ਜਾ ਰਿਹਾ ਹੈ। ਜੇਕਰ ਮਾਸਟਰ ਤਾਰਾ ਸਿੰਘ ਵਰਗਾ ਸਿੱਖ ਕੌਮ ਦਾ ਚੋਟੀ ਦਾ ਆਗੂ ਏਨੀ ਗੱਲ ਨਹੀਂ ਸਮਝ ਸਕਿਆ ਕਿ ਗੁਰੂ ਤੇਗ ਬਹਾਦਰ ਜੀ ਤੇ ਉਨ੍ਹਾਂ ਦੇ ਸਾਥੀ ਸਿੱਖਾਂ ਨੇ ਜੋ ਕੁਰਬਾਨੀਆਂ ਦਿੱਤੀਆਂ ਉਹ 'ਹਿੰਦੂ ਧਰਮ ਦੀ ਰਾਖੀ' ਲਈ ਨਹੀਂ, ਬਲਕਿ ਹਿੰਦੂ ਧਰਮ ਵਿੱਚ ਵਿਸ਼ਵਾਸ ਰੱਖਣ ਦੇ ਹੱਕ ਦੀ ਰਾਖੀ ਲਈ ਸਨ ਤਾਂ ਆਮ ਸਿੱਖ ਜਨਤਾ ਅੰਦਰ ਫੈਲੇ ਇਸ ਬੌਧਿਕ ਪ੍ਰਦੂਸ਼ਣ ਦਾ ਅਨੁਮਾਨ ਲਾਉਣਾ ਔਖਾ ਨਹੀਂ। ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਨੂੰ ਇਤਿਹਾਸਕ ਪਰਸੰਗ ਨਾਲੋਂ ਤੋੜ ਕੇ, ਇਸ ਨੂੰ ਅਜੋਕੇ ਸਮੇਂ ਅੰਦਰ ਹਿੰਦੂ ਧਰਮ ਦੀ ਰੱਖਿਆ ਦੀ ਕੁਰਾਹੇ ਗ੍ਰਸੀ ਸੋਚ ਤੇ ਰਾਜਨੀਤੀ ਦੀ ਹਮਾਇਤ ਵਿੱਚ ਭੁਗਤਾਉਣ ਦੀ ਕੋਸ਼ਿਸ਼ ਕਰਨਾ ਕੋਈ ਮਾਮੂਲੀ ਰਾਜਨੀਤਕ ਭੁੱਲ ਨਹੀਂ ਸਗੋਂ ਸਿੱਖ ਕੌਮ ਨੂੰ ਕੁਰਾਹੇ ਪਾਉਣ ਦਾ ਬੱਜਰ ਗੁਨਾਹ ਹੈ ਜਿਸਨੂੰ ਕਿਸੇ ਵੀ ਸੂਰਤ ਮਾਫ਼ ਨਹੀਂ ਕੀਤਾ ਜਾ ਸਕਦਾ। ਇਸ ਗੱਲ ਨੂੰ ਸਮਝਣ ਲਈ ਬਹੁਤੀ ਤੀਖਣ ਬੁੱਧੀ ਦੀ ਲੋੜ ਨਹੀਂ ਕਿ ਜਿਸ ਵੇਲੇ ਗੁਰੂ ਤੇਗ ਬਹਾਦਰ ਜੀ ਨੇ ਕੁਰਬਾਨੀ ਦੇਣ ਦਾ ਚੇਤੰਨ ਫ਼ੈਸਲਾ ਲਿਆ ਸੀ, ਉਸ ਵੇਲੇ ਹਿੰਦੂ ਵਰਗ ਇਕ ਹੁਕਮਰਾਨ ਤਾਕਤ ਨਹੀਂ ਸੀ, ਬਲਕਿ ਮੁਗ਼ਲ ਹਕੂਮਤ ਹੇਠ ਇਕ ਮਜ਼ਲੂਮ ਭਾਈਚਾਰਾ ਸੀ। ਜ਼ਰਾ ਕਿਆਸ ਕਰੋ ਕਿ ਜੇਕਰ ਉਦੋਂ ਵੀ ਹਿੰਦੂ ਇਕ ਹੁਕਮਰਾਨ ਤਾਕਤ ਹੁੰਦੇ ਅਤੇ ਉਹ "ਮੁਸਲਮਾਨਾਂ ਨੂੰ ਹੜੱਪ ਕਰਨ ਲਈ ਤਤਪਰ" ਹੁੰਦੇ ਤਾਂ ਗੁਰੂ ਤੇਗ ਬਹਾਦਰ ਜੀ ਦਾ ਅਜਿਹੇ ਹਿੰਦੂ ਹੁਕਮਰਾਨਾਂ ਪ੍ਰਤੀ ਕੀ ਵਤੀਰਾ ਹੁੰਦਾ ? ਐਨ ਸੰਭਵ ਸੀ ਕਿ ਫਿਰ ਗੁਰੂ ਜੀ ਨੂੰ ਇਸਲਾਮ ਧਰਮ ਵਿੱਚ ਵਿਸ਼ਵਾਸ ਰੱਖਣ ਦੇ ਹੱਕ ਦੀ ਰਾਖੀ ਲਈ ਸ਼ਹਾਦਤ ਦੇਣੀ ਪੈਂਦੀ। ਸੋ ਕਿਸੇ ਧਰਮ ਦੀ ਰੱਖਿਆ ਦਾ ਮਸਲਾ ਨਹੀਂ ਸੀ ਇਹ, ਬਲਕਿ ਮਨੁੱਖੀ ਹੱਕਾਂ ਦੀ ਰਾਖੀ ਦੀ ਗੱਲ ਸੀ। ਮਨੁੱਖੀ ਹੱਕਾਂ ਦੀ ਰਾਖੀ ਲਈ ਸ਼ਹਾਦਤ ਦੇਣ ਦਾ ਇਤਿਹਾਸ ਅੰਦਰ ਇਹ ਪਹਿਲਾ ਮੌਕਾ ਸੀ। ਇਸ ਦੀ ਵਡੱਤਣ ਤੇ ਮਹਾਨਤਾ ਇਸੇ ਤੱਥ ਅੰਦਰ ਸਮੋਈ ਹੋਈ ਹੈ ਕਿਉਂਕਿ ਇਹ ਉਹ ਸਮਾਂ ਸੀ ਜਦੋਂ ਚਾਰੇ ਪਾਸੇ ਮੱਧਯੁੱਗ ਦਾ ਘੋਰ ਅੰਧਕਾਰ ਪਸਰਿਆ ਹੋਇਆ ਸੀ ਅਤੇ ਸੰਸਾਰ ਅੰਦਰ ਅਜੇ ਮਨੁੱਖੀ ਹੱਕਾਂ ਦਾ ਸੰਕਲਪ ਵੀ ਪੈਦਾ ਨਹੀਂ ਸੀ ਹੋਇਆ। ਸੋ 1953 ਵਿੱਚ ਜਦ ਹਿੰਦੂ ਨਾ ਸਿਰਫ਼ ਇਕ ਹੁਕਮਰਾਨ ਤਾਕਤ ਬਣੇ ਹੋਏ ਸਨ ਸਗੋਂ ਸਿੱਖ ਕੌਮ ਨੂੰ ਦੁਬੇਲ ਬਣਾਉਣ ਲਈ ਪੂਰੇ ਹਠ ਤੇ ਜਨੂੰਨ ਨਾਲ ਸਿੱਖ ਦੁਸ਼ਮਣੀ ਦੇ ਰਾਹ 'ਤੇ ਅੱਗੇ ਵਧ ਰਹੇ ਸਨ, ਮਾਸਟਰ ਤਾਰਾ ਸਿੰਘ ਵੱਲੋਂ ਉਸ ਵੇਲੇ ਹਿੰਦੂ ਧਰਮ ਦੀ ਰੱਖਿਆ ਦਾ ਸੁਆਲ ਖੜਾ ਕਰਨਾ ਅਤੇ ਇਸ ਤੋਂ ਵੀ ਅੱਗੇ ਇਸ ਨੂੰ 'ਮੁੱਖ ਗੱਲ' ਬਣਾਉਣਾ, ਸਿੱਖ ਲੀਡਰਸ਼ਿਪ ਦੀ ਇਕ ਅਜਿਹੀ ਵਿਚਾਰਧਾਰਕ ਮਰਜ਼ ਵੱਲ ਇਸ਼ਾਰਾ ਕਰਦਾ ਹੈ ਜਿਸ ਨੇ ਸਿੱਖ ਕੌਮ ਨੂੰ ਪਿਛਲੀ ਲਗਭਗ ਡੇਢ ਸਦੀ ਤੋਂ ਆਪਣੀ ਅਜਿਹੀ ਮਾਰੂ ਜਕੜ ਵਿੱਚ ਲਿਆ ਹੋਇਆ ਹੈ ਕਿ ਉਹ ਆਪਣੇ ਭਲੇ ਤੇ ਬੁਰੇ ਦੀ ਪਛਾਣ ਕਰ ਸਕਣ ਦੀ ਸੋਝੀ ਤੇ ਸਮਰੱਥਾ ਹੀ ਗੁਆ ਚੁੱਕੀ ਹੈ। ਇਸ 'ਮਰਜ਼' ਦਾ ਸਬੰਧ ਫਿਰ ਸਪਸ਼ਟ ਤੌਰ 'ਤੇ ਕੌਮੀ ਚੇਤਨਾ ਦੀ ਘਾਟ ਨਾਲ ਜਾ ਜੁੜਦਾ ਹੈ।

## ਕੌਮੀ ਸੋਝੀ ਬਨਾਮ ਮੱਧਯੁਗੀ ਚੇਤਨਾ

ਸਮਾਜਿਕ ਵਿਗਿਆਨ ਦੇ ਦ੍ਰਿਸ਼ਟੀਕੋਣ ਤੋਂ ਦੇਖਿਆਂ ਕੌਮੀ ਜਜ਼ਬੇ ਦੀ ਉਤਪਤੀ ਤੇ ਵਿਕਾਸ ਦਾ ਅਮਲ ਇਕ ਇਤਿਹਾਸਕ ਵਰਤਾਰਾ ਹੈ ਜੋ ਇਤਿਹਾਸ ਦੇ ਇਕ ਖ਼ਾਸ ਪੜਾਅ 'ਤੇ ਜਾ ਕੇ ਪੈਦਾ ਹੋਇਆ। ਮੱਧਯੁੱਗ ਦੇ ਮੁੱਢਲੇ ਦੌਰ ਤਕ 'ਕੌਮ' ਅਤੇ 'ਕੌਮਪ੍ਰਸਤੀ'

ਦਾ ਕੋਈ ਸੰਕਲਪ ਪੈਦਾ ਨਹੀਂ ਸੀ ਹੋਇਆ। ਲੋਕਾਂ ਦੀ ਬੁਨਿਆਦੀ ਵਫ਼ਾਦਾਰੀ ਆਪਣੇ ਰਾਜੇ ਤੇ ਰਾਜਸ਼ਾਹੀ ਨਾਲ ਹੁੰਦੀ ਸੀ। ਪਰਜਾ ਅੰਦਰ ਆਪਣੇ ਰਾਜੇ ਤੇ ਉਸ ਦੇ ਰਾਜ ਦੀ ਰੱਖਿਆ ਨੂੰ ਆਪਣਾ ਪਰਮ-ਧਰਮ ਸਮਝਣ ਦੀ ਸੋਚ ਤੇ ਭਾਵਨਾ ਵਿਕਸਤ ਕਰਨ ਦੇ ਯਤਨ ਕੀਤੇ ਜਾਂਦੇ ਸਨ। ਇਸ ਕਾਰਜ ਵਿੱਚ ਧਾਰਮਿਕ ਮੁਖੀਆਂ ਦਾ ਉਚੇਚਾ ਸਹਿਯੋਗ ਲਿਆ ਜਾਂਦਾ ਸੀ। ਉਦੋਂ ਦੇਸ ਜਾਂ ਕੌਮ ਦਾ ਸੰਕਲਪ ਪੈਦਾ ਨਹੀਂ ਸੀ ਹੋਇਆ। ਇਸ ਕਰਕੇ ਦੇਸਭਗਤੀ ਜਾਂ ਕੌਮ-ਪ੍ਰਸਤੀ ਦੀ ਭਾਵਨਾ ਦਾ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ। ਰਾਜਭਗਤੀ ਦਾ ਜਜ਼ਬਾ ਹੀ ਸਭ ਕੁਝ ਸੀ। ਇਸ ਨੂੰ ਜੇ ਕੋਈ ਚੀਜ਼ ਕੱਟ ਸਕਦੀ ਸੀ ਤਾਂ ਉਹ ਸਿਰਫ਼ ਧਰਮ ਦਾ ਜਜ਼ਬਾ ਹੀ ਸੀ। ਪਰਜਾ ਦੇ ਧਾਰਮਿਕ ਵਿਸ਼ਵਾਸ ਰਾਜੇ ਤੇ ਉਸ ਦੇ ਰਾਜ ਪ੍ਰਤੀ ਵਫ਼ਾਦਾਰੀ ਨੂੰ ਗਹਿਰੀ ਤਰ੍ਹਾਂ ਪ੍ਰਭਾਵਿਤ ਕਰਦੇ ਸਨ। ਰਾਜ ਦੀਆਂ ਹੱਦਾਂ ਸਬੰਧਿਤ ਰਾਜ ਦੀ ਅਤੇ ਗੁਆਂਢੀ ਰਾਜਾਂ ਦੀ ਸਥਿਤੀ ਤੇ ਤਾਕਤ ਦੇ ਆਪਸੀ ਤਵਾਜ਼ਨ ਅਨੁਸਾਰ ਫੈਲਰਦੀਆਂ/ਸੁੰਗੜਦੀਆਂ ਰਹਿੰਦੀਆਂ ਸਨ। ਰਾਜ ਦੀਆਂ ਫ਼ੌਜਾਂ 'ਮਾਂਗਵੀ ਧਾੜ' ਦੇ ਦਸਤੂਰ ਅਨੁਸਾਰ ਖੜੀਆਂ ਕੀਤੀਆਂ ਜਾਂਦੀਆਂ ਸਨ ਅਤੇ ਉਨ੍ਹਾਂ ਵੱਲੋਂ ਆਮ ਤੌਰ 'ਤੇ ਇਸ ਦਸਤੂਰ ਦੀ ਵਫ਼ਾਦਾਰੀ ਨਾਲ ਪਾਲਣਾ ਕੀਤੀ ਜਾਂਦੀ ਸੀ। ਇਤਿਹਾਸ ਅੰਦਰ ਮੱਧਯੁੱਗ ਦੀਆਂ ਸੱਭੇ ਜੰਗਾਂ ਦੌਰਾਨ ਧਰਮ ਅਤੇ ਰਾਜਭਗਤੀ ਦੇ ਜਜ਼ਬੇ ਨੇ ਨਿਰਣਾਇਕ ਭੂਮਿਕਾ ਨਿਭਾਈ ਹੈ।

ਮੱਧਯੁੱਗ ਦੇ ਮਗ਼ਰਲੇ ਦੌਰ ਅੰਦਰ ਹਾਲਤ ਵਿੱਚ ਇਕ ਵੱਡੀ ਤੇ ਸਿਫ਼ਤੀ ਤਬਦੀਲੀ ਵਾਪਰਨੀ ਸ਼ੁਰੂ ਹੋਈ। ਲੋਕਾਂ ਅੰਦਰ ਆਪਣੀ ਜ਼ੁਬਾਨ, ਧਰਤੀ, ਵਿਰਾਸਤ, ਭਾਈਚਾਰੇ ਤੇ ਸਭਿਆਚਾਰ ਨਾਲ ਮੋਹ ਦੀਆਂ ਭਾਵਨਾਵਾਂ ਪ੍ਰਫੁਲਤ ਹੋਣ ਲੱਗੀਆਂ। ਆਰਥਿਕ, ਸਮਾਜਿਕ ਤੇ ਸਭਿਆਚਾਰਕ ਜ਼ਿੰਦਗੀ ਅੰਦਰ ਵੱਡੀਆਂ ਵਿਕਾਸਮੁਖੀ ਤਬਦੀਲੀਆਂ ਦੇ ਸਿਲਸਿਲੇ ਨਾਲ, ਲੰਮੇ ਚਿਰਾਂ ਤੋਂ ਇਕ ਸਾਂਝੇ ਖੇਤਰ ਅੰਦਰ ਰਹਿੰਦੇ ਆ ਰਹੇ ਅਤੇ ਸਾਂਝੀ ਜ਼ੁਬਾਨ, ਸਭਿਆਚਾਰ, ਇਤਿਹਾਸ ਤੇ ਵਿਰਸੇ ਦੀਆਂ ਸਾਂਝੀਆਂ ਤੰਦਾਂ ਨਾਲ ਜੁੜੇ ਲੋਕਾਂ ਦੇ ਅਲੱਗ-ਅਲੱਗ ਕੌਮੀ ਭਾਈਚਾਰਿਆਂ ਦੇ ਰੂਪ ਵਿੱਚ ਜਥੇਬੰਦ ਹੋਣ ਦਾ ਅਮਲ ਅੱਗੇ ਵਧਿਆ। ਸਹਿਜੇ ਸਹਿਜੇ ਉਨ੍ਹਾਂ ਦੀਆਂ ਅਲੱਗ-ਅਲੱਗ ਕੌਮੀ ਹਸਤੀਆਂ ਉਭਰ ਆਈਆਂ। ਲੋਕਾਂ ਦੇ ਮਨਾਂ ਉੱਤੋਂ ਮੱਧਯੁਗੀ ਚੇਤਨਾ ਦੀਆਂ ਪੇਪੜੀਆਂ ਉਤਰਨ ਲੱਗੀਆਂ ਅਤੇ ਰਾਜਭਗਤੀ ਦੇ ਜਜ਼ਬੇ ਦੀ ਜਗ੍ਹਾ ਕੌਮੀ ਸੋਝੀ ਤੇ ਭਾਵਨਾ ਪ੍ਰਫੁਲਤ ਹੋਣ ਲੱਗੀ। ਆਪਣੇ ਕੌਮੀ ਹਿਤਾਂ ਦਾ ਵਿਚਾਰ ਤੇ ਗਿਆਨ ਪੈਦਾ ਹੋਣ ਨਾਲ ਇਤਿਹਾਸ ਅੰਦਰ ਪਹਿਲੀ ਵਾਰ ਲੋਕ ਹਰ ਮਸਲੇ ਨੂੰ ਆਪਣੇ ਕੌਮੀ ਹਿਤਾਂ ਦੇ ਨੁਕਤਾ-ਨਜ਼ਰ ਤੋਂ ਦੇਖਣ ਲੱਗੇ। ਇਉਂ ਰਾਜੇ ਤੇ ਰਾਜਸ਼ਾਹੀ ਨਾਲ ਵਫ਼ਾਦਾਰੀ ਦੀ ਜਗ੍ਹਾ ਕੌਮੀ ਹਿਤਾਂ ਦੀ ਸੋਚ ਨੇ ਲੈ ਲਈ। ਅਰਥਾਤ ਰਾਜਿਆਂ ਦੀਆਂ ਜੰਗਾਂ ਵਿੱਚ, ਬਿਨਾਂ ਸੋਚੇ ਸਮਝੇ, ਤੋਪਾਂ ਦਾ ਬਾਲਣ ਬਣਨ ਦੀ ਥਾਂ, ਜਨਤਾ ਅੰਦਰ ਆਪਣੇ ਕੌਮੀ ਹਿਤਾਂ ਦੀ ਦ੍ਰਿਸ਼ਟੀ ਤੋਂ ਸੋਚਣ ਦਾ ਰੁਝਾਨ ਪੈਦਾ ਹੋਇਆ। ਇਸ ਆਧਾਰ 'ਤੇ 'ਜਾਇਜ਼' ਅਤੇ 'ਨਜਾਇਜ਼' ਅਮਲਾਂ 'ਚ ਨਿਖੇੜਾ ਹੋਣ ਲੱਗਾ। 'ਹੱਕੀ' ਤੇ 'ਨਿਹੱਕੀ' ਜੰਗ 'ਚ ਪਛਾਣ ਅਤੇ ਨਿਖੇੜਾ ਕੀਤਾ ਜਾਣ ਲੱਗ ਪਿਆ। 'ਠੀਕ' ਅਤੇ 'ਗ਼ਲਤ' ਕੁਰਬਾਨੀਆਂ ਵਿੱਚ ਵਖਰੇਵਾਂ ਕੀਤਾ ਜਾਣ ਲੱਗਾ। 'ਜਿਸ ਦੀ ਲਾਠੀ ਉਸ ਦੀ ਭੈਂਸ' ਵਾਲੇ ਮੱਧਯੁਗੀ ਦਸਤੂਰ ਪ੍ਰਤੀ ਸ਼ੰਕੇ ਅਤੇ ਪ੍ਰਸ਼ਨ ਪੈਦਾ ਹੋਣ ਲੱਗੇ। ਕੌਮੀ ਰਾਜਾਂ ਦੀਆਂ ਹੱਦਾਂ ਇਕ ਨਿਸ਼ਚਤ ਅਸੂਲ ਤੇ ਮਰਯਾਦਾ ਅਨੁਸਾਰ ਤੈਅ ਹੋਣ ਲੱਗੀਆਂ। ਕੌਮੀ ਰਾਜਾਂ ਦੀਆਂ ਹਥਿਆਰਬੰਦ ਫ਼ੌਜਾਂ ਅੰਦਰ 'ਮਾਂਗਵੀ ਧਾੜ' ਵਾਲੀ ਬਿਰਤੀ ਦੀ ਥਾਂ ਕੌਮੀ ਸੋਚ ਤੇ ਭਾਵਨਾ ਨੇ ਲੈਣੀ ਸ਼ੁਰੂ ਕਰ ਦਿੱਤੀ। ਯੂਰਪ ਅੰਦਰ ਅਤੇ ਖ਼ਾਸ ਕਰਕੇ ਇਸ ਦੇ ਪੱਛਮੀ ਭਾਗ ਅੰਦਰ, ਕਿਉਂਕਿ ਹਰ ਕੌਮ ਨੇ ਆਪੋ ਆਪਣੇ ਆਜ਼ਾਦ ਕੌਮੀ ਰਾਜ ਸਥਾਪਤ

ਕਰ ਲਏ ਸਨ, ਇਸ ਕਰਕੇ ਇੱਕੋ ਇਕਹਿਰੀ ਕੌਮ 'ਤੇ ਆਧਾਰਿਤ ਇਨ੍ਹਾਂ ਰਾਜਾਂ ਅੰਦਰ ਦੇਸ ਭਗਤੀ ਤੇ ਕੌਮਪ੍ਰਸਤੀ ਦੀਆਂ ਟਰਮਾਂ ਸਮ-ਅਰਥੀ ਹੋ ਨਿਬੜੀਆਂ। ਪਰ ਪੂਰਬ ਦੇ ਬਹੁਤੇ ਦੇਸਾਂ ਅੰਦਰ, ਜਿੱਥੇ ਇਕ ਤੋਂ ਬਹੁਤੀਆਂ ਕੌਮਾਂ ਨੂੰ ਇੱਕੋ ਸਾਂਝੇ ਰਾਜ ਅੰਦਰ ਨਰੜ ਕੇ ਰੱਖਿਆ ਹੋਇਆ ਸੀ, ਦੇਸ ਭਗਤੀ ਤੇ ਕੌਮਪ੍ਰਸਤੀ ਦੋ ਅਲੱਗ-ਅਲੱਗ ਗੱਲਾਂ ਸਨ। ਇਕ ਬਹੁਕੌਮੀ ਰਾਜ ਅੰਦਰ ਗ਼ਾਲਬ ਕੌਮ ਤੇ ਮਹਿਕੂਮ ਕੌਮ (ਜਾਂ ਕੌਮਾਂ) ਦੇ ਹਿਤ ਇਕ-ਸਮਾਨ ਨਹੀਂ ਹੋ ਸਕਦੇ। ਦੋਨਾਂ ਦੇ ਹਿਤਾਂ ਤੇ ਨਜ਼ਰੀਏ ਵਿੱਚ ਬੁਨਿਆਦੀ ਪਾੜਾ ਹੁੰਦਾ ਹੈ। ਗ਼ਾਲਬ ਕੌਮ ਦੀ ਰੁਚੀ ਦੇਸ ਦੇ ਕਾਇਮ-ਮੁਕਾਮ ਢਾਂਚੇ ਅਤੇ ਸਰੂਪ ਨੂੰ ਬਰਕਰਾਰ ਰੱਖਣ ਵਿੱਚ ਹੁੰਦੀ ਹੈ ਕਿਉਂ ਜੁ ਇਹ ਢਾਂਚਾ ਉਸ ਨੂੰ ਦੇਸ ਅੰਦਰਲੀਆਂ ਦੂਸਰੀਆਂ ਮਜ਼ਲੂਮ ਕੌਮਾਂ ਉੱਤੇ ਕਾਠੀ ਪਾ ਕੇ ਰੱਖਣ ਵਿੱਚ ਸਹਾਈ ਹੁੰਦਾ ਹੈ। ਇਸਦੇ ਉਲਟ, ਮਹਿਕੂਮ ਕੌਮਾਂ ਦੇ ਹਿਤ ਇਸ ਢਾਂਚੇ ਨੂੰ ਜਾਂ ਤਾਂ ਪੂਰੀ ਤਰ੍ਹਾਂ ਤਹਿਸ਼-ਨਹਿਸ਼ ਕਰ ਸੁੱਟਣ ਜਾਂ ਫਿਰ ਇਸ ਵਿੱਚ ਭਾਰੀ ਰੱਦੋਬਦਲ ਲਿਆਉਣ ਦੀ ਮੰਗ ਕਰਦੇ ਹਨ, ਜਿਸ ਨਾਲ ਉਹ ਗ਼ਾਲਬ ਕੌਮ ਦੀ ਗ਼ੁਲਾਮੀ ਤੋਂ ਨਿਜ਼ਾਤ ਹਾਸਲ ਕਰ ਸਕਣ। ਇਸ ਤਰ੍ਹਾਂ ਦੇਸ ਦੇ ਕਾਇਮ-ਮੁਕਾਮ ਢਾਂਚੇ ਦੀ ਰੱਖਿਆ ਕਰਨਾ ਗ਼ਾਲਬ ਕੌਮ ਦਾ ਦੇਸਭਗਤ ਕਰਤੱਵ ਹੋ ਜਾਂਦਾ ਹੈ, ਜਦ ਕਿ ਇਸ ਢਾਂਚੇ ਦੀਆਂ ਚੂਲਾਂ ਉਖੇੜ ਸੁੱਟਣੀਆਂ ਮਹਿਕੂਮ ਕੌਮਾਂ ਦੀ ਪਹਿਲੀ ਲੋੜ ਬਣ ਜਾਂਦੀ ਹੈ। ਮਹਿਕੂਮ ਕੌਮਾਂ ਦੇ ਲੋਕਾਂ ਦੀ, ਉਨ੍ਹਾਂ ਦੀ ਗ਼ੁਲਾਮੀ ਦਾ ਸੰਦ ਬਣੇ ਇਸ ਢਾਂਚੇ ਦੀ ਰੱਖਿਆ ਕਰਨ ਵਿੱਚ ਕੋਈ ਰੁਚੀ ਨਹੀਂ ਹੋ ਸਕਦੀ। ਹੋਣੀ ਵੀ ਨਹੀਂ ਚਾਹੀਦੀ। ਮਹਿਕੂਮ ਕੌਮਾਂ ਦੀ ਜਨਤਾ, ਜੇਕਰ ਉਸ ਦੀ ਆਪਣੀ ਹੀ ਗ਼ੁਲਾਮੀ ਦੇ ਇਸ ਸੰਦ ਦੀ ਰੱਖਿਆ ਕਰਕੇ ਇਸ ਨੂੰ ਮਜ਼ਬੂਤੀ ਬਖ਼ਸ਼ਦੀ ਹੈ ਤਾਂ ਉਹ ਆਪਣੀ ਹੀ ਗਰਦਨ ਦੁਆਲੇ ਫਾਂਸੀ ਦਾ ਰੱਸਾ ਕੱਸਣ ਦਾ ਸਵੈ-ਵਿਨਾਸ਼ਕਾਰੀ ਕਰਮ ਕਰ ਰਹੀ ਹੁੰਦੀ ਹੈ। ਜਿਵੇਂ ਗ਼ਾਲਬ ਕੌਮ ਤੇ ਮਹਿਕੂਮ ਕੌਮ ਦੇ ਹਿਤ ਇਕ-ਸਮਾਨ ਨਹੀਂ ਹੁੰਦੇ, ਉਸੇ ਤਰ੍ਹਾਂ ਉਨ੍ਹਾਂ ਦੇ ਫ਼ਰਜ਼ ਵੀ ਇਕ-ਸਮਾਨ ਨਹੀਂ ਹੋ ਸਕਦੇ। ਇਕ ਲਈ ਜੋ ਪੁੰਨ ਹੈ, ਦੂਜੇ ਲਈ ਉਹ ਪਾਪ ਹੈ। ਇਕ ਲਈ ਜੋ ਪਵਿੱਤਰ ਹੈ, ਦੂਜੇ ਲਈ ਉਹ ਦੂਸ਼ਤ ਹੈ। ਜਿਥੇ ਮਹਿਕੂਮ ਕੌਮ ਵੱਲੋਂ ਆਪਣੀ ਆਜ਼ਾਦੀ ਲਈ ਲੜਨਾ ਉਸ ਦਾ ਕੌਮੀ ਫ਼ਰਜ਼ ਤੇ ਪਵਿੱਤਰ ਕਰਮ ਹੈ ਉਥੇ ਗ਼ਾਲਬ ਕੌਮ ਦੀਆਂ ਨਜ਼ਰਾਂ 'ਚ ਇਹ ਘੋਰ ਅਪਰਾਧ ਹੈ। ਗ਼ਾਲਬ ਧਿਰ ਦੀ ਕੌਮਪ੍ਰਸਤੀ ਤੇ ਮਜ਼ਲੂਮ ਧਿਰ ਦੀ ਕੌਮਪ੍ਰਸਤੀ ਵਿਚਕਾਰ ਵੱਡਾ ਵਖਰੇਵਾਂ ਹੁੰਦਾ ਹੈ। ਕਾਇਮ ਮੁਕਾਮ ਢਾਂਚੇ ਦੀ ਮਜ਼ਬੂਤੀ ਤੇ ਰੱਖਿਆ ਲਈ ਗ਼ਾਲਬ ਕੌਮ ਦਾ ਯਤਨ ਇਹ ਹੁੰਦਾ ਹੈ ਕਿ ਦੇਸ ਦੀ ਸਮੁੱਚੀ ਜਨਤਾ ਅੰਦਰ, ਸਮੇਤ ਮਹਿਕੂਮ ਕੌਮਾਂ ਦੇ, ਦੇਸ ਦੀ ਰੱਖਿਆ ਦਾ ਜਜ਼ਬਾ ਪ੍ਰਫੁੱਲਤ ਕੀਤਾ ਜਾਵੇ। ਇਸ ਉਦੇਸ਼ ਲਈ, ਉਸ ਵੱਲੋਂ ਇਸ ਨੂੰ 'ਪਵਿੱਤਰ ਫ਼ਰਜ਼', 'ਪਵਿੱਤਰ ਜਜ਼ਬਾ' ਤੇ 'ਪਵਿੱਤਰ ਕਰਮ' ਕਹਿ ਕੇ ਉਚਿਆਇਆ ਜਾਂਦਾ ਹੈ। ਆਮ ਜਨਤਾ ਅੰਦਰ ਦੇਸ ਪ੍ਰਤੀ ਵਫ਼ਾਦਾਰੀ ਬਾਰੇ ਗਲਤ ਵਿਚਾਰ ਤੇ ਭਾਵਨਾਵਾਂ ਦਾ ਪ੍ਰਸਾਰ ਕੀਤਾ ਜਾਂਦਾ ਹੈ। ਗ਼ਾਲਬ ਕੌਮ ਅੰਦਰਲੇ ਹੁਕਮਰਾਨ ਵਰਗ ਦਾ ਸਾਰਾ ਯਤਨ ਹੁੰਦਾ ਹੈ ਕਿ ਮਹਿਕੂਮ ਕੌਮ ਦੇ ਲੋਕਾਂ ਅੰਦਰ ਕੌਮੀ ਚੇਤਨਾ ਦੇ ਵਿਕਾਸ ਨੂੰ ਮੋਂਦਾ ਲਾ ਦਿੱਤਾ ਜਾਵੇ। ਇਸ ਮੰਤਵ ਲਈ ਉਸ ਵੱਲੋਂ ਮਹਿਕੂਮ ਕੌਮ ਦੀ ਜਨਤਾ ਅੰਦਰ ਗੁੰਮਰਾਹਕੁਨ ਵਿਚਾਰਾਂ ਤੇ ਧਾਰਨਾਵਾਂ ਦੇ ਪ੍ਰਚਾਰ-ਪਸਾਰ ਦੇ ਉਚੇਚੇ ਯਤਨ ਕੀਤੇ ਜਾਂਦੇ ਹਨ। ਮਹਿਕੂਮ ਕੌਮਾਂ ਦੇ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕਰਨਾ ਇਸ ਰਣਨੀਤੀ ਦਾ ਅਹਿਮ ਹਿੱਸਾ ਹੁੰਦਾ ਹੈ। ਮਹਿਕੂਮ ਕੌਮ ਦੇ ਲੋਕਾਂ ਦੀ ਬੁੱਧੀ ਭ੍ਰਿਸ਼ਟ ਕਰਨ ਲਈ, ਇਸ ਕਾਰਜ ਵਿੱਚ ਕਾਬਲ ਵਿਦਵਾਨਾਂ ਦੀਆਂ ਉਚੇਚੀਆਂ ਸੇਵਾਵਾਂ ਹਾਸਲ ਕੀਤੀਆਂ ਜਾਂਦੀਆਂ ਹਨ। ਖ਼ੁਦ ਮਹਿਕੂਮ ਕੌਮਾਂ ਦੇ ਵਿਦਵਾਨਾਂ ਤੇ ਲਿਖਾਰੀਆਂ ਨੂੰ ਇਸ ਬਦਕਾਰ ਧੰਦੇ ਲਈ ਉਤਸ਼ਾਹਿਤ ਕੀਤਾ ਜਾਂਦਾ

ਹੈ। ਚੈਕੋਸਲੋਵਾਕੀਆ (ਜੋ ਹੁਣ ਦੋ ਅਲੱਗ-ਅਲੱਗ ਅਤੇ ਆਜ਼ਾਦ ਕੌਮੀ ਰਾਜਾਂ 'ਚ ਤਬਦੀਲ ਹੋ ਚੁੱਕਾ ਹੈ) ਦਾ ਇਕ ਪ੍ਰਤਿਭਾਵਾਨ ਲੇਖਕ Milan Kundera ਗ਼ਾਲਬ ਕੌਮਾਂ ਦੇ ਇਸ ਘਿਨਾਉਣੇ ਕਰਮ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ—"ਇਕ ਕੌਮ ਨੂੰ ਨੇਸਤੋ-ਨਾਬੂਦ ਕਰਨ ਦਾ ਪਹਿਲਾ ਕਦਮ ਉਸ ਦੀ ਯਾਦਾਸ਼ਤ ਨੂੰ ਮੇਸ ਸੁੱਟਣਾ ਹੁੰਦਾ ਹੈ। ਉਸ ਦੀਆਂ ਕਿਤਾਬਾਂ, ਉਸ ਦੇ ਸਭਿਆਚਾਰ, ਉਸ ਦੇ ਇਤਿਹਾਸ ਨੂੰ ਉਜਾੜ ਦਿਓ। ਫਿਰ ਕਿਸੇ ਕੋਲੋਂ ਨਵੀਆਂ ਕਿਤਾਬਾਂ ਲਿਖਵਾ ਲਓ, ਨਵਾਂ ਸਭਿਆਚਾਰ ਘੜ ਲਓ, ਇਕ ਨਵਾਂ ਇਤਿਹਾਸ ਈਜਾਦ ਕਰ ਲਵੋ। ਕੁਝ ਚਿਰ ਬਾਅਦ ਉਹ ਕੌਮ ਆਪੇ ਇਹ ਗੱਲ ਭੁੱਲ ਜਾਵੇਗੀ ਕਿ ਉਹ ਕੀ ਹੈ ਤੇ ਕੀ ਸੀ... ਮਨੁੱਖ ਦੀ ਸੱਤਾ ਦੇ ਖ਼ਿਲਾਫ਼ ਜਦੋਜਹਿਦ ਯਾਦਾਸ਼ਤ ਦੀ ਭੁੱਲ-ਭੁਲਾਅ ਜਾਣ ਦੇ ਖ਼ਿਲਾਫ਼ ਜੱਦੋਜਹਿਦ ਹੈ।[30]

## ਕੌਮੀ ਚੇਤਨਾ ਦੀ ਘਾਟ : ਇਕ ਦੀਰਘ ਰੋਗ

ਉਪਰੋਕਤ ਚਰਚਾ ਦੀ ਰੋਸ਼ਨੀ ਵਿੱਚ ਦੇਖਿਆਂ ਸਿੱਖ ਲੀਡਰਸ਼ਿਪ ਦੀ ਅਤੇ ਆਮ ਰੂਪ ਵਿੱਚ ਸਮੁੱਚੇ ਸਿੱਖ ਭਾਈਚਾਰੇ ਦੀ ਕੌਮੀ ਚੇਤਨਾ ਦੀ ਮੰਦੀ ਦਸ਼ਾ ਆਪਣੇ ਮੂੰਹੋਂ ਆਪ ਬੋਲਦੀ ਸੁਣੀ ਜਾ ਸਕਦੀ ਹੈ। ਕੌਮੀ ਚੇਤਨਾ ਦੀ ਜੋ ਆਮ ਤਸਵੀਰ ਉੱਪਰ ਖਿੱਚੀ ਗਈ ਹੈ, ਉਹ ਬਿਨਾਂ ਸ਼ੱਕ ਇਕ ਆਦਰਸ਼ਕ ਹਾਲਤ ਨੂੰ ਰੂਪਮਾਨ ਕਰਦੀ ਹੈ। ਆਮ ਹਕੀਕਤ ਤੇ ਆਦਰਸ਼ਕ ਹਾਲਤ ਵਿੱਚ ਹਮੇਸ਼ਾ ਹੀ ਪਾੜਾ ਰਹਿੰਦਾ ਹੈ। ਪਰ ਸਿੱਖ ਕੌਮ ਦੇ ਮਾਮਲੇ ਵਿੱਚ ਇਹ ਪਾੜਾ ਏਨਾ ਵੱਡਾ ਹੈ ਕਿ ਕਈ ਪੱਖਾਂ ਤੋਂ ਸਿੱਖ ਕੌਮ ਅਜੇ ਮੱਧਯੁਗੀ ਚੇਤਨਾ ਦੀ ਅਵਸਥਾ 'ਤੇ ਹੀ ਅਟਕੀ ਪ੍ਰਤੀਤ ਹੁੰਦੀ ਹੈ। ਸਿੱਖ ਜਨਤਾ ਦੇ ਭਾਰਤੀ ਰਾਜ ਤੇ ਦੇਸ ਪ੍ਰਤੀ ਵਫ਼ਾਦਾਰੀ ਦੇ ਜਜ਼ਬੇ 'ਚ ਕੌਮੀ ਚੇਤਨਾ ਦਾ ਕੋਈ ਮਾਮੂਲੀ ਜਿਹਾ ਵੀ ਅੰਸ਼ ਦਿਖਾਈ ਨਹੀਂ ਦਿੰਦਾ।

ਸਿੱਖ ਆਗੂ ਜਦ ਬਰਤਾਨਵੀ ਹਾਕਮਾਂ ਕੋਲੋਂ ਇਨਸਾਫ਼ ਦੀ ਮੰਗ ਕਰਦੇ ਸਨ ਤਾਂ ਉਨ੍ਹਾਂ ਦੀ ਪ੍ਰਮੁੱਖ ਦਲੀਲ ਇਹ ਸੀ ਕਿ ਸਿੱਖਾਂ ਨੂੰ ਉਨ੍ਹਾਂ ਦੀ ਬਰਤਾਨਵੀ ਰਾਜ ਪ੍ਰਤੀ ਵਫ਼ਾਦਾਰੀ ਤੇ ਸੇਵਾ ਦਾ ਬਣਦਾ ਮੁੱਲ ਤਾਰਿਆ ਜਾਵੇ। ਆਮ ਦਸਤੂਰ ਇਹ ਹੈ ਕਿ ਕੋਈ ਵੀ ਮਜ਼ਲੂਮ ਕੌਮ ਜਦ ਆਪਣੇ ਹੱਕਾਂ ਦੀ ਗੱਲ ਕਰਦੀ ਹੈ ਤਾਂ ਉਹ ਇਕ ਸਵੈ-ਚੇਤੰਨ ਕੌਮ ਹੋਣ ਦੇ ਨਾਤੇ ਆਪਣੇ ਆਜ਼ਾਦ ਫ਼ਿਜ਼ਾ ਵਿੱਚ ਸਾਹ ਲੈਣ ਦੇ ਸੁਤੰਤਰ ਅਧਿਕਾਰ ਨੂੰ ਬੁਲੰਦ ਕਰਨ ਦੇ ਅਸੂਲੀ ਪੈਂਤੜੇ ਦਾ ਸਹਾਰਾ ਲੈਂਦੀ ਹੈ। ਕੋਈ ਕੌਮ ਵੱਡੀ ਹੋਵੇ ਜਾਂ ਛੋਟੀ, ਤਕੜੀ ਹੋਵੇ ਜਾਂ ਕਮਜ਼ੋਰ, ਦੌਲਤਮੰਦ ਹੋਵੇ ਜਾਂ ਨਿਰਧਨ, ਆਜ਼ਾਦੀ ਉਸ ਦਾ ਜਨਮ-ਸਿੱਧ ਅਧਿਕਾਰ ਹੈ। ਇਕ ਕੌਮ ਹੋਣ ਦੇ ਨਾਤੇ ਹੀ ਉਹ ਇਸ ਅਧਿਕਾਰ ਦੀ ਹੱਕਦਾਰ ਹੁੰਦੀ ਹੈ। ਉਹ ਮੁੱਖ ਤੌਰ 'ਤੇ ਆਪਣੀ ਇਸ ਯੋਗਤਾ ਨੂੰ ਹੀ ਆਪਣੀ ਹੱਕ ਪ੍ਰਾਪਤੀ ਦਾ ਅੱਵਲ ਆਧਾਰ ਮਿਥਦੀ ਹੈ। ਇਸ ਯੋਗਤਾ ਦੇ ਮੁਕਾਬਲੇ ਬਾਕੀ ਯੋਗਤਾਵਾਂ ਤੁੱਛ ਅਹਿਮੀਅਤ ਰੱਖਦੀਆਂ ਹਨ। ਸਭ ਤੋਂ ਅਹਿਮ ਗੱਲ ਇਹ ਕਿ ਆਜ਼ਾਦੀ ਕੋਈ ਖ਼ੈਰਾਤ ਨਹੀਂ ਜਿਸ ਦੇ ਲਈ ਹਾਕਮ ਧਿਰ ਅੱਗੇ ਆਪਣੀ 'ਸੇਵਾ ਤੇ ਵਫ਼ਾਦਾਰੀ' ਦੇ ਵਾਸਤੇ ਪਾਏ ਜਾਣ। ਆਜ਼ਾਦੀ ਇਕ ਅਧਿਕਾਰ ਹੈ ਅਤੇ ਅਧਿਕਾਰ ਮੰਗਣ ਦੀ ਇਕ ਆਪਣੀ ਹੀ ਮਰਯਾਦਾ ਹੁੰਦੀ ਹੈ। ਅਧਿਕਾਰ ਨੂੰ ਭੀਖ ਦੇ ਲਹਿਜੇ ਵਿੱਚ ਮੰਗਣਾ, ਅਧਿਕਾਰ ਦੀ ਤੌਹੀਨ ਕਰਨਾ ਹੈ। ਅਫ਼ਸੋਸ-ਵੱਸ, ਸਿੱਖ ਲੀਡਰਸ਼ਿਪ ਨੇ ਜਦ ਵੀ ਹਾਕਮ ਧਿਰ ਕੋਲੋਂ ਆਪਣੇ ਹੱਕਾਂ ਦੀ ਮੰਗ ਕੀਤੀ ਹੈ ਤਾਂ ਉਸ ਨੇ ਇਕ ਖ਼ੁਦਦਾਰ ਕੌਮ ਵਾਲੀ ਮੜਕ ਛੱਡ ਕੇ ਹਮੇਸ਼ਾ ਮੰਗਤਿਆਂ ਵਾਲੀ ਬੋਲੀ ਤੇ ਲਹਿਜਾ ਅਪਣਾਇਆ ਹੈ। ਕਾਰਨ ਇਹ ਕਿ ਉੱਨੀਵੀਂ ਸਦੀ

ਦੇ ਸ਼ੁਰੂ ਵਿੱਚ ਜਦ ਮੁਗ਼ਲਸ਼ਾਹੀ ਵਿਰੁੱਧ ਲੰਮੀ ਤੇ ਸਿਦਕਭਰੀ ਜਦੋਜਹਿਦ ਤੋਂ ਬਾਅਦ ਸਿੱਖ ਰਾਜ ਹੋਂਦ ਵਿੱਚ ਆਇਆ ਤਾਂ ਸਿੱਖ ਭਾਈਚਾਰੇ ਦੀਆਂ ਉਪਰਲੀਆਂ ਪਰਤਾਂ ਅੰਦਰ ਸਿੱਖ ਚੇਤਨਾ ਬੁਰੀ ਤਰ੍ਹਾਂ ਕਮਜ਼ੋਰ ਪੈ ਤੁਰੀ। ਇਹ ਉਪਰਲੀਆਂ ਧਨਾਢ ਪਰਤਾਂ ਹੀ ਸਿੱਖ ਪੰਥ ਦਾ ਮੁਹਰੈਲ ਦਸਤਾ ਸਨ। ਇਨ੍ਹਾਂ ਪਰਤਾਂ ਦੀ ਸੋਚ ਤੇ ਆਚਾਰ-ਵਿਹਾਰ ਸਮੁੱਚੇ ਸਿੱਖ ਭਾਈਚਾਰੇ ਉੱਤੇ ਆਪਣਾ ਅਸਰ ਛੱਡ ਰਿਹਾ ਸੀ। ਸਿੱਖ ਚੇਤਨਾ ਦੇ ਕਮਜ਼ੋਰ ਪੈ ਜਾਣ ਸਦਕਾ ਸਿੱਖ ਪੰਥ ਦੀਆਂ ਉਪਰਲੀਆਂ ਧਨਾਢ ਪਰਤਾਂ ਜਾਗੀਰੂ ਤੇ ਮੱਧਯੁਗੀ ਚੇਤਨਾ ਦੇ ਅਸਰ ਤੋਂ ਮੁਕਤ ਨਾ ਹੋ ਸਕੀਆਂ। ਇਸ ਨਾਲ ਸਿੱਖ ਭਾਈਚਾਰੇ ਅੰਦਰ ਕੌਮੀ ਚੇਤਨਾ ਦੇ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਗਹਿਰਾ ਧੱਕਾ ਲੱਗਾ। ਸਿੱਟੇ ਵਜੋਂ, ਪੰਜਾਬ ਅੰਦਰ ਅੰਗਰੇਜ਼ੀ ਰਾਜ ਦੀ ਸਥਾਪਨਾ ਤੋਂ ਬਾਅਦ, ਸਿੱਖ ਇਲੀਟ ਵਰਗ ਨੇ ਰਾਜਸ਼ਕਤੀ ਨਾਲ ਆਪਣੇ ਰਿਸ਼ਤੇ ਨੂੰ ਮੁੱਖ ਤੌਰ 'ਤੇ ਜਾਗੀਰੂ ਮਾਨਤਾਵਾਂ ਦੀਆਂ ਬੁਨਿਆਦਾਂ 'ਤੇ ਉਸਾਰਿਆ। ਉਨ੍ਹਾਂ ਨੇ ਰਾਜ-ਸ਼ਕਤੀ ਨਾਲ ਆਪਣਾ ਰਾਬਤਾ ਗੰਢਣ, ਉਸ ਦੀ ਮੁਕੰਮਲ ਅਧੀਨਗੀ ਕਬੂਲ ਕਰਦਿਆਂ ਹੋਇਆਂ ਉਸ ਨੂੰ ਆਪਣੀਆਂ ਸੇਵਾਵਾਂ ਅਰਪਤ ਕਰਨ ਅਤੇ ਇਨ੍ਹਾਂ ਬਦਲੇ ਆਪਣੇ ਲਈ ਤੇ ਨਾਲ ਹੀ ਆਪਣੇ ਭਾਈਚਾਰੇ ਲਈ ਵੀ, ਉਚੇਚੀਆਂ ਰਿਆਇਤਾਂ ਹਾਸਲ ਕਰਨ ਦੇ ਮੱਧਯੁਗੀ ਦਸਤੂਰ ਦੀ ਨਿਰਸੰਕੋਚ ਪਾਲਣਾ ਕਰਨ ਦਾ ਰਾਹ ਅਪਣਾਇਆ। ਸਿੱਖ ਇਲੀਟ ਵਰਗ ਦਾ ਇਹ ਅਮਲ ਗੁਰੂ ਸਾਹਿਬਾਨ ਦੀ ਇਨਕਲਾਬੀ ਵਿਚਾਰਧਾਰਾ ਤੇ ਜੀਵਨ ਅਭਿਆਸ ਦਾ ਖੁੱਲ੍ਹਮ-ਖੁੱਲ੍ਹਾ ਨਿਖੇਧ ਸੀ। ਇਸ ਅਮਲ ਨੇ ਸਿੱਖ ਪੰਥ ਅੰਦਰ ਕੌਮੀ ਸੋਝੀ ਦੇ ਵਿਕਾਸ ਨੂੰ ਗਹਿਰਾ ਧੱਕਾ ਲਾਇਆ। ਸਿੱਟੇ ਵਜੋਂ ਕੌਮੀ ਚੇਤਨਾ ਦੇ ਵਿਕਾਸ ਪੱਖੋਂ ਸਿੱਖ ਭਾਈਚਾਰਾ ਆਪਣੇ ਹੋਰਨਾਂ, ਸਖੇ ਜਾਂ ਸ਼ਰੀਕ, ਭਾਈਚਾਰਿਆਂ (ਹਿੰਦੂਆਂ ਤੇ ਮੁਸਲਮਾਨਾਂ) ਨਾਲੋਂ ਫਾਡੀ ਰਹਿ ਗਿਆ। ਵੀਹਵੀਂ ਸਦੀ ਦੇ ਦੂਜੇ ਤੇ ਤੀਜੇ ਦਹਾਕੇ ਦੌਰਾਨ ਸਿੱਖ ਵਰਗ ਦੀਆਂ ਪੜ੍ਹੀਆਂ-ਲਿਖੀਆਂ ਦਰਮਿਆਨੀਆਂ ਪਰਤਾਂ 'ਚੋਂ ਜੋ ਨਵੀਂ ਲੀਡਰਸ਼ਿਪ ਉਭਰ ਕੇ ਸਾਹਮਣੇ ਆਈ, ਉਹ ਵੀ ਇਸ ਪ੍ਰੰਪਰਾ ਨਾਲੋਂ ਪੂਰਨ ਰੂਪ ਵਿੱਚ ਤੋੜ-ਵਿਛੋੜਾ ਕਰਨ 'ਚ ਸਫਲ ਨਹੀਂ ਹੋਈ। ਕੌਮੀ ਚੇਤਨਾ ਦੀ ਇਹ ਘਾਟ ਹੀ ਸੀ ਜਿਸਨੇ ਭਾਰਤ ਦੀ ਆਜ਼ਾਦੀ ਦੀ ਲੜਾਈ ਦੌਰਾਨ ਅੱਡ-ਅੱਡ ਪੜਾਵਾਂ 'ਤੇ ਖ਼ਾਸ ਕਰਕੇ 1947 ਵਿੱਚ ਸਿੱਖ ਲੀਡਰਸ਼ਿਪ ਨੂੰ ਰਾਜਸੀ ਤੌਰ 'ਤੇ ਅਪਾਹਜ ਅਵਸਥਾ 'ਚ ਸੁੱਟ ਕੇ ਰੱਖ ਦਿੱਤਾ। ਜੇਕਰ ਸਿੱਖ ਕੌਮ ਭਾਰਤ ਦੀ ਆਜ਼ਾਦੀ ਦੇ ਸੰਗਰਾਮ ਦੌਰਾਨ ਏਨੀਆਂ ਭਾਰੀ ਕੁਰਬਾਨੀਆਂ ਦੇ ਬਾਵਜੂਦ, ਪ੍ਰਾਪਤੀਆਂ ਦੇ ਮਾਮਲੇ 'ਚ ਦੂਸਰੇ ਦੋਨੋਂ ਭਾਈਚਾਰਿਆਂ (ਹਿੰਦੂਆਂ ਤੇ ਮੁਸਲਮਾਨਾਂ) ਨਾਲੋਂ ਬੁਰੀ ਤਰ੍ਹਾਂ ਪਿੱਛੇ ਰਹਿ ਗਈ ਤਾਂ ਇਸ ਵਿੱਚ ਦੋਸ਼ ਦੂਸਰੇ ਭਾਈਚਾਰਿਆਂ ਦਾ ਨਹੀਂ ਸਗੋਂ ਸਿੱਖ ਲੀਡਰਸ਼ਿਪ ਵੱਲੋਂ ਅਪਣਾਈ ਵਿਚਾਰਧਾਰਕ ਤੇ ਰਾਜਸੀ ਸੇਧ ਦਾ ਹੈ।

ਇਥੇ ਕੁਰਬਾਨੀਆਂ ਬਾਰੇ ਸਿੱਖ ਲੀਡਰਸ਼ਿਪ ਵੱਲੋਂ ਸਵੈ-ਸਿਰਜੇ ਮਿੱਥ ਨੂੰ ਵੀ ਥੋੜ੍ਹੀ ਪੜਚੋਲਵੀਂ ਦ੍ਰਿਸ਼ਟੀ ਤੋਂ ਦੇਖਣ ਦੀ ਲੋੜ ਹੈ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਭਾਰਤ ਦੀ ਆਜ਼ਾਦੀ ਦੀ ਲੜਾਈ ਦੌਰਾਨ ਸਿੱਖ ਕੌਮ ਨੇ ਹੋਰਨਾਂ ਵਰਗਾਂ ਦੀ ਤੁਲਨਾ 'ਚ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ। ਸਿੱਖ ਆਗੂਆਂ ਵੱਲੋਂ "ਦੇਸ ਨੂੰ ਸਿੱਖ ਕੌਮ ਦੀ ਇਸ ਵੱਡੀ ਦੇਣ" ਦਾ ਜ਼ਿਕਰ ਫ਼ਖ਼ਰ ਭਰੇ ਲਹਿਜੇ 'ਚ ਕੀਤਾ ਜਾਂਦਾ ਹੈ ਅਤੇ ਇਸ ਦੀ ਵਰਤੋਂ ਕਦੇ ਹਿੰਦੂ ਹਾਕਮਾਂ ਨੂੰ ਮਿਹਣੇ ਦੇ ਰੂਪ 'ਚ ਕੀਤੀ ਜਾਂਦੀ ਹੈ ਅਤੇ ਕਦੇ ਇਨ੍ਹਾਂ ਕੁਰਬਾਨੀਆਂ ਦੇ ਇਵਜ਼ਾਨੇ ਵਜੋਂ ਹੱਕਾਂ ਦੀ 'ਖ਼ੈਰ' ਮੰਗਣ ਲਈ ਕੀਤੀ ਜਾਂਦੀ ਹੈ। ਕੁਰਬਾਨੀਆਂ ਦਾ ਤੇ ਰਾਜਸੀ ਸੋਝੀ ਦਾ ਸਬੰਧ ਸਿਧਮ ਸਿੱਧਾ (one to one) ਨਹੀਂ ਹੁੰਦਾ। ਵੱਧ ਕੁਰਬਾਨੀਆਂ ਦੇਣ ਦਾ ਮਤਲਬ ਲਾਜ਼ਮੀ ਤੌਰ 'ਤੇ ਵੱਧ ਸਿਆਣੇ ਹੋਣਾ ਨਹੀਂ। ਆਪਣੀ ਲਿਆਕਤ

ਤੇ ਖ਼ੂਬੀਆਂ ਨੂੰ ਕੁਰਬਾਨੀਆਂ ਦੇ ਗਜ਼ਾਂ ਨਾਲ ਮਿਣਨਾ ਪਛੜੀ ਬੌਧਿਕ ਚੇਤਨਾ ਦਾ ਪ੍ਰਗਟਾਵਾ ਹੈ। ਅਸਲ ਵਿੱਚ ਕੌਮੀ ਚੇਤਨਾ ਦੇ ਵਿਕਾਸ ਨਾਲ ਕੁਰਬਾਨੀਆਂ ਬਾਰੇ ਨਵਾਂ ਦ੍ਰਿਸ਼ਟੀਕੋਣ ਵਿਕਸਤ ਹੁੰਦਾ ਹੈ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਇਕ ਖ਼ੁਦਦਾਰ ਕੌਮ ਨੂੰ ਸਵੈ-ਮਾਣ ਦੀ ਜ਼ਿੰਦਗੀ ਜਿਉਣ ਲਈ ਕੁਰਬਾਨੀਆਂ ਦਾ ਅਮਲ ਲਾਜ਼ਮੀ ਹੰਢਾਉਣਾ ਪੈਂਦਾ ਹੈ। ਇਸ ਤੱਥ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਸਿੱਖ ਕੌਮ ਦਾ ਇਤਿਹਾਸ ਜ਼ੁਲਮ ਤੇ ਬੇਇਨਸਾਫ਼ੀ ਵਿਰੁੱਧ ਗੌਰਵਸ਼ਾਲੀ ਸੰਘਰਸ਼ਾਂ ਤੇ ਕੁਰਬਾਨੀਆਂ ਦਾ ਇਤਿਹਾਸ ਹੈ। ਇਹ ਗੱਲ ਸਿੱਖ ਕੌਮ ਦੇ ਜੁਝਾਰੂ ਖ਼ਾਸੇ ਨੂੰ ਪ੍ਰਗਟ ਕਰਦੀ ਹੈ। ਪਰ ਕੀ ਸਿਰਫ਼ ਏਨੀ ਗੱਲ ਹੀ ਕਾਫ਼ੀ ਹੈ ? ਕੀ ਜੁਝਾਰੂ, ਜਾਂ ਲੜਾਕਾ, ਜਾਂ ਜਾਂਬਾਜ਼ ਹੋਣਾ ਹੀ ਸਭ ਕੁਝ ਹੈ ? ਲੜਨਾ ਆਪਣੇ ਆਪ 'ਚ ਕੋਈ ਖ਼ੂਬੀ ਨਹੀਂ। ਜਾਨ ਦੇ ਦੇਣੀ ਆਪਣੇ ਆਪ 'ਚ ਕੋਈ ਮਾਅਰਕੇ ਦੀ ਗੱਲ ਨਹੀਂ। ਵੱਧ ਅਹਿਮ ਗੱਲ ਇਹ ਹੈ ਕਿ ਲੜਿਆ ਕਿਸ ਪੈਂਤੜੇ ਤੋਂ ਜਾ ਰਿਹਾ ਹੈ ? ਜਾਨਾਂ ਕਿਸ ਉਦੇਸ਼ ਲਈ ਵਾਰੀਆਂ ਜਾ ਰਹੀਆਂ ਹਨ ? ਆਪਣੇ ਹੱਕਾਂ ਤੇ ਹਿਤਾਂ ਬਾਰੇ ਜਾਗਰੂਕ ਹੋ ਕੇ ਲੜਨਾ ਹੋਰ ਗੱਲ ਹੈ, ਆਪਣੇ ਹਿਤਾਂ ਦੀ ਸੋਝੀ ਤੋਂ ਬਗ਼ੈਰ, ਗ਼ਲਤ ਪੈਂਤੜੇ ਤੋਂ ਲੜਨਾ ਹੋਰ ਗੱਲ ਹੈ। ਹੱਕੀ ਲੜਾਈ ਵਿੱਚ ਜਾਨਾਂ ਨਿਛਾਵਰ ਕਰਨੀਆਂ ਹੋਰ ਗੱਲ ਹੈ, ਨਿਹੱਕੀ ਲੜਾਈ ਵਿੱਚ ਜਾਨਾਂ ਗਾਲਣੀਆਂ ਹੋਰ ਗੱਲ ਹੈ। ਸਿੱਖ ਆਗੂ ਜਦ ਅਜੋਕੇ ਪ੍ਰਸੰਗ ਵਿੱਚ ਸਿੱਖ ਕੌਮ ਦੀਆਂ ਕੁਰਬਾਨੀਆਂ ਦੀ ਗੱਲ ਕਰਦੇ ਹਨ ਤਾਂ ਉਹ ਠੀਕ ਤੇ ਗ਼ਲਤ ਦਾ ਨਿਖੇੜਾ ਨਹੀਂ ਕਰਦੇ। ਕਾਰਨ ਇਹ ਕਿ ਉਹ ਕੁਰਬਾਨੀਆਂ ਪ੍ਰਤੀ ਗ਼ਲਤ ਨਜ਼ਰੀਏ ਦੀ ਪ੍ਰੰਪਰਾ ਨਾਲੋਂ ਟੁੱਟੇ ਨਹੀਂ। ਉਹ ਵੀ ਸਿੱਖ ਕੌਮੀ ਚੇਤਨਾ ਤੋਂ ਓਨੇ ਹੀ ਕੋਰੇ ਹਨ, ਜਿੰਨੇ ਉਨ੍ਹਾਂ ਤੋਂ ਪੂਰਬਲੇ ਆਗੂ ਸਨ।

ਜਿਨ੍ਹਾਂ ਕੁਰਬਾਨੀਆਂ ਨੂੰ ਸਿੱਖ ਆਗੂਆਂ ਵੱਲੋਂ ਥੋਕ ਰੂਪ ਵਿੱਚ ਪੰਥ ਦੀ ਕਮਾਈ ਦੇ ਖ਼ਾਨੇ ਵਿੱਚ ਸ਼ਾਮਲ ਕੀਤਾ ਜਾਂਦਾ ਹੈ, ਉਨ੍ਹਾਂ 'ਚੋਂ ਸਿੱਖ ਕੌਮ ਦੀ ਰਾਜਸੀ ਚੇਤਨਾ ਤੇ ਭੂਮਿਕਾ ਦਾ ਬਹੁਤ ਹੀ ਅਜੀਬੋ-ਗ਼ਰੀਬ ਖ਼ਾਕਾ ਉਭਰਦਾ ਹੈ। ਇਕ ਕੁਰਬਾਨੀਆਂ ਉਹ ਹਨ ਜਿਹੜੀਆਂ ਸਿੱਖਾਂ ਨੇ ਬਰਤਾਨਵੀ ਹਕੂਮਤ ਦੀ ਸੇਵਾ ਨਿਭਾਉਂਦਿਆਂ ਕੀਤੀਆਂ। ਬਰਤਾਨਵੀ ਰਾਜ ਹੇਠ ਫ਼ੌਜ ਵਿੱਚ ਨੌਕਰੀ ਕਰਦਿਆਂ ਦੇਸ ਅੰਦਰ ਤੇ ਦੇਸ ਤੋਂ ਬਾਹਰ, ਜੰਗ ਦੇ ਮੋਰਚਿਆਂ 'ਤੇ ਅਨੇਕਾਂ ਸਿੱਖ ਜਵਾਨ ਤੋਪਾਂ ਦਾ ਖਾਜਾ ਬਣੇ। ਫ਼ੌਜ ਤੇ ਪੁਲਸ ਵਿੱਚ ਨੌਕਰੀ ਕਰਦਿਆਂ ਹੋਇਆਂ ਅਨੇਕਾਂ ਸਿੱਖਾਂ ਨੇ ਦੇਸ ਦੇ ਅੱਡ-ਅੱਡ ਹਿੱਸਿਆਂ ਅੰਦਰ ਭਾਰਤੀ ਲੋਕਾਂ ਦੇ ਬਰਤਾਨਵੀ ਹਕੂਮਤ ਵਿਰੁੱਧ ਸੰਘਰਸ਼ ਨੂੰ, ਜਿਨ੍ਹਾਂ ਵਿੱਚ ਸਿੱਖ ਪੰਥ ਦੇ ਆਪਣੇ ਸੰਘਰਸ਼ ਵੀ ਸ਼ਾਮਿਲ ਸਨ, ਕੁਚਲਣ ਦੀਆਂ ਕਾਰਵਾਈਆਂ ਵਿੱਚ ਆਪਣੀਆਂ ਜਾਨਾਂ ਗਾਲ ਦਿੱਤੀਆਂ। ਜਦ ਸਿੱਖ ਆਗੂ ਬਰਤਾਨਵੀ ਹਾਕਮਾਂ ਨਾਲ ਗੱਲ ਕਰਦੇ ਸਨ ਤਾਂ ਉਹ ਸਿੱਖ ਕੌਮ ਦੀਆਂ ਇਨ੍ਹਾਂ ਕੁਰਬਾਨੀਆਂ ਤੇ ਸੇਵਾਵਾਂ ਦੇ ਹਵਾਲੇ ਦੇ ਕੇ, ਇਨ੍ਹਾਂ ਦਾ ਮੁੱਲ ਮੰਗਦੇ ਸਨ। ਇਸ ਦੇ ਉਲਟ ਉਹ ਕੁਰਬਾਨੀਆਂ ਵੀ ਹਨ ਜੋ ਸਿੱਖਾਂ ਨੇ ਬਰਤਾਨਵੀ ਹਾਕਮਾਂ ਵਿਰੁੱਧ ਸੰਘਰਸ਼ ਦੌਰਾਨ ਦਿੱਤੀਆਂ। ਇਨ੍ਹਾਂ ਕੁਰਬਾਨੀਆਂ ਬਾਰੇ ਸੋਚਣ ਵਾਲੀ ਅਹਿਮ ਗੱਲ ਇਹ ਹੈ ਕਿ ਸਿੱਖ ਕੌਮ ਦੇ ਹਿਤਾਂ ਤੋਂ ਦੇਖਿਆਂ ਇਹ ਕੁਰਬਾਨੀਆਂ ਕਿਸ ਰਾਜਸੀ ਸੋਚ ਅਧੀਨ ਅਤੇ ਕਿਸ ਮੰਤਵ ਲਈ ਦਿੱਤੀਆਂ ਗਈਆਂ ? ਅਸੀਂ ਦੇਖ ਆਏ ਹਾਂ ਕਿ ਆਜ਼ਾਦੀ ਦੇ ਸੰਘਰਸ਼ ਦੌਰਾਨ ਸਿੱਖ ਲੀਡਰਸ਼ਿਪ, ਸਿੱਖ ਕੌਮ ਦੇ ਹਿਤਾਂ ਨੂੰ ਪ੍ਰਮੁੱਖ ਰੱਖ ਕੇ ਲੜਾਈ ਦਾ ਰੁਖ਼ ਤੇ ਪੈਂਤੜਾ ਨਿਰਧਾਰਤ ਕਰਨ ਵਿੱਚ ਅਯੋਗ ਸਾਬਤ ਹੁੰਦੀ ਰਹੀ ਅਤੇ ਆਮ ਤੌਰ 'ਤੇ ਕਾਂਗਰਸੀ ਹਾਕਮਾਂ ਦੀ ਪਿੱਛਲੱਗ ਬਣ ਕੇ ਚੱਲਦੀ ਰਹੀ। ਹਿੰਦੂ ਹਾਕਮਾਂ ਨਾਲ ਗੱਲ ਕਰਨ ਮੌਕੇ ਤਾਂ ਸਿੱਖ ਆਗੂ ਇਹ ਗੱਲ ਕਹਿ ਸਕਦੇ ਹਨ (ਅਤੇ ਕਹਿੰਦੇ ਵੀ ਹਨ) ਕਿ ਸਿੱਖਾਂ ਨੇ ਇਹ ਕੁਰਬਾਨੀਆਂ 'ਦੇਸ ਦੀ ਆਜ਼ਾਦੀ' ਲਈ ਕੀਤੀਆਂ।

ਪਰ ਜੇ ਕੋਈ ਪੁੱਛੇ ਕਿ ਸਿੱਖ ਕੌਮ ਨੇ ਆਪਣੀਆਂ ਕੁਰਬਾਨੀਆਂ ਨਾਲ ਦੇਸ ਤਾਂ ਆਜ਼ਾਦ ਕਰਵਾ ਲਿਆ ਪਰ ਉਸ ਦਾ ਆਪਣਾ ਕੀ ਬਣਿਆ ? ਸਿੱਖ ਆਗੂਆਂ ਕੋਲ ਹਿੰਦੂ ਹਾਕਮਾਂ ਨੂੰ ਉਲਾਂਭਾ ਦੇਣ ਤੋਂ ਇਲਾਵਾ ਇਸ ਦਾ ਹੋਰ ਕੋਈ ਜੁਆਬ ਨਹੀਂ। ਪਰ ਹਿੰਦੂ ਹਾਕਮਾਂ ਨੂੰ ਉਲਾਂਭਾ ਕਾਹਦਾ ? ਸਿੱਖ ਕੌਮ ਦੇ ਹਿਤਾਂ ਦੀ ਚਿੰਤਾ ਖ਼ੁਦ ਸਿੱਖ ਆਗੂਆਂ ਨੂੰ ਹੀ ਹੋਣੀ ਚਾਹੀਦੀ ਸੀ। ਹਿੰਦੂ ਆਗੂਆਂ ਨੇ ਆਜ਼ਾਦੀ ਦੇ ਸੰਘਰਸ਼ ਦੌਰਾਨ ਹੀ, ਕਿੰਨੇ ਮੌਕਿਆਂ 'ਤੇ, ਆਪਣੇ ਇਰਾਦੇ ਤੇ ਨੀਤਾਂ ਸਾਫ਼ ਪ੍ਰਗਟ ਕਰ ਦਿੱਤੀਆਂ ਸਨ। ਜੇਕਰ ਸਿੱਖ ਆਗੂਆਂ ਦੀ ਰਾਜਸੀ ਸੋਝੀ ਦਾ ਇਹ ਹਾਲ ਸੀ ਕਿ ਉਨ੍ਹਾਂ ਨੂੰ ਹਿੰਦੂ ਆਗੂਆਂ ਦੀ ਇਹ ਰਾਜਸੀ ਪੈਂਤੜੇਬਾਜ਼ੀ ਸਮਝ ਨਹੀਂ ਆਈ ਤਾਂ ਆਪਣੀ ਇਸ ਰਾਜਨੀਤਕ ਅਯੋਗਤਾ ਦਾ ਭਾਂਡਾ ਹਿੰਦੂ ਆਗੂਆਂ ਸਿਰ ਭੰਨਣਾ ਕਿੰਨਾ ਕੁ ਵਾਜਬ ਹੈ ? ਪਿਛਲੇ ਕੁਝ ਸਮੇਂ ਤੋਂ, ਖ਼ਾਸ ਕਰਕੇ ਜੂਨ 1984 ਦੇ ਘੱਲੂਘਾਰੇ ਤੋਂ ਬਾਅਦ, ਸਿੱਖ ਬੁੱਧੀਜੀਵੀ ਵਰਗ ਦੇ ਕਾਫ਼ੀ ਹਿੱਸੇ ਇਹ ਗੱਲ ਪ੍ਰਵਾਨ ਕਰਨ ਲੱਗ ਪਏ ਹਨ ਕਿ ਆਜ਼ਾਦੀ ਦੇ ਸੰਘਰਸ਼ ਦੌਰਾਨ ਹਿੰਦੂ ਆਗੂਆਂ ਨੇ ਸਿੱਖਾਂ ਦਾ ਆਪਣੇ ਰਾਜਸੀ ਹਿਤਾਂ ਲਈ ਇਸਤੇਮਾਲ ਕੀਤਾ। ਪਰ ਕਿਸੇ ਨੂੰ ਇਸਤੇਮਾਲ ਕਰਨਾ ਤੇ ਕਿਸੇ ਦੇ ਹੱਥੋਂ ਇਸਤੇਮਾਲ ਹੋ ਜਾਣਾ ਇੱਕੋ ਕਰਮ ਦੇ ਦੋ ਜੁੜਵੇਂ ਪਹਿਲੂ ਹਨ। ਜੇ ਇਕ ਬਦਦਿਆਨਤਦਾਰੀ ਦਾ ਦੋਸ਼ੀ ਹੈ ਤਾਂ ਦੂਜਾ ਬਰਾਬਰ ਅਗਿਆਨਤਾ ਦਾ ਭਾਗੀ ਹੈ। ਸਿੱਖ ਆਗੂ ਹਿੰਦੂ ਹਾਕਮਾਂ ਨੂੰ ਤਾਂ ਬੇਈਮਾਨ ਤੇ ਅਹਿਸਾਨਫ਼ਰਾਮੋਸ਼ ਸਾਬਤ ਕਰ ਸਕਦੇ ਹਨ ਪਰ ਉਹ ਆਪ ਅਗਿਆਨਤਾ ਦੇ ਦੋਸ਼ਾਂ ਤੋਂ ਬਰੀ ਨਹੀਂ ਹੋ ਸਕਦੇ। ਹਿੰਦੂ ਹਾਕਮਾਂ ਨੂੰ ਉਲਾਂਭੇ ਦੇਣ ਦਾ ਕੰਮ ਬਹੁਤ ਹੋ ਚੁੱਕਾ ਹੈ। ਹੁਣ ਲੋੜ ਇਸ 'ਚੋਂ ਲਾਹੇਵੰਦੇ ਸਬਕ ਸਿੱਖਣ ਦੀ ਹੈ। ਪਰ ਇਹੀ ਕੰਮ ਹੈ ਜੋ ਸਿੱਖ ਕੌਮ ਦੇ ਰਾਜਸੀ ਤੇ ਬੌਧਿਕ ਆਗੂ ਨਹੀਂ ਕਰ ਸਕੇ। ਜਿੰਨਾ ਚਿਰ ਉਹ ਸਿੱਖ ਕੌਮ ਦੇ ਮਸਲੇ ਪ੍ਰਤੀ ਆਪਣੇ ਨਜ਼ਰੀਏ ਅੰਦਰ ਬੁਨਿਆਦੀ ਤਬਦੀਲੀ ਨਹੀਂ ਲਿਆਉਂਦੇ, ਉਨਾ ਚਿਰ ਉਹ ਵਾਰ ਵਾਰ ਹਿੰਦੂ ਆਗੂਆਂ ਹੱਥੋਂ 'ਇਸਤੇਮਾਲ ਹੋਣ' ਦਾ ਸਰਾਪ ਭੋਗਦੇ ਰਹਿਣਗੇ। ਇਹ ਉਨ੍ਹਾਂ ਦੀ ਹੋਣੀ ਹੈ। ਪਰ ਉਨ੍ਹਾਂ ਦੀ ਇਹ ਹੋਣੀ ਸਿੱਖ ਕੌਮ ਦੀ ਮੰਦਹੋਣੀ ਨਾ ਬਣੇ, ਇਹ ਸਭਨਾਂ ਸੁਹਿਰਦ ਸਿੱਖ ਬੁੱਧੀਜੀਵੀਆਂ ਦਾ ਸਾਂਝਾ ਫ਼ਿਕਰ ਬਣਨਾ ਚਾਹੀਦਾ ਹੈ। ਗੱਲ 'ਦੇਸ ਨੂੰ ਆਜ਼ਾਦ' ਕਰਾਉਣ 'ਤੇ ਹੀ ਨਹੀਂ ਰੁਕ ਗਈ। 'ਦੇਸ ਦੀ ਆਜ਼ਾਦੀ' ਦੀ, 'ਦੇਸ ਦੀ ਸੁਰੱਖਿਆ' ਦੀ ਅਤੇ 'ਦੇਸ ਦੀ ਏਕਤਾ ਤੇ ਅਖੰਡਤਾ' ਦੀ ਰੱਖਿਆ ਦਾ ਜ਼ਿੰਮਾ ਵੀ ਸਿੱਖ ਕੌਮ ਨੇ ਆਪਣੇ ਉੱਤੇ ਲੈ ਲਿਆ। ਸਿੱਖ ਲੀਡਰਸ਼ਿਪ ਨੇ ਇਹ ਸੋਚਣ ਦਾ ਕਦੇ ਯਤਨ ਨਹੀਂ ਕੀਤਾ ਕਿ ਦੇਸ ਦੀ ਆਜ਼ਾਦੀ ਨੂੰ, ਇਸ ਦੀ ਸੁਰੱਖਿਆ ਨੂੰ ਤੇ ਇਸਦੀ ਏਕਤਾ ਤੇ ਅਖੰਡਤਾ ਨੂੰ ਖ਼ਤਰਾ ਕਿਸ ਵੱਲੋਂ ਹੈ ਤੇ ਇਨ੍ਹਾਂ ਖ਼ਤਰਿਆਂ ਤੋਂ 'ਦੇਸ ਦੀ ਰੱਖਿਆ' ਨਾਲ ਸਿੱਖ ਕੌਮ ਦੇ ਹਿਤਾਂ ਨੂੰ ਕੀ ਅਤੇ ਕਿਵੇਂ ਫ਼ਾਇਦਾ ਪਹੁੰਚੇਗਾ ? ਹਰ ਮਸਲੇ ਬਾਰੇ ਆਪਣੀ ਕੌਮ ਦੇ ਹਿਤਾਂ ਦੇ ਦ੍ਰਿਸ਼ਟੀਕੋਣ ਤੋਂ ਸੋਚਣ ਦੀ ਕੌਮੀ ਚੇਤਨਾ ਸਿੱਖ ਲੀਡਰਸ਼ਿਪ ਦੇ ਨੇੜੇ ਨਾ ਤਾਂ ਉਸ ਵੇਲੇ ਫਟਕੀ ਜਦ ਉਹ ਸਿੱਖ ਕੌਮ ਨੂੰ ਦੇਸ ਦੀ ਆਜ਼ਾਦੀ ਦੇ ਸੰਗਰਾਮ ਵਿੱਚ ਅੱਗੇ ਵਧ ਕੇ ਕੁਰਬਾਨੀਆਂ ਦੇਣ ਲਈ ਉਭਾਰ ਰਹੀ ਸੀ ਅਤੇ ਨਾ ਉਸ ਨੂੰ ਇਸ ਦੀ ਉਸ ਵੇਲੇ ਕੋਈ ਸੁਧ ਸੀ ਜਦ ਉਹ ਸਿੱਖ ਕੌਮ ਨੂੰ 'ਦੇਸ ਦੀ ਆਜ਼ਾਦੀ ਦੀ ਰੱਖਿਆ' ਲਈ ਬਲੀ ਚੜ੍ਹਨ ਵਾਸਤੇ ਹੱਲਾਸ਼ੇਰੀ ਦੇ ਰਹੀ ਸੀ।

ਜਦ ਵੀ ਲੁੱਟ-ਖਸੁੱਟ, ਜਬਰ ਤੇ ਧੱਕੇਸ਼ਾਹੀ ਦੇ ਸਤਾਏ ਲੋਕਾਂ ਦਾ ਕੋਈ ਵਰਗ ਭਾਰਤੀ ਹਾਕਮਾਂ ਵਿਰੁੱਧ ਸੰਘਰਸ਼ ਦਾ ਝੰਡਾ ਬੁਲੰਦ ਕਰਦਾ ਹੈ ਤਾਂ ਦੇਸ ਦੀ ਆਜ਼ਾਦੀ ਨੂੰ ਖ਼ਤਰੇ ਦੀ ਦੁਹਾਈ ਪਿੱਟ ਦਿੱਤੀ ਜਾਂਦੀ ਹੈ। ਜਦ ਕਿਸੇ ਖ਼ਿੱਤੇ ਦੇ ਲੋਕ ਆਪਣੀ ਵੱਖਰੀ ਪਛਾਣ ਦੀ ਗੱਲ ਕਰਦੇ ਹਨ ਅਤੇ ਇਸ ਪਛਾਣ ਦੀ ਰਾਖੀ ਲਈ ਸੰਘਰਸ਼ ਦਾ ਰਾਹ

ਅਖ਼ਤਿਆਰ ਕਰਦੇ ਹਨ ਤਾਂ ਹਿੰਦੂ ਹੁਕਮਰਾਨ ਵਰਗ ਵੱਲੋਂ ਦੇਸ ਦੀ ਏਕਤਾ ਤੇ ਅਖੰਡਤਾ ਨੂੰ ਖ਼ਤਰੇ ਦਾ ਰੌਲਾ ਪਾ ਦਿੱਤਾ ਜਾਂਦਾ ਹੈ। ਭਾਰਤੀ ਹਾਕਮਾਂ ਵੱਲੋਂ, ਆਪਣੇ ਹੱਕਾਂ ਤੇ ਹਿਤਾਂ ਦੀ ਰਾਖੀ ਲਈ ਸੰਘਰਸ਼ ਕਰ ਰਹੇ ਲੋਕਾਂ ਉੱਤੇ ਵਹਿਸ਼ੀ ਜਬਰ ਢਾਹੁਣ ਲਈ, ਜਦ ਜੀਅ ਚਾਹੇ, ਦੇਸ ਦੀ ਸੁਰੱਖਿਆ ਨੂੰ ਖ਼ਤਰੇ ਦੀ ਡੌਂਡੀ ਪਿੱਟ ਦਿੱਤੀ ਜਾਂਦੀ ਹੈ। ਇਸ ਆੜ ਹੇਠ ਦੇਸ ਦੇ ਲੋਕਾਂ ਉੱਤੇ ਜਾਬਰ ਕਾਨੂੰਨਾਂ ਦਾ ਸ਼ਿਕੰਜਾ ਮੜ੍ਹ ਦਿੱਤਾ ਜਾਂਦਾ ਹੈ। ਹਿੰਦੂ ਹਾਕਮਾਂ ਦੀ ਅਜਿਹੀ ਹਰ ਕਪਟੀ ਬੂ-ਦੁਹਾਈ ਉੱਤੇ, ਸਿੱਖ ਲੀਡਰਸ਼ਿਪ ਸਿੱਖ ਕੌਮ ਨੂੰ 'ਦੇਸ ਦੀ ਰੱਖਿਆ' ਲਈ ਮੈਦਾਨ ਵਿੱਚ ਨਿਤਰਨ ਦਾ ਸੱਦਾ ਦੇਣ ਲਈ ਤਤਪਰ ਹੋ ਜਾਂਦੀ ਹੈ। ਇਹ ਸਿਲਸਿਲਾ ਪਿਛਲੇ ਪੰਜਾਹ ਸਾਲਾਂ ਦੌਰਾਨ ਬਾਰ-ਬਾਰ ਦੁਹਰਾਇਆ ਜਾਂਦਾ ਰਿਹਾ ਹੈ। ਮਸਲਾ ਆਪਣੀ ਕੌਮੀ ਪਛਾਣ ਦੀ ਰਾਖੀ ਲਈ ਸੰਘਰਸ਼ ਕਰ ਰਹੀਆਂ ਉੱਤਰ ਪੂਰਬੀ ਖ਼ਿੱਤੇ ਦੀਆਂ ਕੌਮਾਂ (ਨਾਗਾ, ਮਿਜ਼ੋ ਆਦਿ) ਨੂੰ ਵਹਿਸ਼ੀ ਜਬਰ ਨਾਲ ਕੁਚਲਣ ਦਾ ਹੋਵੇ, ਕਸ਼ਮੀਰੀ ਕੌਮ ਦੀ ਆਜ਼ਾਦੀ ਦੀ ਉਮੰਗ ਨੂੰ ਲਹੂ ਵਿੱਚ ਡੋਬਣ ਦਾ ਹੋਵੇ, ਦੇਸ ਦੇ ਕਿਸੇ ਵੀ ਹਿੱਸੇ ਅੰਦਰ ਮਜ਼ਲੂਮ ਜਨਤਾ ਦੇ ਕਿਸੇ ਵੀ ਹੱਕੀ ਅੰਦੋਲਨ ਉੱਤੇ ਹਕੂਮਤੀ ਕਹਿਰ ਢਾਹੁਣ ਦਾ ਹੋਵੇ, ਹਰ ਮੌਕੇ ਸਿੱਖ ਲੀਡਰਸ਼ਿਪ 'ਦੇਸ ਦੀ ਆਜ਼ਾਦੀ' ਤੇ ਇਸ ਦੀ 'ਏਕਤਾ ਤੇ ਅਖੰਡਤਾ' ਦੀ ਰਾਖੀ ਲਈ ਹਿੰਦੂ ਹਾਕਮਾਂ ਦੀ ਡਟਵੀਂ ਹਮਾਇਤ ਦਾ ਪੈਂਤੜਾ ਧਾਰਨ ਕਰਦੀ ਰਹੀ। ਹਿੰਦੂ ਹਾਕਮਾਂ ਨੇ ਭਾਰਤ ਦੇ ਲੋਕਾਂ ਅੰਦਰ ਜਦ ਵੀ ਪਾਕਿਸਤਾਨ ਖ਼ਿਲਾਫ਼ ਕੌਮੀ ਜਨੂੰਨ (national chauvinism) ਭੜਕਾਉਣ ਦੀ ਨੀਤ ਨਾਲ, ਪਾਕਿਸਤਾਨ ਵੱਲੋਂ 'ਸਰਹੱਦਾਂ ਨੂੰ ਖ਼ਤਰੇ' ਦੀ ਦੁਹਾਈ ਪਿੱਟੀ ਤਾਂ ਸਿੱਖ ਕੌਮ ਦੀ ਸਮੁੱਚੀ ਲੀਡਰਸ਼ਿਪ, ਸਭ ਕੁਝ ਭੁੱਲ ਭੁਲਾ ਕੇ ਤੇ ਸਭ ਕੁਝ ਛੱਡ ਛਡਾ ਕੇ (ਪੰਜਾਬੀ ਸੂਬੇ ਦਾ ਮੋਰਚਾ ਦੋ ਵਾਰ ਇਸੇ ਕਾਰਨ ਮੁਲਤਵੀ ਕੀਤਾ ਗਿਆ) ਹਿੰਦੂ ਆਗੂਆਂ ਨਾਲੋਂ ਵੀ ਦੋ ਕਦਮ ਅੱਗੇ ਹੋ ਕੇ "ਦੇਸ ਲਈ (ਨਾ ਕਿ ਪੰਥ ਲਈ!) ਮਰ ਮਿਟਣ" ਦੇ ਹੋਕਰੇ ਮਾਰਦੀ ਰਹੀ।

•

# 5

# ਸਿੱਖ ਕੌਮ ਦੀ ਰਾਜਸੀ ਤੜਪ

ਵਿਧਾਨਸਾਜ਼ ਅਸੰਬਲੀ ਅੰਦਰ ਹਿੰਦੂ ਬਹੁਗਿਣਤੀ ਵੱਲੋਂ ਸਿੱਖਾਂ ਲਈ ਇਕ ਘੱਟਗਿਣਤੀ ਭਾਈਚਾਰੇ ਵਜੋਂ ਸੰਵਿਧਾਨਕ ਸੁਰੱਖਿਆਵਾਂ (constitutional safe-guards) ਦੀ ਮੰਗ ਨੂੰ ਬੇਰੁਖ਼ੀ ਨਾਲ ਠੁਕਰਾ ਦੇਣ ਤੋਂ ਬਾਅਦ ਅਕਾਲੀ ਲੀਡਰਸ਼ਿਪ ਨੇ ਆਪਣਾ ਸਾਰਾ ਧਿਆਨ ਅਤੇ ਤਾਣ ਪੰਜਾਬੀ ਸੂਬੇ ਦੀ ਮੰਗ ਉੱਤੇ ਕੇਂਦਰਤ ਕਰ ਦਿੱਤਾ। ਅਕਾਲੀ ਆਗੂ ਇਸ ਮੰਗ ਪ੍ਰਤੀ ਕਾਫ਼ੀ ਉਮੀਦ ਅਤੇ ਭਰੋਸੇ ਦੇ ਰੌਂਅ ਵਿੱਚ ਸਨ। ਕਾਰਨ ਇਹ ਕਿ ਉਨ੍ਹਾਂ ਦੀਆਂ ਨਜ਼ਰਾਂ ਵਿੱਚ ਇਹ ਮੰਗ ਹੈ ਹੀ ਏਨੀ ਨਿਆਈਂ ਅਤੇ ਵਜ਼ਨਦਾਰ ਸੀ ਕਿ ਕਾਂਗਰਸੀ ਹਾਕਮਾਂ ਵੱਲੋਂ ਇਸ ਨੂੰ ਨਾਮਨਜ਼ੂਰ ਕਰਨ ਦਾ ਉਨ੍ਹਾਂ ਨੂੰ ਕੋਈ ਆਧਾਰ ਜਾਂ ਕਾਰਨ ਨਜ਼ਰ ਨਹੀਂ ਸੀ ਆਉਂਦਾ। ਦੂਜਾ, ਕਾਂਗਰਸ ਪਾਰਟੀ ਨੇ ਖ਼ੁਦ ਬਹੁਤ ਚਿਰ ਪਹਿਲਾਂ ਆਪਣੇ ਨਾਗਪੁਰ ਸੈਸ਼ਨ (1920) ਵਿੱਚ ਇਹ ਐਲਾਨੀਆ ਪੋਜ਼ੀਸ਼ਨ ਲੈ ਰੱਖੀ ਹੋਈ ਸੀ ਕਿ ਭਾਰਤੀ ਰਾਜਾਂ ਦੀ, ਬੋਲੀ ਦੇ ਆਧਾਰ 'ਤੇ ਨਵੇਂ ਸਿਰਿਓਂ ਹੱਦਬੰਦੀ ਕੀਤੀ ਜਾਣੀ ਚਾਹੀਦੀ ਹੈ। ਇਸ ਕਰਕੇ ਪੰਜਾਬੀ ਸੂਬੇ ਦੀ ਸਥਾਪਨਾ ਦੀ ਮੰਗ ਦਾ ਵਜ਼ਨ ਹੋਰ ਵੀ ਵਧ ਜਾਂਦਾ ਸੀ। ਇਸ ਵਜ੍ਹਾ ਕਰਕੇ, ਸ਼ੁਰੂ ਵਿੱਚ ਕਾਂਗਰਸੀ ਸਿੱਖਾਂ ਸਮੇਤ ਹਰ ਵੰਨਗੀ ਦੀ ਸਿੱਖ ਲੀਡਰਸ਼ਿਪ ਪੰਜਾਬੀ ਸੂਬੇ ਦੀ ਮੰਗ ਦਾ ਖੁੱਲ੍ਹ ਕੇ ਸਮਰਥਨ ਕਰਦੀ ਸੀ। ਪਰ ਬਾਅਦ ਦੇ ਘਟਨਾਕ੍ਰਮ ਨੇ ਇਹ ਗੱਲ ਪ੍ਰਤੱਖ ਕਰ ਦਿੱਤੀ ਕਿ ਆਪਣੀ ਅਗਿਆਨਤਾ ਤੇ ਭੋਲੇਪਣ ਸਦਕਾ ਸਿੱਖ ਲੀਡਰਸ਼ਿਪ ਵੱਡੇ ਭੁਲੇਖੇ ਦੀ ਸ਼ਿਕਾਰ ਸੀ। ਉਹ ਇਹ ਗੱਲ ਨਾ ਸਮਝ ਸਕੀ ਕਿ ਇਕ ਫ਼ਿਰਕੂ ਰਾਜ ਅੰਦਰ ਘੱਟਗਿਣਤੀ ਵਰਗ ਦੀ ਕਿਸੇ ਮੰਗ ਦਾ ਨਿਆਈਂ ਹੋਣਾ ਕੋਈ ਬਹੁਤੇ ਮਾਅਨੇ ਨਹੀਂ ਰੱਖਦਾ। ਬਹੁਗਿਣਤੀ ਹੁਕਮਰਾਨ ਵਰਗ ਦਾ ਕਿਸੇ ਵੀ ਮੰਗ ਜਾਂ ਮਸਲੇ ਪ੍ਰਤੀ ਰਵੱਈਆ, ਉਸ ਦੀ ਵਿਚਾਰਧਾਰਾ ਤੇ ਉਸ ਦੇ ਵਰਗ ਹਿਤਾਂ ਤੋਂ ਨਿਰਧਾਰਤ ਹੁੰਦਾ ਹੈ। ਜੇਕਰ ਸਿੱਖ ਆਗੂਆਂ ਨੇ ਮਸਲੇ ਨੂੰ ਇਸ ਦ੍ਰਿਸ਼ਟੀਕੋਣ ਤੋਂ ਦੇਖਿਆ ਹੁੰਦਾ ਤਾਂ ਉਨ੍ਹਾਂ ਨੂੰ ਇਹ ਸਮਝਣ ਵਿੱਚ ਰਤੀ ਭਰ ਵੀ ਮੁਸ਼ਕਲ ਨਹੀਂ ਸੀ ਆਉਣੀ ਕਿ 'ਗਊ ਖੇਤਰ' ਦੇ ਹਿੰਦੂ ਵਰਗ ਦੀ ਫ਼ਿਰਕੂ ਜ਼ਹਿਨੀਅਤ ਨੂੰ ਪੰਜਾਬੀ ਸੂਬੇ ਦੀ ਸਥਾਪਨਾ ਉੱਕਾ ਹੀ ਨਹੀਂ ਸੀ ਸੁਖਾਉਂਦੀ। ਹਿੰਦੂ ਆਗੂਆਂ ਕੋਲੋਂ ਇਹ ਗੱਲ ਭੁੱਲੀ ਹੋਈ ਨਹੀਂ ਸੀ ਕਿ ਪੰਜਾਬੀ ਸੂਬੇ ਦੀ ਸਥਾਪਨਾ ਨਾਲ ਸਿੱਖ ਕੌਮ ਦੀ ਰਾਜਸੀ, ਆਰਥਿਕ, ਸਮਾਜਿਕ ਤੇ ਸਭਿਆਚਾਰਕ ਤਾਕਤ ਪੱਕੇ ਪੈਰੀਂ ਹੋ ਜਾਵੇਗੀ, ਜਿਸ ਨਾਲ ਉਸ ਨੂੰ ਹਿੰਦੂ ਧਾਰਾ ਅੰਦਰ ਜਜ਼ਬ ਕਰਨ ਦੇ ਪ੍ਰੋਜੈਕਟ ਦੇ ਰਾਹ 'ਚ ਵੱਡੀਆਂ ਮੁਸ਼ਕਲਾਂ ਪੈਦਾ ਹੋ ਜਾਣਗੀਆਂ। ਇਸ ਤਰ੍ਹਾਂ ਹਿੰਦੂ ਹਾਕਮਾਂ ਲਈ ਮੁੱਖ ਗੱਲ ਇਹ ਨਹੀਂ ਸੀ ਕਿ ਪੰਜਾਬੀ ਸੂਬੇ ਦੀ ਮੰਗ ਨਿਆਈਂ ਹੈ ਜਾਂ ਨਹੀਂ, ਜਾਂ ਇਹ ਸਿੱਖ ਕੌਮ ਦੇ ਭਲੇ ਵਿੱਚ ਹੈ ਜਾਂ ਨਹੀਂ,

ਉਨ੍ਹਾਂ ਲਈ ਮੁੱਖ ਮਸਲਾ ਸਿੱਖ ਕੌਮ ਦੀ ਵੱਖਰੀ ਪਛਾਣ ਤੇ ਨਿਆਰੀ ਹਸਤੀ ਨੂੰ ਮਲੀਆਮੇਟ ਕਰਨ ਦਾ ਸੀ। ਹਿੰਦੂ ਵਰਗ ਆਪਣੇ ਉਦੇਸ਼ ਬਾਰੇ ਸਪਸ਼ਟ ਤੇ ਇਕਮੱਤ ਸੀ। ਇਸਦੇ ਉਲਟ, ਸਿੱਖ ਆਗੂ ਪੰਜਾਬੀ ਸੂਬੇ ਦੀ ਮੰਗ ਉਠਾਉਣ ਬਾਰੇ ਤਾਂ ਇਕ-ਜ਼ੁਬਾਨ ਜ਼ਰੂਰ ਸਨ, ਪਰ ਪੰਜਾਬੀ ਸੂਬੇ ਦੇ ਸੰਕਲਪ, ਉਦੇਸ਼ ਤੇ ਸਰੂਪ ਬਾਰੇ ਉਨ੍ਹਾਂ ਅੰਦਰ ਵਿਚਾਰਾਂ ਦੇ ਵੱਡੇ ਵਖਰੇਵੇਂ ਸਨ। ਇਹ ਵਖਰੇਵੇਂ ਸਿੱਖ ਆਗੂਆਂ ਦੀ ਪੰਥ ਨੂੰ ਦਰਪੇਸ਼ ਬੁਨਿਆਦੀ ਮਸਲਿਆਂ ਬਾਰੇ ਗ਼ਲਤ ਅਤੇ ਅਸਪਸ਼ਟ ਸਿਧਾਂਤਕ ਸੋਚਣੀ ਦਾ ਪ੍ਰਗਟਾਵਾ ਸਨ।

## ਪੰਜਾਬੀ ਸੂਬਾ ਬਨਾਮ ਸਿੱਖ ਹੋਮਲੈਂਡ

ਪੰਜਾਬੀ ਸੂਬੇ ਦੀ ਮੰਗ ਦੀ ਪੇਸ਼ਕਾਰੀ 'ਚੋਂ ਅਕਾਲੀ ਲੀਡਰਸ਼ਿਪ ਦੀ ਸਿਧਾਂਤਕ ਉਲਝਣ ਪ੍ਰਤੱਖ ਰੂਪ 'ਚ ਪ੍ਰਗਟ ਹੁੰਦੀ ਹੈ। ਸਿੱਖ ਪੰਥ ਦੀ ਨੁਮਾਇੰਦਾ ਰਾਜਸੀ ਜਮਾਤ ਹੋਣ ਦੇ ਨਾਤੇ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਮੁੱਖ ਸਰੋਕਾਰ ਸਿੱਖ ਕੌਮ ਦੇ ਹੱਕਾਂ ਤੇ ਹਿਤਾਂ ਦੀ ਰਾਖੀ ਕਰਨਾ ਸੀ। ਆਜ਼ਾਦੀ ਤੋਂ ਬਾਅਦ ਕਾਂਗਰਸੀ ਹਾਕਮਾਂ ਦੀਆਂ ਫ਼ਿਰਕੂ ਨੀਤੀਆਂ ਅਤੇ ਖ਼ਾਸ ਤੌਰ 'ਤੇ ਪੰਜਾਬੀ ਹਿੰਦੂ ਵਰਗ ਦੀ ਕੱਟੜ ਸਿੱਖ ਦੁਸ਼ਮਣ ਫ਼ਿਰਕੂ ਜ਼ਹਿਨੀਅਤ ਦੇ ਮੱਦੇਨਜ਼ਰ ਅਕਾਲੀ ਲੀਡਰਸ਼ਿਪ ਇਸ ਨਿਰਣੇ 'ਤੇ ਅੱਪੜ ਗਈ ਸੀ ਕਿ ਹਿੰਦੂ ਬਹੁਗਿਣਤੀ ਦੇ ਗ਼ਲਬੇ ਹੇਠ ਸਿੱਖ ਕੌਮ ਦਾ ਧਰਮ ਤੇ ਸਭਿਆਚਾਰ ਸੁਰੱਖਿਅਤ ਨਹੀਂ ਰਹਿ ਸਕਦਾ। ਪੰਜਾਬੀ ਹਿੰਦੂ ਵਰਗ ਨੂੰ ਸਿੱਖ ਕੌਮ ਦਾ ਵਿਕਾਸ ਫੁਟੀ ਅੱਖ ਨਹੀਂ ਸੀ ਭਾਉਂਦਾ। ਪੰਜਾਬ ਅੰਦਰ ਉਸ ਦੀ ਭਾਰੀ ਬਹੁਗਿਣਤੀ ਅਤੇ ਕੇਂਦਰ ਵਿੱਚ ਉਸ ਦੇ ਸਕਿਆਂ ਦੀ ਸਰਕਾਰ ਨੇ ਹਿੰਦੂ ਵਰਗ ਦੀ ਫ਼ਿਰਕੂ ਜ਼ਹਿਨੀਅਤ ਨੂੰ ਹੋਰ ਵੱਧ ਪਾਣ ਚਾੜ੍ਹ ਦਿੱਤੀ ਸੀ। ਅਜਿਹੀ ਹਾਲਤ ਦੇ ਸਨਮੁੱਖ ਸਿੱਖ ਕੌਮ ਦੇ ਹਿਤਾਂ ਦੀ ਰਾਖੀ ਲਈ ਹਿੰਦੂ ਵਰਗ ਦੇ ਗ਼ਲਬੇ ਤੋਂ ਨਜ਼ਾਤ ਪਾਉਣੀ ਜ਼ਰੂਰੀ ਸੀ। ਇਹ ਸਿੱਖ ਭਾਈਚਾਰੇ ਅੰਦਰ, ਖ਼ਾਸ ਕਰਕੇ ਇਸ ਦੇ ਜਾਗਰੂਕ ਹਿੱਸਿਆਂ ਅੰਦਰ ਪਾਈ ਜਾਂਦੀ ਆਮ ਭਾਵਨਾ ਸੀ। ਸਿੱਖ ਪੰਥ ਦੀਆਂ ਇਨ੍ਹਾਂ ਭਾਵਨਾਵਾਂ ਦੀ ਮਾਸਟਰ ਤਾਰਾ ਸਿੰਘ ਨਾਲੋਂ ਵੱਧ ਸੱਚੀ ਤੇ ਬਿਹਤਰ ਤਰਜਮਾਨੀ ਹੋਰ ਕੋਈ ਨਹੀਂ ਸੀ ਕਰ ਸਕਦਾ। ਮਾਸਟਰ ਤਾਰਾ ਸਿੰਘ ਨੇ ਅਹਿਸਾਸ ਦੇ ਪੱਧਰ 'ਤੇ ਕਾਂਗਰਸੀ ਆਗੂਆਂ ਦੀ ਫ਼ਿਰਕੂ ਜ਼ਹਿਨੀਅਤ ਅਤੇ ਸਿੱਖ ਦੁਸ਼ਮਣ ਇਰਾਦਿਆਂ ਨੂੰ ਕਾਫ਼ੀ ਚਿਰ ਪਹਿਲਾਂ ਹੀ ਤਾੜ ਲਿਆ ਸੀ। 23 ਜਨਵਰੀ 1946 ਨੂੰ ਉਸ ਨੇ ਬਨੂੰ ਵਿਖੇ ਅਕਾਲੀ ਕਾਨਫ਼ਰੰਸ ਅੰਦਰ ਆਪਣਾ ਪ੍ਰਧਾਨਗੀ ਭਾਸ਼ਣ ਕਰਦਿਆਂ ਹੋਇਆਂ ਕਾਂਗਰਸੀ ਆਗੂਆਂ ਦੀ ਸੋਚ ਤੇ ਉਨ੍ਹਾਂ ਦੀਆਂ ਨੀਤਾਂ ਬਾਰੇ ਇਹ ਖਰਾ ਨਿਰਣਾ ਪੇਸ਼ ਕੀਤਾ ਕਿ "ਹਿੰਦੂ ਜ਼ਹਿਨੀਅਤ ਹੇਠਾਂ ਕਾਂਗਰਸ ਸਿੱਖਾਂ ਨੂੰ ਖੇਰੂ-ਖੇਰੂ ਕਰ ਕੇ ਆਪਣੇ ਮਤੈਹਤ ਕਰ ਲੈਣਾ ਚਾਹੁੰਦੀ ਹੈ। ਹੁਣ ਕਾਂਗਰਸ ਕੌਮੀ ਜਮਾਤ ਨਹੀਂ ਰਹੀ, ਨਿਰੋਲ ਹਿੰਦੂ ਜਮਾਤ ਬਣ ਗਈ ਹੈ ਤੇ ਇਸ ਦਾ ਯਤਨ ਹੈ ਕਿ ਸਿੱਖ ਬਤੌਰ ਅੱਡਰੇ ਪੰਥ ਦੇ ਖ਼ਤਮ ਹੋ ਜਾਣ ਤੇ ਫਿਰ ਆਪੇ ਹੀ ਹਿੰਦੂਆਂ ਵਿੱਚ ਜਜ਼ਬ ਹੋ ਜਾਣਗੇ।"[1] ਮਾਸਟਰ ਜੀ ਦਾ ਕਾਂਗਰਸ ਬਾਰੇ ਇਹ ਨਿਰਣਾ ਅਹਿਸਾਸ ਦੀ ਪੱਧਰ 'ਤੇ ਹੀ ਸੀ, ਚੇਤਨਾ ਦੀ ਪੱਧਰ 'ਤੇ ਨਹੀਂ। ਕਿਉਂਕਿ ਜੇਕਰ ਇਹ ਗੱਲ ਮਾਸਟਰ ਜੀ ਹੁਰਾਂ ਦੀ ਚੇਤਨਾ ਦਾ ਅੰਗ ਬਣੀ ਹੁੰਦੀ ਤਾਂ ਉਨ੍ਹਾਂ 1947 ਵਿੱਚ ਕਾਂਗਰਸੀ ਆਗੂਆਂ ਉੱਤੇ ਅੰਨ੍ਹਾ ਵਿਸ਼ਵਾਸ ਕਰ ਕੇ ਸਿੱਖ ਪੰਥ ਦੀ ਹੋਣੀ ਨੂੰ ਉਨ੍ਹਾਂ ਦੇ ਹਵਾਲੇ ਕਰਨ ਤੋਂ ਪਹਿਲਾਂ ਸੌ ਵਾਰ ਸੋਚਿਆ ਹੁੰਦਾ। ਮਾਸਟਰ ਤਾਰਾ ਸਿੰਘ ਨੇ ਹਿੰਦੂ ਆਗੂਆਂ ਉੱਤੇ ਭਰੋਸਾ ਕਰਨ ਦੀ ਗ਼ਲਤੀ ਤਾਂ ਜ਼ਰੂਰ ਕੀਤੀ ਪਰ ਉਸ ਨੇ ਉਨ੍ਹਾਂ ਦੀਆਂ ਫ਼ਿਰਕੂ ਨੀਤੀਆਂ ਨਾਲ ਸਮਝੌਤਾ ਕਰਨ ਤੋਂ ਦ੍ਰਿੜ੍ਹ ਇਨਕਾਰ ਕਰ ਦਿੱਤਾ। 25 ਫ਼ਰਵਰੀ 1948 ਨੂੰ ਮਾਸਟਰ ਜੀ ਨੇ ਅਖ਼ਬਾਰਾਂ ਦੇ ਨਾਂ ਜਾਰੀ ਕੀਤੇ ਇਕ ਬਿਆਨ

ਅੰਦਰ ਨਿਝੱਕ ਹੋ ਕੇ ਇਹ ਗੱਲ ਆਖੀ ਕਿ, "ਸਾਡਾ ਸਭਿਆਚਾਰ ਹਿੰਦੂਆਂ ਨਾਲੋਂ ਅਲੱਗ ਹੈ।...ਅਸੀਂ ਇਕ ਅਜਿਹਾ ਸੂਬਾ ਚਾਹੁੰਦੇ ਹਾਂ ਜਿਥੇ ਅਸੀਂ ਆਪਣੇ ਸਭਿਆਚਾਰ ਤੇ ਰਵਾਇਤਾਂ ਨੂੰ ਬਚਾ ਕੇ ਰੱਖ ਸਕੀਏ....ਮੈਂ ਪੰਥ ਲਈ ਧਾਰਮਿਕ, ਸਮਾਜਿਕ, ਰਾਜਸੀ ਤੇ ਹੋਰਨਾਂ ਮਾਮਲਿਆਂ 'ਚ ਸਵੈ-ਨਿਰਣੇ ਦਾ ਹੱਕ ਚਾਹੁੰਦਾ ਹਾਂ। ਜੇਕਰ ਪੰਥ ਦੀ ਹੋਂਦ ਨੂੰ ਬਚਾਉਣ ਦੀ ਮੰਗ ਕਰਨਾ ਫ਼ਿਰਕੂਪੁਣਾ ਹੈ, ਤਾਂ ਮੈਂ ਫ਼ਿਰਕਾਪ੍ਰਸਤ ਹੀ ਸਹੀਂ ਅਤੇ ਇਸ ਦੇ ਲਈ ਜਬਰ ਝੱਲਣ ਵਾਸਤੇ ਤਿਆਰ ਹਾਂ....ਜੇਕਰ ਪੰਥ ਹੀ ਖ਼ਤਮ ਹੋ ਗਿਆ ਤਾਂ ਮੇਰੀ ਜਿਉਂਦੇ ਰਹਿਣ ਦੀ ਕੋਈ ਤਮੰਨਾ ਨਹੀਂ।"[2]

ਮਾਸਟਰ ਤਾਰਾ ਸਿੰਘ ਨੇ ਪੰਜਾਬੀ ਸੂਬੇ ਦੀ ਧਾਰਨਾ ਬਾਰੇ ਆਪਣੀ ਸਮਝ ਨੂੰ ਹੋਰ ਸਪਸ਼ਟ ਕਰਦਿਆਂ ਹੋਇਆਂ ਲਿਖਿਆ: "ਸ਼੍ਰੋਮਣੀ ਅਕਾਲੀ ਦਲ ਦਾ ਮੰਤਵ ਸਿੱਖਾਂ ਨੂੰ ਪ੍ਰਾਂਤਿਕ ਤੌਰ 'ਤੇ ਹਿੰਦੂ ਗ਼ੁਲਾਮੀ ਵਿੱਚੋਂ ਕੱਢਣਾ ਹੈ।....ਇਸ ਸੂਬੇ ਦੀ ਮੈਂ ਪੂਰੀ ਅੰਦਰੂਨੀ ਆਜ਼ਾਦੀ ਮੰਗਦਾ ਹਾਂ, ਜਿਸ ਤਰ੍ਹਾਂ ਕਸ਼ਮੀਰ ਨੂੰ ਦਿੱਤੀ ਗਈ ਹੈ....ਅਜਿਹਾ ਸੂਬਾ ਹੋਵੇ ਜਿਸ ਸੂਬੇ ਦੀ ਅਸੰਬਲੀ ਵਿੱਚ ਹਿੰਦੂ ਗ਼ਲਬਾ ਨਾ ਹੋਵੇ।"[3]

ਪੰਜਾਬੀ ਸੂਬੇ ਬਾਰੇ ਮਾਸਟਰ ਤਾਰਾ ਸਿੰਘ ਦੀ ਉਪਰੋਕਤ ਵਿਆਖਿਆ 'ਚੋਂ ਚਿੰਤਨ ਨਾਲੋਂ ਵੱਧ ਉਸ ਦੇ ਜਜ਼ਬੇ ਬੋਲਦੇ ਹਨ। ਮਾਸਟਰ ਜੀ ਦਾ ਦੁਖਾਂਤ ਇਹ ਸੀ ਕਿ ਭਾਰਤ ਅੰਦਰ ਕੌਮੀਅਤਾਂ ਦੇ ਮਸਲੇ ਬਾਰੇ ਆਪਣੀ ਸਿਧਾਂਤਕ ਅਸਪਸ਼ਟਤਾ ਦੀ ਜਮਾਂਦਰੂ ਕਮਜ਼ੋਰੀ ਕਰਕੇ, ਉਹ ਆਪਣੇ ਜਜ਼ਬਿਆਂ ਦੇ ਤਰਕ ਨੂੰ ਤੋੜ ਤਕ ਲਿਜਾਣ ਵਿੱਚ ਲਗਾਤਾਰ ਝਿਜਕ ਅਤੇ ਡਰ ਮਹਿਸੂਸ ਕਰਦੇ ਰਹੇ।

ਜੇਕਰ ਪੰਜਾਬੀ ਸੂਬੇ ਦੀ ਸਥਾਪਨਾ ਦਾ ਉਦੇਸ਼ "ਸਿੱਖਾਂ ਨੂੰ ਪ੍ਰਾਂਤਿਕ ਤੌਰ 'ਤੇ ਹਿੰਦੂ ਗ਼ੁਲਾਮੀ ਵਿੱਚੋਂ ਕੱਢਣਾ" ਸੀ ਤਾਂ ਇਹ ਉਦੇਸ਼ ਪ੍ਰਤੱਖ ਤੌਰ 'ਤੇ ਇਕ ਸਿੱਖ ਬਹੁਗਿਣਤੀ ਵਾਲੇ ਸੂਬੇ ਦੀ ਸਥਾਪਨਾ ਨਾਲ ਹੀ ਹਾਸਲ ਹੋ ਸਕਦਾ ਸੀ। ਕਿਉਂਕਿ ਅਜੋਕੀ ਜਮਹੂਰੀ ਰਾਜ ਪ੍ਰਣਾਲੀ ਹੇਠ ਇਕ ਹਿੰਦੂ ਬਹੁਗਿਣਤੀ ਵਾਲੇ ਸੂਬੇ ਅੰਦਰ "ਅਸੰਬਲੀ ਵਿੱਚ ਹਿੰਦੂ ਗ਼ਲਬੇ" ਤੋਂ ਬਚ ਸਕਣਾ ਕਤਈ ਤੌਰ 'ਤੇ ਸੰਭਵ ਨਹੀਂ। ਪ੍ਰੰਤੂ ਮਾਸਟਰ ਤਾਰਾ ਸਿੰਘ ਸਮੇਤ ਸਮੁੱਚੀ ਅਕਾਲੀ ਲੀਡਰਸ਼ਿਪ ਇਹ ਗੱਲ ਕਹਿਣ ਲਈ ਉੱਕਾ ਹੀ ਤਿਆਰ ਨਹੀਂ ਸੀ ਕਿ ਉਹ ਸਿੱਖ ਬਹੁਗਿਣਤੀ ਵਾਲਾ ਸੂਬਾ ਮੰਗਦੇ ਹਨ। ਉਨ੍ਹਾਂ ਨੂੰ ਵਾਰ-ਵਾਰ ਅਤੇ ਲਗਾਤਾਰ ਇਹ ਸਫ਼ਾਈਆਂ ਦੇਣੀਆਂ ਪੈ ਰਹੀਆਂ ਸਨ ਕਿ ਉਹ ਸਿਰਫ਼ ਅਤੇ ਸਿਰਫ਼ ਪੰਜਾਬੀ ਬੋਲੀ ਦੇ ਆਧਾਰ 'ਤੇ ਪੰਜਾਬੀ ਸੂਬੇ ਦੀ ਸਥਾਪਨਾ ਦੀ ਮੰਗ ਕਰਦੇ ਹਨ ਅਤੇ ਇਸ ਵਿੱਚ ਕਿਸੇ ਧਾਰਮਿਕ ਫ਼ਿਰਕੇ ਦੀ ਘੱਟਗਿਣਤੀ ਜਾਂ ਬਹੁਗਿਣਤੀ ਦਾ ਕੋਈ ਮਸਲਾ ਨਹੀਂ। ਅਕਾਲੀ ਲੀਡਰਸ਼ਿਪ ਦੇ ਕੁਝ ਵਰਗ ਮਾਸਟਰ ਤਾਰਾ ਸਿੰਘ ਦੀ ਪੰਜਾਬੀ ਸੂਬੇ ਬਾਰੇ ਸਮਝ ਅਤੇ ਵਿਆਖਿਆ ਨਾਲ ਮੱਤਭੇਦ ਰਖਦੇ ਸਨ। ਉਨ੍ਹਾਂ ਨੂੰ ਲੱਗਦਾ ਸੀ ਕਿ ਮਾਸਟਰ ਜੀ ਦੀ ਪੇਸ਼ਕਾਰੀ ਸਿੱਖ ਲੀਡਰਸ਼ਿਪ ਲਈ ਕੁਝ ਸਿਧਾਂਤਕ ਤੇ ਰਾਜਸੀ ਉਲਝਣਾਂ ਖੜੀਆਂ ਕਰਦੀ ਸੀ ਜਿਨ੍ਹਾਂ ਤੋਂ ਬਚਣ ਲਈ ਉਹ ਮਾਸਟਰ ਤਾਰਾ ਸਿੰਘ ਨਾਲੋਂ ਖੁੱਲ੍ਹੇ ਤੌਰ 'ਤੇ ਇਕ ਵਿੱਥ ਤੇ ਨਿਖੇੜਾ ਕਰ ਕੇ ਚੱਲਦੇ ਸਨ। ਪਰ ਵੱਖਰੀ ਸਿੱਖ ਪਛਾਣ ਦੇ ਧਾਰਨੀ ਕਿਸੇ ਵੀ ਸਿੱਖ ਲੀਡਰ ਦੀ ਕੋਈ ਵੀ ਪੇਸ਼ਕਾਰੀ ਉਸ ਨੂੰ ਇਨ੍ਹਾਂ ਉਲਝਣਾਂ ਤੋਂ ਪੂਰਨ ਰੂਪ 'ਚ ਸੁਰਖ਼ਰੂ ਨਹੀਂ ਸੀ ਕਰ ਸਕਦੀ। ਮਸਲਾ ਬੜਾ ਸਪਸ਼ਟ ਸੀ। ਜਾਂ ਤਾਂ ਹਿੰਦੂ ਵਰਗ ਦੀ ਇਹ ਪੋਜ਼ੀਸ਼ਨ ਪ੍ਰਵਾਨ ਕਰ ਲਈ ਜਾਂਦੀ ਕਿ ਸਿੱਖ ਧਰਮ ਹਿੰਦੂ ਮੱਤ ਦੀ ਹੀ ਇਕ ਵੰਨਗੀ ਹੈ, ਜਿਸ ਨਾਲ ਸਿੱਖ ਪਛਾਣ ਨੂੰ ਖ਼ਤਰੇ ਦਾ ਝਗੜਾ ਹੀ ਖ਼ਤਮ ਹੋ ਜਾਂਦਾ ਹੈ। ਖੁੱਲ੍ਹੇਆਮ ਅਜਿਹਾ ਮੰਨਣ ਅਤੇ ਕਹਿਣ ਵਾਲੇ ਸਿੱਖਾਂ ਦੀ ਗਿਣਤੀ ਬਹੁਤ ਨਿਗੂਣੀ ਹੈ। ਸਿੱਖ ਪੰਥ ਦੀ ਮੁੱਖ ਧਾਰਾ ਵੱਖਰੀ ਸਿੱਖ ਪਛਾਣ ਦੀ ਧਾਰਨਾ ਦੀ ਕਾਇਲ ਹੈ। ਜਿੰਨਾ ਚਿਰ ਹਿੰਦੂ ਵਰਗ ਸਿੱਖ

ਕੌਮ ਦੇ ਇਸ ਦਾਅਵੇ ਨੂੰ ਤਹਿ ਦਿਲੋਂ ਕਬੂਲ ਨਹੀਂ ਕਰਦਾ ਅਤੇ ਆਪਣੀ ਸੁਹਿਰਦਤਾ ਦਾ ਸਬੂਤ ਦੇਣ ਲਈ ਇਸ ਨੂੰ ਸੰਵਿਧਾਨਕ ਮਾਨਤਾ ਪ੍ਰਦਾਨ ਨਹੀਂ ਕਰਦਾ, ਉਨਾ ਚਿਰ ਸਿੱਖ ਭਾਈਚਾਰੇ ਦੇ ਸ਼ੰਕੇ ਤੇ ਖ਼ਦਸ਼ੇ ਨਵਿਰਤ ਨਹੀਂ ਹੋ ਸਕਦੇ। ਸਿੱਖ ਪੰਥ ਤੇ ਹਿੰਦੂ ਵਰਗ ਦੇ ਆਪਸੀ ਰਿਸ਼ਤੇ ਨੂੰ ਪ੍ਰਭਾਵਿਤ ਕਰਨ ਵਾਲਾ ਇਹ ਇਕ ਬੁਨਿਆਦੀ ਫ਼ੈਕਟਰ ਹੈ। ਪਰ ਹਿੰਦੂ ਵਰਗ ਨੇ ਇਤਿਹਾਸ ਅੰਦਰ ਅਜੇ ਤਕ ਸਿੱਖ ਕੌਮ ਦੇ ਇਸ ਦਾਅਵੇ ਨੂੰ ਤਹਿ ਦਿਲੋਂ ਤਾਂ ਕੀ, ਉਪਰਲੇ ਮਨੋਂ ਵੀ ਕਬੂਲ ਨਹੀਂ ਕੀਤਾ। ਇਸ ਕਰਕੇ ਬਹੁਗਿਣਤੀ ਹਿੰਦੂ ਗ਼ਲਬੇ ਹੇਠ ਸਿੱਖਾਂ ਦੇ ਹਿਤਾਂ ਨੂੰ ਸਦੀਵੀ ਖ਼ਤਰਾ ਬਣਿਆ ਹੋਇਆ ਹੈ।

ਸਿੱਖ ਹਿਤਾਂ ਦੀ ਸੁਰੱਖਿਆ ਲਈ ਦੋ ਗੱਲਾਂ ਲਾਜ਼ਮੀ ਹਨ। ਇਕ, ਅਜਿਹਾ ਸੂਬਾ ਜਿੱਥੇ ਸਿੱਖਾਂ ਦੀ ਅਸਰਦਾਰ ਬਹੁਗਿਣਤੀ ਹੋਵੇ ਤਾਂ ਕਿ ਸੂਬਾ ਅਸੰਬਲੀ ਅੰਦਰ ਹਿੰਦੂ ਆਪਣਾ ਸਿੱਧਾ ਗ਼ਲਬਾ ਸਥਾਪਤ ਨਾ ਕਰ ਸਕਣ। ਦੂਜਾ, ਇਸ ਸੂਬੇ ਅੰਦਰ ਸਿੱਖਾਂ ਦੇ ਹੱਥਾਂ ਵਿੱਚ ਅਸਰਦਾਰ ਤਾਕਤ ਹੋਵੇ। ਅਰਥਾਤ ਇਹ ਸੂਬਾ ਕੇਂਦਰ ਦੇ ਗ਼ਲਬੇ ਤੋਂ ਵੱਧ ਤੋਂ ਵੱਧ ਸੰਭਵ ਹੱਦ ਤਕ ਮੁਕਤ, ਯਾਨੀ ਕਿ ਖ਼ੁਦਮੁਖ਼ਤਿਆਰ ਹੋਵੇ (ਤਾਂ ਕਿ ਹਿੰਦੂ ਵਰਗ ਇਸ ਸੂਬੇ ਉੱਤੇ ਆਪਣਾ ਅਸਿੱਧਾ ਗ਼ਲਬਾ ਸਥਾਪਤ ਨਾ ਕਰ ਸਕੇ)।

ਸੋਚਣ ਵਾਲੀ ਗੱਲ ਹੈ ਕਿ ਮਸਲਾ ਏਨਾ ਸਿੱਧਾ ਤੇ ਸਪਸ਼ਟ ਹੋਣ ਦੇ ਬਾਵਜੂਦ ਅਕਾਲੀ ਲੀਡਰਸ਼ਿਪ ਸਿੱਖ ਬਹੁਗਿਣਤੀ ਵਾਲੇ ਸੂਬੇ ਦੀ ਮੰਗ ਤੋਂ ਪਿਛਾਂਹ ਕਿਉਂ ਹਟ ਰਹੀ ਸੀ ? ਅਜਿਹੀ ਕਿਹੜੀ ਗੱਲ ਸੀ ਜੋ ਉਸ ਨੂੰ ਪੰਜਾਬੀ ਬੋਲੀ ਨੂੰ ਪੰਜਾਬੀ ਸੂਬੇ ਦਾ ਇਕ ਮਾਤਰ ਆਧਾਰ ਬਣਾਉਣ ਦੀ ਬੋਚਵੀਂ ਪੋਜ਼ੀਸ਼ਨ ਲੈਣ ਲਈ ਪ੍ਰੇਰਿਤ ਕਰ ਰਹੀ ਸੀ ? ਇਹ ਅਕਾਲੀ ਲੀਡਰਸ਼ਿਪ ਦੀ ਸੋਚ ਨੂੰ ਲੱਗਿਆ ਇਕ ਵਿਚਾਰਧਾਰਕ ਗ੍ਰਹਿਣ ਸੀ ਜੋ ਉਸ ਦੀਆਂ ਸਮੁੱਚੀਆਂ ਨੀਤੀਆਂ ਤੇ ਅਮਲਾਂ ਉੱਤੇ ਕਾਲਾ ਪਰਛਾਵਾਂ ਛੱਡ ਰਿਹਾ ਸੀ।

ਪੱਛਮ ਦੀ ਆਧੁਨਿਕ ਕਹੀ ਜਾਣ ਵਾਲੀ ਵਿਚਾਰਧਾਰਾ ਧਰਮ ਨੂੰ ਆਮ ਰੂਪ ਵਿੱਚ ਹੀ ਤ੍ਰਿਸਕਾਰ ਦੀ ਭਾਵਨਾ ਨਾਲ ਦੇਖਦੀ ਹੈ। ਇਹ ਇਸ ਨੂੰ ਮੱਧਯੁਗੀ ਦੌਰ ਦਾ ਇਕ ਅੰਧਪੰਥੀ ਵਰਤਾਰਾ ਸਮਝਦੀ ਹੈ। ਅਜਿਹੀ 'ਆਧੁਨਿਕ ਸੋਚ' ਰੱਖਣ ਵਾਲੇ ਲੋਕਾਂ ਨੂੰ ਅਜੋਕੇ ਗਿਆਨ-ਵਿਗਿਆਨ ਦੇ ਯੁਗ ਅੰਦਰ ਅਜਿਹੀ 'ਮੱਧਯੁਗੀ ਰਹਿੰਦ ਖੂੰਹਦ' ਦੀ ਨਾ ਸਿਰਫ਼ ਸਮਾਜਿਕ ਜ਼ਿੰਦਗੀ ਅੰਦਰ ਕੋਈ ਸਾਰਥਿਕਤਾ ਨਜ਼ਰ ਨਹੀਂ ਆਉਂਦੀ, ਉਹ ਸਗੋਂ ਇਸ ਨੂੰ ਇਕ "ਵੇਲਾ ਵਿਹਾ ਚੁੱਕੇ ਪਿਛਾਖੜੀ ਸੋਚ ਪ੍ਰਬੰਧ" ਵਜੋਂ, ਸਮਾਜੀ ਵਿਕਾਸ ਦੇ ਰਾਹ ਦੀ ਰੁਕਾਵਟ ਸਮਝਦੇ ਹਨ। ਅਕਾਲੀ ਲੀਡਰਸ਼ਿਪ ਸਿੱਖ ਧਰਮ ਦੀ ਰੱਖਿਆ ਲਈ ਲੜਾਈ ਜਾਰੀ ਰੱਖਦੀ ਹੋਈ ਵੀ ਨਾਲ ਹੀ ਮਨ ਦੇ ਕਿਸੇ ਕੋਨੇ ਅੰਦਰ ਇਸ 'ਆਧੁਨਿਕ ਵਿਚਾਰਧਾਰਾ' ਦਾ ਅਸਰ ਅਤੇ ਰੋਹਬ ਕਬੂਲ ਕਰ ਰਹੀ ਸੀ। ਇਸ ਦੇ ਨਾਲ ਹੀ, ਕੌਮੀ ਮਸਲੇ ਬਾਰੇ ਪੱਛਮੀ ਫ਼ਲਸਫ਼ਾ ਧਰਮ ਪ੍ਰਤੀ ਇਸ ਨਾਕਾਰਾਤਮਿਕ ਭਾਵਨਾ ਨੂੰ ਹੋਰ ਵਧੇਰੇ ਬਲ ਮੁਹੱਈਆ ਕਰਦਾ ਹੈ। ਇਹ ਮਨੌਤ ਕਿ ਧਰਮ ਕਿਸੇ ਕੌਮ ਦਾ ਆਧਾਰ ਨਹੀਂ ਹੋ ਸਕਦਾ, ਕੌਮੀ ਸੁਆਲ ਬਾਰੇ ਪੱਛਮੀ ਫ਼ਲਸਫ਼ੇ ਦੀ ਅਹਿਮ ਬੁਨਿਆਦ ਹੈ।

## ਅਪੂਰਨ ਚੇਤਨਾ—ਪੂਰਨ ਕੁਰਾਹਾ

ਸਿੰਘ ਸਭਾ ਲਹਿਰ ਦਾ ਮੂਲ ਉਦੇਸ਼ ਸਿੱਖ ਧਰਮ ਦੀ ਹਿੰਦੂਵਾਦ ਨਾਲੋਂ ਵੱਖਰੀ ਪਛਾਣ ਸਥਾਪਤ ਕਰਨਾ ਅਤੇ ਇਸ ਨੂੰ ਬ੍ਰਾਹਮਣਵਾਦੀ ਪ੍ਰਭਾਵਾਂ ਤੋਂ ਮੁਕਤ ਕਰਨਾ ਸੀ। ਉਦੋਂ ਰਾਜਸੀ ਅਰਥਾਂ ਵਿੱਚ ਵੱਖਰੀ ਸਿੱਖ ਕੌਮ ਦੀ ਗੱਲ ਅਜੇ ਏਜੰਡੇ 'ਤੇ ਨਹੀਂ ਸੀ ਆਈ। ਇਸ ਕਰਕੇ, ਸਿੰਘ ਸਭਾ ਲਹਿਰ ਦੇ ਬਾਨੀ ਆਗੂਆਂ ਦੇ ਸਮੁੱਚੇ ਯਤਨ ਸਿੱਖ ਪੰਥ ਦੀ

ਵੱਖਰੀ ਧਾਰਮਿਕ ਪਛਾਣ ਸਥਾਪਤ ਕਰਨ ਦੇ ਮੁੱਦੇ 'ਤੇ ਹੀ ਕੇਂਦਰਤ ਰਹੇ। ਬਾਅਦ ਵਿੱਚ, ਗੁਰਦੁਆਰਾ ਸੁਧਾਰ ਲਹਿਰ ਦੀ ਉਠਾਣ ਮੌਕੇ ਜਦ ਸਿੱਖ ਭਾਈਚਾਰੇ ਅੰਦਰ ਰਾਜਸੀ ਜਾਗਰਤੀ ਤੇ ਸਰਗਰਮੀ ਦਾ ਰੁਝਾਨ ਪੈਦਾ ਹੋਇਆ ਤਾਂ ਇਸ ਉੱਤੇ ਬਾਲ ਉਮਰੇ ਹੀ ਗਾਂਧੀ ਦੀ ਅਗਵਾਈ ਹੇਠਲੀ ਆਜ਼ਾਦੀ ਦੀ ਲਹਿਰ ਅੰਦਰ ਸ਼ਾਮਲ ਹੋਣ ਦੀ ਰੁਚੀ ਹਾਵੀ ਹੋ ਗਈ। ਸਿੱਟੇ ਵਜੋਂ, ਵੱਖਰੀ ਸਿੱਖ ਕੌਮ ਦੀ ਧਾਰਨਾ ਦਾ ਰਾਜਸੀ ਤੱਤ ਸਿੱਖ ਭਾਈਚਾਰੇ ਦੇ ਧਿਆਨ ਤੋਂ ਫਿਰ ਲਾਂਭੇ ਰਹਿ ਗਿਆ। ਇਸ ਸਾਰੇ ਅਰਸੇ ਦੌਰਾਨ ਸਿੱਖ ਆਗੂਆਂ ਵੱਲੋਂ ਵੱਖਰੀ ਸਿੱਖ ਕੌਮ ਦੀ ਗੱਲ ਤਾਂ ਜ਼ਰੂਰ ਕੀਤੀ ਜਾਂਦੀ ਰਹੀ। ਪਰ ਇਉਂ ਕਹਿਣ ਮੌਕੇ ਉਨ੍ਹਾਂ ਦੇ ਮਨਾਂ ਅੰਦਰ ਜ਼ਿਆਦਾ ਕਰਕੇ ਵੱਖਰੀ ਧਾਰਮਿਕ ਪਛਾਣ ਦਾ ਪੱਖ ਹੀ ਭਾਰੂ ਰਿਹਾ। ਉਹ ਇਸ ਦੇ ਰਾਜਸੀ ਅਰਥਾਂ ਤੇ ਇਨ੍ਹਾਂ ਦੀ ਅਹਿਮੀਅਤ ਤੋਂ ਲਗਭਗ ਅਨਜਾਣ ਹੀ ਰਹੇ। ਕਾਰਨ ਇਹ ਕਿ ਭਾਰਤ ਦੀ 'ਕੌਮੀ ਮੁੱਖਧਾਰਾ' ਦਾ ਅੰਗ ਬਣ ਜਾਣ ਕਰਕੇ ਉਨ੍ਹਾਂ ਨੂੰ ਇਸ ਦੀ ਬਹੁਤੀ ਲੋੜ ਹੀ ਮਹਿਸੂਸ ਨਹੀਂ ਹੋਈ। ਇਹ ਲੋੜ ਉਨ੍ਹਾਂ ਨੂੰ ਅੱਭੜਵਾਹੇ ਉਦੋਂ ਜਾ ਕੇ ਮਹਿਸੂਸ ਹੋਈ ਜਦ 1946 ਵਿੱਚ ਕਾਂਗਰਸੀ ਆਗੂਆਂ ਵੱਲੋਂ ਭਾਰਤ ਦੇ ਬਟਵਾਰੇ ਦੀ ਯੋਜਨਾ ਨਾਲ ਸਹਿਮਤੀ ਪ੍ਰਗਟਾਅ ਦੇਣ ਨਾਲ ਸ: ਹੁਕਮ ਸਿੰਘ ਦੇ ਸ਼ਬਦਾਂ 'ਚ "ਸਿੱਖ ਲੀਡਰਸ਼ਿਪ ਸਾਰੇ ਵੰਨਿਓਂ ਲੁੱਟੀ ਪੁੱਟੀ ਮਹਿਸੂਸ ਕਰਨ ਲੱਗੀ।" ਇਹ ਉਹ ਮੌਕਾ ਸੀ ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਮੁਸਲਿਮ ਲੀਗ ਦੀ ਪਾਕਿਸਤਾਨ ਦੀ ਮੰਗ ਦੇ ਟਾਕਰੇ ਵਿੱਚ ਵੱਖਰੀ ਸਿੱਖ ਸਟੇਟ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਸੀ।

ਵੱਖਰੀ ਸਿੱਖ ਸਟੇਟ ਦੀ ਮੰਗ ਨੂੰ ਵਾਜਬ ਠਹਿਰਾਉਣ ਲਈ ਵੱਖਰੀ ਸਿੱਖ ਕੌਮ ਦੇ ਸੰਕਲਪ ਦੀ ਰਾਜਨੀਤਕ ਅਰਥ-ਵਿਆਖਿਆ (political interpretation) ਜ਼ਰੂਰੀ ਸੀ। ਸਿੱਖ ਵਿਦਵਾਨਾਂ ਨੇ ਖੜੇ-ਪੈਰ ਤਿਆਰੀ ਕਰਕੇ ਲੇਖਾਂ ਤੇ ਕਿਤਾਬਚਿਆਂ ਦੇ ਜ਼ਰੀਏ ਆਪਣੇ ਪੱਖ ਦੀ ਜਚਵੀਂ ਵਕਾਲਤ ਕੀਤੀ। ਉਸ ਸਮੇਂ ਸ: ਗੁਰਬਚਨ ਸਿੰਘ (ਸਿੱਖ ਨੈਸ਼ਨਲ ਕਾਲਜ, ਲਾਹੌਰ) ਅਤੇ ਲਾਲ ਸਿੰਘ ਗਿਆਨੀ (ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ) ਵੱਲੋਂ ਰਲ ਕੇ ਲਿਖਿਆ ਗਿਆ ਅਤੇ ਸ: ਸਾਧੂ ਸਿੰਘ ਹਮਦਰਦ ਦੇ ਸਰਗਰਮ ਸਹਿਯੋਗ ਨਾਲ ਛਾਪਿਆ ਗਿਆ ਇਕ ਕਿਤਾਬਚਾ (*The Idea of Sikh State*) ਕਾਫ਼ੀ ਚਰਚਿਤ ਹੋਇਆ। ਪ੍ਰਕਾਸ਼ਨੀ ਨੋਟ ਅਨੁਸਾਰ ਇਹ ਕਿਤਾਬਚਾ 1945 ਦੇ ਸ਼ੁਰੂ ਵਿੱਚ ਲਾਹੌਰ ਵਿਖੇ ਮਾਸਟਰ ਤਾਰਾ ਸਿੰਘ ਦੀ ਅਗਵਾਈ ਹੇਠ ਸਿੱਖ ਨੁਮਾਇੰਦਿਆਂ ਦੀ ਇਕ ਭਰਵੀਂ ਮੀਟਿੰਗ ਦੁਆਰਾ ਪ੍ਰਵਾਨ ਕੀਤੇ ਗਏ ਇਕ ਅਹਿਮ ਮਤੇ ਦਾ ਮੂਲ-ਪਾਠ ਸੀ। ਇਸ ਕਿਤਾਬਚੇ ਵਿੱਚ ਸਿੱਖ ਕੌਮ ਦੇ ਸੰਕਲਪ ਦੀ ਅਜੋਕੇ ਰਾਜਸੀ ਵਿਗਿਆਨ ਦੀ ਰੋਸ਼ਨੀ ਵਿੱਚ ਭਰਵੀਂ ਤੇ ਪ੍ਰਭਾਵਸ਼ਾਲੀ ਵਿਆਖਿਆ ਕੀਤੀ ਗਈ ਅਤੇ ਜਚਣਹਾਰ ਦਲੀਲਾਂ ਨਾਲ ਇਹ ਦਰਸਾਇਆ ਗਿਆ ਕਿ ਸਿੱਖ ਕੌਮ ਦੀ ਵੱਖਰੀ ਸਟੇਟ ਦੀ ਮੰਗ ਹਰ ਲਿਹਾਜ਼ ਨਾਲ ਉਚਿਤ ਅਤੇ ਪਰਵਾਨਣ-ਲਾਇਕ ਹੈ। ਵਿਦਵਾਨ ਲੇਖਕਾਂ ਨੇ ਇਹ ਗੱਲ ਖੁੱਲ੍ਹੇ ਮਨ ਨਾਲ ਕਬੂਲ ਕੀਤੀ ਕਿ ਸਿੱਖ ਭਾਈਚਾਰੇ ਅੰਦਰ, ਆਮ ਕਰਕੇ ਹੀ ਕੌਮੀ ਸੋਝੀ ਦੀ ਰੜਕਵੀਂ ਘਾਟ ਹੈ ਅਤੇ ਸਿੱਖ ਸੋਚ ਉੱਤੇ ਹਿੰਦੂ ਵਿਚਾਰਧਾਰਾ ਦਾ ਗੂੜ੍ਹਾ ਰੰਗ ਚੜ੍ਹਿਆ ਹੋਇਆ ਹੈ। ਲੇਖਕਾਂ ਨੇ ਹਿੰਦੂ ਆਗੂਆਂ ਵੱਲੋਂ ਸਿੱਖ ਪੰਥ ਨੂੰ ਇਕ 'ਕੌਮ' ਦੇ ਰੁਤਬੇ ਤੋਂ ਇਕ 'ਕਮਿਊਨਿਟੀ' ਦੇ ਦਰਜੇ 'ਤੇ ਲਿਆ ਸੁੱਟਣ ਅਤੇ ਉਸ ਨੂੰ 'ਭਾਰਤੀ ਕੌਮ' ਦਾ ਇਕ ਗੌਣ-ਅੰਗ ਬਣਾ ਧਰਨ ਦੀ ਸਿੱਖ ਦੁਸ਼ਮਣ ਸੋਚ ਤੇ ਰੁਚੀ ਦਾ ਗੰਭੀਰ ਨੋਟਿਸ ਲੈਂਦਿਆਂ ਹੋਇਆਂ ਸਿੱਖ ਕੌਮ ਨੂੰ ਇਸ ਖ਼ਤਰਨਾਕ ਚਾਲ ਤੋਂ ਖ਼ਬਰਦਾਰ ਕੀਤਾ। ਲੇਖਕਾਂ ਦੇ ਸ਼ਬਦਾਂ ਵਿੱਚ, "ਉਨੀਵੀਂ ਸਦੀ ਦੇ ਹਿੰਦੂਆਂ ਨੇ ਸਿੱਖ ਪੰਥ ਦੀ ਬਰਤਾਨਵੀ ਸਾਮਰਾਜੀਆਂ ਹੱਥੋਂ ਹਾਰ ਤੇ ਵੇਦਨਾ ਨੂੰ ਆਪਣੇ ਮਤਲਬ ਲਈ ਵਰਤਿਆ। ਹਿੰਦੂ ਪ੍ਰਚਾਰ ਨਾਲ ਇਹ ਗੱਲ ਧੁਮਾਈ ਗਈ ਕਿ ਸਿੱਖ ਹਿੰਦੂ ਹਨ।

ਵਿਚਾਰਾਂ ਦਾ ਭੰਬਲਭੂਸਾ ਏਨਾ ਜ਼ਿਆਦਾ ਸੀ ਕਿ ਬਹੁਤ ਸਾਰੇ ਸਿੱਖ ਨਾ ਸਿਰਫ਼ ਕੌਮੀਅਤ (nationhood) ਦੇ ਅਹਿਸਾਸ ਤੋਂ ਵਿਰਵੇ ਹੋ ਗਏ ਸਗੋਂ ਉਨ੍ਹਾਂ ਆਪਣੇ ਪੂਰਵਜਾਂ ਦੇ ਧਰਮ ਨੂੰ ਭੁਲਾ ਛੱਡਿਆ। ਬਾਅਦ ਵਿੱਚ ਵੀਹਵੀਂ ਸਦੀ ਅੰਦਰ, ਭਾਰਤ ਦੇ ਰਾਜਸੀ ਦ੍ਰਿਸ਼ ਉੱਤੇ ਕਾਂਗਰਸ ਦੇ ਇਕ ਭਾਰੂ ਤਾਕਤ ਵਜੋਂ ਉਭਰ ਆਉਣ ਨਾਲ 'ਭਾਰਤੀ ਕੌਮ' ਦਾ ਵਿਚਾਰ ਪੈਦਾ ਹੋਇਆ ਜਿਸ ਵਿੱਚ ਸਾਰੇ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਤੇ ਹੋਰਨਾਂ ਨੂੰ ਇਸ 'ਭਾਰਤੀ ਕੌਮ' ਦੇ ਗੌਣ-ਅੰਗਾਂ ਵਜੋਂ ਚਿਤਵਿਆ ਗਿਆ ਅਤੇ ਉਨ੍ਹਾਂ ਨੂੰ 'ਭਾਈਚਾਰਿਆਂ' (communities) ਦੀ ਸੰਗਿਆ ਦਿੱਤੀ ਗਈ। ਸਿੱਖਾਂ ਨੇ ਇਕ 'ਭਾਈਚਾਰੇ' ਅਰਥਾਤ 'ਕਮਿਊਨਿਟੀ' ਦੀ ਇਸ ਭਾਵਨਾ ਤੋਂ ਮੁਕਤ ਹੋਣ ਵਿੱਚ ਬਹੁਤ ਦੇਰ ਕਰ ਦਿੱਤੀ ਹੈ। ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ...ਜਿਸ ਨੇ ਪੰਜਾਬ, ਕਸ਼ਮੀਰ, ਪਿਸ਼ਾਵਰ ਤੇ ਤਿੱਬਤ ਦੀਆਂ ਢਲਾਣਾਂ ਤਕ ਮੱਲਾਂ ਮਾਰੀਆਂ ਤੇ ਰਾਜ ਕੀਤਾ ਹੈ ਅਤੇ ਜੋ ਭਾਰਤ ਅੰਦਰ ਇਕ ਮਾਤਰ ਅਜਿਹਾ ਜਨਸਮੂਹ ਹੈ ਜਿਹੜਾ ਇਕ ਕੌਮ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਦਾ ਮਾਲਕ ਹੈ....ਉਹ ਇਕ 'ਭਾਈਚਾਰੇ' ਦੇ ਰੁਤਬੇ 'ਤੇ ਹੀ ਸਬਰ ਕਰ ਕੇ ਬਹਿ ਗਿਆ ਅਤੇ ਭਾਈਚਾਰਿਆਂ ਦੀ ਇਸ ਸੰਗਤ ਵਿੱਚ ਵੀ ਉਸ ਨੂੰ ਪਿਛਲੀਆਂ ਸਫ਼ਾਂ 'ਚ ਧੱਕ ਦਿੱਤਾ ਗਿਆ। ਪ੍ਰੰਤੂ ਹੁਣ ਸਿੱਖਾਂ ਨੇ, ਹਿੰਦੂ ਬਹੁਗਿਣਤੀ ਵੱਲੋਂ ਗ਼ਲਬੇ ਦੀ ਲਾਲਸਾ ਨਾਲ ਥੋਪੀ ਇਸ ਭਰਮ-ਚੇਤਨਾ ਤੋਂ ਛੁਟਕਾਰਾ ਪਾ ਲਿਆ ਹੈ ਅਤੇ ਆਪਣੀ ਹਸਤੀ ਦਾ ਸਹੀ ਨਾਪ ਲੈ ਲਿਆ ਹੈ ਅਤੇ ਇਸੇ ਅਨੁਸਾਰ ਆਪਣੇ ਲਈ ਕੌਮੀ ਸਟੇਟ ਦੀ ਮੰਗ ਪੇਸ਼ ਕਰ ਦਿੱਤੀ ਹੈ।" ਇਸ ਕੌਮੀ ਚੇਤਨਾ 'ਚੋਂ ਸਿੱਖ ਕੌਮ ਦੇ ਰਾਜਸੀ ਨਿਸ਼ਾਨੇ ਦੀ ਸਾਫ਼ ਤੇ ਸਪਸ਼ਟ ਨਿਸ਼ਾਨਦੇਹੀ ਕਰਦਿਆਂ ਹੋਇਆਂ ਧੜੱਲੇ ਨਾਲ ਇਹ ਗੱਲ ਕਹੀ ਗਈ ਕਿ "ਸਿੱਖਾਂ ਅੰਦਰ ਇਹ ਅਹਿਸਾਸ ਪੈਦਾ ਹੋ ਚੁੱਕਾ ਹੈ ਕਿ ਸਿੱਖਾਂ ਦੀ ਕੌਮੀ ਹੋਂਦ ਤਾਂ ਹੀ ਮਹਿਫ਼ੂਜ਼ ਰਹਿ ਸਕਦੀ ਹੈ ਜੇਕਰ ਉਨ੍ਹਾਂ ਕੋਲ ਇਕ ਅਜਿਹਾ ਪ੍ਰਦੇਸ਼ ਹੋਵੇ ਜਿਥੇ ਉਹ ਹਿੰਦੂਆਂ ਤੇ ਮੁਸਲਮਾਨਾਂ ਦੋਨਾਂ ਦੇ ਹੀ ਗ਼ਲਬੇ ਤੋਂ ਸੁਤੰਤਰ, ਆਪਣੇ ਲਈ ਰਾਜਸੀ ਸੱਤਾ ਉਸਾਰ ਸਕਣ।"[4]

ਜੇਕਰ ਅਕਾਲੀ ਲੀਡਰਸ਼ਿਪ ਨੇ ਇਸ ਕਿਤਾਬਚੇ 'ਚ ਦਰਜ ਸਿਧਾਂਤਕ ਪੋਜ਼ੀਸ਼ਨਾਂ ਨੂੰ ਤਨੋਂ-ਮਨੋਂ ਅਪਣਾ ਲਿਆ ਹੁੰਦਾ ਅਤੇ ਇਨ੍ਹਾਂ ਉੱਤੇ ਸਾਬਤਕਦਮੀ ਨਾਲ ਪਹਿਰਾ ਦੇਣ ਦੀ ਸੇਧ ਅਖ਼ਤਿਆਰ ਕਰ ਲਈ ਹੁੰਦੀ ਤਾਂ 1947 ਵਿੱਚ ਪੈਦਾ ਹੋਏ ਇਤਿਹਾਸਕ ਮੌਕਾ-ਮੇਲ 'ਚੋਂ ਸਿੱਖ ਕੌਮ ਨੇ ਯਕੀਨਨ ਹੀ ਵੱਡੀਆਂ ਰਾਜਸੀ ਪ੍ਰਾਪਤੀਆਂ ਹਾਸਲ ਕੀਤੀਆਂ ਹੁੰਦੀਆਂ। ਪਰ ਅਫ਼ਸੋਸ ਦੀ ਗੱਲ ਹੈ ਕਿ ਸਿੱਖਾਂ ਲਈ ਕੌਮੀ ਸਟੇਟ ਦੀ ਇਹ ਮੰਗ ਸਿੱਖ ਲੀਡਰਸ਼ਿਪ ਦੇ ਕਿਸੇ ਡੂੰਘੇ ਚਿੰਤਨ ਅਤੇ ਨਿਹਚਾ 'ਚੋਂ ਨਹੀਂ ਸੀ ਉਪਜੀ। ਇਹ ਮੁਸਲਿਮ ਲੀਗ ਦੀ ਪਾਕਿਸਤਾਨ ਦੀ ਮੰਗ ਦੇ ਨਾਕਾਰਾਤਮਿਕ ਵਿਰੋਧ ਦੇ ਸੀਮਤ ਜਿਹੇ ਉਦੇਸ਼ ਨਾਲ ਖੜੀ ਕੀਤੀ ਗਈ ਇਕ ਰਾਜਸੀ ਢੁੱਚਰ ਸੀ। ਸੋ ਜਦ ਇਹ 'ਢੁੱਚਰ' ਪਾਕਿਸਤਾਨ ਦੀ ਸਥਾਪਨਾ ਦਾ ਰਾਹ ਬੰਦ ਕਰ ਸਕਣ 'ਚ ਸਫਲ ਨਾ ਹੋਈ ਤਾਂ ਸਿੱਖ ਲੀਡਰਸ਼ਿਪ ਲਈ ਇਹ ਇਕ 'ਫ਼ਾਲਤੂ' ਤੇ 'ਨਕਾਰਾ' ਚੀਜ਼ ਬਣ ਕੇ ਰਹਿ ਗਈ। ਪਾਕਿਸਤਾਨ ਦੀ ਸਥਾਪਨਾ ਦੇ ਨਾਲ ਹੀ ਸਿੱਖ ਲੀਡਰਸ਼ਿਪ ਨੇ ਇਸ ਮੰਗ ਨੂੰ ਇਸ ਕਦਰ ਸੋਚ-ਨਿਕਾਲਾ ਦੇ ਦਿੱਤਾ ਕਿ ਸੰਨ ਸੰਤਾਲੀ ਤੋਂ ਬਾਅਦ ਹਿੰਦੂ ਗ਼ਲਬੇ ਹੇਠ ਲੱਖ ਵਧੀਕੀਆਂ ਤੇ ਅਪਮਾਨ ਸਹਿਣ ਕਰਨ ਦੇ ਬਾਵਜੂਦ ਅਕਾਲੀ ਆਗੂਆਂ ਨੂੰ 1945-46 ਵਿੱਚ ਕਹੀ ਇਸ ਗੱਲ ਦਾ ਕਦੇ ਭੁੱਲ ਕੇ ਵੀ ਚੇਤਾ ਨਹੀਂ ਆਇਆ ਕਿ "ਸਿੱਖਾਂ ਦੀ ਕੌਮੀ ਹਸਤੀ ਤਾਂ ਹੀ ਸਲਾਮਤ ਰਹਿ ਸਕਦੀ ਹੈ ਜੇਕਰ ਉਨ੍ਹਾਂ ਕੋਲ ਇਕ ਅਜਿਹਾ ਪ੍ਰਦੇਸ਼ ਹੋਵੇ ਜਿਥੇ ਉਹ ਹਿੰਦੂਆਂ ਤੇ ਮੁਸਲਮਾਨਾਂ ਦੋਨਾਂ ਦੇ ਹੀ ਗ਼ਲਬੇ ਤੋਂ ਸੁਤੰਤਰ, ਆਪਣੇ ਲਈ ਰਾਜਸੀ ਸੱਤਾ ਉਸਾਰ ਸਕਣ।" ਜੇਕਰ ਸਿੱਖ ਲੀਡਰਸ਼ਿਪ ਨੇ ਸਿੱਖ ਸਟੇਟ ਦੀ ਮੰਗ ਨੂੰ ਪਾਕਿਸਤਾਨ ਦੀ ਮੰਗ ਦੇ ਰਾਹ ਵਿੱਚ ਫਾਨਾ

ਗੱਡਣ ਦੇ ਨਾਕਾਰਾਤਮਿਕ ਪੈਂਤੜੇ ਵਜੋਂ ਅਪਨਾਉਣ ਦੀ ਥਾਂ, ਇਸ ਨੂੰ ਤਹਿ ਦਿਲੋਂ ਅਤੇ ਗੰਭੀਰਤਾ ਨਾਲ ਲਿਆ ਹੁੰਦਾ ਤਾਂ ਇਸ ਦੇ ਰਾਹ 'ਚ ਆਉਂਦੀਆਂ ਅਮਲੀ ਅੜਿਚਣਾਂ ਦਾ ਕੋਈ ਨਾ ਕੋਈ ਹੱਲ ਜ਼ਰੂਰੀ ਨਿਕਲ ਆਉਂਦਾ। 1947 ਵਾਲਾ ਮੌਕਾ ਖੁੰਝਾ ਲੈਣ ਤੋਂ ਬਾਅਦ ਵੀ ਜੇਕਰ ਅਕਾਲੀ ਲੀਡਰਸ਼ਿਪ ਨੇ ਵੱਖਰੀ ਸਿੱਖ ਕੌਮ ਦੀ ਧਾਰਨਾ ਨੂੰ ਇਸ ਦੇ ਹਕੀਕੀ ਅਰਥਾਂ ਵਿੱਚ ਗ੍ਰਹਿਣ ਕਰ ਲਿਆ ਹੁੰਦਾ ਤਾਂ ਉਸ ਨੇ ਸਿੱਖ ਕੌਮ ਦੇ ਮਸਲਿਆਂ ਸਮੇਤ ਪੰਜਾਬੀ ਸੂਬੇ ਦੀ ਮੰਗ ਦੇ ਪ੍ਰਤੀ ਅਸਲੋਂ ਹੀ ਵੱਖਰਾ ਦ੍ਰਿਸ਼ਟੀਕੋਣ ਅਪਣਾਇਆ ਹੁੰਦਾ। ਪਰ ਅਕਾਲੀ ਲੀਡਰਸ਼ਿਪ ਦੀ ਮੂਲ ਮਰਜ਼ ਹੀ ਇਹ ਸੀ (ਤੇ ਹੈ) ਕਿ ਉਸ ਨੇ ਵੱਖਰੀ ਸਿੱਖ ਪਛਾਣ ਤੇ ਸਿੱਖ ਕੌਮ ਦੀ ਧਾਰਨਾ ਨੂੰ ਇਸ ਦੇ ਹਕੀਕੀ ਅਰਥਾਂ ਵਿੱਚ ਗ੍ਰਹਿਣ ਕਰਨ ਦੀ ਥਾਂ, ਉਪਰੇ ਤੇ ਅਧੂਰੇ ਅਰਥਾਂ ਵਿੱਚ ਹੀ ਸਮਝਿਆ ਤੇ ਅਪਣਾਇਆ ਹੈ। ਵੱਖਰੀ ਸਿੱਖ ਪਛਾਣ ਨੂੰ ਉਸ ਨੇ, ਜ਼ਿਆਦਾ ਕਰਕੇ, ਹਿੰਦੂਵਾਦ ਨਾਲੋਂ ਵੱਖਰੇ ਧਾਰਮਿਕ ਸਰੂਪ ਦੇ ਅਰਥਾਂ ਵਿੱਚ ਹੀ ਲਿਆ ਹੈ। ਉਸ ਨੇ ਇਸ ਦੇ ਸਿਧਾਂਤਕ ਤੱਤ ਨੂੰ ਘੱਟ ਹੀ ਗ੍ਰਹਿਣ ਕੀਤਾ ਹੈ। ਸਿੱਖ ਰਾਜਸੀ ਪ੍ਰੰਪਰਾ ਅੰਦਰ 'ਕੌਮ' ਦੇ ਸ਼ਬਦ ਦੀ ਵਰਤੋਂ ਵੀ ਫੁਟਕਲ ਅਰਥਾਂ ਵਿੱਚ ਹੀ ਹੁੰਦੀ ਆ ਰਹੀ ਹੈ। ਇਸ ਬਾਰੇ ਲੀਡਰਸ਼ਿਪ ਸਮੇਤ ਆਮ ਸਿੱਖ ਸਫ਼ਾਂ ਅੰਦਰ ਇਕ-ਰੂਪ ਸਮਝ ਵਿਕਸਤ ਨਹੀਂ ਹੋਈ। 'ਕਮਿਊਨਿਟੀ' ਤੇ 'ਕੌਮ' ਦੀ ਟਰਮ ਨੂੰ ਅਕਸਰ ਹੀ ਇਕ ਦੂਜੇ ਦੀ ਥਾਂ 'ਤੇ ਵਰਤ ਲਿਆ ਜਾਂਦਾ ਹੈ। ਨਤੀਜਾ ਇਹ ਕਿ ਸਿੱਖ ਪੰਥ ਅੰਦਰ 'ਵੱਖਰੀ ਸਿੱਖ ਪਛਾਣ' ਦੀ ਧਾਰਨਾ ਤੋਂ ਖੁੱਲ੍ਹੇ ਰੂਪ 'ਚ ਮੁਨਕਰ ਹੋਣ ਵਾਲਾ ਸ਼ਾਇਦ ਹੀ ਕੋਈ ਵਿਅਕਤੀ ਜਾਂ ਵਰਗ ਮਿਲ ਸਕੇ। ਪਰ ਨਾਲ ਹੀ ਦੁਖਾਂਤ ਇਹ ਕਿ ਦਰੁਸਤ ਕੌਮੀ ਸੋਝੀ ਰੱਖਣ ਵਾਲੇ ਸਿੱਖਾਂ ਦੀ ਗਿਣਤੀ ਆਟੇ 'ਚ ਲੂਣ ਬਰੋਬਰ ਵੀ ਨਹੀਂ।

ਜੇਕਰ ਅਕਾਲੀ ਲੀਡਰਸ਼ਿਪ ਦੇ ਮਨਾਂ ਅੰਦਰ ਸਿੱਖ ਕੌਮ ਦੇ ਸੰਕਲਪ ਬਾਰੇ ਇਹ ਰੋਲ-ਘਚੋਲਾ ਨਾ ਹੁੰਦਾ ਤਾਂ ਉਸ ਨੇ ਬੋਲੀ ਦੇ ਆਧਾਰ 'ਤੇ ਪੰਜਾਬੀ ਸੂਬੇ ਦੀ ਮੰਗ ਦਾ ਨਿਤਾਣਾ ਪੈਂਤੜਾ ਅਪਨਾਉਣ ਦੀ ਥਾਂ ਖੁੱਲ੍ਹ ਕੇ ਸਿੱਖ ਬਹੁਗਿਣਤੀ ਵਾਲੇ ਸੂਬੇ ਦੀ ਮੰਗ ਕੀਤੀ ਹੁੰਦੀ। ਇਸ ਸਿਧਾਂਤਕ ਸਪਸ਼ਟਤਾ ਨਾਲ ਉਸ ਅੰਦਰ ਕਿਤੇ ਵੱਧ ਹੌਸਲਾ ਤੇ ਆਤਮਵਿਸ਼ਵਾਸ ਪੈਦਾ ਹੋਇਆ ਹੁੰਦਾ। ਉਸ ਨੂੰ ਨਾ ਤਾਂ ਇਹ ਗੱਲ ਸਮਝਣ ਵਿੱਚ ਕੋਈ ਦਿੱਕਤ ਆਉਣੀ ਸੀ ਤੇ ਨਾ ਹੀ ਕਹਿਣ ਵਿੱਚ ਕੋਈ ਝਕ ਜਾਂ ਡਰ ਮਹਿਸੂਸ ਹੋਣਾ ਸੀ ਕਿ ਸਿੱਖ ਪੰਥ ਦੇ ਧਾਰਮਿਕ, ਸਭਿਆਚਾਰਕ, ਆਰਥਿਕ ਤੇ ਰਾਜਸੀ ਹਿਤਾਂ ਦੀ ਸੁਰੱਖਿਆ ਲਈ ਇਕ ਅਜਿਹਾ ਪ੍ਰਦੇਸ਼ ਜ਼ਰੂਰੀ ਹੈ ਜਿਥੇ ਉਹ ਹਿੰਦੂ ਗ਼ਲਬੇ ਤੇ ਦਖ਼ਲ-ਅੰਦਾਜ਼ੀ ਤੋਂ ਮੁਕਤ, ਆਪਣੇ ਮਨਭਾਉਂਦੇ ਢੰਗ ਨਾਲ ਆਪਣਾ ਜੀਵਨ ਬਸਰ ਕਰ ਸਕੇ। ਸਿੱਖ ਕੌਮ ਦੀ ਇਸ ਮੰਗ ਨੂੰ ਕਿਸੇ ਵੀ ਲਿਹਾਜ਼ ਨਾਲ ਅਣਉਚਿਤ ਨਹੀਂ (ਸੀ) ਠਹਿਰਾਇਆ ਜਾ ਸਕਦਾ। ਇਹ ਹਰ ਕੌਮੀ ਭਾਈਚਾਰੇ ਦਾ ਜਨਮ-ਸਿੱਧ ਅਧਿਕਾਰ ਹੈ ਜੋ ਆਜ਼ਾਦੀ ਤੇ ਜਮਹੂਰੀਅਤ ਦੇ ਅਜੋਕੇ ਯੁੱਗ ਅੰਦਰ ਕੌਮਾਂਤਰੀ ਪੱਧਰ 'ਤੇ ਮਕਬੂਲ ਤੇ ਪ੍ਰਵਾਨ ਹੋ ਚੁੱਕਾ ਹੈ। ਇਹ ਕਿਸੇ ਦੀ ਆਜ਼ਾਦੀ 'ਤੇ ਧਾੜਾ ਮਾਰਨਾ ਨਹੀਂ ਸਗੋਂ ਆਪਣੀ ਆਜ਼ਾਦੀ 'ਤੇ ਵੱਜ ਰਹੇ ਧਾੜੇ ਦੀ ਲਾਹਨਤ ਤੋਂ ਸੁਰਖ਼ਰੂ ਹੋਣਾ ਹੈ। ਜੇਕਰ ਇਸ ਨਾਲ ਭਾਰਤ ਦੀ ਏਕਤਾ ਤੇ ਅਖੰਡਤਾ ਉੱਤੇ ਕੋਈ ਜ਼ਰਬ ਆਉਂਦੀ ਹੈ ਤਾਂ ਇਸ ਵਿੱਚ ਸਿੱਖ ਕੌਮ ਦਾ ਉੱਕਾ ਹੀ ਕੋਈ ਦੋਸ਼ ਨਹੀਂ। ਕਿਉਂਕਿ ਕੌਮੀ ਆਜ਼ਾਦੀ ਤੇ ਬਰਾਬਰੀ ਦੇ ਅਜੋਕੇ ਯੁੱਗ ਦੀ ਰਾਜਨੀਤੀ ਦਾ ਇਹ ਪ੍ਰਵਾਨਤ ਅਸੂਲ ਹੈ ਕਿ ਹਰ ਕੌਮੀ ਭਾਈਚਾਰੇ ਦਾ ਮੁੱਖ ਸਰੋਕਾਰ ਆਪਣੀ ਆਜ਼ਾਦੀ ਦੀ ਰੱਖਿਆ ਕਰਨਾ ਹੈ ਅਤੇ ਹਰ ਮਸਲੇ ਨੂੰ ਆਪਣੇ ਕੌਮੀ ਹਿਤਾਂ ਦੇ ਦ੍ਰਿਸ਼ਟੀਕੋਣ ਤੋਂ ਦੇਖਣਾ ਤੇ ਨਜਿੱਠਣਾ ਉਸ ਦਾ ਸੁਤੰਤਰ ਅਧਿਕਾਰ ਹੈ। ਇਸ ਨਜ਼ਰੀਏ ਤੋਂ ਦੇਖਿਆਂ ਜੇਕਰ ਭਾਰਤ ਦੀ ਏਕਤਾ ਤੇ ਅਖੰਡਤਾ ਦਾ ਮੌਜੂਦਾ ਜੁਗਾੜ ਸਿੱਖ ਕੌਮ ਉੱਤੇ ਹਿੰਦੂ ਗ਼ਲਬੇ

ਦਾ ਸੰਦ ਬਣ ਰਿਹਾ ਹੈ ਤਾਂ ਨਾ ਸਿਰਫ਼ ਇਹ ਕਿ ਸਿੱਖ ਕੌਮ ਨੂੰ ਅਜਿਹੀ ਏਕਤਾ ਤੇ ਅਖੰਡਤਾ ਦੀ ਰੱਖਿਆ ਦੀ ਕੋਈ ਸਿਰਦਰਦੀ ਨਹੀਂ ਹੋਣੀ ਚਾਹੀਦੀ ਸਗੋਂ ਇਸ 'ਸਿਰਦਰਦੀ' ਤੋਂ ਮੁਕਤ ਹੋਣਾ ਉਸ ਦੀ ਪਹਿਲੀ ਲੋੜ ਬਣਨੀ ਚਾਹੀਦੀ ਹੈ।

## ਕੌਮ ਅਤੇ ਭਾਸ਼ਾ

ਕੌਮਵਾਦ ਬਾਰੇ ਓ ਅ ਜਾਣਨ ਵਾਲਾ ਵਿਅਕਤੀ ਵੀ ਇਹ ਗੱਲ ਜਾਣਦਾ ਹੈ ਕਿ ਕਿਸੇ ਵੀ ਕੌਮੀ ਭਾਈਚਾਰੇ ਦੇ ਸਮਾਜੀ ਤੇ ਸਭਿਆਚਾਰਕ ਜੀਵਨ ਅੰਦਰ ਭਾਸ਼ਾ ਕੁੰਜੀਵਤ ਸਥਾਨ ਰੱਖਦੀ ਹੈ। ਬੈਨੇਡਿਕਟ ਐਂਡਰਸਨ (Benedict Anderson) ਨੇ ਕੌਮ ਅਤੇ ਕੌਮਵਾਦ ਬਾਰੇ ਆਪਣੀ ਬਹੁ-ਚਰਚਿਤ ਰਚਨਾ (Imagined Communities) ਅੰਦਰ ਕਿਸੇ ਵੀ ਕੌਮੀ ਭਾਈਚਾਰੇ ਲਈ ਉਸ ਦੀ ਕੌਮੀ ਭਾਸ਼ਾ, ਅਰਥਾਤ ਮਾਂ ਬੋਲੀ ਦੀ ਅਹਿਮੀਅਤ ਨੂੰ ਗਿਣਵੇਂ-ਮਿਣਵੇਂ ਪਰ ਬਹੁਤ ਹੀ ਭਾਵਪੂਰਤ ਸ਼ਬਦਾਂ 'ਚ ਇੰਜ ਦਰਸਾਇਆ ਹੈ: "ਇਹ ਮਾਂ ਬੋਲੀ ਹੀ ਹੈ ਜਿਸ ਦੇ ਰਾਹੀਂ ਅਤੀਤ ਪੁਨਰ-ਸਥਾਪਤ ਕੀਤੇ ਜਾਂਦੇ ਹਨ, ਭਾਈਚਾਰਿਆਂ ਦੀ ਕਲਪਨਾ ਕੀਤੀ ਜਾਂਦੀ ਹੈ ਅਤੇ ਭਵਿੱਖ ਨੂੰ ਸੁਪਨਿਆਂ 'ਚ ਉਤਾਰਿਆ ਜਾਂਦਾ ਹੈ।"[5]

ਇਤਿਹਾਸ ਅੰਦਰ ਕੌਮਾਂ ਦੇ ਉਗਮਣ ਤੇ ਵਿਗਸਣ ਦੇ ਅਮਲ ਬਾਰੇ, ਪਿਛਲੇ ਲਗਭਗ ਡੇਢ ਸੌ ਸਾਲਾਂ ਦੇ ਵੀ ਵੱਧ ਅਰਸੇ ਤੋਂ, ਅਲੱਗ-ਅਲੱਗ ਵਿਦਵਾਨਾਂ ਦੇ ਅਲੱਗ-ਅਲੱਗ ਸਿਧਾਂਤ ਰਹੇ ਹਨ। ਜ਼ਿੰਦਗੀ ਦੇ ਠੋਸ ਤਜਰਬੇ ਨੇ ਇਨ੍ਹਾਂ 'ਚੋਂ ਕੁਝ ਸਿਧਾਂਤਾਂ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ, ਕਈਆਂ ਦੀ ਅੰਸ਼ਕ ਤੇ ਕਈਆਂ ਦੀ ਭਾਰੂ ਰੂਪ 'ਚ ਪੁਸ਼ਟੀ ਕੀਤੀ ਹੈ। ਮਨੁੱਖੀ ਇਤਿਹਾਸ ਦੇ ਇਸ ਅਤੀ ਅਹਿਮ ਵਰਤਾਰੇ ਬਾਰੇ ਤਕਰੀਬਨ ਡੇਢ ਸਦੀ ਦੇ ਅਰਸੇ ਦੌਰਾਨ ਪੈਦਾ ਹੋਏ ਸਮੁੱਚੇ ਗਿਆਨ ਅਤੇ ਜ਼ਿੰਦਗੀ ਦੇ ਠੋਸ ਤਜਰਬੇ ਦਾ ਨਿਚੋੜ ਕੱਢਿਆ ਜਾਵੇ ਤਾਂ ਇਹ ਸਚਾਈ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਕਿਸੇ ਕੌਮੀ ਭਾਈਚਾਰੇ ਦੇ ਵਜੂਦ ਨੂੰ ਘੜਨ, ਤਰਾਸ਼ਣ ਤੇ ਸੰਭਾਲਣ ਵਿੱਚ ਕਿਸੇ ਇਕ ਗੱਲ ਦਾ ਨਹੀਂ, ਕਈ ਅੰਸ਼ਾਂ ਦਾ ਮਿਲਵਾਂ ਰੋਲ ਹੁੰਦਾ ਹੈ। ਭਾਸ਼ਾ ਨੂੰ ਕਿਸੇ ਵੀ ਕੌਮੀ ਭਾਈਚਾਰੇ ਦੇ ਜੀਵਨ ਅਮਲ ਦਾ ਧੁਰਾ ਤਸੱਵਰ ਕੀਤਾ ਜਾਂਦਾ ਹੈ। ਇਸ ਨੂੰ ਠੀਕ ਹੀ ਕੌਮ ਦਾ ਨਿਸ਼ਾਨ (badge) ਮੰਨਿਆ ਜਾਂਦਾ ਹੈ। ਇਕ ਸਾਂਝੀ ਭਾਸ਼ਾ ਬਗ਼ੈਰ ਕਿਸੇ ਕੌਮ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਪਰ ਕੌਮ ਦੇ ਉਭਰਨ ਵਿਗਸਣ ਵਿੱਚ ਭਾਸ਼ਾ ਦੀ ਬੇਹੱਦ ਮਹੱਤਵਪੂਰਨ ਭੂਮਿਕਾ ਦੇ ਬਾਵਜੂਦ, ਇਸ ਨੂੰ ਕੌਮੀਅਤ (nationhood) ਦਾ ਇਕ-ਮਾਤਰ ਆਧਾਰ ਤੇ ਪ੍ਰਮਾਣ ਨਹੀਂ ਮਿਥਿਆ ਜਾ ਸਕਦਾ। ਸਾਂਝੀ ਭਾਸ਼ਾ ਤੋਂ ਇਲਾਵਾ, ਕੌਮੀ ਭਾਈਚਾਰੇ ਅੰਦਰ ਸਾਂਝ ਦੀ ਭਾਵਨਾ ਤੇ ਇਕੱਠਿਆਂ ਰਹਿਣਾ ਦੀ ਇੱਛਾ ਤੇ ਇਰਾਦਾ ਬੇਹੱਦ ਜ਼ਰੂਰੀ ਹਨ। ਉੱਨੀਵੀਂ ਸਦੀ ਦੇ ਉਘੇ ਫ਼ਰਾਂਸੀਸੀ ਚਿੰਤਕ ਅਰਨੇਸਟ ਰੇਨਨ ਨੇ ਕੌਮ ਨੂੰ ਇਕ 'ਜਿਊਂਦੀ ਜਾਗਦੀ ਆਤਮਾ' ਅਤੇ ਇਕ 'ਰੂਹਾਨੀ ਸੰਗਤ' ਦੀ ਸੰਗਿਆ ਦਿੱਤੀ ਹੈ। ਉਸ ਦੇ ਵਿਚਾਰ ਵਿੱਚ ਇਕ ਕੌਮੀ ਭਾਈਚਾਰੇ ਦੇ ਮੈਂਬਰਾਂ ਅੰਦਰ ਦੋ ਗੱਲਾਂ ਜ਼ਰੂਰੀ ਹਨ। ਇਕ, "ਯਾਦਾਂ ਦੇ ਇਕ ਅਮੀਰ ਵਿਰਸੇ ਦਾ ਸਾਂਝਾ ਖ਼ਜ਼ਾਨਾ।" ਦੂਜਾ, "ਹਕੀਕੀ ਰਜ਼ਾ, ਭਾਵ 'ਕੱਠਿਆਂ ਰਹਿਣ ਦੀ ਚਾਹ ਅਤੇ ਸਾਂਝੇ ਵਿਰਸੇ ਨੂੰ ਸੰਭਾਲ ਕੇ ਰੱਖਣ ਦਾ ਦ੍ਰਿੜ੍ਹ ਇਰਾਦਾ।" ਇਸ ਦੇ ਨਾਲ ਹੀ, ਰੇਨਨ, ਭਵਿੱਖ ਦੇ ਆਦਰਸ਼ਾਂ ਦੀ ਸਾਂਝ ਨੂੰ ਵੀ ਵੱਡੀ ਅਹਿਮੀਅਤ ਦਿੰਦਾ ਹੈ। ਉਹ ਇਕ ਕੌਮੀ ਭਾਈਚਾਰੇ ਅੰਦਰ ਅਤੀਤ ਵਿੱਚ ਰਲ ਕੇ ਝੱਲੀਆਂ ਮੁਸੀਬਤਾਂ ਦੇ ਸਾਂਝੇ ਅਹਿਸਾਸ, ਹਾਰਾਂ ਦੇ ਸਾਂਝੇ ਦਰਦ, ਜਿੱਤਾਂ ਦੇ ਸਾਂਝੇ ਸਰੂਰ, ਸਾਂਝੀਆਂ ਖ਼ੁਸ਼ੀਆਂ ਅਤੇ ਭਵਿੱਖ ਦੇ ਸਾਂਝੇ ਸੁਪਨਿਆਂ ਨੂੰ ਇਕ ਕੌਮ ਦੇ ਅਤਿ ਅਹਿਮ ਤੇ ਜ਼ਰੂਰੀ ਲੱਛਣ ਗਿਣਦਾ ਹੈ।[6]

ਇਹ ਗੱਲ ਨਹੀਂ ਕਿ ਅਕਾਲੀ ਲੀਡਰਸ਼ਿਪ ਨੂੰ ਰੇਨਨ ਤੇ ਹੋਰਨਾਂ ਵਿਦਵਾਨਾਂ ਦੇ ਇਨ੍ਹਾਂ ਵਿਚਾਰਾਂ ਦੀ ਉੱਕਾ ਹੀ ਜਾਣਕਾਰੀ ਨਹੀਂ ਸੀ। 1945-46 ਵਿੱਚ ਸਿੱਖ ਸਟੇਟ ਦੀ ਮੰਗ ਕਰਨ ਮੌਕੇ ਅਕਾਲੀ ਆਗੂਆਂ ਤੇ ਸਿੱਖ ਵਿਦਵਾਨਾਂ ਨੇ ਇਸ ਵਿਕਸਤ ਰਾਜਨੀਤਕ ਸਿਧਾਂਤ ਦੇ ਆਧਾਰ 'ਤੇ ਹੀ 'ਸਿੱਖ ਕੌਮ' ਦੀ ਧਾਰਨਾ ਦੇ ਪੱਖ ਵਿੱਚ ਠੋਕਵੀਂ ਦਲੀਲਬਾਜ਼ੀ ਕਰਦਿਆਂ ਇਹ ਪ੍ਰਵਾਨਣਯੋਗ ਤੱਥ ਉਭਾਰਿਆ ਸੀ ਕਿ ਖ਼ਾਲਸਾ ਪੰਥ ਅੰਦਰ ਉਹ ਸਾਰੀਆਂ ਵਿਸ਼ੇਸ਼ਤਾਈਆਂ ਮੌਜੂਦ ਹਨ ਜੋ ਕਿ ਇਕ ਕੌਮੀ ਭਾਈਚਾਰੇ ਲਈ ਜ਼ਰੂਰੀ ਸਮਝੀਆਂ ਜਾਂਦੀਆਂ ਹਨ।

'ਸਿੱਖ ਕੌਮ' ਦੀ ਧਾਰਨਾ ਨੂੰ ਝੁਠਲਾਉਣ ਦੇ ਯਤਨ ਦੋ ਪਾਸਿਆਂ ਤੋਂ ਹੋ ਰਹੇ ਸਨ। ਇਕ ਹਿੰਦੂ ਗ਼ਲਬਾਪ੍ਰਸਤਾਂ ਵੱਲੋਂ ਜੋ ਸਿੱਖਾਂ ਨੂੰ ਹਿੰਦੂ ਭਾਈਚਾਰੇ ਦਾ ਹੀ ਅੰਗ ਕਰਾਰ ਦੇ ਰਹੇ ਸਨ। ਦੂਜਾ, ਉਨ੍ਹਾਂ ਤਾਕਤਾਂ ਵੱਲੋਂ ਜੋ ਇਸ ਮੱਤ ਉੱਤੇ ਕੱਟੜਪੁਣੇ ਨਾਲ ਅੜੀਆਂ ਹੋਈਆਂ ਸਨ ਕਿ ਧਰਮ ਕਿਸੇ ਕੌਮ ਦਾ ਆਧਾਰ ਨਹੀਂ ਹੋ ਸਕਦਾ। ਖੱਬੇ ਪੱਖੀ ਤਾਕਤਾਂ ਇਸ ਮੱਤ ਦੀ ਪੈਰਵਾਈ ਕਰਨ ਵਿੱਚ ਸਭ ਤੋਂ ਮੂਹਰੇ ਸਨ। ਇਸ ਤੋਂ ਇਲਾਵਾ ਪੱਛਮ ਦੀ ਆਧੁਨਿਕ ਸੋਚ ਤੋਂ ਪ੍ਰਭਾਵਿਤ ਹੋਰ ਵੀ ਲੋਕ ਸਨ ਜਿਨ੍ਹਾਂ ਨੂੰ 'ਸਿੱਖ ਕੌਮ' ਦੀ ਧਾਰਨਾ 'ਚੋਂ 'ਫ਼ਿਰਕੂ ਤੰਗਨਜ਼ਰੀ' ਦਾ ਮੁਸ਼ਕ ਆਉਂਦਾ ਸੀ। ਉਹ ਧਰਮ ਨੂੰ ਵਿਅਕਤੀ ਦਾ ਇਕ ਨਿਜੀ ਮਾਮਲਾ ਕਰਾਰ ਦੇਣ ਦੀ ਪੱਛਮ ਦੀ ਸੈਕੂਲਰ ਵਿਚਾਰਧਾਰਾ ਦੇ ਕਾਇਲ ਸਨ। ਸਮਾਜ ਅੰਦਰ ਧਰਮ ਦੇ ਆਧਾਰ 'ਤੇ ਵੰਡੀਆਂ ਪਾਉਣ ਵਾਲੀ ਸੋਚ ਅਤੇ ਸਰਗਰਮੀ ਨੂੰ ਉਹ ਸਖ਼ਤ ਨਾਪਸੰਦ ਕਰਦੇ ਸਨ। ਉਹ ਇਸ 'ਫ਼ਿਰਕੂ ਰਾਜਨੀਤੀ' ਨੂੰ ਮਨੁੱਖੀ ਏਕਤਾ ਤੇ ਭਾਈਚਾਰੇ ਨੂੰ ਢਾਹ ਲਾਉਣ ਵਾਲੀ ਸਭ ਤੋਂ ਵੱਡੀ ਬਲਾ ਸਮਝਦੇ ਸਨ। ਉਨ੍ਹਾਂ ਦਾ ਇਹ ਮੰਨਣਾ ਸੀ ਕਿ ਧਾਰਮਿਕ ਜਜ਼ਬਾ ਸਮਾਜ ਅੰਦਰ ਆਪਸੀ ਨਫ਼ਰਤ, ਵਖਰੇਵੇਂ ਤੇ ਦੁਸ਼ਮਣੀ ਦੀਆਂ ਭਾਵਨਾਵਾਂ ਪੈਦਾ ਕਰਕੇ ਇਕ ਢਾਹੂ ਰੋਲ ਨਿਭਾਅ ਰਿਹਾ ਹੈ। ਉਨ੍ਹਾਂ ਦੀ ਇੱਛਾ ਸੀ ਕਿ ਲੋਕਾਂ ਅੰਦਰ ਇਕ ਅਜਿਹਾ ਖਰਾ ਕੌਮੀ ਜਜ਼ਬਾ ਪੈਦਾ ਹੋਵੇ ਜੋ ਉਨ੍ਹਾਂ ਨੂੰ ਧਾਰਮਿਕ ਤੁਅੱਸਬਾਂ ਤੋਂ ਮੁਕਤ ਕਰਕੇ ਇਕ ਵਡੇਰੀ ਏਕਤਾ ਦੀ ਲੜੀ ਵਿੱਚ ਪਰੋਅ ਦੇਵੇ। ਇਸ ਮਾਮਲੇ 'ਚ ਉਨ੍ਹਾਂ ਦਾ ਆਦਰਸ਼ ਪੱਛਮ ਦੀਆਂ ਵਿਕਸਤ ਕੌਮਾਂ ਦਾ ਮਾਡਲ ਸੀ ਜਿਸ ਨੂੰ ਉਹ ਭਾਰਤੀ ਸਮਾਜ ਨੂੰ ਚੰਬੜੀ 'ਫ਼ਿਰਕੂ ਵਬਾ' ਦੀ ਸਭ ਤੋਂ ਭਰੋਸੇਯੋਗ ਦਾਰੂ ਸਮਝਦੇ ਸਨ। ਉਹ ਭਾਰਤ ਅੰਦਰ, ਪੱਛਮ ਦੀ ਤਰਜ਼ 'ਤੇ ਭਾਸ਼ਾਈ ਆਧਾਰ 'ਤੇ ਅਲੱਗ-ਅਲੱਗ ਕੌਮੀਅਤਾਂ ਦਾ ਵਿਕਾਸ ਚਿਤਵਦੇ ਸਨ। ਇਸ ਵਿਚਾਰਧਾਰਕ ਆਧਾਰ 'ਤੇ ਉਹ ਮੁਸਲਿਮ ਲੀਗ ਦੇ 'ਦੋ ਕੌਮਾਂ ਦੇ ਸਿਧਾਂਤ' ਅਤੇ 'ਸਿੱਖ ਕੌਮ' ਦੀ ਧਾਰਨਾ ਦੀ ਕਾਟਵੀਂ ਮੁਖ਼ਾਲਫ਼ਤ ਕਰਦੇ ਸਨ। ਉਹ ਪੰਜਾਬ ਦੇ ਲੋਕਾਂ ਨੂੰ ਅਲੱਗ-ਅਲੱਗ ਧਾਰਮਿਕ ਇਕਾਈਆਂ ਵਿੱਚ ਵੰਡ ਕੇ ਦੇਖਣ ਵਾਲੀ ਸੋਚ ਤੇ ਸਿਆਸਤ ਦੇ ਕੱਟੜ ਨਿੰਦਕ ਸਨ ਅਤੇ ਪੰਜਾਬ ਦੇ ਸਮੁੱਚੇ ਲੋਕਾਂ ਅੰਦਰ ਇਕ ਸਾਂਝੀ ਕੌਮੀ ਭਾਵਨਾ ਦਾ ਵਿਕਾਸ ਲੋਚਦੇ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਪੰਜਾਬੀ ਬੋਲੀ ਦਾ ਜਜ਼ਬਾ ਹੀ ਭਾਈਚਾਰੇ ਅੰਦਰ ਅਜਿਹੀ ਸਾਂਝੀ ਕੌਮੀ ਭਾਵਨਾ ਪ੍ਰਫੁਲਤ ਕਰਨ ਦਾ ਭਰੋਸੇਯੋਗ ਆਧਾਰ ਅਤੇ ਸਾਧਨ ਬਣ ਸਕਦਾ ਹੈ। ਇਸੇ ਸੋਚ ਅਤੇ ਵਿਸ਼ਵਾਸ 'ਚੋਂ ਉਹ ਪੰਜਾਬ ਦੇ ਲੋਕਾਂ ਅੰਦਰ ਸਾਂਝਾ ਭਾਸ਼ਾਈ ਜਜ਼ਬਾ ਉਭਾਰਨ ਦੇ ਕਾਰਜ ਨੂੰ ਆਪਣਾ ਸਰਵ ਸ਼੍ਰੋਮਣੀ ਕਰਤੱਵ ਮਿਥ ਕੇ ਚੱਲਦੇ ਹਨ। ਕੁਲਵੰਤ ਸਿੰਘ ਵਿਰਕ ਤੇ ਹਰਬੰਸ ਸਿੰਘ ਨਾਉਂ ਦੇ ਦੋ ਸੁਲਝੇ ਹੋਏ ਵਿਦਵਾਨਾਂ ਵੱਲੋਂ, 1948 ਵਿੱਚ ਪੰਜਾਬੀ ਸੂਬੇ ਦੇ ਪੱਖ ਵਿੱਚ ਲਿਖਿਆ ਇਕ ਕਿਤਾਬਚਾ* ਇਸ ਸੋਚ-ਧਾਰਾ ਦੀ ਫਬਵੀਂ ਨੁਮਾਇੰਦਗੀ ਕਰਦਾ ਹੈ। ਵਿਦਵਾਨ ਲੇਖਕਾਂ ਨੇ ਆਪਣੀ ਲਿਖਤ ਅੰਦਰ ਜਿਥੇ ਪੰਜਾਬੀ ਬੋਲੀ ਦੇ ਨਿੰਦਕਾਂ-

* Greater East Punjab—A Plea for Linguistic Regrouping.

ਆਰੀਆ ਸਮਾਜੀਆਂ ਤੇ ਹਿੰਦੂ ਫ਼ਿਰਕਾਪ੍ਰਸਤਾਂ—ਦੇ ਫ਼ਿਰਕੂ ਨਜ਼ਰੀਏ ਤੇ ਗੁੰਮਰਾਹਕੁਨ ਦਲੀਲਾਂ ਨੂੰ ਧਰ ਕੇ ਛੰਡਿਆ ਹੈ, ਉਥੇ ਨਾਲ ਹੀ ਅਕਾਲੀ ਆਗੂਆਂ, ਖ਼ਾਸ ਕਰਕੇ ਮਾਸਟਰ ਤਾਰਾ ਸਿੰਘ ਨੂੰ 'ਧਾਰਮਿਕ ਤੰਗਨਜ਼ਰੀ' ਦਾ ਦੋਸ਼ੀ ਕਰਾਰ ਦਿੱਤਾ ਹੈ। ਇਹ ਕਹਿ ਕੇ ਕਿ ਉਹ ਬੋਲੀ ਦੇ ਮਸਲੇ ਨੂੰ ਧਰਮ ਨਾਲ ਜੋੜਨ ਦਾ ਸੈਕੂਲਰਘਾਤੀ ਪਾਪ ਕਰਦਾ ਹੈ।

ਆਧੁਨਿਕਵਾਦੀ ਵਿਚਾਰਧਾਰਾ ਦੇ ਪ੍ਰਭਾਵ ਹੇਠਲੇ ਇਸ ਵਰਗ ਦੀਆਂ ਭਾਵਨਾਵਾਂ ਨੂੰ ਗ਼ਲਤ ਨਹੀਂ ਕਿਹਾ ਜਾ ਸਕਦਾ। ਮਨੁੱਖੀ ਏਕਤਾ ਤੇ ਭਾਈਚਾਰੇ ਦੀ ਇੱਛਾ ਪਾਲਣੀ ਮਾੜੀ ਗੱਲ ਨਹੀਂ। ਪਰ ਇਕ ਅੰਗਰੇਜ਼ੀ ਅਖਾਣ ਮੁਤਾਬਕ ਕਈ ਵੇਰਾਂ ਨੇਕ ਇਛਾਵਾਂ ਹੀ ਮਨੁੱਖ ਨੂੰ ਨਰਕ ਦੇ ਬੂਹੇ ਵੱਲ ਲੈ ਜਾਂਦੀਆਂ ਹਨ। ਕਹਿਣ ਦਾ ਭਾਵ ਇਹ ਕਿ ਕਈ ਵਾਰ ਨੇਕ ਭਾਵਨਾਵਾਂ 'ਚੋਂ ਅਪਣਾਇਆ ਗ਼ਲਤ ਸਿਧਾਂਤਕ ਪੈਂਤੜਾ ਇੱਛਾ ਦੇ ਉਲਟ ਨਤੀਜਿਆਂ ਦਾ ਜਣਨਹਾਰ ਹੋ ਨਿਬੜਦਾ ਹੈ। ਜੇਕਰ ਏਕਤਾ ਦੀ ਇੱਛਾ ਪਾਲਣ ਨਾਲ ਹੀ ਇਨਸਾਨੀ ਭਾਈਚਾਰਾ ਪ੍ਰਫੁਲਤ ਹੋ ਸਕਦਾ ਹੁੰਦਾ ਤਾਂ ਸੰਸਾਰ ਵਿਰੋਧਾਂ ਤੇ ਦੁਸ਼ਮਣੀਆਂ ਤੋਂ ਚਿਰੋਕਣਾ ਮੁਕਤ ਹੋ ਚੁੱਕਾ ਹੁੰਦਾ। ਪਰ ਅਜਿਹਾ ਨਹੀਂ ਹੋਇਆ। ਕਿਉਂ ? ਕਿਉਂਕਿ ਪਰਿਵਾਰਕ ਇਕਾਈ ਹੋਵੇ ਜਾਂ ਵਿਸ਼ਾਲ ਸਮਾਜੀ ਭਾਈਚਾਰਾ, ਹਕੀਕੀ ਇਤਫ਼ਾਕ ਤਾਂ ਹੀ ਸੰਭਵ ਹੈ ਜੇਕਰ ਇਕ ਦੂਸਰੇ ਦੀ ਆਜ਼ਾਦਾਨਾ ਹਸਤੀ ਨੂੰ ਪਰਵਾਨ ਕਰਦਿਆਂ ਹੋਇਆਂ ਆਪਸੀ ਸਬੰਧਾਂ ਨੂੰ ਬਰਾਬਰੀ, ਇਨਸਾਫ਼ ਤੇ ਆਪਸੀ ਸਤਿਕਾਰ ਦੀਆਂ ਬੁਨਿਆਦਾਂ ਉੱਤੇ ਉਸਾਰਿਆ ਜਾਵੇ। ਜ਼ਿਥੇ ਨਾਬਰਾਬਰੀ ਤੇ ਬੇਇਨਸਾਫ਼ੀ ਹੈ, ਉਥੇ ਹਕੀਕੀ ਏਕਤਾ ਸੰਭਵ ਨਹੀਂ। ਦਾਬੇ ਦੀ ਲਾਲਸਾ ਲਾਜ਼ਮੀ ਤੌਰ 'ਤੇ ਵਿਤਕਰੇ ਦੀ ਭਾਵਨਾ ਨੂੰ ਜਨਮ ਦਿੰਦੀ ਹੈ ਅਤੇ ਜਿਥੇ ਦੂਈ ਦਵੈਤ ਹੈ, ਉਥੇ ਆਪਸੀ ਖਹਿਬਾਜ਼ੀ ਤੇ ਕਲੇਸ਼ਪੁਣੇ ਤੋਂ ਬਚ ਸਕਣਾ ਕਤਈ ਤੌਰ 'ਤੇ ਸੰਭਵ ਨਹੀਂ ਹੈ। ਇਹ ਗੱਲ ਵਿਅਕਤੀਆਂ ਤੋਂ ਲੈ ਕੇ ਸਮਾਜੀ ਗਰੁੱਪਾਂ, ਸੰਗਠਨਾਂ ਤੇ ਭਾਈਚਾਰਿਆਂ ਦੇ ਆਪਸੀ ਸਬੰਧਾਂ ਉੱਤੇ ਬਰਾਬਰ ਲਾਗੂ ਹੁੰਦੀ ਹੈ।

ਆਧੁਨਿਕਵਾਦੀਆਂ ਵੱਲੋਂ ਅਜਿਹਾ ਸੋਚਣਾ ਉੱਕਾ ਹੀ ਗ਼ਲਤ ਸੀ (ਤੇ ਹੈ) ਕਿ ਵੱਖਰੀ ਸਿੱਖ ਕੌਮ ਦੀ ਧਾਰਨਾ ਪੰਜਾਬ ਦੇ ਲੋਕਾਂ ਅੰਦਰ ਕੋਈ ਦੁਸ਼ਮਣੀ ਜਾਂ ਦਰਾੜ ਪੈਦਾ ਕਰਨ ਦਾ ਸਬੱਬ ਬਣਦੀ ਹੈ। ਹਰ ਕੌਮੀ ਭਾਈਚਾਰੇ ਅੰਦਰ ਆਪਣੀ ਸੁਤੰਤਰ ਹਸਤੀ ਤੇ ਪਛਾਣ ਨੂੰ ਬਰਕਰਾਰ ਰੱਖਣ ਦਾ ਕੁਦਰਤੀ ਜਜ਼ਬਾ ਮੌਜੂਦ ਹੁੰਦਾ ਹੈ। ਇਹ ਜਜ਼ਬਾ ਕਿਸੇ ਸਮੇਂ ਲੰਮਾ ਚਿਰ ਦੱਬਿਆ-ਸੁਸਤਾਇਆ (dormant) ਰਹਿ ਸਕਦਾ ਹੈ। ਪਰ ਮੌਕਾ ਜੁੜਨ ਨਾਲ ਇਹ ਕਿਰਿਆਸ਼ੀਲ ਹੋ ਉਠਦਾ ਹੈ, ਅਤੇ ਇਸ ਦੇ ਨਾਲ ਹੀ ਸਬੰਧਤ ਭਾਈਚਾਰੇ ਦੀਆਂ ਰਗਾਂ ਅੰਦਰ ਇਕ ਨਵਾਂ ਲਹੂ ਦੌੜਨ ਲੱਗ ਜਾਂਦਾ ਹੈ। ਉਸ ਅੰਦਰ ਆਪਣੀ ਹੋਣੀ ਦੇ ਖ਼ੁਦ ਮਾਲਕ ਬਣਨ ਦੀ ਉਮੰਗ ਅੰਗੜਾਈਆਂ ਲੈ ਉਠਦੀ ਹੈ। ਜੇਕਰ ਇਸ ਉਮੰਗ ਦੇ ਮੌਲਣ ਤੇ ਵਿਗਸਣ ਲਈ ਸੁਤੰਤਰ ਵਾਤਾਵਰਨ ਨਸੀਬ ਹੋ ਜਾਵੇ ਤਾਂ ਸਮਾਜੀ ਵਿਕਾਸ ਦੀ ਧਾਰਾ ਬੇਰੋਕ ਆਪਣਾ ਵਹਿਣ ਅਖ਼ਤਿਆਰ ਕਰ ਲੈਂਦੀ ਹੈ। ਪ੍ਰੰਤੂ ਜੇਕਰ ਇਸ ਉਮੰਗ ਨੂੰ ਦਬਾਉਣ ਅਤੇ ਕੁਚਲਣ ਦਾ ਯਤਨ ਕੀਤਾ ਜਾਂਦਾ ਹੈ ਤਾਂ ਸਮਾਜ ਅੰਦਰ ਵਿਰੋਧ, ਟਕਰਾਅ ਅਤੇ ਅਸ਼ਾਂਤੀ ਅਟੱਲ ਬਣ ਜਾਂਦੀ ਹੈ। ਜਦ ਕਿਸੇ ਕੌਮੀ ਭਾਈਚਾਰੇ ਦੀ ਆਜ਼ਾਦੀ ਤੇ ਸਵੈਮਾਣ ਨਾਲ ਜਿਉਣ ਦੀ ਇੱਛਾ ਨੂੰ ਦਬਾਇਆ ਜਾਂਦਾ ਹੈ ਤਾਂ ਉਸ ਅੰਦਰ ਰੋਸ ਤੇ ਗ਼ੁੱਸੇ ਦੀਆਂ ਭਾਵਨਾਵਾਂ ਪੈਦਾ ਹੋਣੀਆਂ ਸੁਭਾਵਿਕ ਹਨ ਤੇ ਹੱਕ-ਬਜਾਨਬ ਵੀ। ਇਸ ਨਾਲ ਇਨਸਾਨੀ ਏਕਤਾ ਤੇ ਭਾਈਚਾਰੇ ਨੂੰ ਯਕੀਨਨ ਹੀ ਵੱਡੀ ਢਾਹ ਲੱਗਦੀ ਹੈ। ਪ੍ਰੰਤੂ ਇਹ ਹਾਲਤ ਪੈਦਾ ਕਰਨ ਦੀ ਜ਼ਿੰਮੇਵਾਰੀ ਧੱਕੇ ਤੇ ਬੇਇਨਸਾਫ਼ੀ ਦਾ ਸ਼ਿਕਾਰ ਧਿਰ ਸਿਰ ਨਹੀਂ ਸਗੋਂ ਜਾਬਰ ਧਿਰ ਸਿਰ ਆਇਦ ਹੁੰਦੀ ਹੈ। ਜਿੰਨਾ ਚਿਰ ਜਾਬਰ ਧਿਰ ਮਜ਼ਲੂਮ ਧਿਰ ਦਾ ਆਜ਼ਾਦੀ ਤੇ ਸਵੈਮਾਣ ਨਾਲ ਜਿਉਣ ਦਾ

ਹੱਕ ਪ੍ਰਵਾਨ ਨਹੀਂ ਕਰਦੀ, ਉਨਾ ਚਿਰ ਸਹੀ ਅਰਥਾਂ ਵਿੱਚ ਸਮਾਜੀ ਅਮਨ ਤੇ ਭਾਈਚਾਰਾ ਕਾਇਮ ਨਹੀਂ ਹੋ ਸਕਦਾ।

ਆਪਣੇ ਆਪ ਨੂੰ ਮਾਡਰਨਿਸਟ/ਸੈਕੂਲਰਿਸਟ ਕਹਾਉਣ ਵਾਲੇ ਲੋਕਾਂ ਦੀ 'ਮਰਜ਼' ਇਹ ਹੈ ਕਿ ਉਹ ਝੰਡਾ ਤਾਂ ਪੰਜਾਬੀ ਸਮਾਜ ਦੀ ਏਕਤਾ, ਫ਼ਿਰਕੂ ਅਮਨ ਤੇ ਸਦਭਾਵਨਾ ਦਾ ਚੁੱਕਦੇ ਹਨ, ਪਰ ਸਿੱਖ ਪੰਥ ਦੀ ਨਿਵੇਕਲੀ ਪਛਾਣ ਤੇ ਵੱਖਰੀ ਸਿੱਖ ਕੌਮ ਦੀ ਧਾਰਨਾ ਤੋਂ ਮੁਨਕਰ ਹੋ ਕੇ ਉਹ, ਅੰਤਮ ਨਤੀਜੇ ਦੇ ਤੌਰ 'ਤੇ, ਹਿੰਦੂ ਫ਼ਿਰਕਾਪ੍ਰਸਤੀ ਦੇ ਪੈਰੋਕਾਰ ਹੋ ਨਿਬੜਦੇ ਹਨ। ਵਜ੍ਹਾ ਇਹ ਕਿ ਇਕ ਤਾਂ ਉਨ੍ਹਾਂ ਦਾ 'ਧਰਮ' (ਅਰਥਾਤ ਆਧੁਨਿਕਵਾਦੀ ਵਿਚਾਰਧਾਰਾ) ਉਨ੍ਹਾਂ ਨੂੰ ਇਹ ਕੁਮੱਤ ਦਿੰਦਾ ਹੈ ਕਿ ਧਰਮ ਕਿਸੇ ਵੀ ਸੂਰਤ ਵਿੱਚ ਕੌਮ ਦਾ ਆਧਾਰ ਨਹੀਂ ਹੋ ਸਕਦਾ। ਦੂਜਾ, ਉਨ੍ਹਾਂ ਦੀ ਇਹ ਕੱਟੜ ਧਾਰਨਾ ਹੈ ਕਿ ਮਹਿਜ਼ ਭਾਸ਼ਾ ਦੀ ਸਾਂਝ ਹੀ ਕਿਸੇ ਜਨਸਮੂਹ ਨੂੰ ਇਕ ਸਾਂਝੇ ਕੌਮੀ ਭਾਈਚਾਰੇ ਦਾ ਖ਼ਾਸਾ ਤੇ ਰੁਤਬਾ ਪ੍ਰਦਾਨ ਕਰ ਦਿੰਦੀ ਹੈ। ਕੁਲਵੰਤ ਸਿੰਘ ਵਿਰਕ ਤੇ ਹਰਬੰਸ ਸਿੰਘ ਦੁਆਰਾ ਲਿਖਿਆ ਗਿਆ ਕਿਤਾਬਚਾ ਭਾਸ਼ਾ ਦੇ ਰੋਲ ਬਾਰੇ ਇਕਪਾਸੜ ਤੇ ਉਲਾਰ ਸਮਝ ਦਾ ਸਿਕੇਬੰਦ ਨਮੂਨਾ ਪੇਸ਼ ਕਰਦਾ ਹੈ। ਉਦਾਹਰਣ ਵਜੋਂ ਵਿਦਵਾਨ ਲੇਖਕਾਂ ਦਾ ਇਹ ਅਟੁੱਟ ਵਿਸ਼ਵਾਸ ਤੇ ਦਾਅਵਾ ਹੈ ਕਿ "ਇਤਿਹਾਸ ਦੇ ਸਮੁੱਚੇ ਅਮਲ ਦੌਰਾਨ ਇੱਕੋ ਭਾਸ਼ਾ ਬੋਲਣ ਵਾਲੇ ਲੋਕਾਂ ਨੇ ਇਕ ਗੁਰੱਪ ਦੇ ਤੌਰ 'ਤੇ ਅਮਲ ਕਰਨ ਦਾ ਰੁਝਾਨ ਪ੍ਰਗਟਾਇਆ ਹੈ। ਇਸ ਦੀ ਇਕ ਵਜ੍ਹਾ ਇਹ ਹੈ ਕਿ ਇਕ ਸਾਂਝੀ ਭਾਸ਼ਾ ਨਾਲ ਜੁੜੇ ਲੋਕ, ਨਾਲ ਹੀ, ਸਾਂਝਾ ਇਤਿਹਾਸ, ਸਾਂਝੀਆਂ ਰਵਾਇਤਾਂ, ਇਕ ਸਾਂਝੇ ਸਭਿਆਚਾਰ ਅਤੇ ਸਾਂਝੀਆਂ ਪ੍ਰਾਪਤੀਆਂ ਦੀ ਖ਼ਾਹਿਸ਼ ਵੀ ਰੱਖਦੇ ਹੋਣਗੇ।"[8] ਇਹ ਇੱਕੋ ਟੂਕ ਕਿਤਾਬਚੇ ਦੇ ਲੇਖਕਾਂ ਦੀ ਸਿਧਾਂਤਕ ਉਲਝਣ ਤੇ ਕਮਜ਼ੋਰੀ ਦਾ ਸਾਰਾ ਭਾਂਡਾ ਭੰਨ ਕੇ ਰੱਖ ਦਿੰਦੀ ਹੈ। ਵਿਦਵਾਨ ਲੇਖਕ ਇਸ ਤੱਥ ਤੋਂ ਭਲੀਭਾਂਤ ਜਾਣੂੰ ਪ੍ਰਤੀਤ ਹੁੰਦੇ ਹਨ ਕਿ ਕਿਸੇ ਜਨਸਮੂਹ ਦੇ ਇਕ ਕੌਮੀ ਗਰੁੱਪ ਦਾ ਦਰਜਾ ਹਾਸਲ ਕਰਨ ਲਈ ਮਹਿਜ਼ ਸਾਂਝੀ ਭਾਸ਼ਾ ਹੀ ਕਾਫ਼ੀ ਨਹੀਂ ਸਗੋਂ ਨਾਲ ਹੀ ਸਾਂਝਾ ਇਤਿਹਾਸ, ਸਾਂਝੀਆਂ ਰਵਾਇਤਾਂ ਤੇ ਸਾਂਝਾ ਸਭਿਆਚਾਰ ਆਦਿ ਪੱਖ ਵੀ ਜ਼ਰੂਰੀ ਹਨ। ਪੰਜਾਬੀ ਬੋਲਣ ਵਾਲੇ ਸਮੁੱਚੇ ਪੰਜਾਬੀ ਭਾਈਚਾਰੇ ਦੇ ਇਕ ਸਾਲਮ ਕੌਮ ਵਜੋਂ ਵਿਕਸਤ ਹੋਣ ਦੀ ਜ਼ੋਰਦਾਰ ਇੱਛਾ ਰੱਖਣ ਵਾਲੇ ਇਨ੍ਹਾਂ ਵਿਦਵਾਨ ਸੱਜਣਾਂ ਨੇ ਇਹ ਖ਼ੁਦ ਹੀ ਮਿਥ ਲਿਆ ਕਿ ਸਾਂਝੀ ਭਾਸ਼ਾ ਨਾਲ ਜੁੜੇ ਲੋਕਾਂ ਦਾ ਸੁਭਾਵਿਕ ਹੀ, ਇਤਿਹਾਸ, ਰਵਾਇਤਾਂ ਤੇ ਸਭਿਆਚਾਰ ਵੀ ਜ਼ਰੂਰ ਸਾਂਝਾ ਹੋਵੇਗਾ। ਇਕ ਤੱਥ ਤੋਂ ਅਗਾਂਹ ਆਪਣੇ ਮਨਇੱਛਤ ਨਤੀਜੇ ਕੱਢਣ ਦੀ ਇਸ ਰੁਚੀ ਨੂੰ ਫ਼ਲਸਫ਼ੇ ਦੀ ਭਾਸ਼ਾ ਅੰਦਰ deductive logic ਕਿਹਾ ਜਾਂਦਾ ਹੈ।

ਸੰਸਾਰ ਇਤਿਹਾਸ ਅੰਦਰ ਅਜਿਹੀਆਂ ਕਿੰਨੀਆਂ ਹੀ ਉਦਾਹਰਣਾਂ ਮਿਲਦੀਆਂ ਹਨ ਜਦ ਇੱਕੋ ਭਾਸ਼ਾ ਨਾਲ ਜੁੜੇ ਲੋਕਾਂ ਨੇ ਇਤਿਹਾਸਕ ਕਾਰਨਾਂ ਕਰਕੇ, ਆਪਣੇ ਆਪ ਨੂੰ ਅਲੱਗ-ਅਲੱਗ ਕੌਮਾਂ ਦੇ ਰੂਪ ਵਿੱਚ ਸੰਗਠਿਤ ਕੀਤਾ ਹੈ। ਇੰਗਲੈਂਡ, ਅਮਰੀਕਾ, ਕੈਨੇਡਾ ਤੇ ਆਸਟਰੇਲੀਆ ਆਦਿ ਮੁਲਕਾਂ ਨੇ, ਸਾਂਝੀ ਭਾਸ਼ਾ ਦੇ ਬਾਵਜੂਦ, ਅਲੱਗ-ਅਲੱਗ ਅਤੇ ਸੁਤੰਤਰ ਕੌਮਾਂ ਦਾ ਸਰੂਪ ਅਖ਼ਤਿਆਰ ਕਰ ਲਿਆ। ਪੰਜਾਬੀ ਕੌਮ ਦੀ ਧਾਰਨਾ ਦੇ ਸਮਰਥਕਾਂ ਵੱਲੋਂ ਇਸ ਉਦਾਹਰਣ ਨੂੰ ਅਕਸਰ ਇਸ ਦਲੀਲ ਨਾਲ ਕੱਟਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਇਨ੍ਹਾਂ ਮੁਲਕਾਂ ਦੇ ਅਲੱਗ-ਅਲੱਗ ਕੌਮਾਂ ਵਜੋਂ ਵਿਕਸਤ ਹੋਣ ਦਾ ਮੂਲ ਕਾਰਨ ਉਨ੍ਹਾਂ ਦਾ ਆਪਸੀ ਭੂਗੋਲਿਕ ਵਖਰੇਵਾਂ ਹੈ। ਖ਼ੈਰ, ਜੇਕਰ ਸਦੀਆਂ ਤੋਂ ਇੱਕੋ ਖ਼ਿੱਤੇ ਅੰਦਰ ਰਹਿੰਦੇ ਤੇ ਇੱਕੋ ਬੋਲੀ ਬੋਲਦੇ ਆ ਰਹੇ ਲੋਕਾਂ ਦੇ ਇਕ ਸਾਂਝੀ ਕੌਮੀਅਤ ਵਜੋਂ ਵਿਕਸਤ ਹੋਣ ਦੀ ਥਾਂ ਦੋ ਅਲੱਗ-ਅਲੱਗ ਕੌਮਾਂ ਦਾ ਸਰੂਪ ਅਖ਼ਤਿਆਰ ਕਰ ਲੈਣ ਦੀ ਉਦਾਹਰਣ ਹੀ ਗਿਣਨੀ ਹੋਵੇ ਤਾਂ ਬੰਗਾਲ ਦਾ ਮਾਮਲਾ ਸਾਹਮਣੇ ਹੈ। ਜੇਕਰ ਕੋਈ ਇਹ ਸਮਝਦਾ

ਹੈ ਕਿ ਬੰਗਾਲ ਨੂੰ ਦੋ ਹਿੱਸਿਆਂ ਵਿੱਚ ਵੰਡਣ ਦੀ ਕਾਰਵਾਈ ਸਿਰਫ਼ ਲਾਰਡ ਕਰਜ਼ਨ ਦੇ ਖੋਚਰੀ ਦਿਮਾਗ਼ ਦੀ ਕਾਢ ਸੀ ਤਾਂ ਉਹ ਬੰਗਾਲ ਦੇ ਇਤਿਹਾਸ ਤੇ ਸਮਾਜਿਕ ਹਕੀਕਤ ਤੋਂ ਆਪਣੀ ਕੋਰੀ ਅਗਿਆਨਤਾ ਦਾ ਪ੍ਰਗਟਾਵਾ ਕਰਦਾ ਹੈ। ਇਹ ਤੱਥ ਬਹੁਤ ਹੀ ਅਹਿਮ ਹੈ ਕਿ ਲਾਰਡ ਕਰਜ਼ਨ ਦੀ ਬੰਗਾਲ ਦੀ ਵੰਡ ਦੀ ਤਜਵੀਜ਼ (1905) ਦਾ ਵਿਰੋਧ ਮੁੱਖ ਤੌਰ 'ਤੇ ਹਿੰਦੂ ਵਰਗ ਵੱਲੋਂ ਹੀ ਹੋਇਆ ਸੀ। ਮੁਸਲਿਮ ਵਰਗ ਨੇ ਬਟਵਾਰੇ ਦੀ ਇਸ ਤਜਵੀਜ਼ ਦਾ ਨਾ ਸਿਰਫ਼ ਵਿਰੋਧ ਨਹੀਂ ਸੀ ਕੀਤਾ ਸਗੋਂ ਇਸ ਦੀ ਹਮਾਇਤ ਕੀਤੀ ਸੀ। ਕਾਰਨ ਇਹ ਕਿ ਬੰਗਾਲ-ਦਾ ਇਤਿਹਾਸਕ ਵਿਕਾਸ ਕੁਝ ਇਸ ਤਰ੍ਹਾਂ ਹੋਇਆ ਕਿ ਇਸ ਦੇ ਪੂਰਬੀ ਤੇ ਪੱਛਮੀ ਭਾਗਾਂ ਵਿਚਕਾਰ ਇਕ ਵੱਡਾ ਸਮਾਜਿਕ ਵਖਰੇਵਾਂ ਤੇ ਪਾੜਾ ਪੈਦਾ ਹੋ ਗਿਆ। ਪੂਰਬੀ ਬੰਗਾਲ ਦੀ ਭਾਰੂ ਮੁਸਲਿਮ ਵਸੋਂ ਹਿੰਦੂ ਜ਼ਿਮੀਂਦਾਰਾਂ ਦੇ ਅਤਿਆਚਾਰਾਂ, ਲੁੱਟ-ਖਸੁੱਟ ਤੇ ਗ਼ਲਬੇ ਦਾ ਸ਼ਿਕਾਰ ਹੋਣ ਕਰਕੇ ਅੰਤਾਂ ਦੀ ਗ਼ਰੀਬੀ ਤੇ ਸਮਾਜਿਕ ਪਛੜੇਵੇਂ ਦਾ ਸ਼ਿਕਾਰ ਹੋ ਕੇ ਰਹਿ ਗਈ। ਇਹ ਨਿਰੀ ਜਮਾਤੀ ਲੁੱਟ-ਖਸੁੱਟ ਦੇ ਦਾਬੇ ਦਾ ਮਾਮਲਾ ਨਹੀਂ ਸੀ। ਪੂਰਬੀ ਬੰਗਾਲ ਦੀ ਭਾਰੂ ਮੁਸਲਿਮ ਵਸੋਂ ਨੂੰ ਹਿੰਦੂ ਜ਼ਿਮੀਂਦਾਰਾਂ ਦੀ ਆਰਥਿਕ ਲੁੱਟ-ਖਸੁੱਟ ਦੇ ਨਾਲ ਹੀ ਧਾਰਮਿਕ/ਸਭਿਆਚਾਰਕ ਗ਼ਲਬੇ ਤੇ ਵਿਤਕਰੇਬਾਜ਼ੀ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਸੀ। ਭਾਸ਼ਾ ਦੀ ਸਾਂਝ ਦੇ ਬਾਵਜੂਦ, ਦੋਨੋਂ ਭਾਗਾਂ ਵਿਚਕਾਰ ਰਸਮੋਂ-ਰਿਵਾਜਾਂ, ਰਵਾਇਤਾਂ, ਮਾਨਸਿਕ ਮੁਹਾਂਦਰੇ ਤੇ ਸਭਿਆਚਾਰ ਆਦਿ ਪੱਖੋਂ ਵੱਡੇ ਵਖਰੇਵੇਂ ਪੈਦਾ ਹੋ ਗਏ। 'ਸਾਂਝੀ ਬੰਗਾਲੀ ਪਛਾਣ' ਪੂਰਬੀ ਬੰਗਾਲ ਦੀ ਮਜ਼ਲੂਮ ਮੁਸਲਿਮ ਵਸੋਂ ਉੱਤੇ ਸਵਰਨਜਾਤੀ ਬੰਗਾਲੀ ਹਿੰਦੂ ਵਰਗ ਦੇ ਗ਼ਲਬੇ ਦਾ ਵਿਚਾਰਧਾਰਕ ਸੰਦ ਬਣ ਕੇ ਰਹਿ ਗਈ। ਇਸ ਤਰ੍ਹਾਂ, ਪੂਰਬੀ ਬੰਗਾਲ ਦੇ ਮੁਸਲਿਮ ਵਰਗ ਅੰਦਰ ਇਸ 'ਸਾਂਝੀ ਬੰਗਾਲੀ ਪਛਾਣ' ਦੇ ਦੰਭ ਤੇ ਗ਼ਲਬੇ ਤੋਂ ਮੁਕਤ ਹੋਣ ਅਤੇ ਆਪਣੀ ਹੋਣੀ ਦੇ ਖ਼ੁਦ ਮਾਲਕ ਬਣਨ ਦਾ ਵਿਚਾਰ ਅਤੇ ਜਜ਼ਬਾ ਜ਼ੋਰ ਫੜਨ ਲੱਗਾ ਜਿਸ ਦਾ ਮੰਤਕੀ ਨਿਬੇੜਾ 1971 ਵਿੱਚ ਬੰਗਲਾ ਦੇਸ਼ ਦੇ ਨਾਂ ਹੇਠ ਇਕ ਸੁਤੰਤਰ ਕੌਮੀ ਰਾਜ ਦੀ ਸਥਾਪਨਾ ਨਾਲ ਹੋਇਆ। ਜੇਕਰ ਬੰਗਾਲ ਦੀ ਵੰਡ ਦਾ ਇਹ ਤਰਕ-ਸੰਗਤ ਆਧਾਰ ਮੌਜੂਦ ਨਾ ਹੁੰਦਾ ਤਾਂ ਬੰਗਾਲ ਦੇ ਲੋਕਾਂ ਨੇ ਇਸ ਨੂੰ ਕਦਾਚਿਤ ਪ੍ਰਵਾਨ ਨਹੀਂ ਸੀ ਕਰਨਾ।

## ਪੰਜਾਬੀ ਕੌਮ : ਹਕੀਕਤ ਕਿ ਭੁਲਾਵਾ ?

ਜੇਕਰ ਪੰਜਾਬ ਦੇ ਇਤਿਹਾਸ ਤੇ ਇਸ ਦੀ ਸਮਾਜੀ ਹਕੀਕਤ ਨੂੰ ਨੰਗੀ ਅੱਖ ਨਾਲ ਦੇਖਿਆ ਜਾਵੇ ਤਾਂ ਇਹ ਤੱਥ ਪਛਾਣਨਾ ਬਹੁਤ ਔਖਾ ਨਹੀਂ ਕਿ ਬੋਲੀ ਜਾਣ ਵਾਲੀ ਭਾਸ਼ਾ ਦੀ ਸਾਂਝ ਦੇ ਬਾਵਜੂਦ ਕੁਝ ਇਤਿਹਾਸਕ ਕਾਰਨਾਂ ਕਰਕੇ, ਪੰਜਾਬੀ ਜਨਸਮੂਹ ਦਾ ਇਕ ਸਾਲਮ-ਸਬੂਤੀ ਕੌਮ ਵਜੋਂ ਵਿਕਾਸ ਸੰਭਵ ਨਹੀਂ ਹੋ ਸਕਿਆ। ਪੰਜਾਬੀ ਸਮਾਜ ਦੇ ਤਿੰਨੋਂ ਪ੍ਰਮੁੱਖ ਧਾਰਮਿਕ ਵਰਗਾਂ—ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ—ਅੰਦਰ ਵੱਡੇ ਸਮਾਜਿਕ, ਸਭਿਆਚਾਰਕ ਤੇ ਮਨੋਵਿਗਿਆਨਕ ਵਖਰੇਵੇਂ ਮੌਜੂਦ ਹਨ। ਨਾ ਤਾਂ ਤਿੰਨੋਂ ਵਰਗਾਂ ਦੀ ਇਤਿਹਾਸ ਦੀ ਤਾਰ ਸਾਂਝੀ ਹੈ, ਨਾ ਸਭਿਆਚਾਰਕ ਵਿਰਸਾ ਇਕ ਹੈ, ਨਾ ਰਵਾਇਤਾਂ ਸਾਂਝੀਆਂ ਹਨ ਅਤੇ ਨਾ ਹੀ ਇਨ੍ਹਾਂ ਦੀ ਮਾਨਸਿਕ ਤਾਸੀਰ ਮਿਲਦੀ ਹੈ। ਤਿੰਨੋਂ ਵਰਗਾਂ ਦੀਆਂ ਇਤਿਹਾਸਕ ਯਾਦਾਂ ਤੇ ਨਾਇਕ ਅਲੱਗ-ਅਲੱਗ ਹਨ। ਸਰਹਿੰਦ ਦਾ ਸਾਕਾ, ਚਮਕੌਰ ਦੀ ਜੰਗ, ਸਮਾਣੇ, ਸਢੌਰੇ ਤੇ ਸਰਹਿੰਦ ਉੱਤੇ ਗ਼ਜ਼ਬ ਬਣ ਕੇ ਕੜਕਿਆ ਖ਼ਾਲਸੇ ਦਾ ਰੋਹ, ਛੋਟਾ ਤੇ ਵੱਡਾ ਘੱਲੂਘਾਰਾ.......ਗੱਲ ਕੀ, ਇਤਿਹਾਸ ਦੀ ਹਰ ਹੋਣੀ-ਭਰਪੂਰ ਘਟਨਾ ਅਲੱਗ-ਅਲੱਗ ਵਰਗਾਂ ਲਈ ਅਲੱਗ-ਅਲੱਗ ਮਾਅਨੇ ਰਖਦੀ ਹੈ। ਰਾਤਾਂ

ਦੇ ਦੀਵਾਨਾਂ ਅੰਦਰ ਢਾਡੀਆਂ ਵੱਲੋਂ ਗਾਈਆਂ ਜਾਣ ਵਾਲੀਆਂ ਵਾਰਾਂ ਤੇ ਜਗਰਾਤਿਆਂ ਅੰਦਰ ਗਾਈਆਂ ਜਾਂਦੀਆਂ ਮਾਤਾ ਦੀਆਂ ਭੇਟਾਂ ਨਾ ਸਿਰਫ਼ ਅਸਲੋਂ ਹੀ ਅਲੱਗ-ਅਲੱਗ ਸਭਿਆਚਾਰਕ ਪ੍ਰੰਪਰਾਵਾਂ ਦੀ ਤਰਜਮਾਨੀ ਕਰਦੀਆਂ ਹਨ ਅਤੇ ਨਾ ਸਿਰਫ਼ ਇਨ੍ਹਾਂ ਦੇ ਸਰੋਤਾ ਵਰਗ ਹੀ ਅਲੱਗ-ਅਲੱਗ ਹਨ ਸਗੋਂ ਸਰੋਤਿਆਂ ਦੇ ਮਨਾਂ 'ਤੇ ਇਨ੍ਹਾਂ ਦੇ ਪੈਣ ਵਾਲੇ ਪ੍ਰਭਾਵਾਂ ਦੀ ਤਾਸੀਰ ਵੀ ਅਸਲੋਂ ਹੀ ਅਲੱਗ-ਅਲੱਗ ਹੈ। ਇਕ ਵਰਗ 'ਬਾਜ਼ਾਂ ਵਾਲੇ' ਕੋਲੋਂ ਰੂਹਾਨੀ ਸ਼ਕਤੀ ਤੇ ਪ੍ਰੇਰਨਾ ਲੈਂਦਾ ਹੈ, ਦੂਜਾ 'ਬੰਸਰੀ ਵਾਲੇ' ਕੋਲੋਂ। ਤਿੰਨਾਂ ਵਰਗਾਂ ਅੰਦਰ "ਅਤੀਤ ਵਿੱਚ ਰਲ ਕੇ ਝੱਲੀਆਂ ਮੁਸੀਬਤਾਂ ਦੇ ਸਾਂਝੇ ਅਹਿਸਾਸ, ਹਾਰਾਂ ਦੇ ਸਾਂਝੇ ਦਰਦ, ਜਿੱਤਾਂ ਦੇ ਸਾਂਝੇ ਸਰੂਰ, ਸਾਂਝੀਆਂ ਖ਼ੁਸ਼ੀਆਂ, ਸਾਂਝੇ ਗ਼ਮਾਂ ਤੇ ਭਵਿੱਖ ਦੇ ਸਾਂਝੇ ਸੁਪਨਿਆਂ" ਦੀ ਅਣਹੋਂਦ ਸਾਫ਼ ਦੇਖੀ ਜਾ ਸਕਦੀ ਹੈ। ਮੀਰ ਮੰਨੂ ਦੇ ਜ਼ੁਲਮਾਂ ਅਤੇ ਘੱਲੂਘਾਰਿਆਂ ਦੀ ਯਾਦ ਜਿਸ ਕਦਰ ਸਿੱਖ ਮਨ ਨੂੰ ਝੰਜੋੜਦੀ ਹੈ, ਹਿੰਦੂ ਮਨ ਉੱਤੇ ਉਸ ਤਰ੍ਹਾਂ ਦਾ ਪ੍ਰਭਾਵ ਨਹੀਂ ਛੱਡ ਸਕਦੀ। ਮੁਸਲਿਮ ਮਨ ਉੱਤੇ ਤਾਂ ਉੱਕਾ ਹੀ ਨਹੀਂ। ਦੂਰ ਦੀ ਗੱਲ ਕਿਉਂ, ਨੇੜ ਇਤਿਹਾਸ ਦੀ ਉਦਾਹਰਣ ਹੀ ਲੈ ਲਓ। ਜੂਨ ਚੁਰਾਸੀ ਦੀਆਂ ਘਟਨਾਵਾਂ ਨੇ ਪੰਜਾਬੀ ਸਮਾਜ ਦੇ ਸਾਰੇ ਵਰਗਾਂ ਉੱਤੇ ਇਕਸਾਰ ਅਸਰ ਨਹੀਂ ਛੱਡਿਆ। ਸ੍ਰੀ ਦਰਬਾਰ ਸਾਹਿਬ ਉੱਤੇ ਹੋਏ ਫ਼ੌਜੀ ਹਮਲੇ ਨਾਲ ਜੇਕਰ ਇਕ ਵਰਗ ਦੁੱਖ ਅਤੇ ਗ਼ਮ ਨਾਲ ਬੇਹਾਲ ਹੋ ਉਠਿਆ, ਤਾਂ ਦੂਜੇ ਵਰਗ ਨੂੰ ਖ਼ੁਸ਼ੀ ਨਾਲ ਚਾਂਭੜਾਂ ਪਾਉਂਦੇ ਤੇ ਲੱਡੂ ਵੰਡਦੇ ਦੇਖਿਆ ਗਿਆ। ਏਨਾ ਵੱਡਾ ਪਾੜਾ ਬੇਵਜ੍ਹਾ ਨਹੀਂ ਹੋ ਸਕਦਾ। ਇਸ ਦਾ ਦੋਸ਼ ਇਕ ਪਾਸੇ 'ਸਿੱਖ ਕੱਟੜਵਾਦ' ਤੇ ਦੂਜੇ ਪਾਸੇ 'ਹਿੰਦੂ ਫ਼ਿਰਕੂਪੁਣੇ' ਉੱਤੇ ਸੁਟ ਦੇਣ ਨਾਲ ਕਿਸੇ ਦੀ 'ਆਧੁਨਿਕਵਾਦੀ' ਆਤਮਾ ਤਾਂ ਸੰਤੁਸ਼ਟ ਹੋ ਸਕਦੀ ਹੈ, ਪ੍ਰੰਤੂ ਇਸ ਤਰ੍ਹਾਂ ਦੀ ਘਸੀ-ਪਿਟੀ ਪਹੁੰਚ ਨਾਲ ਪੰਜਾਬੀ ਸਮਾਜ ਦੇ ਅਲੱਗ-ਅਲੱਗ ਧਾਰਮਿਕ ਵਰਗਾਂ ਅੰਦਰ ਮੌਜੂਦ ਦਰਾੜ ਦੀ ਹਕੀਕਤ ਨੂੰ ਨਾ ਤਾਂ ਸਮਝਿਆ ਜਾ ਸਕਦਾ ਹੈ ਤੇ ਨਾ ਹੀ ਸਲੇਟ 'ਤੇ ਲਿਖੇ ਗ਼ਲਤ ਅੱਖਰ ਵਾਂਗ ਮਿਟਾਇਆ ਜਾ ਸਕਦਾ ਹੈ। ਇਹ ਦਰਾੜ ਮੌਸਮੀ ਨਹੀਂ, ਬੁਨਿਆਦੀ ਹੈ। ਕਿਸੇ ਸਿੱਖ ਜਾਂ ਹਿੰਦੂ 'ਫ਼ਿਰਕਾਪ੍ਰਸਤ' ਦੀ ਪੈਦਾ ਕੀਤੀ ਹੋਈ ਨਹੀਂ ਸਗੋਂ ਇਤਿਹਾਸ ਦੇ ਅਮਲ 'ਚੋਂ ਜਨਮੀ ਹੈ। ਇਹ ਇੱਕੋ ਭਾਸ਼ਾ ਬੋਲਣ ਵਾਲੇ ਪ੍ਰੰਤੂ ਅਲੱਗ-ਅਲੱਗ ਵਿਚਾਰਧਾਰਾਵਾਂ ਤੇ ਅਲੱਗ-ਅਲੱਗ ਸਭਿਆਚਾਰਕ ਪ੍ਰੰਪਰਾਵਾਂ ਨੂੰ ਪਰਨਾਏ ਵਰਗਾਂ ਦਾ ਮਾਮਲਾ ਹੈ। ਵਰਗ, ਜਿਹੜੇ ਕਿ ਅਲੱਗ-ਅਲੱਗ ਤਰ੍ਹਾਂ ਦੇ ਇਤਿਹਾਸਕ ਅਮਲਾਂ 'ਚੋਂ ਗੁਜ਼ਰੇ ਹੋਣ ਕਾਰਨ ਇਕ ਦੂਜੇ ਨਾਲੋਂ ਵੱਖਰੀ ਕਿਸਮ ਦੇ ਸਾਂਚਿਆਂ ਵਿੱਚ ਢਲ ਗਏ ਹਨ। ਜਿਸਮਾਨੀ ਲੱਛਣਾਂ ਦੀ ਸਾਂਝ ਦੇ ਬਾਵਜੂਦ, ਇਨ੍ਹਾਂ ਦੇ ਮਾਨਸਿਕ ਮੁਹਾਂਦਰੇ (psychological complexion) ਅਹਿਮ ਰੂਪ ਵਿੱਚ ਵੱਖਰੇ ਹੋ ਗੁਜ਼ਰੇ ਹਨ।

'ਸੰਯੁਕਤ ਪੰਜਾਬੀ ਕੌਮ' ਦੀ ਧਾਰਨਾ ਦੇ ਕਾਇਲ ਵਰਗ ਵੱਲੋਂ ਅਕਸਰ ਪੰਜਾਬੀ ਬੋਲੀ ਤੇ ਪੰਜਾਬੀ ਸਭਿਆਚਾਰ ਦੀ ਸਾਂਝ ਦੀ ਗੱਲ ਕੀਤੀ ਜਾਂਦੀ ਹੈ। ਵੈਸੇ ਤਾਂ ਉਪਰੋਕਤ ਬਿਆਨ ਵਰਣਨ 'ਚੋਂ ਇਹ ਗੱਲ ਖ਼ੁਦ-ਬ-ਖ਼ੁਦ ਸਪਸ਼ਟ ਹੋ ਜਾਂਦੀ ਹੈ ਕਿ ਅਜਿਹਾ ਕੋਈ 'ਦੈਵੀ ਸਿਧਾਂਤ' ਨਹੀਂ ਜੋ ਇਹ ਸਿਖਾਉਂਦਾ ਹੋਵੇ ਕਿ ਸਿਰਫ਼ ਭਾਸ਼ਾ ਦੀ ਸਾਂਝ ਨਾਲ ਹੀ ਕਿਸੇ ਸਮਾਜੀ ਭਾਈਚਾਰੇ ਦੀ ਸੰਯੁਕਤ ਕੌਮੀ ਹਸਤੀ ਵਿਕਸਤ ਹੋ ਜਾਂਦੀ ਹੈ। ਉਂਜ ਜੇਕਰ ਥੋੜਾ ਗਹਿਰਾਈ ਵਿੱਚ ਜਾ ਕੇ ਦੇਖਿਆ ਜਾਵੇ ਤਾਂ ਪੰਜਾਬੀ ਬੋਲੀ ਦੀ ਸਾਂਝ ਦੀ ਅਸਲੀਅਤ ਵੀ ਬਾਖ਼ੂਬ ਉਜਾਗਰ ਹੋ ਜਾਂਦੀ ਹੈ। ਇਹ ਗੱਲ ਤਾਂ ਠੀਕ ਹੈ ਕਿ ਪੰਜਾਬੀ ਸਮਾਜ ਦੇ ਸਾਰੇ ਵਰਗਾਂ ਦੀ ਮਾਂ ਬੋਲੀ ਪੰਜਾਬੀ ਹੈ, ਪ੍ਰੰਤੂ ਆਪਣੀ ਮਾਂ ਬੋਲੀ ਪ੍ਰਤੀ ਲਗਾਉ ਅਤੇ ਪਿਆਰ ਦੇ ਮਾਮਲੇ ਵਿੱਚ ਸਾਰਿਆਂ ਅੰਦਰ ਇਕਸਾਰਤਾ ਨਹੀਂ ਹੈ। ਜਿਥੋਂ ਤਕ ਸਵਰਨਜਾਤੀ ਹਿੰਦੂ ਵਰਗ ਦਾ ਸਬੰਧ ਹੈ, ਉਸ ਦਾ ਪੰਜਾਬੀ ਨੂੰ ਛੱਡ ਕੇ ਹਿੰਦੀ ਪ੍ਰਤੀ

ਹੋਜ ਕਿਸੇ ਕੋਲੋਂ ਗੁੱਝਾ ਨਹੀਂ। ਅਜਿਹਾ 'ਸਿੱਖ ਫ਼ਿਰਕਾਪ੍ਰਸਤੀ' ਦੇ ਪ੍ਰਤੀਕਰਮ ਕਰਕੇ ਨਹੀਂ ਹੋਇਆ (ਜਿਵੇਂ ਕਿ ਕੁਝ ਅਖੌਤੀ ਅਗਾਂਹਵਧੂ ਤੇ ਖੱਬੇ ਪੱਖੀ ਸੋਚ ਵਾਲੇ ਲੋਕਾਂ ਦਾ ਮੰਨਣਾ ਤੇ ਕਹਿਣਾ ਹੈ)। ਇਸ ਰੁਚੀ ਦਾ ਜਨਮ ਉੱਨੀਵੀਂ ਸਦੀ ਅੰਦਰ ਆਰੀਆ ਸਮਾਜ ਦੀ ਆਮਦ ਨਾਲ ਹੀ ਹੋ ਗਿਆ ਸੀ। ਫਿਰ ਕੀ ਇਹ ਗੱਲ ਮੰਨ ਲਈ ਜਾਵੇ ਕਿ ਇਹ ਭਾਣਾ ਆਰੀਆ ਸਮਾਜੀ ਵਿਚਾਰਧਾਰਾ ਦੀ ਬਦੌਲਤ ਹੀ ਵਾਪਰਿਆ ? ਇਸ ਵਿਆਖਿਆ ਨੂੰ ਪੂਰਨ ਰੂਪ 'ਚ ਨਹੀਂ, ਅੰਸ਼ਕ ਰੂਪ 'ਚ ਹੀ ਸਹੀ ਮੰਨਿਆ ਜਾ ਸਕਦਾ ਹੈ। ਕਿਉਂਕਿ ਭਾਵੇਂ ਇਹ ਗੱਲ ਠੀਕ ਹੈ ਕਿ ਆਰੀਆ ਸਮਾਜੀ ਵਿਚਾਰਧਾਰਾ ਭਾਰਤ ਦੇ ਹਿੰਦੂ ਵਰਗ ਅੰਦਰ ਹਿੰਦੂ ਕੌਮਪ੍ਰਸਤੀ ਦਾ ਜਜ਼ਬਾ ਉਭਾਰਨ ਦੇ ਪ੍ਰੋਜੈਕਟ ਵਿੱਚ ਹਿੰਦੀ ਦਾ ਵੱਡਾ ਸਥਾਨ ਤੇ ਅਹਿਮੀਅਤ ਮਿਥਦੀ ਹੈ ਅਤੇ ਲਾਲਾ ਲਾਜਪਤ ਰਾਇ ਦੇ ਕਥਨ ਅਨੁਸਾਰ ਇਸ ਨੂੰ "ਭਾਰਤੀ ਕੌਮੀਅਤ ਦੇ ਚਬੂਤਰੇ ਦੀ ਆਧਾਰਸ਼ਿਲਾ" ਵਜੋਂ ਚਿਤਵਦੀ ਹੈ। ਇਸ ਤਰ੍ਹਾਂ ਆਰੀਆ ਸਮਾਜੀ ਵਿਚਾਰਧਾਰਾ ਨੇ ਸਵਰਨਜਾਤੀ ਪੰਜਾਬੀ ਹਿੰਦੂ ਵਰਗ ਅੰਦਰ ਹਿੰਦੀ ਪ੍ਰਤੀ ਪ੍ਰੇਮ ਭਾਵਨਾ ਪੈਦਾ ਕਰਨ ਵਿੱਚ ਜ਼ਰੂਰ ਅਹਿਮ ਰੋਲ ਨਿਭਾਇਆ। ਪਰ ਇਹ ਕਹਿਣਾ ਪੂਰੀ ਤਰ੍ਹਾਂ ਠੀਕ ਨਹੀਂ ਲੱਗਦਾ ਕਿ ਪੰਜਾਬੀ ਹਿੰਦੂ ਵਰਗ ਦੇ ਆਪਣੀ ਮਾਂ ਬੋਲੀ ਤੋਂ ਬੇਮੁੱਖ ਹੋਣ ਦੀ ਇਹੀ ਇਕ ਮਾਤਰ ਵਜ੍ਹਾ ਹੈ। ਕਿਉਂਕਿ ਜੇਕਰ ਇਹ ਗੱਲ ਹੁੰਦੀ ਤਾਂ ਇਹ ਵਰਤਾਰਾ ਭਾਰਤ ਦੇ ਹੋਰਨਾਂ ਰਾਜਾਂ ਅੰਦਰ ਵੀ ਜ਼ਰੂਰ ਪ੍ਰਗਟ ਹੋਇਆ ਹੁੰਦਾ। ਕਿਸੇ ਬੰਗਾਲੀ ਆਰੀਆ ਸਮਾਜੀ ਦੇ ਬੰਗਾਲੀ ਭਾਸ਼ਾ ਤੋਂ ਬੇਮੁੱਖ ਹੋਣ ਦੀ ਕੋਈ ਉਦਾਹਰਣ ਨਹੀਂ ਮਿਲਦੀ। ਬਾਲ ਗੰਗਾਧਰ ਤਿਲਕ ਵਰਗਾ ਹਿੰਦੀ ਦਾ ਕੱਟੜ ਮੁਦਈ ਵੀ ਆਪਣੀ ਮਾਂ ਬੋਲੀ (ਮਰਾਠੀ) ਨੂੰ ਕਿਸੇ ਵੀ ਰੂਪ ਵਿੱਚ ਛੁਟਿਆਉਣ ਜਾਂ ਦੁਪਿਆਰਨ ਦੇ ਰਾਹ ਨਹੀਂ ਪਿਆ। ਸੋ ਜੇਕਰ ਪੰਜਾਬ ਦੇ ਸਵਰਨਜਾਤੀ ਹਿੰਦੂ ਵਰਗ ਨੇ ਲਗਭਗ ਸਮੂਹਿਕ ਪੱਧਰ 'ਤੇ, ਆਪਣੀ ਮਾਂ ਬੋਲੀ ਤੋਂ ਬੇਮੁੱਖ ਹੋਣ ਦਾ ਪੈਂਤੜਾ ਅਪਣਾਇਆ ਤਾਂ ਇਸ ਨੂੰ ਨਿਰਾ ਆਰੀਆ ਸਮਾਜੀ ਵਿਚਾਰਧਾਰਾ ਦਾ 'ਪ੍ਰਤਾਪ' ਹੀ ਨਹੀਂ ਮੰਨਿਆ ਜਾ ਸਕਦਾ। ਇਸ ਦੇ ਕਾਰਨ ਇਤਿਹਾਸਕ ਹਨ ਜੋ ਸਮਾਜ ਵਿਗਿਆਨੀਆਂ ਦੇ ਡੂੰਘੇ ਗ਼ੌਰ ਤੇ ਵਧੇਰੇ ਗਹਿਰੀ ਘੋਖ-ਪੜਤਾਲ ਦੀ ਮੰਗ ਕਰਦੇ ਹਨ।

ਇਤਿਹਾਸ ਦੀ ਲੋੜੀਂਦੀ ਵਾਕਫ਼ੀਅਤ ਨਾ ਹੋਣ ਕਰਕੇ ਆਮ ਲੋਕਾਂ ਦੇ ਮਨਾਂ ਅੰਦਰ ਇਹ ਪ੍ਰਭਾਵ ਬਣਿਆ ਹੋਇਆ ਹੈ ਕਿ ਪੰਜਾਬੀ ਹਿੰਦੂ ਵਰਗ ਅੰਦਰ ਆਪਣੀ ਮਾਂ ਬੋਲੀ ਤੋਂ ਮੁਨਕਰ ਹੋਣ ਦਾ ਰੁਝਾਨ ਅਚਾਨਕ 1951 ਦੀ ਮਰਦਮਸ਼ੁਮਾਰੀ ਮੌਕੇ ਹੀ ਪ੍ਰਗਟ ਹੋਇਆ ਸੀ ਜਿਸ ਦਾ ਸੀਮਤ ਉਦੇਸ਼ ਅਕਾਲੀ ਦਲ ਵੱਲੋਂ ਉਠਾਈ ਜਾ ਰਹੀ ਪੰਜਾਬੀ ਸੂਬੇ ਦੀ ਮੰਗ ਦਾ ਵਿਰੋਧ ਕਰਨਾ ਦੱਸਿਆ ਜਾਂਦਾ ਹੈ। ਪਰ ਸੱਚ ਇਹ ਹੈ ਕਿ ਸ਼ਹਿਰੀ ਅਤੇ ਸਵਰਨਜਾਤੀ ਪੰਜਾਬੀ ਹਿੰਦੂ ਵਰਗ ਨੇ ਬਹੁਤ ਚਿਰ ਪਹਿਲਾਂ ਤੋਂ ਹੀ, ਜਦ ਪੰਜਾਬੀ ਸੂਬੇ ਜਾਂ ਸਿੱਖ ਸਟੇਟ ਦੀ ਮੰਗ ਅਕਾਲੀ ਲੀਡਰਸ਼ਿਪ ਦੀ ਕਲਪਨਾ 'ਚ ਵੀ ਨਹੀਂ ਸੀ, ਪੰਜਾਬੀ ਨੂੰ ਬੇਦਾਵਾ ਦੇਣ ਦੀ ਬਾਕਾਇਦਾ ਮੁਹਿੰਮ ਆਰੰਭ ਦਿੱਤੀ ਹੋਈ ਸੀ। ਇਸ ਦਾ ਠੋਸ ਸਬੂਤ ਇਸ ਇਸ਼ਤਿਹਾਰ ਤੋਂ ਮਿਲਦਾ ਹੈ ਜੋ ਆਰੀਆ ਸਮਾਜ ਦੀ ਵੱਛੋਵਾਲੀ (ਲਾਹੌਰ) ਇਕਾਈ ਨੇ 1931 ਦੀ ਮਰਦਮਸ਼ੁਮਾਰੀ ਮੌਕੇ ਵਿਆਪਕ ਪੈਮਾਨੇ 'ਤੇ ਛਾਪ ਕੇ ਵੰਡਿਆ। ਹੇਠਾਂ ਇਸ ਇਸ਼ਤਿਹਾਰ ਦੀ ਹੂ-ਬ-ਹੂ ਨਕਲ ਦਿੱਤੀ ਜਾ ਰਹੀ ਹੈ:

**ਯਾਦ ਰੱਖੋ!**
ਮਰਦਮਸ਼ੁਮਾਰੀ ਦਾ ਅਮਲ ਆਰੰਭ ਹੋ ਚੁੱਕਾ ਹੈ
ਸੁਆਲ : ਤੁਹਾਡਾ ਜੁਆਬ ਇਹ ਹੋਣਾ ਚਾਹੀਦਾ ਹੈ
ਧਰਮ : ਵੈਦਿਕ ਧਰਮ

ਫ਼ਿਰਕਾ : ਆਰੀਆ ਸਮਾਜੀ
ਜਾਤੀ : ਕੋਈ ਨਹੀਂ
ਨਸਲ : ਆਰੀਆ
ਭਾਸ਼ਾ : ਆਰੀਆ ਭਾਸ਼ਾ (ਹਿੰਦੀ)

ਮਰਦਮਸ਼ੁਮਾਰੀ ਕਮੇਟੀ,
ਆਰੀਆ ਸਮਾਜ, ਵੱਛੋਵਾਲੀ, ਲਾਹੌਰ[9]

ਮਰਦਮਸ਼ੁਮਾਰੀ ਦੇ ਅੰਕੜਿਆਂ ਉੱਤੇ ਇਸ ਤਰ੍ਹਾਂ ਦੇ ਪ੍ਰਾਪੇਗੰਡੇ ਦਾ ਜੋ ਪ੍ਰਭਾਵ ਪਿਆ ਉਸ ਬਾਰੇ ਮਰਦਮਸ਼ੁਮਾਰੀ ਅਮਲੇ (1931) ਦੇ ਸੁਪਰਡੈਂਟ ਅਹਿਮਦ ਹਸਨ ਖ਼ਾਨ ਨੇ ਆਪਣੀ ਰਿਪੋਰਟ ਵਿੱਚ ਖੁੱਲ੍ਹ ਕੇ ਇਹ ਗੱਲ ਮੰਨੀ ਕਿ, "ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਤਰ੍ਹਾਂ ਦੀ ਪ੍ਰਚਾਰਬਾਜ਼ੀ ਦਾ ਕੁਝ ਅਸਰ ਜ਼ਰੂਰ ਹੋਇਆ, ਖ਼ਾਸ ਕਰਕੇ ਸ਼ਹਿਰੀ ਖੇਤਰ ਦੇ ਅੰਕੜਿਆਂ 'ਤੇ। ਕਈ ਜ਼ਿਲ੍ਹਿਆਂ ਦੇ ਜ਼ਿਲ੍ਹਾ ਅਫ਼ਸਰਾਂ ਨੇ ਆਪਣੀਆਂ ਰਿਪੋਰਟਾਂ ਵਿੱਚ ਇਹ ਜ਼ਿਕਰ ਕੀਤਾ ਹੈ ਕਿ ਕੁਝ ਚੰਗੇ ਭਲੇ ਪੰਜਾਬੀ ਬੋਲਦੇ ਖੇਤਰਾਂ ਅੰਦਰ ਕਾਫ਼ੀ ਸਾਰੇ ਹਿੰਦੂਆਂ ਤੇ ਮੁਸਲਮਾਨਾਂ ਨੇ ਹਿੰਦੀ ਜਾਂ ਉਰਦੂ ਨੂੰ ਆਪਣੀ ਮਾਂ ਬੋਲੀ ਵਜੋਂ ਦਰਜ ਕਰਵਾਉਣ ਦੀ ਜ਼ਿੱਦ ਕੀਤੀ। ਗੁਜਰਾਂਵਾਲਾ ਜ਼ਿਲ੍ਹੇ ਦੇ ਇਕ ਕਸਬੇ ਅੰਦਰ ਮੈਨੂੰ ਖ਼ੁਦ ਕੁਝ ਅਜਿਹੇ ਲੋਕਾਂ ਨਾਲ ਖਹਿਬੜਨਾ ਪਿਆ ਜਿਨ੍ਹਾਂ ਕੋਲ ਉੱਪਰ ਬਿਆਨਿਆ (ਆਰੀਆ ਸਮਾਜੀ) ਇਸ਼ਤਿਹਾਰ ਸੀ ਅਤੇ ਜੋ ਪੰਜਾਬੀ ਦੀ ਥਾਂ 'ਤੇ ਹਿੰਦੀ ਨੂੰ ਮਾਂ ਬੋਲੀ ਲਿਖਾਉਣਾ ਚਾਹੁੰਦੇ ਸਨ। ਮੇਰੇ ਮਨ ਅੰਦਰ ਇਸ ਬਾਰੇ ਕੋਈ ਸੰਦੇਹ ਨਹੀਂ ਕਿ ਕਾਫ਼ੀ ਸਾਰੇ ਲੋਕਾਂ ਨੇ ਪੰਜਾਬੀ ਨੂੰ ਛੱਡ ਕੇ ਉਰਦੂ ਜਾਂ ਹਿੰਦੀ ਨੂੰ ਆਪਣੀ ਮਾਂ ਬੋਲੀ ਵਜੋਂ ਦਰਜ ਕਰਵਾਇਆ ਹੈ।" 1941 ਦੀ ਮਰਦਮਸ਼ੁਮਾਰੀ ਦੌਰਾਨ ਵੀ ਇਹੋ ਅਮਲ ਦੁਹਰਾਇਆ ਗਿਆ ਜਿਸ ਵਜ੍ਹਾ ਕਰਕੇ ਅਧਿਕਾਰੀਆਂ ਨੂੰ ਭਾਸ਼ਾ ਸੰਬੰਧੀ ਅੰਕੜਿਆਂ ਦੀ ਸਾਰਨੀ ਤਿਆਰ ਕਰਨ ਦਾ ਕੰਮ ਹੀ ਤਿਆਗਣਾ ਪੈ ਗਿਆ। ਭਾਰਤ ਦੀ ਮਰਦਮਸ਼ੁਮਾਰੀ ਦੇ ਕਮਿਸ਼ਨਰ (W.M. Yeats) ਨੇ ਆਪਣੀ ਰਿਪੋਰਟ ਵਿੱਚ ਖੁੱਲ੍ਹੇਆਮ ਇਹ ਮੰਨਿਆ ਕਿ, "ਜਿਥੇ ਕਿਤੇ ਵੀ ਉਰਦੂ ਹਿੰਦੀ ਦਾ ਰੇੜਕਾ ਪੈ ਗਿਆ ਹੈ, ਉਥੇ ਮਰਦਮਸ਼ੁਮਾਰੀ ਦੇ ਅੰਕੜੇ ਬੇਮਤਲਬ ਬਣ ਕੇ ਰਹਿ ਗਏ ਹਨ।"[10]

ਸੋ ਮਸਲਾ ਸਿਰਫ਼ ਮਰਦਮਸ਼ੁਮਾਰੀ ਮੌਕੇ ਮਾਂ ਬੋਲੀ ਤੋਂ ਮੁਨਕਰ ਹੋਣ ਦਾ ਹੀ ਨਹੀਂ। ਮਸਲਾ ਮਾਂ ਬੋਲੀ ਪ੍ਰਤੀ ਧਾਰਨ ਕੀਤੇ ਸਮੁੱਚੇ ਰਵੱਈਏ ਦਾ ਹੈ। ਜੇਕਰ ਪੰਜਾਬ ਦੇ ਸ਼ਹਿਰੀ ਅਤੇ ਸਵਰਨਜਾਤੀ ਹਿੰਦੂ ਵਰਗ ਦੇ ਮਨ ਅੰਦਰ ਪੰਜਾਬੀ ਪ੍ਰਤੀ ਸਨੇਹ ਤੇ ਸਤਿਕਾਰ ਦੀਆਂ ਉਹ ਭਾਵਨਾਵਾਂ ਹੀ ਮੌਜੂਦ ਨਹੀਂ ਹਨ ਜੋ ਕਿ ਆਮ ਤੌਰ 'ਤੇ ਕਿਸੇ ਵੀ ਕੌਮੀ ਗਰੁੱਪ ਦੇ ਮੈਂਬਰਾਂ ਅੰਦਰ ਕੁਦਰਤੀ ਅਤੇ ਲਾਜ਼ਮੀ ਤੌਰ 'ਤੇ ਮੌਜੂਦ ਹੁੰਦੀਆਂ ਹਨ ਤੇ ਹੋਣੀਆਂ ਵੀ ਚਾਹੀਦੀਆਂ ਹਨ, ਤਾਂ 'ਸਰਬਸਾਂਝੀ ਪੰਜਾਬੀ ਪਛਾਣ' ਦੀ ਧਾਰਨਾ ਦੇ ਉਪਾਸ਼ਕਾਂ ਦੇ ਲੱਖ ਯਤਨਾਂ ਦੇ ਬਾਵਜੂਦ ਮਸਨੂਈ ਢੰਗਾਂ ਨਾਲ ਇਹ ਭਾਵਨਾਵਾਂ ਪੈਦਾ ਨਹੀਂ ਕੀਤੀਆਂ ਜਾ ਸਕਦੀਆਂ। ਰਾਖ ਦੀ ਢੇਰੀ ਉੱਤੇ ਲੱਖ ਫੂਕਾਂ ਮਾਰਨ ਦੇ ਬਾਵਜੂਦ ਉਸ ਵਿੱਚੋਂ ਚਿਣਗਾਂ ਨਹੀਂ ਮਘਾਈਆਂ ਜਾ ਸਕਦੀਆਂ।

ਰਹੀ ਗੱਲ 'ਸਾਂਝੇ ਪੰਜਾਬੀ ਸਭਿਆਚਾਰ' ਦੀ। ਇਹ ਭਰਮ ਵੀ 'ਸਭਿਆਚਾਰ' ਦੇ ਸੰਕਲਪ ਬਾਰੇ ਸਤਹੀ ਸਮਝ ਦੀ ਪੈਦਾਵਾਰ ਹੈ। ਸਭਿਆਚਾਰ ਕਿਸ ਨੂੰ ਕਿਹਾ ਜਾਂਦਾ ਹੈ? ਇਸ ਸੁਆਲ ਦਾ ਕੋਈ 'ਊੜਾ ਊਠ' ਵਰਗਾ ਸਰਲ ਤੇ ਘੜਿਆ-ਘੜਾਇਆ ਜਵਾਬ ਸੰਭਵ ਨਹੀਂ ਹੈ। ਸਭਿਆਚਾਰ ਨੂੰ ਸਿਰਫ਼ ਖਾਣ-ਪੀਣ, ਪਹਿਨਣ-ਪਰਚਣ ਤੇ ਮੌਜ-ਮਸਤੀ ਦੇ ਰੂਪਾਂ ਤਕ ਸੁੰਗੇੜ ਕੇ ਦੇਖਣਾ, ਇਸ ਵਿਸ਼ਾਲ, ਬਹੁਪਰਤੀ ਤੇ ਗੁੰਝਲਦਾਰ ਵਰਤਾਰੇ

ਬਾਰੇ ਅਗਿਆਨਤਾ ਦਾ ਪ੍ਰਗਟਾਵਾ ਕਰਨਾ ਹੈ। ਆਮ ਰਿਵਾਜ ਪੰਜਾਬੀ ਸਭਿਆਚਾਰ ਨੂੰ ਸਰ੍ਹੋਂ ਦੇ ਸਾਗ ਤੇ ਮੱਕੀ ਦੀ ਰੋਟੀ, ਗਿੱਧੇ-ਭੰਗੜੇ ਤੇ ਲੋਹੜੀ ਦੀਵਾਲੀ ਦੇ ਜ਼ਸ਼ਨਾਂ ਤਕ ਸੁੰਗੇੜ ਕੇ ਦੇਖਣਾ ਹੈ। ਇਸ ਵਿੱਚੋਂ ਹੀ ਪੰਜਾਬੀ ਸਮਾਜ ਦੇ ਸਭਨਾਂ ਵਰਗਾਂ ਦੀ 'ਮਜ਼ਬੂਤ ਸਭਿਆਚਾਰਕ ਸਾਂਝ' ਦਾ ਭਰਮ ਪੈਦਾ ਹੁੰਦਾ ਹੈ। ਕਿਸੇ ਵੀ ਬਹੁਪਰਤੀ ਤੇ ਗੁੰਝਲਦਾਰ ਵਰਤਾਰੇ ਦਾ ਅਸਲ ਤੱਤ ਉਸ ਦੀਆਂ ਬਾਹਰਲੀਆਂ ਕੰਨੀਆਂ (periphery) ਤੋਂ ਨਹੀਂ ਉਸ ਦੀ ਗਿਰੀ (core) ਤੋਂ ਨਿਰਧਾਰਿਤ ਹੁੰਦਾ ਹੈ। ਇਸ ਹਿਸਾਬ ਨਾਲ ਦੇਖਿਆਂ ਜਿਥੇ ਪੰਜਾਬੀ ਲੋਕਾਂ ਅੰਦਰ ਸਭਿਆਚਾਰ ਦੇ ਕੁਝ ਸਾਂਝੇ ਲੱਛਣਾਂ ਦੀ ਹੋਂਦ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ, ਉਥੇ ਨਾਲ ਹੀ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਹ ਸਾਂਝੇ ਲੱਛਣ (ਜਿਨ੍ਹਾਂ ਦਾ ਸਬੰਧ ਜ਼ਿਆਦਾ ਕਰਕੇ ਖਾਣ-ਪੀਣ, ਪਹਿਨਣ ਪਚਰਨ ਤੇ ਮੌਜ-ਮੇਲੇ ਦੇ ਰੂਪਾਂ ਨਾਲ ਹੈ) ਕਿਸੇ ਵੀ ਤਰ੍ਹਾਂ ਪੰਜਾਬੀ ਸਭਿਆਚਾਰ ਦੇ ਅਸਲ ਤੱਤ ਨੂੰ ਰੂਪਮਾਨ ਨਹੀਂ ਕਰਦੇ। ਸਭਿਆਚਾਰ ਦਾ ਅਸਲ ਤੱਤ ਉਹ ਗੱਲ ਹੈ ਜਿਹੜੀ ਸਬੰਧਤ ਭਾਈਚਾਰੇ ਦੇ ਮੈਂਬਰਾਂ ਨੂੰ ਇਕ ਖ਼ਾਸ ਕਿਸਮ ਦੇ ਸਾਂਚੇ ਵਿੱਚ ਢਾਲਦੀ ਹੈ। ਉਨ੍ਹਾਂ ਅੰਦਰ ਜ਼ਿੰਦਗੀ ਪ੍ਰਤੀ ਇਕ ਖ਼ਾਸ ਕਿਸਮ ਦਾ ਨਜ਼ਰੀਆ ਤੇ ਰਵੱਈਆ ਵਿਕਸਤ ਕਰਦੀ ਹੈ। ਉਨ੍ਹਾਂ ਅੰਦਰ ਇਕ ਖ਼ਾਸ ਕਿਸਮ ਦਾ ਸਮਾਜੀ-ਸਭਿਆਚਾਰਕ ਕਦਰ-ਪ੍ਰਬੰਧ (value system) ਸਿਰਜਦੀ ਹੈ। ਉਨ੍ਹਾਂ ਅੰਦਰ ਇਕ ਖ਼ਾਸ ਕਿਸਮ ਦੀਆਂ ਉਮੀਦਾਂ ਤੇ ਆਸ਼ਾਵਾਂ ਪੈਦਾ ਕਰਦੀ ਅਤੇ ਉਨ੍ਹਾਂ ਦੀ ਸਮੁੱਚੀ ਸ਼ਖ਼ਸੀਅਤ ਤੇ ਜੀਵਨ-ਸ਼ੈਲੀ ਨੂੰ ਇਕ ਖ਼ਾਸ ਤਰਜ਼ ਉੱਤੇ ਢਾਲਦੀ ਹੈ। ਇਕ ਮੋਟੀ ਤੇ ਸਿੱਧੀ ਜਿਹੀ ਗੱਲ ਹੈ। ਪੰਜਾਬ ਅੰਦਰ ਜ਼ੁਲਮ ਤੇ ਬੇਇਨਸਾਫ਼ੀ ਵਿਰੁੱਧ ਜਿੰਨੀਆਂ ਵੀ ਲਹਿਰਾਂ ਚੱਲੀਆਂ ਹਨ, ਉਨ੍ਹਾਂ ਵਿੱਚ ਸਿਰਫ਼ ਸਿੱਖਾਂ ਦੀ ਹੀ ਭਾਰੂ ਸ਼ਮੂਲੀਅਤ ਕਿਉਂ ਰਹੀ ਹੈ ? ਗ਼ਦਰ ਪਾਰਟੀ (1914-15) ਦੀ ਲਹਿਰ ਹੋਵੇ ਜਾਂ ਬੱਬਰ ਅਕਾਲੀ ਲਹਿਰ (1925-26), 'ਲਾਲ ਪਾਰਟੀ' ਦੀ ਅਗਵਾਈ ਹੇਠ ਪੈਪਸੂ ਦੀ ਖਾੜਕੂ ਮੁਜ਼ਾਰਾ ਲਹਿਰ (1948) ਹੋਵੇ ਜਾਂ ਫਿਰ ਸੱਤਵੇਂ ਤੇ ਅੱਠਵੇਂ ਦਹਾਕੇ ਅੰਦਰ ਚੱਲੀ ਨਕਸਲੀ ਇਨਕਲਾਬੀ ਲਹਿਰ, ਇਨ੍ਹਾਂ ਸਾਰੀਆਂ ਲਹਿਰਾਂ ਅੰਦਰ ਹਿੰਦੂ ਵਰਗ ਦੀ ਨਿਗੂਣੀ ਸ਼ਮੂਲੀਅਤ ਦਾ ਕਾਰਨ ਕੀ ਹੋ ਸਕਦਾ ਹੈ ? ਇਹ ਕਿ ਸਰ੍ਹੋਂ ਦੇ ਸਾਗ ਤੇ ਮੱਕੀ ਦੀ ਰੋਟੀ ਦੀ ਸਾਂਝ ਦੇ ਬਾਵਜੂਦ ਪੰਜਾਬ ਦੇ ਹਿੰਦੂ ਵਰਗ ਦਾ ਸੰਸਾਰ ਅਤੇ ਜ਼ਿੰਦਗੀ ਪ੍ਰਤੀ ਸਮੁੱਚਾ ਨਜ਼ਰੀਆ ਸਿੱਖਾਂ ਨਾਲੋਂ ਅਹਿਮ ਰੂਪ ਵਿੱਚ ਅਲੱਗ ਹੈ। ਗਰੁੱਪ-ਚੇਤਨਾ ਸਿੱਖਾਂ ਨਾਲੋਂ ਅਹਿਮ ਰੂਪ ਵਿੱਚ ਵੱਖਰੀ ਹੈ। ਤਾਂ ਫਿਰ ਕੀ ਏਡੇ ਵੱਡੇ ਵਖਰੇਵਿਆਂ ਦੇ ਹੁੰਦਿਆਂ ਇਨ੍ਹਾਂ ਦੋਨੋਂ ਵਰਗਾਂ ਨੂੰ ਇਕ 'ਅਖੰਡ ਪੰਜਾਬੀ ਕੌਮ' ਦੇ ਜੁਜ਼ਵੀ ਅੰਗ ਮੰਨਿਆ ਜਾ ਸਕਦਾ ਹੈ ? ਕਦਾਚਿਤ ਨਹੀਂ। ਸਿੱਖ ਪੰਥ ਆਪਣੇ ਵਿਲੱਖਣ ਕੌਮੀ ਲੱਛਣਾਂ ਸਦਕਾ ਯਕੀਨਨ ਹੀ ਇਕ ਵੱਖਰਾ ਕੌਮੀ ਭਾਈਚਾਰਾ ਹੈ ਜਿਸਦੇ ਰਾਜਸੀ ਉਦੇਸ਼, ਆਦਰਸ਼ ਤੇ ਉਮੰਗਾਂ ਪੰਜਾਬੀ ਹਿੰਦੂ ਵਰਗ ਨਾਲੋਂ ਮਹੱਤਵਪੂਰਨ ਰੂਪ 'ਚ ਵੱਖਰੀਆਂ ਹਨ।

ਪਰ ਕੀ ਇਹ ਹਕੀਕਤ ਪਰਵਾਨ ਕਰ ਲੈਣ ਦਾ ਅਰਥ ਪੰਜਾਬੀ ਸਮਾਜ ਦੀ ਏਕਤਾ ਤੇ ਭਾਈਚਾਰੇ ਤੋਂ ਮੁਨਕਰ ਹੋਣਾ ਹੈ ? ਕਦਾਚਿਤ ਨਹੀਂ। ਸਿੱਖ ਅਤੇ ਹਿੰਦੂ ਵਰਗ ਦੀਆਂ ਆਪਸੀ ਭਾਈਚਾਰਕ ਸਾਂਝਾਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਹ ਸਾਂਝਾਂ ਨਾ ਸਿਰਫ਼ ਕਾਇਮ ਰਹਿਣੀਆਂ ਚਾਹੀਦੀਆਂ ਹਨ ਸਗੋਂ ਹੋਰ ਵੱਧ ਪ੍ਰਫੁੱਲਤ ਹੋਣੀਆਂ ਚਾਹੀਦੀਆਂ ਹਨ। ਪਰ ਇਥੇ ਮਹੱਤਵਪੂਰਨ ਸਿਧਾਂਤਕ ਮੁੱਦਾ ਇਹ ਹੈ ਕਿ ਇਹ ਸਾਂਝਾਂ ਇਕ ਸੰਯੁਕਤ ਪੰਜਾਬੀ ਕੌਮ ਦਾ ਆਧਾਰ ਬਣਨ ਦੀ ਯੋਗਤਾ ਤੇ ਦਮ ਨਹੀਂ ਰਖਦੀਆਂ। ਜੇਕਰ ਇਸ ਜ਼ਾਹਰਾ ਹਕੀਕਤ ਨੂੰ ਪਰਵਾਨ ਨਹੀਂ ਕੀਤਾ ਜਾਂਦਾ ਅਤੇ ਆਪਣੇ ਸਵੈ-ਸਿਰਜੇ ਸਿਧਾਂਤਾਂ ਤੇ ਭੁਲੇਖਿਆਂ ਦੀ ਪ੍ਰੇਤ-ਛਾਇਆ ਹੇਠ ਸਿੱਖ ਪੰਥ ਦੇ ਵੱਖਰੀ ਕੌਮ ਦੇ ਦਾਅਵੇ

ਤੋਂ ਮੁਨਕਰ ਹੋਣ ਦਾ ਹਠ ਕੀਤਾ ਜਾਂਦਾ ਹੈ ਤਾਂ ਇਸ ਦੇ ਹਿੰਦੂ-ਸਿੱਖ ਰਿਸ਼ਤੇ ਉੱਤੇ ਪੈਣ ਵਾਲੇ ਨਕਾਰੀ ਪ੍ਰਭਾਵਾਂ ਤੋਂ ਬਚਾਅ ਕਰ ਸਕਣਾ ਨਾਮੁਮਕਿਨ ਹੈ। ਸਿੱਖ ਕੌਮ ਲਈ ਇਹ ਸੁਆਲ ਇਸ ਕਰਕੇ ਅਹਿਮ ਹੈ ਕਿ 'ਸੰਯੁਕਤ ਪੰਜਾਬੀ ਪਛਾਣ' ਜਾਂ 'ਪੰਜਾਬੀ ਕੌਮੀਅਤ' ਦਾ ਅਡੰਬਰ ਨਾ ਸਿਰਫ਼ ਸਿੱਖ ਪਛਾਣ ਤੋਂ ਮੁਨਕਰ ਹੋਣ ਸਗੋਂ ਇਸ ਨੂੰ ਮਲੀਆਮੇਟ ਕਰ ਸੁੱਟਣ ਦਾ ਇਕ ਧੋਖੇ ਭਰਿਆ ਪੈਂਤੜਾ ਹੈ। ਕੁਲਵੰਤ ਸਿੰਘ ਵਿਰਕ ਤੇ ਹਰਬੰਸ ਸਿੰਘ ਨੇ ਆਪਣੇ ਪਿੱਛੇ-ਬਿਆਨੇ ਕਿਤਾਬਚੇ ਅੰਦਰ, ਪੰਜਾਬੀ ਬੋਲੀ ਦੇ ਨਾਹਰੇ ਹੇਠ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਲਾਮਬੰਦ ਕਰਨ ਦੇ ਉਦੇਸ਼ ਤੇ ਮਕਸਦ ਬਾਰੇ ਕੋਈ ਲੁਕ-ਲੁਕੋਅ ਨਹੀਂ ਰਹਿਣ ਦਿੱਤਾ। ਉਨ੍ਹਾਂ ਦਾ ਕਹਿਣਾ ਹੈ ਕਿ "ਭਾਸ਼ਾ ਅਲੱਗ-ਅਲੱਗ ਧਾਰਮਿਕ ਭਾਈਚਾਰਿਆਂ ਵਿਚਕਾਰ ਇਕ ਪ੍ਰਮੁੱਖ ਕੜੀ ਹੈ। ਇਹ ਉਹ ਚੀਜ਼ ਹੈ ਜਿਹੜੀ ਫ਼ਿਰਕੂ ਵਖਰੇਵਿਆਂ ਦੇ ਬਾਵਜੂਦ ਇਕ ਗਰੁੱਪ ਦੇ ਸਾਰੇ ਲੋਕਾਂ ਅੰਦਰ ਸਾਂਝੀ ਹੈ। ਇਸ ਸਾਂਝੇ ਪੱਖ ਉੱਤੇ ਜ਼ੋਰ ਦੇਣ ਨਾਲ ਫ਼ਿਰਕੂ ਗਰੁੱਪਬੰਦੀਆਂ ਨੂੰ ਲਾਜ਼ਮੀ ਢਾਹ ਲੱਗੇਗੀ। ਭਾਸ਼ਾ ਦਾ ਨਾਹਰਾ ਫ਼ਿਰਕੂ ਲੀਡਰਾਂ ਦੇ ਬਾਦਬਾਨਾਂ 'ਚੋਂ ਹਵਾ ਕੱਢ ਦੇਵੇਗਾ। ਇਕ ਪੰਜਾਬੀ ਬੋਲਦੇ ਰਾਜ ਅੰਦਰ ਲੋਕ ਹਿੰਦੂਆਂ ਜਾਂ ਸਿੱਖਾਂ ਵਜੋਂ ਨਹੀਂ ਸਗੋਂ ਪੰਜਾਬੀਆਂ ਵਜੋਂ ਵਿਚਰਨਗੇ..।"[11] ਉਂਜ ਤਾਂ ਵਿਦਵਾਨ ਲੇਖਕਾਂ ਨੇ ਆਪਣੇ ਇਸ ਕਥਨ ਅੰਦਰ ਕੋਈ ਘਚੋਲਾ ਜਾਂ ਓਹਲਾ ਨਹੀਂ ਰਹਿਣ ਦਿੱਤਾ ਪਰ ਫਿਰ ਵੀ ਜੇਕਰ ਉਨ੍ਹਾਂ ਦੇ ਥੋੜ੍ਹੇ ਜਿਹੇ ਲੁਕਵੇਂ ਅਰਥਾਂ ਨੂੰ ਹੋਰ ਸਪਸ਼ਟ ਕਰ ਦਿੱਤਾ ਜਾਵੇ ਤਾਂ ਉਨ੍ਹਾਂ ਦੀ ਸਾਫ਼ ਤੇ ਸਪਸ਼ਟ ਪੋਜ਼ੀਸ਼ਨ ਇਹ ਬਣਦੀ ਹੈ ਕਿ ਪੰਜਾਬੀ ਬੋਲੀ ਦੀ ਸਾਂਝ ਉੱਤੇ ਜ਼ੋਰ ਦੇਣ ਨਾਲ ਸਿੱਖ ਪੰਥ ਵਰਗੀਆਂ 'ਫ਼ਿਰਕੂ ਗਰੁੱਪਬੰਦੀਆਂ' ਨੂੰ ਖੋਰਾ ਪਵੇਗਾ ਅਤੇ ਪੰਜਾਬੀ ਬੋਲੀ ਦਾ ਨਾਹਰਾ ਮਾਸਟਰ ਤਾਰਾ ਸਿੰਘ ਵਰਗੇ 'ਫ਼ਿਰਕੂ ਲੀਡਰਾਂ' ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾ ਦੇਵੇਗਾ। ਨਤੀਜੇ ਵਜੋਂ ਪੰਜਾਬ ਦੇ ਲੋਕ ਆਪਣੇ ਆਪ ਨੂੰ ਹਿੰਦੂ ਜਾਂ ਸਿੱਖ ਸਮਝਣਾ ਬੰਦ ਕਰ ਦੇਣਗੇ ਅਤੇ ਉਨ੍ਹਾਂ ਦੀ ਇਕ ਮਾਤਰ ਤੇ ਸਾਂਝੀ ਪਛਾਣ ਪੰਜਾਬੀਆਂ ਵਜੋਂ ਰਹਿ ਜਾਵੇਗੀ। ਸਾਫ਼ ਹੈ ਸਾਂਝੀ ਪੰਜਾਬੀ ਪਛਾਣ ਦੇ ਉਪਾਸ਼ਕਾਂ ਦੇ ਇਸ ਕਲਪਨਾ ਸੰਸਾਰ ਅੰਦਰ ਸਿੱਖ ਪੰਥ ਦੀ ਅੱਡਰੀ ਪਛਾਣ, ਉਸਦੀ ਅੱਡਰੀ ਰਾਜਸੀ ਜਥੇਬੰਦੀ ਤੇ ਉਸਦੇ ਰਾਜਸੀ ਉਦੇਸ਼ਾਂ ਲਈ ਕੋਈ ਜਗ੍ਹਾ ਨਹੀਂ। ਜਦ ਲੋਕਾਂ ਨੇ ਆਪਣੇ ਆਪ ਨੂੰ ਹਿੰਦੂ ਜਾਂ ਸਿੱਖ ਸਮਝਣਾ ਬੰਦ ਕਰ ਦਿੱਤਾ ਤਾਂ ਸਿੱਖ ਪੰਥ ਦੀ ਹੋਂਦ ਆਪਣੇ ਆਪ ਹੀ ਖੁਰਦ-ਬੁਰਦ ਹੋ ਜਾਵੇਗੀ। 'ਸੰਯੁਕਤ ਪੰਜਾਬੀ ਕੌਮ' ਤੇ 'ਸਾਂਝੀ ਪੰਜਾਬੀ ਪਛਾਣ' ਦੇ ਉਪਾਸ਼ਕਾਂ ਦੀ ਪੰਜਾਬੀ ਲੋਕਾਂ ਦੀ ਏਕਤਾ ਤੇ ਭਾਈਚਾਰੇ ਤੋਂ ਜੇਕਰ ਇਹੀ ਮੁਰਾਦ ਹੈ ਤਾਂ ਸਿੱਖ ਕੌਮ ਇਸ 'ਮਿੱਠੀ ਗੋਲੀ' ਨੂੰ ਨਿਗਲਣ ਲਈ ਕਦਾਚਿਤ ਤਿਆਰ ਨਹੀਂ ਹੋਵੇਗੀ।

ਮਾਡਰਨਿਸਟ/ਸੈਕੂਲਰਿਸਟ ਸੋਚ ਰੱਖਣ ਦਾ ਦਾਅਵਾ ਕਰਨ ਵਾਲੇ ਲੋਕਾਂ ਵੱਲੋਂ, ਨਾ ਚਾਹੁੰਦਿਆਂ ਹੋਇਆਂ ਵੀ, ਸਿੱਖ ਪਛਾਣ ਦੇ ਮਸਲੇ 'ਤੇ ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਦੇ ਹਮਖ਼ਿਆਲ ਹੋ ਨਿਬੜਨ ਦੇ ਮੁੱਖ ਤੌਰ 'ਤੇ ਦੋ ਕਾਰਨ ਨਜ਼ਰ ਆਉਂਦੇ ਹਨ। ਇਕ, ਇਹ ਗ਼ਲਤ ਧਾਰਨਾ ਕਿ ਸਿੱਖ ਪੰਥ ਦੀ ਨਿਆਰੀ ਹਸਤੀ ਦੀ ਪੋਜ਼ੀਸ਼ਨ 'ਚੋਂ ਲਾਜ਼ਮੀ ਤੌਰ 'ਤੇ ਫ਼ਿਰਕੂ ਤੰਗਨਜ਼ਰ ਸੋਚ ਤੇ ਫ਼ਿਰਕੂ ਰਾਜਨੀਤੀ ਜਨਮ ਲੈਂਦੀ ਹੈ ਜਿਸ ਨਾਲ ਪੰਜਾਬੀ ਸਮਾਜ ਅੰਦਰ ਆਪਸੀ ਵਖਰੇਵੇਂ, ਵਿਰੋਧ ਤੇ ਬਖੇੜੇ ਪੈਦਾ ਹੁੰਦੇ ਹਨ। ਜਦ ਕਿ ਸੱਚਾਈ ਇਹ ਹੈ ਕਿ ਸਿੱਖ ਕੌਮ ਦਾ ਇਹ ਹੱਕੀ ਦਾਅਵਾ ਪ੍ਰਵਾਨ ਨਾ ਕਰਨ ਨਾਲ ਹੀ ਸਿੱਖ ਪੰਥ ਅੰਦਰ ਬੇਵਿਸ਼ਵਾਸੀ, ਰੋਸ ਤੇ ਬੇਚੈਨੀ ਪੈਦਾ ਹੁੰਦੀ ਹੈ ਅਤੇ ਜਦ ਇਸ ਹੱਕੀ ਰੋਸ ਨੂੰ ਹਕੂਮਤੀ ਤਾਕਤ ਤੇ ਦਹਿਸ਼ਤ ਨਾਲ ਦਬਾਉਣ ਦੇ ਯਤਨ ਕੀਤੇ ਜਾਂਦੇ ਹਨ ਤਾਂ ਖ਼ਾਲਸਾ ਪੰਥ ਅੰਦਰ, ਉਸ ਦੀਆਂ ਜੁਝਾਰੂ ਰਵਾਇਤਾਂ ਅਨੁਸਾਰ, ਰੋਹ ਤੇ ਗ਼ੁੱਸੇ ਦਾ ਹੋਰ ਵੱਧ ਲਾਵਾ ਖੌਲਣ ਲੱਗਦਾ ਹੈ ਜਿਸ ਦੀ ਤਪਸ਼ ਫਿਰ ਸਭ ਨੂੰ ਇਕ ਬਰਾਬਰ ਝੱਲਣੀ ਪੈਂਦੀ ਹੈ। 'ਵੱਖਰੀ ਸਿੱਖ ਕੌਮ'

ਦੀ ਧਾਰਨਾ ਦੇ ਨਿੰਦਕ ਇਹ ਸਾਦਾ ਸੱਚਾਈ ਭੁੱਲ ਰਹੇ ਹਨ ਕਿ ਅਲੱਗ-ਅਲੱਗ ਸਭਿਆਚਾਰਕ ਪਛਾਣਾਂ ਵਾਲੇ ਵਰਗਾਂ ਨੂੰ ਜ਼ਬਰਦਸਤੀ 'ਇਕ ਕੌਮ' ਦੇ ਰੱਸੇ ਨਾਲ ਨਰੜ ਦੇਣ ਨਾਲ ਉਨ੍ਹਾਂ ਅੰਦਰ ਆਪਸੀ ਭਾਈਚਾਰੇ ਤੇ ਏਕਤਾ ਦੀਆਂ ਭਾਵਨਾਵਾਂ ਕਦਾਚਿਤ ਪ੍ਰਫੁੱਲਤ ਨਹੀਂ ਕੀਤੀਆਂ ਜਾ ਸਕਦੀਆਂ। ਇਹ ਭਾਵਨਾਵਾਂ ਇਕ ਦੂਸਰੇ ਦੀ ਵੱਖਰੀ ਪਛਾਣ ਨੂੰ ਪਰਵਾਨ ਕਰਨ ਤੇ ਇਸ ਦਾ ਤਹਿ ਦਿਲੋਂ ਸਤਿਕਾਰ ਕਰਨ ਨਾਲ ਹੀ ਪ੍ਰਫੁੱਲਤ ਹੋ ਸਕਦੀਆਂ ਹਨ। ਆਧੁਨਿਕਤਾ ਪੱਖੀ ਵਰਗ ਨੂੰ ਸਿੱਖ ਵਿਰੋਧ ਦੇ ਰਾਹ ਵੱਲ ਧੱਕਣ ਵਾਲਾ ਦੂਜਾ ਫ਼ੈਕਟਰ ਹੈ ਉਸ ਦਾ 'ਇਕ ਭਾਸ਼ਾ—ਇਕ ਕੌਮ' ਦੇ ਸਿਧਾਂਤ ਵਿੱਚ ਅੰਨ੍ਹਾ ਵਿਸ਼ਵਾਸ। ਸਮਾਜੀ ਹਕੀਕਤ ਨੂੰ ਜਾਣਨ ਦੀ ਖਰੀ ਵਿਗਿਆਨਕ ਵਿਧੀ ਹਕੀਕਤ ਦੇ ਅਨੁਸਾਰੀ ਜੀਵਤ ਸਿਧਾਂਤ ਵਿਕਸਤ ਕਰਨਾ ਹੈ, ਨਾ ਕਿ ਨਿਰਜਿੰਦ ਸਿਧਾਂਤ ਨੂੰ ਹਕੀਕਤ ਉੱਤੇ ਮੜ੍ਹਨਾ। ਸਮਾਜੀ ਹਕੀਕਤ ਨੂੰ ਆਪਣੀ ਕਿਸੇ ਪੂਰਵ-ਮਨੌਤ ਜਾਂ ਧਾਰਨਾ ਵਿੱਚ ਫਿੱਟ ਕਰਨ ਦੀ ਕੋਸ਼ਿਸ਼, ਪੈਰ ਦੇ ਨਾਪ ਦੀ ਜੁੱਤੀ ਤਿਆਰ ਕਰਨ ਦੀ ਬਜਾਇ ਪੈਰ ਨੂੰ ਕੱਟ ਕੇ ਜੁੱਤੀ ਦੇ ਬਰਾਬਰ ਕਰਨ ਵਾਲੀ ਗੱਲ ਹੈ। ਸਿੱਖ ਕੌਮ ਦੀ ਧਾਰਨਾ ਦੇ ਠੀਕ ਜਾਂ ਗ਼ਲਤ ਹੋਣ ਦਾ ਨਿਤਾਰਾ ਇਸ ਗੱਲ ਤੋਂ ਨਹੀਂ ਹੋ ਸਕਦਾ ਕਿ ਇਹ 'ਇਕ ਭਾਸ਼ਾ—ਇਕ ਕੌਮ' ਦੇ ਸਿਧਾਂਤ ਦੀ ਕਸੌਟੀ 'ਤੇ ਪੂਰੀ ਉਤਰਦੀ ਹੈ ਜਾਂ ਨਹੀਂ। ਇਸ ਦਾ ਨਿਤਾਰਾ ਪੰਜਾਬ ਦੇ ਇਤਿਹਾਸ ਤੇ ਜ਼ਿੰਦਗੀ ਦੀਆਂ ਠੋਸ ਹਕੀਕਤਾਂ ਦੀ ਬੇਲਾਗ ਨਿਰਣੇਕਾਰੀ ਤੋਂ ਹੀ ਕੀਤਾ ਜਾਣਾ ਚਾਹੀਦਾ ਹੈ। ਅਜਿਹੀ ਨਿਰਣੇਕਾਰੀ 'ਚੋਂ ਇਸ ਸਿੱਟੇ 'ਤੇ ਪਹੁੰਚਣਾ ਰਤੀ ਭਰ ਵੀ ਮੁਸ਼ਕਿਲ ਨਹੀਂ ਕਿ ਖ਼ਾਲਸਾ ਪੰਥ ਯਕੀਨਨ ਹੀ ਇਕ ਨਿਆਰੀ ਤੇ ਵੱਖਰੀ ਕੌਮ ਹੈ।

## ਅਕਾਲੀ ਤਿਲ੍ਹਕਣ

ਜਦ ਦਸੰਬਰ 1953 ਵਿੱਚ ਦੱਖਣੀ ਰਾਜਾਂ ਦੇ ਦਬਾਅ ਹੇਠ ਕੇਂਦਰ ਸਰਕਾਰ ਨੂੰ ਰਾਜ ਪੁਨਰਗਠਨ ਕਮਿਸ਼ਨ (SRC) ਕਾਇਮ ਕਰਨ ਦਾ ਕੌੜਾ ਘੁੱਟ ਭਰਨਾ ਹੀ ਪੈ ਗਿਆ ਤਾਂ ਉਨ੍ਹਾਂ ਇਹ ਗੱਲ ਪਹਿਲਾਂ ਹੀ ਯਕੀਨੀ ਬਣਾ ਲਈ ਕਿ ਇਸ 'ਕੌੜੇ ਘੁੱਟ' ਨੂੰ ਸੰਘੋਂ ਲੰਘਾਉਣ ਦੀ ਨੌਬਤ ਨਾ ਪਵੇ। ਕਮਿਸ਼ਨ ਦੇ ਮੈਂਬਰਾਂ ਦੀ ਚੋਣ ਅਜਿਹੀ ਇਹਤਿਆਤ ਨਾਲ ਕੀਤੀ ਗਈ ਕਿ ਸਰਕਾਰ ਨੂੰ ਆਪਣਾ ਮਨਭਾਉਂਦਾ ਫ਼ੈਸਲਾ ਕਰਵਾਉਣ ਵਿੱਚ ਕਿਸੇ ਵੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਉੜੀਸਾ ਦੇ ਤਤਕਾਲੀ ਗਵਰਨਰ ਜਨਾਬ ਫ਼ਜ਼ਲ ਅਲੀ ਨੂੰ ਕਮਿਸ਼ਨ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ। ਕਮਿਸ਼ਨ ਦੇ ਦੋ ਹੋਰ ਮੈਂਬਰ ਸਨ—ਪੰਡਤ ਹਿਰਦੇਨਾਥ ਕੁੰਜਰੂ ਤੇ ਕੇ.ਐੱਮ. ਪੱਨੀਕਰ। ਇਹ ਦੋਨੋਂ ਮੈਂਬਰ ਪਹਿਲਾਂ ਹੀ ਰਾਜਾਂ ਦੇ ਪੁਨਰਗਠਨ ਦੇ ਖ਼ਿਲਾਫ਼ ਆਪਣੇ ਖੁੱਲ੍ਹੇ ਵਿਚਾਰ ਪ੍ਰਗਟਾਅ ਚੁੱਕੇ ਸਨ। ਕੇ.ਐੱਮ. ਪੱਨੀਕਰ ਅਕਾਲੀ ਸਹਾਇਕ ਬਿਊਰੋ ਦੇ ਚੀਫ਼ (1930-32) ਹੋਣ ਦੀ ਹੈਸੀਅਤ ਵਿੱਚ, ਆਪਣੇ ਸਿੱਖ ਵਿਰੋਧੀ ਹੋਣ ਦੀ ਪਹਿਲਾਂ ਹੀ ਭੱਲ ਖੱਟ ਚੁੱਕਾ ਸੀ ਅਤੇ ਹਿਰਦੇਨਾਥ (ਕੁੰਜਰੂ) ਦੇ ਹਿਰਦੇ ਅੰਦਰ ਸਿੱਖਾਂ ਪ੍ਰਤੀ ਕਿੰਨੀ ਮੈਲ ਸੀ, ਇਹ ਅਸੀਂ ਅੱਗੇ ਜਾ ਕੇ ਦੇਖਾਂਗੇ। ਇਥੇ ਇਸ ਕਮਿਸ਼ਨ ਦੀ ਕਾਰਗੁਜ਼ਾਰੀ ਨਾਲੋਂ ਅਕਾਲੀ ਲੀਡਰਸ਼ਿਪ ਦੀ ਪੈਂਤੜੇਬਾਜ਼ੀ ਦਾ ਮਸਲਾ ਵਧੇਰੇ ਮਹੱਤਵਪੂਰਨ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਰਾਜ ਪੁਨਰਗਠਨ ਕਮਿਸ਼ਨ ਸਾਹਮਣੇ ਆਪਣਾ ਪੱਖ ਪੇਸ਼ ਕਰਨ ਲਈ ਇਕ ਲਿਖਤੀ ਮੈਮੋਰੰਡਮ ਤਿਆਰ ਕੀਤਾ। ਵੱਖਰੀ ਸਿੱਖ ਕੌਮ ਦੀ ਜਿਸ ਪੋਜ਼ੀਸ਼ਨ ਦੀ ਅਕਾਲੀ ਲੀਡਰਸ਼ਿਪ ਨੇ 1945-46 ਦੌਰਾਨ ਧੜੱਲੇ ਨਾਲ ਪੈਰਵਾਈ ਕੀਤੀ ਸੀ ਅਤੇ ਜਿਸ ਪੋਜ਼ੀਸ਼ਨ ਦਾ ਸਿੱਖ ਪੰਥ ਦੀ ਹੋਣੀ ਨਾਲ ਗਹਿਰਾ ਸੰਬੰਧ ਜੁੜਿਆ ਹੋਇਆ

ਸੀ, ਅਕਾਲੀ ਲੀਡਰਸ਼ਿਪ ਨੇ ਆਪਣੇ ਮੈਮੋਰੰਡਮ ਅੰਦਰ ਉਸ ਪੋਜ਼ੀਸ਼ਨ ਨੂੰ ਅਛੋਪਲੇ ਹੀ ਤਿਆਗ ਦਿੱਤਾ ਅਤੇ ਆਪਣੇ ਆਪ ਨੂੰ ਸੈਕੂਲਰਿਸਟ ਪੇਸ਼ ਕਰਨ ਦੀ ਦੌੜ ਵਿੱਚ 'ਪੰਜਾਬੀ ਕੌਮ' ਦੀ ਧਾਰਨਾ ਦਾ ਜਾਪ ਸ਼ੁਰੂ ਕਰ ਦਿੱਤਾ। ਪੰਜਾਬੀ ਬੋਲੀ ਦੇ ਆਧਾਰ 'ਤੇ ਪੰਜਾਬੀ ਸੂਬੇ ਦੀ ਲੋੜ ਤੇ ਵਾਜਬੀਅਤ ਠਹਿਰਾਉਂਦਿਆਂ ਮੈਮੋਰੰਡਮ ਦੀ ਭੂਮਿਕਾ ਅੰਦਰ ਇਹ ਗੱਲ ਉਭਾਰੀ ਗਈ ਕਿ "ਆਜ਼ਾਦ ਲੋਕੀ ਕੋਈ ਡੰਗਰ ਨਹੀਂ ਹੁੰਦੇ ਕਿ ਉਨ੍ਹਾਂ ਨੂੰ, ਉਨ੍ਹਾਂ ਦੀ ਮਰਜ਼ੀ ਦੇ ਉਲਟ ਧੱਕ ਕੇ ਵਾੜਿਆਂ 'ਚ ਡੱਕ ਦਿੱਤਾ ਜਾਵੇ। ਉਨ੍ਹਾਂ ਦੇ ਹਿਰਦੇ ਅੰਦਰ ਸਾਂਝੇ ਆਦਰਸ਼, ਸਾਂਝੀਆਂ ਰਵਾਇਤਾਂ, ਸਾਂਝੇ ਇਤਿਹਾਸ, ਸਾਂਝੀਆਂ ਜਿੱਤਾਂ-ਹਾਰਾਂ, ਇਕੱਠੇ ਰਹਿ ਕੇ ਝੱਲੇ ਸਾਂਝੇ ਦੁੱਖ-ਸੁੱਖ, ਸਾਂਝੀ ਗ਼ੈਰਤ, ਸਾਂਝੀ ਜ਼ੁਬਾਨ ਤੇ ਸਾਂਝੀ ਲਿੱਪੀ ਦੇ ਰਿਸ਼ਤੇ ਪਾਸੇ ਪਰਤ ਰਹੇ ਹੁੰਦੇ ਹਨ ਅਤੇ ਉਨ੍ਹਾਂ ਨੂੰ ਅਜਿਹੇ ਵਾਤਾਵਰਨ ਦੀ ਲੋੜ ਹੁੰਦੀ ਹੈ ਜਿਸ ਵਿੱਚ ਉਨ੍ਹਾਂ ਦਾ ਆਪਾ ਤੇ ਹੋਣੀ ਪੁੰਗਰ ਸਕੇ ਤੇ ਉਨ੍ਹਾਂ ਦੇ ਸਾਂਝੇ ਆਦਰਸ਼ ਪਰਵਾਨ ਚੜ੍ਹ ਸਕਣ। ਇਹੋ ਜਿਹਾ ਵਾਤਾਵਰਨ ਬੋਲੀ ਤੇ ਕਲਚਰ ਦੇ ਆਧਾਰ ਉੱਤੇ ਬਣਾਏ ਸੂਬਿਆਂ ਤੋਂ ਛੁੱਟ ਹੋਰ ਕਿਥੇ ਮਿਲ ਸਕਦਾ ਹੈ ?"[12] ਸਰਸਰੀ ਨਜ਼ਰ ਨਾਲ ਦੇਖਿਆਂ ਇਸ ਬਿਆਨਕਾਰੀ ਅੰਦਰ ਕੁਝ ਵੀ ਗ਼ਲਤ ਨਜ਼ਰ ਨਹੀਂ ਆਉਂਦਾ। ਪਰ ਜਿਸ ਸੰਦਰਭ ਵਿੱਚ ਇਹ ਗੱਲ ਕਹੀ ਗਈ ਹੈ ਉਸ 'ਚੋਂ ਅਕਾਲੀ ਲੀਡਰਸ਼ਿਪ ਦੀ ਇਕ ਵੱਡੀ ਸਿਧਾਂਤਕ ਥਿੜਕਣ ਦੀ ਪੁਸ਼ਟੀ ਹੁੰਦੀ ਹੈ।

ਅਕਾਲੀ ਲੀਡਰਸ਼ਿਪ ਸਾਹਮਣੇ ਮਸਲਾ ਕੀ ਸੀ ? ਸੰਖੇਪ ਵਿੱਚ ਕਹਿਣਾ ਹੋਵੇ ਤਾਂ ਮਸਲਾ ਸਿੱਖ ਕੌਮ ਦੇ ਹੱਕਾਂ ਤੇ ਹਿਤਾਂ ਦੀ ਰਾਖੀ ਦਾ ਸੀ। ਸਿੱਖ ਕੌਮ ਦੇ ਹੱਕਾਂ ਤੇ ਹਿਤਾਂ ਨੂੰ ਖ਼ਤਰਾ ਕਿਸ ਕੋਲੋਂ ਸੀ ? ਯਕੀਨਨ ਹੀ ਮੁਸਲਮਾਨਾਂ, ਈਸਾਈਆਂ ਜਾਂ ਬੋਧੀਆਂ ਕੋਲੋਂ ਨਹੀਂ, ਬਹੁਗਿਣਤੀ ਹਿੰਦੂ ਵਰਗ ਕੋਲੋਂ ਸੀ ਜਿਸ ਨੇ ਸਿੱਖ ਪੰਥ ਦੀ ਨਿਆਰੀ ਹਸਤੀ ਨੂੰ ਮਲੀਆਮੇਟ ਕਰ ਕੇ ਉਸਨੂੰ ਹਿੰਦੂਵਾਦ ਦੇ ਖਾਰੇ ਸਮੁੰਦਰ ਅੰਦਰ ਜਜ਼ਬ ਕਰ ਲੈਣ ਦੀਆਂ ਨੀਤਾਂ ਤੇ ਨੀਤੀਆਂ ਧਾਰਨ ਕਰ ਰੱਖੀਆਂ ਹੋਈਆਂ ਸਨ। ਸਿੱਖ ਕੌਮ ਨੂੰ ਅਜਿਹੇ ਵਾਤਾਵਰਨ ਦੀ ਲੋੜ ਸੀ ਜਿਸ ਵਿੱਚ ਉਸ ਦਾ "ਆਪਾ ਤੇ ਹੋਣੀ ਪੁੰਗਰ ਸਕੇ" ਤੇ ਉਸ ਦੇ "ਸਾਂਝੇ ਆਦਰਸ਼ ਪਰਵਾਨ ਚੜ੍ਹ ਸਕਣ।" ਰਾਜਨੀਤੀ ਦੀ ਮੁੱਢਲੀ ਜਾਣਕਾਰੀ ਰੱਖਣ ਵਾਲਾ ਵਿਅਕਤੀ ਵੀ ਇਹ ਗੱਲ ਸਮਝ ਸਕਦਾ ਹੈ ਕਿ ਇਨ੍ਹਾਂ ਉਦੇਸ਼ਾਂ ਦੀ ਪੂਰਤੀ ਸਿਰਫ਼ ਤਾਂ ਹੀ ਸੰਭਵ ਹੋ ਸਕਦੀ ਹੈ ਜੇਕਰ ਇਕ ਅਜਿਹਾ ਪਰਦੇਸ਼ ਹੋਵੇ ਜਿਥੇ ਰਾਜਸੀ ਤਾਕਤ ਸਿੱਖ ਵਰਗ ਦੇ ਆਪਣੇ ਹੱਥਾਂ ਵਿੱਚ ਹੋਵੇ ਤੇ ਉਸ ਨੂੰ ਇਸਦੀ ਆਪਣੀ ਮਰਜ਼ੀ ਤੇ ਹਿਤਾਂ ਦੇ ਅਨੁਕੂਲ ਵਰਤੋਂ ਕਰਨ ਦੀ ਖੁਲ੍ਹ ਹੋਵੇ। ਮੈਮੋਰੰਡਮ ਅੰਦਰ ਅਕਾਲੀ ਦਲ ਵੱਲੋਂ ਜਿਸ ਪੰਜਾਬੀ ਸੂਬੇ ਦੀ ਮੰਗ ਕੀਤੀ ਗਈ ਸੀ ਉਸ ਵਿੱਚ ਸਿੱਖਾਂ ਦੀ ਗਿਣਤੀ ਚਾਲ੍ਹੀ ਫ਼ੀਸਦੀ ਤੋਂ ਵੱਧ ਨਹੀਂ ਸੀ ਬਣਦੀ। ਅਕਾਲੀ ਆਗੂਆਂ ਨੇ, ਆਪਣੇ ਆਪ ਨੂੰ ਅਫ਼ਿਰਕੂ ਸਾਬਤ ਕਰਨ ਲਈ, ਕੂਕ ਕੂਕ ਕੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਉਹ ਸਿੱਖ ਬਹੁਗਿਣਤੀ ਵਾਲੇ ਸੂਬੇ ਦੀ ਨਹੀਂ, ਪੰਜਾਬੀ ਬੋਲਣ ਵਾਲੇ ਸੂਬੇ ਦੀ ਮੰਗ ਕਰ ਰਹੇ ਹਨ। ਬੋਲੀ ਦਾ ਪੈਮਾਨਾ ਮਿਥ ਕੇ, ਉਹ ਪੰਜਾਬ ਅਤੇ ਪੈਪਸੂ ਦੇ ਪੰਜਾਬੀ ਬੋਲਦੇ ਇਲਾਕਿਆਂ ਦੇ ਨਾਲ ਹੀ ਹਿਮਾਚਲ ਪ੍ਰਦੇਸ਼ ਤੇ ਰਾਜਸਥਾਨ ਦੇ ਪੰਜਾਬ ਨਾਲ ਲੱਗਦੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਵੀ ਆਪਣੇ ਪ੍ਰਸਤਾਵਿਤ ਪੰਜਾਬੀ ਸੂਬੇ ਵਿੱਚ ਸ਼ਾਮਲ ਕਰਦੇ ਸਨ। ਅਕਾਲੀ ਲੀਡਰਸ਼ਿਪ ਇਕ ਤਾਂ ਭਾਰਤ ਦੇ ਹਿੰਦੂ ਹਾਕਮਾਂ ਅੱਗੇ ਆਪਣੇ ਅਫ਼ਿਰਕੂਪੁਣੇ ਦੀ ਸਨਦ ਪੇਸ਼ ਕਰਨ ਲਈ ਤੇ ਦੂਜਾ ਪ੍ਰਸਤਾਵਤ ਪੰਜਾਬੀ ਸੂਬੇ ਦੀਆਂ ਸਰਹੱਦਾਂ ਨੂੰ ਵੱਧ ਤੋਂ ਵੱਧ ਮੋਕਲੀਆਂ ਕਰਨ ਦੀ ਇੱਛਾ-ਪੂਰੀ ਕਰਨ ਲਈ ਝੂਠ ਦਾ ਆਟਾ ਗੁੰਨ੍ਹਣ ਲਈ ਮਜਬੂਰ ਹੋ ਰਹੀ ਸੀ। ਇਹ ਕਹਿਣਾ ਕਿ ਪੰਜਾਬੀ ਬੋਲਦੇ ਸਾਰੇ ਵਰਗਾਂ ਦੇ ਲੋਕਾਂ ਦੇ "ਆਦਰਸ਼, ਭਾਵਨਾਵਾਂ,

ਇਤਿਹਾਸ ਤੇ ਰਵਾਇਤਾਂ ਸਾਂਝੀਆਂ ਹਨ," ਕਾਲੇ ਨੂੰ ਚਿੱਟਾ ਬਣਾਉਣ ਦੀ ਕੋਸ਼ਿਸ਼ ਹੈ।

ਜੇਕਰ ਸਿੱਖ ਪੰਥ ਦੇ ਪੰਜਾਬੀ ਹਿੰਦੂ ਵਰਗ ਨਾਲ ਆਦਰਸ਼ ਸਾਂਝੇ ਹਨ, ਇਤਿਹਾਸ ਤੇ ਰਵਾਇਤਾਂ ਸਾਂਝੀਆਂ ਹਨ, ਸਭਿਆਚਾਰ ਸਾਂਝਾ ਹੈ, ਭਾਵਨਾਵਾਂ ਸਾਂਝੀਆਂ ਹਨ, ਜਿੱਤਾਂ-ਹਾਰਾਂ ਤੇ ਦੁਖ-ਸੁਖ ਸਾਂਝੇ ਹਨ (ਜਿਵੇਂ ਕਿ ਮੈਮੋਰੰਡਮ ਅੰਦਰ ਪੇਸ਼ ਕੀਤਾ ਗਿਆ ਹੈ) ਤਾਂ ਫਿਰ ਸਿੱਖਾਂ ਦਾ ਨਿਆਰਾਪਣ ਕੀ ਹੈ ? ਸਿਰਫ਼ ਧਾਰਮਿਕ ਰੂਪ ? ਜੇਕਰ ਸਿੱਖ ਪੰਥ ਦੀ ਵੱਖਰੀ ਪਛਾਣ ਤੇ ਨਿਆਰੀ ਹਸਤੀ ਨੂੰ ਕੇਵਲ ਤੇ ਕੇਵਲ ਧਾਰਮਿਕ ਰੂਪ ਤਕ ਹੀ ਸੀਮਤ ਕਰ ਕੇ ਦੇਖਿਆ ਜਾਂਦਾ ਹੈ ਤਾਂ ਫਿਰ ਸਿੱਖਾਂ ਨੂੰ ਕੇਸਧਾਰੀ ਹਿੰਦੂ ਕਹਿਣਾ ਕਿੰਨੀ ਕੁ ਗ਼ਲਤ ਗੱਲ ਹੈ ਅਤੇ ਸਿੱਖਾਂ ਵੱਲੋਂ ਆਪਣੇ ਆਪ ਨੂੰ ਕੇਸਧਾਰੀ ਹਿੰਦੂ ਅਖਵਾਉਣ ਵਿੱਚ ਕੀ ਮੁਸ਼ਕਲ ਬਾਕੀ ਰਹਿ ਜਾਂਦੀ ਹੈ ? ਹੈਰਾਨੀ ਤੇ ਅਫ਼ਸੋਸ ਦੀ ਗੱਲ ਇਹ ਕਿ ਇਹ ਗੱਲਾਂ ਉਸੇ ਅਕਾਲੀ ਲੀਡਰਸ਼ਿਪ ਵੱਲੋਂ ਕਹੀਆਂ ਜਾ ਰਹੀਆਂ ਸਨ ਜਿਸਨੇ 1945 ਦੇ ਸ਼ੁਰੂ ਵਿੱਚ ਲਾਹੌਰ ਵਿਖੇ ਸਿੱਖ ਨੁਮਾਇੰਦਿਆਂ ਦੀ ਇਕ ਭਰਵੀਂ ਮੀਟਿੰਗ ਅੰਦਰ ਇਕ ਬਾਕਾਇਦਾ ਮਤੇ ਦੇ ਰੂਪ ਵਿੱਚ ਠੋਕ ਵਜਾ ਕੇ ਇਹ ਗੱਲ ਆਖੀ ਸੀ, "ਜਦੋਂ ਖ਼ਾਲਸੇ ਦਾ ਜਨਮ ਹੋਇਆ ਤਾਂ ਇਹ ਭਾਰਤ ਅੰਦਰ ਪਹਿਲਾਂ ਹੀ ਵੱਡੀ ਗਿਣਤੀ ਵਿੱਚ ਮੌਜੂਦ ਫ਼ਿਰਕਿਆਂ ਵਿੱਚ ਇਕ ਹੋਰ ਨਵੇਂ ਫ਼ਿਰਕੇ ਦਾ ਵਾਧਾ ਹੋਣ ਵਾਲੀ ਗੱਲ ਨਹੀਂ ਸੀ। ਅਸਲ ਵਿੱਚ ਜੋ ਵਾਪਰਿਆ ਉਹ ਇਹ ਸੀ ਕਿ ਇਕ ਨਵਾਂ ਨਜ਼ਰੀਆ, ਇਕ ਨਵੀਂ ਜੀਵਨ-ਜੁਗਤ ਪੈਦਾ ਹੋਈ ਸੀ, ਇਕ ਨਵੀਂ ਕੌਮ ਦੀਆਂ ਬੁਨਿਆਦਾਂ ਧਰੀਆਂ ਗਈਆਂ ਸਨ, ਜਿਸਨੇ ਪੰਜਾਬ ਤੇ ਇਸਦੇ ਨਾਲ ਲੱਗਦੇ ਖੇਤਰਾਂ ਦੇ ਇਤਿਹਾਸ ਅੰਦਰ ਇਕ ਮਹੱਤਵਪੂਰਨ ਭੂਮਿਕਾ ਨਿਭਾਉਣੀ ਸੀ। ਖ਼ਾਲਸੇ ਦਾ ਇਕ ਕੌਮ ਹੋਣ ਦਾ ਦਾਅਵਾ ਇਸ ਗੱਲ ਨਾਲ ਹੀ ਨਹੀਂ ਨਕਾਰਿਆ ਜਾਂਦਾ ਕਿ ਇਸਦਾ ਜਨਮ ਇਕ ਧਰਮ-ਬਦਲੀ ਦੇ ਨਤੀਜੇ ਵਜੋਂ ਹੋਇਆ। ਕੌਮਾਂ ਦੀ ਰਚਨਾ ਸਿਰਫ਼ ਸੈਕੂਲਰ, ਕਾਨੂੰਨੀ, ਭੂਗੋਲਿਕ ਜਾਂ ਆਰਥਿਕ ਆਧਾਰ 'ਤੇ ਹੀ ਨਹੀਂ ਹੋਇਆ ਕਰਦੀ। ਲੋਕਾਂ ਨੂੰ ਇਕਜੁਟਤਾ ਪ੍ਰਦਾਨ ਕਰਨ ਵਾਲੀ ਇਕ ਪ੍ਰੰਪਰਾ ਦੀ ਲਗਾਤਾਰਤਾ ਹੀ ਹੈ ਜੋ ਕਿਸੇ ਕੌਮ ਦਾ ਵਜੂਦ ਸਿਰਜਦੀ ਹੈ। ਪ੍ਰੰਤੂ ਇਤਿਹਾਸ ਅੰਦਰ ਕਦੇ-ਕਦੇ ਅਜਿਹਾ ਵੀ ਵਾਪਰਦਾ ਹੈ ਕਿ ਇਕ ਆਦਮੀ ਦੇ ਇਰਾਦੇ ਨਾਲ ਇਕ ਨਵੀਂ ਏਕਤਾ, ਇਕ ਨਵੇਂ ਸਮੂਹ, ਜੋ ਕਿ ਪਹਿਲਾਂ ਤੋਂ ਮੌਜੂਦ ਸਮੂਹਾਂ ਤੇ ਪ੍ਰਣਾਲੀਆਂ 'ਚੋਂ ਹੀ ਪੈਦਾ ਹੋਇਆ ਹੋ ਸਕਦਾ ਹੈ, ਦੀ ਸਿਰਜਣਾ ਕੀਤੀ ਜਾਂਦੀ ਹੈ। ਇਕ ਨਵੇਂ ਵਿਚਾਰ ਦੇ ਨਤੀਜੇ ਵਜੋਂ ਇਕ ਸੰਗਠਨ ਹੋਂਦ ਵਿੱਚ ਆ ਸਕਦਾ ਹੈ ਅਤੇ ਇਕ ਕੌਮ ਨੂੰ ਜਨਮ ਦੇ ਸਕਦਾ ਹੈ। ਭਾਵੇਂ ਕਿ ਕੁਝ ਵਿਚਾਰ ਬੇਜਾਨ ਵੀ ਸਾਬਤ ਹੋ ਜਾਂਦੇ ਹਨ ਅਤੇ ਉਨ੍ਹਾਂ ਦੇ ਨਤੀਜੇ ਵਜੋਂ ਹੋਂਦ 'ਚ ਆਏ ਸੰਗਠਨ ਮੁੜ ਉਨ੍ਹਾਂ ਸਮੂਹਾਂ ਅੰਦਰ ਹੀ ਅਭੇਦ ਹੋ ਜਾਂਦੇ ਹਨ ਜਿਨ੍ਹਾਂ 'ਚੋਂ ਉਹ ਪੈਦਾ ਹੋਏ ਸਨ। ਕਬੀਰ ਦੇ ਪੰਥ ਅਤੇ ਭਾਰਤ ਦੇ ਇਤਿਹਾਸ ਅੰਦਰਲੇ ਅਨੇਕਾਂ ਹੋਰ ਪੰਥਾਂ ਨਾਲ ਇਹੋ ਵਾਪਰਿਆ। ਪ੍ਰੰਤੂ ਗੁਰੂ ਗੋਬਿੰਦ ਸਿੰਘ ਦਾ ਵਿਚਾਰ ਇਕ ਜੀਵੰਤ ਵਿਚਾਰ ਸੀ ਅਤੇ ਉਸਦੀਆਂ ਜੜ੍ਹਾਂ ਲੱਗ ਗਈਆਂ। ਉਹ ਇਕ ਨਵੀਂ ਜ਼ਿੰਦਗੀ, ਇਕ ਨਵੇਂ ਸੰਗਠਨ ਅਤੇ ਇਕ ਨਵੀਂ ਕੌਮ ਦਾ ਸੋਮਾ ਹੋ ਨਿਬੜਿਆ, ਕੌਮ ਜੋ ਇਸ ਕਦਰ ਇਕਜੁੱਟ ਹੋ ਗਈ ਕਿ ਉਸਨੇ ਕਿਸੇ ਹੋਰ ਸਮੂਹ ਨਾਲ ਤਾਲ ਮਿਲਾ ਕੇ ਚੱਲਣ ਤੋਂ ਇਨਕਾਰ ਕਰ ਦਿੱਤਾ। ਜਦੋਂ ਇਕ ਸਿੱਖ ਸਿੱਖੀ ਨੂੰ ਗ੍ਰਹਿਣ ਕਰਦਾ ਹੈ ਤਾਂ ਉਹ ਆਪਣੀ ਕੁਲ, ਆਪਣੇ ਵੰਸ਼, ਆਪਣੀ ਜਾਤ ਤੇ ਆਪਣੇ ਪੂਰਬਲੇ ਮੱਤ ਨਾਲੋਂ ਸਾਰੇ ਸਬੰਧ ਤੋੜਨ ਦਾ ਅਹਿਦ ਕਰਦਾ ਹੈ। ਇਸ ਤਰ੍ਹਾਂ ਉਹ ਇਕ ਨਵੀਂ ਕੌਮ ਖ਼ਾਲਸਾ ਪੰਥ ਦਾ ਮੈਂਬਰ ਬਣ ਜਾਂਦਾ ਹੈ। ਇਸ ਤਰ੍ਹਾਂ ਸਾਡੇ ਸਾਹਮਣੇ ਸਿੱਖ ਧਰਮ-ਬਦਲੀ ਦੇ ਰੂਪ ਵਿੱਚ ਇਕ ਨਵੀਂ ਕੌਮ ਦੀ ਰਚਨਾ ਦੀ ਉਦਾਹਰਣ ਮੌਜੂਦ ਹੈ, ਕੌਮ ਜੋ ਓਨੀ ਹੀ ਹਕੀਕੀ ਹੈ ਜਿੰਨੀ ਕਿ ਭੂਗੋਲਿਕ,

ਨਸਲੀ ਜਾਂ ਹੋਰ ਕਿਸੇ ਆਧਾਰ 'ਤੇ ਹੋਂਦ ਵਿੱਚ ਆਉਣ ਦਾ ਦਾਅਵਾ ਕਰਨ ਵਾਲੀ ਕੋਈ ਹੋਰ ਕੌਮ ਹੋ ਸਕਦੀ ਹੈ।''[13]

1945-46 ਵਿੱਚ, ਬੇਸ਼ੱਕ ਮਾਨਸਿਕ ਔਖ 'ਚੋਂ ਹੀ, ਅਕਾਲੀ ਆਗੂਆਂ ਦੇ ਮੂੰਹੋਂ ਨਿਕਲਿਆ ਇਹ ਇਕ ਵੱਡਾ ਸੱਚ ਸੀ। ਪਰ ਬਾਅਦ ਵਿੱਚ ਪੰਜਾਬੀ ਸੂਬੇ ਦੀ ਮੰਗ ਕਰਨ ਮੌਕੇ ਅਕਾਲੀ ਆਗੂ ਇਸ ਸੱਚ ਉੱਤੇ ਪਹਿਰਾ ਨਾ ਦੇ ਸਕੇ। ਇਸ ਦੀ ਇਕ ਸਫ਼ਾਈ ਇਹ ਦਿੱਤੀ ਜਾਂਦੀ ਹੈ ਕਿ ਆਜ਼ਾਦੀ ਤੋਂ ਬਾਅਦ ਹਿੰਦੂ ਬਹੁਗਿਣਤੀ ਦੇ ਰਾਜ ਹੇਠ ਸਿੱਖ ਕੌਮ ਲਈ ਹਾਲਤਾਂ ਇਸ ਕਦਰ ਦੁਸ਼ਵਾਰ ਹੋ ਗਈਆਂ ਸਨ ਕਿ ਸੱਚੀ ਗੱਲ ਕਹਿਣ ਦਾ ਵੇਲਾ ਨਹੀਂ ਸੀ ਰਹਿ ਗਿਆ। ਇਕ ਦਲੀਲ ਇਹ ਵੀ ਦਿੱਤੀ ਜਾਂਦੀ ਹੈ ਕਿ ਆਧੁਨਿਕ ਯੁਗ ਅੰਦਰ ਧਰਮ ਦੇ ਆਧਾਰ 'ਤੇ ਵੱਖਰੀ ਕੌਮ ਤੇ ਅਲਹਿਦਾ ਰਾਜ ਦੀ ਗੱਲ ਕਬੂਲਣਯੋਗ ਨਹੀਂ। ਇਸ ਕਰਕੇ, ਵਕਤ ਦੇ ਤਕਾਜ਼ੇ ਅਨੁਸਾਰ ਆਪਣੀ ਗੱਲ ਨੂੰ ਅਫ਼ਿਰਕੂ ਮੁਹਾਵਰੇ ਵਿੱਚ ਪੇਸ਼ ਕਰਨ ਵਿੱਚ ਹੀ ਸਿਆਣਪ ਤੇ ਭਲਾਈ ਹੈ। ਕੁਝ ਲੋਕਾਂ ਦਾ ਇਹ ਵੀ ਸੋਚਣਾ ਹੈ ਕਿ ਸਿੱਖ ਬਹੁਗਿਣਤੀ ਵਾਲਾ ਰਾਜ ਆਕਾਰ ਵਿੱਚ ਏਡਾ ਛੋਟਾ ਰਹਿ ਜਾਵੇਗਾ ਕਿ ਉਸ ਵਿੱਚ ਸਿੱਖਾਂ ਦੇ ਟਰੱਕ ਖੜਾਉਣ ਲਈ ਵੀ ਜਗ੍ਹਾ ਨਹੀਂ ਮਿਲਣੀ।

ਉਪਰੋਕਤ ਗੱਲਾਂ ਸਿੱਖ ਕੌਮ ਦੀ ਆਜ਼ਾਦੀ ਦੇ ਕਾਰਜ ਨੂੰ ਮੁਸ਼ਕਲ ਜ਼ਰੂਰ ਬਣਾਉਂਦੀਆਂ ਹਨ ਪਰ ਅਸੰਭਵ ਨਹੀਂ ਬਣਾਉਂਦੀਆਂ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਆਜ਼ਾਦੀ ਤੋਂ ਬਾਅਦ ਬਹੁਗਿਣਤੀ ਹਿੰਦੂ ਵਰਗ ਦੇ ਰਾਜ ਹੇਠ ਸਿੱਖ ਪੰਥ ਦੀ ਆਜ਼ਾਦੀ ਦਾ ਮਸਲਾ ਬੇਹੱਦ ਦੁੱਭਰ ਬਣ ਗਿਆ ਹੈ। ਪਰ ਇਸ ਵਿੱਚ ਇਕ ਵੱਡਾ ਦੋਸ਼ ਸਿੱਖ ਲੀਡਰਸ਼ਿਪ ਵੱਲੋਂ ਅਪਣਾਈ ਗ਼ਲਤ ਵਿਚਾਰਧਾਰਕ ਤੇ ਰਾਜਸੀ ਸੇਧ ਦਾ ਹੈ। ਜੇਕਰ ਸਿੱਖ ਲੀਡਰਸ਼ਿਪ ਨੇ ਗੁਰਦੁਆਰਾ ਸੁਧਾਰ ਲਹਿਰ ਵੇਲੇ ਤੋਂ ਹੀ ਦਰੁਸਤ ਸੇਧ ਅਖ਼ਤਿਆਰ ਕੀਤੀ ਹੁੰਦੀ ਤਾਂ 1947 ਦੇ ਇਤਿਹਾਸਕ ਮੌਕਾ-ਮੇਲ ਦੌਰਾਨ ਕਿਤੇ ਵੱਡੀਆਂ ਰਾਜਸੀ ਪ੍ਰਾਪਤੀਆਂ ਹਾਸਲ ਕੀਤੀਆਂ ਹੁੰਦੀਆਂ। 1947 ਤੋਂ ਬਾਅਦ ਹਿੰਦੂ ਹਾਕਮਾਂ ਨੇ ਸਿੱਖ ਲੀਡਰਸ਼ਿਪ ਦੀ ਇਸ ਕਮਜ਼ੋਰ ਸਥਿਤੀ ਦਾ ਰੱਜ ਕੇ ਫ਼ਾਇਦਾ ਉਠਾਇਆ ਅਤੇ ਉਸਨੂੰ ਪੈਰ-ਪੈਰ 'ਤੇ ਯਰਕਾਉਣ, ਲਿਫ਼ਾਉਣ ਤੇ ਬਲੈਕਮੇਲ ਕਰਨ ਦੇ ਯਤਨ ਕੀਤੇ ਗਏ। ਦੁੱਖ ਅਤੇ ਅਫ਼ਸੋਸ ਦੀ ਗੱਲ ਇਹ ਕਿ ਸਿਧਾਂਤਕ ਪੱਖੋਂ ਦੁਰਬਲ ਅਤੇ ਰਾਜਸੀ ਪੱਖ ਤੋਂ ਤੇਜਹੀਣ ਸਿੱਖ ਲੀਡਰਸ਼ਿਪ ਹਿੰਦੂ ਹਾਕਮਾਂ ਦੀਆਂ ਘੁਰਕੀਆਂ ਤੇ ਕੁਚਾਲਾਂ ਅੱਗੇ ਲਗਾਤਾਰ ਅਯੋਗ ਤੇ ਨਿਤਾਣੀ ਸਾਬਤ ਹੁੰਦੀ ਰਹੀ।

ਆਜ਼ਾਦੀ ਤੋਂ ਬਾਅਦ, ਮੁਢਲੇ ਸਾਲਾਂ ਅੰਦਰ ਭਾਰਤੀ ਰਾਜ ਅਜੇ ਇਸ ਕਦਰ ਮਜ਼ਬੂਤ ਨਹੀਂ ਸੀ ਹੋਇਆ। ਉੱਤਰ-ਪੂਰਬੀ ਖ਼ਿੱਤੇ ਦੀਆਂ ਆਜ਼ਾਦੀ ਪਸੰਦ ਕੌਮੀਅਤਾਂ, ਖ਼ਾਸ ਕਰਕੇ ਨਾਗਿਆਂ ਨੇ ਭਾਰਤੀ ਰਾਜ ਦੀ ਚੌਧਰ ਮੰਨਣ ਤੋਂ ਖੁਲ੍ਹੇਆਮ ਇਨਕਾਰ ਕੀਤਾ ਹੋਇਆ ਸੀ ਅਤੇ ਉਹ ਆਪਣੀ ਵਿਰੋਧ ਅਤੇ ਮੁਕਤੀ ਦੀ ਜਦੋਜਹਿਦ ਜਾਰੀ ਰੱਖ ਰਹੇ ਸਨ। ਕਸ਼ਮੀਰੀ ਲੋਕਾਂ ਅੰਦਰ ਉਸਲਵੱਟੇ ਲੈ ਰਹੀਆਂ ਆਜ਼ਾਦੀ ਦੀਆਂ ਭਾਵਨਾਵਾਂ ਤੇ ਪਾਕਿਸਤਾਨੀ ਦਖ਼ਲ-ਅੰਦਾਜ਼ੀ ਸਦਕਾ ਭਾਰਤੀ ਹਾਕਮਾਂ ਨੂੰ ਕਸ਼ਮੀਰ ਅੰਦਰ ਆਪਣੇ ਪੈਰ ਜਮਾਉਣੇ ਮੁਸ਼ਕਲ ਹੋ ਰਹੇ ਸਨ। ਆਂਧਰਾ ਦੇ ਤਿਲੰਗਾਨਾ ਖੇਤਰ ਅੰਦਰ ਕਮਿਊਨਿਸਟਾਂ ਦੀ ਅਗਵਾਈ ਹੇਠ ਇਕ ਤਾਕਤਵਰ ਹਥਿਆਰਬੰਦ ਮੁਜ਼ਾਰਾ ਕਿਸਾਨ ਲਹਿਰ ਨੇ ਜਾਗੀਰੂ ਤਾਕਤਾਂ ਨੂੰ ਤਕੜਾ ਵਖ਼ਤ ਪਾ ਰੱਖਿਆ ਹੋਇਆ ਸੀ। ਦੱਖਣੀ ਰਾਜਾਂ, ਵਿਸ਼ੇਸ਼ ਕਰਕੇ ਤਾਮਿਲ ਲੋਕਾਂ ਅੰਦਰ ਉੱਤਰੀ ਭਾਰਤ ਦੀਆਂ ਬ੍ਰਾਹਮਣਵਾਦੀ ਤਾਕਤਾਂ ਦੇ ਰਾਜਸੀ ਸਭਿਆਚਾਰਕ ਗ਼ਲਬੇ ਵਿਰੁੱਧ ਰੋਸ ਤੇ ਬੇਚੈਨੀ ਦੀ ਇਕ ਜ਼ੋਰਦਾਰ ਪਤਾਲ-ਧਾਰਾ (under-current) ਵਗ ਰਹੀ ਸੀ ਅਤੇ ਈ.ਵੀ. ਰਾਮਾਸਵਾਮੀ ਨਾਈਕਰ (ਜੋ ਬਾਅਦ

'ਚ ਪੇਰੀਆਰ ਦੇ ਨਾਂ ਹੇਠ ਮਸ਼ਹੂਰ ਹੋਇਆ) ਇਸ ਬ੍ਰਾਹਮਣਵਾਦ-ਵਿਰੋਧੀ ਦਰਾਵੜ ਲਹਿਰ ਦਾ ਧੜੱਲੇਦਾਰ ਬੁਲਾਰਾ ਬਣ ਕੇ ਉੱਭਰ ਰਿਹਾ ਸੀ। ਅਜਿਹੀ ਹਾਲਤ ਦੇ ਸਨਮੁੱਖ ਚਾਹੀਦਾ ਤਾਂ ਇਹ ਸੀ ਕਿ ਅਕਾਲੀ ਲੀਡਰਸ਼ਿਪ ਅਜਿਹਾ ਪੈਂਤੜਾ ਅਖ਼ਤਿਆਰ ਕਰਦੀ ਜਿਸ ਨਾਲ ਭਾਰਤੀ ਰਾਜ ਦੀਆਂ ਬੁਨਿਆਦਾਂ ਨੂੰ ਵੱਧ ਤੋਂ ਵੱਧ ਖੋਰਾ ਲਾਇਆ ਜਾ ਸਕਦਾ। ਜਾਂ ਘੱਟੋ-ਘੱਟ ਇਸ ਦੀ ਮਜ਼ਬੂਤੀ ਦੇ ਅਮਲ ਨੂੰ ਨਿਰ-ਉਤਸ਼ਾਹਤ ਕੀਤਾ ਜਾਂਦਾ। ਪਰ ਅਮਲ ਵਿੱਚ ਹੋਇਆ ਇਹ ਕਿ ਅਕਾਲੀ ਲੀਡਰਸ਼ਿਪ ਨੇ ਨਾ ਸਿਰਫ਼ ਭਾਰਤੀ ਰਾਜ ਨੂੰ ਅੰਦਰੋਂ ਢਾਹ ਲਾ ਰਹੀਆਂ ਉਪਰੋਕਤ ਲਹਿਰਾਂ ਤੇ ਰੁਝਾਨਾਂ ਦੀ ਹਮਾਇਤ ਜਾਂ ਹਮਦਰਦੀ ਵਿੱਚ ਮੂੰਹ ਨਹੀਂ ਖੋਲ੍ਹਿਆ ਸਗੋਂ ਆਪਣੀ ਵਿਚਾਰਧਾਰਕ ਕੰਗਾਲੀ ਤੇ ਤੁਅੱਸਬਾਂ ਕਰਕੇ, ਆਮ ਤੌਰ 'ਤੇ ਇਨ੍ਹਾਂ ਲਹਿਰਾਂ ਪ੍ਰਤੀ ਨਕਾਰੀ ਰਵਈਆ ਅਖ਼ਤਿਆਰ ਕਰੀ ਰੱਖਿਆ। ਕਿਸੇ ਵੀ ਅਕਾਲੀ ਲੀਡਰ, ਵਿਦਵਾਨ ਜਾਂ ਐਮ.ਪੀ. ਵੱਲੋਂ ਇਨ੍ਹਾਂ ਲਹਿਰਾਂ ਤੇ ਰੁਝਾਨਾਂ ਦੇ ਪੱਖ ਵਿੱਚ ਲਿਖੇ ਜਾਂ ਬੋਲੇ ਇਕ ਵੀ ਸ਼ਬਦ ਦਾ ਨਮੂਨਾ ਦੇਖਣ ਨੂੰ ਨਹੀਂ ਮਿਲਦਾ। ਉਲਟਾ ਇਨ੍ਹਾਂ ਲਹਿਰਾਂ ਦੇ ਸਿੱਧੇ ਤੇ ਅਸਿੱਧੇ ਵਿਰੋਧ ਦੀਆਂ ਉਦਾਹਰਣਾਂ ਬਹੁਤ ਮਿਲ ਜਾਣਗੀਆਂ। ਇਨ੍ਹਾਂ ਲਹਿਰਾਂ ਨੂੰ ਕੁਚਲਣ ਵਿੱਚ ਭਾਰਤੀ ਫ਼ੌਜਾਂ ਅੰਦਰਲੇ ਸਿੱਖ ਤੱਤਾਂ ਨੇ ਸਭ ਤੋਂ ਵੱਧ ਸਰਗਰਮ ਭੂਮਿਕਾ ਨਿਭਾਈ।

1947 ਵਿੱਚ ਕਸ਼ਮੀਰ ਤੇ ਉੱਤਰ-ਪੂਰਬੀ ਖ਼ਿੱਤੇ ਦੀਆਂ ਕੌਮੀਅਤਾਂ ਅੰਦਰ ਅਲਹਿਦਗੀ ਦੀਆਂ ਭਾਵਨਾਵਾਂ ਏਨੀਆਂ ਪ੍ਰਬਲ ਸਨ ਕਿ ਹਿੰਦੂ ਹਾਕਮਾਂ ਨੂੰ ਇਨ੍ਹਾਂ ਖੇਤਰਾਂ ਦੇ ਲੋਕਾਂ ਨੂੰ ਭਾਰਤੀ ਰਾਜ ਅੰਦਰ ਸ਼ਾਮਲ ਹੋਣ ਲਈ ਪ੍ਰੇਰਨ ਵਾਸਤੇ ਝੂਠ ਤੇ ਫ਼ਰੇਬ ਦੀ ਨੰਗੀ ਵਰਤੋਂ ਕਰਨੀ ਪੈ ਰਹੀ ਸੀ। ਅਲਹਿਦਗੀ ਦੀਆਂ ਰੁਚੀਆਂ ਪ੍ਰਗਟਾਅ ਰਹੀਆਂ ਇਨ੍ਹਾਂ ਕੌਮੀਅਤਾਂ ਨੂੰ ਪਤਿਆਉਣ ਵਾਸਤੇ ਜਵਾਹਰ ਲਾਲ ਨਹਿਰੂ ਨੂੰ 1947 ਵਿੱਚ ਖੁੱਲ੍ਹੇਆਮ ਇਹ ਗੱਲ ਕਹਿਣੀ ਪਈ ਸੀ ਕਿ "ਬਾਕਾਇਦਾ ਰੂਪ 'ਚ ਬਣੇ-ਉਸਰੇ ਕਿਸੇ ਖ਼ਿੱਤੇ ਵੱਲੋਂ ਭਾਰਤੀ ਫ਼ੈਡਰੇਸ਼ਨ ਜਾਂ ਯੂਨੀਅਨ ਨਾਲੋਂ ਅਲਹਿਦਾ ਹੋਣ ਦੇ ਅਧਿਕਾਰ ਦੀ ਗੱਲ ਅਕਸਰ ਕੀਤੀ ਜਾਂਦੀ ਹੈ। ਇਸ ਤਰ੍ਹਾਂ ਇਕ ਲੁੜੀਂਦਾ ਮਾਰਗ ਤੈਅ ਕੀਤਾ ਜਾ ਸਕਦਾ ਹੈ, ਇਹ ਕਹਿ ਲਓ ਕਿ ਆਜ਼ਾਦ ਭਾਰਤੀ ਰਾਜ ਦੀ ਸਥਾਪਨਾ ਤੋਂ ਦਸਾਂ ਸਾਲਾਂ ਦੇ ਅਰਸੇ ਬਾਅਦ ਉਚਿਤ ਸੰਵਿਧਾਨਕ ਢੰਗ-ਤਰੀਕਿਆਂ ਦੇ ਜ਼ਰੀਏ ਜਾਂ ਸੰਬੰਧਤ ਖੇਤਰ ਦੇ ਲੋਕਾਂ ਦੀ ਸਪਸ਼ਟ ਰੂਪ ਵਿੱਚ ਪ੍ਰਗਟ ਹੋਈ ਇੱਛਾ ਦੇ ਅਨੁਸਾਰ ਅਲਹਿਦਗੀ ਦੇ ਹੱਕ ਦੀ ਵਰਤੋਂ ਕੀਤੀ ਜਾ ਸਕਦੀ ਹੈ।"[14] ਨਹਿਰੂ ਦੇ ਇਸ ਕਥਨ ਦਾ ਇਹ ਅਰਥ ਕਦਾਚਿਤ ਨਹੀਂ ਕਿ ਉਹ ਇਮਾਨਦਾਰੀ ਨਾਲ ਹੀ ਇਸ ਤਰ੍ਹਾਂ ਸੋਚਦਾ ਸੀ। ਹਿੰਦੂ ਆਗੂਆਂ ਦੀ ਜ਼ੱਦੀ ਖ਼ਸਲਤ ਮੁਤਾਬਕ, ਇਹ ਨਹਿਰੂ ਵੱਲੋਂ ਕਸ਼ਮੀਰ ਤੇ ਉੱਤਰੀ-ਪੂਰਬੀ ਖ਼ਿੱਤੇ ਦੀਆਂ ਕੌਮੀਅਤਾਂ ਨੂੰ ਫਾਹੁਣ ਲਈ ਵਿਛਾਇਆ ਗਿਆ ਇਕ ਫ਼ਰੇਬੀ ਜਾਲ ਸੀ। ਇਸ ਦੀ ਅਸਲੀਅਤ ਉਦੋਂ ਉਜਾਗਰ ਹੋ ਗਈ ਜਦ ਭਾਰਤ ਵੱਲੋਂ ਆਜ਼ਾਦੀ ਹਾਸਲ ਕਰ ਲੈਣ ਤੋਂ ਦੋ ਹਫ਼ਤੇ ਬਾਅਦ ਹੀ ਨਾਗਿਆਂ ਦਾ ਲੀਡਰ ਡਾ. ਜ਼ੈਡ.ਏ. ਫ਼ਿਜ਼ੋ ਦਿੱਲੀ ਆਇਆ ਅਤੇ ਉਸਨੇ ਗਾਂਧੀ ਤੇ ਜਿਨਾਹ ਨਾਲ ਮੁਲਾਕਾਤ ਕਰ ਕੇ ਆਪਣੇ ਪੱਖ ਦੀ ਜ਼ੋਰਦਾਰ ਵਕਾਲਤ ਕੀਤੀ। ਨਹਿਰੂ ਨੇ ਡਾ. ਫ਼ਿਜ਼ੋ ਨੂੰ ਧਮਕੀ ਤੇ ਤਾੜਨਾ ਭਰੇ ਅੰਦਾਜ਼ ਵਿੱਚ ਸ਼ਰੇਆਮ ਇਹ ਸੁਣਵਾਈ ਕਰ ਦਿੱਤੀ ਕਿ "ਅਸੀਂ ਤੁਹਾਨੂੰ ਪੂਰਨ ਖ਼ੁਦਮੁਖ਼ਤਿਆਰੀ ਤਾਂ ਦੇ ਸਕਦੇ ਹਾਂ ਪਰ ਆਜ਼ਾਦੀ ਕਦਾਚਿਤ ਨਹੀਂ। ਤੁਸੀਂ ਆਜ਼ਾਦ ਹੋਣ ਦੀ ਕਦੇ ਵੀ ਉਮੀਦ ਨਹੀਂ ਕਰ ਸਕਦੇ। ਅਜਿਹੀਆਂ ਰੁਚੀਆਂ ਨੂੰ ਕੁਚਲਣ ਵਾਸਤੇ ਅਸੀਂ ਆਪਣੀ ਸਾਰੀ ਤਾਕਤ ਤੇ ਅਸਰ-ਰਸੂਖ਼ ਝੋਕ ਦੇਵਾਂਗੇ।"[15]

ਇਸੇ ਦੌਰਾਨ ਪੇਰੀਆਰ (EVR) ਨੇ ਚਾਰ ਦੱਖਣੀ ਕੌਮੀਅਤਾਂ (ਤਾਮਿਲ, ਮਲਿਆਲੀ, ਕੰਨੜ, ਤੇਲਗੂ) ਦੀ ਵੱਖਰੀ ਫ਼ੈਡਰੇਸ਼ਨ ਦਾ ਨਾਹਰਾ ਉਭਾਰਨਾ ਸ਼ੁਰੂ ਕਰ

ਦਿੱਤਾ ਸੀ ਅਤੇ ਤਾਮਿਲਨਾਡੂ ਅੰਦਰ ਖੁੱਲ੍ਹੇਆਮ ਅਲਹਿਦਗੀ ਦੀ ਪ੍ਰਚਾਰ ਮੁਹਿੰਮ ਛੋੜ ਦਿੱਤੀ ਸੀ। ਉਦੋਂ ਭਾਰਤੀ ਸੰਵਿਧਾਨ ਦੀ ਉੱਨੀਵੀਂ ਧਾਰਾ ਅਨੁਸਾਰ ਕਿਸੇ ਵੀ ਪਾਰਟੀ ਜਾਂ ਵਿਅਕਤੀ ਨੂੰ ਭਾਰਤ ਨਾਲੋਂ ਵੱਖ ਹੋਣ ਦੇ ਵਿਚਾਰ ਦਾ ਪ੍ਰਚਾਰ ਕਰਨ ਦਾ ਹੱਕ ਹਾਸਲ ਸੀ। ਪੇਰੀਆਰ ਨੇ 1958 ਵਿੱਚ ਮਦਰਾਸ ਵਿਖੇ ਇਕ ਵਿਸ਼ਾਲ ਰੈਲੀ ਅੰਦਰ ਤਾਮਿਲ ਵੱਖਵਾਦ ਦੇ ਪੱਖ ਵਿੱਚ ਖੁੱਲ੍ਹੇਆਮ ਭਾਰਤੀ ਸੰਵਿਧਾਨ ਨੂੰ ਅੱਗ ਲਾ ਕੇ ਸਾੜਿਆ ਸੀ। ਪੇਰੀਆਰ ਨੂੰ ਆਪਣੇ ਇਨ੍ਹਾਂ ਵਿਚਾਰਾਂ ਤੇ ਸਰਗਰਮੀਆਂ ਕਰਕੇ 'ਆਜ਼ਾਦ ਭਾਰਤ' ਅੰਦਰ ਪੰਦਰਾਂ ਸਾਲਾਂ ਵਿੱਚ ਤੇਈ ਵਾਰ ਜੇਲ੍ਹ ਜਾਣਾ ਪਿਆ ਸੀ। ਪੇਰੀਆਰ ਦੀ ਵਿਚਾਰਧਾਰਾ ਦੇ ਹੋਣਹਾਰ ਪੈਰੋਕਾਰ ਬਣ ਕੇ ਉਭਰੇ ਕੁੰਜੀਵਰਮ ਨਟਰਾਜਨ ਅੱਨਾਦੁਰਾਇ (ਜਿਸਨੂੰ 'ਅੱਨਾ' ਦੇ ਨਾਂ ਨਾਲ ਜਾਣਿਆ ਜਾਂਦਾ) ਨੇ 1954 ਵਿੱਚ ਮਦਰਾਸ ਵਿਖੇ ਸਿੰਪਸਨ ਕੰਪਨੀ ਦੇ ਦਫ਼ਤਰ ਤੋਂ ਲੈ ਕੇ ਨੇਪੀਅਰ ਪਾਰਕ ਤਕ ਲੋਕਾਂ ਦੇ ਠਾਠਾਂ ਮਾਰਦੇ ਸਮੁੰਦਰ ਦੀ ਇਕ ਧਾਰਾ ਵਹਾ ਕੇ ਤਾਮਿਲ ਕੌਮਪ੍ਰਸਤੀ ਦੇ ਜਜ਼ਬੇ ਨੂੰ ਲਾਮਿਸਾਲ ਹੁਲਾਰਾ ਦੇ ਦਿੱਤਾ।[16] 'ਅੱਨਾ' ਦੁਆਰਾ ਬਣਾਈ ਡੀ.ਐਮ.ਕੇ. ਨਾਂ ਦੀ ਤਾਮਿਲ ਜਥੇਬੰਦੀ ਨੇ 1957 ਦੀਆਂ ਆਮ ਚੋਣਾਂ ਦੌਰਾਨ ਵੱਖਰੇ ਤਾਮਿਲਨਾਡੂ ਦੇ ਨਾਹਰੇ ਹੇਠ ਅਸੰਬਲੀ ਚੋਣਾਂ ਅੰਦਰ ਤਕੜੀ ਸਫਲਤਾ ਹਾਸਲ ਕਰ ਲਈ।[17] 1959 'ਚ ਡੀ.ਐਮ.ਕੇ. ਨੇ ਮਦਰਾਸ ਕਾਰਪੋਰੇਸ਼ਨ ਦੀ ਚੋਣ ਜਿੱਤ ਕੇ ਆਪਣੀ ਪੇਸ਼ਕਦਮੀ ਦਾ ਗੂੰਜਵਾਂ ਸੰਦੇਸ਼ ਦੇ ਦਿੱਤਾ। 1962 ਵਿੱਚ ਅੱਨਾਦੁਰਾਇ ਨੇ ਰਾਜ ਸਭਾ ਦੇ ਮੈਂਬਰ ਬਣਨ ਉਪਰੰਤ ਰਾਸ਼ਟਰਪਤੀ ਦੇ ਭਾਸ਼ਣ ਉੱਤੇ ਧੰਨਵਾਦ ਦੇ ਮਤੇ 'ਤੇ ਬੋਲਦਿਆਂ ਆਪਣੇ 'ਵੱਖਵਾਦੀ' ਵਿਚਾਰਾਂ ਦੀ ਡਟਵੀਂ ਵਕਾਲਤ ਕੀਤੀ। ਉਸਨੇ ਨਿਧੜਕ ਹੋ ਕੇ ਕਿਹਾ, "ਮੈਂ ਵੱਖਰੇ ਦਰਾਵੜਨਾਡੂ ਦੀ ਵਕਾਲਤ ਕਰਦਾ ਹਾਂ ਕਿਉਂਕਿ ਜੇਕਰ ਇਹ ਵੱਖਰਾ ਦੇਸ਼ ਬਣ ਜਾਂਦਾ ਹੈ ਤਾਂ ਅਸੀਂ ਆਰਥਿਕ ਤੌਰ 'ਤੇ ਵਧੇਰੇ ਅਸਰਦਾਰ ਢੰਗ ਨਾਲ ਤਰੱਕੀ ਦੀਆਂ ਮੰਜ਼ਿਲਾਂ ਸਰ ਕਰ ਸਕਾਂਗੇ ਅਤੇ ਸਮਾਜੀ ਪੁਨਰ-ਉਥਾਨ ਵੀ ਵਧੇਰੇ ਹਿਤਕਾਰੀ ਹੋਵੇਗਾ।"[18] ਜੂਨ 1962 ਵਿੱਚ 'ਅੱਨਾ' ਨੇ ਰਾਜ ਸਭਾ ਅੰਦਰ ਵਿਤ ਮੰਤਰੀ ਦੀ ਤਕਰੀਰ ਉੱਤੇ ਬੋਲਦਿਆਂ ਲਲਕਾਰ ਕੇ ਇਹ ਗੱਲ ਆਖੀ ਕਿ, "ਮੈਂ ਜਿਹੜੇ ਮਿਸ਼ਨ ਨੂੰ ਪਰਨਾਇਆ ਹੋਇਆ ਹਾਂ, ਉਸ ਤੋਂ ਮੈਨੂੰ ਨਾ ਤੋਪਾਂ ਰੋਕ ਸਕਦੀਆਂ ਹਨ ਤੇ ਨਾ ਤਿਰਸਕਾਰ। ਇਸ ਬਾਰੇ ਕੋਈ ਸਮਝੌਤਾ ਨਹੀਂ ਹੋ ਸਕਦਾ।"[19] ਭਾਵੇਂ ਇਸ ਤੋਂ ਥੋੜਾ ਚਿਰ ਬਾਅਦ ਹੀ, ਅਕਤੂਬਰ 1962 ਦੀ ਭਾਰਤ-ਚੀਨ ਜੰਗ ਮੌਕੇ, ਹਿੰਦੂ ਹਾਕਮਾਂ ਵੱਲੋਂ ਝੁਲਾਏ 'ਭਾਰਤੀ ਕੌਮਪ੍ਰਸਤੀ' ਦੇ ਝੱਖੜ ਅੱਗੇ ਅੱਨਾਦੁਰਾਇ ਦੇ ਕਦਮ ਲੜਖੜਾ ਗਏ। ਉਸ ਦੀ ਨਿਸ਼ਚਾ ਡਿਕੋ-ਡੋਲੇ ਖਾ ਉਠੀ ਅਤੇ ਉਹ ਥਿੜਕਦਾ ਥਿੜਕਾਉਂਦਾ ਭਾਰਤ ਦੀ 'ਕੌਮੀ ਮੁੱਖਧਾਰਾ' ਦੇ ਵਹਿਣ ਅੰਦਰ ਸ਼ਾਮਲ ਹੋ ਗਿਆ (ਜਿਸ ਸਦਕਾ ਸਮੇਂ ਨਾਲ ਦਰਾਵੜ ਲਹਿਰ ਦੀ ਬ੍ਰਾਹਮਣਵਾਦ-ਵਿਰੋਧੀ ਧਾਰ ਖੁੰਢੀ ਹੁੰਦੀ ਚਲੀ ਗਈ) ਪ੍ਰੰਤੂ ਦਰਾਵੜ ਲਹਿਰ ਵੱਲੋਂ ਬ੍ਰਾਹਮਣਸ਼ਾਹੀ ਨੂੰ ਦਿੱਤੀ ਚੁਣੌਤੀ ਵੱਡੀ ਸਿਧਾਂਤਕ ਅਤੇ ਰਾਜਸੀ ਅਹਿਮੀਅਤ ਰੱਖਦੀ ਸੀ। ਬੜੇ ਅਫ਼ਸੋਸ ਦੀ ਗੱਲ ਹੈ ਕਿ ਅਕਾਲੀ ਆਗੂ ਅਤੇ ਸਿੱਖ ਵਿਦਵਾਨ ਇਸ ਲਹਿਰ ਦੀ ਅਹਿਮੀਅਤ ਅਤੇ ਇਸ ਅੰਦਰ ਮੌਜੂਦ ਅਸੀਮ ਸੰਭਾਵਨਾਵਾਂ ਦਾ ਥਾਹ ਨਾ ਪਾ ਸਕੇ। ਜਦ ਹਿੰਦੂ ਹਾਕਮਾਂ ਨੇ ਭਾਰਤ-ਚੀਨ ਜੰਗ ਕਾਰਨ ਪੈਦਾ ਹੋਏ ਮਾਹੌਲ ਦਾ ਲਾਹਾ ਲੈਂਦਿਆਂ ਹੋਇਆਂ 1963 ਵਿੱਚ ਪਾਰਲੀਮੈਂਟ ਅੰਦਰ ਭਾਰਤੀ ਸੰਵਿਧਾਨ ਦੀ ਉੱਨੀਵੀਂ ਧਾਰਾ, ਜੋ ਕਿਸੇ ਵਿਅਕਤੀ ਜਾਂ ਪਾਰਟੀ ਨੂੰ ਭਾਰਤ ਨਾਲੋਂ ਅਲੱਗ ਹੋਣ ਦੇ ਪ੍ਰਚਾਰ ਕਰਨ ਦਾ ਸੰਵਿਧਾਨਕ ਹੱਕ ਬਖ਼ਸ਼ਦੀ ਸੀ, ਅੰਦਰ ਸੋਧ ਕਰਨ ਦੀ ਤਜਵੀਜ਼ (ਸੋਲ੍ਹਵਾਂ ਸੋਧ ਬਿਲ) ਲਿਆਂਦੀ ਤਾਂ ਅਕਾਲੀ ਮੈਂਬਰਾਂ (ਸਮੇਤ ਸ: ਕਪੂਰ ਸਿੰਘ) ਨੇ ਇਸ ਦੀ ਹੁੱਬ ਕੇ ਹਮਾਇਤ ਕੀਤੀ ਜਦੋਂ ਕਿ ਡੀ.ਐਮ.ਕੇ. ਨੇ ਇਸ ਤਜਵੀਜ਼ ਦਾ ਕਰੜਾ ਵਿਰੋਧ ਕੀਤਾ।[20]

ਇਥੇ ਸੁਆਲ ਇਹ ਨਹੀਂ ਕਿ ਸਿੱਖ ਭਾਰਤ ਨਾਲੋਂ ਅਲੱਗ ਹੋਣਾ ਚਾਹੁੰਦੇ ਸਨ ਜਾਂ ਨਹੀਂ, ਜਾਂ ਉਨ੍ਹਾਂ ਨੂੰ ਅਲੱਗ ਹੋਣਾ ਚਾਹੀਦਾ ਸੀ ਜਾਂ ਨਹੀਂ। ਜੇਕਰ ਸਿੱਖ ਭਾਈਚਾਰਾ ਤੇ ਉਸ ਦੇ ਆਗੂ ਇਹ ਸਮਝਦੇ ਸਨ ਕਿ ਸਿੱਖ ਪੰਥ ਦਾ ਭਲਾ ਭਾਰਤ ਨਾਲ ਜੁੜੇ ਰਹਿਣ ਵਿੱਚ ਹੀ ਹੈ, ਇਸ ਨਾਲੋਂ ਅਲੱਗ ਹੋਣ ਵਿੱਚ ਨਹੀਂ ਤਾਂ ਉਨ੍ਹਾਂ ਨੂੰ ਅਜਿਹਾ ਸੋਚਣ ਦਾ ਪੂਰਾ ਅਧਿਕਾਰ ਸੀ (ਤੇ ਹੈ) ਪਰ ਮਸਲਾ ਸਿੱਖ ਭਾਈਚਾਰੇ ਦਾ ਹੀ ਨਹੀਂ ਸੀ। ਮਸਲਾ ਉਨ੍ਹਾਂ ਕੌਮੀਅਤਾਂ ਦੇ ਜਮਹੂਰੀ ਹੱਕ ਦਾ ਸੀ ਜੋ ਭਾਰਤ ਨਾਲੋਂ ਅਲੱਗ ਹੋਣ ਦੀ ਇੱਛਾ ਰੱਖਦੀਆਂ ਸਨ। ਸਿੱਖ ਲੀਡਰਸ਼ਿਪ ਵੱਲੋਂ ਕਸ਼ਮੀਰ ਅਤੇ ਉਤਰ ਪੂਰਬੀ ਖ਼ਿੱਤੇ ਦੀਆਂ ਕੌਮਾਂ ਦੇ ਆਪਣੀ ਹੋਣੀ ਖ਼ੁਦ ਨਿਰਧਾਰਤ ਕਰਨ ਦੇ ਜਮਹੂਰੀ ਹੱਕ ਉੱਤੇ ਧਾੜਾ ਮਾਰਨ ਵਿੱਚ ਹਿੰਦੂ ਹਾਕਮਾਂ ਦਾ ਸਰਗਰਮੀ ਨਾਲ ਹੱਥ ਵਟਾਉਣਾ, ਇਕ ਗ਼ੈਰ ਜਮਹੂਰੀ ਕਰਮ ਸੀ। ਇਹ ਕਰਮ ਤਿੰਨ ਪੱਖਾਂ ਤੋਂ ਗ਼ਲਤ ਬਣਦਾ ਹੈ। ਇਕ ਆਜ਼ਾਦੀ ਤੇ ਸੁਤੰਤਰਤਾ ਦੇ ਅਜੋਕੇ ਤਹਿਜ਼ੀਬ ਯਾਫ਼ਤਾ ਯੁੱਗ ਅੰਦਰ ਕਿਸੇ ਕੌਮੀ ਭਾਈਚਾਰੇ ਨੂੰ ਤਾਕਤ ਦੇ ਜ਼ੋਰ ਦੁਬੇਲ ਬਣਾ ਕੇ ਰੱਖਣ ਦੀ ਕਾਰਵਾਈ ਕੌਮਾਂਤਰੀ ਪੱਧਰ 'ਤੇ ਪ੍ਰਵਾਨਤ ਜਮਹੂਰੀ ਨਿਯਮਾਂ ਦੀ ਸਿੱਧਮ-ਸਿੱਧੀ ਉਲੰਘਣਾ ਹੈ। ਦੂਜੇ, ਇਕ ਘੱਟਗਿਣਤੀ ਵਰਗ ਵੱਲੋਂ ਬਹੁਗਿਣਤੀ ਵਰਗ ਨੂੰ ਜਾਬਰ ਅਧਿਕਾਰਾਂ ਨਾਲ ਲੈਸ ਕਰਨ ਵਿੱਚ ਸਹਾਈ ਹੋਣਾ ਸਾਧਾਰਨ ਤੌਰ 'ਤੇ ਹੀ ਸਿਆਣਪ ਰਹਿਤ ਕਰਮ ਸਮਝਿਆ ਜਾਂਦਾ ਹੈ। ਕਿਉਂਕਿ ਕੌਣ ਜਾਣੇ ਕਦ ਘੱਟਗਿਣਤੀ ਵਰਗ ਨੂੰ ਇਨ੍ਹਾਂ ਜਾਬਰ ਅਧਿਕਾਰਾਂ ਦਾ ਖ਼ੁਦ ਹੀ ਸ਼ਿਕਾਰ ਹੋਣਾ ਪੈ ਜਾਵੇ। ਪਰ ਸਿੱਖ ਪੰਥ ਤੇ ਹਿੰਦੂ ਵਰਗ ਦਾ ਮਾਮਲਾ ਤਾਂ ਕੋਈ ਸਾਧਾਰਨ ਘੱਟਗਿਣਤੀ ਬਹੁਗਿਣਤੀ ਵਰਗ ਦਾ ਮਾਮਲਾ ਨਹੀਂ। ਹਿੰਦੂ ਵਰਗ ਨੇ ਤਾਂ ਸਿੱਖ ਕੌਮ ਦੀ ਵੱਖਰੀ ਪਛਾਣ ਤੇ ਸੁਤੰਤਰ ਹਸਤੀ ਨੂੰ ਖ਼ਤਮ ਕਰਨ ਦੀ ਜਿਵੇਂ ਸਹੁੰ ਹੀ ਖਾਧੀ ਹੋਈ ਹੈ। ਸੋ ਹਿੰਦੂ ਹਾਕਮਾਂ ਦੀ ਏਨੀ ਨੰਗੀ ਤੇ ਕਰੂਪ ਸਿੱਖ ਦੁਸ਼ਮਣ ਸੋਚਣੀ ਦੇ ਬਾਵਜੂਦ ਵੀ ਜੇਕਰ ਸਿੱਖ ਲੀਡਰਸ਼ਿਪ ਭਾਰਤੀ ਸੰਵਿਧਾਨ ਅੰਦਰ ਸੋਲ੍ਹਵੀਂ ਸੋਧ ਵਰਗੇ ਮਾਮਲੇ ਵਿੱਚ ਹਿੰਦੂ ਹਾਕਮਾਂ ਦਾ ਹੱਥ ਵਟਾਉਂਦੀ ਹੈ ਤਾਂ ਇਹ ਕੋਈ ਸਾਧਾਰਨ ਉਕਾਈ ਨਹੀਂ ਸਮਝੀ ਜਾਣੀ ਚਾਹੀਦੀ। ਇਹ ਕਿਸੇ ਲਹੂ ਪਿਆਸੇ ਦੈਂਤ ਦੇ ਪੱਠਿਆਂ ਦੀ ਮਾਲਸ਼ ਕਰਨ ਵਰਗੀ ਸਵੈ-ਘਾਤਕ ਕਾਰਵਾਈ ਹੈ ਜਿਸ ਦਾ ਖਮਿਆਜ਼ਾ ਸਵੈ-ਵਿਨਾਸ਼ ਦੇ ਰੂਪ ਵਿੱਚ ਭੁਗਤਣਾ ਪੈਂਦਾ ਹੈ। ਤੀਜੀ ਅਤੇ ਸਭ ਤੋਂ ਅਹਿਮ ਗੱਲ, ਕਿਸੇ ਮਜ਼ਲੂਮ ਧਿਰ ਦੇ ਹੱਕਾਂ ਉੱਤੇ ਛਾਪਾ ਮਾਰਨਾ ਜਾਂ ਛਾਪਾ ਮਾਰਨ ਦੀ ਕਾਰਵਾਈ ਵਿੱਚ ਸਹਾਈ ਹੋਣਾ, ਸਿੱਖੀ ਸਿਧਾਂਤਾਂ ਦੀ ਮੂਲ ਭਾਵਨਾ ਦੇ ਉਲਟ ਹੈ। ਗੱਲ ਸਿਰਫ਼ ਸੋਲ੍ਹਵੀਂ ਸੋਧ ਦੀ ਨਹੀਂ, ਕਸ਼ਮੀਰ ਹੋਵੇ ਜਾਂ ਉੱਤਰ-ਪੂਰਬ ਅਤੇ ਜਾਂ ਦੇਸ਼ ਦਾ ਕੋਈ ਵੀ ਕੋਨਾ, ਆਪਣੀ ਆਜ਼ਾਦੀ ਲਈ ਜੂਝਦੇ ਲੋਕਾਂ ਦੀਆਂ ਛਾਤੀਆਂ ਛਲਣੀ ਕਰਨੀਆਂ, ਸਿੱਖ ਸਿਧਾਂਤਾਂ ਦੇ ਚੀਥੜੇ ਕਰਨਾ ਹੈ।

ਸੋ ਇਹ ਗੱਲ ਠੀਕ ਨਹੀਂ ਹੈ ਕਿ 1947 ਤੋਂ ਬਾਅਦ ਹਿੰਦੂ ਹਾਕਮਾਂ ਵੱਲੋਂ ਧਾਰਨ ਕੀਤੇ ਸਿੱਖ ਦੁਸ਼ਮਣ ਰਵਈਏ ਕਾਰਨ "ਸੱਚੀ ਗੱਲ ਕਹਿਣ ਦਾ ਵੇਲਾ ਨਹੀਂ ਸੀ ਰਹਿ ਗਿਆ।" ਸਗੋਂ ਸੱਚ ਇਹ ਹੈ ਕਿ ਹਿੰਦੂ ਹਾਕਮਾਂ ਦੇ ਅਜਿਹੇ ਵਤੀਰੇ ਕਾਰਨ 'ਸੱਚੀ ਗੱਲ' ਕਹਿਣ ਦੀ ਲੋੜ ਤੇ ਅਹਿਮੀਅਤ ਹੋਰ ਵੀ ਵੱਧ ਗਈ ਹੈ। ਇਥੇ ਦੋ ਗੱਲਾਂ ਚੇਤੇ ਰੱਖਣੀਆਂ ਜ਼ਰੂਰੀ ਹਨ। ਇਕ ਇਹ ਕਿ ਆਜ਼ਾਦੀ ਕਦੇ ਵੀ ਸਸਤੇ ਭਾਅ ਨਹੀਂ ਮਿਲਿਆ ਕਰਦੀ। ਇਸ ਦੇ ਲਈ ਹਮੇਸ਼ਾ ਹੀ ਮਹਿੰਗੀ ਕੀਮਤ ਤਾਰਨੀ ਪੈਂਦੀ ਹੈ। ਖ਼ਾਸ ਕਰਕੇ ਖ਼ਾਲਸਾ ਪੰਥ ਵਰਗੀ ਜਿਸ ਕੌਮ ਨੂੰ ਇਤਿਹਾਸ ਨੇ ਕੁਝ ਜ਼ਿਆਦਾ ਹੀ ਨਾਗਵਾਰ ਹਾਲਤਾਂ ਦੇ ਵੱਸ ਪਾ ਦਿੱਤਾ ਹੋਵੇ, ਉਸ ਨੂੰ ਆਜ਼ਾਦੀ ਦੀ ਔਸਤ ਨਾਲੋਂ ਵੱਧ ਕੀਮਤ ਅਦਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਦੂਜੀ ਗੱਲ, ਬੇਲੋੜੇ ਨੁਕਸਾਨ ਤੋਂ ਹਰ ਸੂਰਤ ਬਚਾਅ

ਕਰਨਾ ਚਾਹੀਦਾ ਹੈ। ਜਿਸ ਦਾ ਭਾਵ ਇਹ ਕਿ ਸੰਘਰਸ਼ ਦੀ ਕਾਰਜ-ਸੇਧ ਤੈਅ ਕਰਨ ਅਤੇ ਇਸ ਦੀ ਰੂਪ-ਰੇਖਾ ਉਲੀਕਣ ਵੇਲੇ ਹਮੇਸ਼ਾ ਹੀ ਵਧੇਰੇ ਸੰਜੀਦਗੀ, ਸੰਜਮ ਤੇ ਸਿਆਣਪ ਤੋਂ ਕੰਮ ਲੈਣਾ ਚਾਹੀਦਾ ਹੈ। ਅਮਲੀ ਟੀਚੇ, ਉਦੇਸ਼ ਤੇ ਪੈਂਤੜੇ ਤੈਅ ਕਰਨ ਲੱਗਿਆਂ ਪੈਰ ਜ਼ਮੀਨ 'ਤੇ ਅਤੇ ਨਜ਼ਰਾਂ ਮੰਜ਼ਲ 'ਤੇ ਟਿਕੀਆਂ ਹੋਣੀਆਂ ਚਾਹੀਦੀਆਂ ਹਨ। ਅਕਾਲੀ ਲੀਡਰਸ਼ਿਪ ਨੇ 'ਨਾਗਵਾਰ ਹਾਲਤਾਂ' ਦੇ ਬਹਾਨੇ ਜੋ ਵੱਡਾ ਗੁਨਾਹ ਕੀਤਾ, ਉਹ ਇਹ ਕਿ ਉਸਨੇ ਮੰਜ਼ਲ ਨੂੰ ਹੀ ਮਨੋਂ ਭੁਲਾ ਦਿੱਤਾ। ਜਦ ਮੰਜ਼ਲ ਹੀ ਭੁੱਲ ਗਈ ਤਾਂ ਰਸਤੇ ਦੀ ਦਿਸ਼ਾ ਦਾ ਕੋਈ ਥੀਹਾ ਨਹੀਂ ਰਹਿੰਦਾ। ਸਿੱਟੇ ਵਜੋਂ ਸਾਰੇ ਅਮਲ, ਸਾਰੀ ਸਰਗਰਮੀ ਨਾ ਸਿਰਫ਼ ਦਿਸ਼ਾ-ਵਿਹੂਣੀ ਹੋ ਕੇ ਰਹਿ ਜਾਂਦੀ ਹੈ ਸਗੋਂ ਕਈ ਵੇਰਾਂ ਉਲਟ-ਦਿਸ਼ਾਵੀਂ ਵੀ ਹੋ ਨਿਬੜਦੀ ਹੈ। ਪੰਜਾਬੀ ਸੂਬੇ ਦੇ ਮਸਲੇ 'ਤੇ ਅਕਾਲੀ ਲੀਡਰਸ਼ਿਪ ਵੱਲੋਂ ਕੱਟਿਆ ਸਿਧਾਂਤਕ ਮੋੜਾ ਕੁਝ ਅਜਿਹੀ ਹੀ 'ਦੁਰਘਟਨਾ' ਹੋ ਗੁਜ਼ਰਿਆ ਹੈ।

## ਹਿੰਦੂ ਪ੍ਰਤੀਕਰਮ

ਅਕਾਲੀ ਆਗੂਆਂ ਦੇ ਮੂੰਹੋਂ ਪੰਜਾਬੀ ਸੂਬੇ ਦੀ ਗੱਲ ਨਿਕਲਣ ਦੀ ਦੇਰ ਸੀ ਕਿ ਹਿੰਦੂ ਫ਼ਿਰਕਾਪ੍ਰਸਤ ਲਾਬੀ ਨੇ ਇਸ ਵਿਰੁੱਧ ਇਕ ਝਲਿਆਈ ਮੁਹਿੰਮ ਆਰੰਭ ਦਿੱਤੀ। ਇਹ ਕਾਰਜ ਉਨ੍ਹਾਂ 'ਜੰਗ' ਦੀ ਪੱਧਰ 'ਤੇ ਨਜਿਠਿਆ।

ਉਨ੍ਹਾਂ ਲਈ 1951 ਦੀ ਮਰਦਮਸ਼ੁਮਾਰੀ ਇਸ ਜੰਗ ਦਾ ਇਕ ਅਹਿਮ ਮੋਰਚਾ ਸੀ। ਇਸ ਮਰਦਮਸ਼ੁਮਾਰੀ ਰਾਹੀਂ ਉਹ ਦੋ ਗੱਲਾਂ ਸਾਬਤ ਕਰਨ ਉੱਤੇ ਤੁਲੀਆਂ ਹੋਈਆਂ ਸਨ। ਇਕ ਇਹ ਕਿ ਪੰਜਾਬੀ ਸਿਰਫ਼ ਸਿੱਖਾਂ ਦੀ ਬੋਲੀ ਹੈ ਜਦ ਕਿ ਹਿੰਦੂਆਂ ਦੀ ਭਾਸ਼ਾ ਹਿੰਦੀ ਹੈ। ਦੂਜਾ, ਇਹ ਕਿ ਖ਼ੁਦ ਪੰਜਾਬੀ ਬੋਲਦੇ ਇਲਾਕਿਆਂ ਅੰਦਰ ਵੀ ਪੰਜਾਬੀ ਸੂਬੇ ਦੀ ਮੰਗ ਦਾ ਸਮਾਜਿਕ ਆਧਾਰ ਸੀਮਤ ਹੈ। ਇਸ 'ਜੰਗ' ਵਿੱਚ ਹਿੰਦੂ ਤਾਕਤਾਂ ਲਈ ਪੰਜਾਬ ਦਾ ਦਲਿਤ ਭਾਈਚਾਰਾ ਯੁੱਧਨੀਤਕ ਅਹਿਮੀਅਤ ਰੱਖਦਾ ਸੀ। ਦਲਿਤ ਭਾਈਚਾਰੇ ਨੂੰ ਸਿੱਖੀ ਅਤੇ ਪੰਜਾਬੀ ਤੋਂ ਦੂਰ ਕਰਨਾ ਹਿੰਦੂ ਤਾਕਤਾਂ ਦੀ ਯੁੱਧਨੀਤਕ ਵਿਉਂਤ ਦਾ ਅਹਿਮ ਹਿੱਸਾ ਸੀ। ਵਿਧਾਨਸਾਜ਼ ਅਸੰਬਲੀ ਦੀ ਘੱਟਗਿਣਤੀਆਂ ਲਈ ਮਸ਼ਵਰਾ ਕਮੇਟੀ ਵੱਲੋਂ ਰਿਜ਼ਰਵੇਸ਼ਨ ਦੀ ਰਿਆਇਤ ਸਿਰਫ਼ ਹਿੰਦੂ ਦਲਿਤ ਵਰਗ ਤਕ ਸੀਮਤ ਕਰਨ ਅਤੇ ਸਿੱਖ ਤੇ ਈਸਾਈ ਦਲਿਤ ਵਰਗਾਂ ਨੂੰ ਇਸ ਰਿਆਇਤ ਤੋਂ ਵਾਂਝਿਆ ਰੱਖਣ ਬਾਰੇ ਲਿਆ ਗਿਆ ਫ਼ੈਸਲਾ (11 ਮਈ 1949) ਇਸੇ ਯੁੱਧਨੀਤਕ ਵਿਉਂਤ ਦੀ ਇਕ ਕੜੀ ਸੀ। ਸਿੱਖਾਂ ਦੀ ਗਿਣਤੀ ਅਤੇ ਤਾਕਤ ਵਿੱਚ ਵਾਧਾ ਹਿੰਦੂ ਤਾਕਤਾਂ ਅੰਦਰ ਹਮੇਸ਼ਾ ਹੀ ਅੰਤਰੀਵ ਭੈਅ ਅਤੇ ਉਪਰਾਮਤਾ ਪੈਦਾ ਕਰਦਾ ਆਇਆ ਹੈ। ਸਿੱਖ ਦਲਿਤ ਵਰਗ ਨੂੰ ਰਿਜ਼ਰਵੇਸ਼ਨ ਦੀਆਂ ਰਿਆਇਤਾਂ ਤੋਂ ਵਾਂਝਿਆ ਕਰਕੇ ਉਹ ਦਲਿਤ ਭਾਈਚਾਰੇ ਦੇ ਸਿੱਖੀ ਵੱਲ ਪ੍ਰੇਰਿਤ ਹੋਣ ਦੇ ਰੁਝਾਨ ਨੂੰ ਪੱਕੇ ਤੌਰ 'ਤੇ ਮੌਂਦਾ ਲਾਉਣ ਅਤੇ ਪਹਿਲਾਂ ਹੀ ਸਿੱਖ ਭਾਈਚਾਰੇ ਦਾ ਅੰਗ ਬਣ ਚੁੱਕੇ ਦਲਿਤ ਹਿੱਸਿਆਂ ਨੂੰ ਮੁੜ ਹਿੰਦੂ ਧਾਰਾ ਅੰਦਰ ਖਿੱਚ ਲਿਆਉਣ ਦੀ ਸੋਚ ਧਾਰ ਕੇ ਚੱਲ ਰਹੀਆਂ ਸਨ। 1951 ਦੀ ਮਰਦਮਸ਼ੁਮਾਰੀ ਉਨ੍ਹਾਂ ਲਈ ਇਕ ਸੁਨਹਿਰੀ ਮੌਕਾ ਸੀ ਅਤੇ ਉਨ੍ਹਾਂ ਇਸ ਮੌਕੇ ਦਾ ਰੱਜ ਕੇ ਫ਼ਾਇਦਾ ਉਠਾਉਣ ਵਿੱਚ ਕੋਈ ਢਿੱਲ ਨਹੀਂ ਰਹਿਣ ਦਿੱਤੀ। ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਨੇ ਪੰਜਾਬ ਦੇ ਗ਼ੈਰ-ਸਿੱਖ ਦਲਿਤ ਭਾਈਚਾਰੇ ਨੂੰ ਆਪਣੇ ਪੰਜਾਬੀ-ਵਿਰੋਧੀ ਪ੍ਰਚਾਰ-ਯੁੱਧ ਦਾ ਚੋਣਵਾਂ ਨਿਸ਼ਾਨਾ ਬਣਾਇਆ। ਦਲਿਤ ਭਾਈਚਾਰੇ ਨੂੰ ਨਾ ਸਿਰਫ਼ ਪੰਜਾਬੀ ਤੋਂ ਬੇਮੁੱਖ ਹੋਣ ਲਈ ਉਕਸਾਇਆ ਗਿਆ ਸਗੋਂ ਉਸ ਅੰਦਰ ਸਿੱਖ ਵਿਰੋਧੀ ਭਾਵਨਾਵਾਂ ਪੈਦਾ ਕਰਨ ਦੇ ਸਿਰਤੋੜ ਯਤਨ ਕੀਤੇ ਗਏ। ਇਸ ਅਮਲ ਦੌਰਾਨ ਦਲਿਤ ਭਾਈਚਾਰੇ ਅੰਦਰਲੇ ਕੁਝ ਤੱਤ ਸਿੱਖ ਵਿਰੋਧੀ ਫ਼ਿਰਕੂ ਰਾਜਨੀਤੀ

ਦੇ ਪ੍ਰਮੁੱਖ ਵਾਹਕ ਬਣ ਕੇ ਉਭਰੇ। ਇਸ ਪ੍ਰਸੰਗ ਅੰਦਰ ਮਾਸਟਰ ਗੁਰਬੰਤਾ ਸਿੰਘ ਤੇ (ਬਾਬਾ) ਪ੍ਰਿਥਵੀ ਸਿੰਘ ਆਜ਼ਾਦ ਦੇ ਨਾਂ ਖ਼ਾਸ ਤੌਰ 'ਤੇ ਵਰਣਨਯੋਗ ਹਨ। ਪੰਜਾਬ ਦਾ ਸਵਰਨਜਾਤੀ ਹਿੰਦੂ ਵਰਗ ਤਾਂ ਬਹੁਤ ਚਿਰ ਪਹਿਲਾਂ ਹੀ ਪੰਜਾਬੀ ਤੋਂ ਬੇਮੁੱਖ ਹੋ ਚੁੱਕਾ ਸੀ। ਗ਼ੈਰ-ਸਿੱਖ ਦਲਿਤ ਭਾਈਚਾਰੇ ਤਕ ਫ਼ਿਰਕੂ ਜ਼ਹਿਰ ਫੈਲਾਉਣ ਦਾ ਕਾਰਜ ਵੱਧ ਵਿਆਪਕ ਪੈਮਾਨੇ 'ਤੇ ਅਤੇ ਬਾਕਾਇਦਾ ਵਿਉਂਤਬੱਧ ਰੂਪ ਵਿੱਚ 1951 ਦੀ ਮਰਦਮਸ਼ੁਮਾਰੀ ਮੌਕੇ ਹੀ ਆਰੰਭਿਆ ਗਿਆ। ਇਸ ਮਾਮਲੇ ਵਿੱਚ ਹਿੰਦੂ ਤਾਕਤਾਂ ਨੂੰ ਆਪਣੇ ਫ਼ਿਰਕੂ ਮਨਸੂਬਿਆਂ ਵਿੱਚ ਤਕੜੀ ਸਫਲਤਾ ਹਾਸਲ ਹੋ ਜਾਣ ਦੀ ਇਕ ਅਹਿਮ ਵਜ੍ਹਾ ਇਹ ਵੀ ਸੀ ਕਿ ਸਿੱਖ ਸਮਾਜ ਤੇ ਰਾਜਨੀਤੀ ਉੱਤੇ ਅਜਿਹੀਆਂ ਤਾਕਤਾਂ ਦਾ ਗ਼ਲਬਾ ਸੀ ਜੋ ਆਪਣੇ ਆਰਥਿਕ ਹਿਤਾਂ, ਸਮਾਜੀ ਵਰਤਾਉ ਤੇ ਵਿਚਾਰਧਾਰਕ ਝੁਕਾਵਾਂ ਪੱਖੋਂ ਦਲਿਤ-ਵਿਰੋਧੀ ਪ੍ਰਭਾਵ ਦਿੰਦੀਆਂ ਸਨ। ਖ਼ਾਸ ਕਰਕੇ ਸਿੱਖ ਜ਼ਿਮੀਂਦਾਰ ਤਬਕਾ ਜਾਤ ਹੰਕਾਰ ਦੀ ਮਰਜ਼ ਦਾ ਗੰਭੀਰਤਾ ਦੀ ਹੱਦ ਤਕ ਸ਼ਿਕਾਰ ਸੀ। ਇਨ੍ਹਾਂ ਸਾਰੇ ਮਿਲਵੇਂ ਪੱਖਾਂ ਦਾ ਸਿੱਟਾ ਇਹ ਨਿਕਲਿਆ ਕਿ ਪੰਜਾਬ ਦੇ ਦਲਿਤ ਭਾਈਚਾਰੇ ਦਾ ਵੱਡਾ ਹਿੱਸਾ ਸਿੱਖ ਧਰਮ ਅਤੇ ਅਕਾਲੀ ਦਲ ਤੋਂ ਬੇਮੁੱਖ ਹੋ ਗਿਆ। ਇਹ ਪਾੜਾ ਏਨਾ ਗਹਿਰਾ ਤੇ ਪੱਕਾ ਹੋ ਗਿਆ ਕਿ ਚੋਣ ਰਾਜਨੀਤੀ ਦੇ ਪ੍ਰਸੰਗ ਵਿੱਚ ਇਹ ਕਾਂਗਰਸ ਪਾਰਟੀ ਲਈ ਜਿੰਨਾ ਵਰਦਾਨ ਸਾਬਤ ਹੋਇਆ, ਅਕਾਲੀ ਦਲ ਦੇ ਮੱਥੇ 'ਤੇ ਓਨਾ ਹੀ ਸਰਾਪ ਬਣ ਕੇ ਚਿਪਕ ਗਿਆ।

ਪੰਜਾਬੀ ਸੂਬੇ ਦੀ ਮੰਗ ਵਿਰੁੱਧ ਹਿੰਦੂ ਪ੍ਰਤੀਕਰਮ ਬਾਰੇ ਜੋ ਆਮ ਇਹ ਧਾਰਨਾ ਬਣੀ ਹੋਈ ਹੈ ਕਿ ਇਹ ਪੰਜਾਬ ਦੇ ਹਿੰਦੂ ਵਰਗ ਦਾ ਅਸੁਰੱਖਿਆ ਦੀ ਭਾਵਨਾ 'ਚੋਂ ਨਿਕਲਿਆ ਬਚਾਉਵਾਦੀ (defensive) ਪੈਂਤੜਾ ਸੀ, ਉੱਕਾ ਹੀ ਗ਼ਲਤ ਅਤੇ ਭੁਲੇਖਾ ਪਾਊ ਹੈ। ਇਕ ਤਾਂ ਇਹੀ ਗੱਲ ਠੀਕ ਨਹੀਂ ਕਿ ਇਹ ਪ੍ਰਤੀਕਰਮ ਸਿਰਫ਼ ਪੰਜਾਬੀ ਹਿੰਦੂ ਵਰਗ ਤਕ ਸੀਮਤ ਸੀ। ਇਸ ਵਿਰੋਧ ਅੰਦਰ ਪੰਜਾਬੀ ਹਿੰਦੂ ਨੂੰ ਉੱਤਰੀ ਭਾਰਤ ਦੀ ਸਮੁੱਚੀ ਹਿੰਦੂ ਲਾਬੀ ਦਾ ਸਰਗਰਮ ਸਹਿਯੋਗ ਤੇ ਹਮਾਇਤ ਹਾਸਲ ਸੀ। ਆਰੀਆ ਸਮਾਜੀ ਵਿਚਾਰਧਾਰਾ ਤੋਂ ਪ੍ਰੇਰਿਤ ਹਿੰਦੂ ਅਨਸਰ ਜਿਥੇ ਵੀ ਬੈਠਾ ਸੀ, ਸਰਕਾਰ ਵਿੱਚ, ਅਫ਼ਸਰਸ਼ਾਹੀ ਵਿੱਚ, ਅਕਾਦਮਿਕ ਜਾਂ ਪੱਤਰਕਾਰੀ ਵਿੱਚ, ਉਹ ਇਸ ਲੜਾਈ ਅੰਦਰ ਆਪਣਾ ਭਰਪੂਰ ਯੋਗਦਾਨ ਪਾ ਰਿਹਾ ਸੀ। ਇਹ ਸਿਰਫ਼ ਜਲੰਧਰ ਦੀ ਮਹਾਸ਼ਾ ਪ੍ਰੈੱਸ ਹੀ ਨਹੀਂ ਸੀ ਜਿਸਨੂੰ ਫ਼ਿਰਕਾਪ੍ਰਸਤੀ ਦਾ ਝੱਲ ਕੁਦਿਆ ਹੋਇਆ ਸੀ। 'ਟ੍ਰਿਬਿਊਨ' ਅਤੇ ਦਿੱਲੀ ਦੀ 'ਨੈਸ਼ਨਲ' ਕਹੀ ਜਾਣ ਵਾਲੀ ਪ੍ਰੈੱਸ ਵੱਲੋਂ ਇਸ ਫ਼ਿਰਕੂ ਜੰਗ ਅੰਦਰ ਬਰਾਬਰ ਦੀ ਸਰਗਰਮ ਭੂਮਿਕਾ ਨਿਭਾਈ ਜਾ ਰਹੀ ਸੀ।[21] ਇਹ ਸਿਰਫ਼ ਪੰਜਾਬ ਦੇ ਹਿੰਦੂ ਲੀਡਰ ਹੀ ਨਹੀਂ ਸਨ ਜਿਨ੍ਹਾਂ ਨੂੰ ਸਿੱਖ ਵਿਰੋਧੀ ਫ਼ਿਰਕਾਪ੍ਰਸਤੀ ਦਾ ਫ਼ਤੂਰ ਚੜ੍ਹਿਆ ਹੋਇਆ ਸੀ। ਜਵਾਹਰ ਲਾਲ ਨਹਿਰੂ ਤੋਂ ਲੈ ਕੇ ਮੁਰਾਰਜੀ ਡਿਸਾਈ, ਗੁਲਜ਼ਾਰੀ ਲਾਲ ਨੰਦਾ, ਚੌਧਰੀ ਚਰਨ ਸਿੰਘ, ਮਹਾਂਵੀਰ ਤਿਆਗੀ, ਅਟਲ ਬਿਹਾਰੀ ਵਾਜਪਾਈ ਅਤੇ ਲਾਲ ਬਹਾਦਰ ਸ਼ਾਸਤਰੀ ਤਕ, ਸਭ ਪੰਜਾਬੀ ਸੂਬੇ ਦੀ ਵਿਰੋਧਤਾ ਇੱਕੋ ਜਿੰਨੇ ਜਨੂੰਨ ਨਾਲ ਕਰਦੇ ਸਨ। ਦੂਜੀ ਅਹਿਮ ਗੱਲ ਇਹ ਕਿ ਹਿੰਦੂ ਵਰਗ ਵੱਲੋਂ ਇਹ ਲੜਾਈ ਅਸੁਰੱਖਿਆ ਦੀ ਭਾਵਨਾ 'ਚੋਂ ਨਹੀਂ, ਫ਼ਿਰਕੂ ਭਾਵਨਾ 'ਚੋਂ ਲੜੀ ਜਾ ਰਹੀ ਸੀ; ਅਤੇ ਬਚਾਉ ਦੇ ਪੱਖ ਤੋਂ ਨਹੀਂ, ਹਮਲਾਵਰ (aggressive) ਪੈਂਤੜੇ ਤੋਂ ਲੜੀ ਜਾ ਰਹੀ ਸੀ ਜਿਸ ਦਾ ਉਦੇਸ਼ ਆਪਾ ਬਚਾਉਣਾ ਨਹੀਂ ਸੀ, ਸਗੋਂ ਸਿੱਖ ਕੌਮ ਦੀ ਸੁਤੰਤਰ ਹਸਤੀ ਨੂੰ ਮਲੀਆਮੇਟ ਕਰ ਕੇ ਹਿੰਦੂਵਾਦ ਅੰਦਰ ਜਜ਼ਬ ਕਰਨਾ ਸੀ।

●

# 6

# ਜਾਨਦਾਰ ਉਭਾਰ ਤੇ ਬੱਜਰ ਭੁੱਲਾਂ

ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 17 ਮਾਰਚ 1948 ਨੂੰ ਦਿੱਲੀ ਵਿਖੇ ਹੋਈ ਆਪਣੀ ਇਕ ਅਹਿਮ ਮੀਟਿੰਗ ਵਿੱਚ ਅਕਾਲੀ ਦਲ ਵੱਲੋਂ ਸਭ ਰਾਜਸੀ ਸਰਗਰਮੀਆਂ ਠੱਪ ਕਰ ਦੇਣ ਅਤੇ ਸਿੱਖ ਕੌਮ ਦੇ ਰਾਜਸੀ ਉਦੇਸ਼ਾਂ ਦੀ ਪੂਰਤੀ ਲਈ ਕਾਂਗਰਸੀ ਆਗੂਆਂ ਦੀ 'ਨੇਕਨੀਅਤੀ ਅਤੇ ਇਨਸਾਫ਼ਪਸੰਦੀ' ਉੱਤੇ ਨਿਰਭਰ ਕਰਨ ਦਾ ਫ਼ੈਸਲਾ ਕਰ ਲਿਆ। ਮੀਟਿੰਗ ਦੁਆਰਾ ਪਾਸ ਕੀਤੇ ਮਤੇ ਅਨੁਸਾਰ "ਕਾਂਗਰਸ ਪਾਰਟੀ ਨੇ 1929 'ਚ ਪਾਸ ਕੀਤੇ ਆਪਣੇ ਮਤੇ ਉੱਤੇ ਅਮਲ ਕਰਨ ਦਾ ਭਰੋਸਾ ਦਿਵਾਉਂਦੇ ਹੋਏ ਸਿੱਖ ਹਿਤਾਂ ਦਾ ਖ਼ਿਆਲ ਰੱਖਣ ਦਾ ਨਿਸ਼ਚਾ ਦੁਹਰਾਇਆ ਹੈ ਅਤੇ ਘੱਟਗਿਣਤੀਆਂ ਬਾਰੇ ਕਮੇਟੀ ਦੀ ਉੱਚ-ਪੱਧਰੀ ਸਬ-ਕਮੇਟੀ ਵਿੱਚ ਡਾ. ਰਾਜਿੰਦਰ ਪ੍ਰਸ਼ਾਦ, ਪੰਡਤ ਨਹਿਰੂ ਤੇ ਸਰਦਾਰ ਪਟੇਲ ਜਿਹੇ ਜ਼ਿੰਮੇਵਾਰ ਨੇਤਾ ਸ਼ਾਮਲ ਕੀਤੇ ਹਨ, ਜਿਨ੍ਹਾਂ ਦੀ ਨੇਕਨੀਅਤੀ ਤੇ ਇਨਸਾਫ਼ਪਸੰਦੀ ਨੂੰ ਧਿਆਨ ਵਿੱਚ ਰੱਖਦੇ ਹੋਏ ਅਕਾਲੀ ਦਲ ਦੀ ਇਹ ਵਰਕਿੰਗ ਕਮੇਟੀ ਕਾਫ਼ੀ ਵਿਚਾਰ ਤੋਂ ਬਾਅਦ ਇਸ ਨਤੀਜੇ 'ਤੇ ਪੁੱਜੀ ਹੈ ਕਿ ਪੰਥਕ ਅਕਾਲੀ ਪਾਰਟੀ ਦੇ ਕੇਂਦਰ ਅਤੇ ਪੂਰਬੀ ਪੰਜਾਬ ਦੇ ਮੈਂਬਰ ਅਸੰਬਲੀ ਕਾਂਗਰਸ ਪਾਰਟੀ ਵਿੱਚ ਫ਼ੌਰਨ ਸ਼ਾਮਲ ਹੋ ਜਾਣ।"

ਇਸ ਮਤੇ ਤੋਂ ਅੱਠ ਕੁ ਮਹੀਨੇ ਬਾਅਦ ਵਿਧਾਨਸਾਜ਼ ਅਸੰਬਲੀ ਦੀ ਘੱਟਗਿਣਤੀਆਂ ਬਾਰੇ ਉੱਚ-ਪੱਧਰੀ ਸਬ-ਕਮੇਟੀ ਨੇ ਆਪਣੀ 23 ਨਵੰਬਰ 1948 ਦੀ ਰਿਪੋਰਟ ਵਿੱਚ ਸਿੱਖ ਕੌਮ ਪ੍ਰਤੀ ਆਪਣੀ 'ਨੇਕਨੀਅਤੀ ਤੇ ਇਨਸਾਫ਼ਪਸੰਦੀ' ਦਾ ਇਸ ਤਰ੍ਹਾਂ ਪ੍ਰਗਟਾਵਾ ਕੀਤਾ: "ਅਸੀਂ ਵੇਖਿਆ ਹੈ ਕਿ ਬੇਸ਼ੱਕ ਵੰਡ ਤੋਂ ਪਹਿਲਾਂ ਤੇ ਬਾਅਦ 'ਚ ਵੀ ਪੰਜਾਬ ਦੇ ਸਿੱਖਾਂ ਨੂੰ ਭਾਰੀ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ ਹੈ.... ਪਰ ਫਿਰ ਵੀ ਅਸੀਂ ਇਸ ਨਤੀਜੇ 'ਤੇ ਪਹੁੰਚੇ ਹਾਂ ਕਿ ਉਨ੍ਹਾਂ ਨੂੰ ਘੱਟਗਿਣਤੀ ਦੇ ਆਧਾਰ 'ਤੇ ਕੋਈ ਵਿਸ਼ੇਸ਼ ਅਧਿਕਾਰ ਦੇਣਾ ਉਚਿਤ ਨਹੀਂ....।"[1] ਸਿਰਫ਼ ਏਨਾ ਹੀ ਨਹੀਂ, ਅਕਾਲੀ ਆਗੂਆਂ ਨੇ ਕਾਂਗਰਸ ਦੇ ਜਿਨ੍ਹਾਂ ਨੇਤਾਵਾਂ ਦੀ 'ਨੇਕਨੀਅਤੀ ਤੇ ਇਨਸਾਫ਼ਪਸੰਦੀ' ਉੱਤੇ ਅੰਨ੍ਹਾ ਵਿਸ਼ਵਾਸ ਕਰਦਿਆਂ ਹੋਇਆਂ ਆਪਣੇ ਰਾਜਸੀ ਹਥਿਆਰ (ਅਕਾਲੀ ਦਲ) ਨੂੰ ਉਨ੍ਹਾਂ ਦੇ ਕਦਮਾਂ 'ਤੇ ਢੇਰੀ ਕਰ ਦੇਣ ਦਾ ਆਤਮਘਾਤੀ ਫ਼ੈਸਲਾ ਕਰ ਲਿਆ ਸੀ, ਉਹ ਆਗੂ ਮਾਸਟਰ ਤਾਰਾ ਸਿੰਘ ਦੀ ਲੀਡਰਸ਼ਿਪ ਨੂੰ ਢਾਹ ਲਾਉਣ ਅਰਥਾਤ ਸਿੱਖ ਪੰਥ ਨੂੰ ਆਗੂ ਰਹਿਤ ਕਰਕੇ ਨਿਤਾਣਾ ਕਰ ਦੇਣ ਲਈ ਬੜੀਆਂ ਹੀ ਘਿਨਾਉਣੀਆਂ ਗੋਂਦਾਂ ਗੁੰਦ ਰਹੇ ਸਨ। ਨਹਿਰੂ ਤੇ ਪਟੇਲ ਵਿਚਕਾਰ ਹੋਏ ਚਿੱਠੀ-ਪੱਤਰ ਤੋਂ ਉਨ੍ਹਾਂ ਦੀ 'ਨੇਕਨੀਅਤੀ ਤੇ ਇਨਸਾਫ਼ਪਸੰਦੀ' ਦੀ ਜੋ ਤਸਵੀਰ ਉਘੜ ਕੇ ਸਾਹਮਣੇ ਆਉਂਦੀ ਹੈ ਉਹ ਹਿੰਦੂ ਹਾਕਮਾਂ ਦੇ ਕਪਟੀ ਖ਼ਾਸੇ ਦਾ ਸਿਕੇਬੰਦ ਨਮੂਨਾ ਮੁਹੱਈਆ ਕਰਦੀ ਹੈ।

1950 ਵਿੱਚ 'ਆਲ ਇੰਡੀਆ ਨੈਸ਼ਨਲਿਸਟ ਸਿੱਖ ਪਾਰਟੀ' ਨਾਂ ਦੀ ਇਕ ਫ਼ਰਜ਼ੀ ਜਥੇਬੰਦੀ ਹੋਂਦ ਵਿੱਚ ਆਈ ਜਿਸ ਦਾ ਇਕ-ਮਾਤਰ ਉਦੇਸ਼ ਅਕਾਲੀ ਦਲ ਤੇ ਮਾਸਟਰ ਤਾਰਾ ਸਿੰਘ ਦੀ ਲੀਡਰਸ਼ਿਪ ਨੂੰ, ਜਿੰਨੀ ਹੋ ਸਕੇ, ਢਾਹ ਲਾਉਣਾ ਸੀ। ਇਸ ਪਾਰਟੀ ਦਾ ਸਕੱਤਰ ਕਹਾਉਂਦੇ ਸੰਤੋਖ ਸਿੰਘ ਵਿਦਿਆਰਥੀ ਨਾਂ ਦੇ ਇਕ ਸ਼ਖ਼ਸ ਨੇ 30 ਜੁਲਾਈ 1950 ਨੂੰ ਪੰਡਤ ਜਵਾਹਰ ਲਾਲ ਨਹਿਰੂ ਦੇ ਨਾਂ ਲਿਖੇ ਇਕ ਖ਼ਤ ਵਿੱਚ ਇਹ ਗੁਜ਼ਾਰਿਸ਼ ਕੀਤੀ ਕਿ ਸਰਕਾਰ ਵੱਲੋਂ ਸਿੱਖਾਂ ਅੰਦਰਲੇ 'ਨੈਸ਼ਨਲਿਸਟ ਤੱਤਾਂ' ਦੇ ਸਿਰਾਂ 'ਤੇ ਮਿਹਰ ਭਰਿਆ ਹੱਥ ਰੱਖਿਆ ਜਾਵੇ। ਪੰਡਤ ਜੀ ਹੁਰਾਂ ਉਸੇ ਦਿਨ ਹੀ ਇਹ ਚਿੱਠੀ ਸਰਦਾਰ ਪਟੇਲ ਕੋਲ ਪਹੁੰਚਦੀ ਕਰ ਦਿੱਤੀ ਅਤੇ ਨਾਲ ਆਪਣੇ ਵੱਲੋਂ ਇਕ ਸਿਫ਼ਾਰਸ਼ੀ ਨੋਟ ਵੀ ਨੱਥੀ ਕਰ ਦਿੱਤਾ ਕਿ "ਮੈਂ ਉਸ ਨੂੰ ਸੁਝਾਅ ਦਿੱਤਾ ਹੈ ਕਿ ਉਹ ਤੇ ਉਸਦੇ ਸਾਥੀ ਤੁਹਾਨੂੰ ਮਿਲਣ ਅਤੇ ਆਪਣਾ ਨੁਕਤਾਨਜ਼ਰ ਤੁਹਾਨੂੰ ਸਮਝਾ ਦੇਣ। ਉਸ ਨੇ ਜੋ ਕੁਝ ਚਿੱਠੀ 'ਚ ਲਿਖਿਆ ਹੈ ਉਸ ਵਿੱਚ ਕਾਫ਼ੀ ਤੰਤ ਹੈ।"[2] ਸਰਦਾਰ ਪਟੇਲ ਨੇ ਅਗਲੇ ਹੀ ਦਿਨ ਨਹਿਰੂ ਨੂੰ ਲਿਖੇ ਜੁਆਬ ਵਿੱਚ ਆਪਣੀਆਂ ਦਿਲੀ ਇੱਛਾਵਾਂ ਤੇ ਯੋਜਨਾਵਾਂ ਦਾ ਇਸ ਤਰ੍ਹਾਂ ਖ਼ੁਲਾਸਾ ਕੀਤਾ :

"ਸੁਆਲ ਇਹ ਹੈ ਕਿ ਉਸ ਦੇ (ਭਾਵ ਸੰਤੋਖ ਸਿੰਘ ਵਿਦਿਆਰਥੀ) ਤੇ ਉਸਦੇ ਨੈਸ਼ਨਲਿਸਟ ਸਿੱਖ ਦੋਸਤਾਂ ਦੇ ਪੱਲੇ ਵੀ ਕੁਝ ਹੈ ਕਿ ਨਹੀਂ ਅਤੇ ਉਹ ਕੁਝ ਕਰਨ ਜੋਗਰੇ ਵੀ ਹਨ ਜਾਂ ਨਹੀਂ। ਜਿਥੋਂ ਤਕ ਮੈਂ ਅਨੁਮਾਨ ਲਾ ਸਕਦਾ ਹਾਂ, ਉਹ ਕੁਝ ਕਰਨ ਜੋਗਰੇ ਨਹੀਂ। ਠੱਪੇ, ਨਾਂ ਤੇ ਪ੍ਰੈਸ ਅੰਦਰ ਕਦੇ ਕਦਾਈਂ ਛਪਣ ਵਾਲੇ ਬਿਆਨਾਂ ਸਿਵਾ (ਨੈਸ਼ਨਲਿਸਟ ਸਿੱਖ) ਪਾਰਟੀ ਹੋਰ ਕੋਈ ਚੱਜ ਨਹੀਂ ਸੁਆਰ ਸਕੀ ਅਤੇ ਅਮਲੀ ਤੌਰ 'ਤੇ ਦੇਖਿਆਂ ਇਸ ਪਾਰਟੀ ਨੂੰ ਪ੍ਰਭਾਵਕਾਰੀ ਨਹੀਂ ਮੰਨਿਆ ਜਾ ਸਕਦਾ। ਮਾਸਟਰ ਤਾਰਾ ਸਿੰਘ ਦੀਆਂ ਸਰਗਰਮੀਆਂ ਦਾ ਮੋੜ ਅਜਿਹੀ ਪਾਰਟੀ ਨਹੀਂ ਦੇ ਸਕਦੀ। ਇਹ ਕੰਮ ਉਨ੍ਹਾਂ ਵੱਲੋਂ ਹੋਣਾ ਚਾਹੀਦਾ ਹੈ ਜੋ ਵੱਧ ਜਥੇਬੰਦ ਅਤੇ ਵਧੇਰੇ ਸਰਗਰਮ ਹਨ ਅਤੇ ਜਿਨ੍ਹਾਂ ਨੂੰ ਵੱਧ ਲੋਕਾਂ ਦਾ ਸਮਰਥਨ ਹਾਸਲ ਹੈ। ਮੈਂ ਕੁਝ ਸਰਕਰਦਾ ਅਖੌਤੀ ਪੰਥਕ ਸਿੱਖਾਂ, ਜੋ ਕਾਂਗਰਸ ਪਾਰਟੀ ਦੇ ਮੈਂਬਰ ਹਨ, ਨਾਲ ਪਹਿਲਾਂ ਹੀ ਗੱਲ ਕਰ ਚੁੱਕਾਂ ਹਾਂ ਅਤੇ ਲੱਗਦਾ ਹੈ ਕਿ ਉਹ ਮਾਸਟਰ ਤਾਰਾ ਸਿੰਘ ਦੇ ਖ਼ਿਲਾਫ਼ ਨਿਸ਼ਚਿਤ ਪੈਂਤੜਾ ਅਖ਼ਤਿਆਰ ਕਰਨਗੇ। ਮੇਰੇ ਵਿਚਾਰ ਵਿੱਚ ਇਹ ਵਿਰੋਧੀ ਧੜਾ ਖੜਾ ਕਰਨਾ ਕਿਤੇ ਬਿਹਤਰ ਹੋਵੇਗਾ, ਬਜਾਇ ਕਿ ਇਸ ਨੂੰ ਸਾਡੇ ਤੋਂ ਦੂਰ ਧੱਕ ਦਿੱਤਾ ਜਾਵੇ। ਇਹ ਮੈਂ ਮੰਨਦਾ ਹਾਂ ਕਿ ਇਹ ਖ਼ਤਰਾ ਸਹੇੜਨ ਵਾਲੀ ਗੱਲ ਹੈ ਪਰ ਮੈਨੂੰ ਭਰੋਸਾ ਹੈ ਕਿ ਜੇਕਰ ਅਸੀਂ ਚੌਕੰਨੇ ਤੇ ਖ਼ਬਰਦਾਰ ਰਹੀਏ ਤਾਂ ਅਸੀਂ ਉਨ੍ਹਾਂ (ਭਾਵ ਕਾਂਗਰਸ ਅੰਦਰਲੇ ਪੰਥਕ ਸਿੱਖਾਂ) ਨੂੰ ਟਿਕਾਣੇ ਸਿਰ ਰੱਖ ਸਕਾਂਗੇ।"[3]

ਸੋ ਇਹ ਸੀ ਜੋ ਭਾਰਤ ਦੇ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਸਾਹਿਬਾਨ ਦੇ ਮਨਾਂ ਅੰਦਰ ਸਿੱਖ ਪੰਥ ਬਾਰੇ ਰਿੱਝ-ਪੱਕ ਰਿਹਾ ਸੀ। ਅਕਾਲੀ ਆਗੂਆਂ ਦੀ ਨਾਦਾਨੀ ਉੱਤੇ ਹਾਸਾ ਵੀ ਆਉਂਦਾ ਹੈ ਤੇ ਰੋਣਾ ਵੀ ਕਿ ਉਹ ਉਨ੍ਹਾਂ ਸ਼ਖ਼ਸਾਂ ਦੀ 'ਨੇਕਨੀਅਤੀ ਤੇ ਇਨਸਾਫ਼ਪਸੰਦੀ' ਉੱਤੇ ਭਰੋਸਾ ਕਰ ਰਹੇ ਸਨ ਜੋ ਖ਼ੁਦ ਉਨ੍ਹਾਂ ਦਾ ਘਾਤ ਕਰਨ ਲਈ ਪਿੱਠ ਪਿੱਛੇ ਛੁਰੀਆਂ ਤਿੱਖੀਆਂ ਕਰ ਰਹੇ ਸਨ। ਸਰਦਾਰ ਪਟੇਲ ਨੇ ਜਿਨ੍ਹਾਂ 'ਸਰਕਰਦਾ ਅਖੌਤੀ ਪੰਥਕ ਸਿੱਖਾਂ' ਦਾ ਵੇਰਵਾ ਦਿੱਤਾ ਹੈ ਉਹ ਸ: ਬਲਦੇਵ ਸਿੰਘ, ਗਿਆਨੀ ਕਰਤਾਰ ਸਿੰਘ ਤੇ ਈਸ਼ਰ ਸਿੰਘ ਮਝੈਲ ਹੁਰਾਂ ਤੋਂ ਬਿਨਾਂ ਕੋਈ ਹੋਰ ਨਹੀਂ ਸਨ ਜਿਨ੍ਹਾਂ ਨੂੰ ਮਾਸਟਰ ਤਾਰਾ ਸਿੰਘ ਦੀ ਲੀਡਰਸ਼ਿਪ ਨੂੰ ਢਾਹ ਲਾਉਣ ਦੇ ਉਦੇਸ਼ ਲਈ ਉਚੇਚੇ ਤੌਰ 'ਤੇ ਸ਼ਿੰਗਾਰਿਆ ਜਾ ਰਿਹਾ ਸੀ।

ਕਾਂਗਰਸੀ ਹਾਕਮਾਂ ਦੁਆਰਾ ਲਿਖੀ 'ਸਕਰਿਪਟ' ਦੇ ਅਨੁਸਾਰ ਆਪਣੀ ਅਦਾਕਾਰੀ

ਨਿਭਾਉਂਦਿਆਂ ਇਨ੍ਹਾਂ 'ਸਰਕਰਦਾ ਪੰਥਕ ਆਗੂਆਂ' ਨੇ ਪੰਜਾਬੀ ਸੂਬੇ ਦੀ ਮੰਗ ਵਿਰੁੱਧ ਖੁਲ੍ਹੇਆਮ ਬੋਲਣਾ ਸ਼ੁਰੂ ਕਰ ਦਿੱਤਾ ਹੋਇਆ ਸੀ। ਯਾਦ ਰਹੇ ਕਿ ਸ: ਬਲਦੇਵ ਸਿੰਘ ਕੇਂਦਰ ਵਿੱਚ ਰੱਖਿਆ ਮੰਤਰੀ ਅਤੇ ਗਿਆਨੀ ਕਰਤਾਰ ਸਿੰਘ ਤੇ ਸ: ਈਸ਼ਰ ਸਿੰਘ ਮਝੈਲ ਪੰਜਾਬ ਦੀ ਕਾਂਗਰਸੀ ਵਜ਼ਾਰਤ ਅੰਦਰ ਕਰਮਵਾਰ ਮਾਲ ਮੰਤਰੀ ਤੇ ਵਿਕਾਸ ਮੰਤਰੀ ਦੀ ਕੁਰਸੀ ਉੱਤੇ ਸੁਸ਼ੋਭਿਤ ਸਨ। ਇਸ ਤਰ੍ਹਾਂ, ਜਦ ਕਾਂਗਰਸੀ ਆਗੂਆਂ ਦੇ ਨੰਗੇ ਚਿੱਟੇ ਸਿੱਖ ਵਿਰੋਧੀ ਵਤੀਰੇ ਤੋਂ ਤੰਗ ਆ ਕੇ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ (20 ਜੁਲਾਈ 1950) ਆਪਣੇ ਸਾਰੇ ਵਿਧਾਇਕਾਂ ਨੂੰ ਕਾਂਗਰਸ ਪਾਰਟੀ 'ਚੋਂ ਬਾਹਰ ਨਿਕਲ ਆਉਣ ਦਾ ਆਦੇਸ਼ ਜਾਰੀ ਕਰ ਦਿੱਤਾ ਤਾਂ ਸਿਰਫ਼ ਇਕ (ਸ: ਜਸਵੰਤ ਸਿੰਘ ਦੁੱਗਲ) ਨੂੰ ਛੱਡ ਕੇ ਬਾਕੀ ਦੇ ਸਾਰੇ ਪੰਥਕ ਵਿਧਾਇਕਾਂ ਨੇ ਵਰਕਿੰਗ ਕਮੇਟੀ ਦੇ ਇਸ ਨਿਰਦੇਸ਼ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਮਾਸਟਰ ਤਾਰਾ ਸਿੰਘ ਦੀ ਪਹਿਲਕਦਮੀ 'ਤੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਵੱਲੋਂ ਕਾਂਗਰਸ ਨਾਲੋਂ ਨਾਤਾ ਤੋੜ ਲੈਣ ਦੀ ਦੇਰ ਸੀ ਕਿ ਕਾਂਗਰਸੀ ਆਗੂਆਂ ਨੇ ਮਾਸਟਰ ਜੀ ਦੇ ਵਿਰੁੱਧ 'ਪੰਥਕ ਵਿਰੋਧ' ਲਾਮਬੰਦ ਕਰਨ ਦੀ ਪੁਰਜ਼ੋਰ ਮੁਹਿੰਮ ਆਰੰਭ ਦਿੱਤੀ। ਪੰਦਰਾਂ ਦਸੰਬਰ ਨੂੰ ਅੰਮ੍ਰਿਤਸਰ ਵਿਖੇ ਇਕ ਕੁੱਲ ਹਿੰਦ ਕਾਂਗਰਸ ਸਿੱਖ ਕਨਵੈਨਸ਼ਨ ਬੁਲਾਈ ਗਈ ਜਿਸ ਵਿੱਚ ਪ੍ਰਤਾਪ ਸਿੰਘ ਕੈਰੋਂ, ਸਰਦੂਲ ਸਿੰਘ ਕਵੀਸ਼ਰ, ਸੁਰਜੀਤ ਸਿੰਘ ਮਜੀਠਾ, ਗੁਰਦਿਆਲ ਸਿੰਘ ਢਿੱਲੋਂ, ਸੋਹਨ ਸਿੰਘ ਜਲਾਲ ਉਸਮਾਂ, ਗਿਆਨੀ ਜ਼ੈਲ ਸਿੰਘ ਤੇ ਬੂਟਾ ਸਿੰਘ ਵਰਗੇ ਸਾਰੇ ਨਾਮੀ 'ਦੇਸ ਭਗਤ' ਕਾਂਗਰਸੀ ਸਿੱਖ ਸ਼ਾਮਲ ਹੋਏ ਅਤੇ ਉਨ੍ਹਾਂ ਆਪਣੇ ਹਿੰਦੂ ਮਾਲਕਾਂ ਦੇ ਇਸ਼ਾਰਿਆਂ 'ਤੇ ਪੰਜਾਬੀ ਸੂਬੇ ਦੀ ਮੰਗ ਅਤੇ ਮਾਸਟਰ ਤਾਰਾ ਸਿੰਘ ਦੀ ਲੀਡਰਸ਼ਿਪ ਵਿਰੁੱਧ ਖ਼ੂਬ ਜ਼ਹਿਰ ਉਗਲੱਛੀ।[4] ਇਸ ਮੁਹਿੰਮ ਨੂੰ ਵਧੇਰੇ ਵੇਗ ਮੁਹੱਈਆ ਕਰਨ ਦੇ ਮੰਤਵ ਨਾਲ, 20 ਜੂਨ 1951 ਨੂੰ ਦਿੱਲੀ ਦੇ ਰਾਮ ਲੀਲ੍ਹਾ ਗਰਾਊਂਡ ਵਿਖੇ ਬਾਬਾ ਖੜਕ ਸਿੰਘ ਦਾ ਜਨਮ ਦਿਨ ਮਨਾਉਣ ਦੇ ਬਹਾਨੇ 'ਨੈਸ਼ਨਲਿਸਟ ਸਿੱਖਾਂ' ਦਾ ਇਕ ਸਮਾਗਮ ਰਚਿਆ ਗਿਆ ਜਿਸ ਨੂੰ ਸੰਬੋਧਨ ਕਰਨ ਲਈ ਜਵਾਹਰ ਲਾਲ ਨਹਿਰੂ ਹੁਰੀਂ ਉਚੇਚੇ ਤੌਰ 'ਤੇ ਪਧਾਰੇ ਅਤੇ ਉਥੇ ਬਾਬਾ ਖੜਕ ਸਿੰਘ ਦੀ 'ਦੇਸ ਭਗਤੀ' ਤੇ 'ਕੌਮਪ੍ਰਸਤੀ' ਦਾ ਖ਼ੂਬ ਗੁਣ ਗਾਣ ਕੀਤਾ ਗਿਆ। ਸਮੇਂ ਦੇ ਗੇੜ ਨਾਲ, ਪੰਜਾਬੀ ਸੂਬੇ ਦੇ ਕੱਟੜ ਸਮਰਥਕ ਵਜੋਂ ਜਾਣੇ ਜਾਂਦੇ ਸਰਦਾਰ ਹੁਕਮ ਸਿੰਘ ਤੇ ਸ: ਗਿਆਨ ਸਿੰਘ ਰਾੜੇਵਾਲਾ ਵਰਗੇ ਲੋਕਾਂ ਨੇ ਵੀ ਕਾਂਗਰਸੀ ਹਾਕਮਾਂ ਦੀ ਇਸ ਸ਼ਤਰੰਜੀ ਖੇਡ ਦੇ ਮੋਹਰੇ ਬਣਨਾ ਪ੍ਰਵਾਨ ਕਰ ਲਿਆ।

## ਰਾਜਸੀ ਉਥਲ-ਪੁਥਲ ਦਾ ਦੌਰ

ਕਾਂਗਰਸੀ ਹਾਕਮਾਂ ਵੱਲੋਂ ਸਿੱਖ ਕੌਮ ਦੀਆਂ ਹੱਕੀ ਤੇ ਨਿਆਈਂ ਮੰਗਾਂ ਮੰਨਣ ਤੋਂ ਨਾ ਸਿਰਫ਼ ਇਨਕਾਰੀ ਹੋ ਜਾਣ ਸਗੋਂ ਹਕੂਮਤੀ ਤਾਕਤ ਦੇ ਜ਼ੋਰ ਸਿੱਖ ਇਛਾਵਾਂ ਨੂੰ ਦਬਾਉਣ-ਕੁਚਲਣ ਦੇ ਰਾਹ ਪੈ ਜਾਣ ਦੇ ਸਿੱਟੇ ਵਜੋਂ ਪੰਜਾਬ ਅੰਦਰ ਰਾਜਸੀ ਟਕਰਾਉ ਤੇ ਅਸ਼ਾਂਤੀ ਦਾ ਇਕ ਅਜਿਹਾ ਸਿਲਸਿਲਾ ਸ਼ੁਰੂ ਹੋ ਗਿਆ ਜਿਸ ਨੇ ਪੰਜਾਬ ਦੀ ਸਮਾਜੀ ਤੇ ਰਾਜਨੀਤਕ ਜ਼ਿੰਦਗੀ ਉੱਤੇ ਬਹੁਤ ਗਹਿਰੇ ਤੇ ਦੂਰ-ਰਸ ਪ੍ਰਭਾਵ ਛੱਡੇ।

ਇਸ ਦੌਰ ਦੀ ਸਿੱਖ ਰਾਜਨੀਤੀ ਮੁੱਖ ਤੌਰ 'ਤੇ ਮਾਸਟਰ ਤਾਰਾ ਸਿੰਘ ਦੀ ਸੋਚ ਤੇ ਸ਼ਖ਼ਸੀਅਤ ਦੇ ਧੁਰੇ ਦੁਆਲੇ ਹੀ ਘੁੰਮਦੀ ਰਹੀ। ਇਸ ਦੌਰ ਅੰਦਰ ਅਕਾਲੀ ਦਲ ਵੱਲੋਂ ਲਏ ਗਏ ਹਰ ਅਹਿਮ ਫ਼ੈਸਲੇ, ਅਕਾਲੀ ਰਾਜਨੀਤੀ ਦੁਆਰਾ ਲਈ ਗਈ ਹਰ ਅਹਿਮ ਕਰਵੱਟ ਅਤੇ ਸਿੱਖ ਲਹਿਰ ਅੰਦਰ ਵਾਪਰੇ ਹਰ ਅਹਿਮ ਘਟਨਾਕ੍ਰਮ ਉੱਤੇ

ਮਾਸਟਰ ਤਾਰਾ ਸਿੰਘ ਦੀ ਸੋਚ ਤੇ ਸ਼ਖ਼ਸੀਅਤ ਦੀ ਗੂੜ੍ਹੀ ਛਾਪ ਪ੍ਰਤੱਖ ਦੇਖੀ ਜਾ ਸਕਦੀ ਹੈ। ਇਸ ਅਰਸੇ ਦੌਰਾਨ ਅਕਾਲੀ ਦਲ ਨੇ ਕਾਂਗਰਸੀ ਹਾਕਮਾਂ ਖ਼ਿਲਾਫ਼ ਤਿੱਖੀਆਂ ਲੜਾਈਆਂ ਵੀ ਲੜੀਆਂ ਅਤੇ ਸੁਲਹ-ਸਫ਼ਾਈ ਤੇ ਸਮਝੌਤੇ ਦੇ ਸੁਹਿਰਦ ਯਤਨ ਵੀ ਕੀਤੇ। ਅਸਲ ਵਿੱਚ ਅਕਾਲੀ ਦਲ ਦੁਆਰਾ ਆਰੰਭੇ ਹਰ ਮੋਰਚੇ ਦਾ ਅੰਤ ਕਿਸੇ ਨਾ ਕਿਸੇ ਲੰਗੜੇ ਸਮਝੌਤੇ 'ਚ ਹੀ ਹੁੰਦਾ ਰਿਹਾ। ਆਮ ਤੌਰ 'ਤੇ ਹੋਇਆ ਇਹ ਕਿ ਜਿਥੇ ਸੰਘਰਸ਼ ਦੇ ਪਿੜ ਅੰਦਰ ਮਾਸਟਰ ਤਾਰਾ ਸਿੰਘ ਦੀ ਲੀਡਰਸ਼ਿਪ ਦਾ ਸਿਤਾਰਾ ਨਵੀਂ ਲਿਸ਼ਕ ਅਖ਼ਤਿਆਰ ਕਰਦਾ ਰਿਹਾ, ਉਥੇ ਸਮਝੌਤੇ ਦਾ ਹਰ ਯਤਨ ਇਸ 'ਸਿਤਾਰੇ' 'ਤੇ ਗ੍ਰਹਿਣ ਵਰਗਾ ਅਸਰ ਛੱਡਦਾ ਰਿਹਾ। ਹਰ ਸਮਝੌਤਾ ਮਾਸਟਰ ਤਾਰਾ ਸਿੰਘ ਦੀ ਲੀਡਰਸ਼ਿਪ ਲਈ ਆਫ਼ਤ ਬਣ ਕੇ ਬਹੁੜਿਆ। ਇਸ ਵਰਤਾਰੇ ਬਾਰੇ ਅਨੇਕਾਂ ਕਿਸਮ ਦੇ ਨਿਰਣੇ ਤੇ ਵਿਆਖਿਆਵਾਂ ਪੜ੍ਹਨ ਸੁਣਨ ਨੂੰ ਮਿਲਦੀਆਂ ਹਨ। ਇਕ ਬਹੁਤ ਹੀ ਆਮ ਅਤੇ ਪ੍ਰਚੱਲਤ ਧਾਰਨਾ ਇਹ ਹੈ ਕਿ ਮਾਸਟਰ ਤਾਰਾ ਸਿੰਘ ਜਿੰਨਾ ਸਫਲ ਲੜਾਕੂ ਜਰਨੈਲ ਸੀ, ਓਨਾ ਹੀ ਅਸਫਲ ਕੂਟਨੀਤੀਵਾਨ ਸੀ। ਭਾਵ ਉਹ ਜਿੰਨਾ ਲੜਾਈ ਵਿੱਚ ਪਰਬੀਨ ਸੀ, ਓਨਾ ਹੀ ਸਮਝੌਤਾ ਕਰਨ ਵਿੱਚ ਅਨਾੜੀ ਸੀ। ਇਹ ਗੱਲ ਆਮ ਰੂਪ 'ਚ ਹੀ ਅਕਾਲੀ ਲੀਡਰਸ਼ਿਪ ਬਾਰੇ ਸੱਚ ਮੰਨੀ ਜਾਂਦੀ ਹੈ। ਪਰ ਇਸ ਵਰਤਾਰੇ ਨੂੰ ਵੱਧ ਗਹਿਰਾਈ ਵਿੱਚ ਜਾ ਕੇ ਘੋਖਿਆ ਜਾਵੇ ਤਾਂ ਇਸ ਧਾਰਨਾ ਅੰਦਰ ਵੱਡਾ ਕੱਚ ਨਜ਼ਰ ਆਉਂਦਾ ਹੈ।

ਸੰਘਰਸ਼ ਅਤੇ ਕੂਟਨੀਤੀ ਇੱਕੋ ਹੀ ਵਰਤਾਰੇ ਦੇ ਦੋ ਜੁੜਵੇਂ ਪਹਿਲੂ ਹਨ। ਇਨ੍ਹਾਂ ਨੂੰ ਇਕ ਦੂਜੇ ਨਾਲੋਂ ਅਸਲੋਂ ਹੀ ਨਿਖੇੜ ਕੇ ਦੇਖਣਾ ਦਰੁਸਤ ਨਹੀਂ। ਹਰ ਲੜਾਈ ਅੰਦਰ ਸਮਝੌਤੇ ਦੇ ਅੰਸ਼ ਮੌਜੂਦ ਹੁੰਦੇ ਹਨ ਅਤੇ ਹਰ ਸਮਝੌਤਾ ਆਪਣੇ ਅੰਦਰ ਲੜਾਈ ਦੇ ਬੀਜ ਸਮੋਈ ਬੈਠਾ ਹੁੰਦਾ ਹੈ। ਮਸਲਾ ਦੋ (ਜਾਂ ਦੋ ਤੋਂ ਵੱਧ) ਧਿਰਾਂ ਵਿਚਕਾਰ ਆਪਸੀ ਵਿਰੋਧਾਂ ਦੇ ਨਿਪਟਾਰੇ ਦਾ ਹੁੰਦਾ ਹੈ। ਕਈ ਵਾਰ ਵਿਰੋਧਾਂ ਦੇ ਨਿਪਟਾਰੇ ਲਈ ਲੜਾਈ ਲੜਨੀ ਜ਼ਰੂਰੀ ਹੋ ਜਾਂਦੀ ਹੈ ਅਤੇ ਕਈ ਵੇਰ ਇਸੇ ਉਦੇਸ਼ ਨੂੰ ਅੱਗੇ ਵਧਾਉਣ ਲਈ ਸਮਝੌਤੇ 'ਤੇ ਅੱਪੜਨਾ ਜ਼ਰੂਰੀ ਹੋ ਜਾਂਦਾ ਹੈ। ਕੁੱਲ ਤੋਂ ਅਹਿਮ ਤੇ ਬੁਨਿਆਦੀ ਗੱਲ ਵਿਰੋਧਾਂ ਦੇ ਖ਼ਾਸੇ ਨੂੰ ਸਮਝਣ ਦੀ ਹੈ। ਜਿਸ ਨੂੰ ਵਿਰੋਧਾਂ ਦੀ ਸਹੀ ਸਮਝ ਨਹੀਂ, ਉਹ ਨਾ ਚੰਗਾ ਲੜਾਕੂ ਜਰਨੈਲ ਹੋ ਸਕਦਾ ਹੈ ਤੇ ਨਾ ਚੰਗਾ ਕੂਟਨੀਤੀਵਾਨ। ਲੜਾਈ ਲੜਨੀ ਹੋਵੇ ਜਾਂ ਸਮਝੌਤਾ ਕਰਨਾ ਹੋਵੇ, ਦੋਨੋਂ ਹੀ ਮੌਕਿਆਂ 'ਤੇ ਦੁਸ਼ਮਣ ਧਿਰ ਨਾਲ ਵਿਰੋਧਾਂ ਦੀ ਤਾਸੀਰ ਅਤੇ ਹਾਸਲ ਕੀਤੇ ਜਾਣ ਵਾਲੇ ਉਦੇਸ਼ਾਂ ਬਾਰੇ ਸਹੀ ਅਤੇ ਸਪਸ਼ਟ ਸਮਝ ਜ਼ਰੂਰੀ ਹੈ। ਜਿਹੜੀ ਲੀਡਰਸ਼ਿਪ ਦੇ ਪੱਲੇ ਅਜਿਹੀ ਸੋਝੀ ਨਹੀਂ, ਉਹ ਲੜਾਈ ਅਤੇ ਕੂਟਨੀਤੀ ਦੇ ਦੋਨੋਂ ਹੀ ਮੋਰਚਿਆਂ 'ਤੇ ਮਾਤ ਖਾ ਜਾਣ ਲਈ ਸਰਾਪੀ ਜਾਂਦੀ ਹੈ। ਸਿੱਖ ਪੰਥ ਦੇ ਜਾਨਦਾਰ ਤੇ ਸਿਰੜੀ ਅੰਦੋਲਨਾਂ ਦੇ ਬਾਵਜੂਦ ਵੀ ਜੇਕਰ ਭਾਰਤੀ ਹਾਕਮ ਅਕਾਲੀ ਲੀਡਰਸ਼ਿਪ ਨੂੰ ਸੰਘਰਸ਼ ਅਤੇ ਕੂਟਨੀਤੀ ਦੇ ਦੋਨੋਂ ਹੀ ਖੇਤਰਾਂ ਅੰਦਰ ਠਿੱਬੀ ਲਾਉਣ ਵਿੱਚ ਸਫਲ ਹੁੰਦੇ (ਆ) ਰਹੇ ਹਨ ਤਾਂ ਉਨ੍ਹਾਂ ਦਾ ਵੱਡੀ ਹਕੂਮਤੀ ਤਾਕਤ ਦੇ ਮਾਲਕ ਹੋਣਾ ਹੀ ਇਸ ਦੀ ਇਕਮਾਤਰ ਵਜ੍ਹਾ ਨਹੀਂ ਮੰਨਿਆ ਜਾ ਸਕਦਾ। ਵੱਧ ਮਹੱਤਵਪੂਰਨ ਗੱਲ ਇਹ ਹੈ ਕਿ ਹਿੰਦੂ ਹਾਕਮ ਸਿੱਖ ਕੌਮ ਦੇ ਸਬੰਧ ਵਿੱਚ ਆਪਣੇ ਹਿਤਾਂ ਤੇ ਉਦੇਸ਼ਾਂ ਬਾਰੇ ਸੰਪੂਰਨਤਾ ਦੀ ਹੱਦ ਤਕ ਸਪਸ਼ਟ ਹਨ। ਉਹ ਸਿੱਖ ਪੰਥ ਵਿਰੁੱਧ ਖੁੱਲ੍ਹੀ ਲੜਾਈ ਲੜ ਰਹੇ ਹੋਣ ਜਾਂ ਦੋਸਤੀ ਦਾ ਪਰਪੰਚ ਰਚ ਰਹੇ ਹੋਣ, ਆਪਣੇ ਬੁਨਿਆਦੀ ਹਿਤਾਂ ਤੇ ਉਦੇਸ਼ਾਂ ਨੂੰ ਉਹ ਇਕ ਪਲ ਲਈ ਵੀ ਮਨੋਂ ਨਹੀਂ ਭੁਲਾਉਂਦੇ। ਕਿਸੇ ਸਿਆਸੀ ਮਜਬੂਰੀ ਜਾਂ ਰਾਜਸੀ ਗਿਣਤੀ-ਮਿਣਤੀ ਤਹਿਤ ਉਹ ਜੇਕਰ ਸਿੱਖ ਕੌਮ ਨੂੰ ਕੋਈ ਰਿਆਇਤ ਦੇ ਰਹੇ ਹੁੰਦੇ ਹਨ ਤਾਂ ਉਸੇ ਹੀ ਸਮੇਂ, ਆਪਣੇ ਜ਼ਿਹਨ ਅੰਦਰ ਇਸ 'ਰਿਆਇਤ' ਨੂੰ ਬੇਅਸਰ ਕਰਨ ਦੀ ਕੋਈ ਵਧੇਰੇ

ਗਹਿਰੀ ਸਬੀਲ ਬਣਾ ਰਹੇ ਹੁੰਦੇ ਹਨ। ਇਸ ਦੇ ਉਲਟ, ਅਕਾਲੀ ਆਗੂਆਂ ਦੀ ਸਭ ਤੋਂ ਵੱਡੀ ਕਮਜ਼ੋਰੀ ਇਹ ਰਹੀ ਹੈ ਕਿ ਉਹ ਸਿੱਖ ਕੌਮ ਦੇ ਹਿੰਦੂ ਹਾਕਮਾਂ ਨਾਲ ਰਿਸ਼ਤੇ ਦੇ ਬੁਨਿਆਦੀ ਖ਼ਾਸੇ ਨੂੰ ਸਮਝਣ ਦੇ ਮਾਮਲੇ 'ਚ ਲਗਾਤਾਰ ਉਕਾਈ ਕਰਦੇ ਰਹੇ ਹਨ। ਉਹ ਹਿੰਦੂ ਆਗੂਆਂ ਦੀ ਸਿੱਖ ਕੌਮ ਪ੍ਰਤੀ ਫ਼ਿਰਕੇਦਾਰਾਨਾ ਸੋਚ ਅਤੇ ਵਿਤਕਰੇਬਾਜ਼ ਰਵਈਏ ਵਿਰੁੱਧ ਤਿੱਖੀ ਔਖ ਜ਼ਰੂਰ ਪ੍ਰਗਟਾਉਂਦੇ ਰਹੇ ਹਨ। ਪਰ ਹਿੰਦੂ ਆਗੂਆਂ ਦੀ ਅਜਿਹੀ ਸੋਚ ਨੂੰ ਜਨਮ ਦੇਣ ਵਾਲੇ ਵਿਚਾਰਧਾਰਕ ਕਾਰਨਾਂ ਨੂੰ ਸਮਝਣ ਅਤੇ ਇਸ ਖ਼ਿਲਾਫ਼ ਦਰੁਸਤ, ਦ੍ਰਿੜ੍ਹ ਅਤੇ ਅਡੋਲ ਸਿਧਾਂਤਕ ਪੋਜ਼ੀਸ਼ਨਾਂ ਲੈਣ ਦੇ ਮਾਮਲੇ 'ਚ ਲਗਾਤਾਰ ਅਯੋਗ ਸਾਬਤ ਹੁੰਦੇ ਰਹੇ ਹਨ। ਇਸ ਨਿਰਣੇ ਦੀ ਪੁਸ਼ਟੀ ਲਈ ਇਥੇ ਅਸੀਂ, ਨਮੂਨੇ ਵਜੋਂ, ਮਾਸਟਰ ਤਾਰਾ ਸਿੰਘ ਦਾ ਇਕ ਹਵਾਲਾ ਲੈਂਦੇ ਹਾਂ।

## 'ਅਕਾਲ ਪੁਰਖ ਦੀ ਫ਼ੌਜ' ਕਿ 'ਫ਼ੌਜੀ ਵਿੰਗ'?

24 ਅਪ੍ਰੈਲ 1948 ਨੂੰ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੀ ਦੂਜੀ ਸਾਲਾਨਾ ਕਾਨਫ਼ਰੰਸ ਮੌਕੇ ਮਾਸਟਰ ਤਾਰਾ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਅੰਦਰ ਸਿੱਖ ਪੰਥ ਦੀ ਨਿਆਰੀ ਹਸਤੀ ਨੂੰ ਬਰਕਰਾਰ ਰੱਖਣ ਦੀ ਲੋੜ ਜਤਾਉਂਦੇ ਹੋਏ, ਪੰਜਾਬ ਦੇ ਹਿੰਦੂ ਵਰਗ ਦੀ ਫ਼ਿਰਕੂ ਮਾਨਸਿਕਤਾ ਦੀ ਬਹੁਤ ਹੀ ਜ਼ੋਰਦਾਰ ਤੇ ਕਾਟਵੀਂ ਆਲੋਚਨਾ ਕੀਤੀ। ਇਹ ਉਹ ਸਮਾਂ ਸੀ ਜਦ ਪੰਜਾਬ ਦੇ ਬਟਵਾਰੇ ਕਾਰਨ ਉਜੜੀ ਸਿੱਖ ਕੌਮ ਨੂੰ ਇਕ ਪਾਸੇ ਮੁੜ-ਵਸੇਬੇ ਦੀ ਸਮੱਸਿਆ ਨਾਲ ਜੂਝਣਾ ਪੈ ਰਿਹਾ ਸੀ ਅਤੇ ਦੂਜੇ ਪਾਸੇ ਹਿੰਦੂ ਹਾਕਮਾਂ ਦੀਆਂ ਵਿਤਕਰੇਬਾਜ਼ ਨੀਤੀਆਂ ਨਾਲ ਮੜਿਕਣਾ ਪੈ ਰਿਹਾ ਸੀ। ਕਿਉਂਕਿ ਇਹ ਸਾਰਾ ਭਾਣਾ ਸਿੱਖ ਆਗੂਆਂ ਦੀ ਉਮੀਦ ਤੇ ਅਨੁਮਾਨਾਂ ਦੇ ਉਲਟ ਵਾਪਰ ਰਿਹਾ ਸੀ, ਇਸ ਕਰਕੇ ਮਾਸਟਰ ਤਾਰਾ ਸਿੰਘ ਨੇ ਆਪਣੇ ਉਪਰੋਕਤ ਭਾਸ਼ਣ ਦਾ ਖ਼ਾਤਮਾ ਹਿੰਦੂ ਵਰਗ ਨੂੰ ਸੰਬੋਧਤ ਇਸ ਦਰਦ ਭਰੀ ਅਪੀਲ ਨਾਲ ਕੀਤਾ: "ਦੇਸ ਭਗਤੋ! ਮੈਂ ਤੁਹਾਨੂੰ ਕੌਮ ਦੇ ਨਾਂ 'ਤੇ ਇਹ ਅਪੀਲ ਕਰਦਾ ਹਾਂ ਕਿ ਸਿੱਖਾਂ ਦੇ ਖ਼ਾਤਮੇ ਦੇ ਨਾਲ ਇਹ ਕੌਮ ਵੀ ਮਰ ਜਾਵੇਗੀ। ਜੇਕਰ ਤੁਸੀਂ ਸੱਚੇ ਦੇਸ ਭਗਤ ਹੋ ਤਾਂ ਇਹ ਤੁਹਾਡਾ ਫ਼ਰਜ਼ ਬਣਦਾ ਹੈ ਕਿ ਤੁਸੀਂ ਸਿੱਖਾਂ ਨੂੰ ਚੇਤਨਤਾ ਅਤੇ ਮਾਣ-ਸਤਿਕਾਰ ਰੱਖਣ ਦੀ ਆਗਿਆ ਦੇਵੋ। ਇਕ ਕੌਮ ਦੀ ਕਾਇਮੀ ਦੇ ਨਾਂ 'ਤੇ ਸਿੱਖਾਂ ਦੀ ਵੱਖਰੀ ਹਸਤੀ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਤੁਹਾਡੀ ਤਰਫ਼ੋਂ ਇਕ ਮਹਾਨ ਗ਼ਲਤੀ ਹੈ। ਅਸੀਂ ਸਿੱਖ ਇੱਕੋ ਗੱਲ 'ਤੇ ਮਾਣ ਕਰਦੇ ਹਾਂ ਤੇ ਇਹ ਹੈ: ਸਵੈਮਾਣ। ਜੇਕਰ ਅਸੀਂ ਆਪਣੀ ਵੱਖਰੀ ਹਸਤੀ ਗਵਾ ਲਈ ਤਾਂ ਅਸੀਂ ਆਪਣੇ ਸਵੈਮਾਣ ਲਈ ਕਿਧਰ ਝਾਕਾਂਗੇ? ਜੇਕਰ ਸਾਡੀ ਹਸਤੀ ਖ਼ਤਮ ਕਰ ਦਿੱਤੀ ਜਾਂਦੀ ਹੈ ਤਾਂ ਤੁਸੀਂ ਖ਼ੁਦ ਆਪਣਾ ਹੀ ਇਕ ਅਣਖੀਲਾ ਫ਼ੌਜੀ ਵਿੰਗ ਖ਼ਤਮ ਕਰ ਰਹੇ ਹੋਵੋਗੇ, ਜੋ ਕਿ ਇਕ ਕੌਮ ਦੀ ਮਜ਼ਬੂਤੀ ਦੇ ਰਾਹ ਵਿੱਚ ਰੁਕਾਵਟ ਬਣੇਗਾ। ਇਹ ਤੁਹਾਡੇ ਉੱਤੇ ਨਿਰਭਰ ਕਰਦਾ ਹੈ ਕਿ ਇਸ ਬਾਰੇ ਸੋਚੋ....ਆਪਣੀ ਕੌਮੀ ਫ਼ੌਜ ਨੂੰ ਤਬਾਹ ਨਾ ਕਰੋ। ਇਸ ਲਈ ਪ੍ਰਾਰਥਨਾ ਕਰੋ, ਇਸ ਨੂੰ ਤਬਾਹ ਨਾ ਕਰੋ।'[5] (ਅੰਗਰੇਜ਼ੀ 'ਚੋਂ ਉਲਥਾ)

ਮਾਸਟਰ ਤਾਰਾ ਸਿੰਘ ਦੇ ਉਪਰੋਕਤ ਕਥਨ 'ਚੋਂ ਸਿੱਖ ਪੰਥ ਦੀ ਹਿੰਦੂ ਵਰਗ ਨਾਲ ਨਾਤੇਦਾਰੀ ਦੀ ਜੋ ਸਮਝ ਉਭਰਦੀ ਹੈ ਉਹ ਸਿੱਖ ਕੌਮ ਦੀ ਆਜ਼ਾਦੀ ਦੇ ਪੈਂਤੜੇ ਨੂੰ ਆਪਣੇ ਆਪ ਨਕਾਰ ਦਿੰਦੀ ਹੈ। ਜੇਕਰ ਮਾਸਟਰ ਤਾਰਾ ਸਿੰਘ ਦੇ ਉਪਰੋਕਤ ਕਥਨ 'ਤੇ ਯਕੀਨ ਕਰ ਲਿਆ ਜਾਵੇ ਤਾਂ ਉਹ ਸਿੱਖ ਪੰਥ ਨੂੰ ਹਿੰਦੂਆਂ ਨਾਲੋਂ ਇਕ ਨਿਆਰੀ ਤੇ 'ਵੱਖਰੀ ਕੌਮ' ਤਸੱਵਰ ਨਹੀਂ ਕਰਦੇ ਸਗੋਂ ਉਸ ਨੂੰ ਮਹਿਜ਼ ਹਿੰਦੂ ਭਾਈਚਾਰੇ ਦਾ ਇਕ 'ਫ਼ੌਜੀ ਵਿੰਗ',

ਹਿੰਦੂ ਸਮਾਜ ਦਾ ਇਕ 'ਫ਼ੌਜੀ ਸੰਗਠਨ' ਹੀ ਸਮਝਦੇ ਹਨ। ਉਨ੍ਹਾਂ ਦਾ ਗਿਲਾ ਸਿਰਫ਼ ਏਨਾ ਹੈ ਕਿ ਹਿੰਦੂ ਭਾਈਚਾਰਾ ਸਿੱਖ ਪੰਥ ਨੂੰ ਆਪਣੇ ਇਕ 'ਫ਼ੌਜੀ ਵਿੰਗ' ਵਾਲਾ ਰੁਤਬਾ ਤੇ ਮਾਣ-ਸਤਿਕਾਰ ਕਿਉਂ ਨਹੀਂ ਦੇ ਰਿਹਾ। ਕੀ ਕਿਸੇ ਸਮਾਜੀ ਸੰਗਠਨ ਦਾ ਫ਼ੌਜੀ ਵਿੰਗ, ਉਸ ਸਮਾਜੀ ਸੰਗਠਨ ਤੋਂ ਅਸਲੋਂ ਹੀ ਵੱਖਰੀ ਤੇ ਸੁਤੰਤਰ ਹਸਤੀ ਦਾ ਦਾਅਵਾ ਕਰ ਸਕਦਾ ਹੈ ? ਕਦਾਚਿਤ ਨਹੀਂ। ਫ਼ੌਜੀ ਵਿੰਗ ਸਮੂਹ ਦਾ ਇਕ ਮਤੈਹਤ ਅੰਗ ਹੀ ਹੁੰਦਾ ਹੈ ਜਿਸ ਦਾ ਮੁੱਖ ਕੰਮ ਸਮੂਹ ਦੇ ਹਿਤਾਂ ਦੀ ਪਹਿਰੇਦਾਰੀ ਕਰਨਾ ਹੁੰਦਾ ਹੈ, ਨਾ ਕਿ ਸਮੂਹ ਨਾਲੋਂ ਵੱਖਰਾ ਤੇ ਸੁਤੰਤਰ ਵਹਿਣ ਅਖ਼ਤਿਆਰ ਕਰਨਾ। 'ਫ਼ੌਜੀ ਵਿੰਗ' ਦੀ ਜੇਕਰ ਕੋਈ ਵੱਖਰੀ ਹਸਤੀ ਹੈ ਤਾਂ ਇਸ ਦਾਇਰੇ ਦੇ ਅੰਦਰ ਹੀ ਹੈ। ਉਸ ਦੀ ਇਹ ਪੌਜ਼ੀਸ਼ਨ ਹੀ ਉਸਦੀ 'ਆਜ਼ਾਦੀ' ਤੇ 'ਸਵੈਮਾਣ' ਦੀ ਸੀਮਾ ਨਿਰਧਾਰਤ ਕਰ ਦਿੰਦੀ ਹੈ। ਉਹ ਇਸ ਸੀਮਾ ਦਾ ਉਲੰਘਣ ਨਹੀਂ ਕਰ ਸਕਦਾ। ਇਹ ਉਸਦੀ ਹੋਣੀ ਹੈ।

ਕੀ ਇਹ ਕਿਹਾ ਅਤੇ ਮੰਨਿਆ ਜਾ ਸਕਦਾ ਹੈ ਕਿ ਉਪਰੋਕਤ ਗੱਲ ਕਹਿਣ ਵੇਲੇ ਮਾਸਟਰ ਤਾਰਾ ਸਿੰਘ ਹੁਰੀਂ ਇਸ ਦੇ ਅਰਥਾਂ ਅਤੇ ਭਾਵ-ਅਰਥਾਂ ਤੋਂ ਪੂਰੀ ਤਰ੍ਹਾਂ ਸੁਚੇਤ ਸਨ ? ਇਸ ਦਾ ਜੁਆਬ 'ਸ਼ਾਇਦ ਹਾਂ' ਅਤੇ 'ਸ਼ਾਇਦ ਨਾਂਹ' ਦੋਨੋਂ ਹੀ ਤਰ੍ਹਾਂ ਦਿੱਤਾ ਜਾ ਸਕਦਾ ਹੈ। ਮਾਸਟਰ ਤਾਰਾ ਸਿੰਘ ਯਕੀਨਨ ਹੀ ਉਸ ਸਿੱਖ ਬੌਧਿਕ ਪ੍ਰੰਪਰਾ ਨਾਲ ਸਬੰਧ ਰੱਖਦੇ ਸਨ ਜੋ ਸਿੱਖ ਧਰਮ ਦੀ ਬਿਪਰ-ਸੰਸਕਾਰੀ ਦ੍ਰਿਸ਼ਟੀ ਅਨੁਸਾਰ ਵਿਆਖਿਆ ਦਾ ਰੁਝਾਨ ਰੱਖਦੀ ਹੈ। ਮਾਸਟਰ ਤਾਰਾ ਸਿੰਘ ਦੀਆਂ ਲਿਖਤਾਂ, ਬਿਆਨਾਂ ਤੇ ਭਾਸ਼ਣਾਂ 'ਚੋਂ ਅਜਿਹੇ ਅਨੇਕਾਂ ਪ੍ਰਮਾਣ ਮਿਲਦੇ ਹਨ, ਜਿਸ 'ਚੋਂ ਉਨ੍ਹਾਂ ਦੀ ਸੋਚ ਅਤੇ ਨਜ਼ਰੀਏ ਉੱਤੇ ਬਿਪਰ-ਸੰਸਕਾਰ ਦੇ ਗਹਿਰੇ ਪ੍ਰਭਾਵ ਦਾ ਗੂੜ੍ਹਾ ਪ੍ਰਗਟਾਵਾ ਹੁੰਦਾ ਹੈ। ਸਿਰਫ਼ ਮਾਸਟਰ ਤਾਰਾ ਸਿੰਘ ਦੀ ਗੱਲ ਹੀ ਨਹੀਂ, ਵੀਹਵੀਂ ਸਦੀ ਦੇ ਬਹੁਗਿਣਤੀ ਸਿੱਖ ਵਿਦਵਾਨਾਂ, ਲੇਖਕਾਂ, ਆਗੂਆਂ ਤੇ ਪ੍ਰਚਾਰਕਾਂ ਨੂੰ ਸੌਖ ਨਾਲ ਹੀ ਇਸ ਵਰਗ 'ਚ ਸ਼ਾਮਲ ਕੀਤਾ ਜਾ ਸਕਦਾ ਹੈ।

ਮਾਸਟਰ ਤਾਰਾ ਸਿੰਘ ਵੱਲੋਂ ਵਾਰ-ਵਾਰ ਇਸ ਗੱਲ 'ਤੇ ਜ਼ੋਰ ਦੇਣਾ ਕਿ ਸਿੱਖ ਧਰਮ ਦੀ ਸਥਾਪਨਾ ਹਿੰਦੂ ਧਰਮ ਦੀ ਰਾਖੀ ਲਈ ਕੀਤੀ ਗਈ ਸੀ ਅਤੇ ਸ: ਕਪੂਰ ਸਿੰਘ ਦੁਆਰਾ "ਹਿੰਦੂ ਧਰਮ ਰਾਖਹਿ ਹਮ ਜਗ ਮੇਂ ਚਲੇ ਚਲਾਵੇਂ ਸਿੱਖੀ ਮਗ ਮੇਂ," ਦੀ ਤੁਕ ਦੀ ਇਸ ਤਰ੍ਹਾਂ ਵਿਆਖਿਆ ਕਰਨੀ ਜਿਵੇਂ ਸਿੱਖ ਧਰਮ ਦਾ ਉਦੇਸ਼ ਹਿੰਦੂ ਧਰਮ ਦੀ ਰਾਖੀ ਕਰਨਾ ਹੋਵੇ,[6] ਸਿੱਖ ਧਰਮ ਨੂੰ ਬਿਪਰ-ਸੰਸਕਾਰੀ ਦ੍ਰਿਸ਼ਟੀ ਅਨੁਸਾਰ ਸਮਝਣ ਤੇ ਪੇਸ਼ ਕਰਨ ਦੀਆਂ ਗੂੜ੍ਹ ਉਦਾਹਰਣਾਂ ਹਨ। ਅਜਿਹੀ ਸਿਧਾਂਤਕ ਸੋਚਣੀ ਰਾਜਸੀ ਖੇਤਰ ਅੰਦਰ ਉਸ ਸਮਝ ਨੂੰ ਬਲ ਮੁਹੱਈਆ ਕਰਦੀ ਹੈ, ਜੋ ਸਿੱਖ ਪੰਥ ਨੂੰ ਹਿੰਦੂ ਵਰਗ ਦੇ ਧਾਰਮਕ, ਸਭਿਆਚਾਰਕ, ਆਰਥਿਕ ਅਤੇ ਰਾਜਸੀ ਚੁੰਗਲ ਤੋਂ ਪੂਰਨ ਮੁਕਤੀ ਹਾਸਲ ਕਰਨ ਦੇ ਰਾਹ ਤੋਂ ਖਿੜਕਾ ਕੇ ਹਿੰਦੂ ਵਰਗ ਨਾਲ ਅਧੀਨਗੀ ਵਾਲੀ ਭਾਈਵਾਲੀ ਦੇ ਰਾਹ ਲੈ ਤੁਰਦੀ ਹੈ। ਇਹ ਅਜਿਹੀ ਗ਼ਲਤ ਸੋਚਣੀ ਦਾ ਹੀ ਨਤੀਜਾ ਸੀ ਕਿ ਮਾਸਟਰ ਤਾਰਾ ਸਿੰਘ (ਤੇ ਹੋਰਨਾਂ ਅਕਾਲੀ ਆਗੂਆਂ) ਅੰਦਰ ਜਿੱਥੇ ਹਿੰਦੂ ਹਾਕਮਾਂ ਦੇ ਸਿੱਖ ਦੋਖੀ ਵਤੀਰੇ ਵਿਰੁੱਧ ਤਿੱਖੀ ਔਖ ਪੈਦਾ ਹੁੰਦੀ ਰਹੀ, ਉਥੇ ਨਾਲ ਹੀ, ਉਨ੍ਹਾਂ ਨੂੰ ਹਿੰਦੂ ਹਾਕਮਾਂ ਦੇ ਕਿਸੇ ਏਸ ਜਾਂ ਓਸ ਵਰਗ ਕੋਲੋਂ ਲਗਾਤਾਰ ਇਨਸਾਫ਼ ਦੀ ਝਾਕ ਬਣੀ ਰਹੀ। ਉਹ ਜੇਕਰ ਇਕ ਮੌਕੇ ਹਿੰਦੂਆਂ ਦੇ ਇਕ ਵਰਗ ਉੱਤੇ ਖਿਝਦੇ ਰਹੇ ਤਾਂ ਉਸੇ ਹੀ ਪਲ, ਦੂਜੇ ਵਰਗ ਉੱਤੇ ਬਰਾਬਰ ਧਿਜਦੇ ਰਹੇ। ਮਿਸਾਲ ਦੇ ਤੌਰ 'ਤੇ, ਆਜ਼ਾਦੀ ਮਿਲਦਿਆਂ ਹੀ ਹਿੰਦੂ ਹਾਕਮਾਂ ਹੱਥੋਂ ਵੱਡੇ ਝਟਕੇ ਖਾਣ ਦੇ ਬਾਵਜੂਦ ਮਾਸਟਰ ਤਾਰਾ ਸਿੰਘ ਸਿਰਫ਼ ਪੰਜਾਬੀ ਹਿੰਦੂ ਵਰਗ ਨੂੰ ਹੀ 'ਸ਼ਰਾਰਤ ਦੀ ਜੜ੍ਹ' ਸਮਝਦੇ ਰਹੇ ਅਤੇ ਉਨ੍ਹਾਂ ਨੂੰ ਗ਼ੈਰ-ਪੰਜਾਬੀ ਹਿੰਦੂਆਂ ਦੀ 'ਨੇਕਨੀਅਤੀ ਤੇ ਇਨਸਾਫ਼ਪਸੰਦੀ' ਉੱਤੇ ਜ਼ਰਾ ਜਿੰਨਾ ਵੀ ਸ਼ੱਕ ਨਹੀਂ ਹੋਇਆ। 15 ਨਵੰਬਰ 1948 ਨੂੰ

ਉਹ ਬੜੇ ਹੀ ਦਾਅਵੇ ਨਾਲ ਇਹ ਗੱਲ ਕਹਿ ਰਹੇ ਸਨ ਕਿ "ਮੈਂ ਹਾਲਾਂ ਤਾਈਂ ਕਿਸੇ ਵੀ ਅਜਿਹੇ ਗ਼ੈਰ-ਪੰਜਾਬੀ ਹਿੰਦੂ ਨੂੰ ਨਹੀਂ ਮਿਲਿਆ ਜੋ ਕਿ ਸਿੱਖ ਵਿਰੋਧੀ ਹੋਵੇ।"[7] ਮਾਸਟਰ ਤਾਰਾ ਸਿੰਘ ਦੇ ਇਸ ਬਿਆਨ ਤੋਂ ਠੀਕ ਅੱਠਾਂ ਦਿਨਾਂ ਬਾਅਦ ਵਿਧਾਨਸਾਜ਼ ਅਸੰਬਲੀ ਦੀ ਘੱਟਗਿਣਤੀਆਂ ਬਾਰੇ ਸਬ-ਕਮੇਟੀ (ਜਿਸ ਵਿੱਚ ਨਹਿਰੂ, ਪਟੇਲ ਤੇ ਰਾਜਿੰਦਰ ਪ੍ਰਸ਼ਾਦ ਵਰਗੀਆਂ 'ਗ਼ੈਰ-ਪੰਜਾਬੀ ਹਿੰਦੂ' ਹਸਤੀਆਂ ਸ਼ਾਮਲ ਸਨ) ਨੇ ਮਾਸਟਰ ਤਾਰਾ ਸਿੰਘ ਦੇ ਇਸ ਦਾਅਵੇ ਦਾ ਮੂੰਹ ਚਿੜਾਉਂਦਿਆਂ ਹੋਇਆਂ ਆਪਣਾ ਇਹ ਅੰਤਮ ਫ਼ੈਸਲਾ ਸੁਣਾ ਦਿੱਤਾ ਕਿ ਸਿੱਖਾਂ ਨੂੰ "ਘੱਟਗਿਣਤੀ ਦੇ ਆਧਾਰ 'ਤੇ ਕੋਈ ਵਿਸ਼ੇਸ਼ ਅਧਿਕਾਰ ਦੇਣਾ ਉਚਿਤ ਨਹੀਂ।"[8] ਹਿੰਦੂ ਹਾਕਮਾਂ ਵੱਲੋਂ ਅਕਾਲੀ ਆਗੂਆਂ ਨੂੰ ਖੁੱਲ੍ਹੇਆਮ ਜਿੱਚ ਕਰਨ ਦਾ ਇਹ ਕੋਈ ਪਹਿਲਾ ਮੌਕਾ ਨਹੀਂ ਸੀ ਤੇ ਨਾ ਹੀ ਆਖ਼ਰੀ। ਪਿਛਲੇ ਲਗਭਗ ਅੱਠ ਦਹਾਕਿਆਂ ਦੌਰਾਨ, ਜਦ ਤੋਂ ਸਿੱਖ ਲਹਿਰ ਦਾ 'ਕੌਮੀ ਮੁੱਖਧਾਰਾ' ਨਾਲ ਸੰਯੋਗ ਹੋਇਆ ਹੈ, ਹਿੰਦੂ ਆਗੂਆਂ ਨੇ ਹਰ ਨਿਰਣਾਇਕ ਮੌਕੇ ਅਤੇ ਮੁੱਦੇ 'ਤੇ ਸਿੱਖ ਹਿਤਾਂ ਦੀ ਨਾ ਸਿਰਫ਼ ਅਣਦੇਖੀ ਕੀਤੀ ਹੈ, ਸਗੋਂ ਸਿੱਖ ਕੌਮ ਦੀ ਪੁੱਜ ਕੇ ਹੇਠੀ ਕੀਤੀ ਹੈ। ਪਰ ਅਕਾਲੀ ਆਗੂਆਂ ਤੇ ਬਹੁਗਿਣਤੀ ਸਿੱਖ ਵਿਦਵਾਨਾਂ ਦੇ ਦਿਮਾਗ਼ਾਂ ਅੰਦਰ ਸਿੱਖ ਪੰਥ ਤੇ ਹਿੰਦੂ ਸਮਾਜ ਦੇ ਆਪਸੀ ਰਿਸ਼ਤੇ ਬਾਰੇ ਮੌਜੂਦ ਗ਼ਲਤ ਸਿਧਾਂਤਕ ਧਾਰਨਾਵਾਂ ਨੇ ਉਨ੍ਹਾਂ ਨੂੰ ਹਿੰਦੂ ਆਗੂਆਂ ਦੇ ਮੂਲ ਚਰਿੱਤਰ ਨੂੰ ਬੁੱਝਣ ਅਤੇ ਇਸ ਅਨੁਸਾਰ ਸਿੱਖ ਰਾਜਨੀਤੀ ਦੀ ਦਰੁਸਤ ਮਾਰਗ-ਦਿਸ਼ਾ ਉਲੀਕਣ ਦੇ ਕਾਰਜ ਤੋਂ ਲਗਾਤਾਰ ਬੇਮੁੱਖ ਕਰੀ ਰੱਖਿਆ। ਵਾਰ ਵਾਰ ਠੱਗੇ ਜਾਣ ਦੇ ਬਾਵਜੂਦ ਉਹ ਹਿੰਦੂ ਆਗੂਆਂ 'ਤੇ ਬੇਵਜ੍ਹਾ ਧਿਜ ਜਾਣ ਦੀ 'ਆਦਤ' ਤੋਂ ਛੁਟਕਾਰਾ ਹਾਸਲ ਨਾ ਕਰ ਸਕੇ। ਹੈਰਾਨੀ ਦੀ ਗੱਲ ਹੈ ਕਿ 1948 ਵਿੱਚ ਅਕਾਲੀ ਦਲ ਦੇ ਕਾਂਗਰਸ ਵਿੱਚ ਰਲੇਵੇਂ ਦੇ ਫ਼ੈਸਲੇ ਨੂੰ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਦੋ ਸਾਲਾਂ ਬਾਅਦ ਰੱਦ ਤਾਂ ਕਰ ਦਿੱਤਾ ਪਰ ਪਹਿਲਾਂ ਪੁੱਟੇ ਤੇ ਫਿਰ ਵਾਪਸ ਲਏ ਇਸ ਕਦਮ ਦਾ ਕੋਈ ਵਿਸ਼ਲੇਸ਼ਣ ਜਾਂ ਮੁਲਾਂਕਣ ਕਰਨ ਦੀ ਲੋੜ ਮਹਿਸੂਸ ਨਹੀਂ ਕੀਤੀ ਗਈ। ਇਸ ਤਜਰਬੇ ਤੋਂ ਕੋਈ ਸਬਕ ਗ੍ਰਹਿਣ ਕਰਨ ਦੀ 'ਖੇਚਲ' ਨਹੀਂ ਕੀਤੀ ਗਈ। ਸਿੱਟਾ ਇਹ ਨਿਕਲਿਆ ਕਿ ਛੇ ਸਾਲਾਂ ਬਾਅਦ, 1956 ਵਿੱਚ, ਇਹੀ ਖੇਡ ਮੁੜ ਦੁਹਰਾਈ ਗਈ। ਅਕਾਲੀ ਦਲ ਨੂੰ ਮੁੜ ਕਾਂਗਰਸ ਪਾਰਟੀ 'ਚ ਸ਼ਾਮਲ ਕਰਨ ਦਾ ਫ਼ੈਸਲਾ ਲੈ ਲਿਆ ਗਿਆ। ਛੇ ਸਾਲਾਂ ਦੇ ਵਕਫ਼ੇ ਦੌਰਾਨ ਪੰਡਤ ਜਵਾਹਰ ਲਾਲ ਨਹਿਰੂ ਦੀ ਸਿੱਖ ਦੁਸ਼ਮਣ ਸੋਚਣੀ ਦੇ ਏਨੇ ਗੂੜ੍ਹੇ ਰੰਗ ਉਘੜ ਆਉਣ ਦੇ ਬਾਵਜੂਦ ਮਾਸਟਰ ਤਾਰਾ ਸਿੰਘ, ਨਹਿਰੂ ਨਾਲ ਹੋਈ ਆਪਣੀ ਇਕ 'ਨਿੱਘੀ' ਮਿਲਣੀ ਤੋਂ ਬਾਅਦ, ਦਿੱਲੀ ਦੇ ਰਕਾਬਗੰਜ ਗੁਰਦੁਆਰੇ ਵਿੱਚ ਜੁੜੀ ਅਕਾਲੀ ਦਲ ਦੀ ਵਰਕਿੰਗ ਕਮੇਟੀ (30 ਸਤੰਬਰ 1956) ਸਾਹਮਣੇ ਇਹ ਹਲਫ਼ੀਆ ਬਿਆਨ ਦੇ ਰਹੇ ਸਨ ਕਿ ਉਨ੍ਹਾਂ ਨੂੰ ਪੰਡਤ ਨਹਿਰੂ ਦੀ ਨੇਕਨੀਅਤੀ ਉੱਤੇ ਪੂਰਾ ਭਰੋਸਾ ਹੈ ਅਤੇ ਇਸ ਤੋਂ ਬਾਅਦ ਉਹ (ਭਾਵ ਮਾਸਟਰ ਜੀ) ਨਹਿਰੂ ਦਾ ਸਾਥ ਨਹੀਂ ਛੱਡਣਗੇ ਅਤੇ ਹਮੇਸ਼ਾ ਉਸ ਦੇ ਸੰਗ ਡਟੇ ਰਹਿਣਗੇ।[9] ਮਾਸਟਰ ਤਾਰਾ ਸਿੰਘ ਦੇ ਇਸ ਭਰੋਸੇ ਦਾ ਆਧਾਰ ਕਿਉਂਕਿ ਝੂਠਾ ਅਤੇ ਖੋਖਲਾ ਸੀ, ਇਸ ਕਰਕੇ ਛੇ ਮਹੀਨਿਆਂ ਬਾਅਦ ਹੀ, ਆਪਣੇ ਹਲਫ਼ੀਆ ਬਿਆਨ ਦੇ ਉਲਟ, ਉਨ੍ਹਾਂ ਨੂੰ ਪੰਡਤ ਨਹਿਰੂ ਦੇ ਖ਼ਿਲਾਫ਼ ਲੜਾਈ ਦਾ ਮੋਰਚਾ ਮੱਲਣ ਲਈ ਮਜਬੂਰ ਹੋਣਾ ਪੈ ਗਿਆ।

ਸਿੱਖਾਂ ਨੂੰ ਹਿੰਦੂ ਸਮਾਜ ਦੇ ਰਖਵਾਲਿਆਂ ਵਜੋਂ ਦੇਖਣ ਦੀ ਨੁਕਸਦਾਰ ਧਾਰਨਾ ਨੇ ਸ: ਕਪੂਰ ਸਿੰਘ ਵਰਗੇ ਗੂੜ੍ਹ ਵਿਦਵਾਨ ਦੀ ਰਾਜਨੀਤਕ ਸੋਚਣੀ ਨੂੰ ਵੀ ਗਹਿਰੀ ਤਰ੍ਹਾਂ ਮਾੜੇ-ਰੁਖ਼ ਪ੍ਰਭਾਵਿਤ ਕੀਤਾ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਸ: ਕਪੂਰ ਸਿੰਘ ਸ਼ੁਰੂ ਤੋਂ ਲੈ ਕੇ ਅਖ਼ੀਰ ਤਕ ਸਿੱਖਾਂ ਦੇ ਪ੍ਰਭੂਸੱਤਾ ਸੰਪੰਨ ਰਾਜ ਦੇ ਹਾਮੀ ਰਹੇ ਹਨ।

ਆਪਣੇ ਇਨ੍ਹਾਂ ਵਿਚਾਰਾਂ 'ਤੇ ਉਨ੍ਹਾਂ ਜੀਵਨ ਭਰ ਅਡੋਲ ਪਹਿਰਾ ਦਿੱਤਾ। ਉਹ 'ਪੰਜਾਬੀਅਤ' ਦੀ ਧਾਰਨਾ ਦੇ ਕੱਟੜ ਨਿੰਦਕ ਰਹੇ। ਸਿੱਖ ਕੌਮ ਦੇ ਰਾਜਸੀ ਨਿਸ਼ਾਨੇ ਬਾਰੇ ਆਪਣੇ ਇਸ 'ਗਰਮਦਲੀ' ਪੈਂਤੜੇ ਸਦਕਾ, ਉਨ੍ਹਾਂ ਦੀ ਸਿੱਖ ਜਗਤ ਅਤੇ ਰਾਜਨੀਤੀ ਅੰਦਰ ਇਕ ਨਿਵੇਕਲੀ ਪਛਾਣ ਸਥਾਪਤ ਹੋਈ। ਉਹ ਰਵਾਇਤੀ ਅਕਾਲੀ ਆਗੂਆਂ ਦੀ ਰਾਜਨੀਤਕ ਵਿਚਾਰਧਾਰਾ ਤੇ ਉਨ੍ਹਾਂ ਦੇ ਰਾਜਸੀ ਕਿਰਦਾਰ-ਵਿਹਾਰ ਤੋਂ ਬਦਜ਼ਨ ਹੋਈ ਨੌਜਵਾਨ ਪੀੜ੍ਹੀ ਲਈ ਜੀਵਨ ਭਰ ਉਤਸ਼ਾਹ ਤੇ ਪ੍ਰੇਰਨਾ ਦਾ ਸੋਮਾ ਬਣੇ ਰਹੇ। ਸ: ਕਪੂਰ ਸਿੰਘ ਦੀ ਸ਼ਖ਼ਸੀਅਤ ਦੇ ਇਹ ਹਾਂ-ਦਰੂ ਪੱਖ, ਉਨ੍ਹਾਂ ਨੂੰ, ਇਤਿਹਾਸ ਅੰਦਰ, ਰਵਾਇਤੀ ਅਕਾਲੀ ਆਗੂਆਂ ਅਤੇ ਉਨ੍ਹਾਂ ਨਾਲ ਜੁੜੇ ਲਾਲਸਾਵਾਨ ਬੁਧੀਜੀਵੀ ਕੋੜਮੇ ਨਾਲੋਂ ਯਕੀਨਨ ਹੀ ਵੱਖਰੀ ਹਸਤੀ ਤੇ ਪਦਵੀ ਦੇ ਹੱਕਦਾਰ ਬਣਾਉਂਦੇ ਹਨ। ਪ੍ਰੰਤੂ 'ਅਭੁਲ ਗੁਰੂ ਕਰਤਾਰ' ਦੇ ਸਰਬਕਾਲੀ ਸਤਿਵਾਦੀ ਕਥਨ ਮੁਤਾਬਕ ਕੋਈ ਮਨੁੱਖ ਕਿੱਡਾ ਵੀ ਮਹਾਨ ਤੇ ਬੁੱਧੀਮਾਨ ਕਿਉਂ ਨਾ ਹੋਵੇ, ਉਹ ਤਰੁਟੀਆਂ ਤੋਂ ਪੂਰਨ ਰੂਪ 'ਚ ਸੁਰਖ਼ਰੂ ਨਹੀਂ ਹੋ ਸਕਦਾ। ਇਹ ਕੁਦਰਤ ਦਾ ਅਟੱਲ ਨਿਯਮ ਹੈ। ਇਸ ਦ੍ਰਿਸ਼ਟੀ ਤੋਂ ਦੇਖਿਆਂ ਸ: ਕਪੂਰ ਸਿੰਘ ਦੀਆਂ ਕੁਝ ਰਾਜਸੀ ਧਾਰਨਾਵਾਂ, ਦਲੀਲ ਅਤੇ ਤਜਰਬੇ ਦੀ ਕਸੌਟੀ 'ਤੇ ਖਰੀਆਂ ਨਹੀਂ ਉਤਰਦੀਆਂ ਮੰਨੀਆਂ ਜਾ ਸਕਦੀਆਂ।

ਸ: ਕਪੂਰ ਸਿੰਘ ਦੇ ਜ਼ਿਹਨ ਅੰਦਰ 'ਅਖੰਡ ਭਾਰਤ' ਦਾ ਸੰਕਲਪ ਇਸ ਕਦਰ ਛਾਇਆ ਹੋਇਆ ਸ਼ੀ ਕਿ ਉਹ ਆਪਣੇ ਹਰ ਰਾਜਸੀ ਕਥਨ ਅੰਦਰ ਇਸ ਪ੍ਰਤੀ ਆਪਣੀ ਦ੍ਰਿੜ ਨਿਸ਼ਠਾ ਦੁਹਰਾਉਣ ਦੇ ਕਰਤੱਵ ਤੋਂ ਕਦੇ ਭੁੱਲ ਕੇ ਵੀ ਨਹੀਂ ਖੁੰਝੇ। ਉਹ ਭਾਰਤ ਦੀ ਏਕਤਾ ਅਤੇ ਅਖੰਡਤਾ ਦੇ ਜੀਵਨ ਭਰ ਕੱਟੜ ਸਮਰਥਕ ਰਹੇ। ਉਹ ਹਰ ਮੌਕੇ 'ਇਕ ਇਕਹਿਰੀ ਭਾਰਤੀ ਕੌਮ' ਵਿੱਚ ਆਪਣੀ ਸ਼ਰਧਾ ਪ੍ਰਗਟ ਕਰਦੇ ਰਹੇ। 1967 ਦੀਆਂ ਚੌਥੀਆਂ ਆਮ ਚੋਣਾਂ ਮੌਕੇ ਅਕਾਲੀ ਦਲ (ਮਾਸਟਰ ਧੜਾ) ਦੇ ਚੋਣ ਮਨੋਰਥ ਪੱਤਰ ਅੰਦਰ ਉਨ੍ਹਾਂ ਨਾ ਸਿਰਫ਼ ਭਾਰਤ ਦੀ ਫ਼ੌਜੀ ਸ਼ਕਤੀ ਨੂੰ ਮਜ਼ਬੂਤ ਕਰਨ ਅਤੇ ਪ੍ਰਮਾਣੂ ਹਥਿਆਰ ਵਿਕਸਤ ਕਰਨ ਦੀ ਜ਼ੋਰਦਾਰ ਵਜ਼ਾਹਤ ਕੀਤੀ ਸਗੋਂ ਉਹ ਭਾਰਤ ਦੀਆਂ "ਕੁਦਰਤ, ਇਤਿਹਾਸ ਅਤੇ ਵਾਤਾਵਰਨ ਦੁਆਰਾ ਬਖ਼ਸ਼ੀਆਂ ਸਰਹੱਦਾਂ ਨੂੰ ਮੁੜ ਹਥਿਆਉਣ" ਦੀ ਕੋਰੀ ਹਿੰਦੂ ਸ਼ਾਵਨਿਸਟ ਪੋਜ਼ੀਸ਼ਨ ਲੈਣ ਤਕ ਚਲੇ ਗਏ।[10] ਸਿੱਖ ਧਰਮ ਦੀ ਹਿੰਦੂ ਮੱਤ ਨਾਲੋਂ ਵੱਖਰੀ ਤੇ ਨਿਆਰੀ ਹਸਤੀ ਦੀ ਪੋਜ਼ੀਸ਼ਨ ਬੁਲੰਦ ਕਰਨ ਦੇ ਨਾਲ ਹੀ, ਸ: ਕਪੂਰ ਸਿੰਘ ਅੰਦਰ ਦੋਵਾਂ ਦੇ 'ਸਾਂਝੇ ਮੂਲ' ਉੱਤੇ ਵਧਵਾਂ ਜ਼ੋਰ ਦੇਣ ਦੀ ਉਲਾਰ ਬਿਰਤੀ ਕੰਮ ਕਰਦੀ ਦੇਖੀ ਜਾ ਸਕਦੀ ਹੈ। ਹਿੰਦੂਆਂ ਪ੍ਰਤੀ ਉਨ੍ਹਾਂ ਦਾ ਗਿਲਾ ਇਹ ਸੀ ਕਿ ਉਹ ਆਪਣੇ ਮੂਲ ਨਾਲ ਵਫ਼ਾਦਾਰ ਨਹੀਂ ਰਹੇ ਜਦ ਕਿ ਸਿੱਖ ਪੁਰਾਤਨ ਹਿੰਦੂ ਜਾਤੀ ਦੀ ਇਸ ਮੂਲ ਵਿਰਾਸਤ ਦੇ 'ਅਸਲੀ ਅਤੇ ਸੱਚੇ ਪਹਿਰੇਦਾਰ' ਹਨ। ਉਹ ਫ਼ਖ਼ਰ ਨਾਲ ਇਹ ਗੱਲ ਕਹਿੰਦੇ ਸਨ ਕਿ ਸਿੱਖ "ਸਨਾਤਨ ਤੇ ਵਿਸ਼ਵ-ਕਲਿਆਣਕਾਰੀ ਹਿੰਦੂ ਧਰਮ ਦੀ ਸ਼ੁਧ ਆਤਮਾ ਦੇ ਵਾਰਸ" ਹਨ। ਪੰਜਾਬੀ ਸੂਬੇ ਦੀ ਸਥਾਪਨਾ ਦੇ ਮੌਕੇ ਲੋਕ ਸਭਾ ਅੰਦਰ ਪੰਜਾਬ ਪੁਨਰਗਠਨ ਬਿੱਲ ਉੱਤੇ ਹੋਈ ਬਹਿਸ ਦੌਰਾਨ (6 ਸਤੰਬਰ 1966) ਉਨ੍ਹਾਂ ਵੱਲੋਂ ਦਿੱਤੇ ਗਏ ਬਿਬੇਕਪੂਰਨ ਭਾਸ਼ਣ ਦੀ ਸੁਰ ਵੀ ਕੁਝ ਅਜਿਹੀ ਹੀ ਸੀ। 27 ਅਪ੍ਰੈਲ 1969 ਨੂੰ ਸਿੱਖ ਹੋਮਲੈਂਡ ਦੀ ਵਿਆਖਿਆ ਹਿਤ ਜਾਰੀ ਕੀਤੇ ਆਪਣੇ ਇਕ ਅਹਿਮ ਬਿਆਨ ਅੰਦਰ ਉਨ੍ਹਾਂ ਭਾਰਤੀ ਸੰਵਿਧਾਨ ਦੀ ਪਹਿਲੀ ਮੱਦ ਦੀ ਅਰਥ-ਪੇਸ਼ਕਾਰੀ ਕਰਦਿਆਂ ਵੀ ਅਜਿਹੀ ਹੀ ਪਹੁੰਚ ਪ੍ਰਗਟਾਈ ਸੀ।[11]

## ਸਿੱਖ ਉਭਾਰ : ਚੁਣੌਤੀਆਂ ਤੇ ਸੀਮਤਾਈਆਂ

ਸ਼੍ਰੋਮਣੀ ਅਕਾਲੀ ਦਲ ਦਾ 1948 ਵਿੱਚ ਕਾਂਗਰਸ ਪਾਰਟੀ ਅੰਦਰ ਸ਼ਾਮਲ ਹੋਣ ਦਾ ਫ਼ੈਸਲਾ, ਸ਼ਬਦ ਦੇ ਸਹੀ ਅਰਥਾਂ ਵਿੱਚ, ਕਿਸੇ ਬਾਕਾਇਦਾ ਰੂਪ ਵਿੱਚ ਨੇਪਰੇ ਚੜ੍ਹੇ ਸਮਝੌਤੇ ਦਾ ਨਤੀਜਾ ਨਹੀਂ ਸੀ। ਕਾਂਗਰਸ ਪਾਰਟੀ ਦੀ ਹਾਈ ਕਮਾਂਡ ਵੱਲੋਂ ਅਕਾਲੀ ਦਲ ਦੀ ਕਿਸੇ ਵੀ ਮੁੱਖ ਮੰਗ ਨੂੰ ਪ੍ਰਵਾਨ ਕਰ ਲੈਣ ਦਾ ਕੋਈ ਲਿਖਤੀ ਵਚਨ ਨਹੀਂ ਸੀ ਦਿੱਤਾ ਗਿਆ। ਅਸਲ ਵਿੱਚ ਹੋਇਆ ਇਹ ਕਿ ਕਾਂਗਰਸੀ ਆਗੂਆਂ ਨੇ ਅਕਾਲੀ ਦਲ ਅੰਦਰ ਪਹਿਲਾਂ ਹੀ ਵੱਡੀ ਸੰਨ੍ਹ ਲਾ ਲਈ ਹੋਈ ਸੀ। ਉਨ੍ਹਾਂ ਕੁਝ ਪ੍ਰਮੁੱਖ ਅਕਾਲੀ ਆਗੂਆਂ ਨੂੰ ਜਾਂ ਤਾਂ ਵਿਚਾਰਧਾਰਕ ਤੌਰ 'ਤੇ ਭਰਮਾ ਕੇ ਅਤੇ ਜਾਂ ਵਜ਼ਾਰਤਾਂ ਤੇ ਅਹੁਦਿਆਂ ਦਾ ਚੋਗਾ ਸੁੱਟ ਕੇ ਅਤੇ ਜਾਂ ਫਿਰ ਇਨ੍ਹਾਂ ਦੋਨੋਂ ਹੀ 'ਦਵਾਈਆਂ' ਦੀ ਮਿਸ਼ਰਤ ਖ਼ੁਰਾਕ ਪਿਲਾ ਕੇ, ਕਾਂਗਰਸ ਵਿੱਚ ਸ਼ਾਮਲ ਹੋਣ ਲਈ ਪ੍ਰੇਰ ਲਿਆ ਹੋਇਆ ਸੀ।

ਕਾਂਗਰਸ ਵਿੱਚ ਸ਼ਾਮਲ ਹੋਣ ਲਈ ਪਹਿਲਾਂ ਹੀ ਮਨ ਬਣਾਈ ਬੈਠੇ ਇਹ ਮੌਕਾ ਤਾੜੂ ਆਗੂ (ਜਿਨ੍ਹਾਂ ਦੀ ਕਮਾਨ, ਉਸ ਵੇਲੇ ਅਕਾਲੀ ਦਲ ਦੀ ਪ੍ਰਧਾਨਗੀ ਕਰ ਰਹੇ ਗਿਆਨੀ ਕਰਤਾਰ ਸਿੰਘ ਖ਼ੁਦ ਕਰ ਰਹੇ ਸਨ) ਆਪਣੀ ਜ਼ਮੀਰ ਨੂੰ ਦਲ-ਬਦਲੀ ਦੇ ਗੁਨਾਹ ਦੇ ਬੋਝ ਤੋਂ ਸੁਰਖ਼ਰੂ ਰੱਖਣ ਲਈ, ਮਾਸਟਰ ਤਾਰਾ ਸਿੰਘ ਵਰਗੇ ਲੋਕਾਂ ਦੇ ਵਿਚਾਰਧਾਰਕ ਭੰਬਲਭੂਸੇ ਅਤੇ ਰਾਜਨੀਤਕ ਊਣਤਾਈਆਂ ਦਾ ਫ਼ਾਇਦਾ ਉਠਾ ਕੇ, ਅਕਾਲੀ ਦਲ ਦੀ ਵਰਕਿੰਗ ਕਮੇਟੀ ਕੋਲੋਂ ਸਮੂਹਕ ਦਲ-ਬਦਲੀ ਦਾ ਫ਼ੈਸਲਾ ਕਰਵਾਉਣ ਵਿੱਚ ਸਫਲ ਹੋ ਗਏ। ਵਰਕਿੰਗ ਕਮੇਟੀ ਦੇ 17 ਮਾਰਚ 1948 ਦੇ ਮਤੇ ਵਿੱਚ ਠੋਸ ਗੱਲ ਕੋਈ ਨਹੀਂ ਸੀ ਕੀਤੀ ਗਈ। ਇਹ ਅਕਾਲੀ ਆਗੂਆਂ ਦਾ ਇਕ ਤਰਫ਼ਾ ਫ਼ੈਸਲਾ ਜਾਂ ਇਹ ਕਹਿ ਲਵੋ ਕਿ ਕਾਂਗਰਸੀ ਆਗੂਆਂ ਅੱਗੇ ਬਿਨਾਂ ਸ਼ਰਤ ਆਤਮ-ਸਮਰਪਣ ਹੀ ਸੀ। ਇਸ ਕਰਕੇ ਕਾਂਗਰਸੀ ਆਗੂਆਂ ਉੱਤੇ ਸਮਝੌਤੇ ਦੇ ਪਾਬੰਦ ਰਹਿਣ ਦੀ ਨਾ ਤਾਂ ਕੋਈ ਰਾਜਸੀ ਬੰਦਸ਼ ਸੀ ਅਤੇ ਨਾ ਹੀ ਕੋਈ ਨੈਤਿਕ ਦਬਾਅ ਸੀ। ਉਹ ਆਪਣੇ ਸਿੱਖ ਦੁਸ਼ਮਣ ਵਤੀਰੇ ਨੂੰ ਜਾਰੀ ਰੱਖਣ ਅਤੇ ਸਿੱਖ ਦੁਸ਼ਮਣੀ ਦੇ ਰਾਹ 'ਤੇ ਅੱਗੇ ਵਧਣ ਲਈ ਪੂਰੀ ਤਰ੍ਹਾਂ ਆਜ਼ਾਦ ਸਨ। ਹੋਇਆ ਵੀ ਇੰਜ ਹੀ। ਉਨ੍ਹਾਂ ਆਪਣੀ ਇਸ 'ਆਜ਼ਾਦੀ' ਦਾ ਰੱਜ ਕੇ ਆਨੰਦ ਮਾਣਿਆ।

ਪੰਜਾਬ ਦੇ ਕਾਂਗਰਸੀ ਮੁੱਖ ਮੰਤਰੀ ਡਾ. ਗੋਪੀ ਚੰਦ ਭਾਰਗੋ ਦੀ ਅਗਵਾਈ ਹੇਠ, ਪੰਜਾਬ ਸਰਕਾਰ ਨੇ ਜੂਨ 1948 ਵਿੱਚ ਸਿੱਖਿਆ ਦੇ ਮਾਧਿਅਮ ਸਬੰਧੀ ਇਕ ਸਰਕੂਲਰ ਜਾਰੀ ਕਰ ਕੇ ਪੰਜਾਬ ਅੰਦਰ ਹਿੰਦੀ ਨੂੰ ਪੰਜਾਬੀ ਦੀ ਸੌਂਕਣ ਬਣਾਉਣ ਦੇ ਫ਼ਿਰਕੂ ਅਮਲ ਦਾ ਰਸਮੀ ਉਦਘਾਟਨ ਕਰ ਦਿੱਤਾ। ਸਿੱਖਾਂ ਵੱਲੋਂ ਇਸ ਫ਼ੈਸਲੇ ਦੇ ਵਿਰੋਧ ਨੇ ਪੰਜਾਬ ਦੀਆਂ ਸਵਰਨਜਾਤੀ ਹਿੰਦੂ ਪਰਤਾਂ ਅੰਦਰ ਇਕ ਜ਼ਵਾਲ ਪੈਦਾ ਕਰ ਦਿੱਤਾ। ਮਹਾਸ਼ਾ ਪ੍ਰੈਸ ਨੇ ਸਿੱਖਾਂ ਵਿਰੁੱਧ ਫ਼ਿਰਕੂ ਉਧ-ਮੂਲ ਚੁੱਕ ਲਿਆ। ਦੇਸ ਦੇ ਅੰਦਰ ਅਤੇ ਭਾਰਤੀ ਸੰਵਿਧਾਨ ਦੇ ਹੇਠ ਹੀ ਸਿੱਖਾਂ ਦੇ ਧਰਮ, ਸਭਿਆਚਾਰ ਤੇ ਭਾਸ਼ਾ ਨੂੰ ਕਾਨੂੰਨੀ ਸੁਰੱਖਿਆ ਪ੍ਰਦਾਨ ਕਰਨ ਦੀ ਨਿਮਾਣੀ ਜਿਹੀ ਮੰਗ ਨੂੰ ਵੀ 'ਸਿੱਖਸਤਾਨ' ਅਤੇ 'ਖ਼ਾਲਿਸਤਾਨ' ਦੀ ਮੰਗ ਦੇ ਰੂਪ ਵਿੱਚ ਪੇਸ਼ ਕਰ ਕੇ ਸਿੱਖ ਭਾਈਚਾਰੇ ਨੂੰ ਮਨਮਾਨੇ ਢੰਗ ਨਾਲ ਦੋਸ਼ੀਆਂ ਦੇ ਕਟਹਿਰੇ 'ਚ ਖੜਾ ਕਰ ਲਿਆ ਗਿਆ ਅਤੇ ਫਿਰ ਜੋ ਵੀ ਗਾਲ੍ਹ ਮੂੰਹ ਵਿੱਚ ਆਈ ਅਤੇ ਜੋ ਵੀ ਹਥਿਆਰ ਹੱਥ ਵਿੱਚ ਆਇਆ, ਉਹ ਅੰਨ੍ਹੇਵਾਹ ਸਿੱਖ ਭਾਈਚਾਰੇ ਵੱਲ ਵਗਾਹ ਮਾਰਿਆ। ਸ: ਅਜੀਤ ਸਿੰਘ ਸਰਹੱਦੀ ਨੇ ਉਸ ਸਮੇਂ ਦੇ ਹਾਲਾਤ ਬਾਰੇ ਲਿਖਦਿਆਂ ਹੋਇਆਂ ਇਸ ਹਿੰਦੂ ਹੁਕਮਰਾਨੀ ਵਤੀਰੇ ਦਾ ਇਸ ਤਰ੍ਹਾਂ ਖ਼ੁਲਾਸਾ ਕੀਤਾ ਹੈ : "... ਸਿੱਖਾਂ ਨੂੰ ਰਾਜਨੀਤਕ

ਤੌਰ 'ਤੇ ਸੰਤੁਸ਼ਟ ਕਰਨ ਲਈ ਕੋਈ ਵੀ ਕਦਮ ਨਾ ਉਠਾਇਆ ਗਿਆ। ਉਨ੍ਹਾਂ ਦੇ ਵਾਜਬ ਦਾਅਵਿਆਂ ਦਾ ਵੀ ਮਜ਼ਾਕ ਉਡਾਇਆ ਗਿਆ। ਉਨ੍ਹਾਂ ਦੀਆਂ ਇੱਛਾਵਾਂ ਉੱਤੇ ਦੰਦੀਆਂ ਕੱਢੀਆਂ ਗਈਆਂ। ਉਨ੍ਹਾਂ ਦੇ ਲੀਡਰ ਜੇਲ੍ਹ ਅੰਦਰ ਸੁੱਟ ਦਿੱਤੇ ਗਏ ਅਤੇ ਉਨ੍ਹਾਂ ਨੂੰ ਇਹ ਅਹਿਸਾਸ ਕਰਵਾ ਦਿੱਤਾ ਗਿਆ ਕਿ ਉਹ ਘਟੀਆ ਦਰਜੇ ਦੇ ਨਾਗਰਿਕ ਹਨ। ਭਾਵਾਤਮਿਕ ਏਕਤਾ ਉੱਤੇ ਜ਼ੋਰ ਦਿੱਤਾ ਗਿਆ ਪਰ ਇਸ ਦਾ ਸ਼ੋਰ ਵੀ ਹਵਾ ਵਿੱਚ ਹੀ ਪਾਇਆ ਗਿਆ ਅਤੇ ਇਸ ਦੇ ਲਈ ਕੋਈ ਆਧਾਰ ਤਿਆਰ ਨਾ ਕੀਤਾ ਗਿਆ। (ਪੰਥ ਅੰਦਰੋਂ) ਹੱਥ ਠੋਕੇ ਕਿਸਮ ਦੇ ਬੰਦੇ ਚੁਣੇ ਗਏ ਅਤੇ ਉਨ੍ਹਾਂ ਦਾ ਗੁੱਡਾ ਬੰਨ੍ਹਿਆ ਗਿਆ......।"[12]

ਕਾਂਗਰਸੀ ਹਾਕਮਾਂ ਅਤੇ ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਦੇ ਇਸ ਅੱਖੜ ਵਤੀਰੇ ਨੇ ਸਿੱਖ ਭਾਈਚਾਰੇ ਅੰਦਰ ਆਪਣੀ ਆਨ ਅਤੇ ਸ਼ਾਨ ਦੀ ਰਾਖੀ ਦਾ ਤਿੱਖਾ ਸਰੋਕਾਰ ਜਗਾ ਦਿੱਤਾ ਅਤੇ ਅਕਾਲੀ ਲੀਡਰਸ਼ਿਪ ਦੇ ਇਕ ਹਿੱਸੇ ਵਲੋਂ ਕਾਂਗਰਸੀ ਹਾਕਮਾਂ ਅੱਗੇ ਗੋਡੇ ਟੇਕ ਕੇ ਉਨ੍ਹਾਂ ਦੇ ਰਾਜਸੀ ਮੁਲਾਜ਼ਮ ਬਣ ਜਾਣ ਦੇ ਬਾਵਜੂਦ, ਆਮ ਸਿੱਖ ਜਨਤਾ ਅੰਦਰ ਲੜਨ ਦਾ ਜਜ਼ਬਾ ਅਤੇ ਰੌਅ ਜ਼ੋਰ ਫੜਨ ਲੱਗਾ। ਭਾਵੇਂ ਅਕਾਲੀ ਲੀਡਰਸ਼ਿਪ ਨੇ ਆਪਣੇ ਇਕਤਰਫ਼ਾ ਮੁਆਇਦੇ ਅਨੁਸਾਰ ਕਾਂਗਰਸੀ ਹਾਕਮਾਂ ਨੂੰ, ਅਕਾਲੀ ਦਲ ਵੱਲੋਂ ਕੋਈ ਵੀ ਰਾਜਸੀ ਸਰਗਰਮੀ ਨਾ ਕਰਨ ਅਤੇ ਆਪਣੇ ਆਪ ਨੂੰ ਸਿਰਫ਼ ਧਾਰਮਿਕ ਤੇ ਸਭਿਆਚਾਰਕ ਸਰਗਰਮੀਆਂ ਦੇ ਖੇਤਰ ਤਕ ਸੀਮਤ ਰੱਖਣ ਦਾ ਇਕਤਰਫ਼ਾ ਵਚਨ ਦਿੱਤਾ ਹੋਇਆ ਸੀ। ਪਰ ਪੈਦਾ ਹੋਈ ਹਾਲਤ ਦੇ ਸਨਮੁੱਖ, ਅਕਾਲੀ ਲੀਡਰਸ਼ਿਪ ਲਈ ਸਿੱਖ ਭਾਵਨਾਵਾਂ ਦੇ ਜ਼ਵਾਲ ਨੂੰ ਆਪਣੇ ਇਸ ਵਚਨ ਦੀਆਂ ਵਲਗਣਾਂ ਅੰਦਰ ਵਲ ਕੇ ਰੱਖ ਸਕਣਾ ਮੁਹਾਲ ਹੋ ਰਿਹਾ ਸੀ। ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਸਿੱਖ ਭਾਵਨਾਵਾਂ ਦੀ ਆਵਾਜ਼ ਨੂੰ ਦਿੱਲੀ ਦੇ ਹਾਕਮਾਂ ਦੇ ਕੰਨਾਂ ਤਕ ਪਹੁੰਚਾਉਣ ਦੀ ਮਨਸ਼ਾ ਨਾਲ 20 ਫ਼ਰਵਰੀ ਨੂੰ ਦਿੱਲੀ ਵਿਖੇ ਇਕ ਸਿੱਖ ਕਾਨਫ਼ਰੰਸ ਕਰਨ ਦਾ ਫ਼ੈਸਲਾ ਕਰ ਲਿਆ। ਇਸ ਨਾਲ ਕਾਂਗਰਸੀ ਹਾਕਮਾਂ ਨੂੰ ਇਕ ਦਮ ਹੱਥਾਂ ਪੈਰਾਂ ਦੀ ਪੈ ਗਈ। ਕਾਂਗਰਸੀ ਹਾਕਮ, ਖ਼ਾਸ ਕਰਕੇ ਨਹਿਰੂ ਤੇ ਪਟੇਲ, ਸਿੱਖਾਂ ਦੀ ਜਥੇਬੰਦਕ ਰੂਪ 'ਚ ਆਵਾਜ਼ ਉਠਾਉਣ ਦੀ ਇਸ 'ਗੁਸਤਾਖ਼ੀ' ਨੂੰ ਕਿਸੇ ਵੀ ਸੂਰਤ ਵਿੱਚ ਸਹਿਣ ਕਰਨ ਲਈ ਰਾਜ਼ੀ ਨਹੀਂ ਸਨ। ਪਟੇਲ ਨੇ ਆਪਣੇ 'ਲੋਹ ਪੁਰਸ਼' ਹੋਣ ਦਾ ਸਬੂਤ ਦੇਣ ਲਈ 'ਸ਼ਹੀਦੀ ਦੀਵਾਨ' ਉੱਤੇ ਸਖ਼ਤ ਪਾਬੰਦੀਆਂ ਦੇ ਹੁਕਮ ਚਾੜ੍ਹ ਦਿੱਤੇ। ਮਾਸਟਰ ਤਾਰਾ ਸਿੰਘ ਨੂੰ ਦਿੱਲੀ ਜਾਂਦਿਆਂ ਨਰੇਲਾ ਸਟੇਸ਼ਨ ਤੋਂ ਗ੍ਰਿਫ਼ਤਾਰ ਕਰ ਕੇ ਅਲਮੋੜਾ ਜੇਲ੍ਹ ਵਿੱਚ ਡੱਕ ਦਿੱਤਾ ਗਿਆ। ਬਾਕੀ ਦੇ 'ਬਾਗ਼ੀ' ਅਕਾਲੀ ਆਗੂਆਂ ਨੂੰ ਵੀ ਜਾਂ ਤਾਂ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਜਾਂ ਰੂਪੋਸ਼ ਹੋਣ ਲਈ ਮਜਬੂਰ ਕਰ ਦਿੱਤਾ ਗਿਆ। ਪਰ ਸਾਰੀਆਂ ਬੰਦਸ਼ਾਂ ਦੇ ਬਾਵਜੂਦ 20 ਫ਼ਰਵਰੀ ਨੂੰ ਦਿੱਲੀ ਦੇ ਗੁਰਦੁਆਰਾ ਰਕਾਬਗੰਜ ਦੇ ਅਹਾਤੇ ਅੰਦਰ ਸਿੱਖਾਂ ਦਾ ਇਕ ਪ੍ਰਭਾਵਸ਼ਾਲੀ ਇਕੱਠ ਜੁੜਿਆ ਅਤੇ ਸਿੱਖ ਪੰਥ ਦੇ ਹਿਤਾਂ ਦੀ ਰਾਖੀ ਲਈ ਹਰ ਕੁਰਬਾਨੀ ਦੇਣ ਦੇ ਵਿਚਾਰ ਅਤੇ ਜਜ਼ਬਾਤ ਪ੍ਰਗਟਾਏ ਗਏ। ਭਾਰਤ ਦੇ ਸੰਵਿਧਾਨ ਅੰਦਰ ਸਿੱਖਾਂ ਦੇ ਨੁਕਤਾ-ਨਜ਼ਰ ਨੂੰ ਜ਼ਰਾ ਜਿੰਨੀ ਵੀ ਜਗ੍ਹਾ ਦੇਣ ਤੋਂ ਕੋਰਾ ਇਨਕਾਰ ਕਰ ਦੇਣ ਦੇ ਹਿੰਦੂ ਹੁਕਮਰਾਨੀ ਵਤੀਰੇ ਨੇ, ਸਿੱਖ ਭਾਵਨਾਵਾਂ ਨੂੰ ਹੋਰ ਵੀ ਲਾਂਬੂ ਲਾ ਦਿੱਤੇ। ਪ੍ਰਮੁੱਖ ਲੀਡਰਾਂ ਦੇ ਜੇਲ੍ਹਾਂ 'ਚ ਬੰਦ ਹੋਣ ਦੇ ਬਾਵਜੂਦ 2 ਮਾਰਚ 1949 ਨੂੰ ਪੰਜਾਬ ਅਤੇ ਦਿੱਲੀ ਅੰਦਰ ਸਿੱਖਾਂ ਨੇ ਵੱਡੇ ਪੈਮਾਨੇ 'ਤੇ ਰੋਸ ਮਾਰਚ ਕਰ ਕੇ ਆਪਣੇ ਰੋਹ ਅਤੇ ਗ਼ੁੱਸੇ ਦਾ ਭਰਵਾਂ ਪ੍ਰਗਟਾਵਾ ਕੀਤਾ।

ਅਪ੍ਰੈਲ ਵਿੱਚ ਅੰਮ੍ਰਿਤਸਰ ਵਿਖੇ ਸਿੱਖਾਂ ਦੀ ਇਕ ਬਹੁਤ ਹੀ ਵਿਸ਼ਾਲ ਤੇ ਭਰਵੀਂ

ਕਨਵੈਨਸ਼ਨ ਹੋਈ ਜਿਸ ਵਿੱਚ ਹਰ ਖੇਤਰ ਅਤੇ ਹਰ ਕਿੱਤੇ ਦੇ ਸਿੱਖ ਸ਼ਾਮਲ ਹੋਏ। ਇਸ ਕਾਨਫ਼ਰੰਸ ਅੰਦਰ ਖੁੱਲ੍ਹੇ ਰੂਪ ਵਿੱਚ ਪੰਜਾਬੀ ਸੂਬੇ ਦੀ ਮੰਗ ਦਾ ਜ਼ਿਕਰ ਹੋਇਆ। ਇਸੇ ਦੌਰਾਨ ਮਾਸਟਰ ਤਾਰਾ ਸਿੰਘ ਸਮੇਤ ਸਾਰੇ ਅਕਾਲੀ ਆਗੂ ਤੇ ਵਰਕਰ, ਜਾਂ ਤਾਂ ਆਪਣੀਆਂ ਸਜ਼ਾਵਾਂ ਦੀ ਮਿਆਦ ਪੂਰੀ ਕਰ ਕੇ ਅਤੇ ਜਾਂ ਕਾਨੂੰਨੀ ਪੱਖ ਤੋਂ ਮੁਕੱਦਮੇ ਜਿੱਤ ਕੇ, ਜੇਲ੍ਹਾਂ ਤੋਂ ਬਾਹਰ ਆ ਗਏ। ਪੰਦਰਾਂ ਦਸੰਬਰ ਦੀ 'ਸਰਬ ਹਿੰਦ ਕਾਂਗਰਸੀ ਸਿੱਖ ਕਨਵੈਨਸ਼ਨ' ਦੇ ਅਗਲੇ ਹੀ ਦਿਨ, ਅੰਮ੍ਰਿਤਸਰ ਦੀ ਹੀ ਪਵਿੱਤਰ ਨਗਰੀ ਅੰਦਰ ਇਕ ਵਿਸ਼ਾਲ ਸਿੱਖ ਕਨਵੈਨਸ਼ਨ ਹੋਈ ਜਿਸ ਨੇ ਹਾਜ਼ਰੀ ਅਤੇ ਜੋਸ਼-ਖ਼ਰੋਸ਼ ਪੱਖੋਂ, ਕਾਂਗਰਸੀ ਕਨਵੈਨਸ਼ਨ ਦੇ ਪ੍ਰਭਾਵ ਨੂੰ ਬੁਰੀ ਤਰ੍ਹਾਂ ਰੋਲ ਕੇ ਰੱਖ ਦਿੱਤਾ। ਫ਼ਰਵਰੀ 1953 ਵਿੱਚ ਅੰਮ੍ਰਿਤਸਰ ਵਿਖੇ ਪ੍ਰਿੰਸੀਪਲ ਤੇਜਾ ਸਿੰਘ ਦੀ ਅਗਵਾਈ ਹੇਠ ਇਕ ਸਰਬ-ਪਾਰਟੀ ਸਿੱਖ ਕਨਵੈਨਸ਼ਨ ਹੋਈ ਜਿਸ ਵਿੱਚ ਵੱਡੀ ਗਿਣਤੀ 'ਚ ਸ਼ਾਮਲ ਹੋਏ ਸਿੱਖ ਬੁੱਧੀਜੀਵੀਆਂ ਨੇ ਭਾਰਤੀ ਹਾਕਮਾਂ ਦੀ ਸਿੱਖ-ਦੁਸ਼ਮਣ ਸੋਚਣੀ ਦੀ ਕਰਾਰੇ ਲਫ਼ਜ਼ਾਂ 'ਚ ਨਿੰਦਿਆ ਕੀਤੀ।

27 ਦਸੰਬਰ 1953 ਨੂੰ, ਪੈਪਸੂ ਅੰਦਰ ਹੋਣ ਜਾ ਰਹੀਆਂ ਮੱਧ-ਕਾਲੀ ਚੋਣਾਂ ਤੋਂ ਇਕ ਦਿਨ ਪਹਿਲਾਂ, ਜਦ ਪੰਡਤ ਜਵਾਹਰ ਲਾਲ ਨਹਿਰੂ ਨੇ ਫਤਹਿਗੜ੍ਹ ਸਾਹਿਬ ਦੇ ਸ਼ਹੀਦੀ ਜੋੜ-ਮੇਲੇ ਦੌਰਾਨ ਜੁੜੀ ਕਾਂਗਰਸ ਦੀ ਕਾਨਫ਼ਰੰਸ ਅੰਦਰ ਸਿੱਖ ਸੰਗਤਾਂ ਨੂੰ ਸੰਬੋਧਨ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਆਜ਼ਾਦ ਭਾਰਤ ਅੰਦਰ ਪਹਿਲੀ ਵਾਰ ਲੋਕਾਂ ਦੇ ਖੁੱਲ੍ਹੇ ਅਤੇ ਰੋਹ ਭਰੇ ਵਿਰੋਧ ਦਾ ਸੁਆਦ ਚੱਖਣਾ ਪਿਆ। ਸਿੱਖ ਸੰਗਤਾਂ ਦੇ ਗੁੱਸੇ ਅਤੇ ਵਿਰੋਧ ਦੇ ਸਨਮੁੱਖ, ਨਹਿਰੂ ਨੂੰ ਆਪਣਾ ਭਾਸ਼ਣ ਅੱਧ ਵਿਚਾਲੇ ਛੱਡ ਕੇ ਭੱਜਣਾ ਪੈ ਗਿਆ।

ਇਥੇ ਇਨ੍ਹਾਂ ਘਟਨਾਵਾਂ ਦਾ ਵੇਰਵਾ ਦੇਣ ਦਾ ਮੰਤਵ ਇਹ ਦਰਸਾਉਣਾ ਹੈ ਕਿ ਸਿੱਖ ਭਾਈਚਾਰਾ ਪੰਥਕ ਹਿਤਾਂ 'ਤੇ ਹੋਣ ਵਾਲੇ ਕਿਸੇ ਵੀ ਹਮਲੇ ਨੂੰ ਚੁੱਪ ਕਰ ਕੇ ਸਹਿ ਲੈਣ ਲਈ ਤਿਆਰ ਨਹੀਂ ਸੀ। ਉਹ ਪੰਥ ਦੇ ਗੌਰਵ ਤੇ ਹਿਤਾਂ ਦੀ ਰਾਖੀ ਲਈ ਦ੍ਰਿੜ੍ਹ ਜਦੋਜਹਿਦ ਕਰਨ ਦੇ ਰੌਂਅ ਵਿੱਚ ਸੀ। ਸਿੱਖ ਪੰਥ ਅੰਦਰ ਪੰਜਾਬੀ ਸੂਬੇ ਦੀ ਮੰਗ ਦੇ ਪੱਖ ਵਿੱਚ ਉਤਸ਼ਾਹ ਤੇ ਜਦੋਜਹਿਦ ਦਾ ਰੌਂਅ ਇਸ ਕਦਰ ਜ਼ੋਰ ਫੜ ਗਿਆ ਕਿ ਜਦ ਅੰਮ੍ਰਿਤਸਰ ਦੇ ਜ਼ਿਲ੍ਹਾ ਮੈਜਿਸਟਰੇਟ (6 ਅਪ੍ਰੈਲ 1955) ਨੇ ਪੰਜਾਬੀ ਸੂਬੇ ਦੇ ਨਾਹਰੇ ਉੱਤੇ ਪਾਬੰਦੀ ਦੇ ਹੁਕਮ ਜਾਰੀ ਕਰ ਦਿੱਤੇ ਤਾਂ ਸਿੱਖ ਜਗਤ ਅੰਦਰ ਗੁੱਸੇ ਦੀ ਲਹਿਰ ਦੌੜ ਗਈ। ਅਕਾਲੀ ਦਲ ਨੇ ਦਫ਼ਾ ਚੁਤਾਲੀ ਤੇ ਮਨਾਹੀ ਦੇ ਹੁਕਮਾਂ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ, ਪੰਜਾਬੀ ਸੂਬੇ ਦੇ ਨਾਹਰੇ 'ਤੇ ਲੱਗੀ ਪਾਬੰਦੀ ਹਟਾਉਣ ਲਈ 10 ਮਈ (1955) ਨੂੰ ਬਾਕਾਇਦਾ ਰੂਪ ਵਿੱਚ ਸ਼ਾਂਤਮਈ ਮੋਰਚਾ ਆਰੰਭ ਕਰ ਦਿੱਤਾ। ਭੀਮ ਸੈਨ ਸੱਚਰ ਦੀ ਅਗਵਾਈ ਹੇਠਲੀ ਪੰਜਾਬ ਦੀ ਕਾਂਗਰਸ ਸਰਕਾਰ ਨੇ ਇਸ ਮੋਰਚੇ ਨੂੰ ਨਾਕਾਮ ਬਣਾਉਣ ਲਈ ਪੰਜਾਬ ਭਰ ਅੰਦਰ ਜਬਰ ਅਤੇ ਤਸ਼ੱਦਦ ਦੀ ਵਿਆਪਕ ਮੁਹਿੰਮ ਛੇੜ ਦਿੱਤੀ। ਪਰ ਸਿੱਖ ਜਨਤਾ ਨੇ ਗ੍ਰਿਫ਼ਤਾਰੀਆਂ, ਵਾਰੰਟਾਂ, ਕੁਰਕੀਆਂ, ਸਜ਼ਾਵਾਂ ਤੇ ਤਸੀਹਿਆਂ ਦੀ ਕੋਈ ਪ੍ਰਵਾਹ ਨਾ ਕਰਦਿਆਂ ਹੋਇਆਂ, ਮੋਰਚੇ ਅੰਦਰ ਪੂਰੇ ਉਤਸ਼ਾਹ ਤੇ ਸਿਦਕ-ਦਿਲੀ ਨਾਲ ਭਾਗ ਲੈਣਾ ਜਾਰੀ ਰੱਖਿਆ। ਮੋਰਚੇ ਦਾ ਕੇਂਦਰ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਹੋਣ ਕਰਕੇ, ਸਿੱਖ ਵਲੰਟੀਅਰਾਂ ਦਾ ਅੰਮ੍ਰਿਤਸਰ ਵੱਲ ਵਹਾਅ ਨਿਰੰਤਰ ਜਾਰੀ ਰਿਹਾ। ਜਦ ਹਕੂਮਤੀ ਤਾਕਤ ਤੇ ਤਸ਼ੱਦਦ ਦੇ ਆਸਰੇ ਇਸ ਵਹਾਅ ਨੂੰ ਰੋਕਣ ਦੀਆਂ ਸਾਰੀਆਂ ਕੋਸ਼ਿਸ਼ਾਂ ਨਾਕਾਮ ਹੋ ਗਈਆਂ ਤਾਂ ਬੁਖਲਾਹਟ ਵਿੱਚ ਆਏ ਹਾਕਮ 4 ਜੁਲਾਈ ਨੂੰ ਸ੍ਰੀ ਦਰਬਾਰ ਸਾਹਿਬ ਅੰਦਰ ਪੁਲਸੀ ਧਾੜਾਂ ਭੇਜਣ ਤਕ ਚਲੇ ਗਏ। ਸ੍ਰੀ ਦਰਬਾਰ ਸਾਹਿਬ ਦੀ ਹਦੂਦ ਅੰਦਰ ਪੁਲਸ ਦਾਖ਼ਲੇ ਦਾ ਵਿਰੋਧ ਕਰ ਰਹੀਆਂ ਸਿੱਖ ਸੰਗਤਾਂ ਉੱਤੇ ਡਾਂਗਾਂ ਦੀ ਬੁਛਾੜ ਦੇ ਨਾਲ ਹੀ ਅੱਥਰੂ ਗੈਸ ਦੇ ਗੋਲੇ ਵੀ ਸੁੱਟੇ ਗਏ।

'ਆਪਣੇ' ਸਮਝੇ ਜਾਂਦੇ ਹਾਕਮਾਂ ਹੱਥੋਂ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਤੇ ਮਰਿਆਦਾ ਦੀ ਘੋਰ ਬੇਅਦਬੀ ਦਾ ਇਹ ਇਤਿਹਾਸ ਅੰਦਰ ਪਹਿਲਾ ਵਾਕਿਆ ਸੀ। ਇਸ ਖ਼ਿਲਾਫ਼ ਸਿੱਖਾਂ ਦੇ ਵਿਆਪਕ ਗ਼ੁੱਸੇ ਤੇ ਰੋਹ ਨੂੰ ਦੇਖਦੇ ਹੋਏ, ਭੀਮ ਸੈਨ ਸੱਚਰ ਨੂੰ ਥੋੜੇ ਹੀ ਦਿਨਾਂ ਬਾਅਦ ਖ਼ੁਦ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਆ ਕੇ ਸਿੱਖ ਕੌਮ ਕੋਲੋਂ ਖੁੱਲ੍ਹੇ ਤੌਰ 'ਤੇ ਮੁਆਫ਼ੀ ਮੰਗਣ ਲਈ ਮਜਬੂਰ ਹੋਣਾ ਪੈ ਗਿਆ।[14] 12 ਜੁਲਾਈ ਨੂੰ ਪੰਜਾਬੀ ਸੂਬੇ ਦੇ ਨਾਹਰੇ ਤੋਂ ਪਾਬੰਦੀ ਹਟਾਉਣ ਦੇ ਫ਼ੈਸਲੇ ਨਾਲ ਮੋਰਚਾ ਤਾਂ ਖ਼ਤਮ ਹੋ ਗਿਆ ਪਰ ਭੀਮ ਸੈਨ ਸੱਚਰ ਨੂੰ ਸਿੱਖ ਕੌਮ ਕੋਲੋਂ ਮੁਆਫ਼ੀ ਮੰਗਣ ਦੀ 'ਕਮਜ਼ੋਰੀ' ਦਿਖਾਉਣ ਬਦਲੇ, ਹਿੰਦੂ ਵਰਗ ਦੀ ਨਾਰਾਜ਼ਗੀ ਦਾ ਸ਼ਿਕਾਰ ਹੋਣਾ ਪੈ ਗਿਆ। ਕਾਂਗਰਸ ਅੰਦਰਲੇ ਸੱਚਰ ਵਿਰੋਧੀ ਗੁੱਟ ਨੇ ਇਸ ਮੌਕੇ ਦਾ ਫ਼ਾਇਦਾ ਉਠਾਉਂਦਿਆਂ ਹੋਇਆਂ, ਕਾਂਗਰਸ ਹਾਈ ਕਮਾਂਡ ਦੀ ਸਹਾਇਤਾ ਨਾਲ, ਉਸ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਲਾਂਭੇ ਕਰ ਦਿੱਤਾ। ਭੀਮ ਸੈਨ ਸੱਚਰ ਦੀ ਜਗ੍ਹਾ ਸ: ਪ੍ਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਦੀ ਕੁਰਸੀ 'ਤੇ ਬਿਰਾਜਮਾਨ ਹੋ ਗਏ। ਇਸ ਦੇ ਨਾਲ ਹੀ ਦਿੱਲੀ ਦੇ ਹਿੰਦੂ ਹੁਕਮਰਾਨਾਂ ਵੱਲੋਂ ਆਪਣੇ ਇਸ 'ਸਿੱਖ-ਰੂਪ ਦਰੋਗੇ' ਰਾਹੀਂ, ਸਿੱਖ ਕੌਮ ਉੱਤੇ ਵਹਿਸ਼ੀ ਜ਼ੁਲਮ ਢਾਹੁਣ ਦਾ ਇਕ ਅਜਿਹਾ ਸਿਲਸਿਲਾ ਸ਼ੁਰੂ ਹੋ ਗਿਆ ਜਿਸ ਨੇ ਨਾ ਸਿਰਫ਼ ਪੰਥ ਨੂੰ ਇਕ ਵੱਡੇ ਸੰਤਾਪ ਦੇ ਮੂੰਹ ਵਿੱਚ ਧੱਕ ਦਿੱਤਾ ਸਗੋਂ ਹਿੰਦੂ ਹਾਕਮਾਂ ਦੀ 'ਜਮਹੂਰੀਅਤ', 'ਧਰਮ ਨਿਰਪੱਖਤਾ' ਤੇ 'ਇਨਸਾਫ਼-ਪਸੰਦੀ' ਦੇ ਵਾਅਦਿਆਂ ਤੇ ਦਿਖਾਵਿਆਂ ਦਾ ਨੰਗ ਵੀ ਸ਼ਰ੍ਹੇਆਮ ਉਜਾਗਰ ਹੋ ਗਿਆ।

## ਫ਼ਿਰਕੂ ਸਫ਼ਬੰਦੀ

ਇਸ ਅਰਸੇ ਦੌਰਾਨ ਪੰਜਾਬ ਅੰਦਰ ਲਗਭਗ ਹਰ ਮਸਲੇ ਉੱਤੇ, ਉਹ ਧਾਰਮਿਕ ਹੋਵੇ ਜਾਂ ਵਿਦਿਅਕ, ਰਾਜਸੀ ਹੋਵੇ ਜਾਂ ਸਭਿਆਚਾਰਕ, ਹਿੰਦੂ ਤੇ ਸਿੱਖ ਵਰਗ ਦੇ ਇਕ ਦੂਜੇ ਨਾਲ ਟਕਰਾਵੇਂ ਵਿਚਾਰ ਤੇ ਦ੍ਰਿਸ਼ਟੀਕੋਣ ਪ੍ਰਗਟ ਹੋਏ। ਮਸਲਾ ਘੱਟਗਿਣਤੀ ਧਾਰਮਿਕ ਵਰਗਾਂ ਲਈ ਸੰਵਿਧਾਨਕ ਸੁਰੱਖਿਆਵਾਂ ਦੀ ਮੰਗ ਦਾ ਹੋਵੇ, ਮਾਂ-ਬੋਲੀ ਪੰਜਾਬੀ ਪ੍ਰਤੀ ਰਵਈਏ ਦਾ ਹੋਵੇ, 1951 ਦੀ ਮਰਦਮਸ਼ੁਮਾਰੀ ਤੇ 1952 ਦੀਆਂ ਆਮ ਚੋਣਾਂ ਹੋਣ, ਹਿੰਦੂਆਂ ਤੇ ਸਿੱਖਾਂ ਵਿਚਕਾਰ ਵਿਰੋਧ ਦੀ ਖਾਈ ਲਗਾਤਾਰ ਡੂੰਘੀ ਹੁੰਦੀ ਚਲੀ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ (ਦਸੰਬਰ 1954) ਨੇ ਸਪਸ਼ਟ ਰੂਪ 'ਚ ਇਹ ਦਰਸਾ ਦਿੱਤਾ ਕਿ ਪੰਥਕ ਹਿਤਾਂ ਦੀ ਰਾਖੀ ਦੇ ਮਾਮਲੇ ਵਿੱਚ, ਲਗਭਗ ਸਮੁੱਚਾ ਸਿੱਖ ਵਰਗ ਡਟ ਕੇ ਸ਼੍ਰੋਮਣੀ ਅਕਾਲੀ ਦਲ ਨਾਲ ਖੜ੍ਹਾ ਸੀ। ਇਨ੍ਹਾਂ ਚੋਣਾਂ ਵਿੱਚ ਕਾਂਗਰਸ ਨੇ 'ਖ਼ਾਲਸਾ ਦਲ ਫ਼ਰੰਟ' ਬਣਾ ਕੇ ਅਤੇ ਕਮਿਊਨਿਸਟਾਂ ਨੇ 'ਦੇਸ ਭਗਤ ਬੋਰਡ' ਦੇ ਫੱਟੇ ਹੇਠ ਜ਼ੋਰ-ਅਜ਼ਮਾਈ ਕੀਤੀ। ਪਰ ਇਨ੍ਹਾਂ ਗ਼ੈਰ-ਪੰਥਕ ਧਿਰਾਂ ਨੂੰ ਬੁਰੀ ਤਰ੍ਹਾਂ ਮੂੰਹ ਦੀ ਖਾਣੀ ਪਈ। ਉਨ੍ਹਾਂ ਨੇ ਕੁੱਲ 132 ਸੀਟਾਂ 'ਤੇ ਆਪਣੇ ਉਮੀਦਵਾਰ ਖੜੇ ਕੀਤੇ ਜਿਨ੍ਹਾਂ 'ਚੋਂ ਮੁਸ਼ਕਲ (ਜਾਂ ਸ਼ਾਇਦ 'ਗ਼ਲਤੀ') ਨਾਲ, ਸਿਰਫ਼ ਤਿੰਨਾਂ ਨੂੰ ਹੀ ਜਿੱਤ ਨਸੀਬ ਹੋਈ। ਇਸ ਦੇ ਮੁਕਾਬਲੇ, ਅਕਾਲੀ ਦਲ ਨੇ 112 ਸੀਟਾਂ 'ਤੇ ਆਪਣੇ ਉਮੀਦਵਾਰ ਖੜੇ ਕੀਤੇ ਅਤੇ ਉਹ ਸਾਰੇ ਦੇ ਸਾਰੇ ਵੱਡੇ ਫ਼ਰਕਾਂ ਨਾਲ ਕਾਮਯਾਬ ਹੋਏ।[14] ਇਨ੍ਹਾਂ ਚੋਣ ਨਤੀਜਿਆਂ ਦੀ ਜੇਕਰ 1952 ਦੀਆਂ ਆਮ ਚੋਣਾਂ ਦੇ ਨਤੀਜਿਆਂ ਨਾਲ ਤੁਲਨਾ ਕੀਤੀ ਜਾਵੇ ਤਾਂ ਪੰਜਾਬ ਅੰਦਰ ਫ਼ਿਰਕੂ ਪਾਲਾਬੰਦੀ ਦੀ ਤਸਵੀਰ ਸਪਸ਼ਟ ਹੋ ਜਾਂਦੀ ਹੈ।

ਸਿੱਖ ਨੁਮਾਇੰਦਿਆਂ ਨੇ ਵਿਧਾਨਸਾਜ਼ ਅਸੰਬਲੀ ਅੰਦਰ ਬਹਿਸ ਕਰਦਿਆਂ, ਆਜ਼ਾਦ ਭਾਰਤ ਦੇ ਸੰਵਿਧਾਨ ਅੰਦਰ ਵੱਖਰੇ ਚੋਣ-ਖੇਤਰਾਂ (separate electorates)

ਦੀ ਥਾਂ ਸਭਨਾਂ ਧਾਰਮਿਕ ਤੇ ਸਮਾਜੀ ਵਰਗਾਂ ਲਈ ਸਰਬ-ਸਾਂਝੇ ਚੋਣ-ਖੇਤਰਾਂ (joint electorates) ਦੀ ਪ੍ਰਣਾਲੀ ਪ੍ਰਵਾਨ ਕਰਨ ਨਾਲ ਘੱਟਗਿਣਤੀ ਧਾਰਮਿਕ ਵਰਗਾਂ ਦੇ ਹਿਤਾਂ ਨੂੰ ਗੰਭੀਰ ਹਰਜਾ ਪਹੁੰਚਣ ਦੇ ਜੋ ਡਰ ਅਤੇ ਖ਼ਦਸ਼ੇ ਪ੍ਰਗਟਾਏ ਸਨ, ਉਹ ਪਹਿਲੀਆਂ ਆਮ ਚੋਣਾਂ ਨੇ ਹੀ ਸੱਚ ਕਰ ਦਿਖਾਏ। ਸਿੱਖ ਵਰਗ ਦੀ ਭਾਰੀ ਹਮਾਇਤ ਤੇ ਹਮਦਰਦੀ ਦੇ ਬਾਵਜੂਦ, ਅਕਾਲੀ ਦਲ ਪੰਜਾਬ ਦੀਆਂ 126 'ਚੋਂ ਸਿਰਫ਼ 13 ਸੀਟਾਂ ਹੀ ਜਿੱਤ ਸਕਿਆ ਜਦ ਕਿ ਕਾਂਗਰਸ ਪਾਰਟੀ 98 ਸੀਟਾਂ 'ਤੇ ਜਿੱਤ ਹਾਸਲ ਕਰਨ ਵਿੱਚ ਕਾਮਯਾਬ ਹੋ ਗਈ। ਅਸਲ ਵਿੱਚ ਬਹੁਗਿਣਤੀ ਵਿੱਚ ਹੋਣ ਕਰਕੇ ਹਿੰਦੂ ਵਰਗ, ਪੰਜਾਬ ਦੇ ਚੋਣ ਨਤੀਜਿਆਂ ਨੂੰ ਨਿਰਣਾਇਕ ਰੂਪ 'ਚ ਪ੍ਰਭਾਵਿਤ ਕਰਨ ਦੀ ਸ਼ਕਤੀ ਰੱਖਦਾ ਸੀ।

ਉਸ ਵੇਲੇ ਪੰਜਾਬ ਦੇ ਬੱਝਵੀਂ ਸਿੱਖ ਵਸੋਂ ਵਾਲੇ ਵੱਡੇ ਭਾਗਾਂ ਨੂੰ 'ਪੈਪਸੂ' ਦੇ ਨਾਂ ਹੇਠ, ਇਕ ਵੱਖਰੇ ਸੂਬੇ ਦਾ ਰੂਪ ਦੇ ਕੇ ਪੰਜਾਬ ਨਾਲੋਂ ਜੁਦਾ ਕੀਤਾ ਹੋਇਆ ਸੀ। ਅੱਧ ਦਰਜਨ ਤੋਂ ਵੱਧ ਸਿੱਖ ਰਿਆਸਤਾਂ (ਪਟਿਆਲਾ, ਨਾਭਾ, ਫ਼ਰੀਦਕੋਟ, ਕਪੂਰਥਲਾ, ਜੀਂਦ, ਕਲਸੀਆ, ਮਲੇਰਕੋਟਲਾ ਤੇ ਨਾਲਾਗੜ੍ਹ) ਨੂੰ ਇਕੱਠੇ ਕਰ ਕੇ ਬਣਾਏ (ਮਈ 1948) ਇਸ ਰਾਜ ਦਾ 15 ਜੁਲਾਈ ਨੂੰ ਉਦਘਾਟਨ ਕਰਦਿਆਂ, ਪਟੇਲ ਨੇ ਇਸ ਨੂੰ 'ਸਿੱਖ ਹੋਮਲੈਂਡ' ਦੀ ਸੰਗਿਆ ਦਿੱਤੀ ਸੀ। ਪੈਪਸੂ ਦੀ ਕੁੱਲ 35 ਲੱਖ ਆਬਾਦੀ 'ਚੋਂ ਸਿੱਖ ਵਸੋਂ ਬਹੁਗਿਣਤੀ ਦੇ ਕਾਫ਼ੀ ਕਰੀਬ ਪਹੁੰਚਦੀ ਸੀ। ਇਹੀ ਵਜ੍ਹਾ ਸੀ ਕਿ ਪਹਿਲੀਆਂ ਆਮ ਚੋਣਾਂ ਅੰਦਰ ਕਾਂਗਰਸ ਨੂੰ ਦੇਸ ਭਰ 'ਚੋਂ ਸਿਰਫ਼ ਪੈਪਸੂ ਅੰਦਰ ਹੀ ਪਛਾੜ ਦਾ ਮੂੰਹ ਦੇਖਣਾ ਪਿਆ ਸੀ। ਪੈਪਸੂ ਵਿੱਚ ਅਕਾਲੀਆਂ ਦੀ ਮਦਦ ਨਾਲ ਸ: ਗਿਆਨ ਸਿੰਘ ਰਾੜੇਵਾਲਾ ਦੀ ਅਗਵਾਈ ਹੇਠ, ਦੇਸ ਅੰਦਰਲੀ ਪਹਿਲੀ ਗ਼ੈਰ-ਕਾਂਗਰਸੀ ਅਤੇ ਸਾਂਝਾ ਮੋਰਚਾ ਸਰਕਾਰ (21 ਅਪ੍ਰੈਲ, 1952) ਹੋਂਦ ਵਿੱਚ ਆਈ। ਪ੍ਰੰਤੂ ਚੋਣ ਪਟੀਸ਼ਨ ਅੰਦਰ ਸ: ਰਾੜੇਵਾਲਾ ਦੀ ਚੋਣ ਰੱਦ ਹੋ ਜਾਣ ਕਰਕੇ ਕੇਂਦਰੀ ਸਰਕਾਰ ਨੂੰ ਪੈਪਸੂ ਦੀ ਇਸ ਗ਼ੈਰ-ਕਾਂਗਰਸੀ ਸਰਕਾਰ ਵਾਲਾ 'ਕੰਡਾ ਕੱਢ ਕੇ' (ਮਾਰਚ 1953) ਰਾਸ਼ਟਰਪਤੀ ਰਾਜ ਲਾਗੂ ਕਰਨ ਦਾ ਸੁਖਾਲਾ ਬਹਾਨਾ ਮਿਲ ਗਿਆ। ਜਦ ਕਿ ਅਕਾਲੀਆਂ ਵੱਲੋਂ ਬਦਲਵੀਂ ਸਰਕਾਰ ਬਣਾਉਣ ਦੀਆਂ ਸੰਭਾਵਨਾਵਾਂ ਮੌਜੂਦ ਸਨ। ਕਿਸੇ ਸੂਬੇ ਦੀ ਚੁਣੀ ਹੋਈ ਸਰਕਾਰ ਨੂੰ ਭੰਗ ਕਰ ਕੇ ਰਾਸ਼ਟਰਪਤੀ ਰਾਜ ਲਾਗੂ ਕਰਨ ਦਾ, ਆਜ਼ਾਦ ਭਾਰਤ ਦੇ ਇਤਿਹਾਸ ਅੰਦਰ ਇਹ ਪਹਿਲਾ ਮੌਕਾ ਸੀ।[15] ਪਹਿਲੀ ਨਵੰਬਰ 1956 ਨੂੰ ਪੈਪਸੂ ਦੇ ਪੰਜਾਬ ਨਾਲ ਰਲੇਵੇਂ ਨਾਲ ਸਿੱਖਾਂ ਦਾ ਇਹ 'ਹੋਮਲੈਂਡ' ਵੀ ਹਿੰਦੂ ਬਹੁਗਿਣਤੀ ਦੇ ਪਰਛਾਵੇਂ ਹੇਠ ਚਲਾ ਗਿਆ।

ਜਿਨ੍ਹਾਂ ਕਾਰਨਾਂ ਕਰਕੇ ਮੁਸਲਿਮ ਲੀਗੀ ਆਗੂਆਂ ਨੇ ਸੰਤਾਲੀ ਦੇ ਬਟਵਾਰੇ ਤੋਂ ਪਹਿਲਾਂ ਵੱਖਰੇ ਚੋਣ ਖੇਤਰਾਂ ਦੀ ਮੰਗ ਨੂੰ ਆਪਣੀ ਜ਼ਿੰਦਗੀ ਅਤੇ ਮੌਤ ਦਾ ਸੁਆਲ ਬਣਾਇਆ ਹੋਇਆ ਸੀ, ਉਹੀ ਕਾਰਨ ਬਟਵਾਰੇ ਤੋਂ ਬਾਅਦ, ਅਕਾਲੀ ਆਗੂਆਂ ਸਾਹਮਣੇ ਵੀ ਜ਼ਿੰਦਗੀ ਅਤੇ ਮੌਤ ਦਾ ਸੁਆਲ ਖੜ੍ਹਾ ਕਰ ਰਹੇ ਸਨ। ਸਾਂਝੇ ਚੋਣ ਖੇਤਰਾਂ ਦੀ ਪ੍ਰਣਾਲੀ ਨੇ ਪਹਿਲੀਆਂ ਆਮ ਚੋਣਾਂ ਅੰਦਰ ਹੀ ਆਪਣੇ ਰੰਗ ਦਿਖਾ ਦਿੱਤੇ ਸਨ। ਜੇਕਰ ਸਿੱਖ ਪੰਥ ਦੇ ਭਰਵੇਂ ਸਮਰਥਨ ਦੇ ਬਾਵਜੂਦ ਵੀ ਅਕਾਲੀ ਦਲ ਪੰਜਾਬ ਅਸੰਬਲੀ ਅੰਦਰ ਇਕ ਨਿਤਾਣੇ ਜਿਹੇ ਵਿਰੋਧੀ ਦਲ ਦੀ ਹੈਸੀਅਤ ਹੀ ਅਖ਼ਤਿਆਰ ਕਰ ਸਕਿਆ ਤਾਂ ਇਸ ਪ੍ਰਣਾਲੀ ਦੇ ਅਧੀਨ, ਸਿੱਖਾਂ ਦੇ ਰਾਜ ਸੱਤਾ 'ਤੇ ਕਾਬਜ਼ ਹੋਣ ਦੀ ਗੱਲ ਤਾਂ ਦੂਰ, ਰਾਜ ਸੱਤਾ ਦੇ ਕਰੀਬ ਢੁੱਕਣ ਦੀ ਵੀ ਕੋਈ ਉਮੀਦ ਅਤੇ ਸੰਭਾਵਨਾ ਨਜ਼ਰ ਨਹੀਂ ਸੀ ਆਉਂਦੀ। ਇਹ ਅਹਿਸਾਸ ਅਕਾਲੀ ਲੀਡਰਸ਼ਿਪ ਅੰਦਰ ਦੋ ਕਿਸਮ ਦਾ ਪ੍ਰਤੀਕਰਮ ਪੈਦਾ ਕਰਦਾ ਸੀ। ਇਕ, ਉਨ੍ਹਾਂ ਨੂੰ ਜਾਂ ਤਾਂ ਵੱਖਰੇ ਚੋਣ ਖੇਤਰਾਂ ਦੀ ਅਤੇ ਜਾਂ ਫਿਰ ਭਾਰੂ ਸਿੱਖ ਵਸੋਂ ਵਾਲੇ ਰਾਜ ਦੀ ਹੋਰ ਵੀ ਵੱਧ ਸ਼ਿੱਦਤ ਨਾਲ ਲੋੜ ਮਹਿਸੂਸ ਹੁੰਦੀ ਸੀ। ਪਰ ਕਿਉਂਕਿ

ਉਨ੍ਹਾਂ ਨੂੰ ਇਨ੍ਹਾਂ ਦੋਨਾਂ 'ਚੋਂ ਕੋਈ ਵੀ ਮੰਗ ਛੇਤੀ ਕੀਤਿਆਂ ਪੂਰੀ ਹੁੰਦੀ ਨਜ਼ਰ ਨਹੀਂ ਸੀ ਆਉਂਦੀ, ਇਸ ਕਰਕੇ ਉਨ੍ਹਾਂ ਉੱਤੇ ਅਪਰਗਟ ਰੂਪ 'ਚ ਬੇਵਸੀ, ਬੇਉਮੀਦੀ ਤੇ ਦਿਲਗੀਰੀ ਦਾ ਰੌਂਅ ਹਾਵੀ ਹੋ ਰਿਹਾ ਸੀ। ਅਕਾਲੀ ਆਗੂਆਂ ਦੀ ਇਸ ਕਿਸਮ ਦੀ ਮਨੋ-ਅਵਸਥਾ ਵਿੱਚੋਂ ਆਉਣ ਵਾਲੇ ਸਮੇਂ ਦੀ ਅਕਾਲੀ ਰਾਜਨੀਤੀ ਦਾ ਨਕਸ਼ਾ ਤਿਆਰ ਹੋ ਰਿਹਾ ਸੀ। ਅਕਾਲੀ ਰਾਜਨੀਤੀ ਇਕ ਵੱਡਾ ਮੋੜਾ ਕੱਟਣ ਜਾ ਰਹੀ ਸੀ।

## ਦਿਸ਼ਾ ਤਬਦੀਲੀ

ਅਕਾਲੀ ਲੀਡਰਸ਼ਿਪ ਦੀਆਂ ਸਫ਼ਾਂ ਅੰਦਰ ਸਹਿਜੇ-ਸਹਿਜੇ, ਪਰ ਨਿਸ਼ਚਿਤ ਤੌਰ 'ਤੇ ਇਕ ਨਵੀਂ ਸੋਚ ਆਪਣੀ ਜਗ੍ਹਾ ਬਣਾ ਰਹੀ ਸੀ। ਅਕਾਲੀ ਦਲ ਨੇ ਸ਼ੁਰੂ ਸ਼ੁਰੂ ਵਿੱਚ ਵੱਖਰੇ ਚੋਣ-ਖੇਤਰਾਂ ਦੀ ਮੰਗ ਉਠਾਈ ਜ਼ਰੂਰ, ਕੁਝ ਚਿਰ ਇਸ ਉੱਤੇ ਪੋਲਾ ਪੋਲਾ ਜ਼ੋਰ ਵੀ ਦਿੱਤਾ ਪਰ ਛੇਤੀ ਹੀ ਉਨ੍ਹਾਂ ਨੂੰ ਇਹ ਅਹਿਸਾਸ ਹੋ ਗਿਆ ਕਿ ਹਿੰਦੂ ਆਗੂ ਇਸ ਮੰਗ ਨੂੰ ਕਿਸੇ ਵੀ ਸੂਰਤ ਵਿੱਚ ਪ੍ਰਵਾਨ ਨਹੀਂ ਕਰਨਗੇ। ਅਸਲ ਵਿੱਚ ਦੇਖਿਆ ਜਾਵੇ ਤਾਂ ਖ਼ੁਦ ਅਕਾਲੀ ਆਗੂਆਂ ਦੇ ਮਨ ਵੀ ਇਸ ਮੰਗ ਦੀ ਬਹੁਤੀ ਹਾਮੀ ਨਹੀਂ ਸਨ ਭਰਦੇ। ਮੁੱਖ ਤੌਰ 'ਤੇ ਇਸ ਕਰਕੇ, ਕਿ ਹਿੰਦੂ ਆਗੂ ਜਿਸ ਸਿਧਾਂਤਕ ਚਬੂਤਰੇ ਤੋਂ ਖੜ ਕੇ ਇਸ ਮੰਗ ਨੂੰ ਨਾਵਾਜਬ ਅਤੇ ਨਾਕਾਬਲੇ-ਮਨਜ਼ੂਰ ਕਰਾਰ ਦਿੰਦੇ ਸਨ, ਅਕਾਲੀ ਆਗੂ ਖ਼ੁਦ ਉਸ ਚਬੂਤਰੇ ਨੂੰ ਨਿਉਂ ਨਿਉਂ ਕੇ ਨਮਸਕਾਰ ਕਰਦੇ ਸਨ। ਹਿੰਦੂ ਆਗੂ ਜਾਣਦੇ ਸਨ ਕਿ ਵੱਖਰੇ ਚੋਣ ਖੇਤਰਾਂ ਨਾਲ ਘੱਟਗਿਣਤੀ ਧਾਰਮਿਕ ਵਰਗਾਂ ਅੰਦਰ ਆਪਣੀ ਵੱਖਰੀ ਪਛਾਣ ਦੀਆਂ ਭਾਵਨਾਵਾਂ ਹੋਰ ਮਜ਼ਬੂਤੀ ਫੜਨਗੀਆਂ, ਉਨ੍ਹਾਂ ਦੀ ਹਿੰਦੂ ਵਰਗ ਉੱਤੇ ਮੁਥਾਜਗੀ ਦੀਆਂ ਬੁਨਿਆਦਾਂ ਕਮਜ਼ੋਰ ਪੈ ਜਾਣਗੀਆਂ ਅਤੇ ਉਨ੍ਹਾਂ ਅੰਦਰ ਆਪਣੀ ਤਾਕਤ ਉੱਤੇ ਭਰੋਸੇ ਦਾ 'ਜ਼ਹਿਰ' ਫੈਲ ਜਾਵੇਗਾ। ਉਹ ਇਸ ਗੱਲੋਂ ਅਨਜਾਣ ਤੇ ਬੇਵਾਸਤਾ ਨਹੀਂ ਸਨ ਕਿ ਇਹ ਰੁਚੀਆਂ, ਸੁਭਾਵਕ ਹੀ ਇਕ-ਇਕਹਿਰੀ ਅਤੇ ਸਰਬਸਾਂਝੀ ਭਾਰਤੀ ਕੌਮ ਦੇ ਵਿਕਾਸ ਨੂੰ ਮਾੜੇ ਰੁਖ਼ ਪ੍ਰਭਾਵਤ ਕਰਨਗੀਆਂ। 'ਭਾਰਤੀ ਕੌਮ' ਦਾ ਸੰਕਲਪ ਤੇ ਜਜ਼ਬਾ ਹੀ ਤਾਂ ਹੈ ਜੋ ਹਿੰਦੂ ਕੌਮਪ੍ਰਸਤੀ ਦੇ ਫ਼ਿਰਕੂ ਤੱਤ ਉੱਤੇ 'ਸੈਕੂਲਰਿਜ਼ਮ' ਦਾ ਭਰਮਾਊ ਗਿਲਾਫ਼ ਚਾੜ੍ਹਨ ਤੇ ਘੱਟਗਿਣਤੀ ਧਾਰਮਿਕ ਭਾਈਚਾਰਿਆਂ ਉੱਤੇ ਹਿੰਦੂ ਵਰਗ ਦੀ ਵਿਚਾਰਧਾਰਕ ਸਰਦਾਰੀ ਮੜ੍ਹਨ ਵਿੱਚ ਹਿੰਦੂ ਹਾਕਮਾਂ ਦੀ ਮਦਦ ਕਰਦਾ ਹੈ। ਫਿਰ ਉਹ ਆਪਣੇ ਇਸ ਵਿਚਾਰਧਾਰਕ ਹਥਿਆਰ ਨੂੰ ਭਲਾ ਛੱਡਣ ਤਾਂ ਕਿਉਂ ? ਅਤੇ ਆਪਣੇ ਆਪ ਨੂੰ 'ਭਾਰਤੀ ਕੌਮ' ਦੇ ਹਿੰਦੂਆਂ ਨਾਲੋਂ ਵੀ ਵੱਧ ਸੱਚੇ ਉਪਾਸ਼ਕ, ਵੱਧ ਜੋਸ਼ੀਲੇ ਸਮਰਥਕ ਅਤੇ ਵੱਧ ਦ੍ਰਿੜ੍ਹ ਰਖਵਾਲੇ ਸਮਝਣ ਵਾਲੇ ਅਕਾਲੀ ਆਗੂ, ਵੱਖਰੇ ਚੋਣ ਖੇਤਰਾਂ ਦੀ ਮੰਗ ਉੱਤੇ ਜ਼ੋਰ ਦੇਣ ਤਾਂ ਭਲਾ ਕਿਹੜੇ ਮੂੰਹ ਨਾਲ ? ਸੋ ਸ਼ੁਰੂ ਦੌਰ ਅੰਦਰ ਮਲਵੀਂ ਜਿਹੀ ਜੀਭ ਨਾਲ ਇਹ ਮੰਗ ਉਠਾਉਣ ਤੋਂ ਬਾਅਦ ਅਕਾਲੀ ਆਗੂਆਂ ਨੇ ਹੌਲੀ ਹੌਲੀ ਇਸ ਤੋਂ ਪੂਰੀ ਤਰ੍ਹਾਂ ਪੈਰ ਪਿਛਾਂਹ ਖਿਚ ਲਏ। ਨਤੀਜਾ ਇਹ ਨਿਕਲਿਆ ਕਿ ਚੋਣਾਂ ਮੌਕੇ ਹਿੰਦੂ ਵਰਗ ਦੀ ਹਮਾਇਤ ਜੁਟਾਉਣ ਲਈ ਅਕਾਲੀ ਆਗੂਆਂ ਨੂੰ ਆਪਣੇ ਰਵਾਇਤੀ ਰੰਗ-ਢੰਗ ਤੇ ਪੈਂਤੜੇਬਾਜ਼ੀ ਅੰਦਰ ਵੱਡੀ ਫੇਰ-ਬਦਲ ਕਰਨ ਲਈ ਮਜਬੂਰ ਹੋਣਾ ਪੈਂਦਾ ਰਿਹਾ। ਇਸ ਨਾਲ ਸੱਚੀ ਤੇ ਸੁੱਚੀ ਪੰਥਕ ਸਪਿਰਟ ਰੱਖਣ ਵਾਲੇ ਅਕਾਲੀ ਆਗੂਆਂ ਤੇ ਉਮੀਦਵਾਰਾਂ ਨੂੰ (ਤੇ ਵਰਕਰਾਂ ਨੂੰ ਵੀ), ਪਤਾ ਨਹੀਂ ਕਿੰਨੀ ਵਾਰ, ਮਾਨਸਿਕ ਸੰਤਾਪ ਦੇ ਵੇਲਣੇ 'ਚੋਂ ਲੰਘਣਾ ਪਿਆ (ਤੇ ਲੰਘਣਾ ਪੈ ਰਿਹਾ ਹੈ)। ਇਸ ਸਾਂਝੀ ਚੋਣ ਪ੍ਰਣਾਲੀ ਦਾ ਹੀ ਸਰਾਪ ਹੈ ਕਿ ਸ: ਕਪੂਰ ਸਿੰਘ ਵਰਗੇ 'ਸਿੱਖ ਹੋਮਲੈਂਡ' ਦੇ ਦ੍ਰਿੜ੍ਹ ਸਮਰਥਕ ਨੂੰ ਵੀ, 1967 ਦੀਆਂ ਚੋਣਾਂ ਅੰਦਰ

ਨਿਰਾਸ਼ਾਜਨਕ ਹਾਰ ਦਾ ਦੁਖਦਾਈ ਤਜਰਬਾ ਹੰਢਾਉਣ ਤੋਂ ਝੱਟ ਬਾਅਦ, ਅਕਾਲੀ ਦਲ ਅਤੇ 'ਜਨਸੰਘ' ਨਾਂ ਦੀ ਕੱਟੜ ਹਿੰਦੂ ਫ਼ਿਰਕਾਪ੍ਰਸਤ ਜਮਾਤ ਵਿਚਕਾਰ ਚੋਣ ਗੱਠਜੋੜ ਦੀ ਵਜ਼ਾਹਤ ਕਰਨੀ ਪਈ।[16] ਉਹ ਵੀ ਉਦੋਂ ਜਦ ਜਨਸੰਘ ਪੰਜਾਬ ਅੰਦਰ ਪੂਰੇ ਵੀਹ ਵਰ੍ਹਿਆਂ ਤੋਂ ਸਿੱਖਾਂ ਵਿਰੁੱਧ ਜ਼ਹਿਰੀਲੀ ਮੁਹਿੰਮ ਦੀ ਅਗਵਾਨੂੰ ਬਣੀ ਆ ਰਹੀ ਸੀ। ਹਿੰਦੂ ਵਰਗ ਵੱਲੋਂ ਸਾਂਝੀ ਚੋਣ ਪ੍ਰਣਾਲੀ ਰਾਹੀਂ ਸਿੱਖ ਪੰਥ ਨਾਲ ਕੋਈ ਜਨਮਾਂ ਦਾ ਵੈਰ ਕੱਢਣ ਵਾਲੀ ਗੱਲ ਹੀ ਹੈ ਕਿ ਸੱਚੀ ਪੰਥਕ ਸੋਚ ਰੱਖਣ ਵਾਲੇ ਆਗੂਆਂ ਤੇ ਉਮੀਦਵਾਰਾਂ ਨੂੰ ਵੀ, ਚੋਣਾਂ ਮੌਕੇ, ਮੰਦਰਾਂ ਵਿੱਚ ਜਾ ਕੇ ਟੱਲੀਆਂ ਖੜਕਾਉਣ ਅਤੇ ਆਰਤੀਆਂ ਉਤਾਰਨ ਵਰਗੇ ਗੁਰਮਤਿ ਵਿਰੋਧੀ ਅਤੇ ਸਵੈ-ਮਾਣ ਨਾਸ਼ਕ ਅਮਲ ਕਰਨ ਲਈ ਮਜਬੂਰ ਹੋਣਾ ਪੈ ਜਾਂਦਾ ਹੈ।

ਜਿੱਥੋਂ ਤਕ ਭਾਰੂ ਸਿੱਖ ਵਸੋਂ ਵਾਲੇ ਰਾਜ ਦੀਆਂ ਇੱਛਾਵਾਂ ਦਾ ਸਬੰਧ ਹੈ, ਇਹ ਮਾਮਲਾ ਥੋੜ੍ਹਾ ਅਲੱਗ ਬਣਦਾ ਹੈ। ਟਕਸਾਲੀ ਅਕਾਲੀ ਆਗੂਆਂ 'ਚੋਂ ਬਹੁਤਿਆਂ ਦੇ ਮਨ ਇਸ ਇੱਛਾ ਦੀ ਹਾਮੀ ਭਰਦੇ ਸਨ। ਨਾ ਸਿਰਫ਼ ਮਾਸਟਰ ਤਾਰਾ ਸਿੰਘ ਬਾਰੇ, ਸਗੋਂ ਬਾਅਦ 'ਚ ਕਾਂਗਰਸ ਦੀ ਝੋਲੀ ਜਾ ਪਏ ਗਿਆਨੀ ਕਰਤਾਰ ਸਿੰਘ ਵਰਗੇ ਲੋਕਾਂ ਬਾਰੇ ਵੀ ਇਹ ਗੱਲ ਕਾਫ਼ੀ ਭਰੋਸੇ ਨਾਲ ਕਹੀ ਜਾ ਸਕਦੀ ਹੈ ਕਿ ਜੇਕਰ ਉਨ੍ਹਾਂ ਦੀ ਦਿਲੀ ਇੱਛਾ ਬਾਰੇ ਹੀ ਗੱਲ ਕਰਨੀ ਹੋਵੇ ਤਾਂ ਉਹ ਚਿਤੋਂ ਪੰਜਾਬੀ ਸੂਬੇ ਦੇ ਨਹੀਂ, ਸਿੱਖ ਹੋਮਲੈਂਡ ਦੇ ਇੱਛਾਵਾਨ ਸਨ। ਪਰ ਇਕ ਤਾਂ 'ਆਧੁਨਿਕ ਵਿਚਾਰਧਾਰਾ' ਦੇ ਛੱਪੇ ਹੇਠ ਹੋਣ ਕਰਕੇ ਅਤੇ ਦੂਜਾ 'ਸਿੱਖ ਹੋਮਲੈਂਡ' ਦੀ ਮੰਗ ਦੀ ਪੂਰਤੀ ਦੀਆਂ ਅਮਲੀ ਸੰਭਾਵਨਾਵਾਂ ਬਾਰੇ ਖ਼ੁਦ ਹੀ ਸ਼ੱਕ ਅਤੇ ਦੁਬਿਧਾ ਵਿੱਚ ਹੋਣ ਕਰਕੇ, ਉਹ ਖੁੱਲ੍ਹ ਕੇ ਇਹ ਮੰਗ ਪੇਸ਼ ਕਰਨ ਤੋਂ ਲਗਾਤਾਰ ਹਿਚਕਚਾਉਂਦੇ ਰਹੇ। ਨਤੀਜਾ ਇਹ ਨਿਕਲਿਆ ਕਿ ਉਹ ਇਸ ਮੰਗ ਦੇ ਪੱਖ ਵਿੱਚ ਆਪਣੇ ਤੇ ਸਿੱਖ ਜਨਤਾ ਦੇ ਮਨ ਤਿਆਰ ਕਰਨ ਦੇ ਕਾਰਜ ਵਿੱਚ ਬੁਰੀ ਤਰ੍ਹਾਂ ਪਛੜ ਗਏ।

ਸੋ ਸਾਂਝੀ ਚੋਣ-ਪ੍ਰਣਾਲੀ ਦੇ ਦਿਲ-ਢਾਹੂ ਨਤੀਜਿਆਂ ਦੇ ਸਨਮੁੱਖ, ਅਕਾਲੀ ਲੀਡਰਸ਼ਿਪ ਦੀਆਂ ਸਫ਼ਾਂ ਅੰਦਰ ਪਹਿਲੀ ਕਿਸਮ ਦੇ ਪ੍ਰਤੀਕਰਮ ਦਾ ਤੇਜ, ਮੱਧਮ ਪੈਂਦਾ ਚਲਾ ਗਿਆ। ਅਕਾਲੀ ਦਲ ਦੇ ਹਰ ਸੱਦੇ ਨੂੰ ਸਿੱਖ ਸੰਗਤਾਂ ਵੱਲੋਂ ਮਿਲੇ ਉਤਸ਼ਾਹੀ ਹੁੰਗਾਰੇ ਦੇ ਬਾਵਜੂਦ, ਅਕਾਲੀ ਆਗੂ, ਮਾਨਸਿਕ ਤੌਰ 'ਤੇ ਢਹਿੰਦੀ ਕਲਾ ਦੀ ਅਵਸਥਾ ਵੱਲ ਫਿਸਲਦੇ ਚਲੇ ਗਏ। ਉਨ੍ਹਾਂ ਪਹਿਲਾ ਕਦਮ ਹਿੰਦੂਆਂ ਨਾਲ ਸਮਝੌਤੇ ਦੀ ਮਜਬੂਰੀ ਦਾ ਪੁੱਟਿਆ। ਫਿਰ ਸਮਝੌਤੇ ਦੀ ਮਜਬੂਰੀ ਤੋਂ ਸਮਝੌਤੇ ਦੀ ਲੋੜ ਵੱਲ ਖਿਸਕੇ। ਅੰਤ ਨੂੰ ਹਿੰਦੂ ਵਰਗ ਦੀ ਤਾਕਤ, ਗੁਮਾਨ ਅਤੇ ਹਿੰਦੂ ਆਗੂਆਂ ਦੇ ਹੰਕਾਰੀ ਵਤੀਰੇ ਦੇ ਸਨਮੁੱਖ, ਉਹ ਸਮਝੌਤੇ ਤੋਂ ਆਤਮ-ਸਮਰਪਣ ਵੱਲ ਵਧ ਤੁਰੇ। ਇਸ ਨਾਲ ਸੁਭਾਵਕ ਹੀ ਅਕਾਲੀ ਰਾਜਨੀਤੀ ਅੰਦਰ ਵੱਡੀ ਖਲਬਲੀ ਮੱਚੀ। ਕਿਸੇ ਕੌਮ, ਲਹਿਰ ਜਾਂ ਜਥੇਬੰਦੀ ਦੇ ਸਾਹਮਣੇ ਜਦ ਵੀ ਕੋਈ ਵੱਡਾ ਮੋੜਾ, ਖ਼ਾਸ ਕਰਕੇ ਪਿਛਲ-ਮੋੜਾ ਕੱਟਣ ਦੀ ਨੌਬਤ ਪੈਦਾ ਹੁੰਦੀ ਹੈ ਤਾਂ ਉਸ ਨੂੰ ਅਜਿਹੀਆਂ ਨਾਖ਼ੁਸ਼ਗਵਾਰੀਆਂ ਦਾ ਸਾਹਮਣਾ ਕਰਨਾ ਹੀ ਪੈਂਦਾ ਹੈ। ਸੰਘਰਸ਼ ਅੰਦਰ ਹਮੇਸ਼ਾ ਹੀ ਚੜ੍ਹਾਈ ਚੜ੍ਹਨ ਨਾਲੋਂ ਢਲਕ ਬੋਚਣੀ ਵਧੇਰੇ ਕਠਿਨ ਹੁੰਦੀ ਹੈ। ਜੰਗ ਅੰਦਰ ਹਮੇਸ਼ਾ ਹੀ ਅੱਗੇ ਵਧਣ ਨਾਲੋਂ ਪਿੱਛੇ ਹਟਣ ਦਾ ਕਰਮ ਵਧੇਰੇ ਜੋਖ਼ਮ ਭਰਿਆ ਹੁੰਦਾ ਹੈ। ਅਜਿਹੇ ਮੌਕੇ ਕਈ ਰੁਚੀਆਂ ਆਪਣੇ ਰੰਗ ਦਿਖਾਉਂਦੀਆਂ ਹਨ। ਲਹਿਰਾਂ ਅੰਦਰ ਬੇਉਮੀਦੀ ਤੇ ਬੇਦਿਲੀ ਦੇ ਮਾਹੌਲ ਵਿੱਚ ਮਨੁੱਖ ਦੀ ਖ਼ੁਦਪ੍ਰਸਤੀ ਪੂਰੇ ਜ਼ੋਰਾਂ ਨਾਲ ਆਪਣਾ ਫਣ ਖਿਲਾਰਦੀ ਹੈ। ਸਮੂਹਕ ਹਿਤ ਪਿਛਵਾੜੇ ਚਲੇ ਜਾਂਦੇ ਹਨ ਅਤੇ ਹਰ ਇਕ ਨੂੰ ਆਪਣੇ ਹੀ ਹਿਤਾਂ ਅਤੇ ਆਪਣੇ ਹੀ 'ਕੈਰੀਅਰ' ਦੀ ਪੈ ਜਾਂਦੀ ਹੈ। ਕੋਈ ਇਸ ਨਿਸ਼ਾਨੇ ਵੱਲ

ਬੇਚਵੇਂ ਪੈਰੀਂ ਵਧਦਾ ਹੈ ਅਤੇ ਕੋਈ ਅੰਨ੍ਹੇਵਾਹ ਦੌੜ ਉਠਦਾ ਹੈ। ਇਹ ਬੰਦੇ ਬੰਦੇ ਦੀ 'ਔਕਾਤ' 'ਤੇ ਨਿਰਭਰ ਕਰਦਾ ਹੈ। ਇਸ ਨਾਲ ਲਹਿਰ ਦੀ ਦੇਹ ਅੰਦਰ ਆਪਸੀ ਸ਼ੱਕ ਤੇ ਬੇਵਿਸ਼ਵਾਸੀ ਦਾ ਜ਼ਹਿਰ ਫੈਲ ਜਾਂਦਾ ਹੈ ਅਤੇ ਉਹ ਆਪਸੀ ਵਿਰੋਧਾਂ ਤੇ ਕਲੇਸ਼ਾਂ ਦਾ ਸ਼ਿਕਾਰ ਹੋ ਕੇ ਰਹਿ ਜਾਂਦੀ ਹੈ।

## ਤੌਖਲੇ ਸੱਚ ਹੋ ਨਿਬੜੇ

ਕੇਂਦਰ ਸਰਕਾਰ ਵੱਲੋਂ ਨਿਯੁਕਤ ਕੀਤੇ ਰਾਜਾਂ ਦੇ ਪੁਨਰਗਠਨ ਬਾਰੇ ਕਮਿਸ਼ਨ ਨੇ 1955 ਵਿੱਚ ਆਪਣੀ ਰਿਪੋਰਟ ਜਾਰੀ ਕਰ ਦਿੱਤੀ। ਰਿਪੋਰਟ ਅੰਦਰ ਉਹੀ ਕੁਝ ਕਿਹਾ ਗਿਆ ਜਿਸ ਦੇ ਪਹਿਲਾਂ ਹੀ ਅੰਦੇਸ਼ੇ ਸਨ। ਕਮਿਸ਼ਨ ਦੀ ਬਣਤਰ ਤੇ ਇਸ ਦੇ ਮੈਂਬਰਾਂ ਦੇ ਸਿੱਖ ਵਿਰੋਧੀ ਝੁਕਾਵਾਂ ਤੋਂ ਪਹਿਲਾਂ ਹੀ ਇਹ ਸ਼ੱਕ ਪੈਦਾ ਹੋ ਗਿਆ ਸੀ ਕਿ ਕਮਿਸ਼ਨ ਦੀ ਰਿਪੋਰਟ ਪੰਜਾਬੀ ਸੂਬੇ ਦੀ ਮੰਗ ਦੇ ਵਿਰੁੱਧ ਹੀ ਆਵੇਗੀ। ਪੰਜਾਬ ਦੀਆਂ ਸਾਰੀਆਂ ਹਿੰਦੂ ਜਥੇਬੰਦੀਆਂ ਨੇ, ਪੰਜਾਬ ਦੇ ਬੋਲੀ ਦੇ ਆਧਾਰ 'ਤੇ ਪੁਨਰਗਠਨ ਦੀ 'ਸਿੱਖ ਮੰਗ' ਦੇ ਵਿਰੋਧ ਵਿੱਚ, ਕਮਿਸ਼ਨ ਸਾਹਮਣੇ ਜ਼ੁਬਾਨੀ ਤੇ ਲਿਖਤੀ, ਦੋਨੋਂ ਰੂਪਾਂ ਵਿੱਚ 'ਮਹਾਂ ਪੰਜਾਬ' ਦੀ ਤਜਵੀਜ਼ ਰੱਖੀ ਸੀ। ਜਿਸ ਦਾ ਭਾਵ ਸੀ ਕਿ ਨਾ ਸਿਰਫ਼ ਪੈਪਸੂ ਤੇ ਹਿਮਾਚਲ ਪ੍ਰਦੇਸ ਨੂੰ ਹੀ ਪੰਜਾਬ ਅੰਦਰ ਸ਼ਾਮਲ ਕਰ ਦਿੱਤਾ ਜਾਵੇ ਸਗੋਂ ਸੰਭਵ ਹੋ ਸਕੇ ਤਾਂ ਦਿੱਲੀ ਨੂੰ ਵੀ ਇਸ ਨਾਲ ਜੋੜ ਦਿੱਤਾ ਜਾਵੇ।[17] ਇਸ ਤਜਵੀਜ਼ ਦਾ ਮਕਸਦ ਸਿੱਖਾਂ ਨੂੰ ਹੋਰ ਵੀ ਨਿਗੂਣੀ ਘੱਟਗਿਣਤੀ ਵਿੱਚ ਕਰ ਕੇ, ਉਨ੍ਹਾਂ ਉੱਤੇ ਹਿੰਦੂ ਸ਼ਿਕੰਜੇ ਦੀ ਜਕੜ ਨੂੰ ਹੋਰ ਵੱਧ ਕੱਸਵਾਂ ਤੇ ਹੋਰ ਵੱਧ ਪ੍ਰਭਾਵਕਾਰੀ ਬਣਾਉਣਾ ਸੀ। 'ਪੰਜਾਬੀ ਸੂਬੇ' ਅੰਦਰ ਸਿੱਖਾਂ ਦੀ ਬਹੁਗਿਣਤੀ ਬਣ ਜਾਣ ਦੀ ਸੰਭਾਵਨਾ ਹਿੰਦੂ ਮਨ ਨੂੰ ਕਿਸ ਕਦਰ ਬੇਚੈਨ ਕਰਦੀ ਸੀ, ਇਸ ਦਾ ਪ੍ਰਗਟਾਵਾ ਕਮਿਸ਼ਨ ਦੇ ਇਕ ਮੈਂਬਰ (ਹਿਰਦੇਨਾਥ ਕੁੰਜਰੂ) ਕੋਲੋਂ, ਅਭੋਲ ਚਿਤ ਹੀ, ਉਸ ਵਕਤ ਹੋ ਗਿਆ ਜਦੋਂ ਕਮਿਸ਼ਨ ਪਟਿਆਲਾ ਵਿਖੇ ਆਪਣੀ ਇਕ ਬੈਠਕ ਦੌਰਾਨ ਸਿੱਖ ਨੁਮਾਇੰਦਿਆਂ ਦਾ ਪੱਖ ਸੁਣਨ ਦੀ ਰਸਮ ਪੂਰਤੀ ਕਰ ਰਿਹਾ ਸੀ। ਕਹਿੰਦੇ ਹਨ ਜਦ ਸ: ਹੁਕਮ ਸਿੰਘ ਨੇ ਕਾਂਗੜਾ ਜ਼ਿਲ੍ਹੇ ਨੂੰ ਪੰਜਾਬ ਅੰਦਰ ਸ਼ਾਮਲ ਕਰਨ ਦੀ ਵਕਾਲਤ ਕੀਤੀ ਤਾਂ ਕੁੰਜਰੂ ਨੇ ਕਾਂਗੜਾ ਜ਼ਿਲ੍ਹੇ ਦੇ ਪੰਜਾਬੀ ਬੋਲਦਾ ਇਲਾਕਾ ਹੋਣ ਬਾਰੇ ਆਪਣਾ ਸ਼ੱਕ ਪ੍ਰਗਟਾਇਆ। ਇਸ ਦੇ ਜੁਆਬ ਵਿੱਚ ਜਦ ਸ: ਹੁਕਮ ਸਿੰਘ ਨੇ ਇਹ ਰਾਹ ਸਿਰ ਦੀ ਗੱਲ ਕਹਿ ਦਿੱਤੀ ਕਿ ਜੇਕਰ ਕਾਂਗੜੇ ਦੇ ਲੋਕ ਪੰਜਾਬੀ ਨਹੀਂ ਬੋਲਦੇ ਤਾਂ ਇਸ ਨੂੰ ਬੇਸ਼ੱਕ ਪੰਜਾਬੀ ਸੂਬੇ ਵਿੱਚ ਸ਼ਾਮਲ ਨਾ ਕਰੋ। ਇਸ 'ਤੇ ਹਿਰਦੇਨਾਥ ਦੇ ਅੰਦਰਲਾ ਪੰਡਤ ਇਕਦਮ ਤ੍ਰਭਕ ਉਠਿਆ, ਅਖੇ "ਫਿਰ ਤਾਂ ਪੰਜਾਬੀ ਸੂਬੇ ਅੰਦਰ ਸਿੱਖਾਂ ਦੀ ਬਹੁਗਿਣਤੀ ਹੋ ਜਾਊ!" ਸ: ਹੁਕਮ ਸਿੰਘ ਕਿਉਂਕਿ ਚੁਸਤ-ਦਿਮਾਗ਼ ਅਤੇ ਸਾਧੇ ਹੋਏ ਦਲੀਲਬਾਜ਼ ਸਨ, ਉਨ੍ਹਾਂ ਨੇ ਪੰਡਤ ਹੁਰਾਂ ਨੂੰ ਦਲੀਲ ਦੇ ਖੇਤਰ ਵਿੱਚ ਇਕਦਮ ਬੋਦੀ ਤੋਂ ਫੜ ਲਿਆ ਅਤੇ ਉਸ ਨੂੰ ਖ਼ੂਬ ਵਾਹਣੀਂ ਪਾਇਆ।[18]

ਕਮਿਸ਼ਨ ਨੇ ਆਪਣੀ ਰਿਪੋਰਟ ਅੰਦਰ ਪੰਜਾਬ ਦੀਆਂ ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਦੀ 'ਮਹਾਂ ਪੰਜਾਬ' ਦੀ ਤਜਵੀਜ਼ ਨੂੰ ਹੀ, ਥੋੜਾ ਸੋਧ ਬਦਲ ਕੇ, ਪ੍ਰਵਾਨ ਕਰ ਲਿਆ ਸੀ। ਉਸ ਨੇ ਦਿੱਲੀ ਦੀ ਜੂਹ ਨਾਲ ਜਾ ਲੱਗਦੇ ਸਮੁੱਚੇ ਪੰਜਾਬ, ਪੈਪਸੂ ਤੇ ਹਿਮਾਚਲ ਪ੍ਰਦੇਸ਼ ਨੂੰ ਇਕੱਠਿਆਂ ਕਰ ਕੇ 'ਮਹਾਂ ਪੰਜਾਬ' ਬਣਾਉਣ ਦਾ ਪ੍ਰਸਤਾਵ ਪੇਸ਼ ਕਰ ਦਿੱਤਾ।[19] ਇਸ ਨਾਲ ਸਿੱਖ ਜਗਤ ਅੰਦਰ ਰੋਸ ਤੇ ਗ਼ੁੱਸੇ ਦਾ ਇਕ ਤੂਫ਼ਾਨ ਉੱਠ ਖੜਾ ਹੋਇਆ। 15 ਅਕਤੂਬਰ 1955 ਨੂੰ ਅੰਮ੍ਰਿਤਸਰ ਵਿਖੇ ਜੁੜੀ ਸਰਬ-ਪਾਰਟੀ ਸਿੱਖ ਕਨਵੈਨਸ਼ਨ

ਨੇ ਸਿੱਖ ਜਨਤਾ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦਿਆਂ ਹੋਇਆਂ ਇਸ ਰਿਪੋਰਟ ਨੂੰ ਮੁਕੰਮਲ ਰੂਪ ਵਿੱਚ ਰੱਦ ਕਰਨ ਦਾ ਫ਼ੈਸਲਾ ਸੁਣਾ ਦਿੱਤਾ। ਅਕਾਲੀ ਆਗੂਆਂ ਦੇ ਮਨਾਂ 'ਤੇ ਇਸ ਰਿਪੋਰਟ ਨੇ ਬਹੁਤ ਹੀ ਮਾਰੂ ਅਸਰ ਛੱਡਿਆ। ਉਨ੍ਹਾਂ ਪ੍ਰਗਟ ਰੂਪ ਵਿੱਚ ਤਾਂ ਇਸ ਰਿਪੋਰਟ ਦੀ ਸਖ਼ਤ ਤੋਂ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ (ਮਾਸਟਰ ਤਾਰਾ ਸਿੰਘ ਨੇ ਇਸ ਨੂੰ 'ਸਿੱਖਾਂ ਦੇ ਸਫ਼ਾਏ ਦਾ ਫ਼ੁਰਮਾਨ' ਕਰਾਰ ਦਿੱਤਾ)।[20] ਪਰ ਅਸਲੀਅਤ ਵਿੱਚ ਰਿਪੋਰਟ ਨੇ ਉਨ੍ਹਾਂ ਦਾ ਧਰਵਾਸ ਤੋੜ ਦਿੱਤਾ। ਰਿਪੋਰਟ ਨਾਲ ਇਹ ਗੱਲ ਸਾਫ਼ ਹੋ ਗਈ ਕਿ ਹਿੰਦੂ ਹਾਕਮ ਪੰਜਾਬੀ ਸੂਬੇ ਦੀ ਮੰਗ ਨੂੰ ਪ੍ਰਵਾਨ ਕਰਨ ਦੇ ਉੱਕਾ ਹੀ ਰੌਂਅ ਵਿੱਚ ਨਹੀਂ। ਉੱਤੋਂ ਦੂਜੀਆਂ ਆਮ ਚੋਣਾਂ (1957) ਸਿਰ 'ਤੇ ਆਈਆਂ ਖੜੀਆਂ ਸਨ। ਇਹ ਗੱਲ ਭਾਂਪਦਿਆਂ ਹੋਇਆਂ ਕਿ ਸਾਂਝੀ ਚੋਣ-ਪ੍ਰਣਾਲੀ ਦੇ ਹੇਠ ਅਕਾਲੀ ਦਲ ਦਾ ਕੁਝ ਨਹੀਂ ਵੱਟਿਆ ਜਾਣਾ, ਅਕਾਲੀ ਆਗੂਆਂ ਅੰਦਰ ਬੇਦਿਲੀ ਤੇ ਨਿਰਾਸ਼ਤਾ ਫੈਲ ਗਈ।

## ਕੁਚੱਜੇ ਦਸਤੂਰ

ਅਕਾਲੀ ਲੀਡਰਸ਼ਿਪ ਨੂੰ ਦਰਪੇਸ਼ ਸਮੱਸਿਆ ਵਾਕਿਆ ਹੀ ਗੰਭੀਰ ਸੀ। ਇਸ ਦਾ ਕੋਈ ਸੁਖਾਲਾ ਜਾਂ ਸੁਖਾਵਾਂ ਹੱਲ ਸੰਭਵ ਨਹੀਂ ਸੀ। ਅਕਾਲੀ ਲੀਡਰਸ਼ਿਪ ਸਾਹਮਣੇ ਜੋ ਵੀ ਰਸਤੇ ਸਨ, ਉਹ ਸੁਖਾਲੇ ਨਹੀਂ ਕੰਡਿਆਲੇ ਹੀ ਸਨ। ਪਰ ਫਿਰ ਵੀ ਅਕਾਲੀ ਲੀਡਰਸ਼ਿਪ ਨੇ 'ਹਨੇਰੀ ਗੁਫ਼ਾ' 'ਚੋਂ ਬਾਹਰ ਨਿਕਲਣ ਲਈ ਜਿਹੜੇ ਰਾਹ ਦੀ ਚੋਣ ਕੀਤੀ ਉਹ ਸਿੱਖ ਕੌਮ ਲਈ ਬਹੁਤ ਘਾਤਕ ਸਿੱਧ ਹੋਇਆ।

ਜ਼ਰਾ ਧਿਆਨ ਦਿਓ! ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਕਮਿਸ਼ਨ ਦੀ ਰਿਪੋਰਟ ਖ਼ਿਲਾਫ਼ ਆਪਣਾ ਰੋਸ ਪ੍ਰਗਟਾਉਣ ਲਈ ਇਕ ਡੈਲੀਗੇਸ਼ਨ ਪ੍ਰਧਾਨ ਮੰਤਰੀ ਕੋਲ ਘੱਲਿਆ। ਉਸ ਨੇ ਪ੍ਰਧਾਨ ਮੰਤਰੀ ਅੱਗੇ ਅਕਾਲੀ ਦਲ ਤੇ ਸਿੱਖ ਪੰਥ ਦੀਆਂ ਸ਼ਿਕਾਇਤਾਂ ਤੇ ਭਾਵਨਾਵਾਂ ਰੱਖੀਆਂ। ਪ੍ਰਧਾਨ ਮੰਤਰੀ ਨੇ ਅਕਾਲੀ ਆਗੂਆਂ ਦੀਆਂ ਗੱਲਾਂ ਧਿਆਨ ਨਾਲ ਸੁਣੀਆਂ। ਹਮਦਰਦੀ ਦੇ ਨੁਕਤਾ-ਨਜ਼ਰ ਤੋਂ ਨਹੀਂ ਸਗੋਂ ਅਕਾਲੀ ਆਗੂਆਂ ਦੇ ਮਨਾਂ ਨੂੰ ਟੋਹਣ ਦੇ ਮੰਤਵ ਨਾਲ। ਪ੍ਰਧਾਨ ਮੰਤਰੀ ਨੇ ਅਕਾਲੀ ਆਗੂਆਂ ਨਾਲ ਗੱਲਬਾਤ ਦਾ ਸਿਲਸਿਲਾ ਜਾਰੀ ਰੱਖਣ ਦੇ ਮੰਤਵ ਨਾਲ ਇਕ ਵਜ਼ਾਰਤੀ ਸਬ-ਕਮੇਟੀ ਨਿਯੁਕਤ ਕਰ ਦਿੱਤੀ। ਇਸ ਕਮੇਟੀ ਨੇ ਅਕਾਲੀ ਆਗੂਆਂ ਨਾਲ ਅਨੇਕਾਂ ਲੰਮੀਆਂ ਮੁਲਾਕਾਤਾਂ ਕੀਤੀਆਂ। ਇਥੋਂ ਤਕ ਸਾਰਾ ਅਮਲ ਦੇਖਣ ਨੂੰ 'ਠੀਕ-ਠਾਕ' ਲੱਗ ਸਕਦਾ ਹੈ। ਪਰ ਇੱਕੋ ਤੱਥ 'ਚੋਂ ਸਾਰੀ 'ਗੜਬੜ' ਉਜਾਗਰ ਹੋ ਜਾਂਦੀ ਹੈ। ਤੱਥ ਇਹ ਕਿ ਗੱਲਬਾਤ ਦੇ ਇਸ ਸਾਰੇ ਲਮਕਵੇਂ ਅਮਲ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੂੰ ਪੂਰੀ ਤਰ੍ਹਾਂ ਹਨੇਰੇ ਵਿੱਚ ਰੱਖਿਆ ਗਿਆ। ਗੱਲਬਾਤ ਕਿਸ ਮੰਤਵ ਨਾਲ ਅਤੇ ਕਿਨ੍ਹਾਂ ਮੁੱਦਿਆਂ 'ਤੇ ਹੋ ਰਹੀ ਸੀ? ਕੇਂਦਰ ਸਰਕਾਰ ਦਾ ਪ੍ਰਤੀਕਰਮ ਕਿਹੋ ਜਿਹਾ ਸੀ? ਸਮਝੌਤੇ ਦਾ ਕੋਈ ਆਧਾਰ ਜਾਂ ਸੰਭਾਵਨਾ ਨਜ਼ਰ ਆਉਂਦੀ ਸੀ ਜਾਂ ਨਹੀਂ? ਜੇ ਆਉਂਦੀ ਸੀ ਤਾਂ ਉਹ ਕੀ ਸੀ? ਸਮਝੌਤੇ ਦੇ ਪ੍ਰਸਤਾਵ ਦੀ ਰੂਪ-ਰੇਖਾ ਕੀ ਸੀ? ਉਸ ਵਿੱਚ ਕੀ ਚੰਗਾ ਤੇ ਕੀ ਮਾੜਾ ਸੀ? ਇਨ੍ਹਾਂ ਸਾਰੇ ਮਹੱਤਵਪੂਰਨ ਸੁਆਲਾਂ ਬਾਰੇ ਵਰਕਿੰਗ ਕਮੇਟੀ ਨਾਲ ਜਾਣਕਾਰੀ ਸਾਂਝੀ ਕਰਨ ਦੀ ਨਾ ਸਿਰਫ਼ ਕੋਈ ਲੋੜ ਮਹਿਸੂਸ ਨਹੀਂ ਕੀਤੀ ਗਈ, ਸਗੋਂ ਉਸ ਕੋਲੋਂ ਸੁਚੇਤ ਰੂਪ ਵਿੱਚ ਓਹਲਾ ਰੱਖਿਆ ਗਿਆ। ਗੱਲਬਾਤ ਦੀ ਦੇਗਚੀ ਅੰਦਰ ਕੀ ਰਿੱਝ ਰਿਹਾ ਤੇ ਕੀ ਪੱਕ ਰਿਹਾ ਸੀ, ਇਸ ਬਾਰੇ ਆਪ-ਮਤੇ ਢੰਗ ਨਾਲ ਹੋਂਦ ਵਿੱਚ ਆਏ ਇਕ ਛੋਟੇ ਜਿਹੇ

ਗੁੱਟ ਤੋਂ ਇਲਾਵਾ, ਹੋਰ ਕਿਸੇ ਨੂੰ, ਵਰਕਿੰਗ ਕਮੇਟੀ ਦੇ ਮੈਂਬਰਾਂ ਨੂੰ ਵੀ, ਕੁਝ ਵੀ ਪਤਾ ਨਹੀਂ ਸੀ ਚੱਲ ਰਿਹਾ। ਸਚਾਈ ਇਹ ਸੀ ਕਿ ਅੰਦਰਖਾਤੇ, ਕਾਂਗਰਸ ਅਤੇ ਅਕਾਲੀਆਂ ਵਿਚਕਾਰ ਇਕ ਸਮਝੌਤੇ ਦੀ ਤਜਵੀਜ਼ ਉੱਤੇ ਵਿਚਾਰਾਂ ਚੱਲ ਰਹੀਆਂ ਸਨ। ਸਮਝੌਤੇ ਦੀ ਕੋਈ ਤਜਵੀਜ਼ ਜਾਂ ਯਤਨ, ਆਪਣੇ ਆਪ 'ਚ ਹੀ ਮਾੜਾ ਨਹੀਂ ਹੋ ਜਾਂਦਾ। ਪਰ ਜਦ ਇਸ ਨੂੰ 'ਚੋਰਾਂ ਵਾਂਗ' ਨਜਿੱਠਿਆ ਜਾਵੇ ਤਾਂ ਇਸ ਦੀ ਕੋਈ ਵਿਸ਼ਵਾਸਯੋਗਤਾ ਨਹੀਂ ਰਹਿ ਜਾਂਦੀ। ਸੋ ਹੋਇਆ ਇਹ ਕਿ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਮੈਂਬਰਾਂ ਤੋਂ ਚੋਰੀ ਛੁਪੇ ਕਾਂਗਰਸੀ ਆਗੂਆਂ ਨਾਲ ਸਮਝੌਤੇ ਦੀ ਤਜਵੀਜ਼ ਨੇਪਰੇ ਚਾੜ੍ਹ ਲਈ ਗਈ। ਬੱਸ, ਇਸ ਉੱਤੇ ਵਰਕਿੰਗ ਕਮੇਟੀ ਦੇ ਮੈਂਬਰਾਂ ਦੀ ਸਹੀ ਪੁਆਉਣ ਦਾ ਹੀ ਕਾਰਜ ਬਾਕੀ ਰਹਿ ਗਿਆ ਸੀ। ਵਰਕਿੰਗ ਕਮੇਟੀ ਮੈਂਬਰਾਂ ਨੂੰ ਹੰਗਾਮੀ ਸੁਨੇਹੇ ਲਾ ਕੇ ਦਿੱਲੀ ਬੁਲਾ ਲਿਆ ਗਿਆ। ਡੈਲੀਗੇਸ਼ਨ ਦੇ ਮੈਂਬਰਾਂ ਨੇ ਵਰਕਿੰਗ ਕਮੇਟੀ ਮੈਂਬਰਾਂ ਨੂੰ ਕਾਇਲ ਕਰਨ ਲਈ, ਉਨ੍ਹਾਂ ਸਾਹਮਣੇ ਸਮਝੌਤੇ ਦੀ ਯੋਜਨਾ ਨੂੰ ਬਹੁਤ ਹੀ ਲਿਸ਼ਕਾ-ਪੁਸ਼ਕਾ ਕੇ ਪੇਸ਼ ਕੀਤਾ। ਕੁਝ ਵਰਕਿੰਗ ਕਮੇਟੀ ਮੈਂਬਰਾਂ ਦੀਆਂ ਪੁੱਛਾਂ ਦਾ ਉਤਰ ਦੇਣ ਵੇਲੇ ਇਮਾਨਦਾਰੀ ਤੇ ਸਾਫ਼ਗੋਈ ਤੋਂ ਕੰਮ ਲੈਣ ਦੀ ਥਾਂ, ਝੂਠ ਤੇ ਗ਼ਲਤ-ਬਿਆਨੀ ਦਾ ਸਹਾਰਾ ਲਿਆ ਗਿਆ। ਵਰਕਿੰਗ ਕਮੇਟੀ ਮੈਂਬਰਾਂ ਨੂੰ ਅਕਾਲੀ ਏਕਤਾ ਬਣਾਈ ਰੱਖਣ ਦੀਆਂ ਭਾਵੁਕ ਅਪੀਲਾਂ ਕਰ ਕੇ ਅਤੇ ਸਮਝੌਤੇ ਦੇ ਪ੍ਰਸਤਾਵ ਬਾਰੇ ਝੂਠੀਆਂ ਆਸਾਂ ਬੰਨ੍ਹਾ ਕੇ ਉਨ੍ਹਾਂ ਦੀ ਸਹਿਮਤੀ ਵਸੂਲ ਕਰ ਲਈ ਗਈ। ਇਹੋ ਢੰਗ ਅਤੇ ਹਰਬੇ ਅਕਾਲੀ ਦਲ ਦੀ ਜਨਰਲ ਬਾਡੀ ਮੀਟਿੰਗ (11 ਮਾਰਚ, 1956) ਅੰਦਰ ਅਪਣਾਏ ਅਤੇ ਦੁਹਰਾਏ ਗਏ। ਫਿਰ ਵੀ ਅਕਾਲੀ ਸਫ਼ਾਂ ਦੀਆਂ ਨੌਜਵਾਨ ਪਰਤਾਂ ਵੱਲੋਂ, ਸਮਝੌਤੇ ਲਈ ਖਫ਼ਾਖੂਨ ਹੋ ਰਹੇ ਅਕਾਲੀ ਲੀਡਰਾਂ ਦੀ ਤਿੱਖੀ ਆਲੋਚਨਾ ਹੋਈ ਅਤੇ ਕੁਝ ਨੌਜਵਾਨ ਲੀਡਰਾਂ (ਸ: ਕਪੂਰ ਸਿੰਘ, ਅਮਰ ਸਿੰਘ ਅੰਬਾਲਵੀ ਤੇ ਸਤਿਬੀਰ ਸਿੰਘ ਆਦਿ) ਨੇ ਸਮਝੌਤੇ ਦੀ ਯੋਜਨਾ ਨੂੰ ਸਾਫ਼ ਤੌਰ 'ਤੇ ਨਾਮਨਜ਼ੂਰ ਕਰ ਦਿੱਤਾ। ਮਾਸਟਰ ਤਾਰਾ ਸਿੰਘ ਚਿਤੋਂ ਸਮਝੌਤੇ ਦੀ ਯੋਜਨਾ 'ਤੇ ਬਹੁਤਾ ਖ਼ੁਸ਼ ਨਹੀਂ ਸੀ। ਜਨਰਲ ਬਾਡੀ ਮੀਟਿੰਗ ਅੰਦਰ ਉਸਨੇ ਆਪਣੀ ਸੰਖੇਪ ਅਤੇ ਢਹਿੰਦੀਆਂ ਕਲਾਂ ਵਾਲੀ ਤਕਰੀਰ ਵਿੱਚ ਇਹ ਕਹਿ ਕੇ ਗੱਲ ਨਿਬੇੜ ਦਿੱਤੀ ਕਿ, "ਸਰਕਾਰ ਵੱਲੋਂ ਪੇਸ਼ ਕੀਤੀ ਗਈ ਤਜਵੀਜ਼ ਨਾਲ ਪੰਜਾਬੀ ਸੂਬਾ ਤਾਂ ਨਹੀਂ ਬਣਦਾ, ਪ੍ਰੰਤੂ ਮੌਜੂਦਾ ਹਾਲਾਤ ਵਿੱਚ ਮੈਂ ਲੜਾਈ ਨਹੀਂ ਲੜਨੀ ਚਾਹੁੰਦਾ।" ਫਿਰ 26 ਮਾਰਚ 1956 ਨੂੰ ਇਸ ਮਸਲੇ ਬਾਰੇ ਉਸ ਨੇ ਇਕ ਲੰਮਾ ਚੌੜਾ ਪ੍ਰੈਸ ਬਿਆਨ ਜਾਰੀ ਕਰਦਿਆਂ ਹੋਇਆਂ ਆਪਣਾ ਪੱਖ ਸਪਸ਼ਟ ਕਰਨ ਦੀ ਬਹੁਤ ਹੀ ਨਿਤਾਣੀ ਜਿਹੀ ਕੋਸ਼ਿਸ਼ ਕੀਤੀ। ਇਸ ਬਿਆਨ ਅੰਦਰ ਉਸਨੇ ਆਪਣੀ ਦੁਬਿਧਾ, ਹਿਚਕਚਾਹਟ, ਨਿਰਾਸ਼ਾ ਤੇ ਬੇਉਮੀਦੀ ਦਾ ਖੁੱਲ੍ਹ ਕੇ ਪ੍ਰਭਾਵ ਦਿੱਤਾ। ਉਸ ਦੇ ਸ਼ਬਦਾਂ ਵਿੱਚ ਸਮਝੌਤੇ ਦੀ ਇਹ ਤਜਵੀਜ਼ "ਇਕ ਧੁੰਦਲੀ ਜਿਹੀ ਕਿਰਨ" ਸੀ ਜੋ ਪੰਥ ਨੂੰ "ਡੂੰਘੀ ਪਹਾੜੀ ਖੱਡ ਵਿੱਚੋਂ ਬਾਹਰ ਕੱਢ ਸਕਦੀ" ਸੀ। ਉਸ ਇਹ ਵੀ ਕਿਹਾ "ਦੇਸ ਵਿਚਲੀ ਅੰਦਰੂਨੀ ਤੇ ਬਹਿਰੂਨੀ ਹਾਲਾਤ ਨੂੰ ਮੱਦੇਨਜ਼ਰ ਰੱਖਦਿਆਂ ਹੋਇਆਂ" ਉਹ ਦੇਸ ਵਿੱਚ ਕਿਸੇ ਕਿਸਮ ਦੀ 'ਤਬਾਹੀ' ਤੇ 'ਗੜਬੜ ਚੌਥ' ਪੈਦਾ ਕਰਨ ਦੇ ਹੱਕ ਵਿੱਚ ਨਹੀਂ ਸਨ। ਸਾਰ-ਤੱਤ ਇਹ ਕਿ ਅਕਾਲੀ ਆਗੂਆਂ ਦਾ ਮਨ ਹਿੰਦੂ ਹਾਕਮਾਂ ਵਿਰੁੱਧ ਲੜਾਈ ਲੜਨ ਦੀ ਹਾਮੀ ਨਹੀਂ ਸੀ ਭਰਦਾ। ਇਸ ਕਰਕੇ ਕਿਸੇ ਨੇ ਖ਼ੁਸ਼ੀ ਖ਼ੁਸ਼ੀ ਤੇ ਕਿਸੇ ਨੇ ਭਾਰੀ ਮਨ ਨਾਲ, ਕਿਸੇ ਨੇ ਖੁੱਲ੍ਹ ਕੇ ਤੇ ਕਿਸੇ ਨੇ ਦਬਵੀਂ ਆਵਾਜ਼ ਵਿੱਚ, ਸਮਝੌਤੇ ਦੇ ਪ੍ਰਸਤਾਵ ਨਾਲ ਸਹਿਮਤੀ ਪ੍ਰਗਟਾਅ ਦਿੱਤੀ।[21]

ਬਾਅਦ ਵਿੱਚ ਉਜਾਗਰ ਹੋਏ ਤੱਥਾਂ ਤੋਂ ਇਹ ਸਪਸ਼ਟ ਹੋ ਗਿਆ ਕਿ ਸਮਝੌਤੇ ਦਾ ਇਹ ਪ੍ਰਸਤਾਵ, ਮੁੱਖ ਰੂਪ ਵਿੱਚ, ਸ: ਹੁਕਮ ਸਿੰਘ ਦੇ ਦਿਮਾਗ ਦੀ ਘਾੜਤ ਸੀ ਅਤੇ

ਸ: ਗਿਆਨ ਸਿੰਘ ਰਾੜੇਵਾਲਾ ਨਾਲ ਰਲ ਕੇ, ਉਨ੍ਹਾਂ ਅਕਾਲੀ ਦਲ ਅੰਦਰ ਇਸ ਦੀ ਪ੍ਰਵਾਨਗੀ ਲਈ ਆਪਣੇ ਹੁਨਰ ਤੇ ਲਿਆਕਤ ਦਾ ਸਵਾਇਆ ਇਸਤੇਮਾਲ ਕੀਤਾ। ਇਸ ਤੋਂ ਪਹਿਲਾਂ ਕਿ ਸਮਝੌਤੇ ਦੀ ਇਸ ਤਜਵੀਜ਼ ਦੇ ਤੱਤ ਬਾਰੇ ਗੱਲ ਕੀਤੀ ਜਾਵੇ, ਇਸ ਵਰਤਾਰੇ ਨਾਲ ਜੁੜਵੇਂ ਦੋ ਤੱਥਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਇਕ ਇਹ ਕਿ ਅਕਾਲੀ ਦਲ ਦੀ ਜਨਰਲ ਬਾਡੀ ਵੱਲੋਂ ਸਮਝੌਤੇ ਨੂੰ ਪ੍ਰਵਾਨਗੀ ਦੇਣ ਤੋਂ ਠੀਕ ਨੌਂ ਦਿਨਾਂ ਬਾਅਦ, ਭਾਵ ਕਿ 20 ਮਾਰਚ 1956 ਨੂੰ, ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਸ: ਹੁਕਮ ਸਿੰਘ ਦਾ ਲੋਕ ਸਭਾ ਦੀ ਡਿਪਟੀ ਸਪੀਕਰੀ ਲਈ ਨਾਉਂ ਪੇਸ਼ ਕਰ ਦਿੱਤਾ। ਦੂਜੀ ਮਜ਼ੇ ਵਾਲੀ ਗੱਲ ਇਹ ਕਿ ਸ: ਗਿਆਨ ਸਿੰਘ ਰਾੜੇਵਾਲਾ ਠੀਕ ਛੇ ਮਹੀਨਿਆਂ ਦੇ ਅੰਦਰ (ਅਗਸਤ, 1956) ਆਪਣੇ 'ਮਾਲਵਾ ਅਕਾਲੀ ਦਲ' ਨੂੰ ਜੇਬ ਵਿੱਚ ਪਾ ਕੇ ਕਾਂਗਰਸ ਪਾਰਟੀ ਅੰਦਰ ਜਾ ਸ਼ਾਮਲ ਹੋਏ।[22]

## ਰਿਜਨਲ ਫ਼ਾਰਮੂਲਾ

ਕਾਂਗਰਸੀ ਹਾਕਮਾਂ ਅਤੇ ਅਕਾਲੀ ਆਗੂਆਂ ਵਿਚਕਾਰ ਸਮਝੌਤੇ ਦੀ ਜਿਸ ਤਜਵੀਜ਼ ਉੱਤੇ ਸਹਿਮਤੀ ਹੋਈ, ਉਸ ਨੂੰ 'ਰਿਜਨਲ ਫ਼ਾਰਮੂਲੇ' ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਇਹ ਫ਼ਾਰਮੂਲਾ ਪੰਜਾਬੀ ਸੂਬੇ ਤੋਂ ਬਹੁਤ ਉਰਾਂ ਦੀ ਗੱਲ ਸੀ। ਇਸ ਮੁਤਾਬਕ ਸਮੁੱਚੇ ਪੰਜਾਬ ਲਈ ਇੱਕੋ ਸਾਂਝੀ ਵਿਧਾਨ ਸਭਾ, ਇੱਕੋ ਸਾਂਝੀ ਵਜ਼ਾਰਤ ਅਤੇ ਇੱਕੋ ਸਾਂਝਾ ਰਾਜਪਾਲ ਕਾਇਮ ਰੱਖਦਿਆਂ ਹੋਇਆਂ, ਪੰਜਾਬ ਅੰਦਰ ਹਿੰਦੀ ਤੇ ਪੰਜਾਬੀ ਬੋਲਦੇ ਦੋ ਖੇਤਰਾਂ ਦੀ ਨਿਸ਼ਾਨਦੇਹੀ ਕਰਨ ਅਤੇ ਇਨ੍ਹਾਂ ਖੇਤਰਾਂ ਲਈ ਰਾਜ ਅਸੰਬਲੀ ਦੀਆਂ ਸਬੰਧਤ ਖੇਤਰ ਅੰਦਰਲੇ ਮੈਂਬਰਾਂ 'ਤੇ ਆਧਾਰਤ ਦੋ ਅਲੱਗ-ਅਲੱਗ ਖੇਤਰੀ ਕੌਂਸਲਾਂ ਸਥਾਪਤ ਕਰਨ ਦੀ ਤਜਵੀਜ਼ ਸੀ। ਖੇਤਰੀ ਕੌਂਸਲਾਂ ਨੂੰ ਕੁਝ ਸੀਮਤ ਵਿਸ਼ਿਆਂ ਬਾਰੇ ਕਾਨੂੰਨ ਬਣਾਉਣ ਦੇ ਅਧਿਕਾਰਾਂ ਦੀ ਗੱਲ ਕੀਤੀ ਗਈ ਸੀ। ਪੰਜਾਬ ਨੂੰ ਸਮੁੱਚੇ ਰੂਪ ਵਿੱਚ ਦੋ ਭਾਸ਼ਾਈ ਰਾਜ ਮੰਨਦਿਆਂ ਤੇ ਇਸ ਦਾ ਇਹ ਲੱਛਣ ਬਰਕਰਾਰ ਰੱਖਦਿਆਂ ਹੋਇਆਂ, ਪੰਜਾਬੀ ਤੇ ਹਿੰਦੀ ਨੂੰ ਆਪਣੇ ਆਪਣੇ ਖੇਤਰਾਂ ਅੰਦਰ ਖੇਤਰੀ ਭਾਸ਼ਾ ਦਾ ਰੁਤਬਾ ਪ੍ਰਦਾਨ ਕਰਨ ਦੀ ਸਿਧਾਂਤਕ ਸਹਿਮਤੀ ਪ੍ਰਗਟਾਈ ਗਈ ਸੀ।

ਰਿਜਨਲ ਫ਼ਾਰਮੂਲਾ, ਸੱਤ ਕੁ ਵਰ੍ਹੇ ਪਹਿਲਾਂ (ਅਕਤੂਬਰ 1949) ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਭੀਮ ਸੈਨ ਸੱਚਰ ਦੁਆਰਾ ਘੜੇ ਗਏ 'ਸੱਚਰ ਫ਼ਾਰਮੂਲੇ' ਦਾ ਹੀ ਫੈਲਾਉ ਸੀ। ਸਿਰਫ਼ ਖੇਤਰੀ ਕੌਂਸਲਾਂ ਦੀ ਸਥਾਪਨਾ ਦਾ ਪ੍ਰਸਤਾਵ ਹੀ ਇਸ ਵਿੱਚ ਵਾਧੇ ਵਾਲੀ ਗੱਲ ਸੀ। ਪੰਜਾਬੀ ਹਿੰਦੂ ਵਰਗ ਨੇ ਜੇਕਰ ਸੱਤਾਂ ਸਾਲਾਂ ਤੋਂ ਸੱਚਰ ਫ਼ਾਰਮੂਲੇ ਵਰਗੇ 'ਹਲਕੇ ਫੁਲਕੇ' ਪ੍ਰਸਤਾਵ ਨੂੰ ਅਪਨਾਉਣ ਤੋਂ ਵੀ ਇਨਕਾਰੀ ਜ਼ਿਦ ਫੜ ਰੱਖੀ ਹੋਈ ਸੀ (ਪ੍ਰਾਈਵੇਟ ਹਿੰਦੂ ਵਿਦਿਅਕ ਅਦਾਰਿਆਂ ਨੇ ਸਿੱਖਿਆ ਦੇ ਮਾਧਿਅਮ ਬਾਰੇ ਸੱਚਰ ਫ਼ਾਰਮੂਲੇ ਦੀਆਂ ਮੱਦਾਂ ਨੂੰ ਲਾਗੂ ਕਰਨ ਤੋਂ ਸ਼ਰ੍ਹੇਆਮ ਜੁਆਬ ਦੇ ਦਿੱਤਾ ਸੀ) ਤਾਂ ਉਹ ਇਸ ਰਿਜਨਲ ਫ਼ਾਰਮੂਲੇ ਵਰਗੀ ਥੋੜ੍ਹੀ ਘੱਟ 'ਹਾਜ਼ਮੇਦਾਰ' ਤਜਵੀਜ਼ ਨੂੰ ਨਿਗਲਣ ਲਈ ਕਿਵੇਂ ਰਜ਼ਾਮੰਦ ਹੋ ਸਕਦਾ ਸੀ ? ਪੰਜਾਬੀ ਹਿੰਦੂ ਵਰਗ ਨੇ ਇਸ ਫ਼ਾਰਮੂਲੇ ਨਾਲ ਕਦੇ ਵੀ ਸਹਿਮਤੀ ਨਹੀਂ ਸੀ ਪ੍ਰਗਟਾਈ। ਇਸ ਤਜਵੀਜ਼ ਦਾ ਐਲਾਨ ਹੁੰਦਿਆਂ ਹੀ ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਨੇ 'ਮਹਾਂ ਪੰਜਾਬ ਸੰਮਤੀ' ਦੇ ਫੱਟੇ ਹੇਠ ਇਸ ਵਿਰੁੱਧ ਜ਼ਹਿਰੀਲੀ ਮੁਹਿੰਮ ਛੇੜ ਦਿੱਤੀ। ਪੰਜਾਬੀ ਸੂਬੇ ਦੇ ਸੰਘਰਸ਼ ਦੀ ਨੀਵੀਂ ਪੱਧਰ 'ਤੇ ਨਕਲ ਕਰਦਿਆਂ ਹੋਇਆਂ ਸਵਾਮੀ ਆਤਮਾ ਨੰਦ ਨੂੰ ਹਿੰਦੀ ਰਕਸ਼ਾ ਅੰਦੋਲਨ ਦਾ 'ਡਿਕਟੇਟਰ' ਥਾਪ ਦਿੱਤਾ ਗਿਆ। ਇਹ

'ਅੰਦੋਲਨ' ਸੱਤ ਮਹੀਨੇ ਚੱਲਿਆ ਜਿਸ ਦੌਰਾਨ ਪੰਜਾਬ ਦੇ ਵੱਡੇ ਸ਼ਹਿਰਾਂ ਅੰਦਰ ਹਿੰਸਕ ਹਿੰਦੂ ਭੀੜਾਂ ਵੱਲੋਂ ਉਪੱਦਰ ਤੇ ਸਾੜ-ਫੂਕ ਦੀਆਂ ਘਟਨਾਵਾਂ ਦਾ ਸਿਲਸਿਲਾ ਬੇਰੋਕ ਤੇ ਬੇਟੋਕ ਚੱਲਦਾ ਰਿਹਾ। ਕਈ ਥਾਵਾਂ 'ਤੇ ਸਿੱਖਾਂ ਦੀਆਂ ਜਾਇਦਾਦਾਂ, ਕਾਰੋਬਾਰੀ ਠਿਕਾਣਿਆਂ ਤੇ ਰਿਹਾਇਸ਼ੀ ਥਾਵਾਂ ਨੂੰ ਹਮਲੇ ਦਾ ਨਿਸ਼ਾਨਾ ਬਣਾਇਆ ਗਿਆ। ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਨੀਤ ਨਾਲ, ਕਈ ਥਾਵਾਂ 'ਤੇ ਭੜਕਾਊ ਤੇ ਅਸ਼ਲੀਲ ਨਾਅਰੇਬਾਜ਼ੀ ਤੋਂ ਅਗਾਂਹ ਵਧ ਕੇ, ਗੁਰਦੁਆਰਿਆਂ ਤੇ ਪਵਿੱਤਰ ਸਰੋਵਰਾਂ ਅੰਦਰ ਸਿਗਰਟਾਂ ਦੀਆਂ ਡੱਬੀਆਂ ਸੁੱਟਣ ਵਰਗੀਆਂ ਘਿਨਾਉਣੀਆਂ ਕਾਰਵਾਈਆਂ ਕਰਨ ਤੋਂ ਵੀ ਸੰਕੋਚ ਨਾ ਕੀਤਾ ਗਿਆ।[23] 10 ਜੁਲਾਈ 1957 ਨੂੰ ਚੰਡੀਗੜ੍ਹ ਸਕੱਤਰੇਤ ਅੱਗੇ, ਹਿੰਦੂ ਭੀੜਾਂ ਨੇ ਉਹ ਧਮੱਚੜ ਚੁਕਿਆ ਕਿ ਖ਼ੁਦ ਹਿੰਦੂ ਵਰਗ ਅੰਦਰਲੇ ਸਮਝਦਾਰ ਤੇ ਸਾਊ ਤੱਤਾਂ ਦੇ ਸਿਰ ਸ਼ਰਮ ਨਾਲ ਝੁਕ ਗਏ। ਪੰਜਾਬ ਸਰਕਾਰ ਲਗਾਤਾਰ ਸੱਤ ਮਹੀਨੇ ਇਸ ਤਾਂਡਵ ਨਾਚ ਦਾ ਨਜ਼ਾਰਾ ਦੇਖਦੀ ਰਹੀ। ਕਿੱਥੇ ਪੰਜਾਬੀ ਸੂਬੇ ਦੀ ਜਦੋਜਹਿਦ ਦੌਰਾਨ ਜ਼ਬਤ-ਬੱਧ ਅਤੇ ਸ਼ਾਂਤ-ਸੁਭਾਅ ਅਕਾਲੀ ਵਲੰਟੀਅਰਾਂ ਨੂੰ ਪੁਲਸ ਦੇ ਜਾਂਗਲੀ ਵਰਤਾਉ ਦਾ ਸਾਹਮਣਾ ਕਰਨਾ ਪੈਂਦਾ ਸੀ ਅਤੇ ਕਿੱਥੇ 'ਸਾਊਪੁਣੇ' ਦੀਆਂ ਮੂਰਤਾਂ ਬਣੇ ਪੁਲਸ ਕਰਮਚਾਰੀਆਂ ਨੂੰ ਹਿੰਦੂ ਅੰਦੋਲਨਕਾਰੀਆਂ ਦੇ ਖਰੂਦ ਅਤੇ ਫ਼ਤੂਰ ਦਾ ਸੁਆਦ ਚੱਖਣਾ ਪੈ ਰਿਹਾ ਸੀ। ਹਿੰਦੂ ਭੀੜਾਂ ਹੱਥੋਂ ਇਕ ਸਿੱਖ ਹੌਲਦਾਰ ਦੀ ਮੌਤ ਅਤੇ ਦਰਜਨਾਂ ਥਾਵਾਂ 'ਤੇ ਪੁਲਸ ਉੱਤੇ ਪਥਰਾਉ ਦੀਆਂ ਘਟਨਾਵਾਂ ਦੇ ਬਾਵਜੂਦ, ਪੁਲਸ ਨੂੰ ਪੂਰੀ ਤਰ੍ਹਾਂ ਸ਼ਾਂਤ ਰਹਿਣ ਦੇ ਆਦੇਸ਼ ਦਿੱਤੇ ਗਏ ਸਨ।

ਪੰਜਾਬ ਅਤੇ ਕੇਂਦਰ ਵਿੱਚ, ਦੋਨੋਂ ਹੀ ਥਾਵਾਂ 'ਤੇ ਕਾਂਗਰਸੀ ਹਾਕਮਾਂ ਦੀ ਲੁਕਵੀਂ ਹਮਾਇਤ ਤੇ ਖੁੱਲ੍ਹੀ ਹਮਦਰਦੀ ਦੇ ਸਿੱਟੇ ਵਜੋਂ ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਰਿਜਨਲ ਫ਼ਾਰਮੂਲੇ ਦਾ ਜੰਮਦਿਆਂ ਹੀ ਗਲਾ ਘੁੱਟ ਦੇਣ ਦੇ ਮਕਸਦ ਵਿੱਚ ਸਫਲ ਹੋ ਗਈਆਂ। ਪੰਜਾਬ ਸਰਕਾਰ ਨੇ ਹਿੰਦੂ ਅੰਦੋਲਨਕਾਰੀਆਂ ਦੀਆਂ ਕੁਝ ਅੰਸ਼ਕ ਮੰਗਾਂ ਪ੍ਰਵਾਨ ਕਰ ਲਈਆਂ[24] ਜੋ ਕਿ ਰਿਜਨਲ ਫ਼ਾਰਮੂਲੇ ਦੀ ਭਾਵਨਾ ਦੀ ਖੁੱਲ੍ਹਮ-ਖੁੱਲ੍ਹੀ ਉਲੰਘਣਾ ਸੀ। ਸੋ ਇਸ ਤੋਂ ਬਾਅਦ ਅਕਾਲੀ ਆਗੂ ਰਿਜਨਲ ਫ਼ਾਰਮੂਲੇ ਦੀ ਮੁਰਦਾ ਲਾਸ਼ ਨੂੰ ਜ਼ਰੂਰ ਕੁਝ ਦੇਰ ਆਪਣੇ ਮੋਢਿਆਂ 'ਤੇ ਚੁੱਕੀ ਫਿਰਦੇ ਰਹੇ। ਕਾਗ਼ਜ਼ਾਂ ਅੰਦਰ ਖੇਤਰੀ ਕੌਂਸਲਾਂ ਬਣ ਤਾਂ ਜ਼ਰੂਰ ਗਈਆਂ ਪਰ ਉਨ੍ਹਾਂ ਦੀ ਕਿਸੇ ਪ੍ਰਭਾਵਕਾਰੀ ਸਰਗਰਮੀ ਦਾ ਕਿਤੋਂ ਵੀ ਕੋਈ ਸਬੂਤ ਨਹੀਂ ਲੱਭਦਾ।

## ਅਕਾਲੀ-ਕਾਂਗਰਸ ਮੁੜ-ਮਿਲਾਪ

ਦਿੱਲੀ ਦੇ ਪੜ੍ਹੇ-ਲਿਖੇ ਤੇ ਉੱਚੀਆਂ ਪੋਜ਼ੀਸ਼ਨਾਂ ਵਾਲੇ ਸਿੱਖਾਂ ਨੇ ਕਾਂਗਰਸ-ਅਕਾਲੀ ਸਮਝੌਤੇ ਦੇ ਜਸ਼ਨ ਮਨਾਉਣ ਲਈ ਮਾਸਟਰ ਤਾਰਾ ਸਿੰਘ ਨੂੰ 'ਕੰਸਟੀਚਿਊਸ਼ਨ ਕਲੱਬ' ਬੁਲਾ ਕੇ ਸਨਮਾਨਾਂ ਨਾਲ ਨਿਵਾਜਿਆ। ਜਵਾਹਰ ਲਾਲ ਨਹਿਰੂ ਨੇ ਇਸ 'ਖ਼ੁਸ਼ੀਆਂ ਭਰੇ ਮੌਕੇ' ਆਪਣੀ ਉਚੇਚੀ ਹਾਜ਼ਰੀ ਲਗਵਾਉਂਦਿਆਂ ਮਾਸਟਰ ਤਾਰਾ ਸਿੰਘ ਦਾ ਖ਼ੂਬ ਉਸਤਤ-ਗਾਣ ਕੀਤਾ। ਦੇਸ ਦੇ ਬਟਵਾਰੇ ਤੋਂ ਬਾਅਦ ਪੰਡਤ ਜੀ ਹੁਰਾਂ ਮਾਸਟਰ ਤਾਰਾ ਸਿੰਘ ਦੀ ਪ੍ਰਸੰਸਾ ਵਿੱਚ ਪਹਿਲੀ ਵਾਰ ਮੂੰਹ ਖੋਲ੍ਹਿਆ ਅਤੇ ਕਿਹਾ ਕਿ, "ਮੈਂ ਮਾਸਟਰ ਜੀ ਦੀਆਂ ਦੋ ਸਿਫ਼ਤਾਂ ਦੀ ਪ੍ਰਸੰਸਾ ਕਰਦਾ ਹਾਂ। ਇਕ, ਉਨ੍ਹਾਂ ਦੀ ਦੀਦਾ-ਦਲੇਰੀ। ਦੂਜਾ, ਉਨ੍ਹਾਂ ਦੀ ਕਾਜ ਪ੍ਰਤੀ ਸੁਹਿਰਦਤਾ।"[25]

'ਵੱਡੇ' ਬੰਦੇ ਜਦ ਬੋਲਦੇ ਹਨ ਤਾਂ ਕਿਸੇ ਮੰਤਵ ਨੂੰ ਮੁੱਖ ਰੱਖ ਕੇ ਹੀ ਬੋਲਦੇ ਹਨ।

ਸੋ ਜਦ ਨਹਿਰੂ ਸਿੱਖ ਪਤਵੰਤਿਆਂ ਦੀ ਹਾਜ਼ਰੀ ਵਿੱਚ ਮਾਸਟਰ ਤਾਰਾ ਸਿੰਘ ਨੂੰ ਸ਼ਬਦਾਂ ਦੇ 'ਸਿਰੋਪੇ' ਭੇਟ ਕਰ ਰਿਹਾ ਸੀ ਤਾਂ ਸ: ਹੁਕਮ ਸਿੰਘ ਤੇ ਸ: ਗਿਆਨ ਸਿੰਘ ਰਾੜੇਵਾਲਾ ਕਾਂਗਰਸ ਅਤੇ ਅਕਾਲੀ ਦਲ ਦੇ ਪੁਨਰ-ਮਿਲਾਪ ਲਈ ਭੋਇੰ ਤਿਆਰ ਕਰਨ ਦੇ ਕਾਰਜ ਵਿੱਚ ਜੁਟੇ ਹੋਏ ਸਨ। ਗਿਆਨੀ ਕਰਤਾਰ ਸਿੰਘ ਤੇ ਮੌਲਾਨਾ ਅਬੁਲ ਕਲਾਮ ਆਜ਼ਾਦ ਵਿਚਕਾਰ ਸਤੰਬਰ, 1956 ਵਿੱਚ ਹੋਏ ਚਿੱਠੀ ਪੱਤਰਾਂ ਤੋਂ ਇਹ ਪਤਾ ਲੱਗਦਾ ਹੈ ਕਿ ਨੇੜੇ ਢੁਕ ਰਹੀਆਂ ਦੂਜੀਆਂ ਆਮ ਚੋਣਾਂ ਨੂੰ ਮੱਦੇਨਜ਼ਰ ਰਖਦੇ ਹੋਏ, ਅਕਾਲੀ ਲੀਡਰਸ਼ਿਪ ਅੰਦਰ ਇਸ ਮਿਲਾਪ ਨੂੰ, ਜਿਵੇਂ ਵੀ ਹੋ ਸਕੇ ਅਤੇ ਜਿੰਨੀ ਜਲਦੀ ਹੋ ਸਕੇ, ਨੇਪਰੇ ਚਾੜ੍ਹਨ ਦੀ ਧੁਸ ਪ੍ਰਗਟ ਹੋ ਰਹੀ ਸੀ। ਹਮੇਸ਼ਾ ਦੀ ਤਰ੍ਹਾਂ, ਮਾਸਟਰ ਤਾਰਾ ਸਿੰਘ ਦੁਬਿਧਾਗ੍ਰਸਤ ਤੇ ਡਾਵਾਂਡੋਲ ਸੀ, ਜਦ ਕਿ ਨੌਜਵਾਨ ਤੱਤ ਇਸ ਗੋਡੇ ਟੇਕੂ ਰੁਚੀ ਦਾ ਤਿੱਖਾ ਵਿਰੋਧ ਕਰ ਰਿਹਾ ਸੀ। ਸ: ਅਜੀਤ ਸਿੰਘ ਸਰਹੱਦੀ ਦਾ ਇਹ ਇਕਬਾਲੀਆ ਬਿਆਨ ਕਿ ਉਨ੍ਹਾਂ ਕੋਲ "ਹਨੇਰੀ ਗਲੀ ਵਿੱਚ ਛਾਲ ਮਾਰ ਦੇਣ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਸੀ", ਅਕਾਲੀ ਲੀਡਰਸ਼ਿਪ ਦੀਆਂ ਸਫ਼ਾਂ ਅੰਦਰ ਫੈਲੀ ਮਾਯੂਸੀ ਤੇ ਨਿਰਾਸ਼ਤਾ ਦੀ ਸਹੀ ਤਸਵੀਰ ਪੇਸ਼ ਕਰਦਾ ਹੈ।[25] ਥੋੜੀ ਹਿਚਕਚਾਹਟ ਮਗਰੋਂ ਮਾਸਟਰ ਤਾਰਾ ਸਿੰਘ ਨੇ ਨਹਿਰੂ ਨਾਲ ਆਪਣੀ ਮੀਟਿੰਗ ਤੋਂ ਬਾਅਦ ਅਕਾਲੀ ਦਲ ਦੇ ਕਾਂਗਰਸ ਅੰਦਰ ਰਲੇਵੇਂ ਦੀ ਯੋਜਨਾ ਖ਼ੁਸ਼ੀ ਖ਼ੁਸ਼ੀ ਪ੍ਰਵਾਨ ਕਰ ਲਈ। ਕਾਂਗਰਸ ਅਤੇ ਅਕਾਲੀ ਦਲ ਵਿਚਕਾਰ ਹੋਣ ਵਾਲੇ ਪ੍ਰਸਤਾਵਤ ਪੁਨਰ-ਮਿਲਾਪ ਦੀਆਂ ਮੁੱਖ ਸ਼ਰਤਾਂ ਤੇ ਮੱਦਾਂ ਇਹ ਸਨ:[26]

1. ਅਕਾਲੀ ਦਲ ਦਾ ਆਪਣਾ ਵੱਖਰਾ ਕੋਈ ਵੀ ਰਾਜਨੀਤਕ ਪ੍ਰੋਗਰਾਮ ਨਹੀਂ ਹੋਵੇਗਾ।
2. ਅਕਾਲੀ ਦਲ ਪੰਥ ਦੇ ਧਾਰਮਿਕ, ਸਭਿਆਚਾਰਕ ਤੇ ਸਮਾਜਕ ਆਦਿ ਹਿਤਾਂ ਦੀ ਰਾਖੀ ਉੱਤੇ ਹੀ ਧਿਆਨ ਕੇਂਦਰਤ ਕਰੇਗਾ।
3. ਅਕਾਲੀ ਮੈਂਬਰ ਇੱਕੋ ਸਮੇਂ ਕਾਂਗਰਸ ਤੇ ਅਕਾਲੀ ਦਲ, ਦੋਵਾਂ ਦੇ ਹੀ ਮੈਂਬਰ ਹੋ ਸਕਣਗੇ।

ਜਿਉਂ ਹੀ ਚੋਣਾਂ ਲਈ ਉਮੀਦਵਾਰ ਛਾਂਟਣ ਦਾ ਮਾਮਲਾ ਸਾਹਮਣੇ ਆਇਆ ਤਾਂ ਮਾਸਟਰ ਤਾਰਾ ਸਿੰਘ ਤੇ ਪ੍ਰਤਾਪ ਸਿੰਘ ਕੈਰੋਂ ਵਿਚਕਾਰ ਵਿਰੋਧ ਅਤੇ ਵੈਰ ਦੀ ਭਾਵਨਾ ਮੁੜ ਪ੍ਰਚੰਡ ਹੋ ਉਠੀ। ਮਾਸਟਰ ਤਾਰਾ ਸਿੰਘ ਨੂੰ ਕਾਂਗਰਸ ਪਾਰਟੀ ਅੰਦਰ ਬਣਦੀ ਜਗ੍ਹਾ ਤੇ ਮਾਣ-ਤਾਣ ਦੇਣਾ ਪ੍ਰਤਾਪ ਸਿੰਘ ਕੈਰੋਂ ਨੂੰ ਕਿਸੇ ਵੀ ਤਰ੍ਹਾਂ ਗਵਾਰਾ ਨਹੀਂ ਸੀ। ਜਦ ਉਸ ਨੇ ਟਿਕਟਾਂ ਦੀ ਵੰਡ-ਵੰਡਾਈ ਵੇਲੇ ਮਾਸਟਰ ਤਾਰਾ ਸਿੰਘ ਦੀਆਂ 'ਲੱਤਾਂ ਬਾਹਾਂ ਛਾਂਗਣ' ਦੀ ਕੋਸ਼ਿਸ਼ ਕੀਤੀ ਤਾਂ ਮਾਸਟਰ ਜੀ ਨੇ ਇਹ ਅਪਮਾਨ ਝੱਲਣ ਤੋਂ ਆਪਣੀ ਅਸਮਰੱਥਾ ਪ੍ਰਗਟ ਕਰਦਿਆਂ ਹੋਇਆਂ ਸਮਝੌਤੇ ਨੂੰ ਤੋੜਨ ਦਾ ਚੇਤੰਨ ਫ਼ੈਸਲਾ ਕਰ ਲਿਆ। ਉਨ੍ਹਾਂ ਜਿਥੇ ਮੁਨਾਸਬ ਸਮਝਿਆ, ਆਪਣੀ ਵਿਅਕਤੀਗਤ ਹੈਸੀਅਤ ਵਿੱਚ ਆਪਣੇ ਉਮੀਦਵਾਰਾਂ ਨੂੰ ਮੁਕਾਬਲੇ 'ਤੇ ਖੜਾ ਕਰ ਦਿੱਤਾ। ਪਰ ਜਿਹੜੇ ਅਕਾਲੀ ਆਗੂਆਂ ਦੀ ਆਤਮਾ ਕਾਂਗਰਸ ਅੰਦਰ ਜਾ ਕੇ 'ਸੰਤੁਸ਼ਟ' ਹੋ ਗਈ ਸੀ, ਉਨ੍ਹਾਂ ਨੇ ਮਾਸਟਰ ਤਾਰਾ ਸਿੰਘ ਦੀ ਇਸ 'ਮਾਅਰਕੇਬਾਜ਼ੀ' ਵਿੱਚ ਸ਼ਰੀਕ ਹੋਣ ਤੋਂ ਕੋਰਾ ਜੁਆਬ ਦੇ ਦਿੱਤਾ।

1957 ਦੀਆਂ ਚੋਣਾਂ ਵਿੱਚ ਕਾਂਗਰਸ ਨੂੰ ਪੰਜਾਬ ਅੰਦਰ ਅਕਾਲੀ-ਕਾਂਗਰਸ ਸਮਝੌਤੇ ਦੀ ਪੂਜ ਕੇ ਖੱਟੀ ਹੋਈ। ਕਾਂਗਰਸ ਟਿਕਟ 'ਤੇ ਕਾਮਯਾਬ ਹੋਏ 24 ਪੰਥਕ ਉਮੀਦਵਾਰਾਂ ਸਮੇਤ, ਉਸ ਨੇ 154 ਵਿੱਚੋਂ ਕੁੱਲ 120 ਸੀਟਾਂ ਜਿੱਤ ਲਈਆਂ। ਇਉਂ, ਕੁਝ ਸਮਾਂ ਪਹਿਲਾਂ (ਜਨਵਰੀ 1956) ਭੀਮ ਸੈਨ ਸੱਚਰ ਨੂੰ ਲਾਂਭੇ ਕਰ ਕੇ ਮੁੱਖ ਮੰਤਰੀ ਦੀ ਕੁਰਸੀ 'ਤੇ ਬਿਰਾਜਮਾਨ ਹੋਏ ਸ: ਪ੍ਰਤਾਪ ਸਿੰਘ ਕੈਰੋਂ 1957 ਵਿੱਚ ਕਾਂਗਰਸ ਵਿਧਾਇਕ

ਦਲ ਦੇ ਮੁੜ ਆਗੂ ਚੁਣ ਲਏ ਗਏ। ਪੰਥਕ ਵਿਧਾਇਕਾਂ 'ਚੋਂ ਦੋ (ਗਿਆਨੀ ਕਰਤਾਰ ਸਿੰਘ ਤੇ ਸ: ਗਿਆਨ ਸਿੰਘ ਰਾੜੇਵਾਲਾ) ਨੂੰ ਵਜ਼ਾਰਤ ਅੰਦਰ ਸ਼ਾਮਲ ਕਰ ਲਿਆ ਗਿਆ। ਇਸ ਤਰ੍ਹਾਂ, ਇਨ੍ਹਾਂ ਦੋਨੋਂ ਪ੍ਰਮੁੱਖ ਅਕਾਲੀ ਆਗੂਆਂ (ਤੇ ਉਨ੍ਹਾਂ ਨਾਲ ਜੁੜੇ ਵਿਧਾਇਕਾਂ) ਨੂੰ ਅਕਾਲੀ ਦਲ ਦੇ, ਖ਼ਾਸ ਕਰਕੇ ਮਾਸਟਰ ਤਾਰਾ ਸਿੰਘ ਦੇ ਵਿਰੁੱਧ 'ਮੋਹਰੇ' ਬਣਾ ਕੇ ਵਰਤਣ ਦੀ ਰਾਜਸੀ ਸ਼ਤਰੰਜ ਸਫਲਤਾ ਨਾਲ ਖੇਡੀ ਗਈ।

## ਸਿੱਖ ਜਨਤਾ ਦਾ ਰੌਂਅ

ਇਸ ਦੌਰ ਦੀ ਅਹਿਮ ਗੱਲ ਇਹ ਸੀ ਕਿ ਆਮ ਸਿੱਖ ਸੰਗਤਾਂ ਦੇ ਮਨਾਂ ਅੰਦਰ ਭਾਰਤ ਦੇ ਹਿੰਦੂ ਹਾਕਮਾਂ ਦੀਆਂ ਪੰਥ-ਦੋਖੀ ਨੀਤੀਆਂ ਵਿਰੁੱਧ ਰੋਸ ਤੇ ਗ਼ੁੱਸੇ ਦੀਆਂ ਭਾਵਨਾਵਾਂ ਨਿਰੰਤਰ ਪ੍ਰਚੰਡ ਹੋ ਰਹੀਆਂ ਸਨ ਅਤੇ ਉਹ ਹਕੂਮਤੀ ਧੱਕੇਸ਼ਾਹੀ ਵਿਰੁੱਧ ਸੰਘਰਸ਼ ਦੇ ਰੌਂਅ ਵਿੱਚ ਸਨ। ਉਨ੍ਹਾਂ ਨੂੰ ਜਦ ਵੀ ਮੌਕਾ ਜੁੜਿਆ ਤਾਂ ਉਨ੍ਹਾਂ ਆਪਣੀਆਂ ਭਾਵਨਾਵਾਂ ਦਾ ਖੁੱਲ੍ਹ ਕੇ ਪ੍ਰਗਟਾਵਾ ਕੀਤਾ। ਕਾਂਗਰਸ ਪਾਰਟੀ ਨੇ ਦਸੰਬਰ 1955 ਦੇ ਅਖ਼ੀਰ ਵਿੱਚ ਅੰਮ੍ਰਿਤਸਰ ਵਿਖੇ ਆਪਣਾ ਕੁੱਲ ਹਿੰਦ ਸਾਲਾਨਾ ਸਮਾਗਮ ਕਰਨ ਦਾ ਪ੍ਰੋਗਰਾਮ ਮਿਥਿਆ ਹੋਇਆ ਸੀ (ਜਿਸ ਨੂੰ ਬਾਅਦ ਵਿੱਚ ਫ਼ਰਵਰੀ ਤਕ ਅੱਗੇ ਪਾ ਦਿੱਤਾ ਗਿਆ)। ਅਕਾਲੀ ਦਲ ਨੇ ਕਾਂਗਰਸੀ ਆਗੂਆਂ ਨੂੰ ਸਿੱਖ ਸੰਗਤਾਂ ਦੇ ਜਜ਼ਬਾਤਾਂ ਦੇ 'ਦਰਸ਼ਨ' ਕਰਵਾਉਣ ਲਈ ਉਸੇ ਹੀ ਮੌਕੇ ਅੰਮ੍ਰਿਤਸਰ ਵਿਖੇ ਆਪਣੀ ਸਾਲਾਨਾ ਕਾਨਫ਼ਰੰਸ ਕਰਨ ਦਾ ਐਲਾਨ ਕਰ ਦਿੱਤਾ। ਉਧਰ 'ਮਹਾਂ ਪੰਜਾਬ ਸੰਮਤੀ' ਦੇ ਫੱਟੇ ਹੇਠ ਇਕੱਠੀਆਂ ਹੋਈਆਂ ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਨੇ ਵੀ, ਇਸੇ ਹੀ ਆਸ਼ੇ ਨੂੰ ਮੁੱਖ ਰੱਖਦਿਆਂ ਹੋਇਆਂ, ਮੁਕਾਬਲੇ 'ਤੇ ਆਪਣਾ ਸਮਾਗਮ ਰਚਣ ਦਾ ਫ਼ੈਸਲਾ ਕਰ ਲਿਆ। ਇਸ ਤਰ੍ਹਾਂ ਨਿਰਪੱਖ ਦਰਸ਼ਕਾਂ ਨੂੰ, ਆਪਸੀ ਤਾਕਤ-ਅਜ਼ਮਾਈ ਵਿੱਚ ਉਲਝੀਆਂ ਤਿੰਨੋਂ ਰਾਜਸੀ ਸ਼ਕਤੀਆਂ ਦੀ ਤਾਕਤ ਦਾ ਅਨੁਮਾਨ ਲਾਉਣ ਦਾ ਢੁਕਵਾਂ ਮੌਕਾ ਜੁੜ ਗਿਆ। ਲਗਭਗ ਸਾਰੇ ਬੇਲਾਗ਼ ਪੱਤਰਕਾਰਾਂ ਤੇ ਨਿਰੱਪਖ ਦਰਸ਼ਕਾਂ ਨੇ ਇਹ ਗੱਲ ਨਿਝੱਕ ਹੋ ਕੇ ਮੰਨੀ ਕਿ ਸਿੱਖਾਂ ਦਾ ਇਕੱਠ ਲਾਮਿਸਾਲ ਤੇ ਇਸਦੀ ਠੁੱਕ ਲਾਜਵਾਬ ਸੀ। ਕਾਨਫ਼ਰੰਸ ਤੋਂ ਪਹਿਲਾਂ ਜਦ ਅੰਮ੍ਰਿਤਸਰ ਦੀਆਂ ਸੜਕਾਂ ਉੱਤੇ ਰੋਹ ਵਿੱਚ ਜੈਕਾਰੇ ਗੁੰਜਾਉਂਦੀਆਂ ਸਿੱਖ ਸੰਗਤਾਂ ਕਤਾਰਾਂ ਬੰਨ੍ਹ ਕੇ ਗੁਜ਼ਰੀਆਂ ਤਾਂ ਜੋਸ਼ ਅਤੇ ਜ਼ਬਤ ਦਾ ਇਹ ਸੁਮੇਲ ਅਜਿਹਾ ਅਲੌਕਿਕ ਨਜ਼ਾਰਾ ਪੇਸ਼ ਕਰਦਾ ਸੀ ਕਿ ਦੇਸ-ਦੇਸਾਂਤਰਾਂ ਤੋਂ ਆਏ ਨਾਮਾਨਿਗਾਰਾਂ ਨੂੰ ਇਸ ਦੀ ਪੇਸ਼ਕਾਰੀ ਲਈ ਫਬਵੇਂ ਸ਼ਬਦ ਨਹੀਂ ਸਨ ਜੁੜ ਰਹੇ। ਹਿੰਦੂ ਤਾਕਤਾਂ ਨੇ ਵੀ ਲਾਮਬੰਦੀ ਲਈ ਪੂਰੀ ਵਾਹ ਲਾ ਦਿੱਤੀ ਸੀ। ਪਰ ਉਨ੍ਹਾਂ ਦਾ ਇਕੱਠ ਗਿਣਤੀ ਦੇ ਲਿਹਾਜ਼ ਨਾਲ, ਸਿੱਖਾਂ ਦੇ ਇਕੱਠ ਦੇ ਮੁਕਾਬਲੇ ਕਿਤੇ ਊਣਾ ਸੀ ਅਤੇ ਜੋਸ਼ ਤੇ ਜਜ਼ਬੇ ਪੱਖੋਂ ਉਸਦਾ ਰੰਗ ਕਿਤੇ ਫਿੱਕਾ ਸੀ। ਕਾਂਗਰਸ ਦੀ ਕਨਵੇਨਸ਼ਨ ਤਾਂ, ਸਿੱਖ ਜਨਤਾ ਦੇ ਜੋਸ਼ੀਲੇ ਇਕੱਠ ਦੇ ਸਾਹਮਣੇ, ਬਹੁਤ ਹੀ ਹਲਕਾ ਪ੍ਰਭਾਵ ਦੇ ਰਹੀ ਸੀ।[27]

'ਹਿੰਦੂ ਰਕਸ਼ਾ ਅੰਦੋਲਨ' ਦੇ ਦੌਰਾਨ ਹਿੰਦੂ ਅੰਦੋਲਨਕਾਰੀਆਂ ਦੁਆਰਾ ਸਿੱਖਾਂ ਦੇ ਧਾਰਮਿਕ ਜਜ਼ਬਾਤਾਂ ਵਿਰੁੱਧ ਕੀਤੀ ਕੋਝੀ ਛੇੜ-ਛਾੜ ਵਿਰੁੱਧ ਅਕਾਲੀ ਦਲ ਵੱਲੋਂ ਦਿੱਤੇ ਗਏ 'ਰੋਸ ਹੜਤਾਲ' (22 ਅਗਸਤ 1958) ਦੇ ਸੱਦੇ ਨੂੰ ਪੰਜਾਬ ਅਤੇ ਦਿੱਲੀ ਦੇ ਸਮੁੱਚੇ ਸਿੱਖ ਜਗਤ ਨੇ ਪੂਰਾ-ਭਰਵਾਂ ਹੁੰਗਾਰਾ ਦਿੱਤਾ। ਕਾਂਗਰਸੀ ਆਗੂਆਂ ਵੱਲੋਂ ਰਿਜਨਲ ਫ਼ਾਰਮੂਲੇ ਨੂੰ ਲਾਗੂ ਕਰਨ ਤੋਂ ਕੀਤੀ ਜਾ ਰਹੀ ਟਾਲ-ਮਟੋਲ ਤੋਂ ਦੁਖੀ ਹੋ ਕੇ, ਅਕਾਲੀ ਦਲ ਨੇ ਆਖ਼ਰ ਅੰਮ੍ਰਿਤਸਰ ਵਿਖੇ (12 ਅਕਤੂਬਰ 1958) ਪੰਜਾਬੀ ਸੂਬਾ ਕਾਨਫ਼ਰੰਸ

ਸੱਦ ਲਈ। ਇਸ ਕਾਨਫ਼ਰੰਸ ਅੰਦਰ ਹਰ ਵਰਗ ਦੇ ਸਿੱਖਾਂ ਨੇ ਪੂਰੇ ਜੋਸ਼-ਖਰੋਸ਼ ਨਾਲ ਹਿੱਸਾ ਲਿਆ ਅਤੇ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਹਰ ਕੁਰਬਾਨੀ ਕਰਨ ਦੀ ਵਚਨਬੱਧਤਾ ਪ੍ਰਗਟਾਈ। ਸੰਤ ਫਤਹਿ ਸਿੰਘ, ਜੋ ਉਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਉਪ-ਪ੍ਰਧਾਨ ਸਨ, ਨੇ ਸੰਗਤਾਂ ਸਾਹਮਣੇ ਪੰਜਾਬੀ ਸੂਬੇ ਦੇ ਸੰਕਲਪ ਅਤੇ ਸੰਘਰਸ਼ ਦਾ ਵਿਚਾਰ-ਨਕਸ਼ਾ ਰੱਖਿਆ। ਸੰਤ ਫਤਹਿ ਸਿੰਘ ਦੇ ਅਕਾਲੀ ਰਾਜਨੀਤੀ ਦੇ ਦ੍ਰਿਸ਼ 'ਤੇ ਖੁੱਲ੍ਹ ਕੇ ਪ੍ਰਗਟ ਹੋਣ ਦਾ ਇਹ ਪਹਿਲਾ ਮੌਕਾ ਸੀ। ਇਸ ਤੋਂ ਪਹਿਲਾਂ ਉਹ ਜ਼ਿਆਦਾ ਕਰਕੇ ਰਾਜਸਥਾਨ ਦੇ ਗੰਗਾਨਗਰ ਜ਼ਿਲ੍ਹੇ (ਬੁੱਢਾ ਜੌਹੜ) ਅੰਦਰ ਧਾਰਮਿਕ ਤੇ ਸਮਾਜ-ਸੇਵੀ ਸਰਗਰਮੀਆਂ ਵਿੱਚ ਹੀ ਮਸਰੂਫ ਰਹੇ ਸਨ। ਭਾਵੇਂ ਉਨ੍ਹਾਂ ਨੂੰ ਸਰਗਰਮ ਰਾਜਨੀਤੀ ਵੱਲ ਪ੍ਰੇਰਨ ਵਾਲੇ ਮਾਸਟਰ ਤਾਰਾ ਸਿੰਘ ਹੀ ਸਨ, ਪ੍ਰੰਤੂ ਸੰਤ ਜੀ ਦਾ ਰਾਜਨੀਤਿਕ ਦ੍ਰਿਸ਼ਟੀਕੋਣ ਤੇ ਸੁਭਾਉ, ਮਾਸਟਰ ਜੀ ਨਾਲੋਂ ਕਾਫ਼ੀ ਅਲੱਗ ਸੀ। ਮਾਸਟਰ ਜੀ ਬੇਸ਼ੱਕ ਖੁਲ੍ਹ ਕੇ ਸਿੱਖ ਬਹੁਗਿਣਤੀ ਵਾਲੇ ਸੂਬੇ ਦੀ ਗੱਲ ਨਹੀਂ ਸਨ ਕਰਦੇ ਅਤੇ ਜਨਤਕ ਤੌਰ 'ਤੇ ਪੰਜਾਬੀ ਬੋਲੀ ਦੇ ਆਧਾਰ 'ਤੇ ਪੰਜਾਬੀ ਸੂਬੇ ਦੀ ਸਥਾਪਨਾ ਦੀ ਮੰਗ ਨਾਲ ਹੀ ਵਚਨਬੱਧਤਾ ਪ੍ਰਗਟਾਉਂਦੇ ਸਨ ਪਰ ਉਨ੍ਹਾਂ ਦੇ ਬਿਆਨਾਂ ਤੇ ਵਿਖਿਆਨਾਂ 'ਚੋਂ ਉਨ੍ਹਾਂ ਦੇ ਦਿਲੀ-ਭਾਵ ਪੜ੍ਹਨੇ ਕੋਈ ਮੁਸ਼ਕਲ ਨਹੀਂ ਸਨ। ਅੰਦਰਲੇ ਮਨੋਂ ਉਹ ਭਾਰਤ ਦੇ ਅੰਦਰ ਹੀ ਸਿੱਖ ਪੰਥ ਦੀ ਖ਼ੁਦਮੁਖ਼ਤਿਆਰੀ ਵਾਲੇ ਸੂਬੇ, ਅਰਥਾਤ 'ਸਿੱਖ ਹੋਮਲੈਂਡ' ਦੇ ਮੁਦਈ ਸਨ। ਪਰ ਉਹ ਖੁੱਲ੍ਹ ਕੇ ਇਹ ਗੱਲ ਕਹਿਣ ਤੋਂ ਝਿਜਕਦੇ ਸਨ। ਉਂਜ, ਉਨ੍ਹਾਂ ਦੀ ਇਹ ਦਿਲੀ-ਇੱਛਾ ਤੇ ਭਾਵ ਪ੍ਰਗਟ ਹੋਣੋਂ ਨਹੀਂ ਸਨ ਰਹਿੰਦੇ। ਮਾਸਟਰ ਜੀ ਦੇ ਵਿਰੋਧੀਆਂ ਨੇ (ਪੰਥ ਦੇ ਅੰਦਰਲਿਆਂ ਤੇ ਬਾਹਰਲਿਆਂ, ਦੋਨਾਂ ਨੇ ਹੀ), ਉਨ੍ਹਾਂ ਦੀ ਇਸ 'ਕਮਜ਼ੋਰੀ' ਦਾ ਖ਼ੂਬ ਫ਼ਾਇਦਾ ਉਠਾਇਆ ਅਤੇ ਉਨ੍ਹਾਂ ਨੂੰ ਵਾਰ ਵਾਰ ਸਫ਼ਾਈਆਂ ਦੇਣ ਲਈ ਮਜਬੂਰ ਕਰ ਕੇ ਰਾਜਨੀਤਕ ਅਤੇ ਮਾਨਸਿਕ ਪ੍ਰੇਸ਼ਾਨੀਆਂ ਵਿੱਚ ਪਾਈ ਰੱਖਿਆ। ਇਸ ਦੇ ਉਲਟ, ਸੰਤ ਫਤਹਿ ਸਿੰਘ ਪੰਜਾਬੀ ਸੂਬੇ ਦੇ ਮਸਲੇ ਨੂੰ 'ਸਿੱਖ ਮਸਲਾ' ਬਣਾਉਣ ਦੀ ਥਾਂ ਸਮੁੱਚੇ ਪੰਜਾਬੀ ਭਾਈਚਾਰੇ ਦਾ ਸਾਂਝਾ ਮਸਲਾ ਬਣਾਉਣ ਦੀ 'ਸੈਕੂਲਰ' ਸੋਚ ਰੱਖਦੇ ਸਨ ਅਤੇ ਇਸ ਮੰਤਵ ਲਈ ਪੰਜਾਬ ਦੇ ਹਿੰਦੂ ਭਾਈਚਾਰੇ ਨਾਲ ਸਾਂਝ ਅਤੇ ਦੋਸਤੀ ਗੰਢਣ ਦੇ ਕਾਰਜ ਨੂੰ ਖ਼ਾਸ ਮਹੱਤਤਾ ਦਿੰਦੇ ਸਨ। ਇਸ ਕਰਕੇ, ਦੇਸ ਭਰ ਦੀਆਂ ਖੱਬੇ ਪੱਖੀ ਅਤੇ ਅਖੌਤੀ ਅਗਾਂਹਵਧੂ ਤਾਕਤਾਂ ਨੇ ਪੰਜਾਬੀ ਸੂਬੇ ਬਾਰੇ ਸੰਤ ਫਤਹਿ ਸਿੰਘ ਦੇ ਵਿਚਾਰਾਂ ਤੇ ਭਾਵਨਾਵਾਂ ਨੂੰ ਪੁੱਜ ਕੇ ਸਲਾਹਿਆ। ਉਨ੍ਹਾਂ ਸੰਤ ਨੂੰ ਹਿੰਦੂ-ਸਿੱਖ ਏਕਤਾ ਦੇ ਮਸੀਹਾ ਬਣਾ ਕੇ ਪੇਸ਼ ਕਰਨਾ ਸ਼ੁਰੂ ਕਰ ਦਿੱਤਾ।

ਹਿੰਦੂ ਹਾਕਮਾਂ ਨੇ ਅਕਾਲੀ ਦਲ ਦੀ ਅੰਮ੍ਰਿਤਸਰ ਕਾਨਫ਼ਰੰਸ (12 ਅਕਤੂਬਰ 1958) ਨੂੰ ਖ਼ਤਰੇ ਦੀ ਘੰਟੀ ਵਜੋਂ ਜਾਣਿਆ। ਪੰਜਾਬੀ ਸੂਬੇ ਲਈ ਸੰਘਰਸ਼ ਦੇ ਐਲਾਨ ਨੇ ਹੁਕਮਰਾਨ ਹਲਕਿਆਂ ਅੰਦਰ ਘਬਰਾਹਟ ਪੈਦਾ ਕਰ ਦਿੱਤੀ। ਅਗਲੇ ਹੀ ਮਹੀਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਸਾਲਾਨਾ ਚੋਣ ਹੋਣ ਜਾ ਰਹੀ ਸੀ। ਹਰ ਵੰਨਗੀ ਦੀਆਂ ਪੰਥ-ਦੋਖੀ ਤਾਕਤਾਂ ਮਾਸਟਰ ਤਾਰਾ ਸਿੰਘ ਕੋਲੋਂ ਪ੍ਰਧਾਨਗੀ ਦਾ ਅਹੁਦਾ ਖੋਹਣ ਲਈ ਇਕ ਜੁਟ ਹੋ ਗਈਆਂ ਅਤੇ ਇਸ ਦੇ ਲਈ ਉਨ੍ਹਾਂ ਆਪਣੀਆਂ ਸਾਰੀਆਂ ਸ਼ਕਤੀਆਂ ਝੋਕ ਦਿੱਤੀਆਂ। ਇਸੇ ਹੀ ਸਮੇਂ ਦੌਰਾਨ, ਪ੍ਰਤਾਪ ਸਿੰਘ ਕੈਰੋਂ ਨੇ ਕਾਂਗਰਸ ਵਿਧਾਇਕ ਦਲ ਅੰਦਰ ਆਪਣੀ ਧੜੇਬੰਦਕ ਖਹਿਬਾਜ਼ੀ 'ਚੋਂ, ਗਿਆਨੀ ਕਰਤਾਰ ਸਿੰਘ ਨੂੰ ਦਰ-ਕਿਨਾਰ ਕਰਨਾ ਸ਼ੁਰੂ ਕਰ ਦਿੱਤਾ ਹੋਇਆ ਸੀ। ਉਸ ਕੋਲੋਂ ਮਾਲ ਮਹਿਕਮਾ ਖੋਹ ਕੇ ਉਸ ਨੂੰ ਖੇਤੀ ਤੇ ਮੱਛੀ ਪਾਲਣ ਦਾ ਕਾਰਜ ਸੌਂਪ ਦਿੱਤਾ ਗਿਆ ਸੀ। ਇਸ ਤਰ੍ਹਾਂ, ਬਿਪਤਾ-ਮੂੰਹ ਆਏ ਗਿਆਨੀ ਕਰਤਾਰ ਸਿੰਘ ਲਈ ਆਪਣੀ 'ਵਿਗੜੀ ਸੰਵਾਰਨ' ਦਾ

ਇਸ ਤੋਂ ਸੁਨਹਿਰੀ ਮੌਕਾ ਹੋਰ ਕੀ ਹੋ ਸਕਦਾ ਸੀ ? ਹਿੰਦੂ ਹਾਕਮਾਂ ਦੀ ਖ਼ੁਸ਼ਨੂਦੀ ਹਾਸਲ ਕਰਨ ਲਈ ਮਾਸਟਰ ਤਾਰਾ ਸਿੰਘ ਦੀ ਲੀਡਰਸ਼ਿਪ ਨੂੰ ਢਾਹ ਲਾਉਣ ਤੋਂ ਵੱਡਾ 'ਪੁੰਨ' ਹੋਰ ਕੀ ਹੋ ਸਕਦਾ ਸੀ ? ਇਸ ਤਰ੍ਹਾਂ ਪੰਥ-ਵਿਰੋਧੀ ਮੁਹਾਜ਼ ਦੀਆਂ ਜੀਅ ਤੋੜ ਕੋਸ਼ਿਸ਼ਾਂ ਨਾਲ ਮਾਸਟਰ ਤਾਰਾ ਸਿੰਘ ਨੂੰ (16 ਨਵੰਬਰ 1958) ਤਿੰਨ ਵੋਟਾਂ ਦੇ ਫ਼ਰਕ (77-74) ਨਾਲ ਹਰਾ ਕੇ ਪ੍ਰਧਾਨਗੀ ਦੇ ਅਹੁਦੇ ਤੋਂ ਲਾਂਭੇ ਕਰ ਦਿੱਤਾ ਗਿਆ। 'ਟ੍ਰਿਬਿਊਨ' ਸਮੇਤ ਸਾਰੀ ਦੀ ਸਾਰੀ ਹਿੰਦੂ ਪ੍ਰੈਸ ਨੇ ਮਾਸਟਰ ਤਾਰਾ ਸਿੰਘ ਦੀ ਹਾਰ ਉੱਤੇ ਖ਼ੁਸ਼ੀਆਂ ਮਨਾਈਆਂ। ਹਰ ਕਿਸਮ ਦੇ ਸਰਕਾਰੀ ਦਬਾਅ ਅਤੇ ਹੱਥਕੰਡੇ ਵਰਤ ਕੇ ਕੇਵਲ ਤਿੰਨ ਵੋਟਾਂ ਦੇ ਫ਼ਰਕ ਨਾਲ ਹਾਸਲ ਕੀਤੀ 'ਜਿੱਤ' ਨੂੰ, ਹੋਛੇ ਢੰਗ ਨਾਲ "ਪੰਜਾਬੀ ਸੂਬੇ ਦੀ ਮੰਗ ਦੇ ਖ਼ਿਲਾਫ਼ ਇਕ ਫ਼ਤਵੇ" ਵਜੋਂ ਪੇਸ਼ ਕੀਤਾ ਗਿਆ।[28] ਮਾਸਟਰ ਤਾਰਾ ਸਿੰਘ ਨੇ (ਅਸਲ ਵਿੱਚ ਸਮੁੱਚੇ ਪੰਥ ਨੇ ਹੀ) ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਦੇ ਇਸ ਹੋਛੇ ਦਾਅਵੇ ਨੂੰ ਵੰਗਾਰ ਦੀ ਭਾਵਨਾ ਨਾਲ ਲੈਂਦਿਆਂ ਹੋਇਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਗਾਮੀ ਆਮ ਚੋਣਾਂ (ਜਨਵਰੀ 1960) ਪੰਜਾਬੀ ਸੂਬੇ ਦੇ ਮੁੱਦੇ 'ਤੇ ਹੀ ਲੜੀਆਂ। ਕਾਂਗਰਸੀਆਂ, ਕਮਿਊਨਿਸਟਾਂ ਅਤੇ ਪੰਥ ਅੰਦਰਲੇ ਭਗੌੜੇ ਅਨਸਰਾਂ ਨੇ ਆਪਣੇ ਪੰਥ-ਵਿਰੋਧੀ ਮੁਹਾਜ਼ ਨੂੰ 'ਸਾਧ ਸੰਗਤ ਬੋਰਡ' ਦਾ ਨਾਉਂ ਦਿੰਦਿਆਂ ਹੋਇਆਂ ਸਾਰੀਆਂ ਸੀਟਾਂ 'ਤੇ ਆਪਣੇ ਉਮੀਦਵਾਰ ਖੜੇ ਕੀਤੇ। ਪਰ ਨੰਗੇ ਸਰਕਾਰੀ ਦਖ਼ਲ ਦੇ ਬਾਵਜੂਦ 'ਸਾਧ ਸੰਗਤ ਬੋਰਡ' ਮੁਸ਼ਕਲ ਨਾਲ ਆਪਣੇ ਚਾਰ ਉਮੀਦਵਾਰ ਹੀ ਸਫਲ ਕਰਾ ਸਕਿਆ। ਅਕਾਲੀ ਦਲ ਦੇ ਉਮੀਦਵਾਰਾਂ ਨੇ 132 ਸੀਟਾਂ 'ਤੇ ਵੱਡੇ ਫ਼ਰਕਾਂ ਨਾਲ ਜਿੱਤਾਂ ਹਾਸਲ ਕੀਤੀਆਂ।[29] ਚੌਦਾਂ ਮਹੀਨੇ ਪਹਿਲਾਂ ਮਾਸਟਰ ਤਾਰਾ ਸਿੰਘ ਦੀ ਹਾਰ ਨੂੰ "ਪੰਜਾਬੀ ਸੂਬੇ ਦੀ ਮੰਗ ਵਿਰੁੱਧ ਫ਼ਤਵਾ" ਕਹਿਣ ਦਾ ਹੋਛਾਪਣ ਦਿਖਾਉਣ ਵਾਲੇ *ਟ੍ਰਿਬਿਊਨ* ਅਖ਼ਬਾਰ ਨੂੰ, ਨਤੀਜਿਆਂ ਦੇ ਐਲਾਨ ਤੋਂ ਪਹਿਲਾਂ ਹੀ ਜੀਅ-ਭਿਆਣੇ ਹੋ ਕੇ ਇਹ ਕਹਿਣਾ ਪੈ ਗਿਆ ਕਿ ਇਨ੍ਹਾਂ ਚੋਣਾਂ ਦੇ ਨਤੀਜਿਆਂ ਨੂੰ "ਰਾਜਨੀਤਕ ਮਾਮਲਿਆਂ ਬਾਰੇ ਇਕ ਫ਼ਤਵਾ ਨਹੀਂ ਸਮਝਿਆ ਜਾ ਸਕਦਾ।"[30]

ਅਕਾਲੀ ਦਲ ਦੀ ਟਿਕਟ 'ਤੇ ਕਾਮਯਾਬ ਹੋਏ ਸ਼੍ਰੋਮਣੀ ਕਮੇਟੀ ਦੇ ਸਾਰੇ 132 ਮੈਂਬਰਾਂ ਨੇ ਮਾਸਟਰ ਤਾਰਾ ਸਿੰਘ ਦੀ ਅਗਵਾਈ ਹੇਠ 24 ਜਨਵਰੀ 1960 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਇਹ ਪ੍ਰਣ ਲਿਆ ਕਿ ਉਹ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਆਪਣਾ ਤਨ, ਮਨ ਤੇ ਧਨ ਨਿਛਾਵਰ ਕਰ ਦੇਣਗੇ। ਸਿੱਖਾਂ ਦੇ ਹਿਰਦੇ ਕਾਂਗਰਸੀ ਹਾਕਮਾਂ ਦੀਆਂ ਪੰਥ-ਦੋਖੀ ਨੀਤੀਆਂ ਤੇ ਕਾਰਵਾਈਆਂ ਖ਼ਿਲਾਫ਼ ਤਪੇ ਪਏ ਸਨ। ਦਸੰਬਰ 1958 ਵਿੱਚ ਅਕਾਲੀ ਦਲ ਵੱਲੋਂ ਚੰਡੀਗੜ੍ਹ ਵਿਖੇ ਬੁਲਾਈ ਕਾਨਫ਼ਰੰਸ ਅਤੇ ਸਭਨਾਂ ਸਰਕਾਰੀ ਰੋਕਾਂ ਨੂੰ ਨਾਕਾਮ ਕਰ ਕੇ 15 ਮਾਰਚ 1959 ਨੂੰ ਦਿੱਲੀ ਵਿਖੇ ਕੱਢੇ ਗਏ ਮੌਨ ਜਲੂਸ ਵਿੱਚ ਲੱਖਾਂ ਦੀ ਗਿਣਤੀ ਵਿੱਚ ਸਿੱਖ ਸੰਗਤਾਂ ਦੀ ਪੁਰ-ਜੋਸ਼ ਸ਼ਮੂਲੀਅਤ ਤੋਂ ਸਿੱਖ ਰੋਹ ਦਾ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਸੀ। ਸਿੱਖ ਜਨਤਾ ਦੀ ਤਰਫ਼ੋਂ ਮਿਲੇ ਇਸ ਉਤਸ਼ਾਹੀ ਹੁੰਗਾਰੇ ਨੇ ਮਾਸਟਰ ਤਾਰਾ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਡਿੱਗੇ ਹੋਏ ਹੌਸਲੇ ਮੁੜ ਬੁਲੰਦ ਕਰ ਦਿੱਤੇ। ਕਾਂਗਰਸੀ ਹਾਕਮਾਂ ਖ਼ਿਲਾਫ਼ ਸੰਘਰਸ਼ ਦਾ ਬਿਗਲ ਵਜਾਉਣ ਦਾ ਇਸ ਤੋਂ ਵੱਧ ਢੁਕਵਾਂ ਤੇ ਸਾਜ਼ਗਾਰ ਮੌਕਾ ਹੋਰ ਕੋਈ ਨਹੀਂ ਸੀ ਹੋ ਸਕਦਾ। ਮੌਕੇ ਦੀ ਲੋੜ ਤੇ ਰੋਹ ਨੂੰ ਭਾਂਪਦਿਆਂ ਹੋਇਆਂ ਮਾਸਟਰ ਤਾਰਾ ਸਿੰਘ ਨੇ ਪੰਜਾਬੀ ਸੂਬੇ ਦੇ ਮਸਲੇ 'ਤੇ ਕਾਂਗਰਸੀ ਹਾਕਮਾਂ ਨਾਲ ਦੋ-ਹੱਥ ਕਰਨ ਦਾ ਮਨ ਬਣਾ ਲਿਆ। ਇਸ ਮੰਤਵ ਵਾਸਤੇ ਅਕਾਲੀ ਦਲ ਨੂੰ ਮੁਰਦਾ ਹੋ ਚੁੱਕੇ ਅਕਾਲੀ-ਕਾਂਗਰਸ ਸਮਝੌਤੇ ਦੇ ਬੰਧਨਾਂ ਤੋਂ ਰਸਮੀ ਤੌਰ 'ਤੇ ਮੁਕਤ ਕਰਨਾ ਪਹਿਲੀ ਤੇ ਜ਼ਰੂਰੀ ਲੋੜ ਸੀ। ਹੋਲਾ-ਮੁਹੱਲਾ ਦੇ ਮੌਕੇ

(1960) ਆਨੰਦਪੁਰ ਸਾਹਿਬ ਵਿਖੇ ਜੁੜੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 1957 ਦੀਆਂ ਚੋਣਾਂ ਵਿੱਚ ਕਾਂਗਰਸੀ ਟਿਕਟਾਂ 'ਤੇ ਕਾਮਯਾਬ ਹੋਏ ਆਪਣੇ ਸਾਰੇ ਵਿਧਾਇਕਾਂ ਤੇ ਪਾਰਲੀਮੈਂਟ ਮੈਂਬਰਾਂ ਨੂੰ ਤੁਰੰਤ ਕਾਂਗਰਸ ਵਿਧਾਇਕ ਦਲ ਤੋਂ ਅਲੱਗ ਹੋ ਜਾਣ ਦੇ ਨਿਰਦੇਸ਼ ਜਾਰੀ ਕਰ ਦਿੱਤੇ। ਪ੍ਰੰਤੂ 24 ਵਿੱਚੋਂ ਸਿਰਫ਼ ਪੰਜ ਵਿਧਾਇਕਾਂ (ਸ: ਆਤਮਾ ਸਿੰਘ, ਸ: ਸਰੂਪ ਸਿੰਘ, ਸ: ਹਰਗੁਰਨਾਦ ਸਿੰਘ, ਸ: ਊਧਮ ਸਿੰਘ ਤੇ ਮਾਸਟਰ ਪ੍ਰਤਾਪ ਸਿੰਘ) ਨੇ ਹੀ ਇਨ੍ਹਾਂ ਨਿਰਦੇਸ਼ਾਂ 'ਤੇ ਫੁੱਲ ਚੜ੍ਹਾਏ। ਬਾਕੀ ਦੇ 19 ਵਿਧਾਇਕਾਂ ਅਤੇ ਤਿੰਨੋਂ ਪਾਰਲੀਮੈਂਟ ਮੈਂਬਰਾਂ (ਜਿਨ੍ਹਾਂ ਵਿਚ ਸ: ਹੁਕਮ ਸਿੰਘ ਤੇ ਸ: ਅਜੀਤ ਸਿੰਘ ਸਰਹੱਦੀ ਵੀ ਸ਼ਾਮਲ ਸਨ) ਨੇ ਇਨ੍ਹਾਂ ਨਿਰਦੇਸ਼ਾਂ ਦੀ ਪਾਲਣਾ ਕਰਨ ਤੋਂ ਇਨਕਾਰੀ ਹੁੰਦਿਆਂ, ਕਾਂਗਰਸ ਪਾਰਟੀ ਦੇ ਹੀ ਮੈਂਬਰ ਬਣੇ ਰਹਿਣਾ ਪਸੰਦ ਕੀਤਾ।[31] ਅਕਾਲੀ ਰਾਜਨੀਤੀ ਅੰਦਰ ਦਸਾਂ ਸਾਲਾਂ ਦੇ ਵਕਫ਼ੇ ਅੰਦਰ ਦੂਜੀ ਵਾਰ ਵਾਪਰਿਆ ਇਹ 'ਹਾਦਸਾ' ਕੋਈ ਮਾਮੂਲੀ ਗੱਲ ਨਹੀਂ ਸੀ। ਇਹ ਪੰਥ ਅੰਦਰ ਸਮੂਹਕ ਹਿਤਾਂ ਲਈ ਵਿਅਕਤੀਗਤ ਮੁਫ਼ਾਦਾਂ ਨੂੰ ਲੱਤ ਮਾਰ ਦੇਣ ਦੀਆਂ ਖ਼ਾਲਸਈ ਰਵਾਇਤਾਂ ਦੇ ਕੁਮਲਾਅ ਜਾਣ ਅਤੇ ਨਿੱਜੀ ਪ੍ਰਾਪਤੀਆਂ ਦੀ ਲਾਲਸਾ ਅਧੀਨ ਪੰਥ ਦੇ ਹਿਤਾਂ ਨੂੰ ਬੇਦਾਵਾ ਦੇ ਜਾਣ ਦੀਆਂ ਬਿਮਾਰ ਰੁਚੀਆਂ ਦੇ ਬੇਲਗਾਮ ਹੋ ਤੁਰਨ ਦਾ ਚੇਤਾਵਨੀ-ਭਰਿਆ ਸੰਦੇਸ਼ ਸੀ।

ਮਾਸਟਰ ਤਾਰਾ ਸਿੰਘ ਨੇ ਪੰਜਾਬੀ ਸੂਬੇ ਦੇ ਪੱਖ ਵਿੱਚ ਹੋਰ ਵੱਧ ਵਿਸ਼ਾਲ ਲੋਕ ਰਾਇ ਲਾਮਬੰਦ ਕਰਨ ਲਈ 22 ਮਈ (1960) ਨੂੰ ਇਕ ਪੰਜਾਬੀ ਸੂਬਾ ਕਨਵੈਨਸ਼ਨ ਬੁਲਾਈ ਜਿਸ ਵਿੱਚ ਕੁਝ ਗ਼ੈਰ-ਕਾਂਗਰਸੀ ਰਾਜਸੀ ਦਲਾਂ ਦੇ ਆਗੂਆਂ ਨੇ ਵੀ ਹਿੱਸਾ ਲਿਆ। ਪੰਡਤ ਸੁੰਦਰ ਲਾਲ ਦੀ ਪ੍ਰਧਾਨਗੀ ਹੇਠ ਹੋਈ ਇਸ ਕਨਵੈਨਸ਼ਨ ਅੰਦਰ ਡਾ. ਸੈਫ਼ੁੱਦੀਨ ਕਿਚਲੂ ਵਰਗੀਆਂ ਮੰਨੀਆਂ-ਪ੍ਰਮੰਨੀਆਂ ਹਸਤੀਆਂ ਨੇ ਪੰਜਾਬੀ ਸੂਬੇ ਦੀ ਹਮਾਇਤ ਵਿੱਚ ਪ੍ਰਭਾਵਸ਼ਾਲੀ ਤਕਰੀਰਾਂ ਕੀਤੀਆਂ।[32] ਇਸ ਨਾਲ ਅਕਾਲੀ ਆਗੂਆਂ ਨੂੰ ਤਕੜੀ ਨੈਤਿਕ ਹੱਲਾਸ਼ੇਰੀ ਮਿਲੀ। ਅਕਾਲੀ ਦਲ ਵੱਲੋਂ ਪੰਜਾਬੀ ਸੂਬੇ ਦੇ ਪੱਖ ਵਿੱਚ ਕੀਤੀ ਗਈ ਸਫਲ ਲਾਮਬੰਦੀ ਨੇ ਕਾਂਗਰਸੀ ਆਗੂਆਂ ਉੱਤੇ ਆਪਣਾ ਅਸਰ ਦਿਖਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਹਤਾਸ਼ਪੁਣਾ ਅਕਾਲੀ ਲੀਡਰਸ਼ਿਪ ਵਿਰੁੱਧ ਬੇਹੂਦਾ ਬਿਆਨਬਾਜ਼ੀ ਦੇ ਰੂਪ ਵਿੱਚ ਪ੍ਰਗਟ ਹੋਣ ਲੱਗਾ। ਦਰਬਾਰਾ ਸਿੰਘ, ਜੋ ਉਸ ਵੇਲੇ ਪੰਜਾਬ ਕਾਂਗਰਸ ਦਾ ਪ੍ਰਧਾਨ ਸੀ, ਨੇ ਅਕਾਲੀ ਆਗੂਆਂ ਵਿਰੁੱਧ ਬੇਹੂਦਾ ਇਲਜ਼ਾਮਬਾਜ਼ੀ ਦੀ ਕਾਂਗਰਸੀ ਪ੍ਰੰਪਰਾ ਦਾ ਸ੍ਰੀ ਗਣੇਸ਼ ਕਰਦਿਆਂ, ਕਨਵੈਨਸ਼ਨ ਅੰਦਰ ਕੁਝ ਮੁਸਲਿਮ ਹਸਤੀਆਂ ਦੀ ਸ਼ਮੂਲੀਅਤ ਨੂੰ ਆਧਾਰ ਬਣਾ ਕੇ, ਮਾਸਟਰ ਤਾਰਾ ਸਿੰਘ ਉੱਤੇ "ਪਾਕਿਸਤਾਨ ਨਾਲ ਰਲ ਕੇ ਦੇਸ ਵਿਰੁੱਧ ਸਾਜ਼ਿਸ਼ ਰਚਣ" ਦਾ ਦੋਸ਼ ਮੜ੍ਹ ਦਿੱਤਾ।[33]

# 7

# ਪੰਜਾਬੀ ਸੂਬੇ ਦਾ ਮੋਰਚਾ

ਮਾਸਟਰ ਤਾਰਾ ਸਿੰਘ ਨੇ 23 ਮਈ (1960) ਨੂੰ ਐਲਾਨ ਕੀਤਾ ਕਿ ਅਕਾਲੀ ਦਲ ਵੱਲੋਂ 12 ਜੂਨ ਨੂੰ ਦਿੱਲੀ ਵਿਖੇ ਇਕ ਵਿਸ਼ਾਲ ਜਲੂਸ ਕੱਢਿਆ ਜਾਵੇਗਾ ਜੋ ਕਿ ਆਜ਼ਾਦ ਭਾਰਤ ਦੀ ਰਾਜਧਾਨੀ ਅੰਦਰ ਸਿੱਖਾਂ ਦਾ ਪਹਿਲਾ ਖੁੱਲ੍ਹਾ ਰਾਜਨੀਤਕ ਐਕਸ਼ਨ ਹੋਵੇਗਾ। ਦਿੱਲੀ ਅੰਦਰ ਇਸ ਤੋਂ ਪਹਿਲਾਂ ਹੋਈਆਂ ਸਿੱਖ ਸਰਗਰਮੀਆਂ ਤੱਤ ਪੱਖੋਂ ਰਾਜਨੀਤਕ ਹੋਣ ਦੇ ਬਾਵਜੂਦ ਉਨ੍ਹਾਂ ਦਾ ਸਰੂਪ ਧਾਰਮਿਕ ਰੱਖਣ ਦੀ ਸੁਚੇਤ ਪਹੁੰਚ ਅਪਣਾਈ ਗਈ ਸੀ। ਪਰ ਹੁਣ ਸਿੱਖ ਜਗਤ ਵੱਲੋਂ ਪ੍ਰਗਟਾਏ ਜਾ ਰਹੇ ਲੜਾਕੂ ਜੋਸ਼ ਤੋਂ ਉਤਸ਼ਾਹਤ ਹੋ ਕੇ ਅਕਾਲੀ ਦਲ ਨੇ ਭਾਰਤ ਦੇ ਹਿੰਦੂ ਹਾਕਮਾਂ ਨੂੰ ਸਿੱਧੀ ਰਾਜਸੀ ਚੁਣੌਤੀ ਦੇਣ ਦਾ ਮਨ ਬਣਾ ਲਿਆ। ਮਾਸਟਰ ਤਾਰਾ ਸਿੰਘ ਦਾ ਉਪਰੋਕਤ ਐਲਾਨ ਨਸ਼ਰ ਹੋਣ ਦੀ ਦੇਰ ਸੀ ਕਿ ਹਕੂਮਤ ਦੀ ਜਾਬਰ ਮਸ਼ੀਨਰੀ ਯਕਦਮ ਹਰਕਤ ਵਿੱਚ ਆ ਗਈ। ਮਾਸਟਰ ਸਮੇਤ ਸਭਨਾਂ ਪ੍ਰਮੁੱਖ ਅਕਾਲੀ ਆਗੂਆਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਅੰਦਰ ਡੱਕ ਦਿੱਤਾ ਗਿਆ। ਦੋਨੋਂ ਅਕਾਲੀ ਅਖ਼ਬਾਰਾਂ—*ਪ੍ਰਭਾਤ* (ਉਰਦੂ) ਤੇ *ਅਕਾਲੀ* (ਪੰਜਾਬੀ) ਉੱਤੇ ਪਾਬੰਦੀ ਲਾ ਦਿੱਤੀ ਗਈ। ਅਖ਼ਬਾਰੀ ਸਟਾਫ਼ ਨੂੰ ਹੱਥਕੜੀਆਂ 'ਚ ਜਕੜ ਕੇ ਠਾਣੇ ਅੰਦਰ ਬੰਦ ਕਰ ਦਿੱਤਾ ਅਤੇ ਦਫ਼ਤਰਾਂ ਨੂੰ ਤਾਲੇ ਮਾਰ ਦਿੱਤੇ ਗਏ। ਪੂਰੇ ਪੰਜਾਬ ਅੰਦਰ ਹਕੂਮਤੀ ਦਹਿਸ਼ਤ ਦੀ ਵਿਆਪਕ ਮੁਹਿੰਮ ਆਰੰਭ ਦਿੱਤੀ ਗਈ। ਸਰਕਾਰ ਦੇ ਇਨ੍ਹਾਂ ਜਾਬਰ ਹੱਥਕੰਡਿਆਂ ਵਿਰੁੱਧ ਰੋਸ ਪ੍ਰਗਟ ਕਰਨ ਅਤੇ ਪੰਜਾਬੀ ਸੂਬੇ ਦੀ ਹੱਕੀ ਮੰਗ ਦੇ ਪੱਖ ਵਿੱਚ ਆਵਾਜ਼ ਬੁਲੰਦ ਕਰਨ ਲਈ ਅਕਾਲੀ ਦਲ ਨੇ ਅੰਮ੍ਰਿਤਸਰ ਦਰਬਾਰ ਸਾਹਿਬ ਤੋਂ ਬਾਕਾਇਦਾ ਰੂਪ 'ਚ ਪੁਰਅਮਨ ਮੋਰਚਾ ਆਰੰਭ ਕਰ ਦਿੱਤਾ। ਹਰ ਰੋਜ਼ ਗਿਆਰਾਂ (ਜਾਂ ਇੱਕੀ) ਵਲੰਟੀਅਰ ਦਰਬਾਰ ਸਾਹਿਬ ਤੋਂ ਬਾਹਰ ਨਿਕਲ ਕੇ 'ਪੰਜਾਬੀ ਸੂਬਾ ਜ਼ਿੰਦਾਬਾਦ' ਦੇ ਨਾਹਰੇ ਗੁੰਜਾਉਂਦੇ ਗ੍ਰਿਫ਼ਤਾਰ ਹੋ ਜਾਂਦੇ। ਇਹ ਸਿਲਸਿਲਾ ਨਿਰੰਤਰ ਚੱਲਦਾ ਰਿਹਾ। 12 ਜੂਨ ਨੂੰ ਦਿੱਲੀ ਦੀਆਂ ਸਰਹੱਦਾਂ ਸੀਲ ਕਰ ਦਿੱਤੀਆਂ ਗਈਆਂ ਅਤੇ ਗੁਰਦੁਆਰਾ ਸੀਸ ਗੰਜ ਨੂੰ ਚਾਰ-ਚੁਫੇਰਿਓਂ ਪੁਲਸ ਘੇਰੇ ਵਿੱਚ ਲੈ ਲਿਆ ਗਿਆ। ਪਰ ਏਨੀਆਂ ਕਰੜੀਆਂ ਸਰਕਾਰੀ ਰੋਕਾਂ ਦੇ ਬਾਵਜੂਦ ਗੁਰਦੁਆਰਾ ਸੀਸ ਗੰਜ ਅੰਦਰ ਹਜ਼ਾਰਾਂ ਸਿੱਖ ਇਕੱਠੇ ਹੋ ਗਏ ਅਤੇ ਉਹ ਚਾਰ ਚਾਰ ਦੀਆਂ ਟੋਲੀਆਂ ਬਣਾ ਕੇ, 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਦੇ ਗੁਰਦੁਆਰੇ ਤੋਂ ਬਾਹਰ ਆ ਕੇ ਗ੍ਰਿਫ਼ਤਾਰੀਆਂ ਲਈ ਪੇਸ਼ ਹੁੰਦੇ ਰਹੇ। ਪਰ ਪੁਲਸ ਨੇ ਇਨ੍ਹਾਂ ਸ਼ਾਂਤਮਈ ਵਰਕਰਾਂ ਨਾਲ ਵਹਿਸ਼ੀ ਵਰਤਾਉ ਕੀਤਾ। ਨਿਹੱਥੇ ਤੇ ਸ਼ਾਂਤਮਈ ਵਰਕਰਾਂ ਉੱਤੇ ਦਿਨ ਭਰ ਲਾਠੀਆਂ ਵਰ੍ਹਦੀਆਂ ਰਹੀਆਂ ਅਤੇ ਕਈ ਥਾਵਾਂ 'ਤੇ ਅੱਥਰੂ ਗੈਸ ਵੀ ਛੱਡੀ ਗਈ। ਸ਼ਾਮ ਤਕ ਦਿੱਲੀ ਵਿੱਚ ਦੋ ਹਜ਼ਾਰ ਤੋਂ ਵੱਧ ਸਿੱਖ

ਗ੍ਰਿਫ਼ਤਾਰ ਕੀਤੇ ਗਏ। ਪੰਦਰਾਂ ਅਗਸਤ ਨੂੰ ਜਦ ਭਾਰਤ ਦੇ ਹਾਕਮ ਥਾਂ ਥਾਂ ਆਜ਼ਾਦੀ ਦੇ ਜਸ਼ਨ ਮਨਾ ਰਹੇ ਸਨ ਤਾਂ ਪੰਜਾਬ ਅਤੇ ਦਿੱਲੀ ਦੀਆਂ ਜੇਲ੍ਹਾਂ ਅੰਦਰ 25 ਹਜ਼ਾਰ ਤੋਂ ਵੀ ਵੱਧ ਸਿੱਖਾਂ, ਜਿਨ੍ਹਾਂ ਵਿੱਚ ਬਜ਼ੁਰਗ, ਨੌਜਵਾਨ, ਔਰਤਾਂ ਤੇ ਬੱਚੇ ਸ਼ਾਮਲ ਸਨ, ਨੂੰ ਗ਼ੁਲਾਮਾਂ ਵਾਂਗ ਬੰਦੀ ਬਣਾ ਕੇ ਬੈਰਕਾਂ ਅੰਦਰ ਡੱਕ ਰੱਖਿਆ ਹੋਇਆ ਸੀ।

ਮਾਸਟਰ ਤਾਰਾ ਸਿੰਘ ਦੀ ਗ੍ਰਿਫ਼ਤਾਰੀ (24 ਮਈ) ਤੋਂ ਬਾਅਦ ਮੋਰਚੇ ਦੀ ਕਮਾਨ ਸੰਤ ਫਤਹਿ ਸਿੰਘ ਨੇ ਸੰਭਾਲ ਲਈ ਸੀ। ਇਕ ਤਾਂ ਅਕਾਲੀ ਰਾਜਨੀਤੀ ਅੰਦਰ ਨਵਾਂ ਅਤੇ ਤਰੋਤਾਜ਼ਾ ਚਿਹਰਾ ਹੋਣ ਕਰਕੇ ਅਤੇ ਦੂਜਾ, 'ਸੰਤ' ਹੋਣ ਕਰਕੇ, ਸੰਤ ਫਤਹਿ ਸਿੰਘ ਸਿੱਖ ਜਨਤਾ ਅੰਦਰ ਬਹੁਤ ਜਲਦੀ ਮਕਬੂਲ ਹੋ ਗਿਆ। ਕੀਰਤਨ ਅਤੇ ਕਥਾ ਦਾ ਅਭਿਆਸੀ ਹੋਣ ਕਰਕੇ ਉਸ ਕੋਲ ਗੱਲ ਨੂੰ ਸਰਲ ਅਤੇ ਪ੍ਰਭਾਵਕਾਰੀ ਲਹਿਜੇ ਵਿੱਚ ਕਹਿਣ ਦਾ ਸਲੀਕਾ ਅਤੇ ਮੁਹਾਰਤ ਸੀ। ਧੀਮੀ ਅਤੇ ਸ਼ਾਂਤ ਸੁਰ ਕਾਇਮ ਰੱਖਦਿਆਂ ਹੋਇਆਂ ਵੀ ਉਹ ਸਿੱਖ ਸੰਗਤਾਂ ਨਾਲ ਭਾਵਨਾਤਮਿਕ ਰਾਬਤਾ ਕਾਇਮ ਕਰਨ ਅਤੇ ਉਨ੍ਹਾਂ ਦੇ ਜਜ਼ਬਾਤਾਂ ਨੂੰ ਉਂਗਲ ਫੜ ਕੇ ਨਾਲ ਤੋਰਨ ਦਾ ਹੁਨਰ ਰੱਖਦਾ ਸੀ। ਉਸ ਨੇ ਲੜਾਈ ਲੜ ਰਹੀ ਸਿੱਖ ਕੌਮ ਨੂੰ ਨਾ ਸਿਰਫ਼ ਮਾਸਟਰ ਤਾਰਾ ਸਿੰਘ ਵਰਗੇ ਸਿਰਮੌਰ ਆਗੂ ਦੀ ਗ਼ੈਰ-ਹਾਜ਼ਰੀ ਰੜਕਣ ਨਹੀਂ ਦਿੱਤੀ ਸਗੋਂ ਉਸਦੀ ਗ਼ੈਰ-ਮੌਜੂਦਗੀ ਵਿੱਚ, ਆਪਣੇ ਆਪ ਨੂੰ ਇਕ ਕਾਬਲ ਲੀਡਰ ਵਜੋਂ ਸਾਬਤ ਅਤੇ ਸਥਾਪਤ ਕਰ ਦਿਖਾਇਆ।

ਸੰਤ ਫਤਹਿ ਸਿੰਘ ਦੇ ਅਕਾਲੀ ਰਾਜਨੀਤੀ ਅੰਦਰ ਤੇਜ਼ੀ ਨਾਲ ਇਕ ਮਕਬੂਲ ਲੀਡਰ ਵਜੋਂ ਉਭਰ ਕੇ ਸਾਹਮਣੇ ਆ ਜਾਣ ਨਾਲ ਅਕਾਲੀ ਦਲ ਦੀ ਰਾਜਨੀਤਕ ਨੁਹਾਰ ਤੇ ਇਸ ਦੇ ਜਥੇਬੰਦਕ ਜੁਗਾੜ ਅੰਦਰ ਫੇਰ-ਬਦਲ ਹੋਣੀ ਸੁਭਾਵਿਕ ਸੀ। ਸੰਤ ਫਤਹਿ ਸਿੰਘ ਦੇ ਬਿਆਨਾਂ-ਵਿਖਿਆਨਾਂ ਤੋਂ ਇਹ ਗੱਲ ਭਲੀਭਾਂਤ ਸਪਸ਼ਟ ਹੋ ਗਈ ਸੀ ਕਿ ਉਸ ਦਾ ਰਾਜਨੀਤਿਕ ਦ੍ਰਿਸ਼ਟੀਕੋਣ ਮਾਸਟਰ ਤਾਰਾ ਸਿੰਘ ਨਾਲੋਂ ਕਾਫ਼ੀ ਅਲੱਗ ਸੀ। 28 ਅਕਤੂਬਰ 1960 ਨੂੰ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਪ੍ਰੈਸ ਨਾਲ ਗੱਲਬਾਤ ਕਰਦਿਆਂ ਸੰਤ ਫਤਹਿ ਸਿੰਘ ਨੇ ਇਹ ਗੱਲ ਜ਼ੋਰ ਦੇ ਕੇ ਆਖੀ, "ਅਸੀਂ ਭਾਰੂ ਸਿੱਖ ਵਸੋਂ ਵਾਲਾ ਇਲਾਕਾ ਨਹੀਂ ਚਾਹੁੰਦੇ। ਸਾਨੂੰ ਫ਼ੀਸਦੀਆਂ ਨਾਲ ਕੋਈ ਲਾਗਾ-ਦੇਗ਼ਾ ਨਹੀਂ। ਅਸੀਂ ਅਜਿਹਾ ਪੰਜਾਬੀ ਸੂਬਾ ਚਾਹੁੰਦੇ ਹਾਂ ਜਿਸ ਵਿੱਚ ਉਹ ਇਲਾਕੇ ਸ਼ਾਮਲ ਹੋਣ, ਜਿਥੇ ਪੰਜਾਬੀ ਬੋਲੀ ਜਾਂਦੀ ਹੈ। ਇਸ ਵਿੱਚ ਇਸ ਗੱਲ ਦੀ ਕੋਈ ਪਰਵਾਹ ਨਹੀਂ ਹੋਣੀ ਚਾਹੀਦੀ ਕਿ ਇਥੇ ਸਿੱਖ ਘੱਟਗਿਣਤੀ ਵਿੱਚ ਹਨ ਜਾਂ ਬਹੁਗਿਣਤੀ ਵਿੱਚ।"[1] ਇਸ ਦੀ ਤੁਲਨਾ ਵਿੱਚ, ਮਾਸਟਰ ਤਾਰਾ ਸਿੰਘ ਹਰ ਮਸਲੇ ਨੂੰ ਪੰਥ ਦੀ ਭਲਾਈ ਜਾਂ ਬੁਰਾਈ ਦੇ ਨੁਕਤਾ-ਨਜ਼ਰ ਤੋਂ ਦੇਖਣ ਦੀ ਰੁਚੀ ਰਖਦੇ ਸਨ। ਪੰਜਾਬੀ ਸੂਬੇ ਦੀ ਗੱਲ ਕਰਨ ਵੇਲੇ ਵੀ ਉਨ੍ਹਾਂ ਦਾ ਮੁੱਖ ਸਰੋਕਾਰ ਸਿੱਖ ਪੰਥ ਨੂੰ ਹਿੰਦੂ ਗ਼ਲਬੇ ਤੋਂ ਮੁਕਤ ਕਰਾਉਣਾ ਸੀ। ਇਸ ਕਰਕੇ, ਉਨ੍ਹਾਂ ਲਈ ਫ਼ੀਸਦੀਆਂ ਦਾ ਸੁਆਲ ਵੱਡੀ ਅਹਿਮੀਅਤ ਰੱਖਦਾ ਸੀ।

ਇਸ ਦ੍ਰਿਸ਼ਟੀ ਤੋਂ ਦੇਖਿਆਂ, ਮਾਸਟਰ ਤਾਰਾ ਸਿੰਘ ਵੱਲੋਂ ਸੰਤ ਫਤਹਿ ਸਿੰਘ ਦੀ ਚੜ੍ਹਤ ਨੂੰ ਚਿੰਤਾ ਦੀ ਨਜ਼ਰ ਨਾਲ ਦੇਖਣਾ ਸੁਭਾਵਿਕ ਸੀ। ਜਿਸ ਰਾਜਸੀ ਵਿਚਾਰਧਾਰਾ ਨੂੰ ਉਸਨੇ ਦਰੁਸਤ ਸਮਝਦੇ ਹੋਏ, ਦਹਾਕਿਆਂ ਤੋਂ ਪ੍ਰਕਿਆਈ ਤੇ ਦਿਆਨਤਦਾਰੀ ਨਾਲ ਅਪਣਾ ਰੱਖਿਆ ਹੋਇਆ ਸੀ, ਉਸ ਨੂੰ ਉਹ ਆਰਾਮ ਨਾਲ ਹੀ ਉਲੱਦਣ ਦੀ ਇਜਾਜ਼ਤ ਕਿਵੇਂ ਦੇ ਸਕਦਾ ਸੀ। ਇਸ ਤਰ੍ਹਾਂ, ਮਾਸਟਰ ਤਾਰਾ ਸਿੰਘ ਤੇ ਸੰਤ ਫਤਹਿ ਸਿੰਘ ਵਿਚਕਾਰ ਵਿਰੋਧ-ਭੇੜ ਦਾ ਰਾਜਸੀ ਆਧਾਰ ਪੈਦਾ ਹੋ ਗਿਆ ਜਿਸਨੇ ਆਗਾਮੀ ਦੌਰ ਦੀ ਅਕਾਲੀ ਰਾਜਨੀਤੀ ਨੂੰ ਗਹਿਰੀ ਤਰ੍ਹਾਂ ਪ੍ਰਭਾਵਿਤ ਕੀਤਾ।

ਪੰਜਾਬੀ ਸੂਬੇ ਦੇ ਮੋਰਚੇ ਨੂੰ ਜਦ ਕੋਈ ਸੱਤ ਮਹੀਨੇ ਹੋ ਚੱਲੇ ਤਾਂ ਅਕਾਲੀ ਲੀਡਰਸ਼ਿਪ

ਸਾਹਮਣੇ ਇਕ ਮੁਸ਼ਕਿਲ ਹਾਲਤ ਪੈਦਾ ਹੋ ਗਈ। ਗ੍ਰਿਫ਼ਤਾਰੀਆਂ ਦੀ ਗਿਣਤੀ ਸਰਕਾਰੀ ਅੰਕੜਿਆਂ ਮੁਤਾਬਕ 23 ਹਜ਼ਾਰ ਅਤੇ ਅਕਾਲੀ ਦਾਅਵਿਆਂ ਮੁਤਾਬਕ 57 ਹਜ਼ਾਰ ਹੋ ਗਈ ਸੀ।[12] ਭਾਰਤ ਦੇ ਇਤਿਹਾਸ ਅੰਦਰ ਕਿਸੇ ਪੁਰਅਮਨ ਮੋਰਚੇ ਦੌਰਾਨ ਏਨੀਆਂ ਗ੍ਰਿਫ਼ਤਾਰੀਆਂ ਕਦੇ ਨਹੀਂ ਸੀ ਹੋਈਆਂ। ਕੁਝ ਥਾਵਾਂ 'ਤੇ (ਬਠਿੰਡਾ ਸਪੈਸ਼ਲ ਜੇਲ੍ਹ ਅਤੇ ਪਟਿਆਲਾ ਗੁਰਦੁਆਰਾ ਦੂਖ ਨਿਵਾਰਨ) ਨਿਹੱਥੇ ਸਿੰਘਾਂ ਤੇ ਪੁਲਸ ਵੱਲੋਂ ਗੋਲੀ ਚਲਾਉਣ ਨਾਲ ਅੱਧ ਦਰਜਨ ਦੇ ਕਰੀਬ ਮੌਤਾਂ ਹੋ ਗਈਆਂ ਸਨ। ਭਾਰਤ ਸਰਕਾਰ ਪੰਜਾਬੀ ਸੂਬੇ ਦੀ ਮੰਗ ਮੰਨਣ ਦੇ ਉੱਕਾ ਹੀ ਰੌਂਅ ਵਿੱਚ ਨਹੀਂ ਸੀ। ਪ੍ਰਧਾਨ ਮੰਤਰੀ ਵੱਲੋਂ ਪੰਜਾਬੀ ਬੋਲੀ ਬਾਰੇ ਵਾਰ ਵਾਰ ਇਕ ਗੋਲ-ਮੋਲ ਗੱਲ ਕਹੀ ਜਾ ਰਹੀ ਸੀ ਕਿ ਪੰਜਾਬੀ ਸਮੁੱਚੇ ਪੰਜਾਬ ਦੀ 'ਮੁੱਖ ਭਾਸ਼ਾ' ਹੈ। ਨਾ ਉਹ ਪੰਜਾਬੀ ਨੂੰ ਸਮੁੱਚੇ ਪੰਜਾਬ ਦੀ 'ਰਾਜ ਭਾਸ਼ਾ' ਕਹਿਣ ਲਈ ਤਿਆਰ ਸੀ ਅਤੇ ਨਾ ਹੀ ਪੰਜਾਬ ਨਾਲੋਂ ਹਿੰਦੀ ਬੋਲਦੇ ਇਲਾਕੇ ਅਲੱਗ ਕਰ ਕੇ ਪੰਜਾਬੀ ਸੂਬੇ ਦੀ ਸਥਾਪਨਾ ਦੀ ਮੰਗ ਮੰਨਣ ਲਈ ਰਾਜ਼ੀ ਸੀ। ਪੰਜਾਬ ਅੰਦਰ ਕੈਰੋਂ ਪ੍ਰਸ਼ਾਸਨ ਦਾ ਸਾਰਾ ਜ਼ੋਰ ਪੁਰਅਮਨ ਮੋਰਚੇ ਨੂੰ ਪੁਰ-ਤਸ਼ੱਦਦ ਢੰਗ ਨਾਲ ਦਬਾਉਣ ਅਤੇ ਕੁਚਲਣ 'ਤੇ ਲੱਗਾ ਹੋਇਆ ਸੀ। ਪੰਜਾਬ ਦਾ ਹਿੰਦੂ ਵਰਗ ਕੈਰੋਂਸ਼ਾਹੀ ਦੀ ਪਿੱਠ ਉੱਤੇ ਖੜ੍ਹਾ ਸੀ ਅਤੇ ਉਸ ਨੂੰ ਅਕਾਲੀ ਮੋਰਚੇ ਨਾਲ 'ਕਰਾਰੇ ਹੱਥੀਂ ਨਿਪਟਣ' ਲਈ ਹੱਲਾਸ਼ੇਰੀ ਦੇ ਰਿਹਾ ਸੀ। ਕੈਰੋਂ ਅਕਾਲੀ ਲੀਡਰਸ਼ਿਪ ਨੂੰ ਹਫ਼ਾ ਕੇ ਦਮੋਂ ਕੱਢ ਦੇਣ ਦੀ ਰਣਨੀਤੀ ਉੱਤੇ ਚੱਲ ਰਿਹਾ ਸੀ।

## ਸੰਤ ਫਤਹਿ ਸਿੰਘ ਦਾ ਮਰਨ ਵਰਤ

ਮੋਰਚੇ ਦੇ ਲਮਕ ਜਾਣ ਸਦਕਾ ਅਤੇ ਇਸ ਦਾ ਕੋਈ ਸਿਰਾ ਨਜ਼ਰ ਨਾ ਆਉਂਦਾ ਦੇਖ ਕੇ, ਅਕਾਲੀ ਲੀਡਰਸ਼ਿਪ ਦੇ ਕੁਝ ਹਿੱਸਿਆਂ ਅੰਦਰ ਵਾਕਿਆ ਹੀ ਬੇਦਿਲੀ ਤੇ ਮਾਯੂਸੀ ਫੈਲਣੀ ਸ਼ੁਰੂ ਹੋ ਗਈ ਸੀ। ਮੁਸ਼ਕਿਲ ਹਾਲਤ ਵਿੱਚ ਫਸੀ ਅਕਾਲੀ ਲੀਡਰਸ਼ਿਪ ਸਾਹਮਣੇ ਦੋ ਰਾਹ ਸਨ। ਇਕ ਇਹ ਕਿ ਉਹ ਸੱਚ-ਬਿਆਨੀ ਕਰਦਿਆਂ ਹੋਇਆਂ ਮੋਰਚੇ ਨੂੰ ਠੱਪ ਕਰ ਦਿੰਦੀ। ਇਸ ਨਾਲ ਜਿਥੇ ਅਕਾਲੀ ਲੀਡਰਸ਼ਿਪ ਜ਼ਲੀਲ ਹੁੰਦੀ ਸੀ, ਉਥੇ ਨਾਲ ਹੀ ਸਿੱਖ ਪੰਥ ਅਤੇ ਅਕਾਲੀ ਦਲ ਦੀਆਂ ਸਫ਼ਾਂ ਅੰਦਰ ਹੋਰ ਵੱਧ ਨਿਰਾਸ਼ਤਾ ਅਤੇ ਬਦਜ਼ਨੀ ਪੈਦਾ ਹੋਣੀ ਸੀ। ਇਸ ਨੂੰ ਅਕਾਲੀ ਲੀਡਰਸ਼ਿਪ ਦੀ ਅਯੋਗਤਾ ਅਤੇ ਹਾਰ ਸਮਝਿਆ ਜਾਣਾ ਸੀ। ਆਪਣੀ ਅਯੋਗਤਾ ਤੇ ਹਾਰ ਕਬੂਲ ਕਰਨ ਲਈ ਬਹੁਤ ਵੱਡਾ ਜਿਗਰਾ ਚਾਹੀਦਾ ਹੈ। ਅਕਾਲੀ ਲੀਡਰਸ਼ਿਪ ਅੰਦਰ ਏਡਾ ਨੈਤਿਕ ਬਲ ਤੇ ਹੌਸਲਾ ਨਹੀਂ ਸੀ ਕਿ ਉਹ ਆਪਣੀ ਹਾਰ ਤੇ ਅਯੋਗਤਾ ਨੂੰ ਸਾਫ਼-ਦਿਲੀ ਨਾਲ ਕਬੂਲ ਕਰ ਲੈਂਦੀ। ਦੂਜਾ ਰਾਹ ਇਹ ਸੀ ਕਿ ਭਾਰਤੀ ਹਾਕਮਾਂ ਦਾ ਹਠ ਭੰਨਣ ਲਈ ਕੋਈ ਵਧੇਰੇ ਕਾਰਗਰ ਤਰੀਕਾ ਅਖ਼ਤਿਆਰ ਕੀਤਾ ਜਾਂਦਾ। ਪੁਰਅਮਨ ਜਦੋਜਹਿਦ ਅੰਦਰ ਜਦ ਜਨਤਕ ਰੋਸ ਦਾ ਹਥਿਆਰ ਬੇਅਸਰ ਹੋ ਜਾਵੇ ਤਾਂ ਸਵੈ-ਕੁਰਬਾਨੀ ਤੋਂ ਬਿਨਾਂ ਅਤੇ ਇਸ ਨਾਲੋਂ ਵੱਡਾ ਹੋਰ ਕੋਈ ਹਥਿਆਰ ਨਹੀਂ ਰਹਿ ਜਾਂਦਾ। ਗਾਂਧੀ ਨੇ ਭਾਰਤ ਦੀ ਆਜ਼ਾਦੀ ਦੀ ਲੜਾਈ ਦੌਰਾਨ, ਬਰਤਾਨਵੀ ਹਕੂਮਤ ਉੱਤੇ ਨੈਤਿਕ ਤੇ ਰਾਜਸੀ ਦਬਾਅ ਪਾਉਣ ਲਈ 'ਮਰਨ ਵਰਤ' ਦੇ ਰੂਪ ਵਿੱਚ ਸਵੈ-ਕੁਰਬਾਨੀ ਦੇ ਹਥਿਆਰ ਦੀ ਸਫਲ ਵਰਤੋਂ ਦੀਆਂ ਕਈ ਮਿਸਾਲਾਂ ਕਾਇਮ ਕੀਤੀਆਂ ਸਨ। 1953 ਵਿੱਚ ਡਾ. ਰੁਮੂਲੂ ਵੱਲੋਂ ਵੱਖਰੇ ਆਂਧਰਾ ਪ੍ਰਦੇਸ਼ ਦੀ ਸਥਾਪਨਾ ਲਈ ਆਪਣੀ ਜਾਨ ਦੀ ਅਹੂਤੀ ਦੇਣ ਦੀ ਉਤਸ਼ਾਹੀ ਉਦਾਹਰਣ ਨੇ, ਸੰਤ ਫਤਹਿ ਸਿੰਘ ਨੂੰ ਵੀ, ਹੋਰ ਕੋਈ ਚਾਰਾ ਨਾ ਚੱਲਦਾ ਦੇਖ ਕੇ ਇਸ ਰਾਹ ਪੈਣ ਲਈ ਪ੍ਰੇਰਿਤ ਕੀਤਾ। ਉਸ ਨੇ ਪਹਿਲੀ ਨਵੰਬਰ 1960 ਨੂੰ ਅਖ਼ਬਾਰਾਂ ਦੇ ਨਾਉਂ ਜਾਰੀ ਕੀਤੇ

ਆਪਣੇ ਇਕ ਬਿਆਨ ਅੰਦਰ, ਮੋਰਚੇ ਨੂੰ ਵਾਪਸ ਲੈਣ ਦੀ ਸੰਭਾਵਨਾ ਨੂੰ ਦੋ ਟੁੱਕ ਰੂਪ 'ਚ ਰੱਦ ਕਰਦਿਆਂ ਹੋਇਆਂ ਦੁਖੀ ਮਨ ਨਾਲ ਇਹ ਐਲਾਨ ਕੀਤਾ ਕਿ, "ਇਹ ਹੁਣ ਲਾਜ਼ਮੀ ਬਣ ਗਿਆ ਹੈ ਕਿ ਆਪਣੀ ਗੱਲ ਨੂੰ ਸਹੀ ਸਾਬਤ ਕਰ ਦਿਖਾਉਣ ਲਈ ਮੈਂ ਆਪਣੀ ਜ਼ਿੰਦਗੀ ਅਰਪਣ ਕਰ ਦੇਵਾਂ।"[3] ਇਸ ਤੋਂ ਤਿੰਨ ਦਿਨ ਪਹਿਲਾਂ ਹੀ ਉਨ੍ਹਾਂ ਪ੍ਰਧਾਨ ਮੰਤਰੀ ਨੂੰ ਇਕ ਲੰਮੀ ਚਿੱਠੀ ਲਿਖੀ ਸੀ ਜਿਸ ਵਿੱਚ ਪੰਜਾਬੀ ਸੂਬੇ ਦੀ ਮੰਗ ਨੂੰ ਨਿੱਗਰ ਦਲੀਲਾਂ ਰਾਹੀਂ ਵਾਜਬ ਠਹਿਰਾਇਆ ਗਿਆ ਸੀ ਅਤੇ ਪੰਜਾਬ ਸਰਕਾਰ ਵੱਲੋਂ ਅਕਾਲੀ ਦਲ ਦੀ ਪੁਰਅਮਨ ਜੱਦੋਜਹਿਦ ਪ੍ਰਤੀ ਅਪਣਾਏ ਗ਼ੈਰ-ਜਮਹੂਰੀ ਤੇ ਵਹਿਸ਼ੀ ਵਤੀਰੇ ਦਾ, ਠੋਸ ਤੱਥਾਂ ਤੇ ਵੇਰਵਿਆਂ ਨਾਲ ਵਰਣਨ ਕੀਤਾ ਗਿਆ ਸੀ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਜ਼ੋਰਦਾਰ ਚਿਤਾਵਨੀ ਦਿੰਦਿਆਂ ਹੋਇਆਂ ਇਹ ਅਖ਼ੀਰੀ ਗੱਲ ਸੁਣਾ ਦਿੱਤੀ ਸੀ ਕਿ "ਮੈਂ ਆਪਣੇ ਲੋਕਾਂ ਦੇ ਦੁਖੜਿਆਂ ਨੂੰ ਹੋਰ ਵੱਧ ਬਰਦਾਸ਼ਤ ਨਹੀਂ ਕਰ ਸਕਦਾ ਅਤੇ ਮਰਨ ਵਰਤ ਰੱਖਣ ਲਈ ਮਜਬੂਰ ਹੋਵਾਂਗਾ।"[4] ਉਨ੍ਹਾਂ ਕਿਹਾ ਕਿ ਮਰਨ ਵਰਤ ਸ਼ੁਰੂ ਕਰਨ ਦੀ ਤਰੀਕ ਬਾਰੇ ਫ਼ੈਸਲਾ ਪ੍ਰਧਾਨ ਮੰਤਰੀ ਦਾ ਜੁਆਬ ਆਉਣ ਤੋਂ ਬਾਅਦ ਕੀਤਾ ਜਾਵੇਗਾ। ਪਰ ਪ੍ਰਧਾਨ ਮੰਤਰੀ ਵੱਲੋਂ ਸੰਤ ਫਤਹਿ ਸਿੰਘ ਦੀ ਇਸ ਚਿੱਠੀ ਦਾ ਕੋਈ ਜੁਆਬ ਨਾ ਆਇਆ। ਕੁਝ ਦਿਨਾਂ ਦੀ ਉਡੀਕ ਤੋਂ ਬਾਅਦ ਸੰਤ ਜੀ ਨੇ ਪ੍ਰਧਾਨ ਮੰਤਰੀ ਨੂੰ ਇਕ ਹੋਰ ਚਿੱਠੀ ਲਿਖੀ ਜਿਸ ਵਿੱਚ ਉਨ੍ਹਾਂ 18 ਦਸੰਬਰ (1960) ਤੋਂ ਮਰਨ ਵਰਤ ਸ਼ੁਰੂ ਕਰਨ ਦਾ ਆਪਣਾ ਅੰਤਮ ਫ਼ੈਸਲਾ ਸੁਣਾ ਦਿੱਤਾ। ਪ੍ਰਧਾਨ ਮੰਤਰੀ ਅਤੇ ਪੰਜਾਬ ਸਰਕਾਰ ਨੇ ਫਿਰ ਵੀ ਇਸ ਫ਼ੈਸਲੇ ਨੂੰ ਬਹੁਤੀ ਗੰਭੀਰਤਾ ਨਾਲ ਨਾ ਲਿਆ।

ਸੋ ਸੰਤ ਫਤਹਿ ਸਿੰਘ ਨੇ 18 ਦਸੰਬਰ ਨੂੰ ਆਪਣਾ ਮਰਨ ਵਰਤ ਸ਼ੁਰੂ ਕਰ ਦਿੱਤਾ। ਮਰਨ ਵਰਤ ਸ਼ੁਰੂ ਕਰਨ ਤੋਂ ਪਹਿਲਾਂ ਉਨ੍ਹਾਂ ਅਕਾਲ ਤਖ਼ਤ ਉੱਤੇ ਹਜ਼ਾਰਾਂ ਸੰਗਤਾਂ ਦੀ ਹਾਜ਼ਰੀ ਵਿੱਚ ਇਹ ਪ੍ਰਣ ਲਿਆ ਕਿ ਜਦੋਂ ਤਕ ਭਾਰਤ ਸਰਕਾਰ ਪੰਜਾਬੀ ਬੋਲਦੇ ਰਾਜ ਦੀ ਸਥਾਪਨਾ ਲਈ ਕਾਨੂੰਨੀ ਤੌਰ 'ਤੇ ਜਾਇਜ਼ ਮੰਗ ਦੇ ਅਸੂਲ ਨੂੰ ਪ੍ਰਵਾਨ ਨਹੀਂ ਕਰ ਲੈਂਦੀ, ਉਹ ਉਤਨੀ ਦੇਰ ਤਕ ਆਪਣਾ ਵਰਤ ਨਹੀਂ ਛੱਡਣਗੇ। ਇਸ ਤੋਂ ਪਹਿਲਾਂ ਉਨ੍ਹਾਂ ਮੰਜੀ ਸਾਹਿਬ ਵਿਖੇ ਸੰਗਤਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਇਹ ਵਿਸ਼ਵਾਸ ਜ਼ਾਹਰ ਕੀਤਾ ਕਿ ਉਨ੍ਹਾਂ ਦੀ ਕੁਰਬਾਨੀ ਨਾਲ "ਭਾਰਤ ਸਰਕਾਰ ਨੂੰ ਆਖ਼ਰਕਾਰ ਝੰਜੋੜਾ ਆਏਗਾ"। ਉਸੇ ਮੌਕੇ ਇਹ ਵੀ ਐਲਾਨ ਕੀਤਾ ਗਿਆ ਕਿ ਸੰਤ ਫਤਹਿ ਸਿੰਘ ਦੀ 'ਸ਼ਹਾਦਤ' ਤੋਂ ਬਾਅਦ ਦਸ ਹੋਰ ਅਕਾਲੀ ਲੀਡਰ ਵਾਰੀ ਵਾਰੀ ਇਸੇ ਤਰ੍ਹਾਂ "ਕੌਮ ਲਈ ਆਪਣੀਆਂ ਜ਼ਿੰਦਗੀਆਂ ਨਿਛਾਵਰ" ਕਰਨਗੇ।[5] ਇਨ੍ਹਾਂ ਦਸਾਂ 'ਜ਼ਿੰਦਾ ਸ਼ਹੀਦਾਂ' ਵਿੱਚ ਸਭ ਤੋਂ ਪ੍ਰਮੁੱਖ ਨਾਉਂ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਦਾ ਸੀ।

ਨਹਿਰੂ ਨੇ ਇਸ ਘਟਨਾਕ੍ਰਮ ਬਾਰੇ ਫ਼ੌਰੀ ਪ੍ਰਤੀਕਰਮ ਜ਼ਾਹਰ ਕਰਨ ਤੋਂ ਗ਼ੁਰੇਜ਼ ਕਰੀ ਰੱਖਿਆ। ਉਹ ਇਹੀ ਗੱਲ ਦੁਹਰਾਉਂਦਾ ਰਿਹਾ ਕਿ ਪੰਜਾਬੀ ਪੰਜਾਬ ਦੀ 'ਮੁੱਖ ਭਾਸ਼ਾ' ਹੈ, ਪਰ ਨਾਲ ਹੀ ਕਿਉਂ ਜੋ "ਪੰਜਾਬ ਦੇ ਬਹੁਤ ਸਾਰੇ ਲੋਕ ਹਿੰਦੀ ਵੀ ਬੋਲਦੇ ਹਨ" ਇਸ ਕਰਕੇ "ਇਸ ਦੀ ਵੀ ਤਰੱਕੀ ਹੋਣੀ ਚਾਹੀਦੀ ਹੈ।"[6] 23 ਦਸੰਬਰ ਨੂੰ ਨਹਿਰੂ ਨੇ ਦਿੱਲੀ ਵਿਖੇ ਇਕ ਜਨਤਕ ਜਲਸੇ ਨੂੰ ਸੰਬੋਧਨ ਕਰਦਿਆਂ ਹੋਇਆਂ ਸੰਤ ਫਤਹਿ ਸਿੰਘ ਨੂੰ ਵਰਤ ਛੱਡ ਦੇਣ ਦੀ ਅਪੀਲ ਕੀਤੀ ਅਤੇ ਨਾਲ ਹੀ ਉਸ ਨੂੰ ਦਿੱਲੀ ਗੱਲਬਾਤ ਲਈ ਆਉਣ ਦਾ ਵੀ ਸੱਦਾ ਦੇ ਦਿੱਤਾ। ਪਰ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਨਹਿਰੂ ਦੀ ਇਸ ਅਪੀਲ ਨੂੰ, ਨਾ ਤਸੱਲੀਬਖ਼ਸ਼ ਸਮਝਦਿਆਂ ਹੋਇਆਂ, ਠੁਕਰਾ ਦਿੱਤਾ। ਉਂਜ ਉਸ ਵੇਲੇ ਅਕਾਲੀ ਦਲ ਅੰਦਰਲਾ ਇਕ ਬਾ-ਰਸੂਖ਼ ਧੜਾ ਪ੍ਰਧਾਨ ਮੰਤਰੀ ਨਾਲ ਆਪਣਾ ਬਾਕਾਇਦਾ ਸੰਪਰਕ ਕਾਇਮ ਰੱਖ ਰਿਹਾ ਸੀ ਅਤੇ ਉਹ ਨਹਿਰੂ ਵੱਲੋਂ ਸਮੁੱਚੇ ਪੰਜਾਬ ਨੂੰ ਇਕ ਭਾਸ਼ੀ ਰਾਜ ਐਲਾਨਣ ਬਾਰੇ ਕਾਫ਼ੀ ਆਸਵੰਦ ਸੀ।

ਇਸੇ ਦੌਰਾਨ ਚਾਰ ਜਨਵਰੀ (1961) ਨੂੰ ਪੰਜਾਬ ਸਰਕਾਰ ਨੇ ਮਾਸਟਰ ਤਾਰਾ ਸਿੰਘ ਨੂੰ ਅਚਾਨਕ ਧਰਮਸ਼ਾਲਾ ਜੇਲ੍ਹ ਤੋਂ ਰਿਹਾਅ ਕਰ ਦਿੱਤਾ। ਜੇਲ੍ਹ ਤੋਂ ਬਾਹਰ ਆਉਂਦਿਆਂ ਹੀ ਮਾਸਟਰ ਤਾਰਾ ਸਿੰਘ ਨੂੰ ਇਕ ਮੁਸ਼ਕਲ ਅਤੇ ਕਸੂਤੀ ਸਥਿਤੀ ਦਾ ਸਾਹਮਣਾ ਕਰਨਾ ਪੈ ਗਿਆ। ਸਿੱਖ ਸਫ਼ਾਂ ਦੀਆਂ ਹਮਦਰਦੀਆਂ, ਸੁਭਾਵਿਕ ਤੌਰ 'ਤੇ ਹੀ, ਸੰਤ ਫਤਹਿ ਸਿੰਘ ਨਾਲ ਜੁੜ ਗਈਆਂ ਸਨ। 18 ਦਸੰਬਰ ਨੂੰ ਵਰਤ ਸ਼ੁਰੂ ਕਰਨ ਤੋਂ ਪਹਿਲਾਂ ਮੰਜੀ ਸਾਹਿਬ ਵਿਖੇ ਸੰਤ ਵਲੋਂ ਦਿੱਤੇ ਦਿਲ-ਹਲੂਣਵੇਂ ਭਾਸ਼ਣ ਨੂੰ ਹਜ਼ਾਰਾਂ ਸੰਗਤਾਂ ਨੇ ਜਿਸ ਸ਼ਰਧਾ ਨਾਲ ਸੁਣਿਆ, ਉਸ ਤੋਂ ਸਿੱਖ ਸੰਗਤਾਂ ਦੇ ਭਾਵ ਸਾਫ਼ ਪੜ੍ਹੇ ਜਾ ਸਕਦੇ ਸਨ। ਭਾਵੇਂ ਸਿੱਖ ਪ੍ਰੰਪਰਾ ਅੰਦਰ ਸ਼ਹਾਦਤ ਅਤੇ ਕੁਰਬਾਨੀ ਨੂੰ ਬਹੁਤ ਹੀ ਉੱਚਾ ਰੁਤਬਾ ਹਾਸਲ ਹੈ, ਪ੍ਰੰਤੂ ਉਸ ਮੌਕੇ ਸਿੱਖ ਜਗਤ ਜਿਹੜੀ ਮਨੋਂ-ਅਵਸਥਾ ਵਿੱਚੋਂ ਗੁਜ਼ਰ ਰਿਹਾ ਸੀ ਉਸ ਵਿੱਚ ਪੰਥ ਦਾ ਵੱਡਾ ਹਿੱਸਾ ਸੰਤ ਫਤਹਿ ਸਿੰਘ ਦੀ ਸ਼ਹਾਦਤ ਨਾਲੋਂ ਉਸ ਦੀ ਜ਼ਿੰਦਗੀ ਦੀ ਖ਼ੈਰ ਚਾਹ ਰਿਹਾ ਸੀ। ਅਜੀਬ ਗੱਲ ਇਹ ਕਿ ਉਹ ਨਾਲ ਹੀ ਇਹ ਵੀ ਵਿਸ਼ਵਾਸ ਕਰੀ ਬੈਠਾ ਸੀ ਕਿ ਸੰਤ ਦੀ ਜਾਨ ਜੇਕਰ ਬਚ ਸਕਦੀ ਹੈ ਤਾਂ ਮਾਸਟਰ ਤਾਰਾ ਸਿੰਘ ਦੇ ਸੁਹਿਰਦ ਯਤਨਾਂ ਨਾਲ ਹੀ ਬਚ ਸਕਦੀ ਹੈ। ਉਸ ਵੇਲੇ ਤਕ ਅਕਾਲੀ ਦਲ ਦੀਆਂ ਕੁਝ ਸਫ਼ਾਂ ਅੰਦਰ ਮਾਸਟਰ ਤਾਰਾ ਸਿੰਘ ਦੇ ਵਿਰੁੱਧ ਬੇਵਿਸ਼ਵਾਸੀ ਦਾ ਮਾਹੌਲ ਬਣਨਾ ਸ਼ੁਰੂ ਹੋ ਗਿਆ ਸੀ। ਇਸ ਦੇ ਕਈ ਕਾਰਨ ਸਨ। ਕੁਝ ਕਾਰਨਾਂ ਦਾ ਸਬੰਧ ਮਾਸਟਰ ਜੀ ਦੀ ਸ਼ਖ਼ਸੀਅਤ ਤੇ ਕਾਰਜ-ਸ਼ੈਲੀ ਨਾਲ ਜੁੜਦਾ ਸੀ। ਪਰ ਕੁਝ ਕਾਰਨ ਅਜਿਹੇ ਸਨ ਜਿਨ੍ਹਾਂ ਲਈ ਮਾਸਟਰ ਤਾਰਾ ਸਿੰਘ ਸਿੱਧੇ ਤੇ ਵਿਅਕਤੀਗਤ ਰੂਪ 'ਚ ਜ਼ਿੰਮੇਵਾਰ ਨਹੀਂ ਸੀ। ਇਨ੍ਹਾਂ ਦਾ ਸਬੰਧ ਸਿੱਖ ਸੰਘਰਸ਼ ਦੀਆਂ ਕੁਝ ਵਿਸ਼ੇਸ਼ ਪ੍ਰਸਥਿਤੀਆਂ ਤੇ ਸਮੱਸਿਆਵਾਂ ਨਾਲ ਜਾ ਜੁੜਦਾ ਸੀ। ਪਰ ਜਿਵੇਂ ਕਿ ਆਮ ਤੌਰ 'ਤੇ ਹੋਇਆ ਕਰਦਾ ਹੈ, ਕੌਮਾਂ ਕੋਲੋਂ ਆਪਣੀਆਂ ਅਪ੍ਰਾਪਤੀਆਂ ਤੇ ਅਸਫਲਤਾਵਾਂ ਪ੍ਰਤੀ ਹਮੇਸ਼ਾ ਹੀ ਵਿਵੇਕਸ਼ੀਲ ਪਹੁੰਚ ਨਹੀਂ ਅਪਣਾਈ ਜਾਂਦੀ। ਜਾਂ ਇਹ ਕਹਿਣਾ ਵਧੇਰੇ ਠੀਕ ਹੋਵੇਗਾ ਕਿ ਅਜਿਹੀ ਪਹੁੰਚ ਅਪਨਾਉਣ ਦੀਆਂ ਉਦਾਹਰਣਾਂ ਬਹੁਤ ਹੀ ਟਾਂਵੀਆਂ ਹੁੰਦੀਆਂ ਹਨ। ਆਮ ਤੌਰ 'ਤੇ ਅਪ੍ਰਾਪਤੀਆਂ ਤੇ ਅਸਫਲਤਾਵਾਂ ਲਈ ਜ਼ਿੰਮੇਵਾਰ ਕਾਰਨਾਂ ਦੀ ਡੂੰਘੀ ਛਾਣ-ਬੀਣ ਕਰਨ ਦੀ ਥਾਂ, ਇਸ ਦੇ ਲਈ ਕਿਸੇ ਵਿਅਕਤੀ-ਵਿਸ਼ੇਸ਼ ਨੂੰ 'ਦੋਸ਼ੀ' ਟਿੱਕਣ ਦੀ ਉਲਾਰ ਪ੍ਰਵਿਰਤੀ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਇਸ ਤਰ੍ਹਾਂ, ਆਪਣੀ ਔਖ ਅਤੇ ਮਾਯੂਸੀ ਦਾ ਸਾਰਾ ਨਜ਼ਲਾ ਆਪਹੁਦਰੇ ਢੰਗ ਨਾਲ ਟਿੱਕੇ 'ਮੁਜਰਿਮ' ਉੱਤੇ ਝਾੜ ਕੇ ਮਨ ਅੰਦਰਲਾ ਗੁਬਾਰ ਕੱਢ ਲਿਆ ਜਾਂਦਾ ਹੈ। ਸਿੱਖ ਪੰਥ ਵਰਗੀਆਂ ਜੰਗਜੂ ਸੁਭਾਅ ਵਾਲੀਆਂ ਕੌਮਾਂ ਅੰਦਰ ਇਹ ਪ੍ਰਵਿਰਤੀ ਆਮ ਨਾਲੋਂ ਸਵਾਈ ਹੋ ਕੇ ਉਘੜਦੀ ਹੈ।

ਇਸ ਤਰ੍ਹਾਂ, ਜਦ ਭਾਰਤ ਸਰਕਾਰ ਵੱਲੋਂ ਸੰਤ ਫਤਹਿ ਸਿੰਘ ਦੇ ਮਰਨ ਵਰਤ ਪ੍ਰਤੀ ਧਾਰੇ ਨਿਹੱਕੇ ਰਵਈਏ ਸਦਕਾ ਸਿੱਖ ਜਗਤ ਗਹਿਰੇ ਮਾਨਸਿਕ ਤਣਾਅ 'ਚੋਂ ਗੁਜ਼ਰ ਰਿਹਾ ਸੀ ਤਾਂ ਸਿੱਖ ਕੌਮ ਦੇ ਕੁਝ ਹਿੱਸਿਆਂ ਦੇ ਮਨਾਂ ਅੰਦਰ ਮਾਸਟਰ ਤਾਰਾ ਸਿੰਘ ਪ੍ਰਤੀ ਬੇਭਰੋਸਗੀ ਤੇ ਬਦਜ਼ਨੀ ਨੇ ਅਪਰਗਟ ਰੂਪ ਵਿੱਚ ਜੜ੍ਹਾਂ ਫੜਨੀਆਂ ਸ਼ੁਰੂ ਕਰ ਦਿੱਤੀਆਂ ਸਨ। ਅਕਾਲੀ ਸਫ਼ਾਂ ਅੰਦਰ ਇਹ ਪ੍ਰਭਾਵ ਬਣ ਰਿਹਾ ਸੀ, ਜਾਂ ਕੁਝ ਹਲਕਿਆਂ ਵੱਲੋਂ ਗਿਣੇ-ਮਿੱਥੇ ਰੂਪ 'ਚ ਬਣਾਇਆ ਜਾ ਰਿਹਾ ਸੀ ਕਿ ਮਾਸਟਰ ਤਾਰਾ ਸਿੰਘ ਵੱਲੋਂ ਸੰਤ ਜੀ ਦੀ ਜਾਨ ਬਚਾਉਣ ਲਈ ਪੂਰੀ ਸ਼ਿਦਤ ਅਤੇ ਸੁਹਿਰਦਤਾ ਨਾਲ ਕੋਸ਼ਿਸ਼ਾਂ ਨਹੀਂ ਕੀਤੀਆਂ ਜਾ ਰਹੀਆਂ। ਮਾਸਟਰ ਤਾਰਾ ਸਿੰਘ ਲਈ ਇਹ ਹਾਲਤ ਬਹੁਤ ਹੀ ਮੁਸੀਬਤ ਭਰੀ ਸਾਬਤ ਹੋ ਰਹੀ ਸੀ। ਸੰਤ ਦੀ ਜਾਨ ਬਚਾਉਣ ਦੇ ਦੋ ਹੀ ਢੰਗ ਸਨ। ਇਕ ਇਹ ਕਿ ਭਾਰਤ ਸਰਕਾਰ ਪੰਜਾਬੀ ਸੂਬੇ ਦੀ ਸਥਾਪਨਾ ਦੀ ਮੰਗ ਨੂੰ ਸਿਧਾਂਤਕ ਰੂਪ ਵਿੱਚ ਪ੍ਰਵਾਨ ਕਰ ਲੈਣ ਦਾ ਐਲਾਨ

ਕਰ ਦਿੰਦੀ। ਦੂਜਾ, ਇਹ ਕਿ ਸੰਤ ਫਤਹਿ ਸਿੰਘ ਨੂੰ ਆਪਣੇ ਪ੍ਰਣ ਤੋਂ ਪਿੱਛੇ ਹਟ ਕੇ ਵਰਤ ਛੱਡ ਦੇਣ ਲਈ ਰਾਜ਼ੀ ਕੀਤਾ ਜਾਂਦਾ। ਪਹਿਲੀ ਗੱਲ ਮਾਸਟਰ ਜੀ ਦੇ ਹੱਥ ਵੱਸ ਨਹੀਂ ਸੀ। ਦੂਜੀ ਗੱਲ ਉਨ੍ਹਾਂ ਲਈ ਗੰਭੀਰ ਉਲਝਣਾਂ ਖੜੀਆਂ ਕਰਦੀ ਸੀ। ਸਿੱਖ ਪੰਥ ਦੇ ਵੱਡੇ ਹਿੱਸੇ ਸੰਤ ਜੀ ਦੀ ਜਾਨ ਬਚਾਉਣ ਦੇ ਇੱਛਾਵਾਨ ਜ਼ਰੂਰ ਸਨ ਪਰ ਉਹ ਅਕਾਲ ਤਖ਼ਤ ਸਾਹਿਬ ਉੱਤੇ ਕੀਤੇ ਪ੍ਰਣ ਤੋਂ ਪਿਛਾਂਹ ਹਟਣ ਦੇ ਕਰਮ ਦੀ ਹਾਮੀ ਭਰਨ ਲਈ ਉੱਕਾ ਹੀ ਤਿਆਰ ਨਹੀਂ ਸਨ।

ਮਾਸਟਰ ਤਾਰਾ ਸਿੰਘ ਆਪਣੇ ਆਪ ਨੂੰ ਇਸ ਦੋਹਰੀ ਸਿੱਖ ਮਾਨਸਿਕਤਾ ਦੇ ਪੁੜਾਂ ਵਿੱਚ ਫਸੇ ਹੋਏ ਮਹਿਸੂਸ ਕਰ ਰਹੇ ਸਨ। ਜੇਕਰ ਭਾਰਤੀ ਹਾਕਮ ਸੰਤ ਫਤਹਿ ਸਿੰਘ ਦਾ ਪ੍ਰਣ ਪੂਰਾ ਕਰਨ ਤੋਂ ਇਨਕਾਰੀ ਹੁੰਦੇ ਸਨ ਤਾਂ ਅਕਾਲੀ ਸਫ਼ਾਂ ਦੇ ਕੁਝ ਹਿੱਸੇ ਇਸ ਦਾ ਦੋਸ਼ ਵੀ ਮਾਸਟਰ ਜੀ ਦੇ ਸਿਰ ਮੜ੍ਹਨ ਦੇ ਰੌਂਅ ਦਾ ਸੰਕੇਤ ਦੇ ਰਹੇ ਸਨ ਅਤੇ ਜੇਕਰ ਉਹ ਸੰਤ ਦਾ ਪ੍ਰਣ ਪੂਰਾ ਹੋਏ ਤੋਂ ਬਗ਼ੈਰ ਹੀ ਉਸ ਨੂੰ ਵਰਤ ਛੱਡ ਦੇਣ ਦਾ ਮਸ਼ਵਰਾ ਦਿੰਦੇ ਸਨ ਤਾਂ ਇਸ ਨਾਲ ਵੀ ਉਹ ਸਿੱਖ ਸੰਗਤਾਂ ਦੇ ਗ਼ੁੱਸੇ ਤੇ ਇਲਜ਼ਾਮਾਂ ਦੀ ਲਪੇਟ ਵਿੱਚ ਆਉਣ ਤੋਂ ਆਪਣਾ ਬਚਾਉ ਨਹੀਂ ਸਨ ਕਰ ਸਕਦੇ। ਕਿਉਂਕਿ ਸੰਤ ਫਤਹਿ ਸਿੰਘ ਤੇ ਉਸ ਦੇ ਸਾਥੀਆਂ ਨੇ ਭਾਵੇਂ ਮਰਨ ਵਰਤ ਸ਼ੁਰੂ ਕਰਨ ਤੋਂ ਪਹਿਲਾਂ ਮਾਸਟਰ ਤਾਰਾ ਸਿੰਘ ਨਾਲ ਕਿਸੇ ਵੀ ਕਿਸਮ ਦੇ ਰਾਇ-ਮਸ਼ਵਰੇ ਦੀ ਜ਼ਰੂਰਤ ਮਹਿਸੂਸ ਨਹੀਂ ਸੀ ਕੀਤੀ ਪ੍ਰੰਤੂ ਹੁਣ ਉਨ੍ਹਾਂ, ਬਹੁਤ ਹੁਸ਼ਿਆਰੀ ਨਾਲ, ਫ਼ੈਸਲੇ ਦੀ ਸਾਰੀ ਗੱਲ ਮਾਸਟਰ ਤਾਰਾ ਸਿੰਘ ਉੱਤੇ ਸੁੱਟ ਦਿੱਤੀ ਸੀ। ਮਨ ਉੱਤੇ ਹਾਲਾਤ ਦੇ ਇਨ੍ਹਾਂ ਸਾਰੇ ਦਬਾਵਾਂ ਤੇ ਤਣਾਵਾਂ ਦਾ ਬੋਝ ਲੈ ਕੇ, ਮਾਸਟਰ ਤਾਰਾ ਸਿੰਘ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਨ ਲਈ ਉਚੇਚੇ ਭਾਵਨਗਰ ਪਹੁੰਚੇ (ਜਿਥੇ ਉਸ ਵੇਲੇ ਕਾਂਗਰਸ ਪਾਰਟੀ ਦਾ ਸਾਲਾਨਾ ਅਜਲਾਸ ਚੱਲ ਰਿਹਾ ਸੀ)। ਉਥੇ 7 ਜਨਵਰੀ ਨੂੰ ਉਨ੍ਹਾਂ ਪ੍ਰਧਾਨ ਮੰਤਰੀ ਨਾਲ ਕੋਈ ਦੋ ਘੰਟੇ ਲੰਮੀ ਗੱਲਬਾਤ ਕੀਤੀ। ਮਾਸਟਰ ਜੀ ਨਾਲ ਅਕਾਲੀ ਦਲ ਦੇ ਦੋ ਹੋਰ ਨੁਮਾਇੰਦੇ (ਹਰਬੰਸ ਸਿੰਘ ਗੁਜਰਾਲ ਅਤੇ ਲਛਮਣ ਸਿੰਘ ਗਿੱਲ) ਗੱਲਬਾਤ ਵਿੱਚ ਸ਼ਾਮਲ ਸਨ।

ਪ੍ਰਧਾਨ ਮੰਤਰੀ ਦੇ ਅੜੀਅਲ ਵਤੀਰੇ ਨੇ ਮਾਸਟਰ ਤਾਰਾ ਸਿੰਘ ਨੂੰ ਮਾਨਸਿਕ ਤੌਰ 'ਤੇ ਡਾਢਾ ਪ੍ਰੇਸ਼ਾਨ ਕੀਤਾ। ਉਹ ਮਾਯੂਸ ਹੋ ਕੇ ਵਾਪਸ ਅੰਮ੍ਰਿਤਸਰ ਲਈ ਰਵਾਨਾ ਹੋ ਗਏ। ਉਸੇ ਰਾਤ (8 ਜਨਵਰੀ) ਨਹਿਰੂ ਨੇ ਸਰਦਾਰ ਨਗਰ ਵਿਖੇ ਇਕ ਪਬਲਿਕ ਜਲਸੇ ਅੰਦਰ ਆਪਣਾ ਲਿਖਤੀ ਭਾਸ਼ਣ ਪੜ੍ਹਿਆ ਜਿਸ ਵਿੱਚ ਉਸ ਨੇ ਪੰਜਾਬੀ ਸੂਬੇ ਬਾਰੇ ਆਪਣੀਆਂ ਪਹਿਲੀਆਂ ਪੋਜ਼ੀਸ਼ਨਾਂ ਹੀ ਮੁੜ ਦੁਹਰਾਈਆਂ। ਪੰਜਾਬੀ ਨੂੰ ਉਸ ਫਿਰ ਪੰਜਾਬ ਦੀ 'ਮੁੱਖ ਭਾਸ਼ਾ' ਕਿਹਾ ਅਤੇ ਬੋਲੀ ਦੇ ਆਧਾਰ 'ਤੇ ਪੰਜਾਬ ਦੀ ਨਵੀਂ ਵੰਡ ਕਰਨ ਤੋਂ ਫਿਰ ਕੋਰਾ ਇਨਕਾਰ ਕਰ ਦਿੱਤਾ। ਨਾਲ ਹੀ ਉਸ ਜ਼ੋਰ ਦੇ ਕੇ ਇਹ ਗੱਲ ਵੀ ਆਖ ਦਿੱਤੀ ਕਿ "ਮੈਂ ਜੋ ਕੁਝ ਵੀ ਕਿਹਾ ਹੈ, ਉਸ ਨੂੰ ਸੰਤ ਫਤਹਿ ਸਿੰਘ ਵੱਲੋਂ ਆਪਣੀ (ਪ੍ਰਣ ਦੀ) ਮੁਸ਼ਕਲ ਦੂਰ ਕਰਨ ਲਈ ਕਾਫ਼ੀ ਸਮਝਿਆ ਜਾਣਾ ਚਾਹੀਦਾ ਹੈ ਅਤੇ ਆਪਣਾ ਵਰਤ ਖ਼ਤਮ ਕਰ ਦੇਣਾ ਚਾਹੀਦਾ ਹੈ।"[7] ਨਹਿਰੂ ਦੇ ਇਸ ਬਿਆਨ ਦੀ ਜਾਣਕਾਰੀ ਮਾਸਟਰ ਤਾਰਾ ਸਿੰਘ ਨੂੰ ਅਗਲੀ ਸਵੇਰ ਦਿੱਲੀ ਵਿਖੇ ਮਿਲੀ। ਸੰਤ ਫਤਹਿ ਸਿੰਘ ਨੇ ਅਕਾਲੀ ਲੀਡਰਾਂ ਨੂੰ ਇਹ ਸਾਫ਼ ਕਹਿ ਦਿੱਤਾ ਹੋਇਆ ਸੀ ਕਿ ਉਹ ਉਤਨੀ ਦੇਰ ਤਾਈਂ ਆਪਣਾ ਵਰਤ ਨਹੀਂ ਤੋੜਨਗੇ ਜਿਤਨੀ ਦੇਰ ਤਾਈਂ ਮਾਸਟਰ ਤਾਰਾ ਸਿੰਘ ਉਨ੍ਹਾਂ ਨੂੰ ਜ਼ਾਤੀ ਤੌਰ 'ਤੇ ਅਜਿਹਾ ਕਰਨ ਲਈ ਆਦੇਸ਼ ਨਹੀਂ ਦਿੰਦੇ। ਮਾਸਟਰ ਤਾਰਾ ਸਿੰਘ ਨੇ ਨਹਿਰੂ ਦਾ ਬਿਆਨ ਪੜ੍ਹਨ ਤੋਂ ਬਾਅਦ ਫ਼ੌਰੀ ਦਿੱਲੀ ਤੋਂ ਸੰਤ ਫਤਹਿ ਸਿੰਘ ਨੂੰ ਇਹ ਤਾਰ ਭੇਜ ਦਿੱਤੀ ਕਿ "ਮੈਂ ਸਰਦਾਰ ਨਗਰ ਵਿੱਚ ਪ੍ਰਧਾਨ ਮੰਤਰੀ ਦੁਆਰਾ ਦਿੱਤੇ ਗਏ ਭਾਸ਼ਣ ਤੋਂ ਸੰਤੁਸ਼ਟ

ਹਾਂ। ਇਸ ਲਈ ਤੁਹਾਨੂੰ ਆਪਣਾ ਵਰਤ ਤੋੜ ਦੇਣ ਲਈ ਬੇਨਤੀ ਕਰਦਾ ਹਾਂ। ਇਹ ਭਾਸ਼ਣ ਤੁਹਾਡੇ ਪ੍ਰਣ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ।"[8] ਸੰਤ ਫਤਹਿ ਸਿੰਘ ਨੇ ਮਾਸਟਰ ਜੀ ਦਾ ਸੰਦੇਸ਼ ਮਿਲਦਿਆਂ ਹੀ 9 ਜਨਵਰੀ 1961 ਨੂੰ ਸਵੇਰੇ ਸਾਢੇ ਅੱਠ ਵਜੇ ਆਪਣਾ 22 ਦਿਨਾਂ ਤੋਂ ਚੱਲ ਰਿਹਾ ਵਰਤ ਖ਼ਤਮ ਕਰ ਦਿੱਤਾ। ਇਉਂ, ਪੰਜਾਬੀ ਸੂਬੇ ਦੀ ਜਦੋਜਹਿਦ ਦੇ ਇਕ ਕਾਂਡ ਦਾ ਦਿਲ-ਢਾਹੂ ਅੰਤ ਹੋ ਗਿਆ।

ਸਿੱਖ ਜਗਤ ਨੂੰ ਜਦ ਸੰਤ ਫਤਹਿ ਸਿੰਘ ਦੁਆਰਾ, ਭਾਰਤ ਸਰਕਾਰ ਕੋਲੋਂ ਪੰਜਾਬੀ ਸੂਬੇ ਬਾਰੇ ਸਪਸ਼ਟ ਅਤੇ ਠੋਸ ਯਕੀਨਦਹਾਨੀ ਹਾਸਲ ਕੀਤੇ ਬਗ਼ੈਰ ਹੀ ਮਰਨ ਵਰਤ ਛੱਡ ਦੇਣ ਦੀ ਖ਼ਬਰ ਮਿਲੀ ਤਾਂ ਉਸ ਨੂੰ ਇਕ ਦਮ ਗੰਭੀਰ ਸਦਮਾ ਪਹੁੰਚਿਆ। ਉਸ ਅੰਦਰ ਇਕ ਤਾਂ ਇਹ ਅਹਿਸਾਸ ਜ਼ੋਰ ਫੜ ਤੁਰਿਆ ਕਿ ਕੇਵਲ ਲੀਡਰਸ਼ਿਪ ਦੀ ਕਮਜ਼ੋਰੀ ਦੀ ਵਜ੍ਹਾ ਕਰਕੇ ਪੰਥ ਜਿੱਤੀ ਹੋਈ ਬਾਜ਼ੀ ਹਾਰ ਗਿਆ ਹੈ। ਦੂਜਾ, ਸੰਤ ਫਤਹਿ ਸਿੰਘ ਦੁਆਰਾ ਅਕਾਲ ਤਖ਼ਤ ਉੱਤੇ ਕੀਤੇ ਪ੍ਰਣ ਤੋੜ ਨਿਭਾਉਣ ਤੋਂ ਕਾਇਰਾਂ ਵਾਂਗ ਭੱਜ ਜਾਣ ਦੇ ਕਰਮ ਨੇ ਸਿੱਖ ਜਨਤਾ ਦੀਆਂ ਨਾ ਸਿਰਫ਼ ਧਾਰਮਿਕ ਭਾਵਨਾਵਾਂ ਨੂੰ ਗਹਿਰੀ ਚੋਟ ਪਹੁੰਚਾਈ ਸਗੋਂ ਉਨ੍ਹਾਂ ਆਪਣੇ ਆਪ ਨੂੰ ਸੰਸਾਰ ਸਾਹਮਣੇ ਬੁਰੇ ਢੰਗ ਨਾਲ ਬੇਇਜ਼ਤ ਤੇ ਜ਼ਲੀਲ ਹੋਇਆ ਮਹਿਸੂਸ ਕੀਤਾ। ਸਿੱਖ ਕੌਮ ਆਪਣੇ ਲੀਡਰਾਂ ਦੀਆਂ ਹੋਰ ਸਭ ਖ਼ਾਮੀਆਂ ਸਹਿਣ ਕਰ ਸਕਦੀ ਹੈ ਪਰ ਉਸ ਕੋਲੋਂ ਆਪਣੇ ਆਗੂਆਂ ਦਾ ਗੀਦੀਪੁਣਾ ਨਹੀਂ ਝੱਲਿਆ ਜਾਂਦਾ। ਲੀਡਰਸ਼ਿਪ ਘੱਟ ਸਿਆਣੀ ਹੋਵੇ ਤਾਂ ਕੋਈ ਗੱਲ ਨਹੀਂ। ਪਰ ਉਹ ਬੁਜ਼ਦਿਲ ਹੋਵੇ, ਇਹ ਨਾਮੁਮਕਿਨ ਹੈ। ਸਿੱਖ ਮਾਨਸਿਕਤਾ ਦਾ ਇਹ ਲੱਛਣ ਸਿੱਖ ਰਾਜਨੀਤੀ ਉੱਤੇ ਆਪਣੀ ਗਹਿਰੀ ਛਾਪ ਛਡਦਾ ਰਿਹਾ ਹੈ। ਅਤੀਤ ਅੰਦਰ ਵੀ, ਅਤੇ ਵਰਤਮਾਨ ਸਮੇਂ 'ਚ ਵੀ।

ਕਿਉਂਕਿ ਸੰਤ ਫਤਹਿ ਸਿੰਘ ਨੇ ਆਪਣੇ ਵਰਤ ਸਬੰਧੀ ਕੋਈ ਵੀ ਫ਼ੈਸਲਾ ਕਰਨ ਦੀ ਗੱਲ ਮਾਸਟਰ ਤਾਰਾ ਸਿੰਘ ਉੱਤੇ ਸੁੱਟ ਦਿੱਤੀ ਹੋਈ ਸੀ ਅਤੇ ਉਸ ਨੇ ਆਪਣਾ ਵਰਤ (ਅਤੇ ਪ੍ਰਣ) ਮਾਸਟਰ ਜੀ ਦੀ ਜ਼ਾਤੀ ਹਿਦਾਇਤ ਉੱਤੇ ਹੀ ਤੋੜਿਆ ਸੀ, ਇਸ ਕਰਕੇ ਸਿੱਖ ਜਗਤ ਦੇ ਗ਼ੁੱਸੇ ਦੀ ਧਾਰ ਸੰਤ ਦੀ ਬਜਾਇ ਮਾਸਟਰ ਜੀ ਵੱਲ ਸੇਧਤ ਹੋ ਗਈ। 11 ਜਨਵਰੀ ਦੀ ਰਾਤ ਨੂੰ ਜਦ ਮਾਸਟਰ ਤਾਰਾ ਸਿੰਘ ਨੇ ਮੰਜੀ ਸਾਹਿਬ ਵਿਖੇ ਸੰਗਤਾਂ ਦੇ ਭਰਵੇਂ ਇਕੱਠ ਸਾਹਮਣੇ ਆਪਣੀ ਸਫ਼ਾਈ ਅਤੇ ਸਪਸ਼ਟੀਕਰਨ ਦੇਣ ਦਾ ਯਤਨ ਕੀਤਾ ਤਾਂ ਉਨ੍ਹਾਂ ਨੂੰ ਸੰਗਤਾਂ ਦੀ ਭਾਰੀ ਨਾਰਾਜ਼ਗੀ ਦਾ ਸਾਹਮਣਾ ਕਰਨਾ ਪਿਆ। ਅਗਲੇ ਦਿਨ ਉਨ੍ਹਾਂ ਨੂੰ, ਸੰਗਤਾਂ ਦੇ ਵਿਰੋਧ ਤੇ ਟੋਕਾ-ਟਾਕੀ ਕਾਰਨ, ਆਪਣਾ ਭਾਸ਼ਣ ਅੱਧ-ਵਿਚਾਲੇ ਬੰਦ ਕਰਨਾ ਪੈ ਗਿਆ। ਉਸ ਤੋਂ ਅਗਲੇ ਦਿਨ, ਮੁਕਤਸਰ ਵਿਖੇ ਮਾਘੀ ਦੇ ਜੋੜ ਮੇਲੇ 'ਤੇ ਉਨ੍ਹਾਂ ਨੂੰ ਫਿਰ ਉਸੇ ਤਰ੍ਹਾਂ ਸੰਗਤਾਂ ਦੇ ਵਿਰੋਧ ਤੇ ਗ਼ੁੱਸੇ ਦਾ ਸ਼ਿਕਾਰ ਹੋਣਾ ਪਿਆ।[9] ਭਾਵੇਂ ਇਸ ਘਟਨਾਕ੍ਰਮ ਪਿੱਛੇ, ਕੁਝ ਹੱਦ ਤਕ ਅਕਾਲੀ ਦਲ ਅੰਦਰਲੀ ਧੜੇਬੰਦਕ ਲੜਾਈ ਦਾ ਵੀ ਹੱਥ ਸੀ। ਪਰ ਇਹ ਗੱਲ ਅੰਨ੍ਹਿਆਂ ਨੂੰ ਵੀ ਦਿਖਣ ਲੱਗ ਪਈ ਸੀ ਕਿ ਸਿੱਖ ਜਗਤ ਦੇ ਕਾਫ਼ੀ ਵੱਡੇ ਹਿੱਸਿਆਂ ਦਾ ਮਾਸਟਰ ਤਾਰਾ ਸਿੰਘ ਤੋਂ ਮੋਹ ਭੰਗ ਹੋ ਚੁੱਕਾ ਸੀ।

ਇਸ ਦੌਰਾਨ ਕੁਝ ਸੁਹਿਰਦ ਵਿਅਕਤੀਆਂ ਨੇ ਮਸਲੇ ਦਾ ਗੱਲਬਾਤ ਰਾਹੀਂ ਹੱਲ ਕੱਢਣ ਦੇ ਯਤਨ ਵਜੋਂ ਸੰਤ ਫਤਹਿ ਸਿੰਘ ਤੇ ਨਹਿਰੂ ਵਿਚਕਾਰ ਸਿਧਮ-ਸਿੱਧੀ ਗੱਲਬਾਤ ਦਾ ਪ੍ਰਬੰਧ ਕੀਤਾ। ਦੋਨਾਂ ਵਿਚਕਾਰ ਕੁੱਲ ਮਿਲਾ ਕੇ ਤਿੰਨ ਮੀਟਿੰਗਾਂ ਹੋਈਆਂ। ਪਹਿਲੀ ਮੀਟਿੰਗ (8 ਫ਼ਰਵਰੀ 1961) ਅੰਦਰ ਨਹਿਰੂ ਨੇ ਪੰਜਾਬੀ ਸੂਬੇ ਦੀ ਮੰਗ ਨਾ ਮੰਨਣ ਦੇ ਮੁੱਖ ਤੌਰ 'ਤੇ ਦੋ ਕਾਰਨ ਗਿਣਾਏ। ਪਹਿਲਾ ਇਹ ਕਿ ਪੰਜਾਬੀ ਸੂਬੇ ਅੰਦਰ ਹਿੰਦੂ ਵਰਗ ਘੱਟਗਿਣਤੀ ਵਿੱਚ ਰਹਿ ਜਾਵੇਗਾ ਜਿਸ ਨਾਲ ਉਸ ਦੇ ਹਿਤਾਂ ਨੂੰ ਖ਼ਤਰੇ ਖੜੇ ਹੋ ਸਕਦੇ ਹਨ। ਦੂਜਾ ਇਹ ਕਿ ਪੰਜਾਬ ਦੀ ਇਕ ਹੋਰ ਵੰਡ ਹੋ ਜਾਣ ਨਾਲ ਹੋਰਨਾਂ ਰਾਜਾਂ

ਅੰਦਰ ਬੈਠੇ ਸਿੱਖਾਂ ਨੂੰ ਮੁਸ਼ਕਲ ਹਾਲਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਨ੍ਹਾਂ ਦੋਨੋਂ ਗੱਲਾਂ 'ਚੋਂ ਨਹਿਰੂ ਦੇ ਫ਼ਿਰਕੂ ਝੁਕਾਉ ਸਾਫ਼ ਪ੍ਰਗਟ ਹੋ ਜਾਂਦੇ ਹਨ। ਦੂਜੀ ਮੀਟਿੰਗ (1 ਮਾਰਚ 1961) ਵਿੱਚ ਨਹਿਰੂ ਨੇ ਫਿਰ ਪੰਜਾਬੀ ਸੂਬੇ ਅੰਦਰ ਹਿੰਦੂਆਂ ਦੇ ਹਿਤਾਂ ਨੂੰ ਖ਼ਤਰੇ ਦੀ ਗੱਲ ਦੁਹਰਾਈ। ਤੀਜੀ ਮੀਟਿੰਗ (12 ਮਈ 1961) ਅੰਦਰ ਨਹਿਰੂ ਨੇ ਇਹ ਕਹਿ ਕੇ ਗੱਲ ਨਿਬੇੜ ਦਿੱਤੀ ਕਿ ਪੰਜਾਬੀ ਸੂਬੇ ਦੀ ਸਥਾਪਨਾ ਕਿਸੇ ਵੀ ਸੂਰਤ ਨਹੀਂ ਕੀਤੀ ਜਾਵੇਗੀ, ਕਿਉਂਕਿ ਨਾ ਇਹ ਦੇਸ ਦੇ ਹਿਤ ਵਿੱਚ ਹੈ ਅਤੇ ਨਾ ਹੀ ਸਿੱਖਾਂ ਦੇ।[10]

## ਮਾਸਟਰ ਤਾਰਾ ਸਿੰਘ ਦਾ ਮਰਨ ਵਰਤ

ਹਿੰਦੂ ਹਾਕਮਾਂ ਦੇ ਇਸ ਨਿਹੱਕੇ ਰਵਈਏ ਨੇ ਅਕਾਲੀ ਲੀਡਰਸ਼ਿਪ ਸਾਹਮਣੇ ਇਕ ਗੰਭੀਰ ਹਾਲਤ ਪੈਦਾ ਕਰ ਦਿੱਤੀ। ਇਸ ਹਾਲਤ ਉੱਤੇ ਵਿਚਾਰ ਕਰਨ ਲਈ 28 ਮਈ (1961) ਨੂੰ ਅੰਮ੍ਰਿਤਸਰ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਜਨਰਲ ਬਾਡੀ ਮੀਟਿੰਗ ਬੁਲਾਈ ਗਈ। ਸਿੱਖ ਪੰਥ ਪ੍ਰਤੀ ਸੁਹਿਰਦ ਸੋਚ ਰੱਖਣ ਵਾਲੇ ਕੁਝ ਗ਼ੈਰ-ਸਿੱਖ ਅਤੇ ਗ਼ੈਰ-ਅਕਾਲੀ ਸੱਜਣ ਪੁਰਸ਼ਾਂ ਨੇ ਵੀ ਇਸ ਮੀਟਿੰਗ ਅੰਦਰ ਵਿਸ਼ੇਸ਼ ਪ੍ਰਾਹੁਣਿਆਂ ਦੀ ਹੈਸੀਅਤ ਵਿੱਚ ਹਿਸਾ ਲਿਆ। ਇਸ ਮੀਟਿੰਗ ਦੁਆਰਾ ਪਾਸ ਕੀਤੇ ਮਤੇ 'ਚ ਭਾਰਤ ਦੇ ਹਾਕਮਾਂ ਵੱਲੋਂ ਸਿੱਖ ਪੰਥ ਪ੍ਰਤੀ ਫ਼ਿਰਕੂ ਅਤੇ ਦੁਸ਼ਮਣੀ ਭਰਿਆ ਰਵਈਆ ਧਾਰਨ ਕਰਨ ਬਦਲੇ ਉਨ੍ਹਾਂ ਦੀ ਬਹੁਤ ਹੀ ਕਾਟਵੀਂ ਨੁਕਤਾਚੀਨੀ ਕੀਤੀ ਗਈ। ਕਾਂਗਰਸੀ ਹਾਕਮਾਂ ਉੱਤੇ ਸਿੱਖ ਭਾਈਚਾਰੇ ਨਾਲ ਸੱਤ ਬਿਗਾਨਿਆਂ ਵਰਗਾ ਵਰਤਾਉ ਕਰਨ ਦਾ ਦੋਸ਼ ਲਾਉਂਦਿਆਂ ਹੋਇਆਂ, ਮੀਟਿੰਗ ਇਸ ਨਿਰਣੇ 'ਤੇ ਅੱਪੜੀ ਕਿ ਸਿੱਖਾਂ ਸਾਹਮਣੇ ਦੋ ਹੀ ਰਾਹ ਬਚਦੇ ਹਨ। ਜਾਂ ਤਾਂ ਸਿਰੇ ਦੀ ਕੁਰਬਾਨੀ ਦੇ ਦਿੱਤੀ ਜਾਵੇ......ਅਤੇ ਜਾਂ ਫਿਰ ਉਹ ਭਾਣਾ ਮੰਨ ਲੈਣ ਅਤੇ ਆਪਣੀ ਹਸਤੀ ਮਿਟਾਉਣੀ ਪ੍ਰਵਾਨ ਕਰ ਲੈਣ।[11] ਅਕਾਲੀ ਲੀਡਰਸ਼ਿਪ, ਜਾਂ ਕੋਈ ਵੀ ਸਿੱਖ, ਸਿੱਧੇ ਰੂਪ ਵਿੱਚ ਹਿੰਦੂ ਹਾਕਮਾਂ ਦੀ ਈਨ ਮੰਨਣ ਦੀ ਗੱਲ ਕਿਵੇਂ ਪ੍ਰਵਾਨ ਕਰ ਸਕਦਾ ਸੀ। ਸੋ ਅਕਾਲੀ ਦਲ ਨੇ "ਭਾਰਤ ਦੇ ਅਤੇ ਸੰਸਾਰ ਭਰ ਦੇ ਲੋਕਾਂ ਦੀਆਂ ਜ਼ਮੀਰਾਂ ਨੂੰ ਟੁੰਬਣ ਲਈ" ਇਕ ਵਾਰ ਫਿਰ ਸਵੈ-ਕੁਰਬਾਨੀ ਦਾ, ਭਾਵ ਕਿ ਮਰਨ-ਵਰਤ ਦਾ ਹਥਿਆਰ ਅਜ਼ਮਾਉਣ ਦਾ ਫ਼ੈਸਲਾ ਕਰ ਲਿਆ। ਮਾਸਟਰ ਤਾਰਾ ਸਿੰਘ ਤੇ ਸੰਤ ਫਤਹਿ ਸਿੰਘ, ਦੋਨਾਂ ਲਈ ਹੀ, ਪਿਛਲੀ ਬਦਨਾਮੀ ਦੇ ਦਾਗ਼ ਨੂੰ ਧੋ ਸੁੱਟਣ ਦਾ ਇਹ ਗ਼ਨੀਮਤ ਮੌਕਾ ਸੀ। ਸ਼ਾਇਦ ਦੋਨੋਂ ਹੀ ਦਿਲੋਂ ਇਸ ਕਲੰਕ ਤੋਂ ਸੁਰਖ਼ਰੂ ਹੋਣ ਦੀ ਇੱਛਾ ਰੱਖਦੇ ਸਨ। ਪਰ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਇਸ ਵਾਰ ਸੰਤ ਫਤਹਿ ਸਿੰਘ ਦੀ ਥਾਂ ਮਾਸਟਰ ਤਾਰਾ ਸਿੰਘ ਨੂੰ ਮੌਕਾ ਦੇਣ ਦਾ ਫ਼ੈਸਲਾ ਕਰ ਲਿਆ। ਇਸ ਤਰ੍ਹਾਂ, ਮਾਸਟਰ ਤਾਰਾ ਸਿੰਘ ਨੇ 15 ਅਗਸਤ ਨੂੰ, ਭਾਰਤ ਦੀ ਆਜ਼ਾਦੀ ਦੀ 14ਵੀਂ ਵਰ੍ਹੇਗੰਢ ਦੇ 'ਸ਼ੁਭ ਦਿਹਾੜੇ' 'ਤੇ, ਆਪਣਾ ਮਰਨ ਵਰਤ ਆਰੰਭ ਕਰ ਦਿੱਤਾ। ਪ੍ਰੈੱਸ ਦੇ ਨਾਂ ਜਾਰੀ ਕੀਤੇ ਇਕ ਬਿਆਨ ਅੰਦਰ ਉਨ੍ਹਾਂ ਇਹ ਸਾਫ਼ ਐਲਾਨ ਕੀਤਾ ਕਿ "ਪੰਜਾਬੀ ਸੂਬੇ ਦੀ ਮੰਗ ਮੰਨੇ ਜਾਣ ਤਕ" ਉਹ ਆਪਣੇ ਫ਼ੈਸਲੇ ਤੋਂ ਪਿਛਾਂਹ ਨਹੀਂ ਹਟਣਗੇ।[12]

ਪੰਜਾਬ ਦੇ ਹਿੰਦੂ ਲੀਡਰਾਂ ਅਤੇ ਪੰਥ ਤੋਂ ਬੇਮੁੱਖ ਹੋ ਕੇ ਕਾਂਗਰਸੀ ਹਾਕਮਾਂ ਦੀ ਸੇਵਾਦਾਰੀ ਵਿੱਚ ਜੁਟੀਆਂ 'ਪੰਥਕ ਹਸਤੀਆਂ' ਨੇ, ਆਪਣੇ ਮਿਥੇ ਰੋਲ ਮੁਤਾਬਕ, ਪੰਜਾਬੀ ਸੂਬੇ ਦੀ ਮੰਗ ਅਤੇ ਮਾਸਟਰ ਤਾਰਾ ਸਿੰਘ ਦੀ ਲੀਡਰਸ਼ਿਪ ਵਿਰੁੱਧ ਯੋਜਨਾਬੱਧ ਮੁਹਿੰਮ ਛੇੜ ਦਿੱਤੀ। ਪੰਜਾਬ ਦੀਆਂ ਅਲੱਗ-ਅਲੱਗ ਹਿੰਦੂ ਜਥੇਬੰਦੀਆਂ ਨੇ 12 ਜੂਨ

ਨੂੰ 'ਹਿੰਦੀ ਰਕਸ਼ਾ ਸੰਮੇਲਨ' ਵਿੱਚ ਇਕ ਆਵਾਜ਼ ਹੋ ਕੇ ਇਹ ਗੱਲ ਫਿਰ ਦੁਹਰਾਈ ਕਿ ਉਹ ਨਾ ਤਾਂ ਪੰਜਾਬ ਨੂੰ ਇਕ-ਭਾਸ਼ਾਈ ਰਾਜ ਵਿੱਚ ਤਬਦੀਲ ਹੋਣ ਦੇਣਗੀਆਂ ਅਤੇ ਨਾ ਹੀ ਪੰਜਾਬ ਦੀ ਵੰਡ ਦੀ ਯੋਜਨਾ ਨੂੰ ਕਾਮਯਾਬ ਹੋਣ ਦੇਣਗੀਆਂ। ਗਿਆਨੀ ਕਰਤਾਰ ਸਿੰਘ ਨੇ ਅਕਾਲੀ ਦਲ ਨੂੰ ਇਹ 'ਸਖ਼ਤ ਚੇਤਾਵਨੀ' ਦਿੱਤੀ ਕਿ "ਸਰਕਾਰ ਮਾਸਟਰ ਤਾਰਾ ਸਿੰਘ ਦੇ ਮਰਨ ਵਰਤ ਦੇ ਐਲਾਨ ਤੋਂ ਪੈਦਾ ਹੋਣ ਵਾਲੀ ਹਾਲਤ ਦਾ ਸਖ਼ਤੀ ਨਾਲ ਸਾਹਮਣਾ ਕਰੇਗੀ।"[13] ਪੰਜਾਬ ਸਰਕਾਰ ਨੇ ਇਸ ਧਮਕੀ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਹੋਇਆਂ ਅਕਾਲੀ ਦਲ ਦੇ ਦੋਨੋਂ ਅਖ਼ਬਾਰਾਂ (*ਜਥੇਦਾਰ* ਤੇ *ਪਰਭਾਤ*) ਉੱਤੇ ਸੈਂਸਰਸ਼ਿਪ ਲਾਗੂ ਕਰ ਦਿੱਤੀ ਅਤੇ ਅਲੱਗ-ਅਲੱਗ ਥਾਵਾਂ ਤੋਂ 50 ਦੇ ਕਰੀਬ ਉੱਘੇ ਅਕਾਲੀ ਆਗੂਆਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਅੰਦਰ ਬੰਦ ਕਰ ਦਿੱਤਾ। ਉਸ ਵੇਲੇ ਲੋਕ ਸਭਾ ਦੇ ਡਿਪਟੀ ਸਪੀਕਰ ਸ: ਹੁਕਮ ਸਿੰਘ ਨੂੰ ਮਾਸਟਰ ਤਾਰਾ ਸਿੰਘ ਦਾ ਪ੍ਰਸਤਾਵਤ ਵਰਤ "ਦੇਸ ਅਤੇ ਸਿੱਖ ਭਾਈਚਾਰੇ ਦੇ ਹਿਤਾਂ ਲਈ ਹਾਨੀਕਾਰਕ" ਅਤੇ "ਸਿੱਖ ਧਰਮ ਦੇ ਬੁਨਿਆਦੀ ਸਿਧਾਂਤਾਂ ਦੇ ਵਿਰੁੱਧ" ਦਿਖਾਈ ਦੇਣ ਲੱਗ ਪਿਆ।[14] ਗਿਆਨ ਸਿੰਘ ਰਾੜੇਵਾਲਾ ਨੇ ਪੰਜਾਬੀ ਸੂਬੇ ਵਿਰੁੱਧ ਹਿੰਦੂ ਤਾਕਤਾਂ ਦੇ 'ਮਹਾਂ ਪੰਜਾਬ' ਦੇ ਨਾਹਰੇ ਦੀ ਸੁਰ ਵਿੱਚ ਸੁਰ ਮਿਲਾਉਣੀ ਸ਼ੁਰੂ ਕਰ ਦਿੱਤੀ।[15]

ਖ਼ੈਰ, ਮਾਸਟਰ ਤਾਰਾ ਸਿੰਘ ਨੇ ਆਪਣੇ ਐਲਾਨੇ ਹੋਏ ਪ੍ਰੋਗਰਾਮ ਮੁਤਾਬਕ 15 ਅਗਸਤ (1961) ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਪ੍ਰਣ ਲੈਣ ਅਤੇ ਸ੍ਰੀ ਦਰਬਾਰ ਸਾਹਿਬ ਵਿਖੇ ਅਰਦਾਸਾ ਕਰਨ ਤੋਂ ਬਾਅਦ ਮੰਜੀ ਸਾਹਿਬ ਵਿਖੇ ਸਿੱਖ ਸੰਗਤਾਂ ਦੇ ਵਿਸ਼ਾਲ ਇਕੱਠ ਸਾਹਮਣੇ ਆਪਣਾ ਮਰਨ ਵਰਤ ਆਰੰਭ ਕਰ ਦਿੱਤਾ।

ਸੰਤ ਫਤਹਿ ਸਿੰਘ ਨੇ ਇਕ ਵਾਰ ਫਿਰ ਭਾਰਤ ਸਰਕਾਰ ਨਾਲ ਸਮਝੌਤੇ ਦੀ ਗੁੰਜਾਇਸ਼ ਫਰੋਲਣ ਦਾ ਯਤਨ ਕੀਤਾ। ਉਸਨੇ 24 ਅਤੇ 25 ਅਗਸਤ ਨੂੰ ਪ੍ਰਧਾਨ ਮੰਤਰੀ ਨਾਲ ਉਪਰੋਥਲੀ ਦੋ ਮੁਲਾਕਾਤਾਂ ਕੀਤੀਆਂ।[16] ਨਹਿਰੂ ਦਾ ਵਤੀਰਾ ਹਮੇਸ਼ਾ ਵਾਂਗ ਨਾਂਹ-ਪੱਖੀ ਰਿਹਾ। 8 ਅਗਸਤ ਨੂੰ ਉਸ ਨੇ ਆਪਣੇ ਇਕ ਬਿਆਨ ਅੰਦਰ ਇਹ ਰੱਟ ਫਿਰ ਦੁਹਰਾਈ ਕਿ "ਪੰਜਾਬੀ ਸੂਬੇ ਦੀ ਮੰਗ ਮੰਨਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।"[17] ਭਾਰਤੀ ਹਾਕਮਾਂ ਦੇ ਇਸ ਕਠੋਰ ਰਵਈਏ ਨੇ ਅਕਾਲੀ ਲੀਡਰਸ਼ਿਪ ਲਈ ਇਕ ਵਾਰ ਫਿਰ ਮੁਸ਼ਕਲ ਅਤੇ ਚਿੰਤਾ-ਭਰੀ ਹਾਲਤ ਪੈਦਾ ਕਰ ਦਿੱਤੀ। ਬਿਰਧ ਅਵਸਥਾ ਕਾਰਨ ਮਾਸਟਰ ਤਾਰਾ ਸਿੰਘ ਦੀ ਹਾਲਤ ਤੇਜ਼ੀ ਨਾਲ ਵਿਗੜਦੀ ਜਾ ਰਹੀ ਸੀ। ਜਿਸ ਨਾਲ ਸਿੱਖ ਜਗਤ ਅੰਦਰ ਡੂੰਘੀ ਚਿੰਤਾ ਫੈਲ ਰਹੀ ਸੀ। ਸਿੱਖ ਪੰਥ ਦੀਆਂ ਕੁਝ ਬਾਰਸੂਖ਼ ਹਸਤੀਆਂ ਮਾਸਟਰ ਜੀ ਦੀ ਜ਼ਿੰਦਗੀ ਬਚਾਉਣ ਲਈ ਜੀਅ ਤੋੜ ਕੋਸ਼ਿਸ਼ਾਂ ਵਿੱਚ ਜੁਟ ਗਈਆਂ। ਪਰ ਇਸ ਤਰ੍ਹਾਂ ਜਾਪਦਾ ਸੀ ਜਿਵੇਂ ਇਹ ਚਿੰਤਾ ਸਿਰਫ਼ ਪੰਥ ਦੇ ਹੀ ਹਿੱਸੇ ਆਈ ਹੋਵੇ। ਭਾਰਤ ਦੇ ਹਿੰਦੂ ਹੁਕਮਰਾਨ ਵਰਗ ਦਾ ਵਤੀਰਾ ਕੁਝ ਇਸ ਤਰ੍ਹਾਂ ਸੀ ਜਿਵੇਂ ਉਸ ਨੂੰ ਮਾਸਟਰ ਜੀ ਦੀ ਤੇਜ਼ੀ ਨਾਲ ਵਿਗੜ ਰਹੀ ਸਿਹਤ ਅਤੇ ਇਸ ਦੇ ਸਿੱਖ ਕੌਮ ਅਤੇ ਸਮੁੱਚੇ ਦੇਸ ਦੀ ਰਾਜਸੀ ਹਾਲਤ ਉੱਤੇ ਪੈਣ ਵਾਲੇ ਪਰਭਾਵਾਂ ਦੀ ਕੋਈ ਬਹੁਤ ਪਰਵਾਹ ਨਾ ਹੋਵੇ।

29 ਅਗਸਤ (1961) ਨੂੰ ਲੋਕ ਸਭਾ ਅੰਦਰ ਇਸ ਮਸਲੇ 'ਤੇ ਹੋਈ ਬਹਿਸ ਤੋਂ ਇਹ ਗੱਲ ਪਰਤੱਖ ਹੁੰਦੀ ਸੀ ਕਿ ਹਿੰਦੂ ਭਾਈਚਾਰੇ ਦੇ ਰਾਜਸੀ ਰਹਿਬਰਾਂ ਨੂੰ ਨਾ ਸਿਰਫ਼ ਸਿੱਖ ਕੌਮ ਦੀਆਂ ਹੱਕੀ ਮੰਗਾਂ ਤੇ ਭਾਵਨਾਵਾਂ ਨਾਲ ਕੋਈ ਹਮਦਰਦੀ ਨਹੀਂ ਸੀ ਸਗੋਂ ਉਹ ਸਿੱਖ ਪੰਥ ਤੇ ਇਸ ਦੇ ਆਗੂਆਂ ਨੂੰ ਜ਼ਲੀਲ ਕਰਨ ਲਈ ਤੁਲੇ ਨਜ਼ਰ ਆ ਰਹੇ ਸਨ। ਨਹਿਰੂ ਵੱਲੋਂ ਵਾਰ ਵਾਰ ਪੰਜਾਬੀ ਸੂਬੇ ਦੀ ਮੰਗ ਨੂੰ ਇਕ 'ਫ਼ਿਰਕੂ ਮੰਗ' ਕਰਾਰ ਦੇਣਾ ਅਤੇ ਅਕਾਲੀ ਲੀਡਰਸ਼ਿਪ ਨੂੰ ਹਿੰਦੂਆਂ ਤੇ ਸਿੱਖਾਂ ਵਿਚਕਾਰ ਦਰਾੜ ਪੈਦਾ ਕਰਨ

ਲਈ ਦੋਸ਼ੀ ਠਹਿਰਾਉਣਾ 'ਚੋਰ' ਵੱਲੋਂ 'ਕੋਤਵਾਲ' ਨੂੰ ਡਾਂਟਣ ਵਰਗੀ ਗੱਲ ਸੀ। ਹਿੰਦੂ ਹਾਕਮਾਂ ਦੀ ਸੁਰ ਵਿੱਚ ਸੁਰ ਮਿਲਾਉਂਦਿਆਂ ਹੋਇਆਂ ਸ: ਹੁਕਮ ਸਿੰਘ ਨੇ ਵੀ ਕਿਹਾ: "ਮੈਂ ਇਹ ਸਮਝਦਾ ਹਾਂ ਕਿ ਇਸ ਮੌਕੇ ਪੰਜਾਬੀ ਸੂਬੇ ਦੀ ਮੰਗ ਮਨਵਾਉਣ ਨਾਲੋਂ ਹਿੰਦੂ-ਸਿੱਖ ਸਦਭਾਵਨਾ ਵੱਧ ਮਹੱਤਵਪੂਰਨ ਹੈ। (ਜੇਕਰ ਇਸ ਸਮੇਂ ਪੰਜਾਬੀ ਸੂਬੇ ਦੀ ਮੰਗ 'ਤੇ ਜ਼ੋਰ ਦਿੱਤਾ ਜਾਂਦਾ ਹੈ) ਤਾਂ ਅਸੀਂ ਤਣਾਉ ਪੈਦਾ ਕਰ ਰਹੇ ਹੋਵਾਂਗੇ ਅਤੇ ਹਿੰਦੂਆਂ ਤੇ ਸਿੱਖਾਂ ਵਿਚਕਾਰ ਇਕ ਪੱਕਾ ਪਾਟਕ ਪਾ ਰਹੇ ਹੋਵਾਂਗੇ। ਇਸ ਵੇਲੇ ਮੈਂ ਪੰਜਾਬੀ ਸੂਬੇ ਲਈ ਯਤਨਸ਼ੀਲ ਨਹੀਂ ਹੋਵਾਂਗਾ। ਹਿੰਦੂ-ਸਿੱਖ ਸਦਭਾਵਨਾ ਮੇਰੇ ਲਈ ਭਾਸ਼ਾਈ ਰਾਜ ਦੀ ਮੰਗ ਨਾਲੋਂ ਵਧੇਰੇ ਪਿਆਰੀ ਹੈ।"[18]

ਲੋਕ ਸਭਾ ਅਤੇ ਰਾਜ ਸਭਾ ਅੰਦਰ ਜਵਾਹਰ ਲਾਲ ਨਹਿਰੂ ਨੇ ਇਸ ਮਸਲੇ ਬਾਰੇ ਜੋ ਭਾਸ਼ਣ ਦਿੱਤੇ ਉਨ੍ਹਾਂ ਵਿੱਚੋਂ ਉਸ ਦੇ ਫ਼ਿਰਕੂ ਤੁਅਸਬ ਸਿਰ ਚੜ੍ਹ ਕੇ ਬੋਲੇ। ਉਸ ਨੇ ਪੰਜਾਬੀ ਸੂਬੇ ਦੀ ਸਥਾਪਨਾ ਨਾਲ ਪੰਜਾਬ ਅੰਦਰ ਘਰੇਲੂ ਜੰਗ ਛਿੜ ਪੈਣ ਦੀ ਧਮਕੀ ਦਿੰਦਿਆਂ ਹੋਇਆਂ ਆਪਣਾ ਇਹ ਅੰਤਮ ਫ਼ੈਸਲਾ ਸੁਣਾ ਦਿੱਤਾ ਕਿ ਪੰਜਾਬੀ ਸੂਬਾ ਬਣਾਉਣ ਦੀ ਗੱਲ ਤਾਂ ਦੂਰ "ਅਸੀਂ ਇਸ ਦ੍ਰਿੜ੍ਹ ਫ਼ੈਸਲੇ 'ਤੇ ਪਹੁੰਚੇ ਹਾਂ ਕਿ ਅਸੀਂ ਪੰਜਾਬੀ ਸੂਬੇ ਦੀ ਮੰਗ ਲਈ ਅਸੂਲੀ ਸਹਿਮਤੀ ਦੇਣ ਲਈ ਵੀ ਤਿਆਰ ਨਹੀਂ।" ਨਹਿਰੂ ਦਾ ਇਹ ਹਠ ਆਪਣਾ ਅਸਰ ਦਿਖਾਉਣ ਲੱਗ ਪਿਆ। ਭਾਰਤ ਦੀਆਂ ਕੁਝ ਬਾਰਸੂਖ਼ ਹਸਤੀਆਂ ਨੇ ਸਰਕਾਰੀ ਧਿਰ ਵੱਲੋਂ ਧਾਰਨ ਕੀਤੇ ਅੜੀਅਲ ਵਤੀਰੇ ਵੱਲ ਦੇਖਦਿਆਂ ਹੋਇਆਂ ਮਾਸਟਰ ਤਾਰਾ ਸਿੰਘ ਨੂੰ ਅਪੀਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਕਿ ਉਹ 'ਦੇਸ ਦੀ ਭਲਾਈ' ਲਈ ਆਪਣਾ ਵਰਤ ਤੋੜ ਦੇਣ।[20] ਇਹ ਗੱਲ ਪੁੱਛਣ ਵਾਲਾ ਕੋਈ ਨਹੀਂ ਸੀ ਕਿ ਕੀ 'ਦੇਸ ਦੀ ਭਲਾਈ' ਦਾ ਸਾਰਾ ਜ਼ੁੰਮਾ ਸਿੱਖਾਂ ਅਤੇ ਅਕਾਲੀ ਆਗੂਆਂ ਨੇ ਹੀ ਓਟਿਆ ਹੋਇਆ ਹੈ ? ਕੀ 'ਦੇਸ ਦੀ ਭਲਾਈ' ਦਾ ਇਹ ਮੰਤਰ, ਬੁਹਗਿਣਤੀ ਭਾਈਚਾਰੇ ਤੇ ਉਸ ਦੇ ਰਾਜਨੀਤਕ ਰਹਿਬਰਾਂ ਉੱਤੇ ਲਾਗੂ ਨਹੀਂ ਹੁੰਦਾ ? ਕੀ 'ਦੇਸ ਦੀ ਭਲਾਈ' ਲਈ ਉਹ ਸਿੱਖ ਕੌਮ ਦੀ ਹੱਕੀ ਮੰਗ ਪਰਵਾਨ ਕਰ ਲੈਣ ਦੀ ਫ਼ਰਾਖ਼ਦਿਲੀ ਨਹੀਂ (ਸਨ) ਦਿਖਾ ਸਕਦੇ ? ਪਰ ਜਿਵੇਂ ਕਿਹਾ ਜਾਂਦਾ ਹੈ ਕਿ 'ਤਕੜੇ ਦਾ ਸੱਤੀਂ ਵੀਹੀਂ ਸੌ' ਹੁੰਦਾ ਹੈ। ਹਿੰਦੂ ਵਰਗ ਕਿਉਂਕਿ ਇਕ ਬਹੁਗਿਣਤੀ ਵਰਗ ਹੈ, ਇਸ ਕਰਕੇ ਉਸ ਦੀ ਹਰ ਜ਼ਿਦ ਅਤੇ ਹਰ ਵਧੀਕੀ ਨੂੰ ਸੱਤਵਚਨ ਕਹਿ ਕੇ ਪਰਵਾਨ ਕਰ ਲਿਆ ਜਾਂਦਾ ਹੈ। 'ਦੇਸ ਦੀ ਭਲਾਈ' ਲਈ ਜੋ ਕੁਝ ਗੁਆਉਣ ਗ਼ੈਰ-ਹਿੰਦੂ ਤਬਕੇ ਹੀ ਗੁਆਉਣ!

ਜੈ ਪ੍ਰਕਾਸ਼ ਨਰਾਇਣ ਨੇ ਪਹਿਲੀ ਸਤੰਬਰ ਨੂੰ ਮਾਸਟਰ ਤਾਰਾ ਸਿੰਘ ਨਾਲ ਮੁਲਾਕਾਤ ਕਰ ਕੇ ਕੋਈ ਸਮਝੌਤੇ ਦਾ ਰਾਹ ਤਲਾਸ਼ਣ ਦੀ ਕੋਸ਼ਿਸ਼ ਕੀਤੀ। ਉਸ ਨੇ ਦੇਖਿਆ ਕਿ ਮਾਸਟਰ ਤਾਰਾ ਸਿੰਘ ਆਪਣੇ ਪਹਿਲੇ ਬਿਆਨ ਤੋਂ ਪਿਛਾਂਹ ਹਟ ਕੇ ਸਾਲਸੀ ਪਰਵਾਨ ਕਰ ਲੈਣ ਦੇ ਰੌਅ ਵਿੱਚ ਸੀ। ਬਸ਼ਰਤੇ ਕਿ ਸਾਲਸ ਕੋਈ ਜੈ ਪ੍ਰਕਾਸ਼ ਨਰਾਇਣ ਵਰਗੀ ਨਿਰਪੱਖ ਹਸਤੀ ਹੋਵੇ। ਇਸੇ ਦੌਰਾਨ ਸ: ਹਰਦਿਤ ਸਿੰਘ ਮਲਿਕ (ਫ਼ਰਾਂਸ ਅੰਦਰ ਭਾਰਤ ਦੇ ਸਾਬਕਾ ਸਫ਼ੀਰ) ਅਤੇ ਮਹਾਰਾਜਾ ਯਾਦਵਿੰਦਰ ਸਿੰਘ (ਪਟਿਆਲਾ) ਨੇ ਸਮਝੌਤੇ ਦੀ ਉਮੀਦ ਨਾਲ ਵਿਚੋਲਗੀ ਦਾ ਕੰਮ ਸੰਭਾਲ ਲਿਆ। ਉਨ੍ਹਾਂ ਨਹਿਰੂ ਨਾਲ ਅਤੇ ਜਿਨ੍ਹਾਂ ਨਾਲ ਹੋਰ ਲੋੜ ਸੀ, ਉਨ੍ਹਾਂ ਸਭ ਲੋਕਾਂ ਨਾਲ ਵਿਚਾਰ-ਵਟਾਂਦਰਾ ਕੀਤਾ। ਵਿਚਾਰ-ਵਟਾਂਦਰੇ ਦਾ ਮੁੱਦਾ ਪੰਜਾਬੀ ਸੂਬੇ ਦੀ ਮੰਗ ਨੂੰ ਪਰਵਾਨ ਕਰਨ ਦੀ ਸ਼ਰਤ ਤੋਂ ਕਈ ਕਦਮ ਪਿਛਾਂਹ ਹਟ ਕੇ, ਇਸ ਮਸਲੇ ਦੇ ਨਿਪਟਾਰੇ ਲਈ ਇਕ ਉਚ ਪੱਧਰੀ ਕਮਿਸ਼ਨ ਦੀ ਨਿਯੁਕਤੀ ਦੀਆਂ ਤਜਵੀਜ਼ਾਂ ਉੱਤੇ ਕੇਂਦਰਿਤ ਹੋ ਗਿਆ। ਪਰ ਭਾਰਤੀ ਹਾਕਮ ਅਕਾਲੀ ਆਗੂਆਂ ਨੂੰ ਕੋਈ ਵੀ ਲੜ ਫੜਾਉਣ ਲਈ ਤਿਆਰ ਨਹੀਂ ਸਨ। ਇਸ ਹਾਲਤ ਦੇ

ਮੱਦੇਨਜ਼ਰ ਅਕਾਲੀ ਦਲ ਨੇ 29 ਸਤੰਬਰ ਨੂੰ ਪ੍ਰੈੱਸ ਦੇ ਨਾਂ ਜਾਰੀ ਕੀਤੇ ਇਕ ਬਿਆਨ ਅੰਦਰ ਆਪਣੀ ਔਖ ਤੇ ਨਾਰਾਜ਼ਗੀ ਪਰਗਟ ਕਰਦਿਆਂ ਹੋਇਆਂ ਇਹ ਦੋਸ਼ ਲਾਇਆ ਕਿ ਕਾਂਗਰਸੀ ਹਾਕਮਾਂ ਨੇ ਮਾਸਟਰ ਜੀ ਦੀ ਮੌਤ ਬਾਰੇ ਪਹਿਲਾਂ ਹੀ ਫ਼ੈਸਲਾ ਕਰ ਲਿਆ ਹੋਇਆ ਹੈ ਅਤੇ ਉਨ੍ਹਾਂ ਵੱਲੋਂ ਗੱਲਬਾਤ ਦਾ ਜੋ ਨਾਟਕ ਰਚਿਆ ਜਾ ਰਿਹਾ ਹੈ ਉਸ ਦਾ ਇਕ ਮਾਤਰ ਉਦੇਸ਼ ਕੌਮਾਂਤਰੀ ਲੋਕ-ਰਾਇ ਨੂੰ ਗੁੰਮਰਾਹ ਕਰਨਾ ਹੈ। ਇਸ ਕਰਕੇ ਅਕਾਲੀ ਦਲ ਨੇ ਮਹਾਰਾਜਾ ਪਟਿਆਲਾ ਨੂੰ ਇਹ ਸਪਸ਼ਟ ਹਦਾਇਤ ਕਰ ਦਿੱਤੀ ਕਿ ਉਹ ਵਿਚੋਲਗਿਰੀ ਦੇ ਯਤਨਾਂ ਨੂੰ ਤੁਰੰਤ ਠੱਪ ਕਰ ਦੇਣ। ਪਰ ਬਾਅਦ ਵਿੱਚ ਜਾ ਕੇ ਜੋ ਤੱਥ ਸਾਹਮਣੇ ਆਏ ਉਨ੍ਹਾਂ ਮੁਤਾਬਕ ਨਾ ਤਾਂ ਮਹਾਰਾਜਾ ਪਟਿਆਲਾ ਤੇ ਹੋਰਨਾਂ ਨੇਕ ਪੁਰਸ਼ਾਂ ਨੇ ਆਪਣੇ ਵਿਚੋਲਗਿਰੀ ਦੇ ਯਤਨ ਠੱਪ ਕੀਤੇ ਅਤੇ ਨਾ ਹੀ ਅਕਾਲੀ ਦਲ ਨੇ ਇਨ੍ਹਾਂ ਯਤਨਾਂ ਲਈ ਆਪਣੇ ਦਰਵਾਜ਼ੇ ਬੰਦ ਕੀਤੇ। ਪੜਦੇ ਪਿੱਛੇ ਮੁਲਾਕਾਤਾਂ ਤੇ ਵਿਚਾਰਾਂ ਚੱਲਦੀਆਂ ਰਹੀਆਂ। ਸ: ਹਰਦਿੱਤ ਸਿੰਘ ਮਲਿਕ ਤੇ ਮਹਾਰਾਜਾ ਯਾਦਵਿੰਦਰ ਸਿੰਘ ਨੇ ਪਹਿਲੀ ਅਕਤੂਬਰ ਨੂੰ ਭਾਰਤ ਦੇ ਗ੍ਰਿਹ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸਤਰੀ ਨਾਲ ਇਕ ਗੁਪਤ ਮੀਟਿੰਗ ਕੀਤੀ ਜਿਸ ਪਿੱਛੋਂ ਉਹ ਬਾਅਦ ਦੁਪਹਿਰ ਅੰਮ੍ਰਿਤਸਰ ਪਹੁੰਚ ਗਏ। ਅਕਾਲੀ ਦਲ ਦੀ ਵਰਕਿੰਗ ਕਮੇਟੀ ਉਨ੍ਹਾਂ ਦੇ ਪ੍ਰਸਤਾਵ ਉੱਤੇ ਡੇਢ ਘੰਟਾ ਸਿਰ ਜੋੜ ਕੇ ਵਿਚਾਰਾਂ ਕਰਦੀ ਰਹੀ। ਮੀਟਿੰਗ ਤੋਂ ਇਲਾਵਾ ਵੀ ਵਿਸ਼ਵਾਸਪਾਤਰਾਂ ਦੇ ਛੋਟੇ ਦਾਇਰਿਆਂ ਵਿੱਚ ਗੁਪਤ ਵਾਰਤਾਲਾਪਾਂ ਦੇ ਕਈ ਦੌਰ ਚੱਲੇ। ਸ਼ਾਮ ਦੇ ਸੱਤ ਵੱਜੇ ਸਨ ਜਦੋਂ ਸੰਤ ਫਤਹਿ ਸਿੰਘ ਤੇ ਮਹਾਰਾਜਾ ਪਟਿਆਲਾ ਨੇ ਮਾਸਟਰ ਤਾਰਾ ਸਿੰਘ ਦੇ ਮੂੰਹ ਨੂੰ ਸ਼ਹਿਦ ਘੁਲੇ ਨਿੰਬੂ ਪਾਣੀ ਦਾ ਗਲਾਸ ਛੁਹਾ ਕੇ ਮਰਨ ਵਰਤ ਦੇ ਖ਼ਾਤਮੇ ਦਾ ਐਲਾਨ ਕਰ ਦਿੱਤਾ।[21]

ਇਸ ਗੱਲ ਵਿੱਚ ਉੱਕਾ ਹੀ ਕੋਈ ਸ਼ੱਕ ਨਹੀਂ ਸੀ ਕਿ ਸੰਤ ਫਤਹਿ ਸਿੰਘ ਵਾਂਗ ਹੀ ਮਾਸਟਰ ਤਾਰਾ ਸਿੰਘ ਨੇ ਵੀ ਆਪਣਾ ਵਚਨ ਪੂਰਾ ਹੋਏ ਬਗ਼ੈਰ ਹੀ ਵਰਤ ਤੋੜ ਦਿੱਤਾ ਸੀ। ਉਨ੍ਹਾਂ ਵਚਨ ਇਹ ਕੀਤਾ ਸੀ ਕਿ ਪੰਜਾਬੀ ਸੂਬੇ ਦੀ ਸਥਾਪਨਾ ਤਕ ਉਹ ਆਪਣਾ ਵਰਤ ਨਹੀਂ ਤੋੜਨਗੇ। ਪਰ ਜਿਸ ਭਰੋਸੇ ਆਸਰੇ ਵਰਤ ਤੋੜਿਆ ਗਿਆ ਉਸ ਵਿੱਚ ਪੰਜਾਬੀ ਸੂਬਾ ਕਾਇਮ ਕਰਨ ਦਾ ਕੋਈ ਵੀ ਸੰਕੇਤ ਜਾਂ ਜ਼ਿਕਰ ਤਕ ਨਹੀਂ ਸੀ। ਵਿਚੋਲਿਆਂ ਨੇ ਸਰਕਾਰ ਦੀ ਤਰਫ਼ੋਂ ਸਿਰਫ਼ ਇਹ ਯਕੀਨ (ਉਹ ਵੀ ਜ਼ਬਾਨੀ-ਕਲਾਮੀ ਹੀ) ਦੁਆਇਆ ਸੀ ਕਿ ਸਿੱਖਾਂ ਨਾਲ ਵਿਤਕਰੇਬਾਜ਼ੀ ਦੇ ਦੋਸ਼ਾਂ ਬਾਰੇ ਇਕ ਉਚ-ਪੱਧਰੀ ਕਮਿਸ਼ਨ ਨਿਯੁਕਤ ਕੀਤਾ ਜਾਵੇਗਾ। ਨਹਿਰੂ ਅਤੇ ਸ਼ਾਸਤਰੀ ਦਾ ਇਹ ਕਹਿਣਾ ਸੀ ਕਿ ਏਨੀ ਗੱਲ ਤੋਂ ਇਲਾਵਾ ਉਨ੍ਹਾਂ ਦੀ ਤਰਫ਼ੋਂ ਹੋਰ ਨਾ ਕੋਈ ਵਾਅਦਾ ਕੀਤਾ ਗਿਆ ਸੀ ਤੇ ਨਾ ਹੀ ਕੋਈ ਯਕੀਨ ਦੁਆਇਆ ਗਿਆ ਸੀ।[22] ਇਸ ਦੇ ਉਲਟ, ਮਾਸਟਰ ਤਾਰਾ ਸਿੰਘ ਦਾ ਦਾਅਵਾ ਸੀ ਕਿ ਉਸ ਨੂੰ ਜ਼ਬਾਨੀ-ਕਲਾਮੀ ਇਹ ਵਿਸ਼ਵਾਸ ਦੁਆਇਆ ਗਿਆ ਸੀ ਕਿ ਕਮਿਸ਼ਨ ਦੇ ਮੈਂਬਰਾਂ ਤੇ ਇਸ ਦੀਆਂ ਮੱਦਾਂ ਸਬੰਧੀ ਨਿਰਣਾ ਉਸ ਦੇ ਸੁਝਾਵਾਂ ਤੇ ਭਾਵਨਾਵਾਂ ਅਨੁਸਾਰ ਹੀ ਹੋਵੇਗਾ। ਜੇਕਰ ਮਾਸਟਰ ਤਾਰਾ ਸਿੰਘ ਦੇ ਇਸ ਦਾਅਵੇ ਨੂੰ ਸੱਚ ਵੀ ਮੰਨ ਲਿਆ ਜਾਵੇ ਤਾਂ ਵੀ ਇਸ ਨਾਲ ਉਨ੍ਹਾਂ ਦੇ ਵਚਨ ਦੀ ਪੂਰਤੀ ਹੋਈ ਨਹੀਂ ਮੰਨੀ ਜਾ ਸਕਦੀ।

ਖ਼ੈਰ, ਅਸਲ ਵਿੱਚ ਹੋਇਆ ਇਹ ਕਿ ਤੈਅ ਹੋਏ ਅਣਲਿਖਤੀ ਸਮਝੌਤੇ ਉੱਤੇ ਅਮਲ ਕਰਵਾਉਣ ਲਈ ਮਾਸਟਰ ਤਾਰਾ ਸਿੰਘ ਨੇ 30 ਅਕਤੂਬਰ ਨੂੰ ਮਲਿਕ ਹਰਦਿੱਤ ਸਿੰਘ ਦੀ ਹਾਜ਼ਰੀ ਵਿੱਚ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ ਅਤੇ ਅਗਲੇ ਹੀ ਦਿਨ ਭਾਰਤ ਸਰਕਾਰ ਵੱਲੋਂ ਤਜਵੀਜ਼-ਸ਼ੁਦਾ ਕਮਿਸ਼ਨ ਦੀ ਨਿਯੁਕਤੀ ਦਾ ਐਲਾਨ ਹੋ ਗਿਆ। ਜਸਟਿਸ ਐਸ.ਆਰ. ਦਾਸ ਦੀ ਅਗਵਾਈ ਹੇਠ ਕਾਇਮ ਕੀਤੇ ਗ਼ਏ ਇਸ ਤਿੰਨ ਮੈਂਬਰੀ ਕਮਿਸ਼ਨ

ਦੀ ਬਣਤਰ ਅਤੇ ਮੱਦਾਂ ਨੂੰ ਲੈ ਕੇ ਅਕਾਲੀ ਲੀਡਰਸ਼ਿਪ ਅਤੇ ਸਰਕਾਰ ਵਿਚਾਲੇ ਭਰੋਸੇ ਦਾ ਇਕ ਗੰਭੀਰ ਸੰਕਟ ਖੜ੍ਹਾ ਹੋ ਗਿਆ। ਅਕਾਲੀ ਲੀਡਰਸ਼ਿਪ ਅਤੇ ਖ਼ਾਸ ਕਰਕੇ ਮਾਸਟਰ ਤਾਰਾ ਸਿੰਘ ਨੂੰ ਇਕ ਵਾਰ ਫਿਰ ਕਾਂਗਰਸੀ ਹਾਕਮਾਂ ਹੱਥੋਂ 'ਧੋਖਾ ਅਤੇ ਠੱਗੀ ਖਾ ਜਾਣ' ਦਾ ਸਦਮੇ-ਭਰਿਆ ਅਹਿਸਾਸ ਹੋਇਆ। ਉਨ੍ਹਾਂ ਨੂੰ ਦਿੱਤੇ ਗਏ ਪ੍ਰਭਾਵ ਦੇ ਉਲਟ, ਕਮਿਸ਼ਨ ਅੰਦਰ ਉਹ ਵਿਅਕਤੀ ਸ਼ਾਮਲ ਕਰ ਲਏ ਗਏ ਜਿਨ੍ਹਾਂ ਦੀ ਨਿਰਪੱਖਤਾ ਬਾਰੇ ਅਕਾਲੀ ਲੀਡਰਸ਼ਿਪ ਨੂੰ ਉੱਕਾ ਹੀ ਕੋਈ ਯਕੀਨ ਨਹੀਂ ਸੀ। ਇਸ ਕਰਕੇ ਅਕਾਲੀ ਦਲ ਨੇ ਇਸ ਕਮਿਸ਼ਨ ਦੇ ਬਾਈਕਾਟ ਦਾ ਫ਼ੈਸਲਾ ਕਰ ਲਿਆ। ਕਾਂਗਰਸੀ ਹਾਕਮਾਂ ਦੇ ਹੱਥ-ਠੋਕੇ 'ਨੈਸ਼ਨਲਿਸਟ ਸਿੱਖਾਂ' ਦੀ ਇਕ ਨਾਮ-ਨਿਹਾਦ ਜਥੇਬੰਦੀ ਨੂੰ ਛੱਡ ਕੇ, ਬਾਕੀ ਸਾਰੀਆਂ ਸਿੱਖ ਜਥੇਬੰਦੀਆਂ ਤੇ ਸੰਸਥਾਵਾਂ ਨੇ ਇਸ ਕਮਿਸ਼ਨ ਦਾ ਮੁਕੰਮਲ ਰੂਪ ਵਿੱਚ ਬਾਈਕਾਟ ਕੀਤਾ। 'ਨੈਸ਼ਨਲਿਸਟ ਸਿੱਖਾਂ' ਦੀ ਨੁਮਾਇੰਦਗੀ ਕਰਦਿਆਂ ਡਾ. ਗੋਪਾਲ ਸਿੰਘ ਦਰਦੀ ਨੇ ਕਮਿਸ਼ਨ ਅੱਗੇ ਪੂਰੀ ਬੇਹਯਾਈ ਨਾਲ ਇਹ ਗੱਲ ਆਖੀ ਕਿ ਭਾਰਤ ਅੰਦਰ ਸਿੱਖਾਂ ਨਾਲ ਕੋਈ ਵਿਤਕਰਾ ਤੇ ਵੈਰ-ਭਾਵ ਨਹੀਂ ਵਰਤਿਆ ਜਾ ਰਿਹਾ।[23] ਇਸ 'ਸੇਵਾ' ਬਦਲੇ ਡਾ. ਗੋਪਾਲ ਸਿੰਘ ਨੂੰ ਥੋੜ੍ਹੇ ਹੀ ਚਿਰ ਬਾਅਦ ਸ: ਕੈਰੋਂ ਦੀ ਸਿਫ਼ਾਰਸ਼ 'ਤੇ ਰਾਜ ਸਭਾ ਦਾ ਮੈਂਬਰ ਨਮਜ਼ਦ ਕਰ ਦਿੱਤਾ ਗਿਆ।

ਦਾਸ ਕਮਿਸ਼ਨ ਨੇ ਕਾਰਵਾਈ ਦਾ ਨਾਟਕ ਪੂਰਾ ਕਰਨ ਤੋਂ ਬਾਅਦ 9 ਫ਼ਰਵਰੀ, 1962 ਨੂੰ ਆਪਣੀ ਰਿਪੋਰਟ ਪੇਸ਼ ਕਰ ਦਿੱਤੀ ਜਿਸ ਵਿੱਚ ਸਿੱਖਾਂ ਨਾਲ ਵਿਤਕਰੇ ਦੇ ਦੋਸ਼ਾਂ ਨੂੰ 'ਆਧਾਰਹੀਣ' ਦੱਸਦਿਆਂ ਹੋਇਆਂ, ਪੰਜਾਬੀ ਸੂਬੇ ਦੀ ਮੰਗ ਨੂੰ, ਖ਼ਾਸ ਕਰਕੇ ਇਸ ਸਬੰਧੀ ਮਾਸਟਰ ਤਾਰਾ ਸਿੰਘ ਦੇ ਵਿਚਾਰਾਂ ਨੂੰ ਪੜਚੋਲ ਅਤੇ ਭੰਡੀ ਪ੍ਰਚਾਰ ਦਾ ਨਿਸ਼ਾਨਾ ਬਣਾਇਆ ਗਿਆ।[24]

ਇਸ ਤਰ੍ਹਾਂ ਅੱਠਾਂ ਮਹੀਨਿਆਂ ਦੇ ਵਕਫ਼ੇ ਅੰਦਰ ਹੀ ਸਿੱਖ ਪੰਥ ਨੂੰ ਇਕ ਵਾਰ ਫਿਰ ਵੱਡੀ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਗਿਆ। ਅਕਾਲੀ ਆਗੂਆਂ ਵੱਲੋਂ ਗੁਰੂ ਦੀ ਹਜ਼ੂਰੀ ਵਿੱਚ ਕੀਤੇ ਗਏ ਵਚਨਾਂ ਨੂੰ ਤੋੜ ਕੇ ਭੱਜ ਨਿਕਲਣ ਦੇ ਕਰਮ ਨੇ ਸਿੱਖ ਕੌਮ ਦੇ ਸਵੈ-ਮਾਣ ਨੂੰ ਮੁੜ ਗਹਿਰਾ ਘਾਤ ਲਗਾਇਆ। ਆਪਣੀ ਸੂਰਮਗਤੀ ਅਤੇ ਬਹਾਦਰੀ ਉੱਤੇ ਮਾਣ ਕਰਨ ਵਾਲੀ ਸਿੱਖ ਕੌਮ ਨੇ ਇਕ ਵਾਰ ਫਿਰ ਆਪਣੇ ਆਪ ਨੂੰ ਦੁਨੀਆ ਸਾਹਮਣੇ ਜ਼ਲੀਲ ਹੋਏ ਮਹਿਸੂਸ ਕੀਤਾ। ਇਸ ਵਾਰ ਫਿਰ ਸਿੱਖ ਜਨਤਾ ਦੇ ਗ਼ੁੱਸੇ ਦੀ ਧਾਰ ਵੱਧ ਮਾਸਟਰ ਤਾਰਾ ਸਿੰਘ ਵੱਲ ਹੀ ਸੇਧਤ ਹੋਈ। ਅਕਾਲੀ ਸਫ਼ਾਂ ਅੰਦਰ ਮਾਸਟਰ ਤਾਰਾ ਸਿੰਘ ਦੀ ਕਾਬਲੀਅਤ ਅਤੇ ਸੁਹਿਰਦਤਾ ਬਾਰੇ ਮੁੜ ਤਿੱਖੇ ਸੁਆਲ ਅਤੇ ਸ਼ੰਕੇ ਪੈਦਾ ਹੋ ਉਠੇ। ਅਜਿਹੇ ਹੀ ਮਾਹੌਲ ਵਿੱਚ ਮਾਸਟਰ ਤਾਰਾ ਸਿੰਘ ਉੱਤੇ ਵਚਨ ਤੋੜਨ ਦੇ ਲੱਗ ਰਹੇ ਇਲਜ਼ਾਮਾਂ ਦਾ ਮਸਲਾ ਪੰਜਾਂ ਪਿਆਰਿਆਂ ਦੇ ਹਵਾਲੇ ਕਰ ਦਿੱਤਾ ਗਿਆ। ਪੰਜ ਪਿਆਰਿਆਂ ਮਾਸਟਰ ਤਾਰਾ ਸਿੰਘ ਨੂੰ ਆਪਣਾ ਵਚਨ ਤੋੜਨ ਦਾ ਦੋਸ਼ੀ ਕਰਾਰ ਦੇ ਦਿੱਤਾ ਅਤੇ ਇਸ ਦੋਸ਼ ਬਦਲੇ ਉਸ ਨੂੰ, ਸਿੱਖ ਮਰਿਆਦਾ ਮੁਤਾਬਕ, ਕਰੜੀ ਤਨਖਾਹ ਲਾਈ ਗਈ। ਇਸ ਦੇ ਨਾਲ ਹੀ, ਸੰਤ ਫਤਹਿ ਸਿੰਘ (ਤੇ 8 ਹੋਰਨਾਂ ਵਰਕਿੰਗ ਕਮੇਟੀ ਮੈਂਬਰਾਂ) ਨੂੰ ਵੀ, ਮਾਸਟਰ ਜੀ ਨੂੰ ਵਰਤ ਤੋੜਨ ਦੀ ਸਲਾਹ ਦੇਣ ਅਤੇ ਜੂਸ ਪਿਲਾਉਣ ਦੇ ਦੋਸ਼ ਬਦਲੇ ਮਾਮੂਲੀ ਸਜ਼ਾ ਸੁਣਾਈ ਗਈ।

ਪੰਜਾਂ ਪਿਆਰਿਆਂ ਦੇ ਉਪਰੋਕਤ ਫ਼ਤਵੇ ਤੋਂ ਥੋੜ੍ਹੇ ਦਿਨਾਂ ਬਾਅਦ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਹੋਣ ਵਾਲੀ ਸੀ। ਸੰਤ ਫਤਹਿ ਸਿੰਘ ਪੱਖੀ ਧੜਾ ਮਾਸਟਰ ਤਾਰਾ ਸਿੰਘ ਨੂੰ ਕਿਸੇ ਵੀ ਸੂਰਤ ਮੁੜ ਪ੍ਰਧਾਨ ਬਣਿਆ ਨਹੀਂ ਸੀ ਦੇਖਣਾ ਚਾਹੁੰਦਾ। ਪਰ ਜਨਰਲ ਹਾਊਸ ਅੰਦਰ ਉਨ੍ਹਾਂ ਕੋਲ ਸਪਸ਼ਟ ਬਹੁਗਿਣਤੀ ਨਹੀਂ ਸੀ। ਇਸ ਕਰਕੇ ਉਨ੍ਹਾਂ ਇਹ ਕਹਿ

ਕੇ ਚੋਣ ਦੇ ਅਮਲ ਦਾ ਬਾਈਕਾਟ ਕਰ ਦਿੱਤਾ ਕਿ ਮਾਸਟਰ ਤਾਰਾ ਸਿੰਘ ਦੀ ਚੋਣ ਪੰਜਾਂ ਪਿਆਰਿਆਂ ਦੇ ਫ਼ਤਵੇ ਦੀ ਸਪਸ਼ਟ ਉਲੰਘਣਾ ਹੈ। ਪਰ ਮਾਸਟਰ ਤਾਰਾ ਸਿੰਘ ਦੇ ਧੜੇ ਨੇ ਇਸ ਦਲੀਲ ਨੂੰ ਨਾਮਨਜ਼ੂਰ ਕਰਦਿਆਂ ਹੋਇਆਂ, ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿੱਚ ਹੀ ਮਾਸਟਰ ਤਾਰਾ ਸਿੰਘ ਨੂੰ ਸ਼੍ਰੋਮਣੀ ਕਮੇਟੀ ਦਾ ਮੁੜ ਪ੍ਰਧਾਨ ਚੁਣ ਲਿਆ। ਇਸ ਤਰ੍ਹਾਂ ਤਕਨੀਕੀ ਤੌਰ 'ਤੇ ਭਾਵੇਂ ਮਾਸਟਰ ਤਾਰਾ ਸਿੰਘ ਦੀ ਚੋਣ ਨੂੰ ਗ਼ਲਤ ਜਾਂ ਗ਼ੈਰ-ਕਾਨੂੰਨੀ ਨਹੀਂ ਸੀ ਠਹਿਰਾਇਆ ਜਾ ਸਕਦਾ ਪਰ ਹਕੀਕਤ ਇਹ ਸੀ ਕਿ ਅਕਾਲੀ ਦਲ ਅਮਲੀ ਤੌਰ 'ਤੇ ਦੋਫਾੜ ਹੋ ਚੁੱਕਾ ਸੀ। ਇਸ ਦਾ ਰਸਮੀ ਐਲਾਨ ਕਰਨਾ ਹੀ ਬਾਕੀ ਰਹਿ ਗਿਆ ਸੀ।

ਅਜਿਹੀ ਹਾਲਤ ਵਿੱਚ ਰਸਮੀ ਦੋਫਾੜ ਲਈ ਕੋਈ ਮਾਮੂਲੀ ਮੌਕਾ ਤੇ ਬਹਾਨਾ ਹੀ ਚਾਹੀਦਾ ਹੁੰਦਾ ਹੈ। ਅਕਾਲੀ ਦਲ ਅੰਦਰ ਇਹ ਬਹਾਨਾ ਉਸ ਵੇਲੇ ਜੁੜ ਗਿਆ ਜਦ ਮਾਸਟਰ ਤਾਰਾ ਸਿੰਘ ਨੇ 8 ਜੂਨ (1962) ਨੂੰ ਅਕਾਲੀ ਦਲ ਦੀ ਵਰਕਿੰਗ ਕਮੇਟੀ ਮੀਟਿੰਗ ਅੰਦਰ ਸੰਤ ਫਤਹਿ ਸਿੰਘ ਦੇ ਦੋ ਵਿਸ਼ਵਾਸਪਾਤਰਾਂ—ਜੀਵਨ ਸਿੰਘ ਉਮਰਾਨੰਗਲ ਤੇ ਲਛਮਣ ਸਿੰਘ ਗਿੱਲ—ਦੇ ਵਿਰੁੱਧ ਜ਼ਾਬਤੇ ਦੀ ਕਾਰਵਾਈ ਕਰਨ ਦਾ ਨਿਰਣਾ ਕਰ ਲਿਆ। ਇਸ ਉਪਰੰਤ ਸੰਤ ਫਤਹਿ ਸਿੰਘ ਦੀ ਅਗਵਾਈ ਹੇਠਲੇ ਧੜੇ ਨੇ 22 ਜੁਲਾਈ 1962 ਨੂੰ ਮੁਲਾਂਪੁਰ ਵਿਖੇ ਆਪਣੀ ਇਕ ਵੱਖਰੀ ਕਨਵੈਨਸ਼ਨ ਬੁਲਾ ਕੇ ਅਕਾਲੀ ਦਲ ਅੰਦਰ ਦੁਫੇੜ ਦਾ ਰਸਮੀ ਐਲਾਨ ਕਰ ਦਿੱਤਾ। ਇਸ ਤਰ੍ਹਾਂ ਮਾਸਟਰ ਤਾਰਾ ਸਿੰਘ ਤੇ ਸੰਤ ਫਤਹਿ ਸਿੰਘ ਦੀ ਅਗਵਾਈ ਹੇਠ ਦੋ ਅਲੱਗ-ਅਲੱਗ ਅਕਾਲੀ ਦਲ ਵਿਚਰਨ ਲੱਗ ਪਏ।

ਅਕਾਲੀ ਦਲ ਅੰਦਰ ਪਈ ਇਹ ਦੁਫੇੜ ਕੋਈ ਮਾਮੂਲੀ ਘਟਨਾ ਨਹੀਂ ਸੀ। ਇਸ ਦੁਫੇੜ ਦਾ ਆਧਾਰ ਤੇ ਇਸਦੇ ਸਿੱਖ ਰਾਜਨੀਤੀ ਉੱਤੇ ਪੈਣ ਵਾਲੇ ਪ੍ਰਭਾਵ ਵੱਡੀ ਰਾਜਸੀ ਅਹਿਮੀਅਤ ਰਖਦੇ ਸਨ। ਇਸ ਦੁਫੇੜ ਨਾਲ ਅਕਾਲੀ ਰਾਜਨੀਤੀ ਅੰਦਰ ਸਪੱਸ਼ਟ ਰੂਪ ਵਿੱਚ ਮੁਕਾਬਲੇ ਦੀਆਂ ਦੋ ਧਾਰਾਵਾਂ ਹੋਂਦ ਵਿੱਚ ਆ ਗਈਆਂ। ਇਨ੍ਹਾਂ 'ਚੋਂ ਕਿਹੜੀ ਜੇਤੂ ਹੋ ਕੇ ਨਿਕਲਦੀ ਹੈ ਅਤੇ ਕਿਹੜੀ ਪਛਾੜ ਖਾ ਜਾਂਦੀ ਹੈ, ਇਸ ਗੱਲ ਨੇ ਅਕਾਲੀ ਰਾਜਨੀਤੀ ਦੇ ਭਵਿੱਖ ਦਾ ਨਿਤਾਰਾ ਕਰਨਾ ਸੀ।

•

# 8

# ਸਿੱਖ ਪ੍ਰੰਪਰਾ ਦਾ ਨਿਖੇਧ

## (ਮਰਨ ਵਰਤਾਂ ਦੀ ਰਾਜਨੀਤੀ)

ਸ਼੍ਰੋਮਣੀ ਅਕਾਲੀ ਦਲ ਅੰਦਰ 1961-62 ਦੌਰਾਨ ਪੈਦਾ ਹੋਈ ਹਾਲਤ ਇਕ ਗੰਭੀਰ ਸੰਕਟ ਦੀ ਦੱਸ ਪਾਉਂਦੀ ਸੀ। ਅਕਾਲੀ ਲੀਡਰਸ਼ਿਪ ਇਸ ਸੰਕਟ ਦੀ ਹਕੀਕੀ ਥਾਹ ਪਾਉਣ ਦੀ ਕਾਬਲੀਅਤ ਨਾ ਦਿਖਾ ਸਕੀ। ਸੰਕਟ ਦੇਖਣ ਨੂੰ ਜਥੇਬੰਦਕ ਪ੍ਰਤੀਤ ਹੁੰਦਾ ਸੀ। ਪਰ ਜੋ ਦੇਖਣ ਨੂੰ ਪ੍ਰਤੀਤ ਹੁੰਦਾ ਹੈ ਜ਼ਰੂਰੀ ਨਹੀਂ ਕਿ ਉਹ ਅਸਲੀਅਤ ਹੋਵੇ।

ਸੰਕਟ, ਮੂਲ ਰੂਪ ਵਿੱਚ, ਵਿਚਾਰਧਾਰਕ ਅਤੇ ਰਾਜਨੀਤਕ ਸੀ। ਬੇਸ਼ੱਕ ਆਮ ਸਿੱਖ ਜਨਤਾ ਲੀਡਰਸ਼ਿਪ ਦੇ ਮਾਮਲੇ ਨੂੰ ਵੱਧ ਸ਼ਖ਼ਸੀ ਪੱਖ ਤੋਂ ਹੀ ਦੇਖ ਰਹੀ ਸੀ। ਪ੍ਰੰਤੂ ਰਾਜਸੀ ਲੀਡਰਸ਼ਿਪ ਦਾ ਮਸਲਾ ਕਦੇ ਵੀ ਨਿਰਾ ਸ਼ਖ਼ਸੀ ਨਹੀਂ ਹੁੰਦਾ। ਇਹ ਮੂਲ ਰੂਪ ਵਿੱਚ ਵਿਚਾਰਧਾਰਕ ਤੇ ਰਾਜਨੀਤਕ ਹੁੰਦਾ ਹੈ। ਆਮ ਤੌਰ 'ਤੇ ਇਸ ਵਿੱਚ ਸ਼ਖ਼ਸੀ ਪੱਖਾਂ ਦਾ ਸਥਾਨ ਪ੍ਰਮੁੱਖ ਨਹੀਂ, ਦੋਮ ਹੁੰਦਾ ਹੈ। ਸਿੱਖ ਜਨਤਾ ਦੁਆਰਾ ਮਾਸਟਰ ਤਾਰਾ ਸਿੰਘ ਦੀ ਲੀਡਰਸ਼ਿਪ ਪ੍ਰਤੀ ਪ੍ਰਗਟਾਈ ਜਾ ਰਹੀ ਬੇਵਿਸ਼ਵਾਸੀ ਦੇ ਪਿੱਛੇ ਵੀ ਕੁਝ ਬੁਨਿਆਦੀ ਵਿਚਾਰਧਾਰਕ ਤੇ ਰਾਜਨੀਤਕ ਕਾਰਨ ਕੰਮ ਕਰ ਰਹੇ ਸਨ। ਮਾਸਟਰ ਤਾਰਾ ਸਿੰਘ ਪ੍ਰਤੀ ਸਿੱਖ ਜਨਤਾ ਦਾ ਸਭ ਤੋਂ ਪ੍ਰਮੁੱਖ ਇਤਰਾਜ਼ ਇਹ ਸੀ ਕਿ ਉਸ ਨੇ ਬਿਨਾਂ ਮੰਗ ਮਨਵਾਇਆਂ ਆਪਣਾ ਮਰਨ ਵਰਤ ਖ਼ਤਮ ਕਰਕੇ ਨਾ ਸਿਰਫ਼ ਗੁਰੂ (ਗ੍ਰੰਥ ਸਾਹਿਬ) ਤੇ ਸੰਗਤਾਂ ਸਾਹਮਣੇ ਕੀਤਾ ਆਪਣਾ ਪ੍ਰਣ ਤੋੜਿਆ ਹੈ ਸਗੋਂ ਸੰਸਾਰ ਦੇ ਲੋਕਾਂ ਸਾਹਮਣੇ ਸਿੱਖ ਕੌਮ ਦਾ ਸਿਰ ਵੀ ਨੀਵਾਂ ਕੀਤਾ ਹੈ। ਸਿੱਖ ਜਨਤਾ ਅੰਦਰ ਪਾਇਆ ਜਾਂਦਾ ਆਮ ਪ੍ਰਭਾਵ ਇਹ ਸੀ ਕਿ ਮਾਸਟਰ ਤਾਰਾ ਸਿੰਘ ਮਰਨ ਤੋਂ ਡਰ ਗਏ ਸਨ। ਸਿੱਖ ਪ੍ਰੰਪਰਾ ਅੰਦਰ ਮੌਤ ਤੋਂ ਡਰਨ ਵਾਲੇ ਨੂੰ ਤਿਰਸਕਾਰ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਜਿਸ ਆਗੂ ਬਾਰੇ ਇਹ ਪ੍ਰਭਾਵ ਬਣ ਜਾਵੇ ਉਹ ਸਿੱਖ ਜਨਤਾ ਦੇ ਨੱਕੋਂ-ਮੂੰਹੋਂ ਲੱਥ ਜਾਂਦਾ ਹੈ। ਪਹਿਲਾਂ ਮਾਸਟਰ ਤਾਰਾ ਸਿੰਘ ਨਾਲ ਅਤੇ ਬਾਅਦ ਵਿੱਚ ਸੰਤ ਫਤਹਿ ਸਿੰਘ ਨਾਲ ਇਹੋ ਗੱਲ ਵਾਪਰੀ।

ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਮਾਸਟਰ ਤਾਰਾ ਸਿੰਘ ਅਤੇ ਸੰਤ ਫਤਹਿ ਸਿੰਘ ਦੋਨਾਂ ਨੇ ਹੀ, ਜਦ ਵੀ ਮਰਨ ਵਰਤ ਰੱਖਿਆ ਤਾਂ ਐਨ ਆਖ਼ਰੀ ਮੌਕੇ 'ਤੇ ਜਾ ਕੇ ਉਹ ਅਜੀਬ ਮਾਨਸਿਕ ਉਲਝਣ ਵਿੱਚ ਫਸ ਜਾਂਦੇ ਰਹੇ। ਆਪਣੀ ਜਾਨ ਦੀ ਬਾਜ਼ੀ ਲਾਉਣ ਦਾ ਆਖ਼ਰੀ ਕਦਮ ਚੁੱਕਣ ਲੱਗਿਆਂ ਉਹ ਡੂੰਘੀ ਸ਼ਸ਼ੋਪੰਜ ਵਿੱਚ ਪੈ ਜਾਂਦੇ ਰਹੇ। ਸਵੈ-ਕੁਰਬਾਨੀ ਦੀ ਆਖ਼ਰੀ ਮੰਜ਼ਿਲ ਦੇ ਨੇੜੇ ਪਹੁੰਚਦਿਆਂ ਹੀ ਨਾ ਸਿਰਫ਼ ਉਨ੍ਹਾਂ ਦੇ ਆਪਣੇ ਮਨਾਂ 'ਤੇ ਸਗੋਂ ਸਮੁੱਚੀ ਅਕਾਲੀ ਲੀਡਰਸ਼ਿਪ ਦੇ ਮਨਾਂ 'ਤੇ ਹੀ ਕੋਈ ਅਜੀਬ ਜਿਹਾ ਭੈਅ ਹਾਵੀ ਹੋ ਜਾਂਦਾ ਰਿਹਾ ਅਤੇ ਉਹ ਇਕ ਚਿਤ ਹੋ ਕੇ ਮਰਨ ਕਬੂਲ ਕਰਨ ਦੀ ਥਾਂ ਰਲ

ਮਿਲ ਕੇ ਕੋਈ ਬਚਾਉ ਦਾ ਰਸਤਾ ਢੂੰਡਣ ਅਤੇ ਜੇਕਰ ਕੋਈ ਰਸਤਾ ਨਹੀਂ ਮਿਲਦਾ ਤਾਂ ਬਹਾਨਾ ਤਲਾਸ਼ਣ ਲਈ ਤਰਲੋਮੱਛੀ ਹੋ ਉਠਦੇ ਰਹੇ।

ਸੁਆਲ ਪੈਦਾ ਹੁੰਦਾ ਹੈ ਕਿ ਲਗਭਗ ਸਮੁੱਚੀ ਅਕਾਲੀ ਲੀਡਰਸ਼ਿਪ ਹੀ ਮੌਤ ਤੋਂ ਇਸ ਕਦਰ ਕਿਉਂ ਡਰ ਉਠਦੀ ਰਹੀ ? ਕੀ ਇਸ 'ਚੋਂ ਇਹ ਸਿੱਟਾ ਕੱਢਿਆ ਜਾਵੇ ਕਿ ਸਾਰੀ ਦੀ ਸਾਰੀ ਅਕਾਲੀ ਲੀਡਰਸ਼ਿਪ ਅੰਦਰ ਹੀ ਕੁਰਬਾਨੀ ਦਾ ਮਾਦਾ ਖ਼ਤਮ ਹੋ ਚੁੱਕਾ ਸੀ ? ਕੀ ਪੰਥ ਦੀਆਂ ਆਗੂ ਸਫ਼ਾਂ ਅੰਦਰ ਸਿਰ ਦੇਣ ਵਾਲਾ ਕੋਈ ਵੀ ਤੱਤ ਨਹੀਂ ਸੀ ਬਚਿਆ ? ਕੀ ਸਾਰੀ ਅਕਾਲੀ ਲੀਡਰਸ਼ਿਪ ਨੇ ਹੀ ਖ਼ਾਲਸਾ ਪੰਥ ਦੀਆਂ ਜੁਝਾਰੂ ਰਵਾਇਤਾਂ ਤੋਂ ਗਿਣ ਮਿਥ ਕੇ ਮੂੰਹ ਭੁਆਂ ਲਿਆ ਹੋਇਆ ਸੀ ? ਕੀ ਅਕਾਲੀ ਆਗੂਆਂ ਦੇ ਦਿਲਾਂ ਅੰਦਰ ਪੰਥ ਲਈ ਮਰ ਮਿਟਣ ਦੇ ਜਜ਼ਬੇ ਲਈ ਉੱਕਾ ਹੀ ਕੋਈ ਜਗ੍ਹਾ ਨਹੀਂ ਸੀ ਰਹੀ ?

ਉਪਰੋਕਤ ਸੁਆਲਾਂ ਨੂੰ ਦੋ ਦ੍ਰਿਸ਼ਟੀਕੋਣਾਂ ਤੋਂ ਦੇਖਿਆ ਜਾ ਸਕਦਾ ਹੈ। ਇਕ 'ਸੂਰਬੀਰਤਾ' ਜਾਂ 'ਬੁਜ਼ਦਿਲੀ ਨੂੰ ਕਿਸੇ ਵਿਅਕਤੀ ਦੇ ਨਿਰੇ ਸ਼ਖ਼ਸੀ ਗੁਣ-ਔਗੁਣ (individual characteristic) ਵਜੋਂ ਦੇਖਣਾ। ਦੂਜਾ, ਰਾਜਸੀ ਖੇਤਰ ਅੰਦਰ ਸਰਗਰਮ ਕਿਸੇ ਵਿਅਕਤੀ ਦੇ ਕਿਰਦਾਰ ਅਤੇ ਵਿਹਾਰ ਨੂੰ ਨਿਰਾ ਸ਼ਖ਼ਸੀ ਪੱਖਾਂ ਤਕ ਸੁੰਗੇੜ ਦੇਣ ਦੀ ਬਜਾਇ ਵਿਚਾਰਧਾਰਕ ਅਤੇ ਰਾਜਨੀਤਕ ਚੌਖਟੇ ਵਿੱਚ ਰੱਖ ਕੇ ਸਮਝਣਾ। ਭਾਵੇਂ ਇਹ ਗੱਲ ਠੀਕ ਹੈ ਕਿ ਕੁਝ ਵਿਅਕਤੀ ਆਪਣੀ ਮੂਲ ਫ਼ਿਤਰਤ ਪੱਖੋਂ ਹੀ ਨਿਡਰ ਜਾਂ ਡਰਪੋਕ ਸੁਭਾਅ ਦੇ ਹੁੰਦੇ ਹਨ। ਪਰ ਜੇਕਰ ਇਸ ਧਾਰਨਾ ਨੂੰ ਇਕ ਪਰਮ-ਸੱਚ ਮੰਨ ਕੇ ਚੱਲਿਆ ਜਾਂਦਾ ਹੈ ਤਾਂ ਰਾਜਸੀ ਆਗੂਆਂ ਤੇ ਵਿਅਕਤੀਆਂ ਦੇ ਚਰਿਤਰ-ਮੁਲੰਕਣ ਦੇ ਮਾਮਲੇ ਵਿੱਚ ਵੱਡੀਆਂ ਗ਼ਲਤੀਆਂ ਲਈ ਰਾਹ ਖੁਲ੍ਹ ਜਾਂਦਾ ਹੈ।

ਕੁਰਬਾਨੀ ਆਪਣੇ ਆਪ 'ਚ ਕੋਈ ਨਿਰਪੇਖ ਸ਼ੈਅ ਨਹੀਂ ਹੁੰਦੀ ਹੈ। ਇਹ ਵਿਚਾਰਧਾਰਕ ਅਤੇ ਰਾਜਸੀ ਅਮਲ ਨਾਲ ਜੁੜਿਆ ਹੋਇਆ ਇਕ ਬਹੁਤ ਹੀ ਉਚ-ਪਾਏ ਦਾ ਰਾਜਸੀ ਕਾਰਨਾਮਾ ਹੁੰਦਾ ਹੈ। ਕੁਰਬਾਨੀ ਕਿਸੇ ਕਾਜ਼ ਦੀ ਪੂਰਤੀ ਲਈ ਦਿੱਤੀ ਜਾਂਦੀ ਹੈ। ਸੋ ਕੁਰਬਾਨੀ ਦਾ ਜਜ਼ਬਾ ਕਾਜ਼ ਪ੍ਰਤੀ ਨਿਸ਼ਚਾ ਅਤੇ ਪ੍ਰਤੀਬੱਧਤਾ ਦਾ ਪ੍ਰਤੀਕ ਹੁੰਦਾ ਹੈ। ਕਿਸੇ ਕਾਜ਼ ਲਈ ਜੂਝ ਰਹੇ ਮਨੁੱਖ ਵੱਲੋਂ ਕੁਰਬਾਨੀ ਇਸ ਉਮੀਦ ਅਤੇ ਵਿਸ਼ਵਾਸ ਆਸਰੇ ਦਿੱਤੀ ਜਾਂਦੀ ਹੈ ਕਿ ਉਹ ਉਸ ਦੇ ਕਾਜ਼ ਨੂੰ ਅੱਗੇ ਲਿਜਾਣ ਵਿੱਚ ਸਹਾਈ ਹੋਵੇਗੀ। ਕੁਰਬਾਨੀ ਦਾ ਚਾਉ ਅਤੇ ਜਜ਼ਬਾ ਇਸੇ ਵਿਸ਼ਵਾਸ 'ਚੋਂ ਪੈਦਾ ਹੁੰਦਾ ਹੈ। ਜੇਕਰ ਇਹ ਵਿਸ਼ਵਾਸ ਨਾ ਹੋਵੇ ਤਾਂ ਕੁਰਬਾਨੀ ਵਿਅਰਥ ਜੀਵਨ ਗੁਆਉਣ ਵਰਗੀ ਗੱਲ ਜਾਪਣ ਲੱਗ ਪੈਂਦੀ ਹੈ। ਭਾਵੇਂ ਕੁਝ ਸਿਰੜੀ ਤੇ ਸਿਦਕੀ ਬੰਦਿਆਂ ਵੱਲੋਂ, ਕਿਸੇ ਬੰਦਸ਼ ਅਤੇ ਮਜਬੂਰੀ ਤਹਿਤ, ਅਜਿਹੇ ਵਿਸ਼ਵਾਸ ਦੀ ਗ਼ੈਰ-ਮੌਜੂਦਗੀ ਵਿੱਚ ਵੀ ਖਿੜੇ ਮੱਥੇ ਜ਼ਿੰਦਗੀਆਂ ਵਾਰਨ ਦੀਆਂ ਉਤਸ਼ਾਹੀ ਉਦਾਹਰਣਾਂ ਮਿਲ ਜਾਂਦੀਆਂ ਹਨ। ਪਰ ਅਜਿਹਾ ਜ਼ਿਆਦਾ ਕਰਕੇ ਸ਼ਹਾਦਤ ਦੀ ਠੁੱਕ ਅਤੇ ਮਰਿਆਦਾ (decorum) ਕਾਇਮ ਰੱਖਣ ਦੇ ਜਜ਼ਬੇ ਅਤੇ ਸਰੋਕਾਰ ਦੇ ਅਧੀਨ ਹੀ ਕੀਤਾ ਜਾਂਦਾ ਹੈ। ਫਿਰ ਵੀ ਅਜਿਹੀਆਂ ਉਦਾਹਰਣਾਂ ਟਾਵੀਆਂ ਹੀ ਹੁੰਦੀਆਂ ਹਨ। ਆਮ ਮਨੁੱਖ ਕੁਰਬਾਨੀ ਦੀ ਸਾਰਥਿਕਤਾ ਬਾਰੇ ਉਪਜੇ ਸ਼ੰਕਿਆਂ ਦੇ ਸਨਮੁਖ ਦਲੀਲੀਂ ਪੈ ਜਾਂਦੇ ਹਨ। ਅਜਿਹੀ ਮਨੋਂ-ਅਵਸਥਾ 'ਚ ਘਿਰਿਆ ਆਦਮੀ ਮੌਤ ਤੋਂ ਬਚਣ ਲਈ ਕਿਹੜਾ ਢੰਗ ਅਖ਼ਤਿਆਰ ਕਰਦਾ ਹੈ, ਇਹ ਵੱਧ ਹਾਲਾਤ ਅਤੇ ਬੰਦੇ ਬੰਦੇ ਦੀ ਔਕਾਤ 'ਤੇ ਮੁਨੱਸਰ ਹੁੰਦਾ ਹੈ। ਸੋ ਮਾਸਟਰ ਤਾਰਾ ਸਿੰਘ ਤੇ ਸੰਤ ਫਤਹਿ ਸਿੰਘ ਦੁਆਰਾ ਕੁਰਬਾਨੀ ਦੇਣ ਤੋਂ 'ਭੱਜ ਨਿਕਲਣ' ਦੇ ਕਰਮ ਨੂੰ ਜੇਕਰ ਉਨ੍ਹਾਂ ਦੀ 'ਬੁਜ਼ਦਿਲੀ' ਦਾ ਨਾਉਂ ਵੀ ਦੇਣਾ ਹੈ ਤਾਂ ਇਸ 'ਬੁਜ਼ਦਿਲੀ' ਨੂੰ ਵੱਧ ਉਪਰੋਕਤ ਦ੍ਰਿਸ਼ਟੀਕੋਣ ਤੋਂ ਦੇਖਣ ਅਤੇ ਸਮਝਣ ਦੀ ਲੋੜ ਹੈ।

ਆਮ ਤੌਰ 'ਤੇ ਹੁੰਦਾ ਇਹ ਹੈ ਕਿ ਕਿਸੇ ਕਾਜ਼ ਲਈ ਆਪਾ ਵਾਰਨ ਚੱਲੇ ਕਿਸੇ

ਆਗੂ ਨੂੰ ਜੇਕਰ ਆਪਣੀ ਸ਼ਹਾਦਤ ਤੋਂ ਪਹਿਲਾਂ ਆਪਣੇ ਲੋਕਾਂ ਨੂੰ ਮੁਖ਼ਾਤਬ ਹੋਣ ਦਾ ਮੌਕਾ ਜੁੜ ਜਾਵੇ ਤਾਂ ਉਸ ਦੇ ਬੋਲਾਂ ਤੇ ਸ਼ਬਦਾਂ 'ਚੋਂ ਉਸ ਦੀ ਸ਼ਹਾਦਤ ਦੇ ਸੰਘਰਸ਼ ਉੱਤੇ ਪੈਣ ਵਾਲੇ ਉਤਸ਼ਾਹੀ ਪ੍ਰਭਾਵਾਂ ਬਾਰੇ ਡੂੰਘਾ ਵਿਸ਼ਵਾਸ ਝਲਕ ਰਿਹਾ ਹੁੰਦਾ ਹੈ। ਉਹ ਇਸ ਭਰੋਸੇ ਨਾਲ ਸਰਸ਼ਾਰ ਹੋਇਆ ਆਪਾ ਨਿਛਾਵਰ ਕਰਦਾ ਹੈ ਕਿ ਉਸ ਦੀ ਸ਼ਹਾਦਤ ਨਾਲ ਉਸ ਦੇ ਆਦਰਸ਼ਾਂ, ਉਸ ਦੇ ਵਿਚਾਰਾਂ ਤੇ ਅਕੀਦਿਆਂ ਨੂੰ ਹੋਰ ਵੱਧ ਤਕੜਾਈ ਤੇ ਹੁਲਾਰਾ ਮਿਲੇਗਾ। ਜੇਕਰ ਕਿਸੇ ਆਗੂ ਨੂੰ ਕਿਸੇ ਵਜ੍ਹਾ ਕਰਕੇ ਇਹ ਪ੍ਰਤੀਤ ਹੋਣ ਲੱਗ ਪਵੇ ਕਿ ਉਸ ਦੀ ਸ਼ਹਾਦਤ ਉਸ ਦੇ ਆਦਰਸ਼ਾਂ ਤੇ ਅਕੀਦਿਆਂ ਦਾ ਨਿਖੇਧ ਹੋ ਗੁਜ਼ਰੇਗੀ ਤਾਂ ਉਸ ਦੇ ਮਨ ਅੰਦਰ ਦੁਬਿਧਾ ਤੇ ਡਾਵਾਂਡੋਲਤਾ ਪੈਦਾ ਹੋਣੀ ਸੁਭਾਵਿਕ ਹੈ। ਸੰਤ ਫਤਹਿ ਸਿੰਘ ਤੇ ਮਾਸਟਰ ਤਾਰਾ ਸਿੰਘ, ਦੋਨਾਂ ਦੀ ਹੀ ਮੂਲ ਸਮੱਸਿਆ ਇਹ ਸੀ ਕਿ ਉਨ੍ਹਾਂ ਦੀ ਸ਼ਹਾਦਤ ਦਾ ਰਾਹ, ਉਨ੍ਹਾਂ ਦੇ ਵਿਸ਼ਵਾਸਾਂ ਤੇ ਅਕੀਦਿਆਂ ਦੀ ਉਲਟ ਦਿਸ਼ਾ ਵੱਲ ਜਾਂਦਾ ਸੀ। ਜੇਕਰ ਉਨ੍ਹਾਂ ਵੱਲੋਂ ਮਰਨ ਵਰਤ ਆਰੰਭ ਕਰਨ ਮੌਕੇ ਦਿੱਤੇ ਗਏ 'ਅੰਤਮ' ਭਾਸ਼ਣਾਂ (ਜੋ 'ਅੰਤਮ' ਸਾਬਤ ਨਾ ਹੋਏ) ਨੂੰ ਥੋੜਾ ਗਹੁ ਨਾਲ ਵਾਚਿਆ ਜਾਵੇ ਤਾਂ ਉਨ੍ਹਾਂ ਦੀ ਦੁਚਿੱਤੀ ਤੇ ਡਾਵਾਂਡੋਲਤਾ ਦਾ ਸਾਰਾ ਰਹੱਸ ਉਜਾਗਰ ਹੋ ਜਾਂਦਾ ਹੈ।

ਬੇਸ਼ੱਕ ਮਾਸਟਰ ਤਾਰਾ ਸਿੰਘ ਤੇ ਸੰਤ ਫਤਹਿ ਸਿੰਘ ਦੇ ਰਾਜਨੀਤਕ ਦ੍ਰਿਸ਼ਟੀਕੋਣ ਥੋੜੇ ਅਲੱਗ-ਅਲੱਗ ਸਨ, ਪ੍ਰੰਤੂ ਦੋਨੋਂ ਮੂਲ ਰੂਪ ਵਿੱਚ ਇੱਕੋ ਹੀ ਸੋਚ-ਪ੍ਰਣਾਲੀ ਤੇ ਪ੍ਰੰਪਰਾ ਨੂੰ ਪ੍ਰਣਾਏ ਹੋਏ ਸਨ। ਤਿੰਨ ਗੱਲਾਂ ਵਿੱਚ ਦੋਨਾਂ ਦੀ ਇੱਕੋ ਜਿੰਨੀ ਅਟੁੱਟ ਸ਼ਰਧਾ ਸੀ। ਇਕ ਦੇਸਭਗਤੀ, ਦੂਜਾ ਅਹਿੰਸਾ ਅਤੇ ਤੀਜਾ ਹਿੰਦੂ-ਸਿੱਖ ਏਕਤਾ। ਪਹਿਲੀ ਗੱਲ ਪ੍ਰਤੀ ਦੋਨਾਂ ਦੇ ਵਿਚਾਰਾਂ ਅੰਦਰ ਪੂਰਨ ਇਕਸੁਰਤਾ ਬਾਰੇ ਕਿਸੇ ਸ਼ੱਕ ਜਾਂ ਭੁਲੇਖੇ ਦੀ ਕੋਈ ਗੁੰਜਾਇਸ਼ ਨਹੀਂ। ਸਰਸਰੀ ਨਜ਼ਰ ਨਾਲ ਦੇਖਿਆਂ ਮਗਰਲੀਆਂ ਦੋਨੋਂ ਗੱਲਾਂ ਬਾਰੇ ਮਾਸਟਰ ਤਾਰਾ ਸਿੰਘ ਦੀ ਪਹੁੰਚ ਥੋੜੀ ਅਲੱਗ ਲੱਗ ਸਕਦੀ ਹੈ। ਪਰ ਇਹ ਪ੍ਰਭਾਵ ਬਹੁਤਾ ਠੀਕ ਨਹੀਂ। ਜੇਕਰ ਮਾਸਟਰ ਤਾਰਾ ਸਿੰਘ ਦੇ ਸਮੁੱਚੇ ਰਾਜਸੀ ਵਿਹਾਰ ਤੇ ਉਸ ਦੀ ਰਾਜਨੀਤਕ ਵਿਚਾਰਧਾਰਾ ਦਾ ਥੋੜੀ ਗਹਿਰਾਈ ਵਿੱਚ ਜਾ ਕੇ ਮੁਤਾਲਿਆ ਕੀਤਾ ਜਾਵੇ ਤਾਂ ਇਹ ਭਰਮ ਖ਼ੁਦ-ਬ-ਖ਼ੁਦ ਦੂਰ ਹੋ ਜਾਂਦਾ ਹੈ। ਜਜ਼ਬਾਤੀ ਅਤੇ ਬੜਬੋਲੇ ਸੁਭਾਅ ਵਾਲਾ ਹੋਣ ਦੇ ਬਾਵਜੂਦ ਮਾਸਟਰ ਤਾਰਾ ਸਿੰਘ ਨੇ ਕਦੇ ਭੁੱਲ ਕੇ ਵੀ ਸਿੱਖ ਸੰਘਰਸ਼ ਦੇ ਹਿੰਸਕ ਰਾਹ ਅਖ਼ਤਿਆਰ ਕਰਨ ਦੀ ਸੋਚ ਅਤੇ ਰੁਚੀ ਦਾ ਸਮਰਥਨ ਨਹੀਂ ਕੀਤਾ। ਅਤਿ ਦਰਜੇ ਦੀਆਂ ਭੜਕਾਊ ਹਾਲਾਤਾਂ ਹੇਠ ਵੀ, ਉਸ ਦੇ ਮਨ ਅੰਦਰ ਕਦੇ ਸਿੱਖ ਸੰਘਰਸ਼ ਨੂੰ ਹਿੰਸਕ ਦਿਸ਼ਾ ਦੇਣ ਦਾ ਵਿਚਾਰ ਜਾਂ ਫੁਰਨਾ ਪੈਦਾ ਨਹੀਂ ਹੋਇਆ। ਉਸ ਦਾ ਇਹ ਦ੍ਰਿੜ੍ਹ ਵਿਸ਼ਵਾਸ ਸੀ ਕਿ ਸਿੱਖ ਕੌਮ ਵਰਗੀ ਨਿਗੂਣੀ ਘੱਟਗਿਣਤੀ ਵੱਲੋਂ ਅਖ਼ਤਿਆਰ ਕੀਤਾ ਹਿੰਸਾ ਦਾ ਰਸਤਾ ਉਸ ਦੇ ਲਈ ਸਵੈ-ਵਿਨਾਸ਼ਕਾਰੀ ਹੋ ਗੁਜ਼ਰੇਗਾ।

ਇਸੇ ਤਰ੍ਹਾਂ, ਦਾਬ (emphasis) ਦੇ ਥੋੜੇ ਵਖਰੇਵਿਆਂ ਦੇ ਬਾਵਜੂਦ, ਹਿੰਦੂ ਸਿੱਖ ਏਕਤਾ ਬਾਰੇ ਵੀ ਮਾਸਟਰ ਅਤੇ ਸੰਤ ਜੀ ਦੇ ਬੁਨਿਆਦੀ ਦ੍ਰਿਸ਼ਟੀਕੋਣ ਵਿੱਚ ਕੋਈ ਅੰਤਰ ਨਹੀਂ ਸੀ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਮਾਸਟਰ ਤਾਰਾ ਸਿੰਘ ਹਿੰਦੂ ਫ਼ਿਰਕਾਪ੍ਰਸਤੀ ਦਾ ਵੱਧ ਕੱਟੜ ਵਿਰੋਧੀ ਸੀ। ਸੰਤ ਫਤਹਿ ਸਿੰਘ ਦੀ ਤੁਲਨਾ ਵਿੱਚ ਉਸ ਦੇ ਇਸ ਵਿਰੋਧ ਵਿੱਚ ਕਰਾਰ ਅਤੇ ਲਲਕਾਰ ਦਾ ਅੰਸ਼ ਕਿਤੇ ਜ਼ਿਆਦਾ ਸੀ। ਪਰ ਹਿੰਦੂ-ਸਿੱਖ ਏਕਤਾ ਪ੍ਰਤੀ ਉਸ ਦੇ ਸਰੋਕਾਰ, ਕਿਸੇ ਵੀ ਤਰ੍ਹਾਂ ਸੰਤ ਫਤਹਿ ਸਿੰਘ ਨਾਲੋਂ ਵੱਖਰੇ ਜਾਂ ਘੱਟ ਨਹੀਂ ਸਨ। ਹੋ ਵੀ ਨਹੀਂ ਸਨ ਸਕਦੇ। ਕਾਰਨ ਇਹ ਕਿ, ਸਿੱਖ ਪੰਥ ਦੇ ਹਿੰਦੂਵਾਦ ਨਾਲ ਅੰਤਰ-ਸਬੰਧਾਂ ਬਾਰੇ ਮਾਸਟਰ ਤਾਰਾ ਸਿੰਘ ਦੀ ਸੋਚਣੀ ਉਸ ਰਵਾਇਤੀ ਧਾਰਾ ਨਾਲੋਂ ਬਹੁਤੀ ਵੱਖਰੀ ਨਹੀਂ ਸੀ ਜਿਸ ਮੁਤਾਬਕ ਸਿੱਖ ਪੰਥ ਨੂੰ ਹਿੰਦੂ ਸਮਾਜ ਦਾ ਥੋੜਾ ਵੱਖਰਾ, ਪ੍ਰੰਤੂ

ਅਟੁੱਟ ਅੰਗ ਮੰਨ ਕੇ ਚੱਲਿਆ ਜਾਂਦਾ ਹੈ। ਅਜਿਹੀ ਵਿਚਾਰਧਾਰਕ ਸਮਝ ਵਿੱਚੋਂ ਹੀ ਸਿੱਖ ਪੰਥ ਦੇ ਵੱਡੇ ਹਿੱਸਿਆਂ ਦੇ ਮਨਾਂ ਅੰਦਰ ਇਹ ਧਾਰਨਾ ਘਰ ਕਰ ਗਈ ਕਿ ਸਿੱਖ ਪੰਥ ਲਈ ਹਿੰਦੂ-ਸਿੱਖ ਏਕਤਾ ਕੋਈ ਨੀਤੀ-ਪੈਂਤੜੇ ਦਾ ਮਾਮਲਾ ਨਹੀਂ, ਬਲਕਿ ਇਹ ਉਸ ਦੇ ਲਈ ਮਰਿਆਦਾ ਦਾ ਮਾਮਲਾ ਹੈ। ਸੋ ਮਾਸਟਰ ਤਾਰਾ ਸਿੰਘ ਵੀ ਵਿਆਪਕ ਰੂਪ ਵਿੱਚ ਪ੍ਰਚਲਤ ਇਸ ਰਵਾਇਤੀ ਸਿੱਖ ਵਿਸ਼ਵਾਸ ਦਾ ਧਾਰਨੀ ਸੀ ਕਿ ਹਿੰਦੂ-ਸਿੱਖ ਏਕਤਾ ਬਿਨਾਂ ਸਿੱਖ ਪੰਥ ਦੀ ਹੋਂਦ ਤੇ ਹਸਤੀ ਸਲਾਮਤ ਨਹੀਂ ਰਹਿ ਸਕਦੀ। ਇਸ ਕਰਕੇ ਜਦ ਵੀ ਉਸ ਨੂੰ ਕਿਸੇ ਵਜ੍ਹਾ ਕਰਕੇ ਹਿੰਦੂ-ਸਿੱਖ ਏਕਤਾ ਖ਼ਤਰੇ-ਮੂੰਹ ਆਈ ਦਿਖਾਈ ਦਿੰਦੀ ਸੀ ਤਾਂ ਉਹ ਗਹਿਰੇ ਮਾਨਸਿਕ ਤਣਾਉ ਦਾ ਸ਼ਿਕਾਰ ਹੋ ਜਾਂਦਾ ਸੀ। ਉਸ ਵੱਲੋਂ, ਕਈ ਵਾਰ ਹਿੰਦੂ ਫ਼ਿਰਕਾਪ੍ਰਸਤੀ ਵਿਰੁੱਧ ਪ੍ਰਗਟਾਈ ਵਧਵੀਂ ਔਖ ਅਤੇ ਚਿੜ ਦੇ ਪਿੱਛੇ ਇਸ ਮਨੋਵਿਗਿਆਨਕ ਫ਼ੈਕਟਰ ਦਾ ਵੱਡਾ ਹੱਥ ਹੁੰਦਾ ਸੀ। ਉਹ ਹਿੰਦੂ ਫ਼ਿਰਕਾਪ੍ਰਸਤੀ ਨੂੰ ਹਿੰਦੂ-ਸਿੱਖ ਏਕਤਾ ਲਈ ਇਕ ਗੰਭੀਰ ਖ਼ਤਰੇ ਦੇ ਰੂਪ ਵਿੱਚ ਦੇਖਦਾ ਸੀ। ਹਿੰਦੂ-ਸਿੱਖ ਏਕਤਾ ਨੂੰ ਦਰਪੇਸ਼ ਚੁਣੌਤੀ 'ਚੋਂ ਉਸ ਨੂੰ ਪੰਥ ਲਈ ਵੱਡੇ ਖ਼ਤਰੇ ਦਿਖਾਈ ਦਿੰਦੇ ਸਨ ਇਸ ਕਰਕੇ ਪੰਥ ਦੀ ਸਲਾਮਤੀ ਦੇ ਸਰੋਕਾਰ 'ਚੋਂ ਹੀ ਉਸ ਦੇ ਮਨ ਅੰਦਰ ਹਿੰਦੂ ਫ਼ਿਰਕਾਪ੍ਰਸਤੀ ਵਿਰੁੱਧ ਤਿੱਖਾ ਰੋਹ ਜਾਗ ਉਠਦਾ ਸੀ।

ਸੋ ਦੇਸ਼ਭਗਤੀ, ਅਹਿੰਸਾ ਤੇ ਹਿੰਦੂ-ਸਿੱਖ ਏਕਤਾ ਦੇ ਮਾਮਲੇ 'ਤੇ ਮਾਸਟਰ ਤਾਰਾ ਸਿੰਘ ਤੇ ਸੰਤ ਫਤਹਿ ਸਿੰਘ ਦੀ ਸਮਝ ਅਤੇ ਪਹੁੰਚ ਅੰਦਰ ਕੋਈ ਬੁਨਿਆਦੀ ਅੰਤਰ ਨਹੀਂ ਸੀ। ਦੋਨਾਂ ਦਾ ਇਹ ਡਰ ਸਾਂਝਾ ਸੀ ਕਿ ਉਨ੍ਹਾਂ ਦੀ ਸ਼ਹਾਦਤ ਨਾਲ ਉਨ੍ਹਾਂ ਦੇ ਵਿਸ਼ਵਾਸ ਦੇ ਇਹ ਤਿੰਨੋਂ ਥੰਮ੍ਹ ਲੜਖੜਾ ਜਾਣਗੇ। ਸੰਤ ਫਤਹਿ ਸਿੰਘ ਵੱਲੋਂ ਆਪਣਾ ਪਹਿਲਾ ਮਰਨ ਵਰਤ ਆਰੰਭ ਕਰਨ ਮੌਕੇ (18 ਦਸੰਬਰ 1960) ਮੰਜੀ ਸਾਹਿਬ ਵਿਖੇ ਹਜ਼ਾਰਾਂ ਦੀ ਤਦਾਦ ਵਿੱਚ ਜੁੜੀਆਂ ਸੰਗਤਾਂ ਦੇ ਸਨਮੁਖ ਦਿੱਤੇ ਭਾਸ਼ਣ ਵਿੱਚੋਂ ਉਸ ਦੀਆਂ ਚਿੰਤਾਵਾਂ ਤੇ ਤੌਖਲਿਆਂ ਦਾ ਸਪਸ਼ਟ ਨਕਸ਼ਾ ਉਭਰ ਆਉਂਦਾ ਹੈ। ਉਸ ਨੇ ਸਿੱਖ ਭਾਈਚਾਰੇ ਨੂੰ ਬਹੁਤ ਹੀ ਜ਼ੋਰ ਨਾਲ ਇਹ ਤਾਕੀਦ ਕੀਤੀ ਕਿ ਉਸ ਦੀ ਸ਼ਹਾਦਤ ਉਪਰੰਤ ਉਹ ਕਿਸੇ ਵੀ ਕਿਸਮ ਦੀ ਭੜਕਾਹਟ ਵਿੱਚ ਨਾ ਆਏ ਅਤੇ ਦੇਸ ਪ੍ਰਤੀ ਆਪਣੀ ਵਫ਼ਾਦਾਰੀ ਵਿੱਚ ਕਿਸੇ ਵੀ ਤਰ੍ਹਾਂ ਦਾ ਫ਼ਰਕ ਨਾ ਆਉਣ ਦੇਵੇ। ਸਿੱਖਾਂ ਨੂੰ ਦੇਸਭਗਤੀ ਦਾ ਪਾਠ ਪੜ੍ਹਾਉਂਦਿਆਂ ਉਸ ਨੇ ਇਸ ਗੱਲ 'ਤੇ ਵਾਰ ਵਾਰ ਜ਼ੋਰ ਦਿੱਤਾ ਕਿ, "ਦੇਸ ਦੀ ਹਰ ਚੀਜ਼ ਸਾਡੀ ਆਪਣੀ ਹੈ ਅਤੇ ਇਸ ਦਾ ਕੋਈ ਵੀ ਨੁਕਸਾਨ ਸਾਡਾ ਆਪਣਾ ਨੁਕਸਾਨ ਹੈ।" ਇਸ ਦੇ ਨਾਲ ਹੀ ਉਸ ਨੇ ਸਿੱਖ ਕੌਮ ਨੂੰ ਅਮਨ ਅਤੇ ਫ਼ਿਰਕੂ ਇਕਸੁਰਤਾ ਬਣਾਈ ਰੱਖਣ ਅਤੇ ਹਿੰਦੂ-ਸਿੱਖ ਏਕਤਾ ਉੱਤੇ ਕਿਸੇ ਵੀ ਤਰ੍ਹਾਂ ਦੀ ਆਂਚ ਨਾ ਆਉਣ ਦੇਣ ਦੀਆਂ ਦਿਲ-ਭਾਵੀ ਅਪੀਲਾਂ ਕੀਤੀਆਂ।[1]

ਜ਼ਾਹਰ ਹੈ ਕਿ ਸੰਤ ਫਤਹਿ ਸਿੰਘ ਨੂੰ ਮਨ ਅੰਦਰ ਕਿਤੇ ਇਹ ਡਰ ਅਤੇ ਝੋਰਾ ਵੱਢ ਵੱਢ ਖਾਈ ਜਾ ਰਿਹਾ ਸੀ ਕਿ ਉਸ ਦੀ ਸ਼ਹਾਦਤ ਉਪਰੰਤ ਸਿੱਖ ਕੌਮ ਇਕ ਤਾਂ ਦੇਸਭਗਤੀ ਦੇ ਸਿਧਾਂਤ ਅਤੇ ਮਾਰਗ ਤੋਂ ਥਿੜਕ ਸਕਦੀ ਹੈ, ਦੂਜਾ, ਉਹ ਅਹਿੰਸਾ ਦਾ ਰਾਹ ਛੱਡ ਕੇ ਹਿੰਸਕ ਕਾਰਵਾਈਆਂ ਵੱਲ ਉਲਰ ਸਕਦੀ ਹੈ, ਅਤੇ ਤੀਜਾ, ਉਸ ਦੀ ਸ਼ਹਾਦਤ ਉਪਰੰਤ ਪੈਦਾ ਹੋਣ ਵਾਲੀ ਮਾਨਸਿਕ ਉਤੇਜਨਾ ਤੇ ਭੜਕਾਹਟ ਹਿੰਦੂ-ਸਿੱਖ ਸਬੰਧਾਂ ਉੱਤੇ ਗਹਿਰਾ ਨਾਂਹ-ਪੱਖੀ ਪ੍ਰਭਾਵ ਛੱਡ ਸਕਦੀ ਹੈ। ਜੇਕਰ ਇਹ ਤਿੰਨੇ ਗੱਲਾਂ ਵਾਪਰ ਜਾਂਦੀਆਂ ਤਾਂ ਸੰਤ ਫਤਹਿ ਸਿੰਘ ਲਈ (ਅਤੇ ਨਾਲ ਹੀ ਉਸ ਵਰਗੇ ਵਿਸ਼ਵਾਸਾਂ ਦੇ ਧਾਰਨੀ ਹੋਰਨਾਂ ਲੋਕਾਂ ਲਈ ਵੀ) ਉਸ ਦੀ ਸ਼ਹਾਦਤ ਇਕ ਨਾਂਹ-ਵਾਚੀ ਕਰਮ ਬਣ ਕੇ ਰਹਿ ਜਾਣੀ ਸੀ। ਜਦ ਕਿਸੇ ਨੂੰ ਇਹ ਲੱਗਣ ਲੱਗ ਪਵੇ ਕਿ ਉਸ ਦੀ ਸਵੈ-ਇੱਛਤ ਸ਼ਹਾਦਤ ਕੋਈ ਹਾਂ-ਪੱਖੀ ਨਤੀਜੇ ਕੱਢਣ ਜਾਂ ਲੋਕਾਂ ਉੱਤੇ ਉਤਸ਼ਾਹੀ ਪ੍ਰਭਾਵ ਛੱਡਣ ਦੀ ਥਾਂ, ਉਲਟੇ

ਨਤੀਜਿਆਂ ਦੀ ਜਨਣਹਾਰ ਹੋ ਨਿਬੜੇਗੀ ਤਾਂ ਸੁਭਾਵਿਕ ਹੀ ਉਸ ਦੇ ਮਨ ਅੰਦਰ ਦੁਬਿਧਾ ਅਤੇ ਕਦਮਾਂ ਅੰਦਰ ਡਗਮਗਾਹਟ ਆ ਜਾਂਦੀ ਹੈ। ਅਜਿਹੇ ਮੌਕੇ ਉਸ ਦੇ ਸਾਹਮਣੇ ਦੋ ਰਾਹ ਹੁੰਦੇ ਹਨ। ਜਾਂ ਤਾਂ ਉਹ ਸਚਾਈ ਅਤੇ ਇਮਾਨਦਾਰੀ ਦਾ ਪੱਲਾ ਫੜਦੇ ਹੋਏ, ਸੱਚ-ਬਿਆਨੀ ਕਰਕੇ ਆਪਣਾ ਸ਼ਹਾਦਤ ਦਾ ਫ਼ੈਸਲਾ ਮਨਸੂਖ ਕਰ ਦੇਵੇ (ਜਿਵੇਂ ਭਾਰਤ ਦੀ ਆਜ਼ਾਦੀ ਦੀ ਲੜਾਈ ਦੌਰਾਨ ਗਾਂਧੀ ਨੇ ਚੌਰਾਚੌਰੀ ਦੀ ਘਟਨਾ ਤੋਂ ਬਾਅਦ ਯਕਦਮ ਆਪਣਾ ਵਰਤ ਤਿਆਗ ਦਿੱਤਾ ਸੀ)। ਪਰ ਅਜਿਹਾ ਕਰਨ ਲਈ ਬਹੁਤ ਵੱਡਾ ਜੇਰਾ ਚਾਹੀਦਾ ਹੈ। ਅਜਿਹੀ ਇਖ਼ਲਾਕੀ ਸੁੱਚਤਾ ਤੋਂ ਊਣਾ ਵਿਅਕਤੀ ਝੂਠ ਅਤੇ ਬਦ-ਦਿਆਨਤਦਾਰੀ ਦਾ ਰਸਤਾ ਅਖ਼ਤਿਆਰ ਕਰਦਾ ਹੈ। ਉਹ ਸ਼ਹਾਦਤ ਤੋਂ ਟਲਦਾ ਵੀ ਹੈ ਪਰ ਖੁਲ੍ਹ ਕੇ ਇਹ ਪੋਜ਼ੀਸ਼ਨ ਲੈਣ ਤੋਂ ਵੀ ਝਿਜਕਦਾ ਹੈ। ਅਜਿਹੀ ਦੋ-ਦਿਲੀ ਵਾਲੀ ਮਨੋ-ਅਵਸਥਾ ਉਸ ਨੂੰ ਸ਼ਹਾਦਤ ਤੋਂ ਟਲਣ ਲਈ ਬਹਾਨੇ ਢੂੰਡਣ ਅਤੇ ਲੋਕਾਂ ਅੱਗੇ ਸੱਚੇ ਹੋਣ ਲਈ ਝੂਠੀਆਂ ਕਹਾਣੀਆਂ ਘੜਨ ਦੇ ਰਾਹ ਵੱਲ ਧੱਕ ਦਿੰਦੀ ਹੈ। ਸੰਤ ਫਤਹਿ ਸਿੰਘ ਅਤੇ ਮਾਸਟਰ ਤਾਰਾ ਸਿੰਘ, ਦੋਨਾਂ ਉੱਤੇ ਹੀ ਇਹ ਗੱਲ ਬਰਾਬਰ ਲਾਗੂ ਹੁੰਦੀ ਹੈ। ਦੋਨਾਂ ਨੇ ਕੁਰਬਾਨੀ ਦੇਣ ਤੋਂ ਝਿਜਕ ਵੀ ਦਿਖਾਈ ਅਤੇ ਸੰਗਤਾਂ ਸਾਹਮਣੇ ਝੂਠ ਵੀ ਬੋਲਿਆ। ਇਸ ਕਰਮ ਵਿੱਚ ਉਨ੍ਹਾਂ ਨੂੰ ਸਿੱਖ ਵਰਗ ਦੇ ਅੰਦਰੋਂ ਕੁਝ ਬਾ-ਰਸੂਖ਼ ਹਲਕਿਆਂ ਦਾ ਬਿਨ-ਮੰਗਿਆ ਸਹਿਯੋਗ ਹਾਸਲ ਹੁੰਦਾ ਰਿਹਾ। ਇਕ, ਪਤਵੰਤੇ ਸਿੱਖ ਵਰਗ ਵੱਲੋਂ ਅਤੇ ਦੂਜਾ, ਕਾਂਗਰਸੀ ਹਾਕਮਾਂ ਦੇ ਭਾਈਵਾਲ ਬਣੇ ਕੁਝ ਸਾਬਕਾ ਪੰਥਕ ਆਗੂਆਂ ਵੱਲੋਂ। ਇਨ੍ਹਾਂ ਦੋਨੋਂ ਵਰਗਾਂ ਦੀ ਦੇਸਭਗਤੀ, ਅਹਿੰਸਾ ਅਤੇ ਹਿੰਦੂ, ਸਿੱਖ ਏਕਤਾ ਵਿੱਚ ਪੂਰੀ ਸ਼ਰਧਾ ਸੀ। ਪਤਵੰਤੇ ਸਿੱਖ ਵਰਗ ਦੀ ਆਪਣੇ ਸਮਾਜੀ ਰੁਤਬੇ ਤੇ ਨਜ਼ਰੀਏ ਦੀ ਵਜ੍ਹਾ ਕਰਕੇ ਅਤੇ ਪੰਥ ਧਰੋਹੀਆਂ ਦੀ ਆਪਣੇ ਸੌੜੇ ਰਾਜਸੀ ਮੁਫ਼ਾਦਾਂ ਕਰਕੇ। ਕਿਉਂਕਿ ਜੇਕਰ ਸਿੱਖ ਕੌਮ ਅੰਦਰ ਬੇਗਾਨਗੀ ਦੀਆਂ ਭਾਵਨਾਵਾਂ ਜ਼ੋਰ ਫੜਦੀਆਂ ਸਨ ਤਾਂ ਪੰਥ ਧਰੋਹੀਆਂ ਦੀ ਰਾਜਸੀ ਵੁੱਕਤ ਅਤੇ ਪੋਜ਼ੀਸ਼ਨ ਨੂੰ ਵੀ ਸਿੱਧਾ ਧੱਕਾ ਲੱਗਦਾ ਸੀ। ਇਸ ਕਰਕੇ ਜਦ ਵੀ ਸੰਤ ਫਤਹਿ ਸਿੰਘ ਜਾਂ ਮਾਸਟਰ ਤਾਰਾ ਸਿੰਘ ਦੇ ਮਰਨ ਵਰਤ ਦੀ ਵਜ੍ਹਾ ਕਰਕੇ ਸੰਕਟ ਦੀ ਨੌਬਤ ਪੈਦਾ ਹੋਈ ਤਾਂ ਉਪਰੋਕਤ ਦੋਨੋਂ ਕਿਸਮ ਦੇ ਵਰਗਾਂ 'ਚੋਂ ਕੁਝ ਬਾ-ਰਸੂਖ਼ ਹਸਤੀਆਂ ਸੰਕਟ ਨਿਵਾਰਨ ਲਈ ਸਰਗਰਮ ਹੋ ਜਾਂਦੀਆਂ ਰਹੀਆਂ।

ਲੱਗਦਾ ਹੈ ਕਿ ਮਰਨ ਵਰਤ 'ਤੇ ਬੈਠਣ ਦਾ ਫ਼ੈਸਲਾ ਕਰਨ ਲੱਗਿਆਂ ਮਾਸਟਰ ਤਾਰਾ ਸਿੰਘ ਜਾਂ ਸੰਤ ਫਤਹਿ ਸਿੰਘ, ਦੋਨਾਂ 'ਚੋਂ ਕਿਸੇ ਨੂੰ ਵੀ ਇਸ 'ਚੋਂ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਤੇ ਉਲਝਣਾਂ ਦਾ ਅਹਿਸਾਸ ਨਹੀਂ ਸੀ। ਉਨ੍ਹਾਂ ਨੂੰ ਇਸ ਪਾਸੇ ਵੱਲ ਦੋ ਪੂਰਵ-ਵਰਤੀ ਉਦਾਹਰਨਾਂ ਨੇ ਪਰੇਰਿਆ ਹੋ ਸਕਦਾ ਹੈ। ਇਕ ਤਾਂ ਭਾਰਤ ਦੀ ਆਜ਼ਾਦੀ ਦੀ ਜਦੋਜਹਿਦ ਦੌਰਾਨ ਗਾਂਧੀ ਦੁਆਰਾ ਇਸ ਹਥਿਆਰ ਦੀ ਕਈ ਮੌਕਿਆਂ 'ਤੇ ਕੀਤੀ ਗਈ ਕਾਰਗਰ ਵਰਤੋਂ ਦਾ ਸਫਲ ਤਜਰਬਾ ਉਨ੍ਹਾਂ ਦੇ ਸਾਹਮਣੇ ਸੀ। ਦੂਜਾ, ਉਨ੍ਹਾਂ ਦੇ ਮਨਾਂ ਉੱਤੇ, ਤੇਲਗੂ ਭਾਸ਼ਾ 'ਤੇ ਆਧਾਰਤ ਵੱਖਰੇ ਆਂਧਰਾ ਰਾਜ ਦੀ ਸਥਾਪਨਾ ਲਈ ਡਾ. ਰੁਮੁਲੂ ਦੁਆਰਾ ਦਿੱਤੇ ਬਲੀਦਾਨ ਦੀ ਤਰੋ-ਤਾਜ਼ਾ ਉਦਾਹਰਣ ਦਾ ਵੀ ਡਾਢਾ ਅਸਰ ਸੀ। ਕੁਝ ਵੀ ਹੋਵੇ, ਇਹ ਫ਼ੈਸਲਾ ਲੈਣ ਲੱਗਿਆਂ ਉਨ੍ਹਾਂ ਬਹੁਤਾ ਦਾਨਸ਼ਮੰਦੀ ਤੋਂ ਕੰਮ ਨਹੀਂ ਲਿਆ ਪ੍ਰਤੀਤ ਹੁੰਦਾ। ਉਨ੍ਹਾਂ ਨਾ ਤਾਂ ਭਾਰਤ ਦੇ ਠੋਸ ਰਾਜਨੀਤਕ ਯਥਾਰਥ ਨੂੰ ਗਿਣਤੀ ਵਿੱਚ ਰੱਖਿਆ ਅਤੇ ਨਾ ਸਿੱਖ ਪੰਥ ਦੀਆਂ ਰਵਾਇਤਾਂ ਦੇ ਨਿਆਰੇਪਣ ਦੀ ਅਹਿਮੀਅਤ ਨੂੰ ਸਮਝਿਆ।

ਜਦ ਗਾਂਧੀ ਮਰਨ ਵਰਤ ਰੱਖਦਾ ਸੀ ਤਾਂ ਦੇਸ ਦੀ ਵਿਸ਼ਾਲ ਬਹੁਗਿਣਤੀ ਉਸ ਦੇ ਨਾਲ ਹੁੰਦੀ ਸੀ। ਬਸਤੀਵਾਦੀ ਹਕੂਮਤ ਜਨ-ਆਧਾਰ ਅਤੇ ਜਨਤਕ ਸਮਰਥਨ ਤੋਂ ਵਿਰਵੀ ਹੁੰਦੀ ਸੀ। ਗਾਂਧੀ ਦਾ ਇਹ ਕਦਮ ਭਾਰਤੀ ਵਸੋਂ ਦੀ ਵਿਸ਼ਾਲ ਬਹੁਗਿਣਤੀ ਨੂੰ

ਬਰਤਾਨਵੀ ਹਕੂਮਤ ਵਿਰੁੱਧ ਸੰਘਰਸ਼ ਲਈ ਉਭਾਰਨ ਵਿੱਚ ਸਹਾਈ ਹੁੰਦਾ ਸੀ। ਉਹ ਸੰਘਰਸ਼ ਦੇ ਟੀਚੇ ਤੇ ਤੌਰ-ਤਰੀਕਿਆਂ ਬਾਰੇ ਪੂਰੀ ਤਰ੍ਹਾਂ ਸਪਸ਼ਟ ਤੇ ਅਡੋਲ ਚਿਤ ਸੀ। ਉਸ ਨੂੰ ਜਦ ਵੀ ਇਹ ਲੱਗਿਆ ਕਿ ਉਸਦਾ ਵਰਤ ਕੋਈ ਉਲਟ-ਪੱਖੀ ਅਸਰ ਛੱਡ ਰਿਹਾ ਹੈ ਤਾਂ ਉਸ ਨੇ ਆਪਣਾ ਇਹ ਕਦਮ ਵਾਪਸ ਲੈਣ ਲੱਗਿਆਂ ਰਤੀ ਭਰ ਵੀ ਢਿਲ ਨਹੀਂ ਦਿਖਾਈ। ਇਸ ਮਾਮਲੇ ਵਿੱਚ ਉਸ ਨੂੰ ਨਾ ਤਾਂ ਕਿਸੇ ਮਾਨਸਿਕ ਉਲਝਣ ਦਾ ਸਾਹਮਣਾ ਕਰਨਾ ਪਿਆ ਅਤੇ ਨਾ ਹੀ ਉਸ ਦੇ ਮਨ 'ਤੇ ਲੋਕ-ਵਿਰੋਧ ਦੀ ਸੰਭਾਵਨਾ ਦਾ ਭੈਅ ਹਾਵੀ ਹੋਇਆ। ਉਹ ਅਹਿੰਸਾ ਦੇ ਜਿਸ ਸਿਧਾਂਤ ਨੂੰ ਪ੍ਰਣਾਇਆ ਹੋਇਆ ਸੀ, ਉਸ ਦਾ ਹਿੰਦੂ ਪ੍ਰੰਪਰਾ ਨਾਲ ਕੋਈ ਦਵੰਦ ਨਹੀਂ ਸੀ। ਇਸ ਕਰਕੇ ਜਿੰਨੀ ਸੌਖ ਨਾਲ ਉਹ ਆਪਣਾ ਕਦਮ ਵਾਪਸ ਉਠਾ ਲੈਂਦਾ ਰਿਹਾ, ਹਿੰਦੂ ਜਨਤਾ ਓਨੇ ਹੀ ਆਰਾਮ ਨਾਲ ਇਸ ਨੂੰ ਪ੍ਰਵਾਨ ਕਰ ਲੈਂਦੀ ਰਹੀ। ਪ੍ਰੰਤੂ ਸਿੱਖ ਪ੍ਰੰਪਰਾ ਦਾ ਮਾਮਲਾ ਇਸ ਨਾਲੋਂ ਬਹੁਤ ਹੀ ਅਹਿਮ ਰੂਪ ਵਿੱਚ ਅਲੱਗ ਹੈ। ਇਕ ਤਾਂ ਆਮ ਰੂਪ ਵਿੱਚ ਹੀ ਸਿੱਖ ਪ੍ਰੰਪਰਾ ਅੰਦਰ ਕੁਰਬਾਨੀ, ਸ਼ਹਾਦਤ ਅਤੇ ਸੂਰਬੀਰਤਾ ਨੂੰ ਉੱਚਾ ਦਰਜਾ ਹਾਸਿਲ ਹੈ। ਦੂਜਾ, ਸਿੱਖ ਪ੍ਰੰਪਰਾ ਅੰਦਰ ਕਿਸੇ ਕਾਜ਼ ਲਈ ਆਪਾ ਵਾਰਨ ਦੇ ਪ੍ਰਣ ਨੂੰ ਸਿਦਕਦਿਲੀ ਨਾਲ ਨਿਭਾਉਣ ਦੇ ਕਰਮ ਦੀ ਜਿੰਨੀ ਵਡਿਆਈ ਕੀਤੀ ਜਾਂਦੀ ਹੈ, ਪ੍ਰਣ ਕਰਕੇ ਇਸ ਤੋਂ ਭੱਜ ਨਿਕਲਣ ਦੇ ਕਰਤੱਵ ਉੱਤੇ ਓਨੀਆਂ ਹੀ ਲਾਹਨਤਾਂ ਪਾਈਆਂ ਜਾਂਦੀਆਂ ਹਨ। ਇਸ ਕਰਕੇ, ਕਿਸੇ ਸਿੱਖ ਆਗੂ ਲਈ ਸ਼ਹਾਦਤ ਦੇ ਪ੍ਰਣ ਤੋਂ ਪਿਛਾਂਹ ਹਟਣਾ ਏਨਾ ਸੁਖਾਲਾ ਕਾਰਜ ਨਹੀਂ ਹੁੰਦਾ। ਇਕ ਤਾਂ ਉਸ ਨੂੰ ਖ਼ੁਦ ਆਪਣੀ ਹੀ ਜ਼ਮੀਰ ਦੇ ਅੱਗੇ ਸ਼ਰਮਸ਼ਾਰ ਹੋਣਾ ਪੈਂਦਾ ਹੈ, ਦੂਜਾ, ਉਸ ਦੇ ਸਿਰ 'ਤੇ ਸਿੱਖ ਸੰਗਤਾਂ ਦੇ ਵਿਰੋਧ ਅਤੇ ਤ੍ਰਿਸਕਾਰ ਦੇ ਖ਼ੌਫ਼ ਦੀ ਤਲਵਾਰ ਲਟਕ ਰਹੀ ਹੁੰਦੀ ਹੈ। ਗਾਂਧੀ ਲਈ ਅਜਿਹੀ ਕੋਈ ਸਮੱਸਿਆ ਨਹੀਂ ਸੀ। ਜਦ ਕਿ ਸੰਤ ਫਤਹਿ ਸਿੰਘ ਤੇ ਮਾਸਟਰ ਤਾਰਾ ਸਿੰਘ ਨੂੰ ਆਪਣੇ 'ਗੀਦੀਪੁਣੇ' ਦੀ, ਮਾਨਸਿਕ ਅਤੇ ਰਾਜਨੀਤਕ ਪੱਧਰ 'ਤੇ ਬਹੁਤ ਹੀ ਮਹਿੰਗੀ ਕੀਮਤ ਅਦਾ ਕਰਨੀ ਪਈ।

ਡਾ. ਰੁਮੂਲੂ ਸਾਹਮਣੇ ਅਜਿਹੀ ਕੋਈ ਸਿਧਾਂਤਕ ਜਾਂ ਰਾਜਸੀ ਉਲਝਣ ਨਹੀਂ ਸੀ। ਨਾ ਤਾਂ ਉਸ ਦੀ ਸ਼ਹਾਦਤ ਨਾਲ ਤੇਲਗੂ ਲੋਕਾਂ ਦੀ ਦੇਸਭਗਤੀ ਦੇ ਜਜ਼ਬੇ ਨੂੰ ਆਂਚ ਆਉਣ ਦਾ ਖ਼ਦਸ਼ਾ ਸੀ, ਨਾ ਉਸ ਦੀ ਦੇਸਭਗਤੀ ਉੱਤੇ ਹੀ ਕੋਈ ਉਂਗਲ ਉਠਣ ਦਾ ਡਰ ਸੀ ਅਤੇ ਨਾ ਹੀ ਉਸ ਦੀ ਮੌਤ ਨਾਲ ਕੋਈ ਵੱਡੀ ਹਿੰਸਕ ਜਦੋਜਹਿਦ ਛਿੜ ਪੈਣ ਦਾ ਖ਼ਤਰਾ ਸੀ। ਮਾਸਟਰ ਤਾਰਾ ਸਿੰਘ ਤੇ ਸੰਤ ਫਤਹਿ ਸਿੰਘ ਦੀ ਸਮੱਸਿਆ ਨਿਰੀ ਇਹ ਨਹੀਂ ਸੀ ਕਿ ਉਹ ਇਕ ਘੱਟਗਿਣਤੀ ਭਾਈਚਾਰੇ ਦੇ ਆਗੂ ਸਨ। ਵੱਧ ਅਤੇ ਵੱਡੀ ਸਮੱਸਿਆ ਇਹ ਸੀ ਕਿ ਉਹ ਵਿਚਾਰਧਾਰਕ ਅਤੇ ਮਾਨਸਿਕ ਪੱਧਰ 'ਤੇ ਬਹੁਗਿਣਤੀ (ਹਿੰਦੂ) ਵਰਗ ਦੀ ਗ਼ੁਲਾਮੀ ਕਬੂਲ ਕਰੀ ਬੈਠੇ ਸਨ। ਇਹੀ ਵਜ੍ਹਾ ਸੀ ਕਿ ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਮੁਸਲਿਮ ਭਾਈਚਾਰੇ ਦੇ ਖ਼ਿਲਾਫ਼ ਨੰਗੀ ਤਲਵਾਰ ਲਹਿਰਾਉਣ ਵਾਲੇ ਮਾਸਟਰ ਤਾਰਾ ਸਿੰਘ ਨੂੰ, ਆਜ਼ਾਦੀ ਤੋਂ ਬਾਅਦ, ਹਿੰਦੂ ਵਰਗ ਦੇ ਖ਼ਿਲਾਫ਼ ਉੱਚਾ ਸ਼ਬਦ ਬੋਲਣ ਲੱਗਿਆਂ ਸੌ ਵਾਰ ਸੋਚਣਾ ਪੈਂਦਾ ਸੀ। ਇਹ ਨਹੀਂ ਕਿ ਮਾਸਟਰ ਤਾਰਾ ਸਿੰਘ ਦੇ ਮਨ 'ਤੇ ਹਿੰਦੂ ਰਾਜ-ਸ਼ਕਤੀ ਦਾ ਭੈਅ ਹਾਵੀ ਹੋ ਗਿਆ ਸੀ। ਉਸ ਦੇ ਵਿਹਾਰ ਵਿੱਚ ਆਈ ਇਸ ਤਬਦੀਲੀ ਦੀ ਮੁੱਖ ਵਜ੍ਹਾ ਵਿਚਾਰਧਾਰਕ ਸੀ। ਮੁਸਲਿਮ ਭਾਈਚਾਰੇ ਖ਼ਿਲਾਫ਼ ਲੜਦਿਆਂ ਮਾਸਟਰ ਤਾਰਾ ਸਿੰਘ ਦੀ ਦੇਸਭਗਤੀ ਸ਼ੱਕ ਦੇ ਦਾਇਰੇ ਹੇਠ ਨਹੀਂ ਸੀ ਆਉਂਦੀ (ਸਗੋਂ ਇਸ ਨੂੰ ਸਵਾਇਆ ਰੰਗ ਚੜ੍ਹਦਾ ਸੀ) ਅਤੇ ਨਾ ਹੀ ਉਸ ਦੇ ਮਨ 'ਤੇ ਮੁਸਲਿਮ-ਸਿੱਖ ਏਕਤਾ ਨੂੰ ਹਰਜ਼ਾ ਪਹੁੰਚਣ ਦੇ ਸੰਸੇ ਦਾ ਕੋਈ ਬੋਝ ਸੀ। ਇਸ ਕਰਕੇ ਮੁਸਲਿਮ ਭਾਈਚਾਰੇ ਦੇ ਸਬੰਧ ਵਿੱਚ ਉਹ ਰੱਜ ਕੇ ਨਿਧੜਕ ਅਤੇ ਮਾਅਰਕੇਬਾਜ਼ ਹੋ ਸਕਦਾ ਸੀ।

ਲੋੜ ਪੈਣ 'ਤੇ ਆਪਣੀ ਜਾਨ ਵੀ ਦੇ ਸਕਦਾ ਸੀ। ਪਰ ਹਿੰਦੂ ਵਰਗ ਦੇ ਸਬੰਧ ਵਿੱਚ ਕੋਈ ਵੀ ਨੀਤੀ ਨਿਰਣਾ ਕਰਨ ਲੱਗਿਆਂ ਉਸ ਨੂੰ ਆਪਣੇ ਵਿਚਾਰਧਾਰਕ ਵਿਸ਼ਵਾਸਾਂ ਤੇ ਮਨੌਤਾਂ ਦੀ ਆਗਿਆ ਦਾ ਪਾਲਣ ਕਰਨਾ ਪੈਂਦਾ ਸੀ। (ਇਹ ਗੱਲ, ਉੱਨੀ ਇੱਕੀ ਦੇ ਫ਼ਰਕ ਨਾਲ, ਸਾਰੇ ਹੀ ਅਕਾਲੀ ਆਗੂਆਂ ਉੱਤੇ ਲਾਗੂ ਹੁੰਦੀ ਸੀ।) ਸੋ ਮਸਲਾ ਵਿਅਕਤੀਗਤ ਫ਼ਿਤਰਤ ਨਾਲੋਂ ਵੱਧ ਵਿਚਾਰਧਾਰਕ ਸੋਚਣੀ ਦਾ ਸੀ। ਜੇਕਰ ਪਹਿਲੀ ਪੀੜ੍ਹੀ ਦੇ ਅਕਾਲੀ ਆਗੂਆਂ ਦੀ ਹੀ ਗੱਲ ਕਰਨੀ ਹੋਵੇ ਤਾਂ ਉਨ੍ਹਾਂ ਅੰਦਰ ਕੁਰਬਾਨੀ ਦੇ ਜਜ਼ਬੇ ਦੇ ਕੁਮਲਾਅ ਜਾਣ ਦੀ ਪਰਮੁੱਖ ਵਜ੍ਹਾ ਉਨ੍ਹਾਂ ਦਾ ਵਿਅਕਤੀਗਤ ਨਿਘਾਰ ਨਹੀਂ ਸਗੋਂ ਉਨ੍ਹਾਂ ਦੀ ਵਿਚਾਰਧਾਰਕ ਉਲਝਣ ਸੀ। ਵਿਅਕਤੀਗਤ ਨਿਘਾਰ ਦਾ ਅੰਸ਼, ਵਧ ਫੁੱਲ ਕੇ, ਪ੍ਰਧਾਨ ਪੱਖ ਉਦੋਂ ਬਣਿਆ ਜਦੋਂ ਇਕ ਤਾਂ ਅਕਾਲੀ ਦਲ ਲਈ ਰਾਜਸੀ ਸੱਤਾ ਦੇ ਦਰਵਾਜ਼ੇ ਖੁੱਲ੍ਹ ਗਏ ਅਤੇ ਦੂਜਾ, ਪਹਿਲੀ ਪੀੜ੍ਹੀ ਦੀ ਅਕਾਲੀ ਲੀਡਰਸ਼ਿਪ ਦੇ ਉਮਰ ਵਿਹਾਅ ਜਾਣ ਤੋਂ ਬਾਅਦ ਅਕਾਲੀ ਲੀਡਰਸ਼ਿਪ ਦਾ ਨਵਾਂ ਪੋਚ ਅੱਗੇ ਆ ਗਿਆ। ਅਕਾਲੀ ਆਗੂਆਂ ਦੀ ਇਸ ਕਿਰਦਾਰ-ਬਦਲੀ ਅੰਦਰ ਵੀ ਵਿਚਾਰਧਾਰਕ ਫ਼ੈਕਟਰ ਦੀ ਭੂਮਿਕਾ ਨੂੰ ਘਟਾ ਕੇ ਨਹੀਂ ਅੰਗਿਆ ਜਾਣਾ ਚਾਹੀਦਾ। ਜੇਕਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਅਕਾਲੀ ਰਾਜਨੀਤੀ ਦੀ ਰਵਾਇਤੀ ਧਾਰਾ ਨਾਲੋਂ ਵਿਚਾਰਧਾਰਕ ਪੱਧਰ 'ਤੇ ਤਿੱਖਾ ਨਿਖੇੜਾ ਅਤੇ ਤੋੜ-ਵਿਛੋੜ ਨਾ ਕੀਤਾ ਹੁੰਦਾ ਤਾਂ ਸਿੱਖ ਕੌਮ ਅੰਦਰ ਕੁਰਬਾਨੀ ਅਤੇ ਸੂਰਮਗਤੀ ਦੀਆਂ ਨਿਤਾਣੀਆਂ ਪੈ ਚੱਲੀਆਂ ਰਵਾਇਤਾਂ ਨੂੰ ਉਨ੍ਹਾਂ ਦੁਆਰਾ ਮੁੜ-ਸੁਰਜੀਤ ਕਰ ਸਕਣਾ ਕਤਈ ਤੌਰ 'ਤੇ ਸੰਭਵ ਨਹੀਂ ਸੀ ਹੋਣਾ। ਸੰਤ ਭਿੰਡਰਾਂਵਾਲੇ ਦੀ ਰਵਾਇਤੀ ਅਕਾਲੀ ਆਗੂਆਂ ਨਾਲੋਂ ਸਭ ਤੋਂ ਅਹਿਮ ਵਿਲੱਖਣਤਾ ਇਹ ਸੀ ਕਿ ਉਹ ਪੰਥ-ਪ੍ਰਸਤੀ ਅਤੇ ਦੇਸ-ਪ੍ਰਸਤੀ ਵਿਚਲੇ ਵਿਰੋਧਾ-ਭਾਸ ਵਿੱਚ ਨਹੀਂ ਉਲਝੇ। ਉਹ ਸ਼ਾਇਦ ਵੀਹਵੀਂ ਸਦੀ ਦੇ ਪਹਿਲੇ ਸਿੱਖ ਆਗੂ ਸਨ ਜਿਨ੍ਹਾਂ ਨੇ ਕੌਮਵਾਦ ਦੇ ਇਸ ਬੁਨਿਆਦੀ ਅਸੂਲ ਨੂੰ ਦ੍ਰਿੜ੍ਹਤਾ ਨਾਲ ਅਪਣਾਇਆ ਕਿ ਇੱਕ ਸੱਚੇ ਕੌਮਪ੍ਰਸਤ ਦੀ ਪਹਿਲੀ ਵਫ਼ਾਦਾਰੀ ਆਪਣੀ ਕੌਮ ਨਾਲ ਹੁੰਦੀ ਹੈ ਅਤੇ ਉਸ ਦਾ ਹੋਰਨਾਂ ਕੌਮਾਂ ਨਾਲ ਰਿਸ਼ਤਾ ਇਸੇ ਅਸੂਲ ਅਨੁਸਾਰ ਨਿਰਧਾਰਤ ਹੁੰਦਾ ਹੈ। ਰਵਾਇਤੀ ਅਕਾਲੀ ਧਾਰਾ ਨਾਲੋਂ ਉਨ੍ਹਾਂ ਦਾ ਇਹ ਬਹੁਤ ਹੀ ਅਹਿਮ ਤੇ ਬੁਨਿਆਦੀ ਵਖਰੇਵਾਂ ਸੀ। ਰਵਾਇਤੀ ਅਕਾਲੀ ਰਾਜਨੀਤੀ ਅੰਦਰ 'ਦੇਸਭਗਤੀ', 'ਹਿੰਦੂ-ਸਿੱਖ ਏਕਤਾ' ਅਤੇ 'ਅਹਿੰਸਾ' ਨੂੰ ਨੀਤੀ ਦੇ ਮਾਮਲਿਆਂ ਨਾਲੋਂ ਵੱਧ ਪਵਿੱਤਰ ਅਸੂਲਾਂ ਦਾ ਦਰਜਾ ਦਿੱਤਾ ਜਾਂਦਾ ਹੈ। ਇਸ ਕਰਕੇ, ਜਦ ਵੀ ਕਿਸੇ ਮੌਕੇ ਪੰਥ ਦੇ ਹਿਤਾਂ ਤੇ ਇਨ੍ਹਾਂ ਅਸੂਲਾਂ ਵਿਚਕਾਰ ਕੋਈ ਵਿਰੋਧ ਦੀ ਨੌਬਤ ਪੈਦਾ ਹੁੰਦੀ ਹੈ ਤਾਂ ਬਿਨਾਂ ਕਿਸੇ ਸੋਚ ਵਿਚਾਰ ਦੇ, ਇਨ੍ਹਾਂ ਅਸੂਲਾਂ ਦੀ ਪਾਲਣਾ ਨੂੰ ਆਪਣਾ ਧਰਮ ਸਮਝਦੇ ਹੋਏ ਪੰਥਕ ਹਿਤਾਂ ਦੀ ਬਲੀ ਦੇ ਦਿੱਤੀ ਜਾਂਦੀ ਹੈ। ਸਿੱਖ ਪੰਥ ਅੰਦਰ ਇਸ ਸੋਚ ਅਤੇ ਪ੍ਰੰਪਰਾ ਦੀਆਂ ਜੜ੍ਹਾਂ ਏਨੀਆਂ ਡੂੰਘੀਆਂ ਹਨ ਕਿ ਸਿੱਖ ਰਾਜਨੀਤੀ ਦੇ ਮੰਚ ਉੱਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਆਮਦ ਤੋਂ ਪਹਿਲਾਂ ਇਸ ਸੋਚ ਬਾਰੇ ਕੋਈ ਕਿੰਤੂ-ਪ੍ਰੰਤੂ ਕਰਨਾ ਘੋਰ ਪਾਪ ਸਮਝਿਆ ਜਾਂਦਾ ਸੀ। ਪੰਥ ਪ੍ਰਸਤੀ ਨਾਲੋਂ ਦੇਸਭਗਤੀ ਨੂੰ ਉੱਚਾ ਦਰਜਾ ਪ੍ਰਦਾਨ ਕਰਦਿਆਂ ਹੋਇਆਂ, ਪੰਥ ਦੇ ਹਿਤਾਂ ਤੋਂ ਬਹੁਤ ਹੀ ਆਸਾਨੀ ਨਾਲ ਮੂੰਹ ਭੁਆਂ ਲਿਆ ਜਾਂਦਾ ਸੀ।

ਪੰਜਾਬ ਦੇ ਹਿੰਦੂ ਵਰਗ ਦੀ ਕੱਟੜ ਫ਼ਿਰਕੂ ਮੱਤ ਅਤੇ ਅਤਿ ਦਰਜੇ ਦੀਆਂ ਭੜਕਾਊ ਕਾਰਵਾਈਆਂ ਦੇ ਬਾਵਜੂਦ, ਅਕਾਲੀ ਆਗੂਆਂ ਦੀ ਹਿੰਦੂ-ਸਿੱਖ ਏਕਤਾ ਪ੍ਰਤੀ ਸ਼ਰਧਾ ਅਡਿੱਗ ਬਣੀ ਰਹੀ ਅਤੇ ਉਹ ਇਸ ਨੂੰ ਹਮੇਸ਼ਾ ਪੰਥਕ ਹਿਤਾਂ ਨਾਲੋਂ ਸਰੇਸ਼ਟ ਮੰਨ ਕੇ ਚੱਲਦੇ ਰਹੇ। ਜਦ ਵੀ ਲੋੜ ਬਣੀ ਤਾਂ ਉਨ੍ਹਾਂ ਸਿੱਖ ਕੌਮ ਦੇ ਹਿਤਾਂ ਦੀ ਬਲੀ ਦੇਣ ਵਿੱਚ

ਰਤੀ ਭਰ ਵੀ ਝਿਜਕ ਨਹੀਂ ਦਿਖਾਈ। ਅਮਨ ਅਤੇ ਫ਼ਿਰਕੂ ਇਕਸੁਰਤਾ ਬਣਾਈ ਰੱਖਣ ਦਾ ਸਾਰਾ ਬੋਝ ਸਿੱਖ ਪੰਥ ਤੇ ਇਸ ਦੇ ਆਗੂਆਂ ਉੱਤੇ ਹੀ ਡਿਗਦਾ ਰਿਹਾ। ਪੰਜਾਬ ਦੇ ਹਿੰਦੂ ਵਰਗ ਨੇ ਇਸ ਦੀ ਦੁਵੱਲੀ ਜ਼ਿੰਮੇਵਾਰੀ ਓਟਣ ਵਿੱਚ ਕਦੇ ਵੀ ਬਹੁਤੀ ਰੁਚੀ ਨਹੀਂ ਪ੍ਰਗਟਾਈ। ਇਸ ਮੰਤਵ ਲਈ ਬਹੁਤਾ ਅਕਾਲੀ ਆਗੂਆਂ ਨੂੰ ਹੀ ਲਿਫ਼ਣਾ ਪੈਂਦਾ ਰਿਹਾ ਅਤੇ ਉਨ੍ਹਾਂ ਨੂੰ ਏਨੀ ਵਾਰ ਲਿਫ਼ਣਾ ਪਿਆ ਕਿ ਉਨ੍ਹਾਂ ਅੰਦਰ ਪੱਕੇ 'ਕੁੱਬ' ਹੀ ਪੈ ਗਏ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਇਕ ਸਿਰਲੱਥ ਅਤੇ ਖ਼ੁਦਦਾਰ ਕੌਮ ਦੇ ਆਗੂਆਂ ਦੇ ਇਨ੍ਹਾਂ 'ਕੁੱਬਾਂ' ਤੋਂ ਅਜਿਹੀ ਕਾਂਣਤ ਮੰਨੀ ਕਿ ਉਨ੍ਹਾਂ ਸਿੱਖ ਕੌਮ ਨੂੰ ਇਸ ਕਲੰਕ ਤੋਂ ਸੁਰਖ਼ਰੂ ਕਰਨ ਦੀ ਮਨ ਅੰਦਰ ਪੱਕੀ ਸਹੁੰ ਖਾ ਲਈ। ਪਰ ਇਹ ਨਿਸ਼ਾਨਾ ਸਾਧ ਲੈਣਾ ਹੀ ਕਾਫ਼ੀ ਨਹੀਂ ਸੀ। ਇਸ ਨਿਸ਼ਾਨੇ ਵੱਲ ਵਧਣ ਲਈ ਰਸਤੇ ਦੀਆਂ ਸਿਧਾਂਤਕ ਰੋਕਾਂ ਭੰਨਣੀਆਂ ਜ਼ਰੂਰੀ ਸਨ। ਰਵਾਇਤੀ ਅਕਾਲੀ ਆਗੂਆਂ ਨੂੰ ਬੁਜ਼ਦਿਲੀ ਤੇ ਬੇਗੈਰਤੀ ਦੇ ਰਾਹ ਪਾ ਰਹੀਆਂ ਵਿਚਾਰਧਾਰਕ ਕੁਰਹਿਤਾਂ ਦੀ ਸੁਧਾਈ ਜ਼ਰੂਰੀ ਸੀ। ਅਜਿਹਾ ਕੀਤੇ ਬਗ਼ੈਰ ਸਿੱਖ ਕੌਮ ਦੀਆਂ ਜੁਝਾਰੂ ਰਵਾਇਤਾਂ ਨੂੰ ਮੁੜ ਸੁਰਜੀਤ ਕਰ ਸਕਣ ਅਤੇ ਸਿੱਖ ਮਨਾਂ ਅੰਦਰ ਪੰਥ ਲਈ ਆਪਾ ਵਾਰਨ ਦਾ ਜਜ਼ਬਾ ਤੇ ਚਾਉ ਪੈਦਾ ਕਰ ਸਕਣਾ ਕਤਈ ਤੌਰ 'ਤੇ ਸੰਭਵ ਨਹੀਂ ਸੀ। ਜੇਕਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਰਵਾਇਤੀ ਅਕਾਲੀ ਆਗੂਆਂ ਦੇ ਗ਼ਲਤ ਰਾਜਨੀਤਕ ਵਿਚਾਰਾਂ, ਸੰਸਕਾਰਾਂ ਤੇ ਸਰੋਕਾਰਾਂ ਨੂੰ ਮੁਕੰਮਲ ਰੂਪ ਵਿੱਚ ਗਲੋਂ ਨਾ ਵਗਾਹ ਮਾਰਿਆ ਹੁੰਦਾ ਤਾਂ ਉਨ੍ਹਾਂ ਦੇ ਕਦਮ ਵੀ ਲਾਜ਼ਮੀ ਡਗਮਗਾ ਗਏ ਹੁੰਦੇ। ਜੇਕਰ ਉਨ੍ਹਾਂ ਵੀ ਅਕਾਲੀ ਆਗੂਆਂ ਵਾਂਗ ਇਹੀ ਸੰਸੇ ਸਹੇੜ ਰੱਖੇ ਹੁੰਦੇ ਕਿ ਉਨ੍ਹਾਂ ਦੀ ਸ਼ਹਾਦਤ ਨਾਲ ਕਿਤੇ ਸਿੱਖ ਕੌਮ ਦੀ ਦੇਸ ਭਗਤੀ ਤੇ ਵਫ਼ਾਦਾਰੀ ਉਲਟੀ ਕਰਵੱਟ ਤਾਂ ਨਹੀਂ ਲੈ ਬੈਠੇਗੀ, ਜਾਂ ਇਸ ਨਾਲ ਹਿੰਦੂ-ਸਿੱਖ ਰਿਸ਼ਤੇ ਅੰਦਰ ਹੋਰ ਵੱਧ ਕੜਵਾਹਟ ਤਾਂ ਨਹੀਂ ਪੈਦਾ ਹੋ ਜਾਵੇਗੀ, ਤਾਂ ਉਹ ਵੀ ਲਾਜ਼ਮੀ ਦੋਚਿਤੀ ਤੇ ਡਾਵਾਂਡੋਲਤਾ ਦਾ ਸ਼ਿਕਾਰ ਹੋ ਗਏ ਹੁੰਦੇ।

ਜੇਕਰ ਸੰਤ ਭਿੰਡਰਾਂਵਾਲਿਆਂ ਨੇ ਆਪਣੀ ਸ਼ਹਾਦਤ ਨਾਲ ਇਸ ਅਕਾਲੀ ਪ੍ਰੰਪਰਾ ਦਾ ਅਮਲੀ ਰੂਪ ਵਿੱਚ ਖੰਡਨ ਕਰ ਕੇ ਪੰਥ ਅੰਦਰ ਨਵੀਂ ਸੋਚ ਅਤੇ ਨਵੀਂ ਰੂਹ ਦਾ ਸੰਚਾਰ ਨਾ ਕੀਤਾ ਹੁੰਦਾ ਤਾਂ ਜੂਨ ਚੁਰਾਸੀ ਦੇ ਦਿਲ-ਝੰਜੋੜੂ ਘਟਨਾਕ੍ਰਮ ਤੋਂ ਬਾਅਦ ਭਾਈ ਬੇਅੰਤ ਸਿੰਘ ਤੇ ਭਾਈ ਸਤਵੰਤ ਸਿੰਘ ਦੇ ਮਨ ਅੰਦਰ ਜਾਗੀ ਬਦਲੇ ਦੀ ਭਾਵਨਾ, ਅੰਦਰੋ-ਅੰਦਰ ਹੀ ਦਬ ਘੁੱਟ ਕੇ ਖ਼ਤਮ ਹੋ ਗਈ ਹੁੰਦੀ। ਜੇਕਰ ਭਾਈ ਬੇਅੰਤ ਸਿੰਘ ਤੇ ਸਤਵੰਤ ਸਿੰਘ ਨੇ ਵੀ ਅਕਾਲੀ ਆਗੂਆਂ ਵਾਲੇ ਹੀ ਸੰਸੇ ਸਹੇੜ ਰੱਖੇ ਹੁੰਦੇ ਤਾਂ 31 ਅਕਤੂਬਰ 1984 ਦੀ ਸਵੇਰ ਵੀ ਨਿਤ ਵਾਂਗ ਹੀ ਆਮ ਦੀ ਤਰ੍ਹਾਂ ਗੁਜ਼ਰ ਗਈ ਹੁੰਦੀ। ਪਰ 31 ਅਕਤੂਬਰ (1984) ਦੀ ਸਵੇਰ ਆਮ ਵਾਂਗ ਨਹੀਂ ਗੁਜ਼ਰੀ। ਅਤੇ ਉਸ ਤੋਂ ਅਗਲੇ ਦਿਨ ਵੀ ਆਮ ਵਾਂਗ ਨਹੀਂ ਗੁਜ਼ਰੇ। ਜਿਸ ਭਾਣੇ ਨੂੰ ਟਾਲਣ ਲਈ ਅਕਾਲੀ ਆਗੂ ਹਿੰਦੂ ਹਾਕਮਾਂ ਦੀ ਹਰ ਵਧੀਕੀ ਤੇ ਹਰ ਅਪਮਾਨ ਨੂੰ ਚੁਪ-ਚਾਪ ਜ਼ਰ ਲੈਂਦੇ ਰਹੇ ਸਨ, ਆਖ਼ਰਕਾਰ ਉਹ 'ਭਾਣਾ' ਵਰਤ ਕੇ ਹੀ ਰਿਹਾ। ਸਿੱਖ ਕੌਮ ਦੇ ਵੱਡੇ ਹਿੱਸਿਆਂ ਨੂੰ ਦੇਸ ਬਿਗਾਨਾ ਲੱਗਣ ਲੱਗ ਪਿਆ। ਹਿੰਦੂਆਂ ਤੇ ਸਿੱਖਾਂ ਵਿਚਕਾਰ ਲਹੂ ਦੀ ਇਕ ਡੂੰਘੀ ਲਕੀਰ ਖਿੱਚੀ ਗਈ ਅਤੇ ਨੌਜਵਾਨ ਸਿੱਖ ਵਰਗ ਦਾ ਅਹਿੰਸਾ ਦੇ ਸਿਧਾਂਤ ਤੋਂ ਬੁਰੀ ਤਰ੍ਹਾਂ ਮੋਹ ਭੰਗ ਹੋ ਗਿਆ। ਇਹ ਠੀਕ ਹੋਇਆ ਜਾਂ ਗ਼ਲਤ ? ਇਸ ਸੁਆਲ ਦਾ ਦੋ ਹਰਫ਼ਾਂ ਵਿੱਚ ਜੁਆਬ ਸੰਭਵ ਨਹੀਂ। ਇਸ ਸੁਆਲ ਦਾ ਸਹੀ ਜੁਆਬ ਸਿੱਖ ਪੰਥ ਅੰਦਰ ਪੈਦਾ ਹੋਏ ਖਾੜਕੂਵਾਦ ਦੇ ਸਮੁੱਚੇ ਵਰਤਾਰੇ ਬਾਰੇ ਵਧੇਰੇ ਭਰਵੀਂ ਤੇ ਗਹਿਰੀ ਸਮਝ 'ਚੋਂ ਹੀ ਸੰਭਵ ਹੋ ਸਕਦਾ ਹੈ।

•

# 9

# ਦੋ ਪਾਟਵੇਂ ਰੁਝਾਨ

ਦੋ ਅਲੱਗ-ਅਲੱਗ ਅਕਾਲੀ ਦਲਾਂ ਦੇ ਹੋਂਦ ਵਿੱਚ ਆ ਜਾਣ ਤੋਂ ਬਾਅਦ ਦੋਵਾਂ ਧੜਿਆਂ ਵਿਚਕਾਰ ਆਪਸੀ ਤਾਕਤ-ਅਜ਼ਮਾਈ ਦਾ ਸਿਲਸਿਲਾ ਆਰੰਭ ਹੋ ਗਿਆ। ਦੋਨੋਂ ਗੁਟਾਂ ਨੇ ਅਕਾਲੀ ਦਲ ਦੇ ਜਨਰਲ ਹਾਊਸ ਦੇ ਡੈਲੀਗੇਟਾਂ, ਸਰਕਲ ਜਥੇਦਾਰਾਂ, ਸ਼੍ਰੋਮਣੀ ਕਮੇਟੀ ਮੈਂਬਰਾਂ, ਵਿਧਾਇਕਾਂ ਤੇ ਅਹੁਦੇਦਾਰਾਂ ਦੀ ਬਹੁਗਿਣਤੀ ਜੁਟ੍ਹਾਉਣ ਦੇ ਸਿਰਤੋੜ ਯਤਨ ਸ਼ੁਰੂ ਕਰ ਦਿੱਤੇ। ਇਸ ਜ਼ੋਰ ਅਜ਼ਮਾਈ ਵਿੱਚ ਮਾਸਟਰ ਤਾਰਾ ਸਿੰਘ ਨੂੰ ਕਈ ਪੱਖਾਂ ਤੋਂ ਗ਼ੈਰ-ਲਾਹੇਵੰਦੀ ਹਾਲਤ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਕ ਤਾਂ ਪੰਥ ਅੰਦਰ ਆਮ ਰੌਅ ਉਸਦੇ ਬਹੁਤਾ ਪੱਖ ਵਿੱਚ ਨਹੀਂ ਸੀ। ਦੂਜਾ, ਪਰਤਾਪ ਸਿੰਘ ਕੈਰੋਂ ਮਾਸਟਰ ਤਾਰਾ ਸਿੰਘ ਨੂੰ ਆਪਣਾ ਅੱਵਲ ਦੁਸ਼ਮਣ ਮਿਥ ਕੇ ਚੱਲ ਰਿਹਾ ਸੀ ਅਤੇ ਉਸਦੀ ਲੀਡਰਸ਼ਿਪ ਨੂੰ ਢਾਹ ਲਾਉਣ ਲਈ ਮਾਸਟਰ ਵਿਰੋਧੀ ਅਕਾਲੀ ਧੜੇ ਦੀ ਖੁੱਲ੍ਹ ਕੇ ਹਮਾਇਤ ਕਰ ਰਿਹਾ ਸੀ। ਪੰਜਾਬ ਦਾ ਹਿੰਦੂ ਵਰਗ ਅਕਾਲੀ ਦਲ ਨੂੰ ਪਾੜਨ ਅਤੇ ਖਿੰਡਾਉਣ ਦੀ ਨਕਾਰੀ ਭਾਵਨਾਂ 'ਚੋਂ ਹੀ ਸੰਤ ਫਤਹਿ ਸਿੰਘ ਦੀ ਹੌਸਲਾ ਅਫ਼ਜ਼ਾਈ ਕਰ ਰਿਹਾ ਸੀ। ਕਮਿਊਨਿਸਟ ਤਾਕਤਾਂ ਨੇ ਵੀ ਮਾਸਟਰ ਤਾਰਾ ਸਿੰਘ ਦੀ 'ਕੱਟੜ ਸਿੱਖਪ੍ਰਸਤੀ' ਨੂੰ ਭਾਂਜ ਦੇਣ ਅਤੇ ਸੰਤ ਫਤਹਿ ਸਿੰਘ ਦੀ 'ਅਫ਼ਿਰਕੂ ਸੋਚ' ਨੂੰ ਤਕੜਾਈ ਬਖ਼ਸ਼ਣ ਦੇ ਮੰਤਵ ਅਧੀਨ ਸੰਤ ਧੜੇ ਨੂੰ ਆਪਣੀ ਹਮਾਇਤ ਜੁਟਾਉਣ ਦਾ ਪੈਂਤੜਾ ਅਖ਼ਤਿਆਰ ਕਰ ਲਿਆ ਹੋਇਆ ਸੀ। ਇਨ੍ਹਾਂ ਸਾਰੇ ਪੱਖਾਂ ਦੇ ਰਲਵੇਂ ਅਸਰ ਸਦਕਾ ਮਾਸਟਰ ਧੜੇ ਨੂੰ ਸੰਤ ਗੁੱਟ ਹੱਥੋਂ ਇਕ ਤੋਂ ਬਾਅਦ ਦੂਜੇ ਮੋਰਚੇ 'ਤੇ ਕਰਾਰੀ ਹਾਰ ਦਾ ਮੂੰਹ ਦੇਖਣਾ ਪੈ ਗਿਆ। 2 ਅਕਤੂਬਰ (1962) ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਨੇ ਮਾਸਟਰ ਤਾਰਾ ਸਿੰਘ ਦੇ ਹਮਾਇਤੀ ਸ: ਕਿਰਪਾਲ ਸਿੰਘ ਚੱਕਸ਼ੇਰਾਂਵਾਲਾ ਦੇ ਖ਼ਿਲਾਫ਼ 72 ਦੇ ਮੁਕਾਬਲੇ 76 ਵੋਟਾਂ ਦੇ ਫ਼ਰਕ ਨਾਲ ਬੇਭਰੋਸਗੀ ਦਾ ਮਤਾ ਪਾਸ ਕਰ ਦਿੱਤਾ। ਕੈਰੋਂ ਸਰਕਾਰ ਨੇ ਮਾਸਟਰ ਧੜੇ ਦੀ ਹਾਰ ਨੂੰ ਯਕੀਨੀ ਬਣਾਉਣ ਲਈ ਹਕੂਮਤੀ ਤਾਕਤ ਅਤੇ ਅਸਰ-ਰਸੂਖ਼ ਦੀ ਨੰਗੀ ਵਰਤੋਂ ਕੀਤੀ। ਸ਼੍ਰੋਮਣੀ ਕਮੇਟੀ ਦੇ ਕਾਂਗਰਸ ਅਤੇ ਕਮਿਊਨਿਸਟ ਪੱਖੀ ਮੈਂਬਰਾਂ (ਜਿਨ੍ਹਾਂ ਦੀ ਗਿਣਤੀ ਛੇ ਦੇ ਕਰੀਬ ਸੀ) ਨੇ ਸੰਤ ਦਲ ਦਾ ਖੁੱਲ੍ਹ ਕੇ ਸਾਥ ਦਿੱਤਾ।[1] ਮਾਸਟਰ ਧੜੇ ਹੱਥੋਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਖੁੱਸ ਜਾਣ 'ਤੇ ਪੰਜਾਬ ਦੀ ਹਿੰਦੂ ਪ੍ਰੈਸ (ਅਤੇ ਹਿੰਦੂ ਵਰਗ) ਨੇ ਕੋਈ ਬਹੁਤ ਹੀ ਵੱਡਾ ਮੋਰਚਾ ਸਰ ਕਰ ਲੈਣ ਵਰਗੀ ਤਸੱਲੀ ਅਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ। ਸੰਤ ਫਤਹਿ ਸਿੰਘ ਦੇ ਬਹੁਤ ਹੀ ਕਰੀਬੀ ਅਤੇ ਵਿਸ਼ਵਾਸਪਾਤਰ ਸਮਝੇ ਜਾਂਦੇ ਸੰਤ ਚੰਨਣ ਸਿੰਘ ਨੂੰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਥਾਪ ਦੇਣ ਨਾਲ ਅਕਾਲੀ ਰਾਜਨੀਤੀ ਅੰਦਰ ਸੰਤ ਧੜਾ ਭਾਰੂ ਪੁਜ਼ੀਸ਼ਨ

ਵਿੱਚ ਹੋ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਗਾਮੀ ਆਮ ਚੋਣਾਂ (17 ਜਨਵਰੀ 1965) ਮਾਸਟਰ ਤਾਰਾ ਸਿੰਘ ਤੇ ਸੰਤ ਫਤਹਿ ਸਿੰਘ ਦੀ ਲੀਡਰਸ਼ਿਪ ਦੇ ਮੁੱਦੇ 'ਤੇ ਰਾਇਸ਼ੁਮਾਰੀ ਵਰਗੀ ਅਹਿਮੀਅਤ ਅਖ਼ਤਿਆਰ ਕਰ ਗਈਆਂ। ਇਸੇ ਹੀ ਅਰਸੇ ਦੌਰਾਨ 27 ਮਈ 1964 ਨੂੰ ਪੰਡਤ ਜਵਾਹਰ ਲਾਲ ਨਹਿਰੂ ਦੀ ਮੌਤ ਹੋ ਗਈ। ਇਸੇ ਦੇ ਨਾਲ ਹੀ ਸ: ਪਰਤਾਪ ਸਿੰਘ ਕੈਰੋਂ ਦੇ ਵੀ ਰਾਜਨੀਤਕ ਪ੍ਰਾਣ ਨਿਕਲ ਗਏ। ਦਾਸ ਕਮਿਸ਼ਨ ਦੁਆਰਾ ਕੈਰੋਂ ਉੱਤੇ ਭਰਿਸ਼ਟਾਚਾਰ ਅਤੇ ਅਹੁਦੇ ਦੀ ਦੁਰਵਰਤੋਂ ਦੇ ਦੋਸ਼ਾਂ ਦੀ ਪੁਸ਼ਟੀ ਕਰਨ ਦੀ ਦੇਰ ਸੀ ਕਿ ਉਸਨੂੰ ਤੁਰੰਤ (14 ਜੂਨ 1964) ਮੁੱਖ ਮੰਤਰੀ ਦਾ ਅਹੁਦਾ ਤਿਆਗਣਾ ਪੈ ਗਿਆ। ਪੰਜਾਬੀ ਸੂਬੇ ਦੀ ਸਥਾਪਨਾ ਦੀਆਂ ਇਨ੍ਹਾਂ ਦੋ ਕੱਟੜ ਵਿਰੋਧੀ ਸ਼ਖ਼ਸੀਅਤਾਂ ਦੇ ਰਾਜਨੀਤਕ ਦ੍ਰਿਸ਼ 'ਤੋਂ ਲਾਂਭੇ ਹੋ ਜਾਣ ਨਾਲ ਸਿੱਖ ਜਗਤ ਨੇ ਇਕ ਮਾਨਸਿਕ ਰਾਹਤ ਜਿਹੀ ਮਹਿਸੂਸ ਕੀਤੀ। ਸਬੱਬੀ ਘਟੇ ਇਸ ਘਟਨਾਕ੍ਰਮ ਦਾ ਸੰਤ ਫਤਹਿ ਸਿੰਘ ਨੂੰ ਫ਼ੌਰੀ ਤੌਰ 'ਤੇ ਤਕੜਾ ਲਾਭ ਹੋਇਆ। ਨਹਿਰੂ ਦੀ ਜਗ੍ਹਾ ਲਾਲ ਬਹਾਦਰ ਸ਼ਾਸਤਰੀ ਵੱਲੋਂ ਪ੍ਰਧਾਨ ਮੰਤਰੀ ਦੀ ਕੁਰਸੀ ਸੰਭਾਲ ਲੈਣ ਨਾਲ ਸਿੱਖ ਜਗਤ ਅੰਦਰ, ਪੰਜਾਬੀ ਸੂਬੇ ਦੀ ਮੰਗ ਸਮੇਤ ਸਿੱਖ ਪੰਥ ਦੀਆਂ ਚਿਰਾਂ ਤੋਂ ਲਟਕਦੀਆਂ ਮੰਗਾਂ ਤੇ ਸ਼ਿਕਾਇਤਾਂ ਦੇ ਨਿਆਂਪੂਰਨ ਨਿਪਟਾਰੇ ਦਾ ਇਕ ਆਸ਼ਾਮਈ ਮਾਹੌਲ ਪੈਦਾ ਹੋ ਗਿਆ। ਕੈਰੋਂ ਦੇ ਵਾਰਸ ਦੀ ਚੋਣ ਦੇ ਮਸਲੇ 'ਤੇ ਪੰਜਾਬ ਕਾਂਗਰਸ ਪਾਰਟੀ ਅੰਦਰ ਪੈਦਾ ਹੋਈ ਗ੍ਰਹਿਯੁੱਧ ਵਰਗੀ ਹਾਲਤ ਅਤੇ ਇਸਦੇ ਨਤੀਜੇ ਵਜੋਂ ਕਾਮਰੇਡ ਰਾਮ ਕਿਸ਼ਨ ਨਾਂ ਦੇ ਵਜੂਦ-ਵਿਹੂਣੇ ਵਿਅਕਤੀ ਦਾ ਮੁੱਖ ਮੰਤਰੀ ਦੇ ਅਹੁਦੇ 'ਤੇ ਬਿਰਾਜਮਾਨ ਹੋ ਜਾਣਾ ਅਕਾਲੀ ਸਫ਼ਾਂ ਲਈ ਖ਼ੁਸ਼ੀ ਅਤੇ ਖ਼ਲਾਸੀ ਵਾਲੀ ਗੱਲ ਸੀ। ਇਸ ਨਵੇਂ ਰਾਜਨੀਤਕ ਵਾਤਾਵਰਨ ਵਿੱਚ ਸਿੱਖ ਜਗਤ ਅੰਦਰ ਮਾਸਟਰ ਤਾਰਾ ਸਿੰਘ ਦੀ ਭੇੜੂ ਸ਼ਖ਼ਸੀਅਤ ਅਤੇ ਸਿਆਸਤ ਦੇ ਮੁਕਾਬਲੇ ਸੰਤ ਫਤਹਿ ਸਿੰਘ ਦੀ ਨਰਮ-ਮਿਜ਼ਾਜ ਸ਼ਖ਼ਸੀਅਤ ਅਤੇ ਰਾਜਨੀਤਕ ਸ਼ੈਲੀ ਨੂੰ ਵੱਧ ਪਰਵਾਨਿਆ ਤੇ ਪਸੰਦ ਕੀਤਾ ਜਾਣ ਲੱਗਾ। ਸਿੱਟੇ ਵਜੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਅੰਦਰ ਮਾਸਟਰ ਧੜੇ ਨੂੰ ਸੰਤ ਦਲ ਹੱਥੋਂ ਬਹੁਤ ਹੀ ਨਮੋਸ਼ੀ ਭਰੀ ਹਾਰ ਦਾ ਮੂੰਹ ਦੇਖਣਾ ਪਿਆ। ਕੁਲ 138 ਸੀਟਾਂ 'ਚੋਂ ਮਾਸਟਰ ਦਲ ਨੂੰ ਬੜੀ ਮੁਸ਼ਕਲ 45 ਸੀਟਾਂ 'ਤੇ ਹੀ ਜਿੱਤ ਨਸੀਬ ਹੋ ਸਕੀ ਜਦ ਕਿ ਸੰਤ ਦਲ ਦੇ ਉਮੀਦਵਾਰ 90 ਸੀਟਾਂ 'ਤੇ ਵੱਡੇ ਫ਼ਰਕ ਨਾਲ ਕਾਮਯਾਬ ਹੋ ਗਏ। ਹਾਰ ਦਾ ਇਹ ਅਨੁਭਵ ਮਾਸਟਰ ਤਾਰਾ ਸਿੰਘ ਲਈ ਆਮ ਨਾਲੋਂ ਕਾਫ਼ੀ ਵੱਖਰਾ ਸਾਬਤ ਹੋਇਆ। ਆਪਣੇ ਲੰਮੇ ਹੋਣੀ ਭਰਪੂਰ ਰਾਜਸੀ ਜੀਵਨ ਅੰਦਰ ਮਾਸਟਰ ਤਾਰਾ ਸਿੰਘ ਨੂੰ ਅਨੇਕਾਂ ਰਾਜਸੀ ਚੁਣੌਤੀਆਂ ਤੇ ਸੰਕਟਾਂ ਦਾ ਸਾਹਮਣਾ ਕਰਨਾ ਪਿਆ ਸੀ। ਬਹੁਤ ਵਾਰ ਉਸ ਨੂੰ ਆਪਣੇ ਨਜ਼ਦੀਕੀ ਸਾਥੀਆਂ ਨਾਲ ਸਿਧਾਂਤਕ (ਤੇ ਸ਼ਖ਼ਸੀ ਵੀ) ਲੜਾਈਆਂ ਵਿੱਚ ਉਲਝਣਾ ਪਿਆ। ਬਹੁਤ ਮੌਕੇ ਆਏ ਜਦ ਕੁਝ ਰਾਜਨੀਤਕ ਮਸਲਿਆਂ ਉੱਤੇ ਉਸ ਨੂੰ ਅਕਾਲੀ ਦਲ ਅੰਦਰ ਆਪਣੇ ਸੰਗੀ ਲੱਭਣ ਵਿੱਚ ਵੱਡੀਆਂ ਮੁਸ਼ਕਲਾਂ ਪੇਸ਼ ਆਈਆਂ ਅਤੇ ਉਸ ਨੂੰ ਨੰਗੇ ਧੜ ਹੀ ਵੱਡੀਆਂ ਤੇ ਬੇਮੇਚੀਆਂ ਟੱਕਰਾਂ ਵਿੱਚ ਕੁੱਦਣ ਦੇ ਫ਼ੈਸਲੇ ਕਰਨੇ ਪਏ। ਉਸ ਨੂੰ ਕਈ ਵਾਰ ਵਿਅਕਤੀਗਤ ਤੇ ਰਾਜਨੀਤਕ, ਦੋਨਾਂ ਹੀ ਪੱਧਰਾਂ 'ਤੇ ਵੱਡੀਆਂ ਪਛਾੜਾਂ ਤੇ ਅਸਫਲਤਾਵਾਂ ਦਾ ਕੌੜਾ ਅਨੁਭਵ ਹੰਢਾਉਣਾ ਪਿਆ। ਪਰ ਆਪਣੇ ਇਰਾਦੇ, ਹਠ ਅਤੇ ਦਮ ਸਦਕਾ ਉਹ 'ਲੰਮੀ ਦੌੜ' ਵਿੱਚ ਆਪਣੇ ਰਾਜਸੀ ਸ਼ਰੀਕਾਂ ਤੇ ਵਿਰੋਧੀਆਂ ਨੂੰ ਪਛਾੜ ਕੇ ਮੁੜ ਅੱਗੇ ਨਿਕਲ ਜਾਂਦਾ ਰਿਹਾ। ਸੰਤ ਫਤਹਿ ਸਿੰਘ ਹੱਥੋਂ ਖਾਧੀ ਪਛਾੜ ਤੋਂ ਬਾਅਦ ਉਸ ਨੂੰ ਵੱਡਾ ਝਟਕਾ ਜ਼ਰੂਰ ਲੱਗਿਆ ਪ੍ਰੰਤੂ ਹਮੇਸ਼ਾ ਵਾਂਗ ਉਸ ਨੇ ਇਸ ਹਾਰ ਨੂੰ ਜਿੱਤ ਵਿੱਚ ਬਦਲਣ ਦੀ ਉਮੀਦ ਅਤੇ ਇਰਾਦਾ ਨਹੀਂ ਤਿਆਗਿਆ। ਆਪਣੀ

ਜ਼ਿੰਦਗੀ ਦੇ ਪਿਛਲੇ ਕੁਝ ਤਜਰਬਿਆਂ ਤੋਂ ਪ੍ਰੇਰਨਾ ਲੈਂਦਿਆਂ ਹੋਇਆਂ ਉਹ ਛੇਆਂ ਮਹੀਨਿਆਂ ਲਈ ਸਰਗਰਮ ਰਾਜਸੀ ਜੀਵਨ ਨੂੰ ਅਲਵਿਦਾ ਕਹਿ ਕੇ 'ਅਗਿਆਤਵਾਸ' ਵਿੱਚ ਚਲਾ ਗਿਆ। ਰਾਜਨੀਤਕ ਅਤੇ ਵਿਅਕਤੀਗਤ ਸੰਕਟਾਂ ਦੇ ਬੋਝ ਤੋਂ ਸੁਰਖ਼ਰੂ ਹੋਣ ਅਤੇ ਖ਼ੁਦ ਨੂੰ ਲੜਾਈ ਦੇ ਅਗਲੇਰੇ ਗੇੜ ਲਈ ਸੁਰ-ਸਾਧਨ ਕਰਨ ਵਾਸਤੇ ਉਹ ਇਸ ਅਧਿਆਤਮਿਕ ਜੁਗਤ ਦਾ ਪਹਿਲਾਂ ਵੀ ਕੁਝ ਮੌਕਿਆਂ 'ਤੇ ਇਸਤੇਮਾਲ ਕਰ ਚੁਕਿਆ ਸੀ (ਜਿਸਦਾ ਉਸ ਦੇ ਰਾਜਸੀ ਵਿਰੋਧੀਆਂ ਨੇ ਹਮੇਸ਼ਾ ਹੀ 'ਰਾਜਨੀਤਕ ਸਟੰਟ' ਕਹਿ ਕੇ ਮਖ਼ੌਲ ਉਡਾਇਆ)।

## ਮਾਸਟਰ ਤਾਰਾ ਸਿੰਘ : ਤਿੱਖੀ ਦਿਸ਼ਾ-ਤਬਦੀਲੀ

ਮਾਸਟਰ ਤਾਰਾ ਸਿੰਘ ਦੀ ਗ਼ੈਰ-ਮੌਜੂਦਗੀ ਵਿੱਚ ਉਨ੍ਹਾਂ ਦੇ ਧੜੇ ਨੇ ਆਪਣੀਆਂ ਰਾਜਸੀ ਸਰਗਰਮੀਆਂ ਬਾਕਾਇਦਾ ਰੂਪ ਵਿੱਚ ਜਾਰੀ ਰੱਖੀਆਂ। ਸੰਤ ਫਤਹਿ ਸਿੰਘ ਦੀ ਖੁੱਲ੍ਹ-ਖ਼ਿਆਲੀ ਵਿਚਾਰਧਾਰਾ ਤੇ ਨਰਮ ਰੁਖ਼ ਰਾਜਨੀਤੀ ਦੇ ਮੁਕਾਬਲੇ, ਮਾਸਟਰ ਤਾਰਾ ਸਿੰਘ ਧੜਾ ਵਧੇਰੇ ਗਰਮ-ਖ਼ਿਆਲੀ ਸਮਝੀਆਂ ਜਾਂਦੀਆਂ ਪੋਜ਼ੀਸ਼ਨਾਂ ਵੱਲ ਉਲਰਦਾ ਚਲਾ ਗਿਆ। 4 ਜੁਲਾਈ 1965 ਨੂੰ ਮਾਸਟਰ ਅਕਾਲੀ ਦਲ ਨੇ ਲੁਧਿਆਣਾ ਵਿਖੇ ਹਰੀ ਸਿੰਘ ਨਲੂਏ ਦੀ ਯਾਦ ਵਿੱਚ ਇਕ ਕਾਨਫ਼ਰੰਸ ਕੀਤੀ ਜਿਸ ਵਿੱਚ ਪਾਸ ਕੀਤੇ ਗਏ ਇਕ ਰਾਜਸੀ ਮਤੇ ਰਾਹੀਂ ਸਿੱਖਾਂ ਲਈ "ਭਾਰਤੀ ਗਣਰਾਜ ਦੇ ਅੰਦਰ ਖ਼ੁਦਮੁਖ਼ਤਿਆਰ ਦਰਜੇ" (self-determined status) ਦੀ ਮੰਗ ਪੇਸ਼ ਕੀਤੀ ਗਈ।[2] ਆਜ਼ਾਦ ਭਾਰਤ ਅੰਦਰ ਕਿਸੇ ਪ੍ਰਭਾਵਕਾਰੀ ਸਿੱਖ ਜਥੇਬੰਦੀ ਦੁਆਰਾ ਬਾਕਾਇਦਾ ਰੂਪ ਵਿੱਚ ਅਜਿਹੀ ਮੰਗ ਪੇਸ਼ ਕਰਨ ਦਾ ਇਹ ਪਹਿਲਾ ਮੌਕਾ ਸੀ। ਇਸੇ ਕਰਕੇ ਦੇਸ ਭਰ ਦੀਆਂ ਪੰਥ ਦੋਖੀ ਤਾਕਤਾਂ ਅਤੇ ਖ਼ੁਦ ਸਿੱਖ ਪੰਥ ਅੰਦਰਲੇ 'ਨੈਸ਼ਨਲਿਸਟ' ਹਲਕਿਆਂ ਨੇ ਇਸ ਮਤੇ ਵਿਰੁੱਧ ਤਿੱਖਾ ਪ੍ਰਤੀਕਰਮ ਪ੍ਰਗਟਾਇਆ। ਹਾਲਾਂਕਿ ਇਸ ਮਤੇ ਵਿੱਚ ਭਾਰਤ ਨਾਲੋਂ ਅਲੱਗ ਹੋਣ ਦੀ ਕੋਈ ਗੱਲ ਨਹੀਂ ਸੀ ਕੀਤੀ ਗਈ। ਪਰ ਫਿਰ ਵੀ ਹਿੰਦੂਵਾਦੀ ਤਾਕਤਾਂ ਨੇ ਇਸ ਮਤੇ ਦੀ ਮੁਸਲਿਮ ਲੀਗ ਦੁਆਰਾ 1940 ਵਿੱਚ ਪਾਸ ਕੀਤੇ ਗਏ ਉਸ ਮਤੇ ਨਾਲ ਤੁਲਨਾ ਕੀਤੀ ਜਿਸ ਵਿੱਚ ਮੁਸਲਮਾਨਾਂ ਲਈ ਇਕ ਵੱਖਰੇ ਦੇਸ (ਪਾਕਿਸਤਾਨ) ਦੀ ਮੰਗ ਕੀਤੀ ਗਈ ਸੀ।[3] ਅਜਿਹਾ ਕਰਨ ਪਿੱਛੇ ਹਿੰਦੂਵਾਦੀ ਤਾਕਤਾਂ ਦੀ ਅੰਤਰੀਵ ਕਮਜ਼ੋਰੀ ਅਤੇ ਕਪਟ, ਦੋਨੋਂ ਕੰਮ ਕਰਦੇ ਸਨ। ਭਾਰਤ ਦੀ ਆਜ਼ਾਦੀ ਦੀ ਲੜਾਈ ਦੌਰਾਨ ਹਿੰਦੂ ਵਰਗ ਦੇ ਲੀਡਰਾਂ ਦੇ ਮਨਾਂ ਅੰਦਰ ਇਕ ਵਿਸ਼ਾਲ ਭਾਰਤੀ ਰਾਜ ਉਸਾਰਨ ਦਾ ਸੰਕਲਪ ਤੇ ਤਾਂਘ ਤਾਂ ਜ਼ਰੂਰ ਪੈਦਾ ਹੋ ਗਈ ਸੀ ਪ੍ਰੰਤੂ ਭਾਰਤੀ ਸਮਾਜ ਅੰਦਰ ਮੌਜੂਦ ਵੱਡੇ ਧਾਰਮਿਕ ਅਤੇ ਨਸਲੀ-ਸਭਿਆਚਾਰਕ (ethnic) ਵਖਰੇਵਿਆਂ ਤੇ ਵਿਰੋਧਾਂ ਦੀ ਬਦੌਲਤ ਉਨ੍ਹਾਂ ਦੇ ਮਨਾਂ ਅੰਦਰੋਂ ਬੇਯਕੀਨੀ ਅਤੇ ਸੰਸੇ ਖ਼ਤਮ ਨਹੀਂ ਸਨ ਹੋਏ। ਉਨ੍ਹਾਂ ਦੀ ਗ਼ੈਰ-ਹਿੰਦੂ ਭਾਈਚਾਰਿਆਂ ਨੂੰ ਆਪਣੇ ਰਾਜਸੀ-ਸਭਿਆਚਾਰਕ ਗ਼ਲਬੇ ਹੇਠ ਰੱਖਣ ਦੀ ਪ੍ਰਵਿਰਤੀ, ਮੋੜਵੇਂ ਰੂਪ ਵਿੱਚ, ਇਨ੍ਹਾਂ ਗ਼ੈਰ-ਹਿੰਦੂ ਭਾਈਚਾਰਿਆਂ ਅੰਦਰ ਆਪਣੀ ਵਿਲੱਖਣ ਹਸਤੀ ਨੂੰ ਬਰਕਰਾਰ ਰੱਖਣ ਦੀ ਸੋਚ ਅਤੇ ਰੁਚੀ ਨੂੰ ਬਲ ਮੁਹੱਈਆ ਕਰਦੀ ਸੀ। ਅਤੇ ਅਜਿਹੀ ਰੁਚੀ ਦਾ ਮਾਮੂਲੀ ਪ੍ਰਗਟਾਵਾ ਵੀ ਹਿੰਦੂਵਾਦੀ ਤਾਕਤਾਂ ਅੰਦਰ ਵੱਡੀ ਘਬਰਾਹਟ ਪੈਦਾ ਕਰਨ ਦਾ ਸਬੱਬ ਹੋ ਨਿਬੜਦਾ ਸੀ। ਸਿੱਖ ਕੌਮ ਦੇ ਮਾਮਲੇ 'ਚ ਭਾਰਤ ਦਾ ਹਿੰਦੂ ਵਰਗ ਖ਼ਾਸ ਤੌਰ 'ਤੇ ਜ਼ਿਆਦਾ ਨਾਜ਼ਕ-ਮਿਜ਼ਾਜ ਹੈ। ਸਿੱਖ ਕੌਮ ਦੀਆਂ ਮੰਗਾਂ ਅਤੇ ਉਮੰਗਾਂ ਨੂੰ ਵਿਗਾੜ ਕੇ ਪੇਸ਼ ਕਰਨ ਪਿੱਛੇ ਪੰਜਾਬੀ ਹਿੰਦੂ ਵਰਗ ਦੇ ਉਚੇਚੇ ਸਵਾਰਥੀ ਹਿਤਾਂ ਦਾ ਵੀ ਵੱਡਾ ਹੱਥ

ਸੀ। ਪੰਜਾਬ ਅੰਦਰ ਆਪਣੇ ਆਪ ਨੂੰ ਬਹੁਗਿਣਤੀ ਵਰਗ ਦੀ ਲਾਹੇਵੰਦੀ ਪੋਜ਼ੀਸ਼ਨ ਵਿੱਚ ਬਣਾਈ ਰੱਖਣ ਵਾਸਤੇ ਉਹ ਪੰਜਾਬੀ ਸੂਬੇ ਦੀ ਸਥਾਪਨਾ ਦੀ ਹਰ ਸੰਭਾਵਨਾ ਦਾ ਗਲਾ ਘੁੱਟ ਦੇਣਾ ਚਾਹੁੰਦਾ ਸੀ। ਇਸ ਕਰਕੇ ਉਹ ਦੇਸ ਭਰ ਦੇ ਹਿੰਦੂ ਭਾਈਚਾਰੇ ਅਤੇ ਕਾਂਗਰਸ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਦੇ ਮਨਾਂ ਅੰਦਰ ਸਿੱਖ ਵਿਰੋਧੀ ਤੁਅਸਬਾਂ ਦੀ ਜ਼ਹਿਰ ਭਰਨ ਦਾ ਕੋਈ ਵੀ ਮੌਕਾ ਖ਼ਾਲੀ ਨਹੀਂ ਸੀ ਜਾਣ ਦਿੰਦਾ। ਪੰਜਾਬੀ ਹਿੰਦੂ ਵਰਗ ਦੀ ਇਹ ਲਘੂ ਸੋਚਣੀ ਕਈ ਵਾਰ ਬਹੁਤ ਹੀ ਨੀਵਾਂ ਪੱਧਰ ਅਖ਼ਤਿਆਰ ਕਰ ਜਾਂਦੀ ਸੀ। ਉਦਾਹਰਣ ਵਜੋਂ ਜਦ 1955 ਵਿੱਚ ਭਾਰਤ ਤੇ ਪਾਕਿਸਤਾਨ ਦੇ ਲੋਕਾਂ ਵਿਚਕਾਰ ਦੋਸਤੀ ਤੇ ਸਦਭਾਵਨਾ ਦਾ ਮਾਹੌਲ ਪੈਦਾ ਕਰਨ ਦੇ ਮੰਤਵ ਨਾਲ ਦੋਨੋਂ ਦੇਸਾਂ ਦਰਮਿਆਨ ਲਾਹੌਰ ਵਿਖੇ ਕ੍ਰਿਕਟ ਦਾ ਇਕ ਦੋਸਤਾਨਾ ਮੈਚ ਖੇਡਿਆ ਗਿਆ ਤਾਂ ਪਾਕਿਸਤਾਨ ਦੇ ਲੋਕਾਂ ਨਾਲ ਦੋਸਤੀ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਨ ਲਈ ਗਿਆਨੀ ਕਰਤਾਰ ਸਿੰਘ ਦੀ ਅਗਵਾਈ ਹੇਠ ਇਕ ਵੱਡੇ ਪੰਜਾਬੀ ਜੱਥੇ ਦੇ ਲਾਹੌਰ ਪਹੁੰਚਣ ਦੀ ਘਟਨਾ ਨੂੰ ਮਹਾਸ਼ਾ ਪ੍ਰੈਸ ਨੇ ਅਜਿਹੀ ਫ਼ਿਰਕੂ ਰੰਗਤ ਦਿੱਤੀ ਕਿ ਅਕਾਲੀ ਆਗੂਆਂ ਉੱਤੇ, ਮੈਚ ਦੇਖਣ ਦੇ ਬਹਾਨੇ ਪਾਕਿਸਤਾਨੀ ਹਾਕਮਾਂ ਨਾਲ 'ਖ਼ੁਫ਼ੀਆ ਮੁਲਾਕਾਤਾਂ' ਕਰਕੇ ਭਾਰਤ ਵਿਰੋਧੀ ਸਾਜ਼ਸ਼ਾਂ ਰਚਣ ਦੇ ਬੇਹੂਦਾ ਇਲਜ਼ਾਮ ਲਗਾਏ ਗਏ।[4] ਮਹਾਸ਼ਾ ਪ੍ਰੈਸ ਨੂੰ ਖੰਭਾਂ ਦੀਆਂ ਡਾਰਾਂ ਬਣਾਉਣ ਦੇ ਇਸ ਫ਼ਿਰਕੂ ਧੰਦੇ ਵਿੱਚ ਖ਼ਾਸ ਮੁਹਾਰਤ ਹਾਸਲ ਹੈ। ਇਸ ਕਰਕੇ ਉਸ ਵੱਲੋਂ ਮਾਸਟਰ ਅਕਾਲੀ ਦਲ ਦੀ ਲੁਧਿਆਣਾ ਕਾਨਫ਼ਰੰਸ ਦੇ ਮਤੇ ਦੀ ਮੁਸਲਿਮ ਲੀਗ ਦੇ 1940 ਵਾਲੇ ਮਤੇ ਨਾਲ ਤੁਲਨਾ ਕਰਨੀ ਕੋਈ ਹੈਰਾਨੀ ਵਾਲੀ ਗੱਲ ਨਹੀਂ ਸੀ। ਦੇਸ ਭਰ ਦੀ ਹਿੰਦੂ ਜਨਤਾ ਅਤੇ ਕੇਂਦਰੀ ਹਾਕਮਾਂ ਦੇ ਮਨਾਂ ਅੰਦਰ ਸਿੱਖਾਂ ਬਾਰੇ ਅਜਿਹੀ ਬੇਪ੍ਰਤੀਤੀ ਅਤੇ ਹਊਆ ਖੜਾ ਕਰੀ ਰੱਖਣਾ ਉਸਦੀ ਰਾਜਨੀਤਕ ਲੋੜ ਵੀ ਸੀ ਅਤੇ ਆਦਤਨ ਰੁਚੀ ਵੀ।

ਉਧਰ ਮਾਸਟਰ ਅਕਾਲੀ ਦਲ ਦੀ ਲੀਡਰਸ਼ਿਪ ਨਵੀਂ ਬਦਲੀ ਹੋਈ ਹਾਲਤ ਅੰਦਰ ਸਿੱਖ ਕੌਮ ਲਈ ਢੁਕਵਾਂ ਰਾਜਨੀਤਕ ਪ੍ਰੋਗਰਾਮ ਅਤੇ ਕਾਰਜ-ਦਿਸ਼ਾ (line of action) ਘੜਨ ਦੀ ਸਮੱਸਿਆ ਨਾਲ ਖੌਝਲ ਰਹੀ ਸੀ। ਬੇਸ਼ੱਕ ਮਾਸਟਰ ਤਾਰਾ ਸਿੰਘ ਨੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਅੰਦਰ ਸੰਤ ਫਤਹਿ ਸਿੰਘ ਹੱਥੋਂ ਨਮੋਸ਼ੀ ਭਰੀ ਹਾਰ ਖਾ ਜਾਣ ਤੋਂ ਬਾਅਦ ਛੇਆਂ ਮਹੀਨਿਆਂ ਲਈ ਰਾਜਸੀ ਮੈਦਾਨ ਆਪਣੇ ਰਕੀਬ (ਸੰਤ ਫਤਹਿ ਸਿੰਘ) ਵਾਸਤੇ ਖ਼ਾਲੀ ਛੱਡ ਦੇਣ ਦਾ ਸਵੈ-ਇੱਛਤ ਫ਼ੈਸਲਾ ਕਰ ਲਿਆ ਹੋਇਆ ਸੀ ਪ੍ਰੰਤੂ ਉਸਦਾ ਇਹ ਦ੍ਰਿੜ੍ਹ ਨਿਸ਼ਚਾ ਸੀ ਕਿ ਸੰਤ ਫਤਹਿ ਸਿੰਘ ਦੁਆਰਾ ਅਪਣਾਈ ਵਿਚਾਰਧਾਰਕ ਅਤੇ ਰਾਜਨੀਤਕ ਸੇਧ ਨਾ ਸਿਰਫ਼ ਪੰਥ ਦਾ ਕੋਈ ਭਲਾ ਨਹੀਂ ਕਰ ਸਕੇਗੀ ਸਗੋਂ ਜੇਕਰ ਇਸ ਨੂੰ ਛੇਤੀ ਹੀ ਰੱਦਿਆ ਤੇ ਬਦਲਿਆ ਨਾ ਗਿਆ ਤਾਂ ਇਹ ਸਿੱਖ ਹਿਤਾਂ ਦਾ ਬੁਰੀ ਤਰ੍ਹਾਂ ਘਾਣ ਕਰ ਦੇਵੇਗੀ। ਇਸ ਕਰਕੇ ਮਾਸਟਰ ਅਕਾਲੀ ਦਲ ਦੀ ਬੌਧਿਕ ਟੀਮ ਦਾ ਤਾਣ ਅਜਿਹਾ ਰਾਜਨੀਤਕ ਪੈਂਤੜਾ ਘੜਨ ਉੱਤੇ ਲੱਗਾ ਹੋਇਆ ਸੀ ਜਿਸ ਨਾਲ ਇਕ ਤਾਂ ਸੰਤ ਫਤਹਿ ਸਿੰਘ ਨੂੰ ਵਿਚਾਰਧਾਰਕ ਅਤੇ ਰਾਜਨੀਤਕ ਪਛਾੜ ਦਿੱਤੀ ਜਾ ਸਕੇ ਅਤੇ ਦੂਜਾ, ਭਾਰਤ ਅੰਦਰ ਸਿੱਖਾਂ ਦੇ ਹਿਤਾਂ ਦੀ ਵਧੇਰੇ ਅਸਰਦਾਰ ਢੰਗ ਨਾਲ ਰਾਖੀ ਕੀਤੀ ਜਾ ਸਕੇ। ਭਾਰਤ ਦੀ ਆਜ਼ਾਦੀ ਤੋਂ ਬਾਅਦ 'ਹਿੰਦੂ ਰਾਜ' ਹੇਠ ਹੰਢਾਏ ਕੌੜੇ ਅਨੁਭਵ ਤੋਂ ਬਾਅਦ ਮਾਸਟਰ ਅਕਾਲੀ ਦਲ ਦੀ ਲੀਡਰਸ਼ਿਪ ਇਸ ਨਿਰਣੇ 'ਤੇ ਅੱਪੜ ਗਈ ਸੀ ਕਿ ਜਿੰਨਾ ਚਿਰ ਸਿੱਖਾਂ ਦੀ ਭਾਰਤ ਅੰਦਰ ਇਕ ਨਿਸ਼ਚਤ ਖ਼ਿੱਤੇ ਦੇ ਅੰਦਰ ਭਾਰੂ ਰਾਜਸੀ ਹੈਸੀਅਤ ਯਕੀਨੀ ਨਹੀਂ ਬਣਦੀ, ਅਰਥਾਤ ਸਿੱਖ ਕੌਮ ਨੂੰ ਆਪਣੀ ਹੋਣੀ ਨਾਲ ਸਬੰਧਤ ਨਿਰਣੇ ਲੈਣ ਦਾ ਸੁਤੰਤਰ ਅਧਿਕਾਰ ਪ੍ਰਾਪਤ ਨਹੀਂ ਹੁੰਦਾ, ਉਨਾ ਚਿਰ ਸਿੱਖ ਪੰਥ ਦੇ

ਧਾਰਮਿਕ, ਸਭਿਆਚਾਰਕ ਅਤੇ ਆਰਥਿਕ ਹਿਤ ਸੁਰੱਖਿਅਤ ਨਹੀਂ ਹੋ ਸਕਦੇ। ਲੁਧਿਆਣਾ ਕਾਨਫ਼ਰੰਸ ਅੰਦਰ ਪਾਸ ਕੀਤਾ ਗਿਆ ਮਤਾ ਅਜਿਹੀ ਹੀ ਸੋਚ ਅਤੇ ਭਾਵਨਾ ਦਾ ਪ੍ਰਤੀਕ ਸੀ।

ਇਸੇ ਦੌਰਾਨ ਮਾਸਟਰ ਤਾਰਾ ਸਿੰਘ ਦੇ ਸਵੈ-ਐਲਾਨੇ ਅਗਿਆਤਵਾਸ ਦੀ ਮਿਆਦ ਪੂਰੀ ਹੋ ਗਈ। ਹਿਮਾਚਲ ਪ੍ਰਦੇਸ਼ ਦੇ ਇਕ ਦੂਰ-ਦੁਰਾਡੇ ਪਿੰਡ (ਸਲੋਗੜ੍ਹਾ) ਵਿੱਚ ਛੇ ਮਹੀਨੇ ਇਕਾਂਤ ਜੀਵਨ ਗੁਜ਼ਾਰਨ ਤੋਂ ਬਾਅਦ ਉਹ 24 ਜੁਲਾਈ ਨੂੰ ਮੁੜ ਸਰਗਰਮ ਰਾਜਸੀ ਜੀਵਨ ਅੰਦਰ ਪਰਤ ਆਏ। ਉਨ੍ਹਾਂ 2 ਅਗਸਤ 1965 ਨੂੰ ਦਿੱਲੀ ਵਿਖੇ ਇਕ ਕੌਮਾਂਤਰੀ ਪ੍ਰੈਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਹੋਇਆਂ ਆਪਣੀ ਨਵੀਂ ਰਾਜਨੀਤਕ ਸੋਚ ਦਾ ਖ਼ੁਲਾਸਾ ਕੀਤਾ।[5] ਉਨ੍ਹਾਂ ਵੱਲੋਂ ਪ੍ਰੈਸ ਲਈ ਜਾਰੀ ਕੀਤੇ ਗਏ ਲਿਖਤੀ ਬਿਆਨ ਅਤੇ ਪ੍ਰੈਸ ਕਾਨਫ਼ਰੰਸ ਅੰਦਰ ਪ੍ਰਗਟਾਏ ਵਿਚਾਰਾਂ ਤੋਂ ਸਾਫ਼ ਪਤਾ ਚੱਲਦਾ ਹੈ ਕਿ ਆਪਣੇ ਇਕਾਂਤਵਾਸ ਦੌਰਾਨ ਉਨ੍ਹਾਂ ਸਿੱਖ ਰਾਜਨੀਤੀ ਦੇ ਕੁਝ ਅਹਿਮ ਪੱਖਾਂ ਬਾਰੇ ਡੂੰਘੀ ਸੋਚ-ਵਿਚਾਰ ਕੀਤੀ ਸੀ ਅਤੇ ਕੁਝ ਮੁੱਦਿਆਂ ਉੱਤੇ ਰਵਾਇਤੀ ਅਕਾਲੀ ਸੂਝ ਦੇ ਦਾਇਰਿਆਂ ਤੋਂ ਪਾਰ ਲੰਘਣ ਦੇ ਸੁਚੇਤ ਯਤਨ ਕੀਤੇ ਸਨ। ਕੁੱਲ ਤੋਂ ਪਹਿਲੀ ਤੇ ਅਹਿਮ ਗੱਲ ਇਹ ਕਿ ਕੌਮਾਂਤਰੀ ਪ੍ਰੈਸ ਕਾਨਫ਼ਰੰਸ ਬੁਲਾਉਣ ਦਾ ਫ਼ੈਸਲਾ ਹੀ ਆਪਣੇ ਆਪ ਵਿੱਚ ਰਵਾਇਤ ਨਾਲੋਂ ਹਟਵਾਂ ਸੀ। 1947 ਤੋਂ ਬਾਅਦ ਭਾਰਤ ਅੰਦਰ ਕਿਸੇ ਸਿੱਖ ਲੀਡਰ ਦੁਆਰਾ ਸਿੱਖ ਮਸਲੇ ਨੂੰ ਕੌਮਾਂਤਰੀ ਪੱਧਰ 'ਤੇ ਲਿਜਾਣ ਦੀ ਇਹ ਪਹਿਲੀ ਚੇਤੰਨ ਕੋਸ਼ਿਸ਼ ਸੀ। ਸਿੱਖ ਰਾਜਨੀਤੀ ਅੰਦਰ ਆਏ ਇਸ ਅਹਿਮ ਮੋੜੇ ਤੋਂ ਸਾਫ਼ ਪਤਾ ਚੱਲਦਾ ਸੀ ਕਿ ਸਿੱਖਾਂ ਦੇ ਇਕ ਵਰਗ ਦਾ ਭਾਰਤੀ ਰਾਜ-ਪ੍ਰਬੰਧ ਅਤੇ ਭਾਰਤ ਦੇ ਹਾਕਮਾਂ ਤੋਂ ਮੋਹ ਭੰਗ ਹੋ ਚੁੱਕਾ ਸੀ ਅਤੇ ਉਹ ਭਾਰਤ ਅੰਦਰ ਸਿੱਖ ਕੌਮ ਲਈ ਇਨਸਾਫ਼ ਹਾਸਲ ਕਰਨ ਵਾਸਤੇ ਕੌਮਾਂਤਰੀ ਭਾਈਚਾਰੇ ਤੇ ਕੌਮਾਂਤਰੀ ਸੰਸਥਾਵਾਂ ਦੇ ਦਖ਼ਲ ਦੀ ਲੋੜ ਮਹਿਸੂਸ ਕਰਨ ਲੱਗ ਪਏ ਸਨ। ਸਿੱਖਾਂ ਦੇ ਇਕ ਵਰਗ ਦੀ ਸੋਚ ਅੰਦਰ ਆਈ ਇਹ ਤਬਦੀਲੀ ਬੇਵਜ੍ਹਾ ਨਹੀਂ ਸੀ। ਆਜ਼ਾਦੀ ਤੋਂ ਬਾਅਦ ਭਾਰਤੀ ਹਾਕਮਾਂ ਵੱਲੋਂ ਸਿੱਖ ਪੰਥ ਪ੍ਰਤੀ ਅਪਣਾਏ ਵਿਤਕਰੇਬਾਜ਼ ਅਤੇ ਦੁਸ਼ਮਣ-ਖ਼ੋਰ ਰਵਈਏ ਨੇ ਹੀ ਸਿੱਖਾਂ ਅੰਦਰ ਬੇਗਾਨੇਪਣ ਦੀ ਇਸ ਸੋਚ ਅਤੇ ਭਾਵਨਾ ਨੂੰ ਬਲ ਮੁਹੱਈਆ ਕੀਤਾ ਸੀ। ਨਾ ਸਿਰਫ਼ ਹਕੂਮਤੀ ਪੱਧਰ 'ਤੇ ਸਿੱਖਾਂ ਨਾਲ ਸਰੀਹਣ ਵਿਤਕਰੇਬਾਜ਼ੀ ਅਤੇ ਬੇਇਨਸਾਫ਼ੀ ਦੀਆਂ ਘਟਨਾਵਾਂ ਵਿੱਚ ਬੇਰੋਕ ਵਾਧਾ ਹੋਈ ਜਾ ਰਿਹਾ ਸੀ ਸਗੋਂ ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਨੇ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ ਤੇ ਵਿਸ਼ਵਾਸਾਂ ਉੱਤੇ ਹਮਲਿਆਂ ਦਾ ਇਕ ਸਿਲਸਿਲੇਬੱਧ ਅਮਲ ਵਿਢ ਦਿੱਤਾ ਹੋਇਆ ਸੀ। ਥੋੜ੍ਹੇ ਹੀ ਅਰਸੇ ਦੌਰਾਨ ਪੰਜਾਬ ਅੰਦਰ ਕਈ ਥਾਵਾਂ ਉੱਤੇ (ਜੰਗਪੁਰ ਜ਼ਿਲ੍ਹਾ ਲੁਧਿਆਣਾ, ਗੁਣਾਚੌਰ ਜ਼ਿਲ੍ਹਾ ਜਲੰਧਰ, ਚੱਕ ਖਿਓਵਾਲੀ ਜ਼ਿਲ੍ਹਾ ਫ਼ਿਰੋਜ਼ਪੁਰ, ਜਮਾਲਪੁਰ ਜ਼ਿਲ੍ਹਾ ਜਲੰਧਰ, ਮੋਤੀ ਬਾਗ਼ ਪਟਿਆਲਾ, ਖਰੜ ਅਤੇ ਧਰਮਸ਼ਾਲਾ ਵਡੇਰਿਆਂ ਆਦਿ) ਸ੍ਰੀ ਗੁਰੂ ਗਰੰਥ ਸਾਹਿਬ ਦੇ ਪੱਤਰਿਆਂ ਨੂੰ ਪਾੜਨ/ਸਾੜਨ ਦੀਆਂ ਅੱਧੀ ਦਰਜਨ ਤੋਂ ਵੱਧ ਵਾਰਦਾਤਾਂ ਵਾਪਰ ਗਈਆਂ। ਉੱਤੋਂ ਕੁਝ ਮਹੱਤਵਪੂਰਨ ਹਿੰਦੂ ਹਸਤੀਆਂ ਦੁਆਰਾ ਸਿੱਖ ਧਰਮ ਅਤੇ ਗੁਰੂ ਸਾਹਿਬਾਨ ਵਿਰੁੱਧ ਵਰਤੇ ਦੁਰਵਚਨਾਂ ਨੇ ਸੰਵੇਦਨਸ਼ੀਲ ਸਿੱਖ ਹਿਰਦਿਆਂ ਨੂੰ ਵਿੰਨ੍ਹ ਕੇ ਰੱਖ ਦਿੱਤਾ। ਅਚਾਰੀਆ ਵਿਨੋਬਾ ਭਾਵੇ ਨੇ ਕਲਕੱਤਾ ਵਿਖੇ (25 ਜੂਨ 1963) ਸਿੱਖਾਂ ਵੱਲੋਂ ਉਸ ਦੇ ਸਨਮਾਨ-ਹਿਤ ਬੁਲਾਈ ਇਕ ਸਭਾ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਰਪਾਨ ਧਾਰਨ ਕਰਨ ਦੀ ਸਿੱਖ ਮਰਿਆਦਾ ਦਾ ਹੋਛੇ ਪੱਧਰ 'ਤੇ ਮਖ਼ੌਲ ਉਡਾਇਆ। ਇਸ ਤੋਂ ਥੋੜ੍ਹੇ ਚਿਰ ਬਾਅਦ (11 ਨਵੰਬਰ 1963) ਡਾ. ਸੁਸ਼ੀਲਾ ਨਈਅਰ ਨੇ, ਜੋ ਕਿ ਉਸ ਵੇਲੇ ਕੇਂਦਰੀ ਸਿਹਤ ਵਜ਼ੀਰਨੀ ਸੀ, ਦਿੱਲੀ ਵਿਖੇ ਗੁਰਪੁਰਬ ਦੇ ਪਵਿੱਤਰ ਮੌਕੇ 'ਤੇ

ਸਿੱਖ ਸੰਗਤ ਨੂੰ ਸੰਬੋਧਨ ਕਰਦਿਆਂ ਸਿੱਖਾਂ ਦੇ ਕੇਸਾਂ ਅਤੇ ਦਾਹੜਿਆਂ ਦਾ ਕੋਝਾ ਮਜ਼ਾਕ ਉਡਾਇਆ।[7] ਅਜਿਹੇ ਮਾਹੌਲ ਵਿੱਚ 22 ਮਈ 1964 ਨੂੰ ਪਾਉਂਟਾ ਸਾਹਿਬ ਦੇ ਇਤਿਹਾਸਕ ਗੁਰਦੁਆਰੇ ਅੰਦਰ ਹਿਮਾਚਲ ਪੁਲਸ ਦੁਆਰਾ ਕੀਤੀ ਗਈ ਬੁਰਛਾਗਰਦੀ ਨੇ ਬਲਦੀ ਉੱਤੇ ਤੇਲ ਪਾਉਣ ਦਾ ਕੰਮ ਕੀਤਾ।

ਸਿੱਖ ਧਰਮ ਦੀ ਹਿੰਦੂਵਾਦ ਨਾਲੋਂ ਵੱਖਰੀ ਪਛਾਣ ਤੇ ਹਸਤੀ ਨੂੰ ਮਲੀਆਮੇਟ ਕਰਨ ਲਈ ਸਿੱਖ ਪੰਥ ਦੀ ਸ਼ਰਧਾ ਦੇ ਕੇਂਦਰਾਂ (ਗੁਰਦੁਆਰਿਆਂ) ਦੀ ਹਿੰਦੂ ਪੂਜਾ ਅਸਥਾਨਾਂ ਨਾਲੋਂ ਅਲੱਗ ਪਛਾਣ ਖ਼ਤਮ ਕਰਨੀ ਜ਼ਰੂਰੀ ਸੀ। ਇਸ ਆਸ਼ੇ ਨੂੰ ਮੁੱਖ ਰੱਖਦਿਆਂ ਹੋਇਆਂ ਹਿੰਦੂਵਾਦੀ ਤੱਤਾਂ ਦੁਆਰਾ ਸਿੱਖਾਂ ਦੇ ਇਤਿਹਾਸਕ ਗੁਰਦੁਆਰਿਆਂ ਨੂੰ ਜਾਂ ਤਾਂ ਲੁਕਵੇਂ ਢੰਗਾਂ ਨਾਲ ਅਮਲੀ ਰੂਪ ਵਿੱਚ ਮੰਦਰਾਂ 'ਚ ਤਬਦੀਲ ਕਰ ਦੇਣ ਅਤੇ ਜਾਂ ਫਿਰ ਉਨ੍ਹਾਂ ਨੂੰ ਸਿੱਧੇ ਰੂਪ ਵਿੱਚ ਆਪਣੀ ਮਾਲਕੀ ਹੇਠ ਲੈ ਲੈਣ ਦੇ ਨਿਰੰਤਰ ਯਤਨ ਕੀਤੇ ਗਏ। ਇਸ ਤਰ੍ਹਾਂ ਕਿੰਨੇ ਹੀ ਇਤਿਹਾਸਕ ਗੁਰਦੁਆਰਿਆਂ ਦੀ ਬਗ਼ਲ ਵਿੱਚ ਮੰਦਰ ਉਸਰੇ ਆਮ ਦੇਖਣ ਵਿੱਚ ਆਉਂਦੇ ਹਨ। ਸ਼ਾਇਦ ਹੀ ਕੋਈ ਇਤਿਹਾਸਕ ਗੁਰਦੁਆਰਾ ਹੋਵੇਗਾ ਜਿਸਦੀ ਮਾਲਕੀ ਨੂੰ ਲੈ ਕੇ ਹਿੰਦੂਵਾਦੀ ਤੱਤਾਂ ਨੇ, ਕਿਸੇ ਨਾ ਕਿਸੇ ਰੂਪ ਵਿੱਚ, ਕੋਈ ਝਗੜਾ ਤੇ ਕਲੇਸ਼ ਨਾ ਖੜ੍ਹਾ ਕੀਤਾ ਹੋਵੇ। ਪਾਉਂਟਾ ਸਾਹਿਬ ਦੇ ਗੁਰਦੁਆਰੇ ਦਾ ਮਾਮਲਾ ਵੀ ਕੁਝ ਅਜਿਹਾ ਹੀ ਸੀ। ਇਕ ਮਹੰਤ ਨੇ ਗੁਰਦੁਆਰੇ ਦੀ ਮਾਲਕੀ ਉੱਤੇ ਆਪਣਾ ਹੱਕ ਜਤਲਾਉਂਦਿਆਂ ਹੋਇਆਂ ਅਦਾਲਤ ਦਾ ਜਾ ਦਰਵਾਜ਼ਾ ਖੜਕਾਇਆ। ਅਦਾਲਤੀ ਫ਼ੈਸਲਾ ਮਹੰਤ ਦੇ ਪੱਖ ਵਿੱਚ ਹੋ ਗਿਆ। ਨਾਹਨ ਦੇ ਡਿਪਟੀ ਕਮਿਸ਼ਨਰ ਨੇ ਮਹੰਤ ਨੂੰ ਗੁਰਦੁਆਰੇ ਦਾ ਕਬਜ਼ਾ ਦਿਵਾਉਣ ਲਈ ਵੱਡੀ ਗਿਣਤੀ ਵਿੱਚ ਪੁਲਸ ਭੇਜ ਦਿੱਤੀ। ਅੰਦਰ ਮੌਜੂਦ ਨਿਹੰਗ ਸਿੰਘਾਂ ਵੱਲੋਂ ਗੁਰਦੁਆਰੇ ਅੰਦਰ ਪੁਲਸ ਦਾਖ਼ਲੇ ਦਾ ਵਿਰੋਧ ਕਰਨ ਦੀ ਸੂਰਤ ਵਿੱਚ ਪੁਲਸ ਨੇ ਗੁਰਦੁਆਰੇ ਦੇ ਗੇਟ ਨੂੰ ਭੰਨ ਸੁੱਟਿਆ ਅਤੇ ਜੁੱਤੀਆਂ ਸਮੇਤ ਗੁਰਦੁਆਰੇ ਵਿੱਚ ਦਾਖ਼ਲ ਹੋ ਕੇ ਨਿਹੰਗ ਸਿੰਘਾਂ ਉੱਤੇ ਗੋਲੀਆਂ ਦੀ ਬੁਛਾੜ ਕਰ ਦਿੱਤੀ। ਕਿੰਨੇ ਹੀ ਨਿਹੰਗ ਸਿੰਘਾਂ ਨੂੰ ਗੋਲੀਆਂ ਨਾਲ ਭੁੰਨ ਸੁੱਟਿਆ ਗਿਆ ਅਤੇ ਗੁਰਦੁਆਰੇ ਦੇ ਸਭ ਬੂਹੇ ਬਾਰੀਆਂ ਭੰਨ ਦਿੱਤੇ ਗਏ।[8] ਸਿੱਖ ਜਗਤ ਅੰਦਰ ਪੁਲਸ ਦੀ ਇਸ ਬੁਰਛਾਗਰਦੀ ਖ਼ਿਲਾਫ਼ ਗ਼ੁੱਸੇ ਦੀ ਲਹਿਰ ਦੌੜ ਗਈ। ਅਕਾਲੀ ਦਲ ਦੇ ਦੋਨੋਂ ਧੜਿਆਂ ਨੇ ਸਾਂਝੀ ਐਕਸ਼ਨ ਕਮੇਟੀ ਬਣਾ ਕੇ ਇਸ ਇਤਿਹਾਸਕ ਸਥਾਨ ਦੀ ਮਾਣ-ਮਰਿਆਦਾ ਬਹਾਲ ਕਰਨ ਲਈ ਸੰਘਰਸ਼ ਦਾ ਐਲਾਨ ਕਰ ਦਿੱਤਾ। ਸਿੱਖ ਜਗਤ ਦੇ ਗ਼ੁੱਸੇ ਭਰੇ ਰੌਂਅ ਨੂੰ ਦੇਖਦੇ ਹੋਏ ਸਰਕਾਰ ਨੇ ਸਾਰੇ ਮਾਮਲੇ ਦੀ ਅਦਾਲਤੀ ਪੜਤਾਲ ਕਰਾਉਣ ਦਾ ਐਲਾਨ ਕਰ ਦਿੱਤਾ। ਅਲਾਹਾਬਾਦ ਹਾਈਕੋਰਟ ਦੇ ਇਕ ਜੱਜ ਦੁਆਰਾ ਕੀਤੀ ਗਈ ਅਦਾਲਤੀ ਜਾਂਚ ਨੇ ਪੁਲਸ ਅਤੇ ਪ੍ਰਸ਼ਾਸਨ ਨੂੰ ਸਾਰੇ ਦੋਸ਼ਾਂ ਤੋਂ ਸਾਫ਼ ਬਰੀ ਕਰ ਦਿੱਤਾ।[9] ਇਸ ਨਾਲ ਸਿੱਖ ਪੰਥ ਅੰਦਰਲੇ ਜਾਗਰੂਕ ਹਿੱਸਿਆਂ ਦਾ, ਭਾਰਤ ਦੇ ਰਾਜਨੀਤਕ ਢਾਂਚੇ ਦੇ ਨਾਲ ਹੀ ਭਾਰਤੀ ਨਿਆਂ ਪ੍ਰਬੰਧ 'ਚੋਂ ਵੀ ਵਿਸ਼ਵਾਸ ਖ਼ਤਮ ਹੋ ਗਿਆ ਅਤੇ ਉਨ੍ਹਾਂ ਅੰਦਰ ਇਨਸਾਫ਼ ਹਾਸਲ ਕਰਨ ਲਈ ਕੌਮਾਂਤਰੀ ਅਦਾਰਿਆਂ ਤਕ ਪਹੁੰਚ ਕਰਨ ਦਾ ਵਿਚਾਰ ਅਤੇ ਜਜ਼ਬਾ ਜ਼ੋਰ ਫੜਨ ਲੱਗਾ। ਮਾਸਟਰ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੁਆਰਾ 20 ਜੁਲਾਈ 1966 ਨੂੰ ਪਾਸ ਕੀਤੇ ਗਏ ਇਕ ਮਤੇ ਵਿੱਚ "ਭਾਰਤ ਦੀ ਸਮੁੱਚੀ ਨਿਆਂ ਮਸ਼ੀਨਰੀ ਅਤੇ ਅਦਾਲਤੀ ਪ੍ਰਕਿਰਿਆ" ਨੂੰ ਸਿੱਖਾਂ ਵਿਰੁੱਧ "ਪੱਖਪਾਤ ਤੇ ਪੁੱਠੀ ਸੋਚ" ਪਾਲਣ ਦਾ ਦੋਸ਼ੀ ਠਹਿਰਾਇਆ ਗਿਆ ਅਤੇ ਕੌਮਾਂਤਰੀ ਕਾਨੂੰਨਦਾਨਾਂ ਦੀਆਂ ਜਥੇਬੰਦੀਆਂ ਤੇ ਫੋਰਮਾਂ ਨੂੰ ਖੁੱਲ੍ਹੇ ਰੂਪ ਵਿੱਚ ਇਹ ਸੱਦਾ ਦਿੱਤਾ ਕਿ ਉਹ "ਭਾਰਤ ਅੰਦਰ ਸਿੱਖ ਕੌਮ ਨੂੰ ਮੂਲ ਮਨੁੱਖੀ ਅਧਿਕਾਰਾਂ ਤੋਂ ਚਲਾਕੀ ਭਰੇ ਢੰਗਾਂ ਨਾਲ ਲਗਾਤਾਰ ਵਿਰਵਿਆਂ ਰੱਖਣ ਦੇ ਮਾਮਲੇ ਦੀ ਜਾਂਚ ਪੜਤਾਲ ਕਰਨ।"[10]

ਸੋ ਇਸ ਸੰਦਰਭ ਵਿੱਚ ਦੇਖਿਆਂ ਮਾਸਟਰ ਤਾਰਾ ਸਿੰਘ ਦੁਆਰਾ ਕੌਮਾਂਤਰੀ ਪ੍ਰੈਸ-ਕਾਨਫ਼ਰੰਸ ਬੁਲਾਉਣ ਦਾ ਫ਼ੈਸਲਾ ਡੂੰਘੇ ਅਰਥ ਰੱਖਦਾ ਸੀ। ਪ੍ਰੈਸ ਕਾਨਫ਼ਰੰਸ ਅੰਦਰ ਪ੍ਰਸਿੱਧ ਲੇਖਕ/ਪੱਤਰਕਾਰ ਸ: ਖੁਸ਼ਵੰਤ ਸਿੰਘ ਦੀ ਮਾਸਟਰ ਤਾਰਾ ਸਿੰਘ ਦੇ ਦੁਭਾਸ਼ੀਏ ਦੇ ਰੂਪ ਵਿੱਚ ਮੌਜੂਦਗੀ ਵੀ ਕੋਈ ਘੱਟ ਅਹਿਮ ਗੱਲ ਨਹੀਂ ਸੀ। ਸ: ਖੁਸ਼ਵੰਤ ਸਿੰਘ ਵਰਗੇ ਖੁੱਲ੍ਹੇ-ਡੁੱਲ੍ਹੇ ਵਿਚਾਰਾਂ ਵਾਲੇ ਵਿਅਕਤੀ ਦਾ ਰੈਡੀਕਲ ਸਿੱਖ ਪੋਜ਼ੀਸ਼ਨਾਂ ਦੇ ਧਾਰਨੀ ਹੋ ਨਿਬੜਨਾ ਅਤੇ ਮਾਸਟਰ ਤਾਰਾ ਸਿੰਘ ਵਰਗੇ ਟਕਸਾਲੀ ਤੇ ਕੱਟੜ ਖ਼ਿਆਲੀ ਅਕਾਲੀ ਆਗੂ ਦੀ ਸਿੱਖ ਪੰਥ ਅੰਦਰਲੇ ਰੌਸ਼ਨ-ਖ਼ਿਆਲ ਬੁੱਧੀਜੀਵੀ ਤੱਤਾਂ ਨਾਲ ਸੁਖਾਵੀਂ ਸਾਂਝ ਤੇ ਨੇੜਤਾ ਕਾਇਮ ਹੋ ਜਾਣੀ ਵੱਡੇ ਮਾਅਨੇ ਰੱਖਦੀ ਸੀ। ਇਸ ਸੁਲੱਖਣੇ ਸੰਜੋਗ ਦਾ, ਮਾਸਟਰ ਤਾਰਾ ਸਿੰਘ ਵੱਲੋਂ ਪ੍ਰੈਸ ਕਾਨਫ਼ਰੰਸ ਅੰਦਰ ਜਾਰੀ ਕੀਤੇ ਗਏ ਦਸ ਨੁਕਾਤੀ ਲਿਖਤੀ ਬਿਆਨ ਉੱਤੇ ਪਰਤੱਖ ਅਸਰ ਨਜ਼ਰ ਆਉਂਦਾ ਸੀ।

ਪਹਿਲੀ ਪੀੜ੍ਹੀ ਦੇ ਅਕਾਲੀ ਆਗੂਆਂ ਅੰਦਰ ਸਿੱਖੀ ਜਜ਼ਬੇ ਦੀ ਤੋਟ ਨਹੀਂ ਸੀ। ਉਹ, ਮੁੱਖ ਰੂਪ ਵਿੱਚ, ਇਸ ਜਜ਼ਬੇ ਦੇ ਆਧਾਰ 'ਤੇ ਹੀ ਸਿੱਖ ਕੌਮ ਦੇ ਹੱਕਾਂ ਦੀ ਰਾਖੀ ਲਈ ਨਿਰੰਤਰ ਸੰਘਰਸ਼ ਕਰਦੇ ਆ ਰਹੇ ਸਨ। ਪ੍ਰੰਤੂ ਹਿੰਦੂ ਆਗੂਆਂ ਦੀ ਤੁਲਨਾ ਵਿੱਚ, ਸਿੱਖ ਲੀਡਰਸ਼ਿਪ ਬੌਧਿਕ ਪੱਧਰ 'ਤੇ ਏਨੀ ਪੁੱਗੀ ਹੋਈ ਨਹੀਂ ਸੀ ਕਿ ਉਹ ਸਿੱਖ ਪੰਥ ਦੀਆਂ ਸਮੱਸਿਆਵਾਂ ਅਤੇ ਮੰਗਾਂ ਨੂੰ ਇਕ ਵਿਸ਼ਾਲ ਤੇ ਸਹੀ ਭਵਿੱਖ-ਨਕਸ਼ੇ (perspective) ਵਿੱਚ ਰੱਖ ਕੇ ਪੇਸ਼ ਕਰ ਸਕਦੀ। ਉਸਦੀ ਰਾਜਨੀਤਕ ਦ੍ਰਿਸ਼ਟੀ ਬਹੁਤ ਹੀ ਸੰਕੁਚਤ ਅਤੇ ਕਲਪਨਾ ਦੀ ਉਡਾਣ ਸੀਮਿਤ ਸੀ। ਅਕਾਲੀ ਲਹਿਰ ਨਾਲ ਜੁੜੇ ਹੋਏ ਸਿੱਖ ਵਿਦਵਾਨ ਵੀ ਇਸ ਸੀਮਤਾਈ ਤੋਂ ਸੁਰਖ਼ਰੂ ਨਹੀਂ ਸਨ। ਮਾਸਟਰ ਤਾਰਾ ਸਿੰਘ ਵੱਲੋਂ ਕੌਮਾਂਤਰੀ ਪ੍ਰੈਸ ਕਾਨਫ਼ਰੰਸ ਅੰਦਰ ਜਾਰੀ ਕੀਤਾ ਗਿਆ ਬਿਆਨ ਅਕਾਲੀ ਰਾਜਨੀਤੀ ਦੀਆਂ ਇਨ੍ਹਾਂ ਸੀਮਾਵਾਂ ਤੋਂ ਮੁਕਤ ਹੋਣ ਦੀ ਸੁਚੇਤ ਕੋਸ਼ਿਸ਼ ਸੀ। ਕਿਸੇ ਅਕਾਲੀ ਆਗੂ ਦੁਆਰਾ ਸਿੱਖ ਮਸਲੇ ਨੂੰ ਸੌੜੇ ਦ੍ਰਿਸ਼ਟੀਕੋਣ ਤੋਂ ਨਜਿਠਣ ਦੀ ਬਜਾਇ, ਇਕ ਵਡੇਰੇ ਸੰਦਰਭ ਵਿੱਚ ਰੱਖ ਕੇ ਆਧੁਨਿਕ ਮੁਹਾਵਰੇ ਅਤੇ ਪ੍ਰੌੜ੍ਹ ਸ਼ੈਲੀ ਵਿੱਚ ਪੇਸ਼ ਕਰਨ ਅਤੇ ਕੁਝ ਮਹੱਤਵਪੂਰਨ ਮਸਲਿਆਂ ਉੱਤੇ ਬੇਬਾਕ ਤੇ ਸਪਸ਼ਟ ਪੋਜ਼ੀਸ਼ਨਾਂ ਲੈਣ ਦਾ ਇਤਿਹਾਸ ਅੰਦਰ ਸ਼ਾਇਦ ਇਹ ਪਹਿਲਾ ਮੌਕਾ ਸੀ। ਆਜ਼ਾਦ ਭਾਰਤ ਦੇ ਹਿੰਦੂਵਾਦੀ ਹਾਕਮਾਂ ਦੀਆਂ ਫ਼ਿਰਕੂ ਨੀਤੀਆਂ ਅਤੇ ਗ਼ਲਬਾਪ੍ਰਸਤ ਰੁਚੀਆਂ ਦੀ ਮਾਰ ਸਿਰਫ਼ ਸਿੱਖ ਕੌਮ ਨੂੰ ਹੀ ਨਹੀਂ ਸਗੋਂ ਵੱਧ ਘੱਟ ਮਾਤਰਾ ਵਿੱਚ ਸਭਨਾਂ ਹੀ ਗ਼ੈਰ-ਹਿੰਦੂ ਭਾਈਚਾਰਿਆਂ ਨੂੰ ਝੱਲਣੀ ਪੈ ਰਹੀ ਸੀ। ਫ਼ਿਰਕੂ ਦੰਗਿਆਂ ਦੇ ਨਾਂ ਹੇਠ ਮੁਸਲਮਾਨਾਂ ਦਾ ਥਾਂ ਥਾਂ 'ਤੇ ਵਿਉਂਤਬੱਧ ਢੰਗ ਨਾਲ ਕਤਲੇਆਮ ਕੀਤਾ ਜਾ ਰਿਹਾ ਸੀ। ਉੱਤਰ-ਪੂਰਬੀ ਖੇਤਰ ਅੰਦਰ ਈਸਾਈ ਵਸੋਂ ਉੱਤੇ ਹਿੰਦੂ ਗ਼ਲਬਾ ਠੋਸਣ ਦੇ ਮੰਤਵ ਨਾਲ, ਉਨ੍ਹਾਂ ਦੀ ਰਵਾਇਤੀ ਜੀਵਨ ਸ਼ੈਲੀ ਤੇ ਸਭਿਆਚਾਰ ਨੂੰ ਉਜਾੜ ਸੁੱਟਣ ਦੀ ਇਕ ਸੋਚੀ-ਵਿਉਂਤੀ ਯੋਜਨਾ ਅਮਲ 'ਚ ਲਿਆਂਦੀ ਜਾ ਰਹੀ ਸੀ ਅਤੇ ਉਸ ਖੇਤਰ ਦੀ ਮੂਲ ਵਸੋਂ ਦੇ ਆਪਣੀ ਕੌਮੀ ਤੱਤ ਵਾਲੀ ਵੱਖਰੀ ਧਾਰਮਿਕ/ਸਭਿਆਚਾਰਕ ਪਛਾਣ ਬਰਕਰਾਰ ਰੱਖਣ ਦੇ ਜਜ਼ਬੇ ਨੂੰ 'ਵੱਖਵਾਦ' ਦਾ ਨਾਂ ਦੇ ਕੇ ਸਮੁੱਚੇ ਖੇਤਰ ਅੰਦਰ ਵਹਿਸ਼ੀ ਜਬਰ ਦੀ ਮੁਹਿੰਮ ਵਿੱਢ ਰੱਖੀ ਹੋਈ ਸੀ। ਭਾਰਤ ਦੇ ਹਿੰਦੂ ਹਾਕਮਾਂ ਨੇ ਭਾਰੂ ਮੁਸਲਿਮ ਵਸੋਂ ਵਾਲੀ ਕਸ਼ਮੀਰੀ ਕੌਮ ਨੂੰ ਸੰਗੀਨਾਂ ਦੀ ਨੋਕ 'ਤੇ ਦੁਬੇਲ ਬਣਾ ਕੇ ਰੱਖਿਆ ਹੋਇਆ ਸੀ। ਅਕਾਲੀ ਆਗੂ ਭਾਰਤੀ ਹਾਕਮਾਂ ਦੀਆਂ ਸਿੱਖ ਦੋਖੀ ਨੀਤੀਆਂ ਤੇ ਅਮਲਾਂ ਵਿਰੁੱਧ ਤਾਂ ਜ਼ਰੂਰ ਤਿੱਖਾ ਪ੍ਰਤੀਕਰਮ ਪ੍ਰਗਟਾਉਂਦੇ ਆ ਰਹੇ ਸਨ ਪਰੰਤੂ ਹੋਰਨਾਂ ਗ਼ੈਰ-ਹਿੰਦੂ ਭਾਈਚਾਰਿਆਂ ਨਾਲ ਵਾਪਰ ਰਹੀ ਮੰਦਹੋਣੀ ਵੱਲ ਉਨ੍ਹਾਂ ਦਾ ਘੱਟ ਹੀ ਧਿਆਨ ਗਿਆ ਸੀ। ਕਸ਼ਮੀਰ ਅਤੇ ਉੱਤਰ-ਪੂਰਬ ਦੇ ਲੋਕਾਂ ਦੇ ਹੱਕੀ ਸੰਘਰਸ਼ਾਂ ਦੇ ਮਾਮਲੇ ਵਿੱਚ ਤਾਂ

ਨਾ ਸਿਰਫ਼ ਉਨ੍ਹਾਂ ਦੀ ਭਾਰਤੀ ਹਾਕਮਾਂ ਨਾਲ ਪੂਰੀ ਰਗ਼ ਮਿਲਦੀ ਸੀ ਸਗੋਂ ਉਹ ਭਾਰਤ ਦੀ ਏਕਤਾ ਤੇ ਅਖੰਡਤਾ ਦੇ ਹਿੰਦੂ ਹਾਕਮਾਂ ਨਾਲੋਂ ਵੀ ਵੱਧ ਜੋਸ਼ੀਲੇ ਮੁਦੱਈ ਬਣੇ ਹੋਏ ਸਨ। ਮਾਸਟਰ ਤਾਰਾ ਸਿੰਘ ਨੇ ਆਪਣੇ 2 ਅਗਸਤ ਵਾਲੇ ਬਿਆਨ ਅੰਦਰ ਅਕਾਲੀ ਰਾਜਨੀਤੀ ਦੀ ਇਸ ਰਵਾਇਤੀ ਧਾਰਾ ਨਾਲੋਂ ਤਿੱਖਾ ਨਖੇੜਾ ਕਰਦਿਆਂ ਹੋਇਆਂ ਸਿੱਖ ਰਾਜਨੀਤੀ ਦੀ ਇਕ ਨਵੀਂ ਦਿਸ਼ਾ ਉਲੀਕਣ ਦਾ ਦਲੇਰੀ ਭਰਿਆ ਯਤਨ ਕੀਤਾ ਸੀ। ਉਸਨੇ ਭਾਰਤ ਅੰਦਰ ਹਿੰਦੂਤਵ ਦੀ ਮੁੜ ਸੁਰਜੀਤੀ ਦੇ ਵਰਤਾਰੇ ਦਾ ਤਿੱਖਾ ਨੋਟਿਸ ਲੈਂਦਿਆਂ ਹੋਇਆਂ ਇਸ ਦਾ ਗ਼ੈਰ-ਹਿੰਦੂ ਭਾਈਚਾਰਿਆਂ ਦੀ ਹੋਣੀ ਨਾਲ ਗਹਿਰਾ ਸਬੰਧ ਦਰਸਾਇਆ ਅਤੇ ਸਿੱਖਾਂ, ਮੁਸਲਮਾਨਾਂ ਤੇ ਈਸਾਈਆਂ ਨਾਲ ਹੋ ਰਹੀ ਬੇਇਨਸਾਫ਼ੀ ਤੇ ਧੱਕੇਸ਼ਾਹੀ ਦੀ ਸਾਂਝੀ ਪੈੜ ਨਪਦਿਆਂ ਹੋਇਆਂ, ਇਨ੍ਹਾਂ ਮਜ਼ਲੂਮ ਭਾਈਚਾਰਿਆਂ ਵਿਚਕਾਰ ਆਪਸੀ ਸਾਂਝ ਤੇ ਸਦਭਾਵਨਾ ਦਾ ਮਾਹੌਲ ਉਸਾਰਨ ਦੀ ਦਿਸ਼ਾ ਵੱਲ ਇਕ ਨਰੋਆ ਕਦਮ ਪੁੱਟਿਆ। ਇਹ ਸ਼ਾਇਦ ਪਹਿਲੀ ਵੇਰ ਸੀ ਜਦ ਕਿਸੇ ਅਕਾਲੀ ਆਗੂ ਨੇ ਉੱਤਰ-ਪੂਰਬ ਦੇ ਲੋਕਾਂ (ਖ਼ਾਸ ਕਰਕੇ ਨਾਗਿਆਂ) ਅਤੇ ਕਸ਼ਮੀਰ ਦੀ ਜਨਤਾ ਦੀਆਂ ਹਕੀਕੀ ਉਮੰਗਾਂ ਤੇ ਜਦੋਜਹਿਦਾਂ ਦਾ ਖੁੱਲ੍ਹ ਕੇ ਸਮਰਥਨ ਕੀਤਾ। ਇਹ ਵੀ ਪਹਿਲੀ ਵਾਰ ਸੀ ਜਦ ਕਿਸੇ ਸਰਕਰਦਾ ਅਕਾਲੀ ਲੀਡਰ ਨੇ ਪਾਕਿਸਤਾਨ ਖ਼ਿਲਾਫ਼ ਨਫ਼ਰਤ ਤੇ ਦੁਸ਼ਮਣੀ ਦੀਆਂ ਭਾਵਨਾਵਾਂ ਤੋਂ ਲਾਂਭੇ ਹਟ ਕੇ, ਧੜੱਲੇ ਨਾਲ ਇਹ ਗੱਲ ਆਖੀ ਕਿ "ਸਿੱਖ ਕੌਮ ਦੀ ਇਹ ਸੁਚੇਤ ਰਾਇ ਹੈ ਕਿ ਭਾਰਤ ਤੇ ਪਾਕਿਸਤਾਨ ਵਿਚਕਾਰ ਨਿਰੰਤਰ ਬਣੀ ਆ ਰਹੀ ਤਣਾਤਣੀ ਇਸ ਉਪ-ਮਹਾਂਦੀਪ ਦੇ ਸਮੁੱਚੇ ਹਿਤਾਂ ਲਈ ਘਾਤਕ ਹੈ, ਅਤੇ ਸਿੱਖ ਕੌਮ ਦੇ ਹਿਤਾਂ ਲਈ ਤਾਂ ਇਹ ਖ਼ਾਸ ਤੌਰ 'ਤੇ ਨੁਕਸਾਨਦੇਹ ਹੈ।" 1947 ਤੋਂ ਬਾਅਦ ਜਦ ਪੰਜਾਬ ਅੰਦਰ ਸਿੱਖਾਂ ਤੇ ਮੁਸਲਿਮ ਗ਼ਲਬੇ ਦਾ ਕੋਈ ਇਮਕਾਨ ਜਾਂ ਖ਼ਤਰਾ ਨਹੀਂ ਸੀ ਰਿਹਾ, ਫਿਰ ਵੀ ਅਕਾਲੀ ਆਗੂਆਂ ਦਾ, ਅਤੇ ਆਮ ਰੂਪ ਵਿੱਚ ਹੀ ਸਿੱਖ ਜਨਤਾ ਦਾ, ਪਾਕਿਸਤਾਨ ਪ੍ਰਤੀ ਵਤੀਰਾ ਜ਼ਿਆਦਾ ਕਰਕੇ ਰਵਾਇਤੀ ਦੁਸ਼ਮਣੀ ਦੀ ਭਾਵਨਾ ਉੱਤੇ ਹੀ ਟਿਕਿਆ ਆ ਰਿਹਾ ਸੀ। ਉਨ੍ਹਾਂ ਨਵੀਂ ਬਦਲੀ ਹੋਈ ਰਾਜਨੀਤਕ ਸਥਿਤੀ ਅੰਦਰ ਆਪਣੀ ਇਸ ਰਵਾਇਤੀ ਸੋਚ ਵਿੱਚ ਤਰਮੀਮ ਕਰਨ ਦੀ ਸੋਝੀ ਅਤੇ ਸਾਹਸ ਦਾ ਪ੍ਰਗਟਾਵਾ ਨਹੀਂ ਸੀ ਕੀਤਾ। ਸਿੱਖ ਆਗੂਆਂ ਦੇ ਰਾਜਸੀ ਪਛੜੇਵੇਂ 'ਚੋਂ ਉਪਜੀ ਇਹ ਸੋਚ ਅਤੇ ਭਾਵਨਾ ਭਾਰਤ ਦੇ ਹਿੰਦੂ ਹਾਕਮਾਂ ਨੂੰ ਖ਼ੂਬ ਸੁਖਾਉਂਦੀ ਸੀ। ਉਹ ਹਿੰਦੂ ਜਨੂੰਨ ਨੂੰ ਖਾਧ ਖ਼ੁਰਾਕ ਮੁਹੱਈਆ ਕਰਨ ਲਈ ਪਾਕਿਸਤਾਨ ਪ੍ਰਤੀ ਨਫ਼ਰਤ ਤੇ ਦੁਸ਼ਮਣੀ ਦੀਆਂ ਭਾਵਨਾਵਾਂ ਨੂੰ ਲਗਾਤਾਰ ਸੁਲਘਾਈ ਰੱਖਣ ਦੇ ਯਤਨ ਕਰਦੇ ਆ ਰਹੇ ਸਨ। ਸਿੱਖ ਕੌਮ ਦੇ ਹਿਤ ਇਸ ਮਾਮਲੇ 'ਚ ਹਿੰਦੂ ਨੁਕਤਾ-ਨਜ਼ਰ ਨਾਲੋਂ ਤਿੱਖੇ ਨਿਖੇੜੇ ਦੀ ਮੰਗ ਕਰਦੇ ਸਨ। ਮਾਸਟਰ ਤਾਰਾ ਸਿੰਘ ਨੇ ਆਪਣੇ 2 ਅਗਸਤ ਵਾਲੇ ਬਿਆਨ ਅੰਦਰ ਇਹ ਨਖੇੜਾ ਕਰਦਿਆਂ ਹੋਇਆਂ "ਸਿੱਖ ਕੌਮ ਅਤੇ ਪੱਛਮੀ ਪਾਕਿਸਤਾਨ ਦੇ ਲੋਕਾਂ ਦਰਮਿਆਨ ਦੋਸਤੀ ਦੀਆਂ ਭਾਵਨਾਵਾਂ ਨੂੰ ਮਜ਼ਬੂਤ ਅਤੇ ਪ੍ਰਫੁਲਤ ਕਰਨ" ਦੀ ਲੋੜ ਉੱਤੇ ਜ਼ੋਰ ਦਿੱਤਾ।

ਮਾਸਟਰ ਤਾਰਾ ਸਿੰਘ ਦੇ ਬਿਆਨ ਅੰਦਰ ਇਕ ਹੋਰ ਨੋਟ ਕਰਨ ਵਾਲੀ ਅਹਿਮ ਗੱਲ ਇਹ ਸੀ ਕਿ ਇਸ ਵਿੱਚ ਭਾਰਤ ਦੀ 'ਕੌਮੀ ਏਕਤਾ ਤੇ ਅਖੰਡਤਾ' ਦਾ ਜਾਪ ਨਹੀਂ ਸੀ ਕੀਤਾ ਗਿਆ। ਨਹੀਂ ਤਾਂ ਅਕਾਲੀ ਦਲ ਦੇ ਕਿਸੇ ਨੀਤੀ-ਬਿਆਨ ਅੰਦਰ ਅਜਿਹਾ ਜਾਪ ਨਾ ਕਰਨਾ 'ਬੱਜਰ ਕੁਰਹਿਤ' ਸਮਝੀ ਜਾਂਦੀ ਸੀ। ਜਿੱਥੋਂ ਤਕ ਸਿੱਖਾਂ ਦੇ ਰਾਜਸੀ ਨਿਸ਼ਾਨੇ ਦਾ ਸਬੰਧ ਹੈ, ਇਸ ਬਾਰੇ ਮਾਸਟਰ ਹੁਰਾਂ ਆਪਣੇ ਦਲ ਦੀ ਲੁਧਿਆਣਾ ਕਾਨਫ਼ਰੰਸ ਦੇ ਮਤੇ ਦੀ 'ਮੁਕੰਮਲ ਪ੍ਰੋੜ੍ਹਤਾ' ਕਰਦਿਆਂ ਹੋਇਆਂ, ਉਸ ਮਤੇ 'ਚ ਦਰਜ ਇਸ ਮੰਗ ਉੱਤੇ ਉਚੇਚਾ ਜ਼ੋਰ ਦਿੱਤਾ ਕਿ ਭਾਰਤ ਅੰਦਰ ਸਿੱਖ ਕੌਮ ਨਾਲ ਹੋ ਰਹੀ ਬੇਇਨਸਾਫ਼ੀ ਤੇ

ਵਧੀਕੀਆਂ ਦੀ ਇਕ ਕੌਮਾਂਤਰੀ ਅਤੇ ਆਜ਼ਾਦਾਨਾ ਟ੍ਰਿਬਿਊਨਲ ਦੁਆਰਾ ਸੁਣਵਾਈ ਕੀਤੀ ਜਾਵੇ।[11]

ਮਾਸਟਰ ਤਾਰਾ ਸਿੰਘ ਦੇ ਇਸ ਨੀਤੀ-ਬਿਆਨ ਦੇ ਖ਼ਿਲਾਫ਼ ਤਿੱਖਾ ਪ੍ਰਤੀਕਰਮ ਹੋਣਾ ਸੁਭਾਵਿਕ ਸੀ। ਹਿੰਦੂ ਪ੍ਰੈਸ, ਖ਼ਾਸ ਕਰਕੇ ਮਹਾਸ਼ਾ ਪ੍ਰੈਸ ਨੇ ਇਸ ਨੀਤੀ-ਬਿਆਨ ਦੇ ਖ਼ਿਲਾਫ਼ ਇਕ ਜ਼ਹਿਰੀਲੀ ਅਤੇ ਤੁਅੱਸਬੀ ਮੁਹਿੰਮ ਛੇੜ ਦਿੱਤੀ। ਸੰਤ ਫਤਹਿ ਸਿੰਘ ਦੀ ਅਗਵਾਈ ਹੇਠਲੇ ਅਕਾਲੀ ਕੈਂਪ ਨੇ ਮਾਸਟਰ ਦਲ ਨਾਲੋਂ ਆਪਣਾ ਸਿਧਾਂਤਕ ਵਖਰੇਵਾਂ ਦਰਸਾਉਂਦਿਆਂ ਹੋਇਆਂ ਪੰਜਾਬੀ ਸੂਬੇ ਦੀ ਸਥਾਪਨਾ ਤੋਂ ਵੱਖਰੇ ਕਿਸੇ ਵੀ ਰਾਜਸੀ ਨਿਸ਼ਾਨੇ ਨੂੰ ਦੋ ਟੂਕ ਰੂਪ ਵਿੱਚ ਰੱਦ ਕਰ ਦਿੱਤਾ। ਲਛਮਣ ਸਿੰਘ ਗਿੱਲ, ਜੋ ਉਸ ਵੇਲੇ ਪੰਜਾਬ ਵਿਧਾਨ ਸਭਾ ਅੰਦਰ ਵਿਰੋਧੀ ਧਿਰ ਦਾ ਡਿਪਟੀ ਲੀਡਰ ਸੀ, ਤਾਂ ਮਾਸਟਰ ਤਾਰਾ ਸਿੰਘ ਦੇ ਉਪਰੋਕਤ ਬਿਆਨ ਨੂੰ 'ਦੇਸ ਨਾਲ ਧਰੋਹ' ਕਹਿਣ ਤਕ ਚਲਾ ਗਿਆ।[12] ਅਕਾਲੀ ਆਗੂਆਂ ਦੀ, ਸੌੜੀ ਸ਼ਰੀਕਾ ਸੋਚ 'ਚੋਂ ਆਪਣੇ ਹੀ ਭਾਈਚਾਰੇ ਅੰਦਰਲੇ ਵੱਖਰੇ ਰਾਜਸੀ ਰੁਝਾਨ ਨੂੰ ਨਿੰਦਣ ਤੇ ਭੰਡਣ ਦੇ ਮਾਮਲੇ 'ਚ ਹਿੰਦੂ ਆਗੂਆਂ ਤੋਂ ਵੀ ਦੋ ਕਦਮ ਅੱਗੇ ਨਿਕਲ ਜਾਣ ਦੀ ਇਸ ਭੈੜੀ ਵਾਦੀ ਨੇ, ਅਗਲੇ ਵਰ੍ਹਿਆਂ ਅੰਦਰ ਜਾ ਕੇ ਸਿੱਖ ਲਹਿਰ ਤੇ ਭਾਈਚਾਰੇ ਦੇ ਹਿਤਾਂ ਨੂੰ ਅੰਤਾਂ ਦਾ ਨੁਕਸਾਨ ਪਹੁੰਚਾਇਆ।

## ਪਾਕਿਸਤਾਨ ਨਾਲ ਜੰਗ : ਸਿੱਖ ਹਿਤਾਂ ਦੀ ਹਾਨੀ

ਐਨ ਉਸੇ ਹੀ ਮੌਕੇ ਭਾਰਤੀ ਹਾਕਮਾਂ ਨੂੰ ਪਾਕਿਸਤਾਨ ਵਾਲੇ ਪਾਸਿਓਂ ਇਕ ਗੰਭੀਰ ਸੰਕਟ ਤੇ ਖ਼ਤਰੇ ਦਾ ਸਾਹਮਣਾ ਕਰਨਾ ਪੈ ਗਿਆ। ਪਾਕਿਸਤਾਨ ਦੇ ਫ਼ੌਜੀ ਹੁਕਮਰਾਨਾਂ ਨੇ ਕਸ਼ਮੀਰ ਨੂੰ ਭਾਰਤ ਦੇ ਕਬਜ਼ੇ ਤੋਂ ਮੁਕਤ ਕਰਾਉਣ ਦੇ ਉਦੇਸ਼ ਨਾਲ ਨਾ ਸਿਰਫ਼ ਕਸ਼ਮੀਰ ਅੰਦਰ ਆਪਣੇ ਸਿੱਧੇ ਫ਼ੌਜੀ ਦਖ਼ਲ ਵਿੱਚ ਵੱਡੀ ਤੇਜ਼ੀ ਲੈ ਆਂਦੀ ਸਗੋਂ ਨਾਲ ਹੀ ਪੰਜਾਬ ਨੂੰ ਵੱਖ ਕਰਦੀ ਕੌਮਾਂਤਰੀ ਸਰਹੱਦ ਉੱਤੇ ਵੱਡੀ ਪੱਧਰ 'ਤੇ ਫ਼ੌਜ ਤੈਨਾਤ ਕਰ ਦਿੱਤੀ। ਪਾਕਿਸਤਾਨ ਵਾਲੇ ਪਾਸਿਓਂ ਵੱਡੀ ਫ਼ੌਜੀ ਕਾਰਵਾਈ ਦੇ ਖ਼ਤਰੇ ਨੂੰ ਭਾਂਪਦਿਆਂ ਹੋਇਆਂ, ਭਾਰਤੀ ਹਾਕਮਾਂ ਨੂੰ ਆਪਣਾ ਪਿੱਛਾ ਸੰਭਾਲਣ ਦਾ ਫ਼ਿਕਰ ਖੜ੍ਹਾ ਹੋ ਗਿਆ। ਪਾਕਿਸਤਾਨੀ ਹਾਕਮ ਭਾਰਤ ਅੰਦਰ ਸਿੱਖ ਕੌਮ ਦੀਆਂ ਭਾਵਨਾਵਾਂ ਉੱਤੇ ਤਾੜਵੀਂ ਨਿਗ੍ਹਾ ਰੱਖ ਰਹੇ ਸਨ। ਭਾਰਤੀ ਹਾਕਮਾਂ ਦੀਆਂ ਫ਼ਿਰਕੂ ਤੇ ਵਿਤਕਰੇਬਾਜ਼ ਨੀਤੀਆਂ ਕਾਰਨ ਸਿੱਖ ਕੌਮ ਦੇ ਵੱਡੇ ਹਿੱਸਿਆਂ ਅੰਦਰ ਪੈਦਾ ਹੋਈ ਔਖ ਤੇ ਬਦਜ਼ਨੀ ਨੇ ਪਾਕਿਸਤਾਨੀ ਹਾਕਮਾਂ ਅੰਦਰ ਉਚੇਚਾ ਉਤਸ਼ਾਹ ਜਗਾ ਦਿੱਤਾ ਸੀ ਅਤੇ ਉਨ੍ਹਾਂ ਪਾਕਿਸਤਾਨ ਰੇਡੀਓ ਦੇ ਜ਼ਰੀਏ ਸਿੱਖ ਕੌਮ ਨੂੰ ਭਰਮਾਉਣ ਦੀ ਪੂਰੀ ਵਾਹ ਲਾ ਰੱਖੀ ਹੋਈ ਸੀ। ਸਿੱਖ ਕੌਮ ਦੇ ਮਾਮਲੇ ਵਿੱਚ ਗੁਨਾਹ ਦੀ ਭਾਵਨਾ ਨਾਲ ਗ੍ਰੱਸਿਆ ਹਿੰਦੂ ਮਨ ਅਜਿਹੀ ਹਾਲਤ ਦੇ ਸਨਮੁੱਖ ਨਿਸਚਿੰਤ ਅਤੇ ਭੈਅ-ਮੁਕਤ ਨਹੀਂ ਸੀ ਹੋ ਸਕਦਾ। ਸ਼ਾਤਰ ਦਿਮਾਗ਼ ਭਾਰਤੀ ਹਾਕਮਾਂ ਨੂੰ ਮਾਸਟਰ ਤਾਰਾ ਸਿੰਘ ਦੁਆਰਾ ਲਏ ਗਏ ਤਾਜ਼ੇ ਰਾਜਨੀਤਕ ਪੈਂਤੜੇ ਅੰਦਰ ਲੁਪਤ ਖ਼ਤਰਿਆਂ ਦੀ ਪਛਾਣ ਕਰਨੀ ਔਖੀ ਨਹੀਂ ਸੀ। ਭਾਵੇਂ ਆਮ ਹਿੰਦੂ ਵਰਗ ਨੇ ਅਕਾਲੀ ਦਲ ਅੰਦਰ ਪਈ ਦੁਫੇੜ ਉੱਤੇ ਡੂੰਘੀ ਖ਼ੁਸ਼ੀ ਅਤੇ ਤਸੱਲੀ ਦਾ ਇਜ਼ਹਾਰ ਕਰਦਿਆਂ ਹੋਇਆਂ ਸੰਤ ਫਤਹਿ ਸਿੰਘ ਨੂੰ ਹਮਾਇਤ ਤੇ ਹੱਲਾਸ਼ੇਰੀ ਮੁਹੱਈਆ ਕਰਨ ਦੀ ਦਿਸ਼ਾ ਪਹਿਲਾਂ ਹੀ ਅਖ਼ਤਿਆਰ ਕੀਤੀ ਹੋਈ ਸੀ ਪ੍ਰੰਤੂ ਪਾਕਿਸਤਾਨ ਨਾਲ ਜੰਗ ਦੇ ਖ਼ਤਰੇ ਨੂੰ ਦੇਖਦਿਆਂ ਹੋਇਆਂ ਭਾਰਤੀ ਹਾਕਮਾਂ ਨੇ ਮਾਸਟਰ ਤਾਰਾ ਸਿੰਘ ਨੂੰ ਹੋਰ ਵੱਧ ਪ੍ਰਭਾਵਹੀਣ ਬਣਾਉਣ ਦੀ ਨੀਤ ਨਾਲ ਸੰਤ ਫਤਹਿ ਸਿੰਘ ਨੂੰ ਹੋਰ ਜ਼ਿਆਦਾ ਬਲਸ਼ਾਲੀ ਬਣਾਉਣ ਦੀ ਲੋੜ ਮਹਿਸੂਸ ਕੀਤੀ।

ਬੇਸ਼ੱਕ ਦੁਫੇੜ ਤੋਂ ਬਾਅਦ ਸੰਤ ਫਤਹਿ ਸਿੰਘ ਨੇ ਪੰਜਾਬੀ ਸੂਬੇ ਦੇ ਮਸਲੇ 'ਤੇ ਭਾਰਤੀ ਹਾਕਮਾਂ ਨੂੰ ਪ੍ਰੇਸ਼ਾਨ ਕਰਨ ਵਾਲੀ ਕਿਸੇ ਪ੍ਰਭਾਵਕਾਰੀ ਸਰਗਰਮੀ ਤੋਂ ਆਮ ਤੌਰ 'ਤੇ ਟਾਲਾ ਹੀ ਵੱਟ ਰੱਖਿਆ ਹੋਇਆ ਸੀ ਅਤੇ ਉਸਨੇ ਆਪਣਾ ਜ਼ਿਆਦਾ ਧਿਆਨ ਅਤੇ ਸ਼ਕਤੀ ਮਾਸਟਰ ਤਾਰਾ ਸਿੰਘ ਨੂੰ ਪਛਾੜਨ ਉੱਤੇ ਹੀ ਲਾ ਰੱਖੀ ਹੋਈ ਸੀ ਪ੍ਰੰਤੂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਅੰਦਰ ਮਾਸਟਰ ਤਾਰਾ ਸਿੰਘ ਨੂੰ ਨਿਰਣਾਕਾਰੀ ਭਾਂਜ ਦੇਣ ਵਿੱਚ ਸਫਲ ਹੋ ਜਾਣ ਤੋਂ ਬਾਅਦ ਉਸ ਕੋਲ ਪੰਜਾਬੀ ਸੂਬੇ ਦੇ ਮਸਲੇ 'ਤੇ ਕੋਈ ਪ੍ਰਭਾਵਸ਼ਾਲੀ ਸਰਗਰਮੀ ਨਾ ਵਿੱਢਣ ਦਾ ਕੋਈ ਵੀ ਜਚਣਹਾਰ ਬਹਾਨਾ ਨਹੀਂ ਸੀ ਰਿਹਾ। ਨਾਲ ਹੀ ਸਿੱਖ ਪੰਥ ਨਾਲ ਵਾਪਰ ਰਹੀਆਂ ਸ਼ਰੀਹਣ ਵਿਤਕਰੇ ਤੇ ਵਧੀਕੀ ਦੀਆਂ ਵਾਰਦਾਤਾਂ ਦੇ ਸਨਮੁੱਖ ਮਾਸਟਰ ਧੜੇ ਦੁਆਰਾ ਲਏ ਜਾ ਰਹੇ ਗਰਮ-ਮਿਜ਼ਾਜ ਪੈਂਤੜਿਆਂ ਨੇ ਵੀ ਸੰਤ ਫਤਹਿ ਸਿੰਘ ਨੂੰ ਕੋਈ ਦਿਖਾਉਣਲਾਇਕ ਕਾਰਗੁਜ਼ਾਰੀ ਕਰ ਦਿਖਾਉਣ ਦੇ ਰਾਜਸੀ ਦਬਾਉ ਹੇਠ ਲੈ ਆਂਦਾ ਸੀ। ਕੇਂਦਰੀ ਹਾਕਮਾਂ ਨੇ ਸੰਤ ਫਤਹਿ ਸਿੰਘ ਨੂੰ ਇਸ ਦਬਾਉ ਹੇਠੋਂ ਕੱਢਣ ਅਤੇ ਪਾਕਿਸਤਾਨ ਨਾਲ ਜੰਗ ਦੇ ਬਣ-ਉਸਰ ਰਹੇ ਮਾਹੌਲ ਵਿੱਚ ਸਿੱਖ ਕੌਮ ਦੀ ਹਮਾਇਤ ਤੇ ਸਦਭਾਵਨਾ ਉਗਰਾਹੁਣ ਦੇ ਉਦੇਸ਼ ਨਾਲ ਪ੍ਰਧਾਨ ਮੰਤਰੀ (ਲਾਲ ਬਹਾਦਰ ਸ਼ਾਸਤਰੀ) ਦੀ ਤਰਫ਼ੋਂ ਸੰਤ ਫਤਹਿ ਸਿੰਘ ਨੂੰ ਫ਼ੌਰੀ ਗੱਲਬਾਤ ਦਾ ਨਿਉਂਦਾ ਦੇ ਦਿੱਤਾ। ਮਾਸਟਰ ਤਾਰਾ ਸਿੰਘ ਦੀ ਪ੍ਰੈਸ ਕਾਨਫ਼ਰੰਸ ਦੇ ਛੇਵੇਂ ਦਿਨ (7 ਅਗਸਤ) ਹੀ ਪ੍ਰਧਾਨ ਮੰਤਰੀ ਨੇ ਸੰਤ ਫਤਹਿ ਸਿੰਘ ਨੂੰ ਆਪਣੇ ਘਰ ਬੁਲਾ ਕੇ ਗੱਲਬਾਤ ਸ਼ੁਰੂ ਕਰ ਦਿੱਤੀ। ਗੱਲਬਾਤ ਦਾ ਪੂਰਾ ਵੇਰਵਾ ਪੜ੍ਹਨ ਤੋਂ ਇਹ ਪ੍ਰਭਾਵ ਬਣਦਾ ਹੈ ਕਿ ਹੁਕਮਰਾਨ ਧਿਰ ਪਾਕਿਸਤਾਨ ਨਾਲ ਜੰਗ ਦੇ ਖ਼ਤਰੇ ਤੋਂ ਬੁਰੀ ਤਰ੍ਹਾਂ ਡਰੀ ਤੇ ਘਬਰਾਈ ਹੋਈ ਸੀ। ਤਿੰਨ ਸਾਲ ਪਹਿਲਾਂ (1962) ਚੀਨ ਹੱਥੋਂ ਖਾਧੀ ਕਰਾਰੀ ਫ਼ੌਜੀ ਸਿਕਸ਼ਤ ਨੇ ਨਾ ਸਿਰਫ਼ ਭਾਰਤ ਦੇ ਰਾਜਸੀ ਹੁਕਮਰਾਨਾਂ ਦਾ ਸਵੈ-ਵਿਸ਼ਵਾਸ ਤੇ ਹੌਸਲਾ-ਪਸਤ ਕਰ ਦਿੱਤਾ ਹੋਇਆ ਸੀ ਸਗੋਂ ਭਾਰਤ ਦੀਆਂ ਸੁਰੱਖਿਆ ਫ਼ੌਜਾਂ ਅੰਦਰਲੇ ਕੁਝ ਗ਼ੈਰ-ਸਿੱਖ ਤੱਤ ਵੀ ਨਵੀਨ ਅਤੇ ਮਾਰੂ ਸਾਜ਼ੋ-ਸਾਮਾਨ ਨਾਲ ਲੈਸ ਪਾਕਿਸਤਾਨੀ ਫ਼ੌਜ ਦਾ ਡਰ ਅਤੇ ਛੱਪਾ ਮੰਨੀ ਬੈਠੇ ਸਨ। ਸਿੱਖ ਭਾਈਚਾਰੇ ਦੇ ਦ੍ਰਿੜ੍ਹ ਅਤੇ ਦਿਲੀ ਸਹਿਯੋਗ ਤੋਂ ਬਿਨਾਂ ਭਾਰਤ ਦੇ ਹਾਕਮਾਂ ਅੰਦਰ ਪਾਕਿਸਤਾਨੀ ਖ਼ਤਰੇ ਦਾ ਸਾਹਮਣਾ ਕਰ ਸਕਣ ਦਾ ਨਾ ਹੌਸਲਾ ਸੀ ਅਤੇ ਨਾ ਹੀ ਸਮਰੱਥਾ। ਇਸ ਕਰਕੇ ਸੰਤ ਫਤਹਿ ਸਿੰਘ ਨਾਲ ਗੱਲਬਾਤ ਦੌਰਾਨ ਹੁਕਮਰਾਨ ਧਿਰ ਪੂਰੀ ਤਰ੍ਹਾਂ ਦੱਬੀ ਹੋਈ ਨਜ਼ਰ ਆਈ। ਪਰ ਦਬਾਅ ਹੇਠ ਆਏ ਹੋਣ ਦੇ ਬਾਵਜੂਦ ਹਿੰਦੂ ਹਾਕਮ ਸਿੱਖ ਕੌਮ ਪ੍ਰਤੀ ਨਹਿਰੂ ਦੁਆਰਾ ਨਿਰਧਾਰਤ ਕੀਤੀ ਪਹੁੰਚ ਅਤੇ ਨੀਤੀ ਉੱਤੇ ਹੀ ਵਫ਼ਾਦਾਰੀ ਨਾਲ ਪਹਿਰਾ ਦੇਣ ਦੀ ਸੋਚ 'ਤੇ ਅੜੇ ਖੜੇ ਸਨ। ਫ਼ਰਕ ਸਿਰਫ਼ ਇਹ ਸੀ ਕਿ ਨਹਿਰੂ ਦੇ ਹੰਕਾਰ-ਗੁਸੇ ਰਵਈਏ ਦੇ ਉਲਟ, ਲਾਲ ਬਹਾਦਰ ਸ਼ਾਸਤਰੀ ਤੇ ਗੁਲਜ਼ਾਰੀ ਲਾਲ ਨੰਦਾ, ਨਵੀਂ ਬਦਲੀ ਹੋਈ ਹਾਲਤ ਅੰਦਰ, ਵਧੇਰੇ ਨਰਮ ਤੇ ਕੂਲੇ ਬਣ ਕੇ ਪੇਸ਼ ਹੋ ਰਹੇ ਸਨ। ਸੰਤ ਫਤਹਿ ਸਿੰਘ ਦੀ ਪਰਮੁੱਖ ਮੰਗ (ਪੰਜਾਬੀ ਸੂਬੇ ਦੀ ਸਥਾਪਨਾ) ਪ੍ਰਤੀ ਉਨ੍ਹਾਂ ਦਾ ਵਤੀਰਾ ਬਰਾਬਰ ਨਾਂਹ-ਪੱਖੀ ਅਤੇ ਟਰਕਾਊ ਸੀ। ਗੱਲਬਾਤ ਦੇ ਦੌਰਾਨ ਸੰਤ ਫਤਹਿ ਸਿੰਘ ਨੇ ਦਲੀਲ ਦੀ ਪੱਧਰ 'ਤੇ ਹਿੰਦੂ ਹਾਕਮਾਂ ਨੂੰ ਲਗਾਤਾਰ ਵਾਹਣੀਂ ਪਾਈ ਰੱਖਿਆ। ਉਸਨੇ ਆਪਣੀ ਔਖ ਤੇ ਨਾਰਾਜ਼ਗੀ ਪਰਗਟ ਕਰਨ ਵੇਲੇ ਕੋਈ ਲਿਹਾਜ਼ ਨਹੀਂ ਵਰਤੀ ਅਤੇ ਕੁਝ ਮੌਕਿਆਂ 'ਤੇ ਬਹੁਤ ਹੀ ਕਰਾਰਾ ਪ੍ਰਤੀਕਰਮ ਦਿਖਾਇਆ। ਉਸਨੇ ਭਾਰਤੀ ਹਾਕਮਾਂ ਦੀਆਂ ਫੋਕੀਆਂ ਯਕੀਨ ਦਹਾਨੀਆਂ ਤੇ ਚੋਪੜੀਆਂ ਗੱਲਾਂ ਉੱਤੇ ਪਿੱਜਣ ਤੋਂ ਕੋਰਾ ਇਨਕਾਰ ਕਰ ਦਿੱਤਾ।[13] ਸਿੱਟੇ ਵਜੋਂ ਲਗਾਤਾਰ ਦੋ ਦਿਨ ਦੋ ਗੇੜਾਂ ਵਿੱਚ ਹੋਈ ਗੱਲਬਾਤ ਬਿਨਾਂ ਕਿਸੇ ਨਤੀਜੇ ਦੇ ਖ਼ਤਮ ਹੋ ਗਈ। ਹਫ਼ਤੇ ਕੁ ਬਾਅਦ (16 ਅਗਸਤ) ਸੰਤ ਫਤਹਿ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਖੁੱਲ੍ਹੇ

ਵਿਹੜੇ ਵਿੱਚ ਜੁੜੀ ਵਿਸ਼ਾਲ ਸਿੱਖ ਸੰਗਤ ਨੂੰ ਸੰਬੋਧਨ ਕਰਦਿਆਂ ਹੋਇਆਂ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸਤਰੀ ਨਾਲ ਹੋਈ ਗੱਲਬਾਤ 'ਚੋਂ ਪੱਲੇ ਪਈ ਨਿਰਾਸ਼ਾ ਦੀ ਕਹਾਣੀ ਬਿਆਨ ਕੀਤੀ ਅਤੇ ਦੁਖੀ ਪਰ ਸ਼ਾਂਤ ਲਹਿਜੇ ਵਿੱਚ ਇਹ ਐਲਾਨ ਕੀਤਾ ਕਿ ਉਹ ਪੰਜਾਬੀ ਸੂਬੇ ਦੀ ਮੰਗ ਮਨਵਾਉਣ ਲਈ 10 ਸਤੰਬਰ ਨੂੰ ਮੁੜ ਮਰਨ ਵਰਤ ਆਰੰਭ ਕਰੇਗਾ ਅਤੇ ਮੰਗ ਨਾ ਮੰਨੇ ਜਾਣ ਦੀ ਸੂਰਤ ਵਿੱਚ ਵਰਤ ਦੇ ਸੋਲ੍ਹਵੇਂ ਦਿਨ ਆਪਣੇ ਆਪ ਨੂੰ ਅਗਨ ਭੇਟ ਕਰ ਦੇਵੇਗਾ। ਭਾਵੇਂ ਇਸ ਤੋਂ ਪੰਜ ਸਾਲ ਪਹਿਲਾਂ ਸੰਤ ਫਤਹਿ ਸਿੰਘ ਤੇ ਮਾਸਟਰ ਤਾਰਾ ਸਿੰਘ ਵੱਲੋਂ ਰੱਖੇ ਗਏ ਮਰਨ ਵਰਤਾਂ ਦਾ ਤਜਰਬਾ ਬਹੁਤਾ ਉਤਸ਼ਾਹੀ ਸਾਬਤ ਨਹੀਂ ਸੀ ਹੋਇਆ। ਪ੍ਰੰਤੂ ਇਸ ਵਾਰ ਮਰਨ ਵਰਤ ਦੇ ਨਾਲ ਆਪਣੇ ਆਪ ਨੂੰ ਅਗਨ ਭੇਟ ਕਰ ਦੇਣ ਦਾ ਨਵਾਂ ਤੱਤ ਸ਼ਾਮਲ ਹੋ ਜਾਣ ਕਰਕੇ ਸੰਤ ਫਤਹਿ ਸਿੰਘ ਦੇ ਇਸ ਐਲਾਨ ਨੇ ਨਾ ਸਿਰਫ਼ ਸਿੱਖ ਜਗਤ ਨੂੰ ਹਲੂਣ ਕੇ ਰੱਖ ਦਿੱਤਾ ਸਗੋਂ ਭਾਰਤੀ ਹਾਕਮਾਂ ਨੂੰ ਵੀ ਡਾਢਾ ਫ਼ਿਕਰ ਪਾ ਦਿੱਤਾ। ਏਨੇ ਨੂੰ ਅਗਸਤ ਦੇ ਅਖ਼ੀਰ ਵਿੱਚ, ਪਾਕਿਸਤਾਨ ਨਾਲ ਲੱਗਦੀ ਸਰਹੱਦ ਉੱਤੇ ਦੋਨੋਂ ਦੇਸਾਂ ਦੀਆਂ ਫ਼ੌਜਾਂ ਵਿਚਕਾਰ ਵੱਡੀਆਂ ਝੜਪਾਂ ਸ਼ੁਰੂ ਹੋ ਗਈਆਂ ਅਤੇ ਸਤੰਬਰ ਦੇ ਸ਼ੁਰੂ ਵਿੱਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਬਾਕਾਇਦਾ ਯੁੱਧ ਛਿੜ ਪਿਆ। ਇਹ ਯੁੱਧ ਸਿੱਖ ਸੰਘਰਸ਼ ਅਤੇ ਸਿੱਖ ਹਿਤਾਂ ਲਈ ਬੇਹੱਦ ਮਾਰੂ ਸਾਬਤ ਹੋਇਆ।

ਪਾਕਿਸਤਾਨੀ ਹਾਕਮਾਂ ਦਾ ਮੁੱਖ ਉਦੇਸ਼ ਭਾਵੇਂ ਕਸ਼ਮੀਰ ਨੂੰ ਭਾਰਤ ਦੇ ਕਬਜ਼ੇ ਤੋਂ ਮੁਕਤ ਕਰਾਉਣਾ ਸੀ ਪਰ ਇਸ ਉਦੇਸ਼ ਨੂੰ ਹਾਸਲ ਕਰਨ ਲਈ ਉਨ੍ਹਾਂ ਜੋ ਫ਼ੌਜੀ ਰਣਨੀਤੀ ਉਲੀਕੀ ਹੋਈ ਸੀ, ਉਸ ਅਨੁਸਾਰ ਪਾਕਿਸਤਾਨੀ ਫ਼ੌਜਾਂ ਨੇ ਪੂਰਬੀ ਪੰਜਾਬ ਅੰਦਰ ਡੂੰਘੀ ਪੇਸ਼ਕਦਮੀ ਕਰ ਕੇ ਪੰਜਾਬ ਦੇ ਵੱਡੇ ਖੇਤਰ ਉੱਤੇ ਆਪਣਾ ਕੰਟਰੋਲ ਸਥਾਪਤ ਕਰਨ ਦੇ ਮਨਸੂਬੇ ਘੜ ਰੱਖੇ ਸਨ। ਪੂਰਬੀ ਪੰਜਾਬ ਦੇ ਪਾਕਿਸਤਾਨ ਨਾਲ ਲੱਗਦੇ ਖੇਤਰ ਵਿੱਚ ਇਕ ਤਾਂ ਸਿੱਖਾਂ ਦੀ ਭਾਰੂ ਵਸੋਂ ਹੋਣ ਦੀ ਵਜ੍ਹਾ ਕਰਕੇ ਅਤੇ ਦੂਜਾ, ਸਿੱਖ ਪੰਥ ਦੀ ਸ਼ਰਧਾ ਦਾ ਕੇਂਦਰ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਇਸ ਖ਼ੇਤਰ ਵਿੱਚ ਆਉਂਦਾ ਹੋਣ ਕਰਕੇ, ਇਸ ਖ਼ਿੱਤੇ ਦਾ ਪਾਕਿਸਤਾਨੀ ਕਬਜ਼ੇ ਹੇਠ ਆ ਜਾਣਾ ਸਿੱਖ ਪੰਥ ਲਈ ਬੇਹੱਦ ਵਿਨਾਸ਼ਕਾਰੀ ਸਾਬਤ ਹੋਣਾ ਸੀ। ਸਿੱਖ ਮਨ ਅੰਦਰ ਅਠਾਰ੍ਹਵੀਂ ਸਦੀ ਵਿੱਚ ਮੁਗ਼ਲ ਰਾਜ ਹੇਠ ਅਕਹਿ ਜ਼ੁਲਮਾਂ ਦੀ ਯਾਦ ਤਾਜ਼ਾ ਹੋਣ ਸਦਕਾ ਅਜਿਹੀ ਮੰਦਹੋਣੀ ਦੀ ਕਲਪਨਾ ਨੇ ਹੀ ਸਮੁੱਚੇ ਸਿੱਖ ਜਗਤ ਅੰਦਰ ਪਾਕਿਸਤਾਨੀ ਹਾਕਮਾਂ ਦੇ ਇਨ੍ਹਾਂ ਮਨਸੂਬਿਆਂ ਨੂੰ ਭਾਂਜ ਦੇਣ ਦਾ ਤਿੱਖਾ ਸਰੋਕਾਰ ਅਤੇ ਜੋਸ਼ ਪੈਦਾ ਕਰ ਦਿੱਤਾ। ਇਕ ਲੜਾਕੂ ਅਤੇ ਜਾਂਬਾਜ਼ ਕੌਮ ਹੋਣ ਕਰਕੇ ਸਿੱਖ ਵੈਸੇ ਹੀ ਹਰ ਸੰਘਰਸ਼ ਅਤੇ ਜੰਗ ਦੇ ਮੈਦਾਨ ਅੰਦਰ ਕੁਰਬਾਨੀ ਤੇ ਸੂਰਮਗਤੀ ਦੇ ਜੌਹਰ ਦਿਖਾਉਣ ਵਿੱਚ ਅੱਵਲ ਮੰਨੇ ਜਾਂਦੇ ਹਨ ਪਰ ਜਦ ਉਨ੍ਹਾਂ ਦੇ ਧਰਮ ਤੇ ਹਸਤੀ ਨੂੰ ਸਿੱਧਾ ਖ਼ਤਰਾ ਖੜਾ ਹੋ ਜਾਵੇ ਤਾਂ ਉਨ੍ਹਾਂ ਅੰਦਰ ਗ਼ਜ਼ਬ ਦਾ ਜੋਸ਼ ਅਤੇ ਰੋਹ ਪੈਦਾ ਹੋ ਜਾਂਦਾ ਹੈ। ਸਤੰਬਰ 1965 ਦੀ ਜੰਗ ਦੌਰਾਨ ਸਿੱਖਾਂ ਨੇ ਫ਼ੌਜੀ ਅਤੇ ਗ਼ੈਰ-ਫ਼ੌਜੀ, ਦੋਨੋਂ ਹੀ ਖੇਤਰਾਂ ਅੰਦਰ ਪਾਕਿਸਤਾਨ ਵਿਰੁੱਧ ਅਜਿਹੇ ਹੀ ਜੋਸ਼ ਤੇ ਜਜ਼ਬੇ ਦਾ ਮੁਜ਼ਾਹਰਾ ਕੀਤਾ। ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਜੇਕਰ ਪੂਰੀ ਦੀ ਪੂਰੀ ਸਿੱਖ ਕੌਮ ਨੇ ਇਸ ਜੰਗ ਨੂੰ ਜ਼ਿੰਦਗੀ ਅਤੇ ਮੌਤ ਦਾ ਸੁਆਲ ਬਣਾ ਕੇ ਨਾ ਲੜਿਆ ਹੁੰਦਾ ਤਾਂ ਭਾਰਤੀ ਹਾਕਮਾਂ ਲਈ ਪਾਕਿਸਤਾਨੀ ਮਨਸੂਬਿਆਂ ਨੂੰ ਭਾਂਜ ਦੇਣਾ ਕਤਈ ਤੌਰ 'ਤੇ ਸੰਭਵ ਨਹੀਂ ਸੀ ਹੋਣਾ।

ਪ੍ਰੰਤੂ ਇਸ ਸਥਿਤੀ ਦਾ ਦੁਖਦਾਈ ਪਹਿਲੂ ਇਹ ਸੀ ਕਿ ਸਿੱਖ ਕੌਮ ਨੇ ਭਾਰਤੀ ਹਾਕਮਾਂ ਲਈ ਪਾਕਿਸਤਾਨ ਉੱਤੇ ਸੈਨਿਕ ਜਿੱਤ ਹਾਸਲ ਕਰਨ ਦਾ ਕਾਰਜ ਤਾਂ ਭਲੇ ਹੀ ਸਹਿਲ ਬਣਾ ਦਿੱਤਾ ਲੇਕਿਨ ਉਸ ਨੂੰ ਖ਼ੁਦ ਰਾਜਨੀਤਕ ਮੋਰਚੇ ਉੱਤੇ ਵੱਡੀ ਪਛਾੜ ਝੱਲਣੀ ਪੈ ਗਈ। ਜੰਗ ਦੇ ਮਾਹੌਲ ਵਿੱਚ ਸੰਤ ਫਤਹਿ ਸਿੰਘ ਨੂੰ ਆਪਣੇ ਮਰਨ ਵਰਤ

ਅਤੇ ਅਗਨ ਭੇਂਟ ਹੋਣ ਦੇ ਫ਼ੈਸਲੇ ਤੋਂ ਪਿਛਾਂਹ ਹਟਣਾ ਪੈ ਗਿਆ। ਪਾਕਿਸਤਾਨ ਨਾਲ ਜੰਗ ਦੇ ਖ਼ਤਰੇ ਨੇ ਭਾਰਤੀ ਹਾਕਮਾਂ ਨੂੰ ਜਿਸ ਕਦਰ ਪੋਲੇ ਪਾ ਦਿੱਤਾ ਹੋਇਆ ਸੀ, ਜੇਕਰ ਅਕਾਲੀ ਲੀਡਰਸ਼ਿਪ ਨੇ ਥੋੜ੍ਹੀ ਜਿਹੀ ਵੀ ਸਿਆਸਤਕਾਰੀ ਤੋਂ ਕੰਮ ਲਿਆ ਹੁੰਦਾ ਤਾਂ ਸੰਕਟ 'ਚ ਘਿਰੇ ਹਾਕਮਾਂ ਕੋਲੋਂ ਪੰਜਾਬੀ ਸੂਬੇ ਸਬੰਧੀ ਯਕੀਨਨ ਹੀ ਠੋਸ ਵਾਅਦਾ ਵਸੂਲਿਆ ਜਾ ਸਕਦਾ ਸੀ। ਪਰ ਹਮੇਸ਼ਾ ਵਾਂਗ ਇੱਥੇ ਫਿਰ ਅਕਾਲੀ ਆਗੂ ਹਿੰਦੂ ਲੀਡਰਸ਼ਿਪ ਦੇ ਮੁਕਾਬਲੇ ਘੱਟ ਅਕਲਮੰਦ ਅਤੇ ਅਨਾੜੀ ਸਾਬਤ ਹੋਏ। 6 ਸਤੰਬਰ ਨੂੰ ਜਦ ਬਾਕਾਇਦਾ ਰੂਪ 'ਚ ਜੰਗ ਭੜਕ ਪਈ ਤਾਂ ਭਾਰਤ ਦੇ ਗ੍ਰਹਿ ਮੰਤਰੀ (ਗੁਲਜ਼ਾਰੀ ਲਾਲ ਨੰਦਾ) ਨੇ ਉਸ ਦਿਨ ਇਹ ਕਹਿ ਕੇ ਸੰਤ ਫਤਹਿ ਸਿੰਘ ਨੂੰ ਆਪਣਾ ਮਰਨ ਵਰਤ ਰੱਖਣ ਦਾ ਫ਼ੈਸਲਾ ਤਿਆਗਣ ਦੀ ਅਪੀਲ ਕੀਤੀ ਕਿ ਭਾਰਤ ਸਰਕਾਰ ਪੰਜਾਬੀ ਸੂਬੇ ਬਾਰੇ "ਖੁੱਲ੍ਹੇ ਮਨ ਨਾਲ ਗੱਲਬਾਤ ਕਰਨ ਲਈ ਤਿਆਰ ਹੈ।"[14] ਸੰਤ ਫਤਹਿ ਸਿੰਘ ਨੇ ਇਸ ਅਪੀਲ ਦੇ ਜੁਆਬ ਵਿੱਚ ਇਕ ਪੰਜ ਮੈਂਬਰੀ ਵਫ਼ਦ ਤੁਰੰਤ ਗ੍ਰਹਿ ਮੰਤਰੀ ਨਾਲ ਗੱਲਬਾਤ ਕਰਨ ਲਈ ਭੇਜਿਆ। ਵਫ਼ਦ ਨੇ 8 ਸਤੰਬਰ ਨੂੰ ਗ੍ਰਹਿ ਮੰਤਰੀ ਨਾਲ ਗੱਲਬਾਤ ਕਰਕੇ ਸੰਤ ਫਤਹਿ ਸਿੰਘ ਨੂੰ ਦੱਸਿਆ ਕਿ ਗ੍ਰਹਿ ਮੰਤਰੀ ਨੇ ਉਨ੍ਹਾਂ ਨੂੰ ਪੰਜਾਬੀ ਸੂਬੇ ਦੀ ਮੰਗ ਸਬੰਧੀ 'ਪੱਕਾ ਯਕੀਨ' ਦੁਆਇਆ ਹੈ।[15] ਬੱਸ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਇਸੇ ਅਲਿਖਤੀ ਯਕੀਨਦਹਾਨੀ ਦੇ ਆਧਾਰ 'ਤੇ ਹੀ ਸੰਤ ਫਤਹਿ ਸਿੰਘ ਨੂੰ ਵਰਤ ਰੱਖਣ ਦਾ ਪ੍ਰੋਗਰਾਮ ਮੁਲਤਵੀ ਕਰਨ ਦਾ ਮਸ਼ਵਰਾ ਦੇ ਦਿੱਤਾ ਜੋ ਸੰਤ ਜੀ ਨੇ ਖ਼ੁਸ਼ੀ ਖ਼ੁਸ਼ੀ ਪਰਵਾਨ ਕਰ ਲਿਆ।[16] ਜਦ ਕਿ ਇਸ ਤੋਂ ਪਹਿਲਾਂ, 31 ਅਗਸਤ ਨੂੰ, ਗਿਆਨੀ ਕਰਤਾਰ ਸਿੰਘ ਦੀ ਪ੍ਰੇਰਨਾ ਤਹਿਤ (ਜਿਸਦੀ ਉਦੋਂ ਤਕ ਕਾਂਗਰਸੀ ਵਜ਼ਾਰਤ ਤੋਂ ਛੁੱਟੀ ਹੋ ਚੁੱਕੀ ਸੀ) ਕਾਂਗਰਸ ਦੇ 15 ਵਿਧਾਇਕ ਇਕ ਪ੍ਰੈਸ ਬਿਆਨ ਰਾਹੀਂ ਕੇਂਦਰ ਸਰਕਾਰ ਕੋਲੋਂ ਇਹ ਮੰਗ ਕਰ ਚੁੱਕੇ ਸਨ ਕਿ ਉਸਨੂੰ ਪੰਜਾਬੀ ਸੂਬੇ ਦੀ ਮੰਗ ਨੂੰ ਅਸੂਲੀ ਤੌਰ 'ਤੇ ਪਰਵਾਨ ਕਰ ਲੈਣ ਦਾ ਐਲਾਨ ਕਰ ਦੇਣਾ ਚਾਹੀਦਾ ਹੈ।[17] (ਤਾਂ ਜੋ ਪਾਕਿਸਤਾਨ ਨਾਲ ਜੰਗ ਦੀ ਸੂਰਤ ਵਿੱਚ ਸਿੱਖ ਭਾਈਚਾਰਾ ਸੰਤੁਸ਼ਟ ਮਨ ਨਾਲ ਆਪਣਾ ਕਰਤਵ ਨਿਭਾ ਸਕੇ)। ਪਰ ਕੇਂਦਰੀ ਹਾਕਮਾਂ ਨੇ ਆਪਣੇ ਹੀ ਵਿਧਾਇਕਾਂ ਦੇ ਇਸ ਵਾਜਬ ਮਸ਼ਵਰੇ ਉੱਤੇ ਕੰਨ ਧਰਨ ਦੀ ਬਜਾਇ, ਸਿੱਖਾਂ ਨੂੰ 'ਸੰਤੁਸ਼ਟ ਕਰਨ' ਦਾ ਆਪਣਾ ਪਰਖਿਆ-ਅਜ਼ਮਾਇਆ ਨੁਸਖ਼ਾ ਵਰਤਾ ਦਿੱਤਾ। ਇਕ ਸਰਕਾਰ-ਨਿਵਾਜ਼ ਸਿੱਖ (ਸ: ਉੱਜਲ ਸਿੰਘ) ਨੂੰ ਪੰਜਾਬ ਦਾ ਗਵਰਨਰ ਥਾਪ ਦਿੱਤਾ ਗਿਆ ਤਾਂ ਜੋ ਸਿੱਖ ਜਗਤ ਪੰਜਾਬੀ ਸੂਬੇ ਦੀ ਗੱਲ ਭੁਲਾ ਕੇ ਇਸ 'ਛਣਕਣੇ' ਨਾਲ ਮਨ ਬਹਿਲਾ ਲਏ!

## ਪੰਜਾਬੀ ਸੂਬੇ ਦੀ ਸਥਾਪਨਾ

ਪੰਜਾਬੀ ਸੂਬੇ ਦੀ ਮੰਗ ਮੰਨਣ ਤੋਂ ਹੋਰ ਵੱਧ ਟਾਲਾ ਵੱਟ ਸਕਣਾ ਭਾਰਤੀ ਹਾਕਮਾਂ ਦੇ ਵੱਸ ਦੀ ਗੱਲ ਨਹੀਂ ਸੀ ਰਹੀ। ਜੰਗ ਦਾ ਨਿਬੇੜਾ ਹੁੰਦਿਆਂ ਹੀ ਗ੍ਰਹਿ ਮੰਤਰੀ ਨੇ 28 ਸਤੰਬਰ 1965 ਨੂੰ ਲੋਕ ਸਭਾ ਅੰਦਰ ਬੋਲਦਿਆਂ ਹੋਇਆਂ ਇਹ ਭਰੋਸਾ ਮੁੜ ਦੁਹਰਾਇਆ ਕਿ ਸਰਕਾਰ ਪੰਜਾਬੀ ਸੂਬੇ ਦੇ ਸਮੁੱਚੇ ਮਾਮਲੇ ਨੂੰ ਨਵੇਂ ਸਿਰਿਓਂ ਘੋਖਣ ਅਤੇ ਵਿਚਾਰਨ ਲਈ ਤਿਆਰ ਹੈ। ਇਸ ਮਕਸਦ ਲਈ ਉਨ੍ਹਾਂ ਲੱਗਦੇ ਹੱਥ ਇਕ ਕੇਂਦਰੀ ਕੈਬਨਿਟ ਦੀ ਸਬ-ਕਮੇਟੀ ਅਤੇ ਦੂਜਾ ਲੋਕ ਸਭਾ ਦੇ ਸਪੀਕਰ ਸ: ਹੁਕਮ ਸਿੰਘ ਦੀ ਪ੍ਰਧਾਨਗੀ ਹੇਠ ਪਾਰਲੀਮੈਂਟ ਦੇ ਦੋਵਾਂ ਸਦਨਾਂ ਦੇ ਮੈਂਬਰਾਂ 'ਤੇ ਆਧਾਰਤ ਪਾਰਲੀਮਾਨੀ ਸਲਾਹਕਾਰ ਕਮੇਟੀ ਸਥਾਪਤ ਕਰਨ ਦਾ ਐਲਾਨ ਕਰ ਦਿੱਤਾ।

ਸੋ ਇਸ ਤਰ੍ਹਾਂ ਜੰਗ ਦੇ ਖ਼ਤਮ ਹੁੰਦਿਆਂ ਹੀ ਪੰਜਾਬੀ ਸੂਬੇ ਦੀ ਗੱਲ ਤਾਂ ਰੇੜ੍ਹੇ ਪੈ ਗਈ ਪ੍ਰੰਤੂ ਮਾਸਟਰ ਤਾਰਾ ਸਿੰਘ ਦੁਆਰਾ ਪਾਕਿਸਤਾਨ ਨਾਲ ਦੋਸਤਾਨਾ ਸਬੰਧ ਗੰਢਣ ਦੀ ਕੀਤੀ ਗਈ ਸੁਲੱਖਣੀ ਸ਼ੁਰੂਆਤ ਨੂੰ ਜੰਗ ਨੇ ਅਜਿਹਾ ਧੱਕਾ ਲਾਇਆ ਕਿ ਆਉਣ ਵਾਲੇ ਲੰਮੇ ਸਮੇਂ ਤਕ, ਕੋਈ ਵੀ ਅਕਾਲੀ ਆਗੂ ਜਾਂ ਸਿੱਖ ਵਿਦਵਾਨ, ਮਾਸਟਰ ਤਾਰਾ ਸਿੰਘ ਵੱਲੋਂ ਸੁਝਾਈ ਇਸ ਸੇਧ ਦੀ ਪੈਰਵਾਈ ਕਰਨ ਦਾ ਹੌਸਲਾ ਨਾ ਕਰ ਸਕਿਆ। ਖ਼ੁਦ ਮਾਸਟਰ ਅਕਾਲੀ ਦਲ ਦੇ ਅੰਦਰ ਵਿਰੋਧੀ ਵਿਚਾਰ ਇਸ ਹੱਦ ਤਕ ਹਾਵੀ ਹੋ ਗਿਆ ਕਿ 1967 ਦੀਆਂ ਆਮ ਚੋਣਾਂ ਮੌਕੇ ਸ: ਕਪੂਰ ਸਿੰਘ ਦੁਆਰਾ ਲਿਖੇ ਗਏ ਅਤੇ ਮਾਸਟਰ ਦਲ ਦੀ ਤਰਫ਼ੋਂ ਜਾਰੀ ਕੀਤੇ ਗਏ ਚੋਣ ਮਨੋਰਥ-ਪੱਤਰ ਅੰਦਰ ਪਾਕਿਸਤਾਨ ਪ੍ਰਤੀ ਨਫ਼ਰਤ ਤੇ ਦੁਸ਼ਮਣੀ ਦੀ ਸੇਧ ਦੀ ਨੰਗੀ ਵਜ਼ਾਹਤ ਕੀਤੀ ਗਈ।[18] ਹਿੰਦੂਵਾਦੀ ਦ੍ਰਿਸ਼ਟੀਕੋਣ ਤੋਂ ਪ੍ਰਭਾਵਿਤ ਇਸ ਸੋਚ-ਧਾਰਾ ਦੀ ਸਿੱਖ ਰਾਜਨੀਤੀ ਉੱਤੇ ਪਈ ਹੋਈ ਕੀਲਵੀਂ ਜਕੜ ਉਸ ਵਕਤ ਕੁਝ ਢੈਲੀ ਪੈਣੀ ਸ਼ੁਰੂ ਹੋਈ ਜਦ ਅੱਸੀਵਿਆਂ ਦੇ ਦਹਾਕੇ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਰਾਹਨੁਮਾਈ ਹੇਠ ਸਿੱਖ ਸੰਘਰਸ਼ ਨੇ ਇਕ ਤਿੱਖਾ ਵਿਚਾਰਧਾਰਕ ਮੋੜਾ ਕੱਟਿਆ ਅਤੇ ਹਰ ਮਸਲੇ ਵਾਂਗ, ਪਾਕਿਸਤਾਨ ਨਾਲ ਸਬੰਧਾਂ ਦੇ ਮਸਲੇ ਨੂੰ ਵੀ ਹਿੰਦੂ ਦ੍ਰਿਸ਼ਟੀਕੋਣ ਤੋਂ ਲਾਂਭੇ ਹੱਟ ਕੇ ਸਿੱਖ ਹਿਤਾਂ ਦੇ ਨੁਕਤਾ-ਨਜ਼ਰ ਤੋਂ ਦੇਖਣ ਤੇ ਨਜਿੱਠਣ ਦੀ ਰੁਚੀ ਪ੍ਰਫੁਲਤ ਹੋਈ।

ਉੱਧਰ ਗ੍ਰਹਿ ਮੰਤਰੀ ਦੇ ਮੂੰਹੋਂ ਪੰਜਾਬੀ ਸੂਬੇ ਦੇ ਮਾਮਲੇ ਬਾਰੇ ਮੁੜ-ਵਿਚਾਰ ਕਰਨ ਅਤੇ ਇਸ ਸਬੰਧੀ ਦੋ ਕਮੇਟੀਆਂ ਸਥਾਪਤ ਕਰਨ ਦੀ ਗੱਲ ਨਿਕਲਣ ਦੀ ਦੇਰ ਸੀ ਕਿ ਹਿੰਦੂਪ੍ਰਸਤ ਤਾਕਤਾਂ ਭਾਰਤ ਸਰਕਾਰ ਦੇ ਇਨ੍ਹਾਂ ਯਤਨਾਂ ਨੂੰ ਥਾਏਂ ਜਾਮ ਕਰ ਦੇਣ ਦੇ ਮੰਤਵ ਨਾਲ ਯਕਦਮ ਹਰਕਤ ਵਿੱਚ ਆ ਗਈਆਂ। ਪੰਜਾਬ ਦੀਆਂ ਸਾਰੀਆਂ ਹਿੰਦੂ ਰਾਜਸੀ ਅਤੇ ਸਮਾਜਿਕ ਜਥੇਬੰਦੀਆਂ ਅਤੇ ਅਨਸਰਾਂ ਨੇ 'ਪੰਜਾਬੀ ਏਕਤਾ ਸੰਮਤੀ' ਦੇ ਦੰਭੀ ਫੱਟੇ ਹੇਠ ਇਕਜੁਟ ਹੋ ਕੇ ਪੰਜਾਬੀ ਸੂਬੇ ਦੀ ਸਥਾਪਨਾ ਦੀ ਤਜਵੀਜ਼ ਵਿਰੁੱਧ ਅੰਤਾਂ ਦੀ ਸ਼ੁਰੀਲੀ ਅਤੇ ਜ਼ਹਿਰੀਲੀ ਪਰਚਾਰ ਮੁਹਿੰਮ ਵਿੱਢ ਦਿੱਤੀ। ਪੰਜਾਬ ਦੇ ਕਾਂਗਰਸੀ ਮੁੱਖ ਮੰਤਰੀ (ਰਾਮ ਕਿਸ਼ਨ) ਸਮੇਤ ਕੁਝ ਸਰਕਰਦਾ ਕਾਂਗਰਸੀ ਸਿੱਖ ਆਗੂਆਂ (ਦਰਬਾਰਾ ਸਿੰਘ, ਗੁਰਦਿਆਲ ਸਿੰਘ ਢਿੱਲੋਂ ਤੇ ਤਰਲੋਚਨ ਸਿੰਘ ਰਿਆਸਤੀ ਆਦਿ) ਨੇ ਇਸ ਸਿੱਖ-ਦੋਖੀ ਕਰਮ ਵਿੱਚ ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਦਾ ਡਟਵਾਂ ਸਾਥ ਨਿਭਾਇਆ।[19] ਭਾਰਤ ਸਰਕਾਰ ਵੱਲੋਂ ਪੰਜਾਬੀ ਸੂਬੇ ਬਾਰੇ ਨਵੀਂ ਪਹਿਲ ਦਾ ਐਲਾਨ ਕਰਨ ਵੇਲੇ ਗ੍ਰਹਿ ਮੰਤਰੀ ਦਾ ਮਨ ਬਹੁਤਾ ਸਾਫ਼ ਨਹੀਂ ਸੀ। ਕੱਟੜ ਆਰੀਆ ਸਮਾਜੀ ਹੋਣ ਦੇ ਨਾਤੇ ਉਸਨੇ ਹਮੇਸ਼ਾ ਹੀ ਪੰਜਾਬੀ ਸੂਬੇ ਦੀ ਮੰਗ ਦਾ ਤਿੱਖਾ ਵਿਰੋਧ ਕੀਤਾ ਸੀ। ਉਹ ਕੇਂਦਰੀ ਹਕੂਮਤ ਅੰਦਰ ਆਰੀਆ ਸਮਾਜੀ ਲਾਬੀ ਦੇ ਮੁਖੀਏ ਵਜੋਂ ਜਾਣਿਆ ਜਾਂਦਾ ਸੀ ਜਿਸ ਨੇ ਸਿੱਖ ਹਿਤਾਂ ਨੂੰ ਢਾਹ ਲਾਉਣ ਲਈ ਕੋਈ ਵੀ ਮੌਕਾ ਖ਼ਾਲੀ ਨਹੀਂ ਸੀ ਜਾਣ ਦਿੱਤਾ। ਕੇਂਦਰੀ ਹਕੂਮਤ ਅੰਦਰ ਭਾਰੂ ਆਰੀਆ ਸਮਾਜੀ ਜੁੰਡਲੀ ਨੇ ਪੰਜਾਬੀ ਸੂਬੇ ਬਾਰੇ ਆਪਣੀ ਬੁਨਿਆਦੀ ਸਮਝ ਤੇ ਵਤੀਰੇ ਅੰਦਰ ਕੋਈ ਤਬਦੀਲੀ ਨਹੀਂ ਸੀ ਲਿਆਂਦੀ। ਹਾਂ, ਜਦ ਉਸਨੂੰ ਇਹ ਜਾਪਿਆ ਕਿ ਇਸ ਮੰਗ ਦਾ ਹੋਰ ਜ਼ਿਆਦਾ ਚਿਰ ਸਿੱਧੇ ਮੱਥੇ ਵਿਰੋਧ ਕਰ ਸਕਣਾ ਬਹੁਤਾ ਕਾਰਗਰ ਸਾਬਤ ਨਹੀਂ ਹੋਣ ਲੱਗਾ ਤਾਂ ਬ੍ਰਾਹਮਣਵਾਦੀ ਖ਼ਸਲਤ ਮੁਤਾਬਕ ਉਸਨੇ ਆਪਣੇ ਉਦੇਸ਼ ਦੀ ਪੂਰਤੀ ਲਈ ਆਪਣੇ ਪੈਂਤੜੇ ਅੰਦਰ ਲੁੜੀਂਦੀ ਸੋਧ ਤੇ ਤਬਦੀਲੀ ਕਰਨੀ ਜ਼ਰੂਰੀ ਸਮਝੀ। ਕੇਂਦਰੀ ਹਕੂਮਤ ਅੰਦਰ ਭਾਰੂ ਆਰੀਆ ਸਮਾਜੀ ਜੁੰਡਲੀ ਦੁਆਰਾ ਅਪਣਾਇਆ ਨਵਾਂ ਪੈਂਤੜਾ ਇਹ ਸੀ ਕਿ ਪੰਜਾਬੀ ਸੂਬੇ ਦੀ ਮੰਗ ਪ੍ਰਤੀ ਉਪਰੋਂ ਹਾਂ-ਪੱਖੀ ਪਹੁੰਚ ਦਾ ਪਰਭਾਵ ਦੇ ਕੇ, ਇਸ ਨੂੰ ਕਮੇਟੀਆਂ, ਕਮਿਸ਼ਨਾਂ ਤੇ ਵਾਰਤਾਲਾਪਾਂ ਦੇ ਗਧੀ-ਗੇੜ ਵਿੱਚ

ਪਾ ਕੇ ਇਸ ਦੇ ਸਾਹ ਸੂਤ ਲਏ ਜਾਣ। ਗ੍ਰਿਹ ਮੰਤਰੀ ਵੱਲੋਂ ਐਲਾਨ ਕੀਤੀਆਂ ਕਮੇਟੀਆਂ ਦੀ ਬਣਤਰ ਦਾ ਨਿਰਣਾ ਕਰਨ ਵੇਲੇ ਇਸ ਉਦੇਸ਼ ਤੇ ਰਣਨੀਤੀ ਨੂੰ ਪਰਮੁੱਖ ਰੱਖਿਆ ਗਿਆ ਸੀ। ਕੇਂਦਰੀ ਕੈਬਨਿਟ ਦੀ ਤਿੰਨ ਮੈਂਬਰੀ ਸਬ-ਕਮੇਟੀ ਵਿੱਚ ਸ਼੍ਰੀਮਤੀ ਇੰਦਰਾ ਗਾਂਧੀ (ਜੋ ਉਦੋਂ ਲਾਲ ਬਹਾਦਰ ਸ਼ਾਸਤਰੀ ਦੀ ਸਰਕਾਰ ਵਿੱਚ ਸੂਚਨਾ ਤੇ ਪ੍ਰਸਾਰਨ ਮੰਤਰੀ ਸੀ) ਨੂੰ ਸ਼ਾਮਲ ਕਰਨ ਦੇ ਉਦੇਸ਼ ਬਾਰੇ ਕਿਸੇ ਨੂੰ ਕੋਈ ਭੁਲੇਖਾ ਨਹੀਂ ਸੀ। ਇਸ ਤੱਥ ਤੋਂ ਹਰ ਕੋਈ ਜਾਣੂੰ ਸੀ ਕਿ ਇੰਦਰਾ ਗਾਂਧੀ ਸਿੱਖ ਕੌਮ ਪ੍ਰਤੀ ਬਾਪ ਦੁਆਰਾ ਅਪਣਾਈ ਤੁਅੱਸਬੀ ਪਹੁੰਚ ਉੱਤੇ ਹੀ ਕਰੜਾਈ ਨਾਲ ਪਹਿਰਾ ਦੇਣ ਲਈ ਬਜ਼ਿਦ ਸੀ। ਕਮੇਟੀ ਦੇ ਦੂਜੇ ਦੋਨੋਂ ਮੈਂਬਰ (ਵਾਈ.ਬੀ. ਚਵਾਨ ਤੇ ਮਹਾਂਵੀਰ ਤਿਆਗੀ) ਵੀ, ਕਿਸੇ ਵੀ ਹਿਸਾਬ ਨਾਲ ਸਿੱਖ ਹਿਤੈਸ਼ੀ ਨਹੀਂ ਸਨ। ਸ: ਹੁਕਮ ਸਿੰਘ ਦੀ ਪ੍ਰਧਾਨਗੀ ਹੇਠ ਪਾਰਲੀਮਾਨੀ ਕਮੇਟੀ ਬਣਾਉਣ ਦਾ ਨਿਰਣਾ ਵੀ ਇਸ ਪਰਭਾਵ ਹੇਠ ਹੀ ਲਿਆ ਗਿਆ ਸੀ ਕਿ ਉਹ ਪੰਜਾਬੀ ਸੂਬੇ ਦੀ ਤਜਵੀਜ਼ ਨੂੰ ਰੱਦਣ ਦਾ ਫ਼ੈਸਲਾ ਹੀ ਲੈਣਗੇ। ਹਿੰਦੂ ਹਾਕਮਾਂ ਦੁਆਰਾ ਸ: ਹੁਕਮ ਸਿੰਘ ਵਿੱਚ ਅਜਿਹਾ ਭਰੋਸਾ ਪ੍ਰਗਟਾਉਣ ਦੇ ਕਾਰਨ ਬੜੇ ਮਜ਼ਬੂਤ ਸਨ। ਕਿਉਂਕਿ ਇਹ ਹੁਕਮ ਸਿੰਘ ਹੀ ਸੀ ਜਿਸ ਨੇ 1956 ਵਿੱਚ ਅਕਾਲੀ ਦਲ ਦੇ ਕਾਂਗਰਸ ਪਾਰਟੀ ਅੰਦਰ ਰਲੇਵੇਂ ਦੀ ਵਕਾਲਤ ਅਤੇ ਵਿਚੋਲਗਿਰੀ ਕਰਦਿਆਂ ਹੋਇਆਂ, ਪੰਜਾਬੀ ਸੂਬੇ ਦੀ ਮੰਗ ਦੀ ਦਰਜਾ-ਘਟਾਈ ਕਰਕੇ ਇਸ ਨੂੰ 'ਖੇਤਰੀ ਫ਼ਾਰਮੂਲੇ' ਦੀ ਵਿਵਸਥਾ ਤਕ ਸੁੰਗੇੜ ਦਿੱਤਾ ਸੀ। ਇਸ ਦੇ ਸੇਵਾ-ਫਲ ਵਜੋਂ ਉਸ ਨੂੰ ਪੰਡਤ ਜਵਾਹਰ ਲਾਲ ਨਹਿਰੂ ਦੀ ਸਿਫ਼ਾਰਸ਼ 'ਤੇ ਲੋਕ ਸਭਾ ਦੇ ਡਿਪਟੀ ਸਪੀਕਰ ਦੇ ਅਹੁਦੇ ਨਾਲ ਨਿਵਾਜਿਆ ਗਿਆ ਸੀ। ਉਸ ਤੋਂ ਬਾਅਦ ਜਦ ਵੀ ਅਕਾਲੀ ਦਲ ਨੇ ਪੰਜਾਬੀ ਸੂਬੇ ਦੀ ਮੰਗ ਮਨਵਾਉਣ ਲਈ ਭਾਰਤੀ ਹਾਕਮਾਂ ਉੱਤੇ ਜਨਤਕ ਅਤੇ ਨੈਤਿਕ ਦਬਾਅ ਲਾਮਬੰਦ ਕੀਤਾ ਤਾਂ ਸ: ਹੁਕਮ ਸਿੰਘ, ਬਿਨਾਂ ਛੋਟ, ਸੰਕਟ 'ਚ ਘਿਰੇ ਹਿੰਦੂ ਹਾਕਮਾਂ ਦੀ ਮਦਦ ਲਈ ਬਹੁੜਦੇ ਰਹੇ। ਉਹੀ ਹੁਕਮ ਸਿੰਘ ਜੋ ਸਾਲਾਂ ਬੱਧੀ ਪੰਜਾਬੀ ਸੂਬੇ ਦੀ ਜ਼ੋਰਦਾਰ ਅਤੇ ਜਚਵੀਂ ਵਕਾਲਤ ਕਰਦੇ ਰਹੇ ਸਨ, ਜਦ ਮਾਸਟਰ ਤਾਰਾ ਸਿੰਘ ਦੁਆਰਾ ਰੱਖੇ ਮਰਨ ਵਰਤ ਮੌਕੇ 29 ਅਗਸਤ 1961 ਨੂੰ ਲੋਕ ਸਭਾ ਅੰਦਰ ਪੰਜਾਬੀ ਸੂਬੇ ਦੀ ਮੰਗ ਵਿਰੁੱਧ ਵਧ ਚੜ੍ਹ ਕੇ ਬੋਲੇ ਤਾਂ ਕਿੰਨੇ ਹੀ ਲੋਕਾਂ ਨੂੰ ਖ਼ੁਦ ਆਪਣੇ ਹੀ ਕੰਨਾਂ ਉੱਤੇ ਯਕੀਨ ਨਹੀਂ ਸੀ ਆਇਆ। ਆਪਣੀ ਜ਼ਮੀਰ ਨਾਲ ਖਿਲਵਾੜ ਕਰਦਿਆਂ ਹੋਇਆਂ ਸ: ਹੁਕਮ ਸਿੰਘ ਨੇ ਇਹ ਸ਼ਬਦ ਉਚਰੇ ਸਨ : "ਇਸ ਵੇਲੇ ਮੈਂ ਪੰਜਾਬੀ ਸੂਬਾ ਲੈਣ ਲਈ ਯਤਨ ਨਹੀਂ ਕਰਾਂਗਾ। ਹਿੰਦੂਆਂ ਤੇ ਸਿੱਖਾਂ ਵਿਚਕਾਰ ਫ਼ਿਰਕੂ ਸਦਭਾਵਨਾ ਮੇਰੇ ਵਾਸਤੇ ਭਾਸ਼ਾਈ ਰਾਜ ਦੀ ਕਿਸੇ ਵੀ ਮੰਗ ਨਾਲੋਂ ਵੱਧ ਪਿਆਰੀ ਹੈ।"[20] ਅਜਿਹੇ ਰੋਲ ਦੇ ਇਵਜ਼ ਵਿੱਚ ਸ: ਹੁਕਮ ਸਿੰਘ ਦੁਆਰਾ ਲੋਕ ਸਭਾ ਦੀ ਸਪੀਕਰੀ ਦੇ ਅਹੁਦੇ ਤਕ ਅੱਪੜਨਾ ਨਾ ਤਾਂ ਸਿੱਖ ਭਾਈਚਾਰੇ ਲਈ ਅਤੇ ਨਾ ਹੀ ਖ਼ੁਦ ਸਰਦਾਰ ਸਾਹਿਬ ਹੁਰਾਂ ਲਈ ਕੋਈ ਗੌਰਵ ਅਤੇ ਮਾਣ ਵਾਲੀ ਗੱਲ ਕਹੀ ਜਾ ਸਕਦੀ ਹੈ।

ਸੋ ਇਸ ਦ੍ਰਿਸ਼ਟੀ ਤੋਂ ਦੇਖਿਆਂ, ਭਾਰਤੀ ਹਾਕਮਾਂ ਨੇ ਸ: ਹੁਕਮ ਸਿੰਘ ਦੀ ਪ੍ਰਧਾਨਗੀ ਹੇਠ ਪਾਰਲੀਮਾਨੀ ਕਮੇਟੀ ਸਥਾਪਤ ਕਰਨ ਦਾ ਨਿਰਣਾ ਤਾਂ ਇਸ ਇਰਾਦੇ ਨਾਲ ਲਿਆ ਸੀ ਕਿ ਉਹ ਪੰਜਾਬੀ ਸੂਬੇ ਦੀ ਦ੍ਰਿੜ੍ਹ ਸਮਰਥਕ ਵਜੋਂ ਜਾਣੀ ਜਾਂਦੀ ਰਹੀ ਇਕ ਨਾਮਵਰ ਸਿੱਖ ਹਸਤੀ ਦੇ ਹੱਥੋਂ ਹੀ ਪੰਜਾਬੀ ਸੂਬੇ ਦੀ ਤਜਵੀਜ਼ ਦਾ ਘਾਤ ਕਰਵਾ ਕੇ ਇਸ 'ਸਿਰਦਰਦੀ' ਤੋਂ ਸਦੀਵੀ ਛੁਟਕਾਰਾ ਪਾ ਲੈਣਗੇ। ਬਾਅਦ ਵਿੱਚ ਇਸ ਗੱਲ ਦੀ ਪੁਸ਼ਟੀ ਕਰਦਿਆਂ ਹੋਇਆਂ ਸ: ਹੁਕਮ ਸਿੰਘ ਹੁਰਾਂ ਖ਼ੁਦ ਇਹ ਮੰਨਿਆ ਕਿ "ਸਰਕਾਰ ਦਾ ਇਰਾਦਾ ਮੈਨੂੰ ਆਪਣੇ ਭਾਈਚਾਰੇ ਵਿਰੁੱਧ ਵਰਤਣ, ਵਿਰੋਧੀ ਰਿਪੋਰਟ ਲੈਣ ਅਤੇ (ਪੰਜਾਬੀ ਸੂਬੇ ਦੀ) ਮੰਗ ਨੂੰ ਰੱਦ ਕਰ ਦੇਣ ਦਾ ਸੀ।"[21] ਪ੍ਰੰਤੂ ਸ: ਹੁਕਮ ਸਿੰਘ ਦਾ ਰਾਜਨੀਤਕ ਵਿਵੇਕ

ਇਕ ਵੱਖਰੇ ਰੋਲ ਲਈ ਪ੍ਰੇਰ ਰਿਹਾ ਸੀ। ਸਿੱਖ ਭਾਈਚਾਰੇ ਦਾ ਅੰਗ ਤੇ ਬੁੱਧੀਮਾਨ ਸ਼ਖ਼ਸ ਹੋਣ ਕਰਕੇ ਸ: ਹੁਕਮ ਸਿੰਘ, ਸਿੱਖ ਪੰਥ ਅੰਦਰ ਵਗ ਰਹੇ ਰਾਜਸੀ ਰੌਅ ਦੀ ਹਿੰਦੂ ਹਾਕਮਾਂ ਨਾਲੋਂ ਕਿਤੇ ਵੱਧ ਡੂੰਘੀ ਸੋਝੀ ਰਖਦਾ ਸੀ। ਪਾਕਿਸਤਾਨ ਨਾਲ ਜੰਗ ਤੋਂ ਪਹਿਲਾਂ ਮਾਸਟਰ ਤਾਰਾ ਸਿੰਘ ਤੇ ਉਨ੍ਹਾਂ ਦੇ ਦਲ ਵੱਲੋਂ ਲਈਆਂ ਗਈਆਂ ਗਰਮ-ਖ਼ਿਆਲੀ ਪੋਜ਼ੀਸ਼ਨਾਂ ਸਿੱਖ ਪੰਥ ਅੰਦਰਲੇ ਇਕ ਗਿਣਨ ਯੋਗ ਵਰਗ ਦੇ ਰਾਜਸੀ ਵਿਚਾਰਾਂ ਅੰਦਰ ਆਈ ਤਿੱਖੀ ਤਬਦੀਲੀ ਦੀ ਦੱਸ ਪਾਉਂਦੀਆਂ ਸਨ। ਸੰਤ ਫਤਹਿ ਸਿੰਘ ਨੂੰ ਸਿੱਖ ਜਗਤ ਵੱਲੋਂ ਮਿਲਿਆ ਜ਼ੋਰਦਾਰ ਸਮਰਥਨ ਪੰਥ ਅੰਦਰ ਪੰਜਾਬੀ ਸੂਬੇ ਦੇ ਪੱਖ ਵਿੱਚ ਪੈਦਾ ਹੋਏ ਜ਼ਬਰਦਸਤ ਉਭਾਰ ਦਾ ਸੂਚਕ ਸੀ। ਇਕ ਚੁਸਤ-ਬੁੱਧ ਵਿਦਵਾਨ ਹੋਣ ਦੇ ਨਾਤੇ ਸ: ਹੁਕਮ ਸਿੰਘ ਲਈ ਇਹ ਗੱਲ ਸਮਝਣੀ ਔਖੀ ਨਹੀਂ ਸੀ ਕਿ ਜੇਕਰ ਸਿੱਖ ਕੌਮ ਦੁਆਰਾ ਜੰਗ ਦੌਰਾਨ ਪ੍ਰਗਟਾਈ ਗਈ ਲੋਹੜੇ ਦੀ ਵੀਰਤਾ ਤੇ ਗਰਮਜ਼ੋਸ਼ੀ ਦੇ ਇਵਜ਼ ਵਿੱਚ ਜੰਗ ਤੋਂ ਬਾਅਦ ਪੰਜਾਬੀ ਸੂਬੇ ਦੀ ਸਥਾਪਨਾ ਤੋਂ ਇਨਕਾਰ ਜਾਂ ਆਨਾ-ਕਾਨੀ ਵਾਲੀ ਕੋਈ ਗੱਲ ਕੀਤੀ ਗਈ ਤਾਂ ਸਿੱਖ ਕੌਮ ਦੇ ਵੱਡੇ ਹਿੱਸੇ ਹਤਾਸ਼ ਹੋ ਕੇ ਗਰਮ-ਖ਼ਿਆਲੀ ਪੋਜ਼ੀਸ਼ਨਾਂ ਵੱਲ ਉੱਲਰ ਜਾਣਗੇ। ਸ: ਹੁਕਮ ਸਿੰਘ ਵਰਗੇ ਲੋਕ, ਜਿਨ੍ਹਾਂ ਦੇ ਹਿਤ ਕਾਇਮ-ਮੁਕਾਮ ਵਿਵਸਥਾ ਨਾਲ ਗੂੜ੍ਹੀ ਤਰ੍ਹਾਂ ਜੁੜੇ ਹੋਏ ਸਨ, ਅਜਿਹੀ 'ਗਰਮ' ਹਵਾ ਤੋਂ ਬੁਰੀ ਤਰ੍ਹਾਂ ਤ੍ਰਹਿੰਦੇ ਸਨ। ਕਿਉਂਕਿ ਭਾਰਤੀ ਹਾਕਮਾਂ ਦੀ ਨਜ਼ਰ ਵਿੱਚ ਉਨ੍ਹਾਂ ਦਾ ਜੇਕਰ ਕੋਈ ਮੁੱਲ ਸੀ ਤਾਂ ਇਹ ਉਨ੍ਹਾਂ ਦੀ ਸਿੱਖਾਂ ਨੂੰ ਭਾਰਤੀ ਹਾਕਮਾਂ ਦੇ ਆਗਿਆਕਾਰੀ ਬਣਾਈ ਰੱਖਣ ਦੀ ਰਾਜਨੀਤਕ ਜੁਗਤ ਤੇ ਸਮਰੱਥਾ ਸਦਕਾ ਹੀ ਸੀ। ਸਿੱਖ ਜਗਤ ਅੰਦਰ ਆਪਣੀ ਆਜ਼ਾਦੀ ਦੀ ਸੋਝੀ ਤੇ ਜਜ਼ਬੇ ਦੇ ਜ਼ੋਰ ਫੜ ਜਾਣ ਨਾਲ ਪੰਥ ਅੰਦਰਲੇ ਉਸ ਵਰਗ ਦੇ ਹਿਤਾਂ ਨੂੰ ਸਿੱਧੀ ਸੱਟ ਵੱਜਦੀ ਸੀ ਜੋ ਭਾਰਤੀ ਹਾਕਮਾਂ ਨਾਲ ਯਰਾਨੇ ਦੀ ਰਾਜਨੀਤੀ ਦਾ ਝੁਕਾਅ ਰਖਦਾ ਸੀ। ਇਸ ਕਰਕੇ ਇਹ ਵਰਗ ਅਜਿਹੀ 'ਮੰਦਹੋਣੀ' ਨੂੰ ਟਾਲਣ ਲਈ ਭਾਰਤੀ ਹਾਕਮਾਂ ਨਾਲੋਂ ਵੀ ਵਧੇਰੇ ਚਿੰਤਤ ਅਤੇ ਉਤਾਵਲਾ ਸੀ। ਸ: ਹੁਕਮ ਸਿੰਘ ਤੇ ਉਸਦੇ ਹਮਖ਼ਿਆਲ ਸਾਥੀਆਂ ਨੂੰ ਇਹ ਸਮਝਣ ਵਿੱਚ ਰਤੀ ਦੇਰ ਨਹੀਂ ਲੱਗੀ ਕਿ ਜੇਕਰ ਪੰਜਾਬੀ ਸੂਬੇ ਦਾ ਮਸਲਾ ਛੇਤੀ ਹੱਲ ਨਾ ਕੀਤਾ ਗਿਆ ਤਾਂ ਸਿੱਖ ਪੰਥ ਅੰਦਰ ਗਰਮ-ਖ਼ਿਆਲੀ ਵਿਚਾਰਾਂ ਦੇ ਪਰਵਾਹ ਨੂੰ ਰੋਕਣਾ ਨਾ ਸਿਰਫ਼ ਮੁਸ਼ਕਲ ਸਗੋਂ ਨਾਮੁਮਕਿਨ ਹੋ ਜਾਵੇਗਾ। ਪਾਰਲੀਮਾਨੀ ਕਮੇਟੀ ਦੀ ਸਥਾਪਨਾ ਬਾਰੇ ਗ੍ਰਹਿ ਮੰਤਰੀ ਦੇ ਐਲਾਨ ਨੇ ਸ: ਹੁਕਮ ਸਿੰਘ ਲਈ ਸਿੱਖ ਭਾਵਨਾਵਾਂ ਨੂੰ ਤ੍ਰਿਪਤ ਕਰਨ ਦਾ ਇਕ ਸੁਨਹਿਰੀ ਮੌਕਾ ਸਿਰਜ ਦਿੱਤਾ ਸੀ ਅਤੇ ਇਕ ਪ੍ਰੌੜ੍ਹ ਰਾਜਨੀਤੀਵਾਨ ਹੋਣ ਦੇ ਨਾਤੇ ਉਹ ਇਸ ਮੌਕੇ ਨੂੰ ਕਿਸੇ ਵੀ ਸੂਰਤ ਅਜਾਈਂ ਨਹੀਂ ਸੀ ਜਾਣ ਦੇਣਾ ਚਾਹੁੰਦਾ। ਉਸ ਨੇ ਕਮੇਟੀ 'ਚ ਸ਼ਾਮਲ ਕਰਨ ਲਈ ਦੋਵੇਂ ਸਦਨਾਂ ਦੇ ਮੈਂਬਰਾਂ ਦੀ ਜਿਸ ਹਿਸਾਬ ਨਾਲ ਚੋਣ ਕੀਤੀ, ਉਸ 'ਚੋਂ ਭਾਰਤੀ ਹਾਕਮਾਂ ਨੂੰ ਉਸਦੇ ਇਰਾਦਿਆਂ ਬਾਰੇ ਕੋਈ ਸ਼ੱਕ-ਸੁਬ੍ਹਾ ਨਹੀਂ ਸੀ ਰਿਹਾ। ਸ: ਹੁਕਮ ਸਿੰਘ ਦੇ ਇਨ੍ਹਾਂ ਬਦਲੇ ਹੋਏ ਤੇਵਰਾਂ ਨੂੰ ਦੇਖ ਕੇ ਹਿੰਦੂ ਹਾਕਮਾਂ ਦੇ ਸਿਰ ਚਕਰਾ ਗਏ। ਘਬਰਾਏ ਹੋਏ ਗ੍ਰਹਿ ਮੰਤਰੀ ਨੇ ਆਪਣੇ ਐਲਾਨ ਤੋਂ ਪਿੱਛੇ ਹਟਣ ਦੀ ਨਾਕਾਮ ਕੋਸ਼ਿਸ਼ ਕਰਦਿਆਂ ਹੋਇਆਂ ਪਾਰਲੀਮਾਨੀ ਕਮੇਟੀ ਦੇ ਦਰਜੇ ਤੇ ਅਧਿਕਾਰਾਂ ਬਾਰੇ ਇਕ ਵਿਵਾਦ-ਗ੍ਰਸਤ ਤੇ ਬਚਗ਼ਾਨਾ ਬਿਆਨ ਦੇ ਮਾਰਿਆ ਜਿਸ ਦੀ ਸ: ਹੁਕਮ ਸਿੰਘ ਨੇ ਪੈਂਦੀ ਸੱਟੇ ਹੀ ਖੁੰਬ ਠੱਪ ਦਿੱਤੀ ਅਤੇ ਹੱਥਲ ਹੋਏ ਗ੍ਰਹਿ ਮੰਤਰੀ ਨੂੰ ਛਿੱਥੇ ਪੈ ਕੇ ਆਪਣੇ ਬਿਆਨ ਤੋਂ ਤੁਰੰਤ ਪਿੱਛੇ ਹਟਣਾ ਪੈ ਗਿਆ।[12] ਕਮੇਟੀ ਦੀ ਸਥਾਪਨਾ ਨਾਲ ਸਭ ਤੋਂ ਵੱਧ ਸਦਮਾ ਇੰਦਰਾ ਗਾਂਧੀ ਨੂੰ ਪਹੁੰਚਿਆ। ਉਸਨੇ ਆਪਣੀ ਸਵੈ-ਜੀਵਨੀ (*My Truth*) ਅੰਦਰ ਆਪਣੀ ਘਬਰਾਹਟ ਦਾ ਵਰਣਨ ਕਰਦਿਆਂ ਲਿਖਿਆ ਕਿ "ਇਹ ਬਦਕਿਸਮਤੀ ਸੀ ਕਿ ਸ਼ਾਸਤਰੀ ਨੇ ਸ: ਹੁਕਮ ਸਿੰਘ ਨੂੰ ਪੰਜਾਬੀ

ਸੂਬੇ ਬਾਰੇ ਬਣਾਈ ਗਈ ਕਮੇਟੀ ਦਾ ਚੇਅਰਮੈਨ ਥਾਪ ਦਿੱਤਾ। ਸ: ਹੁਕਮ ਸਿੰਘ ਮੁੱਢ ਤੋਂ ਹੀ ਪੰਜਾਬੀ ਸੂਬੇ ਦੇ ਹੱਕ ਵਿੱਚ ਝੁਕਾਅ ਰਖਦੇ ਸਨ। ਜਦੋਂ ਮੈਨੂੰ ਪਤਾ ਲੱਗਾ ਕਿ ਪਾਰਲੀਮਾਨੀ ਕਮੇਟੀ ਪੰਜਾਬੀ ਸੂਬੇ ਦੇ ਹੱਕ ਵਿੱਚ ਰਿਪੋਰਟ ਦੇ ਰਹੀ ਹੈ ਤਾਂ ਮੈਂ ਸ੍ਰੀ ਚਵਾਨ ਕੋਲ ਗਈ। ਮੈਂ ਉਨ੍ਹਾਂ ਨੂੰ ਆਖਿਆ ਕਿ ਉਹ ਸ: ਹੁਕਮ ਸਿੰਘ ਨੂੰ ਰੋਕਣ ਕਿਉਂਕਿ ਜੇਕਰ ਇਕ ਵਾਰ ਕਮੇਟੀ ਨੇ ਪੰਜਾਬੀ ਸੂਬੇ ਦੇ ਹੱਕ ਵਿੱਚ ਨਿਰਣਾ ਦੇ ਦਿੱਤਾ ਤਾਂ ਸਰਕਾਰ ਇਸ ਤੋਂ ਕਿਵੇਂ ਪੱਲਾ ਛੁਡਾ ਸਕੇਗੀ?" ਇੰਦਰਾ ਗਾਂਧੀ ਨੇ ਭਾਰਤ ਦੇ ਹਿੰਦੂ ਹਾਕਮ ਵਰਗ ਉੱਤੇ ਪੰਜਾਬ ਦੇ ਹਿੰਦੂ ਵਰਗ ਦੇ ਰਾਜਨੀਤਕ ਪ੍ਰਭਾਵ ਤੇ ਦਬਾਉ ਦੀ ਹਕੀਕਤ ਦਾ ਇਕਬਾਲ ਕਰਦਿਆਂ ਹੋਇਆਂ ਸ਼ਰੇਆਮ ਇਹ ਗੱਲ ਆਖੀ ਕਿ "ਅਕਾਲੀ ਮੰਗ ਨੂੰ ਮੰਨ ਲੈਣ ਦਾ ਮਤਲਬ ਪ੍ਰਸਤਾਵਿਤ ਪੰਜਾਬੀ ਸੂਬੇ ਅੰਦਰਲੇ ਆਪਣੇ ਹਿੰਦੂ ਸਮਰਥਕਾਂ ਨੂੰ ਨਿਰਾਸ਼ ਕਰਨਾ ਹੋਵੇਗਾ।" ਇੰਦਰਾ ਗਾਂਧੀ ਸ੍ਰੀ ਚਵਾਨ ਨੂੰ ਲੈ ਕੇ ਤੁਰੰਤ ਸ੍ਰੀ ਸ਼ਾਸਤਰੀ ਪਾਸ ਪਹੁੰਚੀ। ਸ਼ਾਸਤਰੀ ਨੇ ਝੱਟ ਸ੍ਰੀ ਗੁਲਜ਼ਾਰੀ ਲਾਲ ਨੰਦਾ ਨੂੰ ਆਪਣੇ ਪਾਸ ਬੁਲਾਇਆ ਅਤੇ ਸ: ਹੁਕਮ ਸਿੰਘ ਨੂੰ ਟੈਲੀਫ਼ੋਨ ਰਾਹੀਂ ਆਪਣੀ ਚਿੰਤਾ ਤੋਂ ਜਾਣੂ ਕਰਾਇਆ। ਸ: ਹੁਕਮ ਸਿੰਘ ਨੇ ਪ੍ਰਧਾਨ ਮੰਤਰੀ ਅੱਗੇ ਆਪਣਾ ਪੱਖ ਪੇਸ਼ ਕੀਤਾ। ਬਾਅਦ ਵਿੱਚ ਲਿਖੇ ਇਕ ਲੇਖ ਵਿੱਚ ਸ: ਹੁਕਮ ਸਿੰਘ ਨੇ ਇਹ ਦਾਅਵਾ ਕੀਤਾ ਹੈ ਕਿ ਸ੍ਰੀ ਸ਼ਾਸਤਰੀ ਉਸਦੇ ਸਪਸ਼ਟੀਕਰਨ ਨਾਲ ਸੰਤੁਸ਼ਟ ਹੋ ਗਏ ਸਨ।[23]

ਪਰ ਇਹ ਮਸ਼ਲਾ ਅਜੇ ਕਿਸੇ ਤਣ-ਪੱਤਣ ਨਹੀਂ ਸੀ ਲੱਗਿਆ ਕਿ 11 ਜਨਵਰੀ, 1966 ਨੂੰ ਸ੍ਰੀ ਲਾਲ ਬਹਾਦਰ ਸ਼ਾਸਤਰੀ ਦੀ ਤਾਸ਼ਕੰਦ ਵਿਖੇ ਅਚਾਨਕ ਦਿਲ ਦਾ ਦੌਰਾ ਪੈ ਜਾਣ ਨਾਲ ਮੌਤ ਹੋ ਗਈ। ਸ੍ਰੀ ਸ਼ਾਸਤਰੀ ਦੀ ਮੌਤ ਉਪਰੰਤ ਕਾਂਗਰਸ ਅੰਦਰ ਛਿੜੀ ਤਿਖੀ ਅੰਦਰੂਨੀ ਕਸ਼ਮਕਸ਼ ਤੋਂ ਬਾਅਦ ਸ਼੍ਰੀਮਤੀ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਦੀ ਕੁਰਸੀ ਹਥਿਆਉਣ ਵਿੱਚ ਕਾਮਯਾਬ ਹੋ ਗਈ। ਪ੍ਰਧਾਨ ਮੰਤਰੀ ਬਣਦਿਆਂ ਹੀ ਉਸਨੇ ਪੰਜਾਬੀ ਸੂਬੇ ਬਾਰੇ ਪਾਰਲੀਮਾਨੀ ਕਮੇਟੀ ਹੱਥੋਂ ਪਹਿਲਕਦਮੀ ਹਥਿਆ ਲੈਣ ਦੀ ਮਨਸ਼ਾ ਨਾਲ ਸੰਤ ਫਤਹਿ ਸਿੰਘ ਨੂੰ ਇਕ ਪੱਤਰ ਲਿਖ ਕੇ ਕਿਹਾ ਕਿ ਕੇਂਦਰੀ ਕੈਬਨਿਟ ਦੀ ਸਬ-ਕਮੇਟੀ ਨਾਲ ਗੱਲਬਾਤ ਕਰਨ ਲਈ ਅਕਾਲੀ ਦਲ ਆਪਣੇ ਪ੍ਰਤੀਨਿਧ ਨਾਮਜ਼ਦ ਕਰੇ।

ਸੰਤ ਫਤਹਿ ਸਿੰਘ ਨੇ ਨਹਿਰੂ ਜਾਈ ਦੀ ਇਸ ਛਲਾਵੇ ਭਰੀ ਚਾਲ ਨੂੰ ਪਛਾਣਨ ਵਿੱਚ ਕੋਈ ਖ਼ਤਾ ਨਾ ਖਾਧੀ ਅਤੇ ਆਪਣੇ ਜੁਆਬੀ ਪੱਤਰ ਵਿੱਚ ਗੱਲਬਾਤ ਦੀ ਪੇਸ਼ਕਸ਼ ਦੋ ਟੁਕ ਰੂਪ 'ਚ ਠੁਕਰਾ ਦਿੱਤੀ।[24] ਪਰ ਪੰਜਾਬ ਦੀਆਂ ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਨੇ ਪੰਜਾਬੀ ਸੂਬੇ ਦੀ ਸਥਾਪਨਾ ਦਾ ਰਾਹ ਬੰਦ ਕਰਨ ਲਈ ਆਪਣੀ ਵਾਹ ਲਾਉਣੀ ਜਾਰੀ ਰੱਖੀ। ਲੁਧਿਆਣਾ ਸ਼ਹਿਰ ਦੇ ਚਾਲ੍ਹੀ ਹਿੰਦੂ ਸਨਅਤਕਾਰਾਂ ਨੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਨ ਤੋਂ ਬਾਅਦ ਪਾਰਲੀਮਾਨੀ ਕਮੇਟੀ ਦੇ ਚੇਅਰਮੈਨ ਨੂੰ ਭੇਜੀ ਇਕ ਤਾਰ ਰਾਹੀਂ ਖੁੱਲ੍ਹੇਆਮ ਇਹ ਧਮਕੀ ਦਿੱਤੀ ਕਿ ਜੇਕਰ ਪੰਜਾਬੀ ਸੂਬੇ ਦੀ ਤਜਵੀਜ਼ ਉੱਤੇ ਅਮਲ ਕੀਤਾ ਗਿਆ ਤਾਂ ਉਹ ਆਪਣੇ ਕਾਰੋਬਾਰ ਨੂੰ ਪੰਜਾਬ ਤੋਂ ਬਾਹਰ ਤਬਦੀਲ ਕਰਨ ਲਈ ਮਜਬੂਰ ਹੋ ਜਾਣਗੇ।[25] ਭਾਰਤੀ ਜਨਸੰਘ ਦੀ ਪੰਜਾਬ ਇਕਾਈ ਦੇ ਪ੍ਰਧਾਨ ਯਗਦੱਤ ਸ਼ਰਮਾ ਨੇ ਪੰਜਾਬੀ ਸੂਬੇ ਦੇ ਵਿਰੋਧ ਵਿੱਚ ਅੰਮ੍ਰਿਤਸਰ ਵਿਖੇ ਮਰਨ ਵਰਤ ਆਰੰਭ ਕਰਨ ਦਾ ਐਲਾਨ ਕਰ ਦਿੱਤਾ। ਲਗਭਗ ਸਮੁੱਚੇ ਪੰਜਾਬੀ ਹਿੰਦੂ ਬੁੱਧੀਜੀਵੀ ਤੇ ਵਪਾਰੀ ਵਰਗ ਨੇ ਆਖ਼ਰੀ ਦਮ ਤਕ ਪੰਜਾਬੀ ਸੂਬੇ ਦਾ ਵਿਰੋਧ ਕਰਨਾ ਜਾਰੀ ਰੱਖਿਆ, ਸਿਰਫ਼ ਅਤੇ ਸਿਰਫ਼ ਇਸ ਕਾਰਨ ਕਰਕੇ ਕਿ ਪੰਜਾਬੀ ਸੂਬਾ ਬਣਨ ਨਾਲ ਸਿੱਖ ਆਪਣੀ ਭਾਰੂ ਵਸੋਂ ਦੇ ਜ਼ੋਰ 'ਤੇ ਪੰਜਾਬ ਅੰਦਰ ਰਾਜਸੀ ਤਾਕਤ ਹਾਸਲ ਕਰ ਲੈਣਗੇ। ਹਿੰਦੂ ਮਨ ਏਨਾ ਤੁਅੱਸਬੀ ਬਣ ਗਿਆ ਹੋਇਆ ਸੀ ਕਿ ਉਹ ਉਸ ਸਰ-ਜ਼ਮੀਨ ਉੱਤੇ ਵੀ ਜਿੱਥੇ ਸਿੱਖ ਪੁਸ਼ਤਾਂ ਤੋਂ

ਮਨੁੱਖੀ ਸ਼ਾਨ ਅਤੇ ਇਨਸਾਨੀ ਹੱਕਾਂ ਦੀ ਰਾਖੀ ਲਈ ਗੌਰਵਸ਼ਾਲੀ ਸੰਘਰਸ਼ ਤੇ ਕੁਰਬਾਨੀਆਂ ਦੀ ਲਾਸਾਨੀ ਗਾਥਾ ਲਿਖਦੇ ਆ ਰਹੇ ਹਨ, ਸਿੱਖਾਂ ਨੂੰ ਜਮਹੂਰੀ ਵਿਧੀ ਰਾਹੀਂ ਹਕੂਮਤੀ ਤਾਕਤ ਵਿੱਚ ਆਇਆ ਨਹੀਂ ਸੀ ਦੇਖ ਸੁਖਾਉਂਦਾ। ਇਹੋ ਹਿੰਦੂ ਜ਼ਹਿਨੀਅਤ ਸੀ ਜਿਸਨੇ ਪੰਜਾਬ ਅੰਦਰ ਫ਼ਿਰਕੂ ਅਮਨ ਤੇ ਭਾਈਚਾਰੇ ਨੂੰ ਅਜਿਹੀ ਚੁਆਤੀ ਲਾਈ ਕਿ ਸੁਖੀ-ਸਾਂਦੀ ਵੱਸਦਾ ਪੰਜਾਬ, ਕੁਝ ਸਾਲਾਂ ਬਾਅਦ ਇਕ ਲਟ ਲਟ ਬਲਦੇ ਸਿਵੇ ਵਿੱਚ ਤਬਦੀਲ ਹੋ ਕੇ ਰਹਿ ਗਿਆ।

ਫਿਰ ਵੀ ਪੰਜਾਬੀ ਸੂਬੇ ਦੀ ਹੋਣੀ ਦਾ ਫ਼ੈਸਲਾ ਪਾਰਲੀਮਾਨੀ ਸਲਾਹਕਾਰ ਕਮੇਟੀ ਦੇ ਹੱਥਾਂ ਵਿੱਚ ਆ ਜਾਣ ਸਦਕਾ ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਦੇ ਸਾਰੇ ਅੜਿਕਾ-ਡਾਹੂ ਯਤਨ ਨਾਕਾਮ ਹੋ ਕੇ ਰਹਿ ਗਏ। ਪਾਰਲੀਮਾਨੀ ਕਮੇਟੀ, ਜੋ ਕਿ ਇਕ ਖ਼ੁਦਮੁਖ਼ਤਿਆਰ ਸੰਸਥਾ ਸੀ, ਉੱਤੇ ਸਰਕਾਰ ਦਾ ਕੋਈ ਜ਼ੋਰ ਨਹੀਂ ਸੀ ਚੱਲ ਸਕਦਾ। ਜਦ ਕੇਂਦਰ ਸਰਕਾਰ ਨੂੰ ਇਹ ਨਿਸ਼ਚਾ ਹੋ ਗਿਆ ਕਿ ਪਾਰਲੀਮਾਨੀ ਕਮੇਟੀ ਪੰਜਾਬੀ ਸੂਬੇ ਦੀ ਸਥਾਪਨਾ ਦੇ ਪੱਖ ਵਿੱਚ ਨਿਰਣਾ ਦੇਣ ਜਾ ਰਹੀ ਹੈ ਅਤੇ ਸਰਕਾਰ ਲਈ ਪਾਰਲੀਮੈਂਟ ਦੀ ਮਨਜ਼ੂਰੀ ਤੋਂ ਬਗ਼ੈਰ ਇਸ ਨਿਰਣੇ ਨੂੰ ਉਲੱਦਣਾ ਨਾਮੁਮਕਿਨ ਹੋ ਜਾਵੇਗਾ ਤਾਂ ਕਾਂਗਰਸੀ ਆਗੂਆਂ ਨੇ ਕੋਈ ਵੀ ਚਾਰਾ ਚੱਲਦਾ ਨਾ ਦੇਖ ਕੇ ਵਿਰੋਧੀ ਪਾਰਟੀਆਂ ਨੂੰ ਲਾਹਾ ਲੈਣ ਤੋਂ ਵਰਜਣ ਦੇ ਉਦੇਸ਼ ਨਾਲ, ਪੰਜਾਬੀ ਸੂਬੇ ਬਾਰੇ ਸਮੁੱਚੀ ਪਹਿਲਕਦਮੀ ਆਪਣੇ ਹੱਥ ਵਿੱਚ ਲੈਣ ਦਾ ਨਿਰਣਾ ਕਰ ਲਿਆ। ਕਾਂਗਰਸ ਪਾਰਟੀ ਦੀ ਵਰਕਿੰਗ ਕਮੇਟੀ ਨੇ ਸ੍ਰੀ ਕਾਮਰਾਜ ਦੀ ਪ੍ਰਧਾਨਗੀ ਹੇਠ 9 ਮਾਰਚ 1966 ਨੂੰ ਇਕ ਮਤਾ ਪਾਸ ਕਰ ਕੇ ਕੇਂਦਰ ਸਰਕਾਰ ਨੂੰ ਪੰਜਾਬੀ ਸੂਬਾ ਬਣਾਉਣ ਦੀ ਸਿਫ਼ਾਰਸ਼ ਕਰ ਦਿੱਤੀ। ਇਸ ਨਾਲ ਪੰਜਾਬ ਦਾ ਹਿੰਦੂ ਤਬਕਾ ਕਾਂਗਰਸੀ ਆਗੂਆਂ ਵਿਰੁੱਧ ਅੱਗ-ਬਬੂਲਾ ਹੋ ਉੱਠਿਆ। ਆਰੀਆ ਸਮਾਜ ਅਤੇ ਜਨਸੰਘ ਦੀ ਰਹਿਨੁਮਾਈ ਤੇ ਪ੍ਰੇਰਨਾ ਹੇਠ, ਸਮੁੱਚੇ ਪੰਜਾਬ ਅੰਦਰ, ਖ਼ਾਸ ਕਰਕੇ ਸ਼ਹਿਰੀ ਕੇਂਦਰਾਂ ਅੰਦਰ ਹਿੰਦੂ ਤਾਕਤਾਂ ਨੇ ਊਧ-ਮੂਲ ਮਚਾ ਦਿੱਤਾ। ਵੱਡੀ ਪੱਧਰ 'ਤੇ ਸਰਕਾਰੀ ਜਾਇਦਾਦ ਦੀ ਭੰਨ-ਤੋੜ ਤੇ ਸਾੜ-ਫੂਕ ਤੋਂ ਇਲਾਵਾ ਅਰਥੀ ਸਾੜ ਮੁਜ਼ਾਹਰਿਆਂ ਤੇ ਫ਼ਿਰਕੂ ਸਿਆਪਿਆਂ ਨੇ ਅਜਿਹਾ ਹਿੰਸਕ ਮਾਹੌਲ ਸਿਰਜ ਦਿੱਤਾ ਕਿ ਪਾਣੀਪਤ ਵਿਖੇ ਕਰੋਧਵਾਨ ਹੋਈ ਹਿੰਦੂ ਭੀੜ ਨੇ ਤਿੰਨ ਕਾਂਗਰਸੀ ਕਾਰਕੁੰਨਾਂ ਨੂੰ ਜਿਉਂਦਿਆਂ ਹੀ ਅੱਗ ਲਾ ਕੇ ਸਾੜ ਦਿੱਤਾ।[26] ਏਨਾ ਅਸ਼ਲੀਲ ਧਮੱਚੜ ਪੰਜਾਬ ਨੇ ਪਹਿਲਾਂ ਕਦੇ ਨਹੀਂ ਸੀ ਦੇਖਿਆ। ਬਿਫਰੇ ਹੋਏ ਹਿੰਦੂ ਹਜੂਮਾਂ ਨੇ ਦੇਸ ਦੀ ਪ੍ਰਧਾਨ ਮੰਤਰੀ ਨੂੰ ਜੋ ਲੱਚਰ ਗਾਲ੍ਹ ਕਾਹੀ ਅਤੇ ਕੰਧਾਂ ਉੱਤੇ ਜੋ ਗ਼ੈਰ-ਤਹਿਜ਼ੀਬਯਾਫ਼ਤਾ ਨਾਅਰੇ ਲਿਖੇ ਉਸ 'ਚੋਂ ਹਿੰਦੂ ਮਨ ਦੇ ਅੰਦਰ ਸ਼ਿਸ਼ਟਤਾ ਦੀ ਮਹੀਨ ਪਰਤ ਹੇਠ ਦੱਬੀ ਕਰੂਪਤਾ ਆਪਣੇ ਅਸਲੀ ਰੰਗ ਵਿੱਚ ਪਰਗਟ ਹੋ ਉਠੀ।

ਪਰ ਪੰਜਾਬੀ ਸੂਬੇ ਦੀ ਮੰਗ ਦੀ ਪੂਰਤੀ ਦਾ ਅਮਲ ਏਨਾ ਵੇਗ ਫੜ ਚੁੱਕਾ ਸੀ ਕਿ ਉਸਨੂੰ ਸਿੱਧੇ ਰੂਪ ਵਿੱਚ ਡੱਕ ਸਕਣਾ ਹਿੰਦੂ ਹਾਕਮਾਂ ਜਾਂ ਹਿੰਦੂ ਤਾਕਤਾਂ ਦੇ ਵਸ ਦੀ ਗੱਲ ਨਹੀਂ ਸੀ ਰਹਿ ਗਈ। ਪਾਰਲੀਮਾਨੀ ਕਮੇਟੀ ਨੇ ਆਪਣੀ ਰਿਪੋਰਟ 18 ਮਾਰਚ ਨੂੰ ਪੇਸ਼ ਕਰ ਦਿੱਤੀ ਜਿਸ ਵਿੱਚ ਉਸਨੇ 1957 ਦੇ ਖੇਤਰੀ ਫ਼ਾਰਮੂਲੇ ਅਧੀਨ ਨਿਰਧਾਰਤ ਕੀਤੇ ਪੰਜਾਬੀ ਖੇਤਰ ਨੂੰ ਪੰਜਾਬੀ ਭਾਸ਼ਾਈ ਰਾਜ ਦਾ ਰੂਪ ਦੇਣ, ਹਿੰਦੀ ਖੇਤਰ ਨੂੰ ਹਰਿਆਣਾ ਪ੍ਰਾਂਤ ਕਰਾਰ ਦੇਣ ਅਤੇ ਪਹਾੜੀ ਇਲਾਕੇ ਨੂੰ ਹਿਮਾਚਲ ਨਾਲ ਜੋੜਨ ਦੀ ਸਿਫ਼ਾਰਸ਼ ਕੀਤੀ ਅਤੇ ਨਾਲ ਹੀ ਤਿੰਨਾਂ ਰਾਜਾਂ ਦੀਆਂ ਆਪਸੀ ਸਰਹੱਦਾਂ ਦੀ ਅੰਤਮ ਨਿਸ਼ਾਨਦੇਹੀ ਲਈ ਤੁਰੰਤ ਮਾਹਰਾਂ ਦੀ ਇਕ ਕਮੇਟੀ ਨਿਯੁਕਤ ਕਰਨ ਲਈ ਕਿਹਾ।[27] ਭਾਰਤ ਸਰਕਾਰ ਕੋਲ ਪਾਰਲੀਮਾਨੀ ਕਮੇਟੀ ਦੀਆਂ ਇਨ੍ਹਾਂ ਸਿਫ਼ਾਰਸ਼ਾਂ ਨੂੰ ਪਰਵਾਨ ਕਰਨ ਤੋਂ ਸਿਵਾ ਹੋਰ ਕੋਈ ਰਾਹ ਨਹੀਂ ਸੀ। ਸੋ ਕੇਂਦਰੀ ਵਜ਼ਾਰਤ ਨੇ 21 ਮਾਰਚ ਨੂੰ ਕਮੇਟੀ ਦੀਆਂ ਇਹ ਸਿਫ਼ਾਰਸ਼ਾਂ

ਮੂਲ ਰੂਪ ਵਿੱਚ ਪਰਵਾਨ ਕਰ ਲਈਆਂ ਅਤੇ ਗ੍ਰਿਹ ਮੰਤਰੀ ਨੇ 17 ਅਪ੍ਰੈਲ ਨੂੰ ਲੋਕ ਸਭਾ ਅੰਦਰ ਉਸ ਕਮਿਸ਼ਨ ਦੀ ਨਿਯੁਕਤੀ ਦਾ ਐਲਾਨ ਕਰ ਦਿੱਤਾ ਜਿਸਨੇ ਪੰਜਾਬੀ ਤੇ ਹਿੰਦੀ ਬੋਲਦੇ ਇਲਾਕਿਆਂ ਦੀ ਨਿਸ਼ਾਨਦੇਹੀ ਕਰਨੀ ਸੀ। ਕੇਂਦਰ ਸਰਕਾਰ ਨੇ ਕਮਿਸ਼ਨ ਨੂੰ ਇਸ ਮਕਸਦ ਲਈ 1961 ਦੀ ਮਰਦਮਸ਼ੁਮਾਰੀ ਨੂੰ ਆਧਾਰ ਬਣਾਉਣ ਦੀ ਹਦਾਇਤ ਕੀਤੀ। ਇਸ ਨਾਲ ਹਿੰਦੂ ਹਾਕਮਾਂ ਦੀ ਸਿੱਖ-ਦੁਸ਼ਮਣ ਸੋਚਣੀ ਸੱਤ ਪੜਦੇ ਪਾੜ ਕੇ ਬਾਹਰ ਆ ਗਈ। ਇਹ ਗੱਲ ਪੰਜਾਬ ਦੇ ਦੁੱਧ ਚੁੰਘਦੇ ਬੱਚਿਆਂ ਨੂੰ ਵੀ ਪਤਾ ਸੀ ਕਿ 1961 ਦੀ ਮਰਦਮਸ਼ੁਮਾਰੀ ਅੰਦਰ ਪੰਜਾਬੀ ਹਿੰਦੂਆਂ ਦੇ ਵੱਡੇ ਵਰਗ ਨੇ, ਫ਼ਿਰਕੂ ਸੋਚਣੀ ਦੇ ਅਸਰ ਹੇਠ ਬੱਜਰ ਝੂਠ ਬੋਲਦਿਆਂ ਆਪਣੀ ਮਾਂ-ਬੋਲੀ ਹਿੰਦੀ ਲਿਖਵਾਈ ਸੀ। ਇਸ ਦੇ ਬਾਵਜੂਦ 1961 ਦੀ ਮਰਦਮਸ਼ੁਮਾਰੀ ਨੂੰ ਆਧਾਰ ਬਣਾਉਣ ਦਾ ਨਿਰਣਾ ਕਰਨ ਦਾ ਮਤਲਬ ਪੰਜਾਬ ਨਾਲ ਅਨਿਆਂ ਕਰ ਕੇ ਹਰਿਆਣੇ ਦੀ ਤਰਫ਼ਦਾਰੀ ਕਰਨਾ ਸੀ। ਜਿਸ ਦੀ ਇਸ ਤੋਂ ਬਿਨਾਂ ਹੋਰ ਕੋਈ ਵੀ ਵਜ੍ਹਾ ਨਹੀਂ ਸੀ ਕਿ ਭਾਰਤੀ ਹਾਕਮਾਂ ਦੀਆਂ ਨਜ਼ਰਾਂ ਵਿੱਚ ਪੰਜਾਬ ਸਿੱਖਾਂ ਦਾ ਤੇ ਹਰਿਆਣਾ ਹਿੰਦੂਆਂ ਦਾ ਘਰ ਬਣਨ ਜਾ ਰਿਹਾ ਸੀ ਅਤੇ ਕੇਂਦਰੀ ਹਾਕਮ ਹਿੰਦੂਆਂ ਨੂੰ ਆਪਣੇ ਤੇ ਸਿੱਖਾਂ ਨੂੰ ਸੱਤ ਬਿਗਾਨੇ ਸਮਝਣ ਦੀ ਫ਼ਿਰਕੂ ਧਾਰਨਾ ਦੇ ਮੁਰੀਦ (ਜਾਂ ਮਰੀਜ਼) ਸਨ। ਅਕਾਲੀ ਦਲ ਦੇ ਦੋਨੋਂ ਧੜਿਆਂ ਸਮੇਤ ਪੰਜਾਬ ਦੇ ਸਮੁੱਚੇ ਸਿੱਖ ਭਾਈਚਾਰੇ ਨੇ ਕੇਂਦਰੀ ਹਾਕਮਾਂ ਦੀ ਇਸ ਫ਼ਿਰਕੂ ਪਹੁੰਚ ਦਾ ਇਕ ਜ਼ਬਾਨ ਹੋ ਕੇ ਵਿਰੋਧ ਕੀਤਾ। ਏਥੋਂ ਤਕ ਕਿ ਪੰਜਾਬ ਦੇ ਕਾਂਗਰਸੀ ਸਿੱਖ ਵਜ਼ੀਰਾਂ ਨੇ ਵੀ 1961 ਦੀ ਮਰਦਮਸ਼ੁਮਾਰੀ ਨੂੰ ਆਧਾਰ ਬਣਾਉਣ ਦੀ ਕਰੜੀ ਮੁਖ਼ਾਲਫ਼ਤ ਕੀਤੀ।[28] ਪਰ ਭਾਰਤੀ ਹਾਕਮ ਕਿਉਂਕਿ ਇਕ ਗਿਣੀ-ਮਿਥੀ ਯੋਜਨਾ ਅਨੁਸਾਰ ਚੱਲ ਰਹੇ ਸਨ, ਇਸ ਕਰਕੇ ਉਨ੍ਹਾਂ ਸਿੱਖ ਭਾਈਚਾਰੇ ਦੇ ਜ਼ੋਰਦਾਰ ਵਿਰੋਧ ਦੀ ਪਰਵਾਹ ਨਾ ਕਰਦਿਆਂ ਹੋਇਆਂ 23 ਅਪ੍ਰੈਲ ਨੂੰ ਕਮਿਸ਼ਨ ਦੇ ਮੈਂਬਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ। ਸੁਪਰੀਮ ਕੋਰਟ ਦੇ ਇਕ ਜੱਜ (ਜੇ.ਸੀ. ਸ਼ਾਹ) ਦੀ ਪਰਧਾਨਗੀ ਹੇਠ ਤਿੰਨ ਮੈਂਬਰੀ ਕਮਿਸ਼ਨ ਨੇ ਨਿਰਧਾਰਤ ਸ਼ਰਤਾਂ ਅਨੁਸਾਰ ਆਪਣਾ ਕੰਮ ਸ਼ੁਰੂ ਕਰ ਦਿੱਤਾ। ਕਮਿਸ਼ਨ ਬਾਰੇ ਦੋ ਤੱਥ ਬੜੇ ਭਾਵਪੂਰਤ ਹਨ। ਇਕ ਤਾਂ ਇਹ ਕਿ ਕਮਿਸ਼ਨ ਦੇ ਤਿੰਨਾਂ ਮੈਂਬਰਾਂ 'ਚੋਂ ਕਿਸੇ ਨੂੰ ਵੀ ਪੰਜਾਬੀ ਬੋਲੀ ਨਹੀਂ ਸੀ ਆਉਂਦੀ। ਪਾਰਲੀਮਾਨੀ ਕਮੇਟੀ ਨੇ ਭਾਸ਼ਾਈ ਹੱਦਾਂ ਦੀ ਨਿਸ਼ਾਨਦੇਹੀ ਕਰਨ ਲਈ 'ਮਾਹਰਾਂ ਦੀ ਕਮੇਟੀ' ਨਿਯੁਕਤ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਪ੍ਰੰਤੂ ਹਿੰਦੂ ਹਾਕਮਾਂ ਨੇ ਆਪਣੀਆਂ ਫ਼ਿਰਕੂ ਗਿਣਤੀਆਂ-ਮਿਣਤੀਆਂ ਤਹਿਤ, ਪਾਰਲੀਮਾਨੀ ਕਮੇਟੀ ਦੀ ਇਸ ਯੋਗ ਸਿਫ਼ਾਰਸ਼ ਦੀ ਮੂਲ ਭਾਵਨਾ ਹੀ ਨਕਾਰ ਦਿੱਤੀ ਅਤੇ ਭਾਸ਼ਾਈ ਮਾਹਰਾਂ ਦਾ ਕੰਮ ਸਿਵਲ ਅਧਿਕਾਰੀਆਂ ਦੇ ਸਪੁਰਦ ਕਰ ਦਿੱਤਾ। (ਕਮਿਸ਼ਨ ਅੰਦਰ ਜਸਟਿਸ ਸ਼ਾਹ ਤੋਂ ਇਲਾਵਾ ਦੋ ਸੇਵਾ-ਮੁਕਤ ਸਿਵਲ ਅਧਿਕਾਰੀ ਸ਼ਾਮਲ ਕੀਤੇ ਗਏ ਸਨ।) ਦੂਜੀ ਗੱਲ ਇਹ ਹੈ ਕਿ ਪੰਜਾਬੀ ਖੇਤਰ ਦੇ ਹਿੰਦੂ ਵਰਗ ਨੇ ਆਪਣੇ ਆਪ ਨੂੰ ਸ਼ਾਹ ਕਮਿਸ਼ਨ ਦੇ ਅੱਗੇ ਪੰਜਾਬ ਦੇ ਪੱਖ ਦੀ ਵਕਾਲਤ ਕਰਨ ਦੇ ਅਮਲ ਤੋਂ ਪੂਰੀ ਤਰ੍ਹਾਂ ਲਾਂਭੇ ਰੱਖਿਆ। ਇਥੋਂ ਤਕ ਕਿ ਪੰਜਾਬੀ ਖੇਤਰ ਨਾਲ ਸਬੰਧਤ ਹਿੰਦੂ ਵਜ਼ੀਰ ਨਾ ਤਾਂ ਉਸ ਵਫ਼ਦ ਵਿੱਚ ਸ਼ਾਮਲ ਹੋਏ ਜੋ ਪੰਜਾਬੀ ਖੇਤਰ ਦੇ ਵਜ਼ੀਰਾਂ ਦੀ ਤਰਫ਼ੋਂ ਪੰਜਾਬ ਦਾ ਪੱਖ ਪੇਸ਼ ਕਰਨ ਲਈ ਕਮਿਸ਼ਨ ਅੱਗੇ ਪੇਸ਼ ਹੋਇਆ ਅਤੇ ਨਾ ਹੀ ਉਨ੍ਹਾਂ ਉਸ ਯਾਦ ਪੱਤਰ 'ਤੇ ਦਸਖ਼ਤ ਕੀਤੇ ਜੋ ਕਾਂਗਰਸੀ ਸਿੱਖ ਵਜ਼ੀਰ ਪੰਜਾਬੀ ਖੇਤਰ ਦੇ ਮੰਤਰੀਆਂ ਦੀ ਤਰਫ਼ੋਂ ਕਮਿਸ਼ਨ ਨੂੰ ਦੇਣਾ ਚਾਹੁੰਦੇ ਸਨ।[29] ਇਸ ਵਿੱਚੋਂ ਇਸ ਤੋਂ ਇਲਾਵਾ ਹੋਰ ਕੋਈ ਸਿੱਟਾ ਨਹੀਂ ਕੱਢਿਆ ਜਾ ਸਕਦਾ ਕਿ ਪੰਜਾਬੀ ਹਿੰਦੂ ਵਰਗ ਦੇ ਮਨ ਉੱਤੇ ਭਾਸ਼ਾਈ ਜਜ਼ਬੇ ਨਾਲੋਂ ਧਰਮ ਦਾ ਜਜ਼ਬਾ ਕਿਤੇ ਵੱਧ ਹਾਵੀ ਹੈ ਜਿਸ ਕਰਕੇ ਉਹ ਹਿੰਦੂ ਪਹਿਲਾਂ ਤੇ ਪੰਜਾਬੀ ਬਾਅਦ ਵਿੱਚ ਹੈ। ਇਹ ਸਚਾਈ ਪੰਜਾਬ

ਦੇ ਸਮੁੱਚੇ ਲੋਕਾਂ ਨੂੰ 'ਪੰਜਾਬੀਅਤ' ਦੇ ਆਧਾਰ 'ਤੇ ਇਕ-ਜੁਟ ਕਰਨ ਦੇ ਵਿਚਾਰ (ਜੋ ਕਿੰਨਾ ਵੀ ਨੇਕ ਕਿਉਂ ਨਾ ਹੋਵੇ) ਦਾ ਥੋਥ ਉਜਾਗਰ ਕਰ ਦਿੰਦੀ ਹੈ।

ਸ਼ਾਹ ਕਮਿਸ਼ਨ ਨੇ 31 ਮਈ ਨੂੰ ਆਪਣੀ ਰਿਪੋਰਟ ਸਰਕਾਰ ਨੂੰ ਸੌਂਪ ਦਿੱਤੀ। ਇਸ ਰਿਪੋਰਟ ਦੇ ਅੰਦਰ ਕਿੰਨੇ ਹੀ ਪੰਜਾਬੀ ਬੋਲਦੇ ਇਲਾਕੇ ਹਰਿਆਣਾ ਅਤੇ ਹਿਮਾਚਲ ਦੀ ਝੋਲੀ ਵਿੱਚ ਪਾ ਦਿੱਤੇ ਗਏ। ਚੰਡੀਗੜ੍ਹ ਬਾਰੇ ਕਮਿਸ਼ਨ ਆਪਸ ਵਿੱਚ ਇਕ-ਰਾਇ ਨਾ ਹੋ ਸਕਿਆ। ਇਕ ਮੈਂਬਰ (ਸ੍ਰੀ ਸੂਬੀਮਲ ਦੱਤ) ਚੰਡੀਗੜ੍ਹ ਨੂੰ ਪੰਜਾਬੀ ਖੇਤਰ ਵਿੱਚ ਸ਼ਾਮਲ ਕਰਨ ਦਾ ਮੱਤ ਰੱਖਦਾ ਸੀ ਜਦ ਕਿ ਦੂਜੇ ਦੋਨੋਂ ਮੈਂਬਰ ਇਸ ਨੂੰ ਸਮੁੱਚੀ ਖਰੜ ਤਹਿਸੀਲ ਸਮੇਤ ਹਿੰਦੀ ਖੇਤਰ ਦਾ ਅੰਗ ਕਰਾਰ ਦੇ ਰਹੇ ਸਨ।[30] ਪੰਜਾਬ ਦੇ ਸਿੱਖ ਭਾਈਚਾਰੇ ਨੇ ਸ਼ਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਵਿਰੁੱਧ ਤਿੱਖਾ ਪ੍ਰਤੀਕਰਮ ਪ੍ਰਗਟਾਉਂਦਿਆਂ ਹੋਇਆਂ ਇਸ ਰਿਪੋਰਟ ਨੂੰ ਝੂਠੀ ਅਤੇ ਫ਼ਿਰਕੂ ਕਰਾਰ ਦਿੱਤਾ।[31] ਕੇਂਦਰ ਸਰਕਾਰ ਸ਼ਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਉੱਤੇ ਅਮਲ ਕਰਨ ਲਈ ਪੰਜਾਬ ਅੰਦਰ ਰਾਸ਼ਟਰਪਤੀ ਰਾਜ ਲਾਗੂ ਕਰਨ ਦਾ ਮਨ ਬਣਾਈ ਬੈਠੀ ਸੀ। ਇਸ ਕਰਕੇ ਰਾਸ਼ਟਰਪਤੀ ਰਾਜ ਲਈ ਰਾਹ ਪੱਧਰਾ ਕਰਨ ਲਈ ਰਾਮ ਕਿਸ਼ਨ ਦੀ ਵਜ਼ਾਰਤ ਨੇ 2 ਜੂਨ 1966 ਨੂੰ ਅਸਤੀਫ਼ਾ ਦੇ ਦਿੱਤਾ। ਥੋੜੇ ਹੀ ਦਿਨਾਂ ਬਾਅਦ ਸ: ਉੱਜਲ ਸਿੰਘ ਕੋਲੋਂ ਵੀ ਅਸਤੀਫ਼ਾ ਮੰਗ ਲਿਆ ਗਿਆ ਤਾਂ ਜੋ ਹਰਿਆਣੇ ਦੀ ਹਿੰਦੂ ਜਨਤਾ ਦੀ ਸੰਤੁਸ਼ਟੀ ਲਈ ਸਿੱਖ ਗਵਰਨਰ ਨੂੰ ਸ਼ਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਉੱਤੇ ਅਮਲਦਾਰੀ ਦੇ ਕਾਰਜ ਦੇ ਨੇੜੇ ਨਾ ਫਟਕਣ ਦਿੱਤਾ ਜਾਵੇ।

ਉੱਜਲ ਸਿੰਘ ਦੀ ਥਾਵੇਂ ਧਰਮਵੀਰ ਨੂੰ ਪੰਜਾਬ ਦਾ ਰਾਜਪਾਲ ਥਾਪ ਦਿੱਤਾ ਗਿਆ। ਕੇਂਦਰ ਸਰਕਾਰ ਨੇ 3 ਸਤੰਬਰ 1966 ਨੂੰ ਲੋਕ ਸਭਾ ਅੰਦਰ 'ਪੰਜਾਬ ਪੁਨਰਗਠਨ ਬਿੱਲ' ਪੇਸ਼ ਕਰ ਦਿੱਤਾ ਜਿਸ ਅਨੁਸਾਰ ਕਿੰਨੇ ਹੀ ਪੰਜਾਬੀ ਬੋਲਦੇ ਇਲਾਕੇ ਪੰਜਾਬ ਕੋਲੋਂ ਖੋਹ ਕੇ ਹਰਿਆਣਾ ਅਤੇ ਹਿਮਾਚਲ 'ਚ ਸ਼ਾਮਲ ਕਰ ਦਿੱਤੇ ਗਏ, ਚੰਡੀਗੜ੍ਹ ਨੂੰ ਕੇਂਦਰੀ ਸ਼ਾਸਤ ਇਲਾਕਾ ਕਰਾਰ ਦੇ ਦਿੱਤਾ ਗਿਆ, ਪੰਜਾਬ ਤੇ ਹਰਿਆਣਾ ਵਿਚਕਾਰ ਸਾਂਝੀਆਂ ਕੜੀਆਂ (ਜਿਵੇਂ ਸਾਂਝਾ ਗਵਰਨਰ, ਸਾਂਝੀ ਹਾਈਕੋਰਟ, ਸਾਂਝਾ ਬਿਜਲੀ ਬੋਰਡ, ਸਾਂਝੀ ਵਿਤੀ ਕਾਰਪੋਰੇਸ਼ਨ ਆਦਿ ਆਦਿ) ਕਾਇਮ ਰੱਖੀਆਂ ਗਈਆਂ ਅਤੇ ਪੰਜਾਬ ਦੇ ਸਾਰੇ ਹੈੱਡ ਵਰਕਸਾਂ (ਭਾਖੜਾ, ਬਿਆਸ ਡੈਮ ਆਦਿ) ਨੂੰ ਪੰਜਾਬ ਤੋਂ ਖੋਹ ਕੇ ਕੇਂਦਰੀ ਸਰਕਾਰ ਨੇ ਆਪਣੇ ਕੰਟਰੋਲ ਹੇਠ ਲੈ ਲਿਆ। ਲੋਕ ਸਭਾ ਅੰਦਰ ਇਸ ਬਿੱਲ ਉੱਤੇ ਹੋਈ ਬਹਿਸ ਦੌਰਾਨ ਸ: ਕਪੂਰ ਸਿੰਘ ਨੇ 6 ਸਤੰਬਰ ਨੂੰ ਆਪਣੇ ਪ੍ਰਭਾਵਸ਼ਾਲੀ ਭਾਸ਼ਣ ਰਾਹੀਂ, ਭਾਰਤੀ ਹਾਕਮਾਂ ਦੁਆਰਾ ਸਿੱਖ ਕੌਮ ਨਾਲ ਕੀਤੇ ਗਏ (ਅਤੇ ਕੀਤੇ ਜਾ ਰਹੇ) ਵਿਤਕਰਿਆਂ, ਬੇਇਨਸਾਫ਼ੀਆਂ, ਵਾਅਦਾ-ਸ਼ਿਕਨੀਆਂ ਤੇ ਵਿਸਾਹਘਾਤਾਂ ਦਾ ਪੂਰਾ ਚਿੱਠਾ ਖੋਲ੍ਹ ਕੇ ਰੱਖ ਦਿੱਤਾ ਅਤੇ ਇਸ ਬਿੱਲ ਨੂੰ 'ਪਾਪਾਂ ਭਰਿਆ' ਕਰਾਰ ਦਿੰਦਿਆਂ ਹੋਇਆਂ, ਸਿੱਖ ਪੰਥ ਅਤੇ ਆਪਣੀ ਜਥੇਬੰਦੀ (ਅਕਾਲੀ ਦਲ, ਮਾਸਟਰ ਗਰੁੱਪ) ਵੱਲੋਂ ਇਸ ਨੂੰ ਰੱਦ ਕਰਨ ਦਾ ਐਲਾਨ ਕਰ ਦਿੱਤਾ।[32] ਸੰਤ ਅਕਾਲੀ ਦਲ ਨੇ ਵੀ ਭਾਵੇਂ ਬਿੱਲ ਨੂੰ ਰੱਦ ਤਾਂ ਨਹੀਂ ਕੀਤਾ ਪਰ ਇਸ ਵਿੱਚ ਦਰਜ ਕੁਝ ਪ੍ਰਸਤਾਵਾਂ ਪ੍ਰਤੀ ਆਪਣੀ ਅਸਹਿਮਤੀ ਤੇ ਨਾਰਾਜ਼ਗੀ ਛੁਪਾ ਕੇ ਨਹੀਂ ਰੱਖੀ।[33] ਸਿੱਖ ਭਾਈਚਾਰੇ ਦੀਆਂ ਸਭਨਾਂ ਸੰਸਥਾਵਾਂ ਨੇ ਇਸ ਬਿੱਲ ਪਿੱਛੇ ਕੰਮ ਕਰਦੀ ਫ਼ਿਰਕੂ ਭਾਵਨਾ ਦੀ ਜ਼ੋਰਦਾਰ ਨਿਖੇਧੀ ਕੀਤੀ ਅਤੇ ਭਾਰਤੀ ਹਾਕਮਾਂ ਨੂੰ ਇਸ 'ਚੋਂ ਪੈਦਾ ਹੋਣ ਵਾਲੇ ਗੰਭੀਰ ਨਤੀਜਿਆਂ ਬਾਰੇ ਖ਼ਬਰਦਾਰ ਕੀਤਾ। ਪ੍ਰੰਤੂ ਸਿੱਖ ਕੌਮ ਦੇ ਜ਼ੋਰਦਾਰ ਵਿਰੋਧ ਦੇ ਬਾਵਜੂਦ ਪਾਰਲੀਮੈਂਟ ਨੇ 7 ਸਤੰਬਰ ਨੂੰ ਉਕਤ ਬਿੱਲ ਪਾਸ ਕਰ ਦਿੱਤਾ ਅਤੇ 18 ਸਤੰਬਰ 1966 ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਨਾਲ ਇਹ ਕਾਨੂੰਨ ਦਾ ਦਰਜਾ ਹਾਸਲ ਕਰ ਗਿਆ। ਇਸ ਤਰ੍ਹਾਂ ਪਹਿਲੀ ਨਵੰਬਰ (1966) ਨੂੰ ਇਸ ਕਾਨੂੰਨ ਦੇ ਅਮਲ ਵਿੱਚ ਆਉਣ ਦੇ ਨਾਲ ਪੰਜਾਬ ਅਤੇ ਹਰਿਆਣਾ ਅਲੱਗ-ਅਲੱਗ ਪ੍ਰਾਂਤ ਬਣ ਗਏ।

## ਸਿੱਖ ਪ੍ਰਤੀਕਰਮ : ਦੋ ਪੈਂਤੜੇ

ਸਿੱਖ ਭਾਈਚਾਰੇ ਨੇ ਇਤਿਹਾਸਕ ਅਹਿਮੀਅਤ ਵਾਲੇ ਇਸ ਘਟਨਾਕ੍ਰਮ ਪ੍ਰਤੀ ਰਲਿਆ-ਮਿਲਿਆ ਪ੍ਰਤੀਕਰਮ ਪ੍ਰਗਟਾਇਆ। ਜਿਵੇਂ ਕਿ ਦੱਸਿਆ ਜਾ ਚੁੱਕਾ ਹੈ ਸਿੱਖ ਕੌਮ ਅੰਦਰ ਪੰਜਾਬੀ ਸੂਬੇ ਦੇ ਮਸਲੇ 'ਤੇ ਦੋ ਅਲੱਗ-ਅਲੱਗ ਸਮਝਾਂ ਤੇ ਪਹੁੰਚਾਂ ਪਰਗਟ ਹੋ ਰਹੀਆਂ ਸਨ। ਇਕ ਧਾਰਾ ਪੰਜਾਬੀ ਸੂਬੇ ਨੂੰ ਭਾਰਤ ਦੇ ਹੋਰਨਾਂ ਭਾਸ਼ਾਈ ਰਾਜਾਂ ਵਾਂਗ ਨਿਰੋਲ ਭਾਸ਼ਾਈ ਰਾਜ ਵਜੋਂ ਕਲਪਦੀ ਸੀ ਅਤੇ ਅਜਿਹੇ ਰਾਜ ਦੀ ਸਥਾਪਨਾ ਰਾਹੀਂ ਸਿੱਖ ਉਮੰਗਾਂ ਦੀ ਪੂਰਤੀ ਦਾ ਵਿਸ਼ਵਾਸ ਪਾਲ ਕੇ ਚੱਲਦੀ ਸੀ। ਪਹਿਲੀ ਨਵੰਬਰ 1966 ਨੂੰ 'ਪੰਜਾਬ ਪੁਨਰਗਠਨ ਕਾਨੂੰਨ' ਦੇ ਲਾਗੂ ਹੋ ਜਾਣ ਨਾਲ ਇਸ ਧਾਰਾ ਦੀ ਪੂਰੀ ਭਾਵੇਂ ਨਾ ਸਹੀ, ਪਰ ਵਾਹਵਾ ਹੱਦ ਤਕ ਕਾਮਨਾ ਜ਼ਰੂਰ ਪੂਰੀ ਹੋ ਗਈ। ਇਸ ਕਰਕੇ ਇਸ ਧਾਰਾ ਦੀ ਰਾਜਨੀਤਕ ਤਰਜਮਾਨੀ ਕਰ ਰਹੇ ਸੰਤ ਅਕਾਲੀ ਦਲ ਨੇ ਜਿੱਥੇ ਨਵੇਂ ਪੰਜਾਬ ਦੀ ਸਥਾਪਨਾ ਉੱਤੇ ਆਪਣੀ ਖ਼ੁਸ਼ੀ ਅਤੇ ਤਸੱਲੀ ਜ਼ਾਹਰ ਕੀਤੀ, ਉੱਥੇ ਨਾਲ ਹੀ ਇਸ ਅਮਲ ਦੌਰਾਨ ਪੰਜਾਬ ਨਾਲ ਕੀਤੀ ਗਈ ਫ਼ਿਰਕੂ ਵਿਤਕਰੇਬਾਜ਼ੀ ਤੇ ਨਾਇਨਸਾਫ਼ੀ ਵਿਰੁੱਧ ਅਡੋਲ ਸੰਘਰਸ਼ ਕਰਦੇ ਰਹਿਣ ਦਾ ਵੀ ਸੰਕਲਪ ਦ੍ਰਿੜ੍ਹਾਇਆ। ਦੂਜੀ ਧਾਰਾ ਪੰਜਾਬੀ ਸੂਬੇ ਦੇ ਮਸਲੇ ਨੂੰ ਕਾਫ਼ੀ ਅਲੱਗ ਦ੍ਰਿਸ਼ਟੀਕੋਣ ਤੋਂ ਦੇਖਦੀ ਸੀ। ਉਸ ਲਈ ਮਸਲਾ, ਮੂਲ ਰੂਪ ਵਿੱਚ, ਭਾਸ਼ਾਈ ਰਾਜ ਦੀ ਸਥਾਪਨਾ ਦਾ ਨਹੀਂ ਸਗੋਂ ਸਿੱਖ ਕੌਮ ਦੀ ਆਜ਼ਾਦੀ ਦਾ ਸੀ। ਇਸ ਕਰਕੇ ਉਹ ਭਾਰਤ ਦੇ ਅੰਦਰ ਹੀ ਅਜਿਹੇ ਰਾਜ ਦੇ ਗਠਨ ਦੀ ਇੱਛਾ ਰਖਦੀ ਸੀ ਜਿੱਥੇ ਸਿੱਖ ਪੰਥ ਆਪਣੇ ਧਰਮ ਤੇ ਸਭਿਆਚਾਰ ਦੀ ਰਾਖੀ ਕਰ ਸਕੇ ਅਤੇ ਇਸ ਨੂੰ ਆਪਣੀ ਮਰਜ਼ੀ ਮੁਤਾਬਕ ਪ੍ਰਫੁਲਤ ਕਰ ਸਕੇ। ਇਸ ਦੇ ਲਈ ਉਹ ਦੋ ਗੱਲਾਂ ਜ਼ਰੂਰੀ ਸਮਝਦੀ ਸੀ। ਇਕ, ਇਸ ਪ੍ਰਸਤਾਵਤ ਰਾਜ ਵਿੱਚ ਸਿੱਖਾਂ ਦੀ ਬਹੁਗਿਣਤੀ ਹੋਵੇ ਤਾਂ ਜੋ ਉਹ ਜਮਹੂਰੀ ਵਿਧੀ ਰਾਹੀਂ ਰਾਜਸੀ ਤਾਕਤ ਉੱਤੇ ਆਪਣਾ ਦਾਅਵਾ ਤੇ ਕੰਟਰੋਲ ਯਕੀਨੀ ਬਣਾ ਸਕੇ। ਦੂਜਾ, ਇਸ ਪ੍ਰਸਤਾਵਤ ਰਾਜ ਨੂੰ ਲੁੜੀਂਦੀ ਖ਼ੁਦਮੁਖ਼ਤਿਆਰੀ ਦਿੱਤੀ ਜਾਵੇ ਤਾਂ ਜੋ ਸਿੱਖ ਕੌਮ ਰਾਜਸੀ ਤਾਕਤ ਦਾ ਆਪਣੇ ਹਿਤਾਂ ਅਨੁਸਾਰ ਇਸਤੇਮਾਲ ਕਰਨ ਲਈ ਸੁਤੰਤਰ ਹੋਵੇ। ਅਰਥਾਤ ਪ੍ਰਸਤਾਵਤ ਰਾਜ ਅੰਦਰ ਸਿੱਖ ਕੌਮ ਗ਼ੁਲਾਮਾਂ ਵਾਂਗ ਨਹੀਂ ਸਗੋਂ ਹਾਕਮਾਂ ਵਾਂਗ ਵਿਚਰ ਸਕੇ। 'ਪੰਜਾਬ ਪੁਨਰਗਠਨ ਐਕਟ' ਦੇ ਲਾਗੂ ਹੋ ਜਾਣ ਨਾਲ ਇਸ ਧਾਰਾ ਦੀ ਇਕ ਸਧਰ ਤਾਂ ਪੂਰੀ ਹੋ ਗਈ ਕਿ ਨਵੇਂ ਪੰਜਾਬ ਅੰਦਰ ਸਿੱਖਾਂ ਦੀ ਸਪਸ਼ਟ ਬਹੁਗਿਣਤੀ (ਪਚਵੰਜਾ ਫ਼ੀਸਦੀ) ਹੋ ਗਈ। ਭਾਵੇਂ ਅਜਿਹਾ ਭਾਰਤੀ ਹਾਕਮਾਂ ਦੇ ਦਿਲ ਦੀ ਫ਼ਿਰਕੂ ਮੈਲ ਕਰਕੇ ਹੀ ਹੋਇਆ। (ਕਿਉਂਕਿ ਜੇਕਰ ਸਿੱਖ ਕੌਮ ਦੇ ਵੱਡੇ ਹਿੱਸਿਆਂ ਦੀ ਮੰਗ ਅਤੇ ਇੱਛਾ ਅਨੁਸਾਰ ਪੰਜਾਬੀ ਸੂਬੇ ਦੀ ਸਥਾਪਨਾ ਫ਼ਿਰਕੂ ਆਧਾਰ ਦੀ ਥਾਂ ਨਿਰੋਲ ਭਾਸ਼ਾਈ ਆਧਾਰ 'ਤੇ ਹੋਈ ਹੁੰਦੀ ਤਾਂ ਪ੍ਰਸਤਾਵਤ ਰਾਜ ਵਿੱਚ ਸਿੱਖਾਂ ਦੀ ਬਹੁਗਿਣਤੀ ਕਦਾਚਿਤ ਸੰਭਵ ਨਹੀਂ ਸੀ ਹੋ ਸਕਣੀ।) ਭਾਰੂ ਸਿੱਖ ਵਸੋਂ ਵਾਲੇ ਰਾਜ ਦੀ ਚਾਹ ਰੱਖਣ ਵਾਲੇ ਸਿੱਖ ਵਰਗ ਲਈ ਭਾਰਤੀ ਹਾਕਮਾਂ ਦੀ ਇਹ ਫ਼ਿਰਕੂ ਤੰਗ ਨਜ਼ਰੀ 'ਕੁੱਬੇ ਦੇ ਲੱਤ ਵੱਜਣ' ਵਾਂਗ ਰਾਸ ਆ ਗਈ। ਇਤਿਹਾਸ ਅੰਦਰ ਪਹਿਲੀ ਵਾਰ ਸਿੱਖਾਂ ਨੂੰ ਇਕ ਅਜਿਹਾ ਇਲਾਕਾ ਮਿਲ ਗਿਆ ਜਿੱਥੇ ਉਹ ਬਹੁਗਿਣਤੀ ਵਿੱਚ ਹੋਣ ਸਦਕਾ ਰਾਜਸੀ ਤਾਕਤ ਦੇ ਹੱਕੀ ਦਾਅਵੇਦਾਰ ਬਣ ਗਏ। ਸਿੱਖਾਂ ਲਈ ਹੁਣ ਅਗਲਾ ਮਸਲਾ ਇਸ ਰਾਜਸੀ ਤਾਕਤ ਦਾ ਆਪਣੇ ਕੌਮੀ ਹਿਤਾਂ ਲਈ ਇਸਤੇਮਾਲ ਕਰਨ ਲਈ ਸੁਤੰਤਰਤਾ ਹਾਸਲ ਕਰਨਾ ਬਣ ਗਿਆ ਸੀ। ਭਾਰਤੀ ਹਾਕਮਾਂ ਦੀ ਇੱਛਾ ਤੇ ਕੋਸ਼ਿਸ਼ ਇਹ ਸੀ ਕਿ ਪੰਜਾਬ ਅੰਦਰ ਬਹੁਗਿਣਤੀ ਵਿੱਚ ਹੋਣ ਦੇ ਬਾਵਜੂਦ ਸਿੱਖਾਂ ਦੇ ਇਕ ਆਜ਼ਾਦ ਕੌਮ ਵਾਂਗ ਵਿਚਰਨ

ਦੇ ਸਾਰੇ ਰਾਹ ਬੰਦ ਕਰ ਦਿੱਤੇ ਜਾਣ ਅਤੇ ਉਨ੍ਹਾਂ ਨੂੰ ਹਰ ਪੱਖ ਤੋਂ (ਆਰਥਿਕ ਹੋਵੇ ਜਾਂ ਰਾਜਨੀਤਕ, ਅਤੇ ਧਾਰਮਿਕ ਹੋਵੇ ਜਾਂ ਸਭਿਆਚਾਰਕ) ਹਿੰਦੂ ਵਰਗ ਦਾ ਮੁਥਾਜ ਬਣਾ ਕੇ ਰੱਖਿਆ ਜਾਵੇ। ਭਾਰਤੀ ਹਾਕਮਾਂ ਦੁਆਰਾ ਸਿੱਖ ਕੌਮ ਪ੍ਰਤੀ ਧਾਰਨ ਕੀਤੇ ਇਸ ਵਤੀਰੇ ਨੇ, ਸੁਭਾਵਿਕ ਤੌਰ 'ਤੇ ਹੀ, ਸਿੱਖ ਪੰਥ ਲਈ ਵੱਡੀਆਂ ਮੁਸ਼ਕਲਾਂ ਤੇ ਚੁਣੌਤੀਆਂ ਪੈਦਾ ਕਰ ਦਿੱਤੀਆਂ। ਇਸ ਵਿੱਚੋਂ ਹੀ ਸਿੱਖ ਪੰਥ ਦੀ ਅਗਲੇ ਗੇੜ ਦੀ ਲੜਾਈ ਦੀ ਰੂਪ-ਰੇਖਾ ਨਿਰਧਾਰਤ ਹੋਈ।

ਕਿਸੇ ਵੀ ਮਹਿਕੂਮ ਭਾਈਚਾਰੇ ਦੇ ਸਾਰੇ ਵਰਗਾਂ (ਤੇ ਸਾਰੇ ਮੈਂਬਰਾਂ) ਅੰਦਰ ਆਜ਼ਾਦੀ ਦੀ ਤਾਂਘ ਤੇ ਜਜ਼ਬਾ ਇਕਸਾਰ ਨਹੀਂ ਹੁੰਦਾ। ਗ਼ੁਲਾਮੀ ਦੀ ਚੋਭ ਸਾਰਿਆਂ ਨੂੰ ਇੱਕੋ ਜਿਹੀ ਮਹਿਸੂਸ ਨਹੀਂ ਹੁੰਦੀ ਅਤੇ ਨਾ ਹੀ ਸਾਰਿਆਂ ਅੰਦਰ ਗ਼ੈਰਤ ਤੇ ਸਵੈਮਾਣ ਦਾ ਮਾਦਾ ਇਕ ਸਮਾਨ ਹੁੰਦਾ ਹੈ। ਇਸਦੇ ਕਾਰਨ ਨਿਰੇ ਜਨਮਾਂਤਰ (genetic) ਨਹੀਂ ਹੁੰਦੇ। ਸਮਾਜ ਦੇ ਅੱਡ ਅੱਡ ਵਰਗਾਂ ਦਾ ਸਮਾਜੀ-ਆਰਥਿਕ ਜੀਵਨ ਤੇ ਰੁਤਬਾ ਵੀ ਉਨ੍ਹਾਂ ਦੇ ਰਾਜਨੀਤਕ ਵਿਹਾਰ ਉੱਤੇ ਆਪਣਾ ਗਹਿਰਾ ਪ੍ਰਭਾਵ ਪਾਉਂਦਾ ਹੈ। ਇਹੀ ਵਜ੍ਹਾ ਹੈ ਕਿ ਗ਼ਲਬੇ ਤੇ ਬੇਇਨਸਾਫ਼ੀ ਦੇ ਸ਼ਿਕਾਰ ਭਾਈਚਾਰਿਆਂ ਅੰਦਰ ਰਾਜਸੀ ਨਿਸ਼ਾਨੇ ਤੇ ਜਦੋਜਹਿਦ ਦੇ ਤੌਰ-ਤਰੀਕਿਆਂ ਨੂੰ ਲੈ ਕੇ ਅਕਸਰ ਵੱਡੇ ਮੱਤਭੇਦ ਤੇ ਬਖੇੜੇ ਪੈਦਾ ਹੋ ਜਾਂਦੇ ਹਨ। ਅਕਾਲੀ ਰਾਜਨੀਤੀ ਅੰਦਰ ਜੋ ਮੱਤਭੇਦ ਅਤੇ ਵਖਰੇਵੇਂ ਪੰਜਾਬੀ ਸੂਬੇ ਦੀ ਸਥਾਪਨਾ ਲਈ ਜਦੋਜਹਿਦ ਦੇ ਦੌਰਾਨ ਪੈਦਾ ਹੋਏ ਸਨ, ਉਹ ਪੰਜਾਬੀ ਸੂਬੇ ਦੀ ਸਥਾਪਨਾ ਦੇ ਨਾਲ ਖ਼ਤਮ ਨਹੀਂ ਹੋ ਗਏ, ਉਹ ਸਗੋਂ ਵੱਧ ਡੂੰਘੇ ਅਰਥ ਗ੍ਰਹਿਣ ਕਰ ਗਏ।

ਮਾਸਟਰ ਤਾਰਾ ਸਿੰਘ ਖ਼ੁਦ ਸ਼ਹਿਰੀ ਸਿੱਖ ਵਰਗ ਨਾਲ ਸਬੰਧਤ ਹੋਣ ਕਰਕੇ, ਇਸ ਵਰਗ ਦੇ ਜੀਵਨ ਦੀ ਧੜਕਣ ਨੂੰ ਵੱਧ ਨੇੜਿਉਂ ਮਹਿਸੂਸ ਕਰ ਸਕਦੇ ਸਨ। 1947 ਦੀ ਵੰਡ ਨੇ ਵੈਸੇ ਤਾਂ ਪੱਛਮੀ ਪੰਜਾਬ ਦੀ ਪੇਂਡੂ ਤੇ ਸ਼ਹਿਰੀ ਸਿੱਖ ਵਸੋਂ ਉੱਤੇ ਮੁਸੀਬਤਾਂ ਦਾ ਇੱਕੋ ਜਿਹਾ ਝੱਖੜ ਝੁਲਾ ਦਿੱਤਾ ਸੀ ਪਰ ਤਾਂ ਵੀ ਪੇਂਡੂ ਸਿੱਖ ਤਬਕੇ ਦੇ ਮੁਕਾਬਲੇ ਸ਼ਹਿਰੀ ਸਿੱਖ ਵਰਗ ਲਈ ਮੁੜ-ਵਸੇਬੇ ਦਾ ਅਮਲ ਵੱਧ ਬਿਖੜਾ ਹੋ ਗੁਜ਼ਰਿਆ। ਪੂਰਬੀ ਪੰਜਾਬ ਤੋਂ ਉਜੜ ਕੇ ਗਈ ਮੁਸਲਿਮ ਵਸੋਂ 'ਚੋਂ ਵੱਡੀ ਗਿਣਤੀ ਪੇਂਡੂ ਕਾਸ਼ਤਕਾਰ ਵਰਗ ਦੀ ਸੀ। ਸ਼ਹਿਰੀ ਮੁਸਲਿਮ ਵਸੋਂ ਅੰਦਰ ਜ਼ਿਆਦਾ ਕਰਕੇ ਗ਼ਰੀਬ ਤੇ ਹੇਠਲੇ ਤਬਕਿਆਂ ਦੀ ਬਹੁਤਾਤ ਸੀ। ਵਪਾਰੀ ਕਾਰੋਬਾਰੀ ਤਬਕਾ ਨਾਂਹ ਦੇ ਬਰਾਬਰ ਸੀ। ਇਸ ਕਰਕੇ, ਪੱਛਮੀ ਪੰਜਾਬ ਤੋਂ ਉਜੜ ਕੇ ਆਈ ਪੇਂਡੂ ਸਿੱਖ ਵਸੋਂ ਨੂੰ ਤਾਂ ਪੈਰ-ਧਰਾਅ ਕਰਨ ਲਈ, ਇਧਰੋਂ ਪੇਂਡੂ ਮੁਸਲਿਮ ਵਸੋਂ ਦੇ ਉਜਾੜੇ ਸਦਕਾ ਖ਼ਾਲੀ ਹੋਈ ਜਗ੍ਹਾ ਮਿਲ ਗਈ। (ਭਾਵੇਂ ਇਸ ਤਬਾਦਲੇ ਵਿੱਚ ਕੁਝ ਹਿੱਸਿਆਂ ਨੂੰ ਵੱਡਾ ਮਾਲੀ ਖ਼ਸਾਰਾ ਝੱਲਣਾ ਪਿਆ।) ਜਿੱਥੋਂ ਤਕ ਉਜਾੜੇ ਦਾ ਸ਼ਿਕਾਰ ਹੋਈ ਸ਼ਹਿਰੀ ਸਿੱਖ ਵਸੋਂ ਦਾ ਸਬੰਧ ਹੈ, ਉਸਨੂੰ ਆਪਣੇ ਪੈਰ ਜਮਾਉਣ ਲਈ ਕਿਤੇ ਵੱਧ ਕਠੋਰ ਜਦੋਜਹਿਦ ਕਰਨੀ ਪਈ।[34] ਉਸਦੇ ਸਾਹਮਣੇ ਮੁਸਲਿਮ ਤਬਕੇ ਦੇ ਉਜਾੜੇ ਸਦਕਾ ਖ਼ਾਲੀ ਹੋਈ ਕੋਈ ਜਗ੍ਹਾ ਜਾਂ ਵਿਰਲ ਨਹੀਂ ਸੀ। ਉਸਨੂੰ ਸਖਤ ਸੰਘਰਸ਼ ਕਰਕੇ ਆਪਣੀ ਥਾਂ ਬਣਾਉਣੀ ਪੈਣੀ ਸੀ। ਇਹ ਸਮੱਸਿਆ ਉਸਦੇ ਹਮ-ਮੁਕੱਦਰ ਤੇ ਹਮ-ਪੇਸ਼ਾ ਹਿੰਦੂ ਵਰਗ ਦੇ ਸਾਹਮਣੇ ਵੀ ਸੀ। ਪਰ ਹਿੰਦੂ ਵਰਗ ਨੂੰ ਆਰਥਿਕ ਤੇ ਰਾਜਕੀ-ਪ੍ਰਬੰਧਕੀ ਖੇਤਰ ਅੰਦਰ ਭਾਰੂ ਹੈਸੀਅਤ ਰੱਖਣ ਵਾਲੇ ਉਸਦੇ ਆਪਣੇ ਭਾਈਚਾਰੇ ਦਾ ਮਿਲਵਰਤਨ ਤੇ ਸਮਰਥਨ ਮਿਲ ਜਾਣ ਕਰਕੇ ਉਸ ਵਾਸਤੇ ਮੁੜ-ਵਸੇਬੇ ਦਾ ਅਮਲ ਮੁਕਾਬਲਤਨ ਸੁਖਾਲਾ ਹੋ ਗਿਆ। ਲੇਕਿਨ ਸ਼ਹਿਰੀ ਸਿੱਖ ਵਰਗ ਨੂੰ, ਖਾਸ ਕਰਕੇ ਵਪਾਰੀ-ਕਾਰੋਬਾਰੀ ਤਬਕੇ ਨੂੰ ਕਈ ਵਿਰੋਧੀ ਪੱਖਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਕ ਤਾਂ ਉਸ ਨੂੰ ਇਸ ਖੇਤਰ ਅੰਦਰ ਪਹਿਲਾਂ ਤੋਂ ਪੈਰ ਜਮਾਈ ਬੈਠੇ ਹਿੰਦੂ ਤਬਕੇ ਨਾਲ ਮੜਿਕਣਾ

ਪੈ ਰਿਹਾ ਸੀ, ਉਹ ਵੀ ਕਮਜ਼ੋਰੀ ਦੀ ਪੋਜ਼ੀਸ਼ਨ ਤੋਂ। ਦੂਜਾ, ਉਸਨੂੰ ਪੈਰ ਪੈਰ 'ਤੇ, ਰਾਜਕੀ-ਪ੍ਰਬੰਧਕੀ ਢਾਂਚੇ ਅੰਦਰ ਹਾਵੀ ਹਿੰਦੂ ਫ਼ਿਰਕਾਪ੍ਰਸਤ ਤੱਤਾਂ ਦੀ ਰੜਕਵੀਂ ਵਿਤਕਰੇਬਾਜ਼ੀ ਝੱਲਣੀ ਪੈ ਰਹੀ ਸੀ। ਵੈਸੇ ਤਾਂ ਇਸ ਕਿੱਤੇ ਦੇ ਆਮ ਦਸਤੂਰ ਮੁਤਾਬਕ ਹੀ ਤਾਕਤਵਰ ਧਿਰ ਨਾਲ ਮੁਕਾਬਲੇਬਾਜ਼ੀ ਕੋਈ ਘੱਟ ਜੋਖਮ ਭਰੀ ਨਹੀਂ ਹੁੰਦੀ। ਪ੍ਰੰਤੂ ਜਦ ਕਾਰੋਬਾਰੀ ਮੁਕਾਬਲੇਬਾਜ਼ੀ ਉੱਤੇ ਫ਼ਿਰਕੂ ਤੁਅੱਸਬਾਂ ਦੀ ਪੁੱਠ ਚੜ੍ਹੀ ਹੋਵੇ ਅਤੇ ਸਰਕਾਰੀ ਤੇ ਪ੍ਰਬੰਧਕੀ ਢਾਂਚੇ ਤੋਂ ਲੈ ਕੇ ਕਾਰੋਬਾਰੀ ਖੇਤਰ ਤਕ ਹਰ ਪੱਧਰ 'ਤੇ ਫ਼ਿਰਕੂ ਪੱਖਪਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੋਵੇ ਤਾਂ ਅਜਿਹੇ ਵੈਰ-ਭਾਵੀ ਵਾਤਾਵਰਨ ਅੰਦਰ ਆਪਣੀ ਹਸਤੀ ਨੂੰ ਬਚਾ ਕੇ ਰੱਖਣ ਦਾ ਕਾਰਜ ਸਹਿਲ ਨਹੀਂ ਰਹਿ ਜਾਂਦਾ। ਇਸ ਦੇ ਵਾਸਤੇ ਕਮਜ਼ੋਰ ਧਿਰ ਸਾਹਮਣੇ ਸਖ਼ਤ ਜਾਨ ਲੜਾਈ ਲੜਨ ਤੋਂ ਬਿਨਾਂ ਹੋਰ ਕੋਈ ਰਸਤਾ ਨਹੀਂ ਰਹਿ ਜਾਂਦਾ। ਆਜ਼ਾਦੀ ਅਤੇ ਬਟਵਾਰੇ ਤੋਂ ਬਾਅਦ ਸ਼ਹਿਰੀ ਸਿੱਖ ਵਰਗ ਨੂੰ ਭਾਰਤ ਅੰਦਰ ਕੁੱਝ ਅਜਿਹੀਆਂ ਹੀ ਦੁਸ਼ਵਾਰ ਹਾਲਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਹਿੰਦੂ ਹੁਕਮਰਾਨ ਵਰਗ ਦੀ ਹਰ ਫ਼ਿਰਕੂ ਹਰਕਤ ਆਮ ਕਰਕੇ ਸਿੱਧੀ ਉਸਦੇ ਕਾਲਜੇ ਨੂੰ ਵੱਜਦੀ ਸੀ। ਇਸ ਕਰਕੇ ਉਹ ਪੇਂਡੂ ਸਿੱਖ ਵਸੋਂ ਦੇ ਮੁਕਾਬਲੇ ਆਮ ਕਰਕੇ ਵੱਧ ਉਤੇਜਿਤ ਰੌਂਅ ਵਿੱਚ ਸੀ। ਇਹੀ ਵਰਗ ਮਾਸਟਰ ਤਾਰਾ ਸਿੰਘ ਦੀ ਰਾਜਨੀਤੀ ਦਾ ਮੁੱਖ ਆਧਾਰ ਤੇ ਵਾਹਕ ਬਣਿਆ ਹੋਇਆ ਸੀ। ਸੁਭਾਵਿਕ ਰੂਪ ਵਿੱਚ ਹੀ, ਉਹ ਮਾਸਟਰ ਤਾਰਾ ਸਿੰਘ ਦੀ ਰਾਜਨੀਤਕ ਸੋਚਣੀ ਉੱਤੇ ਆਪਣਾ ਤਕੜਾ ਪ੍ਰਭਾਵ ਛੱਡ ਰਿਹਾ ਸੀ।

ਪੰਜਾਬ ਦੇ ਪੇਂਡੂ ਸਿੱਖ ਵਰਗ ਦਾ ਮਾਮਲਾ ਸ਼ਹਿਰੀ ਸਿੱਖ ਤਬਕੇ ਨਾਲੋਂ ਥੋੜਾ ਅਲੱਗ ਸੀ। ਉਸ ਦੇ ਸਾਹਮਣੇ ਆਪਣੇ ਕਿੱਤੇ ਦੇ ਖੇਤਰ ਅੰਦਰ ਹਿੰਦੂ ਵਰਗ ਹੱਥੋਂ ਸਿੱਧੀ ਚੁਣੌਤੀ ਅਤੇ ਮੁਕਾਬਲਾ-ਭੇੜ ਦੀ ਕੋਈ ਸਮੱਸਿਆ ਨਹੀਂ ਸੀ। ਇਸ ਪੱਖੋਂ ਉਹ ਕਾਫ਼ੀ ਹੱਦ ਤੱਕ ਨਿਸ਼ਚਿੰਤ ਅਤੇ ਸੁਰੱਖਿਅਤ ਮਹਿਸੂਸ ਕਰਦਾ ਸੀ। ਪਰ ਹਿੰਦੂ ਵਪਾਰੀ ਵਰਗ ਮੰਡੀ-ਪ੍ਰਣਾਲੀ (market mechanism) ਦੇ ਜ਼ਰੀਏ ਕਿਸਾਨ ਦੀ ਕਿਰਤ ਅਤੇ ਕਮਾਈ ਉੱਤੇ ਜੋ ਧਾੜਾ ਮਾਰ ਜਾਂਦਾ ਸੀ, ਉਸ ਨਾਲ ਕਿਸਾਨ ਵਰਗ ਅੰਦਰ ਹਿੰਦੂ ਵਪਾਰੀ ਤਬਕੇ ਵਿਰੁੱਧ ਤਿੱਖੀ ਜਮਾਤੀ ਔਖ ਤੇ ਨਫ਼ਰਤ ਪਾਈ ਜਾਂਦੀ ਸੀ। ਆਜ਼ਾਦੀ ਤੋਂ ਬਾਅਦ ਜਦ ਹਕੂਮਤੀ ਤਾਕਤ ਹਿੰਦੂ ਵਰਗ ਦੇ ਹੱਥ ਆ ਗਈ ਅਤੇ ਉਸਨੇ ਸਿੱਖ ਕੌਮ ਪ੍ਰਤੀ ਫ਼ਿਰਕੂ ਵਿਤਕਰੇਬਾਜ਼ ਪਹੁੰਚ ਅਖ਼ਤਿਆਰ ਕਰ ਲਈ ਤਾਂ ਪੰਜਾਬ ਦੇ ਸਿੱਖ ਕਾਸ਼ਤਕਾਰ ਤੇ ਹਿੰਦੂ ਵਪਾਰੀ ਵਰਗ ਵਿਚਲੇ ਰਵਾਇਤੀ ਜਮਾਤੀ ਵਿਰੋਧਾਂ ਅੰਦਰ ਫ਼ਿਰਕੇਦਾਰੀ ਦਾ ਅੰਸ਼ ਸ਼ਾਮਲ ਹੋ ਗਿਆ। ਸਿੱਖ ਕਾਸ਼ਤਕਾਰ ਰਵਾਇਤੀ ਤੌਰ 'ਤੇ ਅਕਾਲੀ ਦਲ ਨਾਲ ਜੁੜਿਆ ਚਲਿਆ ਆ ਰਿਹਾ ਸੀ। ਦੂਜੇ ਪਾਸੇ ਹਿੰਦੂ ਵਪਾਰੀ ਵਰਗ ਪੰਜਾਬ ਅੰਦਰ ਕਾਂਗਰਸ ਪਾਰਟੀ ਦੀ ਸ਼ੁਰੂ ਤੋਂ ਹੀ ਮੁੱਖ ਟੇਕ ਬਣਿਆ ਹੋਇਆ ਸੀ। ਇਹੀ ਵਰਗ ਸੀ ਜਿਸਦੀ ਫ਼ਿਤਰਤ ਅੰਦਰ ਫ਼ਿਰਕਾਪ੍ਰਸਤੀ ਦਾ ਸਭ ਤੋਂ ਵੱਧ ਜ਼ਹਿਰ ਘੁਲਿਆ ਹੋਇਆ ਸੀ। ਇਸ ਕਰਕੇ ਪੰਜਾਬ ਦੇ ਪੇਂਡੂ ਤੇ ਸ਼ਹਿਰੀ ਸਿੱਖ ਵਰਗ ਦੀਆਂ ਨਜ਼ਰਾਂ ਵਿੱਚ ਕਾਂਗਰਸ ਪਾਰਟੀ ਤੱਤ ਰੂਪ ਵਿੱਚ ਇਕ ਹਿੰਦੂ ਸੰਸਥਾ ਸੀ ਜੋ ਸਿੱਖ ਕੌਮ ਪ੍ਰਤੀ ਦਵੈਤ ਤੇ ਦੁਸ਼ਮਣੀ ਦੀ ਭਾਵਨਾ ਪਾਲ ਕੇ ਚੱਲ ਰਹੀ ਸੀ। ਸ਼ੁਰੂ ਦੌਰ ਅੰਦਰ ਕਾਂਗਰਸ ਪਾਰਟੀ ਦਾ ਸਿੱਖ ਕਿਸਾਨੀ ਅੰਦਰ ਉੱਕਾ ਹੀ ਆਧਾਰ ਨਹੀਂ ਸੀ। ਭਾਰਤ ਦੀ ਆਜ਼ਾਦੀ ਦੀ ਲੜਾਈ ਦੇ ਦੌਰਾਨ ਜਦ ਅਕਾਲੀ ਲੀਡਰਸ਼ਿਪ ਨੈਸ਼ਨਲਿਸਟ ਵਿਚਾਰਧਾਰਾ ਦੇ ਵਹਿਣ ਵਿੱਚ ਵਹਿ ਗਈ ਤਾਂ ਕਾਂਗਰਸ ਪਾਰਟੀ ਨੂੰ ਸਿੱਖ ਜਨਤਾ, ਖ਼ਾਸ ਤੌਰ 'ਤੇ ਪੇਂਡੂ ਸਿੱਖ ਵਰਗ ਅੰਦਰ ਰਾਜਸੀ ਸੰਨ੍ਹ ਲਾਉਣ ਦਾ ਮੌਕਾ ਮਿਲ ਗਿਆ। ਅਕਾਲੀ ਸਫ਼ਾਂ 'ਚੋਂ ਦਲਬਦਲੀ ਕਰ ਕੇ ਕਾਂਗਰਸ ਵਿੱਚ ਸ਼ਾਮਲ ਹੋਏ ਤੱਤਾਂ ਨੇ ਪੰਜਾਬ ਦੇ ਕੁਝ ਖੇਤਰਾਂ, ਖ਼ਾਸ ਕਰਕੇ ਮਾਝੇ ਤੇ ਦੁਆਬੇ ਅੰਦਰ, ਕਾਂਗਰਸ

ਪਾਰਟੀ ਨੂੰ ਸਿੱਖ ਕਿਸਾਨੀ ਅੰਦਰ ਵਜ਼ਨ ਜੋਗਰਾ ਕਰ ਦਿੱਤਾ ਸੀ। ਪਰ ਕੁੱਲ ਮਿਲਾ ਕੇ ਪੰਜਾਬ ਦਾ ਸਿੱਖ ਕਿਸਾਨ ਅਕਾਲੀ ਦਲ ਦੀ ਦ੍ਰਿੜ ਅਤੇ ਸਥਿਰ ਟੇਕ ਬਣਿਆ ਹੋਇਆ ਸੀ। ਉਹ ਅਕਾਲੀ ਦਲ ਦੇ ਹਰ ਸੰਘਰਸ਼ ਅਤੇ ਮੋਰਚੇ ਦੀ ਜਿੰਦ-ਜਾਨ ਸੀ। ਵਪਾਰੀ/ਸਰਮਾਏਦਾਰ ਵਰਗ ਹੱਥੋਂ ਤਿੱਖੀ ਲੁੱਟ-ਖਸੁੱਟ ਦਾ ਸ਼ਿਕਾਰ ਹੋਣ ਦੇ ਬਾਵਜੂਦ ਉਸ ਦੀ ਆਰਥਿਕ ਦਸ਼ਾ ਉੱਕਾ ਹੀ ਗਈ ਗੁਜ਼ਰੀ ਨਹੀਂ ਸੀ। ਇਸ ਵਿੱਚ ਇਕ ਤਾਂ ਉਸਦੇ ਮਿਹਨਤੀ ਅਤੇ ਉੱਦਮੀ ਸੁਭਾਅ ਦਾ ਵੀ ਯੋਗਦਾਨ ਸੀ। ਦੂਜਾ ਬਰਤਾਨਵੀ ਹਾਕਮਾਂ ਨੇ ਭਾਰਤ ਅੰਦਰ ਅਨਾਜ ਦੀ ਲੋੜ ਨੂੰ ਪੂਰਾ ਕਰਨ ਲਈ ਪੰਜਾਬ ਅੰਦਰ ਖੇਤੀ ਦੀ ਪੈਦਾਵਾਰ ਵਧਾਉਣ ਦੇ ਕਾਰਜ ਨੂੰ ਉਚੇਚੀ ਤਰਜੀਹ ਦਿੰਦਿਆਂ ਹੋਇਆਂ ਖੇਤੀ-ਮੁਖੀ ਵਿਕਾਸ ਕਾਰਜਾਂ ਦਾ ਜੋ ਆਧਾਰ-ਢਾਂਚਾ ਸਿਰਜ ਦਿੱਤਾ ਸੀ, ਉਸਨੇ ਬਸਤੀਆਨਾ ਲੁੱਟ-ਖਸੁੱਟ ਦੇ ਬਾਵਜੂਦ, ਪੰਜਾਬ ਦੀ ਕਿਸਾਨੀ ਦੀ ਆਰਥਿਕ ਦਸ਼ਾ ਅੰਦਰ ਕੁਝ ਸੁਧਾਰ ਜ਼ਰੂਰ ਲੈ ਆਂਦਾ ਸੀ। ਆਜ਼ਾਦੀ ਤੋਂ ਬਾਅਦ ਭਾਰਤੀ ਹਾਕਮਾਂ ਨੇ ਵੀ ਪੰਜਾਬ ਨੂੰ ਭਾਰਤ ਦੇ 'ਅੰਨ ਭੰਡਾਰ' ਵਜੋਂ ਵਿਕਸਤ ਕਰਨ ਦੇ ਯੁਧਨੀਤਕ ਉਦੇਸ਼ ਨੂੰ ਪਰਮੁੱਖ ਰਖਦਿਆਂ ਹੋਇਆਂ ਖੇਤੀ-ਮੁਖੀ ਵਿਕਾਸ ਕਾਰਜਾਂ ਉੱਤੇ ਉਚੇਚਾ ਜ਼ੋਰ ਦੇਣਾ ਜਾਰੀ ਰੱਖਿਆ। ਭਾਵੇਂ ਇਸ ਨੀਤੀ ਦਾ ਕਿਸਾਨੀ ਦੀਆਂ ਸਾਰੀਆਂ ਪਰਤਾਂ ਉੱਤੇ ਸਾਵਾਂ ਪਰਭਾਵ ਨਹੀਂ ਪਿਆ। ਪਰ ਫਿਰ ਵੀ ਇਸ ਨਾਲ ਕਿਸਾਨੀ ਦੀਆਂ ਉਪਰਲੀਆਂ ਅਤੇ ਦਰਮਿਆਨੀਆਂ ਪਰਤਾਂ ਦੀ ਆਰਥਿਕ ਦਸ਼ਾ ਅੰਦਰ ਚੋਖਾ ਸੁਧਾਰ ਜ਼ਰੂਰ ਆਇਆ। ਜਿੱਥੋਂ ਤਕ ਥੁੜ-ਮਾਰੇ ਕਿਸਾਨ ਦਾ ਸਬੰਧ ਹੈ, ਉਹ ਪੂਰੀ ਕੋਸ਼ਿਸ਼ ਦੇ ਬਾਵਜੂਦ ਗ਼ੁਰਬਤ ਦੀ ਲਾਹਨਤ ਤੋਂ ਛੁਟਕਾਰਾ ਨਹੀਂ ਪਾ ਸਕਿਆ। ਪਰ ਇਹ ਵਰਗ ਸੁਤੰਤਰ ਰੂਪ ਵਿੱਚ ਆਪਣਾ ਕੋਈ ਬਹੁਤਾ ਸਮਾਜੀ ਜਾਂ ਰਾਜਸੀ ਤਾਣ ਨਹੀਂ ਸੀ ਰੱਖਦਾ। ਸਮਾਜਿਕ ਅਤੇ ਰਾਜਨੀਤਕ ਤੌਰ 'ਤੇ ਉਹ ਆਮ ਕਰਕੇ ਕਿਸਾਨੀ ਦੇ ਰੱਜੇ-ਪੁੱਜੇ ਵਰਗਾਂ ਦਾ ਹੀ ਪਰਭਾਵ ਕਬੂਲਦਾ ਸੀ। ਸੱਠਵਿਆਂ ਦੇ ਸ਼ੁਰੂ ਵਿੱਚ ਕੌਮਾਂਤਰੀ ਸੰਸਥਾਵਾਂ ਦੁਆਰਾ ਖੇਤੀ-ਬਾੜੀ ਦੇ ਨਵੇਂ ਢੰਗਾਂ ਨੂੰ ਉਤਸ਼ਾਹਤ ਕਰਨ ਲਈ ਅਪਣਾਏ ਕਾਰਜ-ਕਰਮਾਂ ਨੇ ਪੰਜਾਬ ਦੇ ਕਿਸਾਨ ਭਾਈਚਾਰੇ, ਵਿਸ਼ੇਸ਼ ਕਰਕੇ ਇਸਦੀਆਂ ਉਪਰਲੀਆਂ ਅਤੇ ਦਰਮਿਆਨੀਆਂ ਪਰਤਾਂ ਲਈ ਤਰੱਕੀ ਅਤੇ ਖ਼ੁਸ਼ਹਾਲੀ ਦੇ ਨਵੇਂ ਮੌਕੇ ਖੋਲ੍ਹ ਦਿੱਤੇ। ਇਸ ਨਾਲ ਉਨ੍ਹਾਂ ਅੰਦਰ ਨਵਾਂ ਉਮਾਹ ਜਾਗ ਉੱਠਿਆ। ਖੇਤੀ ਦੀ ਨਵੀਂ ਤਕਨੀਕ ਨੇ ਸਿਰਫ਼ ਕਿਸਾਨੀ ਦੇ ਆਰਥਿਕ ਜੀਵਨ ਦਾ ਹੀ ਕਾਇਆ-ਕਲਪ ਨਹੀਂ ਕੀਤਾ, ਨਾਲ ਹੀ ਉਸਦੇ ਸਭਿਆਚਾਰ ਅਤੇ ਮਾਨਸਿਕਤਾ ਅੰਦਰ ਵੀ ਵੱਡੀ ਰੱਦੋ-ਬਦਲ ਦਾ ਅਮਲ ਛੇੜ ਦਿੱਤਾ। ਉਸਨੇ ਆਲਸ ਅਤੇ ਸਬਰ-ਸੰਤੋਖ ਵਰਗੇ ਰਵਾਇਤੀ ਲੱਛਣਾ ਦਾ ਤਿਆਗ ਕਰਕੇ, ਉਦਮੀ ਤੇ ਉਦਯੋਗੀ (entrepreneur and enterprising) ਤਬਕੇ ਵਾਲੀਆਂ ਵਿਸ਼ੇਸ਼ਤਾਈਆਂ ਗ੍ਰਹਿਣ ਕਰਨੀਆਂ ਸ਼ੁਰੂ ਕਰ ਦਿੱਤੀਆਂ। ਸਵੈ-ਸੰਤੁਸ਼ਟੀ ਦੀ ਥਾਂ, ਉਸ ਅੰਦਰ ਅੱਗੇ ਵਧਣ ਦੀਆਂ ਤੀਬਰ ਇੱਛਾਵਾਂ ਜਾਗ ਉਠੀਆਂ। ਕਿਉਂਕਿ ਉਸ ਨੂੰ ਅੱਗੇ ਵਧਣ ਦੇ ਮੌਕੇ ਸਾਫ਼ ਦਿਖਾਈ ਦੇਣ ਲੱਗ ਪਏ ਸਨ, ਇਸ ਕਰਕੇ ਉਸ ਅੰਦਰ ਰਸਤੇ ਦੀਆਂ ਰੁਕਾਵਟਾਂ ਸਰ ਕਰਨ ਦੀ ਲੋੜ ਦਾ ਤਿੱਖਾ ਅਹਿਸਾਸ ਅਤੇ ਇਰਾਦਾ ਜ਼ੋਰ ਫੜਨ ਲੱਗਾ। ਪਾਰਲੀਮਾਨੀ ਜਮਹੂਰੀ ਪ੍ਰਣਾਲੀ ਅੰਦਰ ਸੰਖਿਆ ਦੀ ਨਿਰਣਾਇਕਤਾ ਨੂੰ ਮੱਦੇ-ਨਜ਼ਰ ਰਖਦਿਆਂ ਹੋਇਆਂ, ਪੰਜਾਬੀ ਸੂਬੇ ਦੀ ਸਥਾਪਨਾ ਨਾਲ ਸਿੱਖ ਕਿਸਾਨੀ ਲਈ ਰਾਜਸੀ ਤਾਕਤ ਦਾ ਟੀਚਾ ਪਹੁੰਚ ਤੋਂ ਪਰਾਂ ਦੀ ਗੱਲ ਨਹੀਂ ਸੀ ਰਹੀ। ਉਸ ਅੰਦਰ ਰਾਜ ਸੱਤਾ ਹਾਸਲ ਕਰਨ ਦੀ ਤੀਬਰ ਖ਼ਾਹਸ਼ ਹੀ ਨਹੀਂ, ਨਿਗਰ ਆਸ਼ਾ ਵੀ ਜਾਗ ਪਈ ਸੀ। ਇਸ ਉਮੀਦ ਅਤੇ ਵਿਸ਼ਵਾਸ ਆਸਰੇ ਕਿ ਰਾਜਸੀ ਤਾਕਤ ਗ੍ਰਹਿਣ ਕਰ ਲੈਣ ਨਾਲ ਉਹ ਨਾ ਸਿਰਫ਼ ਆਪਣੇ ਆਰਥਿਕ ਹਿਤਾਂ ਦੀ ਸਗੋਂ

ਆਪਣੇ ਧਰਮ ਅਤੇ ਸਭਿਆਚਾਰ ਦੀ ਵੀ ਵਧੇਰੇ ਪ੍ਰਭਾਵਸ਼ਾਲੀ ਤਰੀਕੇ ਨਾਲ ਰੱਖਿਆ ਕਰ ਸਕੇਗੀ, ਸਿੱਖ ਕਿਸਾਨੀ ਲਈ ਰਾਜ ਸੱਤਾ ਹਾਸਲ ਕਰਨ ਦਾ ਮਸਲਾ ਪਰਮੁੱਖ ਅਹਿਮੀਅਤ ਅਖ਼ਤਿਆਰ ਕਰ ਗਿਆ। ਇਸ ਪੱਖ ਨੇ ਉਸਦੀ ਰਾਜਨੀਤਕ ਸੋਚਣੀ ਅਤੇ ਵਿਹਾਰ ਨੂੰ ਨਿਰਣਾਇਕ ਰੂਪ 'ਚ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ। ਆਰਥਿਕ ਤੇ ਸਮਾਜੀ ਰੁਤਬੇ ਪੱਖੋਂ ਸਿੱਖ ਕਿਸਾਨੀ ਦੀਆਂ ਅਲੱਗ-ਅਲੱਗ ਪਰਤਾਂ ਵਿਚਕਾਰ ਵੱਡੇ ਵਖਰੇਵਿਆਂ ਦੇ ਬਾਵਜੂਦ ਉਹ ਰਾਜਨੀਤਕ ਤੌਰ 'ਤੇ ਤਕਰੀਬਨ ਇਕ-ਮੱਤ ਤੇ ਇਕ-ਜੁੱਟ ਸੀ। ਇਸ ਮਾਮਲੇ ਵਿੱਚ ਉਹ ਆਮ ਰੂਪ ਵਿੱਚ ਆਪਣੀਆਂ ਧਨਾਢ ਪਰਤਾਂ (ਵੱਡੇ ਜ਼ਿਮੀਂਦਾਰਾਂ ਤੇ ਅਮੀਰ ਕਿਸਾਨਾਂ) ਦਾ ਹੀ ਪਰਭਾਵ ਤੇ ਅਗਵਾਈ ਕਬੂਲਦੀ ਸੀ।

ਸਿੱਖ ਧਰਮ ਪ੍ਰਤੀ ਸ਼ਰਧਾ-ਭਾਵ ਅਤੇ ਪੰਥਕ ਹਿਤਾਂ ਦੇ ਲਗਾਉ ਦੇ ਮਾਮਲੇ 'ਚ ਪੇਂਡੂ ਤੇ ਸ਼ਹਿਰੀ ਸਿੱਖ ਵਰਗਾਂ ਵਿਚਕਾਰ ਕੋਈ ਬੁਨਿਆਦੀ ਨਿਖੇੜਾ ਨਹੀਂ ਕੀਤਾ ਜਾ ਸਕਦਾ। ਧਰਮ ਦੇ ਪੱਖ ਤੋਂ ਦੇਖਿਆਂ ਦੋਨਾਂ ਦੇ ਹਿਤ ਤੇ ਸਰੋਕਾਰ ਸਾਂਝੇ ਹਨ। ਪਰ ਭਾਰਤ ਦੀ ਆਜ਼ਾਦੀ ਤੋਂ ਬਾਅਦ ਚੌਤਰਫ਼ੇ ਵਿਰੋਧੀ ਆਲੇ-ਦੁਆਲੇ ਵਿੱਚ ਘਿਰਿਆ ਸ਼ਹਿਰੀ ਸਿੱਖ ਤਬਕਾ ਵਧੇਰੇ ਖ਼ਤਰੇ-ਮੂੰਹ ਆਇਆ ਮਹਿਸੂਸ ਕਰਦਾ ਸੀ। ਵੱਧ ਭੇੜੂ ਰੁਖ਼ ਅਪਣਾਉਣ ਦੇ ਬਾਵਜੂਦ ਉਸ ਦੀ ਲੜਾਈ ਤੱਤ ਰੂਪ ਵਿੱਚ ਸਵੈ-ਰੱਖਿਆ ਦੀ ਸੀ। ਵੱਧ ਅਸੁਰੱਖਿਅਤ ਮਨੁੱਖ ਅਕਸਰ ਹੀ ਵਧੇਰੇ ਸੁਰੱਖਿਆ ਦੇ ਇੰਤਜ਼ਾਮ ਲੋੜਦਾ ਹੈ। ਸ਼ਹਿਰੀ ਸਿੱਖ ਵਰਗ ਵੀ ਕੁਝ ਅਜਿਹੀ ਹੀ ਮਨੋ-ਅਵਸਥਾ 'ਚੋਂ ਵੱਧ ਤਿਖੀਆਂ ਮੰਗਾਂ, ਤੇਜ਼-ਧਾਰ ਪੋਜ਼ੀਸ਼ਨਾਂ ਅਤੇ ਗਰਮ-ਮਿਜ਼ਾਜ ਪੈਂਤੜਿਆਂ ਵੱਲ ਕੀਲਿਆ ਜਾ ਰਿਹਾ ਸੀ।

ਇਸ ਦੀ ਤੁਲਨਾ ਵਿੱਚ ਪੇਂਡੂ ਸਿੱਖ ਵਰਗ ਪੰਥ ਨੂੰ ਆਮ ਰੂਪ ਵਿੱਚ ਦਰਪੇਸ਼ ਮੁਸ਼ਕਲਾਂ, ਖ਼ਤਰਿਆਂ ਤੇ ਚੁਣੌਤੀਆਂ ਪ੍ਰਤੀ ਬਰਾਬਰ ਜਾਗਰੂਕ ਅਤੇ ਚਿੰਤਾਵਾਨ ਹੁੰਦਾ ਹੋਇਆ ਵੀ ਆਪਣੇ ਸ਼ਹਿਰੀ ਅੰਗ ਵਾਂਗ ਏਨਾ ਘਿਰਿਆ ਹੋਇਆ ਮਹਿਸੂਸ ਨਹੀਂ ਸੀ ਕਰਦਾ। ਉਸ ਲਈ ਕਾਇਮ-ਮੁਕਾਮ ਵਿਵਸਥਾ ਉਨੀ ਦਮ-ਘੋਟੂ ਅਤੇ ਵਿਸ਼ਾਦਮਈ ਨਹੀਂ ਸੀ ਜਿੰਨੀ ਵਿਰੋਧੀ ਮਾਹੌਲ ਵਿੱਚ ਘਿਰੇ ਸਿੱਖ ਪੰਥ ਦੇ ਸ਼ਹਿਰੀ ਹਿੱਸੇ ਮਹਿਸੂਸ ਕਰਦੇ ਸਨ। ਕਿਸਾਨੀ ਅੰਦਰਲੇ ਧਨਾਢ ਤੱਤਾਂ ਨੂੰ ਤਾਂ, ਆਰਥਿਕ ਤੇ ਰਾਜਨੀਤਕ ਦ੍ਰਿਸ਼ਟੀ ਤੋਂ, ਭਵਿੱਖ ਕਿਤੇ ਪੁਰ-ਉਮੀਦ ਤੇ ਪੁਰ-ਰੋਸ਼ਨ ਦਿਖਦਾ ਸੀ। ਇਸ ਕਰਕੇ ਧਨਾਢ ਸਿੱਖ ਕਿਸਾਨੀ ਦਾ ਰਾਜਸੀ ਰਵੱਈਆ ਸ਼ਹਿਰੀ ਸਿੱਖ ਹਲਕਿਆਂ ਨਾਲੋਂ ਕਾਫ਼ੀ ਅਲੱਗ ਸੀ। ਮਾਸਟਰ ਤਾਰਾ ਸਿੰਘ ਦੀ ਤੁਲਨਾ ਵਿੱਚ ਸੰਤ ਫਤਹਿ ਸਿੰਘ ਦੀ ਰਾਜਸੀ ਵਿਚਾਰਧਾਰਾ ਇਸ ਕਿਸਾਨ ਵਰਗ ਦੇ ਸੁਭਾਅ ਅਤੇ ਹਿਤਾਂ ਦੇ ਕਿਤੇ ਵੱਧ ਅਨੁਕੂਲ ਸੀ। ਇਸ ਵਜ੍ਹਾ ਕਰਕੇ, ਸ਼੍ਰੋਮਣੀ ਅਕਾਲੀ ਦਲ ਅੰਦਰ ਪਈ ਦੁਫੇੜ ਮੌਕੇ ਸਿੱਖ ਕਿਸਾਨ ਵਰਗ ਨੇ ਲਗਭਗ ਸਮੂਹਕ ਪੱਧਰ 'ਤੇ ਹੀ ਮਾਸਟਰ ਤਾਰਾ ਸਿੰਘ ਦੀ ਰਾਜਨੀਤਕ ਵਿਚਾਰਧਾਰਾ ਅਤੇ ਲੀਡਰਸ਼ਿਪ ਨੂੰ ਠੁਕਰਾ ਕੇ, ਸੰਤ ਫਤਹਿ ਸਿੰਘ ਦੀ ਲੀਡਰਸ਼ਿਪ ਅਤੇ ਵਿਚਾਰਧਾਰਾ ਦੇ ਪੱਖ ਵਿੱਚ ਆਪਣਾ ਫ਼ਤਵਾ ਦੇ ਦਿੱਤਾ ਸੀ। ਸਿੱਖ ਕਿਸਾਨੀ ਦੀਆਂ ਅਮੀਰ ਪਰਤਾਂ ਪੰਜਾਬੀ ਸੂਬੇ ਦੀ ਮੰਗ ਨਾਲੋਂ ਵਧਵੀਂ ਗੱਲ ਕਰਨ ਲਈ ਤਿਆਰ ਨਹੀਂ ਸਨ। ਕਾਰਨ ਇਹ ਕਿ ਉਹ ਪੰਜਾਬੀ ਸੂਬੇ ਦੀ ਵਿਵਸਥਾ ਹੇਠ ਹੀ ਆਪਣੇ ਹਿਤਾਂ ਦੀ ਪੂਰਤੀ ਬਾਰੇ ਆਸਵੰਦ ਸਨ। ਸਿੱਖ ਕਿਸਾਨੀ ਦੀਆਂ ਧਨਾਢ ਪਰਤਾਂ ਪੰਥ ਦੇ ਸਮੂਹਕ ਹਿਤਾਂ ਨੂੰ ਵੀ ਜ਼ਿਆਦਾ ਕਰਕੇ ਆਪਣੇ ਵਰਗ ਹਿਤਾਂ ਦੇ ਦ੍ਰਿਸ਼ਟੀਕੋਣ ਤੋਂ ਹੀ ਦੇਖਦੀਆਂ ਸਨ। ਕਿਸਾਨੀ ਦੀਆਂ ਦਰਮਿਆਨੀਆਂ ਤੇ ਗ਼ਰੀਬ ਪਰਤਾਂ ਵੀ ਅਮੀਰ ਕਿਸਾਨ ਵਰਗ ਦੇ ਵਿਚਾਰਧਾਰਕ ਪਰਭਾਵ ਹੇਠ ਹੋਣ ਕਰਕੇ, ਲਗਭਗ ਉਸ ਵਾਂਗੂ ਹੀ ਸੋਚਦੀਆਂ ਸਨ। ਇਕ ਤਾਂ 'ਹਰੇ ਇਨਕਲਾਬ' ਦੀ ਆਮਦ ਨੇ ਸਿੱਖ ਕਿਸਾਨੀ ਅੰਦਰ ਤਰੱਕੀ ਅਤੇ ਖ਼ੁਸ਼ਹਾਲੀ ਦੀਆਂ ਲੁਭਾਉਣੀਆਂ ਉਮੀਦਾਂ ਜਗਾ ਦਿੱਤੀਆਂ ਸਨ।

ਦੂਜਾ, ਪੰਜਾਬੀ ਸੂਬੇ ਦੀ ਸਥਾਪਨਾ ਨਾਲ ਉਸ ਨੂੰ ਸੂਬਾਈ ਪੱਧਰ 'ਤੇ ਰਾਜਸੀ ਤਾਕਤ ਉੱਤੇ ਕਾਬਜ਼ ਹੋ ਜਾਣ ਦੀਆਂ ਉੱਜਲ ਸੰਭਾਵਨਾਵਾਂ ਨਜ਼ਰ ਆਉਣ ਲੱਗ ਪਈਆਂ ਸਨ। ਇਸ ਕਰਕੇ ਉਸਨੂੰ ਪੰਜਾਬੀ ਸੂਬੇ ਨਾਲੋਂ ਕਿਸੇ ਵੱਖਰੀ ਜਾਂ ਵਧਵੀਂ ਮੰਗ ਦੀ ਕੋਈ ਤੁਕ ਅਤੇ ਸਾਰਥਿਕਤਾ ਨਜ਼ਰ ਨਹੀਂ ਸੀ ਆਉਂਦੀ। ਫ਼ਰਵਰੀ 1967 ਵਿੱਚ ਹੋਈਆਂ ਚੌਥੀਆਂ ਆਮ ਚੋਣਾਂ ਦੌਰਾਨ ਪੇਂਡੂ ਤੇ ਸ਼ਹਿਰੀ ਸਿੱਖ ਵਰਗਾਂ ਦੀ ਰਾਜਨੀਤਕ ਸੋਚ ਅਤੇ ਵਤੀਰੇ ਅੰਦਰ ਇਹ ਵਖਰੇਵਾਂ ਪਰਤੱਖ ਰੂਪ ਵਿੱਚ ਪਰਗਟ ਹੋ ਗਿਆ। ਅਕਾਲੀ ਦਲ ਦੇ ਦੋਨੋਂ ਗੁੱਟਾਂ ਨੇ ਇਨ੍ਹਾਂ ਚੋਣਾਂ ਦੌਰਾਨ ਸਿੱਖ ਜਗਤ ਸਾਹਮਣੇ ਆਪਣੇ ਅਲੱਗ-ਅਲੱਗ ਰਾਜਨੀਤਕ ਪ੍ਰੋਗਰਾਮ ਪੇਸ਼ ਕੀਤੇ। ਸੰਤ ਅਕਾਲੀ ਦਲ ਨੇ ਭਾਰਤੀ ਹਾਕਮਾਂ ਦੁਆਰਾ ਪੰਜਾਬੀ ਸੂਬਾ ਬਣਾਉਣ ਦੇ ਮੌਕੇ ਪੰਜਾਬ ਨਾਲ ਕੀਤੀ ਸ਼ਰੀਹਣ ਬੇਇਨਸਾਫ਼ੀ ਤੇ ਵਿਤਕਰੇਬਾਜ਼ੀ ਨੂੰ ਮੁੱਖ ਮੁੱਦਾ ਬਣਾਉਂਦਿਆਂ ਹੋਇਆਂ ਆਪਣੀ ਸੈਕੂਲਰ ਦਿੱਖ ਉਭਾਰਨ ਦੇ ਉਚੇਚੇ ਯਤਨ ਕੀਤੇ। ਇਸ ਦੇ ਮੁਕਾਬਲੇ ਵਿੱਚ ਮਾਸਟਰ ਅਕਾਲੀ ਦਲ ਨੇ ਭਾਰਤੀ ਗਣਰਾਜ ਦੇ ਅੰਦਰ ਸਿੱਖਾਂ ਲਈ ਖ਼ੁਦਮੁਖ਼ਤਿਆਰ ਦਰਜੇ ਦੀ ਮੰਗ ਕਰਦਿਆਂ ਹੋਇਆਂ ਪੰਥਕ ਜਜ਼ਬੇ ਨੂੰ ਉਭਾਰਨ ਦਾ ਪੈਂਤੜਾ ਅਜ਼ਮਾਇਆ। ਅਕਾਲੀ ਦਲ ਦੇ ਦੋ ਵਿਰੋਧੀ ਗੁੱਟਾਂ ਦੁਆਰਾ ਸਿੱਖ ਜਗਤ ਸਾਹਮਣੇ ਆਪਣੇ ਅਲੱਗ-ਅਲੱਗ ਪ੍ਰੋਗਰਾਮਾਂ ਨੂੰ ਨਿਖਰਵੇਂ ਰੂਪ ਵਿੱਚ ਪੇਸ਼ ਕਰਨ ਅਤੇ ਇਸ ਉੱਤੇ ਸਿੱਖ ਕੌਮ ਦਾ ਫ਼ਤਵਾ ਹਾਸਲ ਕਰਨ ਦਾ ਇਹ ਪਹਿਲਾ ਮੌਕਾ ਸੀ। ਹੋਇਆ ਇਹ ਕਿ ਸਿੱਖ ਪੰਥ ਨੇ ਮਾਸਟਰ ਅਕਾਲੀ ਦਲ ਦੇ ਰਾਜਨੀਤਕ ਪੈਂਤੜੇ ਨੂੰ ਭਾਰੀ ਬਹੁਸੰਮਤੀ ਨਾਲ ਠੁਕਰਾ ਦਿੱਤਾ ਅਤੇ ਸੰਤ ਅਕਾਲੀ ਦਲ ਦੇ ਉਮੀਦਵਾਰਾਂ ਦੇ ਪੱਖ ਵਿੱਚ ਵੋਟਾਂ ਦੇ ਕੇ ਆਪਣੇ ਰਾਜਨੀਤਕ ਰੌਅ ਦਾ ਪਰਤੱਖ ਰੂਪ ਵਿੱਚ ਪ੍ਰਗਟਾਵਾ ਕਰ ਦਿੱਤਾ। ਅਸੰਬਲੀ ਚੋਣਾਂ ਅੰਦਰ ਸੰਤ ਅਕਾਲੀ ਦਲ ਦੇ 24 ਉਮੀਦਵਾਰਾਂ ਦੇ ਮੁਕਾਬਲੇ ਮਾਸਟਰ ਧੜੇ ਦੇ ਸਿਰਫ਼ ਦੋ ਉਮੀਦਵਾਰ ਹੀ ਜੇਤੂ ਹੋ ਸਕੇ। ਲੋਕ ਸਭਾ ਲਈ ਸੰਤ ਧੜੇ ਵੱਲੋਂ ਖੜੇ ਕੀਤੇ ਗਏ ਨੌਂ ਉਮੀਦਵਾਰਾਂ 'ਚੋਂ ਤਿੰਨ ਜੇਤੂ ਹੋ ਗਏ ਜਦ ਕਿ ਮਾਸਟਰ ਧੜੇ ਵੱਲੋਂ ਖੜੇ ਕੀਤੇ ਗਏ ਸੱਤਾਂ ਉਮੀਦਵਾਰਾਂ ਦੀਆਂ ਹੀ ਜ਼ਮਾਨਤਾਂ ਜ਼ਬਤ ਹੋ ਗਈਆਂ। ਕੁੱਲ ਮਿਲਾ ਕੇ ਮਾਸਟਰ ਧੜੇ ਨੂੰ ਸੰਤ ਅਕਾਲੀ ਦਲ ਨਾਲੋਂ ਪੰਜਵੇਂ ਹਿੱਸੇ ਤੋਂ ਵੀ ਘੱਟ ਵੋਟਾਂ ਪਈਆਂ।[35] 1962 ਵਿੱਚ ਲੁਧਿਆਣਾ ਲੋਕ ਸਭਾ ਹਲਕੇ ਤੋਂ ਕਾਂਗਰਸੀ ਉਮੀਦਵਾਰ ਨੂੰ ਕਰਾਰੀ ਹਾਰ ਦੇ ਕੇ ਜੇਤੂ ਹੋਏ ਸ: ਕਪੂਰ ਸਿੰਘ 1967 ਵਿੱਚ ਮਾਸਟਰ ਅਕਾਲੀ ਦਲ ਦੇ ਉਮੀਦਵਾਰ ਵਜੋਂ ਆਪਣੀ ਜ਼ਮਾਨਤ ਵੀ ਨਾ ਬਚਾ ਸਕੇ। ਅਹਿਮ ਗੱਲ ਇਹ ਕਿ ਮਾਸਟਰ ਅਕਾਲੀ ਦਲ ਨੂੰ ਜੋ ਵੋਟਾਂ ਪਈਆਂ ਉਹ ਜ਼ਿਆਦਾ ਕਰਕੇ ਸ਼ਹਿਰੀ ਖੇਤਰਾਂ ਵਿੱਚ ਹੀ ਪਈਆਂ। ਪੇਂਡੂ ਸਿੱਖ ਵਰਗ ਨੇ ਲਗਭਗ ਸਮੂਹਕ ਪੱਧਰ 'ਤੇ ਹੀ ਮਾਸਟਰ ਧੜੇ ਨੂੰ ਠੁਕਰਾ ਕੇ ਸੰਤ ਅਕਾਲੀ ਦਲ ਦੇ ਪੱਖ ਵਿੱਚ ਨਿਰਣਾ ਦੇ ਦਿੱਤਾ।

ਇਹ ਸਿੱਖ ਰਾਜਨੀਤੀ ਦੇ ਖੇਤਰ ਅੰਦਰ ਵਾਪਰਿਆ ਇਕ ਬਹੁਤ ਹੀ ਭਾਵਪੂਰਨ ਘਟਨਾ-ਚੱਕਰ ਸੀ ਜੋ ਨਾ ਤਾਂ ਇਤਫ਼ਾਕੀਆ (fortuitous) ਸੀ ਅਤੇ ਨਾ ਹੀ ਦਿਹਾੜੀ-ਡੰਗ ਦੀ ਗੱਲ (ephemeral) ਸੀ। ਇਹ ਵਰਤਾਰਾ ਕੁਝ ਨਿਸ਼ਚਤ ਕਾਰਨਾਂ ਦੀ ਉਪਜ ਸੀ ਜਿਸਨੇ ਅਗਲੇ ਕੁਝ ਦਹਾਕਿਆਂ ਲਈ ਸਿੱਖ ਰਾਜਨੀਤੀ ਦੀ ਦਿਸ਼ਾ ਅਤੇ ਦਸ਼ਾ ਨਿਰਧਾਰਤ ਕਰਨੀ ਸੀ।

## ਹਰਾ ਇਨਕਲਾਬ : ਆਰਥਿਕ ਖ਼ੁਸ਼ਹਾਲੀ ਤੇ ਸਭਿਆਚਾਰਕ ਨਿਘਾਰ

ਮਾਸਟਰ ਤਾਰਾ ਸਿੰਘ, ਜੋ ਕਿ ਲਗਭਗ ਚਾਰ ਦਹਾਕਿਆਂ ਤੋਂ ਪੰਥ ਦੇ ਸਿਰਮੌਰ ਆਗੂ ਬਣੇ ਤੁਰੇ ਆ ਰਹੇ ਸਨ, ਦਾ ਸਿੱਖ ਰਾਜਨੀਤੀ ਅੰਦਰ ਇਸ ਕਦਰ ਦਰ-ਕਿਨਾਰ

ਹੋ ਜਾਣਾ ਅਤੇ ਸੰਤ ਫਤਹਿ ਸਿੰਘ ਦਾ ਸਿੱਖਾਂ ਦੇ ਨਵੇਂ ਪ੍ਰਭਾਵਸ਼ਾਲੀ ਆਗੂ ਵਜੋਂ ਉਭਰ ਆਉਣਾ ਮਹਿਜ਼ ਇਕ ਆਗੂ ਦੇ ਪਤਨ ਤੇ ਦੂਜੇ ਦੇ ਉਭਾਰ ਦਾ ਹੀ ਮਾਮਲਾ ਨਹੀਂ ਸੀ। ਇਸ ਘਟਨਾਕ੍ਰਮ 'ਚੋਂ ਦੋ ਪਰਤੱਖ ਰੁਝਾਨ ਰੂਪਮਾਨ ਹੁੰਦੇ ਸਨ। ਇਕ ਤਾਂ ਇਹ ਕਿ ਵਰਗ ਦ੍ਰਿਸ਼ਟੀਕੋਣ ਤੋਂ ਦੇਖਿਆਂ, ਇਸ ਤਬਦੀਲੀ ਨਾਲ ਸਿੱਖ ਰਾਜਨੀਤੀ ਦੇ ਧੁਰੇ ਦਾ ਠਿਕਾਣਾ ਹੀ ਬਦਲ ਗਿਆ ਸੀ ਅਤੇ ਅਕਾਲੀ ਸਿਆਸਤ ਦੀ ਵਾਗਡੋਰ ਨਿਸ਼ਚਿਤ ਰੂਪ ਵਿੱਚ ਇਕ ਬਦਲਵੇਂ ਸਮਾਜੀ ਵਰਗ ਦੇ ਹੱਥਾਂ ਵਿੱਚ ਚਲੀ ਗਈ ਸੀ। ਅਕਾਲੀ ਲਹਿਰ ਦੇ ਜਨਮ ਅਤੇ ਅਕਾਲੀ ਦਲ ਦੀ ਸਥਾਪਨਾ ਤੋਂ ਲੈ ਕੇ ਪੰਥਕ ਰਾਜਨੀਤੀ ਅੰਦਰ ਸ਼ਹਿਰੀ ਸਿੱਖ ਵਰਗ, ਵਿਸ਼ੇਸ਼ ਕਰਕੇ ਇਸਦੀਆਂ ਉਪਰਲੀਆਂ ਅਤੇ ਦਰਮਿਆਨੀਆਂ ਪਰਤਾਂ ਨਿਰਣਾਕਾਰੀ ਰੋਲ ਨਿਭਾਉਂਦੀਆਂ ਆ ਰਹੀਆਂ ਸਨ। ਆਰੰਭਕ ਦੌਰ ਦੇ ਪੰਥਕ ਆਗੂਆਂ ਤੇ ਵਿਦਵਾਨਾਂ ਦਾ ਵੱਡਾ ਵਰਗ ਇਸੇ ਸਮਾਜੀ ਪਿਛੋਕੜ 'ਚੋਂ ਆਇਆ ਸੀ। ਪੇਂਡੂ ਵਰਗ ਦੇ ਮੁਕਾਬਲੇ ਇਹ ਤਬਕਾ ਵਧੇਰੇ ਪੜ੍ਹਿਆ-ਲਿਖਿਆ ਅਤੇ ਆਪਣੇ ਕਿੱਤੇ ਦੇ ਖ਼ਾਸੇ ਤੇ ਆਲੇ-ਦੁਆਲੇ ਦੀ ਬਦੌਲਤ ਮੁਕਬਾਲਤਨ ਵਧੇਰੇ ਸਮਾਜੀ ਅਤੇ ਰਾਜਨੀਤਕ ਸੋਝੀ ਰਖਦਾ ਸੀ। ਇਸ ਕਰਕੇ, ਸੁਭਾਵਿਕ ਰੂਪ ਵਿੱਚ ਹੀ ਇਹ ਵਰਗ ਪੰਥਕ ਮਾਮਲਿਆਂ 'ਚ ਵਧੇਰੇ ਸਰਗਰਮ ਭੂਮਿਕਾ ਨਿਭਾਉਂਦਾ ਸੀ ਅਤੇ ਸਿੱਖ ਸੰਸਥਾਵਾਂ ਅੰਦਰ ਭਾਰੂ ਹੈਸੀਅਤ ਰਖਦਾ ਸੀ। ਪਰ ਪੰਜਾਬ ਦਾ ਸਿੱਖ ਕਿਸਾਨ ਆਰਥਿਕ ਤੇ ਸਮਾਜਿਕ ਤੌਰ 'ਤੇ ਮੁਕਬਾਲਤਨ ਪਛੜਿਆ ਹੋਣ ਦੇ ਬਾਵਜੂਦ, ਆਪਣੇ ਅਮੀਰ ਇਨਕਲਾਬੀ ਵਿਰਸੇ ਦੀ ਬਦੌਲਤ ਰਾਜਨੀਤਕ ਸੰਘਰਸ਼ਾਂ ਵਿੱਚ ਹਮੇਸ਼ਾ ਹੀ ਉਭਰਵੀਂ ਭੂਮਿਕਾ ਨਿਭਾਉਂਦਾ ਆਇਆ ਹੈ। ਵਧੇਰੇ ਮਿਹਨਤੀ ਅਤੇ ਗਤੀਸ਼ੀਲ ਸੁਭਾਅ ਦਾ ਮਾਲਕ ਹੋਣ ਕਰਕੇ ਉਹ ਆਪਣੇ ਵਿਕਾਸ ਦੇ ਹਾਸਲ ਮੌਕਿਆਂ ਦਾ ਲਾਭ ਉਠਾਉਣ ਦੀ ਖ਼ਾਸ ਰੁਚੀ ਤੇ ਯੋਗਤਾ ਰਖਦਾ ਹੈ। ਇਸ ਕਰਕੇ ਉਸਨੇ ਪਹਿਲਾਂ ਬਰਤਾਨਵੀ ਰਾਜ ਹੇਠ ਅਤੇ ਫਿਰ ਆਜ਼ਾਦੀ ਤੋਂ ਬਾਅਦ ਭਾਰਤੀ ਹਕੂਮਤ ਦੁਆਰਾ ਪੰਜਾਬ ਅੰਦਰ ਖੇਤੀ ਦੇ ਵਿਕਾਸ ਲਈ ਅਪਣਾਏ ਕਾਰਜ ਕਰਮਾਂ ਦਾ ਯੋਗ ਲਾਹਾ ਲੈਂਦਿਆਂ ਹੋਇਆਂ, ਹੋਰਨਾਂ ਰਾਜਾਂ ਦੀ ਕਿਸਾਨੀ ਦੇ ਮੁਕਾਬਲੇ, ਆਪਣੀ ਆਰਥਿਕ ਤੇ ਸਮਾਜੀ ਹੈਸੀਅਤ ਅੰਦਰ ਨਿਸਬਤਨ ਚੋਖਾ ਸੁਧਾਰ ਲੈ ਆਂਦਾ ਸੀ। ਛੇਵੇਂ ਦਹਾਕੇ ਦੇ ਆਰੰਭ ਵਿੱਚ ਕੌਮਾਂਤਰੀ ਸੰਸਥਾਵਾਂ ਦੁਆਰਾ ਖੇਤੀਬਾੜੀ ਦੇ ਖੇਤਰ ਅੰਦਰ ਛੋਹੀਆਂ ਨਵੀਆਂ ਜੁਗਤਾਂ ਨੇ ਤਾਂ ਪੰਜਾਬ ਦੀ ਸਿੱਖ ਕਿਸਾਨੀ ਦੀ ਮਾਨੋਂ ਤਕਦੀਰ ਨੂੰ ਹੀ ਪਲਟਾ ਦੇ ਦਿੱਤਾ। ਖੇਤੀ ਦੇ ਨਵੇਂ ਵਿਗਿਆਨਕ ਢੰਗ-ਤਰੀਕੇ ਅਪਣਾਉਣ ਨਾਲ ਖੇਤੀ ਦੀ ਪੈਦਾਵਾਰ ਅੰਦਰ ਵੱਡਾ ਉਛਾਲ ਆ ਗਿਆ। ਕਿਸਾਨੀ ਦਾ ਸਦੀਆਂ ਪੁਰਾਣੇ ਰਵਾਇਤੀ ਫ਼ਸਲੀ ਚੱਕਰ ਨੂੰ ਤਿਆਗ ਕੇ ਨਵੀਆਂ ਵਪਾਰਕ ਫਸਲਾਂ ਵੱਲ ਮੁਹਾਣ ਹੋ ਤੁਰਿਆ। 'ਗੁਜ਼ਾਰੇ ਲਾਇਕ ਪੈਦਾਵਾਰ' ਦੀ ਥਾਂ ਮੰਡੀ ਲਈ ਪੈਦਾਵਾਰ ਨੇ ਲੈ ਲਈ। ਇਸ ਅਹਿਮ ਆਰਥਿਕ ਤਬਦੀਲੀ ਨੇ ਸਿੱਖ ਕਿਸਾਨੀ ਦੀ ਸਮੁੱਚੀ ਜੀਵਨ ਸ਼ੈਲੀ ਤੇ ਵਿਚਾਰ-ਪ੍ਰਬੰਧ ਅੰਦਰ ਵੱਡਾ ਫੇਰ ਬਦਲ ਲੈ ਆਂਦਾ। ਮੰਡੀ ਨਾਲ ਸਿੱਧੇ ਤੇ ਲਗਾਤਾਰ ਵਧ ਰਹੇ ਵਾਹ-ਵਾਸਤੇ (interaction) ਦਾ ਉਸਦੀ ਸੋਚ ਅਤੇ ਸੋਝੀ, ਦੋਨਾਂ ਉੱਤੇ ਹੀ ਗੂੜ੍ਹਾ ਅਸਰ ਪਰਗਟ ਹੋਣ ਲੱਗਾ। ਆਰਥਿਕ ਤੌਰ 'ਤੇ ਬਲਸ਼ਾਲੀ ਹੋਣ ਨਾਲ ਉਸਦੀਆਂ ਰਾਜਸੀ ਖ਼ਾਹਸ਼ਾਂ ਵੀ ਵਧ ਤੁਰੀਆਂ ਅਤੇ ਨਵੀਂ ਤਰਜ਼ ਦੀ ਜੀਵਨ ਪ੍ਰਣਾਲੀ ਤੇ ਨਵੇਂ ਮਾਹੌਲ ਨੇ ਉਸ ਅੰਦਰ ਨਵੀਂ ਰਾਜਨੀਤਕ ਜਾਗਰਤੀ ਤੇ ਉਤੇਜਨਾ ਵੀ ਪੈਦਾ ਕਰ ਦਿੱਤੀ।[36] ਪੰਥਕ ਜਜ਼ਬੇ ਦੇ ਨਾਲ ਹੀ ਉਸ ਦੀ ਚੇਤਨਾ ਉੱਤੇ ਆਪਣੇ ਵਰਗ-ਹਿਤਾਂ ਦੀ ਸੋਝੀ ਦਾ ਵੀ ਰੰਗ ਚੜ੍ਹਨ ਲੱਗਾ। ਇਸ ਤਰ੍ਹਾਂ, ਸਿੱਖ ਕਿਸਾਨੀ ਦੀਆਂ ਉਪਰਲੀਆਂ ਪਰਤਾਂ ਅੰਦਰ ਪੰਥਕ ਮਸਲਿਆਂ ਨੂੰ ਆਪਣੇ ਵਰਗ ਦ੍ਰਿਸ਼ਟੀਕੋਣ ਤੋਂ ਦੇਖਣ/ਨਜਿੱਠਣ ਦੀ ਪ੍ਰਵਿਰਤੀ ਵੱਧ ਨਿਖਰਵੇਂ ਰੂਪ

ਵਿੱਚ ਪਰਗਟ ਹੋਣ ਲੱਗੀ ਅਤੇ ਉਸਨੇ ਪੰਥਕ ਸੰਸਥਾਵਾਂ ਤੇ ਮਾਮਲਿਆਂ ਅੰਦਰ ਵਧੇਰੇ ਦਾਅਵਾਗੀਰੀ ਜਤਲਾਉਣੀ ਸ਼ੁਰੂ ਕਰ ਦਿੱਤੀ। ਸੱਠਵਿਆਂ 'ਚ ਜਾ ਕੇ ਪੰਥਕ ਰਾਜਨੀਤੀ ਅੰਦਰ ਮਾਸਟਰ ਤਾਰਾ ਸਿੰਘ ਦੇ ਬੋਲਬਾਲੇ ਦੇ ਕਮਜ਼ੋਰ ਪੈ ਜਾਣ ਦਾ ਇਕ ਸਬੱਬ ਇਹ ਵੀ ਸੀ। ਇਹ ਗੱਲ ਕੋਈ ਇਤਫ਼ਾਕੀਆ ਹੀ ਨਹੀਂ ਸੀ ਕਿ ਮਾਸਟਰ ਤਾਰਾ ਸਿੰਘ ਵਿਰੁੱਧ ਜ਼ੋਰ-ਅਜ਼ਮਾਈ ਦੌਰਾਨ ਸੰਤ ਫਤਹਿ ਸਿੰਘ ਨੂੰ ਸਿੱਖ ਕਿਸਾਨ ਵਰਗ ਦੀ ਦ੍ਰਿੜ੍ਹ ਅਤੇ ਪੁਰ-ਜੋਸ਼ ਹਮਾਇਤ ਨਸੀਬ ਹੋ ਗਈ ਸੀ। ਭਾਵੇਂ ਮਾਸਟਰ ਤਾਰਾ ਸਿੰਘ ਤੇ ਸੰਤ ਫਤਹਿ ਸਿੰਘ ਵਿਚਕਾਰ ਛਿੜੇ ਵਿਵਾਦ ਨੂੰ ਸਿਧ ਪੱਧਰੇ ਰੂਪ ਵਿੱਚ ਸਿੱਖ ਕਿਸਾਨ ਵਰਗ ਦੇ ਅਕਾਲੀ ਰਾਜਨੀਤੀ ਅੰਦਰ ਵਧ ਰਹੇ ਬੋਲਬਾਲੇ ਦਾ ਹੀ ਨਤੀਜਾ ਨਹੀਂ ਸਮਝਿਆ ਜਾਣਾ ਚਾਹੀਦਾ। ਇਸ ਅੰਤਰ-ਕਲਹਿ ਦੇ ਕਾਰਨ ਬਹੁਮੁਖੀ ਸਨ। ਪ੍ਰੰਤੂ ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਝਗੜੇ ਨੇ ਸਿੱਖ ਕਿਸਾਨੀ ਦੀਆਂ ਅਮੀਰ ਪਰਤਾਂ ਨੂੰ ਪੰਥਕ ਰਾਜਨੀਤੀ ਅਤੇ ਸੰਸਥਾਵਾਂ ਅੰਦਰ ਸ਼ਹਿਰੀ ਤਬਕੇ ਦੇ ਮੁਕਾਬਲੇ ਵਿੱਚ ਆਪਣੀ ਹੈਸੀਅਤ ਮਜ਼ਬੂਤ ਕਰਨ ਦਾ ਕਾਰਗਰ ਮੌਕਾ ਮੁਹੱਈਆ ਕਰ ਦਿੱਤਾ। ਇਸ ਪੇਂਡੂ ਧਨਾਢ ਲਾਬੀ ਨੇ ਸਿੱਖ ਰਾਜਨੀਤੀ ਅਤੇ ਸੰਸਥਾਵਾਂ ਅੰਦਰ ਜਿੰਨੀ ਫੁਰਤੀ ਤੇ ਆਸਾਨੀ ਨਾਲ ਆਪਣੀ ਸਰਦਾਰੀ ਸਥਾਪਤ ਕਰ ਲਈ, ਇਸ ਦਾ ਕਿਸੇ ਨੂੰ ਵੀ ਪੂਰਵ-ਅਨੁਮਾਨ ਨਹੀਂ ਸੀ। ਖ਼ੈਰ, ਜਿਵੇਂ ਵੀ ਹੋਇਆ ਮਾਸਟਰ ਤਾਰਾ ਸਿੰਘ ਦੇ ਸੰਤ ਫਤਹਿ ਸਿੰਘ ਹੱਥੋਂ ਸਿਕਸ਼ਤ ਖਾ ਜਾਣ ਨਾਲ ਸਿੱਖ ਰਾਜਨੀਤੀ ਦਾ ਕੇਂਦਰ (epicentre) ਨਿਸ਼ਚਤ ਤੌਰ 'ਤੇ ਪੇਂਡੂ ਖੇਤਰ ਵੱਲ ਤਬਦੀਲ ਹੋ ਗਿਆ ਅਤੇ ਪੰਥਕ ਰਾਜਨੀਤੀ ਦੇ ਚੱਲਣ ਅਤੇ ਨਕਸ਼-ਮੁਹਾਂਦਰੇ ਅੰਦਰ ਇਕ ਪਰਤੱਖ ਅਤੇ ਚਿਰ-ਸਥਾਈ ਬਦਲਾਉ ਸਾਹਮਣੇ ਆਇਆ।

ਦੂਜਾ, 1967 ਦੀਆਂ ਚੋਣਾਂ ਦੇ ਨਤੀਜਿਆਂ ਤੋਂ ਇਹ ਗੱਲ ਪਰਤੱਖ ਹੋ ਗਈ ਸੀ ਕਿ ਪੰਥ ਦੇ ਵੱਡੇ ਹਿੱਸੇ ਸਿੱਖ ਕੌਮ ਨੂੰ ਦਰਪੇਸ਼ ਸਮੱਸਿਆਵਾਂ ਤੇ ਖ਼ਤਰਿਆਂ ਬਾਰੇ ਮਾਸਟਰ ਤਾਰਾ ਸਿੰਘ ਦੀ ਸਮਝ ਅਤੇ ਧਾਰਨਾ ਨੂੰ ਕਬੂਲਣ ਦੇ ਉੱਕਾ ਹੀ ਰੌਂਅ ਵਿੱਚ ਨਹੀਂ ਸਨ। ਮਾਸਟਰ ਤਾਰਾ ਸਿੰਘ ਤੇ ਉਨਾਂ ਦੇ ਹਮ-ਖ਼ਿਆਲੀ ਆਜ਼ਾਦ ਭਾਰਤ ਅੰਦਰ ਹੰਢਾਏ ਕੌੜੇ ਅਨੁਭਵ ਤੋਂ ਬਾਅਦ ਇਸ ਨਿਸ਼ਚਿਤ ਨਿਰਣੇ 'ਤੇ ਅਪੜ ਗਏ ਸਨ ਕਿ ਭਾਰਤ ਦੀ ਕਾਇਮ-ਮੁਕਾਮ ਰਾਜਸੀ ਅਤੇ ਪ੍ਰਬੰਧਕੀ ਵਿਵਸਥਾ ਅੰਦਰ ਸਿੱਖ ਪੰਥ ਦੀ ਨਿਆਰੀ ਹਸਤੀ ਨੂੰ ਬਚਾ ਕੇ ਰੱਖ ਸਕਣਾ ਨਾ ਸਿਰਫ਼ ਮੁਸ਼ਕਲ ਸਗੋਂ ਅਸੰਭਵ ਵਰਗੀ ਗੱਲ ਹੈ। ਕਿਉਂ ਜੋ ਹਿੰਦੂ ਆਗੂ ਸਿੱਖ ਧਰਮ ਨੂੰ ਹਿੰਦੂ ਮਤ ਦੀ ਹੀ ਇਕ ਵੰਨਗੀ ਸਮਝਣ ਦੀ ਧਾਰਨਾ ਉੱਤੇ ਅੜੇ ਹੋਏ ਸਨ ਅਤੇ ਉਨ੍ਹਾਂ ਦਾ ਸਾਰਾ ਤਾਣ ਸਿੱਖ ਪੰਥ ਦੀ ਨਿਆਰੀ ਹਸਤੀ ਨੂੰ ਮਲੀਆਮੇਟ ਕਰਕੇ ਹਿੰਦੂਵਾਦ ਦੇ ਖਾਰੇ ਸਮੁੰਦਰ ਅੰਦਰ ਜਜ਼ਬ ਕਰਨ 'ਤੇ ਲੱਗਾ ਹੋਇਆ ਸੀ। ਇਸ ਉਦੇਸ਼ ਦੀ ਪੂਰਤੀ ਲਈ ਉਹ ਦੋ ਕਿਸਮ ਦੇ ਪੈਂਤੜੇ ਅਖ਼ਤਿਆਰ ਕਰ ਰਹੇ ਸਨ। ਸਿੱਖ ਪੰਥ ਦੇ ਨਿਆਰੇਪਨ ਨੂੰ ਢਾਹ ਲਾਉਣ ਲਈ ਉਹ ਲੁਕਵੇਂ ਅਤੇ ਘੱਟ ਰੜਕਵੇਂ ਢੰਗ-ਤਰੀਕੇ ਵੀ ਅਜ਼ਮਾ ਰਹੇ ਸਨ ਅਤੇ ਨਾਲ ਹੀ ਸਿੱਖ ਕੌਮ ਨੂੰ ਹਿੰਦੂ ਗ਼ਲਬੇ ਹੇਠ ਰੱਖਣ ਲਈ ਆਪਣੀ ਬਹੁਗਿਣਤੀ ਦੀ ਤਾਕਤ ਦਾ ਵੀ ਨੰਗਾ ਇਸਤੇਮਾਲ ਕਰ ਰਹੇ ਸਨ। ਮਾਸਟਰ ਤਾਰਾ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਸੋਚਣਾ ਸੀ ਕਿ ਅਜਿਹੀ ਹਾਲਤ ਦੇ ਸਨਮੁੱਖ ਸਿੱਖ ਪੰਥ ਦੀ ਨਿਆਰੀ ਹਸਤੀ ਨੂੰ ਬਚਾ ਕੇ ਰੱਖਣ ਅਤੇ ਸਿੱਖ ਕੌਮ ਦੇ ਸੁਤੰਤਰ ਵਿਕਾਸ ਨੂੰ ਯਕੀਨੀ ਬਣਾਉਣ ਲਈ ਪੰਜਾਬੀ ਸੂਬੇ ਦੀ ਸਥਾਪਨਾ ਨਾਲੋਂ ਅੱਗੇ ਵੱਧ ਕੇ ਸਿੱਖ ਕੌਮ ਲਈ ਖ਼ੁਦਮੁਖ਼ਤਿਆਰ ਦਰਜੇ ਦਾ ਬੰਦੋਬਸਤ ਜ਼ਰੂਰੀ ਹੈ। ਪਰ ਸਿੱਖ ਸਮਾਜ ਦੇ ਸਾਰੇ ਵਰਗ ਅਤੇ ਮੈਂਬਰ ਇਸ ਤਰ੍ਹਾਂ ਨਹੀਂ ਸਨ ਸੋਚਦੇ। ਅਸਲੀਅਤ ਤਾਂ ਇਹ ਸੀ ਕਿ ਪੰਥ ਦਾ ਇਕ ਨਿਗੂਣਾ ਹਿੱਸਾ ਹੀ ਇਨ੍ਹਾਂ ਵਿਚਾਰਾਂ ਤੇ ਭਾਵਨਾਵਾਂ ਦਾ ਸਾਂਝੀ ਸੀ। ਸੋਚ

ਅਤੇ ਅਹਿਸਾਸਾਂ ਵਿਚਲੇ ਇਸ ਪਾੜੇ ਦੇ ਕਾਰਨ ਬੜੇ ਠੋਸ ਅਤੇ ਪਰਤੱਖ ਸਨ। ਬਾਵਜੂਦ ਇਸ ਤੱਥ ਦੇ ਕਿ ਸਿੱਖਾਂ ਨਾਲ ਭਾਰਤ ਅੰਦਰ ਹਰ ਖੇਤਰ ਵਿੱਚ ਦਰਿਆਤ ਵਰਤੀ ਜਾ ਰਹੀ ਸੀ, ਉਨ੍ਹਾਂ ਨੂੰ ਦੁਬੇਲ ਬਣਾ ਕੇ ਰੱਖਣ ਦੇ ਗਿਣੇ ਮਿੱਥੇ ਯਤਨ ਕੀਤੇ ਜਾ ਰਹੇ ਸਨ (ਜਿਸ ਨਾਲ ਸਿੱਖ ਭਾਈਚਾਰੇ ਅੰਦਰ ਆਮ ਰੂਪ ਵਿੱਚ ਬੇਚੈਨੀ ਤੇ ਰੋਸ ਪੈਦਾ ਹੋ ਰਿਹਾ ਸੀ), ਭਾਰਤੀ ਰਾਜ ਹੇਠ ਸਿੱਖਾਂ ਦੇ ਸਾਰੇ ਹੀ ਵਰਗਾਂ ਲਈ ਵਿਕਾਸ ਦੀਆਂ ਸੰਭਾਵਨਾਵਾਂ ਦੇ ਮੁਕੰਮਲ ਰੂਪ 'ਚ ਠੱਪ ਹੋ ਜਾਣ ਵਾਲੀ ਕੋਈ ਗੱਲ ਨਹੀਂ ਸੀ। ਦਾਬੇ ਤੇ ਵਿਤਕਰੇ ਦੇ ਬਾਵਜੂਦ, ਭਾਰਤ ਦੀ ਕਾਇਮ-ਮੁਕਾਮ ਵਿਵਸਥਾ ਸਿੱਖਾਂ ਦੇ ਕੁਝ ਵਰਗਾਂ ਲਈ ਵਿਕਾਸ ਦੇ ਚੰਗੇ ਖ਼ਾਸੇ ਮੌਕੇ ਮੁਹੱਈਆ ਕਰ ਰਹੀ ਸੀ ਜਿਸ ਦਾ ਉਹ ਭਰਪੂਰ ਲਾਹਾ ਲੈ ਰਹੇ ਸਨ। ਸਿੱਖ ਕੌਮ ਨਾਲ ਆਮ ਰੂਪ ਵਿੱਚ ਵਰਤੀ ਜਾਂਦੀ ਦਵੈਸ਼ ਤੇ ਵਿਤਕਰੇਬਾਜ਼ੀ ਦੇ ਬਾਵਜੂਦ ਸਿੱਖ ਸਮਾਜ ਅੰਦਰਲੇ ਕੁਝ ਤੱਤਾਂ ਅਤੇ ਵਰਗਾਂ ਦੀ ਆਰਥਿਕ ਦਸ਼ਾ ਅੰਦਰ ਚੋਖਾ ਸੁਧਾਰ ਹੋ ਰਿਹਾ ਸੀ ਅਤੇ ਕੁਝ ਹਿੱਸੇ ਆਪਣੀ ਲਿਆਕਤ ਤੇ ਪੇਸ਼ਾਵਾਰਾਨਾ ਗੁਣਾਂ ਦੀ ਬਦੌਲਤ ਆਪਣੇ ਸਮਾਜੀ ਰੁਤਬੇ ਨੂੰ ਉਚਿਆਉਣ ਵਿੱਚ ਸਫਲ ਹੋ ਨਿਬੜੇ ਸਨ। ਭਾਵੇਂ ਛੋਟੀ ਗਿਣਤੀ 'ਚ ਹੀ ਸਹੀ, ਪਰ ਫਿਰ ਵੀ ਵਣਜ-ਵਪਾਰ, ਪੇਸ਼ਾਵਾਰਾਨਾ ਨੌਕਰੀਆਂ, ਪ੍ਰਬੰਧਕੀ ਢਾਂਚੇ, ਸੈਨਿਕ ਸੇਵਾਵਾਂ ਅਤੇ ਰਾਜਨੀਤੀ ਦੇ ਖੇਤਰ ਅੰਦਰ ਕੁਝ ਸਿੱਖਾਂ ਨੇ ਚੰਗੀ ਪ੍ਰਸਿੱਧੀ ਤੇ ਪ੍ਰਮੁੱਖਤਾ ਹਾਸਲ ਕਰ ਲਈ ਹੋਈ ਸੀ। ਪੰਥ ਅੰਦਰਲੇ ਗਿਣਵੇਂ ਚੁਣਵੇਂ ਤੱਤਾਂ ਦੀ ਇਹ ਕਾਮਯਾਬੀ ਸਿੱਖ ਕੌਮ ਉੱਤੇ ਮਨੋਵਿਗਿਆਨਕ ਅਤੇ ਵਿਚਾਰਧਾਰਕ ਪੱਧਰ 'ਤੇ ਆਪਣਾ ਜ਼ੋਰਦਾਰ ਅਸਰ ਛੱਡ ਰਹੀ ਸੀ। ਸਿੱਖ ਭਾਈਚਾਰਾ ਆਪਣੇ ਕੁਝ ਤੱਤਾਂ ਦੀ ਕਾਮਯਾਬੀ ਨੂੰ ਸਮੁੱਚੀ ਕੌਮ ਲਈ ਫ਼ਖ਼ਰ ਅਤੇ ਠੁੱਕ ਵਾਲੀ ਗੱਲ ਸਮਝਦਾ ਸੀ। ਇਸ ਨਾਲ ਉਸ ਦੀਆਂ ਮਨੋਂ-ਖ਼ਾਹਸ਼ਾਂ ਤੇ ਭਾਵਨਾਵਾਂ ਦੀ ਅੰਸ਼ਕ ਰੂਪ ਵਿੱਚ ਤ੍ਰਿਪਤੀ ਹੁੰਦੀ ਸੀ ਅਤੇ ਨਾਲ ਹੀ ਭਾਰਤੀ ਰਾਜ ਅੰਦਰ ਸਿੱਖ ਕੌਮ ਦੇ ਵਿਕਾਸ ਦੀਆਂ ਸੰਭਾਵਨਾਵਾਂ ਬਾਰੇ ਭਰਮ-ਚੇਤਨਾ (illusion) ਵੀ ਪੈਦਾ ਹੁੰਦੀ ਸੀ। ਅਸਲ ਵਿੱਚ ਬਾਹਰਮੁਖੀ ਹਕੀਕਤ ਦਾ ਵਿਰੋਧਾਭਾਸ ਸਿੱਖ ਮਨ ਉੱਤੇ ਦਵੰਦਾਤਮਿਕ ਪਰਭਾਵ ਛੱਡ ਰਿਹਾ ਸੀ। ਜਿੱਥੇ ਫ਼ਿਰਕੂ ਦੂਈ-ਦਵੈਤ ਤੇ ਬੇਇਨਸਾਫ਼ੀ ਦੀ ਹਕੀਕਤ ਸਿੱਖ ਪੰਥ ਅੰਦਰ ਰੋਸ ਤੇ ਵਿਰੋਧ ਦੀਆਂ ਭਾਵਨਾਵਾਂ ਨੂੰ ਬਾਲਣ ਮੁਹੱਈਆ ਕਰ ਰਹੀ ਸੀ, ਉੱਥੇ ਨਾਲ ਹੀ ਹਾਸਲ ਢਾਂਚੇ ਅੰਦਰ ਕੁਝ ਸਿੱਖ ਵਰਗਾਂ ਦੇ ਵਿਕਾਸ ਦੀਆਂ ਮੌਜੂਦ ਸੀਮਤ ਸੰਭਾਵਨਾਵਾਂ ਦਾ ਸੱਚ ਸਿੱਖ ਪੰਥ ਨੂੰ ਇਕ ਭਰਮ-ਜਾਲ ਵਿੱਚ ਵੀ ਜਕੜੀ ਜਾ ਰਿਹਾ ਸੀ। ਸਿੱਖ ਰਾਜਨੀਤੀ ਇਨ੍ਹਾਂ ਦੋਨੋਂ ਟਕਰਾਵੇਂ ਪੱਖਾਂ ਤੋਂ ਬਰਾਬਰ ਪਰਭਾਵਿਤ ਹੋ ਰਹੀ ਸੀ। ਸਿੱਖ ਲਹਿਰ ਅੰਦਰ ਹਿੰਦੂ ਗ਼ਲਬੇ ਵਿਰੁੱਧ ਅਝੁੱਕ ਜਦੋਜਹਿਦ ਦੀ ਧਾਰਾ ਦੇ ਨਾਲ ਹੀ ਸਮਝੌਤੇਬਾਜ਼ੀ ਦਾ ਰੁਝਾਨ ਵੀ ਨਿਰੰਤਰ ਜ਼ੋਰ ਪ੍ਰਗਟਾਅ ਰਿਹਾ ਸੀ। ਸੱਠਵਿਆਂ ਦੇ ਦਹਾਕੇ ਵਿੱਚ ਜਦ 'ਹਰੇ ਇਨਕਲਾਬ' ਦੀਆਂ ਆਰੰਭਕ ਬਰਕਤਾਂ ਸਦਕਾ ਪੰਜਾਬ ਦਾ ਕਿਸਾਨ ਵਰਗ ਸੁਨਹਿਰੇ ਭਵਿੱਖ ਦੇ ਸੁਪਨੇ ਲੈਣ ਲੱਗ ਪਿਆ ਸੀ ਅਤੇ ਸਿੱਖ ਕਿਸਾਨੀ ਦੀਆਂ ਹੇਠਲੀਆਂ ਤੇ ਦਰਮਿਆਨੀਆਂ ਪਰਤਾਂ ਨੂੰ ਵੀ ਝੂਠੀਆਂ ਉਮੀਦਾਂ ਤੇ ਵਧਵੀਆਂ ਖ਼ਾਹਸ਼ਾਂ ਨੇ ਆਪਣੀ ਗ੍ਰਿਫ਼ਤ ਵਿੱਚ ਲੈ ਲਿਆ ਹੋਇਆ ਸੀ ਤਾਂ ਸਿੱਖ ਲਹਿਰ ਅੰਦਰ ਸਮਝੌਤਾਪ੍ਰਸਤੀ ਦੇ ਰੁਝਾਨ ਲਈ ਵੱਧ ਜ਼ਰਖ਼ੇਜ਼ ਭੋਇੰ ਤਿਆਰ ਹੋ ਗਈ।

ਪੰਜਾਬੀ ਸੂਬੇ ਦੀ ਸਥਾਪਨਾ ਲਈ ਸੰਘਰਸ਼ ਅੰਦਰ ਵੀ ਸਿੱਖ ਕਿਸਾਨੀ ਅਕਾਲੀ ਦਲ ਦੀ ਮੁੱਖ ਟੇਕ ਬਣੀ ਹੋਈ ਸੀ। ਪ੍ਰੰਤੂ ਪੰਜਾਬੀ ਸੂਬੇ ਦੀ ਕਾਇਮੀ ਤੋਂ ਬਾਅਦ ਜਿਉਂ ਹੀ ਅਕਾਲੀ ਦਲ ਰਾਜਸੀ ਸੱਤਾ ਦੀ ਮੰਜ਼ਲ ਦੇ ਨਜ਼ਦੀਕ ਪਹੁੰਚਿਆ ਦਿਖਾਈ ਦੇਣ ਲੱਗਾ ਤਾਂ ਸਿੱਖ ਕਿਸਾਨੀ ਅੰਦਰ ਕਿਤੇ ਜ਼ਿਆਦਾ ਰਾਜਨੀਤਕ ਜੋਸ਼ ਪੈਦਾ ਹੋ ਗਿਆ ਅਤੇ ਉਹ

ਵੱਧ ਆਸ਼ਾ ਤੇ ਉਤਸ਼ਾਹ ਨਾਲ ਅਕਾਲੀ ਦਲ ਦੇ ਝੰਡੇ ਹੇਠ ਲਾਮਬੰਦ ਹੋਣ ਲੱਗੀ। ਇਸ ਨਾਲ ਅਕਾਲੀ ਦਲ ਦੀ ਤਾਕਤ ਤੇ ਪਰਭਾਵ ਖੇਤਰ ਨੂੰ ਇਕ ਦਮ ਵੱਡਾ ਹੁਲਾਰਾ ਮਿਲ ਗਿਆ ਤੇ ਉਹ ਪੰਜਾਬ ਅੰਦਰ ਇਕ ਮੋਹਰੀ ਰਾਜਸੀ ਤਾਕਤ ਬਣ ਕੇ ਉਭਰ ਆਇਆ। ਪਰ ਅਕਾਲੀ ਦਲ ਦੀ ਇਹ ਜ਼ਾਹਰਾ ਚੜ੍ਹਤ, ਨਾਲ ਹੀ ਆਪਣੇ ਅੰਦਰ ਪਤਨ ਤੇ ਨਿਘਾਰ ਦੇ ਅੰਸ਼ ਸਮੋਈ ਬੈਠੀ ਸੀ। ਪੰਜਾਬੀ ਸੂਬੇ ਦੀ ਸਥਾਪਨਾ ਤੋਂ ਪਹਿਲਾਂ ਜਦ ਅਕਾਲੀ ਦਲ ਦੀ ਆਪਣੇ ਬਲਬੂਤੇ ਰਾਜਸੀ ਤਾਕਤ ਉੱਤੇ ਕਾਬਜ਼ ਹੋਣ ਦੀ ਕੋਈ ਗੁੰਜਾਇਸ਼ ਤੇ ਸੰਭਾਵਨਾ ਨਹੀਂ ਸੀ ਤਾਂ ਉਸਦੀ ਰਾਜਨੀਤਕ ਸਰਗਰਮੀ, ਆਪਣੇ ਤੱਤ ਅਤੇ ਖ਼ਾਸੇ ਪੱਖੋਂ, ਅਸਲੋਂ ਹੀ ਵੱਖਰਾ ਮੁਕਾਮ ਰਖਦੀ ਸੀ। ਅਕਾਲੀ ਦਲ ਦਾ ਪ੍ਰਮੁੱਖ ਸਰੋਕਾਰ ਸਿੱਖ ਪੰਥ ਦੇ ਮੂਲ ਹਿਤਾਂ ਦੀ ਰਾਖੀ ਕਰਨਾ ਸੀ। ਇਹ ਨਹੀਂ ਕਿ ਅਕਾਲੀ ਦਲ ਦਾ ਰਾਜਸੀ ਸੱਤਾ ਨਾਲ ਕੋਈ ਸਰੋਕਾਰ ਹੀ ਨਹੀਂ ਸੀ ਜਾਂ ਰਾਜਸੀ ਸੱਤਾ ਗ੍ਰਹਿਣ ਕਰਨਾ ਉਸਦੇ ਪ੍ਰੋਗਰਾਮ ਅਤੇ ਉਦੇਸ਼ਾਂ ਵਿੱਚ ਹੀ ਸ਼ਾਮਲ ਨਹੀਂ ਸੀ। ਰਾਜਨੀਤੀ 'ਚੋਂ ਰਾਜਸੀ ਸੱਤਾ ਦੇ ਸੁਆਲ ਨੂੰ ਕਦੇ ਵੀ ਮਨਫ਼ੀ ਨਹੀਂ ਕੀਤਾ ਜਾ ਸਕਦਾ। ਅਸਲ ਵਿੱਚ ਰਾਜਸੀ ਸੱਤਾ ਪ੍ਰਤੀ ਪਹੁੰਚ ਅਤੇ ਰਵਈਏ ਤੋਂ ਹੀ ਰਾਜਨੀਤੀ ਦਾ ਖ਼ਾਸਾ ਤੇ ਵੰਨਗੀ ਨਿਰਧਾਰਤ ਹੁੰਦੀ ਹੈ। ਰਾਜਸੀ ਸੱਤਾ ਨੂੰ ਕਿਸੇ ਵੱਡੇ ਅਤੇ ਦੂਰ-ਰਸ ਉਦੇਸ਼ ਦੀ ਪੂਰਤੀ ਦੇ ਸਾਧਨ ਵਜੋਂ ਲੈਣ ਅਤੇ ਇਸਨੂੰ ਆਪਣੇ ਆਪ 'ਚ ਅਖ਼ੀਰੀ ਮੰਜ਼ਲ ਬਣਾ ਲੈਣ ਵਿੱਚ ਜ਼ਮੀਨ ਤੇ ਅਸਮਾਨ ਜਿੰਨਾ ਫ਼ਰਕ ਹੈ। ਸ਼੍ਰੋਮਣੀ ਅਕਾਲੀ ਦਲ ਦਾ ਜਨਮ ਸਿੱਖ ਪੰਥ ਦੇ ਬੁਨਿਆਦੀ ਹਿਤਾਂ ਪ੍ਰਤੀ ਡੂੰਘੇ ਸਰੋਕਾਰ ਤੇ ਇਨ੍ਹਾਂ ਦੀ ਰਾਖੀ ਲਈ ਸੰਘਰਸ਼ ਕਰਨ ਦੇ ਉਦੇਸ਼ ਤੇ ਭਾਵਨਾਂ 'ਚੋਂ ਹੋਇਆ ਸੀ। ਅਕਾਲੀ ਲੀਡਰਸ਼ਿਪ ਇਸੇ ਸੰਦਰਭ ਵਿੱਚ ਹੀ, ਆਪਣੀ ਮੱਤ ਮੁਤਾਬਕ, ਮੌਕਾ-ਬ-ਮੌਕਾ, ਰਾਜਸੀ ਸੱਤਾ ਦੇ ਸੁਆਲ ਨੂੰ ਸੰਬੋਧਤ ਹੁੰਦੀ ਰਹੀ। ਬਰਤਾਨਵੀ ਰਾਜ ਹੇਠ ਸਿੱਖ ਲੀਡਰਸ਼ਿਪ ਅੰਦਰ ਕਿਉਂਕਿ ਸਿੱਖ ਪੰਥ ਨੂੰ ਰਾਜਸੀ ਅਰਥਾਂ ਵਿੱਚ ਇਕ ਵੱਖਰੀ ਕੌਮ ਵਜੋਂ ਲੈਣ ਦੀ ਰਾਜਨੀਤਕ ਚੇਤਨਾ ਪੈਦਾ ਨਹੀਂ ਸੀ ਹੋਈ ਅਤੇ ਉਸਨੇ ਸਿੱਖ ਪੰਥ ਦੇ ਇਕ ਘੱਟਗਿਣਤੀ ਭਾਈਚਾਰੇ ਵਜੋਂ ਹਿਤਾਂ ਦੀ ਰਾਖੀ ਕਰਨਾ ਹੀ ਆਪਣਾ ਪ੍ਰਮੁੱਖ ਸਰੋਕਾਰ ਬਣਾ ਰੱਖਿਆ ਹੋਇਆ ਸੀ, ਇਸ ਕਰਕੇ ਉਸਦੀ ਰਾਜਨੀਤਕ ਪੈਂਤੜੇਬਾਜ਼ੀ ਜ਼ਿਆਦਾ ਕਰਕੇ ਰਾਜਸੀ ਸੱਤਾ ਨੂੰ ਜਿੰਨਾ ਹੋ ਸਕੇ, ਆਪਣੇ ਪੱਖ ਵਿੱਚ ਪ੍ਰਭਾਵਿਤ ਕਰਨ ਅਤੇ ਇਸ ਅੰਦਰ ਜਿੰਨੀ ਹੋ ਸਕੇ, ਆਪਣੀ ਹਿੱਸੇਦਾਰੀ ਯਕੀਨੀ ਬਣਾਉਣ ਦੇ ਮਨੋਰਥ ਤੋਂ ਪ੍ਰਭਾਵਿਤ ਅਤੇ ਨਿਰਧਾਰਿਤ ਹੁੰਦੀ ਰਹੀ। ਭਾਰਤ ਦੀ ਆਜ਼ਾਦੀ ਤੋਂ ਬਾਅਦ ਇਕ ਤਾਂ ਭਾਰਤੀ ਹਾਕਮਾਂ ਦੀਆਂ ਫ਼ਿਰਕੂ ਅਤੇ ਵਿਤਕਰੇਬਾਜ਼ ਨੀਤੀਆਂ ਤੋਂ ਤੰਗ ਆ ਕੇ ਅਤੇ ਦੂਜਾ, ਹਿੰਦੂਆਂ ਅਤੇ ਮੁਸਲਮਾਨਾਂ ਵੱਲੋਂ ਆਪੋ ਆਪਣੇ ਆਜ਼ਾਦ ਰਾਜ ਹਾਸਲ ਕਰ ਲੈਣ ਦੀ ਰਾਜਸੀ ਖੱਟੀ ਵੱਲ ਦੇਖਦਿਆਂ ਹੋਇਆਂ, ਸਿੱਖ ਲੀਡਰਸ਼ਿਪ ਦੇ ਇਕ ਵਰਗ ਅੰਦਰ ਸਿੱਖ ਕੌਮ ਦੀ ਰਾਜਨੀਤਕ ਆਜ਼ਾਦੀ ਦਾ ਵਿਚਾਰ ਅਤੇ ਜਜ਼ਬਾ ਜ਼ੋਰ ਫੜਨ ਲੱਗਾ ਜਿਹੜਾ ਕਿ ਕਦੇ ਤਾਂ ਪੰਜਾਬੀ ਬੋਲੀ ਦੇ ਆਧਾਰ 'ਤੇ ਪੰਜਾਬੀ ਸੂਬੇ ਦੀ ਮੰਗ ਵਿੱਚ ਹੀ ਭਾਰੂ ਸਿੱਖ ਵਸੋਂ ਵਾਲੇ ਰਾਜ ਦਾ ਤੋਪਾ ਭਰਨ ਅਤੇ ਕਦੇ 'ਸਿੱਖ ਹੋਮਲੈਂਡ' ਜਾਂ 'ਸਿੱਖਾਂ ਲਈ ਖ਼ੁਦਮੁਖ਼ਤਿਆਰ ਦਰਜੇ' ਦੀ ਮੰਗ ਕਰਨ ਦੇ ਰੂਪ ਵਿੱਚ ਪਰਗਟ ਹੁੰਦਾ ਰਿਹਾ। ਪਰ ਕੁਝ ਕਾਰਨਾਂ ਕਰਕੇ (ਜਿਨ੍ਹਾਂ ਬਾਰੇ ਇਸ ਲਿਖਤ ਅੰਦਰ ਅੱਡ ਅੱਡ ਥਾਵਾਂ 'ਤੇ ਕਾਫ਼ੀ ਵਰਨਣ ਹੋ ਚੁੱਕਾ ਹੈ) ਇਹ ਜਜ਼ਬਾ ਸਿੱਖ ਕੌਮ ਦਾ ਸਮੂਹਕ ਜਜ਼ਬਾ ਨਾ ਬਣ ਸਕਿਆ। ਸਿੱਖ ਕੌਮ ਦੀ ਆਜ਼ਾਦੀ ਦਾ ਵਿਚਾਰ ਸਿੱਖ ਪੰਥ ਦੇ ਨਿਗੂਣੇ ਹਿੱਸੇ ਨੂੰ ਹੀ ਟੁੰਬ ਸਕਿਆ। ਪੰਥ ਦੇ ਵੱਡੇ ਹਿੱਸਿਆਂ ਨੇ, ਅਮਲੀ ਪੱਧਰ 'ਤੇ, ਭਾਰਤ ਅੰਦਰ ਸਿੱਖ ਕੌਮ ਦੇ ਘੱਟਗਿਣਤੀ ਰੁਤਬੇ ਦੀ ਹਕੀਕਤ ਨਾਲ ਸਮਝੌਤਾ ਕਰ ਲਿਆ ਅਤੇ ਹਿੰਦੂ ਹਾਕਮਾਂ ਦੁਆਰਾ ਖਿੱਚੀ ਲਛਮਣ ਰੇਖਾ ਦੇ ਅੰਦਰ ਰਹਿੰਦਿਆਂ ਹੀ

ਆਪਣੀ ਦਸ਼ਾ ਅੰਦਰ ਯਥਾ ਸੰਭਵ ਸੁਧਾਰ ਲਿਆਉਣ, ਜਿਸ ਬਾਰੇ ਕਿ ਉਹ ਕਾਫ਼ੀ ਆਸ਼ਾਮਈ ਸਨ, ਦੀ ਸਮਝ ਅਤੇ ਸੇਧ ਧਾਰਨ ਕਰ ਲਈ। ਸੋ ਸੱਠਵਿਆਂ 'ਚ ਜਾ ਕੇ ਅਕਾਲੀ ਦਲ ਨੇ, ਸੰਤ ਫਤਹਿ ਸਿੰਘ ਦੀ ਰਹਿਨੁਮਾਈ ਹੇਠ, ਸਿੱਖ ਸਮਾਜ ਦੇ ਵੱਡੇ ਹਿੱਸਿਆਂ, ਖ਼ਾਸ ਕਰਕੇ ਸਿੱਖ ਕਿਸਾਨੀ ਨੂੰ ਰਾਜਨੀਤਕ ਤੌਰ 'ਤੇ ਲਾਮਬੰਦ ਕਰਕੇ ਆਪਣੀ ਜਥੇਬੰਦਕ ਤਾਕਤ ਅਤੇ ਰਾਜਸੀ ਹੈਸੀਅਤ ਅੰਦਰ ਵੱਡਾ ਇਜ਼ਾਫ਼ਾ ਤਾਂ ਜ਼ਰੂਰ ਕਰ ਲਿਆ ਪ੍ਰੰਤੂ ਸਿੱਖ ਕੌਮ ਦੇ ਬੁਨਿਆਦੀ ਹਿਤਾਂ ਦੇ ਦ੍ਰਿਸ਼ਟੀਕੋਣ ਤੋਂ ਦੇਖਿਆਂ ਅਕਾਲੀ ਦਲ ਦੀ ਇਹ ਪੇਸ਼ਕਦਮੀ ਸਿੱਖ ਲਹਿਰ ਦੀ ਚੜ੍ਹਦੀ ਕਲਾ ਦੀ ਪ੍ਰਤੀਕ ਨਹੀਂ ਸੀ। ਜ਼ਾਮਨ ਤਾਂ ਉੱਕਾ ਹੀ ਨਹੀਂ। ਕਿਉਂਕਿ ਅਕਾਲੀ ਦਲ ਵੱਲੋਂ ਅਖ਼ਤਿਆਰ ਕੀਤੀ ਗਈ ਸਿਧਾਂਤਕ ਸੇਧ ਸਿੱਖ ਕੌਮ ਨੂੰ ਹਿੰਦੂਵਾਦੀ ਗ਼ਲਬੇ ਦੀ ਲਾਹਨਤ ਤੋਂ ਸੁਰਖ਼ਰੂ ਹੋਣ ਦੀ ਜੁਗਤ ਅਤੇ ਦਿਸ਼ਾ ਨਹੀਂ ਸੀ ਸੁਝਾਉਂਦੀ। ਸਗੋਂ ਉਲਟਾ ਉਸਨੂੰ ਆਰਥਿਕ, ਸਭਿਆਚਾਰਕ ਤੇ ਰਾਜਨੀਤਕ ਤੌਰ 'ਤੇ ਹਿੰਦੂ ਹਾਕਮਾਂ ਦੇ ਹੋਰ ਵਧ ਕਸਵੇਂ ਚੁੰਗਲ ਵਿੱਚ ਜਕੜਦੀ ਸੀ। ਇਹੀ ਵਜ੍ਹਾ ਸੀ ਜਿਸ ਕਰਕੇ ਅਕਾਲੀ ਦਲ ਦੀ ਰਾਜਸੀ ਚੜ੍ਹਤ ਦਾ ਭੁਲੇਖਾ ਪਾਉਣ ਵਾਲਾ ਇਹ ਦਹਾਕਾ ਹਕੀਕਤ ਵਿੱਚ ਸਿੱਖ ਪੰਥ ਲਈ ਧਾਰਮਿਕ, ਸਭਿਆਚਾਰਕ ਤੇ ਰਾਜਨੀਤਕ ਖੇਤਰ ਅੰਦਰ ਵੱਡੀਆਂ ਪਛਾੜਾਂ, ਨਕਾਮੀਆਂ ਤੇ ਮਾਯੂਸੀਆਂ ਦਾ ਉਦਾਸ ਦੌਰ ਹੋ ਗੁਜ਼ਰਿਆ।

## ਨੈਤਿਕ ਖੋਰਾ

ਸੱਠਵਿਆਂ 'ਚ ਆ ਕੇ ਜਦ ਅਕਾਲੀ ਦਲ ਨੂੰ ਰਾਜਸੀ ਸੱਤਾ ਉੱਤੇ ਕਾਬਜ਼ ਹੋਣ ਦੇ ਮੌਕੇ ਜੁੜਨ ਲੱਗੇ ਤਾਂ ਨਾਲ ਹੀ ਇਸ ਦੇ ਕੁਝ ਨੈਤਿਕ ਗੁਣਾਂ ਨੂੰ ਢਾਹ ਲੱਗਣ ਦਾ ਅਮਲ ਵੀ ਤੇਜ਼ੀ ਫੜ ਗਿਆ। ਕੋਈ ਵੀ ਰਾਜਸੀ ਦਲ ਖ਼ੁਦਪ੍ਰਸਤ ਰੁਚੀਆਂ ਅਤੇ ਮੌਕਾ ਤਾੜੂ ਤੱਤਾਂ ਤੋਂ ਪੂਰਨ ਰੂਪ ਵਿੱਚ ਸੁਰਖ਼ਰੂ ਹੋਣ ਦਾ ਦਾਅਵਾ ਨਹੀਂ ਕਰ ਸਕਦਾ। ਆਦਰਸ਼-ਮੁਖੀ ਰਾਜਨੀਤੀ ਅਜਿਹੇ ਤੱਤਾਂ ਅਤੇ ਰੁਝਾਨਾਂ ਦੇ ਫੈਲਰਨ ਪਸਰਨ ਲਈ ਬਹੁਤਾ ਸਾਜ਼ਗਾਰ ਵਾਯੂਮੰਡਲ ਮੁਹੱਈਆ ਨਹੀਂ ਕਰਦੀ। ਇਸ ਕਰਕੇ ਅਜਿਹੇ ਦਲਾਂ ਅੰਦਰ ਸੁਆਰਥੀ ਤੱਤਾਂ ਦੀ ਰੂਹ ਨੂੰ ਪੂਰਾ ਚੈਨ ਨਹੀਂ ਮਿਲਦਾ ਅਤੇ ਉਹ ਸਬੰਧਤ ਦਲ ਤੇ ਉਸਦੀ ਰਾਜਨੀਤੀ ਨੂੰ ਆਪਣੇ ਹਿਤਾਂ ਅਨੁਸਾਰ ਢਾਲਣ ਤਰਾਸ਼ਣ ਲਈ ਨਿਰੰਤਰ ਯਤਨਸ਼ੀਲ ਰਹਿੰਦੇ ਹਨ। ਜਦ ਵੀ ਉਨ੍ਹਾਂ ਨੂੰ ਆਪਣੇ ਸੁਆਰਥੀ ਹਿਤਾਂ ਦੀ ਪੂਰਤੀ ਦਾ ਕੋਈ ਵੱਧ ਬਿਹਤਰ ਤੇ ਬਦਲਵਾਂ ਮੌਕਾ ਹੱਥ ਲੱਗਦਾ ਹੈ ਤਾਂ ਉਹ ਆਪਣਾ ਰਾਜਨੀਤਕ ਬਾਣਾ ਅਤੇ ਠਿਕਾਣਾ ਬਦਲਣ ਵਿੱਚ ਰਤੀ ਭਰ ਵੀ ਹਿਚਕਚਾਹਟ ਨਹੀਂ ਦਿਖਾਉਂਦੇ। ਸ਼੍ਰੋਮਣੀ ਅਕਾਲੀ ਦਲ ਨੂੰ ਵੀ ਇਸ ਵਰਤਾਰੇ ਦਾ ਵਾਰ ਵਾਰ ਸਾਹਮਣਾ ਕਰਨਾ ਪਿਆ। ਬਰਤਾਨਵੀ ਰਾਜ ਹੇਠ ਸਿੱਖ ਕੌਮ ਸਾਹਮਣੇ, ਆਪਣੀ ਛੋਟੀ ਗਿਣਤੀ ਸਦਕਾ, ਰਾਜਨੀਤਕ ਸੱਤਾ ਅੰਦਰ ਮੂਲੋਂ ਹੀ ਨਿਗੂਣੀ ਹਿੱਸੇਦਾਰੀ ਉੱਤੇ ਸੰਤੋਖ ਕਰਨ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਸੀ। ਸਿੱਖ ਕੌਮ, ਮੂਲ ਰੂਪ ਵਿੱਚ, ਆਪਣੇ ਬਚਾਉ ਦੀ ਲੜਾਈ ਲੜ ਰਹੀ ਸੀ ਜਿਸ ਵਿੱਚ ਵਿਅਕਤੀਗਤ ਪੱਧਰ 'ਤੇ ਖੱਟਣ ਖਟਾਉਣ ਦੀਆਂ ਗੁੰਜਾਇਸ਼ਾਂ ਬਹੁਤ ਹੀ ਸੀਮਤ ਸਨ। ਇਸ ਕਰਕੇ ਪੰਥ ਦੀ ਨਿਸ਼ਕਾਮ ਸੇਵਾ ਅਤੇ ਬੇਗ਼ਰਜ਼ ਕੁਰਬਾਨੀ ਦਾ ਜਜ਼ਬਾ ਹੀ ਸੀ ਜੋ ਅਕਾਲੀ ਵਰਕਰਾਂ ਤੇ ਆਗੂਆਂ ਨੂੰ ਰਾਜਸੀ ਜੀਵਨ ਅੰਦਰ ਸਰਗਰਮ ਹੋਣ ਲਈ ਪ੍ਰੇਰਿਤ ਕਰਦਾ ਸੀ। ਕੁਝ ਅਕਾਲੀ ਆਗੂਆਂ ਅੰਦਰ, ਕਈ ਮੌਕਿਆਂ 'ਤੇ ਮੌਕਾਪ੍ਰਸਤ ਰੁਚੀਆਂ ਜ਼ਰੂਰ ਸਿਰ ਚੁੱਕਦੀਆਂ ਰਹੀਆਂ। ਪਰ ਫਿਰ ਵੀ ਕੁੱਲ ਮਿਲਾ ਕੇ ਪੰਥ ਦੀ ਨਿਸ਼ਕਾਮ ਸੇਵਾ ਅਤੇ ਕੁਰਬਾਨੀ ਦਾ ਜਜ਼ਬਾ ਅਕਾਲੀ ਸਭਿਆਚਾਰ ਦਾ ਭਾਰੂ ਪੱਖ ਬਣੇ ਰਹੇ। ਵੱਧ

ਲਾਲਸਾਵਾਨ ਤੱਤ ਇਕ ਇਕ ਕਰਕੇ, ਕਾਂਗਰਸ ਪਾਰਟੀ ਵੱਲ ਖਿਸਕਦੇ ਰਹੇ। ਭਾਰਤ ਦੀ ਆਜ਼ਾਦੀ ਤੋਂ ਬਾਅਦ ਜਦ ਰਾਜ ਸੱਤਾ ਅੰਸ਼ਕ ਤੋਂ ਵੱਧ ਕੇ ਪੂਰਨ ਰੂਪ ਵਿੱਚ ਹੀ ਕਾਂਗਰਸ ਪਾਰਟੀ ਦੇ ਹੱਥਾਂ ਵਿੱਚ ਆ ਗਈ ਤਾਂ ਅਕਾਲੀ ਦਲ ਅੰਦਰਲੇ ਖ਼ੁਦਪ੍ਰਸਤ ਤੱਤਾਂ ਦਾ ਕਾਂਗਰਸ ਪਾਰਟੀ ਵੱਲ ਝੁਕਾਅ ਅਤੇ ਵਹਾਅ ਵੱਧ ਜ਼ੋਰ ਫੜ ਗਿਆ। ਨਾ ਸਿਰਫ਼ ਅਕਾਲੀ ਲੀਡਰਸ਼ਿਪ ਦੀਆਂ ਸਫ਼ਾਂ ਅੰਦਰ ਪੂਰਾਂ ਦੇ ਰੂਪ ਵਿੱਚ ਕਾਂਗਰਸ ਪਾਰਟੀ ਵੱਲ ਨਿਕਾਸ ਦਾ ਛੇੜਾ ਛਿੜ ਪਿਆ ਸਗੋਂ ਦੋ ਮੌਕਿਆਂ 'ਤੇ ਅਕਾਲੀ ਦਲ ਦੇ ਸਾਲਮ ਰੂਪ ਵਿੱਚ ਕਾਂਗਰਸ ਪਾਰਟੀ ਅੰਦਰ ਫ਼ਲੇਵੇਂ ਦੀ ਦਲੀਲ ਵੀ ਭਾਰੂ ਹੋ ਗਈ। ਪਰ 1966 ਵਿੱਚ ਪੰਜਾਬੀ ਸੂਬੇ ਦੀ ਸਥਾਪਨਾ ਨਾਲ ਹਾਲਤ ਅੰਦਰ ਇਕ ਸਿਫ਼ਤੀ ਮੋੜਾ ਆ ਗਿਆ। ਅਕਾਲੀ ਦਲ ਲਈ ਪੰਜਾਬ ਅੰਦਰ ਮੁੱਖ ਤੌਰ 'ਤੇ ਆਪਣੇ ਹੀ ਬਲਬੂਤੇ ਰਾਜ ਸੱਤਾ ਉੱਤੇ ਕਾਬਜ਼ ਹੋ ਜਾਣ ਦੀਆਂ ਸੰਭਾਵਨਾਵਾਂ ਰੌਸ਼ਨ ਹੋ ਗਈਆਂ। ਕਾਂਗਰਸ ਪਾਰਟੀ ਅਕਾਲੀ ਦਲ ਦੀ ਮੁੱਖ ਸ਼ਰੀਕ ਧਿਰ ਬਣ ਗਈ ਜਿਸ ਨੂੰ ਰਾਜਸੀ ਖੇਤਰ ਅੰਦਰ ਪਛਾੜਨਾ ਅਕਾਲੀ ਦਲ ਦੀ ਮੁੱਢਲੀ ਲੋੜ ਬਣ ਗਈ। ਇਸ ਤਰ੍ਹਾਂ, ਪੰਜਾਬੀ ਸੂਬੇ ਦੀ ਸਥਾਪਨਾ ਤੋਂ ਬਾਅਦ ਅਕਾਲੀ ਦਲ ਅੰਦਰਲੇ ਲੋਭੀ ਤੱਤਾਂ ਉੱਤੇ ਆਪਣੀਆਂ ਲਾਲਸਾਵਾਂ ਦਾ ਘਰ ਪੂਰਾ ਕਰਨ ਲਈ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਦਾ ਦਬਾਅ ਘਟ ਗਿਆ। ਹੁਣ ਉਨ੍ਹਾਂ ਦੀ ਇਹ ਤਮ੍ਹਾਂ ਅਕਾਲੀ ਦਲ ਦੇ ਜ਼ਰੀਏ ਵੀ ਪੂਰੀ ਹੋ ਸਕਦੀ ਸੀ। ਇਸ ਕਰਕੇ ਹੁਣ ਉਨ੍ਹਾਂ ਨੂੰ ਆਪਣੀ ਮਤਲਬ ਪੂਰਤੀ ਲਈ ਕਾਂਗਰਸੀ ਬਣਨ ਦਾ ਕਲੰਕ ਖੱਟਣ ਦੀ ਓਨੀ ਲੋੜ ਤੇ ਮਜਬੂਰੀ ਨਹੀਂ ਸੀ ਰਹੀ। ਉਹੀ ਉਦੇਸ਼ ਉਹ ਅਕਾਲੀ ਬਣੇ ਰਹਿਣ ਦੀ 'ਸੋਭਾ' ਖੱਟ ਕੇ ਵੀ ਹਾਸਲ ਕਰ ਸਕਦੇ ਸਨ। ਸੋ ਭਾਵੇਂ ਕੁਝ ਮੌਕਿਆਂ 'ਤੇ ਅਕਾਲੀ ਦਲ ਅੰਦਰਲੇ ਕੁਝ ਤੱਤ ਹਕੂਮਤੀ ਤਾਕਤ ਉੱਤੇ ਕਾਬਜ਼ ਹੋਣ ਦੀ ਲਲ੍ਹਕ ਨੂੰ ਪੂਰਿਆਂ ਕਰਨ ਲਈ ਕਾਂਗਰਸ ਪਾਰਟੀ ਦੀ ਢੋਈ ਕਬੂਲ ਕਰਨ ਦੀ ਬੇਅਸੂਲੀ ਪੈਂਤੜੇਬਾਜ਼ੀ ਦੇ ਲੋਭ-ਜਾਲ ਵਿੱਚ ਜ਼ਰੂਰ ਫਸ ਜਾਂਦੇ ਰਹੇ (ਜਿਵੇਂ 1967 ਵਿੱਚ ਪਹਿਲਾਂ ਹਰਚਰਨ ਸਿੰਘ ਹੁਡਿਆਰਾ ਨੇ ਮਹਾਰਾਜਾ ਪਟਿਆਲਾ ਦੇ ਸਾਥ ਨਾਲ ਕਾਂਗਰਸ ਦੇ ਠੁਮ੍ਹਣੇ ਆਸਰੇ ਹਕੂਮਤੀ ਆਸਣ ਗ੍ਰਹਿਣ ਕਰਨ ਦੀ ਅਸਫਲ ਮਸ਼ਕ ਕੀਤੀ, ਅਤੇ ਬਾਅਦ ਵਿੱਚ ਸ: ਲਛਮਣ ਸਿੰਘ ਗਿੱਲ ਨੇ ਇਸੇ ਰਾਹ ਪੈ ਕੇ ਨੌਂ ਕੁ ਮਹੀਨਿਆਂ ਲਈ ਮੁੱਖ ਮੰਤਰੀ ਬਣਨ ਦਾ ਚਾਅ ਪੂਰਾ ਕਰ ਲਿਆ) ਪਰ ਕੁੱਲ ਮਿਲਾ ਕੇ, 1966 ਤੋਂ ਬਾਅਦ ਇਹ ਵਰਤਾਰਾ ਅਕਾਲੀ ਰਾਜਨੀਤੀ ਦਾ ਆਮ ਦਸਤੂਰ ਨਾ ਰਹਿ ਕੇ, ਟੁੱਟਵੀਂ-'ਕਹਿਰੀ ਵਾਰਦਾਤ ਦੇ ਰੂਪ 'ਚ ਹੀ ਪਰਗਟ ਹੁੰਦਾ ਰਿਹਾ। ਸਿੱਖਾਂ ਦੇ ਮਨਾਂ ਅੰਦਰ ਕਾਂਗਰਸ ਪਾਰਟੀ ਬਾਰੇ ਇਕ ਸਿੱਖ ਦੁਸ਼ਮਣ ਜਮਾਤ ਵਜੋਂ ਪਰਭਾਵ ਏਨਾ ਗੂੜ੍ਹ ਹੋ ਗਿਆ ਕਿ ਅਕਾਲੀ ਦਲ ਦੀ ਮੁੱਖ ਧਾਰਾ ਤੋਂ ਲਾਂਭੇ ਹਟ ਕੇ ਕਾਂਗਰਸ ਦੀ ਪਰਗਟ ਜਾ ਲੁਕਵੀਂ ਹਮਾਇਤ ਹਾਸਲ ਕਰਨ ਦੇ ਕਰਮ ਨੂੰ ਇਕ ਘਿਰਣਤ ਅਪਰਾਧ ਸਮਝਿਆ ਜਾਣ ਲੱਗਾ। ਪੰਥ ਅੰਦਰ ਕਾਂਗਰਸ ਪਾਰਟੀ ਬਾਰੇ ਅਜਿਹਾ ਪਰਭਾਵ ਅਤੇ ਜਜ਼ਬਾ ਬੇਵਜ੍ਹਾ ਨਹੀਂ ਸੀ। ਇਹ ਕਾਂਗਰਸੀ ਹਾਕਮਾਂ ਦੀਆਂ ਕਰਨੀਆਂ ਦਾ ਹੀ ਨਤੀਜਾ ਸੀ। ਪਰ ਸੱਠਵਿਆਂ 'ਚ ਆ ਕੇ ਅਕਾਲੀ ਦਲ ਦੁਆਰਾ ਜੋ ਸਿਧਾਂਤਕ ਸੇਧ ਅਖ਼ਤਿਆਰ ਕੀਤੀ ਗਈ, ਉਹ ਇਸ ਜਜ਼ਬੇ ਦਾ ਦਰੁਸਤ ਉਪਯੋਗ ਕਰਕੇ ਸਿੱਖ ਸੰਘਰਸ਼ ਨੂੰ ਸਹੀ ਦਿਸ਼ਾ ਵਿੱਚ ਅੱਗੇ ਵਧਾਉਣ ਦਾ ਤੰਤ ਨਹੀਂ ਸੀ ਰੱਖਦੀ। ਸਿੱਟੇ ਵਜੋਂ ਸੱਠਵਿਆਂ ਅੰਦਰ ਉਭਰ ਕੇ ਸਾਹਮਣੇ ਆਈ ਨਵੀਂ ਅਕਾਲੀ ਲੀਡਰਸ਼ਿਪ ਨੇ ਇਸ ਜਜ਼ਬੇ ਦਾ, ਜ਼ਿਆਦਾ ਕਰਕੇ, ਆਪਣੀ ਸੁਆਰਥ ਪੂਰਤੀ ਲਈ ਗ਼ਲਤ ਇਸਤੇਮਾਲ ਹੀ ਕੀਤਾ। ਜਿਵੇਂ ਕਿ ਜ਼ਿਕਰ ਹੋ ਚੁੱਕਾ ਹੈ ਕਿ ਨਵੀਂ ਪੈਦਾ ਹੋਈ ਹਾਲਤ ਅੰਦਰ ਨਵੀਂ ਅਕਾਲੀ ਲੀਡਰਸ਼ਿਪ ਨੂੰ ਹਕੂਮਤੀ ਤਾਕਤ ਉੱਤੇ ਕਾਬਜ਼ ਹੋਣ ਦੀ ਲਾਲਸਾ ਪੂਰੀ ਕਰਨ ਲਈ ਗਿਆਨੀ

ਕਰਤਾਰ ਸਿੰਘ ਅਤੇ ਗਿਆਨ ਸਿੰਘ ਰਾੜੇਵਾਲਾ ਵਰਗੇ ਲੋਕਾਂ ਵਾਂਗੂੰ ਕਾਂਗਰਸ ਦੇ ਕੰਧਾੜਿਆਂ 'ਤੇ ਚੜ੍ਹਨ ਦੀ ਖੁਨਾਮੀ ਖੱਟਣ ਅਤੇ ਇਸ ਤਰ੍ਹਾਂ ਆਪਣੀ ਰਾਜਨੀਤਕ ਮੌਤ ਸਹੇੜਨ ਦੀ ਲੋੜ ਤੇ ਮਜਬੂਰੀ ਨਹੀਂ ਸੀ ਰਹੀ। ਪੰਜਾਬ ਦੀ ਰਾਜਗੱਦੀ ਉੱਤੇ ਬਿਰਾਜਮਾਨ ਹੋਣ ਦਾ ਸੁਭਾਗ ਹਾਸਲ ਕਰਨ ਲਈ ਉਸਦੇ ਸਾਹਮਣੇ ਕਿਤੇ ਵੱਧ ਸਨਮਾਨਜਨਕ ਮਾਰਗ ਦੇ ਦਰ ਖੁੱਲ੍ਹ ਗਏ ਸਨ। ਮੰਦੇਭਾਗਾਂ ਨੂੰ ਇਹੀ ਗੱਲ, ਸਿੱਖ ਲਹਿਰ ਅੰਦਰ, ਇਸ ਦੇ ਮੂਲ ਨਿਸ਼ਾਨਿਆਂ ਬਾਰੇ ਵੱਡੇ ਭੁਲੇਖੇ ਪੈਦਾ ਕਰਨ ਤੇ ਇਸ ਅੰਦਰ ਗੰਭੀਰ ਕਿਸਮ ਦੇ ਰਾਜਨੀਤਕ ਅਤੇ ਨੈਤਿਕ ਵਿਗਾੜ ਪੈਦਾ ਕਰਨ ਦਾ ਵੱਡਾ ਸਬੱਬ ਹੋ ਨਿਬੜੀ।

ਅਕਾਲੀ ਦਲ ਅੰਦਰਲੇ ਖ਼ੁਦਪ੍ਰਸਤ ਤੱਤਾਂ ਦਾ ਕਾਂਗਰਸ ਵੱਲ ਨਿਕਾਸ ਸਿੱਖ ਪੰਥ ਲਈ ਦੋ ਪੱਖਾਂ ਤੋਂ ਫ਼ਾਇਦੇਮੰਦ ਸਾਬਤ ਹੋ ਰਿਹਾ ਸੀ। ਇਕ ਤਾਂ ਅਕਾਲੀ ਦਲ ਦੀ ਮੁੱਖ ਧਾਰਾ ਤੋਂ ਅਲੱਗ ਹੋ ਕੇ ਕਾਂਗਰਸ ਨਾਲ ਯਰਾਨਾ ਗੰਢਣ ਵਾਲੇ ਤੱਤਾਂ ਦਾ ਖ਼ੁਦਪ੍ਰਸਤ ਖ਼ਾਸਾ ਨਿਖਰ ਕੇ ਸਾਹਮਣੇ ਆ ਜਾਂਦਾ ਸੀ ਅਤੇ ਉਨ੍ਹਾਂ ਦੀ ਸਿੱਖ ਪੰਥ ਨੂੰ ਵਰਗਲਾਉਣ ਦੀ ਸਮਰੱਥਾ ਬੁਰੀ ਤਰ੍ਹਾਂ ਨਕਾਰੀ ਜਾਂਦੀ ਸੀ। ਦੂਜਾ, ਹਿਰਸੀ ਤੱਤਾਂ ਦੇ ਨਿਰੰਤਰ ਨਿਕਾਸ ਨਾਲ ਅਕਾਲੀ ਦਲ ਦੀ ਕਾਇਆਂ ਮੁਕਾਬਲਤਨ ਸ਼ੁਧ ਬਣੀ ਰਹਿੰਦੀ ਸੀ। ਪੰਜਾਬੀ ਸੂਬੇ ਦੀ ਸਥਾਪਨਾ ਤੋਂ ਬਾਅਦ ਜਦ ਅਕਾਲੀ ਦਲ ਅੰਦਰਲੇ ਸੁਆਰਥੀ ਤੱਤਾਂ ਨੇ ਅਕਾਲੀ ਦਲ ਦੀ ਮੁੱਖ ਧਾਰਾ ਤੋਂ ਅਲੱਗ ਹੋ ਕੇ ਕਾਂਗਰਸ ਨਾਲ ਸਾਂਝਾਂ ਗੰਢਣ ਦੀ ਬਜਾਇ ਅਕਾਲੀ ਦਲ ਦੇ ਅੰਦਰ ਹੀ ਆਪਣੀ ਤਾਕਤ ਜੋੜਨੀ ਸ਼ੁਰੂ ਕਰ ਦਿੱਤੀ ਤਾਂ ਇਸ ਨਾਲ ਸਿੱਖ ਰਾਜਨੀਤੀ ਦੋ ਪੱਖਾਂ ਤੋਂ ਨੁਕਸਾਨੀ ਜਾਣ ਲੱਗੀ। ਇਕ ਤਾਂ ਇਹ ਕਿ ਆਮ ਸਿੱਖ ਜਨਤਾ ਲਈ ਅਕਾਲੀ ਦਲ ਅੰਦਰਲੇ ਸੁਆਰਥੀ ਤੱਤਾਂ ਦੀ ਅਸਲੀ ਖ਼ਸਲਤ ਨੂੰ ਪਛਾਣਨਾ ਵਧੇਰੇ ਮੁਸ਼ਕਲ ਹੋ ਗਿਆ। ਕਿਉਂਕਿ ਹੁਣ ਕਿਸੇ ਅਕਾਲੀ ਆਗੂ ਨੂੰ ਆਪਣੇ ਸੁਆਰਥੀ ਹਿਤਾਂ ਦੀ ਪੂਰਤੀ ਲਈ ਅਕਾਲੀ ਦਲ ਛੱਡ ਕੇ ਕਾਂਗਰਸੀ ਹਾਕਮਾਂ ਦੇ ਮੋਹਰੇ ਬਣਨ ਦੀ ਰਾਜਨੀਤਕ ਮਜਬੂਰੀ ਨਹੀਂ ਸੀ ਰਹੀ। ਉਹ ਅਕਾਲੀ ਬਾਣੇ ਵਿੱਚ ਹੀ ਆਪਣੀਆਂ ਰੀਝਾਂ ਪੂਰੀਆਂ ਕਰ ਸਕਦੇ ਸਨ। ਇਸ ਤਰ੍ਹਾਂ ਬਾਣੇ ਤੋਂ ਖ਼ਸਲਤ ਦਾ ਅਨੁਮਾਨ ਲਾਉਣ ਦੀ ਆਦੀ ਭੋਲੀ-ਭਾਲੀ ਸਿੱਖ ਜਨਤਾ ਲਈ ਅਕਾਲੀ ਦਲ ਅੰਦਰ ਪਲਰ-ਪਸਰ ਰਹੇ ਖ਼ੁਦਪ੍ਰਸਤ ਤੱਤਾਂ ਦੀ ਪਛਾਣ ਕਰ ਸਕਣੀ ਮੁਸ਼ਕਲ ਹੋ ਗਈ। ਦੂਜਾ, ਅਕਾਲੀ ਦਲ ਅੰਦਰੋਂ ਹਿਰਸੀ ਤੱਤਾਂ ਦੇ ਨਿਕਾਸ ਦਾ ਸਿਲਸਿਲਾ ਰੁਕ ਜਾਣ ਕਰਕੇ ਅਕਾਲੀ ਸਫ਼ਾਂ ਦੇ ਸ਼ੁਧੀਕਰਨ ਦਾ ਅਮਲ ਠੱਪ ਹੋ ਗਿਆ। ਸਗੋਂ ਉਲਟਾ ਲੋਭੀ ਤੱਤਾਂ ਦਾ ਕਾਂਗਰਸ ਤੋਂ ਅਕਾਲੀ ਦਲ ਵੱਲ ਪਰਤਵਾਂ ਵਹਿਣ ਸ਼ੁਰੂ ਹੋ ਗਿਆ। (ਜਿਸਦਾ ਰਸਮੀ ਉਦਘਾਟਨ 1967 ਵਿੱਚ ਸਤਨਾਮ ਸਿੰਘ ਬਾਜਵਾ ਅਤੇ ਸ: ਬਲਵੰਤ ਸਿੰਘ ਵਰਗੇ ਨਾਮੀ ਖ਼ੁਦਪ੍ਰਸਤ ਲੋਕਾਂ ਦੀ ਕਾਂਗਰਸ ਤੋਂ ਅਕਾਲੀ ਦਲ ਵੱਲ ਦਲ ਬਦਲੀ ਨਾਲ ਹੋਇਆ। 1969 ਵਿੱਚ ਸ: ਗਿਆਨ ਸਿੰਘ ਰਾੜੇਵਾਲਾ ਦੀ ਕਾਂਗਰਸ ਤੋਂ ਮੁੜ ਅਕਾਲੀ ਦਲ ਵੱਲ ਘਰ ਵਾਪਸੀ ਇਸ ਬਦਲੀ ਹੋਈ ਰਾਜਸੀ ਹਕੀਕਤ ਦਾ ਉਘੜਵਾਂ ਪ੍ਰਮਾਣ ਸੀ।)

•

# 10

# ਸੱਤਾ ਦਾ ਗ੍ਰਹਿਣ

ਅਸੂਲਾਂ ਅਤੇ ਆਦਰਸ਼ਾਂ ਨੂੰ ਪਰਨਾਈਆਂ ਸਮਾਜੀ ਤੇ ਰਾਜਸੀ ਤਾਕਤਾਂ ਨੂੰ ਅਕਸਰ ਮਨੋਰਥਾਂ ਤੇ ਸਾਧਨਾਂ (ends and means) ਦੀ ਸਿਧਾਂਤਕ ਅਤੇ ਨੈਤਿਕ ਗੁੰਝਲ ਨਾਲ ਉਲਝਣਾ ਪੈਂਦਾ ਹੈ। ਇਹ ਕਹਿਣਾ ਕਿ ਜੰਗ ਤੇ ਪਿਆਰ ਵਿੱਚ ਸਭ ਕੁਝ ਉਚਿਤ ਹੁੰਦਾ ਹੈ, ਨੈਤਿਕਤਾ ਨੂੰ ਮੁਕੰਮਲ ਰੂਪ 'ਚ ਨਕਾਰਨਾ ਹੈ। ਜਦ ਮੁਹੰਮਦ ਇਕਬਾਲ ਦੁਨੀਆ ਦੇ ਬਾਦਸ਼ਾਹਾਂ ਦੀ ਜੰਗ ਨੂੰ 'ਮਾਰ-ਧਾੜ' ਕਹਿ ਕੇ ਭੰਡਦਾ ਅਤੇ ਮੋਮਨਾਂ ਦੀ ਜੰਗ ਨੂੰ 'ਪੈਗੰਬਰੀ ਦਸਤੂਰ' ਕਹਿ ਕੇ ਉਚਿਆਉਂਦਾ ਹੈ* ਤਾਂ ਉਹ ਪਰਤੱਖ ਤੌਰ 'ਤੇ ਜੰਗ ਨੂੰ ਇਸਦੇ ਮਨੋਰਥਾਂ ਨਾਲ ਜੋੜ ਕੇ ਦੇਖਣ ਦੇ ਨਜ਼ਰੀਏ ਦੀ ਵਜ਼ਾਹਤ ਕਰਦਾ ਹੈ। ਜੰਗ ਵਿੱਚ ਜਿੱਤ ਯਕੀਨਨ ਹੀ ਵੱਡੀ ਅਹਿਮੀਅਤ ਰੱਖਦੀ ਹੈ। ਪਰ 'ਜਿੱਤਣਾ' ਅਸਲੀ ਮਨੋਰਥ ਨਹੀਂ ਹੁੰਦਾ ਸਗੋਂ ਜਿੱਤਣ ਦਾ ਵੀ ਕੋਈ ਮਨੋਰਥ ਹੁੰਦਾ ਹੈ। ਇਹ ਮਨੋਰਥ ਤੁੱਛ ਅਤੇ ਘਟੀਆ ਵੀ ਹੋ ਸਕਦਾ ਹੈ ਅਤੇ ਮਹਾਨ ਤੇ ਪਵਿਤਰ ਵੀ। ਅਸਲ ਵਿੱਚ ਮਨੋਰਥ ਹੀ ਜੰਗ ਦਾ ਖ਼ਾਸਾ ਤੈਅ ਕਰਦਾ ਹੈ। ਕਿਸੇ ਉੱਚੇ-ਸੁੱਚੇ ਆਦਰਸ਼ ਲਈ ਲੜੀ ਜਾਣ ਵਾਲੀ ਜੰਗ ਅਤੇ ਤੁੱਛ ਜਾਂ ਘਟੀਆ ਮਨੋਰਥਾਂ ਲਈ ਲੜੀ ਜਾਣ ਵਾਲੀ ਜੰਗ ਵਿੱਚ ਜ਼ਮੀਨ ਅਤੇ ਅਸਮਾਨ ਜਿੰਨਾ, ਜਾਂ ਇਹ ਕਹਿ ਲਵੋ ਕਿ ਸੱਚ ਅਤੇ ਝੂਠ ਜਿੰਨਾ, ਜਾਂ ਹੋਰ ਵੱਧ ਠੀਕ ਕਹਿਣਾ ਹੋਵੇ ਤਾਂ 'ਸੁੱਚ' ਅਤੇ 'ਜੂਠ' ਜਿੰਨਾ ਫ਼ਰਕ ਹੁੰਦਾ ਹੈ। ਕਿਉਂਕਿ ਜੰਗ ਕਿਸੇ ਮਨੋਰਥ ਦੀ ਪਰਾਪਤੀ ਦਾ ਇਕ ਵਸੀਲਾ ਹੈ, ਇਸ ਕਰਕੇ ਜੰਗ ਦੌਰਾਨ ਕਿਹੜੀ ਗੱਲ ਉਚਿਤ ਅਤੇ ਕਿਹੜੀ ਅਣਉਚਿਤ ਹੈ ਇਸ ਦਾ ਨਿਤਾਰਾ ਜੰਗ ਦੇ ਮਨੋਰਥਾਂ ਤੋਂ ਹੁੰਦਾ ਹੈ। "ਜੰਗ ਤੇ ਪਿਆਰ ਵਿੱਚ ਸਭ ਕੁਝ ਉਚਿਤ ਹੈ" ਦੀ ਪ੍ਰਚਲਤ ਧਾਰਨਾ ਕਿਸੇ ਘਟੀਆ ਮਨੋਰਥ ਲਈ ਲੜੀ ਜਾਣ ਵਾਲੀ ਜੰਗ ਉੱਤੇ ਭਲੇ ਹੀ ਲਾਗੂ ਪਈ ਹੁੰਦੀ ਹੋਵੇ ਪਰ ਉੱਚੇ ਆਦਰਸ਼ਾਂ ਤੇ ਸੁੱਚੇ ਉਦੇਸ਼ਾਂ ਲਈ ਲੜੀ ਜਾਣ ਵਾਲੀ ਜੰਗ ਉੱਤੇ ਹਰਗਿਜ਼ ਲਾਗੂ ਨਹੀਂ ਹੁੰਦੀ। ਜੇਕਰ ਕਲਾਜ਼ਵਿਜ਼ ਦੇ ਇਸ ਕਥਨ† ਨੂੰ ਸੱਚ ਮੰਨ ਲਿਆ ਜਾਵੇ ਕਿ ਜੰਗ ਵੱਖਰੇ ਢੰਗ ਤਰੀਕਿਆਂ ਰਾਹੀਂ ਰਾਜਨੀਤੀ ਦਾ ਹੀ ਜਾਰੀ ਅਮਲ ਹੁੰਦਾ ਹੈ ਤਾਂ ਉਪਰ ਬਿਆਨਿਆ ਨਿਯਮ ਰਾਜਨੀਤੀ ਉੱਤੇ ਵੀ ਬਰਾਬਰ ਲਾਗੂ ਹੁੰਦਾ ਹੈ।

ਸੋ ਨੈਤਿਕ ਲਿਹਾਜ਼ ਨਾਲ ਰਾਜਸੀ ਤਾਕਤਾਂ (ਤੇ ਵਿਅਕਤੀਆਂ) ਨੂੰ ਦੋ ਵਰਗਾਂ 'ਚ ਵੰਡਿਆ ਜਾ ਸਕਦਾ ਹੈ। ਇਕ ਉਹ ਜਿਹਨਾਂ ਲਈ ਰਾਜਨੀਤੀ ਆਪਣੇ ਸੁਆਰਥੀ ਹਿਤਾਂ ਦੀ ਪੂਰਤੀ ਦਾ ਹੀ ਵਸੀਲਾ ਹੁੰਦੀ ਹੈ। ਅਜਿਹੇ ਰਾਜਸੀ ਦਲਾਂ (ਤੇ ਵਿਅਕਤੀਆਂ)

---

*ਜੰਗ ਸ਼ਾਹਾਨਿ ਜਹਾਂ ਗਾਰਤਗਰੀ ਅਸਤ। ਜੰਗਿ ਮੋਮਨ ਸੁੰਨਤਿ ਪੈਗੰਬਰੀ ਅਸਤ।

† War is the countinuation of politics by other means.

ਦੀ ਕੋਈ ਸਮਾਜੀ ਜਾਂ ਰਾਜਨੀਤਕ ਵਚਨਬੱਧਤਾ (ਕਮਿਟਮੈਂਟ) ਨਹੀਂ ਹੁੰਦੀ ਤੇ ਨਾ ਕੋਈ ਸੁੱਚਾ ਆਦਰਸ਼ ਹੁੰਦਾ ਹੈ। ਇਸ ਕਰਕੇ ਉਹ ਸਭਨਾਂ ਨੈਤਿਕ ਅਸੂਲਾਂ ਤੇ ਬੰਦਸ਼ਾਂ ਤੋਂ ਮੁਕਤ ਹੁੰਦੇ ਹਨ। ਉਨ੍ਹਾਂ ਲਈ ਹਰ ਉਹ ਕਰਮ, ਜਿਸ ਨਾਲ ਉਨ੍ਹਾਂ ਦੇ ਸੁਆਰਥੀ ਹਿਤ ਪੂਰੇ ਹੁੰਦੇ ਹੋਣ, ਯੋਗ ਹੁੰਦਾ ਹੈ। ਪਰ ਕਿਸੇ ਸਮਾਜੀ ਮਨੋਰਥ ਤੇ ਆਦਰਸ਼ ਨੂੰ ਪਰਨਾਏ ਰਾਜਸੀ ਦਲਾਂ (ਤੇ ਵਿਅਕਤੀਆਂ) ਦਾ ਮਾਮਲਾ ਏਦੂੰ ਇਕ ਦਮ ਵੱਖਰਾ ਹੁੰਦਾ ਹੈ। ਰਾਜਨੀਤੀ ਉਨ੍ਹਾਂ ਲਈ ਇੱਛਤ ਉਦੇਸ਼ਾਂ ਤੇ ਨਿਸ਼ਾਨਿਆਂ ਨੂੰ ਹਾਸਲ ਕਰਨ ਦਾ ਇਕ ਜ਼ਰੀਆ ਹੁੰਦੀ ਹੈ। ਇਸ ਕਰਕੇ ਉਨ੍ਹਾਂ ਦੇ ਕਿਸੇ ਵੀ ਰਾਜਨੀਤਕ ਕਰਮ ਅਤੇ ਨੀਤੀ-ਪੈਂਤੜੇ ਦੇ ਉਚਿਤ ਜਾਂ ਅਣਉਚਿਤ ਹੋਣ ਦਾ ਨਿਰਣਾ ਇਸ ਗੱਲ ਤੋਂ ਹੁੰਦਾ ਹੈ ਕਿ ਇਹ ਉਨ੍ਹਾਂ ਦੇ ਮਿਥੇ ਹੋਏ ਨਿਸ਼ਾਨੇ ਤੇ ਮਨੋਰਥ ਦੇ ਅਨੁਸਾਰੀ ਹੈ ਜਾਂ ਨਹੀਂ। ਉਨ੍ਹਾਂ ਦੇ ਨੀਤੀ-ਪੈਂਤੜੇ ਵਕਤੀ ਗ਼ਰਜ਼ਾਂ ਤੇ ਲਾਹਿਆਂ ਨੂੰ ਮੁੱਖ ਰੱਖ ਕੇ ਨਹੀਂ ਘੜੇ ਜਾਂਦੇ ਸਗੋਂ ਨਿਰਧਾਰਤ ਉਦੇਸ਼ਾਂ ਤੇ ਟੀਚਿਆਂ ਨੂੰ ਧਿਆਨ ਵਿੱਚ ਰੱਖ ਕੇ ਘੜੇ ਜਾਂਦੇ ਹਨ। ਇਸ ਕਰਕੇ ਕੋਈ ਵੀ ਅਜਿਹਾ ਕਰਮ ਜਾਂ ਨੀਤੀ-ਪੈਂਤੜਾ ਜੋ ਉਨ੍ਹਾਂ ਦੇ ਦੂਰ-ਰਸ ਉਦੇਸ਼ਾਂ ਤੇ ਨਿਸ਼ਾਨਿਆਂ ਨਾਲ ਵਿਰੋਧ ਜਾਂ ਟਕਰਾਅ ਵਿੱਚ ਆਉਂਦਾ ਹੋਵੇ, ਅਰਥਾਤ ਜੋ ਉਨ੍ਹਾਂ ਨੂੰ ਆਪਣੀ ਮਾਰਗ-ਸੇਧ ਤੋਂ ਥਿੜਕਾਉਣ ਅਤੇ ਭੁਚਲਾਉਣ ਦਾ ਕਾਰਨ ਅਤੇ ਵਸੀਲਾ ਬਣਦਾ ਹੋਵੇ, ਉਨ੍ਹਾਂ ਲਈ ਵਰਜਿਤ ਹੋ ਜਾਂਦਾ ਹੈ। ਪਰ ਹਰ ਅਸੂਲ ਤੇ ਆਦਰਸ਼ ਵਾਂਗ ਇਹ ਗੱਲ ਕਹਿ ਲੈਣੀ ਜਿੰਨੀ ਸੌਖੀ ਹੈ, ਅਮਲ 'ਚ ਨਿਭਾਉਣੀ ਓਨੀ ਹੀ ਔਖੀ ਹੈ। ਕਾਰਨ ਇਹ ਕਿ ਅਸੂਲ ਕੁਰਬਾਨੀ, ਸਿਦਕ ਤੇ ਤਿਆਗ ਦੀ ਮੰਗ ਕਰਦੇ ਹਨ ਜਦ ਕਿ ਮਨੁੱਖ ਦੀ ਆਮ ਪ੍ਰਕਿਰਤੀ ਉਸ ਨੂੰ ਫ਼ੌਰੀ ਗ਼ਰਜ਼ਾਂ ਤੇ ਲਾਹਿਆਂ ਵੱਲ ਖਿੱਚਦੀ ਹੈ। ਰਾਜਨੀਤੀ ਅੰਦਰ ਅਸੂਲਾਂ ਉੱਤੇ ਪਹਿਰਾ ਦੇਣਾ ਆਮ ਜ਼ਿੰਦਗੀ ਨਾਲੋਂ ਹੋਰ ਵੀ ਕਠਿਨ ਹੁੰਦਾ ਹੈ। ਕਿਉਂਕਿ ਰਾਜਨੀਤੀ ਅੰਦਰ ਤਿਲ੍ਹਕਣਬਾਜ਼ੀ ਦੇ ਮੌਕੇ ਤੇ ਖ਼ਤਰੇ ਬਹੁਤ ਆਮ ਹੁੰਦੇ ਹਨ। ਰਾਜਨੀਤੀ ਦਾ ਖੇਤਰ ਲਾਲਚ ਤੇ ਸੁਆਰਥ ਦੇ ਵਿਸ਼ਾਣੂੰਆਂ ਦੇ ਪਲਰਨ-ਫੈਲਰਨ ਲਈ ਬਹੁਤ ਹੀ ਮੁਆਫ਼ਕ ਵਾਯੂਮੰਡਲ ਮੁਹੱਈਆ ਕਰਦਾ ਹੈ ਅਤੇ ਜੇਕਰ ਨਿਰੰਤਰ ਕਰੜੀਆਂ ਸਾਵਧਾਨੀਆਂ ਨਾ ਵਰਤੀਆਂ ਜਾਣ ਤਾਂ ਇਨ੍ਹਾਂ ਵਿਸ਼ਾਣੂੰਆਂ ਦੇ ਮਾਰੂ ਅਸਰਾਂ ਤੋਂ ਬਚਾਉ ਕਰ ਸਕਣਾ ਨਾਮੁਮਕਿਨ ਹੋ ਜਾਂਦਾ ਹੈ। ਰਾਜਨੀਤੀ ਅੰਦਰ ਅਸੂਲਾਂ 'ਤੇ ਦ੍ਰਿੜ੍ਹ ਰਹਿਣ ਦਾ ਮਜ਼ਬੂਤ ਇਰਾਦਾ ਹੀ ਕਾਫ਼ੀ ਨਹੀਂ ਹੁੰਦਾ, ਨਾਲ ਹੀ ਅਸੂਲਾਂ 'ਤੇ ਦ੍ਰਿੜ੍ਹ ਰਹਿਣ ਦੀ ਰਾਜਸੀ ਵਿਦਿਆ ਦਾ ਬੋਧ-ਗ੍ਰਹਿਣ ਵੀ ਜ਼ਰੂਰੀ ਹੈ।

ਜ਼ਿੰਦਗੀ ਕਦੇ ਵੀ ਸਮਾਜੀ ਤੇ ਰਾਜਸੀ ਤਾਕਤਾਂ ਨੂੰ ਆਪਣੇ ਨਿਰਧਾਰਤ ਨਿਸ਼ਾਨਿਆਂ ਵੱਲ ਪੱਧਰੇ ਅਤੇ ਸਿੱਧੇ ਸਪਾਟ ਰਸਤੇ ਉੱਤੇ ਅੱਗੇ ਵਧਣ ਦੀਆਂ ਆਦਰਸ਼ਕ ਹਾਲਤਾਂ ਮੁਹੱਈਆ ਨਹੀਂ ਕਰਦੀ। ਆਪਣੀ ਮੰਜ਼ਲ ਵੱਲ ਵਧਣ ਲਈ ਉਨ੍ਹਾਂ ਨੂੰ ਲਾਜ਼ਮੀ ਤੌਰ 'ਤੇ ਉਘੜੇ-ਦੁਘੜੇ ਰਾਹਾਂ, ਟੇਢੇ-ਮੇਢੇ ਰਸਤਿਆਂ ਅਤੇ ਗੁੰਝਲਾਂ ਭਰੇ ਅਮਲਾਂ 'ਚੋਂ ਦੀ ਗੁਜ਼ਰਨਾ ਪੈਂਦਾ ਹੈ। ਰਾਹ ਦੇ ਵਿੱਚ ਜਿੰਨੇ ਵੱਧ ਵਿੰਗ-ਵਲੇਵੇਂ ਹੋਣਗੇ, ਸਹੀ ਦਿਸ਼ਾ ਕਾਇਮ ਰੱਖ ਸਕਣੀ ਓਨੀ ਵੱਧ ਦੁੱਭਰ ਹੋ ਜਾਂਦੀ ਹੈ। ਆਮ ਜ਼ਿੰਦਗੀ ਅੰਦਰ ਔਝੜੇ ਸਫ਼ਰਾਂ ਵਿੱਚ ਦਿਸ਼ਾ ਦਾ ਹਿਸਾਬ ਰੱਖਣ ਲਈ ਮਸ਼ੀਨੀ ਜੰਤਰਾਂ (ਕੰਪਾਸ) ਦੀ ਮਦਦ ਲਈ ਜਾਂਦੀ ਹੈ। ਪ੍ਰੰਤੂ ਰਾਜਨੀਤੀ ਦੇ ਅਮਲ ਅੰਦਰ ਅਜਿਹਾ ਕੋਈ ਜੰਤਰ ਕਾਰ-ਆਮਦ ਨਹੀਂ ਹੁੰਦਾ। ਵੀ.ਆਈ. ਲੈਨਿਨ ਦਾ ਰਾਜਨੀਤੀ ਬਾਰੇ ਇਹ ਕਥਨ ਬੜਾ ਮਸ਼ਹੂਰ ਹੈ ਕਿ ਰਾਜਨੀਤੀ ਅੰਕ-ਗਣਿਤ (arithmatic) ਨਾਲੋਂ ਵੱਧ ਬੀਜ-ਗਣਿਤ (algebra) ਹੁੰਦੀ ਹੈ, ਅਤੇ ਮੂਲ ਗਣਿਤ (elementry mathematics) ਨਾਲੋਂ ਵੱਧ ਉਚ-ਗਣਿਤ (higher mathematics) ਹੁੰਦੀ ਹੈ। ਇਸ ਸੰਦਰਭ ਵਿੱਚ ਦੇਖਿਆਂ ਰਾਜਨੀਤੀ ਦੇ ਬਿਖੜੇ ਪੈਂਡਿਆਂ

ਉੱਤੇ ਸਹੀ ਦਿਸ਼ਾ ਤੇ ਸੰਤੁਲਨ ਬਣਾਈ ਰੱਖਣ ਲਈ ਜਿੰਨਾ ਬੁਲੰਦ ਇਖ਼ਲਾਕ ਜ਼ਰੂਰੀ ਹੈ, ਓਨੀ ਹੀ ਬੌਧਿਕ ਕਾਬਲੀਅਤ ਦਰਕਾਰ ਹੁੰਦੀ ਹੈ। ਦੂਰ ਦੀ ਮੰਜ਼ਲ ਤਕ ਪਹੁੰਚਣ ਲਈ ਰਸਤੇ ਦੀਆਂ ਕਿੰਨੀਆਂ ਹੀ ਦੁਰਗਮ ਰੁਕਾਵਟਾਂ ਸਰ ਕਰਨੀਆਂ ਪੈਂਦੀਆਂ ਹਨ। ਰਾਜਨੀਤੀ ਦੇ ਠੋਸ ਅਮਲ ਅੰਦਰ ਖ਼ਾਲੀ ਸਿਧਾਂਤ ਮਾਅਨੇ ਨਹੀਂ ਰਖਦੇ। ਠੋਸ ਮਸਲੇ ਠੋਸ ਨੀਤੀਆਂ ਤੇ ਪੈਂਤੜਿਆਂ ਦੀ ਮੰਗ ਕਰਦੇ ਹਨ। ਠੋਸ ਨੀਤੀਆਂ ਤੇ ਪੈਂਤੜੇ ਘੜਨ ਲਈ ਇੱਕੋ ਸਮੇਂ ਦੂਰ ਦੀ ਤੇ ਨੇੜੇ ਦੀ ਨਜ਼ਰ ਦਾ ਸੁਮੇਲਵਾਂ ਇਸਤੇਮਾਲ ਕਰਨ ਦੀ ਸਮਰੱਥਾ ਤੇ ਜਾਚ ਜ਼ਰੂਰੀ ਹੈ। ਰਾਜਸੀ ਤਾਕਤਾਂ ਦੇ ਇਮਾਨ ਤੇ ਬੁੱਧੀ ਦੀ ਅਸਲੀ ਪਰੀਖਿਆ ਇਸੇ ਅਭਿਆਸ ਅੰਦਰ ਹੁੰਦੀ ਹੈ। ਇਹੀ ਉਹ ਜਗ੍ਹਾ ਹੈ ਜਿੱਥੇ ਅਕਸਰ ਜ਼ਿਆਦਾਤਰ ਰਾਜਸੀ ਤਾਕਤਾਂ (ਤੇ ਆਗੂ ਹਸਤੀਆਂ) ਦੀਆਂ ਅੱਖਾਂ ਵਿੱਚ ਫ਼ੌਰੀ ਗ਼ਰਜ਼ਾਂ ਤੇ ਲਾਹਿਆਂ ਦੀ ਲਾਲਸਾ ਦਾ ਮੋਤੀਆ ਉਤਰ ਆਉਂਦਾ ਹੈ ਅਤੇ ਉਨ੍ਹਾਂ ਦੀ ਦੂਰ-ਰਸ ਨਿਸ਼ਾਨਿਆਂ ਤੇ ਮਨੋਰਥਾਂ ਉੱਤੇ ਨਜ਼ਰ ਟਿਕਾਈ ਰੱਖਣ ਦੀ ਸਮਰੱਥਾ ਬੁਰੀ ਤਰ੍ਹਾਂ ਗ੍ਰਹਿਣੀ ਜਾਂਦੀ ਹੈ।

1966 ਵਿੱਚ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਅਕਾਲੀ ਦਲ ਸਾਹਮਣੇ ਪੈਦਾ ਹੋਈਆਂ ਨਵੀਆਂ ਸੰਭਾਵਨਾਵਾਂ ਅਤੇ ਇਸਦੀ ਰਾਜਨੀਤਕ ਸੇਧ ਅੰਦਰ ਪਰਗਟ ਹੋਈਆਂ ਕੁਝ ਅਹਿਮ ਤਬਦੀਲੀਆਂ ਨੂੰ ਉਪਰੋਕਤ ਦ੍ਰਿਸ਼ਟੀ ਤੋਂ ਦੇਖਣ ਅਤੇ ਅੰਗਣ ਦੀ ਲੋੜ ਹੈ।

ਪੰਜਾਬੀ ਸੂਬੇ ਦੀ ਸਥਾਪਨਾ ਨਾਲ ਅਕਾਲੀ ਦਲ ਲਈ, ਸਿੱਖਾਂ ਦੀ ਪ੍ਰਮੁੱਖ ਨੁਮਾਇੰਦਾ ਰਾਜਸੀ ਜਮਾਤ ਹੋਣ ਦੇ ਨਾਤੇ, ਪੰਜਾਬ ਦੀ ਰਾਜਗੱਦੀ ਉੱਤੇ ਬਿਰਾਜਮਾਨ ਹੋਣ ਦਾ ਰਾਜਨੀਤਕ ਸਬੱਬ ਜ਼ਰੂਰ ਪੈਦਾ ਹੋ ਗਿਆ। ਪਰ ਇਸ ਦਾ ਮਤਲਬ ਇਹ ਕਦਾਚਿਤ ਨਹੀਂ ਸੀ ਕਿ ਅਕਾਲੀ ਦਲ ਲਈ ਰਾਜਸੀ ਸੱਤਾ ਥਾਲੀ ਵਿੱਚ ਪਰੋਸੀ ਪਈ ਸੀ। ਹਕੀਕਤ ਇਹ ਸੀ ਕਿ ਪੰਜਾਬ ਦੇ ਰਾਜ ਸਿੰਘਾਸਣ ਤਕ ਅੱਪੜਨ ਲਈ ਅਕਾਲੀ ਦਲ ਨੂੰ ਰਸਤੇ ਦੀਆਂ ਕਈ ਔਖੀਆਂ ਰੁਕਾਵਟਾਂ ਸਰ ਕਰਨੀਆਂ ਪੈਣੀਆਂ ਸਨ। ਪੰਜਾਬ ਅੰਦਰ ਸਿੱਖ ਵਸੋਂ 55 ਫ਼ੀਸਦੀ ਦੇ ਕਰੀਬ ਹੈ। ਪਰ ਸਾਰੀ ਸਿੱਖ ਵਸੋਂ ਰਾਜਸੀ ਤੌਰ 'ਤੇ ਅਕਾਲੀ ਦਲ ਦੀ ਸਮਰਥਕ ਨਹੀਂ। ਕਾਂਗਰਸ ਪਾਰਟੀ ਨੇ ਸਿੱਖ ਭਾਈਚਾਰੇ ਅੰਦਰ ਚੰਗੀ ਖ਼ਾਸੀ ਰਾਜਸੀ ਸੰਨ੍ਹ ਲਾ ਰੱਖੀ ਸੀ। ਅਕਾਲੀ ਦਲ ਦਾ ਸਮਾਜਿਕ ਅਤੇ ਰਾਜਨੀਤਕ ਆਧਾਰ ਮੁੱਖ ਤੌਰ 'ਤੇ ਸਿੱਖਾਂ ਦੇ ਦੋ ਵਰਗਾਂ ਤਕ ਹੀ ਸੀਮਤ ਸੀ। ਪੇਂਡੂ ਖੇਤਰ ਵਿੱਚ ਜੱਟ ਕਿਸਾਨਾਂ ਅੰਦਰ ਅਤੇ ਸ਼ਹਿਰਾਂ ਵਿੱਚ ਸਿੱਖ ਵਪਾਰੀ-ਕਾਰੋਬਾਰੀ ਤਬਕੇ (ਖੱਤਰੀ ਅਤੇ ਅਰੋੜਾ ਵਰਗ) ਅੰਦਰ। ਪੇਂਡੂ ਵਸੋਂ ਦੇ ਗ਼ੈਰ-ਜੱਟ ਤਬਕੇ ਅਤੇ ਸ਼ਹਿਰੀ ਸਿੱਖ ਵਸੋਂ ਦੀਆਂ ਦਰਮਿਆਨੀਆਂ ਤੇ ਹੇਠਲੀਆਂ ਪਰਤਾਂ ਰਾਜਨੀਤਕ ਅਤੇ ਭਾਵਨਾਤਮਿਕ ਤੌਰ 'ਤੇ ਕਾਂਗਰਸ ਪਾਰਟੀ ਨਾਲ ਜੁੜੀਆਂ ਹੋਈਆਂ ਸਨ। ਇਸ ਰਾਜਨੀਤਕ ਪਾਲਾਬੰਦੀ ਦੇ ਕਾਰਨ ਬੜੇ ਪ੍ਰਤੱਖ ਸਨ। ਇਸ ਵਿੱਚ ਸਮਾਜੀ-ਆਰਥਿਕ ਫ਼ੈਕਟਰ ਦਾ ਵੀ ਵੱਡਾ ਹੱਥ ਸੀ। ਪਰ ਸਭ ਤੋਂ ਅਹਿਮ ਤੇ ਨਿਰਣਾਇਕ ਫ਼ੈਕਟਰ ਜਾਤ-ਪਾਤ ਦਾ ਸੀ।

## ਜਾਤ-ਪਾਤ : ਆਦਰਸ਼ ਅਤੇ ਹਕੀਕਤ

ਭਾਵੇਂ ਗੁਰੂ ਸਾਹਿਬਾਨ ਨੇ ਹਿੰਦੂ ਸਮਾਜ ਦੀ ਸਭ ਤੋਂ ਵੱਡੀ ਲਾਹਨਤ, ਜਾਤ-ਪਾਤੀ ਪਰਣਾਲੀ ਦਾ, ਸਿਧਾਂਤ ਤੇ ਅਮਲ ਦੀ ਪੱਧਰ 'ਤੇ ਜ਼ੋਰਦਾਰ ਖੰਡਨ ਕਰਦਿਆਂ ਹੋਇਆਂ, ਸਿੱਖ ਸਮਾਜ ਅੰਦਰ ਇਸ ਦੀ ਪੂਰਨ ਮਨਾਹੀ ਕਰ ਦਿੱਤੀ ਸੀ। ਪਰ ਗੁਰੂ ਕਾਲ ਤੋਂ ਬਾਅਦ ਹੌਲੀ ਹੌਲੀ ਸਿੱਖੀ ਦੇ ਬੁਨਿਆਦੀ ਸਿਧਾਂਤ ਕਮਜ਼ੋਰ ਪੈਣੇ ਸ਼ੁਰੂ ਹੋ ਗਏ। ਜਿਨ੍ਹਾਂ ਹਿੰਦੂਵਾਦੀ ਅਮਲਾਂ ਦਾ ਗੁਰੂ ਸਾਹਿਬਾਨ ਨੇ ਖੰਡਨ ਕੀਤਾ ਸੀ, ਉਨ੍ਹਾਂ ਨੇ ਸਿੱਖ ਧਰਮ

ਅਤੇ ਸਮਾਜ ਨੂੰ ਮੁੜ ਆਪਣੀ ਮਾਰੂ ਗਰਿਫ਼ਤ ਵਿੱਚ ਲੈ ਲਿਆ। ਸਿੱਖ ਸਮਾਜ ਉੱਤੇ ਹਿੰਦੂਵਾਦ ਦੇ ਦੂਰ-ਪਰਭਾਵਾਂ ਦਾ ਸਭ ਤੋਂ ਗੂੜ੍ਹਾ ਇਜ਼ਹਾਰ ਸਿੱਖ ਪੰਥ ਅੰਦਰ ਜਾਤ-ਪਾਤੀ ਪਰਣਾਲੀ ਦੀ ਮੁੜ ਬਹਾਲੀ ਦੇ ਰੂਪ ਵਿੱਚ ਹੋਇਆ। ਅਜਿਹੇ ਅਨੇਕਾਂ ਇਤਿਹਾਸਕ ਪ੍ਰਮਾਣ ਤੇ ਹਵਾਲੇ ਮਿਲਦੇ ਹਨ ਜੋ ਉੱਨੀਵੀਂ ਸਦੀ ਤਕ ਸਿੱਖ ਪੰਥ ਦੇ ਮੁੜ ਤੋਂ ਜਾਤ-ਪਾਤੀ ਪਰਬੰਧ ਦੀ ਮੁਕੰਮਲ ਜਕੜ ਵਿੱਚ ਆ ਜਾਣ ਦੀ ਪੁਸ਼ਟੀ ਕਰਦੇ ਹਨ। ਉੱਨੀਵੀਂ ਸਦੀ ਦੇ ਦੂਜੇ ਅੱਧ ਦੌਰਾਨ ਭਾਵੇਂ ਸਿੰਘ ਸਭਾ ਲਹਿਰ ਦੁਆਰਾ ਆਰੰਭੀਆਂ ਸੁਧਾਰਮੁਖੀ ਸਰਗਰਮੀਆਂ ਨੇ ਸਿੱਖ ਸਮਾਜ ਨੂੰ ਹਿੰਦੂਵਾਦੀ ਪਰਭਾਵਾਂ ਤੋਂ ਮੁਕਤ ਕਰਨ ਵਿੱਚ ਕੁਝ ਸ਼ਲਾਘਾਯੋਗ ਸਫਲਤਾਵਾਂ ਹਾਸਲ ਕੀਤੀਆਂ। ਪਰ ਜਾਤ-ਪਾਤ ਦਾ ਕੋਹੜ ਸਿੱਖ ਸਮਾਜ ਅੰਦਰ ਇਸ ਕਦਰ ਫੈਲ ਚੁੱਕਿਆ ਸੀ ਕਿ ਸਿੰਘ ਸਭਾ ਲਹਿਰ ਦੇ ਆਗੂਆਂ ਦੇ ਇਨਕਲਾਬੀ ਉਪਰਾਲਿਆਂ ਦੇ ਬਾਵਜੂਦ ਸਿੱਖ ਪੰਥ ਇਸ ਨਾਮੁਰਾਦ ਲਾਗ ਦੇ ਅਸਰਾਂ ਤੋਂ ਮੁਕਤ ਨਾ ਹੋ ਸਕਿਆ। ਫਿਰ ਵੀ ਸਿੰਘ ਸਭਾ ਲਹਿਰ ਦੁਆਰਾ ਸਿੱਖੀ ਦੇ ਮੂਲ ਸਿਧਾਂਤਾਂ ਤੇ ਮੌਲਿਕ ਪ੍ਰੰਪਰਾਵਾਂ ਦੀ ਮੁੜ ਸਥਾਪਤੀ ਲਈ ਵਿੱਢੀ ਵਿਚਾਰਧਾਰਕ ਮੁਹਿੰਮ ਦਾ ਏਨਾ ਕੁ ਅਸਰ ਜ਼ਰੂਰ ਹੋਇਆ ਕਿ ਪੰਥ ਦੇ ਰੋਸ਼ਨ ਖ਼ਿਆਲ ਹਿੱਸਿਆਂ ਅੰਦਰ ਜਾਤ-ਪਾਤ ਦੇ ਖ਼ਾਤਮੇ ਲਈ ਸੱਜਰਾ ਜੋਸ਼ ਅਤੇ ਉਤਸ਼ਾਹ ਪੈਦਾ ਹੋ ਗਿਆ ਅਤੇ ਉਨ੍ਹਾਂ ਸਿੱਖ ਸਮਾਜ ਨੂੰ ਇਸ ਹਿੰਦੂਵਾਦੀ ਲਾਹਨਤ ਤੋਂ ਸੁਰਖ਼ਰੂ ਕਰਨ ਲਈ ਤਿੱਖੀ ਵਿਚਾਰਧਾਰਕ ਮੁਹਿੰਮ ਵਿੱਢ ਦਿੱਤੀ। ਸਿੱਟੇ ਵਜੋਂ, ਸਿੱਖ ਪੰਥ ਅੰਦਰ ਜਾਤ-ਪਾਤ ਦੀ ਖੁੱਲ੍ਹੀ ਵਜ਼ਾਹਤ ਕਰਨ ਵਾਲੇ ਤੱਤ, ਖ਼ਾਸ ਕਰਕੇ ਸਿੱਖੀ ਅੰਦਰ ਬ੍ਰਾਹਮਣਵਾਦੀ ਖੋਟ ਰਲਾਉਣ ਦਾ ਮੁੱਖ ਵਾਹਕ ਬਣਿਆ ਹੋਇਆ ਮਹੰਤ-ਪੁਜਾਰੀ ਲਾਣਾ ਸਿੱਖੀ ਸੁਧਾਰ ਲਹਿਰ ਦੇ ਹਮਲੇ ਦੀ ਸਿੱਧੀ ਮਾਰ ਹੇਠ ਆ ਗਿਆ ਅਤੇ ਸਿੱਖ ਪੰਥ ਦੇ ਧਾਰਮਿਕ ਕੇਂਦਰਾਂ ਅਤੇ ਅਮਲਾਂ ਅੰਦਰ ਜਾਤ-ਪਾਤੀ ਭੇਦ-ਭਾਵ ਦਾ ਖੁੱਲ੍ਹਾ ਪ੍ਰਗਟਾਵਾ ਪਹਿਲਾਂ ਜਿੰਨਾ ਆਮ ਵਰਤਾਰਾ ਨਾ ਰਿਹਾ। ਪਰ ਜਿੱਥੋਂ ਤਕ ਆਮ ਸਮਾਜਿਕ ਜੀਵਨ ਦਾ ਸਬੰਧ ਹੈ, ਉੱਥੇ ਜਾਤ-ਪਾਤੀ ਭੇਦ-ਭਾਵ ਤੇ ਵੰਡ-ਵਖਰੇਵੇਂ ਜਿਉਂ ਦੀ ਤਿਉਂ ਬਰਕਰਾਰ ਰਹੇ। ਖ਼ਾਸ ਕਰਕੇ ਪੇਂਡੂ ਸਮਾਜ ਅੰਦਰ ਅਖੌਤੀ ਉਚ ਜਾਤੀ ਵਰਗਾਂ ਦੇ 'ਨੀਚ' ਅਤੇ ਅਛੂਤ ਸਮਝੇ ਜਾਂਦੇ ਵਰਗਾਂ ਪ੍ਰਤੀ ਜਾਤ-ਹੰਕਾਰੀ ਵਤੀਰੇ ਤੇ ਵਰਤਾਉ ਵਿੱਚ ਕੋਈ ਖ਼ਾਸ ਤਬਦੀਲੀ ਨਾ ਆਈ। ਸੱਚ ਇਹ ਸੀ ਕਿ ਸਿੱਖ ਪੰਥ ਅੰਦਰੋਂ ਬ੍ਰਾਹਮਣ ਵਰਗ ਜਿਸਮਾਨੀ ਰੂਪ ਵਿੱਚ ਭਲੇ ਹੀ ਅਲੋਪ ਹੋ ਚੁੱਕਾ ਸੀ ਪਰ ਸੋਚ ਦੀ ਪੱਧਰ 'ਤੇ ਉਹ ਸਿੱਖ ਸਮਾਜ ਅੰਦਰ ਜਿਉਂ ਦੀ ਤਿਉਂ ਹਾਜ਼ਰ-ਨਾਜ਼ਰ ਸੀ। ਰੋਜ਼-ਮਰ੍ਹਾ ਜ਼ਿੰਦਗੀ ਅੰਦਰ ਜਾਤ-ਪਾਤੀ ਭੇਦ-ਭਾਵ ਤੇ ਵਿਰੋਧ-ਵਖਰੇਵਿਆਂ ਪੱਖੋਂ ਹਿੰਦੂ ਅਤੇ ਸਿੱਖ ਸਮਾਜ ਵਿਚਕਾਰ ਕੋਈ ਬੁਨਿਆਦੀ ਅੰਤਰ ਨਹੀਂ ਸੀ ਰਿਹਾ। ਹਾਂ, ਗੁਰੂ ਸਾਹਿਬਾਨ ਦੀ ਇਨਕਲਾਬੀ ਵਿਚਾਰਧਾਰਾ ਦੀ ਪ੍ਰੇਰਨਾ ਤੇ ਪਰਭਾਵ ਹੇਠ ਸਿੱਖ ਲਹਿਰ ਦੁਆਰਾ ਆਪਣੇ ਆਰੰਭਕ ਦੌਰ ਅੰਦਰ ਨੇਪਰੇ ਚਾੜ੍ਹੇ ਇਨਕਲਾਬੀ ਕਾਰਜਾਂ ਦੀ ਬਦੌਲਤ ਸਿੱਖ ਸਮਾਜ ਅੰਦਰ ਜਾਤ-ਪਾਤੀ ਦਰਜਾਬੰਦੀ ਦੀ ਬੁਣ-ਬਣਤਰ ਅੰਦਰ ਜ਼ਰੂਰ ਵੱਡਾ ਬਦਲਾਉ ਆ ਗਿਆ ਸੀ। ਜਿੱਥੇ ਹਿੰਦੂ ਸਮਾਜ ਅੰਦਰ ਬ੍ਰਾਹਮਣ ਵਰਗ ਦਾ ਸਮਾਜੀ ਦਰਜਾ ਸਭ ਤੋਂ ਉੱਚਾ ਮੰਨਿਆ ਜਾਂਦਾ ਹੈ, ਉਥੇ ਸਿੱਖ ਸਮਾਜ ਅੰਦਰ ਧਾਰਮਿਕ ਤੇ ਸਮਾਜੀ ਖੇਤਰ ਵਿੱਚ ਬ੍ਰਾਹਮਣ ਵਰਗ ਦੀ ਸਰਵ-ਉੱਚਤਾ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਗਿਆ। ਪਰ ਸਮਾਂ ਪੈਣ ਨਾਲ ਜਿਉਂ ਹੀ ਸਿੱਖ ਸਮਾਜ ਮੁੜ ਤੋਂ ਜਾਤ-ਪਾਤੀ ਪਰਣਾਲੀ ਦੀ ਜਕੜ ਵਿੱਚ ਆ ਗਿਆ ਤਾਂ ਉਹ ਵਰਗ ਜਿਨ੍ਹਾਂ ਨੇ ਖ਼ਾਲਸਾ ਪੰਥ ਦੇ ਇਨਕਲਾਬੀ ਦੌਰ ਵਿੱਚ ਵੱਧ ਗਤੀਸ਼ੀਲ ਭੂਮਿਕਾ ਨਿਭਾਉਣ ਦਾ ਜਸ ਖੱਟਿਆ ਸੀ ਅਤੇ ਜਿਨ੍ਹਾਂ ਨੂੰ ਰਵਾਇਤੀ ਹਿੰਦੂ ਜਾਤ-ਪਾਤੀ ਦਰਜਾਬੰਦੀ ਅੰਦਰ ਬ੍ਰਾਹਮਣ ਵਰਗ ਨਾਲੋਂ ਇਕ ਜਾਂ ਦੋ ਦਰਜੇ ਨੀਵੇਂ ਸਮਝਿਆ ਜਾਂਦਾ

ਸੀ, ਉਹ ਸਿੱਖ ਸਮਾਜ ਅੰਦਰ ਉੱਚਾ ਸਮਾਜੀ ਦਰਜਾ ਗ੍ਰਹਿਣ ਕਰ ਗਏ। ਇਸ ਤਰ੍ਹਾਂ, ਪੇਂਡੂ ਸਿੱਖ ਸਮਾਜ ਅੰਦਰ ਜੱਟ ਵਰਗ ਨੇ ਅਤੇ ਸ਼ਹਿਰੀ ਸਿੱਖ ਸਮਾਜ ਅੰਦਰ ਖੱਤਰੀ-ਅਰੋੜਾ ਵਰਗ ਨੇ 'ਸਵਰਨ ਜਾਤੀਆਂ' ਵਾਲਾ ਸਮਾਜੀ ਰੁਤਬਾ ਹਾਸਲ ਕਰ ਲਿਆ ਜਦ ਕਿ ਜਾਤ-ਪਾਤ ਦੀ ਜਕੜ ਵਿੱਚ ਆਏ ਸਿੱਖ ਸਮਾਜ ਅੰਦਰ ਵੀ 'ਅਛੂਤ' ਕਹੇ ਜਾਂਦੇ ਵਰਗਾਂ ਦਾ ਪਹਿਲਾਂ ਵਾਲਾ ਦਰਜਾ ਹੀ ਬਰਕਰਾਰ ਰਿਹਾ। 'ਪਛੜੀਆਂ' ਸਮਝੀਆਂ ਜਾਣ ਵਾਲੀਆਂ ਹੋਰਨਾਂ ਜਾਤਾਂ ਦੇ ਸਮਾਜੀ ਦਰਜੇ ਅੰਦਰ ਕੋਈ ਵੱਡਾ ਬਦਲਾਉ ਨਹੀਂ ਆਇਆ। ਇਸ ਸਮਾਜੀ ਯਥਾਰਥ ਦੀ ਰਾਜਨੀਤਕ ਖੇਤਰ ਅੰਦਰ ਪਰਛਾਈਂ ਪੈਣੀ ਸੁਭਾਵਿਕ ਸੀ। ਖ਼ਾਸ ਕਰਕੇ ਪੇਂਡੂ ਖੇਤਰ ਅੰਦਰ ਇਹ ਗੱਲ ਵੱਧ ਰੜਕਵੇਂ ਰੂਪ ਵਿੱਚ ਸਾਹਮਣੇ ਆਈ।

ਪੰਜਾਬ ਦੀ ਪੇਂਡੂ ਜ਼ਿੰਦਗੀ ਦੀ ਸਮਾਜੀ-ਆਰਥਿਕ ਹਕੀਕਤ ਇਹ ਹੈ ਕਿ ਪੇਂਡੂ ਦਲਿਤ ਵਰਗ ਜ਼ਮੀਨ ਜਾਇਦਾਦ ਤੋਂ ਵਾਂਝਾ, ਸਮਾਜਿਕ ਤੌਰ 'ਤੇ ਸਭ ਤੋਂ ਵੱਧ ਲਤਾੜਿਆ ਹੋਇਆ, ਤਿੱਖੀ ਆਰਥਿਕ ਲੁੱਟ-ਖਸੁੱਟ ਅਤੇ ਚੁੱਭਵੇਂ ਸਮਾਜੀ ਜਬਰ ਤੇ ਦਾਬੇ ਦਾ ਸ਼ਿਕਾਰ ਹੈ। ਉਸਦੀ ਜ਼ਿੰਦਗੀ ਅੰਦਰ ਹਿੰਦੂ ਸਵਰਨ ਜਾਤੀਆਂ ਦਾ ਬਹੁਤਾ ਸਿੱਧਾ ਦਖ਼ਲ ਨਹੀਂ। ਖੇਤੀ ਅੰਦਰ ਕਿਰਤ ਮਜ਼ਦੂਰੀ ਕਰਦਿਆਂ ਅਤੇ ਪਿੰਡ ਅੰਦਰ ਆਮ ਜੀਵਨ ਬਸਰ ਕਰਦਿਆਂ ਉਸਦਾ ਜ਼ਿਆਦਾ ਕਰਕੇ ਸਿੱਧੇ ਮੱਥੇ ਜੱਟ ਵਰਗ ਨਾਲ ਹੀ ਵਾਹ ਪੈਂਦਾ ਹੈ। ਇਸ ਤਰ੍ਹਾਂ ਆਰਥਿਕ ਲੁੱਟ-ਖਸੁੱਟ ਅਤੇ ਸਮਾਜਿਕ ਜਬਰ, ਦੋਨੋਂ ਹੀ ਪੱਖਾਂ ਤੋਂ ਉਸਦਾ ਫ਼ੌਰੀ ਵਿਰੋਧ ਜੱਟ ਕਿਸਾਨ ਨਾਲ ਹੀ ਹੈ। ਇਸ ਵਿੱਚ ਸਿੱਧੇ ਰੂਪ 'ਚ ਹਿੰਦੂ ਸਵਰਨ ਜਾਤੀਆਂ ਕਿਤੇ ਨਹੀਂ ਆਉਂਦੀਆਂ (ਸਿਵਾਏ ਪੇਂਡੂ ਹੱਟਬਾਣੀਏ ਦੇ, ਜੋ ਦਲਿਤ ਵਰਗ ਦੀਆਂ ਆਰਥਿਕ ਮਜਬੂਰੀਆਂ ਦਾ ਫ਼ਾਇਦਾ ਉਠਾ ਕੇ ਸੂਦਖ਼ੋਰੀ ਆਦਿ ਦੇ ਜ਼ਰੀਏ ਉਸਦੀ ਆਰਥਿਕ ਲੁੱਟ-ਖਸੁੱਟ ਵਿੱਚ ਭਾਈਵਾਲ ਬਣਦਾ ਹੈ)। ਸੋ ਇਹ ਸਮਾਜੀ-ਆਰਥਿਕ ਫ਼ੈਕਟਰ ਪੇਂਡੂ ਦਲਿਤ ਵਰਗ ਨੂੰ ਰਾਜਸੀ ਤੌਰ 'ਤੇ ਅਕਾਲੀ ਦਲ, ਜਿਸ ਨੂੰ ਕਿ ਪੇਂਡੂ ਖੇਤਰ ਅੰਦਰ ਜੱਟ ਕਿਸਾਨਾਂ ਦੀ ਰਾਜਸੀ ਜਮਾਤ ਦੇ ਰੂਪ ਵਿੱਚ ਹੀ ਪਛਾਣਿਆ ਜਾਂਦਾ ਹੈ, ਦੇ ਵਿਰੋਧ ਵੱਲ ਧਕਦੇ ਹਨ। ਦੂਜੇ ਪਾਸੇ, ਸਮੁੱਚੇ ਭਾਰਤ ਦੇ ਦਲਿਤ ਵਰਗ ਵਾਂਗ ਪੰਜਾਬ ਦਾ ਦਲਿਤ ਭਾਈਚਾਰਾ ਵੀ ਕਾਂਗਰਸ ਪਾਰਟੀ ਨੂੰ ਆਪਣੀ ਹਿਤੈਸ਼ੀ ਧਿਰ ਦੇ ਰੂਪ ਵਿੱਚ ਦੇਖਦਾ ਹੈ। ਉਸਦੀ ਇਹ ਧਾਰਨਾ ਕਈ ਪੱਖਾਂ ਦੇ ਰਲਵੇਂ ਪਰਭਾਵ ਦਾ ਨਤੀਜਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਮੋਹਨ ਦਾਸ ਕਰਮ ਚੰਦ ਗਾਂਧੀ ਨੇ ਅਜੋਕੇ ਇਤਿਹਾਸ ਅੰਦਰ ਛੂਤ-ਛਾਤ ਵਿਰੁੱਧ ਤਿੱਖੀ ਲੜਾਈ ਵਿੱਢਣ ਅਤੇ ਭਾਰਤ ਅੰਦਰ ਯੁਗਾਂ-ਯੁਗਾਂਤਰਾਂ ਤੋਂ ਮਨੁੱਖੀ ਹੱਕਾਂ ਤੋਂ ਵਿਰਵੇ ਕੀਤੇ ਹੋਏ ਕਰਮਾਂ ਮਾਰੇ ਕਰੋੜਾਂ ਲੋਕ-ਜਨਾਂ ਨੂੰ ਭਾਰਤੀ ਸਮਾਜ ਅਤੇ ਰਾਜ ਅੰਦਰ ਬਰਾਬਰ ਦੇ ਮਨੁੱਖੀ ਅਧਿਕਾਰ ਮੁਹੱਈਆ ਕਰਵਾਉਣ ਦਾ 'ਪੁੰਨ' ਖੱਟ ਕੇ ਦਲਿਤ ਵਰਗਾਂ ਦੇ ਸਿਰਾਂ ਉੱਤੇ ਅਹਿਸਾਨਾਂ ਦਾ ਅਜਿਹਾ ਕਰਜ਼ਾ ਚਾੜ੍ਹ ਦਿੱਤਾ ਕਿ ਕਾਂਗਰਸੀ ਆਗੂ ਪੰਜਾਹ ਸਾਲਾਂ ਤੋਂ ਨਿਰੰਤਰ ਇਸ ਕਰਜ਼ੇ ਦਾ ਸੂਦ ਵਸੂਲਦੇ ਆ ਰਹੇ ਹਨ। ਕਾਂਗਰਸ ਪਾਰਟੀ ਵੱਲੋਂ ਦਲਿਤ ਵਰਗ ਨੂੰ ਸਰਕਾਰੀ ਨੌਕਰੀਆਂ ਤੋਂ ਲੈ ਕੇ ਚੁਣੇ ਹੋਏ ਅਦਾਰਿਆਂ ਤਕ ਰਾਖਵੇਂਕਰਨ ਦੀ ਸਹੂਲਤ ਅਤੇ ਅਜਿਹੀਆਂ ਹੋਰ ਰਿਆਇਤਾਂ ਦੇਣ ਨਾਲ ਇਸ ਵਰਗ ਦੀਆਂ ਕਾਂਗਰਸ ਪਾਰਟੀ ਨਾਲ ਸਾਂਝਾਂ ਹੋਰ ਪੱਕੀਆਂ ਹੋ ਗਈਆਂ। ਇਸ ਦੇ ਉਲਟ, ਸਿੰਘ ਸਭਾ ਲਹਿਰ ਦੁਆਰਾ ਆਰੰਭੀ ਸਿੱਖੀ ਸੁਧਾਰ ਦੀ ਲਹਿਰ ਦਾ ਪਰਤਾਪ ਘੱਟ ਜਾਣ ਤੋਂ ਬਾਅਦ ਸਿੱਖ ਆਗੂਆਂ ਨੇ ਜਾਤ-ਪਾਤ ਦੇ ਖ਼ਾਤਮੇ ਦੇ ਕਾਰਜ ਨੂੰ ਲਗਭਗ ਵਿਸਾਰ ਹੀ ਦਿੱਤਾ। ਭਾਰਤ ਦੀ ਆਜ਼ਾਦੀ ਦੇ ਸੰਗਰਾਮ ਦੌਰਾਨ ਸਿੱਖ ਆਗੂਆਂ ਵੱਲੋਂ ਦਲਿਤ ਵਰਗ ਦੇ ਹਿਤਾਂ ਦੀ ਪੈਰਵਾਈ ਦੀ ਸ਼ਾਇਦ ਹੀ ਕੋਈ ਉਤਸ਼ਾਹੀ ਉਦਾਹਰਣ ਮਿਲਦੀ ਹੋਵੇ! ਆਜ਼ਾਦੀ ਤੋਂ ਬਾਅਦ ਭਾਵੇਂ ਅਕਾਲੀ ਆਗੂਆਂ ਨੇ ਕਾਂਗਰਸ ਪਾਰਟੀ

ਦੀਆਂ ਦਲਿਤ ਵਰਗ ਨੂੰ ਰਿਜ਼ਰਵੇਸ਼ਨ ਦੇਣ ਵਰਗੀਆਂ ਨੀਤੀਆਂ ਦਾ ਖੁੱਲ੍ਹਮ-ਖੁੱਲ੍ਹਾ ਵਿਰੋਧ ਤਾਂ ਨਹੀਂ ਕੀਤਾ ਪਰ ਸਿੱਖ ਸਮਾਜ ਅੰਦਰਲੀਆਂ ਅਖੌਤੀ ਉੱਚ ਜਾਤਾਂ ਦੀਆਂ ਇਸ ਮਸਲੇ ਬਾਰੇ ਹਕੀਕੀ ਭਾਵਨਾਵਾਂ ਕਦੇ ਵੀ ਗੁੱਝੀਆਂ ਨਹੀਂ ਰਹੀਆਂ। ਉਨ੍ਹਾਂ ਦੀ ਜਾਤ-ਪਾਤੀ ਭੜਾਸ ਅਕਸਰ ਤਹਿਜ਼ੀਬ ਦੀਆਂ ਹੱਦਾਂ ਉਲੰਘਦੀ ਅਤੇ ਦਲਿਤ ਸੰਵੇਦਨਾ ਨੂੰ ਰਹਿ ਰਹਿ ਕੇ ਘਾਇਲ ਕਰਦੀ ਰਹੀ। ਇਸ ਨਾਲ ਦਲਿਤ ਵਰਗ, ਡਰ ਅਤੇ ਅਸੁਰੱਖਿਆ ਦੀ ਭਾਵਨਾ 'ਚੋਂ, ਕਾਂਗਰਸ ਪਾਰਟੀ ਦੀ ਹੋਰ ਵੱਧ ਓਟ ਕਬੂਲ ਕਰਨ ਵੱਲ ਧੱਕਿਆ ਜਾਂਦਾ ਰਿਹਾ। 1966 ਵਿੱਚ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਅਕਾਲੀ ਦਲ ਨੂੰ ਰਾਜਸੀ ਸੱਤਾ ਵੱਲ ਵਧਦਿਆਂ ਦੇਖ ਕੇ ਪੰਜਾਬ ਦਾ ਦਲਿਤ ਵਰਗ, ਖ਼ਾਸ ਕਰਕੇ ਇਸ ਅੰਦਰਲੇ ਗ਼ੈਰ-ਸਿੱਖ ਹਿੱਸੇ ਆਪਣੇ ਆਪ ਨੂੰ ਖ਼ਤਰੇ ਮੂੰਹ ਆਇਆ ਮਹਿਸੂਸ ਕਰਨ ਲੱਗੇ। ਇਸੇ ਦੌਰਾਨ ਆਰਥਿਕ ਤੌਰ 'ਤੇ ਵੱਧ ਮਾਲਾਮਾਲ ਅਤੇ ਰਾਜਸੀ ਤੌਰ 'ਤੇ ਵੱਧ ਬਲਸ਼ਾਲੀ ਹੋਏ ਧਨਾਢ ਕਿਸਾਨ ਵਰਗ ਅੰਦਰ ਜਾਤ ਹੰਕਾਰ ਦਾ ਪਾਰਾ ਹੋਰ ਉਤਾਂਹ ਨੂੰ ਚੜ੍ਹ ਤੁਰਿਆ ਅਤੇ 'ਹਰੇ ਇਨਕਲਾਬ' ਦੇ ਆਰੰਭਕ ਵਰ੍ਹਿਆਂ ਦੌਰਾਨ ਪਿੰਡਾਂ ਅੰਦਰ ਜੱਟਾਂ ਦੁਆਰਾ ਦਲਿਤਾਂ ਦੀ ਨਾਕਾਬੰਦੀ ਦੀਆਂ ਘਟਨਾਵਾਂ ਆਮ ਹੋ ਗਈਆਂ।[1] ਇਸ ਤਰ੍ਹਾਂ ਪੰਜਾਬ ਦੇ ਪੇਂਡੂ ਖੇਤਰ ਅੰਦਰ ਜਾਤ-ਪਾਤੀ ਲੀਹਾਂ ਉੱਤੇ ਰਾਜਸੀ ਪਾਲਾਬੰਦੀ ਦਾ ਰੁਝਾਨ ਹੋਰ ਬਲ ਫੜ ਗਿਆ ਜੋ ਅਕਾਲੀ ਦਲ ਲਈ ਬੇਹੱਦ ਘਾਟੇ ਵਾਲੀ ਅਤੇ ਕਾਂਗਰਸ ਪਾਰਟੀ ਲਈ ਵੱਡੇ ਰਾਜਸੀ ਫ਼ਾਇਦੇ ਵਾਲੀ ਗੱਲ ਸੀ।

ਸੋ ਪੰਜਾਬ ਅੰਦਰ ਰਾਜਸੀ ਸੱਤਾ ਉੱਤੇ ਕਾਬਜ਼ ਹੋਣ ਲਈ ਆਪਣੇ ਸਮਾਜੀ ਆਧਾਰ ਨੂੰ ਵਧੇਰੇ ਮੋਕਲਾ ਬਣਾਉਣਾ ਅਤੇ ਆਪਣੀ ਰਾਜਸੀ ਹਮਾਇਤ ਦੇ ਘੇਰੇ ਨੂੰ ਹੋਰ ਵੱਧ ਵਰਗਾਂ ਤਕ ਫੈਲਾਉਣਾ ਅਕਾਲੀ ਦਲ ਦੀ ਤੁਰਤਪੈਰੀ ਰਾਜਸੀ ਲੋੜ ਸੀ। ਇਸ ਦੇ ਵਾਸਤੇ ਸੁਚੇਤ ਪੱਧਰ 'ਤੇ ਸੁਘੜ ਰਣਨੀਤੀ ਘੜਨ ਅਤੇ ਫਿਰ ਉਸਦੀ ਦ੍ਰਿੜਤਾ ਨਾਲ ਪਾਲਣਾ ਤੇ ਪੈਰਵਾਈ ਕਰਨ ਦਾ ਕਾਰਜ ਅਕਾਲੀ ਲੀਡਰਸ਼ਿਪ ਦਾ ਸਭ ਤੋਂ ਅਹਿਮ ਤੇ ਫ਼ੌਰੀ ਸਰੋਕਾਰ ਬਣਨਾ ਚਾਹੀਦਾ ਸੀ। ਸੁਚੇਤ ਪੱਧਰ 'ਤੇ ਰਣਨੀਤੀ ਘੜਨ ਦਾ ਮਤਲਬ ਸੀ ਕਿ ਸਿੱਖ ਧਰਮ ਦੇ ਬੁਨਿਆਦੀ ਸਿਧਾਂਤਾਂ ਨੂੰ ਮੱਦੇਨਜ਼ਰ ਰਖਦਿਆਂ ਹੋਇਆਂ ਅਕਾਲੀ ਦਲ ਦੇ ਦੂਰ-ਰਸ ਮਨੋਰਥਾਂ ਤੇ ਫ਼ੌਰੀ ਕਾਰਜਾਂ ਵਿਚਕਾਰ ਫਬਵਾਂ ਤਾਲਮੇਲ ਬਿਠਾਇਆ ਜਾਂਦਾ ਅਤੇ ਸਿਧਾਂਤਾਂ ਉੱਤੇ ਅਡਿੱਗ ਰਹਿੰਦਿਆਂ ਹੋਇਆਂ ਰਾਜਸੀ ਦਾਅ ਪੇਚਾਂ ਦੇ ਮਾਮਲੇ 'ਚ ਲੁੜੀਂਦੀ ਲਚਕ ਲਿਆ ਕੇ ਰਾਜਨੀਤਕ ਪੈਂਤੜੇਬਾਜ਼ੀ ਦਾ ਆਦਰਸ਼ਕ ਮਾਡਲ ਮੁਹੱਈਆ ਕੀਤਾ ਜਾਂਦਾ। ਅਜਿਹਾ ਕਰਨ ਲਈ ਕੁੱਲ ਤੋਂ ਪਹਿਲੀ ਲੋੜ (ਅਤੇ ਸ਼ਰਤ) ਇਹ ਸੀ ਕਿ ਸਿੱਖ ਰਾਜਨੀਤੀ ਨੂੰ ਦਰਪੇਸ਼ ਇਸ ਗੰਭੀਰ ਚੁਣੌਤੀ ਨੂੰ ਚੇਤੰਨ ਪੱਧਰ 'ਤੇ ਕਬੂਲ ਕੀਤਾ ਜਾਂਦਾ ਅਤੇ ਪੈਦਾ ਹੋਈਆਂ ਨਵੀਆਂ ਹਾਲਤਾਂ ਤੇ ਸਮੱਸਿਆਵਾਂ ਦੇ ਸਨਮੁੱਖ ਅਕਾਲੀ ਰਾਜਨੀਤੀ ਦੀ ਦਰੁਸਤ ਮਾਰਗ-ਦਿਸ਼ਾ ਤੈਅ ਕਰਨ ਲਈ ਬੌਧਿਕ ਪੱਧਰ 'ਤੇ ਗਹਿਰ ਗੰਭੀਰ ਉਪਰਾਲੇ ਕੀਤੇ ਜਾਂਦੇ।

ਲੇਕਿਨ ਅਕਾਲੀ ਲੀਡਰਸ਼ਿਪ ਜਾਂ ਸਿੱਖ ਬੁੱਧੀਜੀਵੀਆਂ ਦੀ ਪੱਧਰ 'ਤੇ ਅਜਿਹਾ ਕੋਈ ਚੇਤੰਨ ਉਪਰਾਲਾ ਕੀਤਾ ਨਜ਼ਰ ਨਹੀਂ ਆਉਂਦਾ। ਇਸ ਮਹੱਤਵਪੂਰਨ ਮਸਲੇ ਬਾਰੇ ਅਕਾਲੀ ਦਲ ਜਾਂ ਸਿੱਖ ਪੰਥ ਦੇ ਅੰਦਰ ਗੰਭੀਰ ਵਿਚਾਰ-ਚਰਚਾ ਛੇੜਨ ਅਤੇ ਵਿਚਾਰ ਮੰਥਨ ਦੇ ਜ਼ਰੀਏ ਸਹੀ ਨਿਰਣੇ ਉੱਤੇ ਅੱਪੜਨ ਦਾ, ਕਿਸੇ ਵੀ ਪਾਸਿਓਂ, ਕੋਈ ਸੰਜੀਦਾ ਯਤਨ ਨਹੀਂ ਹੋਇਆ। ਪਰ ਸਮੱਸਿਆ ਕਿਉਂਕਿ ਖ਼ਿਆਲੀ ਨਹੀਂ ਸਗੋਂ ਹਕੀਕੀ ਸੀ ਅਤੇ ਰਾਜਨੀਤੀ ਦੀਆਂ ਲੋੜਾਂ ਇਸ ਦੇ ਫ਼ੌਰੀ ਹੱਲ ਦੀ ਮੰਗ ਕਰਦੀਆਂ ਸਨ, ਇਸ ਕਰਕੇ ਇਸ ਨੂੰ ਬਿਨਾਂ ਡੂੰਘੀ ਸੋਚ ਵਿਚਾਰ ਦੇ, ਮੌਕੇ 'ਤੇ ਜਿਵੇਂ ਅਤੇ ਜੋ ਠੀਕ ਲੱਗਾ ਉਵੇਂ ਹੱਲ ਕਰ

ਲੈਣ ਦੀ ਅਟਕਲਪੱਚੂ ਪਹੁੰਚ ਅਪਨਾ ਲਈ ਗਈ। ਗਹਿਰ ਗੰਭੀਰ ਮਸਲਿਆਂ ਪ੍ਰਤੀ ਅਪਣਾਈ ਅਜਿਹੀ ਬੇਕਾਇਦਾ ਪਹੁੰਚ ਉੱਤੇ ਵਿਵੇਕ ਨਾਲੋਂ ਅੰਤਰ-ਪ੍ਰੇਰਨਾ (instinct and/or intution) ਦਾ ਤੱਤ ਵੱਧ ਹਾਵੀ ਹੋ ਨਿਬੜਦਾ ਹੈ ਅਤੇ ਫ਼ੈਸਲੇ ਲੈਣ ਵੇਲੇ ਅਕਸਰ ਦੂਰ-ਰਸ ਉਦੇਸ਼ਾਂ ਤੇ ਨਿਸ਼ਾਨਿਆਂ ਨਾਲੋਂ ਫ਼ੌਰੀ ਗ਼ਰਜ਼ਾਂ ਵੱਧ ਭਾਰੂ ਹੋ ਜਾਂਦੀਆਂ ਹਨ। ਅਕਾਲੀ ਦਲ ਦੇ ਮਾਮਲੇ 'ਚ ਠੀਕ ਇਹੋ ਗੱਲ ਵਾਪਰੀ।

ਪੰਜਾਬ ਅੰਦਰ ਕਾਂਗਰਸ ਪਾਰਟੀ ਸਿੱਖ ਪੰਥ ਦੀ ਅੱਵਲ ਦੁਸ਼ਮਣ ਅਤੇ ਅਕਾਲੀ ਦਲ ਦੀ ਮੁੱਖ ਸ਼ਰੀਕ ਧਿਰ ਸੀ। ਸਹੀ ਅਰਥਾਂ 'ਚ ਗੱਲ ਕਰਨੀ ਹੋਵੇ ਤਾਂ ਪੰਜਾਬ ਅੰਦਰ ਸਿੱਖ ਪੰਥ ਦੀ ਅਸਲੀ ਦੁਸ਼ਮਣ ਤਾਕਤ ਆਰੀਆ ਸਮਾਜੀ ਵਰਗ ਸੀ ਜੋ ਪੰਜਾਬ ਦੇ ਲਗਭਗ ਸਮੁੱਚੇ ਹਿੰਦੂ ਭਾਈਚਾਰੇ ਨੂੰ ਆਪਣੀ ਫ਼ਿਰਕੂ ਵਿਚਾਰਧਾਰਾ ਦੀ ਪਾਣ ਚਾੜ੍ਹਨ ਅਤੇ ਆਪਣੇ ਫ਼ਿਰਕੂ ਪੈਂਤੜੇ ਦੁਆਲੇ ਲਾਮਬੰਦ ਕਰਨ 'ਚ ਲੋਹੜੇ ਦੀ ਹੱਦ ਤਕ ਸਫਲ ਹੋ ਗਿਆ ਸੀ। ਹਕੀਕਤ ਵਿੱਚ ਪੰਜਾਬ ਅੰਦਰ ਕਾਂਗਰਸ ਪਾਰਟੀ ਆਰੀਆ ਸਮਾਜ ਦੇ ਇਕ ਰਾਜਸੀ ਵਿੰਗ ਦੇ ਰੂਪ ਵਿੱਚ ਹੀ ਵਿਚਰ ਰਹੀ ਹੈ। ਪੰਜਾਬੀ ਹਿੰਦੂ ਵਰਗ ਦੀ ਅਸਲੀ ਵਚਨਬੱਧਤਾ ਆਰੀਆ ਸਮਾਜੀ ਵਿਚਾਰਧਾਰਾ ਨਾਲ ਹੈ ਅਤੇ ਕਾਂਗਰਸ ਪਾਰਟੀ ਉਸ ਲਈ ਇਕ 'ਫ਼ਰੰਟ ਜਥੇਬੰਦੀ' ਤੋਂ ਵੱਧ ਹੋਰ ਕੋਈ ਅਹਿਮੀਅਤ ਨਹੀਂ ਰਖਦੀ। ਪੰਜਾਬ ਦੇ ਹਿੰਦੂ ਵਰਗ ਤੇ ਕਾਂਗਰਸ ਪਾਰਟੀ ਦੇ ਅੰਤਰ-ਸਬੰਧਾਂ ਨੂੰ ਸਮਝਣ ਲਈ ਇਹ ਤੱਥ ਬਹੁਤ ਹੀ ਮਹੱਤਵਪੂਰਨ ਹੈ। ਇਹ ਕਹਿਣਾ ਕਿ ਕਾਂਗਰਸ ਪਾਰਟੀ ਪੰਜਾਬ ਦੇ ਹਿੰਦੂ ਵਰਗ ਨੂੰ ਵਰਗਲਾਅ ਰਹੀ ਜਾਂ ਆਪਣੇ ਸੌੜੇ ਰਾਜਸੀ ਮਨੋਰਥਾਂ ਲਈ ਵਰਤ ਰਹੀ ਸੀ ਜਾਂ ਹੈ, ਸਚਾਈ ਨੂੰ ਵਿਗੜੇ ਰੂਪ 'ਚ ਦੇਖਣਾ ਹੈ। ਸਿੱਖ ਪੰਥ ਦੇ ਸਬੰਧ ਵਿੱਚ ਪੰਜਾਬੀ ਹਿੰਦੂ ਤਬਕੇ ਤੇ ਕਾਂਗਰਸੀ ਲੀਡਰਸ਼ਿਪ ਦੀ ਬੁਨਿਆਦੀ ਪਹੁੰਚ ਵਿੱਚ ਕੋਈ ਟਕਰਾਅ ਨਹੀਂ। ਦੋਨੋਂ ਹੀ ਸਿੱਖ ਧਰਮ ਨੂੰ ਹਿੰਦੂ ਮੱਤ ਦੀ ਇਕ ਵੰਨਗੀ ਮੰਨ ਕੇ ਚੱਲਦੇ ਹਨ। ਦੋਨੋਂ ਹੀ ਸਿੱਖ ਪੰਥ ਨੂੰ ਹਿੰਦੂ ਸਮਾਜ ਅੰਦਰ ਜਜ਼ਬ ਕਰ ਲੈਣ ਦੇ ਸਾਂਝੇ ਉਦੇਸ਼ ਨੂੰ ਪਰਨਾਏ ਹੋਏ ਹਨ। ਸੋ ਇਸ ਦ੍ਰਿਸ਼ਟੀ ਤੋਂ ਦੋਨੋਂ ਹੀ ਸਿੱਖ ਕੌਮ ਪ੍ਰਤੀ ਬਰਾਬਰ ਦੀ ਮੰਦਭਾਵਨਾ ਰਖਦੇ ਹਨ। ਭਾਰਤ ਦੀ ਆਜ਼ਾਦੀ ਦੀ ਲੜਾਈ ਦੇ ਦੌਰਾਨ ਪੰਜਾਬੀ ਹਿੰਦੂ ਵਰਗ ਦੇ ਵੱਡੇ ਹਿੱਸੇ ਰਾਜਸੀ ਤੌਰ 'ਤੇ ਕਾਂਗਰਸ ਪਾਰਟੀ ਨਾਲ ਜੁੜੇ ਹੋਣ ਦੇ ਬਾਵਜੂਦ ਗਾਂਧੀ ਦੀ ਵਿਚਾਰਧਾਰਾ ਨਾਲੋਂ ਆਰੀਆ ਸਮਾਜੀ ਵਿਚਾਰਧਾਰਾ ਦੇ ਵੱਧ ਪਰਭਾਵ ਹੇਠ ਸਨ। ਲਾਲਾ ਲਾਜਪਤ ਰਾਇ ਤੋਂ ਲੈ ਕੇ ਲਾਲਾ ਜਗਤ ਨਰਾਇਣ ਤਕ, ਸਾਰੇ ਆਰੀਆ ਸਮਾਜੀ ਲਾਣੇ ਦੀ ਸੋਚ ਉੱਤੇ ਫ਼ਿਰਕਾਪ੍ਰਸਤੀ ਦਾ ਇਕਸਾਰ ਗੂੜ੍ਹਾ ਰੰਗ ਚੜ੍ਹਿਆ ਹੋਇਆ ਸੀ। ਭਾਰਤ ਦੇ ਬਟਵਾਰੇ ਤੋਂ ਪਹਿਲਾਂ ਫ਼ਿਰਕਾਪ੍ਰਸਤੀ ਦੀ ਇਹ ਧਾਰਾ ਮੁੱਖ ਰੂਪ ਵਿੱਚ ਮੁਸਲਿਮ ਭਾਈਚਾਰੇ ਖ਼ਿਲਾਫ਼ ਸੇਧਤ ਰਹੀ। ਉਂਜ ਵਿੱਚ-ਵਿਚਾਲੇ ਜਦ ਵੀ ਸਿੱਖ ਪੰਥ ਨੇ ਹਿੰਦੂ ਵਰਗ ਨਾਲੋਂ ਆਪਣੀ ਵੱਖਰੀ ਪਛਾਣ ਜਤਲਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਤਾਂ ਉਸ ਨੂੰ ਤੁਰੰਤ ਆਰੀਆ ਸਮਾਜੀ ਵਰਗ ਦੇ ਕਰੋਧ ਦਾ ਸਾਹਮਣਾ ਕਰਨਾ ਪਿਆ। ਭਾਰਤ ਦੀ ਆਜ਼ਾਦੀ ਤੋਂ ਬਾਅਦ ਪੰਜਾਬ ਅੰਦਰ ਮੁਸਲਿਮ ਫ਼ੈਕਟਰ ਦੇ ਮਨਫ਼ੀ ਹੋ ਜਾਣ ਨਾਲ ਇਸ ਫ਼ਿਰਕੂ ਧਾਰਾ ਦਾ ਸਾਰਾ ਕਹਿਰ ਸਿੱਖ ਕੌਮ ਉੱਤੇ ਨਾਜ਼ਲ ਹੋ ਉੱਠਿਆ। ਭਾਰਤੀ ਹਕੂਮਤ ਦੀ ਵਾਗਡੋਰ ਕਾਂਗਰਸ ਪਾਰਟੀ ਦੇ ਹੱਥਾਂ ਵਿੱਚ ਆ ਜਾਣ ਨਾਲ ਪੰਜਾਬੀ ਹਿੰਦੂ ਵਰਗ, ਆਪਣੇ ਫ਼ਿਰਕੂ ਉਦੇਸ਼ਾਂ ਤੇ ਹਿਤਾਂ ਦੀ ਪੂਰਤੀ ਲਈ, ਕਾਂਗਰਸ ਪਾਰਟੀ ਦਾ ਹੋਰ ਵੀ ਵੱਧ ਜੋਸ਼ੀਲਾ ਹਮਾਇਤੀ ਬਣ ਗਿਆ। ਉੱਧਰ ਕਾਂਗਰਸੀ ਹਾਕਮਾਂ ਨੂੰ ਵੀ ਪੰਜਾਬ ਅੰਦਰ ਸਿੱਖ ਕੌਮ ਦੇ ਸਬੰਧ ਵਿੱਚ ਆਪਣੇ ਫ਼ਿਰਕੂ ਮਨਸੂਬਿਆਂ ਨੂੰ ਨੇਪਰੇ ਚਾੜ੍ਹਨ ਲਈ ਪੰਜਾਬ ਦੇ ਹਿੰਦੂ ਵਰਗ ਦੇ ਸਹਿਯੋਗ ਅਤੇ ਹਮਾਇਤ ਦੀ ਭਾਰੀ ਲੋੜ ਸੀ। ਵਿਚਾਰਧਾਰਕ ਇਕਸੁਰਤਾ ਦੇ ਨਾਲ ਹੀ ਇਹ ਦੁਵੱਲੀ

ਗ਼ਰਜ਼ ਸੀ ਜੋ ਪੰਜਾਬੀ ਹਿੰਦੂ ਵਰਗ ਤੇ ਕਾਂਗਰਸ ਪਾਰਟੀ ਵਿਚਕਾਰ ਮਜ਼ਬੂਤ ਸੰਜੋਗ-ਕੜੀ ਬਣੀ ਹੋਈ ਸੀ। ਪੰਜਾਬੀ ਹਿੰਦੂ ਵਰਗ ਕਾਂਗਰਸ ਪਾਰਟੀ ਨਾਲੋਂ ਇਕ ਪੱਖੋਂ ਥੋੜੀ ਲਾਹੇਵੰਦੀ ਪੋਜ਼ੀਸ਼ਨ ਵਿੱਚ ਸੀ। ਉਸ ਦੀ ਸਾਰੀ ਜਾਨ ਕਾਂਗਰਸ ਪਾਰਟੀ ਦੀ ਮੁੱਠੀ ਵਿੱਚ ਹੀ ਨਹੀਂ ਸੀ। ਕਾਂਗਰਸ ਪਾਰਟੀ ਦੇ ਪੰਜਾਬੀ ਹਿੰਦੂ ਵਰਗ ਦੀਆਂ ਉਮੀਦਾਂ ਤੇ ਮੰਗਾਂ ਉੱਤੇ ਪੂਰਾ ਨਾ ਉਤਰ ਸਕਣ ਦੀ ਸੂਰਤ ਵਿੱਚ, ਉਸ ਲਈ ਕਾਂਗਰਸ ਦਾ ਪੱਲਾ ਛੱਡ ਕੇ ਕਿਸੇ ਬਦਲਵੀਂ ਰਾਜਸੀ ਧਿਰ ਦੇ ਲੜ ਜਾ ਲੱਗਣ ਦਾ ਰਾਹ ਖੁੱਲ੍ਹਾ ਸੀ। ਇਸ ਦੇ ਉਲਟ ਪੰਜਾਬ ਅੰਦਰ ਕਾਂਗਰਸ ਪਾਰਟੀ ਲਈ ਹਿੰਦੂ ਵਰਗ ਦੀ ਬਾਂਹ ਛੱਡ ਕੇ ਜਿਉਂਦਿਆਂ ਰਹਿ ਸਕਣਾ ਮੁਮਕਿਨ ਨਹੀਂ (ਸੀ)। ਸਿੱਖ ਕੌਮ ਨੂੰ ਦੁਬੇਲ ਬਣਾ ਕੇ ਰੱਖਣ ਅਤੇ ਅਕਾਲੀ ਦਲ ਨੂੰ ਰਾਜਸੱਤਾ ਤੋਂ ਲਾਂਭੇ ਰੱਖਣ ਵਾਸਤੇ ਕਾਂਗਰਸੀ ਹਾਕਮਾਂ ਲਈ ਪੰਜਾਬੀ ਹਿੰਦੂ ਵਰਗ ਦਾ ਸਹਿਯੋਗ ਹਾਸਲ ਕਰਨਾ ਨਿਹਾਇਤ ਜ਼ਰੂਰੀ ਸੀ। ਹਿੰਦੂ ਵਰਗ ਤੋਂ ਇਲਾਵਾ ਕਾਂਗਰਸ ਪਾਰਟੀ ਦਾ ਪੰਜਾਬ ਅੰਦਰ ਸਮਾਜੀ ਤੌਰ 'ਤੇ ਪੱਛੜੇ ਵਰਗਾਂ ਅੰਦਰ ਵੀ ਮਜ਼ਬੂਤ ਆਧਾਰ ਸੀ। ਇਸ ਤਰ੍ਹਾਂ ਇਨ੍ਹਾਂ ਵਰਗਾਂ ਦੀ ਰਲਵੀਂ ਹਮਾਇਤ ਨਾਲ ਹੀ ਕਾਂਗਰਸ ਪਾਰਟੀ ਅਕਾਲੀ ਦਲ ਨੂੰ ਰਾਜ ਸੱਤਾ ਤੋਂ ਲਾਂਭੇ ਰੱਖਣ ਦੇ ਉਦੇਸ਼ ਵਿੱਚ ਸਫਲ ਹੋ ਰਹੀ ਸੀ। ਸੋ ਅਕਾਲੀ ਦਲ ਸਾਹਮਣੇ ਕਾਂਗਰਸ ਪਾਰਟੀ ਦੀ ਇਸ ਰਾਜਸੀ ਕਿਲ੍ਹੇਬੰਦੀ ਅੰਦਰ ਪਾੜ ਲਾਉਣ ਦੀ ਰਾਜਨੀਤਕ ਚੁਣੌਤੀ ਦਰਪੇਸ਼ ਸੀ। ਸਿਰਫ਼ ਅਜਿਹਾ ਕਰਕੇ ਹੀ ਉਹ ਆਪਣੇ ਲਈ ਰਾਜਸੱਤਾ ਤਕ ਪਹੁੰਚਣ ਦਾ ਰਾਹ ਪੱਧਰਾ ਕਰ ਸਕਦਾ ਸੀ।

## ਸਿਧਾਂਤਕ ਕੁਰਾਹਾ

ਇਸ ਮਾਮਲੇ 'ਚ ਅਕਾਲੀ ਦਲ ਸਾਹਮਣੇ ਦੋ ਕਿਸਮ ਦੇ ਪੈਂਤੜਿਆਂ 'ਚੋਂ ਕਿਸੇ ਇਕ ਦੀ ਚੋਣ ਕਰਨ ਦਾ ਰਾਹ ਖੁੱਲ੍ਹਾ ਸੀ। ਇਕ ਇਹ ਕਿ ਅਕਾਲੀ ਦਲ ਰਾਜਸੱਤਾ ਉੱਤੇ ਕਾਬਜ਼ ਹੋਣ ਦੇ ਕਾਰਜ ਨੂੰ ਕੁੱਲ ਤੋਂ ਅਹਿਮ ਤੇ ਪਰਮੁੱਖ ਕਾਰਜ ਵਜੋਂ ਸੰਬੋਧਤ ਹੁੰਦਾ ਅਤੇ ਇਸ ਟੀਚੇ ਨੂੰ ਹਾਸਲ ਕਰਨ ਲਈ ਜੋ ਵੀ ਢੰਗ ਤਰੀਕਾ ਰਾਸ ਆਉਂਦਾ, ਉਸਦੀ ਨਿਰਸੰਕੋਚ ਵਰਤੋਂ ਕਰਨ ਦੀ ਧੁੱਸ ਅਖ਼ਤਿਆਰ ਕਰ ਲੈਂਦਾ। ਦੂਜਾ ਇਹ ਕਿ ਉਹ ਰਾਜਸੱਤਾ ਉੱਤੇ ਕਾਬਜ਼ ਹੋਣ ਦੀ ਆਪਣੀ ਤਲਬ ਅਤੇ ਜ਼ਰੂਰਤ ਦਾ ਸਿੱਖੀ ਸਿਧਾਂਤਾਂ ਅਤੇ ਆਪਣੇ ਦੂਰ-ਰਸ ਮਨੋਰਥਾਂ ਤੇ ਅਕੀਦਿਆਂ ਨਾਲ ਸੁਰ-ਤਾਲ ਕਾਇਮ ਰਖਦਾ, ਅਰਥਾਤ ਰਾਜ ਸੱਤਾ ਨੂੰ ਅੰਤਮ ਮੰਜ਼ਲ ਵਜੋਂ ਲੈਣ ਦੀ ਥਾਂ ਇਸ ਨੂੰ ਆਪਣੇ ਨਿਰਧਾਰਤ ਮਨੋਰਥਾਂ ਦੀ ਪਰਾਪਤੀ ਦਾ ਇਕ ਸਾਧਨ ਮੰਨ ਕੇ ਚੱਲਣ ਦੀ ਸੇਧ ਅਤੇ ਪਹੁੰਚ ਅਖ਼ਤਿਆਰ ਕਰਦਾ। ਠੋਸ ਰੂਪ 'ਚ ਗੱਲ ਕਰਨੀ ਹੋਵੇ ਤਾਂ ਅਕਾਲੀ ਦਲ ਸਾਹਮਣੇ ਦੋ ਸੰਭਾਵਨਾਵਾਂ ਖੁੱਲ੍ਹੀਆਂ ਸਨ। ਇਕ ਇਹ ਕਿ ਪੰਜਾਬ ਦੇ ਹਿੰਦੂ ਵਰਗ ਨੂੰ ਕਾਂਗਰਸ ਦੇ ਪਰਭਾਵ ਹੇਠੋਂ ਕੱਢਣ ਅਤੇ ਉਸ ਨਾਲ ਭਾਈਚਾਰਕ ਸਾਂਝ ਤੇ ਰਾਜਸੀ ਨੇੜਤਾ ਕਾਇਮ ਕਰਨ ਦੇ ਯਤਨ ਕੀਤੇ ਜਾਂਦੇ। ਦੂਜਾ ਇਹ ਕਿ ਸਮਾਜਿਕ ਤੌਰ 'ਤੇ ਪੱਛੜੇ ਵਰਗਾਂ, ਖ਼ਾਸ ਕਰਕੇ ਦਲਿਤ ਭਾਈਚਾਰੇ ਦੀਆਂ ਅਕਾਲੀ ਦਲ ਪ੍ਰਤੀ ਵਿਰੋਧ ਭਾਵਨਾਵਾਂ ਨੂੰ ਖ਼ਾਰਜ ਕਰਨ ਅਤੇ ਉਨ੍ਹਾਂ ਨਾਲ ਸਮਾਜਿਕ ਤੇ ਰਾਜਸੀ ਰਾਬਤਾ ਗੰਢਣ ਲਈ ਉਚੇਚੀਆਂ ਕੋਸ਼ਿਸ਼ਾਂ ਜੁਟਾਈਆਂ ਜਾਂਦੀਆਂ। ਦੋਨਾਂ ਵਿੱਚੋਂ ਕੋਈ ਵੀ ਰਾਹ ਔਕੜਾਂ ਤੇ ਉਲਝਣਾਂ ਤੋਂ ਖ਼ਾਲੀ ਨਹੀਂ ਸੀ। ਜੇਕਰ ਅਕਾਲੀ ਦਲ ਨੇ ਆਪਣੇ ਬੁਨਿਆਦੀ ਪੰਥਕ ਨਿਸ਼ਾਨਿਆਂ ਉੱਤੇ ਕੋਈ ਸਮਝੌਤਾ ਨਹੀਂ ਸੀ ਕਰਨਾ ਤਾਂ ਉਸ ਦੇ ਸਾਹਮਣੇ ਸਮੱਸਿਆ ਪੰਜਾਬ ਦੇ ਹਿੰਦੂ ਵਰਗ ਨੂੰ ਕਾਂਗਰਸ ਦੇ ਰਾਜਸੀ ਪਰਭਾਵ ਹੇਠੋਂ ਕੱਢਣ ਦੀ ਨਹੀਂ ਸੀ ਸਗੋਂ ਉਸ ਨੂੰ ਆਰੀਆ ਸਮਾਜੀ ਵਿਚਾਰਧਾਰਾ

ਦੇ ਕੁਲਹਿਣੇ ਪਰਭਾਵ ਤੋਂ ਮੁਕਤ ਹੋਣ ਲਈ ਪ੍ਰੇਰਨ ਦੀ ਸੀ। ਕਿਉਂਕਿ ਜਿੰਨਾ ਚਿਰ ਪੰਜਾਬੀ ਹਿੰਦੂ ਤਬਕਾ ਆਪਣੇ ਫ਼ਿਰਕੂ ਤੁਅੱਸਬਾਂ ਤੋਂ ਮੁਕਤ ਨਹੀਂ ਹੁੰਦਾ ਅਤੇ ਸਿੱਖ ਪੰਥ ਦੀ ਨਿਆਰੀ ਹਸਤੀ ਨੂੰ ਤਸਲੀਮ ਨਹੀਂ ਕਰ ਲੈਂਦਾ, ਉਨਾ ਚਿਰ ਅਕਾਲੀ ਦਲ ਲਈ ਆਪਣੇ ਸਿਧਾਂਤਾਂ ਦੀ ਬਲੀ ਦਿੱਤੇ ਬਿਨਾਂ ਹਿੰਦੂ ਵਰਗ ਨਾਲ ਰਾਜਸੀ ਸਾਂਝ ਜਾਂ ਨੇੜਤਾ ਕਾਇਮ ਕਰ ਸਕਣੀ ਸੰਭਵ ਨਹੀਂ। ਇਸ ਤਰ੍ਹਾਂ ਅਕਾਲੀ ਲੀਡਰਸ਼ਿਪ ਲਈ ਇਹ ਕਰੜੇ ਇਮਤਿਹਾਨ ਵਾਲੀ ਗੱਲ ਸੀ। ਚੋਣ ਦੀ ਰਾਜਨੀਤੀ ਦਾ ਦਬਾਅ ਉਸ ਨੂੰ ਹਿੰਦੂ ਵਰਗ ਨਾਲ ਰਾਜਸੀ ਸਾਂਝ ਪਾਉਣ ਲਈ ਉਤੇਜਿਤ ਕਰ ਰਿਹਾ ਸੀ ਜਦ ਕਿ ਹਿੰਦੂ ਵਰਗ ਆਪਣੀ ਫ਼ਿਰਕੂ ਸੋਚ ਅਤੇ ਵਤੀਰੇ ਅੰਦਰ ਕੋਈ ਹਾਂ-ਪੱਖੀ ਮੋੜਾ ਪਾਉਣ ਦੇ ਰੌਂਅ ਵਿੱਚ ਨਹੀਂ ਸੀ।

ਜਿੱਥੋਂ ਤਕ ਸਮਾਜਿਕ ਤੌਰ 'ਤੇ ਪੱਛੜੇ ਵਰਗਾਂ ਦਾ ਸਬੰਧ ਹੈ, ਉਨ੍ਹਾਂ ਦੀ ਅਕਾਲੀ ਦਲ ਨਾਲੋਂ ਦੂਰੀ ਅਤੇ ਨਰਾਜ਼ਗੀ ਦੀ ਮੂਲ ਵਜ੍ਹਾ ਸਿੱਖ ਸਮਾਜ ਅੰਦਰਲੀਆਂ ਉਚ-ਜਾਤਾਂ ਦਾ ਉਨ੍ਹਾਂ ਪ੍ਰਤੀ ਧਾਰਨ ਕੀਤਾ ਰਵਈਆ ਸੀ। ਇਨ੍ਹਾਂ ਵਰਗਾਂ ਦਾ ਵਿਸ਼ਵਾਸ ਜਿੱਤਣ ਲਈ ਅਕਾਲੀ ਦਲ ਨੂੰ ਸਿੱਖ ਸਮਾਜ ਅੰਦਰ ਪ੍ਰਚੱਲਤ ਜਾਤ-ਪਾਤੀ ਸੋਚ ਪਰਣਾਲੀ ਤੇ ਅਮਲਾ ਦੇ ਖ਼ਿਲਾਫ਼ ਸਖ਼ਤ ਰੁਖ਼ ਅਖ਼ਤਿਆਰ ਕਰਨਾ ਪੈਣਾ ਸੀ। ਇਸ ਮਸਲੇ ਵਿੱਚ ਸਿੰਘ ਸਭਾ ਲਹਿਰ ਦਾ ਤਜਰਬਾ ਅਕਾਲੀ ਲੀਡਰਸ਼ਿਪ ਲਈ ਉਤਸ਼ਾਹੀ ਉਦਾਹਰਣ ਬਣ ਸਕਦਾ ਸੀ। ਸਿੰਘ ਸਭਾ ਲਹਿਰ ਦੇ ਆਗੂਆਂ ਨੇ ਦਲਿਤ ਵਰਗਾਂ ਦੇ ਸਿੱਖੀ ਤੋਂ ਬੇਮੁੱਖ ਹੋਣ ਦੇ ਰੁਝਾਨ ਉੱਤੇ ਗਹਿਰੀ ਚਿੰਤਾ ਪ੍ਰਗਟਾਉਂਦਿਆਂ ਹੋਇਆਂ, ਉਨ੍ਹਾਂ ਨੂੰ ਵਾਪਸ ਸਿੱਖੀ ਦੀ ਧਾਰਾ ਅੰਦਰ ਲਿਆਉਣ ਵਾਸਤੇ, ਸਿੱਖ ਸਮਾਜ ਅੰਦਰ ਪ੍ਰਚਲਤ ਜਾਤ-ਪਾਤੀ ਪ੍ਰਥਾ ਵਿਰੁੱਧ ਤਿੱਖੀ ਵਿਚਾਰਧਾਰਕ ਮੁਹਿੰਮ ਲਾਮਬੰਦ ਕੀਤੀ। ਇਸ ਤੱਥ ਦਾ ਪਹਿਲਾਂ ਹੀ ਜ਼ਿਕਰ ਹੋ ਚੁੱਕਾ ਹੈ ਕਿ ਸਿੱਖ ਸਮਾਜ ਉਪਰ ਪਏ ਹਿੰਦੂਵਾਦੀ ਪਰਭਾਵਾਂ ਵਿਰੁੱਧ ਚਲਾਈ ਗਈ ਇਸ ਸੁਧਾਰ ਮੁਹਿੰਮ ਦੇ ਫਲਸਰੂਪ ਮਰਦਮਸ਼ੁਮਾਰੀ ਦੇ ਅੰਕੜਿਆਂ ਮੁਤਾਬਕ 1911 ਤੋਂ ਲੈ ਕੇ 1921 ਤਕ, ਦਸਾਂ ਸਾਲਾਂ ਦੇ ਅੰਦਰ, ਸਿੱਖ ਦਲਿਤ ਵਰਗ ਦੀ ਗਿਣਤੀ ਵਿੱਚ ਤਕੜਾ ਵਾਧਾ ਨੋਟ ਕੀਤਾ ਗਿਆ। ਜਦ ਕਿ ਹਿੰਦੂ ਅਤੇ ਮੁਸਲਿਮ ਦਲਿਤ ਵਰਗਾਂ ਦੀ ਸੰਖਿਆ ਵਿੱਚ ਭਾਰੀ ਗਿਰਾਵਟ ਦਰਜ ਕੀਤੀ ਗਈ। ਸਪਸ਼ਟ ਹੈ ਕਿ ਨਾ ਸਿਰਫ਼ ਸਿੱਖ ਸਮਾਜ ਅੰਦਰ ਆਏ ਹਿੰਦੂਵਾਦੀ ਵਿਗਾੜਾਂ ਤੋਂ ਬਦਜ਼ਨ ਹੋ ਕੇ ਸਿੱਖ ਪੰਥ ਨੂੰ ਬੇਦਾਵਾ ਦੇਣ ਵਾਲੇ ਦਲਿਤ ਸਿੱਖੀ ਸੁਧਾਰਾਂ ਦੀ ਮੁਹਿੰਮ ਦੇ ਹਾਂ-ਪੱਖੀ ਅਮਲ ਤੋਂ ਪ੍ਰਭਾਵਿਤ ਹੋ ਕੇ ਮੁੜ ਸਿੱਖ ਪੰਥ ਵੱਲ ਪਰਤ ਆਏ, ਸਗੋਂ ਹਿੰਦੂ ਅਤੇ ਮੁਸਲਿਮ ਦਲਿਤ ਵਰਗਾਂ 'ਚੋਂ ਵੀ ਕਾਫ਼ੀ ਲੋਕ ਸਿੱਖ ਪੰਥ ਅੰਦਰ ਸ਼ਾਮਲ ਹੋਣ ਲਈ ਪ੍ਰੇਰਿਤ ਹੋ ਗਏ। ਪਰ ਸੱਠਵਿਆਂ 'ਚ ਜੋ ਨਵੀਂ ਅਕਾਲੀ ਲੀਡਰਸ਼ਿਪ ਉਭਰ ਕੇ ਸਾਹਮਣੇ ਆਈ, ਉਹ ਸਿੰਘ ਸਭਾ ਲਹਿਰ ਦੇ ਇਸ ਹਾਂਦਰੂ ਤਜਰਬੇ ਕੋਲੋਂ ਉਤਸ਼ਾਹ ਅਤੇ ਪ੍ਰੇਰਨਾ ਲੈ ਸਕਣ ਦੀ ਸਿਧਾਂਤਕ ਸਮਰੱਥਾ ਨਹੀਂ ਸੀ ਰੱਖਦੀ। ਕਾਰਨ ਇਹ ਕਿ ਜਿਥੇ ਸਿੰਘ ਸਭਾ ਲਹਿਰ ਦੀਆਂ ਆਗੂ ਸਫ਼ਾਂ ਅੰਦਰ ਸ਼ਹਿਰੀ ਮੱਧ ਵਰਗ 'ਚੋਂ ਆਏ ਪੜ੍ਹੇ ਲਿਖੇ ਰੋਸ਼ਨ-ਖ਼ਿਆਲ ਤੱਤਾਂ ਦਾ ਬੋਲਬਾਲਾ ਸੀ, ਉਥੇ ਨਵੀਂ ਅਕਾਲੀ ਲੀਡਰਸ਼ਿਪ ਆਪਣੇ ਪੇਂਡੂ ਜ਼ਿਮੀਦਾਰਾ ਪਿਛੋਕੜ ਸਦਕਾ ਰੂੜ੍ਹੀਵਾਦੀ ਵਿਚਾਰਾਂ ਤੇ ਸੰਸਕਾਰਾਂ ਦੇ ਗਹਿਰੇ ਪਰਭਾਵ ਹੇਠ ਸੀ। ਇਹ ਸਮਾਜੀ (sociological) ਫ਼ੈਕਟਰ ਅਕਾਲੀ ਰਾਜਨੀਤੀ ਦੀਆਂ ਦਿਸ਼ਾਵਾਂ ਤੇ ਸੀਮਾਵਾਂ ਨਿਰਧਾਰਤ ਕਰਨ ਵਿੱਚ ਬਹੁਤ ਹੀ ਅਹਿਮ ਭੂਮਿਕਾ ਨਿਭਾਅ ਰਿਹਾ ਸੀ।

ਮਾਰਚ 1967 ਵਿੱਚ ਹੋਈਆਂ ਚੌਥੀਆਂ ਆਮ ਚੋਣਾਂ ਅਕਾਲੀ ਦਲ ਨੇ ਆਪਣੇ ਹੀ ਬਲਬੂਤੇ ਲੜੀਆਂ। ਉਸ ਵੇਲੇ ਦੇਸ ਦੇ ਕਈ ਹਿੱਸਿਆਂ ਅੰਦਰ ਕਾਂਗਰਸ ਪਾਰਟੀ ਦੇ ਵਿਰੋਧ ਵਿੱਚ ਆਮ ਹਵਾ ਬਣ ਗਈ ਸੀ ਜਿਸ ਦੇ ਸਿੱਟੇ ਵਜੋਂ ਭਾਰਤ ਦੇ ਇਤਿਹਾਸ

ਵਿੱਚ ਕਾਂਗਰਸ ਪਾਰਟੀ ਪਹਿਲੀ ਵੇਰ ਅੱਧ ਦਰਜਨ ਦੇ ਕਰੀਬ ਰਾਜਾਂ ਅੰਦਰ ਸਪਸ਼ਟ ਬਹੁਮੱਤ ਹਾਸਲ ਕਰਨ ਵਿੱਚ ਨਾਕਾਮ ਰਹਿ ਗਈ ਸੀ। ਪੰਜਾਬ ਵਿਧਾਨ ਸਭਾ ਅੰਦਰ ਕਾਂਗਰਸ 104 ਵਿੱਚੋਂ 48 ਸੀਟਾਂ ਲੈ ਕੇ ਸਭ ਤੋਂ ਵੱਡੀ ਪਾਰਟੀ ਦੇ ਰੂਪ ਵਿੱਚ ਜ਼ਰੂਰ ਉਭਰ ਕੇ ਸਾਹਮਣੇ ਆ ਗਈ ਸੀ ਪਰ ਸਰਕਾਰ ਬਣਾਉਣ ਲਈ ਉਸਨੂੰ ਪੰਜ ਵਿਧਾਇਕ ਹੋਰ ਚਾਹੀਦੇ ਸਨ। ਆਮ ਹਾਲਤਾਂ ਅੰਦਰ ਕਾਂਗਰਸ ਪਾਰਟੀ ਨੂੰ ਅਜਿਹੀ ਹਮਾਇਤ ਵਟੋਰਨ ਵਿੱਚ ਕੋਈ ਕਠਿਨਾਈ ਨਹੀਂ ਸੀ ਆਉਣੀ ਕਿਉਂਕਿ ਵਿਧਾਨ ਸਭਾ ਅੰਦਰ 9 ਆਜ਼ਾਦ ਮੈਂਬਰਾਂ ਤੋਂ ਇਲਾਵਾ ਛੇ ਹੋਰ ਮੈਂਬਰ ਅਜਿਹੇ ਸਨ ਜੋ ਪਰਚੂਨ ਕਿਸਮ ਦੀਆਂ ਪਾਰਟੀਆਂ ਦੀਆਂ ਟਿਕਟਾਂ ਉੱਤੇ ਕਾਮਯਾਬ ਹੋ ਕੇ ਆਏ ਸਨ।[2] ਪਰ ਕਾਂਗਰਸ ਵਿਰੋਧੀ ਭਾਵਨਾਵਾਂ ਏਨੀਆਂ ਮਜ਼ਬੂਤ ਸਨ ਕਿ ਕਾਂਗਰਸ ਪਾਰਟੀ ਪੂਰੀ ਵਾਹ ਲਾਉਣ ਦੇ ਬਾਵਜੂਦ, ਪੰਜਾਂ ਵਿਧਾਇਕਾਂ ਦੀ ਹਮਾਇਤ ਹਾਸਲ ਕਰਨ ਵਿੱਚ ਸਫਲ ਨਾ ਹੋ ਸਕੀ। ਇਸ ਤਰ੍ਹਾਂ 24 ਸੀਟਾਂ ਜਿੱਤ ਕੇ ਦੂਜੀ ਵੱਡੀ ਪਾਰਟੀ ਦੇ ਰੂਪ ਵਿੱਚ ਉਭਰ ਕੇ ਆਏ ਅਕਾਲੀ ਦਲ (ਸੰਤ) ਦੇ ਸਾਹਮਣੇ ਗ਼ੈਰ-ਕਾਂਗਰਸੀ ਰਾਜਨੀਤਕ ਤਾਕਤਾਂ ਦੇ ਸਹਿਯੋਗ ਨਾਲ ਕਾਂਗਰਸ ਪਾਰਟੀ ਨੂੰ ਰਾਜਸੀ ਸੱਤਾ ਤੋਂ ਲਾਂਭੇ ਰੱਖਣ ਅਤੇ ਆਪਣੀ ਅਗਵਾਈ ਹੇਠ ਮਿਲੀ-ਜੁਲੀ ਸਰਕਾਰ ਕਾਇਮ ਕਰਨ ਦਾ ਸੰਜੋਗੀ ਮੌਕਾ ਪੈਦਾ ਹੋ ਗਿਆ। ਪਰ ਇਸ ਮੌਕੇ ਦਾ ਲਾਭ ਉਠਾਉਣ ਦੇ ਰਾਹ ਵਿੱਚ ਵੱਡੀਆਂ ਸਿਧਾਂਤਕ ਉਲਝਣਾਂ ਸਨ। ਅਕਾਲੀ ਦਲ ਨੂੰ ਇਕ ਪਾਸੇ ਜਨਸੰਘ ਵਰਗੀ ਕੱਟੜ ਹਿੰਦੂ ਫ਼ਿਰਕਾਪ੍ਰਸਤ ਜਮਾਤ ਨਾਲ ਹੱਥ ਮਿਲਾਉਣਾ ਪੈਣਾ ਸੀ (ਜੋ ਉਸ ਵੇਲੇ ਦੀਆਂ ਹਾਲਤਾਂ ਅਧੀਨ ਦੋ ਤਲਵਾਰਾਂ ਨੂੰ ਇੱਕੋ ਮਿਆਨ ਅੰਦਰ ਸਮੋਣ ਵਰਗੀ ਗੱਲ ਸੀ) ਅਤੇ ਦੂਜੇ ਪਾਸੇ ਧਰਮ ਨੂੰ 'ਅਫ਼ੀਮ' ਕਹਿ ਕੇ ਨਕਾਰਨ ਅਤੇ ਨਿੰਦਣ ਵਾਲੀਆਂ ਕਮਿਊਨਿਸਟ ਤਾਕਤਾਂ ਨਾਲ ਰਾਜਸੀ ਸਾਂਝ ਗੰਢਣ ਦਾ ਕੌੜਾ ਘੁੱਟ ਭਰਨਾ ਪੈਣਾ ਸੀ। ਪਰ ਇਹ ਸਮੱਸਿਆ ਇਕ ਤਰਫ਼ੀ, ਯਾਨੀ ਕਿ ਇਕੱਲੇ ਅਕਾਲੀ ਦਲ ਦੀ ਹੀ ਨਹੀਂ ਸੀ। ਇਹ ਗੱਲ ਜਨਸੰਘ ਅਤੇ ਕਮਿਊਨਿਸਟ ਪਾਰਟੀਆਂ ਉੱਤੇ ਵੀ ਬਰਾਬਰ ਲਾਗੂ ਹੁੰਦੀ ਸੀ ਜਿਨ੍ਹਾਂ ਨੂੰ ਅਕਾਲੀ ਦਲ ਨਾਲ ਵੱਡੇ ਵਿਚਾਰਧਾਰਕ ਵਿਰੋਧਾਂ ਦੇ ਬਾਵਜੂਦ ਹਾਲਤਾਂ ਦੀ ਲੋੜ ਅਤੇ ਮਜਬੂਰੀ ਹੇਠ ਇਕ ਸਾਂਝੇ ਰਾਜਨੀਤਕ ਅਭਿਆਸ ਵਿੱਚ ਪੈਣਾ ਪੈ ਰਿਹਾ ਸੀ।

ਰਾਜਨੀਤੀ ਦੇ ਖੇਤਰ ਅੰਦਰ ਇਸ ਵਰਤਾਰੇ ਨੂੰ ਅਣਹੋਣਾ ਨਹੀਂ ਕਿਹਾ ਜਾ ਸਕਦਾ। ਵਿਰੋਧੀ ਵਿਚਾਰਧਾਰਾ ਅਤੇ ਟਕਰਾਵੇਂ ਮਨੋਰਥਾਂ ਨੂੰ ਪਰਨਾਈਆਂ ਰਾਜਸੀ ਧਿਰਾਂ ਸਾਹਮਣੇ ਕਿਸੇ ਖ਼ਾਸ ਮੌਕੇ 'ਤੇ, ਕਿਸੇ ਸੀਮਤ ਮਕਸਦ ਲਈ ਰਾਜਸੀ ਗੱਠਜੋੜ ਕਾਇਮ ਕਰਨ ਦੀ ਲੋੜ ਜਾਂ ਮਜਬੂਰੀ ਪੈਦਾ ਹੋ ਸਕਦੀ ਹੈ। ਇਹ ਇਕ ਅਜਿਹਾ ਕਰਮ ਹੈ ਜਿਸ ਨੂੰ ਰਾਜਨੀਤੀ ਅੰਦਰ 'ਅਣਸਰਦੀ ਬੁਰਾਈ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਤਜਰਬੇ ਨੇ ਇਹ ਗੱਲ ਵਾਰ ਵਾਰ ਦਰਸਾਈ ਹੈ ਕਿ ਇਹੀ ਉਹ ਤਿਲ੍ਹਕਵੀਂ ਜਗ੍ਹਾ ਹੈ ਜਿੱਥੇ ਉੱਚੇ ਸੁੱਚੇ ਸਿਧਾਂਤਾਂ ਤੇ ਮਨੋਰਥਾਂ ਨੂੰ ਪਰਨਾਈਆਂ ਰਾਜਸੀ ਤਾਕਤਾਂ ਦੇ ਆਪਣੀ ਸੇਧ ਤੋਂ ਥਿੜਕਣ ਅਤੇ ਲੀਹੋਂ ਲੱਥ ਜਾਣ ਦਾ ਸਭ ਤੋਂ ਵੱਧ ਖ਼ਤਰਾ ਬਣਿਆ ਰਹਿੰਦਾ ਹੈ। ਰਾਜਨੀਤੀ ਦੀ ਯੁੱਧ ਕਿਰਿਆ ਅੰਦਰ ਇਸ 'ਖ਼ਤਰਨਾਕ ਖੇਤਰ' ਤੋਂ ਪਾਸਾ ਵੱਟ ਕੇ ਲੰਘ ਸਕਣਾ ਕਤਈ ਤੌਰ 'ਤੇ ਸੰਭਵ ਨਹੀਂ ਹੁੰਦਾ। ਇਸ ਅਮਲ 'ਚੋਂ ਦੀ ਗੁਜ਼ਰਨਾ ਰਾਜਨੀਤੀ ਦੀ ਅਣਸਰਦੀ ਲੋੜ ਹੁੰਦੀ ਹੈ। ਇਸ ਕਰਕੇ ਕਿਸੇ ਵੱਡੇ ਆਦਰਸ਼ ਲਈ ਜੂਝ ਰਹੀ ਰਾਜਸੀ ਧਿਰ ਵਾਸਤੇ ਗੱਠਜੋੜਾਂ ਦੀ ਰਾਜਨੀਤੀ ਦੀ ਵਿਦਿਆ ਦਾ ਗੂੜ੍ਹਾ ਗਿਆਨ ਅਤੇ ਇਸ ਦੀ ਸਫਲ ਵਰਤੋਂ ਦਾ ਅਭਿਆਸ ਜ਼ਰੂਰੀ ਹੈ।

ਜਦ ਅਲੱਗ-ਅਲੱਗ ਵਿਚਾਰਧਾਰਾ ਵਾਲੀਆਂ ਰਾਜਸੀ ਤਾਕਤਾਂ ਕਿਸੇ ਸੀਮਤ

ਸਾਂਝ ਦੇ ਆਧਾਰ 'ਤੇ ਸਾਂਝੇ ਗੱਠਜੋੜ ਵਿੱਚ ਸ਼ਾਮਲ ਹੁੰਦੀਆਂ ਹਨ ਤਾਂ ਉਨ੍ਹਾਂ ਦੇ ਵਿਚਾਰਧਾਰਕ ਵਖਰੇਵੇਂ ਤੇ ਵਿਰੋਧ ਅਲੋਪ ਨਹੀਂ ਹੋ ਜਾਂਦੇ ਅਤੇ ਨਾ ਹੀ ਉਨ੍ਹਾਂ ਦਰਮਿਆਨ ਹਿਤਾਂ ਦਾ ਟਕਰਾਅ ਖ਼ਤਮ ਹੋ ਜਾਂਦਾ ਹੈ। ਅਜਿਹੇ ਗੱਠਜੋੜ ਅੰਦਰ ਸ਼ਰੀਕ ਹਰ ਧਿਰ ਆਪਣੇ ਲਈ ਵੱਧ ਤੋਂ ਵੱਧ ਰਾਜਸੀ ਲਾਭ ਖੱਟਣ ਦੀ ਭਾਵਨਾ ਤੇ ਮਨੋਰਥ ਨਾਲ ਹੀ ਗੱਠਜੋੜ ਅੰਦਰ ਸ਼ਾਮਲ ਹੁੰਦੀ ਹੈ। ਗੱਠਜੋੜ ਕਰਨ ਮੌਕੇ ਸਬੰਧਤ ਧਿਰਾਂ ਵਿਚਕਾਰ ਤਿੱਖੀ ਜਦੋਜਹਿਦ ਅਤੇ ਜ਼ੋਰ ਅਜ਼ਮਾਈ ਹੁੰਦੀ ਹੈ। ਹਰ ਧਿਰ ਦੁਆਰਾ ਆਪਣੇ ਨੁਕਤਾ-ਨਜ਼ਰ ਨੂੰ ਵੱਧ ਤੋਂ ਵੱਧ ਸੰਭਵ ਹੱਦ ਤਕ ਪੁਗਾਉਣ ਅਤੇ ਇਕ ਦੂਜੇ ਕੋਲੋਂ ਵੱਧ ਤੋਂ ਵੱਧ ਰਿਆਇਤਾਂ ਵਟੋਰਨ ਦੇ ਯਤਨ ਕੀਤੇ ਜਾਂਦੇ ਹਨ। ਗੱਠਜੋੜ ਦੇ ਹੋਂਦ ਵਿੱਚ ਆ ਜਾਣ ਤੋਂ ਬਾਅਦ ਵੀ ਆਪਸੀ ਕਸ਼ਮਕਸ਼ ਦਾ ਇਹ ਸਿਲਸਿਲਾ ਨਿਰੰਤਰ ਚੱਲਦਾ ਰਹਿੰਦਾ ਹੈ ਜਿਸ ਦੌਰਾਨ ਸਬੰਧਤ ਧਿਰਾਂ ਦੀ ਰਾਜਸੀ ਸੂਝ-ਸਿਆਣਪ, ਸਿਧਾਂਤਕ ਪਕਿਆਈ ਅਤੇ ਰਾਜਸੀ ਤਜਰਬੇਕਾਰੀ ਦੀ ਵਾਰ ਵਾਰ ਪਰੀਖਿਆ ਹੁੰਦੀ ਰਹਿੰਦੀ ਹੈ। ਸੋ ਅਕਾਲੀ ਦਲ ਦੁਆਰਾ 1967 ਤੋਂ ਆਰੰਭੇ ਰਾਜਸੀ ਗੱਠਜੋੜਾਂ ਦੇ ਅਮਲ ਦਾ ਇਸ ਦ੍ਰਿਸ਼ਟੀ ਤੋਂ ਮੁਲੰਕਣ ਕੀਤਾ ਜਾਣਾ ਚਾਹੀਦਾ ਹੈ।

## ਗੱਠਜੋੜ ਦੀ ਰਾਜਨੀਤੀ : ਸਿਧਾਂਤਾਂ ਦੀ ਬਲੀ

1967 ਵਿੱਚ ਕਾਂਗਰਸ ਦੁਆਰਾ ਪੰਜਾਬ ਵਿਧਾਨ ਸਭਾ ਅੰਦਰ ਆਪਣਾ ਸਪਸ਼ਟ ਬਹੁਮੱਤ ਹਾਸਲ ਨਾ ਕਰ ਸਕਣ ਦੀ ਸੂਰਤ ਵਿੱਚ ਸੰਤ ਫਤਹਿ ਸਿੰਘ ਅਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਆਗੂ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੀਆਂ ਸਿਰ-ਤੋੜ ਕੋਸ਼ਿਸ਼ਾਂ ਨਾਲ ਅਕਾਲੀ ਦਲ ਦੇ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਹੇਠ ਸੱਤ ਪਾਰਟੀਆਂ ਦੀ ਇਕ ਮਿਲੀ-ਜੁਲੀ (ਗ਼ੈਰ-ਕਾਂਗਰਸੀ) ਸਰਕਾਰ ਹੋਂਦ ਵਿੱਚ ਆ ਗਈ ਜਿਸ ਵਿੱਚ ਅਕਾਲੀ ਦਲ, ਜਨਸੰਘ ਤੇ ਕਮਿਊਨਿਸਟ ਪਾਰਟੀਆਂ ਤੋਂ ਇਲਾਵਾ ਰਿਪਬਲਕਿਨ ਪਾਰਟੀ ਆਫ਼ ਇੰਡੀਆ ਸਮੇਤ ਕੁਝ ਅਜਿਹੇ ਹੀ ਹੋਰ ਛੋਟੇ ਮੋਟੇ ਦਲ ਸ਼ਾਮਲ ਸਨ। ਇਸ ਗੱਠਜੋੜ ਅੰਦਰ ਸ਼ਾਮਲ ਪਰਮੁੱਖ ਧਿਰਾਂ ਵਿਚਕਾਰ ਮੌਜੂਦ ਵੱਡੇ ਵਿਚਾਰਧਾਰਕ ਵਿਰੋਧਾਂ ਤੇ ਰਾਜਸੀ ਟਕਰਾਵਾਂ ਨੂੰ ਦੇਖਦਿਆਂ ਹੋਇਆਂ ਗੱਠਜੋੜ ਸਾਕਾਰ ਕਰਨ ਅਤੇ ਇਸ ਨੂੰ ਤੋੜ ਨਿਭਾਉਣ ਦਾ ਕਾਰਜ ਕਿਸੇ ਵੀ ਤਰ੍ਹਾਂ ਸਹਿਲ ਨਹੀਂ ਸੀ। ਭਾਵੇਂ ਅਕਾਲੀ ਦਲ ਅਤੇ ਕਮਿਊਨਿਸਟ ਪਾਰਟੀਆਂ ਵਿਚਕਾਰ ਵੀ ਸਿਧਾਂਤਾਂ ਦੇ ਡੂੰਘੇ ਵਖਰੇਵੇਂ ਅਤੇ ਜਮਾਤੀ ਹਿਤਾਂ ਦਾ ਸਿੱਧਾ ਟਕਰਾਉ ਮੌਜੂਦ ਸੀ। ਪਰ ਸਭ ਤੋਂ ਵੱਡੀ ਮੁਸ਼ਕਲ ਗੱਠਜੋੜ ਅੰਦਰ ਭਾਰਤੀ ਜਨਸੰਘ ਪਾਰਟੀ ਨੂੰ ਸਮੋਣ ਦੀ ਸੀ। ਗੱਠਜੋੜ ਅੰਦਰ ਸ਼ਾਮਲ ਧਿਰਾਂ ਵਿੱਚੋਂ ਇਹੀ ਇਕਮਾਤਰ ਅਜਿਹੀ ਪਾਰਟੀ ਸੀ ਜੋ ਆਪਣੀ ਕੱਟੜ ਫ਼ਿਰਕੂ ਵਿਚਾਰਧਾਰਾ ਦੇ ਪਰਭਾਵ ਹੇਠ ਪੰਜਾਬੀ ਸੂਬੇ ਦੀ ਸਥਾਪਨਾ ਸਮੇਤ ਅਕਾਲੀ ਦਲ ਦੀਆਂ ਸਭਨਾਂ ਨਿਆਈਂ ਮੰਗਾਂ ਦਾ ਜਨੂੰਨ ਦੀ ਪੱਧਰ 'ਤੇ ਨਿਰੰਤਰ ਵਿਰੋਧ ਕਰਦੀ ਆ ਰਹੀ ਸੀ। ਜਨਸੰਘੀ ਲਾਣੇ ਦਾ ਪੰਜਾਬੀ ਬੋਲੀ ਪ੍ਰਤੀ ਵੈਰ-ਭਾਵੀ ਰਵਈਆ ਅਤੇ ਸਿੱਖ ਪੰਥ ਪ੍ਰਤੀ ਮੰਦ ਭਾਵਨਾਵਾਂ ਕਿਸੇ ਕੋਲੋਂ ਵੀ ਲੁਕੀਆਂ ਹੋਈਆਂ ਨਹੀਂ ਸਨ। ਉਸਨੇ ਪੰਜਾਬ ਦੇ ਹਿੰਦੂ ਵਰਗ ਨੂੰ ਆਪਣੀ ਮਾਂ-ਬੋਲੀ ਤੋਂ ਮੁਨਕਰ ਹੋਣ ਲਈ ਪ੍ਰੇਰਨ ਵਿੱਚ ਜੋ ਬਦਕਾਰ ਭੂਮਿਕਾ ਨਿਭਾਈ ਸੀ ਅਤੇ ਲਗਾਤਾਰ ਵੀਹ ਵਰ੍ਹਿਆਂ ਤੋਂ ਹਰ ਧਾਰਮਿਕ ਅਤੇ ਸਭਿਆਚਾਰਕ ਮਸਲੇ 'ਤੇ ਸਿੱਖ ਪੰਥ ਨਾਲ ਜਿਸ ਕਿਸਮ ਦਾ ਸੌਂਕਣ-ਆਢਾ ਲਾ ਰੱਖਿਆ ਹੋਇਆ ਸੀ, ਉਸ ਹਿਸਾਬ ਨਾਲ, ਉਸ ਨੂੰ ਅਕਾਲੀ ਦਲ ਦੀ ਅਗਵਾਈ ਹੇਠਲੀ ਸਰਕਾਰ ਵਿੱਚ ਸ਼ਾਮਲ ਹੋਣ ਲਈ ਰਜ਼ਾਮੰਦ

ਕਰ ਸਕਣਾ 'ਕੁੱਬੇ ਨੂੰ ਘੋੜੀ ਚੜ੍ਹਾਉਣ' ਵਰਗੀ ਗੱਲ ਲੱਗਦੀ ਸੀ। ਇਸ ਨਾਮੁਮਕਿਨ ਨੂੰ ਮੁਮਕਿਨ ਬਣਾਉਣ ਵਾਸਤੇ ਜਾਂ ਤਾਂ ਅਕਾਲੀ ਦਲ ਅਤੇ ਜਨਸੰਘ, ਦੋਨਾਂ ਨੂੰ ਹੀ ਲੈ ਦੇ ਦੀ ਭਾਵਨਾ ਅਧੀਨ ਆਪੋ ਆਪਣੀਆਂ ਸਿਧਾਂਤਕ ਪੋਜ਼ੀਸ਼ਨਾਂ ਤੋਂ ਬਰਾਬਰ ਪਿਛਾਂਹ ਹਟਣਾ ਪੈਣਾ ਸੀ ਅਤੇ ਜਾਂ ਫਿਰ ਦੋਨਾਂ 'ਚੋਂ ਇਕ ਧਿਰ ਨੂੰ ਦੂਸਰੇ ਦੀ ਜ਼ਿੱਦ ਅੱਗੇ ਝੁਕਣਾ ਪੈਣਾ ਸੀ। ਪੰਜਾਬ ਦੇ ਹਿੰਦੂ ਵਰਗ, ਖ਼ਾਸ ਕਰਕੇ ਇਸ ਅੰਦਰਲੇ ਵਪਾਰੀ-ਕਾਰੋਬਾਰੀ ਹਿੱਸਿਆਂ ਅਤੇ ਨੌਕਰੀ-ਪੇਸ਼ਾ ਤੱਤਾਂ ਨੂੰ, ਕੇਂਦਰ ਸਰਕਾਰ ਦੁਆਰਾ ਪੰਜਾਬੀ ਸੂਬੇ ਦੀ ਮੰਗ ਮੰਨ ਲੈਣ ਦਾ 'ਅਪਰਾਧ' ਕਰ ਬੈਠਣ ਬਦਲੇ ਕਾਂਗਰਸੀ ਲੀਡਰਸ਼ਿਪ ਵਿਰੁੱਧ ਅਜਿਹੀ ਵਿਹੁ ਚੜ੍ਹੀ ਹੋਈ ਸੀ ਕਿ ਉਨ੍ਹਾਂ ਸਜ਼ਾ ਦੇ ਤੌਰ 'ਤੇ ਕਾਂਗਰਸ ਪਾਰਟੀ ਨੂੰ ਪੰਜਾਬ ਅੰਦਰ ਸੱਤਾ ਤੋਂ ਭੁੰਜੇ ਪਟਕਾ ਮਾਰਿਆ ਸੀ। ਹਿੰਦੂ ਵਰਗ ਅੰਦਰਲੇ ਕੱਟੜਵਾਦੀ ਤੱਤਾਂ ਦੀਆਂ ਇਨ੍ਹਾਂ ਕਾਂਗਰਸ-ਵਿਰੋਧੀ ਭਾਵਨਾਵਾਂ ਦੇ ਪਰਤਾਪ ਸਦਕਾ ਹੀ ਜਨਸੰਘ ਦੇ ਨੌਂ ਉਮੀਦਵਾਰ ਪੰਜਾਬ ਵਿਧਾਨ ਸਭਾ ਅੰਦਰ ਪਰਵੇਸ਼ ਕਰਨ ਵਿੱਚ ਸਫਲ ਹੋ ਸਕੇ ਸਨ। ਸੋ ਜਨਸੰਘ ਲਈ ਇਨ੍ਹਾਂ ਹਿੰਦੂ ਭਾਵਨਾਵਾਂ ਦੀ ਅਣਦੇਖੀ ਕਰ ਸਕਣਾ ਸੰਭਵ ਨਹੀਂ ਸੀ। ਉਹ ਕਾਂਗਰਸ ਨੂੰ ਸੱਤਾ ਤੋਂ ਲਾਂਭੇ ਰੱਖਣ ਦੀ ਇੱਛਾ ਜ਼ਰੂਰ ਰਖਦੀ ਸੀ ਪ੍ਰੰਤੂ ਇਸ ਉਦੇਸ਼ ਦੀ ਪੂਰਤੀ ਲਈ ਆਪਣੇ ਫ਼ਿਰਕੂ ਪੈਂਤੜੇ ਅੰਦਰ ਨਰਮਾਈ ਲਿਆਉਣ ਦਾ ਰਾਜਨੀਤਕ ਜ਼ੋਖਮ ਨਹੀਂ ਸੀ ਉਠਾ ਸਕਦੀ। ਇਸ ਦੀ ਤੁਲਨਾ ਵਿੱਚ ਅਕਾਲੀ ਲੀਡਰਸ਼ਿਪ ਲਈ ਜਨਸੰਘ ਦੀ ਫ਼ਿਰਕੂ ਜ਼ਿੱਦ ਅੱਗੇ ਲਿਫਣਾ ਅਤੇ ਉਸ ਨੂੰ ਸਿਧਾਂਤਕ ਰਿਆਇਤਾਂ ਦੇਣਾ, ਰਾਜਨੀਤਕ ਤੌਰ 'ਤੇ ਓਨਾ ਮੁਸ਼ਕਲ ਸਵਾਲ ਨਹੀਂ ਸੀ। ਸਿੱਖ ਰਾਜਨੀਤੀ 'ਤੇ ਭਾਰੂ ਹੋਈ ਨਵੀਂ ਅਕਾਲੀ ਲੀਡਰਸ਼ਿਪ ਆਪਣੇ ਵਿਅਕਤੀਗਤ ਕਿਰਦਾਰ ਅਤੇ ਜਮਾਤੀ ਤਾਸੀਰ, ਦੋਨਾਂ ਹੀ ਪੱਖਾਂ ਤੋਂ ਇਸ ਰਾਹ ਉੱਤੇ ਅੱਗੇ ਵਧਣ ਦਾ ਭਰਪੂਰ ਦਮ ਰਖਦੀ ਸੀ। ਧਨਾਢ ਜ਼ਿਮੀਂਦਾਰ ਤਬਕੇ 'ਚੋਂ ਆਈ ਇਸ ਲੀਡਰਸ਼ਿਪ ਦਾ ਸਮਾਜਿਕ ਅਤੇ ਰਾਜਨੀਤਕ ਆਧਾਰ ਮੁੱਖ ਤੌਰ 'ਤੇ ਜੱਟ ਕਿਸਾਨੀ ਅੰਦਰ ਹੈ। ਜੱਟ ਦੇ ਸੁਭਾਅ ਅੰਦਰ ਹੈਂਕੜ ਅਤੇ ਰੁੱਖਾਪਣ ਤਾਂ ਹੈ ਪਰ ਕੱਟੜਪੁਣਾ ਨਹੀਂ। ਉਹ ਸਿਧਾਂਤਾਂ ਦੇ ਮਾਮਲੇ 'ਚ ਘੱਟ ਚੀੜ੍ਹਾ ਅਤੇ ਵਿਚਾਰਾਂ ਦੇ ਮਾਮਲੇ 'ਚ ਵੱਧ ਖੁੱਲ੍ਹ-ਖ਼ਿਆਲੀਆ (ਲਿਬਰਲ) ਹੈ। ਸਿਧਾਂਤਕ ਮਿਜ਼ਾਜ ਉਸਦੇ ਕਿੱਤੇ ਤੇ ਸੁਭਾਅ ਦੇ ਅਨੁਕੂਲ ਨਹੀਂ ਅਤੇ ਉਹ ਆਮ ਜ਼ਿੰਦਗੀ ਅੰਦਰ ਜ਼ਿਆਦਾ ਕਰਕੇ ਵਿਹਾਰ-ਮੁਖੀ (practical) ਪਹੁੰਚ ਅਪਣਾ ਕੇ ਚੱਲਦਾ ਹੈ। ਸ਼ਾਇਦ ਇਸੇ ਵਜ੍ਹਾ ਕਰਕੇ ਉਸ ਅੰਦਰ ਖ਼ਾਲੀ ਸਿਧਾਂਤਾਂ ਤੇ ਅਸੂਲਾਂ ਨਾਲੋਂ ਠੋਸ ਲਾਭਾਂ ਨੂੰ ਤਰਜੀਹ ਦੇਣ ਦੀ ਰੁਚੀ ਭਾਰੂ ਹੈ। ਆਮ ਨਿਯਮ ਦੇ ਤੌਰ 'ਤੇ ਹੀ, ਕਿਸਾਨ ਵਰਗ ਸ਼ਹਿਰੀ ਮੱਧਵਰਗ ਦੀ ਤੁਲਨਾ ਵਿੱਚ ਕੌਮੀ ਮਸਲਿਆਂ ਪ੍ਰਤੀ ਘੱਟ ਸੰਵੇਦਨਸ਼ੀਲ ਹੁੰਦਾ ਹੈ। ਉਸ ਲਈ ਠੋਸ ਆਰਥਿਕ ਮਸਲੇ ਵੱਧ ਅਹਿਮ ਹੁੰਦੇ ਹਨ। ਪੰਜਾਬੀ ਸੂਬੇ ਦੀ ਜਦੋਜਹਿਦ ਅੰਦਰ ਸਿੱਖ ਕਿਸਾਨੀ ਦੁਆਰਾ ਨਿਭਾਈ ਗਈ ਗਤੀਸ਼ੀਲ ਭੂਮਿਕਾ ਦੀ ਪਰਮੁੱਖ ਵਜ੍ਹਾ ਇਹ ਨਹੀਂ ਸੀ ਕਿ ਉਹ ਭਾਸ਼ਾ ਦੇ ਮਸਲੇ ਪ੍ਰਤੀ ਵੱਧ ਕੋਮਲ ਭਾਵੀ ਸੀ। ਬੋਲੀ ਦਾ ਮਸਲਾ ਆਪਣੇ ਆਪ ਵਿੱਚ ਕਿਸਾਨੀ ਦੇ ਵਿਚਾਰ—ਜਗਤ ਅੰਦਰ ਕੋਈ ਬਹੁਤ ਵੱਡੀ ਅਹਿਮੀਅਤ ਨਹੀਂ ਰਖਦਾ। ਪੰਜਾਬੀ ਸੂਬੇ ਦੇ ਮਸਲੇ ਨੂੰ ਉਚਾਰਨ/ਉਭਾਰਨ ਅਤੇ ਇਸ ਨੂੰ ਹਿੰਦੂ ਹਾਕਮਾਂ ਵਿਰੁੱਧ ਸੰਘਰਸ਼ ਦਾ ਪਰਮੁੱਖ ਮੁੱਦਾ ਬਣਾਉਣ ਵਿੱਚ ਪੰਥ ਦੇ ਪੜ੍ਹੇ ਲਿਖੇ ਸ਼ਹਿਰੀ ਹਿੱਸਿਆਂ ਦਾ ਵੱਧ ਯੋਗਦਾਨ ਸੀ। ਉਨ੍ਹਾਂ ਨੇ ਗੱਲ ਰੇੜ੍ਹੇ ਪਾ ਦਿੱਤੀ ਸੀ। ਹਿੰਦੂ ਹਾਕਮਾਂ ਦੁਆਰਾ ਅਕਾਲੀ ਦਲ ਦੀ ਇਸ ਨਿਆਈਂ ਮੰਗ ਪ੍ਰਤੀ ਧਾਰਨ ਕੀਤੇ ਨਕਾਰੀ ਰਵਈਏ ਨਾਲ ਸਿੱਖਾਂ ਦੇ ਵਿਸ਼ਵਾਸ ਅਤੇ ਭਾਵਨਾਵਾਂ ਨੂੰ ਤਕੜੀ ਚੋਟ ਪਹੁੰਚੀ। ਇਹ ਉਨ੍ਹਾਂ ਨੂੰ ਵਿਸ਼ਵਾਸਘਾਤ ਅਤੇ ਸ਼ਰੀਂਹਣ ਬੇਇਨਸਾਫ਼ੀ ਵਾਲੀ ਗੱਲ ਜਾਪੀ। ਕੈਰੋਂ ਪ੍ਰਸ਼ਾਸਨ ਦੇ ਜ਼ੁਲਮੀ ਹੱਥਕੰਡਿਆਂ ਨੇ ਸਿੱਖ

ਭਾਈਚਾਰੇ ਦੀਆਂ ਇਨ੍ਹਾਂ ਵਲੂੰਧਰੀਆਂ ਭਾਵਨਾਵਾਂ ਨੂੰ ਚੁਆਤੀ ਲਾ ਦਿੱਤੀ ਜਿਸ ਨਾਲ ਪੰਜਾਬੀ ਸੂਬੇ ਦਾ ਮਸਲਾ ਸਿੱਖ ਪੰਥ ਲਈ ਮਹਿਜ਼ ਇਕ ਭਾਸ਼ਾਈ/ਸਭਿਆਚਾਰਕ ਮਸਲਾ ਨਾ ਰਹਿ ਕੇ ਪੰਥ ਦੀ ਸ਼ਾਨ ਅਤੇ ਸਵੈ-ਸਨਮਾਨ ਦੀ ਰਾਖੀ ਦਾ ਮਸਲਾ ਬਣ ਗਿਆ। ਜੁਝਾਰੂ ਕੌਮਾਂ ਲਈ ਸਵੈ-ਸਨਮਾਨ ਦਾ ਮਸਲਾ ਹਮੇਸ਼ਾ ਹੀ ਵਧਵੀਂ ਅਹਿਮੀਅਤ ਰਖਦਾ ਹੈ। ਪੰਜਾਬ ਦੇ ਜੱਟ ਕਿਸਾਨ ਉੱਤੇ ਇਹ ਗੱਲ ਖ਼ਾਸ ਤੌਰ 'ਤੇ ਲਾਗੂ ਹੁੰਦੀ ਹੈ। ਜਦ ਕੋਈ ਮਸਲਾ ਉਸਦੇ ਸਵੈ-ਸਨਮਾਨ ਦੇ ਜਜ਼ਬੇ ਨਾਲ ਉਲਝ ਜਾਵੇ ਤਾਂ ਉਹ ਪੂਰੀ ਤਾਕਤ ਨਾਲ ਹਰਕਤ ਵਿੱਚ ਆਉਂਦਾ ਹੈ ਅਤੇ ਫਿਰ ਨਫ਼ੇ ਨੁਕਸਾਨ ਦੀ ਪਰਵਾਹ ਕੀਤੇ ਬਗ਼ੈਰ ਆਖ਼ਰੀ ਦਮ ਤਕ ਲੜਾਈ ਲੜਦਾ ਹੈ। ਆਪਣੀ ਇਸ ਖ਼ਾਸੀਅਤ ਸਦਕਾ ਹੀ ਉਹ ਇਤਿਹਾਸ ਅੰਦਰ ਵੱਡੇ ਮਾਅਰਕੇ ਮਾਰਦਾ ਆਇਆ ਹੈ।[3] ਪੰਜਾਬੀ ਸੂਬੇ ਦੀ ਜਦੋਜਹਿਦ ਅੰਦਰ ਸਿੱਖ ਕਿਸਾਨੀ ਦੇ ਗੌਰਵਸ਼ਾਲੀ ਰੋਲ ਨੂੰ ਇਸ ਦ੍ਰਿਸ਼ਟੀ ਤੋਂ ਦੇਖਿਆ ਜਾਣਾ ਚਾਹੀਦਾ ਹੈ।

ਪੰਜਾਬੀ ਸੂਬੇ ਦੀ ਸਥਾਪਨਾ ਤੇ 'ਹਰੇ ਇਨਕਲਾਬ' ਦੇ ਮੇਲਵੇਂ ਘਟਨਾਕ੍ਰਮ ਨੇ ਸਿੱਖ ਕਿਸਾਨੀ ਦੀ ਰਾਜਸੀ ਸੋਚ, ਰੌਅ ਅਤੇ ਵਤੀਰੇ ਅੰਦਰ ਵੱਡੀ ਤਬਦੀਲੀ ਦੇ ਅਮਲ ਨੂੰ ਉਗਾਸਾ ਦੇ ਦਿੱਤਾ। ਹੁਣ ਉਸ ਲਈ ਪੰਜਾਬ ਅੰਦਰ ਰਾਜਸੀ ਸੱਤਾ ਗ੍ਰਹਿਣ ਕਰਨ ਅਤੇ ਇਸਦੀ ਆਪਣੇ ਜਮਾਤੀ ਆਰਥਿਕ ਹਿਤਾਂ ਦੀ ਰਾਖੀ ਤੇ ਪੂਰਤੀ ਲਈ ਵਰਤੋਂ ਕਰਨ ਦਾ ਕਾਰਜ ਆਮ ਧਾਰਮਿਕ ਅਤੇ ਸਭਿਆਚਾਰਕ ਸਰੋਕਾਰਾਂ ਨਾਲੋਂ ਵਧਵੀਂ ਅਹਿਮੀਅਤ ਅਖ਼ਤਿਆਰ ਕਰ ਗਿਆ। ਇਸ ਨਾਲ ਜ਼ਿਮੀਂਦਾਰ ਵਰਗ ਨਾਲ ਸਬੰਧਤ ਨਵੀਂ ਅਕਾਲੀ ਲੀਡਰਸ਼ਿਪ ਲਈ ਜਨਸੰਘ ਵਰਗੀ ਕੱਟੜ ਹਿੰਦੂ ਫ਼ਿਰਕਾਪ੍ਰਸਤ ਜਮਾਤ ਨਾਲ ਰਾਜਨੀਤਕ ਸੌਦੇਬਾਜ਼ੀ ਅਤੇ ਸਾਂਝ-ਭਿਆਲੀ ਦਾ ਰਾਹ ਖੁਲ੍ਹ ਗਿਆ ਕਿਉਂਕਿ ਹਿੰਦੂ ਵਰਗ ਦਾ ਸਿੱਖ ਪੰਥ ਨਾਲ ਵਿਰੋਧ ਅਤੇ ਝਗੜਾ ਮੁੱਖ ਰੂਪ ਵਿੱਚ ਧਾਰਮਿਕ/ਸਭਿਆਚਰਕ ਮੁੱਦਿਆਂ ਉੱਤੇ ਕੇਂਦਰਤ ਸੀ। ਭਾਵੇਂ ਇਸ ਅੰਦਰ ਆਰਥਿਕ ਪੱਖ ਦੀ ਵੀ ਆਪਣੀ ਇਕ ਭੂਮਿਕਾ ਸੀ ਪਰ ਫਿਰ ਵੀ, ਕੁਲ ਮਿਲਾ ਕੇ, ਆਰਥਿਕ ਪਹਿਲੂ ਇਸ ਝਗੜੇ ਦਾ ਪਰਧਾਨ ਲੱਛਣ ਨਹੀਂ ਸੀ। ਪੰਜਾਬੀ ਹਿੰਦੂ ਵਰਗ, ਭਾਵੇਂ ਅਨਮੰਨੇ ਚਿੱਤ ਨਾਲ ਹੀ, ਅਕਾਲੀ ਦਲ ਨੂੰ ਆਰਥਿਕ ਖੇਤਰ ਅੰਦਰ ਛੋਟਾਂ ਦੇਣ ਲਈ ਤਾਂ ਰਜ਼ਾਮੰਦ ਹੋ ਸਕਦਾ ਸੀ ਪ੍ਰੰਤੂ ਧਾਰਮਿਕ ਸਭਿਆਚਾਰਕ ਮੁੱਦਿਆਂ 'ਤੇ ਪੰਥ ਨੂੰ ਮਾਮੂਲੀ ਰਿਆਇਤ ਦੇਣ ਦੀ ਗੱਲ ਉਸਦੇ ਸੰਘ ਹੇਠੋਂ ਨਹੀਂ ਸੀ ਉਤਰਦੀ। ਇਸ ਕਰਕੇ ਮਾਰਚ 1967 ਵਿੱਚ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਹੇਠਲੀ ਸਾਂਝੀ ਸਰਕਾਰ ਵਿੱਚ ਸ਼ਾਮਲ ਹੋਣ ਲਈ ਜਨਸੰਘ ਨੇ ਆਪਣੇ ਫ਼ਿਰਕੂ ਪੈਂਤੜੇ ਅੰਦਰ ਲਚਕ ਲਿਆਉਣ ਤੋਂ ਕੋਰਾ ਇਨਕਾਰ ਕਰ ਦਿੱਤਾ ਸੀ। ਸਾਂਝੀ ਸਰਕਾਰ ਕਾਇਮ ਕਰਨ ਦੇ ਉਦੇਸ਼ ਨਾਲ ਸਬੰਧਤ ਧਿਰਾਂ ਦੁਆਰਾ ਜੋ ਸਾਂਝਾ ਘੱਟੋ-ਘੱਟ ਪ੍ਰੋਗਰਾਮ ਪਰਵਾਨ ਕੀਤਾ ਗਿਆ, ਉਸ 'ਚੋਂ ਨਵੀਂ ਅਕਾਲੀ ਲੀਡਰਸ਼ਿਪ ਦੇ ਜਮਾਤੀ ਕਿਰਦਾਰ ਅਤੇ ਰਾਜਸੀ ਸਭਿਆਚਾਰ ਬਾਰੇ ਨਿਗਰ ਸੰਕੇਤ ਮਿਲ ਜਾਂਦੇ ਹਨ। ਜਨਸੰਘ ਦੀ ਜ਼ਿਦ ਅਤੇ ਦਬਾਅ ਸਦਕਾ, ਗਿਆਰਾਂ ਨੁਕਤਿਆਂ ਵਿੱਚ ਗੁੰਦੇ ਇਸ ਪ੍ਰੋਗਰਾਮ ਅੰਦਰ ਸਿੱਖ ਪੰਥ ਦੇ ਧਾਰਮਿਕ ਅਤੇ ਸਭਿਆਚਾਰਕ ਸਰੋਕਾਰਾਂ ਨੂੰ ਮੁਕੰਮਲ ਰੂਪ ਵਿੱਚ ਨਜ਼ਰ-ਅੰਦਾਜ਼ ਕਰ ਦਿੱਤਾ ਗਿਆ।[4] ਅਕਾਲੀ ਲੀਡਰਸ਼ਿਪ ਦੁਆਰਾ ਜਨਸੰਘ ਨੂੰ ਦਿੱਤੀ ਇਹ ਰਿਆਇਤ ਮਾਮੂਲੀ ਨਹੀਂ ਸੀ। ਇਹ ਪੰਜਾਬੀ ਸੂਬੇ ਦੀ ਸਥਾਪਨਾ ਦੇ ਮੂਲ ਉਦੇਸ਼ ਤੇ ਭਾਵਨਾ ਦਾ ਕਤਲ ਕਰ ਸੁੱਟਣ ਵਾਲੀ ਗੱਲ ਸੀ। ਕਿਉਂਕਿ ਦੇਖਿਆ ਜਾਵੇ ਤਾਂ ਸਿੱਖ ਕੌਮ ਦੇ ਦ੍ਰਿਸ਼ਟੀਕੋਣ ਤੋਂ ਪੰਜਾਬੀ ਸੂਬੇ ਦੀ ਸਥਾਪਨਾ ਦਾ ਸਭ ਨਾਲੋਂ ਅਹਿਮ ਅਤੇ ਪਰਮੁੱਖ ਉਦੇਸ਼ ਸਿੱਖ ਧਰਮ ਤੇ ਸਭਿਆਚਾਰ ਦੀ ਹਿੰਦੂਵਾਦੀ ਗ਼ਲਬੇ ਤੋਂ ਰੱਖਿਆ ਕਰਨੀ ਅਤੇ ਸਿੱਖ ਕੌਮ ਦੇ ਸੁਤੰਤਰ ਵਿਕਾਸ ਲਈ ਅਨੁਕੂਲ ਹਾਲਤਾਂ ਪੈਦਾ ਕਰਨਾ ਸੀ। ਇਸੇ ਵਜ੍ਹਾ

ਕਰਕੇ ਹੀ ਹਿੰਦੂਵਾਦੀ ਤਾਕਤਾਂ ਨੇ ਪੰਜਾਬੀ ਸੂਬੇ ਦੀ ਸਥਾਪਨਾ ਦਾ ਰਾਹ ਬੰਦ ਕਰਨ ਲਈ ਆਪਣੀ ਪੂਰੀ ਵਾਹ ਲਾ ਦਿੱਤੀ ਸੀ। ਪਰ ਜਦ ਉਨ੍ਹਾਂ ਦੇ ਸਾਰੇ ਯਤਨਾਂ ਦੇ ਬਾਵਜੂਦ ਭਾਰਤੀ ਹਾਕਮਾਂ ਨੂੰ ਮਜਬੂਰੀ ਵੱਸ ਪੰਜਾਬ ਦੇ ਪੁਨਰਗਠਨ ਨਾਲ ਸਹਿਮਤੀ ਪ੍ਰਗਟਾਉਣ ਦਾ ਕੌੜਾ ਘੁਟ ਭਰਨਾ ਪੈ ਗਿਆ ਤਾਂ ਹਿੰਦੂਵਾਦੀ ਤਾਕਤਾਂ ਨੇ ਆਪਣੀਆਂ ਫ਼ਿਰਕੂ ਕੋਸ਼ਿਸ਼ਾਂ ਦਾ ਮੂੰਹ ਭਾਰਤੀ ਹਾਕਮਾਂ ਵੱਲੋਂ ਮਜਬੂਰੀ ਵੱਸ ਚੁੱਕੇ ਇਸ ਕਦਮ ਨੂੰ ਬੇਅਸਰ ਕਰਨ ਦੀ ਦਿਸ਼ਾ ਵੱਲ ਘੁਮਾ ਦਿੱਤਾ।

ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਨੂੰ ਇਸ ਗੱਲ ਦੀ ਪੂਰੀ ਸੋਝੀ ਹੈ ਕਿ ਕੌਮਾਂ ਦਾ ਆਚਰਨ ਉਨ੍ਹਾਂ ਦੀ ਮਾਂ-ਬੋਲੀ ਦੀ ਉੱਨਤੀ ਅਤੇ ਤਕੜਾਈ ਉੱਤੇ ਨਿਰਭਰ ਕਰਦਾ ਹੈ। ਇਸ ਕਰਕੇ ਕਿਸੇ ਕੌਮ ਨੂੰ ਬਲਹੀਣ ਕਰਨ ਦਾ ਸਭ ਤੋਂ ਕਾਰਗਰ ਉਪਾਅ ਉਸਦੀ ਬੋਲੀ ਤੇ ਸਭਿਆਚਾਰ ਦੇ ਵਿਕਾਸ ਦੇ ਰਾਹ ਬੰਦ ਕਰ ਦੇਣਾ ਹੈ। ਇਸੇ ਸੋਚ ਤੇ ਭਾਵਨਾ ਤਹਿਤ ਹਿੰਦੂਵਾਦੀ ਤਾਕਤਾਂ ਨੇ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਪੰਜਾਬ ਅੰਦਰ ਪੰਜਾਬੀ ਦੇ ਵਿਰੋਧ ਦੇ ਪੈਂਤੜੇ ਉੱਤੇ ਦੂਣੀ ਦੱਬ ਦੇ ਦਿੱਤੀ। ਉਨ੍ਹਾਂ ਪੰਜਾਬ ਅੰਦਰ ਪੰਜਾਬੀ ਬੋਲੀ ਨੂੰ ਉਸਦਾ ਬਣਦਾ ਹੱਕ ਦੇਣ ਦੀ ਕਿਸੇ ਵੀ ਕੋਸ਼ਿਸ਼ ਨੂੰ ਨਾਕਾਮ ਕਰ ਦੇਣ ਦਾ ਦ੍ਰਿੜ੍ਹ ਨਿਸ਼ਚਾ ਕਰ ਲਿਆ। ਇਸ ਕਰਕੇ ਜਦ ਜਨਸੰਘ ਦੀ ਲੀਡਰਸ਼ਿਪ ਨੂੰ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਹੇਠਲੀ ਮਿਲੀ-ਜੁਲੀ ਸਰਕਾਰ ਵਿੱਚ ਸ਼ਾਮਲ ਹੋਣ ਦਾ ਸੁਆਲ ਪਾਇਆ ਗਿਆ ਤਾਂ ਉਸਨੇ ਆਪਣੀ ਪੰਜਾਬੀ ਦੇ ਜ਼ੱਦੀ ਵਿਰੋਧ ਦੀ ਪੋਜ਼ੀਸ਼ਨ ਤੋਂ ਸੂਤ ਭਰ ਵੀ ਪਿਛਾਂਹ ਹੱਟਣ ਤੋਂ ਦ੍ਰਿੜ੍ਹ ਇਨਕਾਰ ਕਰ ਦਿੱਤਾ ਅਤੇ ਪੰਜਾਬੀ ਬੋਲੀ ਤੇ ਸਭਿਆਚਾਰ ਦੇ ਵਿਕਾਸ ਦੇ ਸ਼੍ਰੋਮਣੀ ਮਹੱਤਤਾ ਵਾਲੇ ਮਸਲੇ ਨੂੰ ਗਿਆਰਾਂ ਨੁਕਾਤੀ ਪ੍ਰੋਗਰਾਮ ਵਿੱਚ ਸ਼ਾਮਲ ਨਾ ਕਰਨ ਦੀ ਜ਼ਿਦ ਪੁਗਾ ਕੇ ਹੀ ਸਰਕਾਰ ਵਿੱਚ ਸ਼ਾਮਲ ਹੋਣ ਦੀ ਸਹਿਮਤੀ ਪ੍ਰਗਟਾਈ। ਪਰ ਇਤਿਹਾਸ ਦਾ ਕਰੂਰ ਵਿਅੰਗ ਦੇਖੋ ਕਿ ਜਿਹੜੀ ਪਾਰਟੀ ਉੱਨੀ ਸਾਲਾਂ ਤੋਂ ਪੰਜਾਬੀ ਸੂਬੇ ਲਈ ਨਿਰੰਤਰ ਜਦੋਜਹਿਦ ਕਰਦੀ ਆ ਰਹੀ ਸੀ ਉਸਦੀ ਲੀਡਰਸ਼ਿਪ ਨੇ ਜਨਸੰਘ ਨਾਲ ਸਮਝੌਤਾ ਕਰਨ ਮੌਕੇ ਪੰਜਾਬ ਅੰਦਰ ਪੰਜਾਬੀ ਬੋਲੀ ਨੂੰ ਉਸਦਾ ਬਣਦਾ ਹੱਕ ਦੇਣ ਦੇ ਮਸਲੇ ਨੂੰ ਅਸੂਲ ਦਾ ਮਸਲਾ ਬਣਾਉਣਾ ਜ਼ਰੂਰੀ ਨਾ ਸਮਝਿਆ ਅਤੇ ਹਕੂਮਤੀ ਸੱਤਾ ਦੇ ਲਾਲਚ ਵਿੱਚ ਆ ਕੇ ਜਨਸੰਘ ਦੀ ਫ਼ਿਰਕੂ ਜ਼ਿੱਦ ਅੱਗੇ ਗੋਡੇ ਟੇਕ ਦੇਣ ਵਿੱਚ ਰਤੀ ਭਰ ਵੀ ਝਿਜਕ ਜਾਂ ਸ਼ਰਮ ਮਹਿਸੂਸ ਨਹੀਂ ਕੀਤੀ।

ਅਕਾਲੀ ਲੀਡਰਸ਼ਿਪ ਦੁਆਰਾ ਰਾਜ-ਭਾਗ ਦੇ ਲੋਭ-ਜਾਲ ਵਿੱਚ ਫਸ ਕੇ ਪੰਜਾਬੀ ਬੋਲੀ ਦੇ ਹਿਤਾਂ ਦੀ ਰਾਖੀ ਦੇ ਕਾਰਜ ਤੋਂ ਇਸ ਕਦਰ ਮੂੰਹ ਭੂੰਆ ਲੈਣਾ, ਉਸਦੀ ਕੋਈ ਮਾਮੂਲੀ ਉਕਾਈ ਜਾਂ ਆਰਜ਼ੀ ਥਿੜਕਣਬਾਜ਼ੀ ਨਹੀਂ ਸੀ। ਇਹ ਅਕਾਲੀ ਰਾਜਨੀਤੀ ਦੀ ਰਵਾਇਤੀ ਸੇਧ ਅੰਦਰ ਇਕ ਵੱਡੀ ਰੱਦੋਬਦਲ ਦਾ ਗੂੰਜਵਾਂ ਸੰਕੇਤ ਸੀ। ਰਾਜਨੀਤੀ ਦੇ ਖੇਤਰ ਅੰਦਰ ਭੁੱਲਾਂ ਪਹਿਲੀ ਅਕਾਲੀ ਲੀਡਰਸ਼ਿਪ ਕੋਲੋਂ ਵੀ ਬਥੇਰੀਆਂ ਹੋਈਆਂ ਸਨ ਅਤੇ ਆਗੂਆਂ ਦੀਆਂ ਵਿਅਕਤੀਗਤ ਕਮਜ਼ੋਰੀਆਂ ਨੇ ਸਿੱਖ ਲਹਿਰ ਨੂੰ ਪਹਿਲਾਂ ਵੀ ਵੱਡੀਆਂ ਫੇਟਾਂ ਮਾਰੀਆਂ ਸਨ ਪਰ ਇਸ ਦੇ ਬਾਵਜੂਦ, ਅਕਾਲੀ ਰਾਜਨੀਤੀ ਅੰਦਰ ਕਿਸੇ ਇਕ ਜਾਂ ਦੂਜੇ ਸਮਾਜੀ ਵਰਗ ਦੇ ਜਮਾਤੀ ਆਰਥਿਕ ਹਿਤਾਂ ਨੂੰ ਸਿੱਖ ਪੰਥ ਦੇ ਧਾਰਮਿਕ ਤੇ ਸਭਿਆਚਾਰਕ ਸਰੋਕਾਰਾਂ ਨਾਲੋਂ ਪ੍ਰਮੁੱਖਤਾ ਦੇਣ ਦੀ ਕੋਈ ਪਿਰਤ ਨਹੀਂ ਸੀ। ਪ੍ਰੋਢ੍ਹ ਜ਼ਿਮੀਂਦਾਰ ਵਰਗ 'ਚੋਂ ਆਈ ਨਵੀਂ ਅਕਾਲੀ ਲੀਡਰਸ਼ਿਪ ਨੇ ਅਕਾਲੀ ਦਲ ਦੀ ਇਸ ਮਰਿਆਦਾ ਨੂੰ ਸਿਰ ਭਾਰ ਖੜਾ ਕਰ ਦਿੱਤਾ।

ਕਿਸੇ ਵੀ ਕੌਮੀ ਭਾਈਚਾਰੇ ਦੀ ਰਾਜਸੀ ਲੀਡਰਸ਼ਿਪ ਦਾ ਰਾਜਨੀਤਕ ਆਚਾਰ ਤਿੰਨ ਗੱਲਾਂ ਤੋਂ ਪ੍ਰਭਾਵਿਤ ਹੁੰਦਾ ਹੈ। ਇਕ, ਉਸਦੀ ਆਪਣੇ ਭਾਈਚਾਰੇ ਦੇ ਕੌਮੀ ਹਿਤਾਂ

ਨਾਲ ਪ੍ਰਤੀਬੱਧਤਾ। ਦੂਜਾ, ਉਸਦਾ ਆਪਣੇ ਸਮਾਜੀ ਵਰਗ ਦੇ ਜਮਾਤੀ ਆਰਥਿਕ ਹਿਤਾਂ ਨਾਲ ਲਗਾਉ। ਤੀਜਾ, ਉਸ ਅੰਦਰ ਮੌਜੂਦ ਨਿਜ-ਪ੍ਰਸਤੀ ਦੀ ਭਾਵਨਾ। ਕਿਰਦਾਰ ਉਸਾਰੀ ਅੰਦਰ ਇਨ੍ਹਾਂ ਤਿੰਨਾਂ ਪੱਖਾਂ ਦਾ ਯੋਗਦਾਨ ਰਲਵਾਂ ਹੁੰਦਾ ਹੈ ਪਰ ਇਕ-ਸਮਾਨ ਨਹੀਂ ਹੁੰਦਾ। ਇਨ੍ਹਾਂ 'ਚੋਂ ਕੋਈ ਇਕ ਪੱਖ ਪਰਧਾਨ ਹੁੰਦਾ ਹੈ ਅਤੇ ਉਸ ਤੋਂ ਹੀ ਲੀਡਰਸ਼ਿਪ ਦਾ ਮੂਲ ਚਰਿਤਰ ਨਿਰਧਾਰਤ ਹੁੰਦਾ ਹੈ। ਇਸ ਦ੍ਰਿਸ਼ਟੀ ਤੋਂ ਦੇਖਿਆਂ ਪੇਂਡੂ ਜ਼ਿਮੀਂਦਾਰ ਵਰਗ 'ਚੋਂ ਆਈ ਨਵੀਂ ਅਕਾਲੀ ਲੀਡਰਸ਼ਿਪ ਦੀ ਖ਼ਾਸ ਗੱਲ ਇਹ ਹੈ ਕਿ ਉਸਨੂੰ ਸਿੱਖ ਪੰਥ ਦੇ ਆਮ ਕੌਮੀ ਹਿਤਾਂ ਨਾਲੋਂ ਆਪਣੇ ਜਮਾਤੀ ਆਰਥਿਕ ਹਿਤ ਕਿਤੇ ਵੱਧ ਪਿਆਰੇ ਹਨ। ਇਸ ਕਰਕੇ ਮਸਲਾ ਹਕੂਮਤੀ ਸੱਤਾ ਹਾਸਲ ਕਰਨ ਦਾ ਹੋਵੇ ਜਾਂ ਇਸ ਦਾ ਇਸਤੇਮਾਲ ਕਰਨ ਦਾ, ਦੋਨੋਂ ਹੀ ਮਾਮਲਿਆਂ 'ਚ ਉਸਨੇ ਪੰਥ ਦੇ ਕੌਮੀ ਹਿਤਾਂ ਨਾਲੋਂ ਆਪਣੀਆਂ ਜਮਾਤੀ ਗ਼ਰਜ਼ਾਂ ਅਤੇ ਲੋੜਾਂ ਨੂੰ ਪ੍ਰਮੁੱਖਤਾ ਦੇਣ ਦੀ ਅਡੋਲ ਪ੍ਰਵਿਰਤੀ ਪ੍ਰਗਟਾਈ ਹੈ। 1967 ਵਿੱਚ ਪੰਜਾਬ ਦੀਆਂ ਗ਼ੈਰ-ਕਾਂਗਰਸੀ ਧਿਰਾਂ ਦੁਆਰਾ ਪਰਵਾਨ ਕੀਤੇ ਗਏ ਗਿਆਰਾਂ ਨੁਕਾਤੀ ਪ੍ਰੋਗਰਾਮ ਉੱਤੇ ਸਰਸਰੀ ਨਜ਼ਰ ਮਾਰਿਆਂ ਹੀ ਨਵੀਂ ਅਕਾਲੀ ਲੀਡਰਸ਼ਿਪ ਦਾ ਇਹ ਝੁਕਾਅ ਸਾਫ਼ ਪਛਾਣਿਆ ਜਾ ਸਕਦਾ ਹੈ। ਪ੍ਰੋਗਰਾਮ ਨੂੰ ਪੜ੍ਹਿਆਂ ਇਹ ਪਰਭਾਵ ਬਣਦਾ ਹੈ ਜਿਵੇਂ ਅਕਾਲੀ ਦਲ ਦੁਆਰਾ ਹਕੂਮਤੀ ਸੱਤਾ ਹਾਸਲ ਕਰਨ ਦਾ ਇਕਮਾਤਰ ਉਦੇਸ਼ ਕਿਸਾਨ ਵਰਗ ਦੇ ਜਮਾਤੀ ਆਰਥਿਕ ਹਿਤਾਂ ਦੀ ਰੱਖਿਆ ਕਰਨਾ ਹੈ। ਪ੍ਰੋਗਰਾਮ ਅੰਦਰ ਸਿੱਖ ਕੌਮ ਦੇ ਧਾਰਮਿਕ ਤੇ ਸਭਿਆਚਾਰਕ ਸਰੋਕਾਰਾਂ ਦਾ ਕਿਤੇ ਇਸ਼ਾਰੇ ਮਾਤਰ ਵੀ ਜ਼ਿਕਰ ਦਿਖਾਈ ਨਹੀਂ ਦਿੰਦਾ। ਇਸ ਗੱਲ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਇਹ ਪ੍ਰੋਗਰਾਮ ਅਲੱਗ-ਅਲੱਗ ਵਿਚਾਰਧਾਰਾ ਨੂੰ ਪਰਨਾਈਆਂ ਰਾਜਸੀ ਧਿਰਾਂ ਦਾ 'ਸਮਝੌਤਾ ਦਸਤਾਵੇਜ਼' ਸੀ ਜੋ ਅਕਾਲੀ ਦਲ ਦੇ ਸੰਪੂਰਨ ਨੁਕਤਾ-ਨਜ਼ਰ ਨੂੰ ਰੂਪਮਾਨ ਨਹੀਂ ਸੀ ਕਰਦਾ, ਬਲਕਿ ਸਭਨਾਂ ਧਿਰਾਂ ਦੀ ਸਹਿਮਤੀ ਵਾਲੇ ਨੁਕਤਿਆਂ ਦੀ ਹੀ ਗੱਲ ਕਰਦਾ ਸੀ। ਪਰ ਕਈ ਵੇਰਾਂ ਕਿਸੇ ਰਾਜਸੀ ਧਿਰ ਦੇ ਹਕੀਕੀ ਕਿਰਦਾਰ ਨੂੰ ਸਮਝਣ ਲਈ ਅਜਿਹੇ ਸਮਝੌਤਾ ਦਸਤਾਵੇਜ਼ ਕਿਤੇ ਜ਼ਿਆਦਾ ਉਪਯੋਗੀ ਸਾਬਤ ਹੁੰਦੇ ਹਨ। ਜਿੱਥੇ ਇਹ ਗੱਲ ਠੀਕ ਹੈ ਕਿ ਸਮਝੌਤੇ ਰਾਜਨੀਤੀ ਦਾ ਜ਼ਰੂਰੀ ਅੰਗ ਹੁੰਦੇ ਹਨ, ਉਥੇ ਨਾਲ ਹੀ ਇਹ ਗੱਲ ਵੀ ਚੇਤੇ ਰਹਿਣੀ ਚਾਹੀਦੀ ਹੈ ਕਿ ਹਰ ਸਮਝੌਤੇ ਨੂੰ, ਬਿਨਾਂ ਛੋਟ, ਜਾਇਜ਼ ਕਰਾਰ ਨਹੀਂ ਦਿੱਤਾ ਜਾ ਸਕਦਾ। ਕਿਸੇ ਵੀ ਸਮਝੌਤੇ ਦੇ ਸਬੰਧ ਵਿੱਚ ਕੁੱਲ ਤੋਂ ਅਹਿਮ ਤੇ ਨਿਰਣਾਇਕ ਗੱਲ ਇਹ ਹੁੰਦੀ ਹੈ ਕਿ ਉਸਦੇ ਜ਼ਰੀਏ ਰਾਜਸੀ ਧਿਰ ਦੇ ਹਿਤਾਂ ਦੀ ਪੂਰਨ ਰੂਪ ਵਿੱਚ ਪੂਰਤੀ ਭਲੇ ਹੀ ਨਾ ਹੁੰਦੀ ਹੋਵੇ ਪਰ ਉਹ ਸਬੰਧਤ ਧਿਰ ਦੇ ਜ਼ਰੂਰੀ ਹਿਤਾਂ ਦੇ ਉਲਟ ਕਦਾਚਿਤ ਨਹੀਂ ਭੁਗਤਣਾ ਚਾਹੀਦਾ। ਇਸ ਤਰ੍ਹਾਂ, ਸਮਝੌਤੇ ਦਾ ਅਮਲ ਕਿਸੇ ਰਾਜਸੀ ਧਿਰ ਬਾਰੇ ਇਹ ਅਨੁਮਾਨ ਲਾਉਣ ਵਿੱਚ ਸਹਾਈ ਹੁੰਦਾ ਹੈ ਕਿ ਉਹ ਆਪਣੇ ਜ਼ਰੂਰੀ ਹਿਤਾਂ ਬਾਰੇ ਕਿੰਨੀ ਕੁ ਸੁਚੇਤ ਹੈ ਅਤੇ ਉਸ ਅੰਦਰ ਇਨ੍ਹਾਂ ਹਿਤਾਂ ਉੱਤੇ ਪਹਿਰਾ ਦੇਣ ਦੀ ਕਿੰਨੀ ਕੁ ਸਿਆਸੀ ਦ੍ਰਿੜ੍ਹਤਾ ਹੈ। ਅਕਾਲੀ ਲੀਡਰਸ਼ਿਪ ਬਾਰੇ ਆਮ ਧਾਰਨਾ ਹੈ ਕਿ ਉਹ ਲੜਨ ਵਿੱਚ ਜਿੰਨੀ ਸਮਰੱਥ ਹੈ, ਸਮਝੌਤੇ ਦੇ ਮਾਮਲੇ ਵਿੱਚ ਓਨੀ ਹੀ ਨਖਿੱਧ ਹੈ। ਅਕਾਲੀ ਲੀਡਰਸ਼ਿਪ ਬਾਰੇ ਇਕ ਹੋਰ ਏਨੀ ਹੀ ਮਕਬੂਲ ਧਾਰਨਾ ਇਹ ਹੈ ਕਿ ਉਹ ਰਾਜਸੀ ਸੱਤਾ ਉੱਤੇ ਪਹੁੰਚਣ ਲਈ ਜੋ ਲੁਭਾਉਣੇ ਨਾਹਰੇ ਦਿੰਦੀ ਹੈ, ਰਾਜਸੀ ਸੱਤਾ ਉੱਤੇ ਕਾਬਜ਼ ਹੁੰਦਿਆਂ ਹੀ ਉਨ੍ਹਾਂ ਨੂੰ ਚੇਤੇ 'ਚੋਂ ਵਿਸਾਰ ਦਿੰਦੀ ਹੈ। ਇਨ੍ਹਾਂ ਧਾਰਨਾਵਾਂ ਬਾਰੇ ਦੋ ਗੱਲਾਂ ਅਹਿਮ ਹਨ। ਇਕ ਤਾਂ ਇਹ ਦੋਨੋਂ ਗੱਲਾਂ ਉੱਕਾ ਹੀ ਅਲੱਗ-ਅਲੱਗ ਨਹੀਂ ਸਗੋਂ ਆਪਸ ਵਿੱਚ ਗੂੜ੍ਹੀ ਤਰ੍ਹਾਂ ਜੁੜੀਆਂ ਹੋਈਆਂ ਹਨ। ਦੂਜਾ, ਇਹ ਸਚਾਈ ਨੂੰ ਅੱਧ-ਪਚੱਧੇ ਅਤੇ ਉਘੜੇ-ਦੁਘੜੇ ਰੂਪ ਵਿੱਚ ਹੀ ਰੂਪਮਾਨ ਕਰਦੀਆਂ ਹਨ, ਸੰਪੂਰਨ ਅਤੇ

ਸੰਵਰੇ-ਨਿਖਰੇ ਰੂਪ ਵਿੱਚ ਨਹੀਂ। ਇਹ ਗੱਲ ਠੀਕ ਹੈ ਕਿ ਅਕਾਲੀ ਲੀਡਰਸ਼ਿਪ ਜਦ ਵੀ ਹਿੰਦੂ ਵਰਗ ਜਾਂ ਹਿੰਦੂ ਹਾਕਮਾਂ ਨਾਲ ਸਮਝੌਤਾ ਕਰਦੀ ਹੈ ਤਾਂ ਉਹ ਹਮੇਸ਼ਾ ਕੁਝ ਅਤੀ ਅਹਿਮ ਮੁੱਦਿਆਂ ਨੂੰ ਲਾਂਭੇ ਛੱਡ ਦਿੰਦੀ ਹੈ। ਇਸੇ ਤਰ੍ਹਾਂ ਜਦ ਉਹ ਹਕੂਮਤੀ ਕੁਰਸੀਆਂ ਉੱਤੇ ਬਿਰਾਜਮਾਨ ਹੁੰਦੀ ਹੈ ਤਾਂ ਅਕਸਰ ਆਪਣੇ ਕੁਝ ਐਲਾਨੇ ਉਦੇਸ਼ਾਂ ਤੇ ਨਾਅਰਿਆਂ ਨੂੰ ਚੇਤੇ 'ਚੋਂ ਵਿਸਾਰ ਦਿੰਦੀ ਹੈ। ਪਰ ਇਸ ਦਾ ਇਹ ਮਤਲਬ ਕਦਾਚਿਤ ਨਹੀਂ ਕਿ ਉਸਨੂੰ ਸਮਝੌਤਾ ਕਰਨ ਵੇਲੇ ਆਪਣੇ ਹਿਤਾਂ ਦੀ ਕੋਈ ਸੁੱਧ-ਬੁੱਧ ਹੀ ਨਹੀਂ ਰਹਿੰਦੀ ਜਾਂ ਰਾਜ ਸੱਤਾ ਉੱਤੇ ਕਾਬਜ਼ ਹੋਣ ਤੋਂ ਬਾਅਦ ਉਹ ਸਭ ਕੁਝ ਹੀ ਭੁੱਲ-ਭੁਲਾਅ ਜਾਂਦੀ ਹੈ। ਉਸ ਦੀ ਇਸ ਭੁੱਲ-ਭੁਲਾਅ ਜਾਣ ਅਤੇ ਚੇਤੇ ਰੱਖਣ ਦੀ ਰਾਜਨੀਤੀ (the politics of forgetting and remembering) ਦਾ ਇਕ ਨਿਸ਼ਚਤ ਪੈਟਰਨ ਹੈ। ਹਿੰਦੂ ਵਰਗ ਨਾਲ ਆਪਣੀਆਂ ਰਾਜਸੀ ਪ੍ਰੀਤਾਂ ਪਾਉਣ ਅਤੇ ਨਿਭਾਉਣ ਲਈ ਉਸ ਨੂੰ ਜੇ ਕਦੇ ਕੁਝ 'ਛੱਡਣ' ਜਾਂ 'ਭੁੱਲਣ' ਦੀ ਲੋੜ ਪਈ ਤਾਂ ਉਸਨੇ ਹਮੇਸ਼ਾ ਸਿੱਖ ਪੰਥ ਦੇ ਆਮ ਹਿਤਾਂ ਦੀ ਬਲੀ ਦੇਣ ਅਤੇ ਆਪਣੇ ਜਮਾਤੀ ਹਿਤਾਂ ਦੀ ਸਾਵਧਾਨੀ ਨਾਲ ਰੱਖਿਆ ਕਰਨ ਦਾ ਅਡੋਲ ਪੈਂਤੜਾ ਅਪਣਾਇਆ। ਉਸ ਦੀ ਚੋਣ ਸਪਸ਼ਟ ਹੈ। ਸਮਝੌਤਾ ਕਰਨ ਵੇਲੇ ਉਹ ਜਿਨ੍ਹਾਂ 'ਜ਼ਰੂਰੀ ਹਿਤਾਂ' ਦਾ ਖ਼ਿਆਲ ਰੱਖਦੀ ਹੈ, ਉਹ ਕਿਸਾਨ ਵਰਗ ਦੇ, ਖ਼ਾਸ ਕਰਕੇ ਇਸ ਦੀਆਂ ਧਨਾਢ ਪਰਤਾਂ ਦੇ ਜ਼ਮਾਤੀ ਆਰਥਿਕ ਹਿਤ ਹਨ ਅਤੇ ਹਿੰਦੂ ਵਰਗ (ਤੇ ਹਿੰਦੂ ਹਾਕਮਾਂ) ਦੀ ਸੰਤੁਸ਼ਟੀ ਲਈ ਉਹ ਜਿਨ੍ਹਾਂ 'ਗ਼ੈਰ-ਜ਼ਰੂਰੀ' ਹਿਤਾਂ ਵੱਲ ਆਪਣੀ ਪਿੱਠ ਕਰ ਲੈਂਦੀ ਹੈ, ਉਹ ਸਿੱਖ ਪੰਥ ਦੇ ਆਮ ਕੌਮੀ ਹਿਤ ਹਨ।

1967 ਵਿੱਚ ਪੰਜਾਬ ਦਾ ਹਿੰਦੂ ਵਰਗ ਧਰਮ ਅਤੇ ਸਭਿਆਚਾਰ ਨਾਲ ਜੁੜੇ ਮਸਲਿਆਂ ਉੱਤੇ ਅਕਾਲੀ ਦਲ ਨੂੰ ਨਹੁੰ ਜਿੰਨੀ ਵੀ ਰਿਆਇਤ ਦੇਣ ਲਈ ਰਾਜ਼ੀ ਨਹੀਂ ਸੀ। ਜ਼ਿਮੀਂਦਾਰ ਵਰਗ 'ਚੋਂ ਆਈ ਨਵੀਂ ਅਕਾਲੀ ਲੀਡਰਸ਼ਿਪ ਲਈ ਵੀ ਇਹ ਮਸਲੇ ਪਰਮੁੱਖ ਨਹੀਂ, ਬਲਕਿ ਦੋਮ-ਦਰਜੇ ਦੀ ਅਹਿਮੀਅਤ ਰਖਦੇ ਸਨ। ਇਸ ਲਈ ਬਾਵਜੂਦ ਇਸ ਤੱਥ ਦੇ ਕਿ ਅਕਾਲੀ ਦਲ ਉੱਨੀ ਵਰ੍ਹਿਆਂ ਤੋਂ ਇਨ੍ਹਾਂ ਹੀ ਮਸਲਿਆਂ ਉੱਤੇ ਹਿੰਦੂ ਤਾਕਤਾਂ ਵਿਰੁੱਧ ਨਿਰੰਤਰ ਜਦੋਜਹਿਦ ਕਰਦਾ ਆ ਰਿਹਾ ਸੀ, ਅਕਾਲੀ ਲੀਡਰਸ਼ਿਪ ਨੂੰ ਇਨ੍ਹਾਂ ਮਸਲਿਆਂ ਵੱਲ ਪਿੱਠ ਕਰਕੇ ਹਕੂਮਤੀ ਆਸਣ ਗ੍ਰਹਿਣ ਕਰਨ ਵਿੱਚ ਭੋਰਾ ਜਿੰਨੀ ਵੀ ਦਿੱਕਤ ਜਾਂ ਚੁੱਭਣ ਮਹਿਸੂਸ ਨਹੀਂ ਹੋਈ। ਕਾਰਨ ਇਹ ਕਿ ਪਹਿਲੀ ਲੀਡਰਸ਼ਿਪ ਦੀ ਤੁਲਨਾ ਵਿੱਚ ਨਵੀਂ ਅਕਾਲੀ ਲੀਡਰਸ਼ਿਪ ਲਈ ਸਿੱਖ ਧਰਮ ਅਤੇ ਸਭਿਆਚਾਰ ਦੀ ਰਾਖੀ ਦਾ ਕਾਰਜ ਓਨਾ ਅਹਿਮ ਨਹੀਂ ਸੀ ਰਿਹਾ। ਉਸ ਲਈ ਆਪਣੇ ਜਮਾਤੀ ਆਰਥਿਕ ਹਿਤਾਂ ਦੀ ਰਾਖੀ ਦਾ ਕਾਰਜ ਕਿਤੇ ਵੱਧ ਅਹਿਮੀਅਤ ਅਖ਼ਤਿਆਰ ਕਰ ਗਿਆ ਸੀ। ਇਸ ਕਰਕੇ ਉਸਨੇ ਗਿਆਰਾਂ ਨੁਕਾਤੀ ਪ੍ਰੋਗਰਾਮ ਅੰਦਰ "ਖੇਤੀ ਪੈਦਾਵਾਰ ਵਿੱਚ ਵਾਧੇ ਲਈ ਕਿਸਾਨਾਂ ਨੂੰ ਉਚੇਚਾ ਉਤਸ਼ਾਹ" ਦੇਣ ਅਤੇ "ਪੰਜ ਏਕੜ ਤਕ ਦੀ ਮਾਲਕੀ ਵਾਲੇ ਕਿਸਾਨਾਂ ਦਾ ਮਾਲੀਆ ਮਾਫ਼ ਕਰਨ" ਦੀਆਂ ਮੱਦਾਂ ਸ਼ਾਮਲ ਕਰਾਉਣ ਵਿੱਚ ਉਚੇਚੀ ਦਿਲਚਸਪੀ ਪ੍ਰਗਟਾਈ। ਅਕਾਲੀ ਲੀਡਰਸ਼ਿਪ ਦੁਆਰਾ ਸਾਂਝੇ ਪ੍ਰੋਗਰਾਮ ਅੰਦਰ ਇਹ ਕਿਸਾਨ ਪੱਖੀ ਮੱਦਾਂ ਸ਼ਾਮਲ ਕਰਨ ਉੱਤੇ ਜ਼ੋਰ ਦੇਣਾ ਆਪਣੇ ਆਪ ਵਿੱਚ ਕੋਈ ਬੁਰਾਈ ਨਹੀਂ ਬਣਦੀ। ਪਰ ਜਦ ਇਕ ਵਰਗ-ਵਿਸ਼ੇਸ਼ ਦੇ ਜਮਾਤੀ ਆਰਥਿਕ ਹਿਤਾਂ ਨੂੰ ਪੰਥ ਦੇ ਬੁਨਿਆਦੀ ਹਿਤਾਂ ਨਾਲੋਂ ਉੱਪਰ ਰੱਖਿਆ ਜਾਂਦਾ ਹੈ ਤਾਂ ਇਸ ਨਾਲ ਪੰਥਕ ਕਾਜ਼ ਨੂੰ ਯਕੀਨਨ ਹੀ ਗਹਿਰੀ ਢਾਹ ਲੱਗਦੀ ਹੈ। ਇਸ ਕਰਕੇ ਅਕਾਲੀ ਦਲ ਨੂੰ ਜਦ ਵੀ ਰਾਜ ਕਰਨ ਦਾ ਮੌਕਾ ਮਿਲਿਆ ਤਾਂ ਉਸਨੇ ਪੇਂਡੂ ਖੇਤਰ ਦੇ ਵਿਕਾਸ ਅਤੇ ਕਿਸਾਨ ਵਰਗ ਦੀ ਬਿਹਤਰੀ ਲਈ ਯਕੀਨਨ ਕੁਝ ਕਾਬਲੇ-ਤਾਰੀਫ਼ ਕਦਮ ਉਠਾਏ। ਪਰ ਇਹ ਕੁਝ

ਕਰਦਿਆਂ ਹੋਇਆਂ ਉਸਨੇ ਸਿੱਖ ਧਰਮ ਅਤੇ ਸਭਿਆਚਾਰ ਨੂੰ ਪ੍ਰਫੁਲਤ ਕਰਨ ਅਤੇ ਸਿੱਖ ਕੌਮ ਦੇ ਬੁਨਿਆਦੀ ਹਿਤਾਂ ਦੀ ਰੱਖਿਆ ਕਰਨ ਦੇ ਕਾਰਜ ਤੋਂ ਬੁਰੀ ਤਰ੍ਹਾਂ ਮੂੰਹ ਮੋੜੀ ਰੱਖਿਆ। ਨਤੀਜੇ ਵਜੋਂ ਸੱਠਵਿਆਂ 'ਚ ਆ ਕੇ ਪੰਜਾਬ ਅੰਦਰ ਅਕਾਲੀ ਦਲ ਦੇ ਇਕ ਮਜ਼ਬੂਤ ਰਾਜਸੀ ਤਾਕਤ ਬਣ ਕੇ ਉਭਰ ਆਉਣ ਦੇ ਬਾਵਜੂਦ ਸਿੱਖੀ ਦਾ ਬੂਟਾ ਲਗਾਤਾਰ ਮੁਰਝਾਉਂਦਾ ਚਲਾ ਗਿਆ ਅਤੇ ਖ਼ਾਲਸਾ ਪੰਥ ਦੀ ਜਨਮ ਭੂਮੀ ਉੱਤੇ ਸਿੱਖ ਦੋਖੀ ਰੁਝਾਨ ਤੇ ਸਭਿਆਚਾਰ ਬਿਨਾਂ ਰੋਕ-ਟੋਕ ਫਲਦੇ ਫੁਲਦੇ ਰਹੇ।

## ਪੰਜਾਬੀ ਬੋਲੀ ਦੀ ਅਣਦੇਖੀ

ਸਿੱਖ ਲੀਡਰਸ਼ਿਪ ਜਿੰਨੀ ਪੰਥਕ ਹਿਤਾਂ ਪ੍ਰਤੀ ਬੇਵਾਸਤਾ ਸੀ, ਹਿੰਦੂ ਲੀਡਰਸ਼ਿਪ ਆਪਣੇ ਫ਼ਿਰਕੂ ਉਦੇਸ਼ਾਂ ਪ੍ਰਤੀ ਓਨੀ ਹੀ ਸੁਚੇਤ ਤੇ ਦ੍ਰਿੜ੍ਹ ਸੀ। ਜਦ ਲਛਮਣ ਸਿੰਘ ਗਿੱਲ, ਜੋ ਆਪਣੇ ਕੁਝ ਸਾਥੀ ਵਿਧਾਇਕਾਂ ਸਮੇਤ ਨਵੰਬਰ 1967 ਵਿੱਚ ਅਕਾਲੀ ਦਲ 'ਚੋਂ ਬਗ਼ਾਵਤ ਕਰਕੇ ਕਾਂਗਰਸ ਦੀ ਮਦਦ ਨਾਲ ਜਸਟਿਸ ਗੁਰਨਾਮ ਸਿੰਘ ਕੋਲੋਂ ਮੁੱਖ ਮੰਤਰੀ ਦਾ ਆਸਣ ਹਥਿਆਉਣ 'ਚ ਸਫਲ ਹੋ ਗਿਆ ਸੀ, ਨੇ ਪੰਜਾਬੀ ਹਿੰਦੂ ਵਰਗ ਦੇ ਤਿੱਖੇ ਵਿਰੋਧ ਦੇ ਬਾਵਜੂਦ 28 ਦਸੰਬਰ 1967 ਨੂੰ ਪੰਜਾਬੀ ਨੂੰ ਰਾਜ ਭਾਸ਼ਾ ਬਣਾਉਣ ਦਾ ਬਾਕਾਇਦਾ ਐਲਾਨ ਕਰ ਦਿੱਤਾ ਤਾਂ ਪੰਜਾਬ ਅੰਦਰਲੇ ਹਿੰਦੂ ਕੱਟੜਪੰਥੀ ਲਾਣੇ ਨੇ ਆਪਣੀ ਪੰਜਾਬੀ ਦੇ ਵਿਰੋਧ ਦੀ ਪੋਜ਼ੀਸ਼ਨ ਉੱਤੇ ਅਡੋਲ ਰਹਿੰਦੇ ਹੋਏ, ਬਦਲੀ ਹੋਈ ਹਾਲਤ ਮੁਤਾਬਕ, ਆਪਣੇ ਪੈਂਤੜੇ ਅੰਦਰ ਲੁੜੀਂਦੀ ਤਬਦੀਲੀ ਲੈ ਆਂਦੀ। ਹੁਣ ਉਸ ਨੇ ਆਪਣਾ ਪੂਰਾ ਤਾਣ ਗਿੱਲ ਸਰਕਾਰ ਦੁਆਰਾ ਲਏ ਗਏ ਇਸ ਫ਼ੈਸਲੇ ਨੂੰ ਅਰਥਹੀਣ ਬਣਾ ਕੇ ਰੱਖ ਦੇਣ ਉੱਤੇ ਲਾ ਦਿੱਤਾ। ਇਸ ਮੰਤਵ ਲਈ ਉਸ ਨੇ ਪੰਜਾਬ ਅੰਦਰ ਹਿੰਦੀ ਦੇ ਹਿਤਾਂ ਦੀ ਰੱਖਿਆ ਦਾ ਫ਼ਿਰਕੂ ਤੇ ਫ਼ਰੇਬੀ ਮੁੱਦਾ ਚੁੱਕ ਲਿਆ। ਇਹ ਭਾਰਤ ਅੰਦਰ (ਅਤੇ ਸ਼ਾਇਦ ਸੰਸਾਰ ਅੰਦਰ ਹੀ) ਆਪਣੇ ਆਪ 'ਚ ਇਕ ਅਵੱਲੀ ਤੇ ਨਿਵੇਕਲੀ ਘਟਨਾ ਸੀ। ਦੇਸ ਅੰਦਰ ਹੋਰ ਕਿਸੇ ਵੀ ਰਾਜ ਅੰਦਰ ਮਾਂ-ਬੋਲੀ ਦੇ ਮੁਕਾਬਲੇ ਹਿੰਦੀ ਦੇ ਹਿਤਾਂ ਦੀ ਰੱਖਿਆ ਦਾ ਮਸਲਾ ਨਹੀਂ ਸੀ ਉਠਿਆ। ਭਾਰਤ ਅੰਦਰ ਹਿੰਦੀ ਦੇ ਹਿਤਾਂ ਦੀ ਰੱਖਿਆ ਦਾ ਮਸਲਾ ਜੇਕਰ, ਅਤੇ ਜਿਥੇ ਕਿਤੇ ਵੀ ਉਠਿਆ, ਅੰਗਰੇਜ਼ੀ ਦੇ ਸੰਦਰਭ ਵਿੱਚ ਹੀ ਉਠਿਆ। ਪੰਜਾਬ ਨੂੰ ਛੱਡ ਕੇ, ਹੋਰ ਕਿਸੇ ਵੀ ਰਾਜ ਅੰਦਰ, ਕਿਸੇ ਵਰਗ ਵੱਲੋਂ ਰਾਜ ਭਾਸ਼ਾ ਦੇ ਵਿਕਾਸ ਨੂੰ ਹਿੰਦੀ ਦੇ ਹਿਤਾਂ ਲਈ ਹਾਨੀਕਾਰਕ ਸਮਝਣ ਦੀ ਇਕ ਵੀ ਉਦਾਹਰਣ ਸਾਹਮਣੇ ਨਹੀਂ ਆਈ। ਅਸਲ ਵਿੱਚ ਦੇਸ ਅੰਦਰ ਪੰਜਾਬੀ ਤੋਂ ਬਿਨਾਂ ਹੋਰ ਕਿਸੇ ਵੀ ਭਾਸ਼ਾ ਦਾ ਇਸ ਕਦਰ ਫ਼ਿਰਕੂ ਵਿਰੋਧ ਨਹੀਂ ਹੋਇਆ। ਇਸ ਦਾ ਇਸ ਤੋਂ ਬਿਨਾਂ ਹੋਰ ਕੋਈ ਕਾਰਨ ਨਹੀਂ ਕਿ ਪੰਜਾਬੀ ਦੇ ਵਿਕਾਸ ਨਾਲ ਹਿੰਦੂਵਾਦੀ ਤਾਕਤਾਂ ਦੇ, ਸਿਖ ਪੰਥ ਦੀ ਨਿਆਰੀ ਹਸਤੀ ਨੂੰ ਮਲੀਆਮੇਟ ਕਰਕੇ ਇਸਨੂੰ ਹਿੰਦੂ ਸਮਾਜ ਅੰਦਰ ਜਜ਼ਬ ਕਰ ਲੈਣ ਦੇ ਫ਼ਿਰਕੂ ਉਦੇਸ਼ਾਂ ਨੂੰ ਢਾਹ ਲੱਗਦੀ ਹੈ। ਜੋ ਜਦ ਹਿੰਦੂ ਫ਼ਿਰਕਾਪ੍ਰਸਤ ਤਾਕਤਾਂ, ਕਿਸੇ ਵੀ ਪੱਜ, ਪੰਜਾਬੀ ਦਾ ਵਿਰੋਧ ਕਰ ਰਹੀਆਂ ਹੁੰਦੀਆਂ ਹਨ ਤਾਂ ਉਨ੍ਹਾਂ ਦਾ ਅਸਲੀ ਨਿਸ਼ਾਨਾ ਹੋਰ ਹੁੰਦਾ ਹੈ। ਉਹ ਪੰਥ ਦੀ ਨਿਆਰੀ ਹਸਤੀ ਨੂੰ ਖ਼ਤਮ ਕਰਨ ਦੀਆਂ ਹੀ ਕੁਚਾਲਾਂ ਚੱਲ ਰਹੀਆਂ ਹੁੰਦੀਆਂ ਹਨ। 1969 ਵਿੱਚ ਜਦ ਅਕਾਲੀ ਦਲ ਨੂੰ ਇਕ ਵਾਰ ਫਿਰ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਹੇਠ ਜਨਸੰਘ ਨਾਲ ਰਲ ਕੇ ਸਰਕਾਰ ਬਣਾਉਣ ਦਾ ਮੌਕਾ ਮਿਲਿਆ ਤਾਂ ਅਕਾਲੀ ਲੀਡਰਸ਼ਿਪ ਦੀ ਉਪਰੋਕਤ ਕਮਜ਼ੋਰੀ ਤੇ ਕਰੁਚੀ ਹੋਰ ਵੀ ਵੱਧ ਉਘੜ ਕੇ ਸਾਹਮਣੇ ਆਈ। ਜਨਸੰਘ ਨੇ ਅਕਾਲੀ ਲੀਡਰਸ਼ਿਪ ਕੋਲੋਂ ਪੰਜਾਬ ਅੰਦਰ

ਹਿੰਦੀ ਦੇ ਹਿਤਾਂ ਦੀ ਰੱਖਿਆ ਬਾਰੇ ਸਪਸ਼ਟ ਯਕੀਨਦਹਾਨੀ ਹਾਸਲ ਕਰਨ ਤੋਂ ਬਾਅਦ ਹੀ ਮੰਤਰੀ ਮੰਡਲ ਵਿੱਚ ਸ਼ਾਮਲ ਹੋਣ ਦੀ ਸਹਿਮਤੀ ਪ੍ਰਗਟਾਈ।[5] ਦੋਵਾਂ ਪਾਰਟੀਆਂ ਦੁਆਰਾ ਤਿਆਰ ਕੀਤੇ ਗਏ ਦਸ ਨੁਕਾਤੀ ਸਾਂਝੇ (ਘੱਟੋ-ਘੱਟ) ਪ੍ਰੋਗਰਾਮ ਅੰਦਰ ਹਿੰਦੂ ਵਰਗ ਦੀ ਤਸੱਲੀ ਵਾਸਤੇ, ਅੰਗਰੇਜ਼ੀ ਦੀ ਜਗ੍ਹਾ ਹਿੰਦੀ ਨੂੰ ਕੌਮੀ ਸੰਪਰਕ ਭਾਸ਼ਾ ਦਾ ਰੁਤਬਾ ਦੇਣ ਦੀ ਮੱਦ ਤਾਂ ਸ਼ਾਮਲ ਕਰ ਲਈ ਗਈ, ਪ੍ਰੰਤੂ ਪੰਜਾਬ ਅੰਦਰ ਮਾਂ-ਬੋਲੀ ਪੰਜਾਬੀ ਨੂੰ ਇਸਦਾ ਬਣਦਾ ਸਥਾਨ ਤੇ ਮਾਣ-ਸਤਿਕਾਰ ਦੇਣ ਬਾਰੇ ਇਕ ਸ਼ਬਦ ਤਕ ਲਿਖਣਾ ਜ਼ਰੂਰੀ ਨਾ ਸਮਝਿਆ ਗਿਆ।[6]

ਹਿੰਦੂ ਸ਼ਕਤੀਆਂ ਦੀ ਨਾਰਾਜ਼ਗੀ ਦੇ ਡਰੋਂ ਅਕਾਲੀ ਲੀਡਰਸ਼ਿਪ, ਮਾਂ-ਬੋਲੀ ਪੰਜਾਬੀ ਦੇ ਭਲੇ ਤੇ ਸੇਵਾ ਹਿਤ ਸਰਕਾਰੀ ਪੱਧਰ 'ਤੇ ਕੋਈ ਅਸਰਦਾਰ ਕਦਮ ਉਠਾਉਣ ਦੀ ਜੁਰਅਤ ਨਾ ਕਰ ਸਕੀ। ਪੰਜਾਬ ਅੰਦਰ ਹਰ ਪੱਧਰ ਉੱਤੇ, ਅਤੇ ਹਰ ਖੇਤਰ ਅੰਦਰ ਪੰਜਾਬੀ ਦੀ ਲਾਜ਼ਮੀ ਵਰਤੋਂ ਯਕੀਨੀ ਬਣਾਉਣ ਲਈ ਅਨੇਕਾਂ ਕਦਮ ਪੁੱਟਣ ਵਾਲੇ ਪਏ ਸਨ। ਪਰ ਅਕਾਲੀ ਲੀਡਰਸ਼ਿਪ ਨੇ ਇਸ ਬਾਰੇ ਕਈ ਮਹੀਨੇ ਘੇਸਲ ਮਾਰੀ ਰੱਖੀ। ਅਖ਼ੀਰ ਨੂੰ ਅਕਾਲੀ ਦਲ ਦੇ ਅੰਦਰੋਂ ਕੁਝ ਤਾਕਤਾਂ, ਖ਼ਾਸ ਕਰਕੇ ਮਾਸਟਰ ਧੜੇ ਨਾਲ ਸਬੰਧਤ ਵਿਅਕਤੀਆਂ (ਸ: ਆਤਮਾ ਸਿੰਘ ਆਦਿ) ਦੇ ਜ਼ੋਰਦਾਰ ਦਬਾਅ ਸਦਕਾ ਗੁਰਨਾਮ ਸਿੰਘ ਦੀ ਵਜ਼ਾਰਤ ਨੇ, ਬੇਦਿਲੀ ਨਾਲ, 2 ਜੁਲਾਈ 1969 ਨੂੰ ਪੰਜਾਬ ਦੇ ਵਿਦਿਅਕ ਖੇਤਰ ਅੰਦਰ ਦੇਸ ਵਿੱਚ ਪ੍ਰਚਲਤ ਤਿੰਨ-ਭਾਸ਼ਾਈ ਫ਼ਾਰਮੂਲੇ ਨੂੰ ਲਾਗੂ ਕਰਨ ਦਾ ਫ਼ੈਸਲਾ ਲੈ ਲਿਆ। ਇਸ ਫ਼ੈਸਲੇ ਦੇ ਲਾਗੂ ਹੋਣ ਨਾਲ ਪੰਜਾਬ ਦੇ ਸਭਨਾਂ, ਸਰਕਾਰੀ ਤੇ ਗ਼ੈਰ-ਸਰਕਾਰੀ ਸਕੂਲਾਂ ਅੰਦਰ ਪੰਜਾਬੀ ਦੀ ਪਹਿਲੀ ਭਾਸ਼ਾ ਵਜੋਂ ਪੜ੍ਹਾਈ ਲਾਜ਼ਮੀ ਹੋ ਜਾਣੀ ਸੀ ਅਤੇ ਹਰ ਪੱਧਰ 'ਤੇ ਵਿੱਦਿਆ ਦਾ ਮਾਧਿਅਮ ਪੰਜਾਬੀ ਹੋ ਜਾਣਾ ਸੀ। ਪਰ ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਅਜਿਹਾ 'ਉਪੱਦਰ' ਕਿਵੇਂ ਸਹਿਣ ਕਰ ਸਕਦੀਆਂ ਸਨ। ਉਹ ਇਸ ਫ਼ੈਸਲੇ ਵਿਰੁੱਧ ਇਕਦਮ ਹਰਕਤ ਵਿੱਚ ਆ ਗਈਆਂ। ਸਾਰੇ ਹਿੰਦੂ ਸੰਗਠਨਾਂ ਨੇ ਰਲ ਕੇ ਅੰਮ੍ਰਿਤਸਰ ਵਿਖੇ 'ਹਿੰਦੀ ਰਕਸ਼ਾ ਸੰਮੇਲਨ' ਸੱਦ ਲਿਆ ਜਿਥੇ ਪੰਜਾਬ ਅੰਦਰ 'ਹਿੰਦੀ ਦੀ ਰੱਖਿਆ' ਕਰਨ ਲਈ 'ਕਟ ਮਰਨ' ਦੇ ਵਚਨ ਦ੍ਰਿੜ੍ਹਾਏ ਗਏ। ਹਿੰਦੂ ਤਾਕਤਾਂ ਪੰਜਾਬ ਅੰਦਰ ਤਿੰਨ ਭਾਸ਼ਾਈ ਫ਼ਾਰਮੂਲੇ ਨੂੰ ਰੱਦ ਕਰਕੇ 'ਸੱਚਰ ਫ਼ਾਰਮੂਲੇ' ਨੂੰ ਹੀ ਜਾਰੀ ਰੱਖਣ ਦੀ ਮੰਗ ਕਰਦੀਆਂ ਸਨ ਤਾਂ ਜੋ ਉਹ ਆਪਣੇ ਹਿੰਦੂ ਗ਼ਲਬੇ ਹੇਠਲੇ ਪ੍ਰਾਈਵੇਟ ਸਕੂਲਾਂ ਅੰਦਰ ਪੰਜਾਬੀ ਦੀ ਜਗ੍ਹਾ ਹਿੰਦੀ ਨੂੰ ਪਹਿਲੀ ਭਾਸ਼ਾ ਦਾ ਦਰਜਾ ਦੇਣ ਦੀ ਪ੍ਰਚੱਲਤ ਫ਼ਿਰਕੂ ਰੀਤ ਨੂੰ ਨਿਰਵਿਘਨ ਜਾਰੀ ਰੱਖ ਸਕਣ। ਸੋ 'ਹਿੰਦੀ ਦੀ ਰੱਖਿਆ' ਤੋਂ ਹਿੰਦੂਵਾਦੀ ਤਾਕਤਾਂ ਦੀ ਮੁਰਾਦ ਪੰਜਾਬੀ ਬੋਲੀ ਦੇ ਵਿਕਾਸ ਦਾ ਗਲਾ ਘੁੱਟ ਦੇਣਾ ਸੀ। ਅਕਾਲੀ ਲੀਡਰਸ਼ਿਪ ਅੰਦਰ ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਦੀ ਇਸ ਫ਼ਿਰਕੂ ਸੋਚ ਤੇ ਰੁਚੀ ਵਿਰੁੱਧ ਡਟਣ ਜੋਗਰੀ ਨਾ ਹਿੰਮਤ ਸੀ ਤੇ ਨਾ ਰਾਜਸੀ ਇੱਛਾ। ਮੁੱਖ ਮੰਤਰੀ ਸ: ਗੁਰਨਾਮ ਸਿੰਘ ਨੇ ਫ਼ਿਰਕੂ ਸ਼ਕਤੀਆਂ ਦੇ ਦਬਾਅ ਅੱਗੇ ਝੁਕਦਿਆਂ ਹੋਇਆਂ ਚੌਧਵੇਂ ਹੀ ਦਿਨ (15 ਜੁਲਾਈ) ਇਹ ਕਾਇਰਤਾ ਭਰਿਆ ਐਲਾਨ ਕਰ ਦਿੱਤਾ ਕਿ "ਰਾਜ ਦੀ ਏਕਤਾ, ਸਦਭਾਵਨਾ ਤੇ ਸ਼ੁਭਕਾਮਨਾ ਨੂੰ ਧਿਆਨ ਵਿੱਚ ਰੱਖ ਕੇ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਪ੍ਰਾਈਵੇਟ ਸਕੂਲਾਂ ਅੰਦਰ ਪੜ੍ਹਾਈ ਦੇ ਮਾਧਿਅਮ ਬਾਰੇ ਪਹਿਲਾਂ ਵਾਲੀ ਹਾਲਤ ਬਰਕਰਾਰ ਰਹੇਗੀ।"[7] ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਨੇ ਇਸ ਐਲਾਨ ਦੇ ਬਾਅਦ ਵੀ, ਅਕਾਲੀ ਲੀਡਰਸ਼ਿਪ ਉੱਤੇ ਲਗਾਤਾਰ ਦਬਾਅ ਪਾਈ ਰੱਖਣ ਦੀ ਨੀਤ ਨਾਲ, ਹਿੰਦੀ ਦੇ ਹਿਤਾਂ ਦੀ ਰੱਖਿਆ ਦਾ ਸ਼ੋਰ ਪਾਉਣਾ ਜਾਰੀ ਰੱਖਿਆ। 21 ਜੁਲਾਈ ਨੂੰ ਜਦ ਸ: ਗੁਰਨਾਮ ਸਿੰਘ ਨੇ ਆਪਣੀ ਵਜ਼ਾਰਤ ਵਿੱਚ ਵਾਧਾ ਕਰਕੇ ਹਿੰਦੂਵਾਦੀ ਤਾਕਤਾਂ ਨੂੰ 'ਸ਼ਾਂਤ' ਕਰਨ ਦੀ ਕੋਸ਼ਿਸ਼ ਕੀਤੀ

ਤਾਂ ਜਨਸੰਘ ਦੇ ਸ੍ਰੀ ਮਨਮੋਹਨ ਕਾਲੀਆ ਨੇ ਇਹ ਕਹਿੰਦਿਆਂ ਹੋਇਆਂ ਅਹੁਦੇ ਦੀ ਸਹੁੰ ਚੁਕਣ ਤੋਂ ਇਨਕਾਰ ਕਰ ਦਿੱਤਾ ਕਿ ਉਨ੍ਹਾਂ ਦੀ ਤਸੱਲੀ ਮੁਤਾਬਕ ਪ੍ਰਾਈਵੇਟ ਸਕੂਲਾਂ ਅੰਦਰ ਹਿੰਦੀ ਨੂੰ ਸਿੱਖਿਆ ਦਾ ਮਾਧਿਅਮ ਬਣਾਉਣ ਦੀ ਖੁੱਲ੍ਹ ਨਹੀਂ ਦਿੱਤੀ ਜਾ ਰਹੀ। ਉਸਨੇ ਆਪਣੀ ਪੂਰੀ ਤਸੱਲੀ ਹੋ ਜਾਣ ਤੋਂ ਬਾਅਦ ਹੀ 17 ਸਤੰਬਰ ਨੂੰ ਅਹੁਦੇ ਦੀ ਸਹੁੰ ਚੁੱਕੀ।

ਇਸੇ ਦੌਰਾਨ ਸ: ਗੁਰਨਾਮ ਸਿੰਘ ਤੇ ਸੰਤ ਫਤਹਿ ਸਿੰਘ ਵਿਚਕਾਰ ਟਕਰਾਉ ਪੈਦਾ ਹੋ ਜਾਣ ਸਦਕਾ 25 ਮਾਰਚ 1970 ਨੂੰ ਸ: ਗੁਰਨਾਮ ਸਿੰਘ ਦੀ ਜਗ੍ਹਾ ਸ: ਪ੍ਰਕਾਸ਼ ਸਿੰਘ ਬਾਦਲ ਨੂੰ ਅਕਾਲੀ ਵਿਧਾਇਕ ਦਲ ਦਾ ਆਗੂ ਥਾਪ ਦਿੱਤਾ ਗਿਆ ਅਤੇ ਅਗਲੇ ਹੀ ਦਿਨ ਉਸਨੇ ਮੁੱਖ ਮੰਤਰੀ ਦਾ ਅਹੁਦਾ ਸੰਭਾਲ ਲਿਆ। ਸ: ਪ੍ਰਕਾਸ਼ ਸਿੰਘ ਬਾਦਲ ਨੇ ਸੱਤਾ ਸੰਭਾਲਦਿਆਂ ਹੀ ਹਿੰਦੂ ਵਰਗ ਨੂੰ ਰਿਝਾਉਣ ਲਈ ਉਸਨੂੰ ਗ਼ੈਰ-ਵਾਜਬ ਰਿਆਇਤਾਂ ਦੇਣ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ। ਸ: ਬਾਦਲ ਨੇ ਆਪਣੀ ਸਰਕਾਰ ਦੀਆਂ ਤਰਜੀਹਾਂ ਨੂੰ ਦਰਸਾਉਂਦਾ ਜੋ ਗਿਆਰਾਂ ਨੁਕਾਤੀ ਪ੍ਰੋਗਰਾਮ ਜਾਰੀ ਕੀਤਾ, ਉਸ ਉੱਤੇ ਨਵੀਂ ਅਕਾਲੀ ਲੀਡਰਸ਼ਿਪ ਦੇ ਜਮਾਤੀ ਚਰਿਤਰ ਤੇ ਰਾਜਨੀਤਕ ਵਿਚਾਰਧਾਰਾ ਦੀ ਗੂੜ੍ਹੀ ਛਾਪ ਦੇਖੀ ਜਾ ਸਕਦੀ ਹੈ। ਗਿਆਰਾਂ ਨੁਕਾਤੀ ਪ੍ਰੋਗਰਾਮ ਦਾ ਆਗ਼ਾਜ਼ ਹੀ ਪੰਜਾਬੀ ਬੋਲੀ ਦੇ ਹਿਤਾਂ ਦੀ ਬਲੀ ਦੇਣ ਨਾਲ ਹੁੰਦਾ ਹੈ। ਪਹਿਲੇ ਹੀ ਨੁਕਤੇ ਵਿੱਚ ਅਕਾਲੀ ਦਲ ਤੇ ਜਨਸੰਘ ਦੀ ਤਾਲਮੇਲ ਕਮੇਟੀ ਦੁਆਰਾ 13 ਮਾਰਚ 1970 ਨੂੰ ਸਹੀਬੰਦ ਕੀਤੇ ਗਏ 'ਭਾਸ਼ਾਈ ਸਮਝੌਤੇ' ਦੀ ਉਸ ਮੱਦ ਨੂੰ ਲਾਗੂ ਕਰਨ ਦਾ ਵਚਨ ਦ੍ਰਿੜ੍ਹਾਇਆ ਗਿਆ, ਜਿਸ ਅਨੁਸਾਰ ਪੰਜਾਬ ਅੰਦਰ ਤਕਨੀਕੀ ਨੌਕਰੀਆਂ ਹਾਸਲ ਕਰਨ ਲਈ ਦਸਵੀਂ ਤਕ ਪੰਜਾਬੀ ਪਾਸ ਕਰਨ ਦੀ ਜ਼ਰੂਰੀ ਸ਼ਰਤ ਖ਼ਤਮ ਕਰ ਦਿੱਤੀ ਗਈ। ਦੂਜੇ ਨੁਕਤੇ ਅੰਦਰ ਪੰਜਾਬੀ ਨੂੰ ਰਾਜ ਭਾਸ਼ਾ ਅਤੇ ਹਿੰਦੀ ਨੂੰ ਕੌਮੀ ਭਾਸ਼ਾ ਵਜੋਂ ਵਿਕਸਤ ਕਰਨ ਦੀ ਧਾਰਨਾ ਦੁਹਰਾਈ ਗਈ।[8] ਇਹ ਗੱਲ ਖ਼ਾਸ ਧਿਆਨ ਦੇਣ ਵਾਲੀ ਹੈ ਕਿ ਹਿੰਦੀ ਨੂੰ ਕੌਮੀ ਭਾਸ਼ਾ ਵਜੋਂ ਵਿਕਸਤ ਕਰਨ ਦਾ ਫਾਨਾ, ਸਪਸ਼ਟ ਤੌਰ 'ਤੇ, ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਦੀ ਪੰਜਾਬੀ ਦੇ ਪੈਰਾਂ ਨੂੰ ਜੂੜ ਮਾਰਨ ਦੀ ਘਿਨਾਉਣੀ ਚਾਲ ਸੀ। ਭਾਰਤ ਦੇ ਹੋਰ ਕਿਸੇ ਵੀ ਗ਼ੈਰ-ਹਿੰਦੀ ਭਾਸ਼ਾਈ ਰਾਜ ਅੰਦਰ ਹਿੰਦੀ ਨੂੰ ਇਸ ਤਰ੍ਹਾਂ ਰਾਜ ਭਾਸ਼ਾ ਦੀ ਸੌਂਕਣ ਬਣਾ ਕੇ ਘਰੇ ਲਿਆ ਵਾੜਨ ਦੀ ਕੋਈ ਮਿਸਾਲ ਨਹੀਂ ਮਿਲਦੀ। ਅਕਾਲੀ ਲੀਡਰਸ਼ਿਪ ਦੁਆਰਾ ਹਿੰਦੀ ਦੇ ਮਸਲੇ 'ਤੇ ਹਿੰਦੂ ਫ਼ਿਰਕਾਪ੍ਰਸਤ ਸ਼ਕਤੀਆਂ ਦੇ ਦਬਾਅ ਹੇਠ ਆ ਜਾਣ ਦੀ ਇਕ ਵਜ੍ਹਾ ਇਹ ਵੀ ਸੀ ਕਿ ਉਹ ਭਾਰਤੀ ਹਾਕਮਾਂ ਦੀਆਂ, 'ਕੌਮੀ ਭਾਸ਼ਾ' ਦੇ ਪੱਜ ਹਿੰਦੀ ਨੂੰ ਸਾਰੇ ਦੇਸ ਦੇ ਲੋਕਾਂ ਉੱਤੇ ਥੋਪਣ ਦੀਆਂ ਕੋਸ਼ਿਸ਼ਾਂ ਦੇ ਪਿੱਛੇ ਕੰਮ ਕਰਦੇ ਫ਼ਿਰਕੂ ਮਨਸੂਬਿਆਂ ਬਾਰੇ ਸੁਚੇਤ ਨਹੀਂ ਸੀ। ਅਸਲ ਵਿੱਚ, ਨਾ ਸਿਰਫ਼ ਅਕਾਲੀ ਲੀਡਰਸ਼ਿਪ ਨੂੰ ਸਗੋਂ ਆਮ ਰੂਪ ਵਿੱਚ ਹੀ ਸਿੱਖ ਬੁਧੀਮਾਨ ਵਰਗ ਨੂੰ, ਕਿਸੇ ਬਹੁ-ਕੌਮੀ ਤੇ ਬਹੁ-ਭਾਸ਼ਾਈ ਮੁਲਕ ਅੰਦਰ 'ਸੰਪਰਕ' ਜਾਂ 'ਕੌਮੀ' ਭਾਸ਼ਾ ਦੀ ਚੋਣ ਨਾਲ ਜੁੜੀਆਂ ਭਾਸ਼ਾਈ ਤੇ ਰਾਜਨੀਤਕ ਉਲਝਣਾਂ ਬਾਰੇ, ਲੁੜੀਂਦੀ ਹੱਦ ਤਕ, ਸਿਧਾਂਤਕ ਸੋਝੀ ਤੇ ਸਪਸ਼ਟਤਾ ਨਹੀਂ ਸੀ।

ਮੁੱਢ-ਕਦੀਮ ਤੋਂ ਹੀ ਜਾਬਰ ਹੁਕਮਰਾਨ ਵਰਗਾਂ ਵੱਲੋਂ, ਭਾਸ਼ਾ ਦੀ, ਦਾਬੇ ਤੇ ਗ਼ਲਬੇ ਦੇ ਹਥਿਆਰ ਵਜੋਂ ਵਰਤੋਂ ਕੀਤੀ ਜਾਂਦੀ ਰਹੀ ਹੈ। ਬਸਤੀਵਾਦੀ ਦੌਰ ਅੰਦਰ, ਬਸਤੀਆਨਾ ਤਾਕਤਾਂ ਨੇ, ਹਰ ਜਗ੍ਹਾ ਹੀ, ਗ਼ੁਲਾਮ ਲੋਕਾਂ ਦੀ ਭਾਸ਼ਾ ਨੂੰ ਦਬਾ ਕੇ ਰੱਖਣ ਅਤੇ ਉਨ੍ਹਾਂ ਉੱਤੇ ਜਬਰਨ ਆਪਣੀ ਭਾਸ਼ਾ ਮੜ੍ਹਨ ਦੀਆਂ ਕੋਸ਼ਿਸ਼ਾਂ ਨੂੰ ਬਸਤੀਆਨਾ ਨੀਤੀ ਦਾ ਅਹਿਮ ਅੰਗ ਬਣਾਇਆ। ਬਸਤੀਵਾਦੀ ਦੌਰ ਦੇ ਖਾਤਮੇ ਤੋਂ ਬਾਅਦ, ਜ਼ਿਆਦਾਤਰ ਮਾਮਲਿਆਂ 'ਚ, ਆਜ਼ਾਦ ਹੋਏ ਮੁਲਕਾਂ ਅੰਦਰ 'ਗੋਰੇ' ਹਾਕਮਾਂ ਦੀ ਜਗ੍ਹਾ ਲੈਣ ਵਾਲੇ 'ਕਾਲੇ/ਭੂਰੇ'

ਹਾਕਮਾਂ ਨੇ ਬਸਤੀਆਨਾ ਦੌਰ ਦੀਆਂ ਇਨ੍ਹਾਂ ਗੀਤਾਂ ਦਾ ਫ਼ਸਤਾ ਵੱਢ ਸੁੱਟਣ ਦੀ ਬਜਾਇ, ਤੱਤ ਰੂਪ ਵਿੱਚ, ਇਨ੍ਹਾਂ ਨੂੰ ਜਾਰੀ ਰੱਖਣ ਦਾ ਰੁਖ਼ ਅਪਣਾਇਆ। ਇਸ ਮਾਮਲੇ 'ਚ ਭਾਰਤੀ ਹਾਕਮਾਂ ਦਾ ਨੰਬਰ ਸਭ ਤੋਂ ਉਪਰ ਹੈ।

ਭਾਰਤ ਅੰਦਰ ਸਭਿਆਚਾਰਕ ਵੰਨ-ਸੁਵੰਨਤਾ ਨੂੰ ਖ਼ਤਮ ਕਰਕੇ ਸਭਿਆਚਾਰਕ ਇਕਸਾਰਤਾ ਲਿਆਉਣ ਦਾ ਸੁਪਨਾ ਭਾਰਤ ਦੇ ਹਿੰਦੂ ਆਗੂਆਂ ਦੇ ਮਨਾਂ ਅੰਦਰ ਉਨੀਵੀਂ ਸਦੀ ਅੰਦਰ ਹੀ ਜਨਮ ਲੈ ਚੁੱਕਾ ਸੀ। ਉਨ੍ਹਾਂ ਉਦੋਂ ਤੋਂ ਹੀ ਇਸ ਦਿਸ਼ਾ ਵੱਲ ਯਤਨ ਜੁਟਾਉਣੇ ਸ਼ੁਰੂ ਕਰ ਦਿੱਤੇ ਹੋਏ ਸਨ। ਆਜ਼ਾਦੀ ਤੋਂ ਬਾਅਦ ਰਾਜ-ਭਾਗ ਦੇ ਮਾਲਕ ਬਣ ਜਾਣ ਨਾਲ ਉਨ੍ਹਾਂ ਦੀ ਇਹ ਤਾਂਘ ਉਨਮਾਦ ਦਾ ਰੂਪ ਧਾਰਨ ਕਰ ਗਈ। ਉਨ੍ਹਾਂ ਨੇ ਸਮੁੱਚੇ ਦੇਸ ਨੂੰ ਇੱਕੋ-ਸਾਂਝੇ ਹਿੰਦੂ-ਹਿੰਦੀ ਸਭਿਆਚਾਰ ਵਿੱਚ ਰੰਗਣ ਲਈ ਵਿਆਪਕ ਪੱਧਰ 'ਤੇ ਨੀਤੀਆਂ ਘੜਨੀਆਂ ਤੇ ਲਾਗੂ ਕਰਨੀਆਂ ਸ਼ੁਰੂ ਕਰ ਦਿੱਤੀਆਂ। 'ਸੰਪਰਕ' ਤੇ 'ਕੌਮੀ' ਭਾਸ਼ਾ ਦੇ ਨਾਂ ਹੇਠ ਹਿੰਦੀ ਦਾ ਸਾਰੇ ਦੇਸ ਅੰਦਰ ਬੋਲਬਾਲਾ ਕਾਇਮ ਕਰਨਾ, ਉਨ੍ਹਾਂ ਦੀ ਇਸ ਫ਼ਿਰਕੂ ਮਨਸੂਬਾਬੰਦੀ ਦੀ ਅਹਿਮ ਕੜੀ ਸੀ। ਮਸਲਾ ਹਿੰਦੀ ਬਨਾਮ ਅੰਗਰੇਜ਼ੀ ਦਾ ਬਣ ਜਾਣ ਕਰਕੇ ਅਤੇ ਦੇਸ ਦੇ ਲੋਕਾਂ ਦੇ ਮਨਾਂ ਅੰਦਰ ਅੰਗਰੇਜ਼-ਵਿਰੋਧੀ ਭਾਵਨਾਵਾਂ ਮਜ਼ਬੂਤ ਹੋਣ ਕਰਕੇ, ਭਾਰਤੀ ਹਾਕਮਾਂ ਲਈ ਆਪਣੀ ਇਸ ਫ਼ਿਰਕੂ ਤਰਕੀਬ ਉੱਤੇ 'ਦੇਸ ਭਗਤੀ' ਦਾ ਮੁਲੰਮਾ ਚਾੜ੍ਹਨਾ ਆਸਾਨ ਹੋ ਗਿਆ। ਇਸ ਤਰ੍ਹਾਂ ਦੱਖਣੀ ਰਾਜਾਂ ਦੇ ਭਾਰੀ ਵਿਰੋਧ ਦੇ ਬਾਵਜੂਦ ਹਿੰਦੀ-ਨਿਵਾਜ਼ ਤਾਕਤਾਂ ਵਿਧਾਨਸਾਜ਼ ਅਸੰਬਲੀ ਅੰਦਰ (14 ਸਤੰਬਰ 1950) ਹਿੰਦੀ ਨੂੰ 'ਸੰਪਰਕ ਭਾਸ਼ਾ' ਬਣਾਉਣ ਸੰਬੰਧੀ ਮਤਾ ਪਾਸ ਕਰਵਾਉਣ ਵਿੱਚ ਸਫਲ ਹੋ ਗਈਆਂ।

ਇਸ ਅਤੀ ਅਹਿਮ ਮਸਲੇ ਬਾਰੇ ਆਮ ਸਿਧਾਂਤਕ ਸੂਝ ਤੇ ਰਾਜਸੀ ਜਾਗਰੂਕਤਾ ਦੀ ਘਾਟ ਕਰਕੇ, ਸਿੱਖ ਕੌਮ ਭਾਰਤੀ ਹਾਕਮਾਂ ਦੀ ਇਸ ਫ਼ਿਰਕੂ ਮਨਸੂਬਾਬੰਦੀ ਪਿੱਛੇ ਕੰਮ ਕਰਦੀ ਸੋਚ ਤੇ ਭਾਵਨਾ ਨੂੰ ਬੁੱਝਣ ਵਿੱਚ ਬੁਰੀ ਤਰ੍ਹਾਂ ਖ਼ਤਾ ਖਾ ਗਈ। ਸਿੱਖ ਕੌਮ ਅੰਦਰਲੇ ਕਿਸੇ ਵੀ ਵਰਗ (ਜਾਂ ਵਿਅਕਤੀ) ਵੱਲੋਂ, ਹਿੰਦੀ ਨੂੰ ਸੰਪਰਕ ਭਾਸ਼ਾ ਬਣਾਏ ਜਾਣ ਦੀ ਚਾਲ ਦੇ ਫ਼ਿਰਕੂ/ਰਾਜਸੀ ਤੱਤ ਨੂੰ ਪਛਾਨਣ, ਇਸ ਦੇ ਸਿੱਖ ਕੌਮ ਦੀ ਹੋਣੀ ਉੱਤੇ ਪੈਣ ਵਾਲੇ ਮਾਰੂ ਪ੍ਰਭਾਵਾਂ ਦਾ ਸਹੀ ਅਨੁਮਾਨ ਲਾ ਸਕਣ ਅਤੇ ਇਸ ਬਾਰੇ ਸਿੱਖ ਕੌਮ ਨੂੰ ਵੇਲੇ ਸਿਰ ਖ਼ਬਰਦਾਰ ਕਰਨ ਦੀ ਕੋਈ ਵੀ ਉਤਸ਼ਾਹੀ ਉਦਾਹਰਣ ਨਹੀਂ ਮਿਲਦੀ। ਜਦ ਸਰਦਾਰ ਕਪੂਰ ਸਿੰਘ ਨੇ, ਕਾਫ਼ੀ ਪਛੜ ਕੇ, ਇਸ ਮਸਲੇ ਬਾਰੇ ਦਰੁਸਤ ਸਿਧਾਂਤਕ ਸਮਝ ਉਭਾਰਨ ਦੀ ਸ਼ੁਭ ਪਹਿਲਕਦਮੀ ਕੀਤੀ ਤਾਂ ਸਿੱਖ ਕੌਮ ਅੰਦਰਲੇ ਬੌਧਿਕ ਤੇ ਰਾਜਸੀ ਹਲਕਿਆਂ ਨੇ ਇਸ ਨੂੰ ਉੱਕਾ ਹੀ ਅਣਗੌਲਿਆਂ ਕਰ ਦਿੱਤਾ। ਸ: ਕਪੂਰ ਸਿੰਘ ਨੇ 1969 ਵਿੱਚ ਚੰਡੀਗੜ੍ਹ ਵਿਖੇ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਪੂਰੀ ਸਪਸ਼ਟਤਾ ਤੇ ਧੜੱਲੇ ਨਾਲ ਇਹ ਗੱਲ ਆਖੀ ਕਿ, "ਹਿੰਦੀ ਪ੍ਰਵਾਨਤ ਅਰਥਾਂ ਵਿੱਚ ਕੋਈ ਭਾਸ਼ਾ ਨਹੀਂ ਬਣਦੀ। ਇਹ ਹਿੰਦੂ ਸਿਆਸਤਦਾਨਾਂ ਦੇ ਇਕ ਵਰਗ, ਜੋ ਸਮੁੱਚੇ ਦੇਸ ਅੰਦਰ ਇੱਕੋ ਸਭਿਆਚਾਰਕ ਸਾਂਚਾ (ਪੈਟਰਨ) ਸਿਰਜਣ ਦੀ ਤਮੰਨਾ ਰੱਖਦਾ ਹੈ, ਦੁਆਰਾ ਘੜਿਆ ਗਿਆ ਇਕ ਹਥਿਆਰ ਹੈ ਜੋ ਕਿ ਸਿੱਖਾਂ ਦੇ ਹਿਤਾਂ ਦੇ ਕਿਸੇ ਵੀ ਤਰ੍ਹਾਂ ਅਨੁਕੂਲ ਨਹੀਂ ਹੈ।"[9]

ਹਿੰਦੀ ਦੇ ਮਸਲੇ ਪ੍ਰਤੀ ਦਰੁਸਤ ਪਹੁੰਚ ਨਾ ਅਪਣਾ ਸਕਣ ਦੀ ਸਿਧਾਂਤਕ ਉਕਾਈ ਨਾਲੋਂ ਵੀ ਵੱਧ ਗੰਭੀਰ ਗੱਲ ਇਹ ਸੀ (ਤੇ ਹੈ) ਕਿ ਪੰਜਾਬੀ ਸੂਬੇ ਦੀ ਸਥਾਪਨਾ ਲਈ ਸਿਰੜੀ ਅੰਦੋਲਨ ਲੜਨ ਦੇ ਬਾਵਜੂਦ ਅਕਾਲੀ ਲੀਡਰਸ਼ਿਪ ਅੰਦਰ, ਜਾਂ ਆਮ ਰੂਪ ਵਿੱਚ ਹੀ ਸਿੱਖ ਬੌਧਿਕ ਭਾਈਚਾਰੇ ਅੰਦਰ, ਕੌਮੀ ਉਸਾਰੀ ਦੇ ਅਮਲ ਵਿੱਚ ਮਾਂ-ਬੋਲੀ ਦੀ

ਕੁੰਜੀਵਤ ਭੂਮਿਕਾ ਬਾਰੇ ਉਹ ਸਿਧਾਂਤਕ ਸਪਸ਼ਟਤਾ ਤੇ ਚੇਤੰਨਤਾ ਨਹੀਂ ਜੋ ਕਿਸੇ ਕੌਮੀ ਲਹਿਰ ਦੀਆਂ ਆਗੂ ਸਫ਼ਾਂ ਪੱਲੇ ਲਾਜ਼ਮੀ ਹੋਣੀ ਚਾਹੀਦੀ ਹੈ। ਇਸ ਮਾਮਲੇ 'ਚ ਇਕਮਾਤਰ ਹਾਂ-ਪੱਖੀ ਉਦਾਹਰਣ ਸ: ਖੁਸ਼ਵੰਤ ਸਿੰਘ ਦੀ ਹੈ ਜਿਸਨੇ ਇਕ ਮੌਕੇ, ਇਕ ਵਕਤੀ ਰੌਅ ਅਧੀਨ, ਪੰਜਾਬੀ ਬੋਲੀ ਦੇ ਵਿਕਾਸ ਦੀ ਲੋੜ ਤੇ ਮਹੱਤਤਾ ਬਾਰੇ ਦਰੁਸਤ ਸਿਧਾਂਤਕ ਦ੍ਰਿਸ਼ਟੀਕੋਣ ਉਭਾਰਿਆ। ਸੱਠਵਿਆਂ 'ਚ ਜਦ ਸ: ਖੁਸ਼ਵੰਤ ਸਿੰਘ ਸਿੱਖਾਂ ਦੇ ਇਤਿਹਾਸ ਬਾਰੇ ਆਪਣੀ ਬੌਧਿਕ ਕਿਰਤ ਦੇ ਰਚਨਾ ਅਮਲ 'ਚੋਂ ਦੀ ਗੁਜ਼ਰ ਰਿਹਾ ਸੀ ਤਾਂ ਉਹ ਸਿੱਖ ਕੌਮ ਦੀ ਤਤਕਾਲੀ ਦਸ਼ਾ ਵੱਲ ਦੇਖ ਕੇ ਡਾਢਾ ਫ਼ਿਕਰਮੰਦ ਹੋ ਉਠਿਆ। ਸਿੱਖ ਪੰਥ ਦੇ ਮੁੜ ਹਿੰਦੂ ਧਾਰਾ ਅੰਦਰ ਜਜ਼ਬ ਹੋ ਜਾਣ ਦੇ ਮੂੰਹ-ਜ਼ੋਰ ਰੁਝਾਨ ਨੂੰ ਦੇਖਦਿਆਂ ਹੋਇਆਂ ਉਸਦੇ ਮਨ ਅੰਦਰ "ਇਕ ਵਰਿਆਮ ਕੌਮ ਦੇ ਇਤਿਹਾਸ ਦੇ ਪੱਤਰਿਆਂ 'ਚੋਂ ਅਲੋਪ ਹੋ ਜਾਣ" ਦਾ ਹਕੀਕੀ ਡਰ ਤੇ ਤੌਖਲਾ ਪੈਦਾ ਹੋ ਗਿਆ। ਉਸ ਦਾ ਇਹ ਦ੍ਰਿੜ੍ਹ ਅਕੀਦਾ ਸੀ ਕਿ ਇਸ ਮੰਦਹੋਣੀ ਤੋਂ ਬਚਣ ਦਾ ਇਕਮਾਤਰ ਉਪਾਅ ਭਾਰਤੀ ਗਣਰਾਜ ਦੇ ਅੰਦਰ ਸਿੱਖਾਂ ਦੇ ਇਕ ਅਜਿਹੇ ਖ਼ੁਦਮੁਖ਼ਤਿਆਰ ਸੂਬੇ ਦੀ ਸਥਾਪਨਾ ਕਰਨਾ ਹੈ "ਜਿਥੇ ਸਿੱਖ ਬੱਚਿਆਂ ਨੂੰ ਗੁਰਮੁਖੀ ਲਿੱਪੀ ਵਿੱਚ ਪੰਜਾਬੀ ਦੀ ਲਾਜ਼ਮੀ ਪੜ੍ਹਾਈ ਕਰਾਈ ਜਾਵੇ ਅਤੇ ਜਦੋਂ ਉਹ ਵੱਡੇ ਹੋਣ ਤਾਂ ਉਨ੍ਹਾਂ ਨੂੰ ਖ਼ਾਲਸਈ ਰਵਾਇਤਾਂ ਦੀ ਗੁੜ੍ਹਤੀ ਦਿੱਤੀ ਜਾਵੇ ਅਤੇ ਉਨ੍ਹਾਂ ਨੂੰ (ਸਿੱਖੀ ਦੇ ਚਿੰਨ੍ਹਾਂ ਦੀ ਰੱਖਿਆ ਲਈ) ਸ਼ਹੀਦ ਹੋਏ ਹਜ਼ਾਰਾਂ ਸ਼ਹੀਦਾਂ ਦੀ ਉਸ ਵੀਰਤਾ ਦੇ ਕਿੱਸੇ ਸੁਣਾਏ ਜਾਣ, ਜਿਨ੍ਹਾਂ ਸਦਕਾ ਸਿੱਖ ਰਾਜ ਦਾ ਸੂਰਜ ਉਦੈ ਹੋਇਆ।" ਉਸਨੇ ਇਹ ਗੱਲ ਠੋਕ-ਵਜਾ ਕੇ ਕਹੀ ਕਿ ਇਸ ਪ੍ਰਸਤਾਵਤ ਖ਼ੁਦਮੁਖ਼ਤਿਆਰ ਸਿੱਖ ਸੂਬੇ ਅੰਦਰ ਹੋਰਨਾਂ ਮਸਲਿਆਂ ਦੀ ਤੁਲਨਾ ਵਿੱਚ "ਬੋਲੀ ਉੱਤੇ ਬਿਨਾਂ ਸ਼ੱਕ ਵਧਵਾਂ ਜ਼ੋਰ ਦਿੱਤਾ ਜਾਵੇਗਾ। ਇਸ ਸੂਬੇ ਅੰਦਰ ਹਰ ਪੱਧਰ 'ਤੇ ਸਿਰਫ਼ ਪੰਜਾਬੀ ਵਰਤੀ ਜਾਵੇਗੀ। ਹਿੰਦੀ ਤੇ ਅੰਗਰੇਜ਼ੀ ਹੋਰਨਾਂ ਰਾਜਾਂ ਨਾਲ ਸੰਚਾਰ ਦੀਆਂ ਭਾਸ਼ਾਵਾਂ ਹੋਣਗੀਆਂ। ਇਸ ਦਾ ਰੇਡੀਓ ਸਟੇਸ਼ਨ ਪੰਜਾਬੀ ਇਸਤੇਮਾਲ ਕਰੇਗਾ, ਜਲੰਧਰ ਰੇਡੀਓ ਵਾਲੀ ਬੇਸੁਆਦੀ ਖਿਚੜੀ ਨਹੀਂ।"[10]

ਪਰ ਅਫ਼ਸੋਸ ਦੀ ਗੱਲ ਇਹ ਕਿ ਨਾ ਤਾਂ ਖ਼ੁਦ ਸ: ਖੁਸ਼ਵੰਤ ਸਿੰਘ ਹੀ ਆਪਣੇ ਇਨ੍ਹਾਂ ਵਿਚਾਰਾਂ ਉੱਤੇ ਦ੍ਰਿੜ੍ਹ ਰਿਹਾ ਤੇ ਨਾ ਸਿੱਖ ਲੀਡਰਸ਼ਿਪ ਨੇ ਇਨ੍ਹਾਂ ਵਿਚਾਰਾਂ ਨੂੰ ਗ੍ਰਹਿਣ ਕਰਨ ਵਿਚ ਕੋਈ ਰੁਚੀ ਜਾਂ ਉਤਸ਼ਾਹ ਦਿਖਾਇਆ।

ਇਸੇ ਦੌਰਾਨ, ਪੜ੍ਹੇ-ਗੁੜ੍ਹੇ ਵਿਦਵਾਨ ਸਿੱਖ ਹਲਕਿਆਂ ਦੁਆਰਾ ਮਾਂ-ਬੋਲੀ ਪੰਜਾਬੀ ਦੀ ਤੁਲਨਾ ਵਿੱਚ ਅੰਗਰੇਜ਼ੀ ਬੋਲੀ ਪ੍ਰਤੀ ਵਧਵੀਂ ਸ਼ਰਧਾ ਪਾਲ ਕੇ ਚੱਲਣ ਦੀ ਰੁਚੀ ਵੀ ਪੰਜਾਬੀ ਬੋਲੀ ਦੇ ਵਿਕਾਸ ਉੱਤੇ ਨਿਰੰਤਰ ਨਾਂਹ-ਪੱਖੀ ਅਸਰ ਪਾਉਂਦੀ ਰਹੀ। ਸ: ਕਪੂਰ ਸਿੰਘ ਦੁਆਰਾ ਸੱਠਵਿਆਂ ਦੇ ਅਖ਼ੀਰ ਵਿੱਚ ਚੰਡੀਗੜ੍ਹ ਵਿਖੇ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਸਾਲਾਨਾ ਸਮਾਗਮ ਅੰਦਰ ਬੋਲੀ ਦੇ ਮਸਲੇ ਬਾਰੇ ਪ੍ਰਗਟਾਏ ਗਏ ਹੇਠ ਲਿਖੇ ਵਿਚਾਰ ਇਸ ਗ਼ਲਤ ਸਿਧਾਂਤਕ ਸੋਚਣੀ ਦੀ ਮੂੰਹੋਂ ਬੋਲਦੀ ਉਦਾਹਰਣ ਮੰਨੇ ਜਾ ਸਕਦੇ ਹਨ। ਸ: ਕਪੂਰ ਸਿੰਘ ਨੇ ਖੁੱਲ੍ਹੇਆਮ ਇਹ ਗੱਲ ਕਹੀ ਕਿ, "ਪੰਜਾਬੀ ਬੋਲੀ ਇਤਫ਼ਾਕ-ਵੱਸ ਸਿੱਖਾਂ ਨਾਲ ਜੁੜ ਗਈ ਹੈ, ਪਰ ਪੰਜਾਬੀ ਬੋਲੀ ਦਾ ਸਿੱਖੀ ਜਾਂ ਸਿੱਖਾਂ ਦੀ ਹੋਣੀ ਨਾਲ ਬਹੁਤ ਘੱਟ ਲੈਣਾ-ਦੇਣਾ ਹੈ। ਸਿੱਖਾਂ ਨੇ ਇਕ-ਭਾਸ਼ੀ ਪੰਜਾਬੀ ਸੂਬੇ ਦੀ ਮੰਗ ਇਸ ਲਈ ਨਹੀਂ ਸੀ ਕੀਤੀ ਕਿ ਉਹ ਅਧਿਆਤਮਿਕ ਹੋਂਦ ਕਾਇਮ ਰੱਖਣ ਜਾਂ ਸਭਿਆਚਾਰਕ ਵਿਹਾਰਿਕਤਾ ਲਈ ਬੋਲੀ ਨੂੰ ਜ਼ਰੂਰੀ ਤੱਤ ਮੰਨਦੇ ਸਨ, ਬਲਕਿ ਇਸ ਲਈ ਕੀਤੀ ਕਿਉਂਕਿ ਉਨ੍ਹਾਂ ਨੂੰ ਤਾਂ ਆਪਣੀ ਹਸਤੀ ਦੇ ਬਚਾਉ ਅਤੇ ਆਪਣੀ ਹੋਣੀ ਨਿਸ਼ਚਤ ਕਰਨ ਲਈ ਇਕ ਸਿਆਸੀ ਮੁਹਾਵਰਾ ਚਾਹੀਦਾ ਸੀ..... ਮੈਂ ਸਿੱਖ ਨੌਜਵਾਨਾਂ

ਨੂੰ ਸਾਵਧਾਨ ਕਰਨਾ ਚਾਹੁੰਦਾ ਹਾਂ ਕਿ ਉਹ ਇਹ ਸੋਚਣ-ਵਿਚਾਰਨ ਦੀ ਗ਼ਲਤੀ ਉੱਕਾ ਨਾ ਕਰਨ ਕਿ ਉਨ੍ਹਾਂ ਦਾ ਧਰਮ ਜਾਂ ਉਨ੍ਹਾਂ ਦੀ ਹੋਣੀ ਪੰਜਾਬੀ ਭਾਸ਼ਾ ਨਾਲ ਬੱਝੀ ਹੋਈ ਹੈ।"[11]

ਸਿੱਖ ਵਿਦਵਾਨਾਂ ਵੱਲੋਂ ਭਾਰਤ ਅੰਦਰ ਸੰਚਾਰ ਜਾਂ ਸੰਪਰਕ ਭਾਸ਼ਾ ਦੇ ਸੰਦਰਭ ਵਿੱਚ ਹਿੰਦੀ ਦੇ ਮੁਕਾਬਲੇ ਅੰਗਰੇਜ਼ੀ ਦਾ ਪੱਖ ਲੈਣਾ, ਸਿੱਖ ਹਿਤਾਂ ਦੀ ਰੱਖਿਆ ਦੀ ਦ੍ਰਿਸ਼ਟੀ ਤੋਂ ਪੂਰੀ ਤਰ੍ਹਾਂ ਦਰੁਸਤ ਤੇ ਵਾਜਬ ਕਿਹਾ ਜਾ ਸਕਦਾ ਹੈ। ਪਰ ਜਦੋਂ ਮਾਂ-ਬੋਲੀ ਪੰਜਾਬੀ ਦੇ ਮੁਕਾਬਲੇ ਅੰਗਰੇਜ਼ੀ ਪ੍ਰਤੀ ਵਧਵਾਂ ਲਗਾਉ ਪ੍ਰਗਟਾਇਆ ਜਾਂਦਾ ਹੈ ਤਾਂ ਪੰਜਾਬੀ ਬੋਲੀ ਦੇ ਹਿਤਾਂ ਨੂੰ ਯਕੀਨਨ ਗਹਿਰੀ ਫੇਟ ਵੱਜਦੀ ਹੈ।

ਇਸ ਤਰ੍ਹਾਂ ਕੁੱਲ ਮਿਲਾ ਕੇ ਸਿੱਟਾ ਇਹ ਨਿਕਲਿਆ ਕਿ ਅਕਾਲੀ ਲੀਡਰਸ਼ਿਪ ਹਕੂਮਤੀ ਸੱਤਾ ਦਾ ਪੰਜਾਬੀ ਬੋਲੀ ਦੇ ਵਿਕਾਸ ਲਈ ਇਸਤੇਮਾਲ ਕਰਨ ਵਿੱਚ ਲਗਾਤਾਰ ਅਯੋਗ ਸਾਬਤ ਹੁੰਦੀ ਰਹੀ। ਜਦ ਕਿ ਪੰਜਾਬ ਅੰਦਰਲੀਆਂ ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਨੇ ਬੋਲੀ ਦੇ ਮਸਲੇ ਉੱਤੇ ਲਗਾਤਾਰ ਹਮਲਾਵਰ ਵਤੀਰਾ ਅਪਣਾਈ ਰੱਖਿਆ। ਉਦਾਹਰਣ ਵਜੋਂ, ਸ: ਪ੍ਰਕਾਸ਼ ਸਿੰਘ ਬਾਦਲ ਦੁਆਰਾ 15 ਅਪ੍ਰੈਲ 1970 ਨੂੰ ਆਪਣੀ ਵਜ਼ਾਰਤ ਵਿੱਚ ਵਾਧਾ ਕਰਨ ਮੌਕੇ ਜਨਸੰਘ ਦੇ ਮਨਮੋਹਨ ਕਾਲੀਆ ਨੇ ਫਿਰ 'ਹਿੰਦੀ ਨਾਲ ਹੋ ਰਹੀ ਬੇਇਨਸਾਫ਼ੀ' ਵਿਰੁੱਧ ਰੋਸ ਪ੍ਰਗਟਾਉਣ ਲਈ ਸਹੁੰ ਨਾ ਚੁੱਕਣ ਦੀ ਅੜੀ ਫੜ ਲਈ। ਭਾਵੇਂ ਆਪਣੀ ਪਾਰਟੀ ਦੀ ਹਦਾਇਤ ਉੱਤੇ ਉਹ ਅਗਲੇ ਹੀ ਦਿਨ ਮੰਤਰੀ ਮੰਡਲ ਵਿੱਚ ਸ਼ਾਮਲ ਹੋਣ ਲਈ ਰਾਜ਼ੀ ਹੋ ਗਿਆ, ਪਰ ਜਨਸੰਘ ਨੇ 13 ਮਾਰਚ 1970 ਨੂੰ ਮੁੱਖ ਮੰਤਰੀ ਸ: ਗੁਰਨਾਮ ਸਿੰਘ ਨਾਲ ਹੋਏ 'ਭਾਸ਼ਾਈ ਸਮਝੌਤੇ' ਉੱਤੇ ਅਮਲਦਾਰੀ ਨੂੰ ਲੈ ਕੇ ਵਜ਼ਾਰਤ ਅੰਦਰ ਲਗਾਤਾਰ ਝੱਜੂ ਪਾਈ ਰੱਖਿਆ। ਉਸ ਨੇ ਸਰਕਾਰੀ ਕਾਗ਼ਜ਼ ਪੱਤਰ (ਸਟੇਸ਼ਨਰੀ) ਛਾਪਣ ਅਤੇ ਹਰ ਕਿਸਮ ਦੇ ਸਾਈਨ ਬੋਰਡ ਪੇਂਟ ਕਰਨ ਵੇਲੇ ਪੰਜਾਬੀ ਦੇ ਨਾਲ ਲਾਜ਼ਮੀ ਹਿੰਦੀ ਦੀ ਵਰਤੋਂ ਕਰਨ ਅਤੇ ਨਾਲ ਹੀ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਅੰਦਰ ਹਿੰਦੀ ਦੀ ਅਖ਼ਤਿਆਰੀ (ਆਪਸ਼ਨਲ) ਮਾਧਿਅਮ ਵਜੋਂ ਚੋਣ ਕਰਨ ਦੀ ਖੁੱਲ੍ਹ ਲਈ ਅਕਾਲੀ ਲੀਡਰਸ਼ਿਪ ਉੱਤੇ ਨਿਰੰਤਰ ਜ਼ੋਰਦਾਰ ਦਬਾਉ ਪਾਈ ਰੱਖਿਆ।[12] ਸੱਤਾ 'ਚ ਬਣੇ ਰਹਿਣ ਲਈ ਅਕਾਲੀ ਲੀਡਰਸ਼ਿਪ ਜਨਸੰਘੀ ਲਾਣੇ ਦੀ ਪੰਜਾਬੀ ਨਾਲ ਵੈਰ ਤੇ ਸ਼ਰੀਕਾ ਪੁਗਾਉਣ ਦੀ ਜ਼ਿੱਦ ਮੂਹਰੇ ਲਗਾਤਾਰ ਲਿਫ਼ਦੀ ਗਈ। ਅਕਾਲੀ ਲੀਡਰਸ਼ਿਪ ਦੇ ਇਸ ਰਵੱਈਏ ਤੋਂ ਉਤਸ਼ਾਹਤ ਹੋਈਆਂ ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਨੇ ਅਖ਼ੀਰ ਨੂੰ ਇਕ ਅਜਿਹੀ ਵਧਵੀਂ ਫ਼ਿਰਕੂ ਮੰਗ ਖੜੀ ਕਰ ਦਿੱਤੀ ਜਿਸਨੂੰ ਮੰਨਣਾ ਅਕਾਲੀ ਲੀਡਰਸ਼ਿਪ ਲਈ ਜੇਕਰ ਨਾਮੁਮਕਿਨ ਨਹੀਂ ਤਾਂ ਬੇਹੱਦ ਮੁਸ਼ਕਲ ਜ਼ਰੂਰ ਸੀ।

1969 ਵਿੱਚ ਗੁਰੂ ਨਾਨਕ ਦੇਵ ਜੀ ਦੇ ਆਗਮਨ ਦੀ ਪੰਜ ਸੌਵੀਂ ਵਰ੍ਹੇਗੰਢ ਮੌਕੇ ਗੁਰੂ ਜੀ ਦੀ ਸਤਿਕਾਰੀ ਯਾਦ ਵਿੱਚ ਅੰਮ੍ਰਿਤਸਰ ਵਿਖੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਗਈ। ਦੁਆਬੇ ਤੇ ਮਾਝੇ ਦੇ 48 ਕਾਲਜ ਇਸ ਯੂਨੀਵਰਸਿਟੀ ਨਾਲ ਜੋੜ ਦਿੱਤੇ ਗਏ। ਨਾਨਕ ਵਿਚਾਰਧਾਰਾ ਨਾਲ ਜਨਮ ਤੋਂ ਹੀ ਅੰਨ੍ਹਾ ਵਿਰੋਧ ਤੇ ਸ਼ਰੀਕਾ ਪਾਲਣ ਵਾਲੇ ਆਰੀਆ ਸਮਾਜ ਨੂੰ ਇਹ ਗੱਲ ਭਲਾ ਕਿਵੇਂ ਹਜ਼ਮ ਹੋ ਸਕਦੀ ਸੀ ? ਸ਼ਰੀਕੇ ਦੀ ਭਾਵਨਾ ਅਧੀਨ ਸ੍ਰੀ ਹਰਿਮੰਦਰ ਸਾਹਿਬ ਦੇ ਮੁਕਾਬਲੇ 'ਤੇ ਦੁਰਗਿਆਣਾ ਮੰਦਰ ਉਸਾਰਨ ਅਤੇ ਪੰਜਾਬੀ ਦੇ ਮੁਕਾਬਲੇ 'ਤੇ ਹਿੰਦੀ ਦਾ ਪਰਚਮ ਲਹਿਰਾਉਣ ਵਾਲੀ ਘਿਣਾਉਣੀ ਫ਼ਿਰਕੂ ਪਿਰਤ ਨੂੰ ਜਾਰੀ ਰਖਦਿਆਂ ਹੋਇਆਂ, ਆਰੀਆ ਸਮਾਜ ਤੇ ਇਸੇ ਰਵੇ ਦੀਆਂ ਹੋਰਨਾਂ ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਨੇ ਆਪਣੇ ਅਧਿਕਾਰ ਹੇਠਲੀਆਂ ਗ਼ੈਰ-ਸਰਕਾਰੀ ਵਿਦਿਅਕ ਸੰਸਥਾਵਾਂ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਅਧਿਕਾਰ ਖੇਤਰ

ਤੋਂ ਬਾਹਰ ਰੱਖਣ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਮੁਕਾਬਲੇ ਜਲੰਧਰ ਵਿਖੇ ਦਯਾਨੰਦ ਯੂਨੀਵਰਸਿਟੀ ਕਾਇਮ ਕਰਨ ਦੀ ਮੰਗ ਖੜੀ ਕਰ ਦਿੱਤੀ। ਜੇਕਰ ਸ: ਪ੍ਰਕਾਸ਼ ਸਿੰਘ ਬਾਦਲ ਵਰਗੇ ਆਗੂਆਂ ਦੇ ਹੀ ਵੱਸ ਦੀ ਗੱਲ ਹੁੰਦੀ ਤਾਂ ਉਨ੍ਹਾਂ ਨੂੰ ਹਿੰਦੂ ਫ਼ਿਰਕਾਪ੍ਰਸਤਾਂ ਦੀ ਇਹ ਮੰਗ ਮੰਨ ਲੈਣ ਵਿੱਚ ਵੀ ਕੋਈ ਝਿਜਕ ਨਹੀਂ ਸੀ। ਕਿਉਂਕਿ ਇਸ ਦੇ ਨਾਲ ਉਨ੍ਹਾਂ ਦੀ ਪੰਜਾਬ ਨੂੰ 'ਖ਼ੁਸ਼ਹਾਲ' ਬਣਾਉਣ ਅਤੇ ਖ਼ੁਦ ਨੂੰ ਮਾਲਾਮਾਲ ਕਰਨ ਦੀ ਕਾਰਜ ਯੋਜਨਾ ਵਿੱਚ ਕੋਈ ਵਿਘਨ ਨਹੀਂ ਸੀ ਪੈਂਦਾ। ਪਰ ਅਕਾਲੀ ਦਲ ਅੰਦਰਲਾ ਜਥੇਦਾਰ ਵਰਗ, ਖ਼ਾਸ ਕਰਕੇ ਮਾਸਟਰ ਧੜੇ ਨਾਲ ਸਬੰਧਤ ਰਹੇ ਟਕਸਾਲੀ ਤੱਤ ਅਕਾਲੀ ਲੀਡਰਸ਼ਿਪ ਨੂੰ ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਦੀ ਏਡੀ ਕੁਹੱਡ ਮੰਗ ਦੇ ਮੂਹਰੇ ਲਿਫ਼ਣ ਦੀ ਇਜਾਜ਼ਤ ਦੇਣ ਲਈ ਤਿਆਰ ਨਹੀਂ ਸਨ। ਉਹ ਇਸ ਮਸਲੇ 'ਤੇ ਖੁੱਲ੍ਹੀ ਬਗ਼ਾਵਤ ਵੀ ਕਰ ਸਕਦੇ ਸਨ। ਅਜਿਹੀ ਹਾਲਤ ਦੇ ਸਨਮੁੱਖ ਅਕਾਲੀ ਵਿਧਾਇਕ ਦਲ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਕਰਮਵਾਰ 26 ਅਤੇ 28 ਜੂਨ ਨੂੰ ਆਪਣੀਆਂ ਅਲੱਗ-ਅਲੱਗ ਬੈਠਕਾਂ ਅੰਦਰ ਜਨਸੰਘ ਦੀ ਇਸ ਨਿਹੱਕੀ ਮੰਗ ਨੂੰ ਪ੍ਰਵਾਨ ਨਾ ਕਰਨ ਦਾ ਫ਼ੈਸਲਾ ਕਰ ਲਿਆ। ਸਿੱਟੇ ਵਜੋਂ 30 ਜੂਨ 1970 ਨੂੰ ਜਨਸੰਘ ਨੇ ਬਾਦਲ ਸਰਕਾਰ ਨਾਲੋਂ ਅਲੱਗ ਹੋਣ ਦਾ ਐਲਾਨ ਕਰ ਦਿੱਤਾ।

ਜਨਸੰਘ ਦੇ ਇਸ ਫ਼ੈਸਲੇ ਨਾਲ ਅਕਾਲੀ ਦਲ ਦੀ ਵਿਧਾਨ ਸਭਾ ਅੰਦਰ ਸਪਸ਼ਟ ਬਹੁਗਿਣਤੀ ਉੱਤੇ ਸੁਆਲੀਆ ਚਿੰਨ੍ਹ ਲੱਗ ਗਿਆ। ਪੰਜ ਅਕਾਲੀ ਵਿਧਾਇਕਾਂ ਦੇ ਸ: ਗੁਰਨਾਮ ਸਿੰਘ ਦੇ ਬਾਗ਼ੀ ਗੁਟ ਵਿੱਚ ਸ਼ਾਮਲ ਹੋ ਜਾਣ ਨਾਲ ਬਾਦਲ ਸਰਕਾਰ ਉੱਤੇ ਸੰਕਟ ਦੀ ਗਹਿਰੀ ਘਟਾ ਛਾਅ ਗਈ। ਜਦ ਵਿਰੋਧੀ ਧਿਰ ਦੀ ਮੰਗ 'ਤੇ ਗਵਰਨਰ ਨੇ ਸ: ਬਾਦਲ ਨੂੰ ਵਿਧਾਨ ਸਭਾ ਅੰਦਰ ਆਪਣਾ ਬਹੁਮੱਤ ਸਪਸ਼ਟ ਕਰਨ ਲਈ ਕਹਿ ਦਿੱਤਾ ਤਾਂ ਅਕਾਲੀ ਲੀਡਰਸ਼ਿਪ ਨੇ ਸਰਕਾਰ ਨੂੰ ਬਚਾਉਣ ਲਈ ਹਰ ਸੰਭਵ ਵਾਹ ਲਾ ਦਿੱਤੀ। ਸੰਤ ਫਤਹਿ ਸਿੰਘ ਨੇ ਜਨਸੰਘ ਨੂੰ ਮੁੜ ਸਰਕਾਰ ਅੰਦਰ ਆ ਸ਼ਾਮਲ ਹੋਣ ਦੇ ਵਾਸਤੇ ਪਾਏ। ਰੁੱਸੇ ਵਿਧਾਇਕਾਂ ਅੱਗੇ ਪੰਥਕ ਏਕਤਾ ਦੀਆਂ ਫ਼ਰਿਆਦਾਂ ਕੀਤੀਆਂ। ਇਥੋਂ ਤਕ ਕਿ ਕਾਂਗਰਸ ਨਾਲ ਕਿਸੇ ਸਮਝੌਤੇ ਜਾਂ ਸੌਦੇਬਾਜ਼ੀ ਦੀਆਂ ਸੰਭਾਵਨਾਵਾਂ ਫਰੋਲਣ ਲਈ ਇੰਦਰਾ ਗਾਂਧੀ ਤਕ ਪਹੁੰਚ ਕੀਤੀ।[13] ਇੰਦਰਾ ਗਾਂਧੀ ਉਸ ਵੇਲੇ ਕਾਂਗਰਸ ਪਾਰਟੀ ਉੱਤੇ ਆਪਣੀ ਅਜਾਰੇਦਾਰਾ ਚੌਧਰ ਸਥਾਪਤ ਕਰਨ ਲਈ ਪੁਰਾਣੇ ਹੰਢੇ-ਵਰਤੇ ਕਾਂਗਰਸੀ ਆਗੂਆਂ ਦੇ ਜੁੱਟ ਨਾਲ ਜ਼ਿੰਦਗੀ ਮੌਤ ਦੀ ਲੜਾਈ ਵਿੱਚ ਉਲਝੀ ਹੋਈ ਸੀ। ਇਸ ਲੜਾਈ ਵਿੱਚ ਉਸਨੇ ਕਾਂਗਰਸੀ ਸਫ਼ਾਂ ਤੇ ਆਮ ਜਨਤਾ ਦੇ ਵੱਡੇ ਹਿੱਸਿਆਂ ਨੂੰ ਆਪਣੇ ਪੱਖ ਵਿੱਚ ਲਾਮਬੰਦ ਕਰਨ ਲਈ ਦਿਖਾਵੇ ਦੇ ਤੌਰ 'ਤੇ ਗ਼ਰੀਬ ਨਿਵਾਜ਼ ਹੋਣ ਅਤੇ ਸਮਾਜਵਾਦੀ ਉਦੇਸ਼ਾਂ ਨੂੰ ਸਮਰਪਤ ਹੋਣ ਦਾ ਰਾਜਨੀਤਕ ਦੰਭ ਰਚਿਆ ਹੋਇਆ ਸੀ। ਇਸ ਵਿਸ਼ੇਸ਼ ਹਾਲਤ ਵਿੱਚ ਉਸਨੇ ਆਪਣੀਆਂ ਫ਼ੌਰੀ ਰਾਜਨੀਤਕ ਲੋੜਾਂ ਅਤੇ ਯੁਧਨੀਤਕ ਗਿਣਤੀਆਂ-ਮਿਣਤੀਆਂ ਤਹਿਤ ਅਕਾਲੀ ਦਲ ਵੱਲ ਸਮਝੌਤੇ ਤੇ ਦੋਸਤੀ ਦਾ ਹੱਥ ਵਧਾਉਣ ਦਾ ਅਣਕਿਆਸਿਆ ਫ਼ੈਸਲਾ ਲੈ ਲਿਆ। ਇਸ ਲੁਕਵੇਂ ਰਾਜ਼ੀਨਾਮੇ ਦੀ ਉਦੋਂ ਪੁਸ਼ਟੀ ਹੋ ਗਈ ਜਦ 24 ਜੁਲਾਈ ਨੂੰ ਵਿਧਾਨ ਸਭਾ ਅੰਦਰ ਭਰੋਸੇ ਦੇ ਮਤੇ 'ਤੇ ਹੋਈ ਵੋਟਿੰਗ ਦੌਰਾਨ ਕਾਂਗਰਸ ਪਾਰਟੀ ਨੇ ਨਿਰਪੱਖ ਰਹਿਣ ਦਾ ਨਿਰਣਾ ਕਰ ਲਿਆ, ਜਿਸ ਨਾਲ ਬਾਦਲ ਸਰਕਾਰ ਨੂੰ ਖੜਾ ਹੋਇਆ ਖ਼ਤਰਾ ਸੌਖ ਨਾਲ ਹੀ ਟਲ ਗਿਆ। ਉਧਰ ਸੰਤ ਫਤਹਿ ਸਿੰਘ ਨੇ ਅਕਾਲੀ ਦਲ ਦੀ ਸਮਾਜਵਾਦੀ ਢਾਂਚੇ ਵਿੱਚ ਨਿਸ਼ਚਾ ਪ੍ਰਗਟਾਉਂਦਾ ਬਿਆਨ ਜਾਰੀ ਕਰਕੇ, ਇੰਦਰਾ ਗਾਂਧੀ ਅਤੇ ਪੁਰਾਣੇ ਕਾਂਗਰਸੀਆਂ, ਜੋ ਕਾਂਗਰਸ (ੳ) ਦੇ ਨਾਂ ਹੇਠ ਵਿਚਰਨ ਲੱਗ ਪਏ ਸਨ, ਵਿਚਕਾਰ ਚੱਲ ਰਹੀ ਜਦੋਜਹਿਦ ਅੰਦਰ ਆਪਣੇ

ਝੁਕਾਅ ਦਾ ਸਾਫ਼ ਸੰਕੇਤ ਦੇ ਦਿੱਤਾ। ਪਰ ਅਕਾਲੀ ਦਲ ਦੁਆਰਾ ਨਿਰੋਲ ਮੌਕੇ ਦੀਆਂ ਰਾਜਨੀਤਕ ਮਜਬੂਰੀਆਂ ਤੇ ਮੌਕਾਪ੍ਰਸਤ ਗਿਣਤੀਆਂ-ਮਿਣਤੀਆਂ ਤਹਿਤ ਇੰਦਰਾ ਗਾਂਧੀ ਦੇ ਪੱਖ ਵਿੱਚ ਸੁੱਟਿਆ ਇਹ 'ਡੱਕਾ' ਕਿਸੇ ਪਾਏਦਾਰ ਸਮਝੌਤੇ ਦੀ ਟੇਕ ਨਾ ਬਣ ਸਕਿਆ। ਸ: ਬਾਦਲ ਨੂੰ ਗੱਦੀਓਂ ਲਾਹੁਣ ਦੀਆਂ ਕੋਸ਼ਿਸ਼ਾਂ ਦੀ ਨਾਕਾਮੀ ਨੇ ਸ: ਗੁਰਨਾਮ ਸਿੰਘ ਨੂੰ ਮੁੜ ਅਕਾਲੀ ਦਲ ਦੀਆਂ ਸਫ਼ਾਂ ਅੰਦਰ ਪਰਤ ਆਉਣ ਲਈ ਪ੍ਰੇਰਿਤ ਕਰ ਦਿੱਤਾ। ਇਸ ਨਾਲ ਵਿਧਾਨ ਸਭਾ ਅੰਦਰ ਅਕਾਲੀ ਦਲ ਦੀ ਮੁੜ ਸਪਸ਼ਟ ਬਹੁ-ਸੰਮਤੀ ਹੋ ਗਈ ਜਿਸ ਕਰਕੇ ਅਕਾਲੀ ਲੀਡਰਸ਼ਿਪ ਲਈ ਕਾਂਗਰਸ ਨਾਲ ਸਮਝੌਤਾ ਕਰਨ ਦੀ ਓਨੀ ਤੱਦੀ ਤੇ ਮਜਬੂਰੀ ਨਾ ਰਹੀ। ਉਧਰ ਇੰਦਰਾ ਗਾਂਧੀ ਨੇ 'ਗ਼ਰੀਬੀ ਹਟਾਓ' ਦਾ ਦੰਭੀ ਨਾਹਰਾ ਦੇ ਕੇ ਨਾ ਸਿਰਫ਼ ਬੁੱਢੇ ਕਾਂਗਰਸੀ ਆਗੂਆਂ ਦੇ ਜੁੱਟ ਨੂੰ ਬੁਰੀ ਤਰ੍ਹਾਂ ਖਦੇੜ ਦਿੱਤਾ ਸਗੋਂ ਕਾਂਗਰਸ ਦੇ ਕਮਜ਼ੋਰ ਹੋਏ ਜਨਤਕ ਆਧਾਰ ਨੂੰ ਪਹਿਲਾਂ ਨਾਲੋਂ ਵੀ ਤਕੜਾ ਕਰਨ ਅਤੇ ਕਾਂਗਰਸ ਪਾਰਟੀ ਅੰਦਰ ਨਵੀਂ ਰੂਹ ਭਰ ਦੇਣ ਦਾ ਕ੍ਰਿਸ਼ਮਾ ਸਰ-ਅੰਜਾਮ ਕਰ ਦਿਖਾਇਆ। ਬੰਗਲਾਦੇਸ਼ ਦੀ ਲੜਾਈ (ਦਸੰਬਰ, 1970) ਦੌਰਾਨ ਪਾਕਿਸਤਾਨ ਉੱਤੇ ਭਾਰਤੀ ਫ਼ੌਜਾਂ ਦੀ ਲਾਮਿਸਾਲ ਜਿੱਤ ਨੇ ਭਾਰਤ ਦੀ ਹਿੰਦੂ ਜਨਤਾ ਦੇ ਮਨਾਂ ਅੰਦਰ ਇੰਦਰਾ ਗਾਂਧੀ ਪ੍ਰਤੀ ਅਜਿਹਾ ਸ਼ਰਧਾ ਤੇ ਪਰਸੰਸਾ ਭਾਵ ਪੈਦਾ ਕਰ ਦਿੱਤਾ ਕਿ ਹਿੰਦੂ ਵਰਗ ਅੰਦਰ ਉਸਦੀ ਖੁੱਲ੍ਹੇ-ਆਮ 'ਦੁਰਗਾ ਮਾਤਾ' ਵਜੋਂ ਜੈ-ਜੈਕਾਰ ਹੋ ਉਠੀ। ਇਸ ਤਰ੍ਹਾਂ, 'ਦੁਰਗਾ' ਬਣੀ ਇੰਦਰਾ ਗਾਂਧੀ ਨੂੰ ਅਕਾਲੀ ਦਲ ਨਾਲ ਸਮਝੌਤੇ ਦੀ ਉੱਕਾ ਹੀ ਕੋਈ ਚੱਸ ਨਾ ਰਹੀ। ਦੇਸ ਭਰ ਅੰਦਰ ਆਪਣੇ ਪੱਖ 'ਚ ਬਣੀ ਹਵਾ ਦਾ ਸਿਆਸੀ ਲਾਹਾ ਲੈਣ ਦੀ ਨੀਤ ਨਾਲ, ਇੰਦਰਾ ਗਾਂਧੀ ਨੇ ਲੋਕ ਸਭਾ ਦੀ ਮਿਆਦ ਪੂਰੀ ਹੋਣ ਤੋਂ ਸਾਲ ਪਹਿਲਾਂ ਹੀ, ਮਾਰਚ 1971 ਵਿੱਚ ਲੋਕ ਸਭਾ ਦੀਆਂ ਚੋਣਾਂ ਦਾ ਐਲਾਨ ਕਰ ਦਿੱਤਾ। ਇਨ੍ਹਾਂ ਚੋਣਾਂ ਦੌਰਾਨ ਕਾਂਗਰਸ ਅਤੇ ਅਕਾਲੀ ਦਲ ਵਿਚਕਾਰ ਸਮਝੌਤੇ ਦੇ ਯਤਨ ਨੇਪਰੇ ਨਾ ਚੜ੍ਹ ਸਕੇ। ਆਸ ਮੁਤਾਬਕ ਚੋਣਾਂ ਅੰਦਰ ਕਾਂਗਰਸ ਨੇ ਹੂੰਝਾ ਫੇਰੂ ਜਿੱਤ ਹਾਸਲ ਕਰ ਲਈ। ਅਕਾਲੀ ਦਲ ਦਾ ਸਿਰਫ਼ ਇੱਕੋ ਉਮੀਦਵਾਰ ਜੇਤੂ ਹੋ ਸਕਿਆ। ਇਸ ਤਰ੍ਹਾਂ ਕੁਝ ਮਹੀਨੇ ਚੱਲੀ ਅਕਾਲੀ ਕਾਂਗਰਸ ਨੇੜਤਾ ਮੁੜ ਤਿੱਖੇ ਰਾਜਸੀ ਟਕਰਾਉ ਤੇ ਦੁਸ਼ਮਣੀ ਵਿੱਚ ਵੱਟ ਗਈ।

ਲੋਕ ਸਭਾ ਚੋਣਾਂ ਅੰਦਰ ਅਕਾਲੀ ਦਲ ਦੀ ਨਮੋਸ਼ੀ ਭਰੀ ਹਾਰ ਨੇ ਅੰਦਰੂਨੀ ਵਿਰੋਧਾਂ ਤੇ ਕਲੇਸ਼ਾਂ ਦੇ ਭੰਨੇ ਅਕਾਲੀ ਵਿਧਾਇਕ ਦਲ ਅੰਦਰ ਅਜਿਹੀ ਅਫ਼ਰਾ ਤਫ਼ਰੀ ਮਚਾ ਦਿੱਤੀ ਕਿ ਸੰਤ ਫਤਹਿ ਸਿੰਘ ਦੀਆਂ ਜੀ-ਤੋੜ ਕੋਸ਼ਿਸ਼ਾਂ ਦੇ ਬਾਵਜੂਦ ਦਲ ਅੰਦਰਲੀ ਫੁੱਟ ਤੇ ਬਗ਼ਾਵਤ ਉੱਤੇ ਕਾਬੂ ਪਾਉਣਾ ਨਾਮੁਮਕਿਨ ਹੋ ਗਿਆ। ਅਕਾਲੀ ਸਰਕਾਰ ਨੂੰ ਬਚਾਉਣ ਲਈ ਸੁਰਿੰਦਰ ਸਿੰਘ ਕੈਰੋਂ ਵਰਗੇ ਬਦਨਾਮ ਪੰਥ ਦੋਖੀ ਤੱਤਾਂ ਲਈ ਅਕਾਲੀ ਦਲ ਦੇ ਦਰਵਾਜ਼ੇ ਚੁਪੱਟ ਖੋਲ੍ਹ ਦੇਣ ਦੀ ਬੇਅਸੂਲੀ ਰਾਜਨੀਤੀ ਵੀ ਬਾਦਲ ਸਰਕਾਰ ਦੇ ਸਿਰ 'ਤੇ ਮੰਡਲਾ ਰਹੇ ਕਾਲ ਨੂੰ ਟਾਲਣ ਵਿੱਚ ਕਾਮਯਾਬ ਨਾ ਹੋ ਸਕੀ। ਅੰਦਰੂਨੀ ਬਗ਼ਾਵਤ ਨੂੰ ਬੇਕਾਬੂ ਹੁੰਦਿਆਂ ਦੇਖ ਕੇ ਸ: ਪ੍ਰਕਾਸ਼ ਸਿੰਘ ਬਾਦਲ ਨੇ ਗਵਰਨਰ ਕੋਲ ਵਿਧਾਨ ਸਭਾ ਨੂੰ ਭੰਗ ਕਰ ਦੇਣ ਦੀ ਸਿਫ਼ਾਰਸ਼ ਕਰ ਦਿੱਤੀ, ਜੋ ਗਵਰਨਰ ਨੇ ਜੀ-ਸਦਕੇ ਪਰਵਾਨ ਕਰ ਲਈ। ਇਸ ਤਰ੍ਹਾਂ 15 ਜੂਨ 1971 ਨੂੰ ਪੰਜਾਬ ਅੰਦਰ ਰਾਸ਼ਟਰਪਤੀ ਰਾਜ ਲਾਗੂ ਹੋ ਗਿਆ ਅਤੇ ਅਕਾਲੀ ਦਲ ਤੇ ਕਾਂਗਰਸ ਪਾਰਟੀ ਨੇ ਆਗਾਮੀ ਵਿਧਾਨ ਸਭਾ ਚੋਣਾਂ ਲਈ ਕਮਰਕੱਸੇ ਕਰਨੇ ਸ਼ੁਰੂ ਕਰ ਦਿੱਤੇ।

•

# 11

# ਫ਼ੈਡਰਲਿਜ਼ਮ ਵੱਲ ਮੋੜਾ

ਪੰਜਾਬ ਅੰਦਰ ਗ਼ੈਰ-ਕਾਂਗਰਸੀ ਸਰਕਾਰ ਕਾਇਮ ਕਰਨ ਦਾ ਪਲੇਠਾ ਯਤਨ ਭਾਵੇਂ ਬਹੁਤਾ ਸਫਲ ਤੇ ਉਤਸ਼ਾਹਜਨਕ ਨਹੀਂ ਸੀ ਰਿਹਾ ਪਰ ਇਸ ਤਜਰਬੇ 'ਚੋਂ ਅਕਾਲੀ ਲੀਡਰਸ਼ਿਪ ਨੇ ਕੁਝ ਰਾਜਸੀ ਮੱਤਾਂ ਜ਼ਰੂਰ ਪੱਲੇ ਬੰਨ੍ਹ ਲਈਆਂ ਸਨ। 1967 ਵਿੱਚ ਕਾਂਗਰਸ ਦੇ ਵਿਰੋਧ ਵਿੱਚ ਵਗੀ ਜ਼ੋਰਦਾਰ ਹਵਾ ਦੇ ਬਾਵਜੂਦ ਵੀ ਜੇਕਰ ਕਾਂਗਰਸ ਪਾਰਟੀ ਪੰਜਾਬ ਵਿਧਾਨ ਸਭਾ ਦੀਆਂ ਅਕਾਲੀ ਦਲ ਨਾਲੋਂ ਦੂਗਣੀਆਂ ਸੀਟਾਂ ਜਿੱਤਣ ਵਿੱਚ ਸਫਲ ਹੋ ਗਈ ਸੀ ਤਾਂ ਇਸ ਦੀ ਵੱਡੀ ਵਜ੍ਹਾ ਇਹ ਸੀ ਕਿ ਕਾਂਗਰਸ ਦੇ ਵਿਰੋਧ ਵਿੱਚ ਪਈ ਵੋਟ ਕਈ ਖ਼ਾਨਿਆਂ ਵਿੱਚ ਵੰਡੀ ਗਈ ਸੀ। ਉਦਾਹਰਣ ਵਜੋਂ, ਅਕਾਲੀ ਦਲ (ਮਾਸਟਰ) ਨੂੰ ਪਈਆਂ ਕੁਲ 4.56 ਫ਼ੀਸਦੀ ਵੋਟਾਂ ਅਕਾਲੀ ਦਲ (ਸੰਤ) ਦੇ ਉਮੀਦਵਾਰਾਂ ਨੂੰ ਸ਼ਹਿਰੀ ਖੇਤਰਾਂ ਅੰਦਰ ਤਕੜੀ ਠਿੱਬੀ ਲਾਉਣ ਦਾ ਸਬੱਬ ਹੋ ਨਿਬੜੀਆਂ ਸਨ। ਕੁਲ ਪਈਆਂ ਵੋਟਾਂ 'ਚੋਂ ਅਕਾਲੀ ਦਲ (ਸੰਤ) ਦੁਆਰਾ ਹਾਸਲ ਕੀਤੀਆਂ 20.49 ਫ਼ੀਸਦੀ ਵੋਟਾਂ ਤੋਂ ਇਲਾਵਾ 9.36 ਫ਼ੀਸਦੀ ਜਨਸੰਘ ਦੇ ਅਤੇ ਲਗਭਗ ਅੱਠ ਫ਼ੀਸਦੀ ਕਮਿਊਨਿਸਟ ਪਾਰਟੀਆਂ ਦੇ ਪੇਟੇ ਜਾ ਪਈਆਂ ਸਨ।[1] ਇਸ ਤਰ੍ਹਾਂ ਵੋਟਾਂ ਦੇ ਇਸ ਅੰਕ-ਗਣਿਤ ਦਾ ਹਿਸਾਬ ਲਾਇਆਂ ਕਾਂਗਰਸ ਵਿਰੋਧੀ ਦਲਾਂ ਦੇ ਰਲਵੇਂ ਯਤਨਾਂ ਨਾਲ ਕਾਂਗਰਸ ਪਾਰਟੀ ਨੂੰ ਪੰਜਾਬ ਅੰਦਰ ਸੌਖ ਨਾਲ ਹੀ ਹਕੂਮਤੀ ਸੱਤਾ ਤੋਂ ਲਾਂਭੇ ਰਖਿਆ ਜਾ ਸਕਦਾ ਸੀ। ਸ: ਗੁਰਨਾਮ ਸਿੰਘ ਦੀ ਅਗਵਾਈ ਹੇਠਲੀ ਸਰਕਾਰ ਵਿੱਚ ਇਨ੍ਹਾਂ ਦਲਾਂ ਦੀ ਰਲਵੀਂ ਸ਼ਮੂਲੀਅਤ ਨੇ ਅਜਿਹੇ ਕਾਂਗਰਸ ਵਿਰੋਧੀ ਸਾਂਝੇ ਚੋਣ-ਮੁਹਾਜ਼ ਲਈ ਲੁੜੀਂਦਾ ਆਧਾਰ ਤੇ ਮਾਹੌਲ ਪੈਦਾ ਕਰ ਦਿੱਤਾ ਸੀ। ਸੋ ਅਕਾਲੀ ਲੀਡਰਸ਼ਿਪ ਨੇ ਆਗਾਮੀ ਮੱਧਕਾਲੀ ਚੋਣਾਂ ਅੰਦਰ ਕਾਂਗਰਸ ਨੂੰ ਸਿੱਧੀ ਲੜਾਈ ਦੇਣ ਦੇ ਉਦੇਸ਼ ਨਾਲ ਇਕ ਤਾਂ ਆਪਣੇ ਘਰ ਅੰਦਰਲੀ ਦੁਫੇੜ ਨੂੰ ਖ਼ਤਮ ਕਰਨ, ਅਰਥਾਤ ਅਕਾਲੀ ਦਲ ਦੇ ਦੋਨੋਂ ਗੁੱਟਾਂ ਨੂੰ ਮੁੜ ਇਕਜੁੱਟ ਕਰਨ ਲਈ ਪਹਿਲਕਦਮੀ ਆਰੰਭ ਦਿੱਤੀ। ਦੂਜਾ, ਗ਼ੈਰ-ਕਾਂਗਰਸੀ ਦਲਾਂ ਨਾਲ, ਖ਼ਾਸ ਕਰਕੇ ਹਿੰਦੂ ਵੋਟਰਾਂ ਅੰਦਰ ਚੋਖਾ ਪਰਭਾਵ ਰੱਖਣ ਵਾਲੀ ਜਨਸੰਘ ਪਾਰਟੀ ਨਾਲ ਸਾਂਝਾਂ ਗੰਢਣ ਦੇ ਉਪਰਾਲੇ ਸ਼ੁਰੂ ਕਰ ਦਿੱਤੇ। ਇਸ ਤੋਂ ਇਲਾਵਾ ਅਕਾਲੀ ਲੀਡਰਸ਼ਿਪ ਨੇ 1967 ਵਿੱਚ ਪੰਜਾਬ ਅੰਦਰ ਗ਼ੈਰ-ਕਾਂਗਰਸੀ ਸਰਕਾਰ ਕਾਇਮ ਕਰਨ ਦੇ ਥੋੜਚਿਰੇ ਤਜਰਬੇ ਤੋਂ ਇਹ ਸਬਕ ਗ੍ਰਹਿਣ ਕਰ ਲਿਆ ਕਿ ਜਿੰਨਾ ਚਿਰ ਭਾਰਤ ਅੰਦਰ ਰਾਜਾਂ ਉੱਤੇ ਕੇਂਦਰ ਦੇ ਕੰਟਰੋਲ ਦੀਆਂ ਤਣੀਆਂ ਢਿੱਲੀਆਂ ਨਹੀਂ ਕੀਤੀਆਂ ਜਾਂਦੀਆਂ, ਉਨਾ ਚਿਰ ਅਕਾਲੀ ਦਲ ਤੇ ਇਸ ਵਰਗੀਆਂ ਹੋਰ ਇਲਾਕਾਈ ਤਾਕਤਾਂ ਨਾ ਤਾਂ ਰਾਜਾਂ ਅੰਦਰ ਆਪਣੀਆਂ ਟਿੱਕਵੀਆਂ ਹਕੂਮਤਾਂ ਕਾਇਮ ਕਰ ਸਕਦੀਆਂ ਹਨ ਅਤੇ ਨਾ ਹੀ ਆਪਣੀ ਮਰਜ਼ੀ ਦੀਆਂ ਨੀਤੀਆਂ

ਲਾਗੂ ਕਰ ਸਕਦੀਆਂ ਹਨ। ਅਕਾਲੀ ਲੀਡਰਸ਼ਿਪ ਦੁਆਰਾ ਹਾਸਲ ਕੀਤੀ ਇਹ ਸੋਝੀ ਗੂੜ੍ਹੇ ਅਰਥ ਰਖਦੀ ਸੀ। ਅਕਾਲੀ ਲੀਡਰਸ਼ਿਪ ਦੀ ਰਾਜਨੀਤਕ ਸੋਚਣੀ ਅੰਦਰ ਸ਼ਾਮਲ ਹੋਏ ਇਸ ਨਵੇਂ ਤੱਤ ਨੇ ਨਾ ਸਿਰਫ਼ ਅਕਾਲੀ ਰਾਜਨੀਤੀ ਨੂੰ ਇਕ ਨਵੀਂ ਪਟੜੀ ਉੱਤੇ ਚਾੜ੍ਹ ਦਿੱਤਾ ਸਗੋਂ ਇਸ ਨਾਲ ਦੇਸ਼ ਦੀ ਰਾਜਨੀਤੀ ਅੰਦਰ ਵੀ ਇਕ ਵੱਡੇ ਫੇਰ ਬਦਲ ਦਾ ਮੁੱਢ ਬੱਝ ਗਿਆ।

ਦੇਸ ਦੇ ਬਟਵਾਰੇ ਤੋਂ ਪਹਿਲਾਂ ਮੁਸਲਿਮ ਲੀਡਰਸ਼ਿਪ ਨੇ ਆਪਣੇ ਘੱਟਗਿਣਤੀ ਹਿਤਾਂ ਦੀ ਸੁਰੱਖਿਆ ਲਈ ਫ਼ੈਡਰਲ ਤਾਣੇ-ਬਾਣੇ ਦੀ ਡਟਵੀਂ ਵਜ਼ਾਹਤ ਕੀਤੀ ਸੀ। ਮੁਸਲਿਮ ਲੀਡਰਸ਼ਿਪ ਦਾ ਤਰਕ ਬੜਾ ਸਿਧਾ ਤੇ ਸਪਸ਼ਟ ਸੀ: ਬਹੁਗਿਣਤੀ ਦੇ ਰਾਜ ਹੇਠ ਘੱਟਗਿਣਤੀ ਭਾਈਚਾਰਿਆਂ ਦੇ ਹਿਤਾਂ ਦੀ ਸੁਰੱਖਿਆ ਲਈ ਤਾਕਤਾਂ ਦੇ ਕੇਂਦਰੀਕਰਨ ਦੇ ਰੁਝਾਨ ਨੂੰ ਠੱਲ੍ਹ ਪਾਉਣੀ ਅਤੀ ਜ਼ਰੂਰੀ ਹੈ। ਇਸ ਕਰਕੇ ਜਿੱਥੇ ਹਿੰਦੂ ਲੀਡਰਸ਼ਿਪ ਵੱਲੋਂ ਘੱਟਗਿਣਤੀ ਭਾਈਚਾਰਿਆਂ ਉੱਤੇ ਆਪਣਾ ਗ਼ਲਬਾ ਸਥਾਪਤ ਕਰਨ ਲਈ ਮੁੱਖ ਰੂਪ ਵਿੱਚ ਏਕਾਤਮਿਕ ਢਾਂਚੇ (unitarian system) ਉੱਤੇ ਦੱਬ ਦਿੱਤੀ ਜਾਂਦੀ ਰਹੀ, ਉੱਥੇ ਮੁਸਲਿਮ ਲੀਡਰਸ਼ਿਪ ਦੁਆਰਾ ਪੂਰੇ ਧੜੱਲੇ ਤੇ ਅਡੋਲਤਾ ਨਾਲ ਫ਼ੈਡਰਲ ਢਾਂਚੇ ਦੀ ਵਜ਼ਾਹਤ ਕੀਤੀ ਜਾਂਦੀ ਰਹੀ। ਸਿੱਖ ਲੀਡਰਸ਼ਿਪ ਕਿਉਂਕਿ ਵਿਚਾਰਧਾਰਕ ਤੇ ਰਾਜਸੀ ਤੌਰ 'ਤੇ ਹਿੰਦੂ ਲੀਡਰਸ਼ਿਪ ਦੀ ਪਿਛਲੱਗ ਬਣੀ ਹੋਈ ਸੀ। ਦੂਜਾ, ਉਸ ਨੂੰ ਹਿੰਦੂ ਦਾਬੇ ਨਾਲੋਂ ਪੰਜਾਬ ਅੰਦਰ ਮੁਸਲਿਮ ਗ਼ਲਬੇ ਦਾ ਖ਼ਤਰਾ ਵੱਧ ਹਕੀਕੀ ਤੇ ਨਜ਼ਦੀਕੀ ਦਿਖਾਈ ਦੇਂਦਾ ਸੀ। ਇਸ ਕਰਕੇ ਸਿੱਖ ਲੀਡਰਸ਼ਿਪ ਦੁਆਰਾ ਫ਼ੈਡਰਲ ਢਾਂਚੇ ਦਾ ਜਨੂੰਨ ਦੀ ਪੱਧਰ 'ਤੇ ਵਿਰੋਧ ਕੀਤਾ ਜਾਂਦਾ ਰਿਹਾ। ਵੰਡ ਤੋਂ ਪਹਿਲਾਂ ਹਿੰਦੂ ਲੀਡਰਸ਼ਿਪ ਦੇ ਕੁਝ ਵਰਗਾਂ ਨੂੰ ਮੁਸਲਿਮ ਦਬਾਅ ਸਦਕਾ ਫ਼ੈਡਰਲਿਜ਼ਮ ਦੇ ਹੱਕ ਵਿੱਚ ਜੋ ਝੂਠੀ-ਮੂਠੀ ਹਾਮੀ ਭਰਨੀ ਪੈਂਦੀ ਸੀ, ਵੰਡ ਤੋਂ ਬਾਅਦ ਇਸਦੀ ਕੋਈ ਲੋੜ ਨਹੀਂ ਸੀ ਰਹੀ। ਇਸ ਕਰਕੇ ਆਜ਼ਾਦੀ ਤੋਂ ਬਾਅਦ ਹਿੰਦੂ ਲੀਡਰਸ਼ਿਪ ਦੀਆਂ ਮਨੋ-ਖ਼ਾਹਸ਼ਾਂ ਵੱਧ ਖੁੱਲ੍ਹ ਕੇ ਪਰਗਟ ਹੋਣ ਲੱਗ ਪਈਆਂ। ਵਿਧਾਨਸਾਜ਼ ਅਸੰਬਲੀ ਅੰਦਰ ਸੰਵਿਧਾਨ ਦੇ ਖਰੜੇ ਉੱਤੇ ਬਹਿਸ ਕਰਦਿਆਂ ਹੋਇਆਂ ਅਲੱਗ-ਅਲੱਗ ਵੰਨਗੀ ਦੀ ਹਿੰਦੂ ਲੀਡਰਸ਼ਿਪ ਦੁਆਰਾ ਏਕਾਤਮਿਕ ਢਾਂਚੇ ਦੇ ਪੱਖ ਵਿੱਚ ਜ਼ੋਰਦਾਰ ਦਲੀਲਬਾਜ਼ੀ ਕੀਤੀ ਗਈ। ਭਾਵੇਂ ਵੰਡ ਤੋਂ ਬਾਅਦ ਪੰਜਾਬ ਅੰਦਰ ਮੁਸਲਿਮ ਗ਼ਲਬੇ ਦਾ ਖ਼ਤਰਾ ਪੂਰਨ ਤੌਰ 'ਤੇ ਅਲੋਪ ਹੋ ਗਿਆ ਸੀ ਅਤੇ ਹਿੰਦੂ ਆਗੂਆਂ ਦੀਆਂ ਘੱਟਗਿਣਤੀ ਭਾਈਚਾਰਿਆਂ ਨੂੰ ਦੁਬੇਲ ਬਣਾਉਣ ਦੀਆਂ ਖ਼ਾਹਸ਼ਾਂ ਤੇ ਰੁਚੀਆਂ ਸਾਫ਼ ਪਰਗਟ ਹੋ ਗਈਆਂ ਸਨ ਪਰ ਇਸ ਦੇ ਬਾਵਜੂਦ ਸਿੱਖ ਲੀਡਰਸ਼ਿਪ ਦੀ ਰਾਜਨਤੀਕ ਚੇਤਨਾ ਅਜੇ ਵੀ ਪਿਛਲੇ ਪੜਾਅ ਉੱਤੇ ਹੀ ਅਟਕੀ ਹੋਈ ਸੀ। ਸੰਵਿਧਾਨ ਦੇ ਖਰੜੇ ਉੱਤੇ ਹੋਈ ਬਹਿਸ ਦੌਰਾਨ ਸਿੱਖ ਨੁਮਾਇੰਦਿਆਂ ਦੇ ਮੂੰਹੋਂ ਫ਼ੈਡਰਲਿਜ਼ਮ ਦੇ ਪੱਖ ਵਿੱਚ ਇਕ ਸ਼ਬਦ ਤਕ ਨਹੀਂ ਸੀ ਫੁਟਿਆ। ਜਦੋਂ ਕਿ ਮੁਸਲਿਮ ਨੁਮਾਇੰਦਿਆਂ (ਮੁਹੰਮਦ ਇਸਮਾਈਲ ਸਾਹਿਬ, ਮੌਲਾਨਾ ਹਸਰਤ ਮੋਹਾਨੀ, ਨਜ਼ੀਰ ਅਹਿਮਦ, ਬੀ. ਪੋਕਰ ਸਾਹਿਬ ਆਦਿ ਆਦਿ) ਨੇ ਹਿੰਦੂ ਆਗੂਆਂ ਦੀਆਂ ਘੱਟਗਿਣਤੀ ਭਾਈਚਾਰਿਆਂ ਦੇ ਸਿਰਾਂ 'ਤੇ ਏਕਾਤਮਿਕ ਸੰਵਿਧਾਨ ਮੜ੍ਹਨ ਦੀਆਂ ਨੀਤਾਂ ਤੇ ਕੋਸ਼ਿਸ਼ਾਂ ਵਿਰੁੱਧ ਤਿੱਖਾ ਪ੍ਰਤੀਕਰਮ ਪ੍ਰਗਟਾਉਂਦਿਆਂ ਹੋਇਆਂ ਫ਼ੈਡਰਲ ਢਾਂਚੇ ਦੇ ਪੱਖ ਵਿੱਚ ਪ੍ਰਭਾਵਸ਼ਾਲੀ ਦਲੀਲਬਾਜ਼ੀ ਕੀਤੀ।[2] ਸਿੱਖ ਨੁਮਾਇੰਦਿਆਂ ਨੇ ਨਾ ਸਿਰਫ਼ ਵਿਧਾਨਸਾਜ਼ ਅਸੰਬਲੀ ਅੰਦਰ ਫ਼ੈਡਰਲਿਜ਼ਮ ਬਾਰੇ ਪੂਰੀ ਤਰ੍ਹਾਂ ਚੁੱਪ ਸਾਧੀ ਰੱਖੀ ਸਗੋਂ 1952 ਤੋਂ ਲੈ ਕੇ 1967 ਤਕ ਪਾਰਲੀਮੈਂਟ ਅੰਦਰ ਇਸ ਮਸਲੇ ਬਾਰੇ ਵਾਰ ਵਾਰ ਛਿੜੀ ਚਰਚਾ ਦੇ ਬਾਵਜੂਦ ਕਿਸੇ ਵੀ ਸਿੱਖ ਨੁਮਾਇੰਦੇ ਨੇ ਏਕਾਤਮਿਕ ਢਾਂਚੇ ਨੂੰ ਰੱਦ ਕਰਕੇ ਫ਼ੈਡਰਲ ਢਾਂਚੇ ਦੀ ਵਕਾਲਤ ਕਰਨ ਦੀ ਰਾਜਸੀ

ਦਾਨਸ਼ਮੰਦੀ ਨਹੀਂ ਦਿਖਾਈ। ਹਾਲਾਂਕਿ ਏਸ ਅਰਸੇ ਦੌਰਨ ਸ: ਹੁਕਮ ਸਿੰਘ, ਸ: ਅਜੀਤ ਸਿੰਘ ਸਰਹੱਦੀ ਅਤੇ ਸਰਦਾਰ ਕਪੂਰ ਸਿੰਘ ਵਰਗੇ ਪੜ੍ਹੇ-ਲਿਖੇ ਤੇ ਕਾਬਲ ਵਿਅਕਤੀਆਂ ਨੂੰ ਲੋਕ ਸਭਾ ਅੰਦਰ ਬੈਠਣ ਤੇ ਬੋਲਣ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ।

ਸੱਠਵਿਆਂ 'ਚ ਜਾ ਕੇ ਸਿੱਖ ਲੀਡਰਸ਼ਿਪ ਦੁਆਰਾ ਫ਼ੈਡਰਲਿਜ਼ਮ ਦੇ ਪੱਖ ਵਿੱਚ ਕੱਟੇ ਗਏ ਮੋੜੇ ਦੇ ਕਾਰਨ ਆਰਥਿਕ ਅਤੇ ਰਾਜਨੀਤਕ, ਦੋਨੋਂ ਸਨ। 1967 ਦੀਆਂ ਚੋਣਾਂ ਅੰਦਰ ਅਕਾਲੀ ਦਲ ਤੋਂ ਇਲਾਵਾ ਕੁਝ ਹੋਰ ਇਲਾਕਾਈ ਰਾਜਸੀ ਦਲਾਂ ਨੂੰ ਵੀ ਕਾਂਗਰਸ ਪਾਰਟੀ ਨੂੰ ਲਾਂਭੇ ਕਰਕੇ ਰਾਜਸੱਤਾ ਸੰਭਾਲਣ ਦਾ ਮੌਕਾ ਨਸੀਬ ਹੋਇਆ। ਕਾਂਗਰਸ ਪਾਰਟੀ ਦੀ ਰਾਜਸੀ ਅਜਾਰੇਦਾਰੀ ਨੂੰ ਕਰਾਰਾ ਝਟਕਾ ਦੇਣ ਵਾਲੇ ਇਸ ਰਾਜਸੀ ਵਰਤਾਰੇ ਦਾ ਭਾਰਤ ਦੇ ਸਮਾਜੀ-ਆਰਥਿਕ ਖੇਤਰ ਅੰਦਰ ਵਾਪਰੀਆਂ ਵੱਡੀਆਂ ਤਬਦੀਲੀਆਂ ਨਾਲ ਗਹਿਰਾ ਸਬੰਧ ਜੁੜਿਆ ਹੋਇਆ ਸੀ। ਭਾਰਤੀ ਗਣਰਾਜ ਦਾ ਸੰਵਿਧਾਨ ਤਿਆਰ ਕਰਨ ਮੌਕੇ ਭਾਵੇਂ ਫ਼ੈਡਰਲਿਜ਼ਮ ਦੇ ਅਸੂਲ ਨੂੰ ਸਿੱਧੇ ਤੌਰ 'ਤੇ ਰੱਦਿਆ ਨਹੀਂ ਸੀ ਗਿਆ ਪ੍ਰੰਤੂ ਇਸਦਾ ਦਾਇਰਾ ਤੇ ਅਰਥ ਇਸ ਕਦਰ ਸੁੰਗੇੜ ਦਿੱਤੇ ਗਏ ਸਨ ਕਿ ਸੰਵਿਧਾਨ ਉੱਤੇ ਲੱਗਾ ਫ਼ੈਡਰਲਿਜ਼ਮ ਦਾ ਠੱਪਾ ਅਰਥਹੀਣ ਹੋ ਕੇ ਰਹਿ ਗਿਆ ਸੀ।[3] ਜਦ ਇਸ ਸੰਵਿਧਾਨ ਨੂੰ ਲਾਗੂ ਕਰਨ ਦੀ ਵਾਰੀ ਆਈ ਤਾਂ ਫ਼ੈਡਰਲਿਜ਼ਮ ਦੀ ਭਾਵਨਾ ਦਾ ਪੂਰੀ ਤਰ੍ਹਾਂ ਘਾਤ ਕਰ ਦਿੱਤਾ ਗਿਆ। ਰਫ਼ਤਾ ਰਫ਼ਤਾ ਪਰ ਵਿਉਂਤਬੱਧ ਤਰੀਕੇ ਨਾਲ ਕੀਤੀਆਂ ਗਈਆਂ ਤਰਮੀਮਾਂ ਨਾਲ ਸੰਵਿਧਾਨ ਅੰਦਰ ਦਰਜ ਫ਼ੈਡਰਲ ਅੰਸ਼ਾਂ ਨੂੰ ਵੱਡੀ ਪੱਧਰ 'ਤੇ ਖੋਰਾ ਲਾ ਦਿੱਤਾ ਗਿਆ। ਸਿੱਟੇ ਵਜੋਂ ਭਾਰਤ ਦੇ ਰਾਜਸੀ ਢਾਂਚੇ ਨੇ ਅਜਿਹਾ ਏਕਾਤਮਿਕ ਖ਼ਾਸਾ ਗ੍ਰਹਿਣ ਕਰ ਲਿਆ ਕਿ ਰਾਜਾਂ ਦੇ ਆਰਥਿਕ ਤੇ ਰਾਜਸੀ ਜੀਵਨ ਦੀਆਂ ਸੱਭੇ ਅਹਿਮ ਰਗਾਂ ਕੇਂਦਰ ਦੀ ਗ੍ਰਿਫ਼ਤ ਵਿੱਚ ਆ ਗਈਆਂ ਅਤੇ ਰਾਜ ਸਰਕਾਰਾਂ ਦੀ ਹੈਸੀਅਤ ਜ਼ਿਲ੍ਹਾ ਪ੍ਰੀਸ਼ਦਾਂ ਤੇ ਨਗਰਪਾਲਿਕਾਵਾਂ ਵਾਲੀ ਬਣ ਕੇ ਰਹਿ ਗਈ।

ਹਿੰਦੂ ਹਾਕਮਾਂ ਦੇ ਕੇਂਦਰੀਕਰਨ ਦੇ ਰਾਹ 'ਤੇ ਬੇਰੋਕ ਅੱਗੇ ਵਧਣ ਵਿੱਚ ਕਈ ਗੱਲਾਂ ਸਹਾਈ ਹੋਈਆਂ। ਕੁੱਲ ਤੋਂ ਪਹਿਲੀ ਗੱਲ, ਕੇਂਦਰਵਾਦ ਬਹੁਗਿਣਤੀ ਵਰਗ ਦੇ ਹੱਥ ਵਿੱਚ ਅਜਿਹਾ ਹਥਿਆਰ ਹੈ ਜੋ ਘੱਟਗਿਣਤੀ ਭਾਈਚਾਰਿਆਂ ਉੱਤੇ ਰਾਜਨੀਤਕ ਤੇ ਸਭਿਆਚਾਰਕ ਗ਼ਲਬਾ ਪਾਉਣ 'ਚ ਬੇਹੱਦ ਉਪਯੋਗੀ ਸਾਬਤ ਹੁੰਦਾ ਹੈ। ਘੱਟਗਿਣਤੀ ਭਾਈਚਾਰਿਆਂ ਦੀ ਆਪਣੀ ਵਿਲੱਖਣ ਹਸਤੀ ਬਰਕਰਾਰ ਰੱਖਣ ਦੀ ਹਰ ਰੀਝ ਨੂੰ 'ਵੱਖਵਾਦ' ਦਾ ਨਾਂ ਦੇ ਕੇ ਕੇਂਦਰੀਕਰਨ ਦੇ ਪੱਖ ਵਿੱਚ ਆਮ ਮਾਹੌਲ ਤਿਆਰ ਕੀਤਾ ਜਾਂਦਾ ਰਿਹਾ। ਬਹੁਗਿਣਤੀ ਵਰਗ ਦੇ ਵੱਡੇ ਹਿੱਸਿਆਂ ਅੰਦਰ ਉਭਾਰਿਆ ਹਿੰਦੂਵਾਦੀ ਜਜ਼ਬਾ ਕੇਂਦਰੀਕਰਨ ਦੀਆਂ ਤਾਕਤਾਂ ਨੂੰ ਬਲ ਮੁਹੱਈਆ ਕਰਦਾ ਰਿਹਾ। ਦੂਜੀ ਗੱਲ, ਆਜ਼ਾਦੀ ਤੋਂ ਬਾਅਦ ਕਾਂਗਰਸੀ ਹਾਕਮਾਂ ਨੇ ਸੋਵੀਅਤ ਯੂਨੀਅਨ ਦੇ ਮਾਡਲ ਤੋਂ ਪ੍ਰਭਾਵਿਤ ਹੋ ਕੇ ਭਾਰਤ ਅੰਦਰ ਜੋ ਆਰਥਿਕ ਢਾਂਚਾ ਉਸਾਰਿਆ, ਉਸਨੇ ਕਸਵੇਂ ਕੇਂਦਰੀ ਕੰਟਰੋਲ ਵਾਲੀ ਰਾਜਨੀਤਕ ਪਰਣਾਲੀ ਨੂੰ ਨਰੋਆ ਆਰਥਿਕ ਆਧਾਰ ਮੁਹੱਈਆ ਕੀਤਾ। ਕੇਂਦਰੀ ਯੋਜਨਾਕਾਰੀ ਦੇ ਸੰਕਲਪ 'ਤੇ ਆਧਾਰਤ ਪਬਲਿਕ ਸੈਕਟਰ ਦੀ ਪ੍ਰਧਾਨਤਾ ਵਾਲਾ ਅਰਥਚਾਰਾ ਦੇਸ ਦੀ ਆਰਥਕ ਜ਼ਿੰਦਗੀ ਉੱਤੇ ਕੇਂਦਰ ਸਰਕਾਰ ਦੇ ਸੰਪੂਰਨ ਗ਼ਲਬੇ ਦੀਆਂ ਹਾਲਤਾਂ ਪੈਦਾ ਕਰਦਾ ਸੀ। ਭਾਰਤ ਦੀ ਵੱਡੀ ਸਰਮਾਏਦਾਰੀ (ਜੋ ਕਿ ਮੁੱਖ ਤੌਰ 'ਤੇ ਹਿੰਦੂ ਹੈ) ਸ਼ੁਰੂ ਤੋਂ ਹੀ ਤਾਕਤਾਂ ਦੇ ਕੇਂਦਰੀਕਰਨ ਦੇ ਪੱਖ ਵਿੱਚ ਰਹੀ ਹੈ। ਕਾਰਨ ਇਹ ਕਿ ਆਰਥਿਕ ਤੇ ਰਾਜਸੀ ਕੇਂਦਰੀਕਰਨ ਵੱਡੀ ਸਰਮਾਏਦਾਰੀ ਦੇ ਵਰਗ ਹਿਤਾਂ ਦੀ ਪੂਰਤੀ ਕਰਦਾ ਹੈ। ਇਸ ਦੇ ਨਾਲ ਉਸ ਲਈ ਸਮੁੱਚੀ ਭਾਰਤੀ ਮੰਡੀ ਨੂੰ ਆਪਣੀ ਲੋਟੂ ਜਕੜ ਵਿੱਚ ਲੈਣਾ ਆਸਾਨ ਹੋ ਜਾਂਦਾ ਹੈ।

ਪਰ ਸਮਾਂ ਪੈਣ ਨਾਲ ਜਦ ਰਾਜਾਂ ਅੰਦਰਲੀ ਸਥਾਨਕ ਸਰਮਾਏਦਾਰੀ ਦੇ ਵੀ 'ਖੰਭ ਨਿਕਲਣੇ' ਸ਼ੁਰੂ ਹੋ ਗਏ ਤਾਂ ਉਸ ਨੂੰ ਰਾਜਾਂ ਦੇ ਆਰਥਿਕ ਜੀਵਨ ਉੱਤੇ ਕੇਂਦਰੀ ਹਕੂਮਤ ਦੇ ਜ਼ਰੀਏ ਵੱਡੀ ਸਰਮਾਏਦਾਰੀ ਦੇ ਕਸਵੇਂ ਕੰਟਰੋਲ ਦੀ ਚੁੱਭਣ ਮਹਿਸੂਸ ਹੋਣ ਲੱਗੀ। ਜਿਸ ਵਿੱਚੋਂ ਰਾਜਾਂ ਨੂੰ ਵਧੇਰੇ ਵਿਤੀ ਅਧਿਕਾਰਾਂ ਦੀ ਮੰਗ ਉੱਠਣ ਲੱਗੀ। ਪਰ ਸਥਾਨਕ ਸਰਮਾਏਦਾਰੀ ਦੀ ਆਵਾਜ਼ ਅਤੇ ਤਾਕਤ ਕਮਜ਼ੋਰ ਹੋਣ ਕਰਕੇ ਕੇਂਦਰ ਸਰਕਾਰ ਅਤੇ ਵੱਡੀ ਸਰਮਾਏਦਾਰੀ ਨੇ ਇਸ ਮੰਗ ਨੂੰ ਬਹੁਤਾ ਨਾ ਗੌਲਿਆ। ਕਾਂਗਰਸ ਪਾਰਟੀ ਦੇ ਰੂਪ ਵਿੱਚ ਵਿਸ਼ਾਲ ਜਨਤਕ ਆਧਾਰ ਵਾਲਾ ਮਜ਼ਬੂਤ ਦੇਸ-ਵਿਆਪੀ ਰਾਜਸੀ ਸੰਗਠਨ ਭਾਰਤ ਅੰਦਰ ਫ਼ੈਡਰਲਿਜ਼ਮ ਦੀ ਮੰਗ ਅਤੇ ਭਾਵਨਾ ਨੂੰ ਨਕਾਰਨ ਵਾਲਾ ਇਕ ਤਾਕਤਵਰ ਰਾਜਸੀ ਫ਼ੈਕਟਰ ਸਾਬਤ ਹੋਇਆ। ਪ੍ਰੰਤੂ ਜਦ ਸੱਠਵਿਆਂ 'ਚ ਜਾ ਕੇ ਦੇਸ ਦੇ ਕੁਝ ਭਾਗਾਂ ਅੰਦਰ 'ਹਰੇ ਇਨਕਲਾਬ' ਦੀ ਸਫਲਤਾ ਸਦਕਾ ਧਨਾਢ ਕਿਸਾਨ ਵਰਗ ਨੇ ਆਰਥਿਕ ਅਤੇ ਰਾਜਸੀ ਖੇਤਰ ਅੰਦਰ ਵੱਡੀ ਸਰਮਾਏਦਾਰੀ ਨਾਲ ਮੜ੍ਹਿਕਣਾ ਸ਼ੁਰੂ ਕਰ ਦਿੱਤਾ ਤਾਂ ਭਾਰਤ ਅੰਦਰ ਰਾਜਨੀਤੀ ਦਾ ਇਕ ਅਸਲੋਂ ਹੀ ਨਵਾਂ ਮੂੰਹ ਮੱਥਾ ਉਭਰਨ ਲੱਗਾ। ਪਾਰਲੀਮਾਨੀ ਜਮਹੂਰੀਅਤ ਅੰਦਰ ਸੰਖਿਆ ਦੀ ਨਿਰਣਾਕਾਰੀ ਮਹੱਤਤਾ ਹੋਣ ਕਰਕੇ ਕਿਸਾਨ ਵਰਗ ਦੀ ਆਵਾਜ਼ ਨੂੰ ਅਣਗੌਲਿਆਂ ਕਰ ਸਕਣਾ ਸੰਭਵ ਨਹੀਂ। ਇਸ ਕਰਕੇ ਜਦ ਦੇਸ ਦੇ ਕੁਝ ਭਾਗਾਂ ਅੰਦਰ ਧਨਾਢ ਕਿਸਾਨੀ ਰਾਜਸੀ ਸੱਤਾ ਦੀ ਦਾਅਵੇਦਾਰ ਬਣ ਕੇ ਉਭਰ ਆਈ ਤਾਂ ਏਕਾਤਮਿਕ ਢਾਂਚੇ ਦੀਆਂ ਬੁਨਿਆਦਾਂ ਤਿੜਕਣੀਆਂ ਸ਼ੁਰੂ ਹੋ ਗਈਆਂ। ਆਰਥਿਕ ਤੌਰ 'ਤੇ ਬਲਸ਼ਾਲੀ ਹੋਇਆ ਧਨਾਢ ਕਿਸਾਨ ਵਧੇਰੇ ਆਰਥਿਕ ਤੇ ਰਾਜਸੀ ਖੁੱਲ੍ਹਾਂ ਦੀ ਲੋੜ ਮਹਿਸੂਸ ਕਰਨ ਲੱਗਾ। ਉਸ ਅੰਦਰ ਵੱਡੀ ਸਰਮਾਏਦਾਰੀ ਦੇ ਆਰਥਿਕ ਤੇ ਰਾਜਸੀ ਗ਼ਲਬੇ ਤੋਂ ਸੁਤੰਤਰ ਹੋਣ ਦੀ ਸੋਚ ਅਤੇ ਰੁਚੀ ਪਨਪਣ ਲੱਗੀ। ਪਰ ਵਿਚਾਰਧਾਰਕ ਤੌਰ 'ਤੇ ਵੱਡੀ ਹਿੰਦੂ ਸਰਮਾਏਦਾਰੀ ਦੇ ਗਹਿਰੇ ਪਰਭਾਵ ਹੇਠ ਹੋਣ ਕਰਕੇ ਅਤੇ ਖ਼ੁਦ ਗ਼ਰੀਬ ਪੇਂਡੂ ਜਨਤਾ ਦੀ ਲੁੱਟ-ਖਸੁੱਟ ਆਸਰੇ ਪਲਣ ਵਾਲਾ ਇਕ ਮਾਇਆਧਾਰੀ ਵਰਗ ਹੋਣ ਕਰਕੇ ਧਨਾਢ ਕਿਸਾਨੀ ਦੀਆਂ ਵੱਡੀ ਸਰਮਾਏਦਾਰੀ ਨਾਲ ਅਨੇਕਾਂ ਸਾਂਝਾਂ ਜੁੜੀਆਂ ਹੋਈਆਂ ਹਨ। ਭਾਰਤ ਦੀ ਆਰਥਿਕ ਤੇ ਰਾਜਸੀ ਪਰਣਾਲੀ ਨਾਲ ਜਿੱਥੇ ਉਸ ਦੇ ਕੁਝ ਝਗੜੇ ਅਤੇ ਵਿਰੋਧ ਹਨ, ਉਥੇ ਨਾਲ ਹੀ ਇਸ ਪਰਣਾਲੀ ਨਾਲ ਉਸ ਦੇ ਡੂੰਘੇ ਹਿਤ ਵੀ ਜੁੜੇ ਹੋਏ ਹਨ। ਜੇਕਰ ਨਿਰੋਲ ਵਰਗ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਵੱਡੀ ਸਰਮਾਏਦਾਰੀ ਨਾਲ ਉਸਦਾ ਝਗੜਾ ਵਧੇਰੇ ਹਿੱਸੇ ਪੱਤੀ ਦਾ ਹੀ ਹੈ। ਇਸ ਕਰਕੇ ਆਮ ਨਿਯਮ ਦੇ ਤੌਰ 'ਤੇ ਧਨਾਢ ਕਿਸਾਨ ਵਰਗ ਅੰਦਰ ਵੱਡੀ ਹਿੰਦੂ ਸਰਮਾਏਦਾਰੀ ਦੇ ਆਰਥਿਕ ਅਤੇ ਰਾਜਸੀ ਗ਼ਲਬੇ ਦੀ ਛੱਟ ਨੂੰ ਪੂਰਨ ਰੂਪ ਵਿੱਚ ਗਲੋਂ ਲਾਹ ਸੁੱਟਣ ਦੀ ਨਾ ਤਾਂ ਇੱਛਾ ਹੈ ਅਤੇ ਨਾ ਹੀ ਦ੍ਰਿੜ੍ਹਤਾ। ਉਸਦੀ ਇਸ ਵਜੂਦ-ਸਮੋਈ (inherent) ਕਮਜ਼ੋਰੀ ਦਾ ਰਾਜਸੀ ਖੇਤਰ ਅੰਦਰ ਪ੍ਰਗਟਾਵਾ ਆਮ ਦੇਖਣ ਨੂੰ ਮਿਲਦਾ ਹੈ। ਜਿਵੇਂ ਕਿ ਪਿੱਛੇ ਜ਼ਿਕਰ ਹੋ ਚੁੱਕਾ ਹੈ ਕਿ 1967 ਵਿੱਚ ਜਦ ਇਸ ਵਰਗ ਦੀਆਂ ਨੁਮਾਇੰਦਾ ਰਾਜਸੀ ਤਾਕਤਾਂ ਨੂੰ ਦੇਸ ਦੇ ਕੁਝ ਭਾਗਾਂ ਅੰਦਰ ਰਾਜਸੀ ਸੱਤਾ ਮਾਨਣ ਦਾ ਮੌਕਾ ਨਸੀਬ ਹੋਇਆ ਤਾਂ ਉਸਨੇ ਆਪਣੇ ਵਰਗ ਹਿਤਾਂ ਨੂੰ ਭਾਉਂਦੀਆਂ ਆਰਥਿਕ ਨੀਤੀਆਂ ਲਾਗੂ ਕਰਨ ਲਈ ਰਾਜਾਂ ਨੂੰ ਆਰਥਿਕ ਤੇ ਰਾਜਨੀਤਕ ਖ਼ੁਦਮੁਖ਼ਤਿਆਰੀ ਦੀ ਲੋੜ ਮਹਿਸੂਸ ਕੀਤੀ। ਇਸ ਵਿੱਚੋਂ ਹੀ ਅੱਡ ਅੱਡ ਮੌਕਿਆਂ 'ਤੇ ਅੱਡ ਅੱਡ ਰਾਜਸੀ ਤਾਕਤਾਂ ਦੁਆਰਾ ਫ਼ੈਡਰਲ ਢਾਂਚੇ ਦੇ ਪੱਖ ਵਿੱਚ ਆਵਾਜ਼ ਉਠਾਈ ਜਾਣ ਲੱਗੀ। ਪ੍ਰੰਤੂ ਧਨਾਢ ਕਿਸਾਨ ਵਰਗ ਦੀ ਉਪਰ ਬਿਆਨੀ ਕਮਜ਼ੋਰੀ ਤੇ ਸੀਮਤਾਈ ਕਾਰਨ ਉਸਦੀ ਫ਼ੈਡਰਲ ਢਾਂਚੇ ਲਈ ਜਦੋਜਹਿਦ ਅੰਦਰ ਡਾਵਾਂਡੋਲਤਾ ਤੇ ਨਿਤਾਣਗੀ ਉਘੜ ਕੇ ਪਰਗਟ ਹੁੰਦੀ ਰਹੀ।

1967 ਤੋਂ ਬਾਅਦ ਦੀ ਅਕਾਲੀ ਰਾਜਨੀਤੀ ਦਾ ਉਪਰ ਬਿਆਨੇ ਸੰਦਰਭ ਵਿੱਚ ਰੱਖ ਕੇ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਅਕਾਲੀ ਲੀਡਰਸ਼ਿਪ ਦੁਆਰਾ ਆਨੰਦਪੁਰ ਸਾਹਿਬ ਦੇ ਮਤੇ ਪ੍ਰਤੀ ਅਪਣਾਏ ਥਿੜਕਵੇਂ ਪੈਂਤੜਿਆਂ ਦਾ ਰਹੱਸ ਖ਼ੁਦ-ਬ-ਖ਼ੁਦ ਉਜਾਗਰ ਹੋ ਜਾਂਦਾ ਹੈ। ਫ਼ੈਡਰਲ ਢਾਂਚੇ ਦੀ ਮੰਗ ਸਭ ਤੋਂ ਪਹਿਲਾਂ ਤਿੱਖੇ ਰੂਪ ਵਿੱਚ ਧੁਰ ਦੱਖਣ ਵਿੱਚੋਂ ਉਠੀ। ਸ਼ੁਰੂਆਤੀ ਦੌਰ ਅੰਦਰ ਉੱਥੇ ਇਸ ਮੰਗ ਦਾ ਸਿੱਧੇ ਰੂਪ ਵਿੱਚ ਧਨਾਢ ਕਿਸਾਨ ਵਰਗ ਦੀ ਚੜ੍ਹਤ ਨਾਲ ਕੋਈ ਸਬੰਧ ਨਹੀਂ ਸੀ ਜੁੜਿਆ ਹੋਇਆ। ਇਹ ਤਾਮਿਲ ਲੋਕਾਂ ਦਾ ਦਰਾਵੜੀ ਜਜ਼ਬਾ ਸੀ ਜੋ ਉਨ੍ਹਾਂ ਨੂੰ ਬ੍ਰਾਹਮਣਵਾਦੀ ਵਿਚਾਰਧਾਰਾ ਨਾਲ ਤਿੱਖੇ ਟਕਰਾਉ ਵੱਲ ਧੱਕ ਰਿਹਾ ਸੀ। ਪੰਜਾਹਵਿਆਂ ਅੰਦਰ ਤਾਮਿਲਨਾਡੂ ਅੰਦਰ ਦਰਾਵੜ ਲਹਿਰ ਦਾ ਪੂਰਾ ਬੋਲਬਾਲਾ ਸੀ ਅਤੇ ਤਾਮਿਲ ਜਨਤਾ ਬ੍ਰਾਹਮਣਵਾਦੀ ਗ਼ਲਬੇ ਨੂੰ ਕਿਸੇ ਵੀ ਰੂਪ ਵਿੱਚ ਪਰਵਾਨ ਕਰਨ ਲਈ ਤਿਆਰ ਨਹੀਂ ਸੀ। ਸੱਠਵਿਆਂ 'ਚ ਆ ਕੇ, ਕਈ ਕਾਰਨਾਂ ਕਰਕੇ, ਦਰਾਵੜ ਲਹਿਰ ਅੰਦਰਲਾ ਵਿਚਾਰਧਾਰਕ ਤੱਤ ਕਮਜ਼ੋਰ ਪੈ ਤੁਰਿਆ ਅਤੇ ਉਸ ਅੰਦਰ ਬ੍ਰਾਹਮਣਵਾਦ ਨਾਲ ਸਮਝੌਤੇ ਦੀਆਂ ਕਰੂਚੀਆਂ ਜ਼ੋਰ ਫੜਨ ਲੱਗੀਆਂ। ਸਮਾਂ ਪੈਣ ਨਾਲ ਤਾਮਿਲ ਸਮਾਜ ਅੰਦਰ ਇਕ ਅਜਿਹਾ ਮਾਇਆਧਾਰੀ ਵਰਗ ਪੈਦਾ ਹੋ ਗਿਆ ਜਿਸ ਦੇ ਭਾਰਤ ਦੀ ਵੱਡੀ ਹਿੰਦੂ ਸਰਮਾਏਦਾਰੀ ਨਾਲ ਝਗੜੇ ਅਤੇ ਵਿਰੋਧ ਤਾਂ ਹਨ ਪਰ ਨਾਲ ਹੀ ਉਸ ਅੰਦਰ ਵੱਡੀ ਹਿੰਦੂ ਸਰਮਾਏਦਾਰੀ ਨਾਲ ਸਮਝੌਤੇ ਤੇ ਸਾਂਝ-ਭਿਆਲੀ ਦਾ ਵੀ ਜ਼ੋਰਦਾਰ ਝੁਕਾਅ ਦੇਖਣ ਨੂੰ ਮਿਲਦਾ ਹੈ। ਤਾਮਿਲਨਾਡੂ ਅੰਦਰ ਪੰਜਾਹਵਿਆਂ 'ਚ ਉਠੀ ਵੱਖਰੇ ਦਰਾਵੜ ਦੇਸ ਦੀ ਮੰਗ ਦਾ ਸੱਠਵਿਆਂ 'ਚ ਆ ਕੇ ਰਾਜਾਂ ਲਈ ਵੱਧ ਅਧਿਕਾਰਾਂ ਦੀ ਮੰਗ 'ਤੇ ਨਿਬੇੜਾ ਹੋ ਗਿਆ। ਤਾਮਿਲਨਾਡੂ ਦੀ ਡੀ.ਐਮ.ਕੇ. ਸਰਕਾਰ ਨੇ 22 ਸਤੰਬਰ 1969 ਨੂੰ ਪੀ.ਵੀ. ਰਾਜਮੱਨਰ ਦੀ ਅਗਵਾਈ ਹੇਠ ਇਕ ਕਮੇਟੀ ਕਾਇਮ ਕੀਤੀ ਜਿਸ ਨੂੰ ਕੇਂਦਰ ਅਤੇ ਰਾਜਾਂ ਦੇ ਸਬੰਧਾਂ ਬਾਰੇ ਪੂਰੀ ਭਰਵੀਂ ਰਿਪੋਰਟ ਤਿਆਰ ਕਰਨ ਦਾ ਕੰਮ ਸੌਂਪਿਆ ਗਿਆ। ਇਸ ਕਮੇਟੀ ਦੁਆਰਾ 27 ਮਈ 1971 ਨੂੰ ਜਾਰੀ ਕੀਤੀ ਗਈ ਰਿਪੋਰਟ ਭਾਰਤ ਅੰਦਰ ਫ਼ੈਡਰਲ ਢਾਂਚੇ ਦੀ ਉਸਾਰੀ ਦਾ ਮੱਤ ਰੱਖਣ ਵਾਲੀਆਂ ਤਾਕਤਾਂ ਲਈ ਇਕ ਰਾਹਨੁਮਾ ਦਸਤਾਵੇਜ਼ ਦਾ ਰੁਤਬਾ ਅਖ਼ਤਿਆਰ ਕਰ ਗਈ।

ਪੰਜਾਬ ਅੰਦਰ ਇਸ ਵਰਤਾਰੇ ਨੇ ਤਾਮਿਲਨਾਡੂ ਨਾਲ ਕੁਝ ਮਿਲਵਾਂ ਅਤੇ ਕੁਝ ਵੱਖਰਾ ਅਮਲ ਅਖ਼ਤਿਆਰ ਕੀਤਾ। ਬਾਹਰਮੁਖੀ ਰੂਪ ਵਿੱਚ (objectively) ਸਿੱਖ ਪੰਥ ਦਾ ਬ੍ਰਾਹਮਣਵਾਦ ਨਾਲ ਵਿਰੋਧ ਦਰਾਵੜ ਲਹਿਰ ਨਾਲੋਂ ਵੱਧ ਬੁਨਿਆਦੀ ਤੇ ਵੱਧ ਡੂੰਘਾ ਹੈ। ਪਰ ਸਿੱਖ ਪੰਥ ਤੇ ਸਿੱਖ ਲੀਡਰਸ਼ਿਪ ਅੰਦਰ ਸਿੱਖੀ ਦੀ ਚੇਤਨਾ ਦੀ ਘਾਟ ਹੋਣ ਕਰਕੇ ਭਾਰਤ ਦੀ ਆਜ਼ਾਦੀ ਤੋਂ ਬਾਅਦ ਸਿੱਖ ਕੌਮ ਨੇ ਇਤਿਹਾਸ ਅੰਦਰ ਆਪਣਾ ਸੁਤੰਤਰ ਵਹਿਣ ਨਿਰਧਾਰਤ ਕਰਨ ਦੀ ਬਜਾਇ, ਅਮਲੀ ਪੱਧਰ 'ਤੇ ਭਾਰਤੀ ਹਾਕਮਾਂ ਦੀ ਚੌਕੀਦਾਰੀ ਦਾ ਰੋਲ ਅਖ਼ਤਿਆਰ ਕਰ ਲਿਆ। ਜਦ ਦੱਖਣ ਅੰਦਰ ਦਰਾਵੜ ਲਹਿਰ ਬ੍ਰਾਹਮਣਵਾਦ ਨਾਲ ਤਿੱਖਾ ਦਸਤਪੰਜਾ ਲੈ ਰਹੀ ਸੀ ਤਾਂ ਸਿੱਖ ਲੀਡਰਸ਼ਿਪ ਨੇ ਇਸ ਦੀ ਹਮਾਇਤ ਵਿੱਚ ਨਿਤਰਨ ਦੀ ਬਜਾਇ ਹਿੰਦੂ ਹਾਕਮਾਂ ਦੀ ਰੀਸੇ ਦੇਸ ਦੀ ਏਕਤਾ ਤੇ ਅਖੰਡਤਾ ਦਾ ਰਾਗ ਅਲਾਪੀ ਰੱਖਿਆ। ਕਸ਼ਮੀਰ ਅਤੇ ਉੱਤਰ-ਪੂਰਬੀ ਖ਼ਿੱਤੇ ਦੀਆਂ ਕੌਮੀਅਤਾਂ ਵੱਲੋਂ ਭਾਰਤੀ ਹਾਕਮਾਂ ਦੇ ਸਾਮਰਾਜੀ ਗ਼ਲਬੇ ਤੋਂ ਮੁਕਤ ਹੋਣ ਲਈ ਵਿੱਢੇ ਸੰਘਰਸ਼ਾਂ ਪ੍ਰਤੀ ਵੀ ਸਿੱਖ ਲੀਡਰਸ਼ਿਪ ਦਾ ਵਤੀਰਾ ਆਮ ਕਰਕੇ ਨਕਾਰੀ ਹੀ ਰਿਹਾ। ਭਾਵੇਂ 1965 ਵਿੱਚ ਮਾਸਟਰ ਤਾਰਾ ਸਿੰਘ ਵੱਲੋਂ ਦਿੱਲੀ ਵਿਖੇ ਕੌਮਾਂਤਰੀ ਪ੍ਰੈਸ ਕਾਨਫ਼ਰੰਸ ਅੰਦਰ ਜਾਰੀ ਕੀਤੇ ਅਹਿਮ ਨੀਤੀ-ਬਿਆਨ ਅੰਦਰ, ਹਿੰਦੂ ਹਾਕਮਾਂ ਵੱਲੋਂ ਤਾਕਤ ਦੇ ਜ਼ੋਰ ਨਾਲ ਦਬਾ ਕੇ ਰੱਖੀਆਂ ਇਨ੍ਹਾਂ ਕੌਮੀਅਤਾਂ ਦੀਆਂ ਆਜ਼ਾਦੀ ਦੀਆਂ ਰੀਝਾਂ ਦਾ ਖੁੱਲ੍ਹ ਕੇ ਸਮਰਥਨ

ਕੀਤਾ ਗਿਆ ਸੀ। ਪਰ ਉਦੋਂ ਵੀ ਉਸਨੇ ਭਾਰਤ ਦੇ ਰਾਜਕੀ ਢਾਂਚੇ ਅੰਦਰ ਬੁਨਿਆਦੀ ਰੱਦੋ-ਬਦਲ ਕਰਕੇ ਇਸਦੀ ਫ਼ੈਡਰਲ ਲੀਹਾਂ 'ਤੇ ਮੁੜ-ਉਸਾਰੀ ਕਰਨ ਦਾ ਨਿਖਰਵਾਂ ਸਿਧਾਂਤਕ ਪੈਂਤੜਾ ਨਾ ਉਭਾਰਿਆ। 1959 ਵਿੱਚ ਜਦ ਜਵਾਹਰ ਲਾਲ ਨਹਿਰੂ ਨੇ ਕੇਰਲਾ ਅੰਦਰ ਕਮਿਊਨਿਸਟ ਪਾਰਟੀ ਦੀ ਜਮਹੂਰੀ ਤਰੀਕੇ ਨਾਲ ਚੁਣੀ ਸਰਕਾਰ ਨੂੰ ਗ਼ੈਰ-ਜਮਹੂਰੀ ਤਰੀਕੇ ਨਾਲ ਭੰਗ ਕਰਕੇ ਕੇਂਦਰ ਸਰਕਾਰ ਦੀ ਨੰਗੀ ਆਪਹੁਦਰਾਸ਼ਾਹੀ ਦਾ ਮੁਜ਼ਾਹਰਾ ਕੀਤਾ ਤਾਂ ਸਿੱਖ ਲੀਡਰਸ਼ਿਪ ਨੇ ਅਤੇ ਪਾਰਲੀਮੈਂਟ ਅੰਦਰ ਬੈਠੇ ਸਿੱਖ ਨੁਮਾਇੰਦਿਆਂ ਨੇ ਮੁਕੰਮਲ ਚੁੱਪ ਵੱਟੀ ਰੱਖੀ। ਸਿੱਖਾਂ ਦੇ ਕੁਝ ਵਰਗਾਂ ਅੰਦਰ ਕਈ ਮੌਕਿਆਂ 'ਤੇ ਸਿੱਖ ਕੌਮ ਲਈ ਖ਼ੁਦਮੁਖ਼ਤਿਆਰ ਦਰਜੇ ਦੀ ਸੋਚ ਅਤੇ ਮੰਗ ਤਾਂ ਜ਼ਰੂਰ ਜ਼ੋਰ ਫੜਦੀ ਰਹੀ ਪ੍ਰੰਤੂ ਸਮੁੱਚੇ ਦੇਸ ਦੇ ਰਾਜਕੀ ਢਾਂਚੇ ਅੰਦਰ ਰੱਦੋ-ਬਦਲ ਕਰਕੇ ਇਸ ਨੂੰ ਫ਼ੈਡਰਲ ਰੂਪ ਦੇਣ ਦੀ ਮੰਗ ਅਕਾਲੀ ਦਲ ਨੇ ਪਹਿਲੀ ਵੇਰ 1968 ਵਿੱਚ ਜਾ ਕੇ ਕੀਤੀ ਜਦ 30 ਸਤੰਬਰ ਨੂੰ ਬਟਾਲਾ ਵਿਖੇ ਸੰਤ ਫਤਹਿ ਸਿੰਘ ਦੀ ਅਗਵਾਈ ਹੇਠ ਹੋਈ ਅਕਾਲੀ ਕਾਨਫ਼ਰੰਸ ਅੰਦਰ ਇਸ ਬਾਰੇ ਇਕ ਬਾਕਾਇਦਾ ਮਤਾ ਪਾਸ ਕੀਤਾ ਗਿਆ। ਮਤੇ ਵਿੱਚ ਇਹ ਸਪਸ਼ਟ ਮੱਤ ਉਭਾਰਿਆ ਗਿਆ ਕਿ "ਪਿਛਲੇ 20 ਸਾਲਾਂ ਦੇ ਦੌਰਾਨ ਦੇਸ ਦੇ ਰਾਜਕੀ ਖੇਤਰ ਅੰਦਰ ਵੱਡੀਆਂ ਤਬਦੀਲੀਆਂ ਵਾਪਰ ਚੁਕੀਆਂ ਹਨ... ਜਿਸ ਨਾਲ ਇਹ ਜ਼ਰੂਰੀ ਹੋ ਗਿਆ ਹੈ ਕਿ ਬਦਲੀਆਂ ਹੋਈਆਂ ਹਾਲਤਾਂ ਦੇ ਤਹਿਤ ਕੇਂਦਰ-ਰਾਜ ਸਬੰਧਾਂ ਬਾਰੇ ਮੁੜ ਵਿਚਾਰ ਕੀਤੀ ਜਾਵੇ। ਦੇਸ ਦੇ ਕਈ ਰਾਜਾਂ ਵਿੱਚ ਗ਼ੈਰ-ਕਾਂਗਰਸੀ ਸਰਕਾਰਾਂ ਹੋਂਦ ਵਿੱਚ ਆਈਆਂ ਹਨ ਅਤੇ ਸੱਤਾ 'ਤੇ ਕਾਬਜ਼ ਕਾਂਗਰਸ ਪਾਰਟੀ ਨੇ ਗ਼ੈਰ-ਕਾਂਗਰਸੀ ਸਰਕਾਰਾਂ ਦੇ ਰਾਹ ਵਿੱਚ ਰੋੜੇ ਅਟਕਾਉਣ ਲਈ ਸੰਵਿਧਾਨ ਦੀ ਦੁਰਵਰਤੋਂ ਕੀਤੀ ਹੈ। ਇਸ ਕਰਕੇ ਪਿਛਲੇ ਤਜਰਬੇ ਦੀ ਰੋਸ਼ਨੀ ਵਿੱਚ ਇਹ ਲਾਜ਼ਮੀ ਬਣ ਗਿਆ ਹੈ ਕਿ ਭਾਰਤੀ ਸੰਵਿਧਾਨ ਬਾਰੇ ਮੁੜ ਵਿਚਾਰ ਕੀਤੀ ਜਾਵੇ ਅਤੇ ਨਵੀਆਂ ਹਾਲਤਾਂ ਦੇ ਅਨੁਸਾਰ ਰਾਜਾਂ ਤੇ ਕੇਂਦਰ ਦੇ ਸਬੰਧਾਂ ਵਿੱਚ ਤਬਦੀਲੀਆਂ ਕੀਤੀਆਂ ਜਾਣ।"[4]

ਜੇਕਰ ਮਤੇ ਦੀਆਂ ਉਪਰੋਕਤ ਸਤਰਾਂ ਨੂੰ ਗਹੁ ਨਾਲ ਵਾਚਿਆ ਜਾਵੇ ਤਾਂ ਸੱਠਵਿਆਂ 'ਚ ਅਕਾਲੀ ਦਲ ਉੱਤੇ ਕਾਬਜ਼ ਹੋਈ ਨਵੀਂ ਅਕਾਲੀ ਲੀਡਰਸ਼ਿਪ ਦੀ ਰਾਜਸੀ ਵਿਚਾਰਧਾਰਾ ਦਾ ਉਹ ਲੱਛਣ ਸਾਫ਼ ਪਰਗਟ ਹੋ ਜਾਂਦਾ ਹੈ ਜਿਸ ਨੇ ਅਕਾਲੀ ਰਾਜਨੀਤੀ ਨੂੰ ਰਵਾਇਤੀ ਲੀਹ ਉੱਤੋਂ ਲਾਹ ਕੇ ਇਕ ਨਵੀਂ ਪੱਟੜੀ ਉੱਤੇ ਚਾੜ੍ਹ ਦਿੱਤਾ। ਭਾਰਤ ਅੰਦਰ ਫ਼ੈਡਰਲਿਜ਼ਮ ਦੀ ਗੱਲ ਦੋ ਅਲੱਗ-ਅਲੱਗ ਸੰਦਰਭਾਂ ਵਿੱਚ ਉਠਦੀ ਰਹੀ ਹੈ। ਪਿੱਛੇ ਜ਼ਿਕਰ ਹੋ ਚੁੱਕਾ ਹੈ ਕਿ ਫ਼ੈਡਰਲ ਢਾਂਚੇ ਦੀ ਮੰਗ ਸਭ ਤੋਂ ਪਹਿਲਾਂ ਮੁਸਲਿਮ ਲੀਗ ਨੇ ਉਭਾਰੀ ਸੀ। ਉਸਦੀ ਇਹ ਮੰਗ ਬਹੁਗਿਣਤੀ ਵਰਗ ਦੇ ਆਗੂਆਂ ਦੀਆਂ ਗ਼ਾਲਬਾਨਾ ਪ੍ਰਵਿਰਤੀਆਂ ਦੇ ਸਨਮੁੱਖ ਘੱਟਗਿਣਤੀ ਧਾਰਮਿਕ/ਸਭਿਆਚਾਰਕ ਭਾਈਚਾਰਿਆਂ ਦੇ ਹਿਤਾਂ ਦੀ ਸੁਰੱਖਿਆ ਦੇ ਸਰੋਕਾਰਾਂ ਵਿੱਚੋਂ ਨਿਕਲੀ ਸੀ। ਆਜ਼ਾਦੀ ਤੋਂ ਬਾਅਦ ਦੱਖਣ ਦੇ ਦਰਾਵੜ ਦਲਾਂ ਨੇ ਵੀ ਮੁੱਖ ਤੌਰ 'ਤੇ ਆਪਣੀ ਸਭਿਆਚਾਰਕ ਪਛਾਣ ਦੀ ਰਾਖੀ ਲਈ ਹੀ 'ਬ੍ਰਾਹਮਣਵਾਦੀ ਗ਼ਲਬੇ' ਤੋਂ ਛੁਟਕਾਰਾ ਹਾਸਲ ਕਰਨ ਦਾ ਨਾਹਰਾ ਬੁਲੰਦ ਕੀਤਾ ਸੀ। ਦੇਸ ਅੰਦਰ ਅਜਿਹੀਆਂ ਬਹੁਤ ਸਾਰੀਆਂ ਸਭਿਆਚਾਰਕ ਤੇ ਨੀਮ-ਰਾਜਸੀ ਤਾਕਤਾਂ ਸਨ ਜੋ ਭਾਰਤ ਦੀ ਸਭਿਆਚਾਰਕ ਅਨੇਕਤਾ ਉੱਤੇ ਬਲ ਦਿੰਦੀਆਂ ਹੋਈਆਂ ਕੇਂਦਰੀਕਰਨ ਦੇ ਰੁਝਾਨ ਦਾ ਤਿੱਖਾ ਵਿਰੋਧ ਕਰਦੀਆਂ ਸਨ। ਸੱਠਵਿਆਂ ਤਕ ਅਕਾਲੀ ਲੀਡਰਸ਼ਿਪ ਵੀ ਸਿੱਖ ਮਸਲੇ ਨੂੰ ਮੁੱਖ ਤੌਰ 'ਤੇ ਸਿੱਖਾਂ ਦੀ ਵੱਖਰੀ ਧਾਰਮਿਕ ਤੇ ਸਭਿਆਚਾਰਕ ਪਛਾਣ ਦੀ ਰਾਖੀ ਦੇ ਮਸਲੇ ਵਜੋਂ ਦੇਖਦੀ ਰਹੀ ਸੀ। ਇਸ ਵਿੱਚੋਂ ਹੀ ਸਿੱਖ ਕੌਮ ਲਈ ਖ਼ੁਦਮੁਖ਼ਤਿਆਰ ਦਰਜੇ ਦੀ ਮੰਗ ਵਰਗੀਆਂ ਰੈਡੀਕਲ ਪੋਜ਼ੀਸ਼ਨਾਂ ਜਨਮ ਲੈਂਦੀਆਂ ਸਨ।

ਪ੍ਰੰਤੂ 1967 ਤੋਂ ਬਾਅਦ ਕੁਝ ਰਾਜਸੀ ਤਾਕਤਾਂ ਵੱਲੋਂ ਉਭਾਰੀ ਰਾਜਾਂ ਨੂੰ ਵੱਧ ਅਧਿਕਾਰਾਂ ਦੀ ਮੰਗ ਦਾ ਆਧਾਰ ਅਤੇ ਸੰਦਰਭ ਅਸਲੋਂ ਹੀ ਅਲੱਗ ਸੀ। ਇਹ ਆਰਥਿਕ ਤੌਰ 'ਤੇ ਬਲਸ਼ਾਲੀ ਹੋਏ ਖੇਤਰੀ ਸਰਮਾਏਦਾਰ ਵਰਗਾਂ ਦੀ ਵੱਡੀ (ਹਿੰਦੂ) ਸਰਮਾਏਦਾਰੀ ਦੀ ਜਕੜਬੰਦੀ ਨੂੰ ਤੋੜ ਕੇ ਆਪਣੇ ਅਗਲੇਰੇ ਵਿਕਾਸ ਦਾ ਰਾਹ ਪੱਧਰਾ ਕਰਨ ਦੀ ਲੋੜ 'ਚੋਂ ਨਿਕਲਿਆ ਰਾਜਨੀਤਕ ਪ੍ਰੋਗਰਾਮ ਸੀ ਜਿਸ ਵਿੱਚ ਧਾਰਮਿਕ-ਸਭਿਆਚਾਰਕ ਪੱਖ ਪਿਛਵਾੜੇ ਧੱਕ ਦਿੱਤਾ ਗਿਆ ਸੀ। ਅਕਾਲੀ ਦਲ ਦੇ ਬਟਾਲਾ ਕਾਨਫ਼ਰੰਸ ਵਾਲੇ ਮਤੇ ਅੰਦਰ ਨੋਟ ਕਰਨ ਵਾਲੀ ਅਹਿਮ ਗੱਲ ਇਹ ਹੈ ਕਿ ਇਸ ਵਿੱਚ ਭਾਰਤ ਦੀ ਧਾਰਮਿਕ-ਸਭਿਆਚਾਰਕ ਅਨੇਕਤਾ ਅਤੇ ਹਿੰਦੂਵਾਦੀ ਤਾਕਤਾਂ ਦੀਆਂ ਘੱਟਗਿਣਤੀ ਭਾਈਚਾਰਿਆਂ ਨੂੰ ਦੁਬੇਲ ਬਣਾ ਕੇ ਰੱਖਣ ਦੀਆਂ ਕੋਸ਼ਿਸ਼ਾਂ ਦਾ ਕੋਈ ਇਸ਼ਾਰੇ-ਮਾਤਰ ਵੀ ਜ਼ਿਕਰ ਦੇਖਣ ਨੂੰ ਨਹੀਂ ਮਿਲਦਾ। ਮਤੇ ਅੰਦਰ ਨੋਟ ਕੀਤਾ ਗਿਆ ਇਹ ਤੱਥ ਗ਼ਲਤ ਨਹੀਂ ਸੀ ਕਿ ਦੇਸ ਦੇ ਕਈ ਰਾਜਾਂ ਵਿੱਚ ਗ਼ੈਰ-ਕਾਂਗਰਸੀ ਸਰਕਾਰਾਂ ਹੋਂਦ ਵਿੱਚ ਆਈਆਂ ਹਨ ਅਤੇ ਸੱਤਾ 'ਤੇ ਕਾਬਜ਼ ਕਾਂਗਰਸ ਪਾਰਟੀ ਨੇ ਗ਼ੈਰ-ਕਾਂਗਰਸੀ ਸਰਕਾਰਾਂ ਦੇ ਰਾਹ ਵਿੱਚ ਰੋੜੇ ਅਟਕਾਉਣ ਲਈ ਸੰਵਿਧਾਨ ਦੀ ਦੁਰਵਰਤੋਂ ਕੀਤੀ। ਅਕਾਲੀ ਦਲ ਦੁਆਰਾ ਮਤੇ ਅੰਦਰ ਲਈ ਗਈ ਇਹ ਪੋਜ਼ੀਸ਼ਨ ਵੀ ਗ਼ਲਤ ਨਹੀਂ ਸੀ ਕਿ "ਭਾਰਤ ਦਾ ਸੰਵਿਧਾਨ ਹਕੀਕੀ ਫ਼ੈਡਰਲ ਆਧਾਰ 'ਤੇ ਹੋਣਾ ਚਾਹੀਦਾ ਹੈ ਅਤੇ ਰਾਜਾਂ ਨੂੰ ਵਧੇਰੇ ਖ਼ੁਦਮੁਖ਼ਤਿਆਰੀ ਮਿਲਣੀ ਚਾਹੀਦੀ ਹੈ।" ਮਤੇ ਦੀ ਰੜਕਵੀਂ ਉਕਾਈ ਇਹ ਸੀ ਕਿ ਕੇਂਦਰੀਕਰਨ ਦੇ ਰੁਝਾਨ ਦਾ ਤੱਥ ਨੋਟ ਕਰਨ ਲੱਗਿਆਂ ਇਸ ਪਿੱਛੇ ਕੰਮ ਕਰਦੀ ਸੋਚ ਅਤੇ ਭਾਵਨਾ ਦੀ ਨਿਸ਼ਾਨਦੇਹੀ ਕਰਨ ਤੋਂ ਟਾਲਾ ਵੱਟਿਆ ਗਿਆ ਸੀ। ਜਿਸ ਨਾਲ ਇਸ ਰਾਜਸੀ ਵਰਤਾਰੇ ਦਾ ਪੂਰਾ ਸਹੀ ਤੇ ਮੁਕੰਮਲ ਵਿਸ਼ਲੇਸ਼ਣ ਸਾਹਮਣੇ ਨਹੀਂ ਸੀ ਆ ਸਕਿਆ। ਇਸ ਅੱਧੇ-ਅਧੂਰੇ ਵਿਸ਼ਲੇਸ਼ਣ ਸਦਕਾ ਫ਼ੈਡਰਲ ਢਾਂਚੇ ਦੀ ਉਚਿਤ ਮੰਗ ਦਾ ਜੋ ਆਧਾਰ ਪੇਸ਼ ਕੀਤਾ ਗਿਆ, ਉਹ ਬਹੁਤ ਪਿਚਕਵਾਂ ਸੀ। ਗੱਲ ਸਿਰਫ਼ ਏਨੀ ਨਹੀਂ ਸੀ ਕਿ ਪਿਛਲੇ ਵੀਹ ਸਾਲਾਂ ਦੇ ਦੌਰਾਨ ਸੱਤਾ 'ਤੇ ਕਾਬਜ਼ ਕਾਂਗਰਸ ਪਾਰਟੀ ਨੇ ਕੁਝ ਰਾਜਾਂ ਅੰਦਰ ਕਾਇਮ ਹੋਈਆਂ ਗ਼ੈਰ-ਕਾਂਗਰਸੀ ਸਰਕਾਰਾਂ ਦੇ ਰਾਹ ਵਿੱਚ ਰੋੜੇ ਅਟਕਾਉਣ ਲਈ ਸੰਵਿਧਾਨ ਦੀ ਦੁਰਵਰਤੋਂ ਕੀਤੀ ਸੀ। ਏਦੂੰ ਵੀ ਵਧ ਕੇ, ਹਕੀਕਤ ਇਹ ਸੀ ਕਿ ਦੇਸ ਅੰਦਰ ਘੱਟਗਿਣਤੀ ਧਾਰਮਿਕ ਭਾਈਚਾਰਿਆਂ ਨਾਲ ਸ਼ਰੀਹਣ ਵਿਤਕਰਾ, ਬੇਇਨਸਾਫ਼ੀ ਤੇ ਵਧੀਕੀ ਹੋ ਰਹੀ ਸੀ। 'ਫ਼ਿਰਕੂ ਦੰਗਿਆਂ' ਦੇ ਨਾਂ ਹੇਠ ਮੁਸਲਮਾਨਾਂ ਦਾ ਹਕੂਮਤੀ ਸਰਪ੍ਰਸਤੀ ਹੇਠ ਜਗ੍ਹਾ ਜਗ੍ਹਾ ਕਤਲੇਆਮ ਰਚਿਆ ਜਾ ਰਿਹਾ ਸੀ।[5] ਸਿੱਖਾਂ ਤੇ ਈਸਾਈਆਂ ਨੂੰ ਹਰ ਜਗ੍ਹਾ ਕੈਰੀ ਅੱਖ ਨਾਲ ਦੇਖਿਆ ਜਾ ਰਿਹਾ ਸੀ। ਦੇਸ ਭਰ ਦੇ ਲੋਕਾਂ ਉੱਤੇ ਜ਼ੋਰੋ-ਜਬਰੀ ਹਿੰਦੂ ਸਭਿਆਚਾਰਕ ਮੜ੍ਹਨ ਅਤੇ ਉਨ੍ਹਾਂ ਦੀਆਂ ਅਲੱਗ-ਅਲੱਗ ਧਾਰਮਿਕ, ਭਾਸ਼ਾਈ ਤੇ ਸਭਿਆਚਾਰਕ ਪਛਾਣਾਂ ਨੂੰ ਮਲੀਆਮੇਟ ਕਰਕੇ ਸਮੁੱਚੇ ਭਾਰਤ ਨੂੰ ਇੱਕੋ ਸਾਵੇਂ ਹਿੰਦੂ-ਹਿੰਦੀ ਸਭਿਆਚਾਰ ਵਿੱਚ ਰੰਗਣ ਦੀਆਂ ਫ਼ਾਸ਼ੀ ਪ੍ਰਵਿਰਤੀਆਂ ਬਿਫਰ ਕੇ ਸਾਹਮਣੇ ਆ ਰਹੀਆਂ ਸਨ। ਹਕੀਕਤ ਵਿੱਚ ਇਹ ਉਹ ਗਰਭਸ਼ਾਲਾ (matrix) ਹੈ ਜਿਸ 'ਚੋਂ ਭਾਰਤ ਅੰਦਰ ਕੇਂਦਰੀਕਰਨ ਦਾ ਰੁਝਾਨ ਜੀਵਨ-ਦਾਨ ਤੇ ਸ਼ਕਤੀ ਗ੍ਰਹਿਣ ਕਰਦਾ ਹੈ। ਇਸ ਕਰਕੇ ਇਨ੍ਹਾਂ ਹਿੰਦੂ ਫ਼ਾਸ਼ੀ ਪ੍ਰਵਿਰਤੀਆਂ ਨੂੰ ਹਮਲੇ ਦਾ ਨਿਸ਼ਾਨਾ ਬਣਾਏ ਬਿਨਾਂ ਭਾਰਤ ਅੰਦਰ ਕੇਂਦਰੀਕਰਨ ਦੇ ਰੁਝਾਨ ਨੂੰ ਠੱਲ੍ਹ ਪਾਉਣ ਦਾ ਕੋਈ ਵੀ ਯਤਨ ਸਕਾਰਥ ਨਹੀਂ ਹੋ ਸਕਦਾ।

ਕੇਂਦਰੀਕਰਨ ਦੇ ਰੁਝਾਨ ਨੂੰ ਹਿੰਦੂ ਫ਼ਾਸ਼ੀ ਪ੍ਰਵਿਰਤੀਆਂ ਦੇ ਸੰਦਰਭ ਨਾਲੋਂ ਤੋੜ ਕੇ ਦੇਖਣਾ ਅਕਾਲੀ ਲੀਡਰਸ਼ਿਪ ਕੋਲੋਂ ਕੋਈ ਅਨਭੋਲ ਵੱਸ ਹੋਈ ਭੁੱਲ ਨਹੀਂ ਸੀ। ਇਹ ਨਵੀਂ ਅਕਾਲੀ ਲੀਡਰਸ਼ਿਪ ਦਾ, ਉਸ ਦੀ ਵਿਚਾਰਧਾਰਕ ਤਾਸੀਰ ਤੇ ਵੇਲੇ ਦੀਆਂ ਰਾਜਸੀ

ਗ਼ਰਜ਼ਾਂ 'ਚੋਂ ਨਿਕਲਿਆ ਸੁਚੇਤ ਰਾਜਸੀ ਪੈਂਤੜਾ ਸੀ। ਅਸਲ ਵਿੱਚ, ਫ਼ੈਡਰਲ ਢਾਂਚੇ ਦੀ ਮੰਗ ਦੇ ਰੂਪ ਵਿੱਚ, ਨਵੀਂ ਅਕਾਲੀ ਲੀਡਰਸ਼ਿਪ ਨੂੰ, ਸੰਘਰਸ਼ ਦਾ ਇਕ ਅਜਿਹਾ ਠੋਸ ਤੇ ਪ੍ਰਭਾਵਕਾਰੀ ਮੁੱਦਾ ਮਿਲ ਗਿਆ ਸੀ ਜੋ ਕਿ ਇਕ ਤਾਂ, ਸਿੱਖ ਪੰਥ ਅੰਦਰਲੀਆਂ ਸਰਮਾਏਦਾਰ ਤਾਕਤਾਂ, ਖ਼ਾਸ ਕਰਕੇ ਪੇਂਡੂ ਧਨਾਢ ਤੱਤਾਂ ਦੇ ਆਰਥਿਕ ਤੇ ਰਾਜਸੀ ਹਿਤਾਂ ਦੇ ਅਨੁਕੂਲ ਸੀ। ਦੂਜਾ, ਇਸ ਨਾਲ ਸਿੱਖ ਪੰਥ ਦੀ ਨਿਆਰੀ ਕੌਮੀ ਹਸਤੀ ਉੱਤੇ ਬਲ ਦੇਣ ਵਾਲੀ ਰਾਜਸੀ ਧਾਰਾ ਨਾਲੋਂ ਸਪਸ਼ਟ ਰੂਪ 'ਚ ਸਿਧਾਂਤਕ ਨਿਖੇੜਾ ਕਰਕੇ ਮਾਸਟਰ ਤਾਰਾ ਸਿੰਘ ਦੀ ਰਾਜਸੀ ਵਿਚਾਰਧਾਰਾ ਨਾਲ ਵਧੇਰੇ ਅਸਰਦਾਰ ਤਰੀਕੇ ਨਾਲ ਨਿਪਟਿਆ ਜਾ ਸਕਦਾ ਸੀ। ਇਸ ਤੋਂ ਇਲਾਵਾ, ਅਕਾਲੀ ਦਲ ਨੂੰ ਇਕ 'ਅਫ਼ਿਰਕੂ' ਤਾਕਤ ਵਜੋਂ ਪੇਸ਼ ਕਰਕੇ ਪੰਜਾਬ ਦੇ ਅੰਦਰ ਤੇ ਪੰਜਾਬ ਤੋਂ ਬਾਹਰ ਹੋਰਨਾਂ ਕਾਂਗਰਸ-ਵਿਰੋਧੀ ਰਾਜਸੀ ਦਲਾਂ ਨਾਲ ਮੇਲ-ਜੋਲ ਸਥਾਪਤ ਕਰਨ ਦਾ ਭਰੋਸੇਯੋਗ ਆਧਾਰ ਸਿਰਜਿਆ ਜਾ ਸਕਦਾ ਸੀ ਜੋ ਕਿ ਪੰਥ ਅੰਦਰਲੀਆਂ ਸਰਮਾਏਦਾਰ ਤਾਕਤਾਂ ਦੀ ਦ੍ਰਿਸ਼ਟੀ ਤੋਂ, ਭਾਰਤ ਦੇ ਕਾਇਮ-ਮੁਕਾਮ ਆਰਥਿਕ ਤੇ ਰਾਜਸੀ ਢਾਂਚੇ ਅੰਦਰ ਆਪਣੇ ਜਮਾਤੀ ਆਰਥਿਕ ਹਿਤਾਂ ਦੀ ਸੁਰੱਖਿਆ ਤੇ ਵਧਾਰੇ ਲਈ ਬੇਹੱਦ ਜ਼ਰੂਰੀ ਸੀ। ਇਸ ਤਰ੍ਹਾਂ ਬਟਾਲਾ ਕਾਨਫ਼ਰੰਸ ਦੇ ਮਤੇ ਨਾਲ ਪੇਂਡੂ ਸਿੱਖ ਸਰਮਾਏਦਾਰੀ ਦੇ ਹਿਤਾਂ ਨੂੰ ਪਰਨਾਈ ਨਵੀਂ ਅਕਾਲੀ ਲੀਡਰਸ਼ਿਪ ਨੂੰ ਇਕ ਅਜਿਹਾ ਰਾਜਸੀ ਮੁੱਦਾ ਤੇ ਨਾਹਰਾ ਮਿਲ ਗਿਆ, ਜਿਸ ਨਾਲ ਸਿੱਖ ਲਹਿਰ ਦੇ ਮੂਲ ਉਦੇਸ਼ਾਂ, ਬੁਨਿਆਦੀ ਕਾਰਜਾਂ ਤੇ ਚੋਟ-ਨਿਸ਼ਾਨੇ ਅੰਦਰ ਅਛੋਪਲੇ ਹੀ ਵੱਡੀ ਫੇਰ-ਬਦਲ ਹੋ ਗਈ। ਅਕਾਲੀ ਦਲ ਦੇ ਮਤਿਆਂ ਤੇ ਅਕਾਲੀ ਆਗੂਆਂ ਦੇ ਕਥਨਾਂ ਅੰਦਰ ਸਿੱਖ ਕੌਮ ਦੀ ਨਿਆਰੀ ਹਸਤੀ ਨੂੰ ਬਚਾਉਣ ਤੇ ਪ੍ਰਫੁਲਤ ਕਰਨ ਦਾ ਰਸਮੀ ਜ਼ਿਕਰ ਜ਼ਰੂਰ ਹੁੰਦਾ ਰਿਹਾ। ਪ੍ਰੰਤੂ ਅਕਾਲੀ ਦਲ ਦੇ ਪ੍ਰੋਗਰਾਮ ਤੇ ਕਾਰਜਾਂ/ਅਮਲਾਂ ਅੰਦਰੋਂ ਇਸ ਦੀ ਆਭਾ ਨਿਰੰਤਰ ਗ਼ਾਇਬ ਹੁੰਦੀ ਚਲੀ ਗਈ। ਅਕਾਲੀ ਲੀਡਰਸ਼ਿਪ ਅੰਦਰ ਸਿੱਖ ਪੰਥ ਦੀ ਸੁਤੰਤਰ ਪਛਾਣ ਨੂੰ ਹਿੰਦੂਵਾਦੀ ਤਾਕਤਾਂ ਹੱਥੋਂ ਦਰਪੇਸ਼ ਖ਼ਤਰੇ ਨੂੰ ਘਟਾ ਕੇ ਦੇਖਣ ਜਾਂ ਉੱਕਾ ਹੀ ਨਜ਼ਰ-ਅੰਦਾਜ਼ ਕਰ ਦੇਣ ਦੀ ਕਰੁਚੀ ਜ਼ੋਰ ਫੜ ਗਈ। ਸਿੱਖੀ ਦੇ ਤੇਜ਼ੀ ਨਾਲ ਹੋ ਰਹੇ (ਜਾਂ ਕੀਤੇ ਜਾ ਰਹੇ) ਬ੍ਰਾਹਮਣੀਕਰਨ ਬਾਰੇ ਤਾਂ ਨਵੀਂ ਅਕਾਲੀ ਲੀਡਰਸ਼ਿਪ ਨੂੰ ਉੱਕਾ ਹੀ ਸੋਝੀ ਜਾਂ ਚਿੰਤਾ ਨਹੀਂ ਸੀ। ਕਿਉਂਕਿ ਖ਼ੁਦ ਇਕ ਲੋਟੂ ਸਰਮਾਏਦਾਰ ਵਰਗ ਹੋਣ ਕਰਕੇ ਉਸ ਦੀ ਸਿੱਖ ਧਰਮ ਦੇ ਮੂਲ ਸਿਧਾਂਤਾਂ ਤੇ ਕਦਰਾਂ-ਕੀਮਤਾਂ ਨਾਲ ਦਿਲੀ ਪ੍ਰਤੀਬੱਧਤਾ ਨਹੀਂ। ਉਸਦੀ ਵੱਧ ਰੁਚੀ ਸਿੱਖ ਜਨਤਾ ਅੰਦਰ ਮੌਜੂਦ ਸਿੱਖੀ ਦੇ ਜਜ਼ਬੇ ਦਾ ਆਪਣੇ ਜਮਾਤੀ ਸਿਆਸੀ ਹਿਤਾਂ ਲਈ ਇਸਤੇਮਾਲ ਕਰਨ ਵਿਚ ਹੈ। ਉਸ ਦਾ ਜਮਾਤੀ ਰੁਤਬਾ ਤੇ ਲੋਟੂ ਪ੍ਰਵਿਰਤੀ ਉਸ ਨੂੰ ਖ਼ੁਦ ਸਿੱਖ ਵਿਚਾਰਧਾਰਾ ਅੰਦਰ ਬ੍ਰਾਹਮਣਵਾਦੀ ਖੋਟ ਰਲਾਉਣ ਦੇ ਅਮਲ ਨੂੰ ਉਤਸ਼ਾਹਤ ਕਰਨ ਲਈ ਪ੍ਰੇਰਿਤ ਕਰਦੀ ਹੈ। ਇਹੀ ਵਜ੍ਹਾ ਹੈ ਕਿ ਜਦ ਤਕ ਅੱਸੀਵਿਆਂ 'ਚ ਜਾ ਕੇ ਸਿੱਖ ਸੰਘਰਸ਼ ਨੇ ਇਨਕਲਾਬੀ ਮੋੜਾ ਨਹੀਂ ਕੱਟ ਲਿਆ, ਤਦ ਤਕ ਅਕਾਲੀ ਲੀਡਰਸ਼ਿਪ ਦੇ ਵਿਚਾਰਧਾਰਕ ਪਰਭਾਵ ਹੇਠ ਸਿੱਖੀ ਦਾ ਜੋ ਪ੍ਰਚਾਰ-ਪਸਾਰ ਹੁੰਦਾ ਰਿਹਾ, ਉਸ ਵਿਚ ਸਿੱਖੀ ਨੂੰ ਬ੍ਰਾਹਮਣਵਾਦੀ ਅਸਰਾਂ ਤੋਂ ਸੁਰਖ਼ਰੂ ਕਰਨ ਦੀ ਚੇਤਨਾ ਤੇ ਦਾਬ ਲਗਭਗ ਗ਼ਾਇਬ ਰਹੀ। ਅਕਾਲੀ ਰਾਜਨੀਤੀ ਅੰਦਰ ਬ੍ਰਾਹਮਣਵਾਦ ਨੂੰ ਚੋਟ-ਨਿਸ਼ਾਨਾ ਬਣਾਉਣ ਦੀ ਗੱਲ ਉੱਕਾ ਹੀ ਵਿਸਾਰ ਦਿੱਤੀ ਗਈ।

ਜੇਕਰ ਮਾਸਟਰ ਤਾਰਾ ਸਿੰਘ ਵੱਲੋਂ 2 ਅਗਸਤ 1965 ਨੂੰ ਕੌਮਾਂਤਰੀ ਪ੍ਰੈਸ ਕਾਨਫ਼ਰੰਸ ਅੰਦਰ ਜਾਰੀ ਕੀਤੇ ਗਏ ਮਹੱਤਵਪੂਰਨ ਨੀਤੀ-ਬਿਆਨ ਅਤੇ ਨਵੀਂ ਅਕਾਲੀ ਲੀਡਰਸ਼ਿਪ ਦੁਆਰਾ ਬਟਾਲਾ ਕਾਨਫ਼ਰੰਸ ਦੇ ਮਤੇ ਦੇ ਰੂਪ ਵਿੱਚ ਉਭਾਰੀ ਗਈ ਨਵੀਂ ਸਿਧਾਂਤਕ ਪੋਜ਼ੀਸ਼ਨ ਦਾ ਮੜਿਕਵਾਂ ਮੁਲੰਕਣ ਕੀਤਾ ਜਾਵੇ ਤਾਂ ਦੋਨਾਂ ਅੰਦਰ ਹੀ ਕੁਝ

ਰੜਕਵੀਆਂ ਖ਼ਾਮੀਆਂ ਦੇਖੀਆਂ ਜਾ ਸਕਦੀਆਂ ਹਨ। ਮਾਸਟਰ ਤਾਰਾ ਸਿੰਘ ਦੇ ਨੀਤੀ-ਬਿਆਨ ਅੰਦਰ ਜਿੱਥੇ ਆਜ਼ਾਦੀ ਤੋਂ ਬਾਅਦ ਭਾਰਤ ਅੰਦਰ ਉਭਰੇ ਹਿੰਦੂ ਪੁਨਰਵਾਦ ਦੇ ਵਰਤਾਰੇ ਤੇ ਇਸ ਦੇ ਘੱਟਗਿਣਤੀ ਧਾਰਮਿਕ ਤੇ ਸਭਿਆਚਾਰਕ ਭਾਈਚਾਰਿਆਂ ਦੀ ਹੋਣੀ ਉੱਤੇ ਪੈ ਰਹੇ ਦੁਰਪ੍ਰਭਾਵਾਂ ਦਾ ਬਹੁਤ ਹੀ ਡੂੰਘਾ, ਭਰਵਾਂ ਤੇ ਬੇਲਿਹਾਜ਼ ਵਿਸ਼ਲੇਸ਼ਣ ਕੀਤਾ ਗਿਆ, ਉੱਥੇ ਭਾਰਤ ਦੇ ਆਰਥਿਕ ਤੇ ਸਮਾਜੀ ਖੇਤਰ ਅੰਦਰ ਵਾਪਰੀਆਂ ਅਹਿਮ ਤਬਦੀਲੀਆਂ ਦੇ ਫਲਸਰੂਪ ਖੇਤਰੀ (ਰਿਜਨਲ) ਪੱਧਰ 'ਤੇ ਉਭਰ ਕੇ ਸਾਹਮਣੇ ਆਈਆਂ ਨਵੀਆਂ ਸਮਾਜੀ-ਆਰਥਿਕ ਤੇ ਰਾਜਸੀ ਤਾਕਤਾਂ ਅਤੇ ਉਨ੍ਹਾਂ ਦੇ ਦਿੱਲੀ ਦਰਬਾਰ ਨਾਲ ਪੈ ਰਹੇ ਰਾਜਸੀ ਪੇਚਿਆਂ ਦੀ ਹਕੀਕਤ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਗਿਆ। ਰਾਜਸੀ ਹਾਲਤ ਦੇ ਇਸ ਅਧੂਰੇ ਅਤੇ ਨੁਕਸਦਾਰ ਵਿਸ਼ਲੇਸ਼ਣ ਸਦਕਾ ਮਾਸਟਰ ਤਾਰਾ ਸਿੰਘ ਦੀ ਅਗਵਾਈ ਹੇਠਲਾ ਅਕਾਲੀ ਧੜਾ ਨਾ ਸਿਰਫ਼ ਸੰਤ ਫਤਹਿ ਸਿੰਘ ਦੀ ਅਗਵਾਈ ਹੇਠਲੇ ਵਰਗ ਦੀ ਹਕੀਕੀ ਤਾਕਤ ਦਾ ਸਹੀ ਅੰਦਾਜ਼ਾ ਲਾਉਣ ਵਿੱਚ ਮਾਰ ਖਾ ਬੈਠਾ ਸਗੋਂ ਉਹ ਸ਼ੁਰੂ ਦੌਰ ਅੰਦਰ, ਕੇਂਦਰੀਕਰਨ ਦੇ ਰੁਝਾਨ ਨਾਲ ਤਿੱਖੇ ਟਕਰਾਉ ਵਿੱਚ ਆ ਰਹੀਆਂ ਇਨ੍ਹਾਂ ਨਵੀਆਂ (ਖੇਤਰੀ) ਤਾਕਤਾਂ ਪ੍ਰਤੀ ਨਕਾਰੀ ਰਵਈਆ ਅਖ਼ਤਿਆਰ ਕਰਨ ਦੀ ਵੱਡੀ ਰਾਜਨੀਤਕ ਭੁੱਲ ਕਰ ਬੈਠਾ। ਸਰਦਾਰ ਕਪੂਰ ਸਿੰਘ ਵੱਲੋਂ ਬਟਾਲਾ ਕਾਨਫ਼ਰੰਸ ਦੇ ਮਤੇ ਦੀ ਖਰ੍ਹਵੀ ਅਲੋਚਨਾ 'ਚੋਂ ਇਸ ਨੁਕਸਦਾਰ ਪਹੁੰਚ ਦੀ ਗੂੜ੍ਹੀ ਝਲਕ ਮਿਲਦੀ ਹੈ।[6] ਬਾਅਦ ਵਿੱਚ ਚੰਡੀਗੜ੍ਹ ਵਿਖੇ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਸਾਲਾਨਾ ਅਜਲਾਸ ਅੰਦਰ ਆਪਣੇ ਪਰਧਾਨਗੀ ਭਾਸ਼ਣ ਵਿੱਚ ਸਰਦਾਰ ਕਪੂਰ ਸਿੰਘ ਨੇ ਇਸ ਗ਼ਲਤੀ ਨੂੰ ਦਰੁਸਤ ਕਰਦਿਆਂ ਹੋਇਆਂ ਭਾਰਤ ਦੇ ਅਲੱਗ-ਅਲੱਗ ਖ਼ਿੱਤਿਆਂ ਅੰਦਰ ਉਭਰ ਵਿਗਸ ਰਹੀਆਂ ਖੇਤਰੀ ਪਛਾਣਾਂ ਦਾ ਇਕ-ਹਾਂਦਰੂ ਵਰਤਾਰੇ ਵਜੋਂ ਮੁਲਾਂਕਣ ਕੀਤਾ ਅਤੇ ਭਾਰਤ ਅੰਦਰ ਕਸਵੇਂ ਕੰਟਰੋਲ ਵਾਲੀ ਕੇਂਦਰਮੁਖੀ ਰਾਜਸੀ ਪਰਣਾਲੀ ਦੀ ਥਾਂ, ਤੱਤ ਰੂਪ ਵਿੱਚ, ਫ਼ੈਡਰਲ ਅਸੂਲਾਂ 'ਤੇ ਆਧਾਰਤ ਢਾਂਚੇ ਦੀ ਵਕਾਲਤ ਕੀਤੀ।[7] ਪਰ ਮਾਸਟਰ ਧੜੇ ਦੀ ਇਸ ਸਿਧਾਂਤਕ ਉਕਾਈ ਦੀ ਤੁਲਨਾ 'ਚ, ਸੰਤ ਫਤਹਿ ਸਿੰਘ ਦੀ ਛਤਰ-ਛਾਇਆ ਹੇਠ ਉਭਰ-ਉਸਰ ਰਹੀ ਨਵੀਂ ਅਕਾਲੀ ਲੀਡਰਸ਼ਿਪ ਦਾ ਕੁਰਾਹਾ ਕਿਤੇ ਵੱਧ ਗੰਭੀਰ ਅਤੇ ਮਾਰੂ ਸਾਬਤ ਹੋਇਆ।

1967 ਤੋਂ ਬਾਅਦ ਭਾਰਤ ਅੰਦਰ ਰਾਜਾਂ ਨੂੰ ਵਧੇਰੇ ਵਿਤੀ ਤੇ ਰਾਜਸੀ ਅਧਿਕਾਰਾਂ ਦੀ ਮੰਗ ਦਾ ਜ਼ੋਰ ਫੜ ਜਾਣਾ ਬਿਨਾਂ ਸ਼ੱਕ ਇਕ ਸ਼ੁਭ ਘਟਨਾਕ੍ਰਮ ਸੀ, ਪ੍ਰੰਤੂ ਭਾਰਤ ਦੀ ਧਾਰਮਿਕ ਤੇ ਸਭਿਆਚਾਰਕ ਵੰਨ-ਸੁਵੰਨਤਾ ਦੇ ਪੱਖ ਨੂੰ ਨਜ਼ਰ-ਅੰਦਾਜ਼ ਕਰਕੇ ਸਮੁੱਚੇ ਭਾਰਤ ਅੰਦਰ ਇਕ-ਇਕਹਿਰੀ ਤਰ੍ਹਾਂ ਦੇ ਢਾਂਚੇ ਦੀ ਗੱਲ ਕਰਨੀ, ਬਦਲਵੇਂ ਪੈਂਤੜੇ ਤੋਂ, ਹਿੰਦੂਵਾਦ ਦਾ ਹੀ ਪੱਖ ਪੂਰਨਾ ਹੈ। ਭਾਰਤ ਦੀ ਸਮਾਜੀ ਅਤੇ ਰਾਜਸੀ ਹਕੀਕਤ ਦੇ ਬਹੁ-ਪਰਤੀ ਅਤੇ ਗੁੰਝਲਦਾਰ ਖ਼ਾਸੇ ਨੂੰ ਸਮਝਣਾ ਨਿਹਾਇਤ ਜ਼ਰੂਰੀ ਹੈ। ਇਸ ਸਬੰਧ ਵਿੱਚ ਕੁੱਲ ਤੋਂ ਅਹਿਮ ਗੱਲ ਇਹ ਹੈ ਕਿ ਹਿੰਦੂ ਵਰਗ, ਆਪਣੀ ਬਹੁਗਿਣਤੀ ਦੇ ਜ਼ੋਰ ਨਾਲ, ਗ਼ੈਰ-ਹਿੰਦੂ ਵਰਗਾਂ ਉੱਤੇ ਆਪਣਾ ਧਾਰਮਿਕ ਤੇ ਸਭਿਆਚਾਰਕ ਗ਼ਲਬਾ ਪਾਉਣ ਦੀ ਜ਼ੋਰਦਾਰ ਫ਼ਾਸ਼ੀ ਪ੍ਰਵਿਰਤੀ ਰਖਦਾ ਹੈ। ਜਿਸ ਨਾਲ ਗ਼ੈਰ-ਹਿੰਦੂ ਭਾਈਚਾਰਿਆਂ ਅੰਦਰ ਆਪਣੀ ਅਲੱਗ ਪਛਾਣ ਅਤੇ ਹਸਤੀ ਨੂੰ ਬਚਾਉਣ ਦਾ ਤਿੱਖਾ ਸਰੋਕਾਰ ਪੈਦਾ ਹੁੰਦਾ ਹੈ। ਅਗਾਂਹ ਹਿੰਦੂ ਵਰਗ ਅੰਦਰੋਂ ਵੀ ਮੁੱਖ ਤੌਰ 'ਤੇ, ਹਿੰਦੀ ਖੇਤਰ (ਜਾਂ ਜਿਸ ਨੂੰ 'ਗਊ ਮੰਡਲ' ਦੇ ਨਾਉਂ ਨਾਲ ਵੀ ਜਾਣਿਆ ਜਾਂਦਾ ਹੈ) ਦਾ ਜਾਤ ਅਭਿਮਾਨੀ ਹਿੰਦੂ ਲਾਣਾ ਹੈ ਜੋ ਭਾਰਤ ਦੇ ਰਾਜਕੀ ਪ੍ਰਬੰਧਕੀ ਢਾਂਚੇ ਅੰਦਰ ਆਪਣੀ ਭਾਰੂ ਹੈਸੀਅਤ ਸਦਕਾ ਹਕੀਕੀ ਅਰਥਾਂ ਵਿੱਚ ਨੀਤੀ ਨਿਰਧਾਰਨ ਅਤੇ ਨੀਤੀ ਸੰਚਾਲਨ ਕਰਦਾ ਹੈ। ਹਿੰਦੂ ਭਾਈਚਾਰੇ

ਅੰਦਰਲਾ ਵਧੇਰੇ ਫ਼ਿਰਕੂ ਤੇ ਤੁਅੱਸਬੀ ਤੱਤ ਹੋਣ ਕਰਕੇ ਇਹ ਵਰਗ ਭਾਰਤੀ ਰਾਜ ਦੀਆਂ ਹੱਦਾਂ ਅੰਦਰ ਵਸਦੇ ਸਾਰੇ ਧਾਰਮਿਕ ਤੇ ਭਾਸ਼ਾਈ ਭਾਈਚਾਰਿਆਂ ਉੱਤੇ ਆਪਣਾ ਹਿੰਦੂ ਅਤੇ ਹਿੰਦੀ ਸਭਿਆਚਾਰ ਮੜ੍ਹਨ ਦੀ ਧੱਕੜਸ਼ਾਹ ਪ੍ਰਵਿਰਤੀ ਰਖਦਾ ਹੈ, ਜਿਸ ਨਾਲ ਇਸ ਵਰਗ ਦੇ ਗ਼ੈਰ-ਹਿੰਦੀ ਖੇਤਰਾਂ ਦੀ ਹਿੰਦੂ ਜਨਤਾ ਨਾਲ ਵੀ ਤਿੱਖੇ ਵਿਰੋਧ ਤੇ ਬਖੇੜੇ ਪੈਦਾ ਹੁੰਦੇ ਰਹਿੰਦੇ ਹਨ। ਜਮਾਤੀ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਭਾਰਤ ਦੀ ਵੱਡੀ (ਹਿੰਦੂ) ਸਰਮਾਏਦਾਰੀ ਸਮੁੱਚੀ ਭਾਰਤੀ ਮੰਡੀ ਨੂੰ ਆਪਣੀ ਲੁੱਟ ਖੋਹ ਦੀ ਸ਼ਿਕਾਰਗਾਹ ਬਣਾਈ ਰੱਖਣ ਲਈ ਆਰਥਿਕ ਅਤੇ ਰਾਜਸੀ ਖੇਤਰ ਅੰਦਰ ਤਾਕਤਾਂ ਦੇ ਵਧੇਰੇ ਕੇਂਦਰੀਕਰਨ ਦੀ ਮੁਦਈ ਹੈ। ਜਦ ਕਿ ਖੇਤਰੀ ਪੱਧਰ ਦੇ ਸਰਮਾਏਦਾਰ ਵਰਗ ਆਪੋ-ਆਪਣੇ ਖੇਤਰਾਂ ਨੂੰ ਵੱਡੀ ਸਰਮਾਏਦਾਰੀ ਦੇ ਗ਼ਲਬੇ ਤੋਂ ਮਹਿਫ਼ੂਜ਼ ਰੱਖਣ ਅਤੇ ਆਪਣੇ ਹਿਤਾਂ ਤੇ ਲੋੜਾਂ ਦੇ ਅਨੁਕੂਲ ਆਰਥਿਕ ਨੀਤੀਆਂ ਲਾਗੂ ਕਰਨ ਦੀ ਆਜ਼ਾਦੀ ਹਾਸਲ ਕਰਨ ਵਾਸਤੇ ਤਾਕਤਾਂ ਦੇ ਅਣਕੇਂਦਰੀਕਰਨ ਅਥਵਾ ਰਾਜਾਂ ਨੂੰ ਵਧੇਰੇ ਵਿਤੀ ਤੇ ਰਾਜਸੀ ਖ਼ੁਦਮੁਖ਼ਤਿਆਰੀ ਦੇਣ ਦੀ ਵਕਾਲਤ ਕਰਦੇ ਹਨ। ਭਾਰਤ ਅੰਦਰ ਫ਼ੈਡਰਲ ਢਾਂਚੇ ਦੀ ਤਜਵੀਜ਼ ਅੰਦਰ ਇਨ੍ਹਾਂ ਤਿੰਨੋਂ ਪੱਖਾਂ ਨੂੰ ਬਰਾਬਰ ਗਿਣਤੀ ਵਿੱਚ ਰੱਖਣ ਦੀ ਲੋੜ ਹੈ। ਉਦਾਹਰਣ ਵਜੋਂ ਭਾਰੂ ਹਿੰਦੂ ਵਸੋਂ ਵਾਲੇ ਹਿੰਦੀ ਭਾਸ਼ਾਈ ਰਾਜਾਂ (ਜਿਵੇਂ ਹਰਿਆਣਾ, ਰਾਜਸਥਾਨ, ਯੂ.ਪੀ. ਆਦਿ) ਅਤੇ ਭਾਰੂ ਹਿੰਦੂ ਵਸੋਂ ਵਾਲੇ ਗ਼ੈਰ-ਹਿੰਦੀ ਭਾਸ਼ਾਈ ਰਾਜਾਂ (ਖ਼ਾਸ ਕਰਕੇ ਦੱਖਣੀ ਪ੍ਰਾਂਤਾਂ) ਦੇ ਸਰੋਕਾਰ ਅਤੇ ਸਮੱਸਿਆਵਾਂ ਇਕ-ਸਮਾਨ ਨਹੀਂ। ਜਿੱਥੋਂ ਤਕ ਭਾਰੂ ਗ਼ੈਰ-ਹਿੰਦੂ ਵਸੋਂ ਵਾਲੇ ਰਾਜਾਂ ਦਾ ਸਬੰਧ ਹੈ ਉਨ੍ਹਾਂ ਨੂੰ ਦਰਪੇਸ਼ ਖ਼ਤਰਿਆਂ, ਮਸਲਿਆਂ ਤੇ ਸਮੱਸਿਆਵਾਂ ਦੀ ਵੰਨਗੀ ਅਸਲੋਂ ਹੀ ਵਖਰੀ ਹੈ। ਇਸ ਕਰਕੇ ਇਨ੍ਹਾਂ ਤਿੰਨੋਂ ਕਿਸਮ ਦੇ ਰਾਜਾਂ ਦੀਆਂ ਸਮੱਸਿਆਵਾਂ ਤੇ ਸਰੋਕਾਰਾਂ ਅੰਦਰਲੇ ਅੰਤਰ ਨੂੰ ਧਿਆਨ ਵਿੱਚ ਰਖਦਿਆਂ ਹੋਇਆਂ ਫ਼ੈਡਰਲ ਪਰਣਾਲੀ ਅੰਦਰ ਲੋੜ ਮੁਤਾਬਕ ਲਚਕੀਲਾਪਣ ਅਤੇ ਭਿੰਨਤਾ ਜ਼ਰੂਰੀ ਹੈ। ਪੰਜਾਬ ਨੂੰ ਭਾਰੂ ਸਿੱਖ ਵਸੋਂ ਵਾਲਾ ਰਾਜ ਹੋਣ ਦੇ ਨਾਤੇ, ਹਰਿਆਣਾ ਜਾਂ ਰਾਜਸਥਾਨ ਨਾਲੋਂ ਯਕੀਨਨ ਹੀ ਉਚੇਰੇ ਦਰਜੇ ਦੀ ਖ਼ੁਦਮੁਖ਼ਤਿਆਰੀ ਦੀ ਜ਼ਰੂਰਤ ਹੈ। ਇਹੋ ਗੱਲ ਕਸ਼ਮੀਰ ਅਤੇ ਉੱਤਰ-ਪੂਰਬੀ ਰਾਜਾਂ 'ਤੇ ਲਾਗੂ ਹੁੰਦੀ ਹੈ।

ਇਸ ਸੰਦਰਭ ਵਿੱਚ ਦੇਖਿਆਂ ਅਕਾਲੀ ਲੀਡਰਸ਼ਿਪ ਸਾਹਮਣੇ ਦਰਪੇਸ਼ ਹਾਲਤਾਂ ਵੱਧ ਚੁਣੌਤੀ ਭਰਪੂਰ ਅਤੇ ਗੁੰਝਲਾਂ ਭਰੀਆਂ ਹਨ। ਹਕੀਕਤ ਦਾ ਇਕ ਪੱਖ ਇਹ ਹੈ ਕਿ ਅਕਾਲੀ ਲੀਡਰਸ਼ਿਪ ਮੁੱਖ ਤੌਰ 'ਤੇ ਪੇਂਡੂ ਸਿੱਖ ਸਰਮਾਏਦਾਰ ਵਰਗ ਦੇ ਹਿਤਾਂ ਦੀ ਤਰਜਮਾਨੀ ਕਰਦੀ ਹੈ। ਪਰ ਨਾਲ ਹੀ ਹਕੀਕਤ ਦਾ ਦੂਜਾ ਵਧੇਰੇ ਮਹੱਤਵਪੂਰਨ ਪੱਖ ਇਹ ਹੈ ਕਿ ਉਹ ਉਸ ਧਾਰਮਿਕ ਭਾਈਚਾਰੇ ਦਾ ਅੰਗ ਹੈ, ਜਿਸ ਨੂੰ ਭਾਰਤ ਅੰਦਰ ਨਾ ਸਿਰਫ਼ ਹਰ ਖੇਤਰ ਅੰਦਰ ਭਾਰੀ ਭੇਦ-ਭਾਵ, ਜ਼ੁਲਮ ਅਤੇ ਅਨਿਆਇ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਸਗੋਂ ਜਿਸ ਦੀ ਸੁਤੰਤਰ ਪਛਾਣ ਅਤੇ ਹਸਤੀ ਹੀ ਖ਼ਤਰੇ-ਮੂੰਹ ਆਈ ਹੋਈ ਹੈ। ਅਕਾਲੀ ਲੀਡਰਸ਼ਿਪ ਦਾ ਜਮਾਤੀ ਸੁਭਾਅ ਉਸ ਨੂੰ ਆਪਣੇ ਆਰਥਿਕ ਤੇ ਸਿਆਸੀ ਹਿਤਾਂ ਨੂੰ ਪ੍ਰਮੁੱਖਤਾ ਦੇਣ ਅਤੇ ਸਿੱਖ ਪੰਥ ਦੇ ਧਾਰਮਿਕ-ਸਭਿਆਚਾਰਕ ਸਰੋਕਾਰਾਂ ਨੂੰ ਜਿੰਨਾ ਹੋ ਸਕੇ, ਪਿਛਵਾੜੇ ਧੱਕਣ ਲਈ ਪ੍ਰੇਰਿਤ ਕਰਦਾ ਹੈ। ਉਸ ਦੀ ਇਹ ਰੁਚੀ ਰਾਜਨੀਤੀ ਅੰਦਰ ਲਗਾਤਾਰ ਪਰਗਟ ਹੁੰਦੀ ਰਹਿੰਦੀ ਹੈ। ਅਸਲ ਵਿੱਚ ਦੇਖਿਆ ਜਾਵੇ ਤਾਂ ਸਿੱਖ ਸਰਮਾਏਦਾਰ ਵਰਗ ਦਾ ਕਿਰਦਾਰ ਤੇ ਅਮਲ ਦੂਹਰਾ ਹੈ। ਭਾਰਤ ਦੇ ਹਿੰਦੂ ਹਾਕਮਾਂ ਨਾਲ ਉਸ ਦੇ ਰਿਸ਼ਤੇ ਨੂੰ ਦੋ ਵਿਰੋਧੀ ਪੱਖ ਬਰਾਬਰ ਪ੍ਰਭਾਵਿਤ ਕਰਦੇ ਹਨ। ਸਿੱਖ ਕੌਮ ਦਾ ਅੰਗ ਹੋਣ ਕਰਕੇ, ਉਸ ਨੂੰ ਭਾਰਤੀ ਹਾਕਮਾਂ ਦੀਆਂ ਵਧੀਕੀਆਂ, ਬੇਇਨਸਾਫ਼ੀਆਂ ਤੇ ਵਿਤਕਰੇਬਾਜ਼ੀ ਦਾ ਨਿਰੰਤਰ ਸੇਕ ਝੱਲਣਾ ਪੈਂਦਾ ਹੈ। ਖੇਤਰੀ ਪੱਧਰ ਦੀ ਸਰਮਾਏਦਾਰ

ਤਾਕਤ ਹੋਣ ਕਰਕੇ ਵੀ ਉਸ ਦੇ ਵੱਡੀ ਹਿੰਦੂ ਸਰਮਾਏਦਾਰੀ ਨਾਲ ਝਗੜੇ ਤੇ ਵਿਰੋਧ ਖੜੇ ਹੁੰਦੇ ਰਹਿੰਦੇ ਹਨ। ਇਹ ਦੋਨੋਂ ਗੱਲਾਂ ਉਸ ਨੂੰ ਭਾਰਤ ਦੇ ਹੁਕਮਰਾਨ ਵਰਗ ਨਾਲ ਟਕਰਾਉ ਤੇ ਸੰਘਰਸ਼ ਦੇ ਰਾਹ ਵੱਲ ਧਕਦੀਆਂ ਹਨ। ਪਰ ਨਾਲ ਹੀ ਖ਼ੁਦ ਇਕ ਲੋਟੂ ਸਰਮਾਏਦਾਰ ਵਰਗ ਹੋਣ ਕਰਕੇ ਉਸ ਦਾ ਵੱਡੀ ਹਿੰਦੂ ਸਰਮਾਏਦਾਰੀ ਨਾਲ ਹਿਤਾਂ ਦਾ ਮੇਲ ਵੀ ਹੈ। ਭਾਰਤ ਦੀ ਆਰਥਿਕ ਅਤੇ ਰਾਜਸੀ ਪਰਣਾਲੀ ਉਸ ਦੀਆਂ ਜਮਾਤੀ ਗ਼ਰਜ਼ਾਂ ਦਾ ਚੋਖੀ ਹੱਦ ਤਕ ਘਰ ਪੂਰਾ ਕਰਦੀ ਹੈ। ਇਸ ਨਾਲ ਉਸ ਅੰਦਰ ਹਿੰਦੂ ਹਾਕਮਾਂ ਨਾਲ ਸਮਝੌਤੇ ਤੇ ਭਾਈਵਾਲੀ ਦੀਆਂ ਰੁਚੀਆਂ ਪ੍ਰਫੁਲਤ ਹੁੰਦੀਆਂ ਹਨ। ਇਸ ਸਬੰਧ ਵਿੱਚ ਪ੍ਰੋ. ਕਿਸ਼ਨ ਸਿੰਘ (ਸਵਰਗਵਾਸੀ) ਦਾ ਇਹ ਨਿਰਣਾ ਕਾਫ਼ੀ ਰੁਸ਼ਨਾਊ ਹੈ ਕਿ "ਸਿੱਖ ਸਰਮਾਏਦਾਰੀ ਦੀ ਪੋਜ਼ੀਸ਼ਨ ਬੜੀ ਮੁਸ਼ਕਲ ਹੈ ਪਰ ਉਸਦਾ ਰੋਲ ਪੋਜ਼ੀਸ਼ਨ ਨਾਲੋਂ ਵੀ ਗਿਆ ਗੁਜ਼ਰਿਆ ਹੈ.... ਉਹ ਰਗੜਾ ਝਗੜਾ ਕਰਕੇ ਕੇਂਦਰੀ ਹਿੰਦੂ ਸਰਮਾਏਦਾਰੀ ਕੋਲੋਂ ਰੁਪਈਏ ਵਿੱਚੋਂ ਆਨਾ ਦੁਆਨੀ ਹਿੱਸਾ ਹੀ ਲੈਣਾ, ਅੰਤ ਮਨਜ਼ੂਰੇ-ਨਜ਼ਰ ਹਿੰਦੂ ਸਰਮਾਏਦਾਰੀ ਦੇ ਹੀ ਹੋਣਾ ਚਾਹੁੰਦੀ ਹੈ।"[8] ਜਿੱਥੋਂ ਤਕ ਸਿੱਖ ਕੌਮ ਦਾ ਸੁਆਲ ਹੈ, ਉਸ ਦਾ ਭਾਰਤ ਦੇ ਹਿੰਦੂ ਹਾਕਮਾਂ ਨਾਲ ਵਿਰੋਧ ਮੌਸਮੀ ਨਹੀਂ, ਬੁਨਿਆਦੀ ਹੈ। ਜਿੰਨਾ ਚਿਰ ਹਿੰਦੂ ਲੀਡਰਸ਼ਿਪ ਸਿੱਖ ਪੰਥ ਨੂੰ ਹਿੰਦੂਵਾਦ ਦੇ ਖਾਰੇ ਸਮੁੰਦਰ ਅੰਦਰ ਜਜ਼ਬ ਕਰਕੇ ਖ਼ਤਮ ਕਰ ਦੇਣ ਦੀ ਪ੍ਰਵਿਰਤੀ ਦਾ ਮੁਕੰਮਲ ਰੂਪ ਵਿੱਚ ਤਿਆਗ ਨਹੀਂ ਕਰ ਦਿੰਦੀ, ਉਨਾ ਚਿਰ ਸਿੱਖ ਪੰਥ ਦਾ ਭਾਰਤ ਦੇ ਹਿੰਦੂ ਹਾਕਮਾਂ ਨਾਲ ਨਿਭਾਅ ਸੰਭਵ ਨਹੀਂ। ਇਸ ਤਰ੍ਹਾਂ ਅਕਾਲੀ ਲੀਡਰਸ਼ਿਪ ਨੂੰ ਇਨ੍ਹਾਂ ਦੋ ਉਲਟ ਦਿਸ਼ਾਵੀ ਦਬਾਵਾਂ ਦਾ ਲਗਾਤਾਰ ਪਰਕੋਪ ਝੱਲਣਾ ਪੈ ਰਿਹਾ ਹੈ। ਸਿੱਖ ਸਰਮਾਏਦਾਰੀ ਦੀਆਂ ਗ਼ਰਜ਼ਾਂ ਉਸ ਨੂੰ ਹਿੰਦੂ ਹਾਕਮਾਂ ਨਾਲ ਸਮਝੌਤੇ ਤੇ ਭਾਈਵਾਲੀ ਦੇ ਰਾਹ ਉੱਤੇ ਅੱਗੇ ਵਧਣ ਲਈ ਪ੍ਰੇਰਿਤ ਕਰਦੀਆਂ ਹਨ, ਜਦ ਕਿ ਸਿੱਖ ਕੌਮ ਦੇ ਹਿਤ ਉਸ ਕੋਲੋਂ ਹਿੰਦੂ ਹਾਕਮਾਂ ਵਿਰੁੱਧ ਅਡੋਲ ਸੰਘਰਸ਼ ਦੀ ਮੰਗ ਕਰਦੇ ਹਨ। ਅਕਾਲੀ ਲੀਡਰਸ਼ਿਪ ਦਾ ਇਹ ਦਵੰਦ ਅਕਾਲੀ ਰਾਜਨੀਤੀ ਅੰਦਰ ਵਾਰ ਵਾਰ ਸੰਕਟ ਤੇ ਬਖੇੜੇ ਖੜੇ ਕਰਦਾ ਆ ਰਿਹਾ ਹੈ।

•

# 12

# ਗਿਰਾਵਟ ਦਾ ਦੌਰ

ਇਸੇ ਅਰਸੇ ਦੌਰਾਨ ਚੰਡੀਗੜ੍ਹ ਦਾ ਮਸਲਾ ਅਕਾਲੀ ਲੀਡਰਸ਼ਿਪ ਲਈ, ਖ਼ਾਸ ਤੌਰ 'ਤੇ ਸੰਤ ਫਤਹਿ ਸਿੰਘ ਲਈ ਵੱਡੀਆਂ ਰਾਜਸੀ ਪ੍ਰੇਸ਼ਾਨੀਆਂ ਦਾ ਕਾਰਨ ਬਣਿਆ ਰਿਹਾ। 1966 ਵਿੱਚ ਉਸ ਨੇ ਚੰਡੀਗੜ੍ਹ ਨੂੰ ਪੰਜਾਬ ਵਿੱਚ ਸ਼ਾਮਲ ਕਰਨ ਅਤੇ ਪੰਜਾਬ ਤੇ ਹਰਿਆਣੇ ਵਿੱਚ ਰੱਖੀਆਂ 'ਸਾਂਝੀਆਂ ਕੜੀਆਂ' ਨੂੰ ਖ਼ਤਮ ਕਰਨ ਦੀਆਂ ਮੰਗਾਂ ਨੂੰ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ (17 ਦਸੰਬਰ) ਵਾਲੇ ਦਿਨ ਮਰਨ ਵਰਤ ਸ਼ੁਰੂ ਕਰਨ ਅਤੇ ਮੰਗਾਂ ਨਾ ਮੰਨੇ ਜਾਣ ਦੀ ਸੂਰਤ ਵਿੱਚ, ਦਸਾਂ ਦਿਨਾਂ ਬਾਅਦ, ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ 'ਤੇ (27 ਦਸੰਬਰ) ਆਪਣੇ ਆਪ ਨੂੰ ਅੱਗ ਦੀਆਂ ਲਾਟਾਂ ਦੇ ਹਵਾਲੇ ਕਰ ਦੇਣ ਦਾ ਐਲਾਨ ਕਰ ਦਿੱਤਾ।

## ਫੇਰੂਮਾਨ ਬਨਾਮ ਸੰਤ ਫਤਹਿ ਸਿੰਘ

ਇਹ ਐਲਾਨ ਕਰਨ ਵੇਲੇ ਉਸ ਨੂੰ ਪੂਰਾ ਭਰੋਸਾ ਸੀ ਕਿ ਭਾਰਤ ਸਰਕਾਰ ਉਸ ਦੀ ਇਸ ਨਿਆਈਂ ਮੰਗ ਨੂੰ ਯਕੀਨਨ ਹੀ ਕਬੂਲ ਕਰ ਲਏਗੀ ਅਤੇ ਏਨੀ ਗੱਲ ਬਦਲੇ ਪੰਜਾਬ ਨੂੰ ਬਲਦੀ ਦੇ ਬੂਥੇ ਧੱਕਣ ਦੀ ਹਮਾਕਤ ਨਹੀਂ ਕਰੇਗੀ। ਇਸੇ ਪਰਭਾਵ ਅਤੇ ਭਰਮ ਦੇ ਅਧੀਨ ਹੀ ਸੰਤ ਚੰਨਣ ਸਿੰਘ ਅਤੇ ਜੀਵਨ ਸਿੰਘ ਉਮਰਾਨੰਗਲ ਸਮੇਤ ਹੋਰ ਅਕਾਲੀ ਆਗੂਆਂ ਨੇ ਸੰਤ ਫਤਹਿ ਸਿੰਘ ਦੀ ਜਾਨ ਬਚਾਉਣ ਲਈ, ਉਸ ਤੋਂ ਇਕ ਦਿਨ ਪਹਿਲਾਂ (26 ਦਸੰਬਰ) ਅਗਨਭੇਟ ਹੋਣ ਦੇ ਫ਼ੈਸਲੇ ਦਾ ਐਲਾਨ ਕਰ ਦਿੱਤਾ ਸੀ। ਭਾਵੇਂ ਮਰਨ ਵਰਤ ਦੇ ਮਾਮਲੇ 'ਚ ਸੰਤ ਫਤਹਿ ਸਿੰਘ ਦਾ ਪਿਛਲਾ ਰਿਕਾਰਡ ਬਹੁਤਾ ਚੰਗਾ ਨਹੀਂ ਸੀ, ਪਰ ਉਸਦਾ ਅਗਨ ਭੇਟ ਹੋਣ ਦਾ ਸ਼ੋਸ਼ਾ ਅਸਲੋਂ ਹੀ ਨਵਾਂ ਸੀ। ਇਸ ਕਰਕੇ ਉਸਦੇ ਜਜ਼ਬਾਤੀ ਧੂਹ ਪਾਉਣ ਵਾਲੇ ਇਸ ਐਲਾਨ ਨੇ ਸਿੱਖ ਮਨਾਂ ਉੱਤੇ ਡੂੰਘਾ ਅਸਰ ਛੱਡਿਆ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਸੰਗਤਾਂ ਅਕਾਲ ਤਖ਼ਤ ਦੀ ਉਪਰਲੀ ਮੰਜ਼ਲ ਉੱਤੇ ਉਸਾਰੇ ਉਨ੍ਹਾਂ 'ਹਵਨ ਕੁੰਡਾਂ' ਦੇ ਦਰਸ਼ਨ ਕਰਨ ਲਈ ਬਹੁੜਨ ਲੱਗੀਆਂ, ਜਿਨ੍ਹਾਂ ਵਿੱਚ ਸੰਤ ਫਤਹਿ ਸਿੰਘ ਤੇ ਉਸਦੇ ਸਾਥੀਆਂ ਦਾ ਪਟਰੋਲ ਨੂੰ ਅੱਗ ਲਾ ਕੇ ਸੜ ਮਰਨ ਦਾ ਪ੍ਰੋਗਰਾਮ ਮਿਥਿਆ ਗਿਆ ਸੀ।

26 ਦਸੰਬਰ ਨੂੰ ਜਦ ਸੰਤ ਫਤਹਿ ਸਿੰਘ ਦੇ ਸਹਿਯੋਗੀ ਪੰਜ 'ਜ਼ਿੰਦਾ ਸ਼ਹੀਦਾਂ' ਦੇ ਅਗਨ ਭੇਟ ਹੋਣ ਦਾ ਐਲਾਨਿਆ ਸਮਾਂ ਨੇੜੇ ਢੁਕ ਰਿਹਾ ਸੀ ਅਤੇ ਅਕਾਲ ਤਖ਼ਤ ਵਿਖੇ ਭਾਰੀ ਗਿਣਤੀ 'ਚ ਜੁੜੀਆਂ ਸੰਗਤਾਂ ਦਿੱਲੀ ਤੋਂ ਕਿਸੇ ਸੁਲੱਖਣੀ ਖ਼ਬਰ ਦੀ ਬੇਤਾਬੀ ਨਾਲ ਉਡੀਕ ਕਰ ਰਹੀਆਂ ਸਨ ਤਾਂ ਸੰਕਟ ਦੀ ਉਸ ਘੜੀ ਮੌਕੇ ਸ: ਹੁਕਮ ਸਿੰਘ ਦਿੱਲੀ ਦਰਬਾਰ

ਦੇ ਏਲਚੀ ਬਣ ਕੇ ਬਹੁੜੇ। ਉਹ ਅਕਾਲੀ ਦਲ ਦੇ ਦੋ ਪਾਰਲੀਮੈਂਟ ਮੈਂਬਰਾਂ (ਸ: ਉੱਤਮ ਸਿੰਘ ਦੁੱਗਲ ਤੇ ਨਰਿੰਦਰ ਸਿੰਘ ਬਰਾੜ) ਨਾਲ ਦਿੱਲੀ ਤੋਂ ਵਿਸ਼ੇਸ਼ ਹਵਾਈ ਜਹਾਜ਼ ਰਾਹੀਂ ਸਿੱਧੇ ਅੰਮ੍ਰਿਤਸਰ ਪਹੁੰਚੇ ਸਨ। ਸੰਤ ਫਤਹਿ ਸਿੰਘ ਨਾਲ ਬੰਦ ਕਮਰੇ 'ਚ ਲੰਮਾ ਸਮਾਂ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ, ਤਣਾਅ ਗ੍ਰਸੇ ਸ: ਹੁਕਮ ਸਿੰਘ ਨੇ ਅਕਾਲ ਤਖ਼ਤ ਅੱਗੇ ਜੁੜੀਆਂ ਸਿੱਖ ਸੰਗਤਾਂ ਨੂੰ ਥਿੜਕਦੇ ਬੋਲਾਂ ਨਾਲ ਇਹ ਜਚਾਉਣ ਦੀ ਕੋਸ਼ਿਸ਼ ਕੀਤੀ ਕਿ ਕੇਂਦਰ ਸਰਕਾਰ ਨੇ ਚੰਡੀਗੜ੍ਹ ਤੇ ਹੋਰਨਾਂ ਮਸਲਿਆਂ ਬਾਰੇ ਠੋਸ ਯਕੀਨਦਹਾਨੀ ਦਿੱਤੀ ਹੈ ਜਿਸ ਨਾਲ ਸੰਤ ਫਤਹਿ ਸਿੰਘ ਦਾ ਪ੍ਰਣ ਪੂਰਾ ਹੋ ਗਿਆ ਹੈ ਅਤੇ ਉਹ ਆਪਣਾ ਵਰਤ ਖ਼ਤਮ ਕਰਨ ਲਈ ਰਾਜ਼ੀ ਹੋ ਗਏ ਹਨ। ਸ: ਹੁਕਮ ਸਿੰਘ ਨੇ ਦਿੱਲੀ ਸਰਕਾਰ ਵੱਲੋਂ ਦਿੱਤੀ ਦੱਸੀ ਗਈ 'ਯਕੀਨਦਹਾਨੀ' ਬਾਰੇ ਗੱਲ ਪੂਰੀ ਤਰ੍ਹਾਂ ਸਾਫ਼ ਕਰਨ ਤੋਂ ਸੁਚੇਤ ਰੂਪ ਵਿੱਚ ਟਾਲਾ ਵੱਟਿਆ। ਇਕ ਤਾਂ ਯਕੀਨਦਹਾਨੀ ਲਿਖਤੀ ਨਹੀਂ, ਜ਼ੁਬਾਨੀ-ਕਲਾਮੀ ਸੀ। ਦੂਜਾ, ਹੁਕਮ ਸਿੰਘ ਦਾ ਲਹਿਜਾ ਬਹੁਤ ਹੀ ਗੋਲ-ਮੋਲ ਸੀ। ਇਸ ਕਰਕੇ, ਹਿੰਦੂ ਹਾਕਮਾਂ ਤੇ ਸਿੱਖ ਵਿਚੋਲਿਆਂ ਹੱਥੋਂ ਵਾਰ ਵਾਰ ਛਲੀਆਂ ਜਾਂਦੀਆਂ ਰਹੀਆਂ ਸਿੱਖ ਸੰਗਤਾਂ ਨੇ ਸ: ਹੁਕਮ ਸਿੰਘ ਦੀ 'ਯਕੀਨਦਹਾਨੀ' 'ਚੋਂ ਇਕ ਵਾਰ ਫਿਰ ਛਲ ਅਤੇ ਫ਼ਰੇਬ ਦੀ ਤਿੱਖੀ ਦੁਰਗੰਧ ਮਹਿਸੂਸ ਕੀਤੀ। ਗੁੱਸੇ 'ਚ ਆਈਆਂ ਸੰਗਤਾਂ ਨੇ ਝੂਠ ਤੇ ਬੇਈਮਾਨੀ ਦੀ ਇਸ ਖੇਡ ਵਿਰੁੱਧ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਹੇਠਾਂ ਸੰਗਤਾਂ ਆਪਣੇ ਰੋਹ ਦਾ ਪ੍ਰਗਟਾਵਾ ਕਰਦੀਆਂ ਰਹੀਆਂ ਅਤੇ ਉਪਰ ਸੰਤ ਫਤਹਿ ਸਿੰਘ ਨੇ ਸ: ਹੁਕਮ ਸਿੰਘ ਦੇ ਹੱਥੋਂ ਫਲਾਂ ਦਾ ਰਸ ਪੀ ਕੇ ਆਪਣਾ ਵਰਤ ਖ਼ਤਮ ਕਰ ਦਿੱਤਾ। ਬਾਅਦ 'ਚ ਇਹ ਤੱਥ ਸਾਹਮਣੇ ਆਇਆ ਕਿ ਕੇਂਦਰ ਸਰਕਾਰ ਵੱਲੋਂ ਦਿੱਤੀ ਗਈ ਯਕੀਨਦਹਾਨੀ ਵਿੱਚ ਸਿਰਫ਼ ਏਨੀ ਗੱਲ ਹੀ ਸੀ ਕਿ ਚੰਡੀਗੜ੍ਹ ਤੇ ਹੋਰਨਾਂ ਇਲਾਕਿਆਂ ਬਾਰੇ ਪੰਜਾਬ ਤੇ ਹਰਿਆਣਾ ਦੇ ਆਪਸ ਵਿੱਚ ਉਲਝਵੇਂ ਦਾਅਵਿਆਂ ਦਾ ਨਿਪਟਾਰਾ ਕਰਨ ਲਈ ਇੰਦਰਾ ਗਾਂਧੀ ਨੇ ਸਾਲਸ ਬਣਨਾ ਪਰਵਾਨ ਕਰ ਲਿਆ ਸੀ।[1] ਇਸ ਤੋਂ ਵੱਧ ਹੋਰ ਕੋਈ ਗੱਲ ਨਹੀਂ ਸੀ।

ਇਸ ਬੇਸੁਆਦੇ ਨਾਟਕੀ ਘਟਨਾਕ੍ਰਮ ਤੋਂ ਬਾਅਦ, ਢਾਈ ਸਾਲਾਂ ਤਕ, ਚੰਡੀਗੜ੍ਹ ਦਾ ਮਸਲਾ ਰਾਜ-ਸੱਤਾ ਲਈ ਜ਼ੋਰ-ਅਜ਼ਮਾਈ ਦੀਆਂ ਮਸ਼ਕਾਂ ਦੀ ਧੂੜ ਹੇਠ ਦਬ ਕੇ ਰਹਿ ਗਿਆ। ਨਾ ਕਾਂਗਰਸੀ ਹਾਕਮਾਂ ਨੇ ਇਸ ਨੂੰ ਹੱਲ ਕਰਨ ਵਿੱਚ ਕੋਈ ਰੁਚੀ ਦਿਖਾਈ ਅਤੇ ਨਾ ਅਕਾਲੀ ਲੀਡਰਸ਼ਿਪ ਨੇ ਇਸ ਬਾਰੇ ਬਿਆਨਬਾਜ਼ੀ ਤੋਂ ਵੱਧ ਕੋਈ ਸਰਗਰਮੀ ਕਰਨੀ ਜ਼ਰੂਰੀ ਸਮਝੀ। ਅਕਾਲ ਤਖ਼ਤ ਦੀ ਤੀਜੀ ਛੱਤ ਉੱਤੇ ਉਸਰੇ 'ਹਵਨ ਕੁੰਡਾਂ' ਅੰਦਰ ਜਿਲਬ ਦੀਆਂ ਮੋਟੀਆਂ ਤੈਆਂ ਜੰਮ ਗਈਆਂ। ਅਕਾਲੀ ਲੀਡਰਸ਼ਿਪ ਦੀ ਸਾਰੀ ਸੁਤਾ ਸਰਕਾਰਾਂ ਬਣਾਉਣ/ਬਚਾਉਣ ਉੱਤੇ ਲੱਗੀ ਰਹੀ। ਸੰਤ ਫਤਹਿ ਸਿੰਘ ਅਤੇ ਉਸਦੀ ਹਮਖ਼ਿਆਲ ਅਕਾਲੀ ਲੀਡਰਸ਼ਿਪ ਲਈ ਉਦੋਂ ਕਸੂਤੀ ਹਾਲਤ ਪੈਦਾ ਹੋ ਗਈ ਜਦ 15 ਅਗਸਤ 1969 ਨੂੰ ਸ: ਦਰਸ਼ਨ ਸਿੰਘ ਫੇਰੂਮਾਨ ਨੇ ਚੰਡੀਗੜ੍ਹ ਨੂੰ ਪੰਜਾਬ ਵਿੱਚ ਸ਼ਾਮਲ ਕਰਨ ਦੀ ਮੰਗ ਨੂੰ ਲੈ ਕੇ ਆਪਣਾ ਮਰਨ-ਵਰਤ ਆਰੰਭ ਕਰ ਦਿੱਤਾ।

ਸ: ਫੇਰੂਮਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਾਨੀ ਮੈਂਬਰ ਤੇ ਇਸਦੇ ਸਕੱਤਰ ਰਹਿ ਚੁੱਕੇ ਸਨ। ਆਪਣੇ ਰਾਜਸੀ ਜੀਵਨ ਦਾ ਵੱਡਾ ਭਾਗ ਕਾਂਗਰਸ ਦੀ ਸੇਵਾ ਦੇ ਲੇਖੇ ਲਾਉਣ ਤੋਂ ਬਾਅਦ ਉਹ ਬੁਢਾਪੇ ਵਿੱਚ ਆ ਕੇ ਸੱਜੇ-ਪੱਖੀ ਪਿਛਾਂਹ-ਖਿਚੂ ਰਾਜਸੀ ਵਿਚਾਰਧਾਰਾ ਨੂੰ ਪਰਣਾਈ 'ਸਵਤੰਤਰ ਪਾਰਟੀ' ਵਿੱਚ ਸ਼ਾਮਲ ਹੋ ਗਏ ਸਨ। 1955 ਵਿੱਚ ਜਦ ਅਕਾਲੀ ਦਲ ਨੇ 'ਪੰਜਾਬੀ ਸੂਬਾ ਜ਼ਿੰਦਾਬਾਦ' ਦੇ ਨਾਅਰੇ 'ਤੇ ਲਾਈ ਪਾਬੰਦੀ ਨੂੰ ਹਟਾਉਣ ਲਈ ਪੁਰਅਮਨ ਮੋਰਚਾ ਲਾਇਆ ਹੋਇਆ ਸੀ ਤਾਂ ਸ: ਦਰਸ਼ਨ ਸਿੰਘ ਫੇਰੂਮਾਨ ਨੇ ਇਸ ਮੋਰਚੇ ਦੇ ਖ਼ਿਲਾਫ਼ ਕਾਂਗਰਸੀ ਝੰਡਾ ਚੁੱਕਦਿਆਂ ਹੋਇਆਂ, ਗੁਰਦੁਆਰਿਆਂ

ਦੀ ਰਾਜਸੀ ਮਕਸਦਾਂ ਵਾਸਤੇ ਦੁਰਵਰਤੋਂ ਨੂੰ ਬੰਦ ਕਰਾਉਣ ਦੇ ਬਹਾਨੇ ਅਕਾਲੀ ਮੋਰਚੇ ਦੇ ਵਿਰੋਧ ਵਿੱਚ ਜੁਆਬੀ ਮੋਰਚਾ ਲਾਉਣ ਦੀ ਅਸਫਲ ਕੋਸ਼ਿਸ਼ ਕੀਤੀ ਸੀ। ਜੂਨ 1955 ਦੇ ਸ਼ੁਰੂ ਵਿੱਚ ਉਨ੍ਹਾਂ ਇਹ ਧਮਕੀ ਭਰਿਆ ਬਿਆਨ ਜਾਰੀ ਕੀਤਾ ਕਿ ਅਕਾਲੀ ਆਗੂਆਂ ਵੱਲੋਂ ਮੋਰਚੇ ਦੌਰਾਨ ਮੰਜੀ ਸਾਹਿਬ ਵਿਖੇ ਦੀਵਾਨ ਵਿੱਚ ਕੀਤੀਆਂ ਜਾ ਰਹੀਆਂ ਰਾਜਸੀ ਤਕਰੀਰਾਂ ਨੂੰ ਬੰਦ ਕਰਾਉਣ ਲਈ ਉਹ 26 ਜੂਨ ਨੂੰ 25 ਕਾਂਗਰਸੀ ਸਿੱਖਾਂ ਦਾ ਜੱਥਾ ਲੈ ਕੇ ਦੀਵਾਨ ਅੰਦਰ ਜਾਣਗੇ। ਸ: ਫੇਰੂਮਾਨ ਦੇ ਇਸ ਐਲਾਨ ਨੂੰ ਮਹਾਸ਼ਾ ਪ੍ਰੈਸ ਨੇ ਖ਼ੂਬ ਉਛਾਲਿਆ। ਸਿੱਖਾਂ ਨੂੰ ਸਿੱਖਾਂ ਦੇ ਗਲ ਪੈਂਦਾ ਦੇਖਣ ਦੀ ਖ਼ੁਸ਼ੀ ਭਰੀ ਉਮੀਦ ਵਿੱਚ, ਹਿੰਦੂ ਤਾਕਤਾਂ ਵੱਲੋਂ ਮਨ ਅੰਦਰਲਾ ਚਾਅ ਤੇ ਖ਼ੁਸ਼ੀ ਸੰਭਾਲੀ ਨਾ ਗਈ। ਹਰ ਵੰਨਗੀ ਦੇ ਕਾਂਗਰਸ-ਨਿਵਾਜ਼ ਸਿੱਖਾਂ (ਜਥੇਦਾਰ ਊਧਮ ਸਿੰਘ ਨਾਗੋਕੇ ਤੇ ਈਸ਼ਰ ਸਿੰਘ ਮਝੈਲ ਵਗ਼ੈਰਾ ਵਗ਼ੈਰਾ) ਨੇ ਸ: ਫੇਰੂਮਾਨ ਦੇ ਇਸ ਐਲਾਨ ਦੀ ਹਮਾਇਤ ਦੇ ਮਤੇ ਪਾਉਣੇ ਸ਼ੁਰੂ ਕਰ ਦਿੱਤੇ। ਇਹ ਕਾਂਗਰਸੀਆਂ ਦੀ ਮੋਰਚੇ ਦੌਰਾਨ ਮੰਜੀ ਸਾਹਿਬ ਵਿਖੇ ਰੋਜ਼ਾਨਾ ਸਜਣ ਵਾਲੇ ਦੀਵਾਨ ਵਿੱਚ ਗੜਬੜ ਪੈਦਾ ਕਰਨ ਅਤੇ ਫਿਰ ਫ਼ਸਾਦ ਦੇ ਬਹਾਨੇ ਉੱਥੇ ਪੁਲਸ ਦਾਖ਼ਲੇ ਲਈ ਰਾਹ ਪੱਧਰਾ ਕਰਨ ਦੀ ਇਕ ਸੋਚੀ ਵਿਚਾਰੀ ਚਾਲ ਸੀ। ਸੁਭਾਵਿਕ ਹੀ, ਪੰਥਕ ਸਫ਼ਾਂ ਅੰਦਰ ਇਸਦਾ ਤਿੱਖਾ ਅਤੇ ਰੋਹ ਭਰਿਆ ਪ੍ਰਤੀਕਰਮ ਹੋਇਆ। ਇਕ ਜਥੇਦਾਰ (ਭਾਨ ਸਿੰਘ ਜਾਲੂਵਾਲ) ਨੇ ਮੋੜਵਾਂ ਚੁਣੌਤੀ ਭਰਿਆ ਬਿਆਨ ਦਾਗ਼ ਦਿੱਤਾ ਕਿ ਜੇਕਰ ਦਰਸ਼ਨ ਸਿੰਘ ਫੇਰੂਮਾਨ 'ਪਹਾੜੀ ਰਾਜਿਆਂ ਦਾ ਹਾਥੀ' ਬਣ ਕੇ ਆ ਰਿਹਾ ਹੈ ਤਾਂ ਉਹ ਕਲਗੀਧਰ ਪਾਤਸ਼ਾਹ ਦਾ 'ਬਚਿੱਤਰ ਸਿੰਘ' ਬਣ ਕੇ ਉਸ ਦਾ ਮੁਕਾਬਲਾ ਕਰੇਗਾ।[2] ਅਜਿਹੀ ਭੜਕਾਹਟ 'ਚੋਂ ਨਿਕਲਣ ਵਾਲੇ ਮਾਰੂ ਨਤੀਜਿਆਂ ਦੀ ਗੰਭੀਰਤਾ ਨੂੰ ਮਹਿਸੂਸ ਕਰਦਿਆਂ ਹੋਇਆਂ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਪਰਧਾਨ ਬਾਵਾ ਹਰਕ੍ਰਿਸ਼ਨ ਸਿੰਘ ਨੇ ਆਪਣੀ ਸੂਝ-ਸਿਆਣਪ ਤੇ ਅਸਰ-ਰਸੂਖ਼ ਨਾਲ ਗੱਲ ਠੰਢੀ ਪਾ ਦਿੱਤੀ ਅਤੇ ਸ: ਫੇਰੂਮਾਨ ਨੇ ਆਪਣੀ ਪ੍ਰਸਤਾਵਤ ਕਾਰਵਾਈ ਮਨਸੂਖ਼ ਕਰ ਦਿੱਤੀ। ਥੋੜੇ ਚਿਰ ਬਾਅਦ (1957) ਕਾਂਗਰਸ ਪਾਰਟੀ ਨੇ ਸ: ਫੇਰੂਮਾਨ ਨੂੰ ਰਾਜ ਸਭਾ ਦੀ ਮੈਂਬਰੀ ਨਾਲ ਨਿਵਾਜ ਦਿੱਤਾ।

ਅਕਾਲੀ ਲੀਡਰਸ਼ਿਪ ਅਤੇ ਸਫ਼ਾਂ ਦੇ ਵੱਡੇ ਹਿੱਸੇ ਸ: ਫੇਰੂਮਾਨ ਦੇ ਮਰਨ ਵਰਤ ਦੇ ਫ਼ੈਸਲੇ ਨੂੰ ਵੱਧ ਉਪਰੋਕਤ ਪਰਸੰਗ ਦੀ ਰੋਸ਼ਨੀ 'ਚ ਦੇਖਦੇ ਸਨ। ਉਨ੍ਹਾਂ ਨੂੰ ਇਸ ਪਿੱਛੇ ਪੰਥ ਦੋਖੀ ਤਾਕਤਾਂ ਦੀ, ਅਕਾਲੀ ਦਲ ਅਤੇ ਉਸਦੀ ਲੀਡਰਸ਼ਿਪ ਨੂੰ ਢਾਹ ਲਾਉਣ ਦੀ ਸਾਜ਼ਸ਼ ਦਾ ਆਭਾਸ ਹੁੰਦਾ ਸੀ। ਇਸ ਦੇ ਉਲਟ, ਕਈ ਕਿਸਮ ਦੀਆਂ ਤਾਕਤਾਂ, ਆਪਣੇ ਅਲੱਗ-ਅਲੱਗ ਉਦੇਸ਼ਾਂ ਅਤੇ ਕਾਰਨਾਂ ਕਰਕੇ, ਸ: ਫੇਰੂਮਾਨ ਦੀ ਹਮਾਇਤ ਵਿੱਚ ਸਰਗਰਮ ਹੋ ਗਈਆਂ। ਪੰਥਕ ਸੋਚ ਤੇ ਜਜ਼ਬਾ ਰੱਖਣ ਵਾਲੇ ਕੁੱਝ ਲੋਕਾਂ ਨੂੰ ਸ: ਫੇਰੂਮਾਨ ਦੇ ਐਲਾਨੇ ਕਾਜ਼ ਨਾਲ ਦਿਲੀ ਹਮਦਰਦੀਆਂ ਸਨ। ਕਈਆਂ ਦਾ ਮੁੱਖ ਉਦੇਸ਼ ਸ: ਫੇਰੂਮਾਨ ਦੀ ਕੁਰਬਾਨੀ ਦੇ ਜ਼ਰੀਏ ਸੰਤ ਫਤਹਿ ਸਿੰਘ ਦੀ ਲੀਡਰਸ਼ਿਪ ਉੱਤੇ ਕਰਾਰੀ ਚੋਟ ਮਾਰਨਾ ਸੀ। ਕੁਝ ਤਾਕਤਾਂ ਕੇਵਲ ਅਤੇ ਕੇਵਲ ਅਕਾਲੀ ਸਰਕਾਰ ਲਈ ਸੰਕਟ ਖੜਾ ਕਰਨ ਦੀ ਨਕਾਰੀ ਭਾਵਨਾ 'ਚੋਂ ਹੀ ਸ: ਫੇਰੂਮਾਨ ਦੀ ਸ਼ਹੀਦੀ ਦੀਆਂ ਇਛਾਵਾਂ ਪਾਲ ਰਹੀਆਂ ਸਨ। ਖ਼ੈਰ, ਸ: ਫੇਰੂਮਾਨ ਦੇ ਵਰਤ ਸ਼ੁਰੂ ਕਰਨ ਪਿੱਛੇ ਰਾਜਸੀ ਉਦੇਸ਼ ਭਾਵੇਂ ਕੁਝ ਵੀ ਹੋਣ ਪਰ ਉਨ੍ਹਾਂ ਵੱਲੋਂ ਬਿਰਧ ਅਵਸਥਾ ਦੇ ਬਾਵਜੂਦ ਆਪਣਾ ਕੀਤਾ ਹੋਇਆ ਪ੍ਰਣ ਤੋੜ ਨਿਭਾਉਣ ਲਈ ਦਿਖਾਏ ਸਿਰੜ ਨੇ ਸਿੱਖ ਜਗਤ ਦੇ ਚੋਖੇ ਹਿੱਸਿਆਂ ਅੰਦਰ ਉਨ੍ਹਾਂ ਪ੍ਰਤੀ ਪਰਸੰਸਾ ਤੇ ਸ਼ਰਧਾ ਦਾ ਭਾਵ ਪੈਦਾ ਕਰ ਦਿੱਤਾ। ਸ: ਫੇਰੂਮਾਨ ਦੇ ਵਰਤ ਨੇ ਚੰਡੀਗੜ੍ਹ ਦੇ ਮਸਲੇ 'ਤੇ ਪੰਜਾਬ ਅੰਦਰ ਰਾਜਸੀ ਸਰਗਰਮੀ ਦਾ ਮੈਦਾਨ ਗਰਮਾ ਦਿੱਤਾ। ਅਕਾਲੀ ਲੀਡਰਸ਼ਿਪ ਲਈ ਇਸ ਮਸਲੇ ਬਾਰੇ ਹੋਰ ਵੱਧ ਘੇਸਲ ਵੱਟ ਰੱਖ ਸਕਣੀ ਨਾਮੁਮਕਿਨ ਹੋ ਗਈ। ਅਕਾਲੀ

ਦਲ ਦੀ ਪਹਿਲਕਦਮੀ 'ਤੇ ਕਾਂਗਰਸ ਸਮੇਤ ਪੰਜਾਬ ਦੀਆਂ ਸੱਤ ਰਾਜਸੀ ਪਾਰਟੀਆਂ ਦੀ ਸਾਂਝੀ ਐਕਸ਼ਨ ਕਮੇਟੀ ਹੋਂਦ ਵਿੱਚ ਆ ਗਈ, ਜਿਸ ਦੇ ਸੱਦੇ 'ਤੇ 17 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਇਕ ਬਹੁਤ ਹੀ ਭਾਰੀ ਅਤੇ ਲਾਮਿਸਾਲ ਰੈਲੀ ਹੋਈ। ਸਃ ਦਰਸ਼ਨ ਸਿੰਘ ਫੇਰੂਮਾਨ ਨੇ ਪਰਧਾਨ ਮੰਤਰੀ ਤੇ ਹੋਰਨਾਂ ਹਿੰਦੂ ਆਗੂਆਂ ਦੀਆਂ ਫੋਕੀਆਂ ਅਪੀਲਾਂ 'ਤੇ ਆਪਣਾ ਵਰਤ ਤੋੜਨ ਤੋਂ ਦ੍ਰਿੜ੍ਹਤਾ ਨਾਲ ਇਨਕਾਰ ਕਰੀ ਰੱਖਿਆ ਅਤੇ ਵਰਤ ਦੇ 74ਵੇਂ ਦਿਨ (27 ਅਕਤੂਬਰ) ਉਨ੍ਹਾਂ ਸਿਵਲ ਹਸਪਤਾਲ ਅੰਮ੍ਰਿਤਸਰ ਵਿਖੇ ਆਪਣੇ ਪ੍ਰਾਣ ਤਿਆਗ ਦਿੱਤੇ।

ਸਃ ਫੇਰੂਮਾਨ ਦੀ ਇਸ ਸ਼ਹਾਦਤ ਨੇ ਪੜ੍ਹੇ-ਲਿਖੇ ਸ਼ਹਿਰੀ ਸਿੱਖ ਨੌਜਵਾਨਾਂ ਦੇ ਕੁਝ ਹਿੱਸਿਆਂ ਅੰਦਰ ਹਿੰਦੂ ਹਾਕਮਾਂ ਅਤੇ ਸੱਤਾ 'ਤੇ ਕਾਬਜ਼ ਅਕਾਲੀ ਆਗੂਆਂ ਵਿਰੁੱਧ ਤਿੱਖਾ ਰੋਸ ਭਰ ਦਿੱਤਾ। ਪਰ ਨੌਜੁਆਨਾਂ ਦਾ ਇਹ ਵਰਗ ਬਹੁਤ ਹੀ ਛੋਟਾ ਸੀ। ਦੂਜਾ ਉਨ੍ਹਾਂ ਦਾ ਅਸਰ-ਰਸੂਖ਼ ਮੁੱਖ ਤੌਰ 'ਤੇ ਸ਼ਹਿਰੀ ਸਿੱਖ ਹਲਕਿਆਂ ਤਕ ਹੀ ਸੀਮਤ ਸੀ। ਪੇਂਡੂ ਸਿੱਖ ਵਰਗ, ਖ਼ਾਸ ਕਰਕੇ 'ਹਰੇ ਇਨਕਲਾਬ' ਦੀਆਂ ਬਰਕਤਾਂ ਹੰਢਾਅ ਰਹੀ ਸਿੱਖ ਕਿਸਾਨੀ ਅਕਾਲੀ ਲੀਡਰਸ਼ਿਪ ਦੀ ਰਾਜਸੀ ਵਿਚਾਰਧਾਰਾ ਦਾ ਲੜ ਛੱਡਣ ਦੇ ਰੌਂਅ ਵਿੱਚ ਨਹੀਂ ਸੀ। ਇਸ ਕਰਕੇ, ਸਃ ਫੇਰੂਮਾਨ ਦੀ ਸ਼ਹਾਦਤ ਨੇ ਅਕਾਲੀ ਲੀਡਰਸ਼ਿਪ ਉੱਤੇ ਚੰਡੀਗੜ੍ਹ ਦੇ ਮਸਲੇ 'ਤੇ ਫ਼ੌਰੀ ਕੋਈ ਅਸਰਦਾਰ ਕਾਰਵਾਈ ਕਰਨ ਦਾ ਦਬਾਅ ਤਾਂ ਜ਼ਰੂਰ ਚਾੜ੍ਹ ਦਿੱਤਾ, ਪਰ ਉਸਦੇ ਪੇਂਡੂ ਜਨਤਕ ਆਧਾਰ ਨੂੰ ਕੋਈ ਵੱਡੀ ਆਂਚ ਨਾ ਆਈ। ਹਾਲਾਤ ਦੇ ਦਬਾਅ ਹੇਠ ਸੰਤ ਫਤਹਿ ਸਿੰਘ ਨੇ 26 ਜਨਵਰੀ 1970 ਨੂੰ ਮੁੜ ਮਰਨ ਵਰਤ ਆਰੰਭ ਕਰ ਦਿੱਤਾ ਅਤੇ ਚੰਡੀਗੜ੍ਹ ਆਦਿ ਬਾਰੇ ਅਕਾਲੀ ਦਲ ਦੀਆਂ ਮੰਗਾਂ ਨਾ ਮੰਨੇ ਜਾਣ ਦੀ ਸੂਰਤ ਵਿੱਚ, ਪਹਿਲੀ ਫ਼ਰਵਰੀ ਨੂੰ ਠੀਕ ਤਿੰਨ ਵਜੇ ਆਪਣੇ ਆਪ ਨੂੰ ਅਗਨ ਭੇਟ ਕਰਨ ਦੇ ਪ੍ਰੋਗਰਾਮ ਦਾ ਐਲਾਨ ਕਰ ਦਿੱਤਾ। ਤਿੰਨ ਸਾਲ ਪਹਿਲਾਂ ਉਸਾਰੇ ਹਵਨ ਕੁੰਡ ਨੂੰ ਝਾੜ ਪੂੰਝ ਕੇ ਮੁੜ ਸ਼ਿੰਗਾਰ ਲਿਆ ਗਿਆ। ਪਰ ਜਿਵੇਂ ਕਹਿੰਦੇ ਹਨ ਕਿ ਕਾਠ ਦੀ ਹਾਂਡੀ ਵਾਰ ਵਾਰ ਨਹੀਂ ਚੜ੍ਹਦੀ। ਸੰਤ ਫਤਹਿ ਸਿੰਘ ਵੱਲੋਂ ਅਗਨ ਭੇਟ ਹੋਣ ਦੇ ਦੂਜੀ ਵਾਰ ਕੀਤੇ ਗਏ ਐਲਾਨ ਦਾ ਸਿੱਖ ਮਨਾਂ ਉੱਤੇ ਕੋਈ ਖ਼ਾਸ ਅਸਰ ਨਾ ਪਿਆ। ਸਿੱਖ ਜਨਤਾ ਨੇ ਇਸ ਨੂੰ ਜ਼ਿਆਦਾ ਕਰਕੇ ਸ਼ੱਕ ਤੇ ਹਕਾਰਤ ਦੀ ਭਾਵਨਾ ਨਾਲ ਹੀ ਲਿਆ। ਉੱਧਰ ਹਿੰਦੂ ਹਾਕਮਾਂ ਨੂੰ ਵੀ ਪਿਛਲੇ ਅਮਲ 'ਚੋਂ ਇਹ ਪੱਕਾ ਭਰੋਸਾ ਬੱਝ ਗਿਆ ਸੀ ਕਿ ਸੰਤ ਫਤਹਿ ਸਿੰਘ ਦੇ ਅਗਨ ਭੇਟ ਹੋਣ ਦੇ ਦਮਗੱਜਿਆਂ 'ਚ ਕੋਈ ਬਹੁਤਾ ਤੰਤ ਨਹੀਂ। ਇਸ ਵਾਰ ਸਾਰਾ ਮਾਮਲਾ ਉਨ੍ਹਾਂ ਦੇ ਕਿਤੇ ਵੱਧ ਕਾਬੂ ਹੇਠ ਸੀ। ਕਿਉਂਕਿ ਇਸ ਮਸਲੇ ਬਾਰੇ ਅਕਾਲੀ ਦਲ ਵੱਲੋਂ 10 ਜਨਵਰੀ ਨੂੰ ਰਿਵਾਜਨ ਬੁਲਾਈ ਸਰਬ ਸੰਸਾਰ ਪੰਥਕ ਕਨਵੈਨਸ਼ਨ ਨੇ ਜੋ 'ਸਖ਼ਤ' ਮਤਾ ਪਾਸ ਕੀਤਾ, ਉਸ ਨੂੰ ਪੇਸ਼ ਕਰਨ ਵਾਲੇ ਜਥੇਦਾਰ ਸੰਤੋਖ ਸਿੰਘ ਸਨ ਜੋ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਅਤੇ ਕਾਂਗਰਸੀ ਹਾਕਮਾਂ ਦੇ ਖ਼ਾਸ ਵਿਸ਼ਵਾਸਪਾਤਰ ਮੰਨੇ ਜਾਂਦੇ ਸਨ। ਇਸ ਕਰਕੇ ਇਸ ਵਾਰ ਹਿੰਦੂ ਹਾਕਮਾਂ ਨੂੰ ਕਿਸੇ ਵਿਚੋਲੇ ਦੀਆਂ ਸੇਵਾਵਾਂ ਦੀ ਲੋੜ ਮਹਿਸੂਸ ਨਾ ਹੋਈ। ਉਹ ਅਕਾਲੀ ਆਗੂਆਂ ਦੀਆਂ ਕਮਜ਼ੋਰੀਆਂ ਤੋਂ ਭਲੀ ਭਾਂਤ ਵਾਕਫ਼ ਹੋ ਚੁੱਕੇ ਸਨ ਅਤੇ ਉਨ੍ਹਾਂ ਨੂੰ ਅਕਾਲੀ ਲੀਡਰਸ਼ਿਪ ਦੀ ਅੰਦਰੂਨੀ ਦਸ਼ਾ ਬਾਰੇ ਪਲ ਪਲ ਜਾਣਕਾਰੀ ਮਿਲ ਰਹੀ ਸੀ। ਕੇਂਦਰੀ ਵਜ਼ਾਰਤ ਦੀ ਅੰਦਰੂਨੀ ਮਾਮਲਿਆਂ ਬਾਰੇ ਕਮੇਟੀ ਨੇ 25 ਜਨਵਰੀ ਨੂੰ ਆਪਣੀ ਵਿਸ਼ੇਸ਼ ਮੀਟਿੰਗ ਬੁਲਾ ਕੇ ਚੰਡੀਗੜ੍ਹ ਅਤੇ ਇਸ ਨਾਲ ਜੁੜਵੇਂ ਮਸਲਿਆਂ ਬਾਰੇ ਕੇਂਦਰ ਸਰਕਾਰ ਦੇ ਫ਼ੈਸਲੇ ਨੂੰ ਅੰਤਮ ਰੂਪ ਦੇ ਦਿੱਤਾ। ਪਰ ਕਿਸੇ ਖ਼ਾਸ ਵਿਉਂਤ ਦੇ ਤਹਿਤ ਇਸ ਦਾ ਐਲਾਨ ਰੋਕ ਲਿਆ ਗਿਆ। ਮਿੱਥੇ ਪ੍ਰੋਗਰਾਮ ਮੁਤਾਬਕ ਸੰਤ ਫਤਹਿ ਸਿੰਘ ਨੇ ਅਗਲੇ ਦਿਨ ਭਾਰਤ

ਦੇ ਗਣਰਾਜ ਦਿਵਸ (26 ਜਨਵਰੀ) 'ਤੇ ਆਪਣਾ ਵਰਤ ਸ਼ੁਰੂ ਕਰ ਦਿੱਤਾ। ਕੇਂਦਰ ਸਰਕਾਰ ਵੱਲੋਂ ਜੋ ਐਲਾਨ 25 ਜਨਵਰੀ ਨੂੰ ਹੀ ਕੀਤਾ ਜਾ ਸਕਦਾ ਸੀ, ਉਹ ਚਾਰ ਦਿਨ ਰੁਕ ਕੇ 29 ਜਨਵਰੀ ਨੂੰ ਕੀਤਾ ਗਿਆ। ਕਾਂਗਰਸੀ ਹਾਕਮਾਂ ਨੂੰ, ਸੰਤ ਫਤਹਿ ਸਿੰਘ ਨੂੰ ਆਪਣਾ ਮਰਨ ਵਰਤ ਸ਼ੁਰੂ ਕਰਨ ਤੋਂ ਰੋਕਣ ਨਾਲੋਂ, ਉਸ ਵੱਲੋਂ ਮਰਨ ਵਰਤ ਰੱਖ ਕੇ ਮਰਨ ਤੋਂ ਭੱਜ ਨਿਕਲਣ ਵਾਲੀ ਹਾਲਤ ਵੱਧ ਸੁਖਾਉਂਦੀ ਸੀ। ਕਿਉਂਕਿ ਇਸ ਨਾਲ ਅਕਾਲੀ ਲੀਡਰਸ਼ਿਪ ਦੀ ਪੜਤ ਨੂੰ ਹੋਰ ਘੱਟੇ ਰੋਲਿਆ ਜਾ ਸਕਦਾ ਸੀ। 'ਇੰਦਰਾ ਅਵਾਰਡ' ਦੇ ਨਾਂ ਨਾਲ ਜਾਣੇ ਜਾਂਦੇ ਇਸ ਐਲਾਨ ਮੁਤਾਬਕ ਚੰਡੀਗੜ੍ਹ ਸ਼ਹਿਰ ਪੰਜਾਬ ਨੂੰ ਦੇਣ ਅਤੇ ਇਸ ਦੇ ਬਦਲੇ ਵਿੱਚ ਯੂ.ਟੀ. ਪ੍ਰਸ਼ਾਸਨ ਹੇਠਲੇ ਕੁਝ ਪਿੰਡਾਂ ਤੇ ਫ਼ਾਜ਼ਿਲਕਾ ਤਹਿਸੀਲ ਦੇ ਕੁਝ ਹਿੱਸੇ ਹਰਿਆਣੇ ਦੀ ਝੋਲੀ ਵਿੱਚ ਪਾ ਦੇਣ ਦਾ ਫ਼ੈਸਲਾ ਸੁਣਾਇਆ ਗਿਆ। ਇਸ ਨੰਗੇ ਚਿੱਟੇ ਪੱਖਪਾਤੀ ਫ਼ੈਸਲੇ ਨੇ ਸਿੱਖ ਜਨਤਾ ਅੰਦਰ ਰੋਸ ਤੇ ਗ਼ੁੱਸੇ ਦੀ ਲਹਿਰ ਪੈਦਾ ਕਰ ਦਿੱਤੀ। ਖ਼ਾਸ ਕਰਕੇ ਸੰਤ ਫਤਹਿ ਸਿੰਘ ਦੀ ਰਾਜਨੀਤਕ ਸੋਚ ਅਤੇ ਲੀਡਰਸ਼ਿਪ ਹੱਥੋਂ ਤਪੇ ਹੋਏ ਸ਼ਹਿਰੀ ਮੱਧਵਰਗੀ ਸਿੱਖਾਂ ਨੇ ਕੇਂਦਰ ਸਰਕਾਰ ਦੇ ਇਸ ਫ਼ਿਰਕੂ ਰੰਗਤ ਵਾਲੇ ਫ਼ੈਸਲੇ ਦੇ ਵਿਰੋਧ ਵਿੱਚ ਥਾਂ ਥਾਂ ਰੋਹ ਭਰੇ ਜਲੂਸ ਕੱਢ ਕੇ ਆਪਣੇ ਗ਼ੁੱਸੇ ਦਾ ਪ੍ਰਗਟਾਵਾ ਕੀਤਾ। ਅੰਮ੍ਰਿਤਸਰ ਵਿਖੇ ਗ਼ੁੱਸੇ ਨਾਲ ਭਰੇ ਪੀਤੇ ਸਿੱਖ ਨੌਜਵਾਨਾਂ ਦੀ ਇਕ ਭੀੜ ਨੇ ਅਕਾਲ ਤਖ਼ਤ ਉੱਤੇ ਜਾ ਕੇ ਸੰਤ ਫਤਹਿ ਸਿੰਘ ਨੂੰ ਰੋਹ ਦਾ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ। ਜਿਸ ਨਾਲ ਉਨ੍ਹਾਂ ਦੀ ਸ਼੍ਰੋਮਣੀ ਕਮੇਟੀ ਦੇ ਸ਼ਸਤਰਧਾਰੀ ਸੇਵਾਦਾਰਾਂ ਨਾਲ ਹਿੰਸਕ ਝੜਪ ਹੋ ਉਠੀ। ਇਸ ਮੌਕੇ ਸੰਤ ਫਤਹਿ ਸਿੰਘ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਫ਼ੈਸਲੇ ਦਾ ਇੰਤਜ਼ਾਰ ਕਰ ਰਹੇ ਸਨ। ਉਤੇਜਿਤ ਹੋਏ ਸਿੱਖ ਨੌਜੁਆਨਾਂ ਨੇ ਸੰਤ ਫਤਹਿ ਸਿੰਘ ਦੇ ਨਿਵਾਸ ਸਥਾਨ ਉੱਤੇ ਪਥਰਾਉ ਸ਼ੁਰੂ ਕਰ ਦਿੱਤਾ।[3] ਸਿੱਖ ਇਤਿਹਾਸ ਅੰਦਰ ਸ੍ਰੀ ਹਰਿਮੰਦਰ ਸਾਹਿਬ ਦੀ ਪਵਿਤਰ ਹਦੂਦ ਦੇ ਅੰਦਰ ਸਿੱਖਾਂ ਦੇ ਕਿਸੇ ਵਰਗ ਵੱਲੋਂ ਸਿੱਖ ਲੀਡਰਸ਼ਿਪ ਵਿਰੁੱਧ ਅਜਿਹੇ ਹਿੰਸਕ ਵਿਰੋਧ ਦੀ ਪਹਿਲੀ ਘਟਨਾ ਸੀ। ਖ਼ੈਰ, ਪੰਜਾਬ ਦੇ ਸਾਰੇ ਸ਼ਹਿਰਾਂ ਅੰਦਰ ਹੋ ਰਹੇ ਰੋਹ ਭਰੇ ਦਿਖਾਵਿਆਂ ਦੇ ਬਾਵਜੂਦ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਕੇਂਦਰ ਸਰਕਾਰ ਦੇ ਫ਼ੈਸਲੇ ਨੂੰ ਕੁੱਝ ਸਲਾਹੁੰਦਿਆਂ ਤੇ ਕੁਝ ਨਿੰਦਦਿਆਂ, ਸੰਤ ਫਤਹਿ ਸਿੰਘ ਨੂੰ ਆਪਣਾ ਮਰਨ ਵਰਤ ਅਤੇ ਅਗਨ ਭੇਟ ਹੋਣ ਦਾ ਫ਼ੈਸਲਾ ਤਿਆਗ ਦੇਣ ਦੀ ਅਪੀਲ ਕਰ ਦਿੱਤੀ। ਜੋ ਸੰਤ ਜੀ ਨੇ 'ਖਿੜੇ ਮੱਥੇ' ਪਰਵਾਨ ਕਰ ਲਈ! ਇਸ ਤਰ੍ਹਾਂ ਦਸਾਂ ਸਾਲਾਂ ਦੇ ਅਰਸੇ ਅੰਦਰ ਸੰਤ ਫਤਹਿ ਸਿੰਘ ਦੇ ਮਰਨ ਵਰਤ ਦੀ ਕਹਾਣੀ ਦਾ ਤੀਜੀ ਵਾਰ ਇੱਕੋ ਜਿਹਾ ਅੰਤ ਹੋ ਜਾਣ ਨਾਲ ਸਿੱਖ ਕੌਮ ਆਪਣੇ ਆਪ ਨੂੰ ਅਪਮਾਨਤ ਹੋਈ ਮਹਿਸੂਸ ਕਰਨ ਲੱਗ ਪਈ। ਖ਼ਾਲਸਾ ਪੰਥ ਦੀਆਂ ਕੁਰਬਾਨੀ ਤੇ ਸੂਰਮਗਤੀ ਦੀਆਂ ਸ਼ਾਨਦਾਰ ਰਵਾਇਤਾਂ ਦੀ ਤੁਲਨਾ ਵਿੱਚ ਅਕਾਲੀ ਲੀਡਰਸ਼ਿਪ ਦੁਆਰਾ ਵਾਰ ਵਾਰ ਦਿਖਾਈ ਗਈ ਬੁਜ਼ਦਿਲੀ ਅਤੇ ਗੀਦੀਪੁਣੇ ਨੇ ਸਿੱਖ ਮਾਨਸਿਕਤਾ ਨੂੰ ਜੋ ਗਹਿਰੀ ਚੋਟ ਪਹੁੰਚਾਈ ਉਸਨੇ, ਹੋਰ ਦਸਾਂ ਸਾਲਾਂ ਬਾਅਦ ਜਾ ਕੇ, ਖਾੜਕੂ ਉਭਾਰ ਦੇ ਰੂਪ ਵਿੱਚ, ਆਪਣਾ ਅਸਰ ਦਿਖਾਉਣਾ ਸ਼ੁਰੂ ਕਰ ਦਿੱਤਾ।

## ਅਕਾਲੀ ਦਲ ਨੂੰ ਰਾਜਸੀ ਝਟਕਾ

ਮਾਰਚ 1972 ਵਿੱਚ ਪੰਜਾਬ ਵਿਧਾਨ ਸਭਾ ਦੀ ਚੋਣ ਅੰਦਰ ਅਕਾਲੀ ਦਲ ਨੂੰ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ। 1969 ਵਿੱਚ ਇਸਦੇ 43 ਮੈਂਬਰਾਂ ਦੇ ਮੁਕਾਬਲੇ 1972 ਵਿੱਚ ਅਸੰਬਲੀ ਅੰਦਰ ਸਿਰਫ਼ 24 ਮੈਂਬਰ ਹੀ ਅੱਪੜ ਸਕੇ। ਅਕਾਲੀ

ਦਲ ਦੀ ਇਸ ਹਾਰ ਦਾ ਸਭ ਤੋਂ ਵੱਡਾ ਕਾਰਨ ਬੰਗਲਾਦੇਸ਼ ਦੀ ਜਿੱਤ ਸਦਕਾ ਹਿੰਦੂ ਜਨਤਾ ਦਾ ਭਾਰੂ ਰੂਪ ਵਿੱਚ ਇੰਦਰਾ ਗਾਂਧੀ ਦੇ ਪੱਖ ਵਿੱਚ ਉਲਰ ਪੈਣਾ ਸੀ। ਜਨਸੰਘ ਨਾਲ ਚੋਣ ਗੱਠਜੋੜ ਕਰਨ ਨਾਲ ਅਕਾਲੀ ਦਲ ਨੂੰ ਜੋ ਥੋੜੀ ਬਹੁਤੀ ਹਿੰਦੂ ਵੋਟ ਪੈ ਸਕਦੀ ਸੀ, ਗੱਠਜੋੜ ਦੇ ਟੁੱਟ ਜਾਣ ਕਰਕੇ, ਉਹ ਵੋਟ ਵੀ ਜਾਂਦੀ ਰਹੀ। ਪਰ ਬੰਗਲਾਦੇਸ਼ ਦੀ ਜਿੱਤ ਨੇ ਜਨਸੰਘ ਦੇ ਪੈਰਾਂ ਹੇਠੋਂ ਇਸ ਕਦਰ ਜ਼ਮੀਨ ਖਿਸਕਾ ਦਿੱਤੀ ਕਿ ਉਸਦਾ ਇਕ ਵੀ ਉਮੀਦਵਾਰ ਜੇਤੂ ਨਾ ਹੋ ਸਕਿਆ। ਵੈਸੇ ਅਕਾਲੀ ਦਲ ਦੇ ਆਪਣੇ ਵੋਟ ਆਧਾਰ ਨੂੰ ਕੋਈ ਵੱਡਾ ਖੋਰਾ ਨਹੀਂ ਸੀ ਪਿਆ। 1969 ਵਿੱਚ ਉਸ ਨੂੰ ਕੁਲ 29.59 ਫ਼ੀਸਦੀ ਵੋਟਾਂ ਪਈਆਂ ਸਨ, ਜਿਸ ਵਿੱਚ ਜਨਸੰਘ ਦਾ ਤਕੜਾ ਯੋਗਦਾਨ ਸੀ। ਕਿਉਂਕਿ 1969 ਵਿੱਚ ਹਿੰਦੂ ਜਨਤਾ ਇੰਦਰਾ ਗਾਂਧੀ ਦਾ ਲੜ ਛੱਡ ਕੇ ਵੱਡੀ ਪੱਧਰ 'ਤੇ ਜਨਸੰਘ ਵੱਲ ਝੁਕ ਗਈ ਸੀ। ਪੰਜਾਬੀ ਸੂਬੇ ਦੀ ਸਥਾਪਨਾ ਤੋਂ ਬਾਅਦ ਅਕਾਲੀ ਦਲ ਦੀ ਨਿਰੋਲ ਆਪਣੀ ਪੱਕੀ ਵੋਟ 25 ਫ਼ੀਸਦੀ ਦੇ ਇਧਰ ਉੱਧਰ ਹੀ ਸੀ। 1972 ਵਿੱਚ ਉਹ ਨਿਰੋਲ ਆਪਣੇ ਬਲਬੂਤੇ 27.65 ਫ਼ੀਸਦੀ ਵੋਟ ਹਾਸਲ ਕਰਨ ਵਿੱਚ ਕਾਮਯਾਬ ਰਿਹਾ ਸੀ।[4] ਕਾਂਗਰਸ ਆਪਣੇ ਪੱਖ ਵਿੱਚ ਉਲਰੀ ਹਿੰਦੂ ਵੋਟ ਦਾ, ਅਤੇ ਨਾਲ ਹੀ ਅਕਾਲੀ ਦਲ ਅਤੇ ਜਨਸੰਘ ਦੀ ਫੁੱਟ ਅਤੇ ਸੀ.ਪੀ.ਆਈ. ਨਾਲ ਆਪਣੇ ਚੋਣ ਸਮਝੌਤੇ ਦਾ ਫ਼ਾਇਦਾ ਉਠਾ ਕੇ 42.84 ਫ਼ੀਸਦੀ ਵੋਟਾਂ ਨਾਲ ਕੁਲ 66 ਸੀਟਾਂ ਜਿੱਤਣ ਵਿੱਚ ਸਫਲ ਹੋ ਗਈ ਸੀ। ਪੰਜਾਬੀ ਸੂਬੇ ਦੀ ਸਥਾਪਨਾ ਤੋਂ ਬਾਅਦ ਭਾਰੂ ਸਿੱਖ ਵਸੋਂ ਵਾਲੇ ਪੰਜਾਬ ਰਾਜ ਅੰਦਰ ਇਹ ਅਕਾਲੀ ਦਲ ਨੂੰ ਕਾਂਗਰਸ ਦੇ ਹੱਥੋਂ ਮਿਲੀ ਪਹਿਲੀ ਰਾਜਸੀ ਪਛਾੜ ਸੀ। ਇਸ ਨਾਲ ਅਕਾਲੀ ਲੀਡਰਸ਼ਿਪ ਤੇ ਇਸ ਦੀਆਂ ਸਫ਼ਾਂ ਅੰਦਰ ਭਾਰੂ ਸਿੱਖ ਵਸੋਂ ਵਾਲੇ ਪੰਜਾਬ ਰਾਜ ਅੰਦਰ ਹਿੰਦੂ ਵੋਟ ਸ਼ਕਤੀ ਦੀ ਧਾਂਕ ਜੰਮ ਗਈ ਜਿਸ ਨਾਲ ਅਕਾਲੀ ਦਲ ਅੰਦਰ ਜਨਸੰਘ ਦੇ ਜ਼ਰੀਏ ਹਿੰਦੂ ਵਰਗ ਨੂੰ ਰਿਝਾਉਣ ਦੀ ਰੁਚੀ ਨੂੰ ਵੱਡਾ ਬਲ ਅਤੇ ਉਗਾਸਾ ਮਿਲ ਗਿਆ।

17 ਮਾਰਚ 1972 ਨੂੰ ਗਿਆਨੀ ਜ਼ੈਲ ਸਿੰਘ ਦੀ ਅਗਵਾਈ ਹੇਠਲੀ ਕਾਂਗਰਸ ਸਰਕਾਰ ਨੇ ਕਾਰਜਭਾਰ ਸੰਭਾਲ ਲਿਆ। ਭਾਰੂ ਸਿੱਖ ਵਸੋਂ ਵਾਲੇ ਰਾਜ ਅਤੇ ਜੱਟ ਵਰਗ ਦੀ ਸਰਦਾਰੀ ਵਾਲੇ ਸਮਾਜ ਅੰਦਰ ਇਕ ਕਾਂਗਰਸੀ ਤੇ ਗ਼ੈਰ-ਜੱਟ ਸਿੱਖ (ਰਾਮਗੜ੍ਹੀਆ) ਵੱਲੋਂ ਚੋਣਾਂ ਅੰਦਰ ਜੇਤੂ ਹੋ ਕੇ ਮੁੱਖ ਮੰਤਰੀ ਦੇ ਅਹੁਦੇ 'ਤੇ ਬਿਰਾਜਮਾਨ ਹੋਣ ਦਾ ਇਹ ਪਹਿਲਾ ਮੌਕਾ ਸੀ। ਕਾਂਗਰਸ ਹਾਈ ਕਮਾਂਡ ਵੱਲੋਂ ਗਿਆਨੀ ਜ਼ੈਲ ਸਿੰਘ ਦੀ ਮੁੱਖ ਮੰਤਰੀ ਵਜੋਂ ਚੋਣ ਅਤੇ ਇਸ ਦੇ ਪੰਜਾਬ ਦੀ ਰਾਜਨੀਤੀ ਉੱਤੇ ਪਏ ਦੂਰ-ਰਸ ਪਰਭਾਵਾਂ ਦੇ ਜਾਤ-ਪਾਤੀ ਜਾਵੀਏ (cast angle) ਦੀ ਅਹਿਮੀਅਤ ਨੂੰ ਕਿਸੇ ਵੀ ਤਰ੍ਹਾਂ ਛੁਟਿਆ ਕੇ ਨਹੀਂ ਦੇਖਿਆ ਜਾ ਸਕਦਾ। ਇਸ ਦਾ ਗਹਿਰ-ਗੰਭੀਰ ਵਿਸ਼ਲੇਸ਼ਣ ਨਾ ਸਿਰਫ਼ ਆਮ ਰੂਪ ਵਿੱਚ ਪੰਜਾਬ ਦੀ ਰਾਜਨੀਤੀ ਨੂੰ ਸਗੋਂ ਖ਼ਾਸ ਕਰਕੇ ਅਕਾਲੀ ਰਾਜਨੀਤੀ ਨੂੰ ਸਮਝਣ ਵਿੱਚ ਬੇਹੱਦ ਮਦਦਗਾਰ ਹੋ ਸਕਦਾ ਹੈ। ਇਸ ਕਰਕੇ ਇੱਥੇ ਇਸ ਮਸਲੇ ਬਾਰੇ ਥੋੜਾ ਵਿਸਥਾਰ ਵਿੱਚ ਜਾ ਕੇ ਚਰਚਾ ਕਰਨ ਦੀ ਲੋੜ ਤੋਂ ਬੇਮੁੱਖ ਨਹੀਂ ਹੋਇਆ ਜਾ ਸਕਦਾ।[5]

## 'ਜੱਟਵਾਦ'—ਇਕ ਦੀਰਘ ਰੋਗ

ਪੰਜਾਬ ਦੇ ਜੱਟ-ਭਾਈਚਾਰੇ ਦੀ ਮੁੱਢ-ਜਾਤ ਬਾਰੇ ਕਈ ਤਰ੍ਹਾਂ ਦੀਆਂ ਮਨੌਤਾਂ ਪ੍ਰਚਲਤ ਹਨ। ਵੱਧ ਭਾਰੂ ਵਿਚਾਰ ਇਹ ਹੈ ਕਿ ਇਸਦੇ ਵੱਡੇ-ਵਡੇਰੇ ਮੱਧ ਏਸ਼ੀਆ ਦੇ 'ਹੂਨ' ਤੇ 'ਸਿਥੀਅਨ' ਨਾਂ ਦੇ ਖ਼ਾਨਾਬਦੋਸ਼ ਕਬੀਲਿਆਂ ਨਾਲ ਤੁਅੱਲਕ ਰਖਦੇ ਸਨ, ਜਿਨ੍ਹਾਂ ਨੇ ਇਸ ਖ਼ਿੱਤੇ ਅੰਦਰ ਆਰੀਆਈ ਲੋਕਾਂ ਦੀ ਆਮਦ ਤੋਂ ਕਾਫ਼ੀ ਚਿਰ ਬਾਅਦ ਨਿਵਾਸ

ਕਰਨਾ ਸ਼ੁਰੂ ਕੀਤਾ। ਕਿਉਂਕਿ ਇਨ੍ਹਾਂ ਕਬੀਲਿਆਂ ਦਾ ਕੋਈ ਪੱਕਾ ਠਿਕਾਣਾ ਨਹੀਂ ਸੀ ਅਤੇ ਉਨ੍ਹਾਂ ਦਾ ਜੀਵਨ ਨਿਰਬਾਹ ਜ਼ਿਆਦਾ ਕਰਕੇ ਮਾਰ-ਧਾੜ ਉੱਤੇ ਹੀ ਟਿਕਿਆ ਹੋਇਆ ਸੀ, ਇਸ ਕਰਕੇ ਦਲੇਰੀ ਤੇ ਲੜਾਕਾਪਣ ਇਨ੍ਹਾਂ ਦੇ ਖ਼ੂਨ ਵਿੱਚ ਹੀ ਘੁਲ-ਮਿਲ ਗਿਆ ਸੀ। ਉਨ੍ਹਾਂ ਦਾ ਨੰਬਰ ਸੰਸਾਰ ਦੇ ਨਾਮੀ ਮੁਹਿੰਮਬਾਜ਼ ਤੇ ਮਾਰ-ਖੋਰੇ ਟੋਲਿਆਂ ਵਿੱਚ ਆਉਂਦਾ ਹੈ। ਸਮਝਿਆ ਜਾਂਦਾ ਹੈ ਕਿ ਉਨ੍ਹਾਂ ਨੇ ਉਨ੍ਹਾਂ ਤੋਂ ਪਹਿਲਾਂ ਆਬਾਦ ਹੋਏ ਆਰੀਆਈ ਲੋਕਾਂ ਨੂੰ ਖਦੇੜ ਕੇ ਗੰਗਾ ਦੇ ਮੈਦਾਨ ਵੱਲ ਧੱਕ ਦਿੱਤਾ ਅਤੇ ਇਸ ਖ਼ਿੱਤੇ ਅੰਦਰ ਪੱਕੇ ਠਿਕਾਣੇ ਮਲ ਕੇ ਖੇਤੀ ਦਾ ਧੰਦਾ ਸ਼ੁਰੂ ਕਰ ਦਿੱਤਾ। ਇਸੇ ਵਜ੍ਹਾ ਕਰਕੇ ਗੰਗਾ ਦੇ ਮੈਦਾਨ ਵਿੱਚ ਬ੍ਰਾਹਮਣ ਪੁਜਾਰੀਵਾਦ ਦੇ ਅਸਰ ਹੇਠ ਪੈਦਾ ਹੋਏ ਸਭਿਆਚਾਰ ਦਾ ਪੰਜਾਬ ਦੇ ਪੇਂਡੂ ਮਾਲਕ-ਕਿਸਾਨ ਉੱਤੇ ਉਨਾ ਗੂੜ੍ਹਾ ਰੰਗ ਨਹੀਂ ਚੜ੍ਹਿਆ, ਜਿੰਨਾ ਪੰਜਾਬੋਂ ਬਾਹਰਲੇ ਹੋਰਨਾਂ ਕਿਸਾਨ ਭਾਈਚਾਰਿਆਂ ਉੱਤੇ ਦੇਖਣ ਨੂੰ ਮਿਲਦਾ ਹੈ। ਪੰਜਾਬੀ ਕਿਸਾਨ ਕਾਫ਼ੀ ਹੱਦ ਤਕ, ਅਤੇ ਕਾਫ਼ੀ ਦੇਰ ਤਕ, ਇਸ ਸਭਿਆਚਾਰ ਨਾਲੋਂ ਨਿਖੜਿਆ ਰਿਹਾ ਹੈ। ਕਬਾਇਲੀ ਨਮੂਨੇ ਦੀ ਆਰਥਿਕ ਤੇ ਭਾਈਚਾਰਕ ਬਣਤਰ ਨੇ ਪੰਜਾਬੀ ਪੇਂਡੂ ਕਿਸਾਨ ਭਾਈਚਾਰੇ ਵਿਚਕਾਰ ਭਰਾਤਰੀ-ਭਾਵ, ਆਜ਼ਾਦ ਤਬੀਅਤ ਅਤੇ ਬਰਾਬਰੀ ਦੀ ਜੋ ਸਪਿਰਟ ਭਰ ਦਿੱਤੀ, ਉਹ ਪੰਜਾਬੀ ਜੱਟ ਕਿਸਾਨ ਦੇ ਆਚਾਰ ਦਾ ਉਘੜਵਾਂ ਲੱਛਣ ਹੋ ਗੁਜ਼ਰੀ ਹੈ। ਉਸ ਦੇ ਸੁਭਾਅ ਤੇ ਆਚਰਨ ਦਾ ਦੂਜਾ ਅਹਿਮ ਲੱਛਣ ਸ਼ਖ਼ਸੀਅਤ ਪ੍ਰਸਤੀ ਹੈ। ਅਰਥਾਤ ਉਹ ਹੱਦ ਦਰਜੇ ਦਾ ਵਿਅਕਤੀਵਾਦੀ ਹੈ। ਆਮ ਤੌਰ 'ਤੇ ਜੱਟ ਉਹੀਓ ਕੁਝ ਕਰਦਾ ਹੈ ਜੋ ਉਸ ਨੂੰ ਆਪ ਨੂੰ ਚੰਗਾ ਲੱਗਦਾ ਹੈ। ਇਸ ਦੇ ਹੋਰਨਾਂ ਦੀ ਜ਼ਿੰਦਗੀ ਉੱਤੇ ਪੈਣ ਵਾਲੇ ਪ੍ਰਭਾਵਾਂ ਦੀ ਉਸਨੂੰ ਬਹੁਤੀ ਪਰਵਾਹ ਨਹੀਂ ਹੁੰਦੀ। ਨਾ ਉਹ ਇਸ ਵਿੱਚ ਕਿਸੇ ਦਾ ਦਖ਼ਲ ਸਹਿਣ ਕਰਦਾ ਹੈ। ਉਸ ਵਿੱਚ ਭਰਪੂਰ ਸਵੈ-ਭਰੋਸਾ, ਜੋ ਅਕਸਰ ਘੁਮੰਡ ਦਾ ਰੂਪ ਧਾਰਨ ਕਰ ਲੈਂਦਾ ਹੈ, ਕਮਾਲ ਦਾ ਉੱਦਮ ਅਤੇ ਲੋਹੜੇ ਦੀ ਪਹਿਲ-ਕਦਮੀ ਹੈ। ਸੋ ਜਿੱਥੇ ਲੀਡਰਾਂ ਦੀ ਅਗਵਾਈ ਉਡੀਕੇ ਬਿਨਾਂ ਵਿਅਕਤੀਗਤ ਪਹਿਲ-ਕਦਮੀ ਤੇ ਉੱਦਮ ਦੀ ਲੋੜ ਹੈ, ਉੱਥੇ ਉਹ ਪੂਰਾ ਕਾਮਯਾਬ ਹੈ। ਪਰ ਜਿੱਥੇ ਕਾਮਯਾਬੀ ਲਈ ਚਿੰਤਨ ਅਤੇ ਜਥੇਬੰਦੀ ਦੀ ਲੋੜ ਪਈ ਤਾਂ ਉਹ ਅਕਸਰ ਫ਼ੇਲ੍ਹ ਹੋਇਆ। ਸਿਵਾਇ ਅਜਿਹੇ ਮੌਕਿਆਂ ਦੇ ਜਦ ਕਿਸੇ ਨਾਮਵਰ ਸ਼ਖ਼ਸੀਅਤ ਨੇ, ਜਾਂ ਸਾਂਝੇ ਆਦਰਸ਼ ਤੇ ਨਿਹਚਾ ਨੇ ਜਾਂ ਸਾਂਝੇ ਖ਼ਤਰੇ ਨੇ ਉਸਨੂੰ ਜਥੇਬੰਦ ਹੋਣ ਲਈ ਪ੍ਰੇਰਤ ਕਰਨ ਵਿੱਚ ਸਫਲਤਾ ਹਾਸਲ ਕਰ ਲਈ। ਜੱਟ ਕਿਸਾਨ ਅੰਦਰ ਰਾਜ-ਕਾਜ ਦੇ ਕੰਮ ਨਾਲੋਂ ਖੇਤੀਬਾੜੀ ਦੇ ਕੰਮਾਂ ਵੱਲ ਰੁਚੀ ਵਧੇਰੇ ਹੈ। ਉਸਨੂੰ ਰਾਜ-ਕਾਜ ਦਾ ਓਨਾ ਵੱਲ ਤੇ ਤਜਰਬਾ ਨਹੀਂ, ਜਿੰਨਾ ਖੇਤੀ ਦਾ ਹੈ। ਇਸੇ ਕਰਕੇ ਜਿੱਥੇ ਵੀ, ਅਤੇ ਜਦੋਂ ਵੀ, ਉਸ ਨੇ ਆਪਣੀ ਫ਼ਿਤਰਤ ਦੇ ਮਗਰ ਲੱਗ ਕੇ ਰਾਜ ਕਰਨ ਦਾ ਯਤਨ ਕੀਤਾ, ਤਾਂ ਉਹ ਅਕਸਰ ਫ਼ੇਲ੍ਹ ਹੋਇਆ ਹੈ।

ਜਾਤ-ਪਾਤ ਦੇ ਨਜ਼ਰੀਏ ਤੋਂ ਪੰਜਾਬ ਦਾ ਜੱਟ ਕਿਸਾਨ ਕਿਸੇ ਵੀ ਹੋਰ ਜਾਤੀ ਨੂੰ ਆਪਣੇ ਨਾਲੋਂ ਉੱਚਾ ਨਹੀਂ ਸਮਝਦਾ। ਉਸ ਵਿੱਚ ਸਾਰਿਆਂ ਨੂੰ ਟਿੱਚ ਕਰਕੇ ਜਾਣਨ ਦੀ ਭਾਵਨਾ ਤੇ ਰੁਚੀ ਬਹੁਤ ਬਲਵਾਨ ਹੈ। ਉਸ ਵਿੱਚ ਹਿੰਦੁਸਤਾਨ ਦੀਆਂ ਹੋਰਨਾਂ ਗ਼ੈਰ-ਬ੍ਰਾਹਮਣੀ ਜਾਂ ਗ਼ੈਰ-ਸਵਰਨ ਜਾਤੀਆਂ ਵਾਂਗ ਅਹਿਸਾਸੇ-ਕਮਤਰੀ ਪੈਦਾ ਨਹੀਂ ਹੋਇਆ, ਸਗੋਂ ਉਹ ਆਪਣੇ ਆਪ ਨੂੰ ਹੋਰਨਾਂ ਨਾਲੋਂ ਉੱਤਮ ਸਮਝਣ ਦਾ ਗੁਮਾਨ ਪਾਲਦਾ ਹੈ। ਜਦ ਉਹ ਆਰਥਿਕ ਤੌਰ 'ਤੇ ਪੈਰਾਂ ਸਿਰ ਹੁੰਦਾ ਹੈ ਤਾਂ ਉਸ ਦੀ ਇਹ ਭਾਵਨਾ ਸੱਤ ਅਸਮਾਨੀਂ ਜਾ ਚੜ੍ਹਦੀ ਹੈ। ਫਿਰ ਉਹ ਆਪਣੇ ਦਾਣਿਆਂ ਦੇ ਬੋਹਲ 'ਤੇ ਖੜ ਕੇ ਕੋਲੋਂ ਦੀ ਲੰਘ ਰਹੇ ਹਾਥੀ 'ਤੇ ਸਵਾਰ ਰਾਜੇ ਨੂੰ ਵੀ 'ਕਤੂਰੇ' ਦਾ ਭਾਅ ਪੁੱਛਣ ਤੋਂ ਗ਼ੁਰੇਜ਼ ਨਹੀਂ ਕਰਦਾ।

ਮੁੱਢ-ਕਦੀਮ ਤੋਂ ਹੀ ਪੰਜਾਬੀ ਜੱਟ ਕਿਸਾਨ ਦੀ ਜਮਹੂਰੀ ਸਪਿਰਟ, ਅਰਥਾਤ ਭਰਾਤਰੀ-ਭਾਵ, ਕੇਵਲ ਆਪਣੇ ਭਾਈਚਾਰੇ ਤਕ ਹੀ ਮਹਿਦੂਦ ਰਿਹਾ ਹੈ। ਖੇਤੀ ਦੇ ਧੰਦੇ ਵਿੱਚ ਮਸਰੂਫ ਹੋਣ ਵੇਲੇ ਤੋਂ ਹੀ ਉਹ ਪਿੰਡ ਦੀਆਂ ਹੋਰਨਾਂ ਜਾਤਾਂ ਨੂੰ ਜ਼ਮੀਨ ਦੀ ਮਾਲਕੀ ਵਿੱਚ ਭਾਈਵਾਲ ਬਣਾਉਣ ਵਾਸਤੇ ਤਿਆਰ ਨਾ ਹੋਇਆ। ਅਜਿਹਾ ਵਿਚਾਰ ਹੀ ਉਸ ਨੂੰ ਅੱਗ ਲਾ ਦਿੰਦਾ ਰਿਹਾ। ਇਸ ਇੱਕੋ ਗੱਲ ਵਿੱਚੋਂ ਹੀ ਉਸ ਦੀ ਜਮਹੂਰੀ ਸਪਿਰਟ ਅਤੇ ਇਨਸਾਫ਼ ਦੀ ਭਾਵਨਾ ਵਿੱਚ ਮੌਜੂਦ ਕਾਣ ਦੀ ਅਸਲੀਅਤ ਸਾਫ਼ ਉਘੜ ਆਉਂਦੀ ਹੈ। ਜਿੱਥੇ ਇਹ ਗੱਲ ਉਸਦੀ ਵਡਿਆਈ ਵਿੱਚ ਜਾਂਦੀ ਹੈ ਕਿ ਉਸਨੇ ਮੁੱਢ ਕਦੀਮ ਤੋਂ ਹੀ ਬ੍ਰਾਹਮਣ ਦੀ ਉਹ ਛੱਟ ਨਹੀਂ ਪਵਾਈ ਅਤੇ ਉਹ, ਇਤਿਹਾਸ ਅੰਦਰ ਕਦੇ ਵੀ, ਹਿੰਦੂ ਸਮਾਜ ਅੰਦਰਲੀਆਂ ਉਚੀਆਂ ਜਾਤਾਂ ਅੱਗੇ ਕੀਰ ਬਣ ਕੇ ਵੱਸਣ ਲਈ ਤਿਆਰ ਨਹੀਂ ਹੋਇਆ, ਉੱਥੇ ਉਸਦੀ ਇਸ ਵਡਿੱਤਣ ਨੂੰ ਨਕਾਰਦਾ ਪੱਖ ਇਹ ਹੈ ਕਿ ਮਨੂੰਵਾਦ ਦੇ ਅਸਰ ਹੇਠ ਉਸ ਅੰਦਰ ਪਿੰਡ ਦੀਆਂ ਪਛੜੀਆਂ ਤੇ ਨੀਵੀਆਂ ਸਮਝੀਆਂ ਜਾਂਦੀਆਂ ਜਾਤਾਂ ਪ੍ਰਤੀ ਬਦਗੁਮਾਨੀ ਪੈਦਾ ਹੋ ਗਈ ਅਤੇ ਉਹ ਹਿੰਦੂ ਸਮਾਜ ਅੰਦਰਲੀਆਂ ਸਵਰਨ ਜਾਤੀਆਂ ਦੀ ਰੀਸੇ ਹੀ, ਉਨ੍ਹਾਂ ਨੂੰ ਆਪਣੇ ਨਾਲੋਂ 'ਨੀਵੀਆਂ' ਤੇ 'ਨੀਚ' ਸਮਝਣ ਲੱਗ ਪਿਆ।

ਜੱਟ ਕਿਸਾਨ ਅੰਦਰ ਮੌਜੂਦ ਬਰਾਬਰੀ, ਭਰਾਤਰੀ-ਭਾਵ ਅਤੇ ਲੜਾਕੂਪੁਣੇ ਦਾ ਜਜ਼ਬਾ ਹੀ, ਪਹਿਲਾਂ ਪਹਿਲ, ਉਸਨੂੰ ਸਿੱਖ ਲਹਿਰ ਵੱਲ ਪ੍ਰੇਰਤ ਕਰਨ ਵਾਲਾ ਭਾਰੂ ਤੱਤ ਬਣਿਆ। ਸਿੱਖ ਵਿਚਾਰਧਾਰਾ ਨੇ, ਸਿੱਖ ਲਹਿਰ ਦੀ ਚੜ੍ਹਤ ਦੇ ਸ਼ੁਰੂਆਤੀ ਦੌਰ ਅੰਦਰ, ਪੰਜਾਬ ਦੇ ਜੱਟ ਭਾਈਚਾਰੇ ਅੰਦਰ ਬਰਾਬਰੀ ਤੇ ਭਰਾਤਰੀ-ਭਾਵ ਦੇ ਆਦਰਸ਼ ਨੂੰ ਤਕੜਾ ਹੁਲਾਰਾ ਬਖ਼ਸ਼ਿਆ, ਪਰ ਇਹ ਥੋੜ-ਚਿਰਾ ਹੀ ਸਾਬਤ ਹੋਇਆ। ਇਸ ਦਾ ਅਸਰ ਜ਼ਿਆਦਾ ਚਿਰ ਕਾਇਮ ਨਾ ਰਹਿ ਸਕਿਆ। ਵੱਡਾ ਕਾਰਨ ਇਹ ਹੈ ਕਿ ਸਿੱਖ ਲਹਿਰ ਦੇ ਆਦਰਸ਼ਾਂ ਦਾ ਜੱਟ ਕਿਸਾਨੀ ਦੇ ਆਰਥਿਕ ਹਿਤਾਂ ਤੇ ਸਮਾਜੀ ਸੁਭਾਅ ਨਾਲ ਬਰ ਨਹੀਂ ਸੀ ਮਿਚਦਾ। ਕਿਉਂਕਿ ਸਿੱਖ ਲਹਿਰ ਦੇ ਬਰਾਬਰੀ ਤੇ ਭਰਾਤਰੀ-ਭਾਵ ਦੇ ਆਦਰਸ਼ਾਂ ਨੂੰ ਅਮਲ ਅੰਦਰ ਸਾਕਾਰ ਕਰਨ ਲਈ, ਜੱਟ ਕਿਸਾਨ, ਪਿੰਡ ਦੀਆਂ ਹੋਰਨਾਂ ਦੱਬੀਆਂ ਕੁਚਲੀਆਂ ਜਾਤਾਂ ਨਾਲ ਹੋਣੀ ਦੀ ਸਾਂਝ ਪਾਉਣ ਲਈ ਤਿਆਰ ਨਹੀਂ ਸੀ। ਉਹ ਉਨ੍ਹਾਂ ਨਾਲ ਆਰਥਿਕ ਖੇਤਰ ਅੰਦਰ ਜ਼ਮੀਨ ਵੰਡਾਉਣ ਤੇ ਸਮਾਜੀ ਖੇਤਰ ਅੰਦਰ ਉਨ੍ਹਾਂ ਨੂੰ ਆਪਣੇ ਬਰਾਬਰ ਦਾ ਰੁਤਬਾ ਦੇਣ ਲਈ ਰਾਜ਼ੀ ਨਹੀਂ ਸੀ। ਇਸ ਕਰਕੇ ਸਿੱਖ ਲਹਿਰ ਦੀ ਜਮਹੂਰੀ ਸਪਿਰਟ ਤੇ ਇਸਦਾ ਇਨਕਲਾਬੀ ਜੋਸ਼ ਜੱਟ ਕਿਸਾਨੀ ਦੇ ਆਰਥਿਕ ਹਿਤਾਂ ਤੇ ਸਮਾਜੀ ਸੁਭਾਅ ਨਾਲ ਟਕਰਾ ਕੇ ਮੱਠਾ ਪੈਣਾ ਸ਼ੁਰੂ ਹੋ ਗਿਆ। ਜਿੰਨਾ ਚਿਰ ਸਿੱਖ ਲਹਿਰ ਦੀ ਹਕੂਮਤ ਨਾਲ ਟੱਕਰ ਰਹੀ, ਉਨਾ ਚਿਰ ਇਸ ਵਿੱਚ ਆਦਰਸ਼ਕ ਜਾਨ ਕਾਇਮ ਰਹੀ। ਪਰ ਹਕੂਮਤ ਉੱਤੇ ਭਾਰੂ ਹੁੰਦੇ ਸਾਰ ਹੀ ਇਸਦਾ ਇਨਕਲਾਬੀ ਤੱਤ ਕਮਜ਼ੋਰ ਪੈਣਾ ਸ਼ੁਰੂ ਹੋ ਗਿਆ ਅਤੇ ਤਾਕਤ ਦੇ ਵਾਧੇ ਨਾਲ ਇਸ ਨੇ ਇਕਦਮ ਉਲਟਾ ਖ਼ਾਸਾ ਗ੍ਰਹਿਣ ਕਰਨਾ ਸ਼ੁਰੂ ਕਰ ਦਿੱਤਾ। ਕੁਝ ਚਿਰ ਬਾਅਦ 'ਭਾਈ' 'ਸਰਦਾਰ' ਬਣਨੇ ਸ਼ੁਰੂ ਹੋ ਗਏ। ਜੱਟਾਂ ਦਾ ਸਮਾਜਕ ਰੁਤਬਾ ਉੱਚਾ ਹੋ ਗਿਆ। ਸੱਤਾਵਾਨ ਹੋਣ ਨਾਲ ਉਸਦੀ ਆਰਥਿਕ ਪੋਜ਼ੀਸ਼ਨ ਤਕੜੀ ਹੋਣ ਲੱਗੀ। ਪਿੰਡ ਦੀਆਂ ਦੂਸਰੀਆਂ, ਜ਼ਮੀਨ-ਜਾਇਦਾਦੋਂ ਸੱਖਣੀਆਂ ਜਾਤੀਆਂ, ਉਵੇਂ ਦੀਆਂ ਉਵੇਂ ਰਹਿ ਗਈਆਂ। ਸਮਾਜ ਅੰਦਰ ਕਾਣੀ ਵੰਡ ਜਿਉਂ ਦੀ ਤਿਉਂ ਰਹੀ। ਮਿਸਲਾਂ ਦੇ ਮਗਰਲੇ ਦੌਰ ਤੇ ਉਸ ਤੋਂ ਬਾਅਦ ਦੇ ਅਮਲ ਨੇ ਇਸ ਧਾਰਨਾ ਦੀ ਜਚਵੀਂ ਪੁਸ਼ਟੀ ਕਰ ਦਿੱਤੀ ਕਿ ਅਜਿਹੇ ਆਦਰਸ਼, ਜੋ ਕਿਸੇ ਵਰਗ ਦੇ ਆਰਥਿਕ ਹਿਤਾਂ ਤੇ ਸਮਾਜੀ ਦਰਜੇ ਦੇ ਅਨੁਕੂਲ ਨਾ ਹੋਣ, ਉਹ ਸਮਾਂ ਪੈਣ ਨਾਲ ਦਬ ਮਿਟ ਜਾਂਦੇ ਹਨ। ਜਦ ਆਰਥਿਕ ਅਤੇ ਸਮਾਜੀ ਬਣਤਰ ਆਦਰਸ਼ਵਾਦ ਦੇ ਅਨੁਕੂਲ ਨਾ ਹੋਵੇ ਤਾਂ ਅਜਿਹਾ ਆਦਰਸ਼ਵਾਦ ਬਹੁਤਾ ਟਿਕਾਊ

ਸਾਬਤ ਨਹੀਂ ਹੁੰਦਾ। ਕੁਝ ਗਿਣਵੇਂ ਚੁਣਵੇਂ ਵਿਅਕਤੀਆਂ ਨੂੰ ਛੱਡ ਕੇ, ਆਮ ਜਨਤਾ ਵਾਸਤੇ ਉਹ ਕੁਝ ਦੇਰ ਪਿੱਛੋਂ ਓਨੇ ਸਾਰਥਕ ਨਹੀਂ ਰਹਿ ਜਾਂਦੇ। ਇਸ ਤਰ੍ਹਾਂ ਜੱਟ ਕਿਸਾਨ ਦੇ ਆਰਥਿਕ ਹਿਤ ਤੇ ਉਸਦੀਆਂ ਜਾਤ-ਪਾਤੀ ਭਾਵਨਾਵਾਂ ਹੌਲੀ ਹੌਲੀ ਸਿੱਖ ਧਰਮ ਦੀ ਇਨਕਲਾਬੀ ਰੂਹ ਉੱਤੇ ਹਾਵੀ ਹੋ ਤੁਰੀਆਂ ਅਤੇ ਇਸ ਦੀ ਮੌਲਿਕ ਆਭਾ ਬਰਕਰਾਰ ਰੱਖਣੀ ਮੁਸ਼ਕਲ ਬਣ ਗਈ। ਫਿਰ ਵੀ ਸਿੱਖ ਧਰਮ ਪੰਜਾਬ ਅੰਦਰ ਜਾਤ-ਪਾਤੀ ਪਰਬੰਧ ਦਾ ਪੂਰੀ ਤਰ੍ਹਾਂ ਖ਼ਾਤਮਾ ਕਰਨ ਵਿੱਚ ਭਲੇ ਹੀ ਕਾਮਯਾਬ ਨਾ ਹੋ ਸਕਿਆ ਹੋਵੇ, ਪਰ ਇਸਦੇ ਪੈਦਾ ਕੀਤੇ ਮਾਹੌਲ ਨੇ ਪੰਜਾਬ ਅੰਦਰ ਜਾਤ-ਪਾਤ ਪਰਣਾਲੀ ਦੇ ਕਾਫ਼ੀ ਕਿੰਗਰੇ ਭੋਰ ਦਿੱਤੇ। ਭਾਰਤ ਦੇ ਹੋਰਨਾਂ ਭਾਗਾਂ ਦੀ ਤੁਲਨਾ ਵਿੱਚ ਇਸਦੀ ਮਾਰ ਅਤੇ ਜਕੜ ਵਾਹਵਾ ਹੱਦ ਤਕ ਢੈਲੀ ਪੈ ਗਈ।

ਸੋ ਦੇਖਿਆ ਜਾਵੇ ਤਾਂ ਪੰਜਾਬ ਦੇ ਜੱਟ ਭਾਈਚਾਰੇ ਅੰਦਰ ਪਿੰਡ ਦੀਆਂ ਹੋਰਨਾਂ ਜਾਤੀਆਂ ਨਾਲ ਬਰਾਬਰੀ ਦੀ ਪੱਧਰ 'ਤੇ ਵਿਹਾਰ ਕਰਨ ਅਤੇ ਉਨ੍ਹਾਂ ਨੂੰ ਆਪਣੇ ਨਾਲ ਲੈ ਕੇ ਚੱਲਣ ਦੀ ਰੁਚੀ ਤੇ ਸਮਰੱਥਾ ਬਹੁਤ ਹੀ ਕਮਜ਼ੋਰ ਹੈ। ਆਪਣੇ ਰੋਜ਼-ਮਰ੍ਹਾ ਵਿਹਾਰ ਅੰਦਰ ਉਹ 'ਨੀਵੀਆਂ/ਪਛੜੀਆਂ' ਸਮਝੀਆਂ ਜਾਂਦੀਆਂ ਜਾਤੀਆਂ ਨੂੰ ਆਪਣੇ ਤੋਂ ਨਿਰੰਤਰ ਦੂਰ ਰੱਖਦਾ ਅਤੇ ਪਰ੍ਹਾਂ ਧਕਦਾ ਹੈ। ਉਸਦਾ ਇਹ ਵਿਹਾਰ ਅਤੇ ਵਤੀਰਾ ਦੂਸਰੀਆਂ ਜਾਤੀਆਂ ਅੰਦਰ ਉਸ ਪ੍ਰਤੀ ਲੁਕਵੀਂ ਨਫ਼ਰਤ ਤੇ ਨਾਪਸੰਦਗੀ ਦੇ ਭਾਵ ਪੈਦਾ ਕਰਦਾ ਹੈ ਅਤੇ ਉਨ੍ਹਾਂ ਨੂੰ ਜੱਟ ਵਰਗ ਦੀ ਤਕੜਾਈ ਅਤੇ ਚੜ੍ਹਤ 'ਚੋਂ ਆਪਣੇ ਲਈ ਹੋਰ ਵੱਧ ਬੁਰੇ ਦਿਨਾਂ ਦਾ ਆਭਾਸ ਹੋਣ ਲੱਗਦਾ ਹੈ। 'ਹਰੇ ਇਨਕਲਾਬ' ਦੀ ਆਮਦ ਅਤੇ ਇਸ ਨਾਲ ਜੱਟ ਵਰਗ ਦੀ ਆਰਥਿਕ ਦਸ਼ਾ ਤੇ ਰਾਜਸੀ ਤਾਕਤ ਵਿੱਚ ਹੋਏ ਚੋਖੇ ਵਾਧੇ ਨੇ, ਪਿੰਡਾਂ ਦੀਆਂ ਹੋਰਨਾਂ ਜਾਤੀਆਂ ਦੇ ਮਨਾਂ ਅੰਦਰ ਕੁਝ ਅਣਜਾਣੇ ਭੈਅ ਅਤੇ ਤੌਖਲੇ ਪੈਦਾ ਕਰ ਦਿੱਤੇ। ਜੱਟ ਭਾਈਚਾਰੇ ਦੇ ਹੱਥ ਵਿੱਚ ਰਾਜਸੀ ਤਾਕਤ ਆਉਣ ਨਾਲ, ਉਨ੍ਹਾਂ ਨੂੰ, ਉਸਦੀ ਜਾਤ ਹੰਕਾਰੀ ਭਾਵਨਾ ਦੇ ਹੋਰ ਵੀ ਅਸਮਾਨੀਂ ਚੜ੍ਹ ਜਾਣ ਅਤੇ ਦੂਸਰੀਆਂ ਜਾਤਾਂ ਨਾਲ ਹੋਰ ਵੱਧ ਬਦਤਮੀਜ਼ੀ ਨਾਲ ਪੇਸ਼ ਆਉਣ ਦੇ ਡਰ ਅਤੇ ਸੰਸਿਆਂ ਨੇ ਦਬੋਚ ਲਿਆ। ਕਿਉਂਕਿ ਖੇਤਰ ਆਰਥਿਕ ਹੋਵੇ ਜਾਂ ਸਮਾਜੀ ਅਤੇ ਜਾਂ ਫਿਰ ਰਾਜਸੀ, ਜੱਟ ਵਰਗ ਹੋਰਨਾਂ ਜਾਤੀਆਂ ਨੂੰ ਸਹਿ-ਭਾਗੀ ਬਣਾਉਣ ਦਾ ਕੌੜਾ ਅੱਕ ਕਤਈ ਤੌਰ 'ਤੇ ਨਹੀਂ ਚੱਬ ਸਕਦਾ। ਜਿਵੇਂ ਆਰਥਿਕ ਪੱਧਰ 'ਤੇ ਉਹ ਉਨ੍ਹਾਂ ਨੂੰ ਜ਼ਮੀਨ ਦੀ ਮਾਲਕੀ 'ਚ ਬਰਾਬਰ ਦੇ ਭਿਆਲ ਬਣਾਉਣ ਦੀ ਥਾਂ, ਸੇਪੀ/ਸੀਰੀ ਬਣਾ ਕੇ ਆਪਣੀ ਆਰਥਿਕ ਗੱਡੀ ਨੂੰ ਰੇੜ੍ਹੇ ਪਾਈ ਰੱਖਣ ਦੀ ਰੁਚੀ ਰੱਖਦਾ ਹੈ, ਉਵੇਂ ਹੀ ਉਹ, ਉਨ੍ਹਾਂ ਨੂੰ ਸੱਤਾ ਦੇ ਢਾਂਚੇ ਅੰਦਰ ਬਰਾਬਰ ਦਾ ਹਿੱਸਾ ਅਤੇ ਰੁਤਬਾ ਦੇਣ ਦੀ ਥਾਂ ਕੁਝ ਕੁ ਅਹੁਦਿਆਂ ਤੇ ਪਦਵੀਆਂ ਦੀ 'ਵੱਢੀ' ਦੇ ਕੇ ਵਰਚਾਉਣ ਦੀ ਧਾਰਨਾ ਪਾਲ ਕੇ ਚੱਲਦਾ ਹੈ।

ਪਿੰਡ ਦੀਆਂ ਹੋਰਨਾਂ ਜਾਤੀਆਂ ਅੰਦਰ, ਅਕਾਲੀ ਦਲ ਨੂੰ ਭਾਰੂ ਰੂਪ ਵਿੱਚ ਜੱਟ-ਕਿਸਾਨਾਂ ਦੀ ਪਾਰਟੀ ਵਜੋਂ ਦੇਖਣ ਦੀ ਸੋਚ ਅਤੇ ਭਾਵਨਾ ਪਹਿਲਾਂ ਹੀ ਕਾਫ਼ੀ ਪਰਬਲ ਸੀ। ਸੰਤ ਫਤਹਿ ਸਿੰਘ ਦੁਆਰਾ ਮਾਸਟਰ ਤਾਰਾ ਸਿੰਘ ਨੂੰ ਲਾਂਭੇ ਕਰਕੇ ਅਕਾਲੀ ਦਲ ਅਤੇ ਰਾਜਨੀਤੀ ਉੱਤੇ ਆਪਣੀ ਚੌਧਰ ਜਮਾ ਲੈਣ, ਅਤੇ ਇਸ ਤਰ੍ਹਾਂ, ਅਕਾਲੀ ਦਲ ਦੇ ਇਤਿਹਾਸ ਅੰਦਰ, ਪਹਿਲੀ ਵਾਰ, ਸ਼ਹਿਰੀ ਮੱਧਵਰਗੀ ਸਿੱਖ ਤਬਕੇ ਨੂੰ ਅਕਾਲੀ ਰਾਜਨੀਤੀ ਅੰਦਰ ਪੂਰੀ ਤਰ੍ਹਾਂ ਨੁਕਰੇ ਲਾ ਕੇ ਇਸ ਉੱਤੇ ਜੱਟ ਕਿਸਾਨ ਵਰਗ ਦੀ ਮੁਕੰਮਲ ਸਰਦਾਰੀ ਸਥਾਪਤ ਹੋ ਜਾਣ ਨਾਲ, ਪਿੰਡ ਦੀਆਂ ਹੋਰਨਾਂ ਜਾਤੀਆਂ ਅੰਦਰ ਇਹ ਅਹਿਸਾਸ ਹੋਰ ਵੀ ਮਜ਼ਬੂਤ ਹੋ ਉਠਿਆ। ਪੰਜਾਬੀ ਸੂਬੇ ਦੀ ਸਥਾਪਨਾ ਤੋਂ ਬਾਅਦ ਪੰਜਾਬ ਅੰਦਰ ਅਕਾਲੀ ਦਲ ਦੇ ਪ੍ਰਮੁੱਖ ਰਾਜਸੀ ਤਾਕਤ ਬਣ ਕੇ ਉਭਰ ਆਉਣ ਅਤੇ ਸੱਤਾ ਉੱਤੇ

ਆਪਣਾ ਤਕੜਾ ਪਰਭਾਵ ਅਤੇ ਕੰਟਰੋਲ ਹਾਸਲ ਕਰ ਲੈਣ ਨਾਲ, ਪਿੰਡ ਦੀਆਂ ਦੂਸਰੀਆਂ ਜਾਤੀਆਂ ਅੰਦਰ ਬਰਾਬਰ ਦੇ ਹੱਕਾਂ ਤੇ ਮੌਕਿਆਂ ਤੋਂ ਵੰਚਤ ਹੋ ਜਾਣ ਦੀ ਭਾਵਨਾ ਜ਼ੋਰ ਫੜ ਗਈ ਅਤੇ ਉਨ੍ਹਾਂ ਓਟ ਲਈ ਆਲਾ-ਦੁਆਲਾ ਤੱਕਣਾ ਸ਼ੁਰੂ ਕਰ ਦਿੱਤਾ। ਜਦ ਕਿਸੇ ਨਿਤਾਣੇ ਵਰਗ ਨੂੰ, ਇਤਿਹਾਸ ਅੰਦਰ, ਕਿਸੇ ਜ਼ੋਰਾਵਰ ਧਿਰ ਦੁਆਰਾ ਦਰ-ਕਿਨਾਰ ਕਰ ਦਿੱਤੇ ਜਾਣ ਦਾ ਡਰ ਅਤੇ ਖ਼ਤਰਾ ਮਹਿਸੂਸ ਹੁੰਦਾ ਹੈ, ਤਾਂ ਇਹ ਹਮੇਸ਼ਾ ਹੀ ਜ਼ਰੂਰੀ ਨਹੀਂ ਹੁੰਦਾ ਕਿ ਉਹ ਆਪਣੀ ਰੱਖਿਆ ਲਈ ਰਾਜਸੀ ਤੌਰ 'ਤੇ ਜਥੇਬੰਦ ਹੋ ਕੇ ਜ਼ੋਰਾਵਰ ਧਿਰ ਨਾਲ ਸਿੱਧੀ ਟੱਕਰ ਲਈ ਤਿਆਰ ਹੋ ਜਾਵੇ। ਇਹ ਰਾਹ ਹਮੇਸ਼ਾ ਏਨਾ ਸਹਿਲ ਨਹੀਂ ਹੁੰਦਾ, ਬਲਕਿ ਬਹੁਤ ਹੀ ਜੋਖਮ ਭਰਿਆ ਹੁੰਦਾ ਹੈ। ਇਸ ਦੀ ਤੁਲਨਾ ਵਿੱਚ, ਅਜਿਹੀ ਸਥਿਤੀ ਵਿੱਚ ਘਿਰੇ ਵਰਗ ਲਈ ਸਵੈ-ਰਖਿਆ ਦਾ ਇਕ ਵਧੇਰੇ ਸੁਰੱਖਿਅਤ ਅਤੇ ਵੱਧ ਕਾਰਗਰ ਢੰਗ ਇਹ ਹੁੰਦਾ ਹੈ ਕਿ ਉਹ ਆਪਣੇ ਵੱਖਰੇ ਅਧਿਆਤਮਕ ਰਹਿਬਰ ਸਿਰਜ ਲੈਂਦਾ ਹੈ ਅਤੇ ਉਨ੍ਹਾਂ ਦੀ ਓਟ ਤਕ ਲੈਂਦਾ ਹੈ। ਇਹ ਰਾਹ ਵੱਧ ਕਫ਼ਾਇਤੀ ਅਤੇ ਘੱਟ ਖ਼ਤਰਿਆਂ ਭਰਿਆ ਹੁੰਦਾ ਹੈ। ਸੱਠਵਿਆਂ-ਸੱਤਰਵਿਆਂ ਵਿੱਚ ਪੰਜਾਬ ਅੰਦਰ ਜੱਟ ਕਿਸਾਨੀ ਦੀ ਚੜ੍ਹਤ ਤੋਂ ਤ੍ਰਭਕੇ ਕਮਜ਼ੋਰ ਪੇਂਡੂ ਵਰਗਾਂ ਅਤੇ ਪੰਜਾਬੀ ਸਮਾਜ ਦੀਆਂ ਹੋਰਨਾਂ ਪਛੜੀਆਂ ਸਮਝੀਆਂ ਜਾਂਦੀਆਂ ਜਾਤੀਆਂ ਅੰਦਰ ਇਹ ਵਰਤਾਰਾ ਜ਼ੋਰਦਾਰ ਰੂਪ ਵਿੱਚ ਪਰਗਟ ਹੋਇਆ। ਸਿੱਖ ਸਮਾਜ ਅੰਦਰਲੇ ਦੱਬੇ-ਕੁਚਲੇ ਤੇ 'ਪੱਛੜੇ' ਸਮਝੇ ਜਾਂਦੇ ਵਰਗਾਂ ਨੇ ਸਿੱਖ ਧਰਮ ਨਾਲੋਂ ਖੁੱਲ੍ਹੇ ਰੂਪ ਵਿੱਚ ਨਾਤਾ ਤੋੜਨ ਦੀ ਜਗ੍ਹਾ ਆਪਣੀਆਂ ਵੱਖਰੀਆਂ ਅਧਿਆਤਮਿਕ ਸ਼ਰਨਗਾਹਾਂ ਤਲਾਸ਼/ਸਿਰਜ ਲਈਆਂ। ਕੁਝ ਰਾਧਾਸੁਆਮੀ ਬਣ ਗਏ, ਕੁਝ ਨੇ 'ਸਰਸਾ' ਦੇ 'ਸੱਚੇ-ਸੌਦੇ' ਦਾ ਆਸਰਾ ਤੱਕ ਲਿਆ, ਕੁਝ ਡੇਰਾ ਬਾਬਾ ਵਡਭਾਗ ਸਿੰਘ ਦੇ ਮੁਰੀਦ ਬਣ ਗਏ, ਕੁਝ ਨਿਰੰਕਾਰੀਆਂ ਦੇ ਭਰਮ ਜਾਲ ਵਿੱਚ ਫਸ ਗਏ ਅਤੇ ਕੁਝ ਨਾਮਧਾਰੀਆਂ ਦੇ ਲੜ ਜਾ ਲੱਗੇ। ਬਾਕੀ ਦੇ, ਸਥਾਨਕ ਪੱਧਰਾਂ 'ਤੇ ਆਪਣਾ ਛਮਛਮਾ ਚਲਾ ਰਹੇ ਛੋਟੇ-ਮੋਟੇ 'ਬਾਬਿਆਂ' ਦੇ ਚਰਨੀਂ ਜਾ ਲੱਗੇ।

ਸਿੱਖੀ ਦੇ ਦ੍ਰਿਸ਼ਟੀਕੋਣ ਤੋਂ, ਇਹ ਵਰਤਾਰਾ ਸਿੱਖ ਧਰਮ ਨੂੰ ਵੱਡੀ ਢਾਹ ਲਾਉਣ ਦਾ ਸਾਧਨ ਬਣਿਆ ਤੇ ਬਣ ਰਿਹਾ ਹੈ। ਕਿਉਂਕਿ ਸਿੱਖ ਧਰਮ ਦੀ ਮੁੱਖ ਧਾਰਾ ਨਾਲੋਂ ਹਟ ਕੇ, ਗੁਰਮਤਿ ਵਿਚਾਰਧਾਰਾ ਦੇ ਨਿਖੇਧ ਵਿੱਚ ਉਭਰ-ਪਸਰ ਰਹੀਆਂ ਇਹ ਸੰਪਰਦਾਵਾਂ ਨਾ ਸਿਰਫ਼ ਸਿੱਖ ਸਮਾਜ ਦੀ ਏਕਤਾ ਨੂੰ ਫ਼ਿਰਕੇਦਾਰੀ ਦੀਆਂ ਵੰਡਾਂ ਨਾਲ ਲੀਰੋ-ਲੀਰ ਕਰ ਰਹੀਆਂ ਹਨ ਸਗੋਂ ਅਲੱਗ-ਅਲੱਗ ਪੱਧਰ 'ਤੇ, ਅਲੱਗ-ਅਲੱਗ ਰੂਪਾਂ ਵਿੱਚ, ਅਤੇ ਅਲੱਗ-ਅਲੱਗ ਮਾਤਰਾ ਵਿੱਚ ਸਿੱਖ ਵਿਚਾਰਧਾਰਾ ਦੀ ਨਿਰਮਲਤਾ ਤੇ ਪਾਕੀਜ਼ਗੀ ਨੂੰ ਵੀ ਪਲੀਤ ਕਰ ਰਹੀਆਂ ਹਨ। ਜੇਕਰ ਇਸ ਮਸਲੇ 'ਚ ਅਸਲੀ ਦੋਸ਼ੀਆਂ ਦਾ ਖੁਰਾ ਨੱਪਿਆ ਜਾਵੇ ਤਾਂ ਇਹ ਸਿੱਧਾ ਅਕਾਲੀ ਆਗੂਆਂ ਦੇ ਘਰੀਂ ਜਾ ਅਪੜਦਾ ਹੈ। ਅਕਾਲੀ ਆਗੂਆਂ ਨੇ ਇਸ ਵਰਤਾਰੇ ਨੂੰ ਦੋ ਪਾਸਿਆਂ ਤੋਂ ਉਗਾਸਾ ਦਿੱਤਾ। ਇਕ, ਸਿੱਖ ਸਮਾਜ ਅੰਦਰਲੇ ਗ਼ੈਰ-ਜੱਟ ਅਤੇ ਕਮਜ਼ੋਰ ਵਰਗਾਂ ਨੂੰ ਸੱਤਾ ਦੇ ਢਾਂਚੇ 'ਚੋਂ ਬਾਹਰ ਕੱਢ ਕੇ ਉਨ੍ਹਾਂ ਨੂੰ ਇਸ ਰਾਹ ਵੱਲ ਧੱਕਾ ਦੇ ਦਿੱਤਾ। ਦੂਜਾ, ਆਪਣੀ ਚੋਣ ਰਾਜਨੀਤੀ ਦੀਆਂ ਗ਼ਰਜ਼ਾਂ ਅਨੁਸਾਰ ਇਨ੍ਹਾਂ ਗੁਰਮਤਿ ਵਿਰੋਧੀ ਡੇਰਿਆਂ ਤੇ ਸੰਪਰਦਾਵਾਂ ਨਾਲ ਉਨ੍ਹਾਂ ਨਾ ਸਿਰਫ਼ ਸਿਧਾਂਤਕ ਪੱਧਰ 'ਤੇ ਸਮਝੌਤਾ ਕਰ ਲੈਣ ਦੀਆਂ ਕਰੁਚੀਆਂ ਪ੍ਰਗਟਾਈਆਂ ਸਗੋਂ ਉਨ੍ਹਾਂ ਨਾਲ ਗੁੱਝੇ, ਅਤੇ ਕਈ ਮਾਮਲਿਆਂ 'ਚ ਨੰਗੇ, ਸਬੰਧ ਬਣਾਉਣ/ਪਾਲਣ ਦੀ ਨੰਗੀ ਮੌਕਾਪ੍ਰਸਤੀ ਵੀ ਦਿਖਾਈ।

ਵੈਸੇ ਵੀ ਅਕਾਲੀ ਦਲ ਦੀ ਪੇਂਡੂ ਲੀਡਰਸ਼ਿਪ ਦੇ ਵਹਿਮਾਂ ਭਰਮਾਂ ਵਿੱਚ ਅੰਨ੍ਹਾ ਯਕੀਨ ਪਾਲਣ ਅਤੇ ਸਾਧਾਂ ਸੰਤਾਂ ਅੱਗੇ ਨੱਕ ਰਗੜਨ ਵਰਗੇ ਗੁਰਮਤਿ-ਦੋਖੀ ਅਮਲਾਂ

ਨੂੰ ਹੱਲਾ-ਸ਼ੇਰੀ ਦੇਣ ਵਾਲੇ ਪੇਂਡੂ ਸਭਿਆਚਾਰ ਦੇ ਖ਼ੁਦ ਗਹਿਰੇ ਅਸਰ ਹੇਠ ਹੋਣ ਕਰਕੇ, ਪਿਛਲੇ ਸਮੇਂ ਦੌਰਾਨ ਆਮ ਰੂਪ ਵਿੱਚ ਹੀ ਡੇਰਾ ਸਭਿਆਚਾਰ ਵੱਧ ਪ੍ਰਫੁਲਤ ਹੋਇਆ ਹੈ। ਜਿਸ ਦੇ ਨਤੀਜੇ ਵਜੋਂ ਰੋਜ਼-ਮਰ੍ਹਾ ਦੀ ਜ਼ਿੰਦਗੀ ਤੋਂ ਲੈ ਕੇ, ਧਾਰਮਿਕ ਤੇ ਰਾਜਸੀ ਖੇਤਰ ਤਕ, ਹਰ ਜਗ੍ਹਾ 'ਸੰਤਾਂ/ਬਾਬਿਆਂ' ਦਾ ਬਹੁਤ ਹੀ ਉਭਰਵਾਂ ਰੋਲ ਅਤੇ ਦਬਦਬਾ ਦੇਖਣ ਨੂੰ ਮਿਲ ਰਿਹਾ ਹੈ। ਜਿੰਨਾ ਚਿਰ ਅਕਾਲੀ ਦਲ ਦੀ ਲੀਡਰਸ਼ਿਪ ਸ਼ਹਿਰੀ ਮੱਧ-ਵਰਗੀ ਤੱਤਾਂ ਦੇ ਹੱਥ ਵਿੱਚ ਰਹੀ, ਉਨਾ ਚਿਰ ਇਨ੍ਹਾਂ ਰੁਝਾਨਾਂ ਅਤੇ ਅਮਲਾਂ ਨੇ ਦਬਵਾਂ ਰੂਪ ਅਖ਼ਤਿਆਰ ਕਰੀ ਰੱਖਿਆ। ਸਿੱਖ ਧਰਮ ਅੰਦਰ 'ਡੇਰੇਦਾਰਾਂ' ਤੇ 'ਡੇਰਾ ਸਭਿਆਚਾਰ' ਨੂੰ ਇੰਨੀ ਖੁੱਲ੍ਹੀ ਮਾਨਤਾ ਪੇਂਡੂ ਜੱਟ ਲੀਡਰਸ਼ਿਪ ਦੇ 'ਰਾਜ' ਅੰਦਰ ਹੀ ਹਾਸਲ ਹੋਈ ਹੈ।

ਅਜਿਹੇ ਲੜਾਕੂ ਤੇ ਸ਼ਖ਼ਸੀਅਤਪ੍ਰਸਤ ਕਬੀਲਿਆਂ ਦਾ ਇਹ ਖ਼ਾਸ ਲੱਛਣ ਹੈ ਕਿ ਉਹ ਬਾਹਰੀ ਖ਼ਤਰੇ ਦੇ ਖ਼ਿਲਾਫ਼ ਕੱਠੇ ਹੋ ਕੇ ਲੜਦੇ ਹਨ। ਪਰ ਜਦ ਇਹ ਖ਼ਤਰਾ ਟਲ ਜਾਵੇ ਜਾਂ ਅਲੋਪ ਹੋ ਜਾਵੇ ਤਾਂ ਆਪਸ ਵਿੱਚ ਖਹਿਬੜ ਪੈਂਦੇ ਹਨ। ਬਾਹਰੀ ਖ਼ਤਰੇ ਖ਼ਿਲਾਫ਼ 'ਕੱਲਾ 'ਕੱਲਾ ਸਵਾ ਲੱਖ ਨਾਲ ਲੜ ਸਕਦਾ ਹੈ, ਪਰ ਬਾਅਦ ਵਿੱਚ ਆਪਸ ਵਿੱਚ ਉਲਝ ਪੈਂਦੇ ਹਨ। ਖ਼ਾਨਾਬਦੋਸ਼ ਜੀਵਨ ਅੰਦਰ, ਕਦੇ ਸਵੈ-ਰੱਖਿਆ ਲਈ ਅਤੇ ਕਦੇ ਲੋੜ ਪੂਰਤੀ ਲਈ, ਲੜਨਾ ਉਨ੍ਹਾਂ ਦੀ ਲੋੜ ਬਣੀ ਰਹਿੰਦੀ ਸੀ। ਹੌਲੀ-ਹੌਲੀ ਇਹ ਉਨ੍ਹਾਂ ਦੀ ਆਦਤ ਬਣ ਗਈ। ਬਿਨਾਂ ਜ਼ਿਆਦਾ ਸੋਚੇ-ਵਿਚਾਰੇ, ਅਤੇ ਸਿੱਟਿਆਂ ਤੋਂ ਬੇਪਰਵਾਹ, ਲੜਾਈ ਵਿੱਚ ਕੁੱਦ ਪੈਣਾ ਉਨ੍ਹਾਂ ਦੇ ਸੁਭਾਅ ਦਾ ਆਮ ਲੱਛਣ ਬਣ ਜਾਂਦਾ ਹੈ। ਇਸ ਲੱਛਣ ਨੂੰ ਘੜਨ-ਤਰਾਸ਼ਣ ਵਿੱਚ ਇਤਿਹਾਸਕ ਹਾਲਤਾਂ ਦਾ ਵੱਡਾ ਭਾਰੀ ਰੋਲ ਹੈ। ਬਰਬਰਤਾ ਦੇ ਯੁੱਗ ਅੰਦਰ ਉਨ੍ਹਾਂ ਨੂੰ ਨਿਰੰਤਰ ਵੱਡੀਆਂ ਆਫ਼ਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ, ਅਤੇ ਇਹ ਆਫ਼ਤਾਂ ਬੂਹੇ ਉੱਤੇ ਦਸਤਕ ਦੇ ਕੇ ਨਹੀਂ ਸਨ ਆਉਂਦੀਆਂ, ਸੁੱਤਿਆਂ ਪਿਆਂ ਨੂੰ ਦਬੋਚ ਲੈਂਦੀਆਂ ਸਨ। ਉਨ੍ਹਾਂ ਨੂੰ ਬਾਹਰੀ ਹਮਲਿਆਂ, ਧਾੜਵੀਆਂ ਅਤੇ ਲੁਟੇਰੇ ਗਰੋਹਾਂ ਵਿਰੁੱਧ ਅਚਨਚੇਤ ਲੜਨਾ ਪੈਂਦਾ ਰਿਹਾ। ਉਨ੍ਹਾਂ ਨੂੰ ਲੜਨ ਤੋਂ ਪਹਿਲਾਂ ਲੜਾਈ ਬਾਰੇ ਸੋਚ ਵਿਚਾਰ ਕਰਨ ਦਾ ਵਕਤ ਹੀ ਨਹੀਂ ਸੀ ਜੁੜਦਾ। ਇਸ ਕਰਕੇ, ਹੌਲੀ-ਹੌਲੀ ਲੰਮੇ ਇਤਿਹਾਸਕ ਅਮਲ ਅੰਦਰ, ਉਨ੍ਹਾਂ ਦੀ ਸੋਚਣ ਦੀ ਆਦਤ ਹੀ ਜਾਂਦੀ ਰਹੀ ਅਤੇ ਇਹ ਰੁਚੀ ਇਸ ਕਦਰ ਪੱਕੀ ਹੋ ਗਈ ਕਿ ਉਨ੍ਹਾਂ ਨੂੰ ਸੋਚਣ ਦੀ ਲੋੜ ਮਹਿਸੂਸ ਹੋਣੋਂ ਹੀ ਹੱਟ ਗਈ। ਇਤਿਹਾਸ ਅੰਦਰ ਯੁਗਾਂ ਦਾ ਪੈਂਡਾ ਤਹਿ ਕਰ ਲੈਣ ਤੋਂ ਬਾਅਦ ਵੀ ਇਨ੍ਹਾਂ ਕਬੀਲਿਆਂ ਦੇ ਸੁਭਾਅ ਅਤੇ ਵਿਹਾਰ ਉੱਤੇ ਇਸ ਰੁਚੀ ਦਾ ਗੂੜ੍ਹਾ ਅਸਰ ਮੌਜੂਦ ਹੈ। ਪੰਜਾਬ ਦੇ ਜੱਟ-ਕਿਸਾਨ ਨੇ ਆਪਣਾ ਇਹ 'ਵਿਰਸਾ' ਖ਼ਾਸ ਤੌਰ 'ਤੇ ਸੰਭਾਲਿਆ ਹੋਇਆ ਹੈ ਅਤੇ ਅਜੋਕੀ ਅਕਾਲੀ ਰਾਜਨੀਤੀ 'ਚੋਂ ਇਸ ਦੀ ਗੂੜ੍ਹੀ ਭਾਅ ਪਰਤੱਖ ਨਜ਼ਰ ਆਉਂਦੀ ਹੈ।

ਇਤਿਹਾਸ ਅੰਦਰ ਤਜਰਬੇ 'ਚੋਂ ਇਸ ਗੱਲ ਦੀ ਵਾਰ ਵਾਰ ਪੁਸ਼ਟੀ ਹੋਈ ਹੈ ਕਿ ਸਿੱਖ ਵਿਚਾਰਧਾਰਾ ਹੀ ਸੀ ਜਿਸਨੇ ਜੱਟ ਕਿਸਾਨ ਦੇ ਸੁਭਾਅ ਅਤੇ ਆਚਰਨ ਉੱਤੇ ਇਨਕਲਾਬੀ ਪੁੱਠ ਚਾੜ੍ਹੀ ਸੀ। ਇਸ ਵਿਚਾਰਧਾਰਾ ਤੋਂ ਸੱਖਣਾ ਜੱਟ ਕਿਰਦਾਰ ਆਪਣੇ ਹਾਂਦਰੂ ਲੱਛਣ ਗੁਆ ਕੇ ਨਾਂਹ-ਵਾਚੀ ਹੋ ਨਿਬੜਦਾ ਹੈ। ਅਠਾਰ੍ਹਵੀਂ ਸਦੀ 'ਚ ਵੀ ਜੱਟ ਕਿਸਾਨਾਂ ਦੇ ਜਿਨ੍ਹਾਂ ਹਿੱਸਿਆਂ ਨੇ ਸਿੱਖ ਲਹਿਰ ਦੀ ਮੂਲ-ਆਤਮਾ ਨੂੰ ਗ੍ਰਹਿਣ ਨਹੀਂ ਸੀ ਕੀਤਾ, ਉਨ੍ਹਾਂ ਨੇ ਲਹਿਰ ਅੰਦਰ ਸ਼ਾਮਲ ਹੋ ਕੇ ਨਾਂਹ-ਵਾਚੀ ਅਮਲਾਂ ਤੇ ਰੁਝਾਨਾਂ ਨੂੰ ਤਕੜਾਈ ਬਖ਼ਸ਼ੀ। ਜਿਸ ਵਰਗ ਨੇ ਸਿੱਖੀ ਦੀ ਹਕੀਕੀ ਸਪਿਰਟ ਤੇ ਜਜ਼ਬੇ ਨੂੰ ਧੁਰ ਦਿਲੋਂ ਅਪਣਾਇਆ ਤੇ ਗ੍ਰਹਿਣ ਕੀਤਾ ਸੀ, ਉਨ੍ਹਾਂ ਨੇ ਪਾਕਿ ਤੇ ਬੁਲੰਦ ਇਖ਼ਲਾਕ ਦੇ ਉਹ ਜਲਵੇ ਦਿਖਾਏ ਕਿ ਕਾਜ਼ੀ ਨੂਰ ਮੁਹੰਮਦ ਵਰਗੇ ਕੱਟੜ ਦੁਸ਼ਮਣ ਵੀ ਪ੍ਰਭਾਵਿਤ ਤੇ ਅਚੰਭਤ ਹੋਣੋਂ ਨਾ ਰਹਿ ਸਕੇ। ਸੋ ਸਮੁੱਚੇ ਇਤਿਹਾਸਕ ਤਜਰਬੇ 'ਚੋਂ ਇਹ ਗੱਲ ਪਰਗਟ ਹੁੰਦੀ ਹੈ

ਕਿ ਪੰਜਾਬ ਦਾ ਜੱਟ ਕਿਸਾਨ ਜਦ ਸਿੱਖੀ ਦੇ ਜਜ਼ਬੇ ਨੂੰ ਗ੍ਰਹਿਣ ਕਰ ਲੈਂਦਾ ਹੈ ਤਾਂ ਉਹ ਸ਼ੁੱਧ 'ਸੋਨਾ' ਬਣ ਜਾਂਦਾ ਹੈ ਅਤੇ ਜਦ ਉਹ ਇਸ ਜਜ਼ਬੇ ਤੋਂ ਵਿਰਵਾ ਹੋ ਜਾਂਦਾ ਹੈ ਤਾਂ ਉਹ 'ਪਿਤਲ' ਦੇ ਮੁੱਲ ਦਾ ਵੀ ਨਹੀਂ ਰਹਿੰਦਾ। ਬਤੌਰ ਨਿਰਾ ਜੱਟ ਉਹ ਜਾਹਲ ਤੇ ਜਾਤ ਅਭਿਮਾਨੀ ਹੋ ਨਿਬੜਦਾ ਹੈ। ਇਸ ਸਬੰਧੀ (ਮਰਹੂਮ) ਪ੍ਰੋ. ਕਿਸ਼ਨ ਸਿੰਘ ਦਾ ਇਹ ਨਿਰਣਾ ਬਹੁਤ ਹੀ ਟਿਕਾਣੇ ਦਾ ਹੈ ਕਿ "ਪੰਜਾਬ ਦੇ ਜੱਟ-ਕਿਸਾਨ ਦੇ ਕਿਰਦਾਰ ਅੰਦਰ ਇਕ ਵੱਡਾ ਵਿਰੋਧਾ-ਭਾਸ ਹੈ। ਇਸ ਵਿੱਚ ਜਿੱਥੇ ਗੁਰੂ ਗੋਬਿੰਦ ਸਿੰਘ ਮਹਾਰਾਜ ਵਾਸਤੇ ਐਨੀ ਡੂੰਘੀ ਵਫ਼ਾਦਾਰੀ ਹੈ, ਉੱਥੇ ਜੱਟਪੁਣੇ ਦਾ ਜਜ਼ਬਾ ਵੀ ਬਹੁਤ ਗਹਿਰਾ ਹੈ। ਜੱਟਪੁਣੇ ਦੇ ਜਜ਼ਬੇ ਦੇ ਦੋ ਪਹਿਲੂ ਹਨ। ਇਕ, ਇਹ ਇਸ ਨੂੰ ਕੀਰ ਹੋਣੋਂ ਬਚਾਉਂਦਾ ਹੈ। (ਇਸ ਪੱਖੋਂ ਗੁਣਕਾਰੀ ਹੈ)। ਦੂਜਾ, ਇਹ ਦੀਰਘ ਰੋਗ ਹੈ..... ਜੱਟਪੁਣੇ ਦਾ ਇਹ ਜਜ਼ਬਾ ਹੈ ਇੰਨਾ ਪਰਬਲ ਤੇ ਹੱਡੀਂ ਰਚਿਆ ਹੋਇਆ ਕਿ ਸਵਾਏ ਸਿੱਖੀ ਤੋਂ, ਸਵਾਏ ਗੁਰੂ ਸਾਹਿਬ ਦੇ ਜਜ਼ਬੇ ਤੋਂ, ਇਸ (ਜੱਟਪੁਣੇ) ਉੱਤੇ ਹੋਰ ਕੋਈ ਜਜ਼ਬਾ ਗ਼ਲਬਾ ਨਹੀਂ ਪਾ ਸਕਦਾ।"[6]

ਦੂਜੀ ਗੱਲ, ਜੇਕਰ ਜੱਟ ਕਿਸਾਨ ਰਾਜਸੀ ਤੌਰ 'ਤੇ ਚੇਤਨ ਨਹੀਂ, ਨਿਸ਼ਾਨਿਆਂ ਬਾਰੇ ਸਪਸ਼ਟ ਤੇ ਦ੍ਰਿੜ੍ਹ-ਚਿਤ ਨਹੀਂ, ਤਾਂ ਉਹ ਕਿਸੇ ਵੀ ਰਾਜਸੀ ਤਾਕਤ ਨਾਲ ਨਿਰਬਾਹ ਕਰ ਸਕਦਾ ਹੈ, ਉਸਦਾ ਹੱਥਠੋਕਾ ਬਣ ਸਕਦਾ ਹੈ। ਬਸ਼ਰਤੇ ਕਿ ਉਸਦੇ ਆਰਥਿਕ ਹਿਤਾਂ ਨੂੰ ਆਂਚ ਨਾ ਆਵੇ। ਜੇਕਰ ਕੋਈ ਹੁਕਮਰਾਨ ਤਾਕਤ ਉਸਦੇ ਆਰਥਿਕ ਹਿਤਾਂ ਨੂੰ ਸੱਟ ਨਾ ਮਾਰੇ ਅਤੇਂ ਉਸਦੀ ਸੀਮਤ ਜਿਹੇ ਦਾਇਰੇ ਵਾਲੀ ਆਜ਼ਾਦੀ 'ਚ ਦਖ਼ਲ ਨਾ ਦੇਵੇ, ਤਾਂ ਉਹ ਉਸ ਨਾਲ ਆਰਾਮ ਨਾਲ ਨਿਰਭਾਅ ਕਰ ਸਕਦਾ ਹੈ। ਇਹ ਗੱਲ ਬਰਤਾਨਵੀ ਰਾਜ ਵੇਲੇ ਵੀ ਪਰਗਟ ਹੋਈ ਅਤੇ ਅਜੋਕੇ ਸਮੇਂ ਵੀ ਸਾਹਮਣੇ ਆ ਰਹੀ ਹੈ। ਰਾਜਸੀ ਚੇਤਨਾ ਤੋਂ ਕੋਰਾ ਜੱਟ ਕਿਸੇ ਵੀ ਰਾਜਸ਼ਕਤੀ ਦਾ 'ਬਹਾਦਰ ਜਵਾਨ' ਬਣ ਕੇ ਆਪਣਾ ਅਤੇ ਹੋਰਨਾਂ ਦਾ ਨਾ ਸਿਰਫ਼ ਅਜਾਈਂ, ਸਗੋਂ ਨਿਹੱਕਾ ਲਹੂ ਡੋਲ੍ਹ ਸਕਦਾ ਹੈ। ਅਤੇ ਇਸ ਉੱਤੇ ਉਜੱਡ ਕਿਸਮ ਦਾ ਗਰੂਰ ਕਰ ਸਕਦਾ ਹੈ। ਅਸਲ ਵਿੱਚ ਜਿਸ ਨੂੰ ਪ੍ਰੋ. ਕਿਸ਼ਨ ਸਿੰਘ ਨੇ 'ਜੱਟਪੁਣੇ' ਦਾ ਨਾਉਂ ਦਿੱਤਾ ਹੈ, ਉਹ ਆਦਰਸ਼ਕ ਪ੍ਰੇਰਨਾ ਤੋਂ ਖ਼ਾਲੀ ਦਲੇਰੀ ਤੇ ਲੜਾਕੂਪੁਣਾ ਹੈ, ਜੋ ਕਿ ਬਗ਼ੈਰ ਸਾਧਿਆ ਹੋਇਆ, ਕਬਾਇਲੀ ਪੱਧਰ ਦਾ ਜਜ਼ਬਾ ਹੈ। ਸਿੱਖ ਲਹਿਰ ਦੇ ਰੂਪ ਵਿੱਚ ਕਬਾਇਲੀ ਪੱਧਰ ਤੋਂ ਉਚੇਰੇ ਸਮਾਜਕ ਨਿਸ਼ਾਨਿਆਂ ਲਈ ਜਦੋਜਹਿਦ ਨੇ, ਜੱਟ ਕਿਸਾਨ ਦੇ ਚਰਿਤਰ ਨੂੰ ਨਵਾਂ ਰੂਪ ਚਾੜ੍ਹਿਆ। ਇਤਿਹਾਸ ਅੰਦਰ ਵੀ, ਅਤੇ ਅਜੋਕੇ ਸਮੇਂ 'ਚ ਵੀ, ਜਿੱਥੇ ਇਹ ਨਿਸ਼ਾਨੇ ਗ਼ਾਇਬ ਹੋ ਗਏ, ਉੱਥੇ ਉਸਦਾ ਵਿਹਾਰ ਮੁੜ ਕਬਾਇਲੀ ਪੱਧਰ 'ਤੇ ਆ ਡਿਗਿਆ। ਜੇਕਰ ਉਸ ਨੂੰ ਕਿਸੇ ਇਨਕਲਾਬੀ ਆਦਰਸ਼ ਦੀ ਸੱਚਮੁੱਚ ਪਕੜ ਹੋ ਜਾਵੇ, ਉਹ ਸਿੱਖੀ ਦੀ ਸਪਿਰਟ ਨੂੰ ਹਕੀਕੀ ਰੂਪ 'ਚ ਗ੍ਰਹਿਣ ਕਰ ਲਵੇ ਤਾਂ ਉਹ ਬਹੁਤ ਦੁਸ਼ਵਾਰ ਹਾਲਤਾਂ ਵਿੱਚ ਵੀ ਇਰਾਦੇ ਦੀ ਅਡੋਲਤਾ ਪ੍ਰਗਟਾਅ ਸਕਦਾ ਅਤੇ ਸਿਦਕ ਦੇ ਨਵੇਂ ਕੀਰਤੀਮਾਨ ਸਥਾਪਤ ਕਰ ਸਕਦਾ ਹੈ; ਸਾਲਾਂ ਬੱਧੀ, ਬਲਕਿ ਦਹਾਕਿਆਂ ਬੱਧੀ, ਅੱਤ ਦਰਜੇ ਦੀਆਂ ਮੁਸੀਬਤਾਂ ਤੇ ਤਸੀਹੇ ਝੱਲਣ ਦੇ ਬਾਵਜੂਦ, ਬਿਨਾਂ ਡੋਲੇ, ਬਿਨਾਂ ਝੁਕੇ, ਬਿਨਾਂ ਰੁਕੇ ਆਪਣੇ ਨਿਸ਼ਾਨੇ ਵੱਲ ਅਡੋਲ ਵਧ ਸਕਦਾ ਹੈ। ਨਾਉਮੀਦੀ ਦੀ ਹਾਲਤ ਵਿੱਚ ਵੀ ਕੁਰਬਾਨੀ ਤੇ ਬਹਾਦਰੀ ਦੇ ਬੇਜੋੜ ਜਲਵੇ ਦਿਖਾ ਸਕਦਾ ਹੈ। ਪਰ ਜਦ ਉਸ ਅੰਦਰ ਆਦਰਸ਼ ਦਾ ਜਜ਼ਬਾ ਕਮਜ਼ੋਰ ਪੈ ਜਾਵੇ ਤਾਂ ਉਸ ਅੰਦਰ ਖ਼ੁਦਪ੍ਰਸਤੀ, ਬੇਦਿਲੀ ਤੇ ਆਤਮ-ਸਮਰਪਣ ਕਰਨ ਦੀਆਂ ਰੁਚੀਆਂ ਸਿਰ ਚੁੱਕ ਲੈਂਦੀਆਂ ਹਨ ਅਤੇ ਉਹ ਸਸਤੇ ਭਾਅ (ਕਈ ਵਾਰ ਤਾਂ ਮੁਫ਼ਤੋ-ਮੁਫ਼ਤੀ ਹੀ!) ਵਿਕਣ ਲਈ ਤਿਆਰ ਹੋ ਜਾਂਦਾ ਹੈ। ਅਜੋਕੇ ਸਰਮਾਏਦਾਰਾਂ ਯੁਗ ਨੇ ਉਸਦੀ ਸ਼ਖ਼ਸੀਅਤ ਪ੍ਰਸਤੀ ਅਤੇ ਖ਼ੁਦਗ਼ਰਜ਼ੀ ਉੱਤੇ ਨਵਾਂ ਜੋਬਨ ਚਾੜ੍ਹ ਦਿੱਤਾ ਹੈ ਅਤੇ ਇਨਕਲਾਬੀ ਆਦਰਸ਼ ਤੋਂ

ਸੱਖਣਾ ਜੱਟ ਕਿਸਾਨ ਇਕ ਕਮਾਊ ਪਰ ਲਾਲਸਾਵਾਨ ਜੀਵ ਬਣ ਕੇ ਰਹਿ ਗਿਆ ਹੈ। ਇਹ ਅੰਸ਼ ਅਜੋਕੀ ਅਕਾਲੀ ਰਾਜਨੀਤੀ ਦੀ ਦਿਸ਼ਾ ਅਤੇ ਨੁਹਾਰ ਉੱਤੇ ਆਪਣਾ ਗਹਿਰਾ ਪ੍ਰਭਾਵ ਪ੍ਰਗਟਾਅ ਰਿਹਾ ਹੈ।

ਸੋ ਜੇਕਰ ਪੰਜਾਬ ਅੰਦਰ ਪੰਜਾਂ ਸਾਲਾਂ 'ਚ ਦੋ ਵਾਰ ਆਪਣੀ ਹਕੂਮਤ ਬਣਾਉਣ 'ਚ ਸਫਲ ਹੋਣ ਤੋਂ ਬਾਅਦ ਅਕਾਲੀ ਦਲ ਦੁਆਰਾ 1972 ਦੀਆਂ ਚੋਣਾਂ ਅੰਦਰ ਗ਼ੈਰ-ਜੱਟ ਵਰਗਾਂ ਦੀ ਹਮਾਇਤ ਤੇ ਹਮਦਰਦੀ ਨੂੰ ਬੁਰੀ ਤਰ੍ਹਾਂ ਗੁਆ ਬੈਠਣ ਅਤੇ ਗਿਆਨੀ ਜ਼ੈਲ ਸਿੰਘ ਦੇ ਇਕ ਪ੍ਰਭਾਵਸ਼ਾਲੀ ਲੋਕ ਆਗੂ ਵਜੋਂ ਉਭਰ ਆਉਣ ਦੇ ਘਟਨਾਕ੍ਰਮ ਨੂੰ ਉੱਪਰ ਬਿਆਨੇ ਚੌਖਟੇ ਵਿੱਚ ਰੱਖ ਕੇ ਦੇਖਿਆ ਜਾਵੇ ਤਾਂ ਇਸਦੇ ਸਾਰੇ ਰਹੱਸ ਉਜਾਗਰ ਹੋ ਜਾਂਦੇ ਹਨ। ਗਿਆਨੀ ਜ਼ੈਲ ਸਿੰਘ ਨੇ ਸੱਤਾ ਸੰਭਾਲਦਿਆਂ ਹੀ, ਪੰਜਾਬ ਦੇ ਗ਼ੈਰ-ਜੱਟ ਸਮਾਜੀ ਵਰਗਾਂ ਅੰਦਰ ਆਪਣਾ ਅਤੇ ਕਾਂਗਰਸ ਪਾਰਟੀ ਦਾ ਅਧਾਰ ਮਜ਼ਬੂਤ ਕਰਨ ਅਤੇ ਅਕਾਲੀ ਆਗੂਆਂ ਦੀ ਤਾਕਤ ਨੂੰ ਖੋਰਾ ਪਾਉਣ ਦੀ ਦਿਸ਼ਾ ਵੱਲ ਕਈ ਕਾਰਗਰ ਕਦਮ ਉਠਾਏ। ਅਕਾਲੀ ਸਰਕਾਰਾਂ ਦੀ ਤਰਜ਼ 'ਤੇ ਉਸਨੇ, ਆਪਣਾ 12 ਨੁਕਾਤੀ ਪ੍ਰੋਗਰਾਮ ਜਾਰੀ ਕੀਤਾ, ਜਿਸ ਵਿੱਚ ਦਲਿਤ ਵਰਗ ਨੂੰ ਵੱਡੀਆਂ ਰਾਹਤਾਂ ਦੇਣ, ਵੱਡੇ ਜ਼ਿਮੀਂਦਾਰਾਂ ਦੁਆਰਾ ਹੱਦਬੰਦੀ ਤੋਂ ਵੱਧ ਸੰਭਾਲ ਰੱਖੀਆਂ ਜ਼ਮੀਨਾਂ ਨੂੰ, ਸਰਕਾਰੀ ਮਾਲਕੀ ਹੇਠਲੀਆਂ ਜ਼ਮੀਨਾਂ ਸਮੇਤ, ਬੇਜ਼ਮੀਨੇ ਵਰਗਾਂ ਅੰਦਰ ਵੰਡ ਦੇਣ, ਗ਼ਰੀਬ ਵਰਗਾਂ ਲਈ ਨੌਕਰੀਆਂ ਦੇ ਵਿਸ਼ੇਸ਼ ਮੌਕੇ ਪੈਦਾ ਕਰਨ, ਮੁਜ਼ਾਰਾ ਕਾਨੂੰਨਾਂ ਨੂੰ ਕਰੜਾਈ ਨਾਲ ਲਾਗੂ ਕਰਨ ਵਾਸਤੇ ਇਨ੍ਹਾਂ ਵਿਚਲੀਆਂ ਚੋਰ-ਮੋਰੀਆਂ ਨੂੰ ਮੌਦੇ ਲਾਉਣ ਅਤੇ ਜ਼ਮੀਨ ਦੀ ਹੱਦ-ਬੰਦੀ ਲਈ ਪਰਿਵਾਰ ਨੂੰ ਇਕਾਈ ਮੰਨਣ, ਟਰਾਂਸਪੋਰਟ ਦੇ ਕੌਮੀਕਰਨ ਲਈ ਢੁਕਵੇਂ ਕਦਮ ਚੁੱਕਣ ਆਦਿ ਕਾਰਜਾਂ ਨੂੰ ਉਚੇਚੀ ਅਹਿਮੀਅਤ ਦਿੱਤੀ ਗਈ। ਗਿਆਨੀ ਜ਼ੈਲ ਸਿੰਘ ਨੇ ਜ਼ਮੀਨੀ ਹੱਦਬੰਦੀ ਬਾਰੇ ਕੇਂਦਰ ਸਰਕਾਰ ਦੀਆਂ ਕਾਰਜ-ਸੇਧਾਂ ਅਨੁਸਾਰ ਪੰਜਾਬ ਅੰਦਰ ਜ਼ਮੀਨ-ਮਾਲਕੀ ਦੀ ਸੀਮਾ 30 ਏਕੜ ਤੋਂ ਘਟਾ ਕੇ, ਜ਼ਮੀਨ ਦੀਆਂ ਅਲੱਗ-ਅਲੱਗ ਕਿਸਮਾਂ ਵਾਸਤੇ ਅੱਡ ਅੱਡ ਸੀਮਾਂ ਨਿਰਧਾਰਤ ਕਰਨ ਬਾਰੇ ਕਾਨੂੰਨ ਪਾਸ ਕਰ ਦਿੱਤਾ। ਸ਼ਹੀਦਾਂ ਤੇ ਆਜ਼ਾਦੀ ਘੁਲਾਟੀਆਂ ਦੇ ਸਨਮਾਨ ਵਿੱਚ ਕਈ ਕਿਸਮ ਦੇ ਕਦਮ ਚੁੱਕੇ ਗਏ। ਸ਼ਹੀਦ ਭਗਤ ਸਿੰਘ ਦੀ ਬਿਰਧ ਮਾਤਾ ਨੂੰ 'ਪੰਜਾਬ ਮਾਤਾ' ਦੀ ਉਪਾਧੀ ਤੇ ਹਜ਼ਾਰ ਰੁਪਏ ਮਹੀਨਾ ਪੈਨਸ਼ਨ ਨਾਲ ਨਿਵਾਜਿਆ ਗਿਆ। ਆਨੰਦਪੁਰ ਸਾਹਿਬ ਤੋਂ ਲੈ ਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਕ 640 ਕਿਲੋਮੀਟਰ ਲੰਮਾ ਗੁਰੂ ਗੋਬਿੰਦ ਸਿੰਘ ਮਾਰਗ ਮੁਕੰਮਲ ਕਰਕੇ 1973 ਦੀ ਵਿਸਾਖੀ 'ਤੇ ਸਰਕਾਰੀ ਪੱਧਰ 'ਤੇ ਉਸ ਮਾਰਗ ਉੱਤੇ ਪਰਭਾਵਸ਼ਾਲੀ ਜਲੂਸ ਕੱਢਿਆ ਗਿਆ, ਜਿਸ ਵਿੱਚ ਮਜਬੂਰੀ ਵੱਸ, ਅਕਾਲੀ ਆਗੂਆਂ ਨੂੰ ਵੀ, ਸ਼ਿਰਕਤ ਕਰਨੀ ਪਈ। 1976 ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਤਿੰਨ ਸੌ ਸਾਲਾ ਸ਼ਹੀਦੀ ਦਿਹਾੜੇ ਮੌਕੇ ਵੱਡੇ ਨੁਮਾਇਸ਼ੀ ਸਰਕਾਰੀ ਪ੍ਰੋਗਰਾਮ ਰਚੇ ਗਏ। 1977 ਵਿੱਚ ਅੰਮ੍ਰਿਤਸਰ ਦਾ 400 ਸਾਲਾ ਸਥਾਪਨਾ ਦਿਵਸ ਧੂਮ ਧਾਮ ਨਾਲ ਮਨਾਇਆ ਗਿਆ। ਇਸ ਦੇ ਨਾਲ ਹੀ ਪਿੰਡਾਂ ਤੇ ਸ਼ਹਿਰਾਂ ਅੰਦਰ ਗ਼ਰੀਬ ਵਰਗਾਂ ਦੀ ਸਹੂਲਤ ਲਈ ਵਿਕਾਸ ਕਾਰਜਾਂ ਵੱਲ ਉਚੇਚਾ ਧਿਆਨ ਦਿੱਤਾ ਗਿਆ।[7]

ਆਮ ਸੂਝ ਦੇ ਮੁਤਾਬਕ, ਉਪਰੋਕਤ ਕਦਮਾਂ ਨਾਲ ਗਿਆਨੀ ਜ਼ੈਲ ਸਿੰਘ ਦੀ ਸਿੱਖਾਂ ਸਮੇਤ ਆਮ ਜਨਤਾ ਅੰਦਰ, ਖ਼ਾਸ ਕਰਕੇ ਪੰਜਾਬ ਦੇ ਗ਼ੈਰ-ਜੱਟ ਅਤੇ ਗ਼ੈਰ-ਕਾਸ਼ਤਕਾਰ ਵਰਗਾਂ ਅੰਦਰ, ਚੰਗੀ ਪੈਂਠ ਬਣ ਜਾਣੀ ਚਾਹੀਦੀ ਸੀ। ਨਿਰਪੱਖ ਦ੍ਰਿਸ਼ਟੀ ਨਾਲ ਦੇਖਿਆ ਜਾਵੇ ਤਾਂ ਆਰੰਭਕ ਦੌਰ ਅੰਦਰ, ਉਹ ਪੰਜਾਬ ਦੇ ਲੋਕਾਂ ਅੰਦਰ ਸਵੱਛ ਅਤੇ ਨਿਆਂਕਾਰੀ ਰਾਜ ਪਰਬੰਧ ਬਾਰੇ ਆਸ਼ਾ ਭਰੀਆਂ ਉਮੀਦਾਂ ਜਗਾਉਣ ਵਿੱਚ ਕਾਫ਼ੀ ਸਫਲ ਹੋ ਨਿਬੜਿਆ

ਸੀ। 1972 ਵਿੱਚ ਹੀ ਸੰਤ ਫਤਹਿ ਸਿੰਘ ਤੇ ਸੰਤ ਚੰਨਣ ਸਿੰਘ ਦੀ ਮੌਤ ਸਦਕਾ ਅਕਾਲੀ ਦਲ ਅੰਦਰ ਪੈਦਾ ਹੋਇਆ ਲੀਡਰਸ਼ਿਪ ਦਾ ਖੱਪਾ ਗਿਆਨੀ ਜ਼ੈਲ ਸਿੰਘ ਲਈ ਅਕਾਲੀ ਦਲ ਨੂੰ ਭਾਂਜ ਦੇਣ ਵਿੱਚ ਹੋਰ ਵੱਧ ਸਹਾਈ ਹੋ ਸਕਦਾ ਸੀ। ਪਰ ਕੁਝ ਬਾਹਰਮੁਖੀ (objective) ਤੇ ਕੁਝ ਅੰਤਰਮੁਖੀ (subjective) ਕਾਰਨਾਂ ਕਰਕੇ, ਗਿਆਨੀ ਜ਼ੈਲ ਸਿੰਘ ਦਾ ਪੰਜਾਬ ਦੇ ਹਰ-ਦਿਲ-ਅਜ਼ੀਜ਼ ਆਗੂ ਬਣ ਕੇ ਉਭਰਨ ਦਾ ਚਾਅ ਅਤੇ ਸੁਪਨਾ ਨਾ ਸਿਰਫ਼ ਪੂਰਾ ਨਹੀਂ ਹੋ ਸਕਿਆ ਸਗੋਂ ਇਹ ਬੁਰੀ ਮੌਤ ਮਰ ਕੇ ਰਹਿ ਗਿਆ।

ਸੱਠਵਿਆਂ ਦੇ ਦੂਜੇ ਅੱਧ ਵਿੱਚ ਜਿਸ 'ਹਰੇ ਇਨਕਲਾਬ' ਨੇ ਪੰਜਾਬ ਦੀ ਕਿਸਾਨੀ ਦੇ ਵਾਰੇ ਨਿਆਰੇ ਕਰ ਦਿੱਤੇ ਸਨ, ਸੱਤਰਵਿਆਂ 'ਚ ਆ ਕੇ ਇਹ ਦਮੋਂ ਨਿਕਲਿਆ ਮਹਿਸੂਸ ਹੋਣ ਲੱਗਾ। ਖੇਤੀ ਲਈ ਲੁੜੀਂਦੀਆਂ ਵਸਤਾਂ, ਜਿਵੇਂ ਰੇਹ, ਤੇਲ, ਕੀੜੇਮਾਰ ਤੇ ਨਦੀਨ ਨਾਸ਼ਕ ਦੁਆਈਆਂ, ਮਸ਼ੀਨਰੀ ਆਦਿ ਦੀਆਂ ਕੀਮਤਾਂ 'ਚ ਖ਼ਰਗੋਸ਼-ਚਾਲ ਵਾਧੇ ਦੀ ਤੁਲਨਾ ਵਿੱਚ, ਖੇਤੀ ਜਿਨਸਾਂ ਦੀਆਂ ਕੀਮਤਾਂ 'ਚ ਕੱਛੂ-ਚਾਲ ਵਾਧੇ ਦਾ ਸਿੱਟਾ ਇਹ ਨਿਕਲਿਆ ਕਿ ਕਿਸਾਨ ਦੀ ਕਮਾਈ ਉਸਦੀ ਮੁੱਠੀ 'ਚੋਂ ਕੱਕੇ ਰੇਤੇ ਵਾਂਗੂੰ ਕਿਰਨ ਲੱਗੀ। 1973-74 ਵਿੱਚ ਕੁਝ ਕੌਮਾਂਤਰੀ ਕਾਰਨਾਂ ਤੇ ਕੁਝ ਭਾਰਤ ਸਰਕਾਰ ਦੀ ਗ਼ਲਤ ਯੋਜਨਾ ਬੰਦੀ ਦੇ ਨਤੀਜੇ ਵਜੋਂ ਤੇਲ ਅਤੇ ਰੇਹ ਦੀ ਕਿੱਲਤ ਹੋ ਗਈ ਅਤੇ ਇਸ ਦੀ ਜ਼ਖ਼ੀਰੇਬਾਜ਼ੀ ਹੋਣ ਲੱਗੀ। ਜਿਸ ਨਾਲ ਕਿਸਾਨੀ ਅੰਦਰ ਵਿਆਪਕ ਪੱਧਰ 'ਤੇ ਰੋਹ ਤੇ ਬੇਚੈਨੀ ਪਸਰਨ ਲੱਗ ਪਈ। ਪੰਜਾਬ ਅੰਦਰ ਇਕ ਗ਼ੈਰ-ਕਾਸ਼ਤਕਾਰ ਤੇ ਗ਼ੈਰ-ਜੱਟ ਭਾਈਚਾਰੇ ਨਾਲ ਸਬੰਧਤ ਵਿਅਕਤੀ ਦੇ ਮੁੱਖ ਮੰਤਰੀ ਦੀ ਕੁਰਸੀ ਉੱਤੇ ਬਿਰਾਜਮਾਨ ਹੋਣ ਦੀ ਹਕੀਕਤ ਨੂੰ ਜੱਟ ਕਾਸ਼ਤਕਾਰ ਵਰਗ ਨੇ ਪਹਿਲਾਂ ਹੀ ਮਨੋਂ ਕਬੂਲ ਨਹੀਂ ਸੀ ਕੀਤਾ ਹੋਇਆ। ਉੱਤੋਂ ਉਸ ਲਈ ਪੈਦਾ ਹੋਈਆਂ ਦੁਸ਼ਵਾਰੀਆਂ ਨੇ ਉਨ੍ਹਾਂ ਦੀ ਸੁਲਘ ਰਹੀ ਔਖ ਤੇ ਨਾਰਾਜ਼ਗੀ ਨੂੰ ਅਜਿਹਾ ਝੋਕਾ ਦੇ ਦਿੱਤਾ ਕਿ ਕਿਸਾਨ ਭਾਈਚਾਰੇ ਅੰਦਰ, ਭਾਰਤ ਦੇ ਕਾਂਗਰਸੀ ਹਾਕਮਾਂ ਵਿਰੁੱਧ ਆਮ ਕਰਕੇ ਅਤੇ ਗਿਆਨੀ ਜ਼ੈਲ ਸਿੰਘ ਖ਼ਿਲਾਫ਼ ਖ਼ਾਸ ਕਰਕੇ, ਵਿਆਪਕ ਰੋਹ ਦੀ ਅੱਗ ਭੜਕ ਉਠੀ। 5 ਅਤੇ 7 ਅਕਤੂਬਰ 1972 ਨੂੰ ਮੋਗੇ ਵਿਖੇ ਇਕ ਸਿਨੇਮੇ (ਰੀਗਲ) ਦੇ ਮਾਲਕਾਂ ਵੱਲੋਂ ਟਿਕਟਾਂ ਦੀ ਬਲੈਕ ਵਿਰੁੱਧ ਰੋਸ ਪ੍ਰਗਟਾਉਂਦੇ ਵਿਦਿਆਰਥੀਆਂ ਉੱਤੇ ਪੁਲਸ ਗੋਲੀਬਾਰੀ ਦੀ ਵਹਿਸ਼ੀ ਵਾਰਦਾਤ (ਜਿਸ ਵਿੱਚ ਅੱਧੀ ਦਰਜਨ ਤੋਂ ਵੱਧ ਨੌਜੁਆਨ ਹਲਾਕ ਕਰ ਦਿੱਤੇ ਗਏ ਸਨ) ਨੇ ਪੰਜਾਬ ਭਰ ਦੇ ਵਿਦਿਆਰਥੀਆਂ ਅੰਦਰ ਏਨਾ ਤਿੱਖਾ ਰੋਹ ਭੜਕਾ ਦਿੱਤਾ ਕਿ ਸਮੁੱਚਾ ਪੰਜਾਬ ਲਗਾਤਾਰ ਕਈ ਹਫ਼ਤਿਆਂ ਤਕ ਸਰਕਾਰ ਵਿਰੋਧੀ ਹਿੰਸਕ ਦਿਖਾਵਿਆਂ ਦੀ ਗ੍ਰਿਫ਼ਤ ਵਿੱਚ ਆਇਆ ਰਿਹਾ। ਇਸੇ ਦੌਰਾਨ ਗੁਜਰਾਤ ਅਤੇ ਬਿਹਾਰ ਅੰਦਰ ਸ੍ਰੀ ਜੈ ਪ੍ਰਕਾਸ਼ ਨਰਾਇਣ ਦੀ ਅਗਵਾਈ ਹੇਠ ਕਾਂਗਰਸੀ ਹਾਕਮਾਂ ਵਿਰੁੱਧ ਲਾਮਿਸਾਲ ਜਨਤਕ ਅੰਦੋਲਨਾਂ ਨੇ ਸਰੂਪ ਧਾਰਨ ਕਰ ਲਏ, ਜਿਨ੍ਹਾਂ ਨੇ ਸਮੁੱਚੇ ਦੇਸ ਦੇ ਮਾਹੌਲ ਨੂੰ ਅਜਿਹਾ ਗਰਮਾ ਦਿੱਤਾ ਕਿ 1971 ਵਿੱਚ ਲਾਮਿਸਾਲ ਜਨਤਕ ਹਮਾਇਤ ਜੁਟਾਉਣ ਵਾਲੀ 'ਦੁਰਗਾ' ਦਾ ਸਿੰਘਾਸਣ ਡਿਕਡੋਲੇ ਖਾ ਉਠਿਆ। ਇੰਦਰਾ ਗਾਂਧੀ ਵਰਗੀ ਤਬੀਅਤ ਵਾਲੇ ਹਾਕਮਾਂ ਸਾਹਮਣੇ ਜਦ ਵੀ ਅਜਿਹੀ ਹਾਲਤ ਪੈਦਾ ਹੁੰਦੀ ਹੈ ਤਾਂ ਉਨ੍ਹਾਂ ਅੰਦਰ ਫ਼ਾਸ਼ੀ-ਬਲ ਮਰੋੜੇ ਖਾ ਉਠਦਾ ਹੈ ਅਤੇ ਉਹ ਆਪਣੀ ਸੰਕਟ-ਮੂੰਹ ਆਈ ਗੱਦੀ ਦੀ ਸਲਾਮਤੀ ਲਈ ਫ਼ਾਸ਼ੀਵਾਦ ਦੇ ਰਾਹ ਪੈ ਤੁਰਦੇ ਹਨ। ਇੰਦਰਾ ਗਾਂਧੀ ਨੇ ਵੀ ਅਜਿਹਾ ਹੀ ਕੀਤਾ। ਉਸਨੇ ਅਲਾਹਾਬਾਦ ਹਾਈ ਕੋਰਟ ਦੁਆਰਾ ਉਸਦੀ ਲੋਕ ਸਭਾ ਦੀ ਮੈਂਬਰੀ ਨੂੰ ਅਯੋਗ ਠਹਿਰਾਅ ਦੇਣ ਦੇ ਫ਼ੈਸਲੇ ਅੱਗੇ ਜਮਹੂਰੀਅਤ ਦੀ ਭਾਵਨਾ ਅਨੁਸਾਰ ਆਪਣਾ ਸਿਰ ਨਿਵਾਉਣ ਦੀ ਥਾਂ, ਜਮਹੂਰੀਅਤ ਦੇ ਸਿਰ ਨੂੰ ਹੀ ਕਲਮ ਕਰ ਦੇਣ ਦਾ ਜਮਹੂਰੀਅਤਘਾਤੀ ਰੁਖ਼ ਅਖ਼ਤਿਆਰ ਕਰ ਲਿਆ।

## ਕਾਂਗਰਸ ਦੀ ਹਾਰ : ਐਮਰਜੈਂਸੀ ਦਾ ਕੌੜਾ ਫਲ

25-26 ਜੂਨ (1975) ਦੀ ਅੱਧੀ ਰਾਤ ਨੂੰ ਕੇਂਦਰ ਸਰਕਾਰ ਨੇ ਸੰਵਿਧਾਨ ਦੀ ਧਾਰਾ 352 ਦੇ ਅਧੀਨ ਦੇਸ ਅੰਦਰ ਹੰਗਾਮੀ ਹਾਲਤ (ਐਮਰਜੈਂਸੀ) ਦਾ ਐਲਾਨ ਕਰ ਦਿੱਤਾ ਅਤੇ ਲੋਕਾਂ ਕੋਲੋਂ ਉਨ੍ਹਾਂ ਦੇ ਸੋਚਣ, ਬੋਲਣ, ਲਿਖਣ, ਜਥੇਬੰਦ ਹੋਣ ਅਤੇ ਵਿਰੋਧ ਦਿਖਾਵੇ ਕਰਨ ਦੇ ਸਾਰੇ ਜਮਹੂਰੀ ਅਧਿਕਾਰ ਖੋਹ ਲਏ ਗਏ। ਆਜ਼ਾਦ ਭਾਰਤ ਅੰਦਰ ਜਮਹੂਰੀਅਤ ਨੂੰ ਇਸ ਤਰ੍ਹਾਂ ਕਤਲ ਕਰ ਸੁੱਟਣ ਦਾ ਇਹ ਪਹਿਲਾ ਵਾਕਿਆ ਸੀ। ਇੰਦਰਾ ਗਾਂਧੀ ਨੇ ਆਪਣੇ ਛੋਟੇ ਪੁੱਤਰ (ਸੰਜੇ ਗਾਂਧੀ) ਨੂੰ ਆਪਣੀ ਗੱਦੀ ਦੇ ਵਾਰਸ ਵਜੋਂ ਉਭਾਰਨ ਤੇ ਸ਼ਿੰਗਾਰਨ ਦੀ ਮੁਹਿੰਮ ਨੂੰ ਸਿਖਰੀਂ ਲਿਜਾਂਦਿਆਂ ਹੋਇਆਂ ਸਮੁੱਚਾ ਰਾਜ-ਪ੍ਰਬੰਧ ਉਸਦੇ ਅਨਾੜੀ ਅਤੇ ਉਲੱਥ ਹੱਥਾਂ ਦੇ ਹਵਾਲੇ ਕਰ ਦਿੱਤਾ। ਸੰਜੇ ਗਾਂਧੀ ਨੂੰ ਦਿੱਲੀ ਸ਼ਹਿਰ ਨੂੰ ਸੁੰਦਰ ਬਣਾਉਣ ਅਤੇ ਭਾਰਤ ਦੀ ਜਨਸੰਖਿਆ ਵਿੱਚ ਹੋ ਰਹੇ ਵਾਧੇ ਨੂੰ ਥਾਏਂ ਰੋਕ ਦੇਣ ਦੀ ਅਜਿਹੀ ਖ਼ਬਤ ਉੱਠੀ ਕਿ ਉਸਨੇ ਦਿੱਲੀ ਦੀਆਂ ਗ਼ਰੀਬ ਮੁਸਲਮਾਨ ਬਸਤੀਆਂ ਨੂੰ ਬੁਲਡੋਜ਼ਰਾਂ ਨਾਲ ਢਹਿ ਕਰ ਦੇਣ ਅਤੇ ਉੱਤਰੀ ਭਾਰਤ ਦੇ ਰਾਜਾਂ ਅੰਦਰ ਆਮ ਲੋਕਾਂ ਦੀ ਜਬਰੀ ਨਸਬੰਦੀ ਕਰਨ ਦੀ ਧੱਕੜ ਮੁਹਿੰਮ ਛੇੜ ਦਿੱਤੀ। ਇਨ੍ਹਾਂ ਫ਼ਾਸ਼ੀ ਕਦਮਾਂ ਨੇ ਪੰਜਾਬ ਸਮੇਤ ਉੱਤਰੀ ਭਾਰਤ ਦੇ ਸਾਰੇ ਰਾਜਾਂ ਅੰਦਰ ਲੋਕਾਂ ਦੀਆਂ ਭਾਵਨਾਵਾਂ ਨੂੰ ਲਾਂਬੂ ਲਾ ਦਿੱਤੇ। ਜਿਸ ਦੇ ਸਿੱਟੇ ਵਜੋਂ ਮਾਰਚ 1977 ਵਿੱਚ ਹੋਈਆਂ ਲੋਕ ਸਭਾ ਦੀਆਂ ਚੋਣਾਂ ਅੰਦਰ ਉੱਤਰੀ ਭਾਰਤ ਅੰਦਰੋਂ ਇੰਦਰਾ ਕਾਂਗਰਸ ਦਾ ਪੂਰੀ ਤਰ੍ਹਾਂ ਸਫ਼ਾਇਆ ਹੋ ਗਿਆ। ਸਾਰੇ ਖੇਤਰ ਅੰਦਰੋਂ ਉਸ ਦਾ ਇਕ ਵੀ ਉਮੀਦਵਾਰ ਜੇਤੂ ਨਹੀਂ ਹੋ ਸਕਿਆ। ਭਾਵੇਂ ਦੱਖਣੀ ਰਾਜਾਂ ਅੰਦਰ ਉਸਦੀ ਪੋਜ਼ੀਸ਼ਨ ਜਿਉਂ ਦੀ ਤਿਉਂ ਬਰਕਰਾਰ ਰਹੀ, ਪਰ ਇਸ ਨਾਲ ਉਹ ਉੱਤਰੀ ਭਾਰਤ ਅੰਦਰ ਝੁੱਲੀ ਹਨੇਰੀ ਤੋਂ ਆਪਣੀ ਗੱਦੀ ਬਚਾ ਕੇ ਨਾ ਰੱਖ ਸਕੀ। ਕੇਂਦਰ ਅੰਦਰ, ਭਾਰਤ ਦੇ ਸਭਨਾਂ ਪਰਮੁੱਖ ਵਿਰੋਧੀ ਦਲਾਂ ਦੇ ਰਲੇਵੇਂ ਨਾਲ ਹੋਂਦ ਵਿੱਚ ਆਈ ਜਨਤਾ ਪਾਰਟੀ ਦੀ ਹਕੂਮਤ ਕਾਇਮ ਹੋ ਗਈ ਜਿਸਨੇ ਉੱਤਰੀ ਰਾਜਾਂ ਅੰਦਰਲੀਆਂ ਕਾਂਗਰਸ ਸਰਕਾਰਾਂ ਨੂੰ ਬਰਤਰਫ਼ ਕਰ ਕੇ ਨਵੀਆਂ ਅਸੰਬਲੀ ਚੋਣਾਂ ਕਰਾਉਣ ਦਾ ਨਿਰਣਾ ਲੈ ਲਿਆ। ਅਕਾਲੀ ਦਲ, ਜਿਸਨੇ 1973-74 ਤੋਂ ਹੀ ਜੈ ਪ੍ਰਕਾਸ਼ ਨਰਾਇਣ ਦੀ ਅਗਵਾਈ ਹੇਠ ਉੱਭਰ-ਉਸਰ ਰਹੀ ਲਹਿਰ ਨਾਲ ਆਪਣਾ ਪੱਕਾ ਨਾਤਾ ਗੰਢ ਲਿਆ ਹੋਇਆ ਸੀ ਅਤੇ ਜਿਸਨੇ ਲੀਡਰਸ਼ਿਪ ਅੰਦਰਲੇ ਇਕ ਵਰਗ ਦੀ ਡਾਵਾਂਡੋਲਤਾ ਉੱਤੇ ਕਾਬੂ ਪਾਉਂਦੇ ਹੋਏ ਐਮਰਜੈਂਸੀ ਵਿਰੁੱਧ ਮੋਰਚਾ ਲਾ ਕੇ ਅਤੇ ਨੌਂ ਮਹੀਨਿਆਂ ਅੰਦਰ ਚਾਲ੍ਹੀ ਹਜ਼ਾਰ ਤੋਂ ਉਪਰ ਗ੍ਰਿਫ਼ਤਾਰੀਆਂ ਦੇ ਕੇ ਦੇਸ ਭਰ ਅੰਦਰ ਜਮਹੂਰੀਅਤ ਲਈ ਜਦੋਜਹਿਦ ਦੀ ਗੁਰਜ ਜਿੱਤ ਲੈਣ ਦਾ ਮਾਣ ਅਤੇ ਜਸ ਖੱਟ ਲਿਆ ਹੋਇਆ ਸੀ, ਨੇ ਜਨਤਾ ਪਾਰਟੀ ਨਾਲ ਚੋਣ ਗੱਠਜੋੜ ਕਰ ਕੇ ਪੰਜਾਬ ਅਸੰਬਲੀ ਦੀਆਂ ਚੋਣਾਂ ਅੰਦਰ ਹੂੰਝਾ ਫੇਰੂ ਜਿੱਤ ਹਾਸਲ ਕਰ ਲਈ। ਇਸਨੇ ਕੁੱਲ 31 ਫ਼ੀਸਦੀ ਵੋਟਾਂ ਲੈ ਕੇ 58 ਸੀਟਾਂ ਆਪਣੇ ਬੋਝੇ ਵਿੱਚ ਪਾ ਲਈਆਂ। ਇਕੱਲੀ ਜਨਤਾ ਪਾਰਟੀ ਨੇ ਹੀ ਕਾਂਗਰਸ ਕੋਲੋਂ 25 ਸੀਟਾਂ ਖੋਹ ਲਈਆਂ। ਕਾਂਗਰਸ ਨੂੰ 1972 ਵਿੱਚ 66 ਦੇ ਮੁਕਾਬਲੇ 1977 ਵਿੱਚ ਕੇਵਲ 17 ਸੀਟਾਂ 'ਤੇ ਹੀ ਜਿੱਤ ਨਸੀਬ ਹੋ ਸਕੀ ਅਤੇ ਵੋਟ ਪ੍ਰਤੀਸ਼ਤ ਵਿੱਚ ਤਕਰੀਬਨ 9 ਫ਼ੀਸਦੀ ਦਾ ਖਸਾਰਾ ਝੱਲਣਾ ਪਿਆ।[8] ਇਕ ਵਾਰ ਫਿਰ ਪੰਜਾਬ ਦਾ ਹਿੰਦੂ ਵਰਗ ਭਾਰੂ ਰੂਪ ਵਿੱਚ ਕਾਂਗਰਸ ਦੇ ਵਿਰੋਧ ਵਿੱਚ ਖੜ੍ਹਾ ਹੋ ਗਿਆ ਅਤੇ ਇਸ ਤਰ੍ਹਾਂ, ਉਸਦੀ ਪੰਜਾਬ ਦੇ ਚੋਣ ਨਤੀਜਿਆਂ ਨੂੰ ਆਪਣੀ ਮਰਜ਼ੀ ਅਨੁਸਾਰ ਪ੍ਰਭਾਵਿਤ ਕਰ ਸਕਣ ਦੀ ਸਮਰੱਥਾ ਦਾ ਸਾਰੇ ਰਾਜਸੀ ਦਲਾਂ ਨੂੰ ਲੋਹਾ ਮੰਨਣਾ ਪਿਆ। ਭਾਵੇਂ ਅਕਾਲੀ ਦਲ ਆਪਣੀ ਨਿਰੋਲ ਬਹੁਗਿਣਤੀ ਦੇ

ਜ਼ੋਰ ਇਕੱਲਿਆਂ ਹੀ ਆਪਣੀ ਸਰਕਾਰ ਬਣਾ ਸਕਦਾ ਸੀ, ਪਰ ਅਕਾਲੀ ਲੀਡਰਸ਼ਿਪ ਨੇ ਲੰਮੀ ਸੋਚ ਕੇ ਜਨਤਾ ਪਾਰਟੀ ਨਾਲ ਸਾਂਝੀ ਸਰਕਾਰ ਬਣਾਉਣ ਨੂੰ ਤਰਜੀਹ ਦਿੱਤੀ। ਕਿਉਂਕਿ ਅਕਾਲੀ ਦਲ ਕੁੱਲ ਹਿੰਦ ਪੱਧਰ 'ਤੇ ਅਮਲੀ ਤੌਰ 'ਤੇ ਜਨਤਾ ਪਾਰਟੀ ਦੀ ਸਹਾਇਕ ਟੁਕੜੀ ਵਜੋਂ ਵਿਚਰ ਰਿਹਾ ਸੀ ਅਤੇ ਕੇਂਦਰ ਦੀ ਜਨਤਾ ਸਰਕਾਰ ਵਿੱਚ ਛੋਟਾ ਭਾਈਵਾਲ ਬਣਿਆ ਹੋਇਆ ਸੀ। ਸੋ 20 ਜੂਨ 1977 ਨੂੰ ਸ: ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਪੰਜਾਬ ਅੰਦਰ ਇਕ ਵਾਰ ਫਿਰ ਸਾਂਝੀ ਸਰਕਾਰ ਨੇ ਕਾਰਜਕਾਰ ਸੰਭਾਲ ਲਿਆ। ਸ: ਬਾਦਲ ਦੀ ਮੁੱਖ ਮੰਤਰੀ ਦੇ ਰੂਪ ਵਿੱਚ ਇਹ ਦੂਜੀ ਮਿੱਤ ਸੀ। ਜੇਕਰ ਅਕਾਲੀ ਲੀਡਰਸ਼ਿਪ ਦੇ ਆਮ ਰਾਜਸੀ ਸੁਭਾਅ ਅਤੇ ਸਭਿਆਚਾਰ ਦੀ ਗੱਲ ਕਰਨੀ ਹੋਵੇ ਤਾਂ ਅਕਾਲੀ ਦਲ ਦੀ ਅਗਵਾਈ ਹੇਠ ਬਣੀ ਸਰਕਾਰ ਦੀ ਇਹ ਤੀਜੀ ਪਾਰੀ ਮਾਮੂਲੀ ਫ਼ਰਕਾਂ ਨਾਲ ਪਹਿਲੀਆਂ ਦੋ ਪਾਰੀਆਂ ਦਾ ਹੀ ਸੁਸਤ ਦੁਹਰਾਉ ਸੀ। ਪੰਜਾਬ ਅੰਦਰ ਜਨਤਾ ਪਾਰਟੀ ਜਨਸੰਘ ਦਾ ਹੀ ਨਵਾਂ ਅਵਤਾਰ ਸੀ। ਬੇਸ਼ੱਕ ਸੰਤ ਫਤਹਿ ਸਿੰਘ ਇਸ ਸੰਸਾਰ ਤੋਂ ਕੂਚ ਕਰ ਚੁਕਿਆ ਸੀ ਪਰ ਅਕਾਲੀ ਦਲ ਉਸ ਦੁਆਰਾ ਨਿਰਧਾਰਤ ਕੀਤੀ ਮਾਰਗ-ਸੇਧ ਦੀ ਵਫ਼ਾਦਾਰੀ ਨਾਲ ਆਗਿਆ ਪਾਲਣ ਕਰ ਕੇ ਚੱਲ ਰਿਹਾ ਸੀ। ਸੋ ਇਸ ਹਿਸਾਬ ਨਾਲ, ਨਵੀਂ ਸਰਕਾਰ ਨੂੰ ਦਰਪੇਸ਼ ਹਾਲਤਾਂ ਅਤੇ ਸਮੱਸਿਆਵਾਂ ਅਤੇ ਇਨ੍ਹਾਂ ਪ੍ਰਤੀ ਦੋਨੋਂ ਪਰਮੁੱਖ ਸਾਂਝੀਦਾਰਾਂ (ਅਕਾਲੀ ਦਲ ਤੇ ਜਨਸੰਘ) ਦੀ ਪਹੁੰਚ ਅਤੇ ਰਵਈਏ ਅੰਦਰ, ਬੁਨਿਆਦੀ ਤਾਂ ਕੀ, ਵੱਡੀ ਤਬਦੀਲੀ ਵੀ ਦੇਖਣ ਨੂੰ ਨਹੀਂ ਮਿਲੀ। ਸਾਂਝੀ ਸਰਕਾਰ ਦਾ ਇਹ ਤੀਜਾ ਦੌਰ ਸਭਨਾਂ ਅਹਿਮ ਪੱਖਾਂ ਤੋਂ ਪਹਿਲੇ ਦੋ ਗੇੜਾਂ ਦਾ ਹੀ ਦੁਹਰਾਓ-ਅਮਲ ਸਾਬਤ ਹੋ ਗੁਜ਼ਰਿਆ।

ਪਹਿਲੇ ਦੋ ਗੇੜਾਂ ਵਾਂਗ ਹੀ ਅਕਾਲੀ-ਜਨਤਾ ਗੱਠਜੋੜ ਸਰਕਾਰ ਦੀਆਂ ਨੀਤੀਆਂ ਅਤੇ ਵਿਕਾਸ ਕਾਰਜਾਂ ਦਾ ਪਲੜਾ ਪੇਂਡੂ ਖੇਤਰ ਅਤੇ ਖੇਤੀ ਸੈਕਟਰ ਵੱਲ ਬਰਾਬਰ ਝੁਕਿਆ ਰਿਹਾ। ਪੇਂਡੂ ਜਨਤਾ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ 302 ਕਰੋੜ ਰੁਪਏ ਦਾ ਸੰਯੁਕਤ ਪੇਂਡੂ ਵਿਕਾਸ ਪ੍ਰੋਗਰਾਮ (IRDP) ਛੋਹਿਆ ਗਿਆ। ਹਿਮਾਚਲ ਸਰਕਾਰ ਨਾਲ ਥੀਨ ਡੈਮ ਪ੍ਰੋਜੈਕਟ ਦਾ ਸਮਝੌਤਾ ਸਹੀਬੰਦ ਕੀਤਾ ਗਿਆ। ਗ਼ਰੀਬ ਕਿਸਾਨਾਂ ਨੂੰ ਰਾਹਤ ਦੇਣ ਲਈ ਬਿਜਲੀ ਦੀਆਂ ਮੋਟਰਾਂ ਦੇ ਬਿੱਲਾਂ ਤੇ ਸਹਿਕਾਰੀ ਕਰਜ਼ੇ ਦੀਆਂ ਦਰਾਂ 'ਚ ਕਟੌਤੀਆਂ ਕੀਤੀਆਂ ਗਈਆਂ। ਪਿੰਡਾਂ ਨੂੰ ਪੱਕੀਆਂ ਸੜਕਾਂ ਨਾਲ ਜੋੜਨ, ਪੇਂਡੂ ਹਸਪਤਾਲਾਂ ਤੇ ਡਿਸਪੈਂਸਰੀਆਂ 'ਚ ਵਾਧਾ ਕਰਨ, ਦਲਿਤ ਵਰਗਾਂ ਲਈ ਪਿੰਡਾਂ 'ਚ ਧਰਮਸ਼ਾਲਾਵਾਂ ਬਣਾਉਣ ਅਤੇ ਉਨ੍ਹਾਂ ਨੂੰ ਅੱਠ ਹਜ਼ਾਰ ਰੁਪਏ ਤਕ ਮੁਫ਼ਤ ਕਰਜ਼ੇ ਦੇਣ ਵਰਗੀਆਂ ਲੋਕ ਭਲਾਈ ਸਕੀਮਾਂ ਤੇ ਵਿਕਾਸ-ਸਰਗਰਮੀਆਂ ਦਾ ਪੇਂਡੂ ਲੋਕਾਂ ਦੇ ਜੀਵਨ ਉੱਤੇ ਅੱਛਾ ਪਰਭਾਵ ਪਿਆ। ਇਕ ਤੁਲਨਾਤਮਿਕ ਅਧਿਐਨ ਅਨੁਸਾਰ 1972-77 ਦੇ ਕਾਂਗਰਸੀ ਰਾਜ ਹੇਠ ਖੇਤੀ ਪੈਦਾਵਾਰ ਵਿੱਚ ਹੋਏ 5.5 ਫ਼ੀਸਦੀ ਵਾਧੇ ਦੀ ਤੁਲਨਾ ਵਿੱਚ 1977-79 ਦੇ ਦੋ ਵਰ੍ਹਿਆਂ ਦੌਰਾਨ ਇਸ ਅੰਕ ਵਿੱਚ 3 ਫ਼ੀਸਦੀ ਵਾਧਾ ਨੋਟ ਕੀਤਾ ਗਿਆ। ਝੋਨੇ ਦੀ ਪੈਦਾਵਾਰ 1972-77 ਵਿੱਚ 17.56 ਲੱਖ ਟਨ ਪ੍ਰਤੀ ਸਾਲ ਤੋਂ ਵਧ ਕੇ 1977-79 ਵਿੱਚ 31 ਲੱਖ ਟਨ ਹੋ ਗਈ। ਕਣਕ ਦੀ ਪੈਦਾਵਾਰ ਵੀ 57.59 ਲੱਖ ਟਨ ਤੋਂ ਵਧ ਕੇ 69 ਲੱਖ ਟਨ ਤਕ ਜਾ ਅੱਪੜੀ। ਜੇਕਰ ਕਾਂਗਰਸ ਹਕੂਮਤ ਹੇਠ ਪੰਜਾਂ ਸਾਲਾਂ 'ਚ ਕੁੱਲ 15,490 ਟਿਊਬਵੈੱਲ ਚਾਲੂ ਕੀਤੇ ਗਏ ਤਾਂ ਅਕਾਲੀ ਜਨਤਾ ਸਰਕਾਰ ਦੇ ਦੋ ਸਾਲਾਂ ਅੰਦਰ ਹੀ ਇਸ ਨਾਲੋਂ ਡੇਢੇ, ਅਰਥਾਤ 23,714 ਟਿਊਬਵੈੱਲ ਲਗਾਏ ਗਏ। ਮੋਟਰਾਂ ਦੇ ਬਿੱਲਾਂ ਦੀ ਦਰ 17.50 ਰੁਪਏ ਪ੍ਰਤੀ ਹਾਰਸ ਪਾਵਰ ਤੋਂ ਘਟਾ ਕੇ 11.50 ਰੁਪਏ ਪ੍ਰਤੀ ਹਾਰਸ ਪਾਵਰ ਕਰ ਦਿੱਤੀ ਗਈ। ਜੇਕਰ ਕਾਂਗਰਸ ਦੇ ਪੰਜ ਸਾਲਾ

ਰਾਜ ਕਾਲ ਅੰਦਰ ਕੁੱਲ 6204 ਹੈਕਟੇਅਰ ਜ਼ਮੀਨ ਪੱਧਰੀ ਕੀਤੀ ਗਈ ਤਾਂ ਅਕਾਲੀ ਜਨਤਾ ਸਰਕਾਰ ਦੇ ਦੋ ਵਰ੍ਹਿਆਂ ਦੌਰਾਨ ਹੀ ਇਸ ਨਾਲੋਂ ਪੰਜ ਗੁਣਾ ਤੋਂ ਵੀ ਵੱਧ (36,338 ਹੈਕਟੇਅਰ) ਜ਼ਮੀਨ ਪੱਧਰੀ ਕਰ ਕੇ ਸੇਂਜੂ ਵਾਹੀ ਦੇ ਯੋਗ ਬਣਾਈ ਗਈ। ਕਾਂਗਰਸ ਦੇ ਰਾਜ ਹੇਠ ਜਾਰੀ ਹੋਏ ਕੁੱਲ 70 ਕਰੋੜ ਦੇ ਸਹਿਕਾਰੀ ਕਰਜ਼ਿਆਂ ਦੀ ਰਕਮ ਅਕਾਲੀ ਜਨਤਾ ਸਰਕਾਰ ਦੇ ਰਾਜ-ਕਾਲ ਅੰਦਰ ਸੌ ਕਰੋੜ ਦੀ ਸੀਮਾ ਪਾਰ ਕਰ ਗਈ। ਸਬਸਿਡੀਆਂ 41 ਲੱਖ ਰੁਪਏ ਤੋਂ ਵਧ ਕੇ ਇਕ ਕਰੋੜ 32 ਲੱਖ ਰੁਪਏ ਤਕ ਅੱਪੜ ਗਈਆਂ। ਰਸਾਇਣਕ ਖਾਦਾਂ ਦੀ ਖਪਤ 3.09 ਲੱਖ ਟਨ ਸਾਲਾਨਾ ਤੋਂ ਵਧ ਕੇ 5.32 ਲੱਖ ਟਨ ਸਾਲਾਨਾ ਹੋ ਗਈ। ਜਿੱਥੇ ਕਾਂਗਰਸ ਰਾਜ ਦੇ ਪੰਜਾਂ ਸਾਲਾਂ ਦੌਰਾਨ 364 ਕਿਲੋਮੀਟਰ ਸੂਏ ਅਤੇ 833 ਕਿਲੋਮੀਟਰ ਖਾਲੇ ਪੱਕੇ ਕੀਤੇ, ਉੱਥੇ ਅਕਾਲੀ ਜਨਤਾ ਸਰਕਾਰ ਦੇ ਦੋ ਸਾਲਾਂ ਅੰਦਰ 760 ਕਿਲੋਮੀਟਰ ਸੂਏ ਤੇ 7200 ਕਿਲੋਮੀਟਰ ਖਾਲੇ ਪੱਕੇ ਕੀਤੇ ਗਏ। ਕਾਂਗਰਸ ਰਾਜ ਦੇ ਵੀਹ ਸਾਲਾਂ ਅੰਦਰ ਖੋਹਲੇ ਗਏ ਕੁਲ 316 ਸਹਾਇਕ ਸਿਹਤ ਕੇਂਦਰਾਂ ਦੀ ਤੁਲਨਾ ਵਿੱਚ ਬਾਦਲ ਸਰਕਾਰ ਨੇ ਦੋ ਸਾਲਾਂ ਅੰਦਰ 330 ਸਹਾਇਕ ਸਿਹਤ ਕੇਂਦਰਾਂ ਦੀ ਸਥਾਪਨਾ ਕਰ ਮਾਰੀ। ਕਾਂਗਰਸ ਰਾਜ ਦੇ ਵੀਹ ਸਾਲਾਂ 'ਚ ਪੇਂਡੂ ਖੇਤਰ ਅੰਦਰ 25 ਬਿਸਤਰਿਆਂ ਦੇ ਸਿਰਫ਼ 7 ਹਸਪਤਾਲ ਹੀ ਖੋਹਲੇ ਗਏ, ਜਦ ਕਿ ਅਕਾਲੀ-ਜਨਤਾ ਸਰਕਾਰ ਨੇ ਦੋ ਸਾਲਾਂ ਅੰਦਰ ਹੀ ਅਜਿਹੇ 46 ਹਸਪਤਾਲ ਖੋਲ੍ਹ ਦਿੱਤੇ। ਇਸ ਤੋਂ ਇਲਾਵਾ ਪੇਂਡੂ ਇਲਾਕਿਆਂ ਅੰਦਰ 6 ਕਤਾਈ ਮਿਲਾਂ, ਦੋ ਖੰਡ ਮਿਲਾਂ ਤੇ 7 ਕੱਪੜਾ ਮਿਲਾਂ ਖੋਹਲੀਆਂ ਗਈਆਂ, ਜਦ ਕਿ ਕਾਂਗਰਸ ਰਾਜ ਹੇਠ ਪੇਂਡੂ ਖੇਤਰ ਅੰਦਰ ਅਜਿਹੀ ਇਕ ਵੀ ਮਿਲ ਨਹੀਂ ਖੋਹਲੀ ਗਈ। ਜੇਕਰ ਕਾਂਗਰਸ ਸਰਕਾਰ ਨੇ ਪੰਜਾਂ ਸਾਲਾਂ 'ਚ 225 ਸਕੂਲਾਂ ਦਾ ਦਰਜਾ ਵਧਾਇਆ ਤਾਂ ਅਕਾਲੀ ਜਨਤਾ ਸਰਕਾਰ ਨੇ ਦੋ ਸਾਲਾਂ 'ਚ 328 ਸਕੂਲ ਅਪਗਰੇਡ ਕਰ ਦਿੱਤੇ। ਇਸ ਤਰ੍ਹਾਂ ਅਕਾਲੀ ਦਲ ਦੀਆਂ ਪੰਜਾਬ ਨੂੰ ਭਾਰਤ ਦਾ 'ਕੈਲੀਫ਼ੋਰਨੀਆ' ਬਣਾਉਣ ਦੀਆਂ ਖ਼ਾਹਸ਼ਾਂ ਤੇ ਕੋਸ਼ਿਸ਼ਾਂ ਦੇ ਨਤੀਜੇ ਵਜੋਂ ਸਮੁੱਚੇ ਭਾਰਤ ਦੀ ਔਸਤਨ 1248 ਰੁਪਏ ਪ੍ਰਤੀ ਜੀਅ ਆਮਦਨ ਦੀ ਤੁਲਨਾ ਵਿੱਚ ਪੰਜਾਬ ਦੀ ਪ੍ਰਤੀ ਜੀਅ ਆਮਦਨ ਇਸ ਨਾਲੋਂ ਦੋ ਗੁਣਾ ਦੇ ਨੇੜੇ (2101 ਰੁਪਏ) ਜਾ ਪਹੁੰਚੀ।[9]

ਜੇਕਰ ਮਨੁੱਖ ਨਿਰਾ ਆਰਥਿਕ ਜੀਵ ਹੁੰਦਾ ਤਾਂ ਪੰਜਾਬ ਦੇ ਲੋਕ, ਖ਼ਾਸ ਕਰਕੇ ਸਿੱਖ ਭਾਈਚਾਰਾ, ਅਤੇ ਉਸ ਤੋਂ ਵਧ ਕੇ ਜੱਟ ਕਿਸਾਨ ਵਰਗ ਦੀ, ਅਕਾਲੀ-ਜਨਤਾ ਸਰਕਾਰ ਪ੍ਰਤੀ ਕਿਸੇ ਵੱਡੀ ਅਸੰਤੁਸ਼ਟੀ ਜਾਂ ਨਾਰਾਜ਼ਗੀ ਦੀ ਕੋਈ ਵਜ੍ਹਾ ਨਹੀਂ ਸੀ ਬਣਦੀ। ਕਿਉਂਕਿ ਇਸ ਸਰਕਾਰ ਨੇ ਪੇਂਡੂ ਭਾਈਚਾਰੇ ਦੀ ਆਮ ਕਰਕੇ ਅਤੇ ਕਿਸਾਨ ਵਰਗ ਦੀ ਖ਼ਾਸ ਕਰਕੇ, ਆਰਥਿਕ ਬਿਹਤਰੀ ਤੇ ਸਮਾਜਿਕ ਭਲਾਈ ਲਈ ਆਪਣੇ ਯਤਨਾਂ ਅੰਦਰ ਕੋਈ ਵੱਡੀ ਕਸਰ ਨਹੀਂ ਸੀ ਰਹਿਣ ਦਿੱਤੀ। ਇਸਦੇ ਨਤੀਜੇ ਵੀ ਸਾਫ਼ ਜ਼ਾਹਰ ਹੋ ਰਹੇ ਸਨ। ਹੋਰਨਾਂ ਰਾਜਾਂ ਦੇ ਮੁਕਾਬਲੇ ਪੰਜਾਬ ਦੇ ਲੋਕਾਂ ਦੀ ਆਰਥਿਕ ਦਸ਼ਾ ਤੇ ਉਨ੍ਹਾਂ ਦੇ ਜੀਵਨ ਪੱਧਰ ਅੰਦਰ ਆਇਆ ਸੁਧਾਰ ਪਰਤੱਖ ਨਜ਼ਰੀਂ ਪੈ ਰਿਹਾ ਸੀ। ਪਰ ਮਨੁੱਖ ਨਿਰੀਆਂ ਆਰਥਿਕ ਲੋੜਾਂ ਦਾ ਮੁਹਤਾਜ਼ ਨਹੀਂ। ਉਸ ਦੇ ਜੀਵਨ ਦਾ ਏਨਾ ਹੀ ਅਹਿਮ ਅਤੇ ਕਈ ਹਾਲਤਾਂ ਵਿੱਚ ਇਸ ਨਾਲੋਂ ਵੀ ਵੱਧ ਅਹਿਮ ਪੱਖ, ਉਸ ਦੀ ਸਭਿਆਚਾਰਕ ਹੋਂਦ ਹੈ, ਜਿਸ 'ਚੋਂ ਉਸਦੀਆਂ ਕਈ ਅਤੀ ਜ਼ਰੂਰੀ ਸਭਿਆਚਾਰਕ ਤੇ ਰੂਹਾਨੀ ਲੋੜਾਂ ਜਨਮ ਲੈਂਦੀਆਂ ਹਨ ਅਤੇ ਇਹੀ ਮਨੁੱਖ ਨੂੰ ਜਾਨਵਰ ਨਾਲੋਂ ਵਖਰਿਆਉਣ ਵਾਲਾ ਜ਼ਰੂਰੀ ਤੱਤ ਹੈ।

ਇਸ ਦ੍ਰਿਸ਼ਟੀ ਤੋਂ ਦੇਖਿਆਂ ਆਰਥਿਕ ਵਿਕਾਸ ਤੋਂ ਇਲਾਵਾ ਵੀ ਸਿੱਖ ਪੰਥ ਦੇ ਕੁਝ ਹੋਰ ਰੂਹਾਨੀ ਸਰੋਕਾਰ ਤੇ ਕਾਮਨਾਵਾਂ ਸਨ, ਜਿਨ੍ਹਾਂ ਨੂੰ ਬੁੱਝਣਾ ਤੇ ਸੰਤੁਸ਼ਟ ਕਰਨਾ ਬਣਦਾ ਸੀ। ਪਰ ਅਕਾਲੀ ਲੀਡਰਸ਼ਿਪ, ਆਪਣੇ ਸੁੰਗੜਵੇਂ ਵਰਗ ਦ੍ਰਿਸ਼ਟੀਕੋਣ ਦੀ ਵਜ੍ਹਾ ਕਰਕੇ,

ਸਿੱਖ ਕੌਮ ਦੀਆਂ ਰੂਹਾਨੀ ਆਕਾਂਖਿਆਵਾਂ ਦਾ ਸਹੀ ਅਨੁਮਾਨ ਨਾ ਲਾ ਸਕੀ। ਸਿੱਖ ਜਨਤਾ ਨਿਰਾ ਪੰਜਾਬ ਨੂੰ ਆਰਥਿਕ ਤੌਰ 'ਤੇ ਹੀ ਖ਼ੁਸ਼ਹਾਲ ਹੋਇਆ ਨਹੀਂ ਸੀ ਦੇਖਣਾ ਚਾਹੁੰਦੀ, ਨਾਲ ਹੀ ਸਿੱਖ ਮਨਾਂ ਅੰਦਰ ਸਿੱਖੀ ਨੂੰ ਪ੍ਰਫੁਲਤ ਹੋਇਆ ਦੇਖਣ ਦੀ ਖ਼ਾਹਸ਼ ਵੀ ਦੜ ਵੱਟ ਕੇ ਬੈਠੀ ਹੋਈ ਸੀ। ਆਮ ਸਿੱਖ ਆਪਣੀ ਤੇ ਪੰਜਾਬ ਦੀ ਆਰਥਿਕ ਬਿਹਤਰੀ ਲਈ ਯਕੀਨਨ ਹੀ ਜ਼ੋਰਦਾਰ ਇੱਛਾਵਾਂ ਪਾਲ ਰਿਹਾ ਸੀ, ਪਰ ਉਹ ਸਿੱਖੀ ਦੀ ਚੜ੍ਹਦੀ ਕਲਾ ਦਾ ਵੀ ਬਰਾਬਰ ਅਭਿਲਾਖੀ ਸੀ। ਉਹ ਪੰਜਾਬ ਨੂੰ 'ਕੈਲੀਫ਼ੋਰਨੀਆ' ਬਣਾਉਣ ਲਈ ਉਤਸੁਕ ਜ਼ਰੂਰ ਸੀ, ਪਰ ਨਾਲ ਹੀ ਉਹ ਪੰਜਾਬ ਦੀ ਸਿੱਖ ਆਤਮਾ ਨੂੰ ਕੋਈ ਜਰਬ ਆਈ ਨਹੀਂ ਸੀ ਦੇਖ ਜਰ ਸਕਦਾ। ਜੇਕਰ ਉਸ ਨੂੰ ਪੰਜਾਬ ਦੀ ਧਰਤੀ ਤੇ ਇਸ ਦੇ ਵਾਯੂਮੰਡਲ 'ਚੋਂ ਲਗਾਤਾਰ ਸਿੱਖੀ ਦੀ ਖ਼ੁਸ਼ਬੋਈ ਨਹੀਂ ਆਉਂਦੀ ਤਾਂ ਉਹ ਆਰਥਿਕ ਤੌਰ 'ਤੇ ਖ਼ੁਸ਼ਹਾਲ ਹੋਣ ਦੇ ਬਾਵਜੂਦ, ਆਪਣੇ ਆਪ ਨੂੰ ਰੂਹਾਨੀ ਤੌਰ 'ਤੇ ਕੰਗਾਲ ਸਮਝਣ ਦੀ ਭਾਵਨਾ ਤੋਂ ਮੁਕਤ ਨਹੀਂ ਹੋ ਸਕਦਾ। ਇਸ ਕਰਕੇ ਦਸਾਂ ਸਾਲਾਂ ਦੇ ਅਰਸੇ ਅੰਦਰ ਪੰਜਾਬ ਵਿੱਚ ਤਿੰਨ ਵਾਰ ਅਕਾਲੀ ਸਰਕਾਰ ਬਣਨ ਅਤੇ ਟੁੱਟਣ ਦੇ ਸਿਲਸਿਲੇ ਨੇ ਸਿੱਖਾਂ ਦੇ ਮਨਾਂ ਉੱਤੇ ਦੋਹਰਾ ਅਸਰ ਛੱਡਿਆ। ਇਸ ਨੇ ਸਿੱਖ-ਆਕਾਂਖਿਆ ਦੇ ਆਰਥਿਕ ਅੱਧ ਨੂੰ ਤਾਂ ਵਾਹਵਾ ਹੱਦ ਤਕ ਸੰਤੁਸ਼ਟ ਕਰ ਦਿੱਤਾ (ਭਾਵੇਂ ਕਿ ਇਹ ਸੰਤੁਸ਼ਟੀ ਕਦੇ ਵੀ ਸੰਪੂਰਨ ਨਹੀਂ ਹੁੰਦੀ) ਪਰ ਇਸ ਦੇ ਰੂਹਾਨੀ ਅੱਧ ਉੱਤੇ ਲਗਾਤਾਰ ਵਿਰਾਨਗੀ ਛਾਈ ਰਹੀ। ਹੋਰਨਾਂ ਗੱਲਾਂ ਤੋਂ ਇਲਾਵਾ, ਇਸ ਦੀ ਇਕ ਵੱਡੀ ਵਜ੍ਹਾ ਇਹ ਸੀ ਕਿ ਜਦ ਵੀ ਅਕਾਲੀ ਦਲ ਨੂੰ ਹਕੂਮਤੀ ਤਾਕਤ ਉੱਤੇ ਬਿਰਾਜਮਾਨ ਹੋਣ ਦਾ ਸੁਭਾਗ ਪਰਾਪਤ ਹੋਇਆ ਤਾਂ ਜਿੱਥੇ ਸਿੱਖ ਸਮਾਜ ਦੀ ਆਰਥਿਕ ਤੇ ਸਮਾਜੀ ਬਿਹਤਰੀ ਲਈ ਤਾਂ ਭਰਪੂਰ ਯਤਨ ਕੀਤੇ ਗਏ ਉੱਥੇ ਸਿੱਖੀ ਦੀ ਚੜ੍ਹਦੀ ਕਲਾ ਲਈ ਧਾਰਮਿਕ ਤੇ ਸਭਿਆਚਾਰਕ ਖੇਤਰ ਅੰਦਰ ਲੁੜੀਂਦੇ ਕਾਰਗਰ ਕਦਮ ਉਠਾਉਣ ਤੋਂ ਨਿਰੰਤਰ ਟਾਲਾ ਵੱਟਿਆ ਗਿਆ। ਹੋਰ ਤਾਂ ਹੋਰ, ਧਰਮ ਤੇ ਸਭਿਆਚਾਰ ਨੂੰ ਪ੍ਰਫੁਲਤ ਕਰਨ ਦੇ ਕਾਰਜ ਨੂੰ ਨਜ਼ਰ-ਅੰਦਾਜ਼ ਕਰ ਕੇ ਪੰਜਾਬ ਨੂੰ 'ਕੈਲੀਫ਼ੋਰਨੀਆ' ਬਣਾਉਣ ਪ੍ਰਤੀ ਪ੍ਰਗਟਾਇਆ ਵਧਵਾਂ ਜੋਸ਼ ਸਿੱਖ ਪੰਥ ਨੂੰ ਨੈਤਿਕ ਨਿਘਾਰ ਅਤੇ ਰੂਹਾਨੀ ਗ਼ੁਰਬਤ ਦੇ ਰਾਹ ਉੱਤੇ ਲੈ ਤੁਰਿਆ। ਸਿੱਖ ਸਮਾਜ ਅੰਦਰਲਾ ਇਕ ਵਰਗ ਆਰਥਿਕ ਤੌਰ 'ਤੇ ਜ਼ਰੂਰ ਮਾਲਾਮਾਲ ਹੋ ਗਿਆ ਪਰ ਇਸਦੇ ਲਈ ਖ਼ਾਲਸਾ ਪੰਥ ਨੂੰ ਬਹੁਤ ਹੀ ਭਾਰੀ ਕੀਮਤ ਚੁਕਾਉਣੀ ਪੈ ਗਈ। ਆਰਥਿਕ ਖ਼ੁਸ਼ਹਾਲੀ ਦੀਆਂ ਪੁਲਾਂਘਾਂ ਭਰ ਰਹੇ ਪੰਜਾਬ ਅੰਦਰ ਸਿੱਖੀ ਦੀ ਰੂਹ ਨਿਰੰਤਰ ਮੁਰਝਾਉਂਦੀ ਚਲੀ ਗਈ ਅਤੇ ਸਿੱਖ ਸਮਾਜ ਅਨੇਕਾਂ ਕਿਸਮ ਦੇ ਨਿਘਾਰਵਾਦੀ ਅਮਲਾਂ ਦੀ ਮਾਰੂ ਜਕੜ ਵਿੱਚ ਆ ਕੇ ਰਹਿ ਗਿਆ।

## ਨੈਤਿਕ ਤੇ ਸਭਿਆਚਾਰਕ ਵਿਗਾੜ

ਆਰਥਿਕ ਖ਼ੁਸ਼ਹਾਲੀ ਨੇ ਧਨਾਢ ਸਿੱਖ ਵਰਗ ਦੀ ਜੀਵਨ ਸ਼ੈਲੀ ਅੰਦਰ ਵੱਡੇ ਵਿਗਾੜ ਪੈਦਾ ਕਰ ਦਿੱਤੇ, ਖ਼ਾਸ ਕਰਕੇ ਜੱਟ ਜ਼ਿਮੀਂਦਾਰ ਤਬਕੇ ਅੰਦਰ। ਇਹ ਦੇਖਣ 'ਚ ਆਇਆ ਹੈ ਕਿ ਇਸ ਵਰਗ ਕੋਲ ਪੈਸੇ ਨੂੰ ਸਾਂਭਣ ਦਾ ਮਾਜਣਾ ਨਹੀਂ, ਅਤੇ ਨਾ ਹੀ ਇਸ ਨੂੰ ਵਰਤਣ ਦੀ ਤਹਿਜ਼ੀਬ ਹੈ। ਉਸਦੀ ਸੋਚ ਅਤੇ ਵਿਹਾਰ ਉੱਤੇ ਜਾਗੀਰੂ ਸਭਿਆਚਾਰ ਦਾ ਗਹਿਰਾ ਅਸਰ ਹੋਣ ਕਰਕੇ, ਉਸ ਅੰਦਰ ਪੈਸੇ ਦਾ ਫ਼ਜ਼ੂਲ ਉਜਾੜਾ ਤੇ ਉਜੱਡ ਪ੍ਰਗਟਾਵਾ ਕਰਨ ਦੀ ਜਾਗੀਰੂ ਪ੍ਰਵਿਰਤੀ ਬਹੁਤ ਮਜ਼ਬੂਤ ਹੈ। 'ਹਰੇ ਇਨਕਲਾਬ' ਦੇ ਮੁੱਢਲੇ ਸਾਲਾਂ ਅੰਦਰ ਉਹ ਪੈਸੇ ਦੀ ਪੈਦਾਵਾਰ-ਮੁਖੀ ਸਰਮਾਇਆਕਾਰੀ (productive investment) ਦੇ ਪੂੰਜੀਵਾਦੀ ਸਭਿਆਚਾਰ ਤੋਂ ਨਾ ਤਾਂ ਵਾਕਫ਼ ਸੀ ਤੇ ਨਾ ਹੀ ਆਦੀ। ਭਾਵੇਂ ਧਨਾਢ

ਜ਼ਿਮੀਂਦਾਰ ਵਰਗ ਅੰਦਰਲੇ ਕੁਝ ਪੜ੍ਹੇ ਲਿਖੇ ਤੱਤ ਹੌਲੀ ਹੌਲੀ ਇਸ ਪਾਸੇ ਵੱਲ ਰੁਚਿਤ ਹੋਣੇ ਸ਼ੁਰੂ ਹੋ ਗਏ ਅਤੇ ਉਨ੍ਹਾਂ ਖੇਤੀ ਦੇ ਨਾਲ ਹੀ, ਖੇਤੀਬਾੜੀ ਨਾਲ ਜੁੜਵੇਂ ਵਪਾਰਕ ਖੇਤਰਾਂ (ਡੀਜ਼ਲ ਤੇ ਪੈਟਰੋਲ ਪੰਪ, ਆੜ੍ਹਤ, ਕੋਲਡ ਸਟੋਰ, ਸ਼ੈੱਲਰ, ਕੀੜੇਮਾਰ ਤੇ ਨਦੀਨ ਨਾਸ਼ਕ ਦਵਾਈਆਂ ਦੀ ਵਿਕਰੀ, ਆਦਿ ਆਦਿ) ਅੰਦਰ ਵੀ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ। ਪਰ ਅਜਿਹੇ ਤੱਤਾਂ ਦੀ ਇਕ ਤਾਂ ਗਿਣਤੀ ਬਹੁਤੀ ਜ਼ਿਆਦਾ ਨਹੀਂ ਬਣਦੀ। ਦੂਜਾ, ਇਨ੍ਹਾਂ ਵਪਾਰਕ ਸਰਗਰਮੀਆਂ ਵਿੱਚ ਪੈਣ ਦੇ ਬਾਵਜੂਦ ਉਨ੍ਹਾਂ ਦੀ ਸੋਚ ਅਤੇ ਵਿਹਾਰ ਅੰਦਰ ਕੋਈ ਬੁਨਿਆਦੀ ਬਦਲਾਅ ਨਹੀਂ ਆਇਆ। ਸੋ ਕੁੱਲ ਮਿਲਾ ਕੇ ਸਿੱਖ ਜ਼ਿਮੀਂਦਾਰ ਵਰਗ ਨੇ ਆਪਣੀ ਦੌਲਤ ਦੇ ਅਫਰੇਵੇਂ ਨਾਲ ਜਾਗੀਰੂ ਚੱਜ ਖਿਲਾਰਨੇ ਜਾਰੀ ਰੱਖੇ। ਵਿਆਹਾਂ-ਠਾਕਿਆਂ ਅਤੇ ਅਜਿਹੀਆਂ ਹੋਰਨਾਂ ਸਮਾਜੀ ਰਸਮਾਂ ਤੇ ਸਮਾਗਮਾਂ ਉੱਤੇ ਅੰਨ੍ਹੇਵਾਹ ਪੈਸਾ ਵਹਾਉਣਾ, ਸਮਾਜ ਅੰਦਰ ਆਪਣੀ ਠੁੱਕ ਬਣਾਉਣ ਲਈ ਮੂੰਹ ਮੰਗਿਆ ਦਾਜ ਦੇਣਾ ਅਤੇ ਮੂੰਹ ਅੱਡ ਕੇ ਦਾਜ ਮੰਗਣਾ, ਵਿਆਹਾਂ ਤੇ ਹੋਰਨਾਂ ਖ਼ੁਸ਼ੀ ਵਾਲੇ ਮੌਕਿਆਂ ਉੱਤੇ ਸ਼ਰਾਬ-ਕਬਾਬ, ਗਾਉਣ-ਵਜਾਉਣ ਤੇ ਨੱਚਣ-ਭੁੜਕਣ ਵਾਲੇ ਅਸ਼ਲੀਲ ਸਭਿਆਚਾਰ ਨੂੰ ਹੱਲਾਸ਼ੇਰੀ ਦੇਣੀ (ਵਿਆਹਾਂ ਉੱਤੇ 'ਗਾਉਣ ਵਾਲਿਆਂ' ਖ਼ਾਸ ਕਰਕੇ 'ਗਾਉਣ ਵਾਲੀਆਂ' ਨੂੰ ਸੱਦਣ ਦੀ ਰੀਤ ਵੱਧ ਜ਼ਿਮੀਂਦਾਰ ਵਰਗ ਨੇ ਹੀ ਤੋਰੀ ਤੇ ਪਾਲੀ ਹੈ) ਅਤੇ ਆਪਣੀ ਔਕਾਤ ਨੂੰ ਜ਼ਮੀਨ ਮਾਲਕੀ ਦੇ ਗਜ਼ਾਂ ਨਾਲ ਨਾਪਣਾ, ਇਸ ਜਾਗੀਰੂ ਸਭਿਆਚਾਰ ਦੀਆਂ ਪਰਮੁੱਖ ਅਲਾਮਤਾਂ ਹਨ ਜੋ ਸਿੱਖੀ ਦੀਆਂ ਸਮਾਜੀ ਤੇ ਸਭਿਆਚਾਰਕ ਕਦਰਾਂ-ਕੀਮਤਾਂ ਦਾ ਸਿਧਮ-ਸਿੱਧਾ ਨਿਖੇਧ ਹਨ। ਇਹ ਧਨਵਾਨ ਜ਼ਿਮੀਂਦਾਰ ਤਬਕਾ ਹੀ ਹੈ ਜਿਸਨੇ ਆਪਣੀ ਨਵੀਂ, ਤਾਲੋਂ ਉਖੜੀ ਜੀਵਨ ਸ਼ੈਲੀ ਦੇ ਜ਼ਰੀਏ ਪੰਜਾਬ ਦੇ ਪੇਂਡੂ ਸਮਾਜ ਦੀ ਨਿਰਮਲਤਾ ਅੰਦਰ ਪੱਛਮ ਦੇ ਨਿਘਾਰਵਾਦੀ ਸਭਿਆਚਾਰ ਦੀ ਸੜਿਆਂਦ ਫੈਲਾਉਣ ਵਿੱਚ ਪਰਮੁੱਖ ਭੂਮਿਕਾ ਨਿਭਾਈ। 'ਹਰੇ ਇਨਕਲਾਬ' ਦੀਆਂ ਬਰਕਤਾਂ ਸਦਕਾ, ਪੰਜਾਬ ਨੂੰ ਸ਼ਰਾਬ ਦੀ ਪ੍ਰਤੀ ਜੀਅ ਖਪਤ ਦੇ ਮਾਮਲੇ 'ਚ ਏਸ਼ੀਆ ਦਾ ਸਭ ਤੋਂ ਮੋਹਰੀ ਪ੍ਰਾਂਤ ਬਣਾਉਣ ਦਾ 'ਸਿਹਰਾ' ਵੱਧ ਖਾਂਦੇ ਪੀਂਦੇ ਪੇਂਡੂ ਜ਼ਿਮੀਂਦਾਰ ਵਰਗ ਦੇ ਸਿਰ ਹੀ ਬੱਝਦਾ ਹੈ। ਧਨਾਢ ਜ਼ਿਮੀਂਦਾਰ ਤੱਤਾਂ ਨੇ ਹੀ ਆਪਣੀ ਸੰਤਾਨ ਨੂੰ ਮਹਿੰਗੇ ਅੰਗਰੇਜ਼ੀ ਸਕੂਲਾਂ ਅੰਦਰ ਪੜ੍ਹਾਉਣ ਦੀ ਰੀਤ ਦਾ ਤੋਰਾ ਤੋਰਿਆ, ਜਿਸ ਨਾਲ ਪੱਛਮ ਦੀ ਨੀਵੀਂ ਪੱਧਰ ਦੀ ਨਕਲ ਉੱਤੇ ਪੰਜਾਬ ਅੰਦਰ ਅੰਗਰੇਜ਼ੀ ਸਕੂਲਾਂ ਦਾ ਜਾਲ ਵਿਛ ਗਿਆ। ਚੰਗੀਆਂ ਨੌਕਰੀਆਂ ਤੇ ਉੱਚੀਆਂ ਪਦਵੀਆਂ ਦੀ ਝਾਕ ਨੇ ਸਿੱਖ ਜਨਤਾ ਨੂੰ ਇਹ ਸੋਚਣ ਤੇ ਬੁੱਝਣ ਦਾ ਮੌਕਾ ਹੀ ਨਾ ਦਿੱਤਾ ਕਿ ਤਾਲੀਮ ਦਾ ਸਭਿਆਚਾਰ ਨਾਲ ਬਹੁਤ ਹੀ ਗਹਿਰਾ ਸਬੰਧ ਹੁੰਦਾ ਹੈ ਅਤੇ ਬਿਗਾਨੀ ਤਾਲੀਮ, ਬਿਗਾਨੀ ਤਹਿਜ਼ੀਬ ਦੇ ਸੰਚਾਰ ਤੇ ਪਾਸਾਰ ਦਾ ਹੀ ਸਾਧਨ ਹੋ ਨਿਬੜਦੀ ਹੈ। ਪੰਜਾਬ ਅੰਦਰ ਇਵੇਂ ਹੀ ਹੋਇਆ। 'ਹਰੇ ਇਨਕਲਾਬ' ਦੇ ਨਾਲ ਹੀ ਪੰਜਾਬ ਅੰਦਰ ਇਕ ਪੁੱਠਾ 'ਸਭਿਆਚਾਰਕ ਇਨਕਲਾਬ' ਆ ਵੜਿਆ। ਅਸ਼ਲੀਲ ਫ਼ਿਲਮਾਂ, ਲੱਚਰ ਕਿਸਮ ਦੇ ਗਾਉਣ ਵਜਾਉਣ, ਬਿਮਾਰ ਰੁਚੀਆਂ ਨੂੰ ਉਤਸ਼ਾਹਤ ਕਰਨ ਵਾਲੀ ਸਾਹਿਤ ਸਮੱਗਰੀ, ਭੜਕੀਲੇ ਪਹਿਰਾਵੇ, ਸ਼ਰਾਬ ਅਤੇ ਸਿਗਰਟ-ਨੋਸ਼ੀ ਦਾ ਖੁੱਲ੍ਹਾ ਸੇਵਨ, ਦੌਲਤ ਦਾ ਅੰਨ੍ਹਾ ਤੇ ਉਜੱਡ ਦਿਖਾਵਾ, ਆਪਣੇ ਸਭਿਆਚਾਰ ਤੇ ਵਿਰਸੇ ਪ੍ਰਤੀ ਨਕਾਰੀ ਭਾਵਨਾ, ਪੱਛਮ ਦੇ ਵਿਚਾਰਾਂ ਤੇ ਇਸਦੀ ਜੀਵਨ ਸ਼ੈਲੀ ਪ੍ਰਤੀ ਅੰਨ੍ਹੀ ਸ਼ਰਧਾ ਤੇ ਇਸਦੀ ਨਿਰਸੰਕੋਚ ਨਕਲ ਕਰਨ ਦਾ ਢਾਹੂ ਰੁਝਾਨ, ਇਸ ਸਭਿਆਚਾਰ ਦੇ ਉਭਰਵੇਂ ਰੂਪ ਪ੍ਰਗਟਾਵੇ ਹਨ। ਇਸ ਸਭਿਆਚਾਰ ਨੇ ਸਿੱਖ ਨੌਜਵਾਨਾਂ ਅੰਦਰ ਪਤਿਤਪੁਣੇ ਦੀ ਲਹਿਰ ਨੂੰ ਵੱਡੀ ਹੱਲਾਸ਼ੇਰੀ ਦਿੱਤੀ। ਅਤੇ ਇਥੇ ਵੀ ਫਿਰ ਪੇਂਡੂ ਜ਼ਿਮੀਂਦਾਰ ਵਰਗ ਹੀ ਸੀ ਜਿਸਨੇ ਇਸ ਪਤਿਤਪੁਣੇ ਦੀ ਲਹਿਰ ਦਾ ਸਭ ਤੋਂ ਵੱਧ ਅਸਰ ਕਬੂਲਿਆ। ਜ਼ਿਮੀਂਦਾਰ ਸਿੱਖ ਪਰਿਵਾਰਾਂ ਦੇ ਨੌਜਵਾਨ ਲੜਕਿਆਂ ਅੰਦਰ (ਅਤੇ ਜ਼ਿਆਦਾ

'ਮਾਡਰਨ' ਲੜਕੀਆਂ ਅੰਦਰ ਵੀ!) ਮੋਨੇ ਹੋਣ, ਦਾੜ੍ਹੀਆਂ ਮੁੰਨਣ, ਜ਼ੀਨਾਂ ਪਹਿਨਣ, ਸ਼ਰਾਬਾਂ-ਸਿਗਰਟਾਂ ਪੀਣ, ਨਾਵਾਂ ਪਿੱਛੇ 'ਸਿੰਘ' ਅਤੇ 'ਕੌਰ' ਦੀ ਵਰਤੋਂ ਬੰਦ ਕਰ ਕੇ ਆਪਣੇ ਆਪ ਨੂੰ 'ਅਗਾਂਹਵਧੂ' ਸਮਝਣ ਦਾ ਭਰਮ ਪਾਲਣ, ਧਰਮ ਨੂੰ ਪੁਰਾਤਨ ਤੇ ਵੇਲਾ ਵਿਹਾ ਚੁੱਕਿਆ ਫ਼ਲਸਫ਼ਾ ਕਰਾਰ ਦੇ ਕੇ ਨਾਸਤਕ ਅਖਵਾਉਣ ਵਿੱਚ ਉਚੇਚੀ ਟੌਹਰ ਸਮਝਣ ਵਰਗੀਆਂ ਨਕਾਰੀ ਰੁਚੀਆਂ ਨੇ ਸਿੱਖ ਧਰਮ ਤੇ ਸਭਿਆਚਾਰ ਲਈ ਵੱਡਾ ਸੰਕਟ ਖੜ੍ਹਾ ਕਰ ਦਿੱਤਾ। ਇਹ ਗੱਲ ਖ਼ਾਸ ਤੌਰ 'ਤੇ ਨੋਟ ਕਰਨ ਵਾਲੀ ਹੈ ਕਿ ਸ਼ਹਿਰੀ ਮੱਧਵਰਗੀ ਸਿੱਖ ਤਬਕੇ ਇਸ ਲਹਿਰ ਤੋਂ ਮੁਕਾਬਲਤਨ ਮਹਿਫ਼ੂਜ਼ ਰਹੇ। ਇਸ 'ਮਹਾਂਮਾਰੀ' ਨੇ ਵੱਧ ਪੇਂਡੂ ਸਿੱਖ ਤਬਕਿਆਂ ਨੂੰ ਹੀ ਪ੍ਰਭਾਵਤ ਕੀਤਾ।

ਵੇਲੇ ਦੀ ਸਿੱਖ ਲੀਡਰਸ਼ਿਪ ਇਸ ਸਭਿਆਚਾਰਕ ਹਮਲੇ ਦੇ ਅਸਲੀ ਤੱਤ ਨੂੰ ਪਛਾਣਨ ਤੇ ਇਸਦੀ ਰੋਕਥਾਮ ਲਈ ਅਸਰਦਾਰ ਉਪਾਅ ਜੁਟਾਉਣ 'ਚ ਬੁਰੀ ਤਰ੍ਹਾਂ ਨਾਕਾਮ ਸਾਬਤ ਹੋਈ। ਸਿੱਖ ਆਗੂਆਂ ਤੇ ਦਾਨਸ਼ਮੰਦਾਂ ਦੇ ਉਸ ਦੌਰ ਦੇ ਬਿਆਨਾਂ ਤੇ ਲਿਖਤਾਂ 'ਚੋਂ ਦੋ ਤੱਥ ਬੜੇ ਸਾਫ਼ ਉਘੜਦੇ ਹਨ। ਇਕ ਇਹ ਕਿ 'ਜਥੇਦਾਰ ਸਭਿਆਚਾਰ' ਤੋਂ ਅਭਿਜ ਵਪਾਰਕ ਤੇ ਸਰਮਾਏਦਾਰੀ ਰੁਚੀਆਂ ਵਾਲੇ ਅਕਾਲੀ ਆਗੂਆਂ ਨੂੰ ਇਸ ਖ਼ਤਰੇ ਦਾ ਸ਼ਿੱਦਤ ਭਰਿਆ ਅਹਿਸਾਸ ਨਹੀਂ ਸੀ। ਕਿਉਂਕਿ ਉਨ੍ਹਾਂ ਦੀ ਵੱਧ ਸੁਤਾ ਆਪਣੇ ਵਪਾਰਕ ਹਿਤਾਂ ਵੱਲ ਸੀ ਅਤੇ ਉਨ੍ਹਾਂ ਨੂੰ ਸਿੱਖੀ ਦੇ ਪਤਨ, ਖ਼ਾਸ ਕਰਕੇ ਇਸ ਵਿੱਚ ਆ ਰਹੇ ਸਿਧਾਂਤਕ ਤੇ ਨੈਤਿਕ ਨਿਘਾਰ ਦੀ ਬਹੁਤੀ ਚਿੰਤਾ ਨਹੀਂ ਸੀ। ਇਸ ਕਰਕੇ ਉਨ੍ਹਾਂ ਦੇ ਪ੍ਰਤੀਕਰਮ ਪਤਿਤਪੁਣੇ ਦੇ ਵਰਤਾਰੇ ਉੱਤੇ ਰਿਵਾਜਨ ਤੇ ਰਸਮੀ ਅੱਥਰੂ ਕੇਰਨ ਤਕ ਹੀ ਸੀਮਤ ਰਹਿ ਰਹੇ ਸਨ। ਪਤਿਤਪੁਣੇ ਦੇ ਰੁਝਾਨ ਤੋਂ ਤਹਿ ਦਿਲੋਂ ਚਿੰਤਾਗ੍ਰਸਤ ਤੇ ਅਸ਼ਾਂਤ ਹੋਏ ਟਕਸਾਲੀ ਸਿੱਖ ਆਗੂ ਤੇ ਵਿਦਵਾਨ ਇਸ ਵਰਤਾਰੇ ਨੂੰ ਕਮਿਊਨਿਜ਼ਮ ਦੀ ਚੜ੍ਹਤ ਨਾਲ ਜੋੜ ਕੇ ਵੇਖਦੇ ਸਨ, ਅਤੇ ਇਸੇ ਧਾਰਨਾ ਤਹਿਤ ਆਪਣਾ ਵੱਧ ਗ਼ੁੱਸਾ ਕਮਿਊਨਿਸਟ ਲਹਿਰ ਉੱਤੇ ਕੱਢ ਰਹੇ ਸਨ। ਉਨ੍ਹਾਂ ਦੀ ਇਹ ਧਾਰਨਾ ਪੂਰਨ ਸਚਾਈ ਉੱਤੇ ਆਧਾਰਤ ਨਹੀਂ ਸੀ, ਤੇ ਨਾ ਹੀ ਪੂਰਨ ਸਚਾਈ ਨੂੰ ਰੂਪਮਾਨ ਕਰਦੀ ਸੀ। ਪਤਿਤਪੁਣੇ ਦੀ ਲਹਿਰ ਦਾ ਮੂਲ ਸੋਮਾ ਪੱਛਮੀ ਸਭਿਆਚਾਰ ਸੀ ਤੇ ਸਿੱਖ ਧਰਮ ਦੇ ਸਬੰਧ ਵਿੱਚ ਇਸ ਵਰਤਾਰੇ ਨੂੰ ਉਕਸਾਹਟ ਦੇਣ ਵਾਲਾ ਮੁੱਖ ਤੱਤ ਹਿੰਦੂਵਾਦ ਸੀ। ਜੇਕਰ ਇਹ ਗੱਲ ਨਾ ਹੁੰਦੀ, ਅਤੇ ਜੇਕਰ ਪਤਿਤਪੁਣੇ ਦੀ ਲਹਿਰ ਕਮਿਊਨਿਜ਼ਮ ਦੀ ਦੇਣ ਹੀ ਹੁੰਦੀ, ਤਾਂ ਕਮਿਊਨਿਸਟ ਲਹਿਰ ਦੇ ਪਤਨ ਨਾਲ ਪਤਿਤਪੁਣੇ ਦੇ ਰੁਝਾਨ ਨੂੰ ਭਾਰੀ ਠੱਲ੍ਹ ਪੈ ਗਈ ਹੁੰਦੀ, ਪਰ ਅਜਿਹਾ ਨਹੀਂ ਹੋਇਆ।

## ਕਮਿਊਨਿਸਟ ਲਹਿਰ

ਅੱਜ ਜਦ ਕਿ ਕਮਿਊਨਿਸਟ ਲਹਿਰ ਦੇ ਪਰਛਾਵੇਂ ਪੂਰੀ ਤਰ੍ਹਾਂ ਢਲ ਚੁੱਕੇ ਹਨ ਤਾਂ ਸਿੱਖ ਸਮਾਜ ਅੰਦਰ ਪਤਿਤਪੁਣੇ ਦੀਆਂ ਕਰੁਚੀਆਂ ਦਬਣ ਦੀ ਬਜਾਇ ਪਹਿਲਾਂ ਦੇ ਕਿਸੇ ਵੀ ਸਮੇਂ ਨਾਲੋਂ ਵੱਧ ਪਰਚੰਡ ਰੂਪ ਧਾਰਨ ਕਰ ਗਈਆਂ ਹਨ। ਇਸ ਨਾਲ ਇਹ ਗੱਲ ਖ਼ੁਦ-ਬ-ਖ਼ੁਦ ਸਪਸ਼ਟ ਹੋ ਜਾਂਦੀ ਹੈ ਕਿ ਪਤਿਤਪੁਣੇ ਦਾ ਰੁਝਾਨ ਕਮਿਊਨਿਸਟ ਲਹਿਰ ਦੀ ਦੇਣ ਨਹੀਂ, ਸਗੋਂ ਇਹ ਵਬਾ ਸਿੱਖ ਸਮਾਜ ਉੱਪਰ ਪੱਛਮੀ ਸਭਿਆਚਾਰ ਅਤੇ ਹਿੰਦੂ ਜੀਵਨ ਪ੍ਰਣਾਲੀ ਦੇ ਜੁੜਵੇਂ ਦੁਰਪ੍ਰਭਾਵਾਂ ਦੀ ਦੇਣ ਹੈ। ਸਿੱਖ ਸਮਾਜ ਇਸ ਲਾਗ ਨੂੰ ਪੱਛਮ ਤੋਂ ਸਿੱਧੇ ਰੂਪ 'ਚ ਵੀ ਗ੍ਰਹਿਣ ਕਰਦਾ ਹੈ ਪ੍ਰੰਤੂ ਵੱਧ ਮਾਰੂ ਪਰਭਾਵ ਆਪਣੇ ਹਿੰਦੂ ਜਗਤ ਨਾਲ ਨਿਰੰਤਰ ਤੇ ਰੋਜ਼-ਮਰ੍ਹਾ ਦੇ ਅੰਤਰ-ਕਰਮ (interaction) 'ਚੋਂ ਗ੍ਰਹਿਣ ਕਰਦਾ ਹੈ। ਸਿੱਖ ਨੌਜੁਆਨਾਂ ਨੂੰ ਮਨਮਤਿ ਦੇ ਰਾਹ ਪਾਉਣ ਵਿੱਚ ਹਿੰਦੀ ਫ਼ਿਲਮੀ ਸਭਿਆਚਾਰ ਦਾ

ਮੁੱਢ ਤੋਂ ਹੀ ਭਾਰੀ ਯੋਗਦਾਨ ਰਿਹਾ ਹੈ। ਪਿਛਲੇ ਸਮੇਂ ਦੌਰਾਨ ਟੀ.ਵੀ. ਤੇ ਵੀਡੀਓ ਕਲਚਰ ਦੇ ਬੇਰੋਕ ਤੇ ਬੇਥਾਹ ਪਾਸਾਰ ਨਾਲ ਸਿੱਖ ਸਮਾਜ ਅੰਦਰ ਨੈਤਿਕ ਤੇ ਸਭਿਆਚਾਰਕ ਵਿਗਾੜਾਂ ਦਾ ਅਮਲ ਅਜਿਹੀ ਧੁਸ ਅਖ਼ਤਿਆਰ ਕਰ ਗਿਆ ਹੈ ਕਿ ਸਿੱਖ ਜੀਵਨ ਮਰਿਆਦਾ ਲਈ ਇਕ ਗੰਭੀਰ ਸੰਕਟ ਖੜਾ ਹੋ ਗਿਆ ਹੈ। ਸੱਠਵਿਆਂ/ਸੱਤਰਵਿਆਂ ਵਿੱਚ ਜਦ ਪੱਛਮ ਦਾ ਨੈਤਿਕ ਤੇ ਰੂਹਾਨੀ ਸੰਕਟ ਕੋਝੀ ਸ਼ਕਲ ਅਖ਼ਤਿਆਰ ਕਰ ਗਿਆ ਸੀ ਅਤੇ ਇਸ ਨੇ ਦੁਨੀਆ ਦੇ ਘੱਟ ਵਿਕਸਤ ਮੁਲਕਾਂ ਦੇ ਰਵਾਇਤੀ ਸਮਾਜੀ-ਸਭਿਆਚਾਰਕ ਜੀਵਨ ਉੱਤੇ ਆਪਣੇ ਕੁਲਹਿਣੇ ਅਸਰ ਪ੍ਰਗਟਾਉਣੇ ਸ਼ੁਰੂ ਕਰ ਦਿੱਤੇ ਸਨ ਤਾਂ ਇਨ੍ਹਾਂ ਮੁਲਕਾਂ ਦੇ ਧਾਰਮਿਕ ਹਲਕਿਆਂ ਅੰਦਰ ਤਿੱਖੀ ਹਿਲਜੁਲ ਪੈਦਾ ਹੋ ਗਈ ਸੀ। ਸਿੱਟੇ ਵਜੋਂ ਪੱਛਮ ਦੀ ਆਰਥਿਕ ਤਰੱਕੀ ਤੇ ਖ਼ੁਸ਼ਹਾਲੀ ਉੱਤੇ ਲਟੂ ਹੋ ਉੱਠਣ ਦੀ ਜਗ੍ਹਾ, ਇਸ ਨੂੰ ਸ਼ੱਕ ਤੇ ਪੜਚੋਲ ਦੀ ਨਿਗਾਹ ਨਾਲ ਦੇਖਣ ਦੀ ਹਾਂਦਰੂ ਰੁਚੀ ਪਨਪਣ ਲੱਗੀ। ਇਸ ਮਾਮਲੇ ਵਿੱਚ ਇਸਲਾਮ ਜਗਤ, ਖ਼ਾਸ ਕਰਕੇ ਈਰਾਨ, ਕਈ ਪੱਖਾਂ ਤੋਂ ਸਿਖਿਆਦਾਇਕ ਉਦਾਹਰਣ ਮੁਹਈਆ ਕਰ ਰਿਹਾ ਸੀ। ਸ਼ਾਹ ਈਰਾਨ ਨੇ ਅਮਰੀਕਾ ਦੇ ਅਸ਼ੀਰਵਾਦ ਤੇ ਉਸਦੀ ਛਤਰਛਾਇਆ ਥੱਲੇ ਈਰਾਨ ਅੰਦਰ ਆਰਥਿਕ ਤਰੱਕੀ ਤੇ ਵਿਕਾਸ ਦਾ ਜੋ ਰਾਹ (ਪੈਟਰਨ) ਅਖ਼ਤਿਆਰ ਕੀਤਾ (ਜਿਸਨੂੰ 'ਚਿੱਟੇ ਇਨਕਲਾਬ' ਦਾ ਨਾਉਂ ਦਿੱਤਾ ਗਿਆ) ਉਸ ਨਾਲ ਨਾ ਸਿਰਫ਼ ਈਰਾਨ ਦੇ ਅਰਥਚਾਰੇ ਅੰਦਰ ਵੱਡੇ ਅਸੰਤੁਲਨ ਤੇ ਕਜੋੜਤਾ (disarticulation) ਪੈਦਾ ਹੋ ਗਈ ਸਗੋਂ ਈਰਾਨ ਦੇ ਰਵਾਇਤੀ ਜੀਵਨ-ਅਮਲ ਦਾ ਸਾਰਾ ਤਾਲ ਹੀ ਉਖੜ ਗਿਆ। ਪੱਛਮੀ ਸਭਿਆਚਾਰ ਦੇ ਨਕਾਰੀ ਪਰਭਾਵਾਂ ਨੇ ਇਸਲਾਮੀ ਰਵਾਇਤਾਂ ਤੇ ਕਦਰਾਂ-ਕੀਮਤਾਂ ਨੂੰ ਵੱਡੀ ਪੱਧਰ 'ਤੇ ਢਾਹ ਲਾਉਣੀ ਸ਼ੁਰੂ ਕਰ ਦਿੱਤੀ। ਇਸ ਦੇ ਪ੍ਰਤੀਕਰਮ ਵਜੋਂ ਆਇਤਉੱਲਾ ਖ਼ੁਮੀਨੀ ਦੀ ਅਧਿਆਤਮਿਕ ਤੇ ਰਾਜਨੀਤਕ ਲੀਡਰਸ਼ਿਪ ਹੇਠ ਇਕ ਜਾਨਦਾਰ ਇਸਲਾਮੀ ਲਹਿਰ ਲਾਮਬੰਦ ਹੋ ਉਠੀ। ਈਰਾਨ ਅੰਦਰ ਅਮਰੀਕੀ ਸਾਮਰਾਜਵਾਦੀ ਹਿਤਾਂ ਦੀ ਪੂਰਤੀ ਦਾ ਸੰਦ ਬਣੀ ਹੋਈ ਸ਼ਾਹ ਈਰਾਨ ਦੀ ਹਕੂਮਤ ਵੱਲੋਂ ਈਰਾਨੀ ਜਨਤਾ ਦੇ ਇਸ ਇਨਕਲਾਬੀ ਰੋਹ ਨੂੰ ਵਹਿਸ਼ੀ ਤਸ਼ੱਦਦ ਨਾਲ ਸ਼ਾਂਤ ਕਰਨ ਦੇ ਸਾਰੇ ਯਤਨ ਨਾਕਾਮ ਹੋ ਗਏ। ਲਹੂ-ਵੀਟਵੇਂ ਸੰਘਰਸ਼ ਤੋਂ ਬਾਅਦ ਅਖ਼ੀਰ ਫ਼ਰਵਰੀ 1979 ਵਿੱਚ ਸ਼ਾਹ ਈਰਾਨ ਦੀ ਹਕੂਮਤ ਲੋਕ ਰੋਹ ਦੇ ਵਰੋਲਿਆਂ ਅੱਗੇ ਸੁੱਕੇ ਤਿਣਕਿਆਂ ਵਾਂਗ ਉੱਡ ਗਈ। ਆਇਤਉੱਲਾ ਖ਼ੁਮੀਨੀ ਦੀ ਅਗਵਾਈ ਹੇਠ ਕਾਇਮ ਹੋਈ ਇਸਲਾਮੀ ਹਕੂਮਤ ਨੇ ਈਰਾਨ ਦੀ ਧਰਤੀ ਉੱਤੋਂ ਅਮਰੀਕੀ ਘੁਸਪੈਠ ਤੇ ਦਾਬੇ ਦਾ ਹਰ ਨਾਮੋ-ਨਿਸ਼ਾਨ ਮਿਟਾ ਦੇਣ ਦਾ ਤਹੱਈਆ ਕਰ ਲਿਆ ਅਤੇ ਇਸ ਦਿਸ਼ਾ ਵਿੱਚ ਕਈ ਠੋਸ ਪਰਭਾਵਸ਼ਾਲੀ ਕਦਮ ਚੁੱਕੇ। ਈਰਾਨ ਅੰਦਰ ਵਾਪਰੇ ਇਸ ਇਨਕਲਾਬੀ ਘਟਨਾਕ੍ਰਮ ਨੇ ਹੋਰਨਾਂ ਥਾਵਾਂ ਉੱਤੇ ਵੀ ਇਸਲਾਮੀ ਤਾਕਤਾਂ ਨੂੰ ਭਾਰੀ ਉਤਸ਼ਾਹ ਬਖ਼ਸ਼ਿਆ ਅਤੇ ਮੁਸਲਿਮ ਜਗਤ ਅੰਦਰ ਪੱਛਮ ਦੀਆਂ ਨਿਘਾਰਵਾਦੀ ਸਭਿਆਚਾਰਕ ਅਲਾਮਤਾਂ ਖ਼ਿਲਾਫ਼ ਆਮ ਜਾਗਰੂਕਤਾ ਪੈਦਾ ਹੋਣ ਲੱਗੀ।

ਇਸ ਦੀ ਤੁਲਨਾ ਵਿੱਚ, ਸੱਠਵਿਆਂ/ਸੱਤਰਵਿਆਂ ਦੇ ਦਹਾਕਿਆਂ ਦੌਰਾਨ ਸਿੱਖ ਪੰਥ ਅੰਦਰੋਂ ਅਜਿਹੀ ਕੋਈ ਹੋਣਹਾਰ ਤਾਕਤ ਪੈਦਾ ਨਾ ਹੋ ਸਕੀ ਜੋ ਨਾ ਸਿਰਫ਼ ਪਤਿਤਪੁਣੇ ਦੇ ਰੁਝਾਨ ਦੇ ਅਸਲੀ ਸੋਮੇ ਦੀ ਪਛਾਣ ਕਰ ਸਕਦੀ ਸਗੋਂ ਨਾਲ ਹੀ ਇਸ ਸੱਚਾਈ ਨੂੰ ਵੀ ਗ੍ਰਹਿਣ ਕਰ ਸਕਦੀ ਕਿ ਇਹ ਸਿੱਖ ਪੰਥ ਅੰਦਰਲਾ ਮਾਇਆਧਾਰੀ ਵਰਗ ਹੀ ਹੈ ਜੋ ਸਿੱਖ ਸਮਾਜ ਅੰਦਰ ਪੱਛਮ ਦੇ ਨਿਘਾਰਵਾਦੀ ਸਭਿਆਚਾਰ ਦੀ ਸੜ੍ਹਿਆਂਦ ਨੂੰ ਫੈਲਾਉਣ ਦਾ ਪਰਮੁੱਖ ਵਾਹਕ ਬਣਿਆ ਹੋਇਆ ਹੈ ਅਤੇ ਹਿੰਦੂਵਾਦੀ ਤਾਕਤਾਂ ਵੱਲੋਂ ਸਿੱਖ ਪੰਥ ਦੀ ਨਿਆਰੀ ਹਸਤੀ ਨੂੰ ਢਾਹ ਲਾਉਣ ਦੀ ਮਨਸ਼ਾ ਨਾਲ ਇਸ ਅਮਲ ਨੂੰ ਉਚੇਚੇ ਤੌਰ

'ਤੇ ਉਤਸ਼ਾਹਤ ਕੀਤਾ ਜਾ ਰਿਹਾ ਹੈ। ਜੇਕਰ ਪੰਥ ਅੰਦਰਲੇ ਕਿਸੇ ਵਰਗ ਨੇ ਮਸਲੇ ਦੀ ਇਸ ਰੂਪ ਵਿੱਚ ਪਛਾਣ ਕਰ ਲਈ ਹੁੰਦੀ ਤਾਂ ਹਾਲਤ ਨੇ ਪੱਕ ਨਾਲ ਹੀ ਸਿਫ਼ਤੀ ਮੋੜਾ ਕੱਟਿਆ ਹੁੰਦਾ। ਪ੍ਰੰਤੂ ਜਿਵੇਂ ਦੱਸਿਆ ਜਾ ਚੁੱਕਾ ਹੈ, ਸਿੱਖ ਕੌਮ ਦੀ ਧਾਰਮਿਕ ਤੇ ਰਾਜਸੀ ਲੀਡਰਸ਼ਿਪ ਸੱਠਵਿਆਂ/ਸੱਤਰਵਿਆਂ ਵਿੱਚ ਕਮਿਊਨਿਸਟ ਲਹਿਰ ਦੀ ਚੜ੍ਹਤ ਤੇ ਪੇਸ਼ਕਦਮੀ ਤੋਂ ਇਸ ਕਦਰ ਭੈਅਮਾਨ ਹੋ ਗਈ ਸੀ ਕਿ ਉਸ ਨੂੰ ਹਿੰਦੂਵਾਦ ਜਾਂ ਪੱਛਮ ਦੇ ਸਭਿਆਚਾਰਕ ਹੱਲੇ ਦੀ ਤੁਲਨਾ ਵਿੱਚ ਕਮਿਊਨਿਜ਼ਮ ਦਾ ਖ਼ਤਰਾ ਵੱਧ ਗੰਭੀਰ ਤੇ ਨਜ਼ਦੀਕੀ ਦਿਖਾਈ ਦੇਣ ਲੱਗ ਪਿਆ ਸੀ। ਜਿਸ ਕਰਕੇ ਉਸ ਨੇ ਆਪਣੀ ਸਾਰੀ ਸ਼ਕਤੀ ਤੇ ਧਿਆਨ ਕਮਿਊਨਿਜ਼ਮ ਦੀ ਹਨੇਰੀ ਨੂੰ ਠੱਲ੍ਹਣ 'ਤੇ ਲਗਾ ਦਿੱਤਾ ਹੋਇਆ ਸੀ।

ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਦੌਰ ਕਮਿਊਨਿਸਟ ਲਹਿਰ ਦੀ ਸੰਸਾਰ ਵਿਆਪੀ ਚੜ੍ਹਤ ਦਾ ਦੌਰ ਸੀ। ਸੱਠਵਿਆਂ ਦੇ ਦੂਸਰੇ ਅੱਧ ਵਿੱਚ ਦੁਨੀਆ ਦੇ ਲਗਭਗ ਸਭਨਾਂ ਖ਼ਿੱਤਿਆਂ ਤੇ ਦੇਸਾਂ ਅੰਦਰ ਕਾਇਮ-ਮੁਕਾਮ ਹਾਲਤਾਂ ਤੋਂ ਬਦਜ਼ਨ ਹੋਇਆ ਨੌਜੁਆਨ ਵਰਗ, ਮਨਾਂ ਵਿੱਚ ਨਵੇਂ ਸੁਪਨੇ ਲੈ ਕੇ, ਬਗ਼ਾਵਤ ਦੇ ਰਾਹ ਤੁਰ ਪਿਆ ਹੋਇਆ ਸੀ। ਚੀਨ ਵਿੱਚ ਮਾਓ-ਜ਼ੇ-ਤੁੰਗ ਦੇ ਸੱਦੇ 'ਤੇ ਲੱਖਾਂ ਕਰੋੜਾਂ ਦੀ ਗਿਣਤੀ ਵਿੱਚ ਨੌਜੁਆਨ ਆਪਣੀ ਹੀ ਕਮਿਊਨਿਸਟ ਰਾਜਸ਼ਕਤੀ ਸਮੇਤ ਹਰ ਕਿਸਮ ਦੀ ਹਾਕਮਸ਼ਾਹੀ (authority) ਨੂੰ ਵੰਗਾਰਦੇ ਹੋਏ ਸੜਕਾਂ 'ਤੇ ਨਿਕਲ ਤੁਰੇ ਸਨ। ਵੀਅਤਨਾਮ ਦੀ ਜਨਤਾ ਵੱਲੋਂ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਕੌਮੀ ਮੁਕਤੀ ਦੀ ਜਦੋਜਹਿਦ ਦਾ ਬੇਹੱਦ ਉਤਸ਼ਾਹੀ ਤੇ ਗੌਰਵਸ਼ਾਲੀ ਇਤਿਹਾਸ ਲਿਖਿਆ ਜਾ ਰਿਹਾ ਸੀ। ਅਮਰੀਕੀ ਸਾਮਰਾਜਵਾਦੀਆਂ ਦੁਆਰਾ ਵੀਅਤਨਾਮ ਦੇ ਕਮਿਊਨਿਸਟ ਕਬਜ਼ੇ ਹੇਠਲੇ ਉੱਤਰੀ ਭਾਗ ਦੇ ਪੋਟੇ ਪੋਟੇ ਨੂੰ ਬੀ-52 ਬੰਬਾਰਾਂ 'ਚੋਂ ਵਰ੍ਹਦੇ ਨਾਪਾਮ ਬੰਬਾਂ ਨਾਲ ਪਰੋਅ ਸੁੱਟਣ ਦੇ ਬਾਵਜੂਦ ਵੀਅਤਨਾਮੀ ਜਨਤਾ ਆਪਣੀਆਂ ਜਿੱਤਾਂ ਦੇ ਜਸ਼ਨ ਮਨਾਉਂਦੀ ਹੋਈ ਨਿਰੰਤਰ ਮੁਕੰਮਲ ਫ਼ਤਹਿ ਵੱਲ ਵੱਧ ਰਹੀ ਸੀ। ਅਫ਼ਰੀਕਾ ਤੇ ਏਸ਼ੀਆ ਅੰਦਰ ਬਸਤੀਵਾਦ ਦੀ ਰਹਿੰਦ-ਖੂੰਹਦ ਨੂੰ ਹੂੰਝ ਸੁੱਟਣ ਲਈ ਆਜ਼ਾਦੀ ਤੇ ਕੌਮੀ ਮੁਕਤੀ ਦੀਆਂ ਲਹਿਰਾਂ ਦੀ ਬਹਾਰ ਆਈ ਹੋਈ ਸੀ ਅਤੇ ਇਨ੍ਹਾਂ ਲਹਿਰਾਂ ਅੰਦਰ ਕਮਿਊਨਿਸਟ ਤਾਕਤਾਂ ਅਹਿਮ ਭੂਮਿਕਾ ਅਦਾ ਕਰ ਰਹੀਆਂ ਸਨ। ਫ਼ਰਾਂਸ ਤੇ ਹੋਰਨਾਂ ਯੂਰਪੀ ਦੇਸਾਂ ਅੰਦਰ ਨੌਜੁਆਨ ਵਿਦਿਆਰਥੀ ਵਰਗ ਸਥਾਪਤੀ (establishment) ਨੂੰ ਚੁਣੌਤੀ ਦਿੰਦਾ ਹੋਇਆ ਸੜਕਾਂ ਉੱਤੇ ਨਿਕਲ ਆਇਆ ਸੀ। ਭਾਰਤ ਅੰਦਰ ਕਮਿਊਨਿਸਟ ਤਾਕਤਾਂ ਨੇ ਦੋ ਰਾਜਾਂ (ਪੱਛਮੀ ਬੰਗਾਲ ਤੇ ਕੇਰਲਾ) ਅੰਦਰ ਆਪਣੀ ਭਾਰੂ ਹੈਸੀਅਤ ਬਣਾ ਲਈ ਸੀ ਅਤੇ 1967 ਵਿੱਚ ਪੱਛਮੀ ਬੰਗਾਲ ਦੇ ਨਕਸਲਬਾੜੀ ਨਾਂ ਦੇ ਖੇਤਰ 'ਚੋਂ ਉਠੀ ਖਾੜਕੂ ਕਮਿਊਨਿਸਟ ਲਹਿਰ ਜੰਗਲ ਦੀ ਅੱਗ ਵਾਂਗ ਤੇਜ਼ੀ ਨਾਲ ਸਾਰੇ ਦੇਸ ਅੰਦਰ ਫੈਲ ਗਈ ਸੀ। ਪੰਜਾਬ ਅੰਦਰ ਪੜ੍ਹੇ-ਲਿਖੇ ਪੇਂਡੂ ਸਿੱਖ ਨੌਜੁਆਨ ਵੱਡੀ ਗਿਣਤੀ ਵਿੱਚ ਇਸ ਲਹਿਰ ਵੱਲ ਕੀਲੇ ਗਏ ਸਨ ਅਤੇ ਪੰਜਾਬ ਦੇ ਕਾਲਜ ਤੇ ਯੂਨੀਵਰਸਿਟੀਆਂ ਕਮਿਊਨਿਸਟ ਲਹਿਰ ਦੇ ਮਜ਼ਬੂਤ ਗੜ੍ਹਾਂ ਵਿੱਚ ਤਬਦੀਲ ਹੋ ਗਏ ਸਨ। ਕਮਿਊਨਿਸਟ ਵਿਚਾਰਧਾਰਾ ਦੇ ਜਨੂੰਨੀ ਪਰਭਾਵ ਹੇਠ ਪੜ੍ਹੇ-ਲਿਖੇ ਸਿੱਖ ਨੌਜੁਆਨਾਂ ਅੰਦਰ ਧਰਮ ਤੋਂ ਨਾਬਰ ਹੋਣ, ਖ਼ਾਸ ਕਰਕੇ ਸਿੱਖੀ ਦੇ ਬਾਹਰੀ ਚਿੰਨ੍ਹਾਂ ਦਾ ਮਿਥ ਕੇ ਤਿਆਗ ਕਰਨ ਦੀ ਕਰੁਚੀ ਇਸ ਕਦਰ ਜ਼ੋਰ ਫੜ ਗਈ ਸੀ ਕਿ ਧਰਮ ਨੂੰ ਭੰਡਣਾ ਇਕ ਆਮ 'ਫ਼ੈਸ਼ਨ' ਬਣ ਗਿਆ ਸੀ। ਅਜਿਹੀ ਹਾਲਤ ਦੇ ਸਨਮੁੱਖ ਸਿੱਖ ਧਾਰਮਿਕ ਹਲਕਿਆਂ ਦਾ ਧਰਮ ਦੇ ਭਵਿੱਖ ਪ੍ਰਤੀ ਚਿੰਤਾਗ੍ਰਸਤ ਹੋ ਜਾਣਾ ਅਤੇ ਕਮਿਊਨਿਜ਼ਮ ਦੇ ਤੇਜ਼ੀ ਨਾਲ ਵਧ ਪਸਰ ਰਹੇ ਪਰਭਾਵ ਨੂੰ ਤੌਖ਼ਲੇ ਭਰੀ ਨਜ਼ਰ ਨਾਲ ਦੇਖਣਾ ਅਸੁਭਾਵਿਕ ਜਾਂ ਅਣਉਚਿਤ ਨਹੀਂ ਸੀ। ਪਰ ਈਰਾਨ ਅੰਦਰਲੀਆਂ ਇਸਲਾਮੀ ਤਾਕਤਾਂ ਦੀ ਤੁਲਨਾ ਵਿੱਚ, ਸਿੱਖ ਲੀਡਰਸ਼ਿਪ ਦੇ

ਵਿਚਾਰਧਾਰਕ ਨਜ਼ਰੀਏ ਵਿੱਚ ਵੱਡਾ ਕੱਜ ਇਹ ਸੀ ਕਿ ਉਸ ਕੋਲ ਬੁਨਿਆਦੀ ਦੁਸ਼ਮਣ ਤੇ ਫ਼ੌਰੀ ਦੁਸ਼ਮਣ ਵਿਚਕਾਰ ਅਤੇ ਚਿਰ-ਸਦੀਵੀ ਤੇ ਵਕਤੀ ਖ਼ਤਰੇ ਵਿਚਕਾਰ ਨਿਖੇੜਾ ਕਰਨ ਦੀ ਸੂਝ ਸਮਰੱਥਾ ਜਾਂ ਇਹ ਕਹਿ ਲਵੋ ਕਿ ਰੁਚੀ ਨਹੀਂ ਸੀ। ਬਾਅਦ ਵਿੱਚ ਵਾਪਰੇ ਘਟਨਾਕ੍ਰਮ ਨੇ ਇਹ ਸਚਾਈ ਪਰਤੱਖ ਰੂਪ ਵਿੱਚ ਉਜਾਗਰ ਕਰ ਦਿੱਤੀ ਕਿ ਕਮਿਊਨਿਜ਼ਮ ਦੀ ਚੜ੍ਹਤ ਇਤਿਹਾਸ ਦਾ ਇਕ ਆਰਜ਼ੀ ਵਰਤਾਰਾ ਸੀ। ਕਮਿਊਨਿਜ਼ਮ ਦਾ ਸਿੱਖ ਧਰਮ ਉੱਤੇ ਹੱਲਾ ਵੱਧ ਦਾਰਸ਼ਨਿਕ ਤੇ ਵਿਚਾਰਧਾਰਕ ਵੰਨਗੀ ਦਾ ਸੀ ਅਤੇ ਹਿੰਦੂਵਾਦੀ ਹੱਲੇ ਦੀ ਤੁਲਨਾ ਵਿੱਚ ਇਸ ਦੀ ਮਾਰ ਬਹੁਤ ਸੀਮਤ ਸੀ। ਕਮਿਊਨਿਸਟ ਵਿਚਾਰਧਾਰਾ ਬਹੁਤ ਜ਼ੋਰ ਲਾ ਕੇ ਵੀ ਸਿੱਖ ਨੌਜੁਆਨਾਂ ਤੇ ਬੁੱਧੀਜੀਵੀਆਂ ਦੇ ਇਕ ਹਿੱਸੇ ਨੂੰ ਹੀ ਪ੍ਰਭਾਵਤ ਕਰ ਸਕਦੀ ਸੀ। ਇਸ ਵਿੱਚ ਸਮੁੱਚੇ ਸਿੱਖ ਪੰਥ ਜਾਂ ਇਸ ਦੇ ਬਹੁਤ ਵੱਡੇ ਹਿੱਸੇ ਨੂੰ ਆਪਣੇ ਰੋੜ੍ਹ ਅੰਦਰ ਵਹਾ ਕੇ ਲੈ ਜਾਣ ਦਾ ਦਮ ਨਹੀਂ ਸੀ। ਹੋਇਆ ਵੀ ਇੰਜ ਹੀ। ਆਪਣੀ ਪੂਰੀ ਚੜ੍ਹਤ ਮੌਕੇ ਵੀ ਨਕਸਲੀ ਲਹਿਰ ਪੜ੍ਹੇ-ਲਿਖੇ ਪੇਂਡੂ ਸਿੱਖ ਨੌਜੁਆਨਾਂ ਦੇ ਇਕ ਛੋਟੇ ਹਿੱਸੇ ਨੂੰ ਹੀ ਆਪਣੇ ਪ੍ਰਭਾਵ ਹੇਠ ਲਿਆਉਣ ਵਿੱਚ ਸਫਲ ਹੋ ਸਕੀ ਸੀ। ਆਮ ਸਿੱਖ ਜਨਤਾ ਨੇ ਇਸਦਾ ਕੋਈ ਖ਼ਾਸ ਅਸਰ ਨਹੀਂ ਸੀ ਕਬੂਲਿਆ। ਸਿੱਖ ਨੌਜੁਆਨਾਂ ਉੱਤੇ ਵੀ ਇਸ ਦਾ ਪ੍ਰਭਾਵ ਥੋੜ-ਚਿਰਾ ਹੀ ਸਾਬਤ ਹੋਇਆ। ਇਸ ਦੀ ਤੁਲਨਾ ਵਿੱਚ, ਹਿੰਦੂਵਾਦ ਦਾ ਖ਼ਤਰਾ ਆਰਜ਼ੀ ਨਹੀਂ ਸਗੋਂ ਚਿਰ-ਸਦੀਵੀ ਹੈ। ਉਸ ਦੀ ਮਾਰ ਸਿੱਖ ਪੰਥ ਦੇ ਕੁਝ ਵਰਗਾਂ ਤਕ ਸੀਮਤ ਨਹੀਂ। ਉਹ ਬਣੇ-ਸਬੂਤੇ ਭਾਈਚਾਰੇ ਨੂੰ ਨਿਗਲ ਲੈਣ ਦੀ ਭੁੱਖ ਤੇ ਸਮਰੱਥਾ ਰੱਖਦਾ ਹੈ। ਮਾਰਕਸਵਾਦ ਦੀ ਤੁਲਨਾ ਵਿੱਚ ਬ੍ਰਾਹਮਣਵਾਦ ਦਾ ਸਿੱਖ ਸਮਾਜ ਉੱਤੇ ਵਿਚਾਰਧਾਰਕ ਅਸਰ ਕਿਤੇ ਵੱਧ ਵਿਆਪਕ ਤੇ ਗਹਿਰਾ ਹੈ। ਅਹਿਮ ਗੱਲ ਇਹ ਕਿ ਉਸਦਾ ਵਿਰੋਧ ਸਿੱਖੀ ਦੇ ਸਰੂਪ ਵਾਲੇ ਪੱਖ ਨਾਲ ਘੱਟ ਅਤੇ ਸਿੱਖੀ ਦੇ ਸਿਧਾਂਤਕ ਪੱਖ ਨਾਲ ਵੱਧ ਹੈ। ਲੋੜ ਪੈਣ 'ਤੇ ਉਹ ਸਿੱਖੀ ਦੇ ਸਰੂਪ ਨਾਲ ਤਾਂ ਸਮਝੌਤਾ ਕਰ ਸਕਦਾ ਹੈ ਪਰ ਸਿੱਖੀ ਦੇ ਸਿਧਾਂਤਾਂ ਪ੍ਰਤੀ ਆਪਣੀ ਜ਼ੱਦੀ ਨਫ਼ਰਤ ਤੇ ਦੁਸ਼ਮਣੀ ਨੂੰ ਉਹ ਇਕ ਪਲ ਲਈ ਵੀ ਨਹੀਂ ਭੁਲਾ ਸਕਦਾ। ਸੋ ਇਸ ਦ੍ਰਿਸ਼ਟੀ ਤੋਂ ਦੇਖਿਆਂ, ਉਸ ਵੇਲੇ ਵੀ ਜਦ ਕਮਿਊਨਿਸਟ ਵਿਚਾਰਧਾਰਾ ਸਿੱਖ ਨੌਜੁਆਨਾਂ ਅੰਦਰ ਨਾਸਤਕਪੁਣੇ ਤੇ ਪਤਿਤਪੁਣੇ ਵਰਗੀਆਂ ਕੁਰੀਚੀਆਂ ਨੂੰ ਉਤਸ਼ਾਹਤ ਕਰਨ ਵਾਲਾ ਮੁੱਖ ਪ੍ਰੇਰਕ ਤੱਤ ਬਣੀ ਹੋਈ ਸੀ, ਹਿੰਦੂਵਾਦ ਦੇ ਖ਼ਤਰੇ ਨੂੰ ਘਟਾ ਕੇ ਦੇਖਣ ਜਾਂ ਇਸ ਪ੍ਰਤੀ ਅਵੇਸਲੇ ਹੋਣ ਦਾ ਕੋਈ ਕਾਰਨ ਨਹੀਂ ਸੀ। ਬਾਅਦ ਵਿੱਚ ਜਾ ਕੇ ਸੰਤ ਜਰਨੈਲ ਸਿੰਘ (ਭਿੰਡਰਾਂਵਾਲੇ) ਨੇ ਠੋਸ ਅਮਲ ਦੇ ਜ਼ਰੀਏ ਇਹ ਗੱਲ ਸਾਬਤ ਕਰ ਦਿਖਾਈ ਕਿ ਸੱਠਵਿਆਂ/ਸੱਤਰਵਿਆਂ ਵਿੱਚ ਸਿੱਖ ਲੀਡਰਸ਼ਿਪ ਦੁਆਰਾ ਹਿੰਦੂਵਾਦ ਨੂੰ ਛੋਟ ਦੇ ਕੇ ਕਮਿਊਨਿਜ਼ਮ ਨਾਲ ਨਿਰਾਰਥਕ ਆਢਾ ਲਾਉਣ ਦਾ ਪੈਂਤੜਾ 'ਸੱਪ' ਦੇ ਭੁਲੇਖੇ 'ਰੱਸੀ' ਨੂੰ ਕੁੱਟਣ ਵਾਲੀ ਗੱਲ ਸੀ। ਇਵੇਂ ਹੀ ਸਿੱਖ ਸਮਾਜ ਨੂੰ, ਖ਼ਾਸ ਕਰਕੇ ਸਿੱਖ ਨੌਜੁਆਨਾਂ ਨੂੰ ਪੱਛਮ ਦੀਆਂ ਨਕਾਰੀ ਤੱਤ ਵਾਲੀਆਂ ਸਭਿਆਚਾਰਕ ਅਲਾਮਤਾਂ ਪ੍ਰਤੀ ਸੁਚੇਤ ਅਤੇ ਜਾਗਰੂਕ ਕਰਨ ਦੀ ਥਾਂ ਕਮਿਊਨਿਜ਼ਮ ਤੇ ਨਾਸਤਕਪੁਣੇ ਵਿਰੁੱਧ ਅਮੂਰਤ (abstract) ਪੱਧਰ 'ਤੇ ਕੀਤਾ ਗਿਆ ਪ੍ਰਾਪੇਗੰਡਾ ਅਣਉਪਜਾਊ ਬਣ ਕੇ ਰਹਿ ਗਿਆ। ਸਿੱਖ ਵਿਦਵਾਨਾਂ ਨੇ ਪੱਛਮ ਦੇ ਨੈਤਿਕ ਤੇ ਰੂਹਾਨੀ ਸੰਕਟ ਦਾ ਡੂੰਘਾ ਵਿਸ਼ਲੇਸ਼ਣ ਕਰਨ ਅਤੇ ਸਿੱਖ ਪੰਥ ਨੂੰ ਇਸ ਦੇ ਮਾਰੂ ਪਰਭਾਵਾਂ ਤੋਂ ਆਗਾਹ ਕਰਨ ਦੇ ਕਾਰਜ ਵੱਲ ਲੁੜੀਂਦਾ ਧਿਆਨ ਨਹੀਂ ਦਿੱਤਾ। ਈਰਾਨ ਦੇ ਸਬਕਾਂ ਨੂੰ ਗ੍ਰਹਿਣ ਕਰਨ ਦੀ ਉੱਕਾ ਹੀ ਕੋਈ ਕੋਸ਼ਿਸ਼ ਸਾਹਮਣੇ ਨਹੀਂ ਆਈ। ਇਤਿਹਾਸ ਦੇ ਇਸ ਏਡੇ ਮਹੱਤਵਪੂਰਨ ਘਟਨਾਕ੍ਰਮ ਨੂੰ ਬੌਧਿਕ ਚਰਚਾ ਦਾ ਵਿਸ਼ਾ ਤਕ ਨਾ ਬਣਾਉਣਾ ਸਮੁੱਚੇ ਸਿੱਖ ਬੁੱਧੀਜੀਵੀ ਵਰਗ ਲਈ ਇਕ ਮਿਹਣੇ ਵਾਲੀ ਗੱਲ ਹੈ।

•

# 13

# ਆਨੰਦਪੁਰ ਦਾ ਮਤਾ

ਵਿਚਾਰ ਅਧੀਨ ਇਸ ਅਰਸੇ ਦੇ ਦੌਰਾਨ ਸਿੱਖ ਕੌਮ ਨੇ ਆਪਣੇ ਕਈ ਅਹਿਮ ਪੁਰਬ ਮਨਾਏ। 1966 ਵਿੱਚ ਦਸਮ ਪਾਤਸ਼ਾਹ ਦਾ ਤਿੰਨ ਸੌ ਸਾਲਾ ਪਰਗਟ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ ਗਿਆ। 1969 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌਵੇਂ ਪ੍ਰਕਾਸ਼ ਉਤਸਵ 'ਤੇ ਵੱਡੇ ਪ੍ਰੋਗਰਾਮ ਰਚੇ ਗਏ। 1975 ਵਿੱਚ ਨੌਵੀਂ ਪਾਤਸ਼ਾਹੀ ਦੇ ਤਿੰਨ ਸੌ ਸਾਲਾ ਸ਼ਹੀਦੀ ਦਿਵਸ 'ਤੇ ਕੌਮ ਨੇ ਵੱਡੀ ਪੱਧਰ 'ਤੇ ਜਲੂਸਾਂ ਵਿੱਚ ਸ਼ਿਰਕਤ ਕੀਤੀ। ਲੰਮੀ ਜਦੋਜਹਿਦ ਉਪਰੰਤ 1966 ਵਿੱਚ ਪੰਜਾਬੀ ਸੂਬੇ ਦੀ ਸਥਾਪਨਾ ਦੀ ਮੰਗ ਵੀ ਪਰਵਾਨ ਕਰਵਾ ਲਈ ਗਈ। ਅਕਾਲੀ ਦਲ ਨੂੰ ਤਿੰਨ ਵਾਰ ਹਕੂਮਤੀ ਆਸਣ ਉੱਤੇ ਬਿਰਾਜਮਾਨ ਹੋਣ ਦਾ ਸੁਭਾਗ ਵੀ ਪਰਾਪਤ ਹੋ ਗਿਆ। ਆਰਥਿਕ ਖੇਤਰ ਅੰਦਰ 'ਹਰੇ ਇਨਕਲਾਬ' ਦੀਆਂ ਬਰਕਤਾਂ ਨੇ ਸਿੱਖ ਕਿਸਾਨੀ ਤੇ ਹੋਰਨਾਂ ਵਰਗਾਂ ਦੀ ਆਰਥਿਕ ਦਸ਼ਾ ਅੰਦਰ ਚੋਖਾ ਸੁਧਾਰ ਲੈ ਆਂਦਾ। ਸਮਾਜਕ ਤੇ ਵਿਦਿਅਕ ਖੇਤਰ ਅੰਦਰ ਵੀ ਸਿੱਖ ਭਾਈਚਾਰੇ ਨੇ ਮੁਕਾਬਲਤਨ ਚੰਗੀ ਤਰੱਕੀ ਕਰ ਲਈ। ਫ਼ੌਜ ਪੁਲਸ ਵਗ਼ੈਰਾ ਤੋਂ ਲੈ ਕੇ ਰਾਜ ਪ੍ਰਬੰਧ ਦੇ ਹੋਰਨਾਂ ਖੇਤਰਾਂ ਤਕ ਗਿਣਵੇਂ-ਚੁਣਵੇਂ ਸਿੱਖਾਂ ਨੂੰ ਉੱਚੀਆਂ ਪਦਵੀਆਂ ਵੀ ਨਸੀਬ ਹੋ ਗਈਆਂ। ਸਨਅਤ, ਵਪਾਰ ਤੇ ਤਕਨੀਕੀ ਖੇਤਰਾਂ ਅੰਦਰ ਵੀ ਕੁਝ ਚੋਣਵੇਂ ਸਿੱਖਾਂ ਨੇ ਚੰਗੀ ਤਰੱਕੀ ਤੇ ਸ਼ੋਹਰਤ ਹਾਸਲ ਕਰ ਲਈ। ਪਰ ਇਸ ਸਭ ਕੁਝ ਦੇ ਬਾਵਜੂਦ ਸਿੱਖ ਕੌਮ ਆਤਮਿਕ ਤੌਰ 'ਤੇ ਉਦਾਸੀ ਤੇ ਢਹਿੰਦੀਆਂ ਕਲਾਂ ਵਿੱਚ ਵਿਚਰ ਰਹੀ ਸੀ। ਉਸਨੂੰ ਕਿਸੇ ਵੱਡੀ ਕਮੀ ਤੇ ਡੂੰਘੇ ਖ਼ਲਾਅ ਦਾ ਅਹਿਸਾਸ ਹੋ ਰਿਹਾ ਸੀ। ਇਹ 'ਕਮੀ' ਕੀ ਸੀ ? ਇਸ ਬਾਰੇ ਸਿੱਖ ਪੰਥ ਨਾ ਤਾਂ ਚੇਤਨਾ ਦੀ ਪੱਧਰ 'ਤੇ ਸਪਸ਼ਟ ਸੀ ਤੇ ਨਾ ਇਕਮੱਤ ਸੀ। ਪੰਥ ਦੇ ਅੱਡ ਅੱਡ ਵਰਗਾਂ ਤੇ ਹਿੱਸਿਆਂ ਦੇ ਅਨੁਭਵ (perceptions) ਅਲੱਗ-ਅਲੱਗ ਸਨ। ਪਰ ਸਾਰਿਆਂ ਦੀ ਚੀਸ ਸਾਂਝੀ ਸੀ।

## ਸਿੱਖ ਕੌਮ ਚੌਰਾਹੇ 'ਤੇ

'ਹਰੇ ਇਨਕਲਾਬ' ਨੇ ਸਿੱਖ ਕਿਸਾਨ ਦੇ ਸਿਰਫ਼ ਘਰ ਹੀ ਦਾਣਿਆਂ ਨਾਲ ਨਹੀਂ ਸਨ ਭਰ ਦਿੱਤੇ, ਨਾਲ ਹੀ ਉਸ ਅੰਦਰ ਵਿਦਿਆ ਅਤੇ ਸੋਝੀ ਦਾ ਵੀ ਪਾਸਾਰਾ ਕਰ ਦਿੱਤਾ ਸੀ। ਆੜ੍ਹਤੀਏ ਦੀ ਵਹੀ ਹੁਣ ਉਸ ਲਈ ਓਨੀ ਭੇਦ-ਭਰੀ ਸ਼ੈਅ ਨਹੀਂ ਸੀ ਰਹਿ ਗਈ। ਉਸ ਨੂੰ ਖੇਤੀ ਉੱਤੇ ਲਾਗਤ ਤੇ ਕਮਾਈ ਦਾ ਮੋਟਾ ਜਿਹਾ ਹਿਸਾਬ-ਕਿਤਾਬ ਅਤੇ ਮਾਰਕੀਟ ਦੇ 'ਗੇੜ' (ਮਕੈਨਿਜ਼ਮ) ਦਾ ਆਮ ਜਿਹਾ ਗਿਆਨ ਹਾਸਲ ਹੋ ਗਿਆ ਸੀ, ਕਿ ਬਾਣੀਆ ਵਰਗ ਕਿਸ ਤਰ੍ਹਾਂ ਉਸਦੀ ਕਿਰਤ ਕਮਾਈ ਨੂੰ ਦੋਨਾਂ ਹੱਥਾਂ ਨਾਲ (ਮਹਿੰਗਾ ਵੇਚ ਕੇ ਤੇ

ਸਸਤਾ ਖ਼ਰੀਦ ਕੇ) ਹੂੰਝ-ਹੜੱਪ ਕੇ ਲੈ ਜਾਂਦਾ ਹੈ, ਜਿਸ ਸਦਕਾ ਉਹ ਹੱਡ-ਭੰਨਵੀਂ ਮੁਸ਼ੱਕਤ ਦੇ ਬਾਵਜੂਦ ਤੰਗੀ-ਤੁਰਸ਼ੀ ਦੇ ਸਰਾਪ ਤੋਂ ਮੁਕਤ ਨਹੀਂ ਹੋ ਰਿਹਾ, ਜਦ ਕਿ ਬਾਣੀਆ ਵਰਗ 'ਹੱਥ ਦੀ ਸਫ਼ਾਈ' ਨਾਲ ਹੀ ਮਾਲਾਮਾਲ ਹੋਈ ਜਾ ਰਿਹਾ ਹੈ।

'ਜੱਟ' ਅਤੇ 'ਬਾਣੀਏ' ਦਾ ਇਹ ਅੰਤਰ ਵਿਰੋਧ, ਜੋ ਉਸਦੇ ਵੱਡੇ-ਵਡੇਰੇ ਪੁਸ਼ਤਾਂ ਤੋਂ ਅਹਿਸਾਸ ਦੇ ਪੱਧਰ 'ਤੇ ਮਹਿਸੂਸ ਕਰਦੇ ਆ ਰਹੇ ਸਨ, ਘਰ ਵਿੱਚ ਦਾਣੇ ਆ ਜਾਣ ਨਾਲ ਸਿਆਣੇ ਹੋਏ ਜੱਟ ਦੇ ਗੇੜ ਵਿੱਚ ਆ ਗਿਆ ਸੀ ਅਤੇ 'ਹੱਥਾਂ ਦੀ ਕਮਾਈ' ਨੂੰ 'ਹੱਥ ਦੀ ਸਫ਼ਾਈ' ਨਾਲ ਹੜੱਪ ਕੇ ਲੈ ਜਾਣ ਦੇ ਸਦੀਆਂ ਤੋਂ ਪ੍ਰਚਲਤ ਇਸ ਦਸਤੂਰ ਨੂੰ ਉਸ ਲਈ ਹੁਣ ਚੁੱਪ ਕਰ ਕੇ ਬਰਦਾਸ਼ਤ ਕਰਨਾ ਮੁਸ਼ਕਲ ਹੋ ਗਿਆ ਸੀ। ਉਸ ਦੇ ਅੰਦਰ ਇਸ ਸਦੀਆਂ ਪੁਰਾਣੀ ਲਾਹਨਤ ਤੋਂ ਸੁਰਖ਼ਰੂ ਹੋਣ ਅਤੇ ਆਪਣੀ ਕਿਰਤ ਕਮਾਈ ਦੀ ਰਾਖੀ ਕਰਨ ਦਾ ਜਜ਼ਬਾ ਅੰਗੜਾਈਆਂ ਲੈਣ ਲੱਗ ਪਿਆ ਸੀ। ਇਸ ਮਾਮਲੇ ਵਿੱਚ ਉਹ ਯੋਗ ਰਹਿਨੁਮਾਈ ਦੀ ਝਾਕ ਤੇ ਤਲਾਸ਼ ਕਰ ਰਿਹਾ ਸੀ। ਅਜਿਹੀ ਸੂਰਤੇ-ਹਾਲ ਵਿੱਚ 1973-74 ਦੌਰਾਨ ਪੰਜਾਬ ਅੰਦਰ ਕੁਝ ਨਵੀਆਂ ਕਿਸਾਨ ਜਥੇਬੰਦੀਆਂ ਦ੍ਰਿਸ਼ 'ਤੇ ਉਭਰਨੀਆਂ ਸ਼ੁਰੂ ਹੋ ਗਈਆਂ ਸਨ ਅਤੇ ਨਵੀਂ ਕਿਸਮ ਦੇ ਕਿਸਾਨ ਅੰਦੋਲਨਾਂ ਨੇ ਸ਼ਕਲ ਧਾਰਨੀ ਸ਼ੁਰੂ ਕਰ ਦਿੱਤੀ ਸੀ।

ਉੱਧਰ ਆਦਰਸ਼ਵਾਦੀ ਸਿੱਖ ਨੌਜੁਆਨਾਂ ਦਾ 'ਲਾਲ ਝੰਡੇ' ਦੀ ਛਤਰਛਾਇਆ ਹੇਠ ਧਰਤੀ ਉੱਤੇ ਸੁਰਗ ਰਚਣ ਦਾ ਸੁਪਨਾ ਚਕਨਾਚੂਰ ਹੋ ਗਿਆ ਸੀ। 'ਹਰੇ ਇਨਕਲਾਬ' ਨਾਲ ਜੁੜ ਕੇ ਆਈ ਆਰਥਿਕ ਖ਼ੁਸ਼ਹਾਲੀ ਨੇ ਸਿੱਖ ਮੱਧ ਵਰਗ ਦੀ ਸਿਰਫ਼ ਸੁਰਤ ਨੂੰ ਹੀ ਹਲੂਣਾ ਨਹੀਂ ਸੀ ਦਿੱਤਾ, ਨਾਲ ਹੀ ਉਸਦੀਆਂ ਇਛਾਵਾਂ ਨੂੰ ਵੀ ਵੱਡਾ ਪੀਂਘ-ਹੁਲਾਰਾ ਦੇ ਦਿੱਤਾ ਸੀ। ਉਸ ਅੰਦਰ ਜ਼ਿੰਦਗੀ ਵਿੱਚ 'ਸਫਲ ਹੋਣ' ਦੀ ਜ਼ੋਰਦਾਰ ਇੱਛਾ ਤੇ ਤਾਂਘ ਪੈਦਾ ਹੋ ਗਈ ਸੀ। 'ਹਰੇ ਇਨਕਲਾਬ' ਤੇ ਉਸ ਨਾਲ ਜੁੜ ਕੇ ਆਈਆਂ ਸਮਾਜੀ-ਸਭਿਆਚਾਰਕ ਤਬਦੀਲੀਆਂ ਨੇ 'ਸਫਲਤਾ' ਦਾ ਰਵਾਇਤੀ ਸੰਕਲਪ ਤੋੜ ਦਿੱਤਾ ਸੀ। ਹੁਣ 'ਸਫਲਤਾ' ਵਿੱਚ ਪੈਸਾ, ਦੌਲਤ, ਚੌਧਰ, ਸੱਤਾ, ਸ਼ੋਹਰਤ, ਰੁਤਬਾ ਤੇ ਮਾਣ-ਵਕਾਰ, ਸਭ ਕੁਝ ਸ਼ਾਮਲ ਹੋ ਗਿਆ ਸੀ। ਪਰ ਇਨ੍ਹਾਂ ਟੀਚਿਆਂ ਨੂੰ ਹਾਸਲ ਕਰਨ ਦੇ ਮੌਕੇ ਬਹੁਤੇ ਆਮ ਨਹੀਂ ਸਨ ਅਤੇ ਨਾ ਹੀ ਇਨ੍ਹਾਂ ਨੂੰ ਹਾਸਲ ਕਰਨ ਦੇ ਸੰਸਥਾਗਤ ਸਾਧਨ ਇੰਨੇ ਮੋਕਲੇ ਸਨ ਕਿ ਇਨ੍ਹਾਂ ਮੱਧਵਰਗੀ ਆਸ਼ਾਵਾਂ ਦੀ ਤ੍ਰਿਪਤੀ ਹੋ ਸਕਦੀ। 'ਸਫਲਤਾ' ਦੀ ਇਸ ਮੰਜ਼ਲ ਦੇ ਰਾਹ ਵਿੱਚ ਢੇਰ ਸਾਰੀਆਂ ਢਾਂਚਾਗਤ ਰੋਕਾਂ (structural barriers) ਸਨ ਜਿਨ੍ਹਾਂ ਨੂੰ ਪਾਰ ਕਰ ਸਕਣਾ ਸਹਿਲ ਨਹੀਂ ਸੀ। ਇਸ ਤਰ੍ਹਾਂ ਸਿੱਖ ਮੱਧਵਰਗ ਨੂੰ ਕਾਇਮ-ਮੁਕਾਮ ਆਰਥਿਕ ਤੇ ਰਾਜਸੀ ਢਾਂਚੇ ਅੰਦਰ ਵੱਡੀਆਂ ਢਾਂਚਾਗਤ ਤਬਦੀਲੀਆਂ ਦੀ ਸ਼ਿੱਦਤ ਭਰੀ ਲੋੜ ਮਹਿਸੂਸ ਹੋਣ ਲੱਗੀ ਅਤੇ ਉਹ ਸਿੱਖ ਕੌਮ ਦੇ ਰਾਜਸੀ ਰਹਿਬਰਾਂ ਕੋਲੋਂ ਇਸ ਦਿਸ਼ਾ ਵਿੱਚ ਫ਼ੌਰੀ ਤੇ ਅਸਰਦਾਰ ਕਦਮ ਚੁੱਕਣ ਦੀ ਉਮੀਦ ਤੇ ਮੰਗ ਕਰਨ ਲੱਗ ਪਿਆ।

ਸਿੱਖ ਸਮਾਜ ਅੰਦਰਲੀਆਂ ਸਰਮਾਏਦਾਰ ਤਾਕਤਾਂ ਦੋਹਰੀ ਸਥਿਤੀ ਵਿੱਚ ਫਸੀਆਂ ਹੋਈਆਂ ਸਨ। ਉਨ੍ਹਾਂ ਦੀਆਂ ਸਰਮਾਏਦਾਰਾ ਰੁਚੀਆਂ ਉਨ੍ਹਾਂ ਨੂੰ ਹਿੰਦੂ ਹਾਕਮਾਂ ਨਾਲ ਭਾਈਵਾਲੀ ਦੇ ਰਾਹ ਦੀ ਖਿੱਚ ਪਾ ਰਹੀਆਂ ਸਨ। ਪਰ ਘੱਟਗਿਣਤੀ ਵਰਗ ਹੋਣ ਦਾ ਸਰਾਪ ਉਨ੍ਹਾਂ ਦੇ ਇਨ੍ਹਾਂ ਯਤਨਾਂ 'ਤੇ ਪੱਟੀ ਨਹੀਂ ਸੀ ਬੱਝਣ ਦੇ ਰਿਹਾ। ਸਿੱਖ ਸਰਮਾਏਦਾਰ ਵਰਗ ਦੀ ਵਧ ਰਹੀ ਆਰਥਿਕ ਹੈਸੀਅਤ ਭਾਰਤ ਦੀ ਹਿੰਦੂ ਸਰਮਾਏਦਾਰੀ ਅੰਦਰ ਨਾ ਸਿਰਫ਼ ਜਮਾਤੀ ਜਲਣ ਪੈਦਾ ਕਰਦੀ ਹੈ ਸਗੋਂ ਨਾਲ ਹੀ ਫ਼ਿਰਕੂ ਸਾੜੇ ਦੀ ਅੱਗ ਵੀ ਭੜਕਾਉਂਦੀ ਹੈ। ਹਿੰਦੂਵਾਦੀ ਤਾਕਤਾਂ ਨੂੰ ਸਿੱਖ ਕੌਮ ਦਾ ਆਰਥਿਕ ਅਤੇ ਰਾਜਸੀ ਪੱਖ

ਤੋਂ ਬਲਸ਼ਾਲੀ ਹੋਣਾ ਫੁੱਟੀ ਅੱਖ ਨਹੀਂ ਭਾਉਂਦਾ। ਪੰਜਾਬ ਅੰਦਰ ਅਕਾਲੀ ਕਾਂਗਰਸ ਪਾਰਟੀ ਦੀ ਮੁੱਖ ਸ਼ਰੀਕ ਧਿਰ ਹੋਣ ਕਰਕੇ ਕਾਂਗਰਸੀ ਆਗੂਆਂ ਦਾ ਹਮੇਸ਼ਾ ਇਹ ਯਤਨ ਰਿਹਾ ਕਿ ਅਕਾਲੀ ਦਲ ਨੂੰ ਪੰਜਾਬ ਅੰਦਰ ਸੱਤਾ ਵਿੱਚ ਆਉਣ ਤੋਂ ਹਰ ਹੀਲੇ ਰੋਕਿਆ ਜਾਵੇ; ਅਤੇ ਜੇਕਰ ਸਭ ਰੋਕਾਂ ਭੰਨ ਕੇ ਉਹ ਸੱਤਾ ਵਿੱਚ ਆ ਵੀ ਜਾਵੇ ਤਾਂ ਉਸਨੂੰ ਜਿੰਨੀ ਜਲਦੀ ਹੋ ਸਕੇ, ਸੱਤਾ ਤੋਂ ਲਾਂਭੇ ਕਰ ਦਿੱਤਾ ਜਾਵੇ। ਸੋ ਕੇਂਦਰ ਵਿੱਚ ਕਾਂਗਰਸੀ ਹਕੂਮਤ ਦੇ ਹੁੰਦਿਆਂ ਅਕਾਲੀ ਲੀਡਰਸ਼ਿਪ ਲਈ ਹਿੰਦੂ ਹਾਕਮਾਂ ਨਾਲ ਸਮਝੌਤੇ ਤੇ ਸਾਂਝ ਭਿਆਲੀ ਦੇ ਰਾਹ 'ਤੇ ਅੱਗੇ ਵਧਣ ਦੀਆਂ ਸੰਭਾਵਨਾਵਾਂ ਬਹੁਤ ਹੀ ਮੱਧਮ ਸਨ। ਇਹ ਨਹੀਂ ਕਿ ਅਕਾਲੀ ਲੀਡਰਸ਼ਿਪ ਕਾਂਗਰਸੀ ਹਾਕਮਾਂ ਨਾਲ ਸਮਝੌਤੇ ਦੀ ਇੱਛਾ ਜਾਂ ਰੁਚੀ ਨਹੀਂ ਸੀ ਰੱਖਦੀ। ਅਸਲ ਗੱਲ ਇਹ ਸੀ ਕਿ ਕਾਂਗਰਸੀ ਹਾਕਮ, ਆਪਣੀਆਂ ਗ਼ਲਬਾਪ੍ਰਸਤ ਰੁਚੀਆਂ ਤੇ ਫ਼ਿਰਕੂ ਬਦਗੁਮਾਨੀਆਂ ਦੀ ਵਜ੍ਹਾ ਕਰਕੇ ਅਕਾਲੀ ਲੀਡਰਸ਼ਿਪ ਨੂੰ ਆਪਣੀ 'ਛੱਤ' ਹੇਠ ਸਨਮਾਨਜਨਕ ਜਗ੍ਹਾ ਦੇਣ ਲਈ ਤਿਆਰ ਨਹੀਂ ਸਨ। ਅਕਾਲੀ ਆਗੂਆਂ ਦੁਆਰਾ 1948 ਤੇ 1956 ਵਿੱਚ ਕਾਂਗਰਸੀ ਹਾਕਮਾਂ ਨਾਲ ਕੀਤੇ ਗਏ ਸਮਝੌਤੇ ਬਹੁਤੇ ਸਾਰਥਕ ਨਹੀਂ ਸਨ ਸਾਬਤ ਹੋਏ। ਫਿਰ 1970 ਤੇ 1971 ਵਿੱਚ ਵੀ ਅਕਾਲੀ ਲੀਡਰਸ਼ਿਪ ਦੇ ਸਮਝੌਤਾ ਯਤਨਾਂ ਨੂੰ ਕਾਂਗਰਸੀ ਹਾਕਮਾਂ ਵੱਲੋਂ ਕੋਈ ਉਤਸ਼ਾਹੀ ਹੁੰਗਾਰਾ ਨਹੀਂ ਸੀ ਮਿਲਿਆ।

1971-73 ਦਾ ਕਾਲ-ਖੰਡ ਅਕਾਲੀ ਲੀਡਰਸ਼ਿਪ ਲਈ ਬਦਸ਼ਗਨੀਆਂ ਭਰਿਆ ਸੀ। ਜੂਨ 1971 ਵਿੱਚ ਸ: ਬਾਦਲ ਦੀ ਅਗਵਾਈ ਹੇਠਲੀ ਅਕਾਲੀ ਵਜ਼ਾਰਤ ਅਧਵਾਟੇ ਹੀ ਦਮ ਤੋੜ ਗਈ ਸੀ। 1971 ਤੇ 1972 ਵਿੱਚ, ਇੱਕੋ ਸਾਲ ਦੇ ਅਰਸੇ ਅੰਦਰ ਅਕਾਲੀ ਦਲ ਨੂੰ ਉਪਰੋਥਲੀ ਪਹਿਲਾਂ ਲੋਕ ਸਭਾ ਦੀਆਂ ਤੇ ਫਿਰ ਵਿਧਾਨ ਸਭਾ ਦੀਆਂ ਚੋਣਾਂ ਅੰਦਰ ਲੱਕ ਤੋੜਵੀਂ ਹਾਰ ਦਾ ਮੂੰਹ ਦੇਖਣਾ ਪੈ ਗਿਆ। 1972 ਵਿੱਚ ਕਾਂਗਰਸ ਦਾ ਪੰਜਾਂ ਸਾਲਾਂ ਦੇ ਵਕਫ਼ੇ ਬਾਅਦ ਮੁੜ ਪੂਰੀ ਚੜ੍ਹਾਈ ਨਾਲ ਪੰਜਾਬ ਅੰਦਰ ਹਕੂਮਤੀ ਤਾਕਤ ਉੱਤੇ ਬਿਰਾਜਮਾਨ ਹੋ ਜਾਣਾ ਅਕਾਲੀ ਆਗੂਆਂ ਲਈ ਵੱਡੀ ਨਮੋਸ਼ੀ ਤੇ ਮਿਹਣੇ ਵਾਲੀ ਗੱਲ ਸੀ। ਕੇਂਦਰ ਵਿੱਚ ਵੀ ਕਾਂਗਰਸ ਦੀ ਮਜ਼ਬੂਤ ਸਰਕਾਰ ਹੋਣ ਕਰਕੇ ਅਕਾਲੀ ਦਲ ਨੂੰ ਪੰਜਾਬ ਅੰਦਰ ਪੰਜਾਂ ਸਾਲਾਂ ਤੋਂ ਪਹਿਲਾਂ ਹਕੂਮਤੀ ਆਸਣ ਗ੍ਰਹਿਣ ਕਰਨ ਦੀ ਕੋਈ ਦੂਰ ਦੀ ਵੀ ਸੰਭਾਵਨਾ ਨਜ਼ਰ ਨਹੀਂ ਸੀ ਆਉਂਦੀ।

ਇਹ ਹਾਲਤ ਯਕੀਨਨ ਹੀ ਅਕਾਲੀ ਲੀਡਰਸ਼ਿਪ ਉੱਤੇ ਬੇਦਿਲੀ ਤੇ ਮਾਯੂਸੀ ਦਾ ਅਸਰ ਛੱਡ ਰਹੀ ਸੀ। 1972 ਵਿੱਚ ਹੀ ਸੰਤ ਫਤਹਿ ਸਿੰਘ ਤੇ ਸੰਤ ਚੰਨਣ ਸਿੰਘ ਦੇ ਅੱਗੜ-ਪਿੱਛੜ ਚਲਾਣਾ ਕਰ ਜਾਣ ਨਾਲ ਅਕਾਲੀ ਦਲ ਦੇ ਅੰਦਰ ਲੀਡਰਸ਼ਿਪ ਦਾ ਖ਼ਲਾਅ ਪੈਦਾ ਹੋ ਗਿਆ ਸੀ। ਭਾਵੇਂ ਮਗਰਲੇ ਦੋ ਤਿੰਨ ਸਾਲਾਂ ਅੰਦਰ ਇਸ ਸੰਤ-ਜੋੜੀ ਦੇ ਵਕਾਰ ਤੇ ਅਸਰ-ਰਸੂਖ਼ ਨੂੰ ਤਕੜਾ ਖੋਰਾ ਲੱਗ ਗਿਆ ਸੀ ਪਰ ਫਿਰ ਵੀ ਅਕਾਲੀ ਦਲ ਅੰਦਰ ਦਸਾਂ ਸਾਲਾਂ ਤੋਂ ਸੰਤ ਫਤਹਿ ਸਿੰਘ ਦੇ ਹਰ ਵਚਨ ਨੂੰ ਸਤਿਬਚਨ ਕਹਿ ਕੇ ਪਰਵਾਨ ਕਰ ਲੈਣ ਦੀ ਜੋ ਪ੍ਰਥਾ ਤੁਰੀ ਆਉਂਦੀ ਸੀ, ਉਸ ਦੀ ਅਚਾਨਕ ਹੋਈ ਮੌਤ ਨਾਲ ਅਕਾਲੀ ਦਲ ਦੇ ਸਾਹਮਣੇ ਲੀਡਰਸ਼ਿਪ ਦੀ ਸਮੱਸਿਆ ਪੈਦਾ ਹੋਣੀ ਸੁਭਾਵਿਕ ਸੀ। ਜਦ ਕੋਈ ਲਹਿਰ (ਜਾਂ ਸੰਗਠਨ) ਚੜ੍ਹਤ ਦੀ ਅਵਸਥਾ ਵਿੱਚ ਹੋਵੇ ਤਾਂ ਅਜਿਹੀਆਂ ਸਮੱਸਿਆਵਾਂ ਮੁਕਾਬਲਤਨ ਸੌਖਿਆਂ ਨਜਿੱਠ ਲਈਆਂ ਜਾਂਦੀਆਂ ਹਨ। ਪਰ ਦਿਲਗੀਰੀ ਦੇ ਆਲਮ 'ਚੋਂ ਗੁਜ਼ਰ ਰਹੀ ਜਥੇਬੰਦੀ ਲਈ ਲੀਡਰਸ਼ਿਪ ਦੀ ਸਮੱਸਿਆ ਦਾ ਹੱਲ ਏਨਾ ਆਸਾਨ ਨਹੀਂ ਰਹਿ ਜਾਂਦਾ। ਭਾਵੇਂ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਪਰਧਾਨਾਂ ਦੀ ਚੋਣ ਦਾ ਅਮਲ, ਬਿਨਾਂ ਕਿਸੇ ਵੱਡੇ ਰੱਫੜ ਦੇ, ਨਿਰਵਿਘਨ ਨੇਪਰੇ

ਚੜ੍ਹ ਗਿਆ ਸੀ ਅਤੇ ਜਥੇਦਾਰ ਮੋਹਨ ਸਿੰਘ ਤੁੜ ਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਕਰਮਵਾਰ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਾਗਡੋਰ ਸੰਭਾਲ ਲਈ ਸੀ ਪਰ ਇਸਦੇ ਬਾਵਜੂਦ ਸਿੱਖ ਪੰਥ ਅੰਦਰ ਲੀਡਰਸ਼ਿਪ ਦਾ ਮਸਲਾ ਅਜੇ ਅੰਤਮ ਰੂਪ ਵਿੱਚ ਹੱਲ ਨਹੀਂ ਸੀ ਹੋਇਆ। ਅਕਾਲੀ ਦਲ ਦੇ ਅੰਦਰ ਕਈ ਕਿਸਮ ਦੀਆਂ ਤਾਕਤਾਂ ਅਤੇ ਰੁਝਾਨਾਂ ਵਿਚਕਾਰ ਖਿੱਚੋਤਾਣ ਜਾਰੀ ਸੀ, ਭਾਵੇਂ ਇਸ ਨੇ ਅਜੇ ਖੁੱਲ੍ਹਮਖੁੱਲ੍ਹਾ ਰੂਪ ਧਾਰਨ ਨਹੀਂ ਸੀ ਕੀਤਾ।

ਸ਼ੁਰੂ ਤੋਂ ਹੀ ਅਕਾਲੀ ਦਲ ਦੀ ਅੰਗ-ਬਣਤਰ ਤੇ ਕਾਰਜ-ਸ਼ੈਲੀ ਆਮ ਰਾਜਸੀ ਦਲਾਂ ਨਾਲੋਂ ਕਾਫ਼ੀ ਅਲੱਗ ਕਿਸਮ ਦੀ ਰਹੀ ਹੈ। ਇਸ ਕੋਲ ਇਸ ਦੀਆਂ ਨੀਤੀਆਂ ਤੇ ਅਮਲੀ ਸਰਗਰਮੀਆਂ ਨੂੰ ਸੇਧ ਮੁਹੱਈਆ ਕਰਨ ਵਾਲਾ ਕੋਈ ਬਾਕਾਇਦਾ ਲਿਖਤੀ ਪ੍ਰੋਗਰਾਮ ਕਦੇ ਵੀ ਨਹੀਂ ਰਿਹਾ। ਇਸ ਦੇ ਸੰਵਿਧਾਨ ਅੰਦਰ ਦਰਜ ਆਮ ਅਸੂਲ ਤੇ ਮਨੋਰਥ ਹੀ ਇਸ ਦੀਆਂ ਨੀਤੀਆਂ ਤੇ ਸਰਗਰਮੀਆਂ ਲਈ ਮੋਟੀ ਜਿਹੀ ਆਮ ਸੇਧ ਨਿਰਧਾਰਤ ਕਰਦੇ ਰਹੇ ਹਨ। ਅਲੱਗ-ਅਲੱਗ ਮੌਕਿਆਂ 'ਤੇ ਦਰਪੇਸ਼ ਮਸਲਿਆਂ ਬਾਰੇ ਮਤੇ ਪਰਵਾਨ ਕਰ ਲਏ ਜਾਂਦੇ ਹਨ ਅਤੇ ਉਨ੍ਹਾਂ ਦੇ ਅਨੁਸਾਰ ਹੀ ਸਰਗਰਮੀਆਂ ਦੀ ਰੂਪ-ਰੇਖਾ ਉਲੀਕ ਲਈ ਜਾਂਦੀ ਹੈ। ਅਹਿਮ ਮਸਲਿਆਂ ਬਾਰੇ ਜਥੇਬੰਦੀ ਅੰਦਰ ਉਪਰ ਤੋਂ ਲੈ ਕੇ ਹੇਠਾਂ ਤਕ ਅਲੱਗ-ਅਲੱਗ ਕਿਸਮ ਦੇ ਵਿਚਾਰਾਂ ਤੇ ਰਾਵਾਂ ਨੂੰ ਜਾਣਨ, ਇਨ੍ਹਾਂ ਬਾਰੇ ਜਥੇਬੰਦੀ ਅੰਦਰ ਗਹਿਰ-ਗੰਭੀਰ ਵਿਚਾਰ-ਵਟਾਂਦਰਾ ਕਰਨ ਅਤੇ ਅਕਾਲੀ ਦਲ ਦੇ ਬੁਨਿਆਦੀ ਮਨੋਰਥਾਂ ਦੀ ਰੋਸ਼ਨੀ ਵਿੱਚ ਅੰਤਮ ਨਿਰਣੇ ਲੈਣ ਦਾ ਜਮਹੂਰੀ ਤਰੀਕਾਕਾਰ ਅਮਲ ਵਿੱਚ ਲਿਆਉਣ ਦੀ ਪਿਰਤ ਤੇ ਕੋਸ਼ਿਸ਼ ਘੱਟ ਹੀ ਦੇਖਣ ਨੂੰ ਮਿਲੀ ਹੈ।

ਆਮ ਕਰਕੇ ਭਾਰੂ ਲੀਡਰਸ਼ਿਪ ਵੱਲੋਂ ਆਪਣੀ ਸਿਧਾਂਤਕ ਮੱਤ ਅਤੇ ਰਾਜਸੀ ਸਹੂਲਤ ਮੁਤਾਬਕ ਨਿਰਣੇ ਤੇ ਫ਼ੈਸਲੇ ਲੈਣ ਦੀ ਆਪ-ਮਤੀ ਰੀਤ ਦਾ ਹੀ ਵੱਧ ਬੋਲਬਾਲਾ ਰਿਹਾ ਹੈ। ਆਮ ਹਾਲਤ ਅੰਦਰ ਅਕਾਲੀ ਦਲ ਨੂੰ ਇਸ ਆਪਹੁਦਰੇ ਢੰਗ ਨਾਲ ਕੰਮ ਕਰਨ ਵਿੱਚ ਕੋਈ ਵੱਡੀ ਦਿਕਤ ਨਹੀਂ ਆਈ। ਪਰ ਸੰਤ ਫਤਹਿ ਸਿੰਘ ਦੀ ਮੌਤ ਤੋਂ ਬਾਅਦ ਅਕਾਲੀ ਦਲ ਦੇ ਸਾਹਮਣੇ ਜੋ ਹਾਲਤ ਪੈਦਾ ਹੋ ਗਈ ਸੀ, ਉਸਨੇ ਅਕਾਲੀ ਲੀਡਰਸ਼ਿਪ ਨੂੰ ਇਸ ਰਵਾਇਤ ਨਾਲੋਂ ਹਟਵਾਂ ਕਦਮ ਚੁੱਕਣ ਲਈ ਮਜਬੂਰ ਕਰ ਦਿੱਤਾ। ਸੰਤ ਫਤਹਿ ਸਿੰਘ ਤੋਂ ਬਾਅਦ ਹੋਰ ਕੋਈ ਵੀ ਅਕਾਲੀ ਆਗੂ ਇਸ ਰੁਤਬੇ ਦੇ ਲਾਇਕ ਨਹੀਂ ਸੀ ਕਿ ਉਹ ਦਲ ਦੀਆਂ ਨੀਤੀਆਂ ਸਬੰਧੀ ਆਪ-ਮਤੇ ਢੰਗ ਨਾਲ ਨਿਰਣੇ ਲੈਣ ਦਾ ਅਧਿਕਾਰ ਪੁਗਾ ਸਕਦਾ। ਅਲੱਗ-ਅਲੱਗ ਵਰਗਾਂ ਤੇ ਵਿਅਕਤੀਆਂ ਵੱਲੋਂ ਅਕਾਲੀ ਦਲ ਦੀਆਂ ਨੀਤੀਆਂ ਨੂੰ ਆਪੋ-ਆਪਣੇ ਜਮਾਤੀ ਤੇ ਨਿੱਜੀਗਤ ਹਿਤਾਂ ਅਨੁਸਾਰ ਮੋੜਾ ਦੇਣ ਦੇ ਯਤਨ ਹੋ ਰਹੇ ਸਨ। ਅਜਿਹੀ ਹਾਲਤ ਵਿੱਚ ਅਕਾਲੀ ਲੀਡਰਸ਼ਿਪ ਨੂੰ ਕਿਸੇ ਵੰਨਿਓਂ ਇਹ ਸਿਆਣੀ ਮੱਤ ਮਿਲ ਗਈ ਕਿ ਠੋਸ ਪਾਲਸੀ ਪ੍ਰੋਗਰਾਮ ਦੀ ਗ਼ੈਰ-ਮੌਜੂਦਗੀ ਵਿੱਚ ਅਕਾਲੀ ਦਲ ਸਿਧਾਂਤਕ ਗੰਧਲਚੌਂਦ ਤੇ ਆਪਾ-ਧਾਪੀ ਦੀ ਜਿਲ੍ਹਣ 'ਚੋਂ ਬਾਹਰ ਨਹੀਂ ਨਿਕਲ ਸਕੇਗਾ। ਇਸ ਰੋਸ਼ਨੀ ਵਿੱਚ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 11 ਦਸੰਬਰ 1972 ਦੀ ਮੀਟਿੰਗ ਵਿੱਚ ਇਹ ਅਹਿਮ ਨਿਰਣਾ ਲੈ ਲਿਆ ਕਿ ਦੇਸ ਦੇ ਸਮੁੱਚੇ ਰਾਜਸੀ ਘਟਨਾਕ੍ਰਮ ਤੇ ਸਿਆਸੀ ਦ੍ਰਿਸ਼ ਨੂੰ ਸਾਹਮਣੇ ਰਖਦਿਆਂ ਹੋਇਆਂ ਅਕਾਲੀ ਦਲ ਦੇ ਮਨੋਰਥਾਂ ਤੇ ਨੀਤੀਆਂ ਬਾਰੇ ਨਵੇਂ ਸਿਰਿਓਂ ਵਿਚਾਰ ਕਰ ਕੇ ਪਾਲਸੀ ਪ੍ਰੋਗਰਾਮ ਤਿਆਰ ਕੀਤਾ ਜਾਵੇ। ਇਸ ਮਕਸਦ ਵਾਸਤੇ ਉਸੇ ਮੀਟਿੰਗ ਵਿੱਚ ਸ: ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਹੇਠ ਇਕ ਬਾਰਾਂ ਮੈਂਬਰੀ ਸਬ-ਕਮੇਟੀ ਸਥਾਪਤ ਕੀਤੀ ਗਈ, ਜਿਸ ਨੂੰ ਜਲਦੀ ਤੋਂ ਜਲਦੀ ਪਾਲਸੀ ਪ੍ਰੋਗਰਾਮ ਤਿਆਰ ਕਰ ਕੇ ਵਰਕਿੰਗ ਕਮੇਟੀ ਅੱਗੇ

ਰੱਖਣ ਦਾ ਆਦੇਸ਼ ਦਿੱਤਾ ਗਿਆ। ਇਸ ਸਬ-ਕਮੇਟੀ ਨੇ ਦਸਾਂ ਮਹੀਨਿਆਂ ਵਿੱਚ ਗਿਆਰਾਂ ਬੈਠਕਾਂ ਕੀਤੀਆਂ ਅਤੇ ਪਾਲਸੀ ਪ੍ਰੋਗਰਾਮ ਦਾ ਖਰੜਾ ਤਿਆਰ ਕਰ ਕੇ ਵਰਕਿੰਗ ਕਮੇਟੀ ਦੇ ਸਪੁਰਦ ਕਰ ਦਿੱਤਾ। ਵਰਕਿੰਗ ਕਮੇਟੀ ਨੇ 16-17 ਅਕਤੂਬਰ 1973 ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਈ ਦੋ-ਰੋਜ਼ਾ ਮੀਟਿੰਗ ਅੰਦਰ ਇਸ ਖਰੜੇ ਉੱਤੇ ਭਰਵੀਂ ਬਹਿਸ-ਵਿਚਾਰ ਕਰਨ ਉਪਰੰਤ ਲੁੜੀਂਦੀਆਂ ਸੋਧਾਂ ਤੇ ਅਦਲਾ ਬਦਲੀਆਂ ਕਰ ਕੇ ਇਸ ਖਰੜੇ ਨੂੰ ਅੰਤਮ ਰੂਪ ਵਿੱਚ ਪਰਵਾਨ ਕਰ ਲਿਆ। ਅਕਾਲੀ ਦਲ ਦੇ ਤਤਕਾਲੀ ਸਕੱਤਰ ਸ: ਅਜਮੇਰ ਸਿੰਘ ਵੱਲੋਂ ਪਾਲਸੀ ਪ੍ਰੋਗਰਾਮ ਦਾ ਇਹ ਖਰੜਾ 17 ਅਕਤੂਬਰ (1973) ਨੂੰ ਬਾਕਾਇਦਾ ਰੂਪ ਵਿੱਚ ਜਾਰੀ ਕਰ ਦਿੱਤਾ ਗਿਆ।[1] ਅਕਾਲੀ ਦਲ ਅੰਦਰ ਪਾਲਸੀ ਪ੍ਰੋਗਰਾਮਾਂ ਦੀ ਜਗ੍ਹਾ 'ਮਤਿਆਂ' ਦੀ ਰਵਾਇਤ ਦਾ ਬੋਲਬਾਲਾ ਹੋਣ ਕਰਕੇ ਬਾਅਦ ਵਿੱਚ ਇਹ ਪਾਲਸੀ ਪ੍ਰੋਗਰਾਮ 'ਆਨੰਦਪੁਰ ਸਾਹਿਬ ਦੇ ਮਤੇ' ਦੇ ਨਾਂ ਹੇਠ ਮਸ਼ਹੂਰ ਹੋਇਆ।

ਆਨੰਦਪੁਰ ਸਾਹਿਬ ਦੇ ਮਤੇ ਅੰਦਰ ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਸਿਧਾਂਤਾਂ ਤੇ ਮਨੋਰਥਾਂ ਨੂੰ ਅੰਕਤ ਕਰਨ ਤੋਂ ਇਲਾਵਾ ਆਰਥਿਕ, ਸਭਿਆਚਾਰਕ ਤੇ ਵਿਦਿਅਕ ਖੇਤਰ ਨਾਲ ਸਬੰਧਤ ਨੀਤੀਆਂ ਦਾ ਖ਼ੁਲਾਸਾ ਕੀਤਾ ਗਿਆ ਹੈ। ਨਾਲ ਹੀ ਸਿੱਖ ਪੰਥ ਦੀਆਂ ਕੁਝ ਉਭਰਵੀਆਂ ਫ਼ੌਰੀ ਮੰਗਾਂ ਤੇ ਮਸਲਿਆਂ ਨੂੰ ਵੀ ਉਭਾਰਿਆ ਗਿਆ ਹੈ। ਪਰ ਮਤੇ ਦਾ ਅਸਲੀ ਤੱਤ ਇਸ ਦੇ ਬੁਨਿਆਦੀ ਸਿਧਾਂਤਾਂ, ਮਨੋਰਥਾਂ ਤੇ ਰਾਜਸੀ ਨਿਸ਼ਾਨੇ ਵਾਲੇ ਭਾਗ ਅੰਦਰ ਸਮੋਇਆ ਹੋਇਆ ਹੈ। ਸਰਦਾਰ ਕਪੂਰ ਸਿੰਘ ਦੀ ਰਾਜਨੀਤਕ ਵਿਚਾਰਧਾਰਕ ਸੋਚ ਤੇ ਲਿਖਣ-ਸ਼ੈਲੀ ਤੋਂ ਵਾਕਫ਼ ਕਿਸੇ ਵੀ ਵਿਅਕਤੀ ਲਈ ਪੈਂਦੀ ਨਜ਼ਰੇ ਹੀ ਇਹ ਪਛਾਣ ਕਰ ਲੈਣੀ ਔਖੀ ਨਹੀਂ ਕਿ ਮਤੇ ਦਾ ਇਹ ਹਿੱਸਾ ਸਰਦਾਰ ਸਾਹਿਬ ਹੁਰਾਂ ਦੀ ਹੀ ਪ੍ਰਮਾਣਿਕ ਰਚਨਾ ਹੈ। ਸ: ਕਪੂਰ ਸਿੰਘ 1962-63 ਤੋਂ ਹੀ, ਜਦ ਤੋਂ ਸੰਤ ਫਤਹਿ ਸਿੰਘ ਨੇ ਮਾਸਟਰ ਤਾਰਾ ਸਿੰਘ ਨੂੰ ਲਾਂਭੇ ਕਰ ਕੇ ਅਕਾਲੀ ਦਲ ਦੀ ਵਾਗਡੋਰ ਸੰਭਾਲ ਲਈ ਹੋਈ ਸੀ ਅਤੇ ਅਕਾਲੀ ਦਲ ਤੇ ਅਕਾਲੀ ਰਾਜਨੀਤੀ ਦੇ 'ਅਫ਼ਿਰਕੂਕਰਨ' ਕਰਨ ਦੀ ਰੁਚੀ ਪ੍ਰਗਟਾਉਣੀ ਸ਼ੁਰੂ ਕਰ ਦਿੱਤੀ ਹੋਈ ਸੀ, ਅਕਾਲੀ ਦਲ ਦੀ ਸਿਧਾਂਤਕ ਬੁਨਿਆਦ ਨੂੰ ਖੋਰਾ ਪਾਉਣ ਦੇ ਯਤਨਾਂ ਦਾ ਨਿਰੰਤਰ ਤਿੱਖਾ ਵਿਰੋਧ ਕਰਦੇ ਆ ਰਹੇ ਸਨ। ਉਨ੍ਹਾਂ ਨੂੰ ਇਹ ਗੱਲ ਬਹੁਤ ਦੁਖੀ ਤੇ ਪ੍ਰੇਸ਼ਾਨ ਕਰ ਰਹੀ ਸੀ ਕਿ ਅਕਾਲੀ ਲੀਡਰਸ਼ਿਪ ਹਿੰਦੂ ਹਾਕਮਾਂ ਦੀ ਖ਼ੁਸ਼ਨੂਦੀ ਹਾਸਲ ਕਰਨ ਲਈ ਖ਼ਾਲਸਾ ਪੰਥ ਦੇ ਮੂਲ ਆਸ਼ਿਆਂ ਤੇ ਇਸ ਦੀਆਂ ਰਾਜਸੀ ਉਮੰਗਾਂ ਨੂੰ ਪੇਤਲਾ ਰੂਪ ਦੇਣ ਅਤੇ ਸਿੱਖਾਂ ਦੇ ਮਨਾਂ 'ਚੋਂ ਆਜ਼ਾਦ ਪੰਥਕ ਹਸਤੀ ਦਾ ਅਹਿਸਾਸ ਤੇ ਜਜ਼ਬਾ ਖ਼ਤਮ ਕਰਨ ਉੱਤੇ ਤੁਲੀ ਹੋਈ ਹੈ।

ਇਸ ਰੁਚੀ ਨੂੰ ਲਗਾਮ ਦੇਣ ਲਈ ਮਤੇ ਅੰਦਰ ਅਕਾਲੀ ਦਲ ਨੂੰ "ਸਿੱਖ ਪੰਥ ਦੀ ਸਮੁੱਚੀ ਮਰਜ਼ੀ ਦਾ ਇੱਕੋ ਇਕ ਪ੍ਰਗਟਾਉ" ਕਰਾਰ ਦਿੰਦਿਆਂ ਹੋਇਆਂ ਇਸ ਦੇ ਪੰਥਕ ਖ਼ਾਸੇ ਨੂੰ ਯਕੀਨੀ ਬਣਾਈ ਰੱਖਣ ਦੀ ਸੇਧ ਨਿਰਧਾਰਤ ਕੀਤੀ ਗਈ। ਅਕਾਲੀ ਦਲ ਦੇ ਮਨੋਰਥਾਂ ਦੀ ਗੱਲ ਕਰਦਿਆਂ ਹੋਇਆਂ "ਸਿੱਖਾਂ ਵਿੱਚ ਪੰਥਕ ਆਜ਼ਾਦ ਹਸਤੀ ਦਾ ਅਹਿਸਾਸ ਕਾਇਮ ਰੱਖਣ" ਉੱਤੇ ਉਚੇਚਾ ਜ਼ੋਰ ਦਿੱਤਾ ਗਿਆ ਅਤੇ ਸਿੱਖ ਕੌਮ ਦੀ ਪ੍ਰਭੁਤਾ (sovereignty) ਦੇ ਸੰਕਲਪ ਨੂੰ ਅਮਲੀ ਜਾਮਾ ਪਹਿਨਾਉਣ ਲਈ ਅਜਿਹੇ "ਦੇਸ-ਕਾਲ ਤੇ ਰਾਜਸੀ ਵਿਧਾਨ" ਦੀ ਧਾਰਨਾ ਪੇਸ਼ ਕੀਤੀ ਗਈ "ਜਿਸ ਵਿੱਚ ਸਿੱਖ ਪੰਥ ਦੇ ਕੌਮੀ ਜਜ਼ਬੇ ਤੇ ਕੌਮੀਅਤ ਦਾ ਪ੍ਰਗਟਾਓ ਪੂਰਨ ਤੌਰ 'ਤੇ ਮੂਰਤੀਮਾਨ ਤੇ ਪ੍ਰਜਵਲਤ ਹੋ ਸਕੇ।" ਪੰਜਾਬੀ ਸੂਬੇ ਦੀ ਸਥਾਪਨਾ ਨਾਲ ਸਿੱਖ ਪੰਥ ਅੰਦਰ ਰਾਜਸੀ ਨਿਸ਼ਾਨੇ ਬਾਰੇ ਪੈਦਾ ਹੋਏ ਭੰਬਲਭੂਸੇ ਨੂੰ ਦੂਰ ਕਰਨ ਦੇ ਮੰਤਵ ਨਾਲ ਮਤੇ ਅੰਦਰ ਸਾਫ਼ ਸ਼ਬਦਾਂ ਵਿੱਚ ਇਹ ਗੱਲ ਚਿਤਾਰੀ ਗਈ ਕਿ "ਪੰਥਕ ਰਾਜਸੀ ਨਿਸ਼ਾਨਾ ਨਿਸ਼ਚੇ ਤੌਰ ਤੇ ਸਾਹਿਬ ਦਸਮ ਪਾਤਸ਼ਾਹ

ਦੇ ਆਦੇਸ਼ਾਂ, ਸਿੱਖ ਇਤਿਹਾਸ ਦੇ ਪੰਨਿਆਂ ਅਤੇ ਖ਼ਾਲਸਾ ਪੰਥ ਦੇ 'ਮਨ ਮੰਦਰ' ਵਿੱਚ ਉਕਰਿਆ ਚੱਲਿਆ ਆ ਰਿਹਾ ਹੈ, ਜਿਸ ਦਾ ਮਕਸਦ 'ਖ਼ਾਲਸਾ ਜੀ ਦੇ ਬੋਲ ਬਾਲੇ' ਹੈ। ਖ਼ਾਲਸਾ ਜੀ ਦੇ ਇਸ ਜਨਮ-ਸਿਧ ਅਧਿਕਾਰ ਨੂੰ ਦ੍ਰਿਸ਼ਟਮਾਨ ਕਰਨ ਲਈ ਲੋੜੀਂਦੇ ਦੇਸ-ਕਾਲ ਤੇ ਰਾਜਸੀ ਵਿਧਾਨ ਦੀ ਸਿਰਜਣਾ ਪ੍ਰਾਪਤੀ, ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ।" ਦੇਸ ਅੰਦਰ ਸਹੀ ਅਰਥਾਂ ਵਿੱਚ ਫ਼ੈਡਰਲ ਢਾਂਚੇ ਦੀ ਉਸਾਰੀ ਦੀ ਵਜ਼ਾਹਤ ਕਰਦੇ ਹੋਏ ਪੰਜਾਬ ਤੇ ਦੇਸ ਦੇ ਹੋਰਨਾਂ ਸੂਬਿਆਂ ਵਿੱਚ ਕੇਂਦਰ ਦੇ ਦਖ਼ਲ ਨੂੰ ਕੇਵਲ ਡੀਫ਼ੈਂਸ, ਬਦੇਸੀ ਮਾਮਲੇ, ਸੰਚਾਰ (ਡਾਕ ਤਾਰ ਆਦਿ), ਰੇਲਵੇ ਤੇ ਕਰੰਸੀ ਦੇ ਖੇਤਰਾਂ ਤਕ ਸੀਮਤ ਰੱਖਣ ਦੀ ਧਾਰਨਾ ਪੇਸ਼ ਕੀਤੀ ਗਈ ਅਤੇ ਬਾਕੀ ਸਾਰੇ ਮਾਮਲਿਆਂ ਵਿੱਚ ਪੰਜਾਬ (ਤੇ ਹੋਰਨਾਂ ਸੂਬਿਆਂ) ਨੂੰ ਪੂਰਨ ਖ਼ੁਦਮੁਖ਼ਤਿਆਰੀ ਦੇਣ ਦੀ ਪੋਜ਼ੀਸ਼ਨ ਉਭਾਰੀ ਗਈ।

ਅਕਾਲੀ ਦਲ ਦੀ ਫ਼ੈਡਰਲ ਢਾਂਚੇ ਬਾਰੇ ਉਪਰੋਕਤ ਧਾਰਨਾ ਅੰਦਰ ਕੋਈ ਨਵੀਂ ਜਾਂ ਵਿਸ਼ੇਸ਼ ਗੱਲ ਨਹੀਂ ਸੀ। ਬਰਤਾਨਵੀ ਹਾਕਮਾਂ ਵੱਲੋਂ ਭਾਰਤ ਨੂੰ ਆਜ਼ਾਦੀ ਸੌਂਪਣ ਮੌਕੇ ਕੈਬਨਿਟ ਮਿਸ਼ਨ ਯੋਜਨਾ ਅੰਦਰ ਇੰਨ ਬਿੰਨ ਇਹੋ ਤਜਵੀਜ਼ ਸੁਝਾਈ ਗਈ ਸੀ।[2] ਆਜ਼ਾਦੀ ਤੋਂ ਬਾਅਦ ਕੁਝ ਰਾਜਸੀ ਤਾਕਤਾਂ ਵੱਲੋਂ ਲਗਾਤਾਰ ਅਜਿਹੀਆਂ ਮੰਗਾਂ ਉਠਾਈਆਂ ਜਾ ਰਹੀਆਂ ਸਨ। ਖ਼ਾਸ ਕਰਕੇ ਤਾਮਿਲਨਾਡੂ ਅੰਦਰਲੇ ਦਰਾਵੜ ਦਲਾਂ ਅਤੇ ਪੱਛਮੀ ਬੰਗਾਲ ਤੇ ਕੇਰਲਾ ਦੀਆਂ ਕਮਿਊਨਿਸਟ ਤਾਕਤਾਂ ਸਾਲਾਂ ਤੋਂ ਇਸ ਮੰਗ ਉੱਤੇ ਜ਼ੋਰ ਦਿੰਦੀਆਂ ਆ ਰਹੀਆਂ ਸਨ। ਪਰ ਅਕਾਲੀ ਲੀਡਰਸ਼ਿਪ ਦੇ ਮੂੰਹੋਂ ਫ਼ੈਡਰਲ ਢਾਂਚੇ ਦੀ ਗੱਲ ਨਿਕਲਣ ਦੀ ਦੇਰ ਸੀ ਕਿ ਪੰਜਾਬ ਦੀਆਂ ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਨੇ ਆਪਣੀ ਫ਼ਿਤਰਤ ਮੁਤਾਬਕ ਇਸ ਵਿਰੁੱਧ ਤਿੱਖਾ ਵਾਵੇਲਾ ਖੜਾ ਕਰ ਦਿੱਤਾ। ਹਮੇਸ਼ਾ ਵਾਂਗ, ਮਹਾਸ਼ਾ ਪ੍ਰੈੱਸ ਨੇ ਇਸ ਸਿੱਖ ਵਿਰੋਧੀ ਫ਼ਿਰਕੂ ਪਰਚਾਰ ਮੁਹਿੰਮ ਦੀ ਤੁਰੰਤ ਕਮਾਨ ਸੰਭਾਲ ਲਈ। ਦੇਸ ਦੀ ਏਕਤਾ ਤੇ ਅਖੰਡਤਾ ਦੀ ਦੁਹਾਈ ਪਿੱਟਦਿਆਂ ਹੋਇਆਂ ਆਨੰਦਪੁਰ ਸਾਹਿਬ ਦੇ ਮਤੇ ਨੂੰ 'ਵੱਖਵਾਦੀ' ਕਹਿ ਕੇ ਭੰਡਿਆ ਜਾਣ ਲੱਗਾ ਅਤੇ ਇਸ ਦੀ 1940 ਵਾਲੇ ਮੁਸਲਿਮ ਲੀਗ ਦੇ ਮਤੇ ਨਾਲ ਤੁਲਨਾ ਕੀਤੀ ਜਾਣ ਲੱਗੀ। ਅਕਾਲੀ ਆਗੂਆਂ ਦੇ ਨਾਂ ਉੱਤੇ ਸਮੁੱਚੀ ਸਿੱਖ ਕੌਮ ਦੀ ਦੇਸ ਪ੍ਰਤੀ ਵਫ਼ਾਦਾਰੀ ਬਾਰੇ ਸ਼ੰਕੇ ਪ੍ਰਗਟਾਏ ਜਾਣ ਲੱਗੇ।

ਇਸ ਨਾਲ ਅਕਾਲੀ ਲੀਡਰਸ਼ਿਪ ਯਕਦਮ ਬਚਾਉ ਦੇ ਪੈਂਤੜੇ 'ਤੇ ਆ ਗਈ ਅਤੇ ਆਨੰਦਪੁਰ ਸਾਹਿਬ ਦੇ ਮਤੇ ਅੰਦਰ ਦਰਜ ਪੋਜ਼ੀਸ਼ਨਾਂ ਉੱਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਦੀ ਬਜਾਇ ਬਚਾਉ ਦੇ ਰਾਹ ਤਲਾਸ਼ਣ ਲੱਗ ਪਈ। ਅਸਲ ਵਿੱਚ, ਅਕਾਲੀ ਲੀਡਰਸ਼ਿਪ ਅੰਦਰਲਾ ਮਾਇਆਧਾਰੀ ਰੁਚੀਆਂ ਵਾਲਾ ਸੁਆਰਥ-ਜੀਵੀ ਵਰਗ ਅਜਿਹੀ ਕੋਈ ਵੀ ਪੋਜ਼ੀਸ਼ਨ ਲੈਣ ਤੋਂ ਤ੍ਰਹਿੰਦਾ ਹੈ ਜਿਸ ਨਾਲ ਉਸ ਦਾ ਹਿੰਦੂਵਾਦੀ ਤਾਕਤਾਂ ਨਾਲ ਭਾਈਵਾਲੀ ਦਾ ਰਾਹ ਬੰਦ ਹੁੰਦਾ ਹੋਵੇ। ਹਿੰਦੂਵਾਦੀ ਤਾਕਤਾਂ ਇਕ ਤਾਂ ਵੈਸੇ ਹੀ, ਸਿਧਾਂਤਕ ਰੂਪ ਵਿੱਚ, ਭਾਰਤ ਅੰਦਰ ਫ਼ੈਡਰਲ ਰਾਜ-ਪ੍ਰਬੰਧ ਦੀ ਥਾਂ ਕਸਵੇਂ ਕੰਟਰੋਲ ਵਾਲੇ ਕੇਂਦਰਮੁਖੀ ਢਾਂਚੇ ਦੀਆਂ ਮੁਦੱਈ ਹਨ। ਇਸ ਕਰਕੇ ਉਨ੍ਹਾਂ ਨੂੰ, ਆਮ ਰੂਪ ਵਿੱਚ ਹੀ, ਫ਼ੈਡਰਲ ਢਾਂਚੇ ਦੀ ਤਜਵੀਜ਼ ਸਖਾਉਂਦੀ ਨਹੀਂ। ਉਹ ਕਿਸੇ ਹਾਲਤ ਵਿੱਚ ਕਿਸੇ ਹਿੰਦੂ ਬਹੁਗਿਣਤੀ ਵਾਲੇ ਰਾਜ ਲਈ ਤਾਂ ਵੱਧ ਅਧਿਕਾਰਾਂ ਦੀ ਮੰਗ ਨਾਲ ਸਹਿਮਤੀ ਪ੍ਰਗਟਾਅ ਸਕਦੀਆਂ ਹਨ ਪ੍ਰੰਤੂ ਕਿਸੇ ਘੱਟਗਿਣਤੀ ਭਾਈਚਾਰੇ ਦੀ ਬਹੁਗਿਣਤੀ ਵਾਲੇ ਰਾਜ ਦੇ ਗਲ ਉੱਤੋਂ ਕੇਂਦਰ ਦੇ ਜੂਲੇ ਨੂੰ ਢਿੱਲਾ ਕਰਨ ਦੀ ਤਜਵੀਜ਼ ਨੂੰ ਉਹ ਉੱਕਾ ਹੀ ਬਰਦਾਸ਼ਤ ਨਹੀਂ ਕਰ ਸਕਦੀਆਂ। ਵਜ੍ਹਾ ਇਹ ਕਿ ਘੱਟਗਿਣਤੀ ਭਾਈਚਾਰੇ ਦੀ ਬਹੁਗਿਣਤੀ ਵਾਲੇ ਰਾਜਾਂ ਅੰਦਰ ਹਿੰਦੂ ਵਰਗ ਘੱਟਗਿਣਤੀ ਵਿੱਚ ਹੋਣ ਦੇ ਬਾਵਜੂਦ, ਕੇਂਦਰ ਦੇ ਕਿੱਲੇ ਦੇ ਜ਼ੋਰ ਬਹੁਗਿਣਤੀ

ਵਾਲੀ ਤੜੀ ਜਤਾਅ ਰਿਹਾ ਹੁੰਦਾ ਹੈ। ਇਸ ਤਰ੍ਹਾਂ ਘੱਟਗਿਣਤੀ ਭਾਈਚਾਰਿਆਂ ਦੀ ਬਹੁਗਿਣਤੀ ਵਾਲੇ ਰਾਜਾਂ ਅੰਦਰਲੀ ਹਿੰਦੂ ਵਸੋਂ ਦੇ ਇਹ ਸੁਆਰਥੀ ਹਿਤ ਉਸਨੂੰ ਫ਼ੈਡਰਲ ਢਾਂਚੇ ਦੀ ਮੰਗ ਦੇ ਵਿਰੋਧ ਵਿੱਚ ਖੜਾ ਕਰ ਦਿੰਦੇ ਹਨ। ਪੰਜਾਬ ਦਾ ਹਿੰਦੂ ਵਰਗ ਇਸ 'ਮਰਜ਼' ਦਾ ਸਭ ਨਾਲੋਂ ਵੱਧ ਸ਼ਿਕਾਰ ਹੈ। ਉਸ ਅੰਦਰ ਬਹੁਗਿਣਤੀ ਦਾ ਹੰਕਾਰ ਅਤੇ ਸਿੱਖ ਕੌਮ ਪ੍ਰਤੀ ਤ੍ਰਿਸਕਾਰ ਇਸ ਕਦਰ ਘਰ ਗਿਆ ਹੈ ਕਿ ਉਹ ਪੰਜਾਬ ਅੰਦਰ ਆਪਣੇ ਘੱਟਗਿਣਤੀ ਰੁਤਬੇ ਦੀ ਹਕੀਕਤ ਨਾਲ ਸਮਝੌਤਾ ਕਰਨ ਲਈ ਤਿਆਰ ਨਹੀਂ। ਉਹ ਸਿੱਖ ਕੌਮ ਨੂੰ ਹਰ ਪੱਖ ਤੋਂ ਕਮਜ਼ੋਰ ਤੇ ਦੂਬੇਲ ਬਣਾ ਕੇ ਰੱਖਣ ਦੀ ਸੋਚ ਤੇ ਰੁਚੀ ਪਾਲਦਾ ਹੈ। ਇਸ ਕਰਕੇ ਉਹ ਪੰਜਾਬ ਉੱਤੋਂ ਕੇਂਦਰ ਦਾ ਆਰਥਿਕ, ਰਾਜਸੀ ਅਤੇ ਸਭਿਆਚਾਰਕ ਗ਼ਲਬਾ ਖ਼ਤਮ ਹੋਇਆ ਦੇਖਣ ਦੀ ਥਾਂ, ਪੰਜਾਬ ਨੂੰ ਹਰ ਪੱਖ ਤੋਂ ਕੇਂਦਰ ਦਾ ਮੁਹਤਾਜ ਹੋਇਆ ਦੇਖਣਾ ਚਾਹੁੰਦਾ ਹੈ ਕਿਉਂਕਿ ਉਸਦੀਆਂ ਦਿਲੀ ਸਾਂਝਾਂ ਪੰਜਾਬ ਨਾਲ ਨਹੀਂ, ਦਿੱਲੀ ਨਾਲ ਹਨ। ਇਸ ਦ੍ਰਿਸ਼ਟੀ ਤੋਂ ਦੇਖਿਆਂ ਉਸ ਵੱਲੋਂ ਆਨੰਦਪੁਰ ਸਾਹਿਬ ਦੇ ਮਤੇ ਦਾ ਝਲਿਆਇਆ ਵਿਰੋਧ ਸਾਫ਼ ਸਮਝ ਆਉਂਦਾ ਹੈ।

ਅਕਾਲੀ ਲੀਡਰਸ਼ਿਪ ਨੇ 1973 ਵਿੱਚ ਆਨੰਦਪੁਰ ਸਾਹਿਬ ਦੇ ਮਤੇ ਨੂੰ ਸਿਧਾਂਤਕ ਸਪਸ਼ਟਤਾ 'ਚੋਂ ਅਤੇ ਦਿਲੀ ਨਿਸ਼ਚਾ ਨਾਲ ਪਰਵਾਨ ਨਹੀਂ ਸੀ ਕੀਤਾ। ਉਸਨੇ ਇਕ ਖ਼ਾਸ ਹਾਲਤ 'ਚੋਂ ਉਪਜੇ ਵਕਤੀ ਰੌਂਅ ਅਧੀਨ ਹੀ ਇਸ ਮਤੇ ਨਾਲ ਸਹਿਮਤੀ ਦਾ ਮੱਠਾ ਅਤੇ 'ਕੱਚਾ' ਹੁੰਗਾਰਾ ਭਰਿਆ ਸੀ। ਇਹ ਅਕਸਰ ਦੇਖਣ 'ਚ ਆਇਆ ਹੈ ਕਿ ਅਕਾਲੀ ਆਗੂ ਜਦ ਬੇਦਿਲੀ ਤੇ ਨਿਰਾਸ਼ਤਾ ਦੀ ਮਨੋ-ਦਸ਼ਾ 'ਚ ਵਿਚਰ ਰਹੇ ਹੁੰਦੇ ਹਨ ਤਾਂ ਉਨ੍ਹਾਂ ਅੰਦਰ ਕਈ ਵਾਰ ਇੱਕੋ ਮੌਕੇ ਦੋ ਉਲਟ-ਦਿਸ਼ਾਵੀ ਪ੍ਰਤੀਕਰਮ ਪੈਦਾ ਹੁੰਦੇ ਹਨ। ਉਹ ਹਿੰਦੂ ਹਾਕਮਾਂ ਨਾਲ ਗ਼ੈਰ-ਸਨਮਾਨਜਨਕ ਸ਼ਰਤਾਂ ਉੱਤੇ ਸਮਝੌਤੇ ਲਈ ਵੀ ਉਤਾਰੂ ਹੋ ਜਾਂਦੇ ਹਨ ਅਤੇ ਸਮਝੌਤਾ ਨਾ ਹੋ ਸਕਣ ਦੀ ਸੂਰਤ ਵਿੱਚ ਕਰਾਰੀਆਂ (radical) ਪੋਜ਼ੀਸ਼ਨਾਂ ਲੈਣ ਦੀ 'ਮਾਅਰਕੇਬਾਜ਼ੀ' ਵੀ ਕਰ ਬੈਠਦੇ ਹਨ।[3] ਪਰ ਆਮ ਇਹ ਦੇਖਣ ਵਿੱਚ ਆਇਆ ਹੈ ਕਿ ਸਿਧਾਂਤਕ ਸਪਸ਼ਟਤਾ ਤੇ ਵਚਨਬੱਧਤਾ ਦੀ ਬਜਾਇ ਕਿਸੇ ਵਕਤੀ ਰੌਂਅ ਅਧੀਨ ਲਈਆਂ ਗਈਆਂ ਪੋਜ਼ੀਸ਼ਨਾਂ ਬਹੁਤੀਆਂ ਹੰਢਣਸਾਰ ਸਾਬਤ ਨਹੀਂ ਹੁੰਦੀਆਂ। ਹਾਲਾਤ ਤੇ ਰੌਂਅ ਵਿੱਚ ਆਈ ਤਬਦੀਲੀ ਨਾਲ ਇਨ੍ਹਾਂ ਪੋਜ਼ੀਸ਼ਨਾਂ ਨੂੰ ਬੜੀ ਆਸਾਨੀ ਨਾਲ ਭੁਲਾ ਦਿੱਤਾ ਜਾਂਦਾ ਹੈ। ਆਨੰਦਪੁਰ ਸਾਹਿਬ ਦੇ ਮਤੇ ਨਾਲ ਠੀਕ ਇਹੋ ਗੱਲ ਵਾਪਰੀ।

1973 ਵਿੱਚ ਜਦ ਅਕਾਲੀ ਦਲ ਦੀ ਵਰਕਿੰਗ ਕਮੇਟੀ ਵੱਲੋਂ ਆਨੰਦਪੁਰ ਸਾਹਿਬ ਦੇ ਮਤੇ ਨਾਲ ਸਹਿਮਤੀ ਪ੍ਰਗਟਾਈ ਗਈ ਤਾਂ ਅਕਾਲੀ ਲੀਡਰਸ਼ਿਪ ਯਕੀਨਨ ਹੀ ਦਿਲਗੀਰੀ ਦੀ ਅਵਸਥਾ 'ਚੋਂ ਗੁਜ਼ਰ ਰਹੀ ਸੀ। ਪਰ ਉਸ ਤੋਂ ਛੇਤੀ ਬਾਅਦ ਹਾਲਤਾਂ ਨੇ ਤਿੱਖੀ ਕਰਵਟ ਲੈ ਲਈ। ਜੈ ਪ੍ਰਕਾਸ਼ ਨਰਾਇਣ ਦੀ ਅਗਵਾਈ ਹੇਠ ਕਾਂਗਰਸੀ ਹਕੂਮਤ ਵਿਰੁੱਧ ਇਕ ਵਿਆਪਕ ਲਹਿਰ ਉਠ ਖੜੀ ਹੋਈ ਅਤੇ ਅਕਾਲੀ ਲੀਡਰਸ਼ਿਪ ਨੇ ਫੁਰਤੀ ਨਾਲ ਆਪਣੇ ਆਪ ਨੂੰ ਇਸ ਲਹਿਰ ਨਾਲ ਟੋਚਣ ਕਰ ਲਿਆ। ਇਕ ਵੱਡੇ ਅਤੇ ਜਾਨਦਾਰ ਕਾਂਗਰਸ ਵਿਰੋਧੀ ਲੋਕ-ਉਭਾਰ ਦਾ ਅੰਗ ਬਣ ਜਾਣ ਨਾਲ ਅਕਾਲੀ ਲੀਡਰਸ਼ਿਪ ਬੇਦਿਲੀ ਤੇ ਨਿਰਾਸ਼ਤਾ ਦੇ ਆਲਮ 'ਚੋਂ ਨਿਕਲ ਕੇ ਉਤਸ਼ਾਹੀ ਰੌਂਅ ਵਿੱਚ ਆ ਗਈ। ਉਸਨੇ ਆਪਣੀ ਅਤੇ ਨਾਲ ਹੀ ਸਿੱਖ ਕੌਮ ਦੀ ਰਾਜਸੀ ਹੋਣੀ ਨੂੰ ਕਾਂਗਰਸ ਵਿਰੋਧੀ ਰਾਜਨੀਤਕ ਦਲਾਂ ਨਾਲ ਨੱਥੀ ਕਰ ਦਿੱਤਾ।

ਅਕਾਲੀ ਲੀਡਰਸ਼ਿਪ ਦੁਆਰਾ ਅਪਣਾਈ ਗਈ ਇਹ ਰਾਜਨੀਤਕ ਸੇਧ ਉਸ ਵਾਸਤੇ ਹਕੂਮਤੀ ਸੱਤਾ ਦਾ ਰਾਹ ਤਾਂ ਸਾਫ਼ ਕਰਦੀ ਸੀ ਪ੍ਰੰਤੂ ਇਸ ਨਾਲ ਸਿੱਖ ਪੰਥ ਦੀ ਆਜ਼ਾਦੀ ਦਾ ਰਾਹ ਮੋਕਲਾ ਨਹੀਂ ਸੀ ਹੁੰਦਾ। ਕਾਰਨ ਇਹ ਕਿ ਕਾਂਗਰਸ ਵਿਰੋਧੀ ਹਿੰਦੂ

ਰਾਜਸੀ ਦਲਾਂ ਨਾਲ ਸਾਂਝ-ਭਿਆਲੀ ਪਾਉਣ ਲਈ ਅਕਾਲੀ ਲੀਡਰਸ਼ਿਪ ਨੂੰ ਸਿੱਖ ਕੌਮ ਦੀ ਨਿਆਰੀ ਹਸਤੀ ਤੇ ਸੁਤੰਤਰ ਹੋਂਦ ਨੂੰ ਉਚਿਆਉਣ ਵਾਲੇ ਸਿਧਾਂਤਕ ਪੈਂਤੜੇ ਤੋਂ ਪੈਰ ਪਿਛਾਂਹ ਖਿਸਕਾਉਣੇ ਪੈਣੇ ਸਨ ਅਤੇ ਆਨੰਦਪੁਰ ਸਾਹਿਬ ਦੇ ਮਤੇ ਅੰਦਰ ਦਰਜ ਪੰਥਕ ਰਾਜਸੀ ਨਿਸ਼ਾਨੇ ਦੀ ਪੋਜ਼ੀਸ਼ਨ ਤਿਆਗਣੀ ਪੈਣੀ ਸੀ। ਅਕਾਲੀ ਦਲ ਵੱਲੋਂ ਜੈ ਪ੍ਰਕਾਸ਼ ਨਰਾਇਣ ਦੀ ਅਗਵਾਈ ਹੇਠਲੀ ਲਹਿਰ ਵਿੱਚ ਸ਼ਾਮਲ ਹੋ ਜਾਣ ਅਤੇ ਕਾਂਗਰਸ ਵਿਰੋਧੀ ਰਾਜਸੀ ਦਲਾਂ ਨਾਲ ਸਾਂਝਾਂ ਗੰਢ ਲੈਣ ਦੇ ਅਮਲ ਨੇ ਅਕਾਲੀ ਲੀਡਰਸ਼ਿਪ ਅੰਦਰਲੇ ਸਰਮਾਏਦਾਰ/ਸੁਆਰਥ-ਜੀਵੀ ਤੱਤਾਂ ਦੀਆਂ ਹਿੰਦੂਵਾਦੀ ਤਾਕਤਾਂ ਨਾਲ ਸਾਂਝ-ਭਿਆਲੀ ਦੀਆਂ ਕਰੁਚੀਆਂ ਨੂੰ ਹੋਰ ਜ਼ਿਆਦਾ ਬਲ ਬਖ਼ਸ਼ ਦਿੱਤਾ। ਇਹ ਉਹ ਦੌਰ ਸੀ ਜਦ ਸਿੱਖ ਕੌਮ ਦੇ ਬੁਨਿਆਦੀ ਹਿਤਾਂ ਤੇ ਮਸਲਿਆਂ ਨੂੰ ਪਿਛਵਾੜੇ ਧੱਕ ਕੇ ਸਿੱਖ ਸਮਾਜ ਅੰਦਰਲੇ ਕੁਝ ਵਰਗਾਂ ਦੇ ਆਰਥਿਕ ਜਮਾਤੀ ਹਿਤਾਂ ਤੇ ਕੁਝ ਆਗੂਆਂ ਦੀਆਂ ਵਿਅਕਤੀਗਤ ਰਾਜਨੀਤਕ ਗ਼ਰਜ਼ਾਂ ਨੂੰ ਪ੍ਰਮੁੱਖਤਾ ਦੇਣ ਵਾਲੀ ਰਾਜਸੀ ਵਿਚਾਰਧਾਰਾ ਨੇ ਸਿੱਖ ਰਾਜਨੀਤੀ ਦੇ ਖੇਤਰ ਅੰਦਰ ਵੱਡੀ ਤਾਕਤ ਤੇ ਵੁੱਕਤ ਹਾਸਲ ਕਰ ਲਈ।

ਇਸ ਸਾਰੇ ਅਰਸੇ ਦੌਰਾਨ ਅਕਾਲੀ ਲੀਡਰਸ਼ਿਪ ਨੇ ਆਨੰਦਪੁਰ ਸਾਹਿਬ ਦੇ ਮਤੇ ਬਾਰੇ ਲਗਾਤਾਰ ਮੁਕੰਮਲ ਚੁੱਪ ਵੱਟੀ ਰੱਖੀ। ਸਿੱਖ ਕੌਮ ਦੀ ਅਲੱਗ ਪਛਾਣ ਤੇ ਇਸ ਨੂੰ ਹਿੰਦੂਵਾਦ ਹੱਥੋਂ ਦਰਪੇਸ਼ ਖ਼ਤਰੇ ਦੀ ਗੱਲ ਉਸ ਦੇ ਮੂੰਹੋਂ ਕਦੇ ਭੁੱਲ ਕੇ ਵੀ ਨਹੀਂ ਨਿਕਲੀ। ਵੱਧ ਜ਼ੋਰ ਕਿਸਾਨੀ ਦੀ ਆਰਥਿਕ ਲੁਟ-ਖਸੁੱਟ ਅਤੇ ਕਾਂਗਰਸੀ ਹਾਕਮਾਂ ਵੱਲੋਂ ਪੰਜਾਬ ਨਾਲ ਕੀਤੇ ਜਾ ਰਹੇ ਧੱਕੇ ਤੇ ਵਿਤਕਰੇ ਵਰਗੇ ਆਮ ਮੁੱਦਿਆਂ ਨੂੰ ਉਭਾਰਨ ਉੱਤੇ ਹੀ ਦਿੱਤਾ ਜਾਂਦਾ ਰਿਹਾ। ਹਿੰਦੂਵਾਦੀ ਤਾਕਤਾਂ ਨਾਲ ਸਾਂਝ-ਭਿਆਲੀ ਦੇ ਅਮਲ ਵਿੱਚ ਭੰਗਣਾ ਪੈ ਜਾਣ ਦੇ ਡਰੋਂ, ਪੰਜਾਬ ਨਾਲ ਵਿਤਕਰੇ ਦੇ ਪਿੱਛੇ ਕੰਮ ਕਰਦੀ ਸਿੱਖ-ਦੁਸ਼ਮਣ ਹਿੰਦੂਵਾਦੀ ਸੋਚ ਅਤੇ ਇਸ ਦਾ ਹਿੰਦੂ ਧਰਮ ਦੇ ਆਮ ਗ਼ਲਬਾਪ੍ਰਸਤ ਖ਼ਾਸੇ ਨਾਲ ਸਬੰਧ ਉਘਾੜਨ ਤੋਂ ਲਗਾਤਾਰ ਟਾਲਾ ਵੱਟਿਆ ਜਾਂਦਾ ਰਿਹਾ। ਇਸ ਨਾਲ, ਸੁਭਾਵਿਕ ਹੀ, ਅਕਾਲੀ ਦਲ ਤੇ ਰਾਜਨੀਤੀ ਅੰਦਰ ਸਰਮਾਏਦਾਰ/ਸੁਆਰਥ-ਜੀਵੀ ਤੱਤਾਂ ਦੀ ਰਾਜਸੀ ਪੋਜ਼ੀਸ਼ਨ ਲਗਾਤਾਰ ਪੱਕੇ-ਪੈਰੀਂ ਹੁੰਦੀ ਚਲੀ ਗਈ। ਅਕਾਲੀ ਦਲ ਅੰਦਰਲੀ ਟਕਸਾਲੀ ਧਾਰਾ, ਆਪਣੀ ਸਿਧਾਂਤਕ ਅਯੋਗਤਾ, ਰਾਜਨੀਤਕ ਅਨਾੜੀਪੁਣੇ ਤੇ ਨੈਤਿਕ ਖ਼ਾਮੀਆਂ ਦੀ ਵਜ੍ਹਾ ਕਰਕੇ, ਸਰਮਾਏਦਾਰ/ਸੁਆਰਥ-ਜੀਵੀ ਤੱਤਾਂ ਲਈ ਲਗਾਤਾਰ ਜ਼ਮੀਨ ਛੱਡਦੀ ਚਲੀ ਗਈ।

ਜੈ ਪ੍ਰਕਾਸ਼ ਨਰਾਇਣ ਦੇ ਅਸ਼ੀਰਵਾਦ ਨਾਲ ਉਸਰੇ ਕਾਂਗਰਸ-ਵਿਰੋਧੀ (ਅਸਲ ਵਿੱਚ ਇੰਦਰਾ-ਵਿਰੋਧੀ) ਰਾਜਨੀਤਕ ਗੱਠਜੋੜ ਕੋਲੋਂ ਸਿੱਖ ਕੌਮ ਦੇ ਭਲੇ ਦੀ ਆਸ ਕਰਨੀ ਗਿਰਝਾਂ ਦੇ ਆਲ੍ਹਣਿਆਂ 'ਚੋਂ ਮਾਸ ਭਾਲਣ ਵਰਗੀ ਗੱਲ ਸੀ। ਇਸ ਗੱਠਜੋੜ ਅੰਦਰ ਸ਼ਾਮਲ ਪਰਮੁੱਖ ਰਾਜਨੀਤਕ ਦਲ ਤੇ ਇਨ੍ਹਾਂ ਦੀਆਂ ਮੋਹਰੀ ਹਸਤੀਆਂ (ਮੁਰਾਰਜੀ ਡਿਸਾਈ, ਅਟਲ ਬਿਹਾਰੀ ਵਾਜਪਾਈ, ਚੌਧਰੀ ਚਰਨ ਸਿੰਘ, ਲਾਲ ਕ੍ਰਿਸ਼ਨ ਅਡਵਾਨੀ ਵਗ਼ੈਰਾ ਵਗ਼ੈਰਾ) ਸਿੱਖ ਦੁਸ਼ਮਣੀ ਦੇ ਮਾਮਲੇ 'ਚ ਇੰਦਰਾ ਗਾਂਧੀ ਨਾਲੋਂ ਕਿਸੇ ਵੀ ਲਿਹਾਜ਼ ਨਾਲ ਪਿੱਛੇ ਨਹੀਂ ਸਨ। ਇਸ ਗੱਠਜੋੜ ਅੰਦਰ ਆਰੀਆ ਸਮਾਜੀ ਲਾਬੀ ਦਾ ਅਸਰ ਰਸੂਖ਼ ਕਿਤੇ ਜ਼ਿਆਦਾ ਸੀ। ਸੋ ਜਦ ਅਕਾਲੀ ਦਲ 1977 ਵਿੱਚ ਕੇਂਦਰ ਵਿੱਚ ਸਥਾਪਤ ਹੋਈ ਜਨਤਾ ਗੱਠਜੋੜ ਸਰਕਾਰ ਵਿੱਚ ਭਾਈਵਾਲ ਬਣ ਗਿਆ ਤਾਂ ਆਰੀਆ ਸਮਾਜੀ ਤਾਕਤਾਂ ਨੇ, ਵਿਰੋਧ ਤੇ ਸ਼ਰੀਕੇ ਦੀ ਭਾਵਨਾ ਚੋਂ, ਸਿੱਖ ਪੰਥ ਵਿਰੁਧ ਆਪਣੇ ਵਿਚਾਰਧਾਰਕ ਹਮਲੇ ਦੀ ਧਾਰ ਤੇਜ਼ ਕਰ ਦਿੱਤੀ।

ਸਿੱਖ ਕੌਮ ਦੀ ਨਿਆਰੀ ਹਸਤੀ ਦੇ ਦਾਅਵੇ ਨੂੰ ਚੁਣਵਾਂ ਨਿਸ਼ਾਨਾ ਬਣਾਉਂਦਿਆਂ

ਹੋਇਆਂ ਆਨੰਦਪੁਰ ਸਾਹਿਬ ਦੇ ਮਤੇ ਨੂੰ 'ਫ਼ਿਰਕੂ' ਤੇ 'ਵੱਖਵਾਦੀ' ਗਰਦਾਨਣ ਦੀ ਸੁਰ ਉੱਚੀ ਚੁੱਕ ਦਿੱਤੀ ਗਈ। ਬਾਵਜੂਦ ਇਸ ਤੱਥ ਦੇ ਕਿ ਅਕਾਲੀ ਲੀਡਰਸ਼ਿਪ ਨੇ ਇਸ ਮਤੇ ਨੂੰ ਅਮਲੀ ਤੌਰ 'ਤੇ ਪੂਰੀ ਤਰ੍ਹਾਂ ਨਕਾਰ ਛੱਡਿਆ ਹੋਇਆ ਸੀ ਅਤੇ 1977 ਦੀਆਂ ਚੋਣਾਂ ਮੌਕੇ ਅਕਾਲੀ ਦਲ ਵੱਲੋਂ ਜਾਰੀ ਕੀਤੇ ਗਏ ਚੋਣ ਮੈਨੀਫ਼ੈਸਟੋ ਜਾਂ ਚੋਣ ਪਰਚਾਰ ਅੰਦਰ ਇਸ ਮਤੇ ਦਾ ਕਿਤੇ ਜ਼ਿਕਰ ਤਕ ਨਹੀਂ ਸੀ ਕੀਤਾ ਗਿਆ, ਆਰੀਆ ਸਮਾਜੀ ਤਾਕਤਾਂ ਨੂੰ ਇਸ ਮਤੇ ਦਾ ਭੂਤ ਲਗਾਤਾਰ ਬੇਚੈਨ ਕਰ ਰਿਹਾ ਸੀ। ਉਨ੍ਹਾਂ ਦੇ ਮਨਾਂ ਨੂੰ ਉਨਾ ਚਿਰ ਧਰਵਾਸ ਨਹੀਂ ਸੀ ਆਉਂਦਾ ਜਿੰਨਾ ਚਿਰ ਅਕਾਲੀ ਲੀਡਰਸ਼ਿਪ ਇਸ ਮਤੇ ਨੂੰ ਦੋ ਟੁਕ ਰੂਪ 'ਚ ਰੱਦਣ ਅਤੇ ਤਿਆਗਣ ਦੀ ਪੋਜ਼ੀਸ਼ਨ ਨਹੀ ਸੀ ਲੈਂ ਲੈਂਦੀ। ਇਹ ਹਿੰਦੂਵਾਦੀ ਤਾਕਤਾਂ ਦੇ ਮਨ ਦਾ ਫੋਕਾ ਵਹਿਮ ਨਹੀਂ ਸੀ ਸਗੋਂ ਸਿੱਖ ਪੰਥ ਦੀ ਨਿਆਰੀ ਹੋਂਦ ਨੂੰ ਖ਼ਤਮ ਕਰ ਕੇ ਉਸਨੂੰ ਹਿੰਦੂਵਾਦ ਦੇ ਵਹਿਣ ਅੰਦਰ ਸਮੋਅ ਲੈਣ ਦੇ ਯੁਧਨੀਤਕ ਉਦੇਸ਼ ਦੀ ਪੂਰਤੀ ਲਈ ਅਤੀ ਜ਼ਰੂਰੀ ਸ਼ਰਤ ਸੀ, ਕਿਉਂਕਿ ਪੰਥਕ ਆਜ਼ਾਦ ਹਸਤੀ ਦੇ ਅਹਿਸਾਸ ਤੇ ਜਜ਼ਬੇ ਵਾਲਾ ਕੰਡਾ ਕੱਢੇ ਬਗ਼ੈਰ ਹਿੰਦੂ ਮਨ ਦੀ ਇਹ ਮੁਰਾਦ ਪੂਰੀ ਨਹੀਂ ਹੋ ਸਕਦੀ।

ਇਸੇ ਮੌਕੇ ਸੀ.ਪੀ.ਐਮ. ਦਾ ਆਗੂ ਹਰਕਿਸ਼ਨ ਸਿੰਘ ਸੁਰਜੀਤ ਵੀ, ਆਪਣੀ ਸਿਧਾਂਤਕ ਮੱਤ ਤੇ ਰਾਜਸੀ ਲੋੜਾਂ ਦੇ ਤਹਿਤ, ਇਸੇ ਦਿਸ਼ਾ ਵਿੱਚ ਕਾਰਜਸ਼ੀਲ ਸੀ। ਕਾਮਰੇਡ ਸੁਰਜੀਤ ਮੁੱਢ ਤੋਂ ਹੀ ਅਕਾਲੀ ਦਲ ਤੇ ਅਕਾਲੀ ਰਾਜਨੀਤੀ ਦਾ 'ਅਫ਼ਿਰਕੂਕਰਨ', ਯਾਨੀ ਕਿ 'ਅਣਪੰਥਕੀਕਰਨ' ਕਰਨ ਦੇ ਪੁਰਜ਼ੋਰ ਯਤਨ ਕਰਦਾ ਆ ਰਿਹਾ ਸੀ। ਇਸੇ ਸੋਚ ਤੇ ਉਦੇਸ਼ ਅਧੀਨ ਉਸ ਨੇ ਪੰਜਾਬੀ ਸੂਬੇ ਦੇ ਸੰਘਰਸ਼ ਦੌਰਾਨ ਮਾਸਟਰ ਤਾਰਾ ਸਿੰਘ ਦੇ ਮੁਕਾਬਲੇ ਸੰਤ ਫਤਹਿ ਸਿੰਘ ਦੀ ਖੁੱਲ੍ਹ ਕੇ ਮਦਦ ਕੀਤੀ। 1967 ਵਿੱਚ ਪੰਜਾਬ ਅੰਦਰ ਗ਼ੈਰ-ਕਾਂਗਰਸੀ ਗੱਠਜੋੜ ਸਰਕਾਰ ਦੀ ਸਥਾਪਨਾ ਵਿੱਚ ਉਸ ਨੇ ਕਾਫ਼ੀ ਉਭਰਵਾਂ ਰੋਲ ਨਿਭਾਇਆ ਅਤੇ ਗ਼ੈਰ-ਕਾਂਗਰਸੀ ਦਲਾਂ ਦੇ ਸਾਂਝੇ ਮੋਰਚੇ ਦੇ ਕਨਵੀਨਰ ਦੀ ਹੈਸੀਅਤ ਵਿੱਚ ਅਕਾਲੀ ਲੀਡਰਸ਼ਿਪ ਨਾਲ ਨੇੜਲਾ ਰਾਬਤਾ ਗੰਢਣ ਵਿੱਚ ਚੋਖੀ ਸਫਲਤਾ ਹਾਸਲ ਕਰ ਲਈ। ਇਸ ਦੇ ਬਾਅਦ ਉਹ ਅਕਾਲੀ ਲੀਡਰਸ਼ਿਪ ਅੰਦਰਲੇ ਆਪਣੇ ਸੰਪਰਕਾਂ ਰਾਹੀਂ ਅਕਾਲੀ ਰਾਜਨੀਤੀ ਨੂੰ ਆਪਣੇ ਪੱਖ ਵਿੱਚ ਪ੍ਰਭਾਵਿਤ ਕਰਨ, ਅਰਥਾਤ 'ਅਫ਼ਿਰਕੂਕਰਨ' ਦੇ ਨਾਂ ਹੇਠ ਇਸ ਨੂੰ ਪੰਥਕ ਦਿਸ਼ਾ ਤੋਂ ਥਿੜਕਾਉਣ ਦੀਆਂ ਨਿਰੰਤਰ ਕੋਸ਼ਿਸ਼ਾਂ ਵਿੱਚ ਜੁਟਿਆ ਹੋਇਆ ਸੀ। 1977 ਵਿੱਚ ਜਦ ਕਾਂਗਰਸ-ਵਿਰੋਧੀ ਗੱਠਜੋੜ ਦੀ ਰਾਜਨੀਤੀ ਨੇ ਇਕ ਵਾਰ ਫਿਰ ਕੇਂਦਰੀ ਸਥਾਨ ਗ੍ਰਹਿਣ ਕਰ ਲਿਆ ਤਾਂ ਕਾਮਰੇਡ ਸੁਰਜੀਤ ਨੂੰ ਅਕਾਲੀ ਰਾਜਨੀਤੀ ਅੰਦਰ ਦਖ਼ਲ ਦੇਣ ਦਾ ਸੁਨਹਿਰੀ ਮੌਕਾ ਜੁੜ ਗਿਆ। ਅਕਾਲੀ ਦਲ, ਡੀ.ਐਮ.ਕੇ. ਤੇ ਨੈਸ਼ਨਲ ਕਾਨਫ਼ਰੰਸ ਵਰਗੀਆਂ ਖੇਤਰੀ ਪਾਰਟੀਆਂ ਵਾਂਗ ਸੀ.ਪੀ.ਐਮ. ਨੂੰ ਵੀ ਪੱਛਮੀ ਬੰਗਾਲ ਤੇ ਕੇਰਲਾ ਅੰਦਰ ਆਪਣੀਆਂ ਸੂਬਾਈ ਸਰਕਾਰਾਂ ਬਣਾਉਣ/ਚਲਾਉਣ ਵਿੱਚ ਕੇਂਦਰੀ ਹਕੂਮਤ ਦੀ ਨਹੱਕੀ ਦਖ਼ਲ-ਅੰਦਾਜ਼ੀ ਤੇ ਧੱਕੇਸ਼ਾਹੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਸ ਕਰਕੇ ਸੀ.ਪੀ.ਐਮ. ਵੀ ਖੇਤਰੀ ਪਾਰਟੀਆਂ ਵਾਂਗ ਰਾਜਾਂ ਨੂੰ ਵਧ ਅਧਿਕਾਰਾਂ ਦੀ ਮੁਦਈ ਬਣ ਗਈ ਸੀ ਅਤੇ ਉਸ ਨੇ ਇਸ ਮੁੱਦੇ ਉੱਤੇ ਵਿਸ਼ਾਲ ਰਾਜਨੀਤਕ ਲਾਮਬੰਦੀ ਕਰਨ ਦਾ ਦਾਅ ਪੇਚਕ ਪੈਂਤੜਾ ਅਖ਼ਤਿਆਰ ਕਰ ਲਿਆ ਸੀ। ਇਸ ਮਾਮਲੇ 'ਚ ਅਕਾਲੀ ਦਲ ਵੱਲੋਂ ਨਿੱਗਰ ਭੂਮਿਕਾ ਨਿਭਾਏ ਜਾਣ ਦੀਆਂ ਸੰਭਾਵਨਾਵਾਂ ਨੂੰ ਮੱਦੇ-ਨਜ਼ਰ ਰਖਦਿਆਂ ਹੋਇਆਂ ਸੀ.ਪੀ.ਐਮ ਦੀ ਲੀਡਰਸ਼ਿਪ ਨੇ ਅਕਾਲੀ ਆਗੂਆਂ ਉੱਤੇ ਡੋਰੇ ਪਾਉਣ ਦੇ ਯਤਨ ਆਰੰਭ ਦਿੱਤੇ। ਪਰ ਕਿਉਂਕਿ ਉਸਨੇ ਅਕਾਲੀ ਦਲ ਉੱਤੇ, ਇਕ ਧਰਮ ਆਧਾਰਤ ਪਾਰਟੀ ਹੋਣ ਦੇ ਨਾਤੇ 'ਫ਼ਿਰਕੂਪੁਣੇ' ਦਾ

ਲੇਬਲ ਚਿਪਕਾ ਰੱਖਿਆ ਹੋਇਆ ਸੀ, ਇਸ ਕਰਕੇ ਅਕਾਲੀ ਦਲ ਨਾਲ ਰਾਜਸੀ ਸਾਂਝ ਗੰਢਣ ਲਈ ਇਸ ਨੂੰ 'ਸੈਕੂਲਰ' ਤੇ 'ਜਮਹੂਰੀ' ਦਿਖ ਪਰਦਾਨ ਕਰਨੀ ਉਸਦੀ ਜ਼ਰੂਰੀ ਲੋੜ ਬਣ ਗਈ ਸੀ। ਸੋ ਇਸ ਦ੍ਰਿਸ਼ਟੀ ਤੋਂ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੇ ਅਕਾਲੀ ਲੀਡਰਸ਼ਿਪ ਉੱਤੇ ਆਨੰਦਪੁਰ ਸਾਹਿਬ ਦੇ ਮਤੇ ਨੂੰ ਜਾਂ ਤਾਂ ਦੋ ਟੂਕ ਰੂਪ 'ਚ ਰੱਦ ਕਰਨ ਜਾਂ ਇਸ ਅੰਦਰ ਰੱਦੋ-ਬਦਲ ਕਰ ਕੇ ਇਸ ਨੂੰ ਵਧੇਰੇ 'ਪੱਚਣਯੋਗ' ਬਣਾਉਣ ਲਈ ਦਬਾਉ ਪਾ ਰੱਖਿਆ ਹੋਇਆ ਸੀ।

ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਕਾਂਗਰਸ ਪਾਰਟੀ ਨੂੰ ਹਕੂਮਤੀ ਸੱਤਾ ਤੋਂ ਲਾਂਭੇ ਕਰ ਦੇਣ ਅਤੇ ਗ਼ੈਰ-ਕਾਂਗਰਸੀ ਗੱਠਜੋੜ ਸਰਕਾਰ ਵਿੱਚ ਅਕਾਲੀ ਦਲ ਦੀ ਸ਼ਮੂਲੀਅਤ ਨਾਲ ਸਿੱਖ ਪੰਥ ਅੰਦਰ ਜਿੱਤ ਤੇ ਸੰਤੁਸ਼ਟੀ ਦਾ ਰੌਅ ਪਸਰਿਆ ਹੋਇਆ ਸੀ। ਕੇਂਦਰ ਤੇ ਸੂਬਾਈ ਪੱਧਰ 'ਤੇ ਅਕਾਲੀ ਦਲ ਦੀ ਹਿੰਦੂਵਾਦੀ ਤਾਕਤਾਂ ਨਾਲ ਰਾਜ-ਸੱਤਾ ਵਿੱਚ ਸਾਂਝ-ਭਿਆਲੀ ਨੇ ਸਿੱਖ ਪੰਥ ਅੰਦਰ ਹਿੰਦੂ-ਸਿੱਖ ਏਕਤਾ ਦੇ ਪੱਖ ਵਿੱਚ ਅਜਿਹਾ ਮਾਹੌਲ ਸਿਰਜ ਦਿੱਤਾ ਸੀ ਕਿ ਸਿੱਖ ਚੇਤਨਾ ਅੰਦਰ ਖ਼ਾਲਸਾ ਪੰਥ ਦੀ ਅਲੱਗ ਪਛਾਣ ਦਾ ਅਹਿਸਾਸ ਮੱਧਮ ਪੈ ਗਿਆ ਸੀ। ਇਸ ਨਾਲ ਅਕਾਲੀ ਲੀਡਰਸ਼ਿਪ ਲਈ, ਹਿੰਦੂਵਾਦੀ ਤਾਕਤਾਂ ਦੀ ਸੰਤੁਸ਼ਟੀ ਵਾਸਤੇ, ਆਨੰਦਪੁਰ ਸਾਹਿਬ ਦੇ ਮਤੇ ਦੀਆਂ ਅਣਚਾਹੀਆਂ ਸਿਧਾਂਤਕ ਨੁਕਰਾਂ ਨੂੰ ਭੋਰ ਸੁੱਟਣ ਅਤੇ ਆਪਣੀ ਰਾਜਸੀ ਲੋੜ ਤੇ ਸਹੂਲਤ ਮੁਤਾਬਕ ਇਸ ਅੰਦਰ ਲੁੜੀਂਦੀ ਰੱਦੋ-ਬਦਲ ਕਰਨ ਦਾ ਕਾਰਜ ਸਹਿਲ ਹੋ ਗਿਆ ਸੀ। ਇਸ ਉਦੇਸ਼ ਦੀ ਪੂਰਤੀ ਲਈ ਉਸਨੇ 28-29 ਅਕਤੂਬਰ 1978 ਨੂੰ ਲੁਧਿਆਣਾ ਵਿਖੇ ਜੁੜੀ ਅਠਾਰ੍ਹਵੀਂ ਸਰਬ-ਹਿੰਦ ਅਕਾਲੀ ਕਾਨਫ਼ਰੰਸ ਦੇ ਮੌਕੇ ਦੀ ਭਰਪੂਰ ਵਰਤੋਂ ਕੀਤੀ। ਇਸ ਕਾਨਫ਼ਰੰਸ ਦੁਆਰਾ ਪਰਵਾਨ ਕੀਤੇ ਗਏ ਮਤਿਆਂ ਰਾਹੀਂ ਅਕਾਲੀ ਲੀਡਰਸ਼ਿਪ ਨੇ ਆਨੰਦਪੁਰ ਸਾਹਿਬ ਦੇ ਮਤੇ ਦੇ ਅਣਚਾਹੇ ਸਿਧਾਂਤਕ ਬੰਧਨਾਂ ਤੋਂ ਮੁਕੰਮਲ ਨਿਜ਼ਾਤ ਹਾਸਲ ਕਰ ਲਈ। ਇਸ ਕਾਨਫ਼ਰੰਸ ਅੰਦਰ ਨਵੀਂ ਅਕਾਲੀ ਲੀਡਰਸ਼ਿਪ ਦੀ ਰਾਜਸੀ ਵਿਚਾਰਧਾਰਾ ਪੂਰੀ ਤਰ੍ਹਾਂ ਖਿੜ ਕੇ ਪਰਗਟ ਹੋਈ। ਕਾਨਫ਼ਰੰਸ ਅੰਦਰ ਕਿਸੇ ਵੀ ਪਰਮੁੱਖ ਅਕਾਲੀ ਆਗੂ ਨੇ ਵੱਖਰੀ ਸਿੱਖ ਕੌਮ ਦਾ ਲਫ਼ਜ਼ ਜ਼ਬਾਨ 'ਤੇ ਨਾ ਲਿਆਂਦਾ। ਕਿਸੇ ਵੀ ਭਾਸ਼ਣ ਜਾਂ ਮਤੇ ਅੰਦਰ ਸਿੱਖ ਕੌਮ ਦੀ ਅਲੱਗ ਪਛਾਣ ਤੇ ਇਸਨੂੰ ਹਿੰਦੂਵਾਦੀ ਤਾਕਤਾਂ ਹੱਥੋਂ ਦਰਪੇਸ਼ ਖ਼ਤਰੇ ਦਾ ਜ਼ਿਕਰ ਤਕ ਨਾ ਕੀਤਾ ਗਿਆ। ਇੱਥੋਂ ਤਕ ਕਿ ਕਾਨਫ਼ਰੰਸ ਵੱਲੋਂ ਨਿਰੰਕਾਰੀਆਂ ਬਾਰੇ ਪਾਸ ਕੀਤੇ ਗਏ ਮਤੇ ਅੰਦਰ ਵੀ ਸਿੱਖ ਕੌਮ ਦੀ ਨਿਆਰੀ ਹਸਤੀ ਨੂੰ ਖ਼ਤਮ ਕਰਨ ਦੀਆਂ ਹਿੰਦੂਵਾਦੀ ਕੁਚਾਲਾਂ ਦਾ ਜ਼ਿਕਰ ਕਰਨ ਤੋਂ ਸੁਚੇਤ ਰੂਪ ਵਿੱਚ ਟਾਲਾ ਵੱਟਿਆ ਗਿਆ।

ਭਾਸ਼ਣਾਂ ਤੇ ਮਤਿਆਂ ਅੰਦਰ ਮੁੱਖ ਜ਼ੋਰ ਲਗਾਤਾਰ ਤਿੰਨ ਦਹਾਕਿਆਂ ਤਕ ਰਾਜ ਕਰਦੀ ਆ ਰਹੀ ਕਾਂਗਰਸ ਪਾਰਟੀ ਨੂੰ ਪੰਜਾਬ ਨਾਲ ਧੱਕੇ ਤੇ ਵਿਤਕਰੇ ਦੀ ਦੋਸ਼ੀ ਕਰਾਰ ਦੇਣ 'ਤੇ ਲੱਗਾ ਰਿਹਾ। 1973 ਵਾਲੇ ਬੱਝਵੇਂ ਪਾਲਸੀ ਪ੍ਰੋਗਰਾਮ ਕੋਲੋਂ ਚੋਰਾਂ ਵਾਂਗ ਪੱਲਾ ਛੁਡਾਉਂਦਿਆਂ ਹੋਇਆਂ ਅਲੱਗ-ਅਲੱਗ ਰਾਜਸੀ ਆਰਥਿਕ, ਧਾਰਮਿਕ ਤੇ ਸਭਿਆਚਾਰਕ ਮੰਗਾਂ/ਮਸਲਿਆਂ ਬਾਰੇ ਬਾਰਾਂ ਟੁੱਟਵੇਂ ਮਤੇ ਪਰਵਾਨ ਕੀਤੇ ਗਏ। ਇਨ੍ਹਾਂ ਬਾਰਾਂ ਮਤਿਆਂ 'ਚੋਂ ਕੁੱਲ ਤੋਂ ਪਹਿਲੇ ਤੇ ਕੁੱਲ ਤੋਂ ਅਹਿਮ (ਰਾਜਸੀ) ਮਤੇ ਅੰਦਰ 'ਪੰਥਕ ਰਾਜਸੀ ਨਿਸ਼ਾਨੇ' ਨੂੰ ਰਾਜਾਂ ਲਈ ਵਧੇਰੇ ਅਧਿਕਾਰਾਂ ਦੀ ਮੰਗ ਤਕ ਸੁੰਗੇੜ ਦਿੱਤਾ ਗਿਆ।[4]

ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਜ਼ੋਰ ਲਾ ਕੇ ਤਿਆਰ ਕੀਤੇ ਆਪਣੇ ਅਹਿਮ ਭਾਸ਼ਣ ਅੰਦਰ ਫ਼ੈਡਰਲਿਜ਼ਮ ਦੇ ਸਿਧਾਂਤ ਦੀ ਪਰਭਾਵਸ਼ਾਲੀ ਵਿਆਖਿਆ ਕਰਦਿਆਂ ਹੋਇਆਂ ਭਾਰਤ ਅੰਦਰ ਫ਼ੈਡਰਲ ਢਾਂਚੇ ਦੀ ਉਸਾਰੀ ਲਈ ਕਾਫ਼ੀ ਢੁਕਵੀਆਂ ਤੇ ਜਚਣਹਾਰ

ਤਜਵੀਜ਼ਾਂ ਸੁਝਾਈਆਂ। ਪਰ ਰੜਕਵੀਂ ਗੱਲ ਇਹ ਕਿ ਸਾਰੇ ਭਾਸ਼ਣ ਅੰਦਰ ਸਿੱਖ ਕੌਮ ਦੀ ਨਿਆਰੀ ਹਸਤੀ ਤੇ ਇਸ ਨੂੰ ਦਰਪੇਸ਼ ਖ਼ਤਰੇ ਬਾਰੇ ਸੰਕੇਤ ਮਾਤਰ ਵੀ ਜ਼ਿਕਰ ਨਾ ਕੀਤਾ ਗਿਆ। ਇੱਥੋਂ ਤਕ ਕਿ ਸਮੁੱਚੇ ਭਾਸ਼ਣ ਅੰਦਰ 'ਸਿੱਖ ਕੌਮ' ਦਾ ਲਫ਼ਜ਼ ਤੱਕ ਵਰਤਣ ਤੋਂ ਸੁਚੇਤ ਰੂਪ ਵਿੱਚ ਗੁਰੇਜ਼ ਕੀਤਾ ਗਿਆ।[5] (ਬਾਅਦ ਵਿੱਚ ਇਸ ਭਾਸ਼ਣ ਦਾ ਜੋ ਅੰਗਰੇਜ਼ੀ ਰੂਪ ਛਪਵਾ ਕੇ ਵੰਡਿਆ ਗਿਆ, ਉਸ ਵਿੱਚ ਖ਼ਾਲਸਾ ਪੰਥ ਨੂੰ ਇਕ ਕੌਮ ਦਾ ਰੁਤਬਾ ਦੇਣ ਅਤੇ ਭਾਰਤੀ ਹਾਕਮਾਂ ਵੱਲੋਂ ਪਰਗਟਾਏ ਜਾ ਰਹੇ ਕੇਂਦਰੀਕਰਨ ਦੇ ਰੁਝਾਨ ਦਾ ਹਿੰਦੂਵਾਦੀ ਤੱਤ ਉਘਾੜਨ ਦੀ ਪੋਜ਼ੀਸ਼ਨ ਜ਼ਰੂਰ ਉਭਾਰੀ ਗਈ)।[6] ਕਿੰਨੀ ਹੈਰਾਨੀ ਤੇ ਅਫ਼ਸੋਸ ਦੀ ਗੱਲ ਹੈ ਕਿ ਸਿੱਖ ਕੌਮ ਦੀ ਨਾਮਵਰ ਧਾਰਮਿਕ ਹਸਤੀ ਦੇ ਭਾਸ਼ਣ ਅੰਦਰੋਂ ਸਿੱਖ ਅੰਸ਼ ਇਸ ਹੱਦ ਤਕ ਗ਼ਾਇਬ (ਮਨਫ਼ੀ) ਹੈ ਕਿ ਭਾਰਤ ਦੇ ਥੋੜੇ ਜਿਹੇ ਦਿਲ-ਗੁਰਦੇ ਵਾਲੇ ਫ਼ੈਡਰਲਿਜ਼ਮ ਦੇ ਹਾਮੀ ਕਿਸੇ ਵੀ ਗ਼ੈਰ-ਸਿੱਖ ਆਗੂ ਨੂੰ ਇਹ ਭਾਸ਼ਣ ਅਪਣਾਉਣ ਵਿੱਚ ਕੋਈ ਇਤਰਾਜ਼ ਨਹੀਂ ਹੋਵੇਗਾ। ਇਹ ਅਕਾਲੀ ਰਾਜਨੀਤੀ ਨੂੰ ਇਸ ਦੇ ਪੰਥਕ ਖ਼ਾਸੇ ਤੋਂ ਵਿਰਵਿਆਂ ਕਰਨ ਦੀ ਉਸ ਕਰੁਚੀ ਦਾ ਤਰਕ ਪੂਰਨ ਨਤੀਜਾ ਸੀ ਜਿਸਨੇ ਸੱਠਵਿਆਂ ਦੇ ਸ਼ੁਰੂ ਵਿੱਚ ਹੀ ਗਰਭ-ਧਾਰਨਾ ਸ਼ੁਰੂ ਕਰ ਦਿੱਤਾ ਸੀ।

ਲੁਧਿਆਣਾ ਕਾਨਫ਼ਰੰਸ ਅੰਦਰ ਸਰਦਾਰ ਕਪੂਰ ਸਿੰਘ ਨੇ, ਆਪਣੇ ਅਕੀਦੇ ਮੁਤਾਬਕ, ਇਸ ਰੁਚੀ ਦਾ ਗੰਭੀਰ ਨੋਟਿਸ ਲੈਂਦਿਆਂ ਹੋਇਆਂ ਇਸਦੀ ਕਾਟਵੀਂ ਪੜਚੋਲ ਕੀਤੀ।[7] ਪਰ ਉਪਰ ਦਰਸਾਏ ਰਾਜਨੀਤਕ ਤੇ ਮਨੋਵਿਗਿਆਨਕ ਮਾਹੌਲ ਅੰਦਰ ਸਰਦਾਰ ਸਾਹਿਬ ਦੀ ਇਸ ਨੁਕਤਾਚੀਨੀ ਨੂੰ ਬਹੁਤਾ ਨਹੀਂ ਗੌਲਿਆ ਗਿਆ। ਬਾਅਦ ਵਿੱਚ ਜਦ ਅਗਸਤ 1979 ਵਿੱਚ ਕੇਂਦਰ ਦੀ ਜਨਤਾ ਗੱਠਜੋੜ ਸਰਕਾਰ ਆਪਣੇ ਹੀ ਅੰਦਰੂਨੀ ਵਿਰੋਧਾਂ ਤੇ ਤਣਾਵਾਂ ਦੀ ਭੇਟ ਚੜ੍ਹ ਗਈ ਅਤੇ ਨਵੇਂ ਸਿਰਿਓਂ ਹੋਈਆਂ ਮੱਧ-ਕਾਲੀ ਚੋਣਾਂ ਰਾਹੀਂ ਇੰਦਰਾ ਗਾਂਧੀ ਮੁੜ ਹਕੂਮਤੀ ਸੱਤਾ ਉੱਤੇ ਬਿਰਾਜਮਾਨ ਹੋ ਗਈ ਤਾਂ ਅਕਾਲੀ ਲੀਡਰਸ਼ਿਪ ਲਈ ਫਿਰ 'ਮਾੜੇ ਦਿਨ' ਪਰਤ ਆਏ। ਹਿੰਦੂਵਾਦੀ ਤਾਕਤਾਂ ਨਾਲ ਰਾਜ-ਸੱਤਾ ਅੰਦਰ ਸਾਂਝ ਭਿਆਲੀ ਦਾ ਥੋੜਾ ਚਿਰ 'ਆਨੰਦ' ਮਾਣਨ ਤੋਂ ਬਾਅਦ ਅਕਾਲੀ ਆਗੂਆਂ ਨੂੰ ਮੁੜ ਤੋਂ ਫਿਰ ਦੁਰਕਾਰੇ ਜਾਣ ਦਾ ਸੰਤਾਪ ਝੱਲਣਾ ਪੈ ਗਿਆ ਅਤੇ ਉਨ੍ਹਾਂ ਉੱਤੇ ਮੁੜ ਸੰਘਰਸ਼ ਅਤੇ ਟਕਰਾਓ ਦੇ ਰਾਹ ਪੈਣ ਦੀ ਰਾਜਨੀਤਕ ਮਜਬੂਰੀ ਥੋਪ ਦਿੱਤੀ ਗਈ। ਪਰ ਉਦੋਂ ਤੱਕ ਸਿੱਖ ਰਾਜਨੀਤੀ ਅੰਦਰ ਇਕ ਅਸਲੋਂ ਹੀ ਨਵਾਂ ਅੰਸ਼ ਸ਼ਾਮਲ ਹੋ ਚੁੱਕਾ ਸੀ। 1978 ਦੀ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਵਿੱਚ ਵਾਪਰੇ ਖ਼ੂਨੀ ਕਾਂਡ ਨੇ ਸਿੱਖ ਕੌਮ ਸਾਹਮਣੇ ਨਵੇਂ ਸੁਆਲ ਤੇ ਨਵੀਆਂ ਚੁਣੌਤੀਆਂ ਉਭਾਰ ਦਿੱਤੀਆਂ ਸਨ। ਸੰਤ ਜਰਨੈਲ ਸਿੰਘ (ਭਿੰਡਰਾਂਵਾਲੇ) ਦੇ ਰਾਜਸੀ ਦ੍ਰਿਸ਼ ਉੱਤੇ ਪਰਗਟ ਹੋ ਜਾਣ ਨਾਲ ਕੌਮ ਦੇ ਇਤਿਹਾਸ ਦੇ ਇਕ ਨਵੇਂ ਕਾਂਡ ਦੀ ਸਿਰਜਣਾ ਦਾ ਮਹੂਰਤ ਹੋ ਚੁੱਕਿਆ ਸੀ।

•

# ਭਾਗ ਤੀਜਾ

## ਸਿੱਖ ਪਛਾਣ ਤੇ ਆਜ਼ਾਦੀ ਦਾ ਜਜ਼ਬਾ

## (1978-1984)

*ਸਿੱਖ ਮਸਲਿਆਂ ਵਿੱਚ ਰੁਚੀ ਰੱਖਣ ਵਾਲਾ ਕੋਈ ਵੀ ਵਿਅਕਤੀ ਦੋ ਲਹਿਰਾਂ ਦੇ ਭਵਿੱਖ-ਮਾਰਗ ਬਾਰੇ ਅਟਕਲਬਾਜ਼ੀ 'ਚ ਪੈ ਸਕਦਾ ਹੈ। ਇਹ ਲਹਿਰਾਂ ਹਨ—ਹਿੰਦੂਵਾਦ ਦੁਆਰਾ ਸਿੱਖਾਂ ਨੂੰ ਆਪਣੇ ਅੰਦਰ ਜਜ਼ਬ ਕਰ ਲੈਣ ਦੇ ਖ਼ਤਰੇ ਵਿਰੁੱਧ ਟାਕਰੇ ਦੀ ਲਹਿਰ ਅਤੇ ਸਿੱਖ ਰਾਜ ਦੀ ਕਾਇਮੀ ਲਈ ਜਦੋਜਹਿਦ। ਇਹ ਦੋਨੋਂ ਲਹਿਰਾਂ ਆਪਸ ਵਿਚੀਂ ਬਹੁਤ ਹੀ ਗੂੜ੍ਹੀ ਤਰ੍ਹਾਂ ਜੁੜੀਆਂ ਹੋਈਆਂ ਹਨ, ਜਿਸ ਨੂੰ ਸਮਝਣ ਜਾਂ ਮੰਨਣ ਦੇ ਵਿੱਚ ਸਾਡੇ ਕੋਲੋਂ ਅਕਸਰ ਫ਼ਰਕ ਰਹਿ ਜਾਂਦਾ ਹੈ।*

**—ਖੁਸ਼ਵੰਤ ਸਿੰਘ**

# 14

# ਅਠੱਤਰ ਦੀ ਵਿਸਾਖੀ—ਇਕ ਖ਼ੂਨੀ ਮੋੜ-ਨੁਕਤਾ

ਸੱਠਵਿਆਂ 'ਚ 'ਹਰੇ ਇਨਕਲਾਬ' ਨਾਲ ਜੁੜ ਕੇ ਆਈ ਆਰਥਿਕ ਖ਼ੁਸ਼ਹਾਲੀ ਨੇ ਪੰਜਾਬ ਦੇ ਸਮਾਜੀ-ਸਭਿਆਚਾਰਕ ਖੇਤਰ ਅੰਦਰ ਕਈ ਨਵੇਂ ਵਰਤਾਰਿਆਂ ਨੂੰ ਉਤਸ਼ਾਹਤ ਕੀਤਾ। ਨਵੇਂ ਰੰਗ-ਢੰਗ ਵਾਲੇ ਅਧਿਆਤਮਕ ਸੁਆਮੀਆਂ (ਸਾਧਾਂ ਸੰਤਾਂ) ਦੀ ਗਿਣਤੀ ਤੇ ਪ੍ਰਭਾਵ ਖੇਤਰ ਅੰਦਰ ਵੱਡਾ ਉਛਾਲ ਦੇਖਣ ਨੂੰ ਮਿਲਿਆ। ਇਨ੍ਹਾਂ 'ਸੁਆਮੀਆਂ' ਨੇ ਪੁਰਾਤਨ ਰਵਾਇਤ ਨਾਲੋਂ ਹਟ ਕੇ ਅਯਾਸ਼ੀ ਤੇ ਸ਼ਾਨੋ-ਸ਼ੌਕਤ ਵਾਲਾ ਜੀਵਨ ਭੋਗਣਾ ਸ਼ੁਰੂ ਕੀਤਾ। ਉਨ੍ਹਾਂ ਨੇ ਸ਼ਖ਼ਸੀ ਪੂਜਾ ਦੀ ਬਿਰਤੀ ਨੂੰ ਨਾ ਸਿਰਫ਼ ਉਤਸ਼ਾਹਤ ਕੀਤਾ ਸਗੋਂ ਇਸ ਅੰਦਰ ਅਸ਼ਲੀਲਤਾ ਦਾ ਅੰਸ਼ ਵੀ ਭਰ ਦਿੱਤਾ। ਉਨ੍ਹਾਂ ਨੇ ਆਪਣੇ ਵੱਖਰੇ ਡੇਰੇ, ਭਵਨ ਤੇ ਕਾਲੋਨੀਆਂ ਵਿਕਸਤ ਕੀਤੀਆਂ, ਆਪਣੇ ਨਿੱਜੀ ਪ੍ਰਕਾਸ਼ਨ ਆਰੰਭੇ ਤੇ ਪ੍ਰਚਾਰ-ਪਸਾਰ ਦਾ ਵਿਸ਼ਾਲ ਤਾਣਾ-ਬਾਣਾ ਖੜਾ ਕੀਤਾ। ਜਿਥੇ ਪਹਿਲਿਆਂ ਸਮਿਆਂ ਵਿੱਚ ਸਾਧੂ ਸੰਤ ਆਮ ਤੌਰ 'ਤੇ ਗੁੰਮਨਾਮੀ ਦੀ ਜ਼ਿੰਦਗੀ ਜਿਉਣ ਅਤੇ ਰਾਜ ਸ਼ਕਤੀ ਤੋਂ ਨਿਰਲੇਪ ਤੇ ਅਟੰਕ ਹੋਣ ਦੀ ਪ੍ਰਵਿਰਤੀ ਰੱਖਦੇ ਸਨ ਉਥੇ ਨਵੇਂ ਸਾਧਾਂ ਸੰਤਾਂ ਦਾ ਮੁਹਾਣ ਰਾਜ ਸ਼ਕਤੀ ਨਾਲ ਕਰੀਬੀ ਸਾਂਝਾਂ ਗੰਢਣ ਅਤੇ ਇਕ ਦੂਜੇ ਤੋਂ ਵਧ ਕੇ ਸਰਕਾਰੀ ਸਰਪ੍ਰਸਤੀ ਹਾਸਲ ਕਰਨ ਵੱਲ ਹੋ ਗਿਆ। ਵਜ਼ੀਰਾਂ/ਅਫ਼ਸਰਾਂ ਵੱਲੋਂ ਸੰਤਾਂ ਦੇ ਦਰਸ਼ਨਾਂ ਲਈ ਆਉਣਾ ਆਮ ਜਨਤਾ ਲਈ ਵੱਡੀ ਅਹਿਮੀਅਤ ਰੱਖਦਾ ਹੈ। ਇਸ ਨਾਲ ਆਮ ਲੋਕਾਂ ਦੀਆਂ ਨਜ਼ਰਾਂ ਵਿੱਚ 'ਸੰਤਾਂ ਮਹਾਂਪੁਰਖਾਂ' ਦੀ ਮਹਿਮਾ ਹੋਰ ਵਧ ਜਾਂਦੀ ਹੈ ਤੇ ਉਨ੍ਹਾਂ ਦੇ ਸ਼ਰਧਾਲੂਆਂ ਦਾ ਘੇਰਾ ਹੋਰ ਮੋਕਲਾ ਹੋ ਜਾਂਦਾ ਹੈ। ਜਿਸ ਦਾ ਸੰਤਾਂ ਤੇ ਸਿਆਸਤਦਾਨਾਂ, ਦੋਵਾਂ ਨੂੰ ਬਰਾਬਰ ਦਾ ਲਾਭ ਪਹੁੰਚਦਾ ਹੈ। ਇਕ ਦਾ ਸ਼ਰਧਾਲੂ ਦੂਜੇ ਦੀ ਵੋਟ ਬਣ ਜਾਂਦਾ ਹੈ। ਇਸ ਤਰ੍ਹਾਂ ਸਾਧਾਂ ਸੰਤਾਂ ਤੇ ਰਾਜਸੀ ਸੱਤਾ ਵਿਚਕਾਰ, ਦੁਵੱਲੇ ਫ਼ਾਇਦੇ ਦੇ ਸਿਧਾਂਤ 'ਤੇ, ਇਕ ਨਾਪਾਕ ਗੱਠਜੋੜ ਉਸਰ ਆਉਂਦਾ ਹੈ ਜੋ ਸਾਧਾਰਨ ਤੇ ਭੋਲੀ-ਭਾਲੀ ਜਨਤਾ ਨੂੰ ਅਧਿਆਤਮਕ ਗ਼ੁਲਾਮੀ ਤੇ ਰਾਜਸੀ ਅਧੀਨਗੀ ਦੀਆਂ ਜ਼ੰਜੀਰਾਂ ਵਿੱਚ ਜਕੜਨ ਦਾ ਕਾਰਗਰ ਵਸੀਲਾ ਹੋ ਗੁਜ਼ਰਦਾ ਹੈ। ਪੰਜਾਬ ਅੰਦਰ ਸੱਠਵਿਆਂ 'ਚ ਵਿਆਪਕ ਰੂਪ ਵਿੱਚ ਪ੍ਰਗਟ ਹੋਏ ਤੇ ਫਿਰ ਨਿਰੰਤਰ ਫੈਲਦੇ ਚਲੇ ਗਏ ਇਸ ਵਰਤਾਰੇ ਨੇ ਸਿੱਖੀ ਤੇ ਸਿੱਖ ਪੰਥ ਦਾ ਡਾਢਾ ਘਾਣ ਕੀਤਾ ਹੈ। 'ਸੰਤ ਨਿਰੰਕਾਰੀ ਮਿਸ਼ਨ (ਦਿੱਲੀ)' ਦਾ ਨਾਉਂ ਇਸ ਸੂਚੀ ਵਿੱਚ ਸਭ ਤੋਂ ਉਪਰ ਆਉਂਦਾ ਹੈ।

ਨਿਰੰਕਾਰੀ ਲਹਿਰ ਦੀ ਸਥਾਪਨਾ ਬਾਬਾ ਦਿਆਲ ਜੀ (1783-1855) ਨੇ ਸਿੱਖ ਸਮਾਜ ਅੰਦਰ ਸੁਧਾਰ ਲਿਆਉਣ ਦੇ ਉਦੇਸ਼ ਨਾਲ ਕੀਤੀ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਵੇਲੇ ਸਿੱਖ ਸਮਾਜ ਦਾ ਵੱਡਾ ਹਿੱਸਾ ਬ੍ਰਾਹਮਣਵਾਦੀ ਵਿਚਾਰਾਂ, ਵਿਸ਼ਵਾਸਾਂ

ਤੇ ਕਰਮ-ਕਾਂਡਾਂ ਦੀ ਮਾਰੂ ਗ੍ਰਿਫ਼ਤ ਵਿੱਚ ਆ ਚੁੱਕਾ ਸੀ। ਉਨ੍ਹਾਂ ਨੇ ਹਿੰਦੂ ਦੇਵੀ-ਦੇਵਤਿਆਂ ਨੂੰ ਧਿਆਉਣਾ, ਹਿੰਦੂ ਰਹੁ-ਰੀਤਾਂ ਦੀ ਪਾਲਣਾ ਕਰਨੀ ਅਤੇ ਸ਼ਬਦ ਗੁਰੂ ਦੇ ਸਿਧਾਂਤ ਨੂੰ ਤਿਲਾਂਜਲੀ ਦੇ ਕੇ ਦੇਹਧਾਰੀ ਗੁਰੂਆਂ/ਦੰਭੀਆਂ ਦੇ ਲੜ ਲੱਗਣਾ ਸ਼ੁਰੂ ਕਰ ਦਿੱਤਾ ਸੀ। ਸਿੱਖ ਧਰਮ ਦੀ ਇਸ ਮਾਂਦੀ ਪੈ ਰਹੀ ਹਾਲਤ ਨੂੰ ਦੇਖਦਿਆਂ ਹੋਇਆਂ ਬਾਬਾ ਦਿਆਲ ਜੀ ਨੇ ਸਿੱਖੀ ਸੁਧਾਰ ਦੀ ਮੁਹਿੰਮ ਆਰੰਭ ਕੀਤੀ ਜਿਸਦਾ ਉਦੇਸ਼ ਸਿੱਖ ਪੰਥ ਨੂੰ ਹਿੰਦੂਵਾਦੀ ਪ੍ਰਭਾਵਾਂ ਤੋਂ ਮੁਕਤ ਕਰਨਾ, ਸਿੱਖ ਧਰਮ ਦੀ ਨਿਰਮਲਤਾ ਤੇ ਮੌਲਿਕਤਾ ਬਹਾਲ ਕਰਨੀ ਅਤੇ ਭੁੱਲੇ ਤੇ ਭਟਕੇ ਸਿੱਖਾਂ ਨੂੰ ਮੁੜ ਗੁਰੂ ਦੀ ਸ਼ਰਨ ਵਿੱਚ ਲਿਆਉਣਾ ਸੀ। ਉਨ੍ਹਾਂ ਨੇ ਮੂਰਤੀ-ਪੂਜਾ, ਦੇਵ-ਪੂਜਾ, ਸੂਤਕ-ਪਾਤਕ, ਸ਼ਰਾਧ ਤੇ ਅਜਿਹੇ ਹੋਰਨਾਂ ਹਿੰਦੂ ਕਰਮ-ਕਾਂਡਾਂ ਦਾ ਪੁਰਜ਼ੋਰ ਖੰਡਨ ਕੀਤਾ। ਸਿੱਖ ਧਰਮ ਦੇ ਪੈਰੋਕਾਰਾਂ ਨੂੰ ਸ਼ਰਾਬ ਤੇ ਤੰਬਾਕੂਨੋਸ਼ੀ ਵਰਗੇ ਵਿਕਾਰਾਂ ਤੋਂ ਦੂਰ ਰਹਿਣ ਦੀ ਸਿਖਿਆ ਦਿੱਤੀ। ਐਸ਼ੋ-ਇਸ਼ਰਤ ਦੀ ਜ਼ਿੰਦਗੀ ਦੇ ਮੁਕਾਬਲੇ ਸਾਦੇ ਜੀਵਨ ਨੂੰ ਉੱਤਮ ਦਰਸਾਇਆ ਅਤੇ ਝੂਠ, ਠੱਗੀ-ਠੋਰੀ, ਦੰਭ ਤੇ ਵਿਖਾਵੇ ਵਰਗੇ ਅਨੈਤਿਕ ਕਰਮਾਂ ਦੀ ਕਾਟਵੀਂ ਪੜਚੋਲ ਕਰਦਿਆਂ ਹੋਇਆਂ ਸੱਚ ਤੇ ਨੇਕੀ ਦੇ ਰਾਹ ਉੱਤੇ ਚੱਲਣ ਦੀ ਮੱਤ ਅਤੇ ਪ੍ਰੇਰਨਾ ਦਿੱਤੀ। ਬਾਬਾ ਜੀ ਦੇ ਸਵਰਗ ਸਿਧਾਰ ਜਾਣ ਉਪਰੰਤ ਉਨ੍ਹਾਂ ਦੇ ਵੱਡੇ ਸਪੁੱਤਰ ਬਾਬਾ ਦਰਬਾਰਾ ਸਿੰਘ ਨੇ ਸਿੱਖੀ ਸੁਧਾਰ ਮਿਸ਼ਨ ਨੂੰ ਬਦਸਤੂਰ ਜਾਰੀ ਰੱਖਿਆ। ਪ੍ਰਚਾਰ-ਸੁਧਾਰ ਦੀ ਇਹ ਲਹਿਰ, ਸਮਾਂ ਪੈਣ ਨਾਲ 'ਨਿਰੰਕਾਰੀ ਦਰਬਾਰ' ਦੇ ਨਾਂ ਹੇਠ ਇਕ ਸੰਸਥਾ ਤੇ ਸੰਪਰਦਾਇ ਦਾ ਸਰੂਪ ਅਖ਼ਤਿਆਰ ਕਰ ਗਈ ਅਤੇ ਜਿਵੇਂ ਕਿ ਅਕਸਰ ਅਜਿਹੀਆਂ ਸੰਪਰਦਾਵਾਂ ਅੰਦਰ ਵਾਪਰਦਾ ਹੈ, ਇਸਦੇ ਮੁਖੀ ਦੀ ਪਦਵੀ ਪਿਤਾ-ਪੁਰਖੀ ਹੋ ਗਈ। ਇਸੇ ਪ੍ਰੰਪਰਾ ਤੇ ਕੜੀ ਦੇ ਅਧੀਨ 'ਨਿਰੰਕਾਰੀ ਦਰਬਾਰ' ਦੇ ਅਜੋਕੇ ਮੁਖੀ ਬਾਬਾ ਗੁਰਬਖ਼ਸ਼ ਸਿੰਘ ਹਨ ਜੋ ਚੰਡੀਗੜ੍ਹ (ਸੈਕਟਰ 21-ਸੀ) ਤੋਂ ਆਪਣੀਆਂ ਸੁਧਾਰ-ਪ੍ਰਚਾਰ ਸਰਗਰਮੀਆਂ ਜਾਰੀ ਰੱਖ ਰਹੇ ਹਨ, ਭਾਵੇਂ ਕਿ ਸਮੇਂ ਦੇ ਅਸਰਾਂ ਹੇਠ, ਬਾਬਾ ਦਿਆਲ ਜੀ ਵੱਲੋਂ ਆਰੰਭੀ ਇਸ ਲਹਿਰ ਦੇ ਤੱਤ ਤੇ ਸਰੂਪ ਅੰਦਰ ਹੁਣ ਕਾਫ਼ੀ ਬਦਲਾਉ ਆ ਚੁੱਕੇ ਹਨ। ਇਸਦੀ ਬ੍ਰਾਹਮਣਵਾਦ ਵਿਰੋਧੀ ਧਾਰ ਹੁਣ ਓਨੀ ਕਾਟਵੀਂ ਨਹੀਂ ਰਹੀ ਅਤੇ ਅਮਲੀ ਤੌਰ 'ਤੇ ਇਹ ਇਕ 'ਡੇਰਾ' ਬਣ ਕੇ ਰਹਿ ਗਿਆ ਹੈ।

ਇਸੇ ਦੌਰਾਨ ਨਿਰੰਕਾਰੀ ਲਹਿਰ ਦਾ ਅਸਲ ਨਾਲੋਂ ਇਕ ਪਤਿਤ ਰੂਪ ਵੱਧ ਪ੍ਰਚਲਤ ਹੋ ਗਿਆ। 1928-29 ਦੀ ਗੱਲ ਹੈ ਕਿ ਨਿਰੰਕਾਰੀ ਦਰਬਾਰ (ਰਾਵਲਪਿੰਡੀ) ਦੇ ਤਤਕਾਲੀ ਮੁਖੀ ਬਾਬਾ ਗੁਰਦਿੱਤ ਸਿੰਘ ਨੇ ਬੂਟਾ ਸਿੰਘ ਨਾਂ ਦੇ ਆਪਣੇ ਇਕ ਪ੍ਰਚਾਰਕ/ਸੇਵਕ ਨੂੰ ਨਿਰੰਕਾਰੀ ਦਰਬਾਰ ਦੀ ਨੈਤਿਕ ਮਰਯਾਦਾ ਦਾ ਘੋਰ ਉਲੰਘਣ ਕਰਨ (ਸ਼ਰਾਬੀ ਹੋ ਕੇ ਦਰਬਾਰ ਅੰਦਰ ਆਉਣ) ਬਦਲੇ ਨਿਰੰਕਾਰੀ ਸੰਸਥਾ 'ਚੋਂ ਖ਼ਾਰਜ ਕਰ ਦਿੱਤਾ। ਨਿਰੰਕਾਰੀ ਦਰਬਾਰ 'ਚੋਂ ਦੁਰਕਾਰਿਆ ਬੂਟਾ ਸਿੰਘ ਰਾਵਲਪਿੰਡੀ ਛੱਡ ਕੇ ਪਿਸ਼ੌਰ ਚਲਾ ਗਿਆ ਅਤੇ ਆਪਣੇ ਇਕ ਨਿਕਟਵਰਤੀ ਅਵਤਾਰ ਸਿੰਘ ਨਾਲ ਰਲ ਕੇ ਆਪਣੀ ਅਲੱਗ ਸ਼ਾਖ਼ਾ ਕਾਇਮ ਕਰ ਲਈ। ਬੂਟਾ ਸਿੰਘ ਦੀ ਮੌਤ ਤੋਂ ਬਾਅਦ ਅਵਤਾਰ ਸਿੰਘ ਨੇ ਆਪਣੇ ਆਪ ਨੂੰ ਉਸਦਾ ਉੱਤਰ-ਅਧਿਕਾਰੀ ਐਲਾਨ ਕਰ ਦਿੱਤਾ। 1947 ਦੇ ਬਟਵਾਰੇ ਤੋਂ ਬਾਅਦ ਅਵਤਾਰ ਸਿੰਘ ਨੇ ਨਵੀਂ ਦਿੱਲੀ ਪਹਾੜਗੰਜ ਵਿਖੇ ਕਿਰਾਏ 'ਤੇ ਮਕਾਨ ਲੈ ਕੇ 'ਸੰਤ ਨਿਰੰਕਾਰੀ ਮੰਡਲ' ਦੇ ਨਾਂ ਹੇਠ ਆਪਣੀਆਂ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ। ਸਿੱਖੀ ਦੇ ਸਿਧਾਂਤਾਂ ਤੇ ਬਾਬਾ ਦਿਆਲ ਦੁਆਰਾ ਆਰੰਭੀ ਨਿਰੰਕਾਰੀ ਲਹਿਰ ਦੀ ਸਥਾਪਤ ਮਰਯਾਦਾ ਦੇ ਉਲਟ ਅਵਤਾਰ ਸਿੰਘ ਨੇ ਆਪਣੇ ਆਪ ਨੂੰ 'ਰੱਬੀ ਅਵਤਾਰ' ਤੇ 'ਸਤਿਗੁਰੂ' ਕਹਾਉਣਾ ਸ਼ੁਰੂ ਕਰ ਦਿੱਤਾ। ਉਸਨੇ ਸ਼ਾਹੀ ਲਿਬਾਸ ਪਹਿਨਣਾ, ਸਿਰ 'ਤੇ ਮੁਕਟ ਸਜਾਉਣਾ ਅਤੇ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿੱਚ ਉੱਚੇ ਪੀੜ੍ਹੇ ਉੱਤੇ ਬੈਠਣਾ ਆਰੰਭ ਕਰ ਦਿੱਤਾ।

ਗੁਰਬਾਣੀ ਦੀ ਕਥਾ ਕਰਦਿਆਂ ਇਸ ਦੇ ਅਰਥਾਂ ਦੀ ਮਨਮਰਜ਼ੀ ਦੀ ਵਿਆਖਿਆ ਕਰਨੀ ਅਤੇ ਆਪਣੇ ਆਪ ਨੂੰ ਜੱਗੋਂ-ਨਿਰਾਲਾ ਤੇ ਸਰਵੋਤਮ ਦਰਸਾਉਣ ਲਈ ਗੁਰਬਾਣੀ ਤੇ ਸਿੱਖੀ ਦਾ ਹੋਛੇ ਲਹਿਜੇ 'ਚ ਮਜ਼ਾਕ ਉਡਾਉਣਾ ਸ਼ੁਰੂ ਕਰ ਦਿੱਤਾ। ਸਿੱਖੀ ਦੇ ਪਾਵਨ ਸਿਧਾਂਤਾਂ, ਅਸੂਲਾਂ ਤੇ ਪ੍ਰੰਪਰਾਵਾਂ ਉੱਤੇ ਕਾਟਵੇਂ ਵਿਅੰਗ ਕੱਸਣ ਦੀਆਂ ਅਸ਼ਲੀਲ ਹਰਕਤਾਂ ਕੀਤੀਆਂ ਜਾਣ ਲੱਗੀਆਂ। 'ਪੰਜਾਂ ਪਿਆਰਿਆਂ' ਦੀ ਨਕਲ ਉੱਤੇ ਅਵਤਾਰ ਸਿੰਘ ਨੇ ਆਪਣੇ ਨਿਰੰਕਾਰੀ ਮੰਡਲ ਦੇ 'ਸੱਤ ਪਿਆਰੇ' ਥਾਪ ਦਿੱਤੇ। ਅਵਤਾਰ ਸਿੰਘ ਦੇ ਉਪਾਸ਼ਕਾਂ ਦੁਆਰਾ ਉਸਦੀ ਮਹਿਮਾ ਵਿੱਚ ਲਿਖੇ ਨੀਵੇਂ ਪੱਧਰ ਦੇ ਕਾਵਿ-ਟੋਟਕਿਆਂ ਨੂੰ ਇਕ ਜਿਲਦ ਵਿੱਚ ਇਕੱਠਾ ਕਰ ਕੇ, ਇਸਨੂੰ ਗੁਰਬਾਣੀ ਦੀ ਤਰਜ਼ ਉੱਤੇ 'ਅਵਤਾਰ ਬਾਣੀ' ਦਾ ਨਾਮ ਤੇ ਦਰਜਾ ਦਿੱਤਾ ਗਿਆ।[1] ਹਿੰਦੂ ਸਮਾਜ ਅੰਦਰ ਕੋਈ ਦੰਭੀ ਆਪਣੇ ਆਪ ਨੂੰ ਰਾਮ, ਕ੍ਰਿਸ਼ਨ ਜਾਂ ਗਣੇਸ਼ ਦਾ ਅਵਤਾਰ ਕਹਾਏ ਤਾਂ ਹਿੰਦੂਆਂ ਨੂੰ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ। ਉਹ ਇਸ ਗੱਲ ਦਾ ਬੁਰਾ ਨਹੀਂ ਮਨਾਉਂਦੇ। ਦਰਜਨਾਂ ਹੀ ਪਖੰਡੀ ਅਜਿਹਾ ਕਰ ਰਹੇ ਹਨ ਅਤੇ ਹਿੰਦੂ ਜਨਤਾ ਅੰਨ੍ਹੀ ਸ਼ਰਧਾ ਨਾਲ ਉਨ੍ਹਾਂ ਦੇ ਮਗਰ ਲੱਗੀ ਫਿਰਦੀ ਹੈ। ਪਰ ਸਿੱਖ ਇਹ ਕਦਾਚਿਤ ਸਹਿਣ ਨਹੀਂ ਕਰ ਸਕਦੇ ਕਿ ਕੋਈ ਦੰਭੀ ਆਪਣੇ ਆਪ ਨੂੰ ਗੁਰੂ ਨਾਨਕ ਜਾਂ ਗੁਰੂ ਗੋਬਿੰਦ ਸਿੰਘ ਦਾ ਅਵਤਾਰ ਕਹਾਉਣ ਦੀ ਗੁਸਤਾਖ਼ੀ ਕਰੇ। ਸਿੱਖ ਗੁਰੂਆਂ ਦੀ ਬਰਾਬਰੀ ਕਰਨ ਦਾ ਯਤਨ ਕਰਨਾ ਸਿੱਖਾਂ ਲਈ ਗੁਰੂ ਸਾਹਿਬਾਨ ਦੀ ਨਿਰਾਦਰੀ ਕਰਨ ਦੇ ਤੁਲ ਹੈ। ਸਿੱਖਾਂ ਤੇ ਹਿੰਦੂਆਂ ਦੀਆਂ ਧਾਰਮਿਕ ਮਾਨਤਾਵਾਂ ਤੇ ਸੰਵੇਦਨਾਵਾਂ ਵਿਚਕਾਰ ਇਸ ਬੁਨਿਆਦੀ ਅੰਤਰ ਨੂੰ ਸਮਝੇ ਬਿਨਾਂ ਸਿੱਖ-ਨਿਰੰਕਾਰੀ ਝਗੜੇ ਦਾ ਮੂਲ ਆਧਾਰ ਤੇ ਕਾਰਨ ਸਮਝ 'ਚ ਨਹੀਂ ਆ ਸਕਦੇ।

ਸਿੱਖ ਆਪਣੇ ਗੁਰੂਆਂ ਤੇ ਮਾਣਯੋਗ ਸ਼ਹੀਦਾਂ ਦੀਆਂ ਸਾਂਗਾਂ ਜਾਂ ਨਕਲਾਂ ਸਹਿਣ ਨਹੀਂ ਕਰ ਸਕਦੇ। ਇਸਦੀ ਤੁਲਨਾ ਵਿੱਚ ਹਿੰਦੂਆਂ ਅੰਦਰ ਇਸ ਕਰਮ ਨੂੰ ਨਾ ਸਿਰਫ਼ ਮਾੜਾ ਨਹੀਂ ਸਮਝਿਆ ਜਾਂਦਾ ਸਗੋਂ ਇਸ ਦਾ ਪੂਜ ਕੇ ਲੁਤਫ਼ ਮਾਣਿਆ ਜਾਂਦਾ ਹੈ। ਹਿੰਦੂ ਸਦੀਆਂ ਤੋਂ ਰਾਮ ਲੀਲ੍ਹਾ ਦਾ ਰਸ ਮਾਣਦੇ ਆ ਰਹੇ ਹਨ। ਰਾਮ ਤੇ ਸੀਤਾ ਦੀ ਭੂਮਿਕਾ ਨਿਭਾਉਣ ਵਾਲੇ ਕਲਾਕਾਰਾਂ ਨੂੰ ਉਸੇ ਧਾਰਮਿਕ ਸ਼ਰਧਾ ਨਾਲ ਮੱਥੇ ਟੇਕੇ ਜਾਂਦੇ ਹਨ। ਪਰ ਸਿੱਖ ਅਜਿਹਾ ਕਦਾਚਿਤ ਸਹਿਣ ਨਹੀਂ ਕਰ ਸਕਦੇ। ਇਸ ਕਰਕੇ ਅਵਤਾਰ ਸਿੰਘ ਵੱਲੋਂ ਆਪਣੇ ਆਪ ਨੂੰ ਗੁਰੂਆਂ ਦਾ 'ਅਵਤਾਰ' ਅਖਵਾਉਣ ਅਤੇ ਆਪਣੇ ਲਿਬਾਸ ਅਤੇ ਅੰਦਾਜ਼ ਵਿੱਚ ਗੁਰੂ ਸਾਹਿਬਾਨ ਦੀ ਨਕਲ ਅਤੇ ਬਰਾਬਰੀ ਕਰਨ ਦੀਆਂ ਭੜਕਾਊ ਕੋਸ਼ਿਸ਼ਾਂ ਨੇ ਸ਼ਰਧਾਲੂ ਸਿੱਖਾਂ ਦੀਆਂ ਭਾਵਨਾਵਾਂ ਨੂੰ ਗਹਿਰੀ ਠੇਸ ਪਹੁੰਚਾਈ। ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿੱਚ ਆਪੂੰ ਉੱਚੇ ਸਿੰਘਾਸਣ ਉੱਤੇ ਬੈਠਣ ਅਤੇ ਮੱਥੇ ਟਿਕਾਉਣ, ਮੰਦਭਾਵਨਾ ਦੇ ਤਹਿਤ ਗੁਰਬਾਣੀ ਦੀ ਗ਼ਲਤ ਪੇਸ਼ਕਾਰੀ ਤੇ ਉਲਟੀ-ਸਿੱਧੀ ਵਿਆਖਿਆ ਕਰਨ, ਸਿੱਖਾਂ ਦੇ ਧਾਰਮਿਕ ਅਕੀਦਿਆਂ ਤੇ ਪ੍ਰੰਪਰਾਵਾਂ ਦੀ ਹੇਠੀ ਕਰਨ ਅਤੇ ਇਨ੍ਹਾਂ ਦਾ ਕੋਝੇ ਢੰਗ ਨਾਲ ਮਜ਼ਾਕ ਉਡਾਉਣ ਦੀਆਂ ਕਾਰਵਾਈਆਂ ਨੇ ਸ਼ਰਧਾਵਾਨ ਸਿੱਖ ਹਲਕਿਆਂ ਅੰਦਰ ਤਕੜਾ ਰੋਸ ਪੈਦਾ ਕਰ ਦਿੱਤਾ। ਕੁਝ ਥਾਵਾਂ 'ਤੇ ਸਿੱਖ ਸ਼ਰਧਾਲੂਆਂ ਤੇ ਨਿਰੰਕਾਰੀਆਂ ਵਿਚਕਾਰ ਤਕਰਾਰ ਤੇ ਝਗੜਾ ਵੀ ਹੋਇਆ। ਬਹੁਤ ਸਾਰੀਆਂ ਸਿੱਖ ਸੰਸਥਾਵਾਂ ਤੇ ਪੰਥਕ ਵਿਦਵਾਨਾਂ ਨੇ ਸਿੱਖ ਜਜ਼ਬਾਤਾਂ ਨੂੰ ਠੇਸ ਪਹੁੰਚਾਉਣ ਵਾਲੀਆਂ ਇਨ੍ਹਾਂ ਕਾਰਵਾਈਆਂ ਦੀ, ਲੇਖਾਂ ਤੇ ਟਰੈਕਟਾਂ ਦੇ ਜ਼ਰੀਏ ਬਾਦਲੀਲ ਆਲੋਚਨਾ ਕੀਤੀ। ਪਰ ਪੰਥਕ ਵਿਦਵਾਨਾਂ/ਸੰਸਥਾਵਾਂ ਦੇ ਇਨ੍ਹਾਂ ਵਾਜਬ ਰੋਸਾਂ ਤੇ ਇਤਰਾਜ਼ਾਂ ਦਾ ਨਿਰੰਕਾਰੀ ਆਗੂਆਂ ਉੱਤੇ ਕੋਈ ਅਸਰ ਨਾ ਹੋਇਆ। ਕਾਰਨ ਇਹ ਕਿ ਆਜ਼ਾਦੀ ਤੋਂ ਬਾਅਦ ਭਾਰਤ ਦੇ ਰਾਜ-ਭਾਗ ਉੱਤੇ ਕਾਬਜ਼ ਹੋਈ ਹਿੰਦੂ ਹੁਕਮਰਾਨ ਜਮਾਤ ਨੇ ਖ਼ਾਲਸਾ ਪੰਥ ਦੇ ਨਿਆਰੇਪਣ ਨੂੰ ਢਾਹ ਲਾ ਕੇ ਸਿੱਖ

ਕੌਮ ਨੂੰ ਹਿੰਦੂ ਸਮਾਜ ਅੰਦਰ ਅਭੇਦ ਕਰ ਲੈਣ ਦੀ ਸੋਚ ਤੇ ਰਣਨੀਤੀ ਦੇ ਤਹਿਤ ਸੰਤ ਨਿਰੰਕਾਰੀ ਮੰਡਲ ਤੇ ਇਸ ਵਰਗੀਆਂ ਹੋਰਨਾਂ ਸਿੱਖੀ-ਵਿਰੋਧੀ ਸੰਸਥਾਵਾਂ/ਸੰਪਰਦਾਵਾਂ ਨੂੰ ਨੰਗੀ ਹਕੂਮਤੀ ਸਰਪ੍ਰਸਤੀ ਤੇ ਸ਼ਹਿ ਦੇਣੀ ਸ਼ੁਰੂ ਕਰ ਦਿੱਤੀ ਸੀ। ਇਸ ਨੀਤੀ ਨੂੰ ਘੜਨ ਤੇ ਅਮਲੀ ਰੂਪ ਦੇਣ ਵਿੱਚ ਸਰਦਾਰ ਵੱਲਭ ਭਾਈ ਪਟੇਲ ਨੇ ਉਚੇਚੀ ਰੁਚੀ ਤੇ ਉਤਸ਼ਾਹ ਦਿਖਾਇਆ। ਗ੍ਰਿਹ ਮੰਤਰੀ ਦੀ ਹੈਸੀਅਤ ਵਿੱਚ ਉਸਨੇ ਇਸ ਮੰਤਵ ਲਈ ਸਰਕਾਰੀ ਤਾਕਤ ਤੇ ਇਸਦੇ ਖ਼ੁਫ਼ੀਆ ਫ਼ੰਡਾਂ ਦੀ ਨਿਰਸੰਕੋਚਵੀਂ ਵਰਤੋਂ ਕੀਤੀ।[2] ਨਿਰੰਕਾਰੀ ਮਿਸ਼ਨ ਦੇ ਹਮਾਇਤੀਆਂ/ਸ਼ੁਭਚਿੰਤਕਾਂ ਨੂੰ ਪ੍ਰਬੰਧਕੀ ਢਾਂਚੇ ਅੰਦਰ ਅਹਿਮ ਥਾਵਾਂ ਉੱਤੇ ਨਿਯੁਕਤ ਕਰਨ ਦੀ ਨੀਤੀ ਅਮਲ 'ਚ ਲਿਆਂਦੀ ਗਈ। ਪੰਜਾਬ ਅਤੇ ਦਿੱਲੀ ਅੰਦਰ ਖ਼ਾਸ ਕਰਕੇ ਅਜਿਹੇ ਤੱਤਾਂ ਨੂੰ ਪੁਲਸ ਤੇ ਖ਼ੁਫ਼ੀਆ ਏਜੰਸੀਆਂ ਵਿੱਚ ਉਚੇਚੇ ਤੌਰ 'ਤੇ ਭਰਤੀ ਕੀਤਾ ਗਿਆ। ਹਕੂਮਤੀ ਮਸ਼ੀਨਰੀ ਨੂੰ ਨਿਰੰਕਾਰੀ ਮੰਡਲ ਦੀ ਹਰ ਢੰਗ ਨਾਲ ਮਦਦ ਕਰਨ ਦੀਆਂ ਅਲਿਖਤੀ ਹਦਾਇਤਾਂ ਦਿੱਤੀਆਂ ਗਈਆਂ। ਬਦੇਸ਼ਾਂ ਅੰਦਰ ਭਾਰਤੀ ਸਫ਼ਾਰਤਖ਼ਾਨਿਆਂ ਨੂੰ ਨਿਰੰਕਾਰੀ ਮੁਖੀ ਦੀ ਪੁਰਜ਼ੋਰ ਤਰੀਕੇ ਨਾਲ ਆਓ ਭਗਤ ਕਰਨ ਦੇ ਲਿਖਤੀ ਆਦੇਸ਼ ਦਿੱਤੇ ਗਏ।[3] ਵੱਡੇ-ਵੱਡੇ ਵਜ਼ੀਰ ਤੇ ਅਫ਼ਸਰ ਖੁੱਲ੍ਹੇ ਰੂਪ ਵਿੱਚ ਨਿਰੰਕਾਰੀ ਸਮਾਗਮਾਂ ਅੰਦਰ ਸ਼ਾਮਲ ਹੋ ਕੇ ਇਨ੍ਹਾਂ ਦੀ 'ਸੋਭਾ ਵਧਾਉਣ' ਲੱਗੇ। ਪੰਜਾਬ ਦੀਆਂ ਆਰੀਆ ਸਮਾਜੀ ਤਾਕਤਾਂ ਨਿਰੰਕਾਰੀ ਮੰਡਲ ਦੀ ਨੰਗੀ ਹਮਾਇਤ ਉੱਤੇ ਉਤਰ ਆਈਆਂ। ਜਲੰਧਰ ਦੀ ਮਹਾਸ਼ਾ ਪ੍ਰੈੱਸ ਨੇ, ਆਪਣੀ ਸਿੱਖ ਦੁਸ਼ਮਣ ਸੋਚਣੀ ਤੇ ਫ਼ਿਰਕੂ ਜ਼ਹਿਨੀਅਤ ਦੇ ਅਸਰ ਹੇਠ, ਨਿਰੰਕਾਰੀ ਮੰਡਲ ਦੀਆਂ ਸਿੱਖਾਂ ਨੂੰ ਚਿੜਾਉਣ ਤੇ ਸਿੱਖੀ ਨੂੰ ਢਾਹ ਲਾਉਣ ਵਾਲੀਆਂ ਹਰਕਤਾਂ ਦੀ ਖੁੱਲ੍ਹ ਕੇ ਪਿੱਠ ਠੋਕਣੀ ਸ਼ੁਰੂ ਕਰ ਦਿੱਤੀ। ਹਿੰਦੂ ਹਾਕਮਾਂ ਦੇ ਅਸ਼ੀਰਵਾਦ ਤੇ ਚੌਤਰਫ਼ੀ ਹੱਲਾਸ਼ੇਰੀ ਨੇ ਸੰਤ ਨਿਰੰਕਾਰੀ ਮੰਡਲ ਦੇ ਕਾਰੋਬਾਰ ਵਿੱਚ ਯਕਦਮ ਵੱਡੀ ਤੇਜ਼ੀ ਲੈ ਆਂਦੀ। ਇਸ ਦੀ ਮਾਇਕ ਆਮਦਨ ਤੇ ਸ਼ਰਧਾਲੂਆਂ ਦੀ ਨਫ਼ਰੀ ਵਿੱਚ ਹੈਰਤਅੰਗੇਜ਼ ਵਾਧਾ ਹੋ ਗਿਆ। 1948 ਵਿੱਚ ਨਿਰੰਕਾਰੀਆਂ ਦੇ ਵੱਡੇ-ਛੋਟੇ, ਕੁੱਲ 21 ਕੇਂਦਰ ਸਨ। 1983 'ਚ ਇਹ ਗਿਣਤੀ 700 ਤਕ ਜਾ ਪਹੁੰਚੀ।[4] 35 ਸਾਲਾਂ 'ਚ 35 ਗੁਣਾ ਵਾਧਾ! ਦਿੱਲੀ ਵਿੱਚ ਕਿਰਾਏ ਦੇ ਟੁੱਟੇ ਜਿਹੇ ਮਕਾਨ ਤੋਂ ਵਧ ਕੇ ਇਕ ਪੂਰੀ ਸੂਰੀ ਆਲੀਸ਼ਾਨ ਨਿਰੰਕਾਰੀ ਕਾਲੋਨੀ ਉਸਰ ਆਈ ਅਤੇ ਪੰਜਾਬ ਦੇ ਹਰ ਸ਼ਹਿਰ ਤੇ ਕਸਬੇ ਅੰਦਰ ਨਿਰੰਕਾਰੀ ਭਵਨਾਂ ਦੀਆਂ ਸ਼ਾਨਦਾਰ ਇਮਾਰਤਾਂ ਪ੍ਰਗਟ ਹੋ ਗਈਆਂ। ਅਵਤਾਰ ਸਿੰਘ ਦੀ ਮੌਤ ਤੋਂ ਬਾਅਦ ਉਸਦੇ ਫ਼ਰਜ਼ੰਦ ਗੁਰਬਚਨ ਸਿੰਘ ਨੇ ਬਾਪ ਨਾਲੋਂ ਦੋ ਕਦਮ ਅੱਗੇ ਵਧਦੇ ਹੋਏ ਸਿੱਖੀ ਵਿਰੁੱਧ ਹਮਲੇ ਦੀ ਧਾਰ ਉੱਤੇ ਹੋਰ ਰੇਤੀ ਫੇਰ ਦਿੱਤੀ ਅਤੇ ਗੁਰੂ-ਡੰਮ੍ਹ ਤੇ ਸ਼ਖ਼ਸੀ ਪੂਜਾ ਦੇ ਅਮਲ ਨੂੰ ਹੋਰ ਵੱਧ ਅਸ਼ਲੀਲਤਾ ਦੀ ਪੱਧਰ 'ਤੇ ਪਹੁੰਚਾ ਦਿੱਤਾ। ਉਸ ਨੇ ਆਪਣੀ 'ਗੁਰੂਪੁਣੇ' ਤੇ 'ਪੈਗ਼ੰਬਰੀ' ਦੀ ਪੂਛ ਨੂੰ ਸਿੱਖ ਗੁਰੂ ਸਾਹਿਬਾਨ ਤੋਂ ਵੀ ਅੱਗੇ ਜਹਾਨ ਭਰ ਦੇ ਪੀਰਾਂ-ਪੈਗ਼ੰਬਰਾਂ ਨਾਲ ਜੋੜਨਾ ਸ਼ੁਰੂ ਕਰ ਦਿੱਤਾ। 28 ਅਕਤੂਬਰ 1972 ਨੂੰ ਦਿੱਲੀ ਵਿਖੇ ਨਿਰੰਕਾਰੀ ਮੰਡਲ ਦੇ ਸਾਲਾਨਾ ਸਮਾਗਮ ਮੌਕੇ ਗੁਰਬਚਨ ਸਿੰਘ ਤੇ ਉਸ ਦੀ ਪਤਨੀ (ਜਿਸਨੂੰ 'ਰਾਜ ਮਾਤਾ' ਦੀ ਉਪਾਧੀ ਬਖ਼ਸ਼ੀ ਗਈ) ਨੂੰ ਨੋਟਾਂ ਨਾਲ ਤੋਲਿਆ ਗਿਆ ਅਤੇ ਫਿਰ ਇਸਦੀ ਫ਼ੋਟੋ ਛਪਵਾ ਕੇ ਉੱਤੇ ਗੁਰਬਾਣੀ ਦੀ ਇਹ ਤੁਕ ਦਿੱਤੀ ਗਈ ਕਿ 'ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ'।[5] ਮਾਇਆ ਦੇ ਇਸ ਕਰੂਪ ਪ੍ਰਦਰਸ਼ਨ ਉੱਤੇ ਗੁਰਬਾਣੀ ਦੀ ਇਹ ਤੁਕ ਢੁਕਾਉਣੀ ਗੁਰਬਾਣੀ ਦਾ ਕੋਝਾ ਅਪਮਾਨ ਕਰਨ ਵਾਲੀ ਗੱਲ ਹੈ। ਇਸ ਤਰ੍ਹਾਂ ਦੀਆਂ ਹਰਕਤਾਂ ਨਾਲ ਸਿੱਖ ਪੰਥ ਅੰਦਰ ਰੋਸ ਤੇ ਗੁੱਸੇ ਦੇ ਭਾਵ ਵਧਦੇ ਗਏ ਅਤੇ ਸੰਤ ਕਰਤਾਰ ਸਿੰਘ ਭਿੰਡਰਾਂਵਾਲੇ ਦੇ ਜ਼ੋਰ ਪਾਉਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 18 ਨਵੰਬਰ 1973 ਨੂੰ

ਬਾਕਾਇਦਾ ਮਤਾ ਪਾਸ ਕਰ ਕੇ ਨਿਰੰਕਾਰੀ ਮੰਡਲ ਦੀਆਂ ਅਜਿਹੀਆਂ ਭੜਕਾਊ ਹਰਕਤਾਂ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ। ਪਰ ਸਰਕਾਰੀ ਥਾਪੜੇ ਤੇ ਸ਼ਰਧਾਲੂਆਂ ਦੀ ਨਫ਼ਰੀ ਅੰਦਰ ਹੋ ਰਹੇ ਛਾਲਾਂ-ਮਾਰਵੇਂ ਵਾਧੇ ਨਾਲ ਗੁਰਬਚਨ ਸਿੰਘ ਅੰਦਰ ਅਜਿਹਾ ਹੰਕਾਰ-ਭਾਵ ਪੈਦਾ ਹੋ ਗਿਆ ਕਿ ਉਸ ਨੇ ਸਿੱਖ ਪੰਥ ਦੇ ਇਤਰਾਜ਼ਾਂ ਤੇ ਰੋਸ ਪ੍ਰਗਟਾਵਿਆਂ ਨੂੰ ਟਿਚ ਕਰਕੇ ਜਾਣਦਿਆਂ ਹੋਇਆਂ ਆਪਣੀਆਂ ਸਿੱਖ ਵਿਰੋਧੀ ਸਰਗਰਮੀਆਂ ਨਾ ਸਿਰਫ਼ ਜਾਰੀ ਰੱਖੀਆਂ ਸਗੋਂ ਪੰਜਾਬ ਅੰਦਰ ਨਿਰੰਕਾਰੀ ਪੱਖੀ ਉਚ ਅਫ਼ਸਰਾਂ ਦੀ ਖੁੱਲ੍ਹਮ-ਖੁੱਲ੍ਹੀ ਮਦਦ ਨਾਲ ਇਨ੍ਹਾਂ ਸਰਗਰਮੀਆਂ ਅੰਦਰ ਦੂਣੀ-ਚੌਣੀ ਤੇਜ਼ੀ ਲੈ ਆਂਦੀ। ਸਰਕਾਰੀ ਹਮਾਇਤ ਅਤੇ ਹਿੰਦੂਵਾਦੀ ਤਾਕਤਾਂ ਦੀ ਸ਼ਹਿ ਨਾਲ ਇਸ ਲਹਿਰ ਨੇ ਧੀਰੇ-ਧੀਰੇ ਨੀਮ-ਫ਼ਾਸ਼ੀ ਰੰਗਤ ਫੜਨੀ ਸ਼ੁਰੂ ਕਰ ਦਿੱਤੀ। ਰੋਪੜ, ਹੁਸ਼ਿਆਰਪੁਰ, ਲੁਧਿਆਣਾ, ਅੰਮ੍ਰਿਤਸਰ, ਪਠਾਨਕੋਟ, ਬਟਾਲਾ, ਘੁਮਾਣ, ਚੌਕ ਮਹਿਤਾ, ਸ੍ਰੀ ਹਰਗੋਬਿੰਦਪੁਰ, ਤਰਨ ਤਾਰਨ ਅਤੇ ਬੰਬਈ ਆਦਿ ਥਾਵਾਂ 'ਤੇ ਸ਼ਰਧਾਲੂ ਸਿੱਖਾਂ ਤੇ ਨਕਲੀ ਨਿਰੰਕਾਰੀਆਂ ਵਿਚਕਾਰ ਹੋਏ ਤਕਰਾਰਾਂ ਤੇ ਛੋਟੇ ਪੱਧਰ ਦੀਆਂ ਝੜਪਾਂ ਨੇ ਇਸ ਨਿਰੰਕਾਰੀ ਪੰਥ ਅੰਦਰ ਨੀਮ-ਫ਼ਾਸ਼ੀ ਰੁਚੀਆਂ ਨੂੰ ਵੱਡਾ ਹੁਲਾਰਾ ਦੇ ਦਿੱਤਾ। ਗੁਰਬਚਨ ਸਿੰਘ ਨੇ 'ਸੰਤ ਨਿਰੰਕਾਰੀ ਸੇਵਾ ਦਲ' ਦੇ ਨਾਂ ਹੇਠ ਬਾਕਾਇਦਾ ਸਿਖਲਾਈ-ਪ੍ਰਾਪਤ ਨਿੱਜੀ ਹਥਿਆਰਬੰਦ ਸੈਨਾ ਖੜੀ ਕਰ ਲਈ ਜਿਸਦਾ ਸਪਸ਼ਟ ਉਦੇਸ਼ ਸਿੱਖ ਪੰਥ ਦੇ ਹੱਕੀ ਰੋਸ ਅਤੇ ਵਿਰੋਧ ਨੂੰ ਤਾਕਤ ਦੇ ਜ਼ੋਰ ਕੁਚਲਣਾ ਅਤੇ ਸਿੱਖ ਕੌਮ ਉੱਤੇ ਆਪਣੀ ਦੌਲਤ ਤੇ ਗੁੰਡਾ-ਸ਼ਕਤੀ ਦੀ ਧੌਂਸ ਜਮਾਉਣਾ ਸੀ। ਇਸ ਮਾਮਲੇ ਵਿੱਚ ਨਕਲੀ ਨਿਰੰਕਾਰੀਆਂ ਨੂੰ ਰਾਜ-ਸ਼ਕਤੀ ਦੀ ਨੰਗੀ ਓਟ ਅਤੇ ਹਿੰਦੂਵਾਦੀ ਤਾਕਤਾਂ ਦਾ ਖੁੱਲ੍ਹਮ-ਖੁੱਲ੍ਹਾ ਸਮਰਥਨ ਹਾਸਲ ਸੀ। ਇਸੇ ਦੌਰਾਨ ਅਕਾਲੀ ਰਾਜਨੀਤੀ ਅੰਦਰ ਆਏ ਕੁਝ ਸਿਧਾਂਤਕ ਵਿਗਾੜਾਂ ਤੇ ਨੈਤਿਕ ਨਿਘਾਰਾਂ ਨੇ ਇਨ੍ਹਾਂ ਪੰਥ-ਦੋਖੀ ਤਾਕਤਾਂ ਦੇ ਹੌਸਲੇ ਹੋਰ ਵਧਾ ਦਿੱਤੇ ਅਤੇ ਉਨ੍ਹਾਂ ਦੇ ਸਿੱਖੀ ਨੂੰ ਢਾਹ ਲਾਉਣ ਦੇ ਯਤਨਾਂ ਵਿੱਚ ਦੂਣੀ ਤੇਜ਼ੀ ਆ ਗਈ।

ਜਿਵੇਂ ਪਿੱਛੇ ਜ਼ਿਕਰ ਹੋ ਚੁੱਕਾ ਹੈ, ਅਕਾਲੀ ਰਾਜਨੀਤੀ ਉੱਤੇ ਧਨਾਢ ਜ਼ਿਮੀਂਦਾਰ ਵਰਗ ਦੀ ਸਰਦਾਰੀ ਸਥਾਪਤ ਹੋਣ ਨਾਲ ਪੰਥ ਅੰਦਰਲੇ 'ਨੀਵੇਂ' ਸਮਝੇ ਜਾਂਦੇ ਵਰਗ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਨ ਲੱਗ ਪਏ ਅਤੇ ਉਨ੍ਹਾਂ ਅੰਦਰ ਆਪਣੇ ਵੱਖਰੇ ਅਧਿਆਤਮਕ ਆਸਰੇ ਢੂੰਡਣ ਦੀ ਰੁਚੀ ਜ਼ੋਰ ਫੜ ਗਈ। ਨਿਰੰਕਾਰੀ ਮੰਡਲ ਨੂੰ ਵੱਧ ਹੁੰਗਾਰਾ ਇਨ੍ਹਾਂ ਵਰਗਾਂ ਵੱਲੋਂ ਹੀ ਮਿਲਿਆ। ਦੂਜਾ, ਚੋਣ ਰਾਜਨੀਤੀ ਦੀਆਂ ਗ਼ਰਜ਼ਾਂ ਦੇ ਤਹਿਤ ਅਕਾਲੀ ਲੀਡਰਸ਼ਿਪ ਨੇ ਨਾ ਸਿਰਫ਼ ਅਜਿਹੀਆਂ ਗੁਰਮਤਿ-ਵਿਰੋਧੀ ਧਾਰਾਵਾਂ ਪ੍ਰਤੀ ਸਿਧਾਂਤਕ ਢਿੱਲ ਤੇ ਰਿਆਇਤ-ਦਿਲੀ ਪ੍ਰਗਟਾਉਣੀ ਸ਼ੁਰੂ ਕਰ ਦਿੱਤੀ ਸਗੋਂ ਵੋਟ ਲਾਲਸਾ 'ਚੋਂ ਇਨ੍ਹਾਂ ਨਾਲ 'ਬਣਾ ਕੇ ਰੱਖਣ' ਦੀ ਮੌਕਾਪ੍ਰਸਤ ਰੁਚੀ ਵੀ ਪਾਲਣੀ ਸ਼ੁਰੂ ਕਰ ਦਿੱਤੀ। ਇਸ ਨਾਲ, ਅਜਿਹੀਆਂ ਗੁਰਮਤਿ-ਦੋਖੀ ਧਾਰਾਵਾਂ ਵਿਰੁੱਧ ਵਿਚਾਰਧਾਰਕ ਜਦੋਜਹਿਦ ਦੀ ਧਾਰ ਨਕਾਰਾ ਹੋ ਕੇ ਰਹਿ ਗਈ। ਨਤੀਜੇ ਵਜੋਂ, ਨਿਰੰਕਾਰੀ ਮੰਡਲ ਤੇ ਇਸ ਵਰਗੀਆਂ ਹੋਰਨਾਂ ਸੰਪਰਦਾਵਾਂ ਤੇ ਸੰਸਥਾਵਾਂ ਦੇ ਬੇਰੋਕ ਪਾਸਾਰੇ ਲਈ ਵਧੇਰੇ ਅਨੁਕੂਲ ਵਾਤਾਵਰਨ ਪੈਦਾ ਹੋ ਗਿਆ।

1977 ਤਕ ਨਿਰੰਕਾਰੀ ਆਗੂ ਕਾਂਗਰਸੀ ਹਾਕਮਾਂ ਦੀ ਨਮਕ ਹਲਾਲੀ ਕਰਦੇ ਰਹੇ। ਸਰਕਾਰੀ ਇਮਦਾਦ ਬਦਲੇ ਨਿਰੰਕਾਰੀ ਮੁਖੀ ਚੋਣਾਂ ਅੰਦਰ ਖੁੱਲ੍ਹ ਕੇ ਕਾਂਗਰਸ ਪਾਰਟੀ ਦਾ ਪੱਖ ਪੂਰਦੇ ਰਹੇ। ਪਰ 1977 ਵਿੱਚ ਰਾਜਸੀ ਹਵਾ ਦੇ ਪਾਸਾ ਪਲਟ ਲੈਣ ਨਾਲ ਨਿਰੰਕਾਰੀ ਬਾਬੇ (ਗੁਰਬਚਨ ਸਿੰਘ) ਨੇ ਵੀ ਰਾਜਨੀਤਕ ਪਲਟੀ ਮਾਰ ਲਈ। 1977 ਦੀਆਂ ਲੋਕ ਸਭਾ ਚੋਣਾਂ ਵਿੱਚ ਉਸਨੇ ਇੰਦਰਾ ਗਾਂਧੀ ਵਿਰੁੱਧ ਜਨਤਾ ਗੱਠਜੋੜ ਦਾ ਪੱਖ ਮੱਲ

ਲਿਆ। ਇਸ ਗੱਠਜੋੜ ਅੰਦਰ ਮੁਰਾਰਜੀ ਡਿਸਾਈ ਤੇ ਚੌਧਰੀ ਚਰਨ ਸਿੰਘ ਵਰਗੇ ਸਿੱਖ-ਵਿਰੋਧੀ ਸੋਚ ਰੱਖਣ ਵਾਲੇ ਆਗੂਆਂ ਤੇ ਜਨਸੰਘ ਵਰਗੀਆਂ ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਦਾ ਬੋਲਬਾਲਾ ਹੋਣ ਕਰਕੇ ਨਿਰੰਕਾਰੀ ਆਗੂਆਂ ਲਈ ਇਹ 'ਨਵਾਂ ਸੌਦਾ' ਕਿਸੇ ਵੀ ਹਿਸਾਬ ਨਾਲ ਘੱਟ ਜਾਂ ਗ਼ੈਰ-ਲਾਹੇਵੰਦਾ ਨਹੀਂ ਸੀ। ਚੋਣਾਂ ਤੋਂ ਬਾਅਦ ਹੋਂਦ ਵਿੱਚ ਆਈ ਨਵੀਂ ਜਨਤਾ ਗੱਠਜੋੜ ਸਰਕਾਰ ਨੇ ਨਿਰੰਕਾਰੀ ਮੰਡਲ ਉੱਤੇ ਆਪਣੀਆਂ ਮਿਹਰਾਂ ਵਰਸਾਉਣੀਆਂ ਸ਼ੁਰੂ ਕਰ ਦਿੱਤੀਆਂ। ਉਚ ਸਰਕਾਰੀ ਅਫ਼ਸਰ ਤੇ ਵਜ਼ੀਰ ਨਿਰੰਕਾਰੀ ਸਮਾਗਮਾਂ ਅੰਦਰ ਵਧ ਚੜ੍ਹ ਕੇ ਹਾਜ਼ਰੀ ਲੁਆਉਣ ਅਤੇ 'ਬਾਬਾ ਜੀ' ਨੂੰ ਆਪਣੀਆਂ ਸੇਵਾਵਾਂ ਅਰਪਨ ਕਰਨ ਲੱਗੇ। 18 ਮਈ 1977 ਨੂੰ ਅਟਲ ਬਿਹਾਰੀ ਵਾਜਪਾਈ (ਕੇਂਦਰੀ ਬਦੇਸ ਮੰਤਰੀ) ਤੇ ਸਿਕੰਦਰ ਬਖ਼ਤ (ਕੇਂਦਰੀ ਆਵਾਸ ਤੇ ਨਿਰਮਾਣ ਮੰਤਰੀ) ਨੇ ਨਿਰੰਕਾਰੀ ਕਾਲੋਨੀ ਵਿਖੇ ਇਕ ਨਿਰੰਕਾਰੀ ਜਲਸੇ ਨੂੰ ਸੰਬੋਧਨ ਕਰਦਿਆਂ ਹੋਇਆਂ ਨਿਰੰਕਾਰੀ ਮਿਸ਼ਨ ਤੇ ਇਸਦੇ ਮੁਖੀ ਬਾਬਾ ਗੁਰਬਚਨ ਸਿੰਘ ਦਾ ਬਹੁਤ ਹੀ ਹੋਛੇ ਤੇ ਖ਼ੁਸ਼ਾਮਦੀ ਭਰੇ ਲਹਿਜੇ ਵਿੱਚ ਉਸਤਤ-ਗਾਣ ਕੀਤਾ। ਵਾਜਪਾਈ ਵੱਲੋਂ ਇਸ ਜਲਸੇ ਵਿੱਚ ਕੀਤੀ ਗਈ ਤਕਰੀਰ ਗਹਿਰੇ ਭਾਵ ਰੱਖਦੀ ਸੀ। ਉਸਨੇ ਗੁਰਬਚਨ ਸਿੰਘ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ, "ਬਾਬਾ ਜੀ!... ਮੈਨੂੰ ਅਜਿਹਾ ਧਿਆਨ ਬਖ਼ਸ਼ੋ ਕਿ ਜਿਹੜੀ ਜ਼ਿੰਮੇਵਾਰੀ ਆਪ ਜੀ ਨੇ ਦਿੱਤੀ ਹੈ, ਉਸਨੂੰ ਜੀਅ-ਜਾਨ ਨਾਲ ਨਿਭਾਅ ਸਕਾਂ।"[6] ਵਾਜਪਾਈ ਵੱਲੋਂ ਵਰਤੀ ਸ਼ਬਦਾਵਲੀ ਤੋਂ ਪ੍ਰਤੱਖ ਹੁੰਦਾ ਹੈ ਕਿ ਉਹ ਵਜ਼ੀਰੀ ਨੂੰ ਲੋਕਾਂ ਦੀ ਨਹੀਂ, 'ਬਾਬਾ ਜੀ' ਦੀ ਬਖ਼ਸ਼ਿਸ਼ ਸਮਝਦਾ ਸੀ ਅਤੇ ਇਸ ਕਰਕੇ ਉਸਦੀਆਂ ਸੇਵਾਵਾਂ 'ਬਾਬਾ ਜੀ' ਨੂੰ ਸਮਰਪਤ ਸਨ। ਇਸ ਤੋਂ ਥੋੜਾ ਚਿਰ ਬਾਅਦ ਦਿੱਲੀ ਵਿਖੇ ਜਦ ਨਿਰੰਕਾਰੀ ਮੰਡਲ ਦਾ ਸਾਲਾਨਾ ਸਮਾਗਮ ਹੋਇਆ ਤਾਂ ਦਿੱਲੀ ਦੇ ਸ਼੍ਰੋਮਣੀ ਪ੍ਰਸ਼ਾਸਕ (ਲੈਫ਼ਟੀਨੈਂਟ ਗਵਰਨਰ) ਡੀ.ਆਰ. ਕੋਹਲੀ ਅਤੇ ਕੇਂਦਰ ਸਰਕਾਰ ਦੇ ਸੂਚਨਾ ਤੇ ਪ੍ਰਸਾਰ ਮੰਤਰੀ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਇਸ ਵਿੱਚ ਉਚੇਰੇ ਤੌਰ 'ਤੇ ਸ਼ਾਮਲ ਹੋਏ। ਡੀ.ਆਰ. ਕੋਹਲੀ ਨੇ 'ਬਾਬਾ ਜੀ' ਪ੍ਰਤੀ ਅਪਾਰ ਸ਼ਰਧਾ ਭਾਵ ਪ੍ਰਗਟ ਕਰਦਿਆਂ ਹੋਇਆਂ ਨਿਰੰਕਾਰੀ ਮਿਸ਼ਨ ਦੇ 'ਨਿੰਦਕਾਂ' (ਉਸਦਾ ਇਸ਼ਾਰਾ ਸਿੱਖ ਪੰਥ ਵੱਲ ਸੀ) ਦੀ ਜੀਅ ਭਰ ਕੇ ਬਦਖੋਹੀ ਕੀਤੀ। ਅਡਵਾਨੀ ਨੇ ਵੀ 'ਬਾਬਾ ਜੀ' ਦਾ ਖ਼ੂਬ ਪ੍ਰਸੰਸਾਗਾਣ ਕੀਤਾ।[7] ਜਦ ਕੇਂਦਰ ਦੀ ਸਰਕਾਰ ਤੇ ਦਿੱਲੀ ਦਾ ਪ੍ਰਸ਼ਾਸਕ 'ਬਾਬਾ ਜੀ' ਦੇ ਹਰ ਹੁਕਮ ਉੱਤੇ ਫੁੱਲ ਚੜ੍ਹਾਉਣ ਲਈ ਏਨੀ ਤਤਪਰਤਾ ਪ੍ਰਗਟਾਅ ਰਿਹਾ ਹੋਵੇ ਤਾਂ ਉਹ ਸਿੱਖ ਪੰਥ ਦੇ ਰੋਸਾਂ ਤੇ ਇਤਰਾਜ਼ਾਂ ਦੀ ਪ੍ਰਵਾਹ ਕਿਉਂ ਕਰੇ ? ਫ਼ਰਵਰੀ 1978 ਵਿੱਚ ਜਦ ਬਾਬਾ ਗੁਰਬਚਨ ਸਿੰਘ ਬਦੇਸ ਯਾਤਰਾ ਉੱਤੇ ਨਿਕਲਿਆ ਤਾਂ ਬਦੇਸ ਮੰਤਰਾਲੇ ਨੇ ਹਰ ਜਗ੍ਹਾ ਭਾਰਤੀ ਸਫ਼ਾਰਤਖ਼ਾਨੇ ਨੂੰ 'ਬਾਬਾ ਜੀ' ਦਾ ਪੁਰਜ਼ੋਰ ਸੁਆਗਤ ਕਰਨ ਲਈ ਲਿਖਤੀ ਹਦਾਇਤਾਂ ਜਾਰੀ ਕੀਤੀਆਂ। ਨਿਰੰਕਾਰੀ ਮੁਖੀ ਦੀ ਦੇਸ ਵਾਪਸੀ 'ਤੇ 6 ਮਾਰਚ ਨੂੰ ਦਿੱਲੀ ਦੇ ਮਾਓਲੰਕਰ ਹਾਲ ਵਿੱਚ ਇਕ ਭਰਵਾਂ ਸੁਆਗਤੀ ਸਮਾਗਮ ਕੀਤਾ ਗਿਆ ਜਿਸ ਵਿੱਚ ਭਾਰਤ ਸਰਕਾਰ ਦਾ ਬਦੇਸ ਮੰਤਰੀ (ਵਾਜਪਾਈ) ਖ਼ੁਦ ਹਾਜ਼ਰ ਹੋਇਆ ਅਤੇ ਉਸਨੇ ਆਪਣੀ ਲੱਛੇਦਾਰ ਭਾਸ਼ਾ ਵਿੱਚ 'ਬਾਬਾ ਜੀ' ਦੀਆਂ ਸਿਫ਼ਤਾਂ ਦੇ ਖ਼ੂਬ ਪੁਲ੍ਹ ਬੰਨ੍ਹੇ।[8]

ਮਈ 1977 ਵਿੱਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਮੌਕੇ ਅਕਾਲੀ ਆਗੂਆਂ ਨੇ ਨਿਰੰਕਾਰੀ ਵੋਟਾਂ ਹਾਸਲ ਕਰਨ ਲਈ ਬਾਬਾ ਗੁਰਬਚਨ ਸਿੰਘ ਅੱਗੇ ਮੰਗਤੇ ਬਣ ਕੇ ਪੇਸ਼ ਹੋਣ ਵਿੱਚ ਰਤੀ ਭਰ ਵੀ ਝਿਜਕ ਮਹਿਸੂਸ ਨਾ ਕੀਤੀ।[9] ਇਤਿਹਾਸ ਅੰਦਰ ਇਹ ਪਹਿਲਾ ਮੌਕਾ ਸੀ ਜਦ ਨਿਰੰਕਾਰੀ ਵੋਟ ਸਮੂਹਕ ਰੂਪ ਵਿੱਚ ਅਕਾਲੀ ਦਲ ਦੇ ਪੱਖ ਵਿੱਚ ਭੁਗਤੀ। ਇਸ ਤਰ੍ਹਾਂ ਬਾਬਾ ਗੁਰਬਚਨ ਸਿੰਘ ਦੀ 'ਅਪਾਰ ਕਿਰਪਾ' ਸਦਕਾ ਹੋਂਦ ਵਿੱਚ

ਆਈ ਪੰਜਾਬ ਦੀ ਅਕਾਲੀ-ਜਨਤਾ ਗੱਠਜੋੜ ਸਰਕਾਰ ਨੇ, ਮੋੜਵੇਂ ਰੂਪ ਵਿੱਚ, ਬਾਬਾ ਜੀ ਨੂੰ ਆਪਣੀਆਂ ਮਿਹਰਬਾਨੀਆਂ ਨਾਲ ਨਿਵਾਜਣਾ ਜਾਰੀ ਰੱਖਿਆ।

ਐਮਰਜੈਂਸੀ ਦੌਰਾਨ, 1976 ਵਿੱਚ, ਅਕਾਲੀ ਦਲ ਨੂੰ ਕਮਜ਼ੋਰ ਕਰਨ ਦੀ ਇਕ ਵੱਡੀ ਕਾਰਜ-ਯੋਜਨਾ ਦੇ ਤਹਿਤ ਬਾਬਾ ਗੁਰਬਚਨ ਸਿੰਘ ਦੇ ਇਕ ਖ਼ਾਸ ਵਿਸ਼ਵਾਸਪਾਤਰ ਆਈ.ਏ.ਐਸ. ਅਫ਼ਸਰ ਹਰਦੇਵ ਸਿੰਘ ਛੀਨਾ ਨੂੰ ਪੰਜਾਬ ਸਰਕਾਰ ਦਾ ਮੁੱਖ ਸਕੱਤਰ ਨਿਯੁਕਤ ਕੀਤਾ ਗਿਆ ਸੀ। ਉਸਨੇ ਮਿਥੀ ਹੋਈ ਯੋਜਨਾ ਅਨੁਸਾਰ ਚੋਣਵੇਂ ਨਿਰੰਕਾਰੀ ਪੱਖੀ ਅਫ਼ਸਰਾਂ ਨੂੰ ਅਹਿਮ ਥਾਵਾਂ ਉੱਤੇ ਤੈਨਾਤ ਕਰ ਦਿੱਤਾ। ਇਸੇ ਕੜੀ ਵਿੱਚ ਨਿਰੰਜਣ ਸਿੰਘ ਨਾਂ ਦੇ ਇਕ ਕੱਟੜ ਨਿਰੰਕਾਰੀ ਅਫ਼ਸਰ ਨੂੰ ਗੁਰਦਾਸਪੁਰ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਥਾਪਿਆ ਗਿਆ। ਦਮਦਮੀ ਟਕਸਾਲ ਦਾ ਸਦਰ-ਮੁਕਾਮ (ਮਹਿਤਾ ਚੌਂਕ) ਗੁਰਦਾਸਪੁਰ ਜ਼ਿਲ੍ਹੇ ਦੀ ਐਨ ਹੱਦ ਉੱਤੇ ਪੈਂਦਾ ਹੋਣ ਕਰਕੇ ਨਾਲ ਲਗਵੇਂ ਇਲਾਕਿਆਂ ਵਿੱਚ ਟਕਸਾਲ ਦਾ ਤਕੜਾ ਅਸਰ-ਰਸੂਖ਼ ਹੈ। ਦਮਦਮੀ ਟਕਸਾਲ ਦੇ ਤਤਕਾਲੀ ਮੁਖੀ ਸੰਤ ਕਰਤਾਰ ਸਿੰਘ ਭਿੰਡਰਾਂਵਾਲੇ ਲੰਮੇ ਚਿਰ ਤੋਂ ਨਿਰੰਕਾਰੀ ਮੰਡਲ ਦੀਆਂ ਗੁਰਮਤਿ-ਵਿਰੋਧੀ ਹਰਕਤਾਂ ਦਾ ਦ੍ਰਿੜ੍ਹਤਾ ਨਾਲ ਵਿਰੋਧ ਕਰਦੇ ਆ ਰਹੇ ਸਨ। ਉਨ੍ਹਾਂ ਨੇ ਐਮਰਜੈਂਸੀ ਦੇ ਕਰੜੇ ਸ਼ਿਕੰਜੇ ਦੌਰਾਨ ਵੀ ਨਿਰੰਕਾਰੀਆਂ ਦੀਆਂ ਭੜਕਾਊ ਹਰਕਤਾਂ ਦਾ ਨਿਡਰਤਾ ਨਾਲ ਵਿਰੋਧ ਕਰਨਾ ਜਾਰੀ ਰੱਖਿਆ ਸੀ। ਨੌਵੀਂ ਪਾਤਸ਼ਾਹੀ ਦੇ 300 ਸਾਲਾ ਸ਼ਹੀਦੀ ਪੁਰਬ (1976) ਮੌਕੇ ਉਨ੍ਹਾਂ ਪੇਂਡੂ ਖੇਤਰਾਂ ਅੰਦਰ ਵਿਆਪਕ ਪੱਧਰ 'ਤੇ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿੱਚ ਧਾਰਮਿਕ ਜਲੂਸ ਜਥੇਬੰਦ ਕਰ ਕੇ ਸਿੱਖੀ ਦੀਆਂ ਦੁਸ਼ਮਣ ਤਾਕਤਾਂ ਨੂੰ ਰੜੇ ਮੈਦਾਨ ਲਲਕਾਰਾ ਮਾਰਿਆ ਸੀ। ਐਮਰਜੈਂਸੀ ਦੌਰਾਨ ਇੰਦਰਾ ਗਾਂਧੀ ਨਾਲ ਸਮਝੌਤੇ ਦੀਆਂ ਤਜਵੀਜ਼ਾਂ ਦੇ ਸਨਮੁਖ ਦਲੀਲੀਂ ਪਈ ਅਕਾਲੀ ਲੀਡਰਸ਼ਿਪ ਨੂੰ ਐਮਰਜੈਂਸੀ ਵਿਰੁੱਧ ਮੋਰਚਾ ਲਾਉਣ ਲਈ ਪ੍ਰੇਰਿਤ ਕਰਨ ਵਿੱਚ ਵੀ ਸੰਤ ਕਰਤਾਰ ਸਿੰਘ ਦਾ ਵੱਡਾ ਹੱਥ ਮੰਨਿਆ ਜਾਂਦਾ ਹੈ। ਇਹ ਇੰਦਰਾ ਗਾਂਧੀ ਤੇ ਉਸ ਦੇ ਹਮਾਇਤੀ ਲਾਣੇ ਲਈ ਕਿਸੇ ਵੀ ਤਰ੍ਹਾਂ ਕੋਈ ਮਾਮੂਲੀ ਭੜਕਾਹਟ ਨਹੀਂ ਸੀ। ਇਸੇ ਦੌਰਾਨ ਨਿਰੰਕਾਰੀ ਪੰਥ ਨੂੰ ਵੀ ਸੰਤ ਕਰਤਾਰ ਸਿੰਘ ਅੱਖ 'ਚ ਪਏ ਰੋੜ ਵਾਂਗ ਰੜਕ ਰਹੇ ਸਨ। ਇਸ ਤਰ੍ਹਾਂ ਕਾਂਗਰਸੀ ਹਾਕਮਾਂ ਨੇ ਸੰਤ ਕਰਤਾਰ ਸਿੰਘ ਹੁਰਾਂ ਖ਼ਿਲਾਫ਼ ਆਪਣਾ ਗ਼ੁੱਸਾ ਕੱਢਣ ਲਈ ਨਿਰੰਕਾਰੀ ਮੰਡਲ ਦਾ ਇਕ ਉਪਯੋਗੀ ਹੱਥੇ ਦੇ ਰੂਪ ਵਿੱਚ ਇਸਤੇਮਾਲ ਕਰਨ ਅਤੇ ਨਾਲ ਹੀ ਇਸ ਯੁਧ-ਚਾਲ ਦੇ ਜ਼ਰੀਏ ਅਕਾਲੀ ਦਲ ਲਈ ਵੱਡੀਆਂ ਰਾਜਸੀ ਆਫ਼ਤਾਂ ਖੜੀਆਂ ਕਰਨ ਦੀ ਡੂੰਘੀ ਕਾਰਜ-ਯੋਜਨਾ ਅਮਲ ਵਿੱਚ ਲਿਆਂਦੀ। ਨਿਰੰਜਣ ਸਿੰਘ ਨੂੰ ਗੁਰਦਾਸਪੁਰ ਦਾ ਡਿਪਟੀ ਕਮਿਸ਼ਨਰ ਥਾਪਣ ਪਿੱਛੇ ਸੰਤ ਕਰਤਾਰ ਸਿੰਘ ਭਿੰਡਰਾਂਵਾਲੇ ਦੁਆਲੇ ਘੇਰਾਬੰਦੀ ਤੰਗ ਕਰਨ ਦੇ ਨਾਪਾਕ ਇਰਾਦੇ ਕੰਮ ਕਰਦੇ ਸਨ। ਨਿਰੰਜਣ ਸਿੰਘ ਨੇ ਆਉਂਦਿਆਂ ਹੀ ਮਿਥੀ ਹੋਈ ਕਾਰਜ ਯੋਜਨਾ 'ਤੇ ਅਮਲ ਕਰਨਾ ਸ਼ੁਰੂ ਕਰ ਦਿੱਤਾ। ਉਸਨੇ ਆਪਣੀ ਸਿੱਧੀ ਨਿਗਰਾਨੀ ਹੇਠ ਜ਼ਿਲ੍ਹੇ ਭਰ ਅੰਦਰ ਨਿਰੰਕਾਰੀ ਸਰਗਰਮੀਆਂ ਦਾ ਵਿਆਪਕ ਸਿਲਸਿਲਾ ਆਰੰਭ ਦਿੱਤਾ। ਤਾਕਤ ਦੇ ਨਸ਼ੇ ਤੇ ਜਨੂੰਨੀ ਜੋਸ਼ ਵਿੱਚ ਉਸਨੇ ਡਿਪਟੀ ਕਮਿਸ਼ਨਰ ਦੇ ਦਫ਼ਤਰ ਨੂੰ, ਅਮਲੀ ਰੂਪ ਵਿੱਚ, ਨਿਰੰਕਾਰੀ ਮੰਡਲ ਦੇ ਜ਼ਿਲ੍ਹਾ ਹੈਡਕੁਆਰਟਰ ਵਿੱਚ ਤਬਦੀਲ ਕਰ ਦਿੱਤਾ। ਇਸ ਨੰਗੀ ਚਿੱਟੀ ਹਕੂਮਤੀ ਸਰਪ੍ਰਸਤੀ ਤੇ ਸ਼ਹਿ ਸਦਕਾ ਨਿਰੰਕਾਰੀ ਸਰਗਰਮੀਆਂ ਉੱਤੇ ਵੱਧ ਹੈਂਕੜਬਾਜ਼ੀ ਤੇ ਅੱਖੜਪੁਣੇ ਦਾ ਅੰਦਾਜ਼ ਹਾਵੀ ਹੋ ਗਿਆ। ਨਿਰੰਕਾਰੀ ਪ੍ਰਚਾਰ ਦੀ ਸੁਰ ਵਧੇਰੇ ਚੱਕਵੀਂ ਤੇ ਭੜਕਾਊ ਹੋ ਗਈ। ਇਸ ਨਾਲ ਮਹਿਤਾ ਚੌਂਕ ਦੇ ਨਾਲ ਲਗਵੇਂ ਖੇਤਰਾਂ (ਘੁਮਾਣ, ਸ੍ਰੀ ਹਰਗੋਬਿੰਦਪੁਰ ਆਦਿ) ਅੰਦਰ ਕਾਫ਼ੀ ਤਣਾਅ ਪੈਦਾ ਹੋ ਗਿਆ। ਸ਼ਰਧਾਲੂ ਸਿੱਖਾਂ ਤੇ ਨਿਰੰਕਾਰੀਆਂ ਵਿਚਕਾਰ ਤਕਰਾਰ ਤੇ ਸਥਾਨਕ ਪੱਧਰ ਦੇ ਝਗੜਿਆਂ ਵਿੱਚ ਤੇਜ਼ੀ ਆ ਗਈ।

ਗੁਰਦਾਸਪੁਰ ਜ਼ਿਲ੍ਹੇ ਅੰਦਰ ਨਿਰੰਕਾਰੀ 'ਛੇੜਖ਼ਾਨੀਆਂ' ਦੇ ਤਪਾਏ ਸ਼ਰਧਾਵਾਨ ਸਿੱਖਾਂ ਨੂੰ ਪੰਜਾਬ ਅੰਦਰ ਅਕਾਲੀ-ਜਨਤਾ ਗੱਠਜੋੜ ਸਰਕਾਰ ਬਣਨ ਨਾਲ ਵੱਡੀ ਰਾਹਤ ਦੀਆਂ ਉਮੀਦਾਂ ਬੱਝੀਆਂ ਸਨ। ਸੰਤ ਕਰਤਾਰ ਸਿੰਘ ਭਿੰਡਰਾਂਵਾਲੇ ਨੇ ਅਕਾਲੀ ਲੀਡਰਸ਼ਿਪ ਨੂੰ ਇਸ ਦਿਸ਼ਾ ਵਿੱਚ ਕੁਝ ਜ਼ਰੂਰੀ ਤੇ ਅਸਰਦਾਰ ਕਦਮ ਚੁੱਕਣ ਲਈ ਕਾਇਲ ਕਰਨ ਦੇ ਪੁਰਜ਼ੋਰ ਯਤਨ ਕੀਤੇ। ਪਰ ਉਨ੍ਹਾਂ ਨੂੰ ਅਕਾਲੀ ਲੀਡਰਸ਼ਿਪ ਦੇ ਰਵੱਈਏ ਤੋਂ ਭਾਰੀ ਨਿਰਾਸ਼ਤਾ ਹੋਈ। ਨਿਰੰਕਾਰੀ ਬਾਬੇ ਕੋਲੋਂ ਵੋਟਾਂ ਦੀ ਭੀਖ ਮੰਗ ਕੇ ਰਾਜ ਸਿੰਘਾਸਣ ਉੱਤੇ ਬੈਠੇ ਅਕਾਲੀ ਆਗੂ ਨਿਰੰਕਾਰੀਆਂ ਵਿਰੁੱਧ ਕੋਈ ਕਦਮ ਚੁੱਕਣ ਦੀ ਗੁਸਤਾਖ਼ੀ ਕਿਵੇਂ ਕਰ ਸਕਦੇ ਸਨ? ਜੇਕਰ ਉਹ ਅਜਿਹਾ ਕਰਨਾ ਚਾਹੁੰਦੇ ਵੀ ਤਾਂ ਡਿਸਾਈਆਂ-ਵਾਜਪਾਈਆਂ ਦੀ ਸਰਕਾਰ ਉਨ੍ਹਾਂ ਨੂੰ ਅਜਿਹੀ ਗੁਸਤਾਖ਼ ਹਰਕਤ ਕਰਨ ਦੀ ਕਿਵੇਂ ਇਜਾਜ਼ਤ ਦੇ ਸਕਦੀ ਸੀ? ਅਕਾਲੀ-ਜਨਤਾ ਗੱਠਜੋੜ ਸਰਕਾਰ ਅੰਦਰ ਅਕਾਲੀ ਲੀਡਰਸ਼ਿਪ ਦੇ ਹਰ ਫ਼ੈਸਲੇ ਨੂੰ 'ਵੀਟੋ' ਕਰ ਸਕਣ ਦੀ ਸਮਰੱਥਾ ਰੱਖਣ ਵਾਲੀ ਹਿੰਦੂ ਲੀਡਰਸ਼ਿਪ ਨੇ ਅਕਾਲੀ ਆਗੂਆਂ ਦੇ ਨੱਕ ਨੂੰ ਅਜਿਹੀ ਨਕੇਲ ਪਾ ਰੱਖੀ ਹੋਈ ਸੀ ਕਿ ਨਿਰੰਕਾਰੀਆਂ ਖ਼ਿਲਾਫ਼ ਕੋਈ ਅਸਰਦਾਰ ਕਦਮ ਚੁੱਕਣ ਦੀ ਗੱਲ ਤਾਂ ਦੂਰ, ਉਹ ਉਨ੍ਹਾਂ ਦੀ ਵਾਅ ਵੱਲ ਵੀ ਨਹੀਂ ਸਨ ਦੇਖ ਸਕਦੇ। ਸੰਤ ਕਰਤਾਰ ਸਿੰਘ ਦੇ ਜ਼ੋਰ ਪਾਉਣ ਦੇ ਬਾਵਜੂਦ ਅਕਾਲੀ ਆਗੂ ਨਿਰੰਜਣ ਸਿੰਘ ਦਾ ਗੁਰਦਾਸਪੁਰ ਤੋਂ ਤਬਾਦਲਾ ਕਰ ਦੇਣ ਦਾ ਮਾਮੂਲੀ ਕਦਮ ਵੀ ਨਾ ਉਠਾ ਸਕੇ। ਇਸ ਗੱਲ ਨੇ ਸੰਤ ਕਰਤਾਰ ਸਿੰਘ ਤੇ ਉਨ੍ਹਾਂ ਦੇ ਸਹਿਯੋਗੀਆਂ ਦੇ ਮਨਾਂ ਉੱਤੇ ਬਹੁਤ ਹੀ ਗਹਿਰਾ ਅਸਰ ਕੀਤਾ। ਇਸ 'ਚੋਂ ਉਨ੍ਹਾਂ ਦੇ ਮਨਾਂ ਅੰਦਰ ਅਕਾਲੀ ਆਗੂਆਂ ਦੀ ਇਮਾਨਦਾਰੀ ਤੇ ਸੁਹਿਰਦਤਾ ਬਾਰੇ ਗੰਭੀਰ ਸ਼ੰਕੇ ਪੈਦਾ ਹੋ ਗਏ ਅਤੇ ਉਨ੍ਹਾਂ ਆਪਣੇ ਮਨ ਅੰਦਰ, ਸਿੱਖ ਧਰਮ ਦੀ ਰੱਖਿਆ ਕਰਨ ਲਈ ਨਿਰੰਕਾਰੀ ਹਮਲੇ ਨੂੰ ਪਛਾੜਨ ਦਾ ਦ੍ਰਿੜ੍ਹ ਨਿਸ਼ਚਾ ਕਰ ਲਿਆ। ਸੰਤ ਕਰਤਾਰ ਸਿੰਘ ਦੀ ਪ੍ਰੇਰਨਾ ਤੇ ਅਗਵਾਈ ਹੇਠ ਦਮਦਮੀ ਟਕਸਾਲ ਦੁਆਰਾ ਧਾਰਨ ਕੀਤਾ ਗਿਆ ਇਹ ਪੈਂਤੜਾ ਅਕਾਲੀ ਲੀਡਰਸ਼ਿਪ ਲਈ ਵੱਡੀਆਂ ਰਾਜਸੀ ਪ੍ਰੇਸ਼ਾਨੀਆਂ ਖੜੀਆਂ ਕਰਦਾ ਸੀ। ਇਸ ਕਰਕੇ ਅਕਾਲੀ ਲੀਡਰਸ਼ਿਪ ਅੰਦਰਲਾ ਇਕ ਪ੍ਰਭਾਵਸ਼ਾਲੀ ਵਰਗ, ਜੋ ਨਾ ਸਿਰਫ਼ ਰਾਜ ਸੱਤਾ ਦੀ ਵਧਵੀਂ ਲਾਲਸਾ ਰੱਖਦਾ ਸੀ ਸਗੋਂ ਰਾਜ ਸੱਤਾ ਦਾ ਆਪਣੇ ਸਵਾਰਥੀ ਹਿਤਾਂ ਦੀ ਪੂਰਤੀ ਲਈ ਇਸਤੇਮਾਲ ਕਰਨ ਦੀ ਅਮੋੜ ਰੁਚੀ ਰੱਖਦਾ ਸੀ, ਮਨ ਅੰਦਰ ਸੰਤ ਕਰਤਾਰ ਸਿੰਘ ਪ੍ਰਤੀ ਵਿਰੋਧ ਭਾਵਨਾ ਪਾਲਣ ਲੱਗ ਪਿਆ। ਅਸਲ ਵਿੱਚ ਇਹ ਵਰਗ ਸੰਤ ਕਰਤਾਰ ਸਿੰਘ ਪ੍ਰਤੀ ਪਹਿਲਾਂ ਵੀ ਕੋਈ ਚੰਗੀ ਭਾਵਨਾ ਨਹੀਂ ਸੀ ਰੱਖਦਾ। ਸੰਤ ਗੁਰਬਚਨ ਸਿੰਘ ਖ਼ਾਲਸਾ (ਭਿੰਡਰਾਂਵਾਲੇ) ਦੇ ਅਕਾਲ ਚਲਾਣਾ ਕਰ ਜਾਣ ਤੋਂ ਬਾਅਦ ਜਦ ਉਨ੍ਹਾਂ ਦੀ ਜਾਨਸ਼ੀਨੀ ਬਾਰੇ ਭਿੰਡਰਾਂਵਾਲੇ ਜਥੇ ਅੰਦਰ ਥੋੜ੍ਹੀ ਬੇਇਤਫ਼ਾਕੀ ਪੈਦਾ ਹੋ ਗਈ ਤਾਂ ਅਕਾਲੀ ਆਗੂਆਂ ਨੇ ਸੰਤ ਕਰਤਾਰ ਸਿੰਘ ਦੀ ਦਾਅਵੇਦਾਰੀ ਨੂੰ ਨਕਾਰਨ ਦੇ ਪੁਰਜ਼ੋਰ ਯਤਨ ਕੀਤੇ।[10] ਇਸ ਯਤਨ ਵਿੱਚ ਨਾਕਾਮ ਹੋ ਜਾਣ ਦੇ ਬਾਵਜੂਦ ਉਨ੍ਹਾਂ ਸੰਤ ਜੀ ਦੀ ਜਥੇਦਾਰੀ ਨੂੰ ਮਨੋਂ ਪ੍ਰਵਾਨ ਨਹੀਂ ਸੀ ਕੀਤਾ। ਇਸ ਦੇ ਕਾਰਨ ਵਿਅਕਤੀਗਤ ਨਾਲੋਂ ਵੱਧ ਸਿਧਾਂਤਕ ਪ੍ਰਤੀਤ ਹੁੰਦੇ ਹਨ। ਇਸ ਸਿਧਾਂਤਕ ਪੱਖ ਨੂੰ ਸਮਝਣ ਲਈ ਮਸਲੇ ਨੂੰ ਇਕ ਹੋਰ ਜ਼ਾਵੀਏ ਤੋਂ ਦੇਖਣ ਦੀ ਲੋੜ ਹੈ।

ਪੰਜਾਹਵਿਆਂ ਤੋਂ ਲੈ ਕੇ ਸੱਤਰਵਿਆਂ ਤਕ ਦੇ ਦਹਾਕਿਆਂ ਦੌਰਾਨ ਸ਼ਰਧਾਵਾਨ ਸਿੱਖਾਂ ਅੰਦਰ ਸਿੱਖ ਧਰਮ ਨੂੰ ਦਰਪੇਸ਼ ਖ਼ਤਰੇ ਬਾਰੇ ਤਿੱਖਾ ਸਰੋਕਾਰ ਪੈਦਾ ਹੋਇਆ। ਇਹ ਖ਼ਤਰਾ ਦੋ ਪਾਸਿਆਂ ਤੋਂ ਮਹਿਸੂਸ ਕੀਤਾ ਗਿਆ। ਇਕ, ਆਧੁਨਿਕਵਾਦ ਵੱਲਿਓਂ। ਦੂਜਾ, ਬ੍ਰਾਹਮਣਵਾਦ ਵੱਲੋਂ। ਸੰਸਾਰ ਅੰਦਰ ਤੇਜ਼ੀ ਨਾਲ ਫੈਲਰ-ਪਸਰ ਰਹੀ ਆਧੁਨਿਕਵਾਦੀ ਸੋਚ

ਅਤੇ ਪੱਛਮੀ ਤਰਜ਼ ਦੀ ਜੀਵਨ-ਸ਼ੈਲੀ ਦੇ ਸਿੱਖ ਸਮਾਜ ਉੱਤੇ ਪੈ ਰਹੇ ਦੂਰ-ਪ੍ਰਭਾਵਾਂ ਨੂੰ ਪਛਾਣਨਾ ਬਹੁਤਾ ਮੁਸ਼ਕਲ ਨਹੀਂ ਸੀ। ਇਸ ਕਰਕੇ ਸਿੱਖ ਵਿਦਵਾਨਾਂ, ਸਿਆਸਤਦਾਨਾਂ ਤੇ ਧਰਮ ਪ੍ਰਚਾਰ ਦੇ ਕਾਰਜ ਵਿੱਚ ਜੁਟੀਆਂ ਧਾਰਮਿਕ ਸੰਸਥਾਵਾਂ ਤੇ ਹਸਤੀਆਂ ਵੱਲੋਂ ਇਸ ਰੁਝਾਨ ਨੂੰ ਨਿੰਦਣਾ ਇਕ ਆਮ ਜਿਹੀ ਗੱਲ ਬਣ ਗਈ ਸੀ। ਇਹ ਪੈਂਤੜਾ ਹੈ ਵੀ ਪੱਲਾ-ਬੋਚਵਾਂ ਸੀ ਜਿਸ ਵਿੱਚ ਕਿਸੇ ਵੀ ਧਿਰ ਨਾਲ ਕਿਸੇ ਤਕਰਾਰ ਜਾਂ ਟਕਰਾਉ ਦਾ ਖ਼ਦਸ਼ਾ ਨਹੀਂ ਸੀ। ਸਥਾਪਤੀ ਨਾਲ ਤਾਂ ਉੱਕਾ ਹੀ ਨਹੀਂ। ਇਸ ਕਰਕੇ ਲਗਭਗ ਹਰ ਸਿੱਖ ਵਿਦਵਾਨ, ਆਗੂ ਅਤੇ ਪ੍ਰਚਾਰਕ ਇਸ ਖ਼ਤਰੇ ਬਾਰੇ ਤਿੱਖੀ ਸੋਝੀ ਦਾ ਪ੍ਰਗਟਾਵਾ ਕਰ ਰਿਹਾ ਸੀ। ਪ੍ਰੰਤੂ ਬ੍ਰਾਹਮਣਵਾਦ ਹੱਥੋਂ ਦਰਪੇਸ਼ ਖ਼ਤਰੇ ਦਾ ਮਾਮਲਾ ਥੋੜ੍ਹਾ ਵੱਖਰਾ ਸੀ। ਬ੍ਰਾਹਮਣਵਾਦੀ ਵਿਚਾਰਧਾਰਾ ਨੇ ਸਿੱਖ ਚੇਤਨਾ ਅੰਦਰ ਏਨੀ ਘੁਸਪੈਠ ਕਰ ਰੱਖੀ ਹੋਈ ਸੀ ਕਿ ਸਿੱਖ ਪੰਥ ਅੰਦਰ ਸਿੱਖ ਧਰਮ ਦੀ ਸਿਧਾਂਤਕ ਵਿਲੱਖਣਤਾ ਤੇ ਨਿਰਮਲਤਾ ਬਣਾਈ ਰੱਖਣ ਬਾਰੇ ਚੇਤਨਾ ਬਹੁਤ ਹੀ ਪੇਤਲੀ ਪੈ ਗਈ ਸੀ। ਪਹਿਲੀ ਗੱਲ ਤਾਂ ਸਿੱਖ ਧਰਮ ਦੀ ਸਿਧਾਂਤਕ ਨਿਰਮਲਤਾ ਅੰਦਰ ਬ੍ਰਾਹਮਣਵਾਦੀ ਖੋਟ ਰਲਾਉਣ ਦੇ ਯਤਨਾਂ ਤੇ ਮੰਤਵਾਂ ਨੂੰ ਬੁੱਝਣਾ ਹੀ ਏਨੀ ਸੌਖੀ ਗੱਲ ਨਹੀਂ ਸੀ। ਇਸ ਦੇ ਵਿਰੋਧ ਦਾ ਪੈਂਤੜਾ ਅਖ਼ਤਿਆਰ ਕਰਨ ਲਈ ਤਾਂ ਹੋਰ ਵੀ ਵੱਧ ਉਚੇਰੀ ਚੇਤਨਾ ਤੇ ਦ੍ਰਿੜ੍ਹ ਨਿਸ਼ਚਾ ਲੁੜੀਂਦਾ ਸੀ। ਸਿੱਖ ਪੰਥ ਦੇ ਤਤਕਾਲੀ ਬੌਧਿਕ, ਰਾਜਨੀਤਕ ਤੇ ਧਾਰਮਿਕ ਰਹਿਬਰਾਂ ਅੰਦਰ ਇਹ ਗੁਣ ਬਹੁਤਾ ਆਮ ਨਹੀਂ ਸੀ ਪਾਇਆ ਜਾਂਦਾ। ਉਨ੍ਹਾਂ ਅੰਦਰ ਇਸ ਖ਼ਤਰੇ ਦੀ ਗੰਭੀਰਤਾ ਨੂੰ ਪਛਾਣ ਸਕਣ ਦੀ ਸੂਝ-ਸਮਰੱਥਾ ਹੀ ਮਾਂਦੀ ਨਹੀਂ ਸੀ ਪੈ ਗਈ ਹੋਈ, ਉਨ੍ਹਾਂ ਅੰਦਰ ਇਸ ਦੇ ਵਿਰੋਧ ਵਿੱਚ ਡਟਣ ਦਾ ਲੜਾਕੂ ਜਜ਼ਬਾ ਤੇ ਤੰਤ ਵੀ ਨਹੀਂ ਸੀ ਰਿਹਾ। ਨਤੀਜੇ ਵਜੋਂ, ਸਿੱਖ ਕੌਮ ਅੰਦਰ ਬ੍ਰਾਹਮਣਵਾਦ/ਹਿੰਦੂਵਾਦ ਨਾਲ ਹਰ ਪੱਧਰ 'ਤੇ ਸਮਝੌਤਾ ਕਰਨ ਦੀਆਂ ਰੁਚੀਆਂ ਭਾਰੂ ਹੋ ਨਿਬੜੀਆਂ ਸਨ। ਇਸ ਵਜ੍ਹਾ ਕਰਕੇ ਹੀ ਜ਼ਿਆਦਾਤਰ ਸਿੱਖ ਬੌਧਿਕ, ਰਾਜਨੀਤਕ ਤੇ ਧਾਰਮਿਕ ਹਲਕੇ ਦੰਭੀ ਨਿਰੰਕਾਰੀ ਪੰਥ ਦੇ ਸਿਧਾਂਤਕ ਹਮਲੇ ਪ੍ਰਤੀ ਕਬੂਤਰ ਵਾਂਗ ਅੱਖਾਂ ਮੀਟ ਲੈਣ ਵਾਲਾ ਰੁਖ਼ ਅਖ਼ਤਿਆਰ ਕਰੀ ਬੈਠੇ ਸਨ। ਇਸ ਆਤਮਘਾਤੀ ਰੁਝਾਨ ਦੇ ਉਲਟ ਸੰਤ ਕਰਤਾਰ ਸਿੰਘ (ਭਿੰਡਰਾਂਵਾਲੇ) ਦੀ ਅਨੂਠੀ ਧਾਰਮਿਕ ਚੇਤਨਾ ਤੇ ਸਿੱਖੀ ਸਪਿਰਟ ਉਨ੍ਹਾਂ ਨੂੰ ਇਸ ਹਮਲੇ ਦਾ ਦ੍ਰਿੜ੍ਹਤਾ ਨਾਲ ਟਾਕਰਾ ਕਰਨ ਲਈ ਪ੍ਰੇਰਿਤ ਕਰ ਰਹੀ ਸੀ। ਦਮਦਮੀ ਟਕਸਾਲ ਤੋਂ ਇਲਾਵਾ ਅਨੇਕਾਂ ਹੀ ਹੋਰ ਸੰਪਰਦਾਵਾਂ ਤੇ ਸੰਸਥਾਵਾਂ ਸਿੱਖੀ ਪ੍ਰਚਾਰ ਦੇ ਕਾਰਜ ਵਿੱਚ ਲੱਗੀਆਂ ਹੋਈਆਂ ਸਨ। ਪਰ ਉਨ੍ਹਾਂ 'ਚੋਂ ਬਹੁਤੀਆਂ ਨੇ ਖ਼ੁਦ ਬ੍ਰਾਹਮਣਵਾਦ ਦੇ ਵਿਨਾਸ਼ਕਾਰੀ ਪ੍ਰਭਾਵ ਗ੍ਰਹਿਣ ਕਰ ਰੱਖੇ ਹੋਏ ਸਨ।

ਗੁਰੂ ਤੇ ਚੇਲੇ ਦੀ ਦਵੈਤ ਭਾਰਤੀ ਵੈਦਿਕ ਪ੍ਰੰਪਰਾ ਦੀ ਚੂਲ ਹੈ ਤੇ ਭਾਰਤੀ ਬਿਪਰ ਫ਼ਲਸਫ਼ੇ ਦੀ ਰੀੜ੍ਹ ਦੀ ਹੱਡੀ ਹੈ। ਦੇਹ-ਧਾਰੀ ਗੁਰੂ ਪ੍ਰੰਪਰਾ ਮਨੁੱਖ ਨੂੰ ਵਿਡਾਣੀ ਚਾਕਰੀ ਸਿਖਾਉਣ ਦੀ ਪਾਠਸ਼ਾਲਾ ਹੈ। ਇਹ ਵਿਡਾਣੀ ਚਾਕਰੀ ਮਨੁੱਖ ਦੇ ਗੌਰਵ ਤੇ ਉਸ ਦੀ ਮਹੱਤਤਾ ਨੂੰ ਘਟਾਉਂਦੀ ਹੈ। ਦੇਹ-ਧਾਰੀ ਗੁਰੂ ਦੇ ਚਰਨੀਂ ਪਿਆ ਮਨੁੱਖ ਬੌਣਾ ਭਗਤ ਬਣ ਜਾਂਦਾ ਹੈ। ਦੇਹ-ਧਾਰੀ ਗੁਰੂਆਂ ਦੇ ਅੱਡੇ ਮਨੁੱਖ ਤੋਂ ਉਸ ਦਾ ਸਵੈ ਖੋਹ ਲੈਂਦੇ ਹਨ। ਉਸਦੀ ਸੁਰਤ ਨੂੰ ਆਪਣੇ ਵੱਲ ਜੋੜਦੇ ਹਨ। ਇਸ ਜਾਲ ਵਿੱਚ ਫਸ ਕੇ ਮਨੁੱਖ ਚਾਕਰ-ਰੂਪ ਧਾਰਨ ਕਰ ਲੈਂਦਾ ਹੈ। ਉਸ ਅੰਦਰ ਹੀਣਤਾ ਤੇ ਮੁਥਾਜਗੀ ਦਾ ਭਾਵ ਪੈਦਾ ਹੋ ਜਾਂਦਾ ਹੈ। ਇਸ ਭਾਵਨਾ ਦਾ ਸ਼ਿਕਾਰ ਹੋਏ ਮਨੁੱਖ ਅੰਦਰ ਗੌਰਵ ਤੇ ਆਜ਼ਾਦੀ ਦਾ ਜਜ਼ਬਾ ਅੰਗੜਾਈ ਨਹੀਂ ਲੈ ਸਕਦਾ। ਇਸ ਵਜ੍ਹਾ ਕਰਕੇ ਹੀ ਹਿੰਦੂ ਸਮਾਜ ਯੁਗਾਂ ਤਕ ਗ਼ੁਲਾਮੀ ਦੀ ਲਾਹਨਤ ਭੋਗਦਾ ਰਿਹਾ। ਪੀਰੀ ਦੇ ਸੁਆਮੀਆਂ ਦੀ ਪੂਜਾ ਮਨੁੱਖ ਨੂੰ ਮੀਰੀ ਦੇ ਸੁਆਮੀਆਂ (ਕੇਂਦਰਿਤ ਰਾਜ) ਦਾ ਮੁਥਾਜ ਬਣਾ ਦਿੰਦੀ ਹੈ। ਇਸ ਤਰ੍ਹਾਂ ਮੀਰੀ ਦੇ ਖੇਤਰ

ਦਾ ਮੀਰ ਤੇ ਪੀਰੀ ਦੇ ਖੇਤਰ ਦਾ ਪੀਰ ਇਕ ਦੂਜੇ ਦੇ ਪੂਰਕ ਹਨ। ਦੋਨੋਂ ਮਾਨਵਤਾ ਦਾ ਸ਼ੋਸ਼ਣ ਕਰਦੇ ਹਨ। ਦੋਵੇਂ ਬਿਪਰ ਸ਼ਤਰੰਜ ਦੇ ਮੋਹਰੇ ਹਨ। ਦੋਨੋਂ ਰਲ ਕੇ ਮਨੁੱਖਤਾ ਨੂੰ ਅਗਿਆਨਤਾ ਦਾ ਸ਼ਿਕਾਰ ਬਣਾ ਕੇ ਉਸਨੂੰ ਅਧਿਆਤਮਿਕ ਤੇ ਰਾਜਨੀਤਕ ਗ਼ੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜਦੇ ਹਨ।

ਬ੍ਰਾਹਮਣਵਾਦੀ ਵਿਚਾਰਧਾਰਾ ਦੇ ਉਲਟ ਸਿੱਖ ਫ਼ਲਸਫ਼ਾ ਮਨੁੱਖ ਦੀ ਮੁਕਤੀ ਦਾ ਫ਼ਲਸਫ਼ਾ ਹੈ। ਸਿੱਖ ਫ਼ਲਸਫ਼ਾ ਗੁਰੂ ਤੇ ਚੇਲੇ ਦੀ, ਦਾਤਾ ਤੇ ਭੁਗਤਾ ਦੀ ਅਤੇ ਠਾਕਰ ਤੇ ਸੇਵਕ ਦੀ ਦਵੈਤ ਖ਼ਤਮ ਕਰ ਕੇ ਆਪੇ ਗੁਰੂ ਆਪੇ ਚੇਲਾ, ਆਪੇ ਦਾਤਾ ਆਪੇ ਭੁਗਤਾ, ਆਪੇ ਠਾਕਰ ਆਪੇ ਸੇਵਕ ਅਤੇ ਆਪੇ ਰਾਜਾ ਆਪੇ ਪਰਜਾ ਦਾ ਸਿਧਾਂਤ ਬੁਲੰਦ ਕਰਦਾ ਹੈ। ਇਹ ਸ਼ਬਦ ਨਾਲ ਪ੍ਰੀਤ ਕਰ ਕੇ ਪੀਰ ਦੀ ਪੀਰੀ ਨੂੰ ਖਿੱਚ ਲੈਣ ਤੇ ਮੀਰ ਦੀ ਮੀਰੀ ਨੂੰ ਖੋਹ ਲੈਣ ਦਾ ਵੱਲ ਸਿਖਾਉਂਦਾ ਹੈ। ਜਿਥੇ ਬਿਪਰ ਵਿਚਾਰਧਾਰਾ ਮਾਨਵਤਾ ਨੂੰ ਭੁਗਤਾ-ਸਮੂਹ, ਚਾਕਰ-ਸਮੂਹ ਅਤੇ ਗ਼ੁਲਾਮ-ਸਮੂਹ ਬਣਾਉਂਦੀ ਹੈ, ਉਥੇ ਸਿੱਖ ਵਿਚਾਰਧਾਰਾ ਮਨੁੱਖਤਾ ਨੂੰ ਜਾਗਰੂਕ ਕਰ ਕੇ ਪੀਰਾਂ ਦੀ ਹਾਣੀ ਬਣਾਉਂਦੀ ਅਤੇ ਮੀਰੀ ਨੂੰ ਹੰਨੇ-ਹੰਨੇ ਵੰਡਣ ਦੀ ਜਾਚ ਸਿਖਾਉਂਦੀ ਹੈ। ਇਸ ਕਰਕੇ ਜਿਥੇ ਬਿਪਰ ਧਾਰਾ ਨੇ ਹਮੇਸ਼ਾ ਹੀ ਮਨੁੱਖ ਅੰਦਰ ਸ਼ਖ਼ਸੀ ਪੂਜਾ ਦੀ ਬਿਰਤੀ ਨੂੰ ਬੜ੍ਹਾਵਾ ਦਿੱਤਾ ਹੈ, ਉਥੇ ਗੁਰੂ ਸਾਹਿਬਾਨ ਨੇ ਬੰਦੇ ਨੂੰ 'ਆਪਣਾ ਮੂਲ ਪਛਾਣਨ' ਅਤੇ ਤੇਜ-ਪੂਜਕ ਹੋਣ ਦੀ ਥਾਂ ਖ਼ੁਦ ਤੇਜ-ਧਾਰਕ ਬਣਨ ਦੀ ਸਿੱਖਿਆ ਤੇ ਜਾਂਚ ਮੁਹੱਈਆ ਕੀਤੀ।[11]

ਸੋ ਸ਼ਖ਼ਸੀ ਪੂਜਾ ਬਾਰੇ ਹਿੰਦੂ ਅਤੇ ਸਿੱਖ ਨਜ਼ਰੀਏ ਵਿਚਕਾਰ ਬੁਨਿਆਦੀ ਸਿਧਾਂਤਕ ਵਖਰੇਵਾਂ ਹੈ। ਇਸ ਵਖਰੇਵੇਂ ਨੂੰ ਕਿਸੇ ਵੀ ਰੂਪ ਵਿੱਚ ਮੇਟਣ ਦਾ ਯਤਨ ਸਿੱਖ ਧਰਮ ਦੇ ਸਿਧਾਂਤਕ ਨਿਆਰੇਪਣ ਨੂੰ ਨਕਾਰਨਾ ਹੈ। 'ਸ਼ਬਦ-ਗੁਰੂ' ਦਾ ਸਿਧਾਂਤ ਸਿੱਖ ਧਰਮ ਨੂੰ ਹਿੰਦੂ ਮੱਤ ਨਾਲੋਂ ਨਿਖੇੜਦਾ ਵੀ ਹੈ ਅਤੇ ਬ੍ਰਾਹਮਣਵਾਦੀ ਫ਼ਲਸਫ਼ੇ ਉੱਤੇ ਕਰਾਰੀ ਚੋਟ ਵੀ ਕਰਦਾ ਹੈ। ਇਸ ਕਰਕੇ ਬ੍ਰਾਹਮਣਵਾਦ ਸ਼ੁਰੂ ਤੋਂ ਹੀ 'ਸ਼ਬਦ-ਗੁਰੂ' ਦੇ ਸਿਧਾਂਤ ਪ੍ਰਤੀ ਈਰਖਾ ਤੇ ਵੈਰ-ਭਾਵ ਪਾਲਦਾ ਆ ਰਿਹਾ ਹੈ। ਬ੍ਰਾਹਮਣਵਾਦੀ ਤਾਕਤਾਂ ਨੇ ਮੁੱਢ ਤੋਂ ਹੀ ਸਿੱਖ ਧਰਮ ਦੀ ਇਸ ਸਿਧਾਂਤਕ ਵਿਲੱਖਣਤਾ ਨੂੰ ਖ਼ਤਮ ਕਰਨ ਲਈ ਅਨੇਕਾਂ ਚਾਲਾਂ ਚੱਲੀਆਂ ਹਨ। ਉਨ੍ਹਾਂ ਨੇ ਸਿੱਖ ਪੰਥ ਅੰਦਰ ਸ਼ਖ਼ਸੀ ਪੂਜਾ ਦੇ ਰੁਝਾਨ ਨੂੰ ਉਤਸ਼ਾਹਤ ਕਰਨ ਵਿੱਚ ਹਮੇਸ਼ਾ ਹੀ ਉਚੇਚੀ ਰੁਚੀ ਪ੍ਰਗਟਾਈ ਹੈ। ਸੰਤ ਨਿਰੰਕਾਰੀ ਮੰਡਲ ਨੂੰ ਖੁੱਲ੍ਹਮ-ਖੁੱਲ੍ਹੀ ਇਮਦਾਦ ਤੇ ਰਾਜਨੀਤਕ ਸਰਪ੍ਰਸਤੀ ਮੁਹੱਈਆ ਕਰਨ ਪਿੱਛੇ ਵੀ ਹਿੰਦੂਵਾਦੀ ਤਾਕਤਾਂ ਦੇ ਇਹੋ ਹਿਤ ਤੇ ਉਦੇਸ਼ ਕੰਮ ਕਰਦੇ ਹਨ। ਸੰਤ ਕਰਤਾਰ ਸਿੰਘ (ਭਿੰਡਰਾਂਵਾਲੇ) ਨਿਰੰਕਾਰੀ ਸਰਗਰਮੀਆਂ ਨੂੰ ਇਸੇ ਨਜ਼ਰੀਏ ਤੋਂ ਦੇਖਦੇ ਸਨ। ਉਨ੍ਹਾਂ ਦੀ ਦ੍ਰਿਸ਼ਟੀ ਵਿੱਚ 'ਸ਼ਬਦ-ਗੁਰੂ' ਦੇ ਸਿਧਾਂਤ ਉੱਤੇ ਹਮਲਾ ਸਿੱਖ ਧਰਮ ਦੀ ਸਿਧਾਂਤਕ ਬੁਨਿਆਦ ਉੱਤੇ ਹਮਲਾ ਸੀ। ਇਸ ਕਰਕੇ ਉਹ ਇਸ ਹਮਲੇ ਨੂੰ ਚੁੱਪ-ਚਾਪ ਬਰਦਾਸ਼ਤ ਨਹੀਂ ਸਨ ਕਰ ਸਕਦੇ। ਉਹ ਆਪਣੇ ਆਖ਼ਰੀ ਸੁਆਸਾਂ ਤਕ ਇਸ ਵਿਰੁੱਧ ਦ੍ਰਿੜ੍ਹਤਾ ਨਾਲ ਜੂਝਦੇ ਰਹੇ।

29 ਜੁਲਾਈ 1977 ਨੂੰ ਸੰਤ ਕਰਤਾਰ ਸਿੰਘ ਇਕ ਸੜਕ ਹਾਦਸੇ ਵਿੱਚ ਘਾਇਲ ਹੋ ਗਏ ਅਤੇ ਜ਼ਖ਼ਮਾਂ ਦੀ ਤਾਬ ਨਾ ਝਲਦੇ ਹੋਏ ਉਨ੍ਹਾਂ 16 ਅਗਸਤ ਨੂੰ ਆਪਣੇ ਸੁਆਸ ਤਿਆਗ ਦਿੱਤੇ। ਸੰਤ ਜੀ ਦੀ ਇੱਛਾ ਦੇ ਅਨੁਸਾਰ ਉਨ੍ਹਾਂ ਦੀ ਮੌਤ ਤੋਂ ਬਾਅਦ ਦਮਦਮੀ ਟਕਸਾਲ ਦੀ ਜਥੇਦਾਰੀ ਸੰਤ ਜਰਨੈਲ ਸਿੰਘ ਨੂੰ ਸੌਂਪੀ ਗਈ। ਪਿੰਡ ਰੋਡੇ (ਜ਼ਿਲ੍ਹਾ ਫ਼ਰੀਦਕੋਟ) ਦੇ ਜੰਮਪਲ ਭਾਈ ਜਰਨੈਲ ਸਿੰਘ ਨੂੰ ਲੰਮਾ ਚਿਰ ਸੰਤ ਕਰਤਾਰ ਸਿੰਘ ਦੀ ਸੰਗਤ ਮਾਣਨ ਦਾ ਸੁਭਾਗ ਪ੍ਰਾਪਤ ਹੋਇਆ ਸੀ। ਇਸ ਸਦਕਾ ਉਨ੍ਹਾਂ ਨੇ ਸੰਤ ਕਰਤਾਰ ਸਿੰਘ ਦੀ ਧਾਰਮਿਕ ਚੇਤਨਾ ਤੇ ਸ਼ਖ਼ਸੀਅਤ ਦਾ ਗੂੜ੍ਹਾ ਪ੍ਰਭਾਵ ਗ੍ਰਹਿਣ ਕੀਤਾ ਹੋਇਆ

ਸੀ। ਸੰਤ ਕਰਤਾਰ ਸਿੰਘ ਨੇ ਇਹ ਗੱਲ ਚੰਗੀ ਤਰ੍ਹਾਂ ਭਾਂਪ ਲਈ ਸੀ ਕਿ ਸਿੱਖ ਧਰਮ ਵਿਰੁੱਧ ਸੇਧੇ ਸਿਧਾਂਤਕ ਹਮਲੇ ਤੋਂ ਇਸ ਦੀ ਰੱਖਿਆ ਕਰਨ ਲਈ ਸਿੱਖ ਕੌਮ ਨੂੰ ਕਠੋਰ ਸੰਘਰਸ਼ 'ਚੋਂ ਗੁਜ਼ਰਨਾ ਪੈਣਾ ਹੈ। ਅਕਾਲੀ ਲੀਡਰਸ਼ਿਪ ਅੰਦਰਲੇ ਭਾਰੂ ਧੜੇ ਤੋਂ ਉਨ੍ਹਾਂ ਦਾ ਮਨ ਬੁਰੀ ਤਰ੍ਹਾਂ ਖੱਟਾ ਹੋ ਚੁੱਕਾ ਸੀ। ਸੱਤਾ ਵਿੱਚ ਆਉਣ ਤੋਂ ਬਾਅਦ ਅਕਾਲੀ ਆਗੂਆਂ ਦੇ ਵਿਹਾਰ ਤੋਂ ਇਹ ਗੱਲ ਪ੍ਰਤੱਖ ਹੋ ਗਈ ਸੀ ਕਿ ਉਨ੍ਹਾਂ ਦੀ ਪੰਥਕ ਕਾਜ਼ ਨਾਲ ਪ੍ਰਤੀਬੱਧਤਾ ਸਤਹੀ ਤੇ ਸ਼ੱਕੀ ਕਿਸਮ ਦੀ ਹੈ। ਉਹ ਰਾਜਸੀ ਸੱਤਾ ਨੂੰ ਪੰਥਕ ਕਾਜ਼ ਦੀ ਸੇਵਾ ਵਿੱਚ ਲਾਉਣ ਦੀ ਥਾਂ ਧਰਮ ਦਾ ਆਪਣੀ ਸੌੜੀ ਸੁਆਰਥ-ਮੁਖੀ ਰਾਜਨੀਤੀ ਲਈ ਇਸਤੇਮਾਲ ਕਰਨ ਦੀ ਰੁਚੀ ਰੱਖਦੇ ਹਨ ਅਤੇ ਆਪਣੀਆਂ ਰਾਜਸੀ ਲਾਲਸਾਵਾਂ ਦੀ ਪੂਰਤੀ ਲਈ ਪੰਥਕ ਹਿਤਾਂ ਦੀ ਬਲੀ ਦੇਣ ਲਈ ਤਤਪਰ ਰਹਿੰਦੇ ਹਨ। ਇਸ ਕਰਕੇ ਸੰਤ ਕਰਤਾਰ ਸਿੰਘ ਆਪਣੇ ਅਨੁਭਵ ਤੋਂ ਇਸ ਨਿਰਣੇ 'ਤੇ ਅੱਪੜ ਗਏ ਸਨ ਕਿ ਸਿੱਖ ਧਰਮ ਦੀ ਨਿਰੰਕਾਰੀ ਹਮਲੇ ਤੋਂ ਰੱਖਿਆ ਕਰਨ ਲਈ ਅਕਾਲੀ ਆਗੂਆਂ 'ਤੇ ਨਿਰਭਰ ਨਹੀਂ ਕੀਤਾ ਜਾ ਸਕਦਾ। ਧਰਮ ਦੀ ਰੱਖਿਆ ਦੀ ਇਸ ਲੜਾਈ ਦਾ ਵੱਧ ਜ਼ਿੰਮਾ ਉਨ੍ਹਾਂ ਨੂੰ ਖ਼ੁਦ ਹੀ ਓਟਣਾ ਪੈਣਾ ਸੀ। ਉਨ੍ਹਾਂ ਨੇ ਆਪਣੇ ਆਪ ਨੂੰ ਤੇ ਦਮਦਮੀ ਟਕਸਾਲ ਨੂੰ ਇਸ ਕਠਿਨ ਕਾਰਜ ਲਈ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਸੀ। ਭਵਿੱਖ ਬਾਰੇ ਅਜਿਹੀ ਸਮਝ ਤੇ ਯੋਜਨਾ ਨੂੰ ਮੁੱਖ ਰੱਖਦਿਆਂ ਹੋਇਆਂ ਹੀ ਉਨ੍ਹਾਂ ਨੇ ਭਾਈ ਜਰਨੈਲ ਸਿੰਘ ਨੂੰ ਆਪਣਾ ਉੱਤਰ-ਅਧਿਕਾਰੀ ਬਣਨ ਦੇ ਸਭ ਤੋਂ ਵੱਧ ਯੋਗ ਸਮਝਿਆ ਅਤੇ ਅਗਸਤ 1977 ਵਿੱਚ ਅਕਾਲ ਚਲਾਣਾ ਕਰ ਜਾਣ ਤੋਂ ਕਈ ਮਹੀਨੇ ਪਹਿਲਾਂ ਹੀ ਉਨ੍ਹਾਂ ਆਪਣੀ ਇਸ ਸੋਚ ਅਤੇ ਚੋਣ ਦਾ ਸਪਸ਼ਟ ਪ੍ਰਗਟਾਵਾ ਕਰ ਦਿੱਤਾ ਸੀ।[12]

ਭਾਈ ਜਰਨੈਲ ਸਿੰਘ ਨੇ ਸੰਤ ਕਰਤਾਰ ਸਿੰਘ ਦੁਆਰਾ ਉਨ੍ਹਾਂ ਵਿੱਚ ਪ੍ਰਗਟਾਏ ਵਿਸ਼ਵਾਸ ਦੀ ਪੂਰੀ ਤਰ੍ਹਾਂ ਲਾਜ ਪਾਲੀ। ਉਨ੍ਹਾਂ ਨੇ ਪੱਛਮੀ ਜੀਵਨ-ਸ਼ੈਲੀ ਅਤੇ ਹਿੰਦੂ ਸਭਿਆਚਾਰ ਦੇ ਪ੍ਰਭਾਵ ਹੇਠ ਸਿੱਖ ਸਮਾਜ ਅੰਦਰ ਕੈਂਸਰ ਵਾਂਗ ਫੈਲ ਰਹੀ ਪਤਿਤਪੁਣੇ ਦੀ ਵਬਾ ਨੂੰ ਠੱਲ੍ਹ ਪਾਉਣ ਲਈ ਸਿੱਖੀ ਪ੍ਰਚਾਰ ਦੀ ਪੁਰਜ਼ੋਰ ਮੁਹਿੰਮ ਆਰੰਭ ਦਿੱਤੀ। ਉਨ੍ਹਾਂ ਪੰਜਾਬ ਅਤੇ ਪੰਜਾਬੋਂ ਬਾਹਰ ਵਸਦੇ ਹਜ਼ਾਰਾਂ ਦੀ ਗਿਣਤੀ ਵਿੱਚ ਸਿੰਘ-ਸਿੰਘਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਦੇ ਲੜ ਲਾਇਆ ਅਤੇ ਹਜ਼ਾਰਾਂ ਹੀ ਨੌਜੁਆਨਾਂ ਨੂੰ ਨਸ਼ਿਆਂ ਦੀ ਬਾਦੀ ਤੋਂ ਮੁਕਤ ਕਰਾਇਆ। ਇਸੇ ਸਮੇਂ ਦੌਰਾਨ ਹੋਰ ਵੀ ਬਹੁਤ ਸਾਰੀਆਂ ਅਹਿਮ ਸਿੱਖ ਧਾਰਮਿਕ ਹਸਤੀਆਂ, ਸੰਪਰਦਾਵਾਂ ਤੇ ਸੰਸਥਾਵਾਂ ਧਰਮ-ਪ੍ਰਚਾਰ ਤੇ ਸਮਾਜ ਸੁਧਾਰ ਦੇ ਕਾਰਜ ਵਿੱਚ ਲੱਗੀਆਂ ਹੋਈਆਂ ਸਨ। ਪਰ ਇਨ੍ਹਾਂ 'ਚੋਂ ਜ਼ਿਆਦਾ ਗਿਣਤੀ ਉਨ੍ਹਾਂ ਦੀ ਸੀ ਜਿਨ੍ਹਾਂ ਦੀ ਕਹਿਣੀ ਤੇ ਕਰਨੀ ਵਿੱਚ ਵੱਡਾ ਪਾੜਾ ਸੀ। ਅਰਥਾਤ ਜੋ ਉਹ ਪ੍ਰਚਾਰਦੇ ਸਨ ਉਸ ਵਿੱਚ ਦੰਭ ਤੇ ਦਿਖਾਵੇ ਦਾ ਅੰਸ਼ ਜ਼ਿਆਦਾ ਸੀ। ਧਰਮ ਪ੍ਰਚਾਰ ਦੇ ਕਾਰਜ ਨੂੰ ਉਹ ਬਹੁਤਾ ਕਰਕੇ ਪੇਸ਼ੇ (ਵਪਾਰ) ਦੀ ਭਾਵਨਾ ਨਾਲ ਲੈ ਰਹੇ ਸਨ। ਉਹ ਸਿੱਖ ਫ਼ਲਸਫ਼ੇ ਦੇ ਗਿਆਤਾ ਹੋਣ ਦੇ ਬਾਵਜੂਦ ਸਿੱਖੀ ਦੀ ਰੂਹ ਤੋਂ ਅਣਜਾਣ ਤੇ ਅਭਿੱਜ ਸਨ। ਜਿਸਦੀ ਸਿੱਖੀ ਨਾਲ ਆਪਣੀ ਹੀ ਪ੍ਰੀਤ ਬਣਾਉਟੀ ਹੋਵੇ ਉਹ ਦੂਸਰਿਆਂ ਦੇ ਹਿਰਦਿਆਂ ਅੰਦਰ ਸਿੱਖੀ ਦੇ ਜਜ਼ਬੇ ਦਾ ਸੰਚਾਰ ਕਿਵੇਂ ਕਰ ਸਕਦਾ ਹੈ! ਸੋ ਅਜਿਹਾ 'ਧਰਮ ਪ੍ਰਚਾਰ' ਮਹਿਜ਼ ਇਕ ਰਸਮੀ ਕਿਰਿਆ ਬਣ ਕੇ ਰਹਿ ਜਾਂਦਾ ਹੈ ਜੋ ਇਤਿਹਾਸ ਦੀ ਗਤੀ ਤੇ ਇਸਦੇ ਵਹਿਣ ਉੱਤੇ ਕੋਈ ਪ੍ਰਭਾਵ ਨਹੀਂ ਛੱਡ ਸਕਦਾ।

ਇਸ ਦ੍ਰਿਸ਼ਟੀ ਤੋਂ ਦੇਖਿਆਂ, ਸੰਤ ਜਰਨੈਲ ਸਿੰਘ (ਭਿੰਡਰਾਂਵਾਲੇ) ਦਾ ਮਾਮਲਾ ਅਹਿਮ ਰੂਪ ਵਿੱਚ ਅਲੱਗ ਤੇ ਵਿਲੱਖਣ ਸੀ। ਉਨ੍ਹਾਂ ਨੇ ਸਿੱਖੀ ਦੀ ਮੂਲ ਆਤਮਾ ਨੂੰ ਧੁਰ ਹਿਰਦੇ ਤਕ ਗ੍ਰਹਿਣ ਕੀਤਾ ਹੋਇਆ ਸੀ। ਇਸ ਕਰਕੇ ਉਨ੍ਹਾਂ ਦੀ ਕਹਿਣੀ ਤੇ ਕਰਨੀ

ਅਲੱਗ-ਅਲੱਗ ਨਹੀਂ ਸੀ। ਇਸ ਵਜ੍ਹਾ ਕਰਕੇ ਸੰਤ ਜਰਨੈਲ ਸਿੰਘ (ਭਿੰਡਰਾਂਵਾਲੇ) ਦੀਆਂ ਧਰਮ-ਪ੍ਰਚਾਰ ਸਰਗਰਮੀਆਂ ਆਪਣਾ ਵਿਲੱਖਣ ਅਸਰ ਪ੍ਰਗਟਾਉਣ ਲੱਗੀਆਂ। ਉਨ੍ਹਾਂ ਦੀ ਪ੍ਰੇਰਨਾ ਸਦਕਾ ਸਿੱਖ ਕੌਮ ਅੰਦਰ ਆਪਣੇ ਧਰਮ, ਸਭਿਆਚਾਰ ਤੇ ਰਵਾਇਤਾਂ ਦੀ ਰਾਖੀ ਲਈ ਲੜ ਮਰਨ ਦਾ ਜਜ਼ਬਾ ਮੁੜ ਜੀਵਤ ਹੋਣ ਲੱਗਾ। ਸਿੱਖ ਕੌਮ ਅੰਦਰ ਆਪਣੀ ਵਿਲੱਖਣ ਪਛਾਣ ਬਾਰੇ ਚੇਤਨਾ, ਜੋ ਭਾਰਤ ਦੀ ਆਜ਼ਾਦੀ ਦੀ ਜਦੋਜਹਿਦ ਦੌਰਾਨ ਸਿੱਖ ਲੀਡਰਸ਼ਿਪ ਦੁਆਰਾ ਅਪਣਾਈ ਗਈ ਗ਼ਲਤ ਸਿਧਾਂਤਕ ਸੇਧ ਦੀ ਵਜ੍ਹਾ ਕਰਕੇ ਬੁਰੀ ਤਰ੍ਹਾਂ ਧੁੰਦਲੀ ਪੈ ਚੁੱਕੀ ਸੀ, ਪਰਚੰਡ ਹੋਣ ਲੱਗੀ ਅਤੇ ਸਿੱਖ ਵਿਚਾਰਧਾਰਾ ਅੰਦਰ ਬ੍ਰਾਹਮਣਵਾਦੀ ਖੋਟ ਰਲਾਉਣ ਦੇ ਯਤਨਾਂ ਪਿੱਛੇ ਕੰਮ ਕਰਦੇ ਮਨਸੂਬਿਆਂ ਬਾਰੇ ਪੰਥ ਅੰਦਰ ਵਧੇਰੇ ਸੋਝੀ ਤੇ ਜਾਗਰੂਕਤਾ ਦਾ ਪਾਸਾਰਾ ਹੋਣ ਲੱਗਾ। ਹਿੰਦੂਵਾਦੀ ਤਾਕਤਾਂ ਨੂੰ ਹੀ ਨਹੀਂ, ਉਨ੍ਹਾਂ ਨਾਲ ਰਾਜਨੀਤਕ ਸਾਂਝ-ਭਿਆਲੀ ਦੇ ਰਾਹ ਪਏ ਅਕਾਲੀ ਆਗੂਆਂ ਨੂੰ ਵੀ ਅਜਿਹੀ ਪੰਥਕ ਚੇਤਨਾ ਕੋਲੋਂ ਮੌਤ ਵਰਗਾ ਡਰ ਲੱਗਦਾ ਸੀ। ਇਸ ਕਰਕੇ ਇਹ ਦੋਨੋਂ ਤਾਕਤਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਖ਼ਿਲਾਫ਼ ਬਰਾਬਰ ਦੀ ਮੰਦਭਾਵਨਾ ਪਾਲਣ ਲੱਗ ਪਈਆਂ।

ਇਸੇ ਦੌਰਾਨ ਸੰਤ ਨਿਰੰਕਾਰੀ ਮੰਡਲ ਨੇ 1978 ਦੀ ਵਿਸਾਖੀ ਮੌਕੇ ਅੰਮ੍ਰਿਤਸਰ ਵਿਖੇ ਆਪਣਾ ਵੱਡਾ-ਭਰਵਾਂ ਕੁੱਲ-ਹਿੰਦ ਸੰਮੇਲਨ ਕਰਨ ਦਾ ਪ੍ਰੋਗਰਾਮ ਮਿੱਥ ਲਿਆ। ਇਸ ਨਾਲ ਸ਼ਰਧਾਲੂ ਸਿੱਖ ਹਲਕਿਆਂ ਅੰਦਰ ਰੋਸ ਦੀ ਲਹਿਰ ਪੈਦਾ ਹੋ ਗਈ। ਸ਼ਰਧਾਵਾਨ ਸਿੱਖਾਂ ਨੂੰ ਅਕਾਲੀ-ਜਨਤਾ ਗੱਠਜੋੜ ਸਰਕਾਰ ਕਾਇਮ ਹੋਣ ਤੋਂ ਬਾਅਦ ਨਿਰੰਕਾਰੀ ਸਰਗਰਮੀਆਂ ਅੰਦਰ ਆਈ ਵੱਡੀ ਤੇਜ਼ੀ ਦੀ ਪਹਿਲਾਂ ਹੀ ਤਿੱਖੀ ਚੁੱਭਣ ਮਹਿਸੂਸ ਹੋ ਰਹੀ ਸੀ। ਨਿਰੰਕਾਰੀ ਸਮਾਗਮ ਲਈ ਜੋ ਸਥਾਨ ਤੇ ਮੌਕਾ ਚੁਣਿਆ ਗਿਆ, ਉਨ੍ਹਾਂ ਨੂੰ ਉਸ ਦੇ ਪਿੱਛੇ ਇਕ ਗਿਣੀ-ਮਿਥੀ ਵਿਉਂਤ ਅਤੇ ਮੰਦਭਾਵਨਾ ਨਜ਼ਰ ਆਈ। ਪਹਿਲੀ ਗੱਲ ਤਾਂ ਨਿਰੰਕਾਰੀ ਸਮਾਗਮ ਲਈ ਗੁਰੂ ਦੀ ਨਗਰੀ (ਅੰਮ੍ਰਿਤਸਰ) ਦੀ ਚੋਣ ਕਰਨੀ ਖ਼ਾਲਸਾ ਪੰਥ ਨੂੰ ਉਸਦੇ ਘਰ ਅੰਦਰ ਆ ਕੇ ਗਾਲ੍ਹਾਂ ਕੱਢਣ ਵਾਲੀ ਗੱਲ ਸੀ। ਦੂਜਾ, ਸਮਾਗਮ ਲਈ ਖ਼ਾਲਸਾ ਪੰਥ ਦੇ ਜਨਮ ਦਿਹਾੜੇ (ਵਿਸਾਖੀ) ਦਾ ਸ਼ੁਭ ਅਵਸਰ ਚੁਣਨਾ ਹੋਰ ਵੀ ਸ਼ਰਾਰਤ ਤੇ ਭੜਕਾਹਟ ਭਰੀ ਕਾਰਵਾਈ ਸੀ। ਹਰ ਕੋਈ ਜਾਣਦਾ ਹੈ ਕਿ ਵਿਸਾਖੀ ਵਾਲੇ ਦਿਨ ਸਿੱਖ ਸੰਗਤਾਂ ਅਥਾਹ ਪਿਆਰ ਤੇ ਸ਼ਰਧਾ ਨਾਲ ਵੱਡੀ ਗਿਣਤੀ ਵਿੱਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਇਸ਼ਨਾਨ ਕਰਨ ਲਈ ਪਹੁੰਚਦੀਆਂ ਹਨ। ਉਸੇ ਦਿਨ ਪੂਰੀ ਤੜਕ-ਭੜਕ ਨਾਲ ਗੁਰੂ ਦੀ ਨਗਰੀ ਅੰਦਰ ਨਿਰੰਕਾਰੀ ਸਮਾਗਮ ਦਾ ਅਡੰਬਰ ਰਚਣਾ ਸਿੱਖਾਂ ਨੂੰ ਜਾਣ ਬੁਝ ਕੇ ਚਿੜਾਉਣ ਵਾਲੀ ਗੱਲ ਸੀ। ਪੰਜਾਬ ਸਰਕਾਰ ਚਾਹੁੰਦੀ ਤਾਂ ਨਿਰੰਕਾਰੀਆਂ ਨੂੰ ਇਸ ਭੜਕਾਹਟ ਭਰੀ ਕਾਰਵਾਈ ਤੋਂ ਵਰਜ ਸਕਦੀ ਸੀ। ਪਰ ਅਕਾਲੀ ਲੀਡਰਸ਼ਿਪ ਦੇ ਪੱਲੇ ਨਾ ਤਾਂ ਇਸ ਭੜਕਾਹਟ 'ਚੋਂ ਨਿਕਲਣ ਵਾਲੇ ਮਾਰੂ ਨਤੀਜਿਆਂ ਦਾ ਪੂਰਵ-ਅਨੁਮਾਨ ਲਾ ਸਕਣ ਦੀ ਬੌਧਿਕ ਕਾਬਲੀਅਤ ਸੀ ਅਤੇ ਨਾ ਹੀ ਉਸ ਅੰਦਰ ਨਿਰੰਕਾਰੀ ਸਰਗਰਮੀਆਂ ਨੂੰ ਲਗਾਮ ਦੇਣ ਲਈ ਲੁੜੀਂਦਾ ਇਰਾਦਾ ਤੇ ਤੰਤ ਸੀ। ਇਸ ਕਰਕੇ ਸ਼ਰਧਾਲੂ ਸਿੱਖ ਜਨਤਾ ਦੀਆਂ ਭਾਵਨਾਵਾਂ ਦੀ ਉੱਕਾ ਹੀ ਪ੍ਰਵਾਹ ਨਾ ਕਰਦਿਆਂ ਹੋਇਆਂ ਪੰਜਾਬ ਦੀ ਅਕਾਲੀ-ਜਨਤਾ ਗੱਠਜੋੜ ਸਰਕਾਰ ਨੇ ਨਿਰੰਕਾਰੀਆਂ ਨੂੰ ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ ਅੰਮ੍ਰਿਤਸਰ ਵਿਖੇ ਆਪਣੀ ਤਾਕਤ ਦਾ ਉਜੱਡ ਦਿਖਾਵਾ ਕਰਨ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ।

13 ਅਪ੍ਰੈਲ ਦੇ ਨਿਰੰਕਾਰੀ ਸਮਾਗਮ ਬਾਰੇ ਪੰਜਾਬ, ਹਰਿਆਣਾ, ਦਿੱਲੀ, ਹਿਮਾਚਲ ਪ੍ਰਦੇਸ਼, ਰਾਜਸਥਾਨ, ਉੱਤਰ ਪ੍ਰਦੇਸ਼ ਤੇ ਹੋਰਨਾਂ ਖੇਤਰਾਂ ਅੰਦਰ ਵਿਆਪਕ ਪੱਧਰ 'ਤੇ ਪ੍ਰਚਾਰ

ਕੀਤਾ ਗਿਆ ਜਿਸ ਤੋਂ ਇਸ ਸਮਾਗਮ ਨੂੰ ਦਿੱਤੀ ਗਈ ਖ਼ਾਸ ਮਹੱਤਤਾ ਦਾ ਪਤਾ ਚੱਲਦਾ ਸੀ। ਸਿੱਟੇ ਵਜੋਂ ਦੇਸ ਭਰ 'ਚੋਂ ਵੱਡੀ ਗਿਣਤੀ ਵਿੱਚ ਨਿਰੰਕਾਰੀ ਪੈਰੋਕਾਰ ਗੁਰੂ ਦੀ ਨਗਰੀ ਵਿੱਚ ਜਮ੍ਹਾਂ ਹੋ ਗਏ। ਸ: ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠਲੀ ਅਕਾਲੀ-ਜਨਤਾ ਗਠਜੋੜ ਸਰਕਾਰ ਨੇ ਸਾਰੇ ਮਾਮਲੇ ਪ੍ਰਤੀ ਮੁਜਰਮਾਨਾ ਘੇਸਲ ਵੱਟੀ ਰੱਖੀ। ਸਮਾਗਮ ਉੱਤੇ ਪਾਬੰਦੀ ਲਾਉਣ ਦੀ ਗੱਲ ਤਾਂ ਦੂਰ ਰਹੀ, ਸਰਕਾਰ ਦੀ ਤਰਫ਼ੋਂ ਪ੍ਰਬੰਧਕਾਂ ਨੂੰ ਸੰਕੋਚ ਤੇ ਜ਼ੁੰਮੇਵਾਰੀ ਤੋਂ ਕੰਮ ਲੈਣ ਦੀ ਯੋਗ ਸਲਾਹ ਤਕ ਨਾ ਦਿੱਤੀ ਗਈ। 13 ਅਪ੍ਰੈਲ ਨੂੰ ਸਮਾਗਮ ਦੇ ਸ਼ੁਰੂ ਹੋਣ ਤੋਂ ਪਹਿਲਾਂ ਨਿਰੰਕਾਰੀ ਤਾਕਤ ਦਾ ਅਸ਼ਲੀਲ ਦਿਖਾਵਾ ਕਰਨ ਦੀ ਨੀਤ ਨਾਲ ਸ਼ਹਿਰ ਅੰਦਰ ਭਾਰੀ ਜਲੂਸ ਕੱਢਿਆ ਗਿਆ ਜਿਸ ਨਾਲ ਸਿੱਖ ਸੰਗਤਾਂ ਦੇ ਮਨਾਂ ਅੰਦਰ ਸਮਾਗਮ ਬਾਰੇ ਮੌਜੂਦ ਸ਼ੱਕ ਤੇ ਤੌਖਲੇ ਹੋਰ ਗੂੜ੍ਹੇ ਹੋ ਗਏ। ਸੰਤ ਜਰਨੈਲ ਸਿੰਘ, ਜੋ ਇਸ ਮਾਮਲੇ ਪ੍ਰਤੀ ਗਹਿਰਾ ਸਰੋਕਾਰ ਦਿਖਾ ਰਹੇ ਸਨ, ਆਪਣੇ ਜਥੇ ਦੇ ਕੁਝ ਸਿੰਘਾਂ ਨਾਲ ਤੁਰੰਤ ਮੰਜੀ ਸਾਹਿਬ ਵਿਖੇ ਪਹੁੰਚੇ ਜਿਥੇ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਦੀ ਹੈਸੀਅਤ ਵਿੱਚ ਵਿਸਾਖੀ ਦੇ ਸ਼ੁਭ ਅਵਸਰ 'ਤੇ ਸਿੱਖ ਸੰਗਤਾਂ ਨੂੰ ਵਧਾਈ ਸੰਦੇਸ਼ ਦੇਣ ਲਈ ਪਹੁੰਚੇ ਹੋਏ ਸਨ। ਸੰਤ ਜੀ ਨੇ ਜਥੇਦਾਰ ਉਮਰਾਨੰਗਲ ਨੂੰ ਇਸ ਗੱਲ ਲਈ ਕਾਇਲ ਕਰਨ ਦਾ ਪੁਰਜ਼ੋਰ ਯਤਨ ਕੀਤਾ ਕਿ ਉਹ ਪੰਜਾਬ ਸਰਕਾਰ ਅੰਦਰ ਇਕ ਸੀਨੀਅਰ ਮੰਤਰੀ ਹੋਣ ਦੇ ਨਾਤੇ ਨਿਰੰਕਾਰੀ ਸਮਾਗਮ ਦੇ ਪ੍ਰਬੰਧਕਾਂ ਨੂੰ ਸਿੱਖ ਕੌਮ ਦੇ ਜਜ਼ਬਾਤਾਂ ਨਾਲ ਕੋਝੀ ਛੇੜ-ਛਾੜ ਕਰਨ ਤੋਂ ਵਰਜਣ ਲਈ ਬਣਦੀ ਅਸਰਦਾਰ ਕਾਰਵਾਈ ਕਰੇ। ਪ੍ਰੰਤੂ ਜਥੇਦਾਰ ਉਮਰਾਨੰਗਲ ਨੇ ਭਰੇ ਦੀਵਾਨ ਅੰਦਰ ਆਪਣੀ ਬੇਵਸੀ ਤੇ ਬੇਵੁਕਤੀ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਇਹ ਗੱਲ ਨਿਝੱਕ ਰੂਪ ਵਿੱਚ ਮੰਨ ਲਈ ਕਿ ਪੰਜਾਬ ਦੀ ਸਰਕਾਰ ਅੰਦਰ ਅਕਾਲੀ ਦਲ ਦੇ ਪ੍ਰਮੁੱਖ ਤੇ ਤਾਕਤਵਰ ਧਿਰ ਹੋਣ ਦੇ ਬਾਵਜੂਦ ਕੋਈ ਵੀ ਅਕਾਲੀ ਮੰਤਰੀ 'ਛੋਟੀ ਧਿਰ'-ਯਾਨੀ ਕਿ ਜਨਸੰਘ ਦੀ ਰਜ਼ਾ ਤੋਂ ਬਗ਼ੈਰ ਉੱਚਾ ਸਾਹ ਤਕ ਲੈਣ ਦੀ ਗੁਸਤਾਖ਼ੀ ਨਹੀਂ ਕਰ ਸਕਦਾ। ਜਥੇਦਾਰ ਉਮਰਾਨੰਗਲ ਵੱਲੋਂ ਆਪਣੀ ਲਾਚਾਰਗੀ ਪ੍ਰਗਟ ਕਰ ਦੇਣ ਤੋਂ ਬਾਅਦ ਸੰਤ ਜਰਨੈਲ ਸਿੰਘ ਨੇ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਨਾਲ ਸਲਾਹ-ਮਸ਼ਵਰਾ ਕਰ ਕੇ ਸਿਦਕੀ ਸਿੰਘਾਂ ਦਾ ਇਕ ਜਥਾ ਸਮਾਗਮ ਵਾਲੀ ਜਗ੍ਹਾ ਭੇਜਣ ਦਾ ਫ਼ੈਸਲਾ ਕਰ ਲਿਆ। ਇਸ ਜਥੇ ਦਾ ਉਦੇਸ਼ ਕਿਸੇ ਵੀ ਤਰ੍ਹਾਂ ਨਿਰੰਕਾਰੀਆਂ ਨਾਲ ਹਥਿਆਰਬੰਦ ਝਗੜਾ ਕਰਨਾ ਨਹੀਂ ਸੀ। ਜੇਕਰ ਇਹ ਗੱਲ ਹੁੰਦੀ ਤਾਂ ਜਥੇ ਦੇ ਮੈਂਬਰ ਹਥਿਆਰਾਂ ਨਾਲ ਲੈਸ ਹੋ ਕੇ ਜਾਂਦੇ। ਪਰ ਜਥੇ ਵਾਲੇ ਸਿੰਘਾਂ ਕੋਲ ਕੋਈ ਮਾਰੂ ਹਥਿਆਰ ਨਹੀਂ ਸੀ। ਜਥੇ ਦਾ ਉਦੇਸ਼ ਸਮਾਗਮ ਦੇ ਪ੍ਰਬੰਧਕਾਂ ਨੂੰ ਸਿੱਖ ਕੌਮ ਦੇ ਹੱਕੀ ਰੋਸ ਤੇ ਵਲੂੰਧਰੇ ਜਜ਼ਬਾਤਾਂ ਤੋਂ ਜਾਣੂੰ ਕਰਵਾਉਣਾ ਸੀ। ਪ੍ਰੰਤੂ ਨਿਰੰਕਾਰੀ ਆਗੂਆਂ ਦੇ ਸਿਰਾਂ ਉੱਤੇ ਹਕੂਮਤੀ ਹਮਾਇਤ ਤੇ ਆਪਣੀ ਤਾਕਤ ਦਾ ਭੂਤ ਇਸ ਕਦਰ ਸਵਾਰ ਹੋ ਚੁੱਕਾ ਸੀ ਕਿ ਉਨ੍ਹਾਂ ਨੇ ਸਿੱਖਾਂ ਦੇ ਪੁਰਅਮਨ ਰੋਸ ਨੂੰ ਵਹਿਸ਼ੀ ਤਾਕਤ ਨਾਲ ਕੁਚਲ ਦੇਣ ਦੀਆਂ ਅਗਾਊਂ ਤਿਆਰੀਆਂ ਕਰ ਰੱਖੀਆਂ ਹੋਈਆਂ ਸਨ। ਇਸ ਮਕਸਦ ਲਈ 'ਸੇਵਾ ਦਲ' ਨਾਂ ਦੀ ਨੀਮ-ਫ਼ਾਸ਼ੀ ਸੰਸਥਾ ਦੇ ਚੋਣਵੇਂ ਵਲੰਟੀਅਰਾਂ ਨੂੰ ਉਚੇਚਾ ਤਿਆਰ ਕਰ ਕੇ ਲਿਆਂਦਾ ਗਿਆ ਸੀ।[13] ਸਿੰਘਾਂ ਦਾ ਜਥਾ ਮੁੱਖ ਸਮਾਗਮ ਵਾਲੀ ਜਗ੍ਹਾ ਤੋਂ ਅਜੇ ਤਿੰਨ ਚਾਰ ਸੌ ਗਜ਼ ਦੀ ਦੂਰੀ ਉੱਤੇ ਹੀ ਸੀ ਜਦ ਉਸ ਉੱਤੇ ਗੋਲੀਆਂ ਦਾ ਮੀਂਹ ਵਰ੍ਹਨਾ ਸ਼ੁਰੂ ਹੋ ਗਿਆ। ਪਲਾਂ ਵਿੱਚ ਹੀ 13 ਸਿੰਘਾਂ ਨੂੰ ਥਾਏਂ ਸ਼ਹੀਦ ਕਰ ਦਿੱਤਾ ਗਿਆ ਜਦ ਕਿ 70 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ। ਹੈਰਾਨੀ ਦੀ ਗੱਲ ਇਹ ਕਿ ਇਸ ਖ਼ੂਨੀ ਵਾਰਦਾਤ ਤੋਂ ਬਾਅਦ ਵੀ ਨਿਰੰਕਾਰੀ ਸਮਾਗਮ ਘੰਟਿਆਂ-ਬੱਧੀ ਨਿਰਵਿਘਨ ਚੱਲਦਾ ਰਿਹਾ। ਨਾ ਪ੍ਰਸ਼ਾਸਨ ਨੇ ਏਨੇ ਕੁਛ ਤੋਂ

ਬਾਅਦ ਵੀ ਸਮਾਗਮ ਉੱਤੇ ਪਾਬੰਦੀ ਲਾਉਣੀ ਜਾਂ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨਾ ਜ਼ਰੂਰੀ ਸਮਝਿਆ ਤੇ ਨਾ ਨਿਰੰਕਾਰੀ ਆਗੂਆਂ ਦੀਆਂ ਜ਼ਮੀਰਾਂ ਨੂੰ ਇਸ ਕਤਲੇਆਮ ਉੱਤੇ ਕੋਈ ਦੁੱਖ ਜਾਂ ਪੀੜ ਮਹਿਸੂਸ ਹੋਈ। ਇਸ ਖ਼ੂਨੀ ਵਾਰਦਾਤ ਤੋਂ ਕੋਈ ਤਿੰਨ ਘੰਟੇ ਬਾਅਦ ਬਾਬਾ ਗੁਰਬਚਨ ਸਿੰਘ ਨੇ ਸਮਾਗਮ ਨੂੰ ਇਸ ਤਰ੍ਹਾਂ ਸੰਬੋਧਨ ਕੀਤਾ ਜਿਵੇਂ ਉਸ ਉੱਤੇ ਤੇ ਜ਼ਿਲ੍ਹਾ ਪ੍ਰਸ਼ਾਸਨ ਉੱਤੇ ਇਸ ਘਟਨਾ ਦਾ ਉੱਕਾ ਹੀ ਕੋਈ ਅਸਰ ਨਾ ਹੋਇਆ ਹੋਵੇ। ਸਮਾਗਮ ਦੀ ਸਮਾਪਤੀ ਉਪਰੰਤ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਕੇ.ਐਸ. ਜੰਜੂਆ ਗੁਰਬਚਨ ਸਿੰਘ ਨੂੰ ਆਪਣੀ ਹਿਫ਼ਾਜ਼ਤ ਵਿੱਚ ਖ਼ੁਦ ਜਲੰਧਰ ਤਕ ਵਿਦਾ ਕਰ ਕੇ ਆਇਆ ਅਤੇ ਉਸ ਤੋਂ ਅੱਗੇ ਵੀ, ਦਿੱਲੀ ਤਕ, ਕਿਸੇ 'ਕਾਨੂੰਨ ਦੇ ਰਖਵਾਲੇ' ਨੇ ਮੁਜਰਿਮ ਗੁਰਬਚਨ ਸਿੰਘ ਦੀ ਵਾਅ ਵੱਲ ਨਹੀਂ ਤੱਕਿਆ।[14]

ਇਸ ਖ਼ੂਨੀ ਕਾਂਡ ਨੇ ਸਮੁੱਚੇ ਸਿੱਖ ਜਗਤ ਨੂੰ ਝੰਜੋੜ ਕੇ ਰੱਖ ਦਿੱਤਾ। ਸੰਤ ਜਰਨੈਲ ਸਿੰਘ (ਭਿੰਡਰਾਂਵਾਲੇ) ਦੇ ਦਿਲੋ-ਦਿਮਾਗ਼ ਉੱਤੇ ਇਸ ਘਟਨਾ ਨੇ ਖ਼ਾਸ ਕਰਕੇ ਬਹੁਤ ਗਹਿਰੇ ਤੇ ਚਿਰ-ਸਥਾਈ ਅਸਰ ਛੱਡੇ। ਗੱਲ ਸਿਰਫ਼ ਏਨੀ ਨਹੀਂ ਸੀ ਕਿ 13 ਸਿੰਘਾਂ ਨੂੰ ਬੇਰਹਿਮੀ ਨਾਲ ਸ਼ਹੀਦ ਕਰ ਦਿੱਤਾ ਗਿਆ ਸੀ। ਲੋਹੜੇ ਦੀ ਗੱਲ ਇਹ ਸੀ ਕਿ ਸਿੱਖਾਂ ਨਾਲ ਇਹ ਵਹਿਸ਼ੀ ਸਲੂਕ ਉਨ੍ਹਾਂ ਦੇ ਘਰ ਅੰਦਰ ਵੜ ਕੇ ਕੀਤਾ ਗਿਆ ਸੀ ਅਤੇ ਉਹ ਵੀ ਉਦੋਂ ਜਦ ਪੰਜਾਬ ਅੰਦਰ ਅਕਾਲੀਆਂ ਦੀ ਆਪਣੀ ਹਕੂਮਤ ਸੀ ਅਤੇ ਕੇਂਦਰ ਵਿੱਚ ਵੀ ਉਹ ਸੱਤਾ 'ਚ ਭਾਈਵਾਲ ਸਨ। ਦੂਜਾ, ਇਹ ਖ਼ੂਨੀ ਵਰਤਾਰਾ ਆਪਮੁਹਾਰੇ ਜਾਂ ਅਚਨਚੇਤ ਨਹੀਂ ਸੀ ਵਾਪਰਿਆ। ਪੰਜਾਬ ਅੰਦਰ ਨਿਰੰਕਾਰੀ ਸਰਗਰਮੀਆਂ ਅੰਦਰ ਆਈ ਤੇਜ਼ੀ ਅਤੇ ਇਸ ਦੇ ਪਿੱਛੇ ਕੰਮ ਕਰਦੀ ਸੋਚ ਤੇ ਭਾਵਨਾ ਕਿਸੇ ਕੋਲੋਂ ਵੀ ਗੁੱਝੀ ਨਹੀਂ ਸੀ ਰਹੀ। ਪਹਿਲਾਂ ਸੰਤ ਕਰਤਾਰ ਸਿੰਘ ਤੇ ਬਾਅਦ 'ਚ ਸੰਤ ਜਰਨੈਲ ਸਿੰਘ ਇਸ ਬਾਰੇ ਸਿੱਖ ਪੰਥ ਦੇ ਧਾਰਮਿਕ ਤੇ ਰਾਜਸੀ ਰਹਿਬਰਾਂ ਨੂੰ ਲਗਾਤਾਰ ਖ਼ਬਰਦਾਰ ਕਰਦੇ ਆ ਰਹੇ ਸਨ। ਨਿਰੰਕਾਰੀ ਮੰਡਲ ਵੱਲੋਂ ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ ਅੰਮ੍ਰਿਤਸਰ ਵਿਖੇ ਵੱਡਾ ਭਾਰੀ ਇਕੱਠ ਕਰਨ ਦੀ ਯੋਜਨਾ ਦਾ ਪਤਾ ਚਲਦਿਆਂ ਹੀ ਕੁਝ ਪੰਥਕ ਹਲਕਿਆਂ ਵੱਲੋਂ ਇਸ ਸਮਾਗਮ ਉੱਤੇ ਸਰਕਾਰੀ ਬੰਦਸ਼ ਲਾਉਣ ਦੀ ਮੰਗ ਉਠਣੀ ਸ਼ੁਰੂ ਹੋ ਗਈ ਸੀ। ਪ੍ਰੰਤੂ ਅਕਾਲੀ ਲੀਡਰਸ਼ਿਪ ਵੱਲੋਂ ਇਸ ਮੰਗ ਨੂੰ ਅਣਸੁਣਿਆ ਕਰ ਦੇਣਾ ਅਤੇ ਵਿਸਾਖੀ ਵਾਲੇ ਦਿਨ ਚੋਟੀ ਦੀ ਅਕਾਲੀ ਲੀਡਰਸ਼ਿਪ ਦਾ ਅੰਮ੍ਰਿਤਸਰ ਤੋਂ ਗ਼ੈਰ-ਹਾਜ਼ਰ ਰਹਿਣਾ ਅਕਾਲੀ ਆਗੂਆਂ ਦੀ ਮੁਜਰਮਾਨਾ ਕਿਸਮ ਦੀ ਗ਼ੈਰ-ਸੰਜੀਦਗੀ ਤੇ ਲਾਪਰਵਾਹੀ ਦਾ ਪ੍ਰਗਟਾਵਾ ਸੀ। ਅਕਾਲੀ ਲੀਡਰਸ਼ਿਪ ਦੀ ਇਹ ਪਹੁੰਚ ਨਾ ਸਿਰਫ਼ ਇਸ ਖ਼ੂਨੀ ਕਾਂਡ ਲਈ ਜ਼ੁੰਮੇਵਾਰ ਬਣੀ ਸਗੋਂ ਇਸ ਨੇ ਇਸ ਘਟਨਾ ਤੋਂ ਬਾਅਦ ਪੈਦਾ ਹੋਈ ਸਥਿਤੀ ਨੂੰ ਖ਼ਤਰਨਾਕ ਦਿਸ਼ਾ ਵੱਲ ਧੱਕਣ ਵਿੱਚ ਵੱਡਾ ਰੋਲ ਅਦਾ ਕੀਤਾ।

ਇਸ ਵਾਰਦਾਤ ਨਾਲ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਉਤੇਜਤ ਹੋਣੀਆਂ ਸੁਭਾਵਿਕ ਸਨ। 23 ਅਪ੍ਰੈਲ ਨੂੰ ਦੇਸ-ਪਰਦੇਸ ਦੀਆਂ ਸਿੱਖ ਸੰਗਤਾਂ ਨੇ ਜਗ੍ਹਾ-ਜਗ੍ਹਾ ਭਾਰੀ ਇਕੱਠ ਕਰ ਕੇ ਸ਼ਹੀਦ ਸਿੰਘਾਂ ਨੂੰ ਭਾਵ-ਭਿੰਨੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ ਅਤੇ ਪੰਜਾਬ ਸਰਕਾਰ ਕੋਲੋਂ ਨਿਰੰਕਾਰੀ ਸਰਗਰਮੀਆਂ ਉੱਤੇ ਪਾਬੰਦੀ ਲਾਉਣ ਦੀ ਮੰਗ ਕੀਤੀ। 17 ਮਈ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਭਾਰੀ ਪੰਥਕ ਕਨਵੈਨਸ਼ਨ ਜੁੜੀ ਜਿਸ ਵਿੱਚ ਨਿਰੰਕਾਰੀਆਂ ਖ਼ਿਲਾਫ਼ ਅਕਾਲ ਤਖ਼ਤ ਵੱਲੋਂ ਹੁਕਮਨਾਮਾ ਜਾਰੀ ਕਰਨ ਦਾ ਅਹਿਮ ਫ਼ੈਸਲਾ ਲਿਆ ਗਿਆ। ਅਕਾਲੀ ਲੀਡਰਸ਼ਿਪ ਨੂੰ, ਖ਼ਾਸ ਕਰਕੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਅਜਿਹੇ ਫ਼ੈਸਲੇ ਲਈ ਪ੍ਰੇਰਿਤ ਕਰਨ ਵਿੱਚ ਸਰਦਾਰ ਕਪੂਰ ਸਿੰਘ ਨੇ ਅਹਿਮ ਭੂਮਿਕਾ ਨਿਭਾਈ। ਹੁਕਮਨਾਮੇ ਦਾ ਮੂਲ-ਪਾਠ ਵੀ ਸਰਦਾਰ ਸਾਹਿਬ ਹੁਰਾਂ ਹੀ ਲਿਖਿਆ।[15]

ਇਸ ਫ਼ੈਸਲੇ ਦੇ ਮੱਦੇਨਜ਼ਰ 1 ਜੂਨ ਨੂੰ ਪੰਜਵੀਂ ਪਾਤਸ਼ਾਹੀ ਦੇ ਸ਼ਹੀਦੀ ਪੁਰਬ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨਿਰੰਕਾਰੀਆਂ ਦੇ ਖ਼ਿਲਾਫ਼ ਹੁਕਮਨਾਮਾ ਜਾਰੀ ਕੀਤਾ ਗਿਆ ਜਿਸ ਦਾ ਦੇਸ-ਪਰਦੇਸ ਦੀਆਂ ਸਿੱਖ ਸੰਗਤਾਂ ਨੇ ਪੁਰਜ਼ੋਰ ਤੇ ਪੁਰਜੋਸ਼ ਸੁਆਗਤ ਕੀਤਾ।

ਅੰਮ੍ਰਿਤਸਰ ਦੇ ਖ਼ੂਨੀ ਕਾਂਡ ਤੋਂ ਬਾਅਦ ਦੇਸ ਭਰ ਦੀਆਂ ਹਿੰਦੂ ਫ਼ਿਰਕਾਪ੍ਰਸਤ ਤਾਕਤਾਂ, ਖ਼ਾਸ ਕਰਕੇ ਉੱਤਰੀ ਖੇਤਰ ਦਾ ਆਰੀਆ ਸਮਾਜੀ ਲਾਣਾ, ਨਿਰੰਕਾਰੀਆਂ ਦੀ ਡਟਵੀਂ ਮਦਦ 'ਤੇ ਨਿਤਰ ਆਇਆ। ਕੇਂਦਰੀ ਹੁਕਮਰਾਨਾਂ ਤੋਂ ਲੈ ਕੇ ਅਫ਼ਸਰਸ਼ਾਹੀ ਤਕ, ਨਿਆਂਪਾਲਕਾ ਤੋਂ ਲੈ ਕੇ ਮੀਡੀਏ ਤਕ, ਸਭ ਨੇ ਇਕ ਜ਼ੁਬਾਨ ਹੋ ਕੇ ਉਲਟਾ ਸਿੱਖਾਂ ਨੂੰ ਨਿਰੰਕਾਰੀਆਂ ਨਾਲ ਵਧੀਕੀ ਕਰਨ ਲਈ ਕਸੂਰਵਾਰ ਠਹਿਰਾਉਣਾ ਅਤੇ ਨਿਰੰਕਾਰੀਆਂ ਨੂੰ ਇਕ 'ਮਜ਼ਲੂਮ ਧਿਰ' ਦੇ ਰੂਪ ਵਿੱਚ ਪੇਸ਼ ਕਰਨਾ ਸ਼ੁਰੂ ਕਰ ਦਿੱਤਾ। ਪ੍ਰੈਸ ਅੰਦਰ ਆਮ ਹੀ ਸਿੱਖਾਂ ਨੂੰ ਨਿਰੰਕਾਰੀ ਮੱਤ ਦੇ ਧਰਮ ਪ੍ਰਚਾਰ ਕਰਨ ਦੇ ਜਮਹੂਰੀ ਹੱਕ ਪ੍ਰਤੀ ਅਸਹਿਣਸ਼ੀਲਤਾ ਦਿਖਾਉਣ ਦੇ ਦੋਸ਼ੀ ਠਹਿਰਾਇਆ ਜਾਣ ਲੱਗਾ। ਕਿਸੇ ਨੇ ਇਹ ਨਾ ਸੋਚਿਆ ਕਿ ਸਿੱਖ ਨਿਰੰਕਾਰੀਆਂ ਪ੍ਰਤੀ ਹੀ ਕਿਉਂ 'ਅਸਹਿਣਸ਼ੀਲ' ਹੋ ਰਹੇ ਸਨ, ਕਿਸੇ ਹੋਰ ਧਾਰਮਿਕ ਵਰਗ (ਹਿੰਦੂ/ਮੁਸਲਿਮ/ਈਸਾਈ) ਪ੍ਰਤੀ ਕਿਉਂ ਨਹੀਂ? ਮਸਲਾ ਧਰਮ ਪਰਚਾਰ ਦਾ ਉੱਕਾ ਹੀ ਨਹੀਂ ਸੀ। ਮਸਲਾ ਨਿਰੰਕਾਰੀਆਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨਿਰਾਦਰ ਕਰਨ, ਸਿੱਖਾਂ ਦੀਆਂ ਪੂਜਨੀਕ ਇਤਿਹਾਸਕ ਹਸਤੀਆਂ ਤੇ ਗੁਰੂ ਸਾਹਿਬਾਨ ਦੀਆਂ ਰੀਸਾਂ ਕਰਨ ਵਰਗੀਆਂ ਹਿਮਾਕਤਾਂ ਕਰਨ ਅਤੇ ਸਿੱਖ ਧਰਮ ਦੇ ਸਿਧਾਂਤਾਂ, ਸਿਖਿਆਵਾਂ ਤੇ ਪ੍ਰੰਪਰਾਵਾਂ ਦਾ ਕੋਝਾ ਮਜ਼ਾਕ ਉਡਾਉਣ ਦਾ ਸੀ। ਹਿੰਦੂਆਂ ਨੇ ਇਸ ਗੱਲ ਨੂੰ ਸਮਝਣ ਦਾ ਉੱਕਾ ਹੀ ਕੋਈ ਯਤਨ ਨਾ ਕੀਤਾ। ਉਨ੍ਹਾਂ ਇਸ ਦੀ ਕੋਈ ਲੋੜ ਹੀ ਨਹੀਂ ਸਮਝੀ। ਜਦ ਬਹੁਗਿਣਤੀ ਵਰਗ ਘੱਟਗਿਣਤੀ ਭਾਈਚਾਰੇ ਦੇ ਦੁਖ, ਦਰਦ ਅਤੇ ਸ਼ਿਕਾਇਤਾਂ ਨੂੰ ਹਮਦਰਦੀ ਤੇ ਇਮਾਨਦਾਰੀ ਨਾਲ ਸੁਣਨ ਤੇ ਸਮਝਣ ਦੀ ਲੋੜ ਤੋਂ ਹੀ ਇਨਕਾਰੀ ਹੋ ਜਾਵੇ ਤਾਂ ਘੱਟਗਿਣਤੀ ਭਾਈਚਾਰੇ ਅੰਦਰ ਰੋਸ ਤੇ ਬੇਗਾਨਗੀ ਦੀ ਭਾਵਨਾ ਪੈਦਾ ਹੋਣੀ ਸੁਭਾਵਿਕ ਹੈ। ਸਮੇਂ ਤੇ ਹਾਲਾਤ ਅਨੁਸਾਰ ਇਹ ਭਾਵਨਾ ਆਪਣੇ ਪ੍ਰਗਟਾਵੇ ਦੇ ਰਾਹ ਲੱਭ ਲੈਂਦੀ ਹੈ। ਅੰਮ੍ਰਿਤਸਰ ਦੇ ਖ਼ੂਨੀ ਸਾਕੇ ਤੋਂ ਬਾਅਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਚਮਤਕਾਰੀ ਗਤੀ ਨਾਲ ਸਿੱਖ ਰਾਜਸੀ ਦ੍ਰਿਸ਼ ਉੱਤੇ ਛਾਅ ਜਾਣ ਦਾ ਰਾਜ਼ ਰਾਜਨੀਤਕ ਉਥਲ-ਪੁਥਲ ਦੇ ਇਸ ਵਿਆਕਰਣਕ ਨਿਯਮ ਅੰਦਰ ਛੁਪਿਆ ਹੋਇਆ ਹੈ। ਭਿੰਡਰਾਂਵਾਲੇ ਵਰਤਾਰੇ ਨੂੰ ਇੰਦਰਾ ਗਾਂਧੀ ਤੇ ਕਾਂਗਰਸ ਦੀ (ਮਾਰਫ਼ਤ ਗਿਆਨੀ ਜ਼ੈਲ ਸਿੰਘ) ਰਚਨਾ ਤਸੱਵਰ ਕਰਨ ਵਾਲੀ ਸੋਚ ਅਤੇ ਧਾਰਨਾ ਬਾਰੇ ਅੱਗੇ ਜਾ ਕੇ ਚਰਚਾ ਕੀਤੀ ਜਾਵੇਗੀ।

ਕੇਂਦਰੀ ਹੁਕਮਰਾਨਾਂ, ਖ਼ਾਸ ਕਰਕੇ ਪ੍ਰਧਾਨ ਮੰਤਰੀ ਮੁਰਾਰਜੀ ਡਿਸਾਈ, ਗ੍ਰਹਿ ਮੰਤਰੀ ਚੌਧਰੀ ਚਰਨ ਸਿੰਘ, ਬਦੇਸ ਮੰਤਰੀ ਅਟਲ ਬਿਹਾਰੀ ਵਾਜਪਾਈ ਅਤੇ ਦਿਲੀ ਪ੍ਰਸ਼ਾਸਨ ਨੇ ਸਿੰਘਾਂ ਦੇ ਕਾਤਲਾਂ ਦਾ ਖੁੱਲ੍ਹਮ-ਖੁੱਲ੍ਹਾ ਪੱਖ ਪੂਰਨਾ ਜਾਰੀ ਰੱਖਿਆ। ਪੰਜਾਬ ਪੁਲਸ ਦੀਆਂ ਬਾਬਾ ਗੁਰਬਚਨ ਸਿੰਘ ਤੇ ਉਸ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰਨ ਦੀਆਂ ਕੋਸ਼ਿਸ਼ਾਂ ਨਾਕਾਮ ਕਰ ਦਿੱਤੀਆਂ ਗਈਆਂ। ਕੇਂਦਰ ਸਰਕਾਰ ਦੀ ਸਹਾਇਤਾ ਨਾਲ ਬਾਬੇ ਨੇ ਸੁਪਰੀਮ ਕੋਰਟ 'ਚੋਂ ਪੇਸ਼ਗੀ ਜ਼ਮਾਨਤ ਲੈ ਲਈ ਅਤੇ ਮੁਕੱਦਮੇ ਦੀ ਸੁਣਵਾਈ ਅੰਮ੍ਰਿਤਸਰ ਤੋਂ ਕਰਨਾਲ ਵਿਖੇ ਤਬਦੀਲ ਕਰ ਦਿੱਤੀ ਗਈ। 4 ਜਨਵਰੀ 1980 ਨੂੰ ਕਰਨਾਲ ਦੇ ਸੈਸ਼ਨ ਜੱਜ ਸ੍ਰੀ ਆਰ.ਐਸ. ਗੁਪਤਾ ਨੇ ਬਾਬਾ ਗੁਰਬਚਨ ਸਿੰਘ ਸਮੇਤ ਸਾਰੇ ਦੇ ਸਾਰੇ 62 ਨਿਰੰਕਾਰੀ ਦੋਸ਼ੀਆਂ ਨੂੰ ਸਾਫ਼ ਬਰੀ ਕਰ ਦਿੱਤਾ। ਉਲਟਾ ਸੈਸ਼ਨ ਜੱਜ ਨੇ ਪੰਜਾਬ

ਸਰਕਾਰ ਤੇ ਪੁਲਸ ਦੀ 'ਬੇਕਸੂਰ ਵਿਅਕਤੀਆਂ' ਖ਼ਿਲਾਫ਼ ਝੂਠਾ ਪਰਚਾ ਦਾਇਰ ਕਰਨ ਬਦਲੇ ਤਿੱਖੀ ਆਲੋਚਨਾ ਕੀਤੀ।[16]

ਹਿੰਦੂ ਹਾਕਮਾਂ ਦੀ ਰਾਜਨੀਤਕ ਸਰਪ੍ਰਸਤੀ, ਕਾਨੂੰਨੀ ਓਟ ਤੇ ਨੈਤਿਕ ਹੱਲਾਸ਼ੇਰੀ ਦੀ ਬਦੌਲਤ ਬਾਬਾ ਗੁਰਬਚਨ ਸਿੰਘ ਨੂੰ, ਇੰਨਾ ਵੱਡਾ ਉਪੱਦਰ ਕਰਨ ਦੇ ਬਾਵਜੂਦ, ਇਕ ਦਿਨ ਵੀ ਜੇਲ੍ਹ ਜਾਂ ਥਾਣੇ ਦੀ ਹਵਾ ਨਹੀਂ ਖਾਣੀ ਪਈ। ਹੁਕਮਰਾਨ ਧਿਰ ਵੱਲੋਂ ਸਿੰਘਾਂ ਦੇ ਕਾਤਲਾਂ ਦੀ ਪੈਰ-ਪੈਰ 'ਤੇ ਕੀਤੀ ਜਾ ਰਹੀ ਨੰਗੀ ਮਦਦ ਸਿਖ ਕੌਮ ਅੰਦਰ ਰੋਸ ਤੇ ਗ਼ੁੱਸੇ ਦੀਆਂ ਭਾਵਨਾਵਾਂ ਨੂੰ ਬਲ ਮੁਹੱਈਆ ਕਰਦੀ ਗਈ। ਸਿੱਖ ਜਗਤ ਅੰਦਰ ਦੋ ਮੰਗਾਂ ਉੱਤੇ ਸਰਬ-ਸਾਂਝੀ ਰਾਇ ਉਭਰ ਆਈ। ਇਕ ਇਹ ਕਿ ਨਿਰੰਕਾਰੀਆਂ ਦੇ ਖੁਲ੍ਹੇ ਸਮਾਗਮਾਂ ਉੱਤੇ ਫ਼ੌਰਨ ਪਾਬੰਦੀਆਂ ਆਇਦ ਕੀਤੀਆਂ ਜਾਣ। ਦੂਜਾ ਇਹ ਕਿ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀਆਂ ਨਿਰੰਕਾਰੀ ਪੁਸਤਕਾਂ, ਖ਼ਾਸ ਕਰਕੇ 'ਅਵਤਾਰ ਬਾਣੀ' ਜ਼ਬਤ ਕਰ ਲਈ ਜਾਵੇ ਤੇ ਇਸ ਦੇ ਪ੍ਰਕਾਸ਼ਨ ਉੱਤੇ ਰੋਕ ਲਾ ਦਿੱਤੀ ਜਾਵੇ। ਇਸੇ ਦੌਰਾਨ, ਨਿਰੰਕਾਰੀ ਸਮੱਸਿਆ ਨਾਲ ਨਜਿੱਠਣ ਦੇ ਸੁਆਲ ਨੂੰ ਲੈ ਕੇ ਅਕਾਲੀ ਲੀਡਰਸ਼ਿਪ ਵਿਚਕਾਰ ਤਰੇੜਾਂ ਉਭਰ ਆਈਆਂ। ਅਕਾਲੀ ਲੀਡਰਸ਼ਿਪ ਅੰਦਰਲਾ ਹਕੂਮਤੀ ਧੜਾ, ਜਿਸ ਦਾ ਸਰਗਣਾ ਸ: ਪ੍ਰਕਾਸ਼ ਸਿੰਘ ਬਾਦਲ ਸੀ, ਨਿਰੰਕਾਰੀਆਂ ਨਾਲ ਟਕਰਾਉ ਨੂੰ, ਜਿੰਨਾ ਹੋ ਸਕੇ ਮੱਠਾ ਪਾਉਣ ਦੇ ਯਤਨ ਵਿੱਚ ਸੀ। ਦੋ ਕਾਰਨਾਂ ਕਰਕੇ। ਇਕ ਤਾਂ ਇਸ ਵਰਗ ਨਾਲ ਸਬੰਧਤ ਜ਼ਿਆਦਾਤਰ ਵਿਅਕਤੀ ਅਜਿਹੇ ਸਨ ਜੋ ਧਾਰਮਿਕ ਪੱਖ ਤੋਂ ਬਹੁਤੇ ਸ਼ਰਧਾਵਾਨ ਤੇ ਸੰਵੇਦਨਸ਼ੀਲ ਨਹੀਂ ਹਨ। ਯਾਨੀ ਕਿ ਉਹ ਧਾਰਮਿਕ ਤਬੀਅਤ ਦੇ ਨਹੀਂ ਸਗੋਂ ਵੱਧ ਰਾਜਸੀ ਕਿਸਮ ਦੇ ਵਿਅਕਤੀ ਹਨ। ਇਸ ਕਰਕੇ ਨਿੱਜੀ ਪੱਧਰ 'ਤੇ ਉਨ੍ਹਾਂ ਨੂੰ ਨਿਰੰਕਾਰੀ ਸਰਗਰਮੀਆਂ ਦੀ ਕੋਈ ਬਹੁਤੀ ਚੁੱਭਣ ਮਹਿਸੂਸ ਨਹੀਂ ਸੀ ਹੁੰਦੀ। ਦੂਜਾ, ਰਾਜਸੀ ਸੱਤਾ ਦੀ ਭੁੱਖ 'ਚੋਂ ਇਹ ਵਰਗ ਹਿੰਦੂ ਤਾਕਤਾਂ ਦੀ ਇਸ ਕਦਰ ਝੋਲੀ ਡਿੱਗ ਚੁੱਕਾ ਹੋਇਆ ਸੀ ਕਿ ਉਹ ਉਨ੍ਹਾਂ ਦੀ ਨਾਰਾਜ਼ਗੀ ਸਹੇੜਨ ਦਾ ਜੋਖਮ ਨਹੀਂ ਸੀ ਉਠਾਉਣਾ ਚਾਹੁੰਦਾ। ਸ: ਬਲਵੰਤ ਸਿੰਘ (ਖ਼ਜ਼ਾਨਾ ਮੰਤਰੀ), ਸੁਰਜੀਤ ਸਿੰਘ ਬਰਨਾਲਾ (ਕੇਂਦਰੀ ਮੰਤਰੀ), ਰਵੀਇੰਦਰ ਸਿੰਘ, ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ ਆਦਿ ਇਸ ਧੜੇ ਦੀਆਂ ਉਭਰਵੀਆਂ ਹਸਤੀਆਂ ਸਨ। ਦੂਜੇ ਪਾਸੇ, ਅਕਾਲੀ ਦਲ ਅੰਦਰਲਾ ਗ਼ੈਰ-ਹਕੂਮਤੀ ਵਰਗ ਨਿਰੰਕਾਰੀ ਮਸਲੇ ਨਾਲ ਰਤਾ ਕੁ ਵੱਧ ਕਰਾਰੇ ਹੱਥੀਂ ਨਿਪਟਣ ਦੇ ਰਾਹ ਦੀ ਵਕਾਲਤ ਕਰਦਾ ਸੀ। ਇਸ ਵਰਗ ਅੰਦਰਲੇ ਵੱਖ-ਵੱਖ ਕਿਸਮ ਦੇ ਤੱਤਾਂ ਤੇ ਰੁਝਾਨਾਂ ਦੀ ਸਰਪ੍ਰਸਤੀ ਜਥੇਦਾਰ ਗੁਰਚਰਨ ਸਿੰਘ ਟੌਹੜਾ (ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਕਰ ਰਹੇ ਸਨ। ਇਸ ਵਰਗ ਦਾ ਇਹ ਰੁਖ਼ ਦੋ ਗੱਲਾਂ ਤੋਂ ਨਿਰਧਾਰਤ ਹੋ ਰਿਹਾ ਸੀ। ਇਕ ਤਾਂ ਅਕਾਲੀ ਆਗੂਆਂ ਦੀ ਉਪਰ ਬਿਆਨੀ ਨਵੀਨ ਧਾਰਾ ਦੇ ਉਲਟ, ਟਕਸਾਲੀ ਅਕਾਲੀ ਧਾਰਾ, ਯਾਨੀ ਕਿ ਜਥੇਦਾਰ ਵਰਗ ਨਾਲ ਸਬੰਧਤ ਵਿਅਕਤੀ ਥੋੜ੍ਹੀ ਵੱਖਰੀ ਵਿਚਾਰਧਾਰਕ ਤਾਸੀਰ ਤੇ ਅਲੱਗ ਕਿਸਮ ਦੀ ਸ਼ਖ਼ਸੀ-ਬਣਤਰ ਦੀ ਵਜ੍ਹਾ ਕਰਕੇ, ਧਰਮ ਦੇ ਮਾਮਲੇ 'ਚ ਵੱਧ ਸੰਵੇਦਨਸ਼ੀਲਤਾ ਦਾ ਪ੍ਰਗਟਾਵਾ ਕਰ ਰਹੇ ਸਨ। ਦੂਜਾ, ਹਕੂਮਤੀ ਤਾਣੇ-ਬਾਣੇ ਦਾ ਸਿੱਧੇ ਰੂਪ 'ਚ ਅੰਗ ਨਾ ਹੋਣ ਕਰਕੇ ਉਹ ਹਿੰਦੂਵਾਦੀ ਤਾਕਤਾਂ ਦਾ ਓਨਾ ਦਬਾਅ ਤੇ ਝੇਪ ਨਹੀਂ ਸਨ ਮੰਨਦੇ, ਕਿਉਂਕਿ 'ਹਕੂਮਤੀ ਧੜੇ' ਦੀ ਤੁਲਨਾ ਵਿੱਚ, ਗ਼ੈਰ-ਹਕੂਮਤੀ ਵਰਗ ਕੋਲ ਗੁਆਉਣ ਲਈ ਬਹੁਤਾ ਕੁਝ ਨਹੀਂ ਸੀ।

ਅਕਾਲੀ ਲੀਡਰਸ਼ਿਪ ਅੰਦਰ ਉਭਰ-ਵਿਗਸ ਰਹੀ ਇਹ ਤਰੇੜ ਨਿਰੰਕਾਰੀ ਕਾਂਡ ਸਦਕਾ ਪੈਦਾ ਹੋਈ ਚੁਣੌਤੀ-ਭਰਪੂਰ ਸਥਿਤੀ ਦਾ ਨਤੀਜਾ ਵੀ ਸੀ ਤੇ ਮੋੜਵੇਂ ਰੂਪ ਵਿੱਚ

ਇਸ ਸਥਿਤੀ ਉੱਤੇ ਆਪਣਾ ਗੂੜ੍ਹਾ ਪਰਛਾਵਾਂ ਵੀ ਛੱਡ ਰਹੀ ਸੀ। ਜਦ ਪੰਜਾਬ ਸਰਕਾਰ ਨੇ ਨਿਰੰਕਾਰੀ ਸਮਾਗਮਾਂ ਉੱਤੇ ਪਾਬੰਦੀ ਲਾਉਣ ਦੀ ਮੰਗ ਦਾ ਕੋਈ ਹੁੰਗਾਰਾ ਨਾ ਭਰਿਆ ਤਾਂ ਅਗਸਤ ਦੇ ਦੂਜੇ ਹਫ਼ਤੇ ਸੰਤ ਜਰਨੈਲ ਸਿੰਘ ਨੇ ਨਿਰੰਕਾਰੀਆਂ ਦੇ ਸਪਤਾਹਕ ਸਮਾਗਮਾਂ (ਐਤਵਾਰੀ ਸਤਿਸੰਗ) ਨੂੰ ਜ਼ਬਰਦਸਤੀ ਰੋਕਣ ਦਾ ਐਲਾਨ ਕਰ ਦਿੱਤਾ। 20 ਅਗਸਤ ਨੂੰ ਪੰਜਾਬ ਅੰਦਰ ਬਹੁਤ ਸਾਰੇ ਥਾਵਾਂ 'ਤੇ ਨਿਰੰਕਾਰੀ ਸਮਾਗਮ ਕਰਨ ਦੇ ਯਤਨ ਸਿੱਖ ਸੰਗਤਾਂ ਨੇ ਨਾਕਾਮ ਕਰ ਕੇ ਰੱਖ ਦਿੱਤੇ। ਇਸ ਉੱਤੇ ਭਾਰਤ ਭਰ ਦੀਆਂ ਹਿੰਦੂ ਤਾਕਤਾਂ ਤੇ ਹਿੰਦੂ ਪ੍ਰੈੱਸ ਨੇ ਸਿੱਖਾਂ ਵਿਰੁੱਧ ਫ਼ਿਰਕੂ ਜਹਾਦ ਛੇੜ ਦਿੱਤਾ। ਸਿੱਖ ਸੰਗਤਾਂ ਦੀ ਇਸ ਕਾਰਵਾਈ ਨੂੰ ਨਿਰੰਕਾਰੀਆਂ ਦੇ ਧਰਮ ਪ੍ਰਚਾਰ ਕਰਨ ਦੇ ਹੱਕ ਉੱਤੇ ਹਮਲਾ ਬਣਾ ਕੇ ਪੇਸ਼ ਕੀਤਾ ਗਿਆ। ਇਸ ਨਾਲ ਸ: ਪ੍ਰਕਾਸ਼ ਸਿੰਘ ਬਾਦਲ, ਆਪਣੇ ਵਿਚਾਰਧਾਰਕ ਝੁਕਾਅ ਤੇ ਵਿਅਕਤੀਗਤ ਸੁਭਾਅ ਦੀ ਬਦੌਲਤ, ਹਿੰਦੂ ਤਾਕਤਾਂ ਦੇ ਏਨਾ ਅਸਰ ਤੇ ਦਬਾਅ ਹੇਠ ਆ ਗਏ ਕਿ ਉਨ੍ਹਾਂ ਬਤੌਰ ਮੁੱਖ ਮੰਤਰੀ 25 ਅਗਸਤ ਨੂੰ ਇਕ ਬਿਆਨ ਜਾਰੀ ਕਰਕੇ 27 ਅਗਸਤ ਨੂੰ ਹੋਣ ਵਾਲੇ ਐਤਵਾਰੀ ਨਿਰੰਕਾਰੀ ਸਤਿਸੰਗਾਂ ਨੂੰ ਰੋਕਣ ਦੇ ਕਿਸੇ ਵੀ ਯਤਨ ਨੂੰ ਸਖ਼ਤੀ ਨਾਲ ਕੁਚਲ ਦੇਣ ਦੀ ਧਮਕੀ ਗਜਾ ਦਿੱਤੀ। ਬਿਆਨ ਵਿੱਚ ਉਨ੍ਹਾਂ ਇਹ ਸਪਸ਼ਟ ਕਿਹਾ ਕਿ "ਅਸੀਂ ਅੰਮ੍ਰਿਤਸਰ ਦੇ ਅਧਿਕਾਰੀਆਂ ਨੂੰ ਸਪਸ਼ਟ ਹਦਾਇਤਾਂ ਭੇਜ ਦਿੱਤੀਆਂ ਹਨ ਕਿ ਸਰਕਾਰ ਦਾ ਵਕਾਰ ਕਾਇਮ ਰੱਖਿਆ ਜਾਵੇ। ਭਾਵੇਂ ਕਿਤਨੀ ਸਖ਼ਤ ਕਾਰਵਾਈ ਕਰਨੀ ਪਵੇ, ਵੱਡੇ ਤੋਂ ਵੱਡੇ ਲੀਡਰ ਨੂੰ ਵੀ ਗ੍ਰਿਫ਼ਤਾਰ ਕਰਨਾ ਪਵੇ ਤਾਂ ਕਰ ਲਿਆ ਜਾਵੇ।"[17] ਇਥੇ ਸ: ਬਾਦਲ ਦਾ ਸਪਸ਼ਟ ਇਸ਼ਾਰਾ ਸੰਤ ਜਰਨੈਲ ਸਿੰਘ ਵੱਲ ਸੀ। ਇਸ ਹਾਲਤ ਦੇ ਮੱਦੇਨਜ਼ਰ ਪੰਜਾਬ ਪੁਲਸ ਦੇ ਤਤਕਾਲੀ ਮੁਖੀ ਸ: ਭਗਵਾਨ ਸਿੰਘ ਦਾਨੇਵਾਲੀਆ ਨੂੰ ਫ਼ੌਰਨ ਛੁੱਟੀ ਤੋਂ ਵਾਪਸ ਸੱਦ ਲਿਆ ਗਿਆ। 27 ਅਗਸਤ ਨੂੰ ਸਰਕਾਰੀ ਸੁਰੱਖਿਆ ਹੇਠ ਬਹੁਤ ਸਾਰੇ ਸ਼ਹਿਰਾਂ ਅੰਦਰ ਨਿਰੰਕਾਰੀ ਸਮਾਗਮ ਹੋਏ। ਅੰਮ੍ਰਿਤਸਰ ਵਿੱਚ ਜਨਸੰਘੀ ਐਮ.ਐਲ.ਏ. ਹਰਬੰਸ ਲਾਲ ਖੰਨਾ ਨੇ ਉਚੇਚੇ ਯਤਨ ਕਰਕੇ ਨਿਰੰਕਾਰੀ ਭਵਨ (ਰਾਣੀ ਕਾ ਬਾਗ਼) ਅੰਦਰ ਸਤਿਸੰਗ ਕਰਵਾਇਆ ਜੋ ਕਿ ਸਿੱਖਾਂ ਨੂੰ ਇਕ ਹਿਸਾਬ ਨਾਲ ਖੁੱਲ੍ਹਮ-ਖੁੱਲ੍ਹੀ ਚੁਣੌਤੀ ਸੀ। ਇਸੇ ਦੌਰਾਨ ਦੇਸ-ਪਰਦੇਸ ਅੰਦਰ ਸਿੱਖਾਂ, ਖ਼ਾਸ ਕਰਕੇ ਸ਼ਹਿਰੀ ਸਿੱਖ ਸੰਗਤਾਂ ਨੇ ਨਿਰੰਕਾਰੀ ਸਮਾਗਮਾਂ ਖ਼ਿਲਾਫ਼ ਰੋਸ ਭਰੇ ਜਲਸਿਆਂ/ਜਲੂਸਾਂ ਦਾ ਤਾਂਤਾ ਬੰਨ੍ਹ ਦਿੱਤਾ। 26 ਸਤੰਬਰ (1978) ਨੂੰ ਕਾਨਪੁਰ ਵਿੱਚ ਸਿੱਖਾਂ ਦੇ ਇਕ ਅਜਿਹੇ ਹੀ ਪੁਰਅਮਨ ਅਤੇ ਬਾਜ਼ਾਬਤਾ ਜਲੂਸ ਉੱਤੇ ਪੁਲਸ ਨੇ ਗੋਲੀਆਂ ਦੀ ਬੁਛਾੜ ਕਰ ਦਿੱਤੀ ਜਿਸ ਨਾਲ 13 ਸਿੰਘ ਥਾਂ 'ਤੇ ਹੀ ਸ਼ਹੀਦ ਹੋ ਗਏ ਤੇ 74 ਦੇ ਕਰੀਬ ਜ਼ਖ਼ਮੀ ਹੋ ਗਏ।[18] ਇਸ ਕਤਲੇਆਮ ਨੇ ਸਿੱਖ ਪੰਥ ਦੇ ਪਹਿਲਾਂ ਹੀ ਰਿਸਦੇ ਜ਼ਖ਼ਮਾਂ ਉੱਤੇ ਹੋਰ ਨਸ਼ਤਰ ਫੇਰ ਦਿੱਤਾ। ਦੇਸ-ਪਰਦੇਸ ਅੰਦਰ ਸਿੱਖ ਸੰਗਤਾਂ ਨੇ ਇਸ ਵਹਿਸ਼ੀ ਕਤਲੇਆਮ ਦੇ ਖ਼ਿਲਾਫ਼ ਹੜਤਾਲਾਂ/ਮੁਜ਼ਾਹਰੇ ਕਰਕੇ ਹਿੰਦੂ ਹਾਕਮਾਂ ਨੂੰ ਤਿੱਖੀ ਫਿਟਕਾਰ ਪਾਈ।

ਅਜਿਹੇ ਉਤੇਜਨਾ ਭਰੇ ਮਾਹੌਲ ਅੰਦਰ ਬਾਦਲ ਸਰਕਾਰ ਦੀ ਨਿਰੰਕਾਰੀ ਮਸਲੇ ਪ੍ਰਤੀ ਅਪਨਾਈ ਦਬੂ ਪਹੁੰਚ ਅਕਾਲੀ ਸਫ਼ਾਂ ਨੂੰ ਬੁਰੀ ਤਰ੍ਹਾਂ ਚੁਭਣ ਲੱਗ ਪਈ ਅਤੇ ਉਨ੍ਹਾਂ ਦਾ 'ਆਪਣੀ ਸਰਕਾਰ' ਤੋਂ ਮੋਹ ਭੰਗ ਹੋਣ ਲੱਗਾ। ਇਸ ਦੇ ਨਾਲ ਹੀ, ਅਕਾਲੀ ਲੀਡਰਸ਼ਿਪ ਅੰਦਰਲੇ ਕੁਝ ਹਿੱਸਿਆਂ ਨੇ ਹਕੂਮਤੀ ਧੜੇ ਨਾਲ ਆਪਣੇ ਵਖਰੇਵੇਂ ਤੇ ਨਾਰਾਜ਼ਗੀ ਦਾ ਖੁੱਲ੍ਹਾ ਪ੍ਰਗਟਾਵਾ ਕਰਨਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ, ਚੁਫੇਰਿਓਂ ਘਿਰੇ ਹਕੂਮਤੀ ਧੜੇ ਦੇ ਪੈਰਾਂ ਹੇਠੋਂ ਤੇਜ਼ੀ ਨਾਲ ਜ਼ਮੀਨ ਖਿਸਕਣ ਲੱਗੀ। ਜਦ ਸਿੱਖ ਜਗਤ ਦੀਆਂ ਭਾਵਨਾਵਾਂ ਨੂੰ ਇਕ ਹੱਦ ਤੋਂ ਵੱਧ ਅਣਗੌਲਿਆਂ ਕਰ ਸਕਣਾ ਨਾਮੁਮਕਿਨ ਹੋ ਗਿਆ ਤਾਂ ਹਕੂਮਤੀ ਧੜੇ ਨੇ, ਆਪਣੇ ਰਾਜਸੀ ਚਰਿੱਤਰ ਮੁਤਾਬਕ, ਇਨ੍ਹਾਂ ਭਾਵਨਾਵਾਂ ਉੱਤੇ ਠੰਢਾ ਛਿੜਕਣ ਦੇ ਇਰਾਦੇ

ਨਾਲ ਨਿਰੰਕਾਰੀਆਂ ਖ਼ਿਲਾਫ਼ 'ਕਾਰਵਾਈ ਕਰਨ' ਦੀ ਮੁਦਰਾ ਧਾਰਨ ਕੀਤੀ। 28 ਸਤੰਬਰ ਨੂੰ ਪੰਜਾਬ ਸਰਕਾਰ ਨੇ ਇਕ ਫ਼ੈਸਲੇ ਰਾਹੀਂ ਬਾਬਾ ਗੁਰਬਚਨ ਸਿੰਘ ਦੇ ਪੰਜਾਬ ਅੰਦਰ ਦਾਖ਼ਲ ਹੋਣ ਉੱਤੇ ਛੇ ਮਹੀਨਿਆਂ ਲਈ ਪਾਬੰਦੀ ਲਾ ਦਿੱਤੀ (ਜਿਸ ਨੂੰ ਬਾਬੇ ਨੇ ਅਦਾਲਤ ਵਿੱਚ ਦਰਖ਼ਾਸਤ ਦੇ ਕੇ ਫ਼ੌਰਨ ਰੱਦ ਕਰਵਾ ਦਿੱਤਾ)। ਸ: ਬਾਦਲ ਨੇ 'ਅਵਤਾਰ ਬਾਣੀ' ਉੱਤੇ ਪਾਬੰਦੀ ਲਾਉਣ ਦੀ ਮੰਗ ਨੂੰ ਕੇਂਦਰ ਸਰਕਾਰ ਵੱਲ ਤਿਲ੍ਹਕਾ ਕੇ ਬੜੀ ਸਫ਼ਾਈ ਨਾਲ ਇਸ ਉੱਤੋਂ ਆਪਣੇ ਹੱਥ ਝਾੜ ਲਏ। ਬਾਦਲ ਸਰਕਾਰ ਵੱਲੋਂ ਨਿਰੰਕਾਰੀ ਬਾਬੇ ਉੱਤੇ ਪੰਜਾਬ ਅੰਦਰ ਦਾਖ਼ਲ ਹੋਣ ਤੋਂ ਰੋਕ ਲਾਉਣ ਦੇ ਫ਼ੈਸਲੇ ਨਾਲ ਪ੍ਰਧਾਨ ਮੰਤਰੀ (ਮੁਰਾਰਜੀ ਡਿਸਾਈ) ਦਾ ਪਾਰਾ ਗਰਮ ਹੋ ਗਿਆ ਅਤੇ ਉਸ ਨੇ ਬਾਦਲ ਨੂੰ ਫ਼ੌਰਨ ਦਿੱਲੀ ਤਲਬ ਕਰ ਲਿਆ।

ਅਜਿਹੇ ਤਪੇ ਹੋਏ ਮਾਹੌਲ ਅੰਦਰ 28-29 ਅਕਤੂਬਰ ਨੂੰ ਲੁਧਿਆਣਾ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਅਠਾਰ੍ਹਵੀਂ ਸਰਬ ਹਿੰਦ ਕਾਨਫ਼ਰੰਸ ਹੋਈ। ਪਿਛਲੇ ਕਾਂਡ ਅੰਦਰ ਇਸ ਕਾਨਫ਼ਰੰਸ ਬਾਰੇ ਚਰਚਾ ਕਰਦਿਆਂ ਹੋਇਆਂ ਅਕਾਲੀ ਲੀਡਰਸਿਪ ਵੱਲੋਂ ਹਿੰਦੂ ਤਾਕਤਾਂ ਦੇ ਪ੍ਰਭਾਵ ਤੇ ਦਬਾਅ ਹੇਠ ਆ ਕੇ ਆਨੰਦਪੁਰ ਸਾਹਿਬ ਦੇ ਮਤੇ ਦੇ ਮੂਲ ਤੱਤ ਅਤੇ ਭਾਵਨਾ ਨੂੰ ਪੇਤਲਾ ਪਾਉਣ ਦੀਆਂ ਰਾਜਸੀ ਮਸ਼ਕਾਂ ਦਾ ਭਰ-ਵਿਸਥਾਰ ਵਰਣਨ ਹੋ ਚੁੱਕਾ ਹੈ। ਕਾਨਫ਼ਰੰਸ ਅੰਦਰ ਅੱਡ-ਅੱਡ ਅਕਾਲੀ ਆਗੂਆਂ ਨੇ ਨਿਰੰਕਾਰੀ ਮਸਲੇ ਦਾ ਜ਼ਿਕਰ ਕਰਨ ਵੇਲੇ ਆਪੋ-ਆਪਣੇ ਦ੍ਰਿਸ਼ਟੀਕੋਣ ਅਤੇ ਰਾਜਸੀ ਹਿਤਾਂ ਤੇ ਸਹੂਲਤਾਂ ਨੂੰ ਮੁੱਖ ਰੱਖਦਿਆਂ ਹੋਇਆਂ ਅੱਡ ਅੱਡ ਸੁਰ ਅਪਣਾਈ। ਹਕੂਮਤੀ ਧੜੇ ਨੇ ਇਸ ਮਸਲੇ ਨੂੰ ਉਛਾਲਣ ਤੋਂ ਗੁਰੇਜ਼ ਕਰਨ ਦੀ ਸੁਚੇਤ ਪਹੁੰਚ ਅਪਣਾਈ। ਇਸ ਦੇ ਬਾਵਜੂਦ ਇਹ ਮਸਲਾ ਕਾਨਫ਼ਰੰਸ ਉੱਤੇ ਛਾਇਆ ਰਿਹਾ। ਹਕੂਮਤੀ ਧੜੇ ਨਾਲ ਖ਼ਫ਼ਾ ਆਗੂਆਂ ਨੇ ਆਪਣੇ ਭਾਸ਼ਣਾਂ ਅੰਦਰ, ਅਸਿੱਧੇ ਢੰਗ ਨਾਲ, ਪੰਜਾਬ ਸਰਕਾਰ ਦੀ ਨਾਅਹਿਲੀਅਤ ਦੀ ਤਿੱਖੀ ਆਲੋਚਨਾ ਕੀਤੀ। ਪਰ ਭਾਸ਼ਣਬਾਜ਼ੀ ਤੋਂ ਵਧ ਕੇ ਕਾਨਫ਼ਰੰਸ ਨੇ ਅਕਾਲੀ ਦਲ ਤੇ ਸਰਕਾਰ ਦੀ ਪੱਧਰ 'ਤੇ ਇਸ ਸਮੱਸਿਆ ਨਾਲ ਨਜਿੱਠਣ ਬਾਰੇ ਨਾ ਕੋਈ ਠੋਸ ਨੀਤੀ-ਦਿਸ਼ਾ ਨਿਰਧਾਰਤ ਕੀਤੀ ਅਤੇ ਨਾ ਕੋਈ ਕਾਰਗਰ ਫ਼ੈਸਲਾ ਲਿਆ। 29 ਅਕਤੂਬਰ ਨੂੰ ਬਾਅਦ ਦੁਪਹਿਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਇਸ ਕਾਨਫ਼ਰੰਸ ਨੂੰ ਸੰਬੋਧਨ ਕਰਨ ਦਾ ਮੌਕਾ ਪ੍ਰਬੰਧਕਾਂ ਕੋਲੋਂ, ਇਕ ਹਿਸਾਬ ਨਾਲ, ਜਬਰੀ ਹਥਿਆ ਲਿਆ। ਉਸ ਵੇਲੇ ਅਕਾਲੀ ਲੀਡਰਸ਼ਿਪ ਸੰਤ ਜਰਨੈਲ ਸਿੰਘ ਨੂੰ ਉੱਕਾ ਹੀ ਕੋਈ ਵੁੱਕਤ ਤੇ ਅਹਿਮੀਅਤ ਨਹੀਂ ਸੀ ਦਿੰਦੀ। ਪ੍ਰਬੰਧਕ ਸੰਤ ਜਰਨੈਲ ਸਿੰਘ ਨੂੰ ਬੋਲਣ ਦਾ ਮੌਕਾ ਦੇਣ ਦੇ ਰੌਂਅ ਵਿੱਚ ਨਹੀਂ ਸਨ। ਪਰ ਪੰਡਾਲ ਅੰਦਰ ਬੈਠੇ ਸੰਤਾਂ ਦੇ ਕੁਝ ਕੁ ਦਰਜਨ ਸਮਰਥਕਾਂ ਨੇ ਜਦ ਜ਼ੋਰਦਾਰ ਨਾਅਰੇਬਾਜ਼ੀ ਕਰਨੀ ਜਾਰੀ ਰੱਖੀ ਤਾਂ ਪ੍ਰਬੰਧਕਾਂ ਲਈ ਸੰਤ ਜਰਨੈਲ ਸਿੰਘ ਨੂੰ ਬੋਲਣ ਦਾ ਸਮਾਂ ਦੇਣ ਤੋਂ ਬਿਨਾਂ ਹੋਰ ਕੋਈ ਚਾਰਾ ਨਾ ਰਿਹਾ। ਸੰਤਾਂ ਨੇ ਆਪਣੇ ਸੰਖੇਪ ਭਾਸ਼ਣ ਵਿੱਚ ਅਕਾਲੀ ਆਗੂਆਂ ਅੰਦਰ ਧਾਰਮਿਕ ਸ਼ਰਧਾ ਤੇ ਸਿੱਖੀ ਜਜ਼ਬੇ ਦੇ ਅਭਾਵ ਅਤੇ ਕੁਰਸੀ-ਮੋਹ ਅਧੀਨ ਪੰਥਕ ਹਿਤਾਂ ਨੂੰ ਤਿਲਾਂਜਲੀ ਦੇਣ ਦੀ ਕਰੁਚੀ ਦੀ ਖਰ੍ਹਵੀ ਆਲੋਚਨਾ ਕੀਤੀ। ਜਿਸ 'ਤੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਤੁਰੰਤ ਭੜਕਾਹਟ ਭਰੇ ਅਤੇ ਕੁਰੱਖ਼ਤ ਲਹਿਜੇ ਵਿੱਚ ਮੋੜਵਾਂ ਉੱਤਰ ਦਿੰਦਿਆਂ ਹੋਇਆਂ ਸੰਤ ਜਰਨੈਲ ਸਿੰਘ ਪ੍ਰਤੀ ਆਪਣੀ ਔਖ ਤੇ ਨਫ਼ਰਤ ਦਾ ਖੁੱਲ੍ਹਾ ਪ੍ਰਗਟਾਵਾ ਕੀਤਾ। ਸੰਤ ਜਰਨੈਲ ਸਿੰਘ ਦੁਆਰਾ ਅਕਾਲੀ ਰਾਜਨੀਤੀ ਦੇ ਠਹਿਰੇ ਤੇ ਗੰਧਲੇ ਹੋਏ ਪਾਣੀਆਂ ਅੰਦਰ ਵਗਾਹਵੀਂ ਇੱਟ ਮਾਰਨ ਦਾ ਇਹ ਪਹਿਲਾ ਮੌਕਾ ਸੀ। ਇਸ ਨਾਲ ਅਕਾਲੀ ਰਾਜਨੀਤੀ ਦੇ ਪਾਣੀਆਂ ਅੰਦਰ ਪੈਦਾ ਹੋਈ ਹਲਚਲ ਭਵਿੱਖ ਅੰਦਰ ਅਕਾਲੀ ਰਾਜਨੀਤੀ ਅੰਦਰ ਵੱਡੀ ਉਥਲ-ਪੁਥਲ ਦਾ ਪੂਰਵ-ਸੰਦੇਸ਼ਾ ਹੋ ਨਿਬੜੇਗੀ, ਇਸ ਗੱਲ ਦਾ ਉਦੋਂ ਕਿਸੇ ਨੂੰ ਚਿਤ-ਚੇਤਾ ਵੀ ਨਹੀਂ ਸੀ।

ਅਕਾਲੀ ਆਗੂਆਂ ਨੇ ਅਜੇ ਲੁਧਿਆਣਾ ਕਾਨਫ਼ਰੰਸ ਦਾ ਥਕੇਵਾਂ ਵੀ ਨਹੀਂ ਸੀ ਲਾਹਿਆ ਕਿ 5 ਨਵੰਬਰ ਨੂੰ ਦਿੱਲੀ ਦੇ ਗੁਰਦੁਆਰਾ ਬੰਗਲਾ ਸਾਹਿਬ ਤੋਂ ਰੋਸ ਮਾਰਚ ਕੱਢ ਰਹੇ ਸਿੱਖਾਂ ਉੱਪਰ ਪੁਲਸ ਨੇ ਗੋਲੀ ਚਲਾ ਕੇ 3 ਸਿੰਘਾਂ ਨੂੰ ਸ਼ਹੀਦ ਤੇ 9 ਨੂੰ ਜ਼ਖ਼ਮੀ ਕਰ ਦਿੱਤਾ। ਸਿੱਖ ਰਾਮ ਲੀਲ੍ਹਾ ਮੈਦਾਨ ਵਿਖੇ ਹੋ ਰਹੇ ਨਿਰੰਕਾਰੀ ਸੰਮੇਲਨ ਦੇ ਖ਼ਿਲਾਫ਼ ਮੁਜ਼ਾਹਰਾ ਕਰ ਰਹੇ ਸਨ। ਸੱਤਾਂ ਮਹੀਨਿਆਂ ਅੰਦਰ ਹੀ ਅੰਮ੍ਰਿਤਸਰ ਤੇ ਕਾਨਪੁਰ ਤੋਂ ਬਾਅਦ ਦਿੱਲੀ ਵਿਖੇ ਵਾਪਰੇ ਇਸ ਤੀਜੇ ਵੱਡੇ ਖ਼ੂਨੀ ਕਾਂਡ ਨੇ ਸਿੱਖ ਜਨਤਾ ਅੰਦਰ ਭਾਰੀ ਰੋਹ ਪੈਦਾ ਕਰ ਦਿੱਤਾ ਜਿਸ ਨਾਲ ਅਕਾਲੀ ਲੀਡਰਸ਼ਿਪ ਦੇ ਹਕੂਮਤੀ ਧੜੇ ਲਈ ਹੋਰ ਵੱਧ ਮੁਸ਼ਕਲਾਂ ਤੇ ਪ੍ਰੇਸ਼ਾਨੀਆਂ ਖੜੀਆਂ ਹੋ ਗਈਆਂ। ਕੇਂਦਰੀ ਹਕੂਮਤ ਵਿੱਚ ਭਾਈਵਾਲ ਅਕਾਲੀ ਮੰਤਰੀਆਂ ਉੱਤੇ ਫ਼ੌਰਨ ਅਸਤੀਫ਼ੇ ਦੇਣ ਦਾ ਦਬਾਅ ਵਧ ਗਿਆ। ਸਿੱਟੇ ਵਜੋਂ, ਨਵੰਬਰ ਵਿੱਚ ਦੋਨੋਂ ਅਕਾਲੀ ਮੰਤਰੀਆਂ (ਸ: ਸੁਰਜੀਤ ਸਿੰਘ ਬਰਨਾਲਾ ਤੇ ਧੰਨਾ ਸਿੰਘ ਗੁਲਸ਼ਨ) ਨੇ, ਅਣਮੰਨੇ ਚਿਤ ਨਾਲ ਆਪਣੇ ਅਸਤੀਫ਼ੇ ਪ੍ਰਧਾਨ ਮੰਤਰੀ ਨੂੰ ਸੌਂਪ ਦਿੱਤੇ। ਪਰ ਕੁਝ ਹੀ ਦਿਨਾਂ ਬਾਅਦ ਕੇਂਦਰੀ ਹਾਕਮਾਂ ਦੇ ਜ਼ੁਬਾਨੀ-ਕਲਾਮੀ ਵਾਅਦਿਆਂ ਤੇ ਲਾਰਿਆਂ 'ਤੇ ਧਿਜ ਕੇ ਅਸਤੀਫ਼ੇ ਵਾਪਸ ਲੈ ਲਏ ਗਏ।[19] ਇਹ ਗੱਲ ਪਹਿਲਾਂ ਹੀ ਪੱਕੀ ਸੀ ਕਿ ਅਕਾਲੀ ਦਲ ਦੀ ਕੋਈ ਵੀ ਮੰਗ ਮੰਨੀ ਨਹੀਂ ਜਾਵੇਗੀ। ਅਸਲ ਵਿੱਚ, ਸੱਤਾ ਵਿੱਚ ਆਏ ਨਵੇਂ ਹਾਕਮਾਂ ਦਾ ਸਿੱਖ ਕੌਮ ਦੀਆਂ ਮੰਗਾਂ ਤੇ ਮਸਲਿਆਂ ਪ੍ਰਤੀ ਵਤੀਰਾ ਪਹਿਲੇ ਕਾਂਗਰਸੀ ਹਾਕਮਾਂ ਤੋਂ ਕਿਸੇ ਵੀ ਲਿਹਾਜ਼ ਨਾਲ ਵੱਖਰਾ ਨਹੀਂ ਸੀ। ਚਾਰ ਗੱਲਾਂ 'ਚੋਂ ਇਸ ਦੀ ਪ੍ਰਤੱਖ ਪੁਸ਼ਟੀ ਹੋ ਗਈ ਸੀ। ਇਕ, ਨਿਰੰਕਾਰੀ ਮਸਲੇ 'ਤੇ ਜਨਤਾ ਗੱਠਜੋੜ ਸਰਕਾਰ ਦੀਆਂ ਮੋਹਰੀ ਹਸਤੀਆਂ (ਡਿਸਾਈ, ਚਰਨ ਸਿੰਘ ਤੇ ਵਾਜਪਾਈ ਆਦਿ) ਦੀ ਨੰਗੀ ਚਿੱਟੀ ਸਿੱਖ-ਵਿਰੋਧੀ ਫ਼ਿਰਕੂ ਪਹੁੰਚ ਕਿਸੇ ਕੋਲੋਂ ਵੀ ਗੁੱਝੀ ਨਹੀਂ ਸੀ ਰਹੀ। ਦੂਜਾ, ਜਦ ਜਨਤਾ ਸਰਕਾਰ ਨੇ 1978 ਵਿੱਚ ਦੇਸ ਅੰਦਰ ਘੱਟਗਿਣਤੀ ਧਾਰਮਿਕ ਭਾਈਚਾਰਿਆਂ ਦੇ ਹਿਤਾਂ ਦੀ ਦੇਖਭਾਲ ਕਰਨ ਲਈ ਕੌਮੀ ਘੱਟਗਿਣਤੀ ਕਮਿਸ਼ਨ ਕਾਇਮ ਕਰਨ ਦਾ ਫ਼ੈਸਲਾ ਕੀਤਾ ਤਾਂ ਮੁਰਾਰਜੀ ਡਿਸਾਈ ਤੇ ਚੌਧਰੀ ਚਰਨ ਸਿੰਘ ਨੇ ਸਿੱਖਾਂ ਨੂੰ ਹਿੰਦੂਆਂ ਨਾਲੋਂ ਵੱਖਰਾ ਭਾਈਚਾਰਾ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਸਿੱਖਾਂ ਨੂੰ ਇਸ ਕਮਿਸ਼ਨ ਵਿੱਚ ਸ਼ਾਮਲ ਕਰਨ ਤੋਂ ਸਾਫ਼ ਜੁਆਬ ਦੇ ਦਿੱਤਾ।[20] ਤੀਜਾ, ਪੰਜਾਬੀ ਸੂਬਾ ਕਾਇਮ ਕਰਨ ਵੇਲੇ ਪੰਜਾਬ ਨਾਲ ਜੋ ਨੰਗੀ ਦਰਿਆਤ ਵਰਤੀ ਗਈ ਸੀ ਅਤੇ ਇਸ ਕੋਲੋਂ ਬੇਇਮਾਨੀ ਤੇ ਧੱਕੇਸ਼ਾਹੀ ਨਾਲ ਇਸ ਦੀ ਰਾਜਧਾਨੀ, ਪੰਜਾਬੀ ਬੋਲਦੇ ਇਲਾਕੇ, ਦਰਿਆਈ ਪਾਣੀ ਤੇ ਹੈੱਡ ਵਰਕਸ ਹਥਿਆ ਲਏ ਗਏ ਸਨ, ਜਨਤਾ ਸਰਕਾਰ ਨੇ ਇਨ੍ਹਾਂ 'ਚੋਂ ਇਕ ਵੀ ਬੇਇਨਸਾਫ਼ੀ ਨੂੰ ਦੂਰ ਕਰਨ 'ਚ ਨਾ ਸਿਰਫ਼ ਕੋਈ ਰੁਚੀ ਨਾ ਦਿਖਾਈ ਸਗੋਂ ਇਨ੍ਹਾਂ ਵਧੀਕੀਆਂ ਨੂੰ ਪੱਕੇ ਪੈਰੀਂ ਕਰਨ ਦੀ ਬਦਨੀਤੀ ਦਾ ਖੁੱਲ੍ਹਾ ਪ੍ਰਗਟਾਵਾ ਕੀਤਾ ਗਿਆ। ਪੰਜਾਬੀ ਸੂਬੇ ਦੀ ਸਥਾਪਨਾ ਵੇਲੇ ਕੇਂਦਰ ਦੀ ਕਾਂਗਰਸ ਸਰਕਾਰ ਨੇ ਪੰਜਾਬ ਦੇ ਦਰਿਆਈ ਪਾਣੀਆਂ ਤੇ ਹਾਈਡਲ ਪ੍ਰੋਜੈਕਟਾਂ ਦੇ ਕੰਟਰੋਲ ਨੂੰ 'ਝਗੜੇ ਵਾਲਾ ਮਸਲਾ' ਕਰਾਰ ਦਿੰਦਿਆਂ ਹੋਇਆਂ ਪੰਜਾਬ ਪੁਨਰਗਠਨ ਐਕਟ-1966 ਦੀ ਧਾਰਾ 78 ਅਧੀਨ ਇਹ ਕਹਿ ਕੇ ਆਪਣੇ ਕਬਜ਼ੇ ਹੇਠ ਰੱਖ ਲਿਆ ਸੀ ਕਿ ਝਗੜੇ ਨਾਲ ਸਬੰਧਤ ਧਿਰਾਂ (ਪੰਜਾਬ, ਹਰਿਆਣਾ, ਰਾਜਸਥਾਨ) ਨਾਲ ਸਲਾਹ-ਮਸ਼ਵਰਾ ਕਰ ਕੇ ਇਸ ਦਾ 'ਨਿਆਈਂ ਹੱਲ' ਲੱਭ ਲਿਆ ਜਾਵੇਗਾ। ਦਰਿਆਈ ਪਾਣੀਆਂ ਬਾਰੇ ਕੌਮਾਂਤਰੀ ਕਾਨੂੰਨਾਂ ਤੇ ਮਰਯਾਦਾ ਦੇ ਮੁਤਾਬਕ ਇਨ੍ਹਾਂ ਦਰਿਆਈ ਪਾਣੀਆਂ ਤੇ ਹੈੱਡ ਵਰਕਸਾਂ ਉੱਤੇ ਨਿਰੋਲ ਪੰਜਾਬ ਦਾ ਹੀ ਹੱਕ ਬਣਦਾ ਹੈ। ਇਸ ਨੂੰ 'ਝਗੜੇ ਵਾਲਾ ਮਸਲਾ' ਕਰਾਰ ਦੇਣਾ ਪੰਜਾਬ ਨਾਲ ਸ਼ਰੀਹਣ ਬੇਇਨਸਾਫ਼ੀ ਹੈ ਜਿਸ 'ਚੋਂ ਹਿੰਦੂ ਹਾਕਮਾਂ ਦੀ ਸਿੱਖਾਂ ਪ੍ਰਤੀ ਮੰਦਭਾਵਨਾ ਪ੍ਰਗਟ ਹੁੰਦੀ ਹੈ। ਇਹ

ਮੰਦਭਾਵਨਾ ਉਸ ਵੇਲੇ ਖੁੱਲ੍ਹ ਕੇ ਬਾਹਰ ਆ ਗਈ ਜਦ ਐਮਰਜੈਂਸੀ ਦੌਰਾਨ ਇੰਦਰਾ ਗਾਂਧੀ ਨੇ (25 ਮਾਰਚ 1976 ਨੂੰ) ਦਰਿਆਈ ਪਾਣੀਆਂ ਬਾਰੇ ਆਪ-ਹੁਦਰੇ ਢੰਗ ਨਾਲ ਨਿਰਣਾ ਸੁਣਾ ਦਿੱਤਾ ਜਿਸ ਮੁਤਾਬਕ ਪੰਜਾਬ ਦੇ ਪਾਣੀਆਂ ਦਾ ਤਿੰਨ ਚੁਥਾਈ ਹਿੱਸਾ ਗੁਆਂਢੀ ਰਾਜਾਂ ਦੀ ਝੋਲੀ ਪਾ ਦਿੱਤਾ ਗਿਆ।[21]

ਇੰਦਰਾ ਗਾਂਧੀ ਦੇ 'ਦਾਸ' ਵਾਲਾ ਦਰਜਾ ਰੱਖਣ ਵਾਲੇ ਗਿਆਨੀ ਜ਼ੈਲ ਸਿੰਘ ਵਰਗੇ ਮੁੱਖ ਮੰਤਰੀ ਲਈ ਵੀ ਏਨੀ ਨੰਗੀ ਤੇ ਵੱਡੀ ਬੇਇਨਸਾਫ਼ੀ ਸੰਘੋਂ ਲੰਘਾਉਣੀ ਮੁਸ਼ਕਲ ਹੋ ਗਈ। ਪਰ ਗ਼ੁਲਾਮ ਕੀ ਤੇ ਉਜ਼ਰ ਕੀ! 'ਇੰਦਰਾ ਅਵਾਰਡ' ਦੇ ਨਾਂ ਨਾਲ ਜਾਣਿਆ ਜਾਂਦਾ ਇਹ ਫ਼ੈਸਲਾ ਧੱਕੇ ਨਾਲ ਪੰਜਾਬ ਦੇ ਸਿਰ ਮੜ੍ਹ ਦਿੱਤਾ ਗਿਆ। ਐਮਰਜੈਂਸੀ ਦੀ ਇਹ ਸਭ ਤੋਂ ਵੱਡੀ ਵਧੀਕੀ ਸੀ ਜੋ ਪੰਜਾਬ ਦੇ ਹਿਤਾਂ ਲਈ ਬਹੁਤ ਘਾਤਕ ਸੀ। ਜਨਤਾ ਆਗੂ ਐਮਰਜੈਂਸੀ ਦੀਆਂ ਵਧੀਕੀਆਂ ਦੇ ਖ਼ਿਲਾਫ਼ ਜਨਤਕ ਰੋਹ ਦੀ ਛੱਲ ਉੱਤੇ ਸਵਾਰ ਹੋ ਕੇ ਦਿੱਲੀ ਦੇ ਤਖ਼ਤ ਉੱਤੇ ਬਿਰਾਜਮਾਨ ਹੋਏ ਸਨ ਅਤੇ ਉਨ੍ਹਾਂ ਨੇ ਇਨ੍ਹਾਂ ਵਧੀਕੀਆਂ ਨੂੰ ਦੂਰ ਕਰਨ ਦੇ ਖੁੱਲ੍ਹੇ ਵਾਅਦੇ ਕੀਤੇ ਸਨ। ਜਦ ਪੰਜਾਬ ਨਾਲ ਹੋਈ ਇਸ ਰੜਕਵੀਂ ਵਧੀਕੀ ਦੀ ਗੱਲ ਆਈ ਤਾਂ ਡਿਸਾਈ ਸਰਕਾਰ ਨੇ ਇਸ ਪਾਸੇ ਕੰਨ ਕਰਨ ਤੋਂ ਚਿੱਟਾ ਜੁਆਬ ਦੇ ਦਿੱਤਾ। ਇਸੇ ਦੌਰਾਨ ਸ: ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠਲੀ ਅਕਾਲੀ-ਜਨਤਾ ਗੱਠਜੋੜ ਸਰਕਾਰ ਨੇ ਕੇਂਦਰੀ ਹਾਕਮਾਂ ਕੋਲ ਸਤਲੁਜ-ਯਮੁਨਾ ਲਿੰਕ ਨਹਿਰ, ਜਿਸ ਰਾਹੀਂ ਹਰਿਆਣਾ ਨੂੰ ਪੰਜਾਬ ਦੇ ਦਰਿਆਵਾਂ ਦਾ ਪਾਣੀ ਭੇਜਿਆ ਜਾਣਾ ਸੀ, ਦੀ ਉਸਾਰੀ ਕਰਨਾ ਮੰਨ ਲਿਆ ਅਤੇ ਇਸ ਮਕਸਦ ਲਈ ਕੇਂਦਰ ਸਰਕਾਰ ਕੋਲੋਂ ਇਕ ਕਰੋੜ ਰੁਪਏ ਦੀ ਰਾਸ਼ੀ ਵੀ ਵਸੂਲ ਪਾ ਲਈ ਅਤੇ ਧਾਰਾ 17-ਏ ਅਧੀਨ ਜ਼ਮੀਨ ਅਕਵਾਇਰ ਕਰਨ ਦੀ ਕਾਰਵਾਈ ਵੀ ਆਰੰਭ ਦਿੱਤੀ।[22] ਚੌਥੀ ਗੱਲ, ਐਮਰਜੈਂਸੀ ਦੌਰਾਨ ਕਾਂਗਰਸ ਸਰਕਾਰ ਨੇ ਇਕ ਆਰਡੀਨੈਂਸ ਜਾਰੀ ਕਰ ਕੇ ਦੇਸ ਦੀਆਂ ਹਥਿਆਰਬੰਦ ਫ਼ੌਜਾਂ ਅੰਦਰ ਰਾਜਾਂ ਦੀ ਨੁਮਾਇੰਦਗੀ ਨੂੰ ਵਸੋਂ ਦੇ ਅਨੁਪਾਤ ਨਾਲ ਜੋੜ ਦਿੱਤਾ। ਇਸ ਫ਼ੈਸਲੇ ਦਾ ਸਪਸ਼ਟ ਉਦੇਸ਼ ਫ਼ੌਜ ਅੰਦਰ ਸਿੱਖਾਂ ਦੀ ਨੁਮਾਇੰਦਗੀ ਘਟਾਉਣਾ ਸੀ ਕਿਉਂਕਿ ਇਕ ਸੂਰਬੀਰ ਤੇ ਲੜਾਕੂ ਕੌਮ ਹੋਣ ਦੇ ਨਾਤੇ ਸਿੱਖਾਂ ਨੂੰ ਬਰਤਾਨਵੀ ਰਾਜ ਵੇਲੇ ਤੋਂ ਹੀ ਭਾਰਤੀ ਫ਼ੌਜ ਦੀ ਰੀੜ੍ਹ ਦੀ ਹੱਡੀ ਸਮਝਿਆ ਜਾਂਦਾ ਸੀ ਅਤੇ ਉਨ੍ਹਾਂ ਦੀ ਫ਼ੌਜ ਅੰਦਰ ਨੁਮਾਇੰਦਗੀ ਵਸੋਂ ਦੇ ਅਨੁਪਾਤ ਨਾਲੋਂ ਕੋਈ ਦਸ ਗੁਣਾ ਵਧੇਰੇ ਸੀ। ਸਰਕਾਰ ਦੇ ਨਵੇਂ ਫ਼ੈਸਲੇ ਦਾ ਸਿੱਖ ਭਾਈਚਾਰੇ ਉੱਤੇ ਨਾ ਸਿਰਫ਼ ਰਾਜਸੀ ਪੱਖ ਤੋਂ ਸਗੋਂ ਰੁਜ਼ਗਾਰ ਦੇ ਪੱਖ ਤੋਂ ਵੀ ਬਹੁਤ ਮਾਰੂ ਅਸਰ ਪੈਂਦਾ ਸੀ। ਇਸ ਕਰਕੇ ਅਕਾਲੀ ਦਲ ਨੇ ਇਸ ਫ਼ੈਸਲੇ ਦਾ ਪੁਰਜ਼ੋਰ ਵਿਰੋਧ ਕਰਦਿਆਂ ਹੋਇਆਂ ਫ਼ੌਜੀ ਭਰਤੀ ਬਾਰੇ ਚਲੀ ਆਉਂਦੀ ਪ੍ਰੰਪਰਾ ਨੂੰ ਜਾਰੀ ਰੱਖਣ ਦੀ ਮੰਗ ਕੀਤੀ। ਜਦ ਅਕਾਲੀ ਵਫ਼ਦ ਨੇ ਇਸ ਬਾਰੇ ਪ੍ਰਧਾਨ ਮੰਤਰੀ ਮੁਰਾਰਜੀ ਡਿਸਾਈ ਨਾਲ ਗੱਲਬਾਤ ਕੀਤੀ ਤਾਂ ਉਸ ਨੇ ਇਸ ਮੰਗ ਨੂੰ ਹਕਾਰਤ ਨਾਲ ਠੁਕਰਾ ਦਿੱਤਾ।

ਸੋ, ਕੁੱਲ ਮਿਲਾ ਕੇ, ਅਕਾਲੀ ਦਲ ਦਾ ਜਨਤਾ ਪਾਰਟੀ ਨਾਲ ਸਾਂਝੀ ਸਰਕਾਰ ਬਣਾਉਣ ਦਾ ਤਜਰਬਾ ਬਹੁਤਾ ਉਤਸ਼ਾਹੀ ਸਾਬਤ ਨਾ ਹੋਇਆ। ਨਿਰਾ ਇਸ ਕਰਕੇ ਨਹੀਂ ਕਿ ਜਨਤਾ ਪਾਰਟੀ ਅੰਦਰ ਸਿੱਖ-ਵਿਰੋਧੀ ਸੋਚ ਰੱਖਣ ਵਾਲੇ ਫ਼ਿਰਕੂ ਤੱਤਾਂ ਦਾ ਬੋਲਬਾਲਾ ਸੀ। ਇਕ ਵੱਡਾ ਕਾਰਨ ਇਹ ਵੀ ਸੀ ਕਿ ਅਕਾਲੀ ਲੀਡਰਸ਼ਿਪ ਅੰਦਰ ਆਪਣੀਆਂ ਮੰਗਾਂ ਦੀ ਧੜੱਲੇ ਨਾਲ ਪੈਰਵਾਈ ਕਰਨ ਦਾ ਨਿਸ਼ਚਾ ਤੇ ਦਮ ਨਹੀਂ ਸੀ। ਹਕੂਮਤੀ ਧਿਰ ਵਿੱਚ ਇਹ ਕਮਜ਼ੋਰੀ ਵੱਧ ਰੜਕਵੀਂ ਸੀ। ਉਹ ਲਗਾਤਾਰ ਜਨਤਾ ਪਾਰਟੀ ਅੰਦਰਲੀਆਂ ਸਿੱਖ-ਦੁਸ਼ਮਣ ਤਾਕਤਾਂ ਦੀ ਝੇਪ ਤੇ ਦਬਾਅ ਕਬੂਲ ਕਰਦਾ ਰਿਹਾ। ਉਦਾਹਰਣ ਵਜੋਂ, ਮਾਰਕਸਵਾਦੀ ਕਮਿਊਨਿਸਟ ਪਾਰਟੀ ਨੇ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਮੰਗ ਦੇ

ਪੱਖ ਵਿੱਚ ਲੋਕ-ਰਾਇ ਲਾਮਬੰਦ ਕਰਨ ਦੇ ਉਦੇਸ਼ ਨਾਲ 1978 ਵਿੱਚ ਚੰਡੀਗੜ੍ਹ ਵਿਖੇ ਇਕ ਪ੍ਰਭਾਵਸ਼ਾਲੀ ਵਿਚਾਰ-ਸੰਮੇਲਨ (ਸੈਮੀਨਾਰ) ਕਰਨ ਦੀ ਤਜਵੀਜ਼ ਪੇਸ਼ ਕੀਤੀ। ਸੀ.ਪੀ.ਐਮ. ਦਾ ਇਹ ਪ੍ਰਸਤਾਵ ਬਹੁਤ ਹੀ ਉਚਿਤ ਅਤੇ ਬਾ-ਮੌਕਾ ਸੀ। ਕਾਂਗਰਸ ਦੇ ਗੱਦੀ ਤੋਂ ਲੱਥ ਜਾਣ ਕਰਕੇ ਅਤੇ ਅਕਾਲੀ ਦਲ ਸਮੇਤ ਹੋਰਨਾਂ ਖੇਤਰੀ ਪਾਰਟੀਆਂ ਦੀ ਨਵੀਂ ਸਰਕਾਰ ਦੀ ਸਥਾਪਨਾ ਵਿੱਚ ਅਹਿਮ ਭੂਮਿਕਾ ਹੋਣ ਕਰਕੇ, ਸੱਤਾ ਦੇ ਕੇਂਦਰੀਕਰਨ ਦੇ ਰੁਝਾਨ ਉੱਤੇ ਕਰਾਰੀ ਚੋਟ ਕਰਨ ਦਾ ਇਹ ਸੁਨਹਿਰੀ ਮੌਕਾ ਸੀ। ਸ: ਪ੍ਰਕਾਸ਼ ਸਿੰਘ ਬਾਦਲ ਨੇ ਪਹਿਲਾਂ ਤਾਂ ਇਸ ਪ੍ਰਸਤਾਵ ਤੋਂ ਉਤਸ਼ਾਹਤ ਹੋ ਕੇ ਇਸ ਨਾਲ ਆਪਣੀ ਸਹਿਮਤੀ ਪ੍ਰਗਟਾਅ ਦਿੱਤੀ ਪਰ ਜਦੋਂ ਕੇਂਦਰੀ ਹਾਕਮਾਂ ਨੇ ਇਸ ਪ੍ਰਤੀ ਆਪਣੀ ਨਾਪਸੰਦਗੀ ਤੇ ਨਾਰਾਜ਼ਗੀ ਦਾ ਸੰਕੇਤ ਦੇ ਦਿੱਤਾ ਤਾਂ ਸ: ਬਾਦਲ ਨੇ, ਆਪਣੀ ਆਦਤਨ ਕਮਜ਼ੋਰੀ ਤੇ ਦਬੂਪਣੇ ਦਾ ਪ੍ਰਗਟਾਵਾ ਕਰਦਿਆਂ ਹੋਇਆਂ, ਝੱਟ ਇਸ ਤਜਵੀਜ਼ ਤੋਂ ਪੈਰ ਪਿਛਾਂਹ ਖਿੱਚ ਲਏ। ਜਨਤਾ ਗੱਠਜੋੜ ਸਰਕਾਰ ਦੇ 28 ਮਹੀਨਿਆਂ ਦੌਰਾਨ ਅਕਾਲੀ ਆਗੂਆਂ ਨੇ ਦੇਸ ਅੰਦਰ ਫ਼ੈਡਰਲ ਢਾਂਚਾ ਸਥਾਪਤ ਕਰਨ ਦੀ ਆਪਣੀ ਕੁੱਲ ਨਾਲੋਂ ਅਹਿਮ ਤੇ ਬੁਨਿਆਦੀ ਮੰਗ ਉੱਤੇ ਇਕ ਵਾਰ ਵੀ ਜ਼ੋਰ ਨਹੀਂ ਦਿੱਤਾ। ਅਕਾਲੀ ਮੰਤਰੀਆਂ ਨੇ ਆਪਣੇ ਜਮਾਤੀ ਕਿਰਦਾਰ ਪ੍ਰਤੀ ਸੱਚੇ ਰਹਿੰਦਿਆਂ ਤੇ ਆਪਣੇ ਜਮਾਤੀ ਹਿਤਾਂ ਨੂੰ ਪ੍ਰਮੁੱਖ ਰੱਖਦਿਆਂ ਹੋਇਆਂ ਕੌਮੀ ਵਿਕਾਸ ਕੌਂਸਲ ਦੀਆਂ ਮੀਟਿੰਗਾਂ ਅੰਦਰ ਰਾਜਾਂ ਨੂੰ ਵੱਧ ਵਿਤੀ ਅਧਿਕਾਰ ਦੇਣ ਦੀ ਜ਼ਰੂਰ ਪੈਰਵਾਈ ਕੀਤੀ ਪ੍ਰੰਤੂ ਰਾਜਸੀ ਖ਼ੁਦਮੁਖ਼ਤਿਆਰੀ ਦੇ ਪੱਖ ਵਿੱਚ ਕਦੇ ਭੁਲ ਕੇ ਵੀ ਜ਼ੁਬਾਨ ਨਹੀਂ ਖੋਹਲੀ।

ਅਕਾਲੀ ਦਲ ਨੇ ਜਨਤਾ ਗੱਠਜੋੜ ਸਰਕਾਰ ਦਾ ਧਾਰਮਿਕ-ਰਾਜਸੀ ਪੱਖ ਤੋਂ ਇਕ-ਮਾਤਰ ਲਾਹਾ ਇਹ ਉਠਾਇਆ ਕਿ 13 ਸਾਲਾਂ ਦੀ ਮੁੱਦਤ ਬਾਅਦ ਮਾਰਚ 1979 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਈਆਂ ਗਈਆਂ। ਕਾਂਗਰਸੀ ਹਾਕਮ 1971 ਤੋਂ ਹੀ ਇਹ ਚੋਣਾਂ ਕਰਵਾਉਣ ਤੋਂ ਲਗਾਤਾਰ ਆਨਾ-ਕਾਨੀ ਕਰਦੇ ਆ ਰਹੇ ਸਨ। ਉਹ ਅਕਾਲੀ ਦਲ ਕੋਲੋਂ ਸ਼੍ਰੋਮਣੀ ਕਮੇਟੀ ਦਾ ਕਬਜ਼ਾ ਹਥਿਆਉਣ ਦੀ ਤਾਕ ਵਿੱਚ ਸਨ ਅਤੇ ਇਸ ਮੰਤਵ ਲਈ ਕਿਸੇ ਢੁਕਵੇਂ ਮੌਕੇ ਤੇ ਬਹਾਨੇ ਦੀ ਤਲਾਸ਼ ਵਿੱਚ ਸਨ। ਅਕਾਲੀ ਆਗੂਆਂ ਨੇ ਕੇਂਦਰ ਦੀ ਜਨਤਾ ਗੱਠਜੋੜ ਸਰਕਾਰ ਨੂੰ ਮਾਰਚ 1979 ਵਿੱਚ ਇਹ ਚੋਣਾਂ ਕਰਵਾਉਣ ਲਈ ਰਜ਼ਾਮੰਦ ਕਰ ਲਿਆ। ਹਮੇਸ਼ਾ ਵਾਂਗ ਇਨ੍ਹਾਂ ਚੋਣਾਂ ਵਿੱਚ ਵੀ ਅਕਾਲੀ ਦਲ ਨੂੰ ਭਾਰੀ ਜਿੱਤ ਹਾਸਲ ਹੋਈ। 140 ਵਿੱਚੋਂ ਉਸ ਨੇ 136 ਸੀਟਾਂ 'ਤੇ ਕਬਜ਼ਾ ਕਰ ਲਿਆ। ਇਨ੍ਹਾਂ ਚੋਣਾਂ ਅੰਦਰ ਅਕਾਲੀ ਦਲ ਖ਼ਿਲਾਫ਼ ਕੁਝ ਗਰਮ-ਖ਼ਿਆਲੀ (ਰੈਡੀਕਲ) ਸੰਗਠਨਾਂ (ਦਲ ਖ਼ਾਲਸਾ ਆਦਿ) ਦੇ ਉਮੀਦਵਾਰ ਬਾਕਾਇਦਾ ਕਮਰਕੱਸੇ ਕਰ ਕੇ ਮੈਦਾਨ ਵਿੱਚ ਉਤਰੇ। ਹਲਕਾ ਬਿਆਸ (ਅੰਮ੍ਰਿਤਸਰ) ਤੋਂ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਅਤੇ ਸਵਰਗਵਾਸੀ ਸੰਤ ਕਰਤਾਰ ਸਿੰਘ ਭਿੰਡਰਾਂਵਾਲੇ ਦੇ ਸਪੁੱਤਰ ਭਾਈ ਅਮਰੀਕ ਸਿੰਘ ਦਾ ਮੁਕਾਬਲਾ ਪ੍ਰਸਿੱਧ ਅਕਾਲੀ ਆਗੂ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨਾਲ ਹੋਇਆ। ਬੇਸ਼ੱਕ ਜਥੇਦਾਰ ਉਮਰਾਨੰਗਲ ਨੇ ਚੋਣ ਲੜਨ ਲਈ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ ਪਰ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਸਮੇਤ ਹੋਰ ਸੀਨੀਅਰ ਅਕਾਲੀ ਮੰਤਰੀਆਂ ਨੇ ਜਥੇਦਾਰ ਉਮਰਾਨੰਗਲ ਦੇ ਪੱਖ ਵਿੱਚ ਸਰਗਰਮੀ ਨਾਲ ਪ੍ਰਚਾਰ ਕੀਤਾ। ਇਸ ਤੋਂ ਇਲਾਵਾ ਨਿਰੰਕਾਰੀਆਂ ਤੇ ਰਾਧਾ ਸੁਆਮੀਆਂ (ਡੇਰਾ ਬਿਆਸ ਤੇ ਨਾਲ ਲਗਵੇਂ ਖੇਤਰ ਵਿੱਚ ਰਾਧਾ ਸੁਆਮੀਆਂ ਦੀਆਂ ਕਾਫ਼ੀ ਵੋਟਾਂ ਸਨ) ਨੇ ਜਥੇਦਾਰ ਉਮਰਾਨੰਗਲ ਦੀ ਡਟਵੀਂ ਮਦਦ ਕੀਤੀ। ਇਕ ਨਿਰੰਕਾਰੀ ਅਖ਼ਬਾਰ ਨੇ ਇਨ੍ਹਾਂ ਨਤੀਜਿਆਂ ਉੱਤੇ ਆਪਣੀ ਖ਼ੁਸ਼ੀ ਦਾ

ਇਸ ਤਰ੍ਹਾਂ ਪ੍ਰਗਟਾਵਾ ਕੀਤਾ: "ਸ਼੍ਰੋਮਣੀ ਕਮੇਟੀ ਦੇ ਚੁਣਾਓ ਹੋ ਗਏ ਹਨ। ਅਕਾਲੀ 140 ਸੀਟਾਂ ਚੋਂ 132 ਸੀਟਾਂ ਜਿੱਤ ਗਏ ਹਨ। ਉਮਰਾਨੰਗਲ ਨੂੰ ਕੋਈ ਤਿੰਨ ਹਜ਼ਾਰ ਵੋਟਾਂ ਨਾਲ ਜਿੱਤ ਮਿਲੀ। ਜਿਤਨੇ ਨਿਰੰਕਾਰੀ ਸਿੱਖ ਸਨ ਉਨ੍ਹਾਂ ਉਮਰਾਨੰਗਲ ਦਾ ਸਾਥ ਦਿੱਤਾ।"[23] ਨਤੀਜਾ ਇਹ ਨਿਕਲਿਆ ਕਿ ਭਾਈ ਅਮਰੀਕ ਸਿੰਘ ਕਰੀਬ ਤਿੰਨ ਹਜ਼ਾਰ ਵੋਟਾਂ ਦੇ ਫ਼ਰਕ ਨਾਲ ਹਾਰ ਗਏ। ਅਕਾਲੀ ਆਗੂਆਂ ਵੱਲੋਂ ਭਾਈ ਅਮਰੀਕ ਸਿੰਘ ਨੂੰ ਹਰਾਉਣ ਲਈ ਵਰਤੇ ਹਰਬਿਆਂ, ਖ਼ਾਸ ਕਰਕੇ ਰਾਧਾ ਸੁਆਮੀਆਂ ਤੇ ਨਿਰੰਕਾਰੀਆਂ ਦੀ ਖੁੱਲ੍ਹੀ ਹਮਾਇਤ ਹਾਸਲ ਕਰਨ ਦੀ ਅਣਪੰਥਕ ਹਰਕਤ ਨੇ ਸੰਤ ਜਰਨੈਲ ਸਿੰਘ ਦੇ ਮਨ ਅੰਦਰ ਅਕਾਲੀ ਆਗੂਆਂ ਖ਼ਿਲਾਫ਼ ਹੋਰ ਵੱਧ ਰੰਜ਼ਸ਼ ਭਰ ਦਿੱਤੀ। ਅਕਾਲੀ ਆਗੂਆਂ ਦੇ ਅਣਪੰਥਕ ਕਿਰਦਾਰ ਬਾਰੇ ਉਨ੍ਹਾਂ ਦੀ ਧਾਰਨਾ ਹੋਰ ਪੱਕੀ ਹੋ ਗਈ। ਇਸ ਚੋਣ ਵਿੱਚ ਭਾਈ ਅਮਰੀਕ ਸਿੰਘ ਤੋਂ ਬਿਨਾਂ ਬਾਕੀ ਦੇ ਸਾਰੇ ਗਰਮ-ਖ਼ਿਆਲੀ ਉਮੀਦਵਾਰ ਵੋਟਾਂ ਦੇ ਵੱਡੇ ਫ਼ਰਕ ਨਾਲ ਹਾਰ ਗਏ। ਇਨ੍ਹਾਂ ਨਤੀਜਿਆਂ ਤੋਂ ਇਹ ਰਾਜਸੀ ਨਿਰਣਾ ਕੱਢਣਾ ਮੁਸ਼ਕਲ ਨਹੀਂ ਸੀ ਕਿ ਸਿੱਖ ਪੰਥ ਦਾ ਵੱਡਾ ਹਿੱਸਾ ਅਜੇ ਅਕਾਲੀ ਦਲ ਦੇ ਮੁਕਾਬਲੇ ਹੋਰ ਕਿਸੇ ਸਿੱਖ ਰਾਜਸੀ ਪਲੇਟਫ਼ਾਰਮ ਨੂੰ ਅਪਨਾਉਣ ਲਈ ਤਿਆਰ ਨਹੀਂ ਸੀ।

## ਅਕਾਲੀ ਦਲ ਦਾ ਸਿਤਾਰਾ ਫਿਰ ਗਰਦਸ਼ ਵੱਲ

ਇਸੇ ਦੌਰਾਨ ਬਰੋ-ਬਰਾਬਰ ਉਧੜ ਤੁਰੇ ਦੋ ਰਾਜਸੀ ਘਟਨਾ-ਚੱਕਰਾਂ ਨੇ ਅਕਾਲੀ ਰਾਜਨੀਤੀ ਨੂੰ ਬਿਪਤਾਵਾਂ ਦੇ ਮੂੰਹ ਵੱਲ ਧੱਕ ਦਿੱਤਾ। 1979 ਦੇ ਅੱਧ ਵਿੱਚ ਜਾ ਕੇ ਕੇਂਦਰ ਦੀ ਜਨਤਾ ਗੱਠਜੋੜ ਸਰਕਾਰ ਆਪਣੇ ਅੰਦਰੂਨੀ ਵਿਰੋਧਾਂ ਤੇ ਕਲੇਸ਼ਾਂ ਦੇ ਵਧ ਜਾਣ ਕਰਕੇ ਡੁਬਕੀਆਂ ਲੈਣ ਲੱਗ ਪਈ। ਜਨਤਾ ਪਾਰਟੀ ਦੇ ਸਮਾਜਵਾਦੀ ਪਿਛੋਕੜ ਵਾਲੇ ਹਿੱਸਿਆਂ ਨੇ ਸਾਬਕਾ ਜਨਸੰਘੀ ਧੜੇ ਦੇ ਆਰ.ਐਸ.ਐਸ. ਨਾਲ ਸਬੰਧਾਂ ਨੂੰ ਲੈ ਕੇ ਪਾਰਟੀ ਤੇ ਸਰਕਾਰ ਅੰਦਰ ਵੱਡਾ ਰੱਫੜ ਖੜਾ ਕਰ ਦਿੱਤਾ। ਚੌਧਰੀ ਚਰਨ ਸਿੰਘ ਦੀ ਅਗਵਾਈ ਹੇਠ ਇਕ ਤਕੜੇ ਧੜੇ ਵੱਲੋਂ ਡਿਸਾਈ ਸਰਕਾਰ ਦੀ ਹਮਾਇਤ ਵਾਪਸ ਲੈ ਲਏ ਜਾਣ ਨਾਲ ਮੁਰਾਰਜੀ ਡਿਸਾਈ ਨੇ 15 ਜੁਲਾਈ ਨੂੰ ਅਸਤੀਫ਼ਾ ਦੇ ਦਿੱਤਾ। 20 ਜੁਲਾਈ ਨੂੰ ਚੌਧਰੀ ਚਰਨ ਸਿੰਘ ਕਾਂਗਰਸ ਪਾਰਟੀ ਦੀ ਬਾਹਰੀ ਹਮਾਇਤ ਨਾਲ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਬਿਰਾਜਮਾਨ ਹੋ ਗਿਆ। ਪ੍ਰੰਤੂ ਇਕ ਮਹੀਨੇ ਬਾਅਦ ਹੀ ਕਾਂਗਰਸ ਪਾਰਟੀ ਨੇ ਆਪਣੀ ਹਮਾਇਤ ਵਾਲਾ ਹੱਥ ਪਿੱਛੇ ਖਿੱਚ ਕੇ ਚਰਨ ਸਿੰਘ ਦੀ ਹਕੂਮਤ ਦਾ ਭੋਗ ਪਾ ਦਿੱਤਾ, ਜਿਸ ਨਾਲ ਮੱਧ-ਕਾਲੀ ਚੋਣਾਂ ਦੀ ਨੌਬਤ ਪੈਦਾ ਹੋ ਗਈ। ਇਸ ਤਰ੍ਹਾਂ ਮੁਸ਼ਕਲ ਨਾਲ ਢਾਈ ਕੁ ਸਾਲ ਸੁਖ ਦਾ ਸਾਹ ਲੈਣ ਤੋਂ ਬਾਅਦ ਅਕਾਲੀ ਦਲ ਸਾਹਮਣੇ ਕਾਂਗਰਸ ਪਾਰਟੀ ਦੀ ਮੁੜ-ਵਾਪਸੀ ਦਾ ਹਊਆ ਖੜਾ ਹੋ ਗਿਆ।

ਜਦ ਜਨਵਰੀ 1980 ਵਿੱਚ ਮੱਧ-ਕਾਲੀ ਚੋਣਾਂ ਦਾ ਬਿਗਲ ਵੱਜਿਆ ਤਾਂ ਅਕਾਲੀ ਦਲ ਅੰਦਰ 'ਸਭ ਅੱਛਾ' ਨਹੀਂ ਸੀ। ਅਕਾਲੀ ਦਲ ਦੇ ਤਿੰਨੋਂ ਮਹਾਂਰਥੀਆਂ ਜਥੇਦਾਰ ਗੁਰਚਰਨ ਸਿੰਘ ਟੌਹੜਾ, ਜਗਦੇਵ ਸਿੰਘ ਤਲਵੰਡੀ ਤੇ ਪ੍ਰਕਾਸ਼ ਸਿੰਘ ਬਾਦਲ ਵਿਚਕਾਰ ਲੰਮੇ ਚਿਰ ਤੋਂ ਚੱਲਦੀ ਆ ਰਹੀ ਆਪਸੀ ਖਿਚੋਤਾਣ ਨੇ ਦਲ ਨੂੰ ਰਾਜਸੀ ਘਚੋਲੇ ਤੇ ਜਥੇਬੰਦਕ ਪਾਟੋਧਾੜ ਦੀ ਦਸ਼ਾ ਵਿੱਚ ਸੁੱਟ ਦਿੱਤਾ ਸੀ। ਅਕਾਲੀ ਲੀਡਰਾਂ ਵਿਚਕਾਰ ਪੈਦਾ ਹੋਇਆ ਇਹ ਝਗੜਾ ਨਿਰਾ ਸ਼ਖ਼ਸੀ ਨਹੀਂ ਸੀ। ਇਸ ਦੇ ਕਾਰਨ ਬਹੁ-ਮੁਖੀ ਸਨ। ਲੁਕਵੇਂ ਪਰ ਅਹਿਮ ਰੂਪ 'ਚ ਰਾਜਸੀ-ਵਿਚਾਰਧਾਰਕ ਵੀ ਸਨ, ਭਾਵੇਂ ਕਿ ਅਕਾਲੀ ਰਾਜਨੀਤੀ ਅੰਦਰ ਪ੍ਰਚਲਤ ਕਬਾਇਲੀ ਤਰਜ਼ ਦੇ ਪੇਂਡੂ ਜੱਟ ਸਭਿਆਚਾਰ ਦੀ ਵਜ੍ਹਾ

ਕਰਕੇ ਹਰ ਵਿਰੋਧ ਫ਼ੌਰੀ ਅਤੇ ਅਟੱਲ ਰੂਪ ਵਿੱਚ ਸ਼ਖ਼ਸੀ ਝਗੜੇ ਦਾ ਸਰੂਪ ਅਖ਼ਤਿਆਰ ਕਰ ਜਾਂਦਾ ਹੈ। ਕਈ ਵਾਰ ਨਿਰੋਲ ਵਿਅਕਤੀਗਤ ਵਿਰੋਧ 'ਚੋਂ ਸਿਧਾਂਤਕ ਮੱਤਭੇਦ ਖੜੇ ਕਰ ਲੈਣੇ ਅਤੇ ਬਹੁਤੇ ਵਾਰੀ ਸਿਧਾਂਤਕ-ਰਾਜਸੀ ਮੱਤਭੇਦਾਂ ਨੂੰ ਨਿੱਜੀ ਵੈਰ-ਵਿਰੋਧ ਵਿੱਚ ਤਬਦੀਲ ਕਰ ਲੈਣਾ, ਅਕਾਲੀ ਰਾਜਸੀ ਸਭਿਆਚਾਰ ਦਾ ਉਘੜਵਾਂ ਲੱਛਣ ਹੈ।

ਜਥੇਦਾਰ ਗੁਰਚਰਨ ਸਿੰਘ ਟੌਹੜਾ ਸ: ਬਾਦਲ ਦੀ ਬਤੌਰ ਮੁੱਖ ਮੰਤਰੀ ਕਾਰਗੁਜ਼ਾਰੀ (ਤੇ ਅਦਾਕਾਰੀ) ਤੋਂ ਨਾ ਸਿਰਫ਼ ਸੰਤੁਸ਼ਟ ਨਹੀਂ ਸੀ ਸਗੋਂ ਕਈ ਗੱਲਾਂ 'ਚ ਬਹੁਤ ਹੀ ਮਾਯੂਸ ਤੇ ਖ਼ਫ਼ਾ ਵੀ ਸੀ। ਉਸ ਦਾ ਮੁੱਖ ਇਤਰਾਜ਼ ਇਹ ਸੀ ਕਿ ਸ: ਬਾਦਲ ਕੇਂਦਰੀ ਹਾਕਮਾਂ ਕੋਲ ਸਿੱਖ ਪੰਥ ਅਤੇ ਪੰਜਾਬ ਨਾਲ ਸਬੰਧਤ ਮੰਗਾਂ ਤੇ ਮਸਲਿਆਂ ਦੀ ਧੜੱਲੇ ਨਾਲ ਪੈਰਵਾਈ ਨਹੀਂ ਕਰਦੇ ਅਤੇ ਜਨਤਾ ਪਾਰਟੀ ਅੰਦਰਲੇ ਸਿੱਖ-ਦੁਸ਼ਮਣ ਵਰਗਾਂ ਨੂੰ ਲੋੜ ਵੱਧ ਰਿਆਇਤਾਂ ਦੇਣ ਦੀ ਰੁਚੀ ਪਾਲਦੇ ਹਨ। ਅਕਾਲੀ ਵਫ਼ਦਾਂ ਦੀਆਂ ਕੇਂਦਰੀ ਆਗੂਆਂ ਨਾਲ ਮੀਟਿੰਗਾਂ ਦੌਰਾਨ ਉਨ੍ਹਾਂ ਸ: ਬਾਦਲ ਨੂੰ ਅਕਸਰ ਇਕ ਦੱਬੂ ਵਾਰਤਾਕਾਰ ਤੇ ਕਮਜ਼ੋਰ ਸੌਦੇਬਾਜ਼ ਦੇ ਰੂਪ ਵਿੱਚ ਦੇਖਿਆ। ਜਥੇਦਾਰ ਤਲਵੰਡੀ ਨੂੰ ਵੀ ਸ: ਬਾਦਲ ਦੀ ਰਾਜਨੀਤਕ ਸ਼ੈਲੀ ਬਹੁਤੀ ਪਸੰਦ ਨਹੀਂ ਸੀ। ਆਪਣੀ ਅਲੱਗ ਕਿਸਮ ਦੀ ਤਬੀਅਤ ਤੇ ਸੰਸਕਾਰਾਂ ਦੀ ਵਜ੍ਹਾ ਕਰਕੇ ਜਥੇਦਾਰ ਤਲਵੰਡੀ ਲਈ ਸ: ਬਾਦਲ ਦੀ ਪੰਜਾਬ ਅੰਦਰ ਸਾਬਕਾ ਜਨਸੰਘੀ ਲਾਣੇ ਨੂੰ 'ਲੋੜੋਂ ਵੱਧ ਸਿਰ ਚੜ੍ਹਾਉਣ' ਦੀ ਪਹੁੰਚ ਹਜ਼ਮ ਕਰਨੀ ਮੁਸ਼ਕਲ ਹੋ ਰਹੀ ਸੀ। ਭਾਵੇਂ ਰਾਜਨੀਤਕ ਹਾਲਤਾਂ ਦੀ ਲੋੜ ਤੇ ਮਜਬੂਰੀ ਵੱਸ ਅਕਾਲੀ ਦਲ ਨੂੰ ਹਿੰਦੂ ਕੱਟੜਪੰਥੀ ਤਾਕਤਾਂ ਨਾਲ ਰਾਜਸੀ ਗੱਠਜੋੜ ਕਰਨਾ ਪੈ ਗਿਆ ਸੀ ਪ੍ਰੰਤੂ ਟਕਸਾਲੀ ਸਾਂਚੇ ਵਿੱਚ ਢਲੇ ਅਕਾਲੀ ਆਗੂਆਂ ਤੇ ਵਰਕਰਾਂ ਦੇ ਮਨਾਂ ਅੰਦਰੋਂ ਇਸ ਵਰਗ ਪ੍ਰਤੀ ਨਫ਼ਰਤ ਤੇ ਨਾਪਸੰਦਗੀ ਦੀ ਭਾਵਨਾ ਪੂਰੀ ਤਰ੍ਹਾਂ ਅਲੋਪ ਨਹੀਂ ਸੀ ਹੋਈ। ਵੱਡੀ ਗੱਲ ਇਹ ਕਿ ਇਨ੍ਹਾਂ ਹਿੰਦੂਵਾਦੀ ਤਾਕਤਾਂ ਦੀ ਫ਼ਿਰਕੂ ਸੋਚ ਤੇ ਵਤੀਰੇ ਵਿੱਚ ਕੋਈ ਤਬਦੀਲੀ ਨਹੀਂ ਸੀ ਆਈ। ਇਸ ਕਰਕੇ ਅਕਾਲੀ ਦਲ ਅੰਦਰਲਾ ਟਕਸਾਲੀ ਵਰਗ ਸ: ਬਾਦਲ ਦੇ ਹਿੰਦੂ ਕੱਟੜਵਾਦੀ ਤਾਕਤਾਂ ਪ੍ਰਤੀ ਵਧੇਰੇ ਨਰਮ ਤੇ ਉਲਾਰ ਵਤੀਰੇ ਉੱਤੇ ਨਾਖ਼ੁਸ਼ ਸੀ। ਇਸ ਸੋਚ-ਧਾਰਾ ਦੀ ਤਰਜਮਾਨੀ ਕਰਦੇ ਹੋਏ ਜਥੇਦਾਰ ਤਲਵੰਡੀ, ਆਪਣੇ ਸੁਭਾਅ ਮੁਤਾਬਕ ਹਿੰਦੂ ਕੱਟੜਪੰਥੀ ਤਾਕਤਾਂ ਨੂੰ ਅਕਸਰ ਗਾਲ੍ਹ-ਮੰਦਾ ਕਰਦੇ ਰਹਿੰਦੇ ਸਨ ਜੋ ਸ: ਬਾਦਲ ਨੂੰ ਪਸੰਦ ਨਹੀਂ ਸੀ, ਵਿਅਕਤੀਗਤ ਰੂਪ ਵਿੱਚ ਵੀ ਤੇ ਰਾਜਨੀਤਕ ਸੋਚ ਦੀ ਪੱਧਰ 'ਤੇ ਵੀ। ਅਸਲ ਵਿੱਚ, ਪੰਜਾਬੀ ਸੂਬੇ ਦੀ ਸਥਾਪਨਾ ਤੋਂ ਬਾਅਦ ਹੋਈਆਂ ਚਾਰ ਅਸੰਬਲੀ ਚੋਣਾਂ ਦੇ ਤਜਰਬੇ 'ਚੋਂ ਸ: ਬਾਦਲ ਨੇ ਇਹ ਰਾਜਨੀਤਕ ਤੱਤ ਕੱਢ ਲਿਆ ਸੀ ਕਿ ਪੰਜਾਬ ਅੰਦਰ ਕਾਂਗਰਸ ਨੂੰ ਰਾਜਸੀ ਸੱਤਾ ਤੋਂ ਲਾਂਭੇ ਰੱਖਣ ਲਈ ਹਿੰਦੂ ਵਰਗ ਦੀ ਹਮਾਇਤ ਨਿਹਾਇਤ ਜ਼ਰੂਰੀ ਹੈ। ਇਸ ਸਮਝ ਨੂੰ ਮੁੱਖ ਰੱਖਦਿਆਂ ਹੋਇਆਂ ਉਸ ਨੇ ਪੰਜਾਬ ਦੇ ਹਿੰਦੂ ਵਰਗ ਅੰਦਰ ਕਾਂਗਰਸ ਦੀ ਮੁੱਖ ਵਿਰੋਧੀ ਧਿਰ—ਜਨਸੰਘ (ਜੋ ਬਾਅਦ 'ਚ ਭਾਰਤੀ ਜਨਤਾ ਪਾਰਟੀ ਵਿੱਚ ਤਬਦੀਲ ਹੋ ਗਈ) ਨਾਲ ਰਾਜਸੀ ਯਰਾਨਾ ਗੰਢਣ ਦੀ ਲੋੜ ਤੇ ਅਹਿਮੀਅਤ ਪਛਾਣ ਲਈ ਅਤੇ ਇਸ ਉੱਤੇ ਅਡੋਲਤਾ ਨਾਲ ਪਹਿਰਾ ਦੇਣ ਦੀ ਰਾਜਸੀ ਸੇਧ ਅਖ਼ਤਿਆਰ ਕਰ ਲਈ। ਆਪਣੀ ਅਲੱਗ ਕਿਸਮ ਦੀ ਸ਼ਖ਼ਸੀ ਬਣਤਰ ਤੇ ਵਿਚਾਰਧਾਰਕ ਤਾਸੀਰ ਸਦਕਾ ਸ: ਬਾਦਲ ਨੂੰ ਇਸ ਹਿੰਦੂ ਕੱਟੜਪੰਥੀ ਜਮਾਤ ਨਾਲ ਰਾਜਸੀ ਨੇੜਤਾ ਕਾਇਮ ਕਰਨ ਤੇ ਪੁਗਾਉਣ ਵਿੱਚ ਕੋਈ ਵੱਡੀ ਵਿਚਾਰਧਾਰਕ ਜਾਂ ਮਨੋਵਿਗਿਆਨਕ ਔਕੜ ਦਾ ਸਾਹਮਣਾ ਨਹੀਂ ਸੀ ਕਰਨਾ ਪੈ ਰਿਹਾ। ਜਦ ਕਿ ਜਥੇਦਾਰ ਟੌਹੜਾ ਤੇ ਤਲਵੰਡੀ ਵਰਗੇ ਲੋਕਾਂ ਨੂੰ, ਨਵੀਂ ਹਾਲਤ ਦੇ ਰਾਜਸੀ ਤਰਕ ਨਾਲ ਸਹਿਮਤ ਹੁੰਦਿਆਂ ਹੋਇਆਂ ਵੀ, ਹਿੰਦੂਵਾਦੀ ਤਾਕਤਾਂ ਨਾਲ ਰਲ ਕੇ ਚੱਲਣ ਦੇ ਰਾਹ ਵਿੱਚ ਢੇਰ

ਸਾਰੀਆਂ ਮਨੋਵਿਗਿਆਨਕ ਤੇ ਭਾਵਨਾਤਮਿਕ ਔਕੜਾਂ ਤੇ ਉਲਝਣਾਂ ਨਾਲ ਜੂਝਣਾ ਪੈ ਰਿਹਾ ਸੀ। ਇਹ ਅਸੰਗਤੀ ਇਨ੍ਹਾਂ ਦੋਨੋਂ ਬਜ਼ੁਰਗ ਜਥੇਦਾਰਾਂ ਦੇ ਸ: ਬਾਦਲ ਨਾਲ ਸਬੰਧਾਂ ਉੱਤੇ ਆਪਣੇ ਨਿਰੰਤਰ ਨਾਂਹ-ਪੱਖੀ ਪ੍ਰਭਾਵ ਛੱਡਣ ਲੱਗੀ। ਇਹ ਇਕ ਸਿਧਾਂਤਕ ਵਜ੍ਹਾ ਸੀ ਜਿਸ ਨੇ ਹੋਰਨਾਂ ਵਿਅਕਤੀਗਤ ਤੇ ਦੋਮ ਦਰਜੇ ਦੇ ਪੱਖਾਂ ਨਾਲ ਉਲਝ ਕੇ ਅਕਾਲੀ ਦਲ ਦੀ ਇਸ ਮੋਹਰੀ ਤਿੱਕੜੀ ਅੰਦਰ ਆਪਸੀ ਵਿਸ਼ਵਾਸ ਦਾ ਸੰਕਟ ਪੈਦਾ ਕਰ ਦਿੱਤਾ। ਕਿਸੇ ਸਿਧਾਂਤ-ਯਾਫ਼ਤਾ ਤੇ ਸੁਘੜ-ਸੁਸ਼ੀਲ ਜਥੇਬੰਦੀ ਅੰਦਰ ਅਜਿਹੇ ਵਖਰੇਵਿਆਂ ਨੂੰ ਸਚਿਆਰੇ ਢੰਗ ਨਾਲ ਵਿਚਾਰਿਆ ਤੇ ਨਜਿੱਠਿਆ ਜਾ ਸਕਦਾ ਸੀ। ਪਰ ਅਕਾਲੀ ਦਲ ਵਰਗੀ ਪੇਂਡੂ-ਸੁਭਾਅ ਜਥੇਬੰਦੀ ਅੰਦਰ ਮੱਤਭੇਦਾਂ ਦੇ ਪ੍ਰਗਟਾਵੇ ਤੇ ਨਿਪਟਾਰੇ ਲਈ ਜੋ ਅਸ਼ਿਸ਼ਟ ਤੇ ਵਿਵੇਕਹੀਣ ਤਰੀਕਾ ਅਮਲ 'ਚ ਲਿਆਂਦਾ ਜਾਂਦਾ ਹੈ ਉਸ ਨਾਲ ਇਨ੍ਹਾਂ ਮੱਤ-ਵਖਰੇਵਿਆਂ ਦਾ ਸਹਿਜੇ ਹੀ ਨੀਵੇਂ ਤੇ ਜ਼ਾਤੀ ਕਿਸਮ ਦੇ ਕਲੇਸ਼ ਵਿੱਚ ਨਿਘਾਰ ਹੋ ਜਾਂਦਾ ਹੈ। 1979 ਦੇ ਮੱਧ ਵਿੱਚ ਅਕਾਲੀ ਦਲ ਅੰਦਰ ਅਜਿਹਾ ਹੀ ਵਰਤਾਰਾ ਵਾਪਰਿਆ। ਜਦ ਜੁਲਾਈ 1979 ਵਿੱਚ ਜਨਤਾ ਪਾਰਟੀ ਅੰਦਰ ਮੱਤਭੇਦ ਗਹਿਰਾਅ ਗਏ ਅਤੇ ਚੌਧਰੀ ਚਰਨ ਸਿੰਘ ਸਰਕਾਰ ਨਾਲੋਂ ਅਲੱਗ ਹੋ ਗਿਆ ਤਾਂ ਇਸ ਮਸਲੇ 'ਤੇ ਅਕਾਲੀ ਦਲ ਦੀ ਮੋਹਰੀ ਤਿਕੜੀ ਅੰਦਰ ਪਾਟਵੇਂ ਵਿਚਾਰ ਉਭਰ ਆਏ। ਸ: ਬਾਦਲ ਨੇ ਪੰਜਾਬ ਅੰਦਰ ਸਾਬਕਾ ਜਨਸੰਘੀ ਧੜੇ ਨਾਲ ਆਪਣੀ ਨੇੜਤਾ ਤੇ ਗੱਠਜੋੜ ਨੂੰ ਮੁੱਖ ਰੱਖਦਿਆਂ ਹੋਇਆਂ ਕੇਂਦਰ ਵਿੱਚ ਡਿਸਾਈ-ਵਾਜਪਾਈ ਧੜੇ ਦਾ ਪੱਖ ਲੈਣ ਦੀ ਵਜ਼ਾਹਤ ਕੀਤੀ ਜਦ ਕਿ ਜਥੇਦਾਰ ਟੌਹੜਾ ਤੇ ਤਲਵੰਡੀ ਦੀ ਹਿੰਦੂ ਕੱਟੜਪੰਥੀ ਤਾਕਤਾਂ ਪ੍ਰਤੀ ਨਾਪਸੰਦੀ ਉਨ੍ਹਾਂ ਨੂੰ ਚੌਧਰੀ ਚਰਨ ਸਿੰਘ ਵੱਲ ਖਿੱਚ ਕੇ ਲੈ ਗਈ। ਇਸ ਗੱਲ ਨੇ ਸ: ਬਾਦਲ ਦੇ ਮਨ ਅੰਦਰ ਜਥੇਦਾਰ ਜੋੜੀ ਪ੍ਰਤੀ ਤਿੱਖੀ ਰੰਜ਼ਸ਼ ਪੈਦਾ ਕਰ ਦਿੱਤੀ। ਉਸ ਨੂੰ ਜਥੇਦਾਰ ਜੋੜੀ ਦੇ ਰੁਖ਼ ਅਤੇ ਸਰਗਰਮੀਆਂ 'ਚੋਂ ਆਪਣੇ ਪ੍ਰਤੀ ਮੰਦਭਾਵਨਾ ਤੇ ਬੁਰੇ ਇਰਾਦਿਆਂ ਦੀ ਬੋਅ ਆਉਣ ਲੱਗ ਪਈ। ਖ਼ਾਸ ਕਰਕੇ ਉਸ ਨੂੰ ਜਥੇਦਾਰ ਟੌਹੜਾ ਦੇ ਨੁਕਤਾਚੀਨ ਵਤੀਰੇ 'ਚੋਂ ਉਸ ਕੋਲੋਂ ਮੁੱਖ ਮੰਤਰੀ ਦਾ ਅਹੁਦਾ ਹਥਿਆਉਣ ਦੀ ਲਾਲਸਾ ਤੇ ਸਾਜ਼ਿਸ਼ ਨਜ਼ਰ ਆਉਣ ਲੱਗੀ। ਉਸ ਦਾ ਇਹ ਸ਼ੱਕ ਵਧਦਾ ਗਿਆ ਤੇ ਉਸ ਨੂੰ ਜਥੇਦਾਰ ਟੌਹੜਾ ਤੇ ਤਲਵੰਡੀ ਵਿਚਕਾਰ ਗੰਢ-ਤੁਪ ਦਾ ਅੰਦੇਸ਼ਾ ਹੋਣ ਲੱਗਾ। ਡਰ ਤੇ ਅਸੁਰੱਖਿਆ ਦੀ ਭਾਵਨਾ 'ਚੋਂ ਉਸ ਨੇ ਜਥੇਦਾਰ ਤਲਵੰਡੀ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ, ਜਿਸ ਦੇ ਪ੍ਰਤੀਕਰਮ ਵਿੱਚ ਦੋਨੋਂ ਜਥੇਦਾਰਾਂ ਨੇ ਉਸ ਉੱਤੇ ਜੁਆਬੀ ਹਮਲਾ ਸੇਧ ਦਿੱਤਾ। ਉਨ੍ਹਾਂ ਸ: ਬਾਦਲ ਵਿਰੁੱਧ ਆਪਣੇ ਇਤਰਾਜ਼ਾਂ ਤੇ ਦੋਸ਼ਾਂ ਦਾ ਇਕ ਚਿੱਠਾ ਤਿਆਰ ਕਰ ਕੇ (27 ਸਤੰਬਰ 1979) ਅਕਾਲ ਤਖ਼ਤ ਦੇ ਜਥੇਦਾਰ ਸਾਧੂ ਸਿੰਘ ਭੌਰਾ ਨੂੰ ਸੌਂਪ ਦਿੱਤਾ।[24] ਜਥੇਦਾਰ ਨੇ ਤਿੰਨਾਂ ਆਗੂਆਂ ਨੂੰ ਅਕਾਲ ਤਖ਼ਤ 'ਤੇ ਤਲਬ ਕਰ ਲਿਆ ਅਤੇ ਸਾਰਿਆਂ ਦਾ ਪੱਖ ਸੁਣਨ ਤੋਂ ਬਾਅਦ, ਸਾਹਮਣੇ ਆ ਰਹੀਆਂ ਮੱਧ-ਕਾਲੀ ਚੋਣਾਂ ਨੂੰ ਮੁੱਖ ਰੱਖਦਿਆਂ ਹੋਇਆਂ ਅਕਾਲੀ ਦਲ ਅੰਦਰਲੀ ਖਿਚੋਤਾਣ ਤੇ ਕਲੇਸ਼ ਉੱਤੇ ਕਾਬੂ ਪਾਉਣ ਦੇ ਉਦੇਸ਼ ਨਾਲ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਦੀ ਚੋਣ ਕਰਨ ਵਾਸਤੇ ਇਕ ਸੱਤ ਮੈਂਬਰੀ ਬੋਰਡ ਕਾਇਮ ਕਰ ਦਿੱਤਾ। ਇਸ ਬੋਰਡ ਨੂੰ ਜਥੇਦਾਰ ਤਲਵੰਡੀ ਨੇ ਆਪਣੇ ਰੁਤਬੇ ਤੇ ਅਥਾਰਟੀ ਦਾ ਨਿਖੇਧ ਕਰਕੇ ਜਾਣਿਆ। ਇਸ ਕਰਕੇ ਉਸ ਨੇ ਉਪਰਲੇ ਮਨੋਂ ਸਹਿਮਤੀ ਪ੍ਰਗਟਾਉਣ ਦੇ ਬਾਵਜੂਦ ਇਸ ਗੱਲ ਨੂੰ ਚਿੱਤੋਂ ਕਬੂਲ ਨਾ ਕੀਤਾ। ਦੂਜੇ ਪਾਸੇ, ਆਪਣੇ ਹੀ ਸੁਆਰਥੀ-ਹਿਤਾਂ ਤੋਂ ਪ੍ਰੇਰਿਤ ਇਕ ਵਰਗ ਨੇ ਸੱਤ ਮੈਂਬਰੀ ਕਮੇਟੀ ਦੀ ਓਟ ਲੈ ਕੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਮੁਤਬਾਦਲ ਲੀਡਰ ਦੇ ਰੂਪ ਵਿੱਚ ਉਭਾਰਨਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ, ਅਕਾਲੀ ਦਲ ਅੰਦਰ ਅਲੱਗ-ਅਲੱਗ ਸੋਚ-ਧਾਰਾਵਾਂ, ਵਿਅਕਤੀਆਂ

ਤੇ ਵਰਗਾਂ ਦੇ ਟਕਰਾਉ 'ਚੋਂ ਅਖ਼ੀਰ ਨੂੰ ਅਜਿਹੀ ਸਥਿਤੀ ਪੈਦਾ ਹੋ ਗਈ ਕਿ ਜਥੇਬੰਦਕ ਦੁਫੇੜ ਨੂੰ ਟਾਲ ਸਕਣਾ ਨਾਮੁਮਕਿਨ ਹੋ ਕੇ ਰਹਿ ਗਿਆ। ਅਗਸਤ 1980 ਵਿੱਚ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੂੰ ਅਕਾਲੀ ਦਲ 'ਚੋਂ ਰਸਮੀ ਰੂਪ ਵਿੱਚ ਖ਼ਾਰਜ ਕਰ ਦੇਣ ਨਾਲ ਅੰਦਰੂਨੀ ਖਿਚੋਤਾਣ ਦਾ ਇਹ ਸਿਲਸਿਲਾ ਆਪਣੇ ਮੰਤਕੀ ਕਿਨਾਰੇ ਉੱਤੇ ਜਾ ਲੱਗਾ। ਸੰਤ ਹਰਚੰਦ ਸਿੰਘ ਲੌਂਗੋਵਾਲ ਅਕਾਲੀ ਦਲ ਦੇ ਬਾਕਾਇਦਾ ਪ੍ਰਧਾਨ ਚੁਣ ਲਏ ਗਏ ਜਦ ਕਿ ਜਥੇਦਾਰ ਤਲਵੰਡੀ ਨੇ ਆਪਣਾ ਅਲੱਗ ਧੜਾ ਕਾਇਮ ਕਰ ਲਿਆ।

ਜਨਵਰੀ 1980 ਵਿੱਚ ਹੋਈਆਂ ਮੱਧ-ਕਾਲੀ ਚੋਣਾਂ ਵਿੱਚ ਦੇਸ ਭਰ ਅੰਦਰ ਕਾਂਗਰਸ ਤੇ ਇੰਦਰਾ ਗਾਂਧੀ ਦੇ ਹੱਕ ਵਿੱਚ ਵਗੀ ਜ਼ੋਰਦਾਰ ਹਨੇਰੀ ਨੇ ਅਕਾਲੀ ਦਲ ਦੇ ਤੰਬੂ ਉਖਾੜ ਸੁੱਟੇ। ਪੰਜਾਬ ਅੰਦਰ ਅਕਾਲੀ ਦਲ 13 'ਚੋਂ ਮੁਸ਼ਕਲ ਨਾਲ ਇਕ ਸੀਟ ਉੱਤੇ ਹੀ ਜਿੱਤ ਹਾਸਲ ਕਰ ਸਕਿਆ। ਕੇਂਦਰ ਵਿੱਚ ਸੱਤਾ 'ਤੇ ਕਾਬਜ਼ ਹੁੰਦਿਆਂ ਹੀ ਇੰਦਰਾ ਗਾਂਧੀ ਨੇ, ਭਾਰਤ ਅੰਦਰ ਪ੍ਰਚਲਤ ਗ਼ੈਰ-ਲੋਕਤੰਤਰੀ ਰੀਤ ਮੁਤਾਬਕ, ਰਾਜਾਂ ਅੰਦਰਲੀਆਂ ਗ਼ੈਰ-ਕਾਂਗਰਸੀ ਸਰਕਾਰਾਂ ਭੰਗ ਕਰਕੇ ਦੁਬਾਰਾ ਚੋਣਾਂ ਕਰਵਾਉਣ ਦਾ ਐਲਾਨ ਕਰ ਦਿੱਤਾ। ਬਾਦਲ ਸਰਕਾਰ 17 ਫ਼ਰਵਰੀ ਨੂੰ ਬਰਖ਼ਾਸਤ ਕਰ ਦਿੱਤੀ ਗਈ। ਅਸੰਬਲੀ ਚੋਣਾਂ ਮੌਕੇ ਅਕਾਲੀ ਦਲ ਦੀ ਹਾਲਤ ਕਿਸੇ ਵੀ ਲਿਹਾਜ਼ ਨਾਲ ਬਹੁਤੀ ਚੰਗੀ ਨਹੀਂ ਸੀ। ਕੇਂਦਰ ਵਿੱਚ ਜਨਤਾ ਪਾਰਟੀ ਵਿੱਚ ਪਈ ਦੁਫੇੜ ਮੌਕੇ ਅਕਾਲੀ ਦਲ ਵੱਲੋਂ ਡਿਸਾਈ-ਵਾਜਪਾਈ ਧੜੇ ਦਾ ਸਾਥ ਛੱਡ ਕੇ ਚੌਧਰੀ ਚਰਨ ਸਿੰਘ ਦੀ ਹਮਾਇਤ ਦਾ ਪੈਂਤੜਾ ਅਖ਼ਤਿਆਰ ਕਰ ਲੈਣ ਸਦਕਾ ਪੰਜਾਬ ਦਾ ਜਨਸੰਘੀ ਲਾਣਾ ਅਕਾਲੀ ਦਲ ਨਾਲ ਖ਼ਫ਼ਾ ਹੋ ਕੇ ਗੱਠਜੋੜ ਨਾਲੋਂ ਅਲੱਗ ਹੋ ਗਿਆ ਸੀ। ਹਮੇਸ਼ਾ ਵਾਂਗ, ਪੰਜਾਬ ਦਾ ਹਿੰਦੂ ਵਰਗ ਅਕਾਲੀ-ਜਨਤਾ ਗੱਠਜੋੜ ਸਰਕਾਰ ਤੋਂ ਬੁਰੀ ਤਰ੍ਹਾਂ ਬਦਜ਼ਨ ਹੋ ਕੇ, ਸਮੂਹਕ ਰੂਪ ਵਿੱਚ ਕਾਂਗਰਸ ਦੇ ਪੱਖ ਵਿੱਚ ਉਲਰ ਗਿਆ ਸੀ। ਆਪਣੀ ਫ਼ਿਰਕੂ ਫ਼ਿਤਰਤ ਸਦਕਾ ਪੰਜਾਬ ਦੇ ਹਿੰਦੂ ਵਰਗ ਨੂੰ ਅਕਾਲੀ ਦਲ ਨਾਲ ਗੱਠਜੋੜ ਦਾ ਤਜਰਬਾ ਕਦੇ ਵੀ ਰਾਸ ਨਹੀਂ ਆਇਆ। ਅਕਾਲੀ ਦਲ ਦੀ ਭਾਰੂ ਹੈਸੀਅਤ ਵਾਲੀ ਸਰਕਾਰ ਉਸ ਨੂੰ ਹਮੇਸ਼ਾ ਹੀ 'ਸਿੱਖਾਂ ਦੀ ਸਰਕਾਰ' ਨਜ਼ਰ ਆਉਂਦੀ ਰਹੀ ਅਤੇ ਉਹ ਹਮੇਸ਼ਾ ਹੀ ਇਸ ਸਰਕਾਰ ਉੱਤੇ ਹਿੰਦੂ ਹਿਤਾਂ ਦੀ ਅਣਦੇਖੀ ਕਰਨ ਦਾ ਇਲਜ਼ਾਮ ਲਾਉਂਦਾ ਰਿਹਾ। ਆਪਣੀ ਫ਼ਿਰਕੂ ਤੰਗਦਿਲੀ ਦੀ ਵਜ੍ਹਾ ਕਰਕੇ ਇਸ ਬਾਣੀਏ ਵਰਗ ਨੂੰ ਸਿੱਖ ਅਫ਼ਸਰ ਵਿਹੁ ਵਰਗੇ ਲਗਦੇ ਹਨ ਅਤੇ ਅਕਾਲੀ ਸਰਕਾਰ ਦੌਰਾਨ ਸਿੱਖ ਅਫ਼ਸਰਾਂ ਨੂੰ ਬਖ਼ਸ਼ਿਆ ਜਾਂਦਾ ਮਾਣ-ਤਾਣ ਉਸ ਅੰਦਰ ਹਮੇਸ਼ਾ ਹੀ ਫ਼ਿਰਕੂ ਸਾੜਾ ਪੈਦਾ ਕਰਨ ਦਾ ਸਬੱਬ ਬਣਦਾ ਰਿਹਾ ਹੈ। 1980 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਲਾਲਾ ਜਗਤ ਨਰਾਇਣ ਦੇ 'ਸਪੁੱਤਰ' ਰਮੇਸ਼ ਚੰਦਰ ਵੱਲੋਂ 'ਪੰਜਾਬ ਕੇਸਰੀ' ਦੇ ਸੰਪਾਦਕੀ ਵਿੱਚ ਪ੍ਰਗਟ ਕੀਤੇ ਹੇਠ ਲਿਖੇ ਵਿਚਾਰ ਹਿੰਦੂ ਵਰਗ ਦੀ ਉਸ ਵੇਲੇ ਦੀ ਸੋਚ ਤੇ ਰੌਅ ਦੀ ਬਾਖ਼ੂਬੀ ਤਰਜਮਾਨੀ ਕਰਦੇ ਸਨ। ਰਮੇਸ਼ ਚੰਦਰ ਨੇ ਖੁੱਲ੍ਹੇਆਮ ਇਹ ਤੱਥ ਤਸਲੀਮ ਕੀਤਾ ਕਿ, "ਪਿਛਲੇ ਸਮੇਂ ਅੰਦਰ ਅਕਾਲੀ ਦਲ ਨਾਲ ਗੱਠਜੋੜ ਬਣਾਉਣ ਸਦਕਾ ਅੱਜ ਭਾਰਤੀ ਜਨਤਾ ਪਾਰਟੀ ਬਹੁਤ ਬਦਨਾਮ ਹੋ ਚੁੱਕੀ ਹੈ। ਹਿੰਦੂਆਂ ਦਾ ਭਾਰਤੀ ਜਨਤਾ ਪਾਰਟੀ ਤੋਂ ਮੋਹ ਭੰਗ ਹੋ ਚੁੱਕਾ ਹੈ। ਪੰਜਾਬ ਦਾ ਹਿੰਦੂ ਲਾਚਾਰ ਤੇ ਮਾਯੂਸ ਹੈ। ਉਨ੍ਹਾਂ ਦੇ ਸਾਹਮਣੇ ਕਾਂਗਰਸ ਤੋਂ ਬਿਨਾਂ ਹੋਰ ਕੋਈ ਬਦਲ ਨਹੀਂ ਹੈ।"[25]

ਸਿੱਖ ਵਰਗ ਵੀ ਕੇਂਦਰ ਦੀ ਜਨਤਾ ਸਰਕਾਰ ਵਿੱਚ ਅਕਾਲੀ ਦਲ ਦੀ ਭਾਈਵਾਲੀ ਦੇ ਤਜਰਬੇ ਤੋਂ ਬਹੁਤਾ ਸੰਤੁਸ਼ਟ ਨਾ ਹੋਣ ਕਰਕੇ ਚੋਣਾਂ ਮੌਕੇ ਉਤਸ਼ਾਹੀ ਰੌਅ ਵਿੱਚ ਨਹੀਂ ਸੀ। ਇਸ ਕਰਕੇ ਅਸੰਬਲੀ ਚੋਣਾਂ ਅੰਦਰ ਅਕਾਲੀ ਦਲ ਨੂੰ ਬਹੁਤ ਹੀ ਨਮੋਸ਼ੀ ਭਰੀ ਹਾਰ

ਦਾ ਮੂੰਹ ਦੇਖਣਾ ਪਿਆ। ਕਾਂਗਰਸ ਦੀਆਂ 63 ਸੀਟਾਂ ਦੀ ਤੁਲਨਾ ਵਿੱਚ ਅਕਾਲੀ ਦਲ ਦੀ ਝੋਲੀ ਸਿਰਫ਼ 37 ਸੀਟਾਂ ਹੀ ਪਈਆਂ। ਇਨ੍ਹਾਂ ਚੋਣਾਂ ਦੌਰਾਨ ਫ਼ਿਰਕੂ ਪਾਲਾਬੰਦੀ ਵੱਧ ਨਿਖਰ ਕੇ ਸਾਹਮਣੇ ਆਈ। ਅਕਾਲੀ ਦਲ ਨੂੰ ਪਈਆਂ 26.9 ਫ਼ੀਸਦੀ ਵੋਟਾਂ ਦਰਸਾਉਂਦੀਆਂ ਸਨ ਕਿ ਪੇਂਡੂ ਜੱਟ ਸਿੱਖ ਤੇ ਸ਼ਹਿਰੀ ਅਰੋੜਾ ਸਿੱਖ ਵਰਗ ਭਾਰੂ ਰੂਪ ਵਿੱਚ ਅਕਾਲੀ ਦਲ ਦੇ ਹੱਕ ਵਿੱਚ ਭੁਗਤੇ ਜਦ ਕਿ ਹਿੰਦੂ ਵਰਗ ਨੇ ਲਗਭਗ ਸਮੂਹਕ ਪੱਧਰ 'ਤੇ ਹੀ ਅਕਾਲੀ ਦਲ ਦੀ ਮੁੱਖ ਸ਼ਰੀਕ ਧਿਰ—ਕਾਂਗਰਸ ਪਾਰਟੀ—ਦੇ ਪੱਖ ਵਿੱਚ ਵੋਟ ਪਾ ਕੇ ਉਸ ਨੂੰ ਹਕੂਮਤੀ ਆਸਣ ਉੱਤੇ ਬਿਰਾਜਮਾਨ ਕੀਤਾ। ਅੱਗੇ ਹੋਰ ਅਹਿਮ ਗੱਲ ਇਹ ਕਿ ਪੰਜਾਬੀ ਸੂਬੇ ਦੀ ਸਥਾਪਨਾ ਤੋਂ ਬਾਅਦ ਹੋਂਦ ਵਿੱਚ ਆਈਆਂ ਵਿਧਾਨ ਸਭਾਵਾਂ 'ਚੋਂ ਇਸ ਵਿਧਾਨ ਸਭਾ ਅੰਦਰ ਸਭ ਤੋਂ ਘੱਟ ਦਸਤਾਰਾਂ ਦੇਖਣ ਨੂੰ ਮਿਲੀਆਂ। 1967 ਵਿੱਚ ਕਾਂਗਰਸੀ ਵਿਧਾਇਕਾਂ ਅੰਦਰ ਸਿੱਖਾਂ ਦਾ ਹਿੱਸਾ 65 ਫ਼ੀਸਦੀ ਸੀ। 1972 ਵਿੱਚ ਇਹ ਘਟ ਕੇ 59 ਫ਼ੀਸਦੀ ਹੋ ਗਿਆ ਸੀ। 1980 ਵਿੱਚ ਇਹ ਘਟ ਕੇ ਸਿਰਫ਼ 45 ਫ਼ੀਸਦੀ ਰਹਿ ਗਿਆ।[26] ਸਾਫ਼ ਹੈ ਕਿ ਪੰਜਾਬ ਅੰਦਰ ਕਾਂਗਰਸ ਪਾਰਟੀ, ਤੱਤ ਅਤੇ ਸਰੂਪ, ਦੋਨਾਂ ਹੀ ਪੱਖਾਂ ਤੋਂ ਭਾਰੀ ਰੂਪ ਵਿੱਚ ਹਿੰਦੂ ਪਾਰਟੀ ਬਣ ਕੇ ਰਹਿ ਗਈ। 7 ਜੂਨ ਨੂੰ ਦਰਬਾਰਾ ਸਿੰਘ ਨੇ ਮੁੱਖ ਮੰਤਰੀ ਦਾ ਅਹੁਦਾ ਗ੍ਰਹਿਣ ਕਰ ਲਿਆ। ਪੰਜਾਬ ਅੰਦਰ ਫ਼ਿਰਕੂ ਵੰਡ ਪਹਿਲਾਂ ਹੀ ਮੁਕੰਮਲ ਹੋ ਗਈ ਸੀ। ਸ: ਦਰਬਾਰਾ ਸਿੰਘ ਦੇ ਮੁੱਖ ਮੰਤਰੀ ਬਣਨ ਨਾਲ ਨਾ ਸਿਰਫ਼ ਇਹ ਵੰਡ ਹੋਰ ਪੱਕੇ ਪੈਰੀਂ ਹੋ ਗਈ ਸਗੋਂ ਫ਼ਿਰਕੂ ਤਣਾਉ ਤੇ ਟਕਰਾਉ ਦਾ ਇਕ ਅਜਿਹਾ ਕੁਲਹਿਣਾ ਸਿਲਸਿਲਾ ਛਿੜ ਪਿਆ ਕਿ ਥੋੜੇ ਹੀ ਸਮੇਂ ਅੰਦਰ ਸਾਰਾ ਪੰਜਾਬ ਲਟ-ਲਟ ਬਲਦੇ ਸਿਵੇ 'ਚ ਤਬਦੀਲ ਹੋ ਗਿਆ।

•

# 15

# ਹਿੰਦੂ ਪੁਨਰਵਾਦ ਤੇ ਫ਼ਿਰਕੂ ਜਨੂੰਨ

ਭਾਰਤ ਦੇ ਆਜ਼ਾਦੀ ਸੰਗਰਾਮ ਦੌਰਾਨ ਕਾਂਗਰਸੀ ਆਗੂਆਂ ਨੇ ਭਾਰਤ ਦੇ ਵੱਧ ਤੋਂ ਵੱਧ ਲੋਕਾਂ ਨੂੰ ਭਾਰਤੀ ਕੌਮਪ੍ਰਸਤੀ ਦੇ ਝੰਡੇ ਹੇਠ ਲਾਮਬੰਦ ਕਰਨ ਦੇ ਉਦੇਸ਼ ਨਾਲ ਹਿੰਦੂਵਾਦ ਦੀ ਘੱਟ ਕੱਟੜ ਅਤੇ ਉਦਾਰ ਵੰਨਗੀ ਦੀ ਓਟ ਲੈਣ ਦੇ ਪੈਂਤੜੇ ਦੀ ਚੇਤੰਨ ਚੋਣ ਕੀਤੀ। ਇਹ ਪੈਂਤੜਾ ਕਾਂਗਰਸ ਪਾਰਟੀ ਨੂੰ ਚੋਖਾ ਵਰ ਆਇਆ। ਉਹ ਹਿੰਦੂ ਜਨਤਾ ਦੇ ਵਿਸ਼ਾਲ ਹਿੱਸਿਆਂ ਦੇ ਨਾਲ ਹੀ ਘੱਟਗਿਣਤੀ ਧਾਰਮਿਕ ਵਰਗਾਂ ਨੂੰ ਵੀ ਵੱਡੀ ਗਿਣਤੀ ਵਿੱਚ ਆਜ਼ਾਦੀ ਦੇ ਸੰਗਰਾਮ ਦੀ ਧਾਰਾ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕਰਨ ਵਿੱਚ ਸਫਲ ਹੋ ਨਿਬੜੀ। ਆਜ਼ਾਦੀ ਹਾਸਲ ਕਰ ਲੈਣ ਤੋਂ ਬਾਅਦ ਵੀ ਕਾਂਗਰਸ ਪਾਰਟੀ ਨੇ ਇਸ ਪੈਂਤੜੇ ਦੀ ਲੰਮਾ ਚਿਰ ਖੱਟੀ ਖਾਧੀ। ਚੋਣਾਂ ਮੌਕੇ ਘੱਟਗਿਣਤੀ ਵਰਗਾਂ, ਖ਼ਾਸ ਕਰਕੇ ਈਸਾਈਆਂ ਤੇ ਮੁਸਲਮਾਨਾਂ ਦੀ ਦ੍ਰਿੜ੍ਹ ਹਮਾਇਤ ਕਾਂਗਰਸ ਪਾਰਟੀ ਲਈ ਵਰਦਾਨ ਸਾਬਤ ਹੁੰਦੀ ਰਹੀ। ਰਾਜਸੀ ਪਿੜ ਅੰਦਰ ਨੁੱਕਰੇ ਲੱਗੀਆਂ ਹਿੰਦੂ ਕੱਟੜਵਾਦੀ ਤਾਕਤਾਂ ਕਾਂਗਰਸੀ ਹਾਕਮਾਂ ਉੱਤੇ 'ਘੱਟਗਿਣਤੀਆਂ ਨੂੰ ਭੂਏ ਚੜ੍ਹਾਉਣ' ਦੇ ਇਲਜ਼ਾਮਾਂ ਦੀ ਦੁਹਾਈ ਪਿੱਟਦੀਆਂ ਰਹੀਆਂ ਅਤੇ ਹਿੰਦੂ ਜਨਤਾ ਨੂੰ ਕਾਂਗਰਸ ਪਾਰਟੀ ਦੀ ਅਖੌਤੀ ਸੈਕੂਲਰ ਵਿਚਾਰਧਾਰਾ ਦੇ ਮਾਰੂ ਨਤੀਜਿਆਂ ਤੇ ਖ਼ਤਰਿਆਂ ਤੋਂ ਆਗਾਹ ਕਰਦੀਆਂ ਰਹੀਆਂ।

ਸੱਤਰਵਿਆਂ ਦੇ ਅਖ਼ੀਰ ਤਕ ਪਹੁੰਚ ਕੇ ਹਾਲਤਾਂ ਨੇ ਤਿੱਖੇ ਰੁਖ਼ ਕਰਵਟ ਲੈਣੀ ਸ਼ੁਰੂ ਕਰ ਦਿੱਤੀ। ਦੇਸ ਦੀ ਆਜ਼ਾਦੀ ਨਾਲ ਲੋਕਾਂ ਅੰਦਰ ਜੋ ਉਤਸ਼ਾਹ ਤੇ ਉਮੀਦਾਂ ਜਾਗੀਆਂ ਸਨ ਉਹ ਹੌਲੀ-ਹੌਲੀ ਦਮੋਂ ਨਿਕਲ ਗਈਆਂ। ਗ਼ਰੀਬੀ, ਬੇਰੁਜ਼ਗਾਰੀ, ਮਹਿੰਗਾਈ, ਸਮਾਜੀ ਜਬਰ ਤੇ ਬੇਇਨਸਾਫ਼ੀ ਵਰਗੀਆਂ ਲਾਹਨਤਾਂ ਘਟਣ ਦੀ ਥਾਂ ਨਿਰੰਤਰ ਭਿਅੰਕਰ ਰੂਪ ਅਖ਼ਤਿਆਰ ਕਰਦੀਆਂ ਚਲੀਆਂ ਗਈਆਂ। ਜਿਸ ਨਾਲ ਕਾਂਗਰਸੀ ਹਾਕਮਾਂ ਦੇ 'ਗ਼ਰੀਬੀ ਹਟਾਓ' ਵਰਗੇ ਨਾਹਰਿਆਂ ਤੇ 'ਸਮਾਜਵਾਦ' ਲਿਆਉਣ ਦੇ ਲਾਰਿਆਂ ਦੀ ਸਾਰੀ ਹਵਾ ਸਰਕ ਗਈ। ਤਲਖ਼ ਸਮਾਜੀ ਹਕੀਕਤਾਂ ਕਾਂਗਰਸੀ ਹਾਕਮਾਂ ਦੇ ਭਾਰਤ ਨੂੰ ਦੁਨੀਆ ਦੀ ਮੋਹਰੀ ਤਾਕਤ ਬਣਾਉਣ ਦੇ ਬੜਬੋਲੇ ਐਲਾਨਾਂ ਤੇ ਟੀਚਿਆਂ ਦਾ ਮੂੰਹ ਚਿੜਾਉਣ ਲੱਗੀਆਂ। ਹਰ ਪਾਸੇ ਬੇਉਮੀਦੀ ਤੇ ਉਪਰਾਮਤਾ ਦਾ ਰੌਅ ਪੈਦਾ ਹੋ ਤੁਰਿਆ। ਨਾਕਾਮੀ ਤੇ ਭਰਮ-ਨਵਿਰਤੀ ਦੇ ਇਸ ਮਾਹੌਲ ਅੰਦਰ ਹਿੰਦੂ ਵਰਗ ਦੇ ਵੱਡੇ ਹਿੱਸਿਆਂ, ਖ਼ਾਸ ਕਰਕੇ ਇਸ ਦੀਆਂ ਸਵਰਨਜਾਤੀ ਪਰਤਾਂ ਨੂੰ ਹਿੰਦੂ ਕੱਟੜਵਾਦ ਦਾ ਜਜ਼ਬਾ ਖਿੱਚ ਪਾਉਣ ਲੱਗਾ। ਉਨ੍ਹਾਂ ਨੂੰ ਦੇਸ ਦੀਆਂ ਸਭਨਾਂ ਸਮੱਸਿਆਵਾਂ ਤੇ ਨਾਕਾਮੀਆਂ ਦਾ ਆਧਾਰ ਕਾਂਗਰਸ ਦੀ 'ਸੈਕੂਲਰ' ਵਿਚਾਰਧਾਰਾ ਵਿੱਚ ਨਜ਼ਰ ਆਉਣ ਲੱਗਾ ਅਤੇ ਉਨ੍ਹਾਂ ਅੰਦਰ ਹਿੰਦੂ ਕੱਟੜਵਾਦ ਨੂੰ ਸਰਬ-ਔਖਧ ਦਵਾ ਕਰਕੇ ਜਾਣਨ ਦੀ ਸਮਝ ਤੇ

ਭਾਵਨਾ ਪ੍ਰਫੁੱਲਤ ਹੋਣ ਲੱਗੀ। ਇਸ ਤਰ੍ਹਾਂ, ਹਿੰਦੂ ਕੱਟੜਪੰਥੀ ਵਿਚਾਰਧਾਰਾ ਤੇ ਇਸ ਨੂੰ ਪਰਣਾਏ ਸੰਗਠਨ ਕਾਂਗਰਸ ਪਾਰਟੀ ਲਈ ਵੱਡੀ ਰਾਜਨੀਤਕ ਚੁਣੌਤੀ ਬਣ ਕੇ ਉਭਰਨ ਲੱਗੇ। ਨਾਲ ਹੀ ਕਾਂਗਰਸ ਪਾਰਟੀ ਨੂੰ ਮਸੀਹਾ ਸਮਝ ਬੈਠਨ ਦੀ ਭਰਮ-ਚੇਤਨਾ ਦਾ ਸ਼ਿਕਾਰ ਹੋਏ ਘੱਟਗਿਣਤੀ ਭਾਈਚਾਰਿਆਂ ਅੰਦਰ ਵੀ, ਦੇਸ-ਬਿਦੇਸ ਅੰਦਰ ਵਾਪਰ ਰਹੀਆਂ ਤਬਦੀਲੀਆਂ ਦੇ ਸਨਮੁੱਖ, ਨਵੀਂ ਕਿਸਮ ਦੀ ਧਾਰਮਿਕ ਤੇ ਰਾਜਸੀ ਸੋਝੀ ਪਸਰਨ ਲੱਗੀ। ਹਿੰਦੂ ਕੱਟੜਵਾਦ ਦੇ ਸਿਰ ਚੁੱਕ ਲੈਣ ਨਾਲ ਘੱਟਗਿਣਤੀ ਵਰਗਾਂ ਅੰਦਰ ਅਸੁਰੱਖਿਆ ਦੀ ਭਾਵਨਾ ਤੇ ਆਪਾ-ਬਚਾਉ ਦੀ ਪ੍ਰਵਿਰਤੀ ਪੈਦਾ ਹੋ ਤੁਰੀ ਜਿਸ ਨਾਲ ਇਨ੍ਹਾਂ ਅੰਦਰ ਨਵੀਂ ਕਿਸਮ ਦੀਆਂ ਧਾਰਮਿਕ ਤੇ ਨੀਮ-ਰਾਜਸੀ ਸ਼ਕਤੀਆਂ ਨੇ ਤੇਜ਼ੀ ਨਾਲ ਆਪਣੀ ਜਗ੍ਹਾ ਬਣਾਉਣੀ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ, ਕਾਂਗਰਸ ਪਾਰਟੀ ਦਾ ਪੱਕਾ ਸਮਝਿਆ ਜਾਂਦਾ ਇਹ ਵੋਟ ਆਧਾਰ ਵੀ ਤਿੜਕਣਾ ਸ਼ੁਰੂ ਹੋ ਗਿਆ। ਇਸ ਸਮੁੱਚੀ ਹਾਲਤ ਨੂੰ ਮੱਦੇਨਜ਼ਰ ਰੱਖਦਿਆਂ ਹੋਇਆਂ ਇੰਦਰਾ ਗਾਂਧੀ ਦੇ ਰਾਜਸੀ ਸਲਾਹਕਾਰਾਂ ਨੇ ਕਾਂਗਰਸ ਪਾਰਟੀ ਦੀ ਪਹਿਲੀ, ਵੇਲਾ ਵਿਹਾ ਚੁੱਕੀ ਰਣਨੀਤੀ ਦਾ ਤਿਆਗ ਕਰ ਕੇ ਨਵੀਂ ਰਣਨੀਤੀ ਘੜਨ ਦੀ ਲੋੜ ਅਤੇ ਤਾਂਘ ਮਹਿਸੂਸ ਕੀਤੀ। 'ਰਾਜਸੀ ਭੱਥੇ' 'ਚੋਂ ਹੋਰ ਸਾਰੇ ਕੀਲਵੇਂ ਨਾਹਰੇ ਖ਼ਤਮ ਹੋ ਜਾਣ ਕਰਕੇ, ਉਨ੍ਹਾਂ ਇੰਦਰਾ ਗਾਂਧੀ ਨੂੰ ਹਿੰਦੂ ਕੱਟੜਵਾਦ ਦੇ ਹਥਿਆਰ ਦੀ ਵਰਤੋਂ ਕਰਨ ਦੀ ਕੁਮੱਤ ਸੁਝਾਈ ਜੋ ਉਸ ਨੇ ਖ਼ੁਸ਼ੀ ਖ਼ੁਸ਼ੀ ਕਬੂਲ ਕਰ ਲਈ। ਇਸ ਤਰ੍ਹਾਂ ਅੱਸੀਵਿਆਂ ਦੇ ਸ਼ੁਰੂ ਹੁੰਦਿਆਂ ਹੀ ਇੰਦਰਾ ਗਾਂਧੀ ਨੇ ਕਾਂਗਰਸ ਪਾਰਟੀ ਦੀ ਰਵਾਇਤੀ ਵਿਚਾਰਧਾਰਾ ਤੇ ਵਿਰਾਸਤ ਨਾਲੋਂ ਤਿੱਖਾ ਤੋੜ-ਵਿਛੋੜਾ ਕਰਦਿਆਂ ਹੋਇਆਂ ਹਿੰਦੂ ਕੱਟੜਵਾਦ ਦਾ ਆਸਰਾ ਲੈਣ ਅਤੇ ਹਿੰਦੂ ਪੁਨਰਵਾਦ ਦੇ ਅਮਲ ਨੂੰ ਉਗਾਸਾ ਦੇਣ ਦੀ ਰਾਜਸੀ ਦਿਸ਼ਾ ਅਪਣਾ ਲਈ। 1980 ਦੀਆਂ ਲੋਕ ਸਭਾ ਚੋਣਾਂ ਅੰਦਰ ਉਸ ਵੱਲੋਂ ਆਰ.ਐਸ.ਐਸ. ਨਾਲ ਲੁਕਵਾਂ ਰਾਜਸੀ ਯਰਾਨਾ ਗੰਢਣ ਦੀਆਂ ਅਫ਼ਵਾਹਾਂ ਨੇ ਉਸ ਦੇ ਨਿੰਦਕਾਂ ਤੇ ਪ੍ਰਸੰਸਕਾਂ, ਦੋਨਾਂ ਨੂੰ ਹੀ ਹੈਰਾਨੀ ਤੇ ਸ਼ਸ਼ੋਪੰਜ ਵਿੱਚ ਪਾ ਦਿੱਤਾ। ਬਾਅਦ 'ਚ ਉਸ ਅੰਦਰ ਹਿੰਦੂ ਮੰਦਰਾਂ ਤੇ ਤੀਰਥ ਅਸਥਾਨਾਂ ਦੇ ਦਰਸ਼ਨਾਂ ਲਈ ਜਾਗੇ ਅਚਾਨਕ ਉਤਸ਼ਾਹ ਨੇ ਅਤੇ ਫਿਰ ਪਹਿਲਾਂ ਦਿੱਲੀ ਮਿਊਂਸਿਪੈਲਟੀ ਤੇ ਬਾਅਦ ਵਿੱਚ ਜੰਮੂ ਦੀਆਂ ਚੋਣਾਂ ਦੇ ਨਤੀਜਿਆਂ ਨੇ ਸਾਰਾ ਮਾਮਲਾ ਸਾਫ਼ ਕਰ ਦਿੱਤਾ। ਜਨਤਾ ਗੱਠਜੋੜ ਸਰਕਾਰ ਦੇ ਅਸਫਲ ਤਜਰਬੇ ਤੋਂ ਬਦਜ਼ਨ ਹੋਈ ਆਰ.ਐਸ.ਐਸ. ਦੀ ਲੀਡਰਸ਼ਿਪ ਲਈ ਇੰਦਰਾ ਗਾਂਧੀ ਦਾ ਹਿੰਦੂ ਕੱਟੜਵਾਦ ਵੱਲ ਕੱਟਿਆ ਮੋੜਾ ਚੰਗੀ ਖ਼ੁਸ਼ਖ਼ਬਰੀ ਸੀ। ਅਸਲ ਵਿੱਚ ਐਮਰਜੈਂਸੀ ਦੌਰਾਨ ਹੀ ਆਰ.ਐਸ.ਐਸ. ਦੇ ਤਤਕਾਲੀ ਮੁਖੀ ਬਾਲਾ ਸਾਹਿਬ ਦਿਓਰਸ ਦੁਆਰਾ ਜੇਲ੍ਹ 'ਚੋਂ ਇੰਦਰਾ ਗਾਂਧੀ ਦੇ ਨਾਉਂ ਲਿਖੇ ਪੱਤਰ ਵਿੱਚ ਸੁਲਹ ਦੀ ਤਜਵੀਜ਼ ਦੇ ਨਾਲ ਹੀ ਆਪਸੀ ਸਾਂਝ ਦਾ ਆਧਾਰ ਵੀ ਸੁਝਾਇਆ ਜਾ ਚੁੱਕਾ ਸੀ।[1] ਇਸੇ ਨਾਲ ਹੀ ਆਰ.ਐਸ.ਐਸ. ਦੀਆਂ ਪ੍ਰਕਾਸ਼ਨਾਵਾਂ ਅੰਦਰ ਇੰਦਰਾ ਗਾਂਧੀ ਦੀ ਸੰਕੋਚਵੀਂ ਪ੍ਰਸੰਸਾ ਦੀ ਝਲਕ ਮਿਲਣ ਲੱਗ ਪਈ ਸੀ। 1980 ਵਿੱਚ ਦੁਬਾਰਾ ਸੱਤਾ ਵਿੱਚ ਆਉਣ ਤੋਂ ਬਾਅਦ ਇੰਦਰਾ ਦੁਆਰਾ ਟੀ.ਐਨ. ਚਤੁਰਵੇਦੀ ਨਾਂ ਦੇ ਕੱਟੜ ਆਰ.ਐਸ.ਐਸ. ਸਮਰਥਕ ਆਈ.ਏ.ਐਸ. ਅਫ਼ਸਰ ਦੀ ਹੈਰਾਨੀ ਤੇ ਭੇਦ ਭਰੇ ਢੰਗ ਨਾਲ ਭਾਰਤ ਸਰਕਾਰ ਦੇ ਗ੍ਰਹਿ ਸਕੱਤਰ ਵਰਗੇ ਅਤਿ ਅਹਿਮ ਅਹੁਦੇ 'ਤੇ ਨਿਯੁਕਤੀ, ਇੰਦਰਾ ਤੇ ਦਿਓਰਸ ਵਿਚਕਾਰ ਹੋਏ ਦੱਸੇ ਜਾਂਦੇ ਗੁਪਤ ਸਮਝੌਤੇ ਦਾ ਹੀ ਨਤੀਜਾ ਸੀ ਤੇ ਨਾਲ ਹੀ ਪ੍ਰਮਾਣ ਵੀ।

ਇੰਦਰਾ ਗਾਂਧੀ ਵੱਲੋਂ ਪੰਜਾਬ ਅਸੰਬਲੀ ਚੋਣਾਂ ਤੋਂ ਬਾਅਦ ਗਿਆਨੀ ਜ਼ੈਲ ਸਿੰਘ ਦੀ ਜਗ੍ਹਾ ਦਰਬਾਰਾ ਸਿੰਘ ਨੂੰ ਪੰਜਾਬ ਦਾ ਮੁੱਖ ਮੰਤਰੀ ਥਾਪਣਾ, ਉਸ ਦੇ ਇਸ ਨਵੇਂ ਵਿਚਾਰਧਾਰਕ ਤੇਵਰ ਦਾ ਹੀ ਝਲਕਾਰਾ ਸੀ। ਗਿਆਨੀ ਜ਼ੈਲ ਸਿੰਘ ਤੇ ਦਰਬਾਰਾ ਸਿੰਘ,

ਦੋਨੋਂ ਬਰਾਬਰ ਦੇ ਕੱਟੜ ਅਕਾਲੀ ਦੁਸ਼ਮਣ, ਇੱਕੋ ਜਿੰਨੇ ਰੜ੍ਹੇ ਹੋਏ ਕਾਂਗਰਸੀ ਤੇ ਇਕ ਦੂਜੇ ਨਾਲੋਂ ਵਧ ਕੇ ਇੰਦਰਾ-ਭਗਤ ਹੋਣ ਦੇ ਬਾਵਜੂਦ, ਕੁਝ ਅਹਿਮ ਪੱਖਾਂ ਤੋਂ ਇਕ ਦੂਜੇ ਨਾਲੋਂ ਕਾਫ਼ੀ ਅਲੱਗ-ਅਲੱਗ ਸਨ। ਅਕਾਲੀਆਂ ਖ਼ਿਲਾਫ਼ ਲੜਨ ਵਿੱਚ ਦੋਨਾਂ ਦੀ ਵਿਚਾਰਧਾਰਾ, ਰਣਨੀਤੀ ਤੇ ਸ਼ੈਲੀ ਅੰਦਰ ਕਾਫ਼ੀ ਵੱਡੇ ਵਖਰੇਵੇਂ ਸਨ। ਗਿਆਨੀ ਜ਼ੈਲ ਸਿੰਘ ਅਕਾਲੀਆਂ ਖ਼ਿਲਾਫ਼ ਉਨ੍ਹਾਂ ਦੇ ਹੀ ਹਥਿਆਰ ਨਾਲ ਲੜਨ, ਅਰਥਾਤ ਸਿੱਖ ਜਨਤਾ ਦੀਆਂ ਧਾਰਮਿਕ ਭਾਵਨਾਵਾਂ ਦੀ ਆਪਣੇ ਸੌੜੇ ਰਾਜਸੀ ਉਦੇਸ਼ਾਂ ਲਈ ਵਰਤੋਂ ਕਰਨ ਦੀ ਸੋਚ ਤੇ ਰਣਨੀਤੀ ਦਾ ਧਾਰਨੀ ਸੀ। ਇਸ ਦੇ ਇਕਦਮ ਉਲਟ, ਦਰਬਾਰਾ ਸਿੰਘ ਨੂੰ ਅਕਾਲੀਆਂ ਨਾਲੋਂ ਵੀ ਵੱਧ ਉਨ੍ਹਾਂ ਦੇ 'ਹਥਿਆਰ' ਨਾਲ, ਯਾਨੀ ਕਿ ਉਨ੍ਹਾਂ ਦੇ ਧਾਰਮਿਕ-ਰਾਜਸੀ ਪੈਂਤੜੇ ਨਾਲ ਚਿੜ ਸੀ। ਵਜ੍ਹਾ ਇਹ ਕਿ ਉਹ ਗਿਆਨੀ ਜੀ ਨਾਲੋਂ, ਜਾਂ ਇਹ ਕਹਿ ਲਵੋ ਕਿ ਹੋਰਨਾਂ ਸਾਰੇ ਕਾਂਗਰਸੀ ਸਿੱਖਾਂ ਨਾਲੋਂ, ਉੱਕਾ ਹੀ ਵੱਖਰੇ ਰੂਟ ਰਾਹੀਂ ਆਪਣੇ ਮੌਜੂਦਾ ਮੁਕਾਮ ਉੱਤੇ ਪਹੁੰਚਿਆ ਸੀ। ਆਪਣੇ ਪੋਚ ਦਾ ਉਹੀ ਇਕ-ਮਾਤਰ ਕਾਂਗਰਸੀ ਸਿੱਖ ਸੀ ਜਿਸ ਨੇ ਅਕਾਲੀ ਦਲ ਦੀ ਸ਼ਾਗਿਰਦੀ ਮਾਣਨ ਤੋਂ ਬਿਨਾਂ ਹੀ, ਸਿੱਧਾ ਕਾਂਗਰਸੀ ਸਫ਼ਾਂ ਅੰਦਰ ਦਾਖ਼ਲਾ ਲਿਆ ਸੀ। ਇਸ ਅਹਿਮ ਵਖਰੇਵੇਂ ਦੀ ਵਜ੍ਹਾ ਕਰਕੇ ਦਰਬਾਰਾ ਸਿੰਘ ਅਕਾਲੀਆਂ ਖ਼ਿਲਾਫ਼ ਸਿਰਫ਼ ਰਾਜਸੀ ਸ਼ਰੀਕਾ ਹੀ ਨਹੀਂ ਸੀ ਰਖਦਾ ਸਗੋਂ ਨਾਲ ਹੀ ਵਿਚਾਰਧਾਰਕ ਦੁਸ਼ਮਣੀ ਵੀ ਪਾਲਦਾ ਸੀ। ਇਕ ਵਾਰ ਬਤੌਰ ਮੁੱਖ ਮੰਤਰੀ ਉਸ ਨੇ ਬੀ.ਬੀ.ਸੀ. ਦੇ ਤਰਜਮਾਨ (ਮਾਰਕ ਟਲੀ) ਨਾਲ ਆਪਣੀ ਇਕ ਭੇਂਟ-ਵਾਰਤਾ ਦੌਰਾਨ ਆਪਣੇ ਇਨ੍ਹਾਂ ਵਿਚਾਰਧਾਰਕ ਤੁਅੱਸਬਾਂ ਦਾ ਬੇਬਾਕ ਪ੍ਰਗਟਾਵਾ ਕਰਦਿਆਂ ਹੋਇਆਂ ਸਿੱਖ ਸਭਿਆਚਾਰ ਦੀ ਹੋਂਦ ਤੇ ਵਾਜਬੀਅਤ ਤੋਂ ਹੀ ਇਨਕਾਰੀ ਹੋ ਜਾਣ ਦੀ ਸਿਰੇ ਦੀ ਤੁਅੱਸਬੀ ਪੋਜ਼ੀਸ਼ਨ ਲੈ ਲਈ ਸੀ। ਸਿੱਖ ਸਭਿਆਚਾਰ ਤੇ ਸਿੱਖ ਪਛਾਣ ਨੂੰ ਖ਼ਤਰੇ ਦੀ ਧਾਰਨਾ ਦਾ ਤਿੱਖਾ ਖੰਡਨ ਕਰਦਿਆਂ ਹੋਇਆਂ, ਉਸ ਨੇ ਵੱਖਰੀ ਸਿੱਖ ਪਛਾਣ ਨੂੰ 'ਭਾਰਤੀ ਪਛਾਣ' ਵਿੱਚ ਜਜ਼ਬ ਕਰਨ ਦੇ ਵਿਚਾਰ ਦੀ ਹਿੰਦੂ ਫ਼ਿਰਕਾਪ੍ਰਸਤਾਂ ਨਾਲੋਂ ਵੀ ਵੱਧ ਨੰਗੇ ਲਫ਼ਜ਼ਾਂ ਵਿੱਚ ਵਜ਼ਾਹਤ ਕੀਤੀ।[2] ਇਸ ਕਰਕੇ ਇਸ ਵਿੱਚ ਹੈਰਾਨੀ ਦੀ ਉੱਕਾ ਹੀ ਕੋਈ ਗੱਲ ਨਹੀਂ ਕਿ ਹੋਰ ਕਿਸੇ ਵੀ ਕਾਂਗਰਸੀ ਸਿੱਖ ਦੇ ਮੁਕਾਬਲੇ ਦਰਬਾਰਾ ਸਿੰਘ ਹਿੰਦੂ ਵਰਗ ਦਾ ਸਭ ਨਾਲੋਂ ਮਨਭਾਉਂਦਾ ਆਗੂ ਸੀ। ਉਸ ਨੇ ਗੱਦੀ ਉੱਤੇ ਬਹਿੰਦਿਆਂ ਹੀ ਹਿੰਦੂ ਵਰਗ ਦੀ ਫ਼ਿਰਕੂ ਸੋਚ ਤੇ ਇੱਛਾ ਅਨੁਸਾਰ ਸਿੱਖ ਅਫ਼ਸਰਾਂ ਨੂੰ ਚੁਣ-ਚੁਣ ਕੇ ਲਾਂਭੇ ਕਰਨ ਤੇ ਉਨ੍ਹਾਂ ਦੀ ਜਗ੍ਹਾ ਹਿੰਦੂ ਅਫ਼ਸਰਾਂ ਦੀ ਨਿਯੁਕਤੀ ਕਰਨ ਦਾ ਅਮਲ ਆਰੰਭ ਦਿੱਤਾ। ਸਿੱਟੇ ਵਜੋਂ ਉਸ ਦੀ ਸਰਕਾਰ ਅੰਦਰ ਹਿੰਦੂ ਅਫ਼ਸਰਾਂ ਦਾ ਮੁਕੰਮਲ ਬੋਲਬਾਲਾ ਹੋ ਗਿਆ। ਉਸ ਦਾ ਚੀਫ਼ ਸਕੱਤਰ ਵੀ ਹਿੰਦੂ (ਈਸ਼ਵਰ ਚੰਦਰ ਪੁਰੀ), ਪੁਲਸ ਮੁਖੀ ਵੀ ਹਿੰਦੂ (ਬੀਰਬਲ ਨਾਥ) ਤੇ ਪ੍ਰਿੰਸੀਪਲ ਸਕੱਤਰ ਵੀ ਹਿੰਦੂ (ਤਜਿੰਦਰ ਖੰਨਾ) ਸੀ। 17 ਅਹਿਮ ਪਦਾਂ 'ਚੋਂ 11 ਉੱਤੇ ਹਿੰਦੂ ਤੇ ਸਿਰਫ਼ 6 ਉੱਤੇ ਸਿੱਖ ਸਕੱਤਰ ਨਿਯੁਕਤ ਕੀਤੇ ਗਏ। ਇਕ ਸਿਰਫ਼ ਸਨਅਤ ਦੇ ਮਹਿਕਮੇ ਨੂੰ ਛੱਡ ਕੇ ਬਾਕੀ ਸਾਰੇ ਮਹਿਕਮਿਆਂ ਦੇ ਮੁਖੀ ਹਿੰਦੂ (ਅਫ਼ਸਰ) ਥਾਪੇ ਗਏ।[3] ਉਸ ਦੇ ਰਾਜ-ਕਾਲ ਦੌਰਾਨ ਸਰਕਾਰੀ ਇਸ਼ਤਿਹਾਰਾਂ ਦੀ ਸਭ ਤੋਂ ਵੱਧ ਮਿਹਰ ਜਲੰਧਰ ਦੇ ਮਹਾਸ਼ਾ ਵਰਿੰਦਰ ਦੇ ਉਰਦੂ ਅਖ਼ਬਾਰ (*ਪਰਤਾਪ*) ਉੱਤੇ ਹੋਈ।[4] ਆਜ਼ਾਦੀ ਤੋਂ ਬਾਅਦ ਪੰਜਾਬ ਅੰਦਰ ਜੋ ਵੀ ਕਾਂਗਰਸ ਸਰਕਾਰ ਬਣੀ, ਉਸ ਨੇ ਸਿੱਖਾਂ ਪ੍ਰਤੀ ਆਮ ਕਰਕੇ ਵਿਤਕਰੇ ਤੇ ਵੈਰ-ਭਾਵ ਦੀ ਨੀਤੀ ਉੱਤੇ ਅਮਲ ਕੀਤਾ। ਪ੍ਰੰਤੂ ਦਰਬਾਰਾ ਸਿੰਘ ਦੀ ਸਰਕਾਰ ਨੇ ਫ਼ਿਰਕੂਪੁਣੇ ਤੇ ਸਿੱਖ-ਦੁਸ਼ਮਣੀ ਦੇ ਮਾਮਲੇ 'ਚ ਪਿਛਲੀਆਂ ਕਾਂਗਰਸ ਸਰਕਾਰਾਂ ਨੂੰ ਕਿਤੇ ਪਿਛਾਂਹ ਛੱਡ ਦਿੱਤਾ। ਇਸ ਜ਼ਹਿਰ ਨੇ ਛੇਤੀ ਹੀ ਆਪਣਾ ਅਸਰ ਦਿਖਾਉਣਾ ਸ਼ੁਰੂ ਕਰ ਦਿੱਤਾ।

ਪੰਜਾਬ ਦੇ ਹਿੰਦੂ ਵਰਗ ਨੂੰ ਜਦ ਪੰਜਾਬ ਅੰਦਰ ਉਸ ਦੀਆਂ ਭਾਵਨਾਵਾਂ ਦੀ ਸ਼ੁਧ ਰੂਪ ਵਿੱਚ ਤਰਜਮਾਨੀ ਕਰਨ ਵਾਲੀ ਹਕੂਮਤ ਮਿਲ ਗਈ ਅਤੇ ਦੇਸ ਅੰਦਰ ਤੇਜ਼ੀ ਨਾਲ ਫੈਲ-ਪਸਰ ਰਹੀ ਕੱਟੜਵਾਦੀ ਵਿਚਾਰਧਾਰਾ ਦਾ ਸੁਹਾਵਣਾ ਵਾਤਾਵਰਨ ਮਿਲ ਗਿਆ ਤਾਂ ਉਸ ਦੀ ਫ਼ਿਰਕੂ ਪ੍ਰਵਿਰਤੀ ਸੱਤ ਵੱਟ ਖਾ ਗਈ। ਪੰਜਾਬੀ ਸੂਬੇ ਦੇ ਅੰਦੋਲਨ ਦੌਰਾਨ ਵੀ ਉਸ ਨੇ ਕੋਈ ਘੱਟ ਫ਼ਿਰਕੂਪੁਣਾ ਨਹੀਂ ਸੀ ਖਿਲਾਰਿਆ। ਪਰ ਹਾਲਤਾਂ ਦੇ ਬਦਲੇ ਪ੍ਰਸੰਗ ਅੰਦਰ ਉਸ ਦੀ ਫ਼ਿਰਕਾਪ੍ਰਸਤੀ ਪਹਿਲਾਂ ਨਾਲੋਂ ਵੱਖਰਾ ਆਕਾਰ-ਪਸਾਰ ਤੇ ਵੱਧ ਗੰਭੀਰ ਅਰਥ ਗ੍ਰਹਿਣ ਕਰ ਗਈ। ਪੰਜਾਬੀ ਸੂਬੇ ਦੇ ਅੰਦੋਲਨ ਦੌਰਾਨ ਪੰਜਾਬ ਦੇ ਹਿੰਦੂ ਵਰਗ ਦਾ ਫ਼ਿਰਕੂਪੁਣਾ ਵੱਧ ਸਥਾਨਕ ਕਿਸਮ ਦਾ ਹੀ ਵਰਤਾਰਾ ਸੀ ਜਿਸ ਦੇ ਅਸਰ ਸੀਮਤ ਤੇ ਇਕਹਿਰੇ ਸਨ। ਉਦਾਹਰਣ ਵਜੋਂ ਇਹ ਸਿੱਖ ਸੰਘਰਸ਼ ਦੀ ਸੇਧ ਤੇ ਸਰੂਪ ਉੱਤੇ ਕੋਈ ਬਹੁਤੇ ਗਹਿਰੇ ਤੇ ਚਿਰ ਸਥਾਈ ਪ੍ਰਭਾਵ ਨਹੀਂ ਸੀ ਛੱਡ ਸਕਿਆ। ਉਸ ਵੇਲੇ ਦੀਆਂ ਹਾਲਤਾਂ ਤੇ ਮਾਹੌਲ ਅੰਦਰ ਹਿੰਦੂ ਭੜਕਾਹਟ ਦੇ ਪ੍ਰਤੀਕਰਮ ਵਜੋਂ ਸਿੱਖ ਕੌਮ ਅੰਦਰ ਔਖ ਤੇ ਗ਼ੁੱਸੇ ਦੀਆਂ ਜੋ ਵੀ ਤਰੰਗਾਂ ਉਠਦੀਆਂ ਰਹੀਆਂ, ਉਹ ਅਕਾਲੀ ਦਲ ਦੀ ਮਰਿਆਦਾ-ਪੂਜ ਰਾਜਨੀਤੀ ਦੀ ਚਾਰਦੀਵਾਰੀ ਨਾਲ ਟਕਰਾ ਕੇ ਸ਼ਾਂਤ ਹੋ ਜਾਂਦੀਆਂ ਰਹੀਆਂ। ਪ੍ਰੰਤੂ ਬਦਲੇ ਹੋਏ ਮਾਹੌਲ ਅੰਦਰ ਹਿੰਦੂ ਵਰਗ ਦੀ ਹਰ ਫ਼ਿਰਕੂ ਗੁਸਤਾਖ਼ੀ ਸਿੱਖ ਰਾਜਨੀਤੀ ਦੇ ਵਹਿਣ ਅੰਦਰ ਨਵਾਂ ਉਬਾਲ ਤੇ ਉਛਾਲ ਪੈਦਾ ਕਰਨ ਤੇ ਨਾਲ ਹੀ ਇਕ ਨਵੀਂ ਰਸਾਇਣਕ ਪ੍ਰਕਿਰਿਆ ਛੇੜ ਦੇਣ ਦਾ ਸਬੱਬ ਹੋ ਨਿਬੜਦੀ ਰਹੀ, ਜਿਸ ਨਾਲ ਸਿੱਖ ਸੰਘਰਸ਼ ਰਵਾਇਤੀ ਹੱਦਾਂ ਤੇ ਦਾਇਰਿਆਂ ਨੂੰ ਉਲੰਘ ਕੇ ਨਵੇਂ ਰਾਹ ਬਣਾਉਂਦਾ ਅੱਗੇ ਵਧਣ ਲੱਗਾ।

ਜ਼ਿਆਦਾਤਰ ਵਿਦਵਾਨ ਤੇ ਟਿੱਪਣੀਕਾਰ ਸਿੱਖ ਸੰਘਰਸ਼ ਦੇ ਇਸ ਦੌਰ ਦੀ ਵਿਆਖਿਆ ਕਰਨ ਲੱਗਿਆਂ ਹਾਲਤਾਂ ਦੇ ਇਸ ਅੰਦਰੂਨੀ ਗਤੀ-ਅਮਲ ਦੇ ਵਿਸ਼ਲੇਸ਼ਣ ਉੱਤੇ ਕੇਂਦਰਤ ਕਰਨ ਦੀ ਬਜਾਇ, ਸਿੱਖ ਸੰਘਰਸ਼ ਅੰਦਰ ਉਭਰੇ ਗਰਮ-ਖ਼ਿਆਲੀ ਰੁਝਾਨ (ਜਿਸ ਨੂੰ ਆਮ ਬੋਲ-ਚਾਲ ਅੰਦਰ 'ਭਿੰਡਰਾਂਵਾਲਾ ਵਰਤਾਰਾ' ਕਰਕੇ ਜਾਣਿਆ ਜਾਂਦਾ ਹੈ) ਨੂੰ ਇੰਦਰਾ ਗਾਂਧੀ ਤੇ ਗਿਆਨੀ ਜ਼ੈਲ ਸਿੰਘ ਦੀ, ਅਕਾਲੀ ਦਲ ਨੂੰ ਕਮਜ਼ੋਰ ਕਰਨ ਦੀ ਪੂਰਵ-ਉਲੀਕੀ ਵਿਉਂਤ ਤੇ ਸਾਜ਼ਿਸ਼ ਦੀ ਪੈਦਾਇਸ਼ ਬਣਾ ਕੇ ਪੇਸ਼ ਕਰਦੇ ਹਨ। ਇਸ ਮੱਤ-ਨਿਰਣੇ ਦੀ ਪੁਸ਼ਟੀ ਲਈ ਕਈ ਠੋਸ ਉਦਾਹਰਣਾਂ ਤੇ ਵੇਰਵੇ ਦਿੱਤੇ ਜਾਂਦੇ ਹਨ, ਜਿਵੇਂ ਸੰਤ ਜਰਨੈਲ ਸਿੰਘ ਦੀ ਜਥੇਦਾਰ ਸੰਤੋਖ ਸਿੰਘ ਵਰਗੇ ਲੋਕਾਂ (ਜਿਸ ਨੂੰ ਇੰਦਰਾ ਗਾਂਧੀ ਦਾ ਖ਼ਾਸ ਹੱਥ-ਠੋਕਾ ਸਮਝਿਆ ਜਾਂਦਾ ਸੀ) ਨਾਲ ਨੇੜਤਾ, 1980 ਦੀਆਂ ਲੋਕ ਸਭਾ ਚੋਣਾਂ ਦੌਰਾਨ ਸੰਤ ਭਿੰਡਰਾਂਵਾਲੇ ਦੁਆਰਾ ਕੁਝ ਕਾਂਗਰਸੀ ਉਮੀਦਵਾਰਾਂ (ਰਘੂਨੰਦਨ ਲਾਲ ਭਾਟੀਆ ਤੇ ਸੁਖਵੰਤ ਕੌਰ ਭਿੰਡਰ) ਦੀ ਮਦਦ 'ਤੇ ਆਉਣਾ, ਗਿਆਨੀ ਜ਼ੈਲ ਸਿੰਘ ਵੱਲੋਂ ਬਤੌਰ ਕੇਂਦਰੀ ਗ੍ਰਹਿ ਮੰਤਰੀ ਸੰਤ ਭਿੰਡਰਾਂਵਾਲੇ ਦੀ ਖੁੱਲ੍ਹਮ-ਖੁੱਲ੍ਹੀ ਮਦਦ ਕਰਨੀ, ਗਿਆਨੀ ਜ਼ੈਲ ਸਿੰਘ ਵੱਲੋਂ ਹੀ 'ਦਲ ਖ਼ਾਲਸਾ' ਨਾਂ ਦੇ ਗਰਮ-ਖ਼ਿਆਲੀ ਸੰਗਠਨ ਦੀ ਕਥਿਤ ਤੌਰ 'ਤੇ ਸਥਾਪਨਾ ਤੇ ਸਰਪ੍ਰਸਤੀ ਕਰਨੀ, ਆਦਿ। ਜੇਕਰ ਇਨ੍ਹਾਂ ਸਾਰੇ ਤੱਥਾਂ/ਵੇਰਵਿਆਂ ਨੂੰ ਸਹੀ ਵੀ ਮੰਨ ਲਿਆ ਜਾਵੇ ਤਾਂ ਵੀ ਇਸ ਨਾਲ ਸਵੈ-ਸਿੱਧ ਹੀ 'ਸਾਜ਼ਿਸ਼ ਦੇ ਸਿਧਾਂਤ' ਦੀ ਪੁਸ਼ਟੀ ਨਹੀਂ ਹੋ ਜਾਂਦੀ। ਅਹਿਮ ਗੱਲ ਇਨ੍ਹਾਂ ਤੱਥਾਂ/ਵੇਰਵਿਆਂ ਦੇ, ਇਤਿਹਾਸ ਦੇ ਵਹਿਣ ਉੱਤੇ ਪਏ ਠੋਸ ਪ੍ਰਭਾਵਾਂ ਦਾ ਹਕੀਕੀ ਜਾਇਜ਼ਾ ਲੈਣ, ਅਰਥਾਤ ਸਮੁੱਚੇ ਵਰਤਾਰੇ ਅੰਦਰ ਇਨ੍ਹਾਂ ਦੀ ਭੂਮਿਕਾ ਦਾ ਸਹੀ ਸਥਾਨ ਨਿਸ਼ਚਿਤ ਕਰਨ ਦੀ ਹੈ। 'ਸਾਜ਼ਿਸ਼ ਦੇ ਸਿਧਾਂਤ' ਦੀ ਬੁਨਿਆਦੀ ਕਮਜ਼ੋਰੀ ਇਹ ਹੈ ਕਿ ਘਟਨਾਵਾਂ ਤੇ ਵਰਤਾਰਿਆਂ ਨੂੰ ਉਨ੍ਹਾਂ ਦੇ ਅੰਦਰੂਨੀ ਗਤੀ-ਨਿਯਮਾਂ ਅਨੁਸਾਰ ਜਾਨਣ ਤੇ ਪੜਤਾਲਣ ਦੀ ਪਹੁੰਚ ਅਪਣਾਉਣ ਦੀ ਬਜਾਇ, ਬਾਹਰੀ ਪੱਖਾਂ ਤੇ ਸ਼ਕਤੀਆਂ ਦੇ ਪ੍ਰਭਾਵ ਨੂੰ ਨਿਰਣਾਕਾਰੀ ਮੰਨ ਲਿਆ ਜਾਂਦਾ ਹੈ। ਇਸ

ਪਹੁੰਚ 'ਚੋਂ ਨਿਕਲੇ ਨਿਰਣੇ ਬਹੁਤੀ ਵਾਰੀ, ਸਰਸਰੀ ਨਜ਼ਰ ਨਾਲ ਦੇਖਿਆਂ ਜਿੰਨੇ ਦਰੁਸਤ ਤੇ ਜਚਣਹਾਰ ਲੱਗਦੇ ਹਨ, ਹਕੀਕਤ ਵਿੱਚ ਉਨੇ ਹੀ ਗ਼ਲਤ ਤੇ ਗੁੰਮਰਾਹਕੁੰਨ ਹੁੰਦੇ ਹਨ। 'ਭਿੰਡਰਾਂਵਾਲੇ ਵਰਤਾਰੇ' ਦੀ ਹੀ ਮਿਸਾਲ ਲੈ ਲਵੋ। ਜਦੋਂ ਇਹ ਗੱਲ ਕਹੀ ਜਾਂ ਮੰਨ ਲਈ ਜਾਂਦੀ ਹੈ ਕਿ ਸੰਤ ਜਰਨੈਲ ਸਿੰਘ ਅਤੇ ਉਨ੍ਹਾਂ ਤੋਂ ਪ੍ਰੇਰਿਤ ਖਾੜਕੂ ਧਾਰਾ ਕੁਝ ਬਾਹਰੀ ਸ਼ਕਤੀਆਂ ਜਾਂ ਵਿਅਕਤੀਆਂ (ਇੰਦਰਾ/ਗਿਆਨੀ ਵਗ਼ੈਰਾ) ਦੁਆਰਾ ਅਕਾਲੀ ਦਲ ਨੂੰ ਕਮਜ਼ੋਰ ਕਰਨ ਦੀ ਮਨਸ਼ਾ ਨਾਲ ਘੜੀ ਗਈ ਸਾਜ਼ਿਸ਼ ਦਾ ਨਤੀਜਾ ਸੀ ਤਾਂ ਇਸ ਅਹਿਮ ਸੱਚਾਈ ਨੂੰ ਆਰਾਮ ਨਾਲ ਹੀ ਨਜ਼ਰ-ਅੰਦਾਜ਼ ਕਰ ਦਿੱਤਾ ਜਾਂਦਾ ਹੈ ਕਿ ਕੋਈ ਵੀ ਵੱਡੀ ਲਹਿਰ ਪੈਦਾ ਨਹੀਂ ਹੋ ਸਕਦੀ ਜੇਕਰ ਸਮਾਜ ਦੇ ਕਿਸੇ ਵਰਗ ਨੂੰ ਉਸ ਨਾਲ ਹੋ ਰਹੀ ਕਿਸੇ ਵਧੀਕੀ ਜਾਂ ਬੇਇਨਸਾਫ਼ੀ ਦਾ ਅਹਿਸਾਸ ਨਾ ਹੋਵੇ। ਕਿਸੇ ਵਰਗ ਅੰਦਰ ਵੱਡੀ ਬੇਚੈਨੀ ਪੈਦਾ ਨਹੀਂ ਹੋ ਸਕਦੀ ਜੇਕਰ ਉਸ ਵਰਗ ਨੂੰ ਇਹ ਅਹਿਸਾਸ ਨਾ ਹੋਵੇ ਕਿ ਕਾਇਮ-ਮੁਕਾਮ ਵਿਵਸਥਾ ਉਸ ਦੇ ਹਿਤਾਂ ਦੇ ਅਨੁਕੂਲ ਨਹੀਂ, ਜਾਂ ਉਸ ਦੀ ਤਰੱਕੀ ਦੇ ਰਾਹ 'ਚ ਰੋਕ ਬਣ ਰਹੀ ਹੈ ਅਤੇ ਕਿਸੇ ਵਰਗ-ਵਿਸ਼ੇਸ਼ ਦੁਆਰਾ 'ਜਾਣ ਬੁਝ ਕੇ' ਉਸ ਨਾਲ ਧੱਕਾ ਤੇ ਵਿਤਕਰਾ ਕੀਤਾ ਜਾ ਰਿਹਾ ਹੈ। ਜੇਕਰ ਇਹ ਸਾਰੀਆਂ ਗੱਲਾਂ ਨਾ ਹੋਣ ਤਾਂ ਕਿਸੇ ਵੀ ਵਰਗ ਨੂੰ, ਜਾਂ ਉਸ ਦੇ ਤਕੜੇ ਹਿੱਸੇ ਨੂੰ ਬੇਵਜ੍ਹਾ ਹੀ ਲੜਨ ਲਈ ਨਹੀਂ ਉਕਸਾਇਆ ਜਾ ਸਕਦਾ। ਮਰਨ ਲਈ ਤਾਂ ਉੱਕਾ ਹੀ ਨਹੀਂ। ਉਕਸਾਉਣ ਵਾਲਾ ਭਾਵੇਂ ਕਿੰਨਾ ਵੀ ਚਾਤਰ ਕਿਉਂ ਨਾ ਹੋਵੇ।

ਸੋ 'ਭਿੰਡਰਾਂਵਾਲੇ ਵਰਤਾਰੇ' ਨੂੰ ਇੰਦਰਾ ਗਾਂਧੀ ਜਾਂ ਜ਼ੈਲ ਸਿੰਘ ਵੱਲੋਂ ਘੜੀ ਸਾਜ਼ਿਸ਼ ਦੀ ਉਪਜ-ਨਿਪਜ ਮੰਨਣ ਤੇ ਕਹਿਣ ਦੇ ਦੋ ਅਰਥ ਨਿਕਲਦੇ ਹਨ। ਇਕ ਇਹ ਕਿ ਇਸ ਵਰਤਾਰੇ ਨੂੰ ਜਨਮ ਦੇਣ ਵਿੱਚ ਹਿੰਦੂ ਹਾਕਮਾਂ ਦੀ ਫ਼ਿਰਕੂ ਫ਼ਿਤਰਤ ਅਤੇ ਇਸ ਉੱਤੇ ਉਸਰੇ ਰਾਜਸੀ ਢਾਂਚੇ ਦਾ ਓਨਾ ਵੱਡਾ ਦੋਸ਼ ਨਹੀਂ ਜਿੰਨਾ ਕੁਝ ਵਿਅਕਤੀਆਂ ਦਾ ਹੈ। ਦੂਜਾ ਇਹ ਕਿ ਸੰਤ ਜਰਨੈਲ ਸਿੰਘ ਤੇ ਦੂਸਰੇ ਖਾੜਕੂ ਸਿੰਘ ਹਿੰਦੂ ਹਾਕਮਾਂ ਦੀਆਂ ਧੱਕੇਸ਼ਾਹੀਆਂ ਤੇ ਬੇਈਮਾਨੀਆਂ ਵਿਰੁੱਧ ਸਿੱਖੀ ਦੇ ਖਰੇ ਜਜ਼ਬੇ ਤੋਂ ਪ੍ਰੇਰਿਤ ਹੋ ਕੇ ਸੰਘਰਸ਼ ਦੇ ਰਾਹ ਨਹੀਂ ਪਏ, ਬਲਕਿ ਇੰਦਰਾ ਗਾਂਧੀ ਤੇ ਜ਼ੈਲ ਸਿੰਘ ਵਰਗੇ ਬਦਨੀਤੇ ਲੋਕਾਂ ਦੇ ਸ਼ਿਸ਼ਕਾਰੇ ਹੀ ਖਾੜਕੂਵਾਦ ਦੇ ਰਾਹ ਪੈ ਤੁਰੇ। ਸਿੱਖ ਖਾੜਕੂਪੁਣੇ ਦੇ ਪੁੰਗਰਨ-ਵਿਗਸਣ ਬਾਰੇ ਇਸ ਤਰ੍ਹਾਂ ਦੀ ਨਿਰਣਾਕਾਰੀ ਆਪਣੇ ਖ਼ਾਸੇ ਪੱਖੋਂ ਸਿੱਖ-ਵਿਰੋਧੀ ਹੈ। ਇਕ ਤਾਂ ਇਸ ਰਾਹੀਂ ਭਾਰਤ ਦੇ ਅਜੋਕੇ ਰਾਜ-ਪ੍ਰਬੰਧ ਅੰਦਰ ਸਿੱਖ ਕੌਮ ਨਾਲ ਹੋ ਰਹੀ ਸ਼ਰੀਹਣ ਵਿਤਕਰੇਬਾਜ਼ੀ, ਬੇਇਨਸਾਫ਼ੀ ਤੇ ਧੱਕੇਸ਼ਾਹੀ ਦੀ ਹਕੀਕਤ ਨੂੰ ਛੁਟਿਆਉਣ ਤੇ ਝੁਠਲਾਉਣ ਦਾ ਯਤਨ ਕੀਤਾ ਜਾਂਦਾ ਹੈ। ਦੂਸਰਾ ਸੰਤ ਜਰਨੈਲ ਸਿੰਘ ਤੇ ਹੋਰਨਾਂ ਸਿੱਖ ਜੁਝਾਰੂਆਂ ਦੇ ਅਕਸ ਤੇ ਵਕਾਰ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਹਿੰਦੂ ਦਾਨਸ਼ਵਰ ਇਹ ਕੰਮ ਜਾਣ ਬੁਝ ਕੇ, ਮੰਦਭਾਵਨਾ ਤਹਿਤ ਕਰ ਰਹੇ ਹਨ ਜਦ ਕਿ ਕੁਝ ਸਿੱਖ ਵਿਦਵਾਨਾਂ ਵੱਲੋਂ ਅਜਿਹਾ ਅਣਜਾਣੇ ਤੌਰ 'ਤੇ ਅਤੇ ਮੰਦ ਬੁੱਧੀ ਤਹਿਤ ਹੋ ਰਿਹਾ ਹੈ। ਸ: ਸੰਗਤ ਸਿੰਘ ਦੀ ਵੱਡੀ ਪੱਧਰ ਉੱਤੇ ਛਾਪੀ ਤੇ ਪ੍ਰਚਾਰੀ ਗਈ *The Sikhs in History* ਨਾਂ ਦੀ ਪੁਸਤਕ ਇਸ ਮਾਮਲੇ 'ਚ ਅੱਵਲ ਸ਼੍ਰੇਣੀ ਦੀ ਨਾਂਹ-ਪੱਖੀ ਉਦਾਹਰਣ ਮੰਨੀ ਜਾ ਸਕਦੀ ਹੈ। ਸ: ਸੰਗਤ ਸਿੰਘ ਵੱਲੋਂ ਇਸ ਕਿਤਾਬ ਅੰਦਰ ਸਿੱਖ ਖਾੜਕੂ ਲਹਿਰ ਬਾਰੇ ਪੇਸ਼ ਕੀਤਾ ਗਿਆ ਸਮੁੱਚਾ ਵਿਖਿਆਨ ਇਤਿਹਾਸ ਦੇ ਅੰਦਰੂਨੀ ਗਤੀ-ਨਿਯਮਾਂ ਨੂੰ ਪੂਰਨ ਤੌਰ 'ਤੇ ਅਣਡਿੱਠ ਕਰਨ ਅਤੇ ਇਸ ਨੂੰ ਨਿਰਾ-ਪੁਰਾ ਕੁਝ ਵਿਅਕਤੀਆਂ ਦੀਆਂ ਕੁਚਾਲਾਂ ਤੇ ਸਾਜ਼ਿਸ਼ਾਂ ਦੇ ਵਿਉਂਤਬੱਧ ਅਮਲ ਵਜੋਂ ਦੇਖਣ ਦੀ ਅੰਤਰਮੁਖੀ ਪਹੁੰਚ ਦਾ ਖ਼ਾਲਸ ਨਮੂਨਾ ਹੈ। ਇਤਿਹਾਸ ਅੰਦਰ ਵਾਪਰਨ ਵਾਲੀਆਂ ਵੱਡੀਆਂ ਸਮਾਜੀ ਘਟਨਾਵਾਂ ਤੇ ਵਰਤਾਰਿਆਂ ਨੂੰ ਕੁਝ

ਵਿਅਕਤੀਆਂ ਦੇ ਚੰਗੇ ਬੁਰੇ ਇਰਾਦਿਆਂ ਤੇ ਚਾਲਾਂ ਦੀ 'ਲੀਲ੍ਹਾ' ਬਣਾ ਕੇ ਪੇਸ਼ ਕਰਨਾ ਸਮਾਜੀ ਵਿਕਾਸ ਤੇ ਇਤਿਹਾਸ ਦੇ ਗਤੀ-ਅਮਲ ਬਾਰੇ ਕੋਰੀ ਅਗਿਆਨਤਾ ਦਾ ਮੁਜ਼ਾਹਰਾ ਕਰਨਾ ਹੈ। 'ਸਾਜ਼ਿਸ਼ ਦਾ ਸਿਧਾਂਤ' ਵਿਦਵਾਨ ਭਾਈਚਾਰੇ ਦੇ ਐਨਾ ਮੂੰਹ ਚੜ੍ਹ ਗਿਆ ਹੈ ਕਿ ਬਹੁਤ ਸਾਰੇ ਸਿੱਖ ਬੁੱਧੀਮਾਨ, ਬਿਨਾਂ ਸੋਚੇ, ਬਿਨਾਂ ਜਾਣੇ, ਸਿੱਖ ਸੰਘਰਸ਼ ਨਾਲ ਸਬੰਧਤ ਘਟਨਾਵਾਂ ਤੇ ਵੇਰਵਿਆਂ ਦੀ ਇਸੇ ਨੁਕਤਾ-ਨਜ਼ਰ ਤੋਂ ਵਿਆਖਿਆ ਤੇ ਪੇਸ਼ਕਾਰੀ ਕਰਨ ਤੋਂ ਸੰਕੋਚ ਨਹੀਂ ਕਰਦੇ। ਸਿੱਟਾ ਇਹ ਨਿਕਲਦਾ ਹੈ ਕਿ ਉਹ ਸਿੱਖ ਸੰਘਰਸ਼ ਤੇ ਸਿੱਖ ਜੁਝਾਰੂਆਂ ਬਾਰੇ ਸਿੱਖ-ਦੁਸ਼ਮਣ ਤਾਕਤਾਂ ਦੀ ਸੋਚ ਨਾਲ ਮੇਲ ਖਾਂਦੇ ਵਿਚਾਰਾਂ ਤੇ ਧਾਰਨਾਵਾਂ ਦਾ ਸੰਚਾਰ ਕਰਨ ਦੇ ਸਿੱਖ-ਦੋਖੀ ਕਰਮ ਵਿੱਚ ਭਾਈਵਾਲ ਬਣ ਰਹੇ ਹਨ।

ਇਸ ਹੀ ਰਵੇ ਦੀ ਇਕ ਹੋਰ ਬੌਧਿਕ ਵੰਨਗੀ ਹੈ ਜੋ ਸਿੱਖ ਜੁਝਾਰਵਾਦ ਨੂੰ ਸੰਤ ਜਰਨੈਲ ਸਿੰਘ ਤੇ ਉਨ੍ਹਾਂ ਦੇ ਜੁਝਾਰੂ ਸਮਰਥਕਾਂ ਦੀ 'ਧਾਰਮਿਕ ਕੱਟੜਤਾ' ਦੇ ਨਾਂ ਮੜ੍ਹਦੀ ਹੈ। ਸਾਜ਼ਿਸ਼ ਦੇ ਸਿਧਾਂਤ ਨਾਲ ਇਸ ਦੀ ਇਹ ਰਗ ਸਾਂਝੀ ਹੈ ਕਿ ਦੋਨਾਂ ਵੱਲੋਂ ਹੀ ਸਿੱਖ ਜੁਝਾਰਵਾਦ ਦੇ ਸਥੂਲ ਕਾਰਨਾਂ ਨੂੰ ਨਕਾਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਉਂ ਕਰਨ ਵੇਲੇ ਇਸ ਸੱਚਾਈ ਨੂੰ ਅਣਡਿੱਠ ਕਰ ਦਿੱਤਾ ਜਾਂਦਾ ਹੈ ਕਿ ਜਿੰਨਾ ਚਿਰ ਕਿਸੇ ਵਿਚਾਰਧਾਰਾ ਨੂੰ ਸਾਜ਼ਗਾਰ ਸਥੂਲ ਹਾਲਤਾਂ ਨਹੀਂ ਜੁੜਦੀਆਂ ਉਨਾ ਚਿਰ ਉਹ ਠੋਸ ਮਾਦੀ ਸ਼ਕਤੀ ਵਿੱਚ ਤਬਦੀਲ ਨਹੀਂ ਹੋ ਸਕਦੀ। ਸੰਤ ਜਰਨੈਲ ਸਿੰਘ ਦੀ ਅਗਵਾਈ ਹੇਠ ਪ੍ਰਗਟ ਹੋਏ ਸਿੱਖ ਖਾੜਕੂ ਉਭਾਰ ਸਮੇਤ, ਇਹ ਗੱਲ ਇਸਲਾਮ ਜਗਤ ਦੇ ਕੁਝ ਖੇਤਰਾਂ ਅੰਦਰ ਚੱਲ ਰਹੀਆਂ ਇਸਲਾਮੀ ਪੁਨਰ-ਸੁਰਜੀਤੀ ਦੀਆਂ ਲਹਿਰਾਂ ਉੱਤੇ ਵੀ ਬਰਾਬਰ ਢੁਕਦੀ ਹੈ। ਇਨ੍ਹਾਂ ਲਹਿਰਾਂ ਨੂੰ 'ਮੁਸਲਿਮ ਕੱਟੜਪ੍ਰਸਤੀ' ਕਹਿ ਕੇ ਭੰਡਣ ਵਾਲਾ ਬੌਧਿਕ ਰੁਝਾਨ ਪੱਛਮ ਅੰਦਰ ਕਾਫ਼ੀ ਮਕਬੂਲ ਹੈ। ਇਸ ਸਿੱਧੇ ਜਿਹੇ ਸੁਆਲ ਦਾ ਜੁਆਬ ਢੂੰਡਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ ਕਿ ਤਿੰਨ ਦਹਾਕੇ ਪਹਿਲਾਂ ਤਕ, ਅਰਥਾਤ ਪੰਜਾਹਵਿਆਂ ਤੇ ਸੱਤਰਵਿਆਂ ਦੇ ਦਰਮਿਆਨ, ਇਹੀ 'ਇਸਲਾਮੀ ਕੱਟੜਵਾਦ' ਨਿਸਲ ਕਿਉਂ ਹੋਇਆ ਰਿਹਾ? ਅਫ਼ਗਾਨਿਸਤਾਨ ਤੋਂ ਲੈ ਕੇ ਮਿਸਰ ਤਕ, ਅਤੇ ਈਰਾਨ ਇਰਾਕ ਤੋਂ ਲੈ ਕੇ ਅਲਜੇਰੀਆ ਤਕ, ਇਸਲਾਮ ਜਗਤ ਅੰਦਰ ਉਦਾਰ ਖ਼ਿਆਲੀ ਤਾਕਤਾਂ ਦੀ ਚੜ੍ਹਤ ਕਿਉਂ ਬਣੀ ਰਹੀ? ਅਤੇ ਫਿਰ ਬਾਅਦ ਦੇ ਦਹਾਕਿਆਂ ਅੰਦਰ ਜਾ ਕੇ ਉਦਾਰ ਖ਼ਿਆਲੀ ਤਾਕਤਾਂ ਦੀ ਇਹ ਚੜ੍ਹਤ ਅਚਾਨਕ ਮੱਠੀ ਕਿਉਂ ਪੈ ਤੁਰੀ ਤੇ ਕੱਟੜਵਾਦੀ ਵਿਚਾਰਧਾਰਾ ਨੇ ਅਚਾਨਕ ਕਿਥੋਂ ਸ਼ਕਤੀ ਗ੍ਰਹਿਣ ਕਰਨੀ ਸ਼ੁਰੂ ਕਰ ਦਿੱਤੀ? ਇਵੇਂ ਹੀ ਸੱਠਵਿਆਂ ਸੱਤਰਵਿਆਂ ਵਿੱਚ, ਜਦ ਨਾ ਸਿਰਫ਼ ਪੰਜਾਬ ਅਤੇ ਭਾਰਤ ਅੰਦਰ ਸਗੋਂ ਸਮੁੱਚੇ ਸੰਸਾਰ ਦੇ ਵੱਡੇ ਭਾਗਾਂ ਅੰਦਰ ਤਿੱਖੀ ਸਮਾਜੀ ਉਥਲ-ਪੁਥਲ ਮੱਚੀ ਹੋਈ ਸੀ ਤਾਂ ਸਿੱਖ ਜਗਤ ਅੰਦਰ 'ਧਾਰਮਿਕ ਕੱਟੜਪੁਣੇ' ਨੂੰ, ਜਾਂ ਸਿੱਖ ਗਰਮ-ਖ਼ਿਆਲੀ ਰਾਜਸੀ ਧਾਰਾ ਨੂੰ ਜੋ ਹੁੰਗਾਰਾ ਤੇ ਹੁਲਾਰਾ ਇਕ ਦਹਾਕਾ ਬਾਅਦ 'ਚ ਜਾ ਕੇ ਮਿਲਿਆ, ਉਹ ਉਦੋਂ ਕਿਉਂ ਨਾ ਮਿਲਿਆ? ਗੱਲ ਇਹ ਨਹੀਂ ਕਿ ਉਦੋਂ ਹਿੰਦੂ ਹਾਕਮ ਵਰਗ ਅੰਦਰ ਸਿੱਖ ਕੌਮ ਪ੍ਰਤੀ ਮੰਦਭਾਵਨਾ ਰੱਖਣ ਵਾਲੇ ਕਪਟੀ ਤੱਤਾਂ ਦੀ ਤੋਟ ਸੀ, ਜਾਂ ਸਿੱਖ ਕੌਮ ਅੰਦਰ 'ਉਕਸਾਹਟ' ਪੈਦਾ ਕਰਨ ਵਾਲਾ ਕੋਈ 'ਭਿੰਡਰਾਂਵਾਲਾ' ਨਹੀਂ ਸੀ। ਇੰਦਰਾ ਗਾਂਧੀ ਤੇ ਜ਼ੈਲ ਸਿੰਘ ਦੀ ਜਾਤੀ ਦੇ ਲੋਕ ਉਦੋਂ ਵੀ ਕਿਰਿਆਸ਼ੀਲ ਸਨ ਅਤੇ 'ਭਿੰਡਰਾਂਵਾਲਾ ਜਥਾ' (ਦਮਦਮੀ ਟਕਸਾਲ) ਉਦੋਂ ਵੀ ਸਿੱਖ ਪੰਥ ਅੰਦਰ ਧਾਰਮਿਕ ਪ੍ਰਚਾਰ ਤੇ ਅੰਮ੍ਰਿਤ ਸੰਚਾਰ ਦੇ ਕਾਰਜ ਵਿੱਚ ਬਰਾਬਰ ਜੁਟਿਆ ਹੋਇਆ ਸੀ। ਪਰ ਉਦੋਂ ਇਸ ਜਥੇ ਦੀਆਂ ਸਰਗਰਮੀਆਂ ਨਿਰੋਲ ਧਾਰਮਿਕ ਖੇਤਰ ਤਕ ਮਹਿਦੂਦ ਸਨ ਅਤੇ ਇਸ ਦੇ ਸੇਵਕਾਂ ਤੇ ਸ਼ਰਧਾਲੂਆਂ ਦਾ ਘੇਰਾ ਵੀ ਮੁਕਾਬਲਤਨ ਸੀਮਤ ਹੀ ਸੀ। ਭਿੰਡਰਾਂਵਾਲੇ ਜਥੇ ਨੂੰ ਨਿਰਲੇਪ ਧਾਰਮਿਕ ਖੇਤਰ ਤੋਂ ਰਾਜਨੀਤਕ

ਸਰਗਰਮੀ ਦੇ ਪਿੜ ਅੰਦਰ ਖਿਚ ਲਿਆਉਣ ਅਤੇ ਇਸ ਦੇ ਪ੍ਰਭਾਵ ਖੇਤਰ ਨੂੰ ਵਿਸ਼ਾਲ ਬਣਾਉਣ ਵਿੱਚ ਕੁਝ ਖ਼ਾਸ ਘਟਨਾਵਾਂ ਤੇ ਹਾਲਤਾਂ ਨੇ ਵੱਡਾ ਰੋਲ ਅਦਾ ਕੀਤਾ। ਕੁਝ ਖ਼ਾਸ ਕਿਸਮ ਦੀਆਂ ਹਾਲਤਾਂ ਵਿੱਚ ਸਿੱਖ ਕੌਮ ਨਾਲ ਵਾਪਰੇ ਕੁਝ ਖ਼ਾਸ ਵਾਕਿਆਤ ਅਤੇ ਇਨ੍ਹਾਂ ਸਦਕਾ ਪੈਦਾ ਹੋਏ ਖ਼ਾਸ ਕਿਸਮ ਦੇ ਮਾਹੌਲ ਨੇ ਹੀ ਸੰਤ ਜਰਨੈਲ ਸਿੰਘ ਨੂੰ ਇਕ ਅਣਜਾਣੇ ਧਾਰਮਿਕ ਮਿਸ਼ਨਰੀ ਤੋਂ ਚੁੱਕ ਕੇ ਸਿੱਖ ਕੌਮ ਦੇ ਮਹਾਨ ਜਰਨੈਲ ਦੇ ਰੁਤਬੇ ਤਕ ਪੁਚਾ ਦਿੱਤਾ। ਜੇਕਰ ਇਥੇ 'ਨਾਟਕ' ਲਫ਼ਜ਼ ਨੂੰ ਇਸ ਦੇ ਪ੍ਰਚਲਤ ਨਿਖੇਧਵਾਚੀ ਅਰਥਾਂ ਵਿੱਚ ਨਾ ਵਰਤਿਆ ਜਾਵੇ ਤਾਂ ਇਸ ਸਮੁੱਚੇ ਸਮਾਜੀ ਨਾਟਕ ਅੰਦਰ, ਇੰਦਰਾ ਗਾਂਧੀ ਦੁਆਰਾ ਅਕਾਲੀ ਦਲ ਨੂੰ ਢਾਹ ਲਾਉਣ ਦੀ ਨੀਤ ਨਾਲ ਗਰਮ-ਖ਼ਿਆਲੀ ਤੱਤਾਂ ਨੂੰ ਉਤਸ਼ਾਹਤ ਕਰਨ ਦੀ ਰਚੀ ਦੱਸੀ ਜਾਂਦੀ ਸਾਜ਼ਿਸ਼ ਦੀ ਭੂਮਿਕਾ ਬਹੁਤ ਹੀ ਸੁੰਗੜ ਕੇ ਰਹਿ ਜਾਂਦੀ ਹੈ। ਸਮੁੱਚੇ ਘਟਨਾਕ੍ਰਮ ਦੀ ਇਸ ਵਿਸ਼ਾਲ ਤਸਵੀਰ ਅੰਦਰ ਗਿਆਨੀ ਜ਼ੈਲ ਸਿੰਘ ਦੀ ਕਿਸੇ ਸਾਜ਼ਿਸ਼ ਜਾਂ ਚਾਲਬਾਜ਼ੀ ਦੀ ਔਕਾਤ ਇਕ ਘਸਮੈਲੇ ਜਿਹੇ ਬਿੰਦੂ ਤੋਂ ਵੱਧ ਨਹੀਂ ਰਹਿ ਜਾਂਦੀ।

•

# 16

# ਸਿੱਖ ਖਾੜਕੂਵਾਦ : ਜਨਮ ਤੇ ਵਿਕਾਸ

ਸਿੱਖ ਕੌਮ ਅੰਦਰ ਬੇਚੈਨੀ ਦੀ ਅੱਗ 1947 ਤੋਂ ਹੀ ਧੁਖਣ ਲੱਗ ਪਈ ਸੀ। ਸਿੱਖ ਸਮਾਜ ਦੇ ਅੱਡ-ਅੱਡ ਹਿੱਸੇ, ਅੱਡ-ਅੱਡ ਮੌਕਿਆਂ 'ਤੇ, ਹਿੰਦੂ ਗ਼ਲਬੇ ਦੀ ਅੱਡ-ਅੱਡ ਮਾਤਰਾ 'ਚ ਚੋਭ ਮਹਿਸੂਸ ਕਰਦੇ ਰਹੇ ਅਤੇ ਮੁੱਖ ਰੂਪ ਵਿੱਚ ਅਕਾਲੀ ਦਲ ਦੇ ਝੰਡੇ ਹੇਠ ਆਪਣੇ ਰੋਸ ਤੇ ਬੇਚੈਨੀ ਦਾ ਪ੍ਰਗਟਾਵਾ ਕਰਦੇ ਰਹੇ। 1978 ਦੀ ਵਿਸਾਖੀ ਦੇ ਖ਼ੂਨੀ ਕਾਂਡ ਤੋਂ ਬਾਅਦ ਹਿੰਦੂ ਹਾਕਮਾਂ ਦੀ ਫ਼ਿਰਕੂ ਸੋਚ ਤੇ ਮਾਨਸਿਕਤਾ 'ਚੋਂ ਉਪਜੇ ਇਕ ਤੋਂ ਬਾਅਦ ਦੂਜੇ ਅਮਲ ਨੇ, ਅਤੇ ਪੰਜਾਬ ਦੇ ਹਿੰਦੂ ਵਰਗ ਦੀਆਂ, ਉਸ ਦੀ ਸਿੱਖ-ਦੁਸ਼ਮਣ ਜ਼ਹਿਨੀਅਤ 'ਚੋਂ ਨਿਕਲੀਆਂ ਫ਼ਿਰਕੂ ਹਰਕਤਾਂ ਨੇ ਸਿੱਖ ਭਾਵਨਾਵਾਂ ਨੂੰ ਨਿਰੰਤਰ ਤਾਅ ਦੇਣਾ ਜਾਰੀ ਰੱਖਿਆ, ਜਿਸ ਨਾਲ ਸਿੱਖ ਕੌਮ ਦਾ ਰੋਹ ਉਬਾਲੇ ਖਾ ਕੇ ਕਿਨਾਰਿਆਂ ਤੋਂ ਛਲਕਣ ਲੱਗਾ ਅਤੇ ਇਸ ਦੇ ਫਲਸਰੂਪ ਅਕਾਲੀ ਦਲ ਦੀ ਨਰਮ-ਖ਼ਿਆਲੀ ਰਾਜਨੀਤੀ ਦਾ ਅਧੋਗਾਣਾ ਜੁਗਾੜ ਸਿਊਣਾਂ ਤੋਂ ਉਧੜਨ ਲੱਗਾ। ਇਉਂ ਆਜ਼ਾਦੀ ਤੋਂ ਬਾਅਦ, ਪਹਿਲੀ ਵਾਰ, ਸਿੱਖ ਪੰਥ ਅੰਦਰੋਂ ਹਿੰਦੂ ਰਾਜ-ਪ੍ਰਬੰਧ ਦੇ ਵਿਰੁੱਧ ਗਰਮ-ਮਿਜ਼ਾਜ ਰਾਜਨੀਤਕ ਚੁਣੌਤੀ ਦੇ ਉਭਰਨ ਤੇ ਵਿਗਸਣ ਦਾ ਅਮਲ ਸ਼ੁਰੂ ਹੋ ਗਿਆ।

ਸੱਤਾ ਵਿੱਚ ਵਾਪਸ ਆਉਂਦਿਆਂ ਹੀ ਇੰਦਰਾ ਗਾਂਧੀ ਦੀ ਸਿੱਖ-ਦੁਸ਼ਮਣੀ ਅੱਡ-ਅੱਡ ਰੂਪਾਂ 'ਚ ਪ੍ਰਗਟ ਹੋਣ ਲੱਗੀ। ਪੰਜਾਬ ਅੰਦਰ ਹੋਂਦ 'ਚ ਆਈ ਕਾਂਗਰਸ ਸਰਕਾਰ ਨੇ ਨਿਰੰਕਾਰੀਆਂ ਦਾ ਨੰਗਾ-ਚਿੱਟਾ ਪੱਖ ਪੂਰਦਿਆਂ ਹੋਇਆਂ, ਕਰਨਾਲ ਸੈਸ਼ਨ ਅਦਾਲਤ ਦੇ ਨਿਹੱਕੇ ਤੇ ਪੱਖਪਾਤੀ ਫ਼ੈਸਲੇ ਵਿਰੁੱਧ ਹਾਈਕੋਰਟ ਅੰਦਰ ਰਸਮੀ ਤੌਰ 'ਤੇ ਵੀ ਅਪੀਲ ਦਾਇਰ ਕਰਨੀ ਜ਼ਰੂਰੀ ਨਾ ਸਮਝੀ। ਕਰਨਾਲ ਅਦਾਲਤ ਦੇ ਫ਼ੈਸਲੇ ਨਾਲ ਸਿੱਖਾਂ ਦੇ ਮਨਾਂ ਅੰਦਰ ਹਿੰਦੂ ਹਾਕਮਾਂ ਵੱਲੋਂ ਇਨਸਾਫ਼ ਦੇ ਅਮਲ ਨੂੰ ਸਿੱਖ-ਵਿਰੋਧੀ ਮਰੋੜਾ ਦੇਣ ਬਾਰੇ ਜੋ ਸ਼ੰਕੇ ਪੈਦਾ ਹੋ ਗਏ ਸਨ, ਇਸ ਕਾਰਵਾਈ ਨਾਲ ਉਹ ਯਕੀਨ ਵਿੱਚ ਬਦਲ ਗਏ। ਜਦ ਹਾਕਮ ਸ਼੍ਰੇਣੀ ਅਦਾਲਤਾਂ ਦੇ ਫ਼ੈਸਲਿਆਂ ਨੂੰ ਕਿਸੇ ਵਰਗ-ਵਿਸ਼ੇਸ਼ ਦੇ ਖ਼ਿਲਾਫ਼ ਪ੍ਰਭਾਵਿਤ ਕਰਨ ਲੱਗ ਜਾਵੇ ਤਾਂ ਇਸ ਨਾਲ ਪੀੜਤ ਵਰਗ ਦਾ ਸਿਰਫ਼ ਹਾਕਮਾਂ ਤੋਂ ਹੀ ਭਰੋਸਾ ਨਹੀਂ ਉਠ ਜਾਂਦਾ ਸਗੋਂ ਉਸ ਦਾ ਸਮੁੱਚੇ ਰਾਜ-ਪ੍ਰਬੰਧ ਤੋਂ ਹੀ ਮਨ ਖੱਟਾ ਹੋ ਜਾਂਦਾ ਹੈ। ਅਜਿਹੀ ਹਾਲਤ ਹੌਲੀ-ਹੌਲੀ ਪਰ ਯਕੀਨੀ ਰੂਪ 'ਚ, ਅਨਿਆਂ ਦੇ ਸ਼ਿਕਾਰ ਵਰਗ ਅੰਦਰ ਬੇਗਾਨਗੀ ਤੇ ਅਲਹਿਦਗੀ ਦਾ ਅਹਿਸਾਸ ਪੈਦਾ ਕਰ ਦਿੰਦੀ ਹੈ। ਇਹ ਅਹਿਸਾਸ ਵਧ ਫੁਲ ਕੇ ਖ਼ੁਦਮੁਖ਼ਤਿਆਰੀ ਤੇ ਸੁਤੰਤਰਤਾ ਦੇ ਜਜ਼ਬੇ ਦਾ ਰੂਪ ਅਖ਼ਤਿਆਰ ਕਰ ਲੈਂਦਾ ਹੈ। 'ਨਿਰੰਕਾਰੀ ਕਾਂਡ' ਨਾਲ ਜੁੜੇ ਸਮੁੱਚੇ ਘਟਨਾਕ੍ਰਮ ਨੇ ਸਿੱਖ ਕੌਮ ਅੰਦਰ ਅਜਿਹਾ ਜਜ਼ਬਾ ਪੈਦਾ ਕਰਨ ਵਿੱਚ ਬਹੁਤ ਹੀ ਮਹੱਤਵਪੂਰਨ ਰੋਲ ਨਿਭਾਇਆ। ਸਿੱਖਾਂ

ਦੇ ਮਨਾਂ ਅੰਦਰ ਹਿੰਦੂ ਹਾਕਮਾਂ ਪ੍ਰਤੀ ਸ਼ੱਕ, ਰੋਸੇ, ਉਲਾਂਭੇ ਤੇ ਬੇਭਰੋਸਗੀ ਦੇ ਭਾਵ ਪਹਿਲਾਂ ਹੀ ਬਥੇਰੇ ਜਮ੍ਹਾਂ ਹੋ ਚੁੱਕੇ ਸਨ। ਪਰ ਨਿਰੰਕਾਰੀ ਕਾਂਡ ਦੇ ਮਾਮਲੇ 'ਚ ਉਨ੍ਹਾਂ ਨੂੰ ਰਾਜਨੀਤਕ, ਪ੍ਰਸ਼ਾਸ਼ਨਿਕ ਤੇ ਕਾਨੂੰਨ ਦੀ ਪੱਧਰ ਤਕ ਜਿਸ ਨੰਗੀ ਤਰਫ਼ਦਾਰੀ, ਬੇਇਨਸਾਫ਼ੀ, ਤੇ ਮੰਦਭਾਵਨਾ ਦਾ ਸੁਆਦ ਚੱਖਣ ਨੂੰ ਮਿਲਿਆ, ਉਸ ਨਾਲ ਉਨ੍ਹਾਂ ਦਾ ਭਾਰਤ ਦੇ ਸਮੁੱਚੇ ਰਾਜਸੀ ਢਾਂਚੇ ਤੋਂ ਹੀ ਮੋਹ-ਭੰਗ ਹੋ ਤੁਰਿਆ। ਇੱਥੇ ਹੀ ਰਵਾਇਤੀ ਅਕਾਲੀ ਰਾਜਨੀਤੀ ਤੇ ਅਕਾਲੀ ਲੀਡਰਸ਼ਿਪ ਦੀਆਂ ਵਜੂਦ-ਸਮੋਈਆਂ ਸੀਮਤਾਈਆਂ ਵੀ ਪ੍ਰਗਟ ਹੋਣ ਲੱਗੀਆਂ।

ਅਕਾਲੀ ਰਾਜਨੀਤੀ ਅਲੱਗ ਕਿਸਮ ਦੀਆਂ ਹਾਲਤਾਂ ਵਿੱਚ ਜਨਮੀ ਤੇ ਪ੍ਰਵਾਨ ਚੜ੍ਹੀ ਸੀ। ਬਰਤਾਨਵੀ ਰਾਜ ਦੌਰਾਨ ਅਕਾਲੀ ਲੀਡਰਸ਼ਿਪ ਦਾ ਮੁੱਖ ਸਰੋਕਾਰ ਬਰਤਾਨਵੀ ਹਕੂਮਤ ਕੋਲੋਂ ਸਿੱਖ ਭਾਈਚਾਰੇ ਲਈ ਵਧੇਰੇ ਰਿਆਇਤਾਂ ਤੇ ਸਹੂਲਤਾਂ ਹਾਸਲ ਕਰਨਾ ਬਣਿਆ ਰਿਹਾ। ਜਿੱਥੇ ਮੁਸਲਿਮ ਲੀਡਰਸ਼ਿਪ ਮੁਸਲਿਮ ਭਾਈਚਾਰੇ ਨੂੰ ਇਕ ਘੱਟਗਿਣਤੀ ਵਰਗ ਨਾਲੋਂ ਵੱਧ ਇਕ ਵੱਖਰੀ ਕੌਮ ਤਸੱਵਰ ਕਰਕੇ ਉਸ ਦੀ ਖ਼ੁਦਮੁਖ਼ਤਿਆਰੀ ਦਾ ਨਾਹਰਾ ਬੁਲੰਦ ਕਰਦੀ ਰਹੀ, ਉਥੇ ਅਕਾਲੀ ਲੀਡਰਸ਼ਿਪ ਇਕ ਘੱਟਗਿਣਤੀ ਵਰਗ ਵਜੋਂ ਸਿੱਖ ਭਾਈਚਾਰੇ ਦੀ ਸਵੈ-ਰੱਖਿਆ ਦੀ ਲੜਾਈ ਲੜਦੀ ਰਹੀ। ਆਜ਼ਾਦੀ ਤੋਂ ਬਾਅਦ ਵੀ ਉਸ ਦਾ ਬੁਨਿਆਦੀ ਰਾਜਨੀਤਕ ਪੈਂਤੜਾ ਇਹੋ ਰਿਹਾ। ਉਹ ਭਾਰਤੀ ਰਾਜ-ਪ੍ਰਬੰਧ ਦੇ ਅੰਦਰ ਹੀ ਸਿੱਖਾਂ ਲਈ ਇਕ ਘੱਟਗਿਣਤੀ ਭਾਈਚਾਰੇ ਵਾਲਾ ਸਨਮਾਨਯੋਗ ਥਾਂ ਅਤੇ ਰੁਤਬਾ ਹਾਸਲ ਕਰਨ ਦੇ ਯਤਨਾਂ ਵਿੱਚ ਮਸਰੂਫ ਰਹੀ। ਇਸ ਮਕਸਦ ਲਈ ਉਸ ਨੇ ਕਾਂਗਰਸੀ ਹਾਕਮਾਂ ਖ਼ਿਲਾਫ਼ ਨਿਰੰਤਰ ਦ੍ਰਿੜ੍ਹ ਸੰਘਰਸ਼ ਜਾਰੀ ਰੱਖਿਆ। ਇਸ ਅਮਲ ਦੌਰਾਨ ਉਸ ਦਾ ਕਾਂਗਰਸੀ ਹਾਕਮਾਂ ਤੋਂ ਜ਼ਰੂਰ ਮਨ ਖੱਟਾ ਹੋ ਗਿਆ ਪਰ ਉਸਦਾ ਭਾਰਤ ਦੇ ਰਾਜਸੀ ਢਾਂਚੇ ਤੋਂ ਮੋਹ-ਭੰਗ ਨਹੀਂ ਹੋਇਆ। ਮਸਲਨ ਜੇ ਉਸ ਦਾ ਕਾਂਗਰਸੀ ਹਾਕਮਾਂ ਤੋਂ ਭਰੋਸਾ ਉਠ ਗਿਆ ਤਾਂ ਭਾਰਤ ਦੇ ਗ਼ੈਰ-ਕਾਂਗਰਸੀ ਹਿੰਦੂ ਰਾਜਸੀ ਦਲਾਂ ਤੇ ਆਗੂਆਂ ਵਿੱਚ ਉਸ ਦਾ ਵਿਸ਼ਵਾਸ ਜਿਉਂ-ਦੀ-ਤਿਉਂ ਬਣਿਆ ਰਿਹਾ। ਅਕਾਲੀ ਆਗੂਆਂ ਨੂੰ ਕਦੇ ਇਸ ਤੇ ਕਦੇ ਉਸ ਹਿੰਦੂ ਆਗੂ ਕੋਲੋਂ ਇਨਸਾਫ਼ ਮਿਲਣ ਦੀਆਂ ਆਸਾਂ ਬਝਦੀਆਂ ਰਹੀਆਂ। ਭਾਵੇਂ ਉਨ੍ਹਾਂ ਦੀਆਂ ਇਹ ਆਸਾਂ ਅਕਸਰ ਹੀ ਚਕਨਾਚੂਰ ਹੋ ਜਾਂਦੀਆਂ ਰਹੀਆਂ ਅਤੇ ਇਸ ਸਦਕਾ ਉਨ੍ਹਾਂ ਨੂੰ ਵਾਰ-ਵਾਰ ਅੰਤਾਂ ਦੀ ਨਮੋਸ਼ੀ ਵੀ ਝੱਲਣੀ ਪੈਂਦੀ ਰਹੀ, ਪਰ ਕਈ ਮੌਕਿਆਂ 'ਤੇ ਉਦਾਸ ਹੋ ਜਾਣ ਦੇ ਬਾਵਜੂਦ ਉਹ ਕਦੇ ਵੀ ਬੇਆਸ ਨਹੀਂ ਹੋਏ। ਹਰ ਵਾਰ ਕਿਸੇ ਨਵੇਂ ਹਿੰਦੂ ਰਾਜਸੀ ਦਲ, ਗੱਠਜੋੜ ਜਾਂ ਆਗੂ ਉੱਤੇ ਧਿਜ ਜਾਣਾ ਉਨ੍ਹਾਂ ਦਾ ਸਦੀਵੀ ਰਾਜਨੀਤਕ ਦਸਤੂਰ ਬਣਿਆ ਰਿਹਾ। ਜੇ ਕਿਸੇ ਮੌਕੇ ਉਹ ਵਕਤੀ ਤੌਰ 'ਤੇ ਸਮੁੱਚੇ ਹਿੰਦੂ ਰਾਜਸੀ ਵਰਗ ਤੋਂ ਬਦਜ਼ਨ ਵੀ ਹੋ ਗਏ ਤਾਂ ਭਾਰਤੀ ਰਾਜ-ਪ੍ਰਬੰਧ ਦੇ ਹੋਰਨਾਂ ਅੰਗਾਂ ਵਿੱਚ ਉਨ੍ਹਾਂ ਦੇ ਵਿਸ਼ਵਾਸ ਤੇ ਸ਼ਰਧਾ ਨੂੰ ਆਂਚ ਨਹੀਂ ਆਈ। ਇਸ ਤਰ੍ਹਾਂ, ਭਾਰਤੀ ਰਾਜ-ਪ੍ਰਬੰਧ ਦੇ ਇਕ ਅੰਗ ਹੱਥੋਂ ਅਨਿਆਂ ਦਾ ਸ਼ਿਕਾਰ ਹੋ ਜਾਣ 'ਤੇ ਉਹ ਇਸੇ ਹੀ ਰਾਜ-ਪ੍ਰਬੰਧ ਦੇ ਹੋਰਨਾਂ ਅੰਗਾਂ ਕੋਲੋਂ ਇਨਸਾਫ਼ ਮਿਲਣ ਦੀਆਂ ਉਮੀਦਾਂ ਦਾ ਦਾਮਨ ਫੜ ਕੇ ਚੱਲਦੇ ਰਹੇ। ਨਿਰੰਕਾਰੀ ਕਾਂਡ ਤੋਂ ਬਾਅਦ ਉਧੜ ਤੁਰੇ ਰਾਜਨੀਤਕ ਘਟਨਾਕ੍ਰਮ ਨਾਲ ਉਨ੍ਹਾਂ ਨੂੰ ਇਹ ਦਾਮਨ ਖਿਸਕਦਾ ਪ੍ਰਤੀਤ ਹੋਣ ਲੱਗਾ। ਜੇਕਰ ਅਦਾਲਤ ਵੱਲੋਂ ਅੰਮ੍ਰਿਤਸਰ ਦੇ ਖ਼ੂਨੀ ਸਾਕੇ ਲਈ ਜ਼ਿੰਮੇਵਾਰ ਦੋਸ਼ੀਆਂ ਨੂੰ ਸਜ਼ਾ ਸੁਣਾ ਦਿੱਤੀ ਜਾਂਦੀ ਤਾਂ ਸਿੱਖ ਹਿਰਦਿਆਂ ਅੰਦਰ ਬਹੁਤੀ ਨਹੀਂ ਤਾਂ ਥੋੜ੍ਹੀ ਠੰਢ ਜ਼ਰੂਰ ਵਰਤ ਜਾਣੀ ਸੀ। ਪਰ ਜਦ ਦੇਸ ਦੇ ਹਾਕਮ ਵਰਗ ਤੇ ਮੁਲਕ ਦੇ ਕਾਨੂੰਨੀ ਢਾਂਚੇ ਨੇ ਸਿੱਖਾਂ ਨੂੰ ਨਿਆਂ ਦੇਣ ਤੋਂ ਕੋਰਾ ਇਨਕਾਰ ਕਰ ਦਿੱਤਾ ਤਾਂ ਉਨ੍ਹਾਂ ਦੇ ਸਾਹਮਣੇ ਇਕ ਨਵੀਂ ਤੇ ਵੱਧ ਕਠੋਰ ਸਥਿਤੀ ਪੈਦਾ ਹੋ ਗਈ। ਉਹ ਅਪੀਲ

ਕਰਨ ਤਾਂ ਕਿਸ ਦੇ ਅੱਗੇ ਕਰਨ ? ਉਹ ਦੁਖ ਰੋਣ ਤਾਂ ਕਿਸ ਦੇ ਅੱਗੇ ਰੋਣ ? ਜਦ ਦੇਸ ਦੇ ਅੰਦਰ ਸਿੱਖ ਕੌਮ ਦੀ ਗੱਲ ਨੂੰ ਹਮਦਰਦੀ ਤੇ ਇਨਸਾਫ਼ ਦੀ ਭਾਵਨਾ ਨਾਲ ਸੁਣਨ ਵਾਲਾ ਕੋਈ ਉਚੇਰਾ ਅਧਿਕਾਰੀ ਜਾਂ ਅਦਾਰਾ ਨਾ ਰਿਹਾ ਤਾਂ ਉਸ ਦੇ ਸਾਹਮਣੇ, ਨਵੀਂ ਹਾਲਤ ਦੇ ਸਨਮੁਖ, ਨਵੇਂ, ਢੁਕਵੇਂ ਪੈਂਤੜੇ ਦੀ ਚੋਣ ਕਰਨ ਦਾ ਮਸਲਾ ਆਣ ਖੜਾ ਹੋਇਆ।

ਅਜਿਹੀ ਸਥਿਤੀ ਵਿੱਚ ਕੋਈ ਵਰਗ ਕਿਹੋ ਜਿਹਾ ਪ੍ਰਤੀਕਰਮ ਪ੍ਰਗਟਾਉਂਦਾ ਹੈ, ਇਹ ਵਰਗ ਵਰਗ 'ਤੇ ਅਤੇ ਹਾਲਤ ਹਾਲਤ 'ਤੇ ਨਿਰਭਰ ਕਰਦਾ ਹੈ। ਇਕ ਦਬੂ ਤੇ ਘੱਟ ਲੜਾਕੂ ਵਰਗ ਦਾ ਪ੍ਰਤੀਕਰਮ ਕਿਸੇ ਖ਼ੁਦਦਾਰ ਤੇ ਜੰਗਜੂ ਕੌਮ ਨਾਲੋਂ ਯਕੀਨਨ ਹੀ ਵੱਖਰਾ ਹੋਵੇਗਾ। ਨਾਲ ਹੀ, ਉਸ ਵਿਸ਼ੇਸ਼ ਮੌਕੇ ਸਬੰਧਤ ਵਰਗ ਦੀ ਚੇਤਨਾ ਤੇ ਲੀਡਰਸ਼ਿਪ ਦੀ ਤਾਸੀਰ ਵੀ ਪ੍ਰਤੀਕਰਮ ਉੱਤੇ ਆਪਣਾ ਬਰਾਬਰ ਪ੍ਰਭਾਵ ਛੱਡਦੀ ਹੈ। ਪਰ ਫਿਰ ਵੀ, ਕਿਸੇ ਆਗੂ-ਵਿਸ਼ੇਸ਼ ਦੀ ਸੋਚ ਜਾਂ ਇੱਛਾ ਨਾਲੋਂ, ਸਬੰਧਤ ਕੌਮ ਦਾ ਮੂਲ ਖ਼ਾਸਾ, ਸੁਭਾਅ, ਇਤਿਹਾਸ ਤੇ ਵਿਰਸਾ ਪ੍ਰਤੀਕਰਮ ਉੱਤੇ ਵੱਧ ਨਿਰਣਾਕਾਰੀ ਪ੍ਰਭਾਵ ਪਾਉਂਦਾ ਹੈ। ਜੇਕਰ ਕੋਈ ਆਗੂ ਇਨ੍ਹਾਂ ਬਾਹਰਮੁਖੀ ਪੱਖਾਂ ਨੂੰ ਅਣਡਿੱਠ ਕਰ ਕੇ ਜਾਂ ਇਨ੍ਹਾਂ ਦੀ ਉਲੰਘਣਾ ਕਰ ਕੇ ਕੌਮ ਉੱਤੇ ਆਪਣਾ ਕੋਈ ਆਪ-ਮਤਾ ਫ਼ੈਸਲਾ ਮੜ੍ਹਨ ਦੀ ਗੁਸਤਾਖ਼ੀ ਕਰਦਾ ਹੈ ਤਾਂ ਉਸ ਨੂੰ ਲਾਜ਼ਮੀ ਇਤਿਹਾਸ ਦੀ ਕਰੋਪੀ ਦਾ ਸ਼ਿਕਾਰ ਹੋਣਾ ਪੈਂਦਾ ਹੈ। ਅਜਿਹੀ ਸੰਕਟਮਈ ਸਥਿਤੀ ਵਿੱਚ ਮਜ਼ਲੂਮ ਵਰਗ ਦੇ ਅੰਦਰ ਰਾਜਨੀਤਕ ਪਾਲਾਬੰਦੀ ਦਾ ਅਮਲ ਵੀ ਵੱਧ ਪਰਚੰਡ ਹੋ ਜਾਂਦਾ ਹੈ ਅਤੇ ਅਲੱਗ-ਅਲੱਗ ਰਾਜਸੀ ਰੁਝਾਨਾਂ ਤੇ ਇਨ੍ਹਾਂ ਦੀ ਸਰਪ੍ਰਸਤੀ ਕਰਨ ਵਾਲੀਆਂ ਰਾਜਸੀ ਧਿਰਾਂ ਵਿਚਕਾਰ ਕਸ਼ਮਕਸ਼ ਚਰਮ ਸੀਮਾ ਉੱਤੇ ਪਹੁੰਚ ਜਾਂਦੀ ਹੈ। ਵਿਚਾਰ ਅਧੀਨ ਦੌਰ ਅੰਦਰ ਸਿੱਖ ਕੌਮ ਨੂੰ ਇਹ ਸਾਰਾ ਰਾਜਨੀਤਕ ਅਮਲ ਹੰਢਾਉਣਾ ਪਿਆ।

## ਨਿਰੰਕਾਰੀ ਮੁਖੀ ਦਾ ਕਤਲ

ਇਕ ਮਾਣਮੱਤੀ ਤੇ ਜੰਗਜੂ ਕੌਮ ਹੋਣ ਦੇ ਨਾਤੇ ਸਿੱਖ ਕੌਮ ਇਸ ਅਨਿਆਂ ਤੇ ਅਪਮਾਨ ਨੂੰ ਦਬੂ ਬਣ ਕੇ ਬਰਦਾਸ਼ਤ ਜਾਂ ਨਜ਼ਰ-ਅੰਦਾਜ਼ ਨਹੀਂ ਸੀ ਕਰ ਸਕਦੀ। ਸੰਤ ਜਰਨੈਲ ਸਿੰਘ ਦੀ 'ਉਕਸਾਹਟ' ਕਰਕੇ ਨਹੀਂ ਸਗੋਂ ਆਪਣੇ ਮੂਲ ਸੁਭਾਅ, ਇਤਿਹਾਸ ਤੇ ਵਿਰਸੇ ਦੀ ਵਜ੍ਹਾ ਕਰਕੇ ਹੀ ਸਿੱਖ ਕੌਮ ਅੰਦਰ ਰੋਹ ਭਰਿਆ ਪ੍ਰਤੀਕਰਮ ਪੈਦਾ ਹੋਣਾ ਸੁਭਾਵਿਕ ਸੀ। ਹਾਂ, ਇਹ ਰੋਹ ਕਿਹੋ ਜਿਹੀ ਸ਼ਕਲ ਵਿੱਚ ਪ੍ਰਗਟ ਹੁੰਦਾ, ਇਸ ਦਾ ਨਿਰਣਾ ਕਿਸੇ ਇਕ ਅੱਧ ਪੱਖ (ਫ਼ੈਕਟਰ) ਤੋਂ ਨਹੀਂ, ਕਈ ਪੱਖਾਂ ਦੇ ਰਲਵੇਂ ਤੇ ਮੇਲਵੇਂ ਪ੍ਰਭਾਵ ਤੋਂ ਹੋਣਾ ਸੀ। ਇਤਿਹਾਸ ਅੰਦਰ ਅਕਸਰ ਇਹ ਵਾਪਰਦਾ ਰਿਹਾ ਹੈ ਕਿ ਸਿੱਖ ਕੌਮ ਨੂੰ ਜਦ ਵੀ ਵਹਿਸ਼ੀ ਜਬਰ ਤੇ ਨਿਰਾਦਰੀ ਦਾ ਸਾਹਮਣਾ ਕਰਨਾ ਪਿਆ ਤਾਂ ਉਸ ਅੰਦਰਲਾ ਗ਼ੈਰਤਮੰਦ ਮਾਦਾ ਅਕਸਰ ਜਰਵਾਣੀ ਧਿਰ ਨਾਲ ਹਿੰਸਕ ਟੱਕਰ ਵਿੱਚ ਉਲਝ ਜਾਂਦਾ ਰਿਹਾ ਹੈ। ਹਰ ਵੱਡੀ ਚੋਭ ਸਿੱਖ ਕੌਮ ਅੰਦਰਲੇ ਜੋਸ਼ੀਲੇ ਤੱਤਾਂ ਨੂੰ ਬਦਲਾ ਲੈਣ ਲਈ ਉਕਸਾਉਂਦੀ ਰਹੀ ਹੈ। ਬਦਲੇ ਦੀ ਪ੍ਰਵਿਰਤੀ ਸਿੱਖ ਖਾੜਕੂ ਸੁਭਾਅ ਤੇ ਸਭਿਆਚਾਰ ਅੰਦਰ ਗੌਰਵਸ਼ਾਲੀ ਸਥਾਨ ਹਾਸਲ ਕਰ ਗਈ ਹੈ। ਇਸ ਕਰਕੇ ਪੰਜਾਬ ਪ੍ਰਸ਼ਾਸਨ ਦੁਆਰਾ ਨਿਰੰਕਾਰੀ ਕਾਂਡ ਦੇ ਦੋਸ਼ੀਆਂ ਖ਼ਿਲਾਫ਼ ਹਾਈਕੋਰਟ 'ਚੋਂ ਮੁਕੱਦਮਾ ਵਾਪਸ ਲੈ ਲਏ ਜਾਣ ਦੇ ਕੁਝ ਹੀ ਦਿਨਾਂ ਬਾਅਦ ਜਦ 24 ਅਪ੍ਰੈਲ 1980 ਦੀ ਰਾਤ ਨੂੰ ਇਕ ਸਿੱਖ ਨੌਜਵਾਨ ਨੇ ਬਾਬਾ ਗੁਰਬਚਨ ਸਿੰਘ ਨੂੰ ਉਸ ਦੀ ਨਿਰੰਕਾਰੀ ਕਾਲੋਨੀ ਵਿਚਲੀ ਰਿਹਾਇਸ਼ਗਾਹ

ਉੱਤੇ ਕਾਰ ਤੋਂ ਉਤਰਦੇ ਨੂੰ ਹੀ ਗੋਲੀਆਂ ਨਾਲ ਭੁੰਨ ਦਿੱਤਾ ਤਾਂ ਸਿੱਖ ਕੌਮ ਦੇ ਵੱਡੇ ਹਿੱਸਿਆਂ ਅੰਦਰ ਖ਼ੁਸ਼ੀ ਤੇ ਮਾਣ ਦੀ ਲਹਿਰ ਦੌੜ ਗਈ। ਜੇਕਰ ਅਦਾਲਤ ਨੇ ਅੰਮ੍ਰਿਤਸਰ ਕਾਂਡ ਦੇ ਦੋਸ਼ੀਆਂ ਨੂੰ ਦਿਖਾਵੇ ਵਜੋਂ ਹੀ ਥੋੜੀ ਬਹੁਤੀ ਸਜ਼ਾ ਸੁਣਾ ਦਿੱਤੀ ਹੁੰਦੀ, ਜਾਂ ਜੇਕਰ ਅੰਮ੍ਰਿਤਸਰ ਕਾਂਡ ਤੋਂ ਬਾਅਦ ਬਾਬਾ ਗੁਰਬਚਨ ਸਿੰਘ ਤੇ ਉਸ ਨੂੰ ਹੱਲਾਸ਼ੇਰੀ ਦੇਣ ਵਾਲੀਆਂ ਹਿੰਦੂ ਸ਼ਕਤੀਆਂ ਨੇ ਥੋੜਾ ਜਿਹਾ ਵੀ ਸੰਕੋਚ, ਸੰਜੀਦਗੀ ਤੇ ਸੂਝ-ਸਿਆਣਪ ਤੋਂ ਕੰਮ ਲਿਆ ਹੁੰਦਾ ਤਾਂ ਅੱਵਲ ਇਹ ਕਤਲ ਹੋਣਾ ਹੀ ਨਹੀਂ ਸੀ ਅਤੇ ਜੇਕਰ ਹੋ ਵੀ ਜਾਂਦਾ ਤਾਂ ਇਸ ਨੂੰ ਏਡੀ ਨੈਤਿਕ ਵਾਜਬੀਅਤ ਨਹੀਂ ਸੀ ਮਿਲਣੀ ਅਤੇ ਇਸ ਨੇ ਸਿੱਖ ਕੌਮ ਉੱਤੇ ਏਨਾ ਉਤਸ਼ਾਹੀ ਪ੍ਰਭਾਵ ਵੀ ਨਹੀਂ ਸੀ ਛੱਡ ਸਕਣਾ। ਪਰ ਇਹ 'ਜੇਕਰ' ਇਕ ਬਹੁਤ ਵੱਡੀ ਬਦਸ਼ਗਨੀ ਬਣ ਕੇ ਰਹਿ ਗਈ ਹੈ। ਅਸਲ ਵਿੱਚ ਇਸ 'ਜੇਕਰ' ਦੇ ਅੰਦਰ ਹੀ ਉਹ ਕੁਲਹਿਣਾ ਸੱਚ ਤੇ ਤਰਕ ਸਮੋਇਆ ਹੋਇਆ ਹੈ ਜਿਸ ਨੇ ਪੰਜਾਬ ਨੂੰ ਅਗਲੇ ਲਗਭਗ ਡੇਢ ਦਹਾਕੇ ਤਕ ਹਿੰਸਾ ਦੀ ਅੱਗ ਨਾਲ ਲੂਹ ਕੇ ਰੱਖ ਦਿੱਤਾ।

ਨਿਰੰਕਾਰੀ ਮੁਖੀ ਦਾ ਕਤਲ, ਯਕੀਨਨ ਹੀ, ਭਾਰਤ ਦੀ ਹਿੰਦੂ ਹੁਕਮਰਾਨ ਵਰਗ ਤੇ ਹਿੰਦੂ ਤਾਕਤਾਂ ਦੀ ਸਿੱਖ-ਦੁਸ਼ਮਣ ਸੋਚ ਤੇ ਫ਼ਿਰਕੂ ਜ਼ਹਿਨੀਅਤ ਦਾ ਨਤੀਜਾ ਸੀ। ਇਸ ਕਤਲ ਤੋਂ ਬਾਅਦ ਸਿੱਖ-ਦੁਸ਼ਮਣੀ ਦੇ ਜਨੂੰਨ ਨੇ ਹਿੰਦੂ ਹਾਕਮਾਂ ਦੀ ਅਕਲ ਉੱਤੇ ਜ਼ਹਾਲਤ ਦਾ ਹੋਰ ਵੀ ਗਾੜ੍ਹਾ ਲੇਪ ਚਾੜ੍ਹ ਦਿੱਤਾ ਅਤੇ ਉਨ੍ਹਾਂ ਨੇ ਸਿੱਖ ਬੇਚੈਨੀ ਨੂੰ ਨਿਰੋਲ ਅਮਨ ਤੇ ਕਾਨੂੰਨ ਦੀ ਸਮੱਸਿਆ ਵਜੋਂ ਦੇਖਣ ਤੇ ਇਸ ਸੰਗ ਵਹਿਸ਼ੀ ਤੌਰ-ਤਰੀਕਿਆਂ ਨਾਲ ਨਜਿੱਠਣ ਦੀ ਹੂੜਮੱਤੀ ਸੇਧ ਅਖ਼ਤਿਆਰ ਕਰ ਲਈ। ਇਸ ਕਤਲ ਰਾਹੀਂ ਪ੍ਰਗਟ ਹੋਏ ਸਿੱਖ ਭਾਵਾਂ ਨੂੰ ਸਮਝਣ ਤੇ ਉਨ੍ਹਾਂ ਦੀ ਗਹਿਰਾਈ ਨੂੰ ਮਾਪਣ ਦਾ ਉੱਕਾ ਹੀ ਕੋਈ ਯਤਨ ਨਾ ਕੀਤਾ ਗਿਆ। ਜਿਨ੍ਹਾਂ ਹਿੰਦੂ ਹਲਕਿਆਂ ਨੇ ਅੰਮ੍ਰਿਤਸਰ ਤੇ ਕਾਨਪੁਰ ਦੇ ਵਹਿਸ਼ੀ ਕਾਂਡ ਮੌਕੇ ਮੂੰਹੋਂ 'ਉਫ਼' ਤਕ ਨਹੀਂ ਸੀ ਕੀਤੀ, ਨਿਰੰਕਾਰੀ ਮੁਖੀ ਦੇ ਕਤਲ 'ਤੇ ਉਨ੍ਹਾਂ ਦੁਹੱਥੜੀਂ ਪਿੱਟਣਾ ਸ਼ੁਰੂ ਕਰ ਦਿੱਤਾ। ਹਿੰਦੂ ਪ੍ਰੈੱਸ ਤੇ ਫ਼ਿਰਕੂ ਸ਼ਕਤੀਆਂ ਨੇ ਇਸ ਕਤਲ ਦੀ ਆੜ ਲੈ ਕੇ ਸਿੱਖ ਕੌਮ ਵਿਰੁੱਧ ਫ਼ਿਰਕੂ ਨਫ਼ਰਤ ਤੇ ਜ਼ਹਿਰ ਦਾ ਛਿੜਕਾਅ ਹੋਰ ਤੇਜ਼ ਕਰ ਦਿੱਤਾ। ਸੰਤ ਜਰਨੈਲ ਸਿੰਘ ਨੂੰ ਇਸ ਕਤਲ ਦੇ ਮੁਕੱਦਮੇ 'ਚ ਫਾਹੁਣ ਦੀਆਂ ਪੁਰਜ਼ੋਰ ਕੋਸ਼ਿਸ਼ਾਂ ਕੀਤੀਆਂ ਗਈਆਂ। ਸੀ.ਬੀ.ਆਈ. ਨੇ 5 ਮਈ ਨੂੰ ਸੰਤਾਂ ਕੋਲੋਂ ਇਸ ਕਤਲ ਬਾਰੇ ਕਈ ਘੰਟਿਆਂ ਤਕ ਭਰਵੀਂ ਪੁਛਗਿੱਛ ਕੀਤੀ। ਕੋਈ ਵੀ ਸਬੂਤ ਨਾ ਮਿਲਣ ਕਰਕੇ ਭਾਵੇਂ ਸੰਤ ਜਰਨੈਲ ਸਿੰਘ ਨੂੰ ਇਸ ਕੇਸ ਵਿੱਚ ਫਸਾਉਣ ਦੀ ਕਾਨੂੰਨੀ ਤਰਕੀਬ ਤਾਂ ਸਿਰੇ ਨਾ ਚੜ੍ਹ ਸਕੀ ਪਰ ਹਿੰਦੂ ਪ੍ਰੈੱਸ ਨੇ ਉਨ੍ਹਾਂ ਸਿਰ ਇਹ ਕਤਲ ਦਾ ਦੋਸ਼ ਮੜ੍ਹਨ ਅਤੇ ਆਪਣੀ ਵੱਲੋਂ ਇਸ ਦੀ 'ਸਜ਼ਾ' ਐਲਾਨਣ ਵਿੱਚ ਕੋਈ ਕਸਰ ਨਾ ਰਹਿਣ ਦਿੱਤੀ। ਹਿੰਦੂ ਸ਼ਕਤੀਆਂ ਦੇ ਇਸ ਦੋਗਲੇ ਅਤੇ ਅੱਤ ਦਰਜੇ ਦੇ ਮੰਦਭਾਵੀ ਵਤੀਰੇ ਨੇ ਸਿੱਖਾਂ ਦੇ ਮਨਾਂ ਉੱਤੇ ਬਹੁਤ ਭੈੜਾ ਅਸਰ ਛੱਡਿਆ। ਇਸ 'ਚੋਂ ਉਨ੍ਹਾਂ ਨੂੰ ਦਵੈਸ਼ ਤੇ ਬੇਈਮਾਨੀ ਦੀ ਤਿੱਖੀ ਦੁਰਗੰਧ ਮਹਿਸੂਸ ਹੋਈ।

ਇਸ ਦੇ ਨਾਲ ਹੀ, ਸਿੱਖ ਸੰਘਰਸ਼ ਤੇ ਸਿੱਖ ਰਾਜਨੀਤੀ ਉੱਤੇ ਵੀ ਇਸ ਕਤਲ ਦੇ ਗਹਿਰੇ ਤੇ ਦੂਰ-ਰਸ ਪ੍ਰਭਾਵ ਪ੍ਰਗਟ ਹੋਣ ਲੱਗੇ। ਇਹ ਕਤਲ, ਕਿਸੇ ਵੀ ਲਿਹਾਜ਼ ਨਾਲ, ਕੋਈ ਇਤਫ਼ਾਕੀਆ ਘਟਨਾ ਨਹੀਂ ਸੀ। ਇਹ ਹਿੰਦੂ ਹਾਕਮਾਂ ਦੀਆਂ ਸਿੱਖ-ਦੁਸ਼ਮਣ ਨੀਤੀਆਂ ਤੇ ਅਮਲਾਂ ਦੇ ਖ਼ਿਲਾਫ਼ ਸਿੱਖਾਂ ਦੇ ਮਨਾਂ ਅੰਦਰ ਚਿਰਾਂ ਤੋਂ ਜਮ੍ਹਾਂ ਹੋ ਰਹੇ ਰੋਸ ਤੇ ਗ਼ੁੱਸੇ ਦਾ ਪ੍ਰਗਟਾਵਾ ਸੀ। ਪਰ ਇਹ ਪ੍ਰਗਟਾਵਾ ਅਚੇਤ ਜਾਂ ਆਪ-ਮੁਹਾਰਾ ਨਹੀਂ ਸੀ। ਇਹ ਸਿੱਖ ਸੁਭਾਅ ਦੀ ਇਕ ਵਿਸ਼ੇਸ਼ ਪ੍ਰਵਿਰਤੀ (ਇਨਸਾਫ਼ ਤੇ ਬਦਲੇ ਦੀ ਪ੍ਰਬਲ ਭਾਵਨਾ) 'ਚੋਂ ਨਿਕਲਿਆ ਸੁਚੇਤ ਜੁਆਬੀ ਪੈਂਤੜਾ ਸੀ। ਇਸ ਕਰਕੇ ਇਸ ਦੇ ਅਸਰ ਸੀਮਤ ਤੇ

ਆਰਜ਼ੀ ਸੁਭਾਅ ਵਾਲੇ ਨਹੀਂ ਸਨ ਹੋ ਸਕਦੇ। ਇਸ 'ਚੋਂ ਸਿੱਖ ਕੌਮ ਅੰਦਰ ਪ੍ਰਗਟ ਹੋ ਰਹੀ ਨਵੀਂ ਕਿਸਮ ਦੀ ਰਾਜਨੀਤਕ ਸੋਚਣੀ ਅਤੇ ਸਿੱਖ ਸੰਘਰਸ਼ ਅੰਦਰ ਪ੍ਰਫੁੱਲਤ ਹੋ ਰਹੇ ਖਾੜਕੂ ਰੁਝਾਨ ਦੇ ਆਰੰਭਕ ਲੱਛਣ ਸਾਫ਼ ਪੜ੍ਹੇ ਜਾ ਸਕਦੇ ਸਨ। ਇਸ ਕਰਕੇ ਸਿੱਖ ਪੰਥ ਅੰਦਰਲੇ ਉਹ ਵਰਗ, ਜਿਨ੍ਹਾਂ ਦਾ ਨਾ ਸਿਰਫ਼ ਭਾਰਤੀ ਰਾਜ-ਪ੍ਰਬੰਧ ਤੋਂ ਮੋਹ ਭੰਗ ਨਹੀਂ ਸੀ ਹੋਇਆ ਸਗੋਂ ਉਹ ਇਸ ਪ੍ਰਬੰਧ ਅੰਦਰ ਆਰਥਿਕ ਤੇ ਸਮਾਜੀ-ਰਾਜਨੀਤਕ ਦ੍ਰਿਸ਼ਟੀ ਤੋਂ ਚੰਗੀਆਂ ਸੁਖ-ਸਹੂਲਤਾਂ ਮਾਣ ਰਹੇ ਸਨ, ਇਸ ਰੁਝਾਨ ਤੋਂ ਇਕ ਦਮ ਸਾਵਧਾਨ ਹੋ ਗਏ। ਉਨ੍ਹਾਂ ਦਾ ਇਹ ਪ੍ਰਤੀਕਰਮ ਸੁਭਾਵਿਕ ਸੀ ਅਤੇ ਸੌਖ ਨਾਲ ਹੀ ਸਮਝ ਵਿੱਚ ਆਉਣ ਵਾਲਾ ਸੀ। ਭਾਰਤੀ ਹਾਕਮਾਂ ਨਾਲ ਤਿੱਖੇ ਟਕਰਾਓ ਦੀ ਰਾਜਨੀਤੀ ਨਾ ਤਾਂ ਉਨ੍ਹਾਂ ਦੇ ਆਰਥਿਕ ਤੇ ਰਾਜਸੀ ਹਿਤਾਂ ਨੂੰ ਰਾਸ ਬਹਿੰਦੀ ਹੈ ਤੇ ਨਾ ਹੀ ਉਨ੍ਹਾਂ ਦੀ ਸੁਭਾਵੀ-ਬਣਤਰ ਤੇ ਵਿਚਾਰਧਾਰਾ ਦੇ ਅਨੁਕੂਲ ਹੈ। ਉਹ ਆਮ ਰੂਪ ਵਿੱਚ ਹੀ ਸਮਝੌਤੇ ਤੇ ਟਿਕ-ਟਿਕਾਅ ਦੇ ਹਾਮੀ ਹਨ। ਆਪਣੇ ਨਿਵੇਕਲੇ ਵਰਗ ਚਰਿੱਤਰ ਕਰਕੇ, ਉਨ੍ਹਾਂ ਲਈ ਅਪਮਾਨ ਤੇ ਸਵੈਮਾਣ ਵਰਗੀਆਂ ਗੱਲਾਂ, ਮਾਦੀ ਸੁਆਰਥਾਂ ਦੀ ਤੁਲਨਾ ਵਿੱਚ ਬਹੁਤ ਤੁੱਛ ਮਾਅਨੇ ਰੱਖਦੀਆਂ ਹਨ। ਅਕਾਲੀ ਲੀਡਰਸ਼ਿਪ ਦਾ ਭਾਰੂ ਵਰਗ ਵੀ ਇਸੇ ਹੀ ਸ਼੍ਰੇਣੀ ਵਿੱਚ ਆਉਂਦਾ ਹੈ। ਉਹ ਵੀ ਸਿਰ ਚੁੱਕ ਰਹੇ ਇਸ ਖਾੜਕੂ ਰੁਝਾਨ ਤੋਂ ਬਰਾਬਰ ਚਿੰਤਤ ਸੀ। ਜਮਾਤੀ-ਆਰਥਿਕ ਹਿਤਾਂ ਦੇ ਨਾਲ ਹੀ ਆਪਣੇ ਕੁਰਸੀ ਰੁਤਬੇ (ਰਾਜਸੀ ਕੈਰੀਅਰ) ਦੀ ਵਜ੍ਹਾ ਕਰਕੇ ਵੀ।

ਖਾੜਕੂ ਰੁਝਾਨ ਦੀ ਨੁਕਤਾਚੀਨੀ ਦਾ ਵੱਧ ਜ਼ਿੰਮਾ ਸਿੱਖ ਪੰਥ ਅੰਦਰਲੇ ਉਪਰੋਕਤ ਵਰਗਾਂ ਦੇ ਬੌਧਿਕ ਨੁਮਾਇੰਦਿਆਂ ਨੇ ਓਟਿਆ। ਇਸ ਰੁਝਾਨ ਖ਼ਿਲਾਫ਼ ਉਨ੍ਹਾਂ ਕੋਲ ਦੋ ਪ੍ਰਮੁੱਖ ਦਲੀਲਾਂ ਸਨ। ਇਕ ਤਾਂ ਇਹ ਕਿ ਇਹ ਰੁਝਾਨ ਸਿੱਖਾਂ ਵੱਲੋਂ ਪਿਛਲੇ ਛੇ ਸੱਤ ਦਹਾਕਿਆਂ ਦੌਰਾਨ ਨਿਰੰਤਰ ਪੁਰਅਮਨ ਢੰਗ ਨਾਲ ਲੜੀ ਗਈ ਜਾਨਦਾਰ ਅਤੇ ਸ਼ਾਨਦਾਰ ਜਦੋਜਹਿਦ ਦੀਆਂ ਗੌਰਵਸ਼ਾਲੀ ਰਵਾਇਤਾਂ ਨੂੰ ਨਕਾਰਦਾ ਤੇ ਇਨ੍ਹਾਂ ਦੀ ਸ਼ਾਨ ਨੂੰ ਵੱਟਾ ਲਾਉਂਦਾ ਹੈ। ਦੂਜਾ ਇਹ ਕਿ ਵਿਹਾਰਕ ਦ੍ਰਿਸ਼ਟੀ ਤੋਂ ਦੇਖਿਆਂ, ਜਮਹੂਰੀਅਤ ਤੇ ਸਭਿਅਤਾ ਦੇ ਅਜੋਕੇ ਯੁੱਗ ਅੰਦਰ, ਜਦ ਆਪਣੀ ਗੱਲ ਕਹਿਣ ਤੇ ਆਪਣੀਆਂ ਮੰਗਾਂ ਮਨਵਾਉਣ ਦਾ ਜਮਹੂਰੀ ਸਲੀਕਾ ਤੇ ਸਭਿਅਕ ਢੰਗ-ਤਰੀਕੇ ਪ੍ਰਵਾਨਤ ਹੋ ਚੁੱਕੇ ਹਨ ਤਾਂ ਹਥਿਆਰਾਂ ਦੀ ਭਾਸ਼ਾ ਵਿੱਚ ਗੱਲ ਕਰਨ ਦੀ ਨਾ ਕੋਈ ਤੁਕ ਰਹਿ ਜਾਂਦੀ ਹੈ ਤੇ ਨਾ ਇਸ 'ਚੋਂ ਕੋਈ ਸਾਰਥਕ ਸਿੱਟੇ ਨਿਕਲ ਸਕਦੇ ਹਨ। ਸਗੋਂ ਉਲਟਾ ਇਹ 'ਅਸੱਭਿਅਕ' ਢੰਗ ਤਰੀਕਾ ਪੁੱਠਾ ਡੰਗ ਮਾਰ ਸਕਦਾ ਹੈ।

ਅਮਲ ਦੌਰਾਨ ਇਹ ਦੇਖਣ ਵਿੱਚ ਆਇਆ ਕਿ ਖਾੜਕੂ ਰੁਝਾਨ ਖ਼ਿਲਾਫ਼ ਉਪਰੋਕਤ ਸਿਧਾਂਤਕ ਦਲੀਲਬਾਜ਼ੀ ਅਮਲੀ ਤੌਰ 'ਤੇ ਬਹੁਤੀ ਅਸਰਦਾਰ ਸਾਬਤ ਨਹੀਂ ਹੋ ਸਕੀ। ਨਾ ਸਿਰਫ਼ ਜੋਸ਼ੀਲੇ ਖਾੜਕੂ ਤੱਤਾਂ ਸਗੋਂ ਆਮ ਸਿੱਖ ਜਨਤਾ ਨੇ ਵੀ ਇਸ ਨੂੰ ਬਹੁਤਾ ਨਹੀਂ ਗੌਲਿਆ। ਇਹ ਨਹੀਂ ਕਿ ਤਰਕ ਦੇ ਲਿਹਾਜ਼ ਨਾਲ ਇਨ੍ਹਾਂ ਦਲੀਲਾਂ ਅੰਦਰ ਕੋਈ ਦਮ ਨਹੀਂ ਸੀ। ਅਸਲ ਵਿੱਚ ਕਿਸੇ ਵੀ ਮੌਕੇ ਕਿਸੇ ਦਲੀਲ ਦੇ ਵੱਧ ਜਾਂ ਘੱਟ ਪ੍ਰਭਾਵਕਾਰੀ ਹੋਣ ਵਿੱਚ ਉਸ ਦਾ ਆਂਤਰਿਕ ਤਰਕ ਹੀ ਨਿਰਣਾਕਾਰੀ ਪੱਖ ਨਹੀਂ ਹੁੰਦਾ। ਇਹ ਗੱਲ ਵੀ ਬਰਾਬਰ ਦੀ ਅਹਿਮੀਅਤ ਰੱਖਦੀ ਹੈ ਕਿ ਉਸ ਦਲੀਲ ਦੇ ਪਿੱਛੇ ਖੜ੍ਹਾ ਸੱਚ ਕਿੰਨਾ ਕੁ ਪ੍ਰਮਾਣਿਕ ਹੈ ? ਅਰਥਾਤ ਇਸ ਦਲੀਲ ਦੀ ਵਰਤੋਂ ਕਰਨ ਵਾਲੀਆਂ ਤਾਕਤਾਂ ਕੌਣ ਹਨ ਤੇ ਉਨ੍ਹਾਂ ਦੇ ਪੱਲੇ ਕਿੰਨਾ ਸੱਚ ਤੇ ਕਿੰਨਾ ਕੁਸੱਤ ਹੈ ?

ਸਰਸਰੀ ਨਜ਼ਰ ਨਾਲ ਦੇਖਿਆਂ ਇਹ ਗੱਲ ਬਹੁਤ ਹੀ ਵਿਰੋਧਾਭਾਸੀ ਤੇ ਅਚੰਭਾਜਨਕ ਲੱਗਦੀ ਹੈ ਜਿਹੜੀ ਸਿੱਖ ਜਨਤਾ ਨੇ ਵੀਹਵੀਂ ਸਦੀ ਦੇ ਦੂਜੇ ਤੇ ਤੀਜੇ

ਦਹਾਕੇ ਦੌਰਾਨ ਬਦਲੇ ਦੀ ਭਾਵਨਾ 'ਚੋਂ ਨਿਕਲੀਆਂ ਹਿੰਸਕ ਕਾਰਵਾਈਆਂ (ਬੱਬਰ ਅਕਾਲੀ ਲਹਿਰ ਤੇ ਇਸ ਵੰਨਗੀ ਦੀਆਂ ਹੋਰ ਲਹਿਰਾਂ) ਦੇ ਰਾਹ ਨੂੰ ਠੁਕਰਾ ਕੇ ਪੁਰਅਮਨ ਜਨਤਕ ਜਦੋਜਹਿਦ ਦੇ ਪੈਂਤੜੇ (ਅਕਾਲੀ ਮੋਰਚੇ) ਨੂੰ ਆਪਣਾ ਭਰਪੂਰ ਸਮਰਥਨ ਜੁਟਾਇਆ, ਚਾਰ-ਪੰਜ ਦਹਾਕਿਆਂ ਦੇ ਵਕਫ਼ੇ ਬਾਅਦ ਉਹੀ ਸਿੱਖ ਜਨਤਾ ਉਨੇ ਹੀ ਜ਼ੋਰ ਨਾਲ ਪੁਰਅਮਨ ਜਨਤਕ ਜਦੋਜਹਿਦ ਦੇ ਮੁਕਾਬਲੇ, ਹਿੰਸਕ ਕਾਰਵਾਈਆਂ ਦੇ ਪੱਖ ਵਿੱਚ ਉਲਰ ਗਈ। ਇਸਦੀ ਇਕ ਵਿਆਖਿਆ ਇਹ ਹੋ ਸਕਦੀ ਹੈ ਕਿ ਵੀਹਵਿਆਂ-ਤੀਹਵਿਆਂ 'ਚ ਪੁਰਅਮਨ ਜਨਤਕ ਜਦੋਜਹਿਦ ਦੇ ਰਾਹ ਨੂੰ ਪਰਨਾਈਆਂ ਤਾਕਤਾਂ ਦੇ ਇਸ ਪੈਂਤੜੇ ਅੰਦਰ ਕੋਈ ਖੋਟ ਨਹੀਂ ਸੀ। ਅਰਥਾਤ ਉਨ੍ਹਾਂ ਦਾ ਇਹ ਪੈਂਤੜਾ ਕਿਤੇ ਸ਼ੁਧ ਤੇ ਪ੍ਰਮਾਣਿਕ ਸੀ ਅਤੇ ਇਸ ਵਜ੍ਹਾ ਕਰਕੇ ਉਨ੍ਹਾਂ ਦਾ ਨੈਤਿਕ ਪਲੜਾ ਕਿਤੇ ਵਜ਼ਨਦਾਰ ਸੀ। ਜਦੋਂ ਕਿ ਸੱਠਵਿਆਂ ਸੱਤਰਵਿਆਂ ਤਕ ਪਹੁੰਚ ਕੇ ਇਹੀ ਪੱਖ ਉਲਟੇ ਰੁਖ਼ ਘੁੰਮ ਗਏ। ਅਰਥਾਤ ਪੁਰਅਮਨ ਜਨਤਕ ਜਦੋਜਹਿਦ ਦੇ ਪੈਂਤੜੇ ਉੱਤੇ ਸੁਆਰਥ ਅਤੇ ਦੰਭ ਦਾ ਖੋਟ ਹਾਵੀ ਹੋ ਗਿਆ, ਜਿਸ ਨਾਲ ਇਸ ਪੈਂਤੜੇ ਦੀਆਂ ਧਾਰਨੀ ਤਾਕਤਾਂ ਦਾ ਨੈਤਿਕ ਪਲੜਾ ਹਲਕਾ ਪਤੰਗ ਹੋ ਕੇ ਰਹਿ ਗਿਆ।

ਜਿੱਥੋਂ ਤਕ ਹਥਿਆਰਬੰਦ ਕਾਰਵਾਈਆਂ ਦੇ ਅਮਲ ਨੂੰ ਵਿਹਾਰਕ ਦ੍ਰਿਸ਼ਟੀ ਤੋਂ ਨਿੰਦਣ ਤੇ ਨਕਾਰਨ ਦੀ ਗੱਲ ਹੈ, ਇਸ ਬਾਰੇ ਦੁਨੀਆ ਭਰ ਦਾ ਤਜਰਬਾ ਇਹ ਦਰਸਾਉਂਦਾ ਹੈ ਕਿ ਹਥਿਆਰਬੰਦ ਕਾਰਵਾਈਆਂ 'ਚ ਮਸਰੂਫ ਤੱਤਾਂ ਤੇ ਉਨ੍ਹਾਂ ਦੀ ਅਡੋਲ ਹਮਾਇਤ ਵਿੱਚ ਡਟੇ ਲੋਕਾਂ ਦੇ ਕੰਨਾਂ ਨੂੰ ਇਹ ਦਲੀਲ ਕਦੇ ਵੀ ਨਹੀਂ ਭਾਈ। ਵੱਧ ਇਸ ਕਰਕੇ ਕਿ ਇਤਿਹਾਸ ਦੀਆਂ ਉਨ੍ਹਾਂ ਅਲੋਕਾਰੀ ਘੜੀਆਂ ਦੌਰਾਨ ਸੱਚ ਅਲੱਗ-ਅਲੱਗ ਧਿਰਾਂ ਨੂੰ ਬਹੁਤ ਹੀ ਅਲੱਗ-ਅਲੱਗ ਦਿਖਾਈ ਦੇ ਰਿਹਾ ਹੁੰਦਾ ਹੈ। ਸੰਘਰਸ਼ ਤੋਂ ਬਾਹਰਲੀਆਂ ਜਾਂ ਸੰਘਰਸ਼ ਦੇ ਵਿਰੋਧ ਵਿੱਚ ਡਟੀਆਂ ਧਿਰਾਂ ਜਿਸ ਨੂੰ 'ਜਮਹੂਰੀਅਤ ਤੇ ਸਭਿਅਤਾ ਦਾ ਯੁੱਗ' ਕਹਿ ਕੇ ਵਡਿਆ ਰਹੀਆਂ ਹੁੰਦੀਆਂ ਹਨ, ਸੰਘਰਸ਼ਸ਼ੀਲ ਲੋਕਾਂ ਨੂੰ ਉਹ 'ਅੰਧਕਾਰ ਤੇ ਵਹਿਸ਼ਤ' ਦਾ ਯੁੱਗ ਬਣ ਕੇ ਦਿਖ ਰਿਹਾ ਹੁੰਦਾ ਹੈ ਅਤੇ ਉਹ ਆਪਣੇ ਸੂਰਮਗਤੀ ਭਰੇ ਕਾਰਨਾਮਿਆਂ ਰਾਹੀਂ ਇਸ ਅੰਧਕਾਰ ਨੂੰ ਤੋੜਨ ਦਾ ਸੱਚ ਵਰਗਾ ਭਰਮ ਪਾਲ ਕੇ ਚੱਲ ਰਹੇ ਹੁੰਦੇ ਹਨ। ਇਹ 'ਭਰਮ' ਏਨਾ ਮਜ਼ਬੂਤ ਤੇ ਬਲਵਾਨ ਹੁੰਦਾ ਹੈ ਕਿ ਇਸ ਨੂੰ ਕਿਸੇ ਖ਼ਾਲੀ ਦਲੀਲ ਨਾਲ ਤੋੜਨਾ ਨਾਮੁਮਕਿਨ ਹੋ ਜਾਂਦਾ ਹੈ। ਅਸਲ ਵਿੱਚ ਇਹ 'ਭਰਮ' ਕੋਰਾ ਭਰਮ ਨਹੀਂ ਹੁੰਦਾ। ਇਸ ਵਿੱਚ ਸਚਾਈ ਦਾ ਅੰਸ਼ ਰਲਿਆ ਹੁੰਦਾ ਹੈ। ਸੱਚੇ ਜੁਝਾਰੂਆਂ ਦੇ ਸੁੱਚੇ ਕਾਰਨਾਮੇ ਮੂਲੋਂ ਹੀ ਨਿਹਫਲ ਯਤਨ ਸਾਬਤ ਨਹੀਂ ਹੁੰਦੇ। ਇਹ ਲੋਕ-ਚੇਤਨਾ ਉੱਤੇ ਨਿਰੰਤਰ ਆਪਣਾ ਨਾਮਾਲੂਮ ਪਰ ਜ਼ੋਰਾਵਰ ਅਸਰ ਛੱਡ ਰਹੇ ਹੁੰਦੇ ਹਨ ਅਤੇ ਆਪਣੇ ਹਿਸਾਬ ਨਾਲ ਇਤਿਹਾਸ ਨੂੰ ਗਤੀ ਪ੍ਰਦਾਨ ਕਰ ਰਹੇ ਹੁੰਦੇ ਹਨ। ਹਰ ਜਗ੍ਹਾ, ਅਤੇ ਹਰ ਮੌਕੇ, ਹਥਿਆਰਬੰਦ ਸੰਘਰਸ਼ ਦਾ ਇਹ ਵੇਗ ਆਪਣਾ ਪੂਰਾ ਦਮ ਹੰਢਾ ਕੇ ਹੀ ਸਾਹ ਲੈਂਦਾ ਹੈ।

ਸੋ ਨਿੰਦਿਆ ਤੇ ਨਿੰਦਕਾਂ ਤੋਂ ਬੇਪਰਵਾਹ, ਖਾੜਕੂ ਰੁਝਾਨ ਲਗਾਤਾਰ ਪ੍ਰਫੁੱਲਤ ਹੁੰਦਾ ਚਲਾ ਗਿਆ ਅਤੇ ਹਿੰਦੂ ਹਾਕਮਾਂ ਦਾ ਇਕ ਤੋਂ ਬਾਅਦ ਦੂਜਾ ਸਿੱਖ-ਦੋਖੀ ਕਰਮ ਇਸ ਨੂੰ ਨਰੋਈ ਖ਼ੁਰਾਕ ਮੁਹੱਈਆ ਕਰਦਾ ਗਿਆ।

1978 ਵਿੱਚ ਡਿਸਾਈ ਸਰਕਾਰ ਨੇ ਪੰਜਾਬ ਦੀ ਅਕਾਲੀ-ਜਨਤਾ ਗੱਠਜੋੜ ਸਰਕਾਰ ਦੀ ਦਰਿਆਈ ਪਾਣੀਆਂ ਬਾਰੇ ਇੰਦਰਾ ਗਾਂਧੀ ਦੇ ਨਿਹੱਕੇ ਫ਼ੈਸਲੇ ਨੂੰ ਮਨਸੂਖ਼ ਕਰਨ ਦੀ ਮੰਗ ਜਦ ਨਾਮਨਜ਼ੂਰ ਕਰ ਦਿੱਤੀ ਸੀ ਤਾਂ ਪੰਜਾਬ ਸਰਕਾਰ ਨੇ 'ਇੰਦਰਾ ਐਵਾਰਡ' ਦੀ ਕਾਨੂੰਨੀ ਵਾਜਬੀਅਤ ਨੂੰ ਚੁਣੌਤੀ ਦਿੰਦਿਆਂ ਹੋਇਆਂ ਸੁਪਰੀਮ ਕੋਰਟ

ਅੰਦਰ ਉਜ਼ਰਦਾਰੀ ਦਾਇਰ ਕਰ ਦਿੱਤੀ ਸੀ। ਪੰਜਾਬ ਸਰਕਾਰ ਦਾ ਇਹ ਕਦਮ ਨੈਤਿਕ ਤੇ ਕਾਨੂੰਨੀ, ਦੋਨਾਂ ਹੀ ਪੱਖਾਂ ਤੋਂ ਵਾਜਬ ਸੀ। ਇੰਦਰਾ ਗਾਂਧੀ ਨੇ ਸੱਤਾ ਵਿੱਚ ਵਾਪਸ ਆਉਣ ਤੋਂ ਬਾਅਦ ਸਿੱਖ ਭਾਈਚਾਰੇ ਦੇ ਹਿਤਾਂ ਉੱਤੇ ਮਾਰੂ ਸੱਟ ਮਾਰਨ ਵਾਲਾ ਅਗਲਾ ਕਦਮ ਇਹ ਚੁੱਕਿਆ ਕਿ ਉਸ ਨੇ ਦਰਬਾਰਾ ਸਿੰਘ ਉੱਤੇ ਦਬਾਅ ਪਾ ਕੇ ਦਸੰਬਰ 1981 ਵਿੱਚ ਪੰਜਾਬ ਸਰਕਾਰ ਦੀ ਤਰਫ਼ੋਂ ਸੁਪਰੀਮ ਕੋਰਟ 'ਚੋਂ ਉਹ ਉਜ਼ਰਦਾਰੀ ਵਾਲਾ ਪਰਚਾ ਵਾਪਸ ਲੈਣ ਦੀ ਅਰਜ਼ੀ ਦੁਆ ਦਿੱਤੀ।[2] ਨਾਲ ਹੀ ਪੰਜਾਬ, ਹਰਿਆਣਾ ਤੇ ਰਾਜਸਥਾਨ ਦੇ ਕਾਂਗਰਸੀ ਮੁੱਖ ਮੰਤਰੀਆਂ ਦੀ ਤਿੱਕੜੀ ਕੋਲੋਂ ਦਰਿਆਈ ਪਾਣੀਆਂ ਦੀ ਵੰਡ ਬਾਰੇ 'ਨਵੇਂ ਸਮਝੌਤੇ' ਉੱਤੇ ਸਹਿਮਤੀ ਦਾ ਐਲਾਨ ਕਰਵਾ ਦਿੱਤਾ ਜਿਸ ਅਨੁਸਾਰ ਜਾਅਲੀ ਤੇ ਮਨਘੜਤ ਅੰਕੜਿਆਂ ਦੇ ਜ਼ਰੀਏ ਪੰਜਾਬ ਦੇ ਹਿੱਸੇ ਦੇ ਪਾਣੀਆਂ ਵਿੱਚ ਮਾਮੂਲੀ ਜਿਹਾ ਵਾਧਾ (0.72 MAF) ਕਰਨ ਦਾ ਝੂਠਾ ਪ੍ਰਭਾਵ ਦਿੱਤਾ ਗਿਆ। ਇਸ ਕਾਰਵਾਈ ਨੇ ਸਿੱਖ ਭਾਈਚਾਰੇ ਦੇ ਮਨਾਂ ਅੰਦਰ ਹੋਰ ਵੱਧ ਰੋਸ ਤੇ ਗਿਲਾਨੀ ਭਰ ਦਿੱਤੀ।

ਦੇਸ ਭਰ ਅੰਦਰ ਵਗ ਰਹੀ ਹਿੰਦੂ ਕੱਟੜਵਾਦ ਦੀ ਜ਼ੋਰਦਾਰ ਹਵਾ ਅਤੇ ਹਰ ਵੰਨਗੀ ਦੇ ਕੇਂਦਰੀ ਹਾਕਮਾਂ ਦੁਆਰਾ ਇਕ ਦੂਜੇ ਤੋਂ ਵਧ ਕੇ ਅਪਣਾਏ ਕੱਟੜ ਸਿੱਖ-ਦੋਖੀ ਵਤੀਰੇ ਨੇ ਅਤੇ ਉੱਤੋਂ ਪੰਜਾਬ ਅੰਦਰ ਦਰਬਾਰਾ ਸਿੰਘ ਦੀ ਕੋਰੀ ਹਿੰਦੂ-ਨਿਵਾਜ਼ ਸਰਕਾਰ ਦੀ ਸਥਾਪਨਾ ਨੇ ਪੰਜਾਬ ਅੰਦਰ ਹਿੰਦੂ ਫ਼ਿਰਕਾਪ੍ਰਸਤੀ ਦੇ ਰੁਝਾਨ ਨੂੰ ਇਕ ਦਮ ਵੱਡਾ ਹੁਲਾਰਾ ਦੇ ਦਿੱਤਾ। ਸ਼ਹਿਰਾਂ ਤੇ ਕਸਬਿਆਂ ਅੰਦਰ, ਜਿੱਥੇ ਵੀ ਹਿੰਦੂ ਵਸੋਂ ਦਾ ਗਾੜ੍ਹ ਸੀ, ਨਵੇਂ ਫ਼ਿਰਕੂ ਸੰਗਠਨ ਖੁੰਬਾਂ ਵਾਂਗ ਉਭਰਨੇ ਸ਼ੁਰੂ ਹੋ ਗਏ। ਪਵਨ ਕੁਮਾਰ (ਪਟਿਆਲਾ) ਦੀ ਹਿੰਦੂ ਸੁਰਖਸ਼ਾ ਸੰਮਤੀ, ਜਗਦੀਸ਼ ਤਾਂਘੜੀ (ਲੁਧਿਆਣਾ) ਦੀ ਹਿੰਦੂ ਸ਼ਿਵ ਸੈਨਾ ਅਤੇ ਸੁਰਿੰਦਰ ਕੁਮਾਰ ਬਿੱਲਾ (ਅੰਮ੍ਰਿਤਸਰ) ਦੇ ਹਿੰਦੂ ਰਾਸ਼ਟਰੀਆ ਸੰਗਠਨ ਤੋਂ ਇਲਾਵਾ ਵੀ ਹੋਰ ਬਹੁਤ ਸਾਰੀਆਂ ਛੁਟ-ਪੁਟ ਹਿੰਦੂ ਜਥੇਬੰਦੀਆਂ ਸਰਗਰਮ ਹੋ ਗਈਆਂ। ਉਨ੍ਹਾਂ ਦੇ ਅਮਲ ਵਧੇਰੇ ਭੜਕਾਊ ਅਤੇ ਲਹਿਜਾ ਵਧੇਰੇ ਅੱਖੜ ਹੁੰਦਾ ਚਲਾ ਗਿਆ। ਮਈ 1981 ਵਿੱਚ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ ਹਰਿਦੁਆਰ ਤੇ ਕੁਰੁਕਸ਼ੇਤਰ ਵਰਗੇ ਹਿੰਦੂ ਤੀਰਥ ਕੇਂਦਰਾਂ ਵਾਂਗ ਸਿੱਖਾਂ ਦੇ ਕੇਂਦਰੀ ਧਾਰਮਿਕ ਸ਼ਹਿਰ ਨੂੰ ਵੀ 'ਪਵਿੱਤਰ ਨਗਰੀ' ਕਰਾਰ ਦੇਣ ਅਤੇ ਪਾਨ ਸਿਗਰਟ ਤੇ ਮੀਟ ਸ਼ਰਾਬ ਦੀਆਂ ਦੁਕਾਨਾਂ ਨੂੰ ਸ਼ਹਿਰ ਦੀ ਹਦੂਦ ਤੋਂ ਬਾਹਰ ਲਿਜਾਣ ਦੀ ਮੰਗ ਉੱਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ। ਇਸ ਮੰਗ ਅੰਦਰ ਕੁਝ ਵੀ ਅਜਿਹਾ ਨਹੀਂ ਸੀ ਜਿਸ ਨਾਲ ਹਿੰਦੂਆਂ ਦੇ ਧਾਰਮਿਕ ਵਿਸ਼ਵਾਸਾਂ ਦੀ ਹਾਨੀ ਹੁੰਦੀ ਹੋਵੇ ਜਾਂ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੋਵੇ। ਪਰ ਫਿਰ ਵੀ, ਅੰਮ੍ਰਿਤਸਰ ਅੰਦਰ ਹਿੰਦੂਆਂ ਨੇ ਸਿੱਖਾਂ ਦੀ ਇਸ ਮੰਗ ਦੇ ਖ਼ਿਲਾਫ਼ ਬਹੁਤ ਹੀ ਉਜੱਡਤਾ ਭਰਿਆ ਪ੍ਰਤੀਕਰਮ ਪ੍ਰਗਟਾਇਆ। ਉਨ੍ਹਾਂ ਨੇ ਸ਼ਹਿਰ ਦੀਆਂ ਸੜਕਾਂ ਉੱਤੇ ਭੜਕਾਊ ਨਾਹਰੇਬਾਜ਼ੀ ਕਰਦਿਆਂ ਹੋਇਆਂ ਅਤੇ ਸੋਟੀਆਂ ਉੱਤੇ ਸਿਗਰਟਾਂ ਦੇ ਡੱਬੇ ਲਹਿਰਾਉਂਦਿਆਂ ਹੋਇਆਂ ਅੱਤ ਦਰਜੇ ਦਾ ਅਸ਼ਲੀਲ ਮੁਜ਼ਾਹਰਾ ਕੀਤਾ। 'ਸਿਗਰਟ ਬੀੜੀ ਪੀਏਂਗੇ, ਹਮ ਸ਼ਾਨ ਸੇ ਜੀਏਂਗੇ' ਅਤੇ 'ਕੱਛਾ, ਕੜਾ ਤੇ ਕਿਰਪਾਨ, ਭੇਜ ਦਿਆਂਗੇ ਪਾਕਿਸਤਾਨ' ਵਰਗੇ ਭੜਕਾਊ ਨਾਹਰੇ ਲਾਉਂਦੀਆਂ ਹਿੰਦੂ ਭੀੜਾਂ ਨੇ ਸ਼ਹਿਰ ਅੰਦਰ ਰੱਜ ਕੇ ਧਮੱਚੜ ਪਾਇਆ। ਇਸ ਫ਼ਿਰਕੂ ਬਦਤਮੀਜ਼ੀ ਦੇ ਖ਼ਿਲਾਫ਼ ਸਿੱਖ ਜਗਤ ਅੰਦਰ ਰੋਹ ਪੈਦਾ ਹੋਣਾ ਸੁਭਾਵਿਕ ਸੀ। ਇਸ ਨਾਲ ਮਿਲਦੀਆਂ-ਜੁਲਦੀਆਂ ਘਟਨਾਵਾਂ ਅਤੀਤ ਵਿੱਚ (ਪੰਜਾਬੀ ਸੂਬਾ ਅੰਦੋਲਨ ਦੌਰਾਨ) ਵੀ ਵਾਪਰਦੀਆਂ ਰਹੀਆਂ ਸਨ। ਪਰ ਪਹਿਲਿਆਂ ਨਾਲੋਂ ਨਵੀਂ ਹਾਲਤ ਦਾ ਵੱਖਰਾਪਣ ਇਹ ਸੀ ਕਿ ਸਿੱਖ ਪੰਥ ਅੰਦਰ ਸੰਤ ਜਰਨੈਲ ਸਿੰਘ ਦੇ ਰੂਪ ਵਿੱਚ, ਹਿੰਦੂ ਫ਼ਿਰਕਾਪ੍ਰਸਤੀ ਦੇ ਇਸ ਭੂਤਰੇ ਹੋਏ ਸਾਨ੍ਹ ਨੂੰ ਸਿੰਗਾਂ ਤੋਂ ਫੜਨ ਦੀ ਜੁਰਅਤ ਤੇ ਯੋਗਤਾ

ਰੱਖਣ ਵਾਲਾ ਆਗੂ ਪੈਦਾ ਹੋ ਚੁੱਕਾ ਸੀ। ਹਰ ਵਧੀਕੀ ਇੱਕੋ ਜਿਹਾ ਪ੍ਰਤੀਕਰਮ ਪੈਦਾ ਨਹੀਂ ਕਰਦੀ। ਪ੍ਰਤੀਕਰਮ ਦੀ ਤਦਬੀਰ ਤੇ ਤਾਸੀਰ ਘੜਨ ਵਿੱਚ, ਹਾਲਤਾਂ ਤੇ ਪਰਸੰਗ ਜਿੰਨਾ ਹੀ ਮਹੱਤਵਪੂਰਨ ਰੋਲ ਆਗੂ ਦਾ ਹੁੰਦਾ ਹੈ। ਆਗੂ ਸਮਰਥ ਨਾ ਹੋਵੇ ਤਾਂ ਹਾਲਤ ਅੰਦਰ ਮੌਜੂਦ ਸੰਭਾਵਨਾਵਾਂ ਦਾ ਗਰਭਪਾਤ ਹੋ ਜਾਂਦਾ ਹੈ। ਪੰਜਾਬੀ ਸੂਬੇ ਦੇ ਅੰਦੋਲਨ ਵੇਲੇ, ਤੇ ਉਸ ਤੋਂ ਬਾਅਦ ਤਕ ਵੀ, ਭਾਰੂ ਸਿੱਖ ਚੇਤਨਾ ਦੀ, ਤੇ ਨਾਲ ਹੀ ਇਸ ਦੀ ਤਰਜਮਾਨੀ ਕਰਨ ਵਾਲੀ ਸਿੱਖ ਲੀਡਰਸ਼ਿਪ ਦੀ ਵੀ, ਤਾਸੀਰ ਕੁਝ ਅਲੱਗ ਸੀ। ਸਿੱਖ ਕੌਮ ਉਦੋਂ ਵੀ ਤੇ ਬਾਅਦ ਵਿੱਚ ਵੀ, ਆਪਣੀ ਸਵੈ-ਰੱਖਿਆ ਦੀ ਹੀ ਲੜਾਈ ਲੜ ਰਹੀ ਸੀ। ਪਰ ਸਵੈ-ਰੱਖਿਆ ਦੀ ਲੜਾਈ ਨੂੰ ਬਚਾਓ ਦੇ ਪੈਂਤੜੇ (defensive) ਤੋਂ ਅਤੇ ਹਮਲੇ ਦੇ ਪੈਂਤੜੇ ਤੋਂ (offensive) ਲੜਨ ਵਿੱਚ ਵੱਡਾ ਫ਼ਰਕ ਹੈ। ਸੰਤ ਜਰਨੈਲ ਸਿੰਘ ਦਾ ਅਤੀਤ ਦੀ ਤੇ ਸਮਕਾਲੀ ਅਕਾਲੀ ਲੀਡਰਸ਼ਿਪ ਨਾਲੋਂ ਇਹ ਇਕ ਅਹਿਮ ਵਖਰੇਵਾਂ ਸੀ। ਇਸ 'ਚੋਂ ਹੀ ਉਨ੍ਹਾਂ ਦੀ ਲੜਾਈ ਦੀ ਨਿਵੇਕਲੀ ਨੁਹਾਰ ਤੈਅ ਹੋਈ। ਸੰਤ ਜਰਨੈਲ ਸਿੰਘ ਨੇ ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਦੀ ਭੜਕਾਹਟ ਦਾ ਕਰਾਰਾ ਜੁਆਬ ਦਿੰਦਿਆਂ ਹੋਇਆਂ 31 ਮਈ ਨੂੰ ਅੰਮ੍ਰਿਤਸਰ ਅੰਦਰ ਸਿੱਖਾਂ ਦੇ ਰੋਹ ਭਰੇ ਮੁਜ਼ਾਹਰੇ ਦੀ ਅਗਵਾਈ ਕੀਤੀ। ਇਹ ਮੁਜ਼ਾਹਰਾ ਨਾ ਸਿਰਫ਼ ਗਿਣਤੀ ਦੇ ਲਿਹਾਜ਼ ਨਾਲ ਬਹੁਤ ਵਿਸ਼ਾਲ ਤੇ ਪ੍ਰਭਾਵਸ਼ਾਲੀ ਸੀ ਸਗੋਂ ਮੁਜ਼ਾਹਰੇ ਅੰਦਰ ਸਿੱਖਾਂ ਦੇ ਰਵਾਇਤੀ ਹਥਿਆਰਾਂ (ਤਲਵਾਰਾਂ, ਬਰਛਿਆਂ) ਦੇ ਨਾਲ ਹੀ ਲਾਇਸੈਂਸ-ਸ਼ੁਦਾ ਹਥਿਆਰਾਂ (ਬੰਦੂਕਾਂ, ਪਸਤੌਲਾਂ) ਦੀ ਸਜ-ਧਜ, ਜੈਕਾਰਿਆਂ ਦੀ ਗਰਜਣ ਤੇ ਭਾਸ਼ਣਾਂ ਦੇ ਅੰਦਾਜ਼ ਸਿੱਖ ਚੇਤਨਾ ਤੇ ਜਜ਼ਬਿਆਂ ਦੇ ਖੇਤਰ ਅੰਦਰ ਆਏ ਨਵੀਂ ਕਿਸਮ ਦੇ ਉਭਾਰ ਦੀ ਦੱਸ ਪਾਉਂਦੇ ਸਨ।

## ਮਹਾਸ਼ਾ ਪ੍ਰੈੱਸ : ਸਿਆਪੇ ਦੀ ਨੈਣ

ਪੰਜਾਬ ਅੰਦਰ ਫ਼ਿਰਕੂ ਤਣਾਅ ਦਾ ਇਹ ਮਾਹੌਲ ਪੈਦਾ ਕਰਨ ਵਿੱਚ ਜਲੰਧਰ ਦੀ ਮਹਾਸ਼ਾ ਪ੍ਰੈੱਸ ਦਾ ਵੱਡਾ ਭਾਰੀ ਯੋਗਦਾਨ ਸੀ ਅਤੇ ਇਹ ਮਾਹੌਲ ਮੋੜਵੇਂ ਰੂਪ ਵਿੱਚ ਮਹਾਸ਼ਾ ਪ੍ਰੈੱਸ ਨੂੰ ਹੋਰ ਵਧੇਰੇ ਫ਼ਿਰਕੂ ਪਾਣ ਚਾੜ੍ਹ ਰਿਹਾ ਸੀ। ਫ਼ਿਰਕੂ ਵਿਚਾਰਧਾਰਾ ਨੂੰ ਹਿੰਦੂ ਵਰਗ ਅੰਦਰੋਂ ਮਿਲ ਰਹੇ ਕਬੂਲਵੇਂ ਹੁੰਗਾਰੇ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ *ਪੰਜਾਬ ਕੇਸਰੀ* ਦੀ ਇਸ਼ਾਇਤ 1977 ਵਿੱਚ 81 ਹਜ਼ਾਰ ਤੋਂ ਵਧ ਕੇ 1981 ਵਿੱਚ ਦੋ ਲੱਖ 42 ਹਜ਼ਾਰ 'ਤੇ ਅੱਪੜ ਗਈ ਸੀ।[4] ਚਾਰਾਂ ਸਾਲਾਂ ਦੌਰਾਨ ਹੋਏ ਇਸ ਤਿੰਨ ਗੁਣੇ ਵਾਧੇ 'ਚੋਂ ਹਿੰਦੂ ਰੌਅ ਦੀ ਸਾਫ਼ ਝਲਕ ਮਿਲ ਜਾਂਦੀ ਹੈ। ਸੰਤ ਜਰਨੈਲ ਸਿੰਘ ਦੇ ਹਿੰਦੂ ਫ਼ਿਰਕਾਪ੍ਰਸਤੀ ਨੂੰ ਕਰਾਰੀ ਚੁਣੌਤੀ ਦੇਣ ਦੇ ਦਲੇਰੀ ਭਰੇ ਪੈਂਤੜੇ ਤੋਂ ਵਟ ਖਾ ਕੇ ਲਾਲਾ ਜਗਤ ਨਰਾਇਣ ਤੇ ਵਿਰੇਂਦਰ ਦੀਆਂ ਕਲਮਾਂ ਨੇ ਸਿੱਖਾਂ ਦੇ ਵਿਰੁੱਧ ਹੋਰ ਵੀ ਵੱਧ ਫ਼ਿਰਕੂ ਜ਼ਹਿਰ ਉਗਲੱਛਣੀ ਸ਼ੁਰੂ ਕਰ ਦਿੱਤੀ। ਵਿਰੇਂਦਰ ਆਪਣੇ ਇਕ ਸੰਪਾਦਕੀ ਲੇਖ ਅੰਦਰ ਸਿੱਖਾਂ ਨੂੰ ਇਹ ਧਮਕੀ ਦੇਣ ਤਕ ਚਲਾ ਗਿਆ ਕਿ ਜੇਕਰ ਸਿੱਖਾਂ ਨੇ ਆਪਣੀਆਂ 'ਫ਼ਿਰਕੂ ਸਰਗਰਮੀਆਂ' ਇਸੇ ਤਰ੍ਹਾਂ ਜਾਰੀ ਰੱਖੀਆਂ ਤਾਂ ਹਿੰਦੂ ਪੰਜਾਬ ਨੂੰ ਅਸਾਮ ਬਣਾ ਦੇਣਗੇ।[5] ਅਸਾਮ ਅੰਦਰ ਉਨ੍ਹੀਂ ਦਿਨੀਂ ਬਦੇਸੀ ਤੱਤਾਂ (ਬੰਗਲਾਦੇਸ਼ੀ ਮੁਸਲਮਾਨਾਂ) ਨੂੰ ਬਾਹਰ ਕੱਢਣ ਲਈ ਚੱਲ ਰਹੇ ਅੰਦੋਲਨ ਦੀ ਰੋਸ਼ਨੀ 'ਚ ਵਿਰੇਂਦਰ ਦੀ ਇਸ ਧਮਕੀ ਦੇ ਪਿੱਛੇ ਕੰਮ ਕਰਦੀ ਫ਼ਿਰਕੂ ਧਾਰਨਾ ਦੇ ਬਹੁਤ ਹੀ ਗੰਭੀਰ ਅਰਥ ਨਿਕਲਦੇ ਸਨ। ਦੇਸ ਦੇ ਕਿਸੇ ਵੀ ਰਾਜਸੀ ਦਲ ਜਾਂ ਆਗੂ ਨੇ ਵਿਰੇਂਦਰ ਨੂੰ ਅਜਿਹਾ ਫ਼ਿਰਕੂ ਝੱਲ ਖਿਲਾਰਨ ਤੋਂ ਮਨ੍ਹਾਂ ਕਰਨ ਦੀ ਲੋੜ ਮਹਿਸੂਸ ਨਾ ਕੀਤੀ, ਜਦ ਕਿ ਇਸੇ ਹੀ ਸਮੇਂ ਦੇਸ ਦਾ ਅਜਿਹਾ ਸ਼ਾਇਦ

ਹੀ ਕੋਈ ਰਾਜਸੀ ਦਲ ਜਾਂ ਆਗੂ ਹੋਵੇਗਾ ਜੋ ਸੰਤ ਜਰਨੈਲ ਸਿੰਘ ਉੱਤੇ 'ਫ਼ਿਰਕਾਪ੍ਰਸਤੀ ਫੈਲਾਉਣ' ਦੇ ਦੋਸ਼ਾਂ ਦੀ ਬੁਛਾੜ ਨਾ ਕਰ ਰਿਹਾ ਹੋਵੇ। ਇਸੇ ਹੀ ਮੌਕੇ, ਲਾਲਾ ਜਗਤ ਨਰਾਇਣ ਨੇ ਵਿਰੇਂਦਰ ਨਾਲੋਂ ਵੀ ਇਕ ਕਦਮ ਅੱਗੇ ਵਧਦਿਆਂ ਹੋਇਆਂ ਗਰਮ-ਖ਼ਿਆਲੀ ਸਿੱਖ ਆਗੂਆਂ ਦੇ ਨਾਲ ਹੀ ਨਰਮ-ਖ਼ਿਆਲੀ ਅਕਾਲੀ ਆਗੂਆਂ ਉੱਤੇ ਵੀ ਬਰਾਬਰ ਆਪਣੀ ਫ਼ਿਰਕੂ ਦੰਦੀ ਧਰ ਰੱਖੀ ਹੋਈ ਸੀ। ਉਹ ਇਹ ਗੱਲ ਕਹਿਣ ਤੋਂ ਰਤੀ ਭਰ ਵੀ ਸੰਕੋਚ ਨਹੀਂ ਸੀ ਕਰ ਰਿਹਾ ਕਿ ਨਰਮ-ਖ਼ਿਆਲੀ ਹੋਵੇ ਜਾਂ ਗਰਮ-ਖ਼ਿਆਲੀ, ਹਰ ਸਿੱਖ ਦੀ ਦੇਸ ਪ੍ਰਤੀ ਵਫ਼ਾਦਾਰੀ ਉੱਤੇ ਸ਼ੱਕ ਖੜ੍ਹਾ ਹੋਣ ਲੱਗਾ ਹੈ। ਉਹ ਨਰਮ-ਖ਼ਿਆਲੀ ਸਿੱਖ ਆਗੂਆਂ ਨੂੰ ਸਗੋਂ 'ਵਧੇਰੇ ਖ਼ਤਰਨਾਕ' ਸਮਝ ਰਿਹਾ ਸੀ ਕਿਉਂ ਜੁ ਉਸ ਮੁਤਾਬਕ ਜਿੱਥੇ ਗਰਮ-ਖ਼ਿਆਲੀਏ ਆਪਣੀ ਸੋਚ ਤੇ ਭਾਵਨਾ ਦਾ ਖੁੱਲ੍ਹਾ ਪ੍ਰਗਟਾਵਾ ਕਰ ਰਹੇ ਸਨ, ਉੱਥੇ ਨਰਮ-ਖ਼ਿਆਲੀਏ ਆਪਣੀ ਅਸਲੀ ਭਾਵਨਾ ਨੂੰ 'ਛੁਪਾਉਣ' ਦਾ 'ਦੂਹਰਾ ਕੁਕਰਮ' ਕਰ ਰਹੇ ਸਨ।[6] 1981 ਦੀਆਂ ਗਰਮੀਆਂ ਵਿੱਚ ਜਦ ਜਥੇਦਾਰ ਗੁਰਚਰਨ ਸਿੰਘ ਟੌਹੜਾ ਤੇ ਅਕਾਲ ਤਖ਼ਤ ਦੇ ਤਤਕਾਲੀ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਆਪਣੀ ਸਾਂਝੀ ਬਦੇਸ ਫੇਰੀ 'ਤੇ ਗਏ ਹੋਏ ਸਨ ਤਾਂ ਲਾਲਾ ਜਗਤ ਨਰਾਇਣ ਨੇ ਸਿੱਖ ਆਗੂਆਂ ਦੀ ਇਸ ਬਦੇਸੀ ਫੇਰੀ ਤੇ ਇਸ ਦੌਰਾਨ ਉਨ੍ਹਾਂ ਵੱਲੋਂ ਪ੍ਰਗਟਾਏ ਗਏ ਵਿਚਾਰਾਂ ਨੂੰ ਆਧਾਰ ਬਣਾ ਕੇ ਇਕ ਲੰਮੀ ਸੰਪਾਦਕੀ ਲੜੀ ਲਿਖ ਮਾਰੀ ਜਿਸ ਵਿੱਚ ਸਿੱਖ ਕੌਮ ਦੀਆਂ ਇਨ੍ਹਾਂ ਆਗੂ ਧਾਰਮਿਕ ਹਸਤੀਆਂ ਨੂੰ ਦੇਸ ਨਾਲ 'ਗ਼ਦਾਰੀ' ਕਰਨ ਦੇ ਦੋਸ਼ਾਂ ਨਾਲ ਨਿਵਾਜਿਆ ਗਿਆ। ਸੰਤ ਜਰਨੈਲ ਸਿੰਘ ਦੇ ਨਜ਼ਦੀਕੀ ਸੂਤਰਾਂ ਮੁਤਾਬਕ ਜਦ ਉਨ੍ਹਾਂ *ਜਗ ਬਾਣੀ* ਵਿੱਚ ਇਹ ਜ਼ਹਿਰ ਉਗਲਦੇ ਸ਼ਬਦ ਪੜ੍ਹੇ ਤਾਂ ਉਨ੍ਹਾਂ ਨੂੰ ਇਉਂ ਲੱਗਿਆ ਜਿਵੇਂ ਇਕ ਬਹਿਕੇ ਹੋਏ 'ਲਾਲੇ' ਨੇ ਸਮੁੱਚੀ ਸਿੱਖ ਕੌਮ ਨੂੰ ਗੰਦੀ ਗਾਲ੍ਹ ਕੱਢ ਮਾਰੀ ਹੋਵੇ।[7] ਇਹ ਉਹੀ ਜਗਤ ਨਰਾਇਣ ਸੀ ਜਿਹੜਾ ਅੰਮ੍ਰਿਤਸਰ ਦੇ ਖ਼ੂਨੀ ਕਾਂਡ ਮੌਕੇ ਨਿਰੰਕਾਰੀ ਸਮਾਗਮ ਅੰਦਰ ਵਿਸ਼ੇਸ਼ ਪ੍ਰਾਹੁਣਾ ਬਣ ਕੇ ਪਹੁੰਚਿਆ ਹੋਇਆ ਸੀ ਅਤੇ ਫਿਰ ਬਾਅਦ ਵਿੱਚ ਅਦਾਲਤ ਮੂਹਰੇ ਦੋਸ਼ੀਆਂ ਦੇ ਪੱਖ ਵਿੱਚ ਸਫ਼ਾਈ ਦਾ ਗਵਾਹ ਬਣ ਕੇ ਭੁਗਤਿਆ ਸੀ। *ਜਗ ਬਾਣੀ* ਦੇ ਇਸ ਫ਼ਿਰਕੂ ਅੰਗਿਆਰ ਛੱਡਦੇ ਸੰਪਾਦਕੀ ਤੋਂ ਥੋੜ੍ਹਾ ਚਿਰ ਬਾਅਦ ਹੀ, 9 ਸਤੰਬਰ 1981 ਦੀ ਸ਼ਾਮ ਨੂੰ ਮੋਟਰ ਸਾਈਕਲ 'ਤੇ ਸਵਾਰ ਤਿੰਨ ਸਿੰਘਾਂ ਨੇ ਆਪਣੀ ਕਾਰ 'ਚ ਸਫ਼ਰ ਕਰ ਰਹੇ ਲਾਲਾ ਜਗਤ ਨਰਾਇਣ ਨੂੰ ਲੁਧਿਆਣਾ ਦੇ ਜਲੰਧਰ ਬਾਈਪਾਸ ਤੋਂ ਥੋੜ੍ਹਾ ਅੱਗੇ ਜਾ ਕੇ ਗੋਲੀਆਂ ਮਾਰ ਕੇ ਢੇਰੀ ਕਰ ਦਿੱਤਾ।

ਲਾਲੇ ਦਾ ਇਹ ਕਤਲ ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਉੱਤੇ ਇਕ ਬਹੁਤ ਵੱਡੀ, ਨਾ ਸਿਰਫ਼ ਜਿਸਮਾਨੀ ਸਗੋਂ ਮਨੋਵਿਗਿਆਨਕ ਤੇ ਰਾਜਸੀ ਚੋਟ ਸੀ। ਇਸ ਕਰਕੇ ਇਨ੍ਹਾਂ ਤਾਕਤਾਂ ਦਾ ਇਸ ਉੱਤੇ ਕਰੋਧ ਭਰਿਆ ਪ੍ਰਤੀਕਰਮ ਆਸ ਦੇ ਉਲਟ ਨਹੀਂ ਸੀ। ਲਾਲਾ ਜਗਤ ਨਰਾਇਣ ਦੇ ਜਨਾਜ਼ੇ ਦੌਰਾਨ ਹਿੰਦੂ ਹਜੂਮਾਂ ਨੇ ਜੀ-ਭਰ ਕੇ ਫ਼ਿਰਕੂ ਹੁਲੜਬਾਜ਼ੀ ਕੀਤੀ। ਉਨ੍ਹਾਂ ਸਿੱਖਾਂ ਖ਼ਿਲਾਫ਼ ਨੀਵੇਂ ਪੱਧਰ ਦੀ ਵਿਹੁਲੀ ਨਾਅਰੇਬਾਜ਼ੀ ਕੀਤੀ, ਰਾਹ-ਗੁਜ਼ਰ ਸਿੱਖਾਂ ਉੱਤੇ ਹਮਲੇ ਕੀਤੇ ਅਤੇ ਰਾਹ 'ਚ ਪੈਂਦੇ ਦੋ ਸਿੱਖ-ਪੱਖੀ ਅਖ਼ਬਾਰਾਂ ਦੇ ਦਫ਼ਤਰਾਂ ਦੀ ਭੰਨ-ਤੋੜ ਕੀਤੀ।[8] ਦਰਬਾਰਾ ਸਿੰਘ ਦੀ ਸਰਕਾਰ ਦਾ ਪ੍ਰਤੀਕਰਮ ਵੀ ਕੋਈ ਘੱਟ ਗੁਸੈਲਾ ਜਾਂ ਘੱਟ ਫ਼ਿਰਕੂ ਨਹੀਂ ਸੀ। ਅਸਲ ਵਿੱਚ, ਦਰਬਾਰਾ ਸਿੰਘ ਲਈ ਆਪਣੇ ਆਪ ਨੂੰ ਅਸਲੀ ਤੇ ਵੱਡਾ ਨੈਸ਼ਨਲਿਸਟ ਸਿੱਖ ਸਾਬਤ ਕਰਨ ਦਾ ਇਸ ਨਾਲੋਂ ਸੁਨਹਿਰੀ ਮੌਕਾ ਹੋਰ ਕੋਈ ਨਹੀਂ ਸੀ ਜੁੜ ਸਕਦਾ। ਉਸ ਨੂੰ ਲਾਲੇ ਦਾ ਸਰਕਾਰੀ ਸਨਮਾਨਾਂ ਨਾਲ ਦਾਹ-ਸਸਕਾਰ ਕਰਕੇ ਹੀ ਰੱਜ ਨਾ ਆਇਆ। ਹਿੰਦੂ ਭਾਵਨਾਵਾਂ ਦੀ ਤਰਜਮਾਨੀ ਕਰਦਿਆਂ ਹੋਇਆਂ, ਉਸ ਨੇ ਲਾਲੇ ਦੇ ਕਤਲ ਦੀ ਆੜ ਲੈ ਕੇ ਸੰਤ ਜਰਨੈਲ ਸਿੰਘ

ਉੱਤੇ ਝਪਟ ਮਾਰਨ ਦੀ ਮਾਅਰਕੇਬਾਜ਼ੀ ਕਰ ਦਿਖਾਉਣੀ ਚਾਹੀ। ਇਹ ਸੂਹ ਮਿਲਣ 'ਤੇ ਕਿ ਸੰਤ ਆਪਣੇ ਜਥੇ ਸਮੇਤ ਸਰਸਾ ਜ਼ਿਲ੍ਹੇ (ਹਰਿਆਣਾ) ਦੇ ਪਿੰਡ ਚੰਦੋ ਕਲਾਂ ਵਿਖੇ ਧਰਮ ਪ੍ਰਚਾਰ ਕਰ ਰਹੇ ਹਨ, ਲੁਧਿਆਣਾ ਦੇ ਪੁਲਸ ਕਪਤਾਨ ਡੀ.ਆਰ. ਭੱਟੀ ਨੇ ਇਕ ਵੱਡਾ ਲਸ਼ਕਰ ਲੈ ਕੇ 14 ਸਤੰਬਰ ਨੂੰ ਪਿੰਡ ਚੰਦੋ ਕਲਾਂ ਉੱਤੇ ਜਾ ਚੜ੍ਹਾਈ ਕੀਤੀ। ਪਰ ਪੁਲਸ ਦੇ ਚੰਦੋ ਕਲਾਂ ਪਹੁੰਚਣ ਤੋਂ ਪਹਿਲਾਂ ਹੀ ਸੰਤ ਜਰਨੈਲ ਸਿੰਘ ਮਹਿਤਾ ਚੌਕ ਲਈ ਰਵਾਨਾ ਹੋ ਚੁੱਕੇ ਸਨ। ਇਸ ਗੱਲ ਉੱਤੇ ਬੁਖਲਾਹਟ 'ਚ ਆਏ ਪੁਲਸ ਦਲ ਨੂੰ ਅਜਿਹਾ ਕਰੋਧ ਚੜ੍ਹਿਆ ਕਿ ਉਸ ਨੇ, ਬਿਨਾਂ ਕਿਸੇ ਭੜਕਾਹਟ ਦੇ, ਭਿੰਡਰਾਂਵਾਲੇ ਜਥੇ ਉੱਤੇ ਵਹਿਸ਼ੀ ਹੱਲਾ ਬੋਲ ਦਿੱਤਾ। ਉਨ੍ਹਾਂ ਨੇ ਜਥੇ ਦੇ ਸਿੰਘਾਂ ਤੇ ਪਿੰਡ ਦੇ ਲੋਕਾਂ ਦੀ ਬੇਰਹਿਮੀ ਨਾਲ ਕੁੱਟ-ਮਾਰ ਕਰਨ 'ਤੇ ਹੀ ਸਬਰ ਨਹੀਂ ਕੀਤਾ। ਨਿਰੋਲ ਫ਼ਿਰਕੂ ਖਾਰ 'ਚੋਂ, ਉਨ੍ਹਾਂ ਜਥੇ ਦੀਆਂ ਧਰਮ ਪ੍ਰਚਾਰ ਲਈ ਵਰਤੀਆਂ ਜਾਂਦੀਆਂ ਦੋ ਗੱਡੀਆਂ ਨੂੰ ਅੱਗ ਲਾ ਕੇ ਲੂਹ ਦਿੱਤਾ। ਜਿਸ ਨਾਲ ਗੁਰੂ ਗ੍ਰੰਥ ਸਾਹਿਬ ਦੇ ਇਕ ਸਰੂਪ ਸਮੇਤ ਬਹੁਤ ਸਾਰੀਆਂ ਪਵਿੱਤਰ ਧਾਰਮਿਕ ਪੋਥੀਆਂ ਸੜ ਕੇ ਰਾਖ਼ ਹੋ ਗਈਆਂ।[9] ਪੁਲਸ ਦੇ ਇਸ ਅਧਰਮੀ ਕਾਰਨਾਮੇ ਨੇ ਨਾ ਸਿਰਫ਼ ਸੰਤ ਜਰਨੈਲ ਸਿੰਘ ਦੇ ਸਗੋਂ ਹਰ ਸ਼ਰਧਾਵਾਨ ਸਿੱਖ ਦੇ ਹਿਰਦੇ ਨੂੰ ਵਲੂੰਧਰ ਕੇ ਰੱਖ ਦਿੱਤਾ। ਕਿਸੇ ਗ਼ੈਰ-ਸਿੱਖ ਲਈ, ਜਾਂ ਇਥੋਂ ਤਕ ਕਿ ਗ਼ੈਰ-ਸ਼ਰਧਾਵਾਨ ਸਿੱਖ ਲਈ ਵੀ, ਇਸ ਘਟਨਾ ਨਾਲ ਸੰਤ ਜਰਨੈਲ ਸਿੰਘ ਦੇ ਮਨ ਉੱਤੇ ਲੱਗੇ ਡੂੰਘੇ ਘਾਉ ਅਤੇ ਉਸ ਦੇ ਅੰਤਹਕਰਣ ਅੰਦਰ ਮੱਚੀ ਖਲਬਲੀ ਦਾ ਅੰਦਾਜ਼ਾ ਲਾ ਸਕਣਾ ਕਤਈ ਤੌਰ 'ਤੇ ਮੁਮਕਿਨ ਨਹੀਂ। ਕਿਸੇ ਹਿੰਦੂ ਲਈ ਤਾਂ ਉੱਕਾ ਹੀ ਨਹੀਂ। ਕਿਉਂਕਿ ਹੋਰਨਾਂ ਲਈ ਜੋ ਵੱਧ ਤੋਂ ਵੱਧ ਇਕ 'ਪਵਿੱਤਰ ਪੋਥੀ' ਹੈ, ਸ਼ਰਧਾਵਾਨ ਸਿੱਖ ਲਈ ਉਹ ਉਸ ਦਾ ਗੁਰੂ, ਉਸ ਦਾ ਇਸ਼ਟ, ਉਸ ਦੀ ਆਤਮਾ ਤੇ ਉਸਦਾ ਸਭੋ ਕੁਝ ਹੈ। ਜਿਸ ਨੂੰ ਇਸ ਸੱਚ ਦੀ ਪਕੜ ਨਹੀਂ, ਉਸ ਨੂੰ ਸੰਤ ਭਿੰਡਰਾਂਵਾਲੇ ਦੀ ਤੇ 'ਭਿੰਡਰਾਂਵਾਲੇ ਵਰਤਾਰੇ' ਦੀ ਕਤਈ ਸਮਝ ਨਹੀਂ ਪੈ ਸਕਦੀ। ਇਸ ਕਰਕੇ, ਨਾ ਸਿਰਫ਼ ਗ਼ੈਰ-ਸਿੱਖ ਵਿਦਵਾਨਾਂ ਤੇ ਕਾਲਮ ਨਵੀਸਾਂ ਵੱਲੋਂ ਸਗੋਂ ਜ਼ਿਆਦਾਤਰ ਗ਼ੈਰ-ਸ਼ਰਧਾਵਾਨ ਸਿੱਖ ਚਿੰਤਕਾਂ ਵੱਲੋਂ ਵੀ ਇਸ ਵਰਤਾਰੇ ਨੂੰ ਸਮਝਣ ਦੇ ਯਤਨ ਬਹੁਤ ਹੀ ਅਧੂਰੇ ਤੇ ਊਣੇ ਸਾਬਤ ਹੋਏ ਹਨ। ਇਸ ਵਰਤਾਰੇ ਦਾ ਹਕੀਕੀ ਲੇਖਾ ਲਾਉਣ ਲਈ ਸਾਧਾਰਨ ਕਰੋਧ (anger) ਤੇ ਰੂਹਾਨੀ ਗ਼ਜ਼ਬ (spiritual fury) ਵਿਚਲੇ ਅੰਤਰ ਦਾ ਬੋਧ ਜ਼ਰੂਰੀ ਹੈ।

ਚੰਦੋ ਕਲਾਂ ਦੀ ਘਟਨਾ ਨੇ ਸਿੱਖਾਂ ਅਤੇ ਹਿੰਦੂਆਂ ਵਿਚਕਾਰ ਮਾਨਸਿਕ ਦਰਾੜ ਹੋਰ ਚੌੜੀ ਕਰ ਦਿੱਤੀ। ਸਿੱਖਾਂ ਨੂੰ ਦਰਬਾਰਾ ਸਿੰਘ ਦੀ ਸਰਕਾਰ 'ਆਪਣੀ' ਕਦੇ ਵੀ ਨਹੀਂ ਸੀ ਜਾਪੀ। ਇਸ ਘਟਨਾ ਤੋਂ ਬਾਅਦ ਇਹ ਉਨ੍ਹਾਂ ਨੂੰ ਹੋਰ ਵੱਧ 'ਗ਼ੈਰ' ਤੇ ਹੋਰ ਵੱਧ 'ਹਿੰਦੂ' ਨਿਵਾਜ਼ ਜਾਪਣ ਲੱਗ ਪਈ। ਮਸਲਾ ਸੰਤ ਜਰਨੈਲ ਸਿੰਘ ਦੀ ਗ੍ਰਿਫ਼ਤਾਰੀ ਦਾ ਨਹੀਂ ਸੀ ਰਹਿ ਗਿਆ। ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਨੂੰ ਸਾੜ ਸੁੱਟਣ ਦੇ ਘਿਨਾਉਣੇ ਕਰਮ ਨੇ ਸਿੱਖ ਪੰਥ ਸਾਹਮਣੇ ਆਪਣੇ ਧਰਮ ਦੀ ਮਾਣ-ਮਰਿਆਦਾ ਤੇ ਆਪਣੀ ਕੌਮੀ ਗ਼ੈਰਤ ਦੀ ਰਾਖੀ ਦਾ ਵਡੇਰਾ ਕਾਰਜ ਤੇ ਉਚੇਰਾ ਕਰਤੱਵ ਉਭਾਰ ਦਿੱਤਾ ਸੀ। ਇਹ ਗੱਲ ਨਾ ਵਾਪਰੀ ਹੁੰਦੀ ਤਾਂ ਸੰਤ ਜਰਨੈਲ ਸਿੰਘ ਦੀ ਗ੍ਰਿਫ਼ਤਾਰੀ ਦਾ ਤਕੜਾ ਬਹਾਨਾ ਸਰਕਾਰ ਦੇ ਹੱਥ ਵਿੱਚ ਸੀ ਅਤੇ ਕਾਨੂੰਨੀ ਕਾਰਵਾਈ ਦੇ ਅਮਲ ਨੂੰ ਅੱਗੇ ਵਧਾਉਣ ਵਿੱਚ ਉਸ ਨੂੰ ਸ਼ਾਇਦ ਏਨੇ ਤਕੜੇ ਜਨਤਕ ਵਿਰੋਧ ਦਾ ਸਾਹਮਣਾ ਨਾ ਕਰਨਾ ਪੈਂਦਾ। ਪਰ ਇਸ ਘਟਨਾ ਨੇ ਹਾਲਾਤ ਅੰਦਰ ਇਕ ਸਿਫ਼ਤੀ ਮੋੜ ਲੈ ਆਂਦਾ। ਸਿੱਖਾਂ ਨੂੰ ਹੁਣ ਇਸ ਮਾਮਲੇ ਦੇ ਕਾਨੂੰਨੀ ਪਹਿਲੂਆਂ ਤੇ ਵਿਸਥਾਰਾਂ ਨਾਲ ਕੋਈ ਸਰੋਕਾਰ ਨਹੀਂ ਸੀ ਰਹਿ ਗਿਆ। ਉਨ੍ਹਾਂ ਅੰਦਰ ਬਿਨਾਂ ਕਿਸੇ ਦੇ ਕਹੇ, ਬਿਨਾਂ ਕਿਸੇ ਦੇ ਪਰੇਰੇ, ਸੰਤ ਜਰਨੈਲ ਸਿੰਘ ਲਈ ਇਕਦਮ ਸਨੇਹ

ਤੇ ਹਮਦਰਦੀ ਦੀਆਂ ਵੇਗਮਈ ਭਾਵਨਾਵਾਂ ਜਾਗ ਉਠੀਆਂ। ਮੁਹਾਵਰੇ 'ਚ ਗੱਲ ਕਰਨੀ ਹੋਵੇ ਤਾਂ ਇਸ ਘਟਨਾ ਦੇ ਨਤੀਜੇ ਵਜੋਂ ਪੰਥ ਅੰਦਰ ਮਾਨੋ ਰਾਤੋ ਰਾਤ ਹੀ ਸੰਤ ਭਿੰਡਰਾਂਵਾਲੇ ਦੇ ਪੱਖ ਵਿੱਚ ਹਮਾਇਤ ਦੀ ਵਿਸ਼ਾਲ ਤੇ ਮਜ਼ਬੂਤ ਲਹਿਰ ਉਠ ਖੜੀ ਹੋਈ। ਹੁਣ ਫ਼ਿਰਕੂ ਹਾਕਮਾਂ ਲਈ ਪੰਥ ਦੇ 'ਜਰਨੈਲ' ਨੂੰ ਪੰਥ ਦੀ ਬੁੱਕਲ 'ਚੋਂ ਖੋਹ ਸਕਣਾ ਏਨਾ ਸਹਿਲ ਨਹੀਂ ਸੀ ਰਿਹਾ। ਸੋ ਸਰਕਾਰੀ ਅਧਿਕਾਰੀਆਂ ਨੂੰ ਜਰਨੈਲ ਸਿੰਘ ਦੀ ਗ੍ਰਿਫ਼ਤਾਰੀ ਦਾ ਸਮਾਂ, ਸਥਾਨ ਤੇ ਢੰਗ-ਤਰੀਕਾ ਸਿੱਖ ਸੰਗਤਾਂ ਦੀ ਸਲਾਹ ਤੇ ਸਹਿਮਤੀ ਨਾਲ ਤੈਅ ਕਰਨਾ ਪਿਆ। ਤੈਅ ਹੋਏ ਫ਼ੈਸਲੇ ਦੇ ਮੁਤਾਬਕ ਸੰਤ ਭਿੰਡਰਾਂਵਾਲਿਆਂ ਨੇ 20 ਸਤੰਬਰ ਨੂੰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਸਾਹਿਬ (ਮਹਿਤਾ ਚੌਕ) ਵਿਖੇ ਲਗਭਗ ਇਕ ਲੱਖ ਸੰਗਤ ਦੀ ਹਾਜ਼ਰੀ ਵਿੱਚ, ਸ਼ਾਂਤ ਚਿਤ ਤੇ ਸੰਜੀਦਾ ਲਹਿਜੇ ਵਿੱਚ ਸੰਖੇਪ ਭਾਸ਼ਣ ਦੇਣ ਤੋਂ ਬਾਅਦ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕਰ ਦਿੱਤਾ। ਸੰਤਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੁਲਸ ਦੀ ਕਿਸੇ ਭੜਕਾਊ ਹਰਕਤ ਕਰਕੇ ਜਾਂ ਮਾਹੌਲ ਵਿੱਚ ਉਤੇਜਨਾ ਦੀ ਵਜ੍ਹਾ ਕਰਕੇ ਹੀ ਮਜਲਸ ਦੀ ਸ਼ਾਂਤੀ ਤੇ ਜ਼ਾਬਤਾ ਭੰਗ ਹੋ ਗਿਆ। ਭਾਰੀ ਅਫ਼ਰਾ-ਤਫ਼ਰੀ ਵਿੱਚ ਪੁਲਸ ਦੀ ਅਣਸੰਕੋਚਵੀਂ ਗੋਲੀਬਾਰੀ ਨਾਲ ਦਰਜਨ ਦੇ ਕਰੀਬ ਸਿੰਘਾਂ ਦੀਆਂ ਜਾਨਾਂ ਚਲੀਆਂ ਗਈਆਂ ਅਤੇ ਅਨੇਕਾਂ ਹੀ ਲੋਕ ਜ਼ਖ਼ਮੀ ਹੋ ਗਏ।[10] ਸੰਤ ਜਰਨੈਲ ਸਿੰਘ ਦੀ ਗ੍ਰਿਫ਼ਤਾਰੀ ਮੌਕੇ ਸਿੱਖ ਸੰਗਤਾਂ ਦਾ ਆਪਮੁਹਾਰੇ ਏਡੀ ਵੱਡੀ ਗਿਣਤੀ ਵਿੱਚ ਮਹਿਤਾ ਚੌਕ ਵਿਖੇ ਇਕੱਤਰ ਹੋ ਜਾਣਾ ਅਤੇ ਗ੍ਰਿਫ਼ਤਾਰੀ ਤੋਂ ਬਾਅਦ ਉਨ੍ਹਾਂ ਦੀ ਹਿਰਾਸਤ ਦੇ ਟਿਕਾਣੇ ਨੂੰ ਗੁਪਤ ਰੱਖਣ ਦੀਆਂ ਸਾਰੀਆਂ ਕੋਸ਼ਿਸ਼ਾਂ ਨੂੰ ਨਾਕਾਮ ਕਰ ਕੇ ਸਿੱਖ ਸੰਗਤਾਂ ਵੱਲੋਂ ਵੱਡੀ ਗਿਣਤੀ ਵਿੱਚ ਹਿਰਾਸਤ ਵਾਲੀ ਹਰ ਬਦਲਵੀਂ ਜਗ੍ਹਾ ਅੱਗੇ ਨਿਰੰਤਰ ਧਰਨਿਆਂ ਉੱਤੇ ਆ ਬੈਠਣਾ ਅਤੇ ਉਥੇ ਸੰਤਾਂ ਦੀ ਚੜ੍ਹਦੀ ਕਲਾ ਲਈ 24 ਘੰਟੇ ਪਾਠ ਤੇ ਕੀਰਤਨ ਦਾ ਪਰਵਾਹ ਚਲਾਈ ਰੱਖਣਾ, ਸੰਤ ਭਿੰਡਰਾਂਵਾਲੇ ਦੀ ਸਿੱਖ ਜਗਤ ਅੰਦਰ ਪੈਦਾ ਹੋ ਚੁੱਕੀ ਹਰਮਨਪਿਆਰਤਾ ਦੀਆਂ ਮੂੰਹੋਂ ਬੋਲਦੀਆਂ ਨਿਸ਼ਾਨੀਆਂ ਸਨ। ਇਹ ਹਰਮਨਪਿਆਰਤਾ ਸਿਰਫ਼ ਇੱਕੋ ਕਤਲ ਜਾਂ ਇੱਕੋ ਘਟਨਾ ਦਾ ਹੀ ਪਰਨਾਮ ਨਹੀਂ ਸੀ। ਇਸ ਪਿੱਛੇ ਇਕ ਨਹੀਂ, ਕਈ ਸਥੂਲ ਤੇ ਸੂਖਮ ਕਾਰਨ (ਫ਼ੈਕਟਰ) ਕੰਮ ਕਰਦੇ ਸਨ, ਜਿਨ੍ਹਾਂ ਦਾ ਕੁਝ ਜ਼ਿਕਰ ਪਿੱਛੇ ਹੋ ਚੁੱਕਾ ਹੈ ਤੇ ਕੁਝ ਅੱਗੇ ਚੱਲ ਕੇ ਆਵੇਗਾ। ਸਰਕਾਰ ਦੀਆਂ ਅਲੱਗ-ਅਲੱਗ ਖ਼ੁਫ਼ੀਆ ਏਜੰਸੀਆਂ ਨੇ ਸੰਤਾਂ ਕੋਲੋਂ ਲਗਾਤਾਰ 21 ਦਿਨ ਜੀ-ਭਰ ਕੇ ਪੁੱਛਗਿੱਛ ਕੀਤੀ ਅਤੇ ਜਦ ਕੁਝ ਵੀ ਹੱਥ ਪੱਲੇ ਨਾ ਪਿਆ ਤਾਂ ਉਨ੍ਹਾਂ ਨੂੰ ਫ਼ਿਰੋਜ਼ਪੁਰ ਜੇਲ੍ਹ ਅੰਦਰ ਅਦਾਲਤੀ ਹਿਰਾਸਤ ਵਿੱਚ ਭੇਜ ਦਿੱਤਾ ਗਿਆ, ਜਿੱਥੋਂ ਉਹ 15 ਦਿਨਾਂ ਬਾਅਦ ਬਾਇੱਜ਼ਤ ਰਿਹਾਅ ਹੋ ਕੇ ਵਾਪਸ ਆਪਣੇ ਸਦਰ ਮੁਕਾਮ (ਮਹਿਤਾ ਚੌਕ) ਪਹੁੰਚ ਗਏ।

## ਨਵਾਂ ਵਰਤਾਰਾ

ਇਸੇ ਦੌਰਾਨ ਸੰਤ ਜਰਨੈਲ ਸਿੰਘ ਦੀ ਗ੍ਰਿਫ਼ਤਾਰੀ ਦੇ ਪ੍ਰਤੀਕਰਮ ਵਿੱਚ ਕੁਝ ਅਜਿਹੀਆਂ ਘਟਨਾਵਾਂ ਵਾਪਰ ਗਈਆਂ ਜੋ ਰਵਾਇਤ ਨਾਲੋਂ ਇਕਦਮ ਵੱਖਰੀਆਂ ਸਨ ਅਤੇ ਜਿਨ੍ਹਾਂ 'ਚੋਂ ਸਿੱਖ ਸੰਘਰਸ਼ ਅੰਦਰ ਪੁੰਗਰ ਰਹੇ ਨਵੇਂ ਰੁਝਾਨਾਂ ਦੀ ਸੂਹ ਮਿਲਦੀ ਸੀ। ਸੰਤਾਂ ਦੀ ਗ੍ਰਿਫ਼ਤਾਰੀ ਦੇ ਕੁਝ ਹੀ ਘੰਟਿਆਂ ਬਾਅਦ ਜਲੰਧਰ ਦੇ ਇਕ ਭੀੜ ਭਰੇ ਬਜ਼ਾਰ ਅੰਦਰ ਮੋਟਰ ਸਾਈਕਲ 'ਤੇ ਸਵਾਰ ਦੋ ਸਿੱਖ ਨੌਜਵਾਨਾਂ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਚਾਰ ਹਿੰਦੂਆਂ ਦੀ ਹੱਤਿਆ ਕਰ ਦਿੱਤੀ ਤੇ ਕਈ ਹੋਰਨਾਂ ਨੂੰ ਜ਼ਖ਼ਮੀ ਕਰ ਦਿੱਤਾ।

ਅਜੋਕੇ ਇਤਿਹਾਸ ਅੰਦਰ ਸਿੱਖ ਸੰਘਰਸ਼ ਅੰਦਰ ਪ੍ਰਗਟ ਹੋਈ ਇਹ ਆਪਣੀ ਕਿਸਮ ਦੀ ਨਿਵੇਕਲੀ ਪ੍ਰਵਿਰਤੀ ਸੀ ਜਿਸ ਨੇ ਬਾਅਦ 'ਚ ਜਾ ਕੇ ਇਕ ਪੂਰੇ-ਸੂਰੇ ਰੁਝਾਨ ਦਾ ਸਰੂਪ ਅਖ਼ਤਿਆਰ ਕਰ ਲਿਆ ਅਤੇ ਸਿੱਖ ਸੰਘਰਸ਼ ਦੇ ਵਹਿਣ ਨੂੰ ਗਹਿਰੀ ਤਰ੍ਹਾਂ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ। ਇਸੇ ਤਰ੍ਹਾਂ, ਸੰਤਾਂ ਦੀ ਗ੍ਰਿਫ਼ਤਾਰੀ ਤੋਂ ਕੁਝ ਦਿਨ ਬਾਅਦ (29 ਸਤੰਬਰ) 'ਦਲ ਖ਼ਾਲਸਾ' ਨਾਲ ਸਬੰਧਤ ਛੇ ਨੌਜਵਾਨਾਂ ਨੇ ਫ਼ਲਸਤੀਨੀ ਮੁਜ਼ਾਹਦੀਨਾਂ ਦੇ ਤਜਰਬੇ ਤੋਂ ਪ੍ਰੇਰਿਤ ਹੋ ਕੇ, ਭਾਰਤ ਸਰਕਾਰ ਉੱਤੇ ਸੰਤਾਂ ਦੀ ਜਲਦ ਰਿਹਾਈ ਲਈ ਦਬਾਅ ਪਾਉਣ ਦੇ ਉਦੇਸ਼ ਨਾਲ ਇੰਡੀਅਨ ਏਅਰ ਲਾਈਨਜ਼ ਦਾ ਇਕ ਜਹਾਜ਼ ਅਗਵਾ ਕਰ ਲਿਆ। ਲਾਹੌਰ ਹਵਾਈ ਅੱਡੇ ਉੱਤੇ ਉਤਰਨ ਤੋਂ ਬਾਅਦ ਇਨ੍ਹਾਂ ਅਗਵਾਕਾਰੀ ਸਿੰਘਾਂ ਨੂੰ ਪਾਕਿਸਤਾਨੀ ਅਧਿਕਾਰੀਆਂ ਨੇ ਗ੍ਰਿਫ਼ਤਾਰ ਕਰ ਕੇ ਜੇਲ੍ਹ ਅੰਦਰ ਡੱਕ ਦਿੱਤਾ। ਇਹ ਵੀ ਸਿੱਖ ਸੰਘਰਸ਼ ਦੇ ਇਤਿਹਾਸ ਅੰਦਰ ਆਪਣੀ ਕਿਸਮ ਦੀ ਪਲੇਠੀ ਤੇ ਨਿਵੇਕਲੀ ਕਾਰਵਾਈ ਸੀ।

ਸਿੱਖ ਸੰਘਰਸ਼ ਦੇ ਇਸ ਦੌਰ ਬਾਰੇ ਲਿਖੀਆਂ ਗਈਆਂ ਜ਼ਿਆਦਾਤਰ ਰਚਨਾਵਾਂ ਅੰਦਰ ਇਨ੍ਹਾਂ ਘਟਨਾਵਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ ਜਿਵੇਂ ਇਹ ਕਾਰਵਾਈਆਂ ਸਿੱਖ ਸੰਘਰਸ਼ ਦੇ ਅੰਦਰੂਨੀ ਗਤੀ-ਅਮਲ ਦੀ ਪੈਦਾਵਾਰ ਨਾ ਹੋ ਕੇ ਸਰਕਾਰੀ ਵਿਅਕਤੀਆਂ ਜਾਂ ਏਜੰਸੀਆਂ ਦੁਆਰਾ, ਕਿਸੇ ਖ਼ਾਸ ਮਕਸਦ ਲਈ, ਆਪਣੇ ਤਨਖ਼ਾਹਦਾਰ ਕਰਿੰਦਿਆਂ ਜਾਂ ਭਾੜੇ 'ਤੇ ਕੰਮ ਕਰਨ ਵਾਲੇ ਜ਼ਰਾਇਮ-ਪੇਸ਼ਾ ਤੱਤਾਂ ਕੋਲੋਂ ਕਰਵਾਈਆਂ ਗਈਆਂ ਹੋਣ। ਸਿਰਫ਼ ਇਨ੍ਹਾਂ ਕਾਰਵਾਈਆਂ ਦੀ ਗੱਲ ਨਹੀਂ। ਖਾੜਕੂ ਸਿੱਖ ਸੰਘਰਸ਼ ਦੇ ਸਮੁੱਚੇ ਅਮਲ ਦੌਰਾਨ ਵਾਪਰੀਆਂ ਸਭਨਾਂ ਅਹਿਮ ਘਟਨਾਵਾਂ (ਨਿਰੰਕਾਰੀ ਮੁਖੀ ਦੇ ਕਤਲ ਤੋਂ ਲੈ ਕੇ ਲਾਲਾ ਜਗਤ ਨਰਾਇਣ, ਇੰਦਰਾ ਗਾਂਧੀ ਤੇ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲਾਂ ਤਕ) ਨੂੰ ਇਸੇ ਹੀ ਦ੍ਰਿਸ਼ਟੀਕੋਣ ਤੋਂ ਦੇਖਣ ਤੇ ਪੇਸ਼ ਕਰਨ ਦੀ ਪਹੁੰਚ ਆਮ ਦੇਖਣ ਨੂੰ ਮਿਲਦੀ ਹੈ। ਭਾਵੇਂ ਕਿ ਇਸ ਦ੍ਰਿਸ਼ਟੀਕੋਣ ਦੀਆਂ ਗੰਭੀਰ ਖ਼ਾਮੀਆਂ ਬਾਰੇ ਪਿੱਛੇ ਚੋਖੀ ਚਰਚਾ ਹੋ ਚੁੱਕੀ ਹੈ ਪਰ ਫਿਰ ਵੀ ਇਥੇ ਇਹ ਗੱਲ ਮੁੜ ਦੁਹਰਾਈ ਜਾਂਦੀ ਹੈ ਕਿ ਇਤਿਹਾਸ ਅੰਦਰ ਵਾਪਰੀ ਅਜਿਹੀ ਕਿਸੇ ਵੀ ਘਟਨਾ ਬਾਰੇ ਦਰੁਸਤ ਅਤੇ ਹਕੀਕੀ ਨਿਰਣੇ 'ਤੇ ਅੱਪੜਨ ਲਈ ਕੁੱਲ ਤੋਂ ਪਹਿਲਾਂ ਇਹ ਸੋਚ-ਵਿਚਾਰ ਕਰ ਲੈਣੀ ਜ਼ਰੂਰੀ ਬਣਦੀ ਹੈ ਕਿ ਕੀ ਇਹ ਘਟਨਾ ਵੇਲੇ ਦੀਆਂ ਹਾਲਤਾਂ ਦੇ ਅੰਦਰੂਨੀ ਗਤੀ-ਨਿਯਮਾਂ ਦਾ ਤਰਕ-ਯੁਕਤ ਪਰਿਣਾਮ ਹੋ ਸਕਦੀ ਹੈ ਜਾਂ ਨਹੀਂ। ਜੇ ਇਸ ਦੇ ਪੱਖ ਵਿੱਚ ਅੰਦਰੂਨੀ ਤਰਕ ਦੀ ਗਵਾਹੀ ਨਾ ਮਿਲਦੀ ਹੋਵੇ ਤਾਂ ਵਿਸ਼ਲੇਸ਼ਣ ਨੂੰ ਬਾਹਰੀ ਪੱਖਾਂ ਉੱਤੇ ਕੇਂਦਰਤ ਕਰਨਾ ਉਚਿਤ ਵੀ ਹੁੰਦਾ ਹੈ ਤੇ ਜ਼ਰੂਰੀ ਵੀ ਹੋ ਜਾਂਦਾ ਹੈ। ਪਰ ਅਜਿਹੇ ਖੁਭਵੇਂ ਵਿਸ਼ਲੇਸ਼ਣ ਦੇ 'ਝੰਜਟਾਂ' ਵਿੱਚ ਪੈਣ ਦੀ ਥਾਵੇਂ ਸਿੱਧਾ ਸਾਜ਼ਿਸ਼ ਦੇ ਸਿਧਾਂਤ ਉੱਤੇ ਪਲਾਕੀ ਮਾਰ ਕੇ ਸਵਾਰ ਹੋ ਜਾਣਾ ਅਤੇ ਹਰ ਘਟਨਾ ਤੇ ਕਾਰਵਾਈ ਨੂੰ ਇਸੇ ਦ੍ਰਿਸ਼ਟੀਕੋਣ ਤੋਂ ਪੇਸ਼ ਕਰਨ ਦਾ ਬੌਧਿਕ ਝੱਸ ਪੂਰਾ ਕਰਨਾ ਗ਼ੈਰ-ਜ਼ਿੰਮੇਵਾਰਾਨਾ ਫ਼ਿਤਰਤ ਤੇ ਹੋਛੀ ਵਿਦਵਤਾ ਦੀ ਨਿਸ਼ਾਨੀ ਹੈ। ਇਹ ਦੇਖ ਕੇ ਬਹੁਤ ਹੀ ਦੁੱਖ ਤੇ ਅਫ਼ਸੋਸ ਹੁੰਦਾ ਹੈ ਕਿ ਪੰਥਕ ਕਾਜ ਨਾਲ ਪ੍ਰਤੀਬੱਧ ਸਿੱਖ ਜੁਝਾਰੂਆਂ ਨੂੰ ਸਰਕਾਰੀ ਵਿਅਕਤੀਆਂ ਜਾਂ ਏਜੰਸੀਆਂ ਦੇ 'ਭਾੜੇ ਦੇ ਟੱਟੂ' ਬਣਾ ਕੇ ਪੇਸ਼ ਕਰਨ ਦਾ ਬੌਧਿਕ ਕੁਕਰਮ ਕਮਾਉਣ ਵਿੱਚ ਕੁਝ ਸਿੱਖ ਵਿਦਵਾਨ ਹਿੰਦੂਆਂ ਨਾਲੋਂ ਵੀ ਦੋ ਕਦਮ ਅਗਾਂਹ ਲੰਘ ਗਏ ਹਨ।

ਇਸੇ ਹੀ ਮੌਕੇ, ਉਪਰੋਕਤ ਖਾੜਕੂ ਵਾਰਦਾਤਾਂ ਨਾਲੋਂ ਥੋੜੀ ਵੱਖਰੀ, ਪ੍ਰੰਤੂ ਰਾਜਨੀਤਕ ਦ੍ਰਿਸ਼ਟੀ ਤੋਂ ਬਰਾਬਰ ਦੀ ਅਹਿਮ ਗੱਲ ਇਹ ਵਾਪਰ ਗਈ ਕਿ ਅਕਾਲੀ ਲੀਡਰਸ਼ਿਪ ਅੰਦਰਲਾ ਇਕ ਪ੍ਰਭਾਵਸ਼ਾਲੀ ਹਿੱਸਾ ਸੰਤ ਜਰਨੈਲ ਸਿੰਘ ਨਾਲ ਆਪਣੇ ਡੂੰਘੇ

ਵਿਚਾਰਧਾਰਕ ਵਖਰੇਵਿਆਂ ਦੇ ਬਾਵਜੂਦ, ਉਨ੍ਹਾਂ ਨਾਲ ਆਪਣੀ ਇਕਜੁੱਟਤਾ ਦਾ ਖੁੱਲ੍ਹਾ ਇਜ਼ਹਾਰ ਕਰਨ ਲੱਗ ਪਿਆ। 20 ਸਤੰਬਰ ਨੂੰ ਸੰਤਾਂ ਦੀ ਗ੍ਰਿਫ਼ਤਾਰੀ ਮੌਕੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਉਚੇਚੇ ਮਹਿਤਾ ਚੌਕ ਪਹੁੰਚੇ ਅਤੇ ਉਨ੍ਹਾਂ ਭਰੇ ਇਕੱਠ ਸਾਹਮਣੇ ਸੰਤ ਜਰਨੈਲ ਸਿੰਘ ਨਾਲ ਆਪਣੀ ਹਮਾਇਤ ਤੇ ਇਕਮੁੱਠਤਾ ਦਾ ਖੁੱਲ੍ਹਾ ਐਲਾਨ ਕੀਤਾ।[11] ਜਦ ਸੰਤਾਂ ਨੂੰ ਪੁੱਛਗਿੱਛ ਲਈ ਲੁਧਿਆਣੇ ਦੇ ਨਜ਼ਦੀਕ ਇਕ ਰੈਸਟ ਹਾਊਸ ਅੰਦਰ ਰੱਖਿਆ ਹੋਇਆ ਸੀ ਤਾਂ ਜਥੇਦਾਰ ਟੌਹੜਾ ਨੇ ਉਨ੍ਹਾਂ ਨਾਲ ਉਚੇਚੀ ਮੁਲਾਕਾਤ ਕਰ ਕੇ ਆਪਣੀ ਨੈਤਿਕ ਹਮਾਇਤ ਦਾ ਪ੍ਰਗਟਾਵਾ ਕੀਤਾ। ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਸਮੂਹ ਸਿੱਖਾਂ ਨੂੰ ਇਹ ਅਪੀਲ ਕੀਤੀ ਕਿ ਉਹ ਹਰ ਰੋਜ਼ ਸਵੇਰੇ ਸੰਤ ਭਿੰਡਰਾਂਵਾਲਿਆਂ ਦੀ ਰਿਹਾਈ ਲਈ ਅਰਦਾਸ ਕਰਿਆ ਕਰਨ।[12] ਜੇਕਰ ਪੰਥ ਦੇ ਸ਼੍ਰੋਮਣੀ ਆਗੂਆਂ ਦੇ ਇਸ ਵਤੀਰੇ ਦੀ ਪਹਿਲੀਆਂ ਨਾਲ ਤੁਲਨਾ ਕੀਤੀ ਜਾਵੇ ਤਾਂ ਇਹ ਸੰਤ ਭਿੰਡਰਾਂਵਾਲੇ ਪ੍ਰਤੀ ਅਕਾਲੀ ਲੀਡਰਸ਼ਿਪ ਦੇ ਰੁਖ਼ ਅੰਦਰ ਆਈ ਵੱਡੀ ਤਬਦੀਲੀ ਦਾ ਸੰਕੇਤ ਸੀ। ਇਸ ਤੋਂ ਪਹਿਲਾਂ ਅਕਾਲੀ ਲੀਡਰਸ਼ਿਪ ਵੱਲੋਂ ਜਾਂ ਤਾਂ ਸੰਤ ਜਰਨੈਲ ਸਿੰਘ ਨੂੰ ਬਹੁਤਾ ਗੌਲਿਆ ਨਹੀਂ ਸੀ ਜਾਂਦਾ ਅਤੇ ਜਾਂ ਉਨ੍ਹਾਂ ਪ੍ਰਤੀ ਵਿਰੋਧ ਤੇ ਤ੍ਰਿਸਕਾਰ ਵਾਲਾ ਰਵੱਈਆ ਅਖ਼ਤਿਆਰ ਕਰ ਕੇ ਚੱਲਿਆ ਜਾਂਦਾ ਸੀ। ਅਕਾਲੀ ਦਲ ਦੀ ਲੁਧਿਆਣਾ ਕਾਨਫ਼ਰੰਸ (1978) ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ (1979) ਇਸ ਦੀਆਂ ਉਘੜਵੀਆਂ ਉਦਾਹਰਣਾਂ ਸਨ। ਇਸ ਤੋਂ ਪਹਿਲਾਂ ਜਥੇਦਾਰ ਟੌਹੜਾ ਵੱਲੋਂ ਧਰਮ ਪ੍ਰਚਾਰ ਦੇ ਮਾਮਲੇ 'ਚ ਜ਼ਰੂਰ ਸੰਤ ਭਿੰਡਰਾਂਵਾਲੇ ਨੂੰ ਸੰਕੋਚਵਾਂ ਸਹਿਯੋਗ ਦਿੱਤਾ ਜਾ ਰਿਹਾ ਸੀ। ਉਸ ਨੇ ਭਿੰਡਰਾਂਵਾਲੇ ਜਥੇ ਨੂੰ ਧਰਮ ਪ੍ਰਚਾਰ ਤੇ ਅੰਮ੍ਰਿਤ ਸੰਚਾਰ ਦੇ ਕਾਰਜ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਗੁਰਧਾਮਾਂ ਦੀ ਵਰਤੋਂ ਕਰਨ ਦੀਆਂ ਸਹੂਲਤਾਂ ਦਿੱਤੀਆਂ ਹੋਈਆਂ ਸਨ। ਅਕਾਲੀ ਲੀਡਰਸ਼ਿਪ ਅੰਦਰਲਾ ਇਕ ਵਰਗ ਜਥੇਦਾਰ ਟੌਹੜਾ ਦੀ ਸੰਤ ਭਿੰਡਰਾਂਵਾਲੇ ਪ੍ਰਤੀ ਇਸ ਰਿਆਇਤ-ਦਿਲੀ ਨੂੰ ਪਸੰਦ ਨਹੀਂ ਸੀ ਕਰਦਾ। ਲਾਲਾ ਜਗਤ ਨਰਾਇਣ ਦੀ ਹੱਤਿਆ ਦੇ ਮਾਮਲੇ 'ਤੇ ਅਕਾਲੀ ਲੀਡਰਸ਼ਿਪ ਦੇ ਇਕ ਵਰਗ ਵੱਲੋਂ ਸੰਤ ਭਿੰਡਰਾਂਵਾਲੇ ਦੀ ਹਮਾਇਤ ਉੱਤੇ ਆ ਨਿਤਰਨਾ ਹੋਰ ਵੀ ਟੈਂਟੇ ਭਰਿਆ ਮਸਲਾ ਸੀ। ਕਿਉਂਕਿ ਇਹ ਨਿਰਾ ਧਾਰਮਿਕ ਮਾਮਲਾ ਨਾ ਰਹਿ ਕੇ ਸਿੱਧੇ ਰਾਜਨੀਤਕ ਅਰਥ ਤੇ ਮਹੱਤਵ ਗ੍ਰਹਿਣ ਕਰ ਗਿਆ ਸੀ। ਇਸ ਪੱਖੋਂ ਦੇਖਿਆਂ ਪੰਥ ਦੀਆਂ ਦੋਨੋਂ ਪ੍ਰਮੁੱਖ ਵਕਾਰੀ ਜਥੇਬੰਦੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨਾਂ ਵੱਲੋਂ ਲਿਆ ਇਹ ਪੈਂਤੜਾ ਰਾਜਨੀਤਕ ਦ੍ਰਿਸ਼ਟੀ ਤੋਂ ਭਾਰੀ ਅਹਿਮੀਅਤ ਰੱਖਦਾ ਸੀ। ਇਹ ਕੋਈ ਸਿਰਫ਼ ਮੌਕੇ ਦੀ ਗੱਲ ਨਹੀਂ ਸੀ। ਇਹ ਅਕਾਲੀ ਲੀਡਰਸ਼ਿਪ ਦੇ ਇਕ ਵਰਗ ਦੀ ਸੰਤ ਜਰਨੈਲ ਸਿੰਘ ਨਾਲ ਬਣ-ਉਸਰ ਰਹੀ ਨਵੀਂ ਰਾਜਨੀਤਕ ਸਮੀਕਰਣ ਦਾ ਹੀ ਇਕ ਸੰਕੇਤਕ ਪ੍ਰਗਟਾਵਾ ਸੀ। ਇਹ ਸਮੀਕਰਣ ਏਨੀ ਸਰਲ ਤੇ ਸਿੱਧ-ਪੱਧਰੀ ਨਹੀਂ ਸੀ ਸਗੋਂ ਕਾਫ਼ੀ ਜਟਿਲ ਸੀ। ਇਸ ਅੰਦਰ ਅੰਕ-ਗਣਿਤ (Arithmetic) ਨਾਲੋਂ ਬੀਜ-ਗਣਿਤ (Algebra) ਦੇ ਅੰਸ਼ ਵੱਧ ਸਨ। ਇਸ ਨਾਲ ਠੀਕ ਤਰ੍ਹਾਂ ਨਿਭਣ ਲਈ ਬੁਲੰਦ ਨੈਤਿਕਤਾ ਤੇ ਅਸਾਧਾਰਨ ਪ੍ਰਤਿਭਾ ਦੀ ਜ਼ਰੂਰਤ ਸੀ। ਇਸ ਕਰਕੇ ਸੰਤ ਭਿੰਡਰਾਂਵਾਲੇ ਦੇ ਜਿਉਂਦੇ-ਜੀ, ਵੱਡੇ ਤਣਾਅ ਤੇ ਕਸਾਅ ਝੱਲ ਕੇ ਵੀ ਇਸ ਸਮੀਕਰਣ ਦਾ ਵਜੂਦ ਟੁੱਟਣੋਂ-ਖਿੰਡਣੋਂ ਬਚਿਆ ਰਿਹਾ। ਸੰਤਾਂ ਦੇ ਸ਼ਹੀਦ ਹੋ ਜਾਣ ਤੋਂ ਬਾਅਦ ਇਕ ਤਾਂ ਹਾਲਤਾਂ ਹੀ ਸਿਫ਼ਤੀ ਮੋੜ ਕੱਟ ਗਈਆਂ। ਦੂਜਾ, ਹੋਰ ਕਿਸੇ ਵੀ ਨਰਮ-ਖ਼ਿਆਲੀ ਜਾਂ ਗਰਮ-ਖ਼ਿਆਲੀ ਸਿੱਖ ਆਗੂ ਅੰਦਰ ਇਨ੍ਹਾਂ ਦੋ ਧਾਰਾਵਾਂ ਦਾ ਸੁਮੇਲ ਨਿਭਾਅ ਸਕਣ ਦੀ ਸਮਰੱਥਾ ਨਹੀਂ ਸੀ। ਸਿੱਟੇ ਵਜੋਂ, ਹਰਿਮੰਦਰ ਸਾਹਿਬ ਉੱਤੇ ਫ਼ੌਜੀ ਹਮਲੇ ਤੋਂ ਬਾਅਦ

ਇਹ ਦੋਨੋਂ ਧਾਰਾਵਾਂ ਨਾ ਸਿਰਫ਼ ਆਪਸ ਵਿੱਚ ਨਿਖੜ ਕੇ ਰਹਿ ਗਈਆਂ ਸਗੋਂ ਇਨ੍ਹਾਂ ਵਿਚਕਾਰ ਖ਼ੂਨੀ ਟਕਰਾਓ ਤਕ ਦੀ ਨੌਬਤ ਪੈਦਾ ਹੋ ਗਈ।

ਅਸਲ ਵਿੱਚ, ਅਕਾਲੀ ਲੀਡਰਸ਼ਿਪ ਨਾਲ ਵੱਡਾ ਦੁਖਾਂਤ ਇਹ ਵਾਪਰਿਆ ਕਿ ਉਸ ਵੱਲੋਂ ਇਸ ਦੌਰ ਅੰਦਰ ਨਿਭਾਏ ਗਏ ਰਾਜਸੀ ਰੋਲ ਦਾ ਮੁਲਾਂਕਣ ਕਰਨ ਲੱਗਿਆਂ ਉਸ ਨਾਲ ਪੂਰਾ ਇਨਸਾਫ਼ ਨਹੀਂ ਹੋਇਆ। ਗ਼ੈਰਾਂ ਨੇ ਤਾਂ ਜੋ ਕੀਤਾ ਸੋ ਕੀਤਾ, ਆਪਣਿਆਂ ਨੇ ਵੀ ਉਸ ਨੂੰ ਸਮਝਣ ਵਿੱਚ ਘੱਟ ਅਤੇ ਨਿੰਦਣ ਵਿੱਚ ਵੱਧ ਰੁਚੀ ਦਿਖਾਈ। ਜ਼ਿਆਦਾਤਰ ਹੋਇਆ ਇਹ ਕਿ ਇਕ ਤਾਂ ਲਗਭਗ ਪੂਰੀ ਦੀ ਪੂਰੀ ਅਕਾਲੀ ਲੀਡਰਸ਼ਿਪ ਨੂੰ ਹੀ ਇੱਕੋ ਪਲੜੇ ਤੋਲਣ ਦੀ ਉਲਾਰ ਪ੍ਰਵਿਰਤੀ ਪ੍ਰਗਟਾਈ ਗਈ। ਦੂਜਾ ਇਹ ਕਿ ਉਸ ਦੇ ਨਿਖੇਧਵਾਚੀ ਪੱਖਾਂ ਨੂੰ ਹੀ ਸਾਹਮਣੇ ਰੱਖਿਆ ਗਿਆ, ਹਾਂਦਰੂ ਪੱਖ, ਚੰਗੇ ਮਾੜੇ ਜੋ ਵੀ ਸਨ, ਉਨ੍ਹਾਂ ਨੂੰ ਪੂਰੀ ਤਰ੍ਹਾਂ ਹੀ ਨਜ਼ਰ-ਅੰਦਾਜ਼ ਕਰ ਦਿੱਤਾ ਗਿਆ। ਅਕਾਲੀ ਲੀਡਰਸ਼ਿਪ ਦੀਆਂ ਵੱਧ ਕਮਜ਼ੋਰੀਆਂ ਹੀ ਦੇਖੀਆਂ ਗਈਆਂ, ਸੀਮਤਾਈਆਂ ਨੂੰ ਸਮਝਣ ਦੇ ਯਤਨ ਨਹੀਂ ਹੋਏ। ਉਸ ਦੀਆਂ ਨਲਾਇਕੀਆਂ ਉੱਤੇ ਤਾਂ ਔਖ ਪ੍ਰਗਟਾਈ ਜਾਂਦੀ ਰਹੀ ਪਰ ਉਸ ਦੀ ਕਿਸੇ ਬੇਵਸੀ ਨੂੰ ਬੁੱਝਣ ਦੀ ਖੇਚਲ ਘੱਟ ਹੀ ਕਿਸੇ ਨੇ ਕੀਤੀ। ਇਸੇ ਤਰ੍ਹਾਂ ਉਸ ਦੀ ਮੌਕਾਪ੍ਰਸਤੀ ਨੂੰ ਹੀ ਵੱਧ ਛੰਡਿਆ ਗਿਆ, ਉਸ ਦੀ ਦੁਬਿਧਾ ਨੂੰ ਪਛਾਣਨ ਦੀਆਂ ਕੋਸ਼ਿਸ਼ਾਂ ਘੱਟ ਹੋਈਆਂ।

ਅਕਾਲੀ ਲੀਡਰਸ਼ਿਪ ਦੇ ਖ਼ਾਸੇ ਤੇ ਰੋਲ ਦਾ ਹਕੀਕੀ ਵਿਸ਼ਲੇਸ਼ਣ ਕਰਨ ਲਈ ਤਿੰਨ ਗੱਲਾਂ ਧਿਆਨ 'ਚ ਰੱਖਣੀਆਂ ਬਹੁਤ ਜ਼ਰੂਰੀ ਹਨ। ਪਹਿਲੀ ਤਾਂ ਇਹ ਕਿ ਜਮਾਤੀ ਪਿਛੋਕੜ ਤੇ ਧਾਰਮਿਕ ਜਜ਼ਬੇ ਦੇ ਪੱਖ ਤੋਂ ਦੇਖਿਆਂ ਅਕਾਲੀ ਲੀਡਰਸ਼ਿਪ ਇਕ-ਦੇਹ (monolithic) ਨਹੀਂ। ਇਸ ਲਿਹਾਜ਼ ਤੋਂ ਇਸ ਅੰਦਰਲੇ ਅਲੱਗ-ਅਲੱਗ ਤੱਤਾਂ ਵਿੱਚ ਕਾਫ਼ੀ ਫ਼ਰਕ ਤੇ ਵਖਰੇਵੇਂ ਮੌਜੂਦ ਹਨ ਜੋ ਅਕਸਰ ਕਿਸੇ ਨਾ ਕਿਸੇ ਰੂਪ 'ਚ ਪ੍ਰਗਟ ਹੁੰਦੇ ਰਹਿੰਦੇ ਹਨ। ਭਾਵੇਂ ਅਜਿਹੇ ਮਾਮਲਿਆਂ 'ਚੋ ਕੋਈ ਸ਼ੁਧ ਅਤੇ ਪਰਮ-ਸੰਪੂਰਨ ਨਿਯਮ ਨਹੀਂ ਮੰਨਿਆ ਜਾ ਸਕਦਾ। ਪਰ ਫਿਰ ਵੀ ਆਮ ਨਿਯਮ ਦੇ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਜਿਹੜੇ ਤੱਤ ਵੱਧ ਧਨਾਢ ਸਮਾਜੀ ਪਿਛੋਕੜ ਤੇ ਘੱਟ ਧਾਰਮਿਕ ਮਾਹੌਲ 'ਚੋਂ ਆਏ ਹਨ, ਉਨ੍ਹਾਂ ਅੰਦਰ ਪੰਥਕ ਜਜ਼ਬੇ ਦੀ ਰੜਕਵੀਂ ਘਾਟ ਪਾਈ ਜਾਂਦੀ ਹੈ। ਜਦ ਕਿ ਇਸ ਦੀ ਨਿਸਬਤਨ, ਪਹਿਲੀਆਂ ਵਿੱਚ (ਚਾਲ੍ਹੀਵਿਆਂ ਪੰਜਾਹਵਿਆਂ ਦੌਰਾਨ) ਕਿਸਾਨੀ ਦੀਆਂ ਦਰਮਿਆਨੀਆਂ ਜਾਂ ਹੇਠਲੀਆਂ ਪਰਤਾਂ ਅਤੇ ਜਾਂ ਸ਼ਹਿਰੀ ਮੱਧ ਵਰਗੀ ਪਿਛੋਕੜ 'ਚੋ ਆਏ ਟਕਸਾਲੀ ਤੱਤਾਂ (ਜਿਨ੍ਹਾਂ ਨੂੰ ਸ਼ਬਦਾਂ ਦੇ ਵਧੇਰੇ ਅਸਲੀ ਅਰਥਾਂ ਵਿੱਚ 'ਜਥੇਦਾਰ ਵਰਗ' ਕਿਹਾ ਜਾ ਸਕਦਾ ਹੈ) ਅੰਦਰ, ਸਭਨਾਂ ਕਮਜ਼ੋਰੀਆਂ ਤੇ ਸੀਮਤਾਈਆਂ ਦੇ ਬਾਵਜੂਦ, ਪੰਥਕ ਜਜ਼ਬਾ, ਕਿਸੇ ਨਾ ਕਿਸੇ ਰੂਪ ਵਿੱਚ, ਆਪਣੀ ਤਕੜੀ ਹੋਂਦ ਕਾਇਮ ਰੱਖ ਰਿਹਾ ਹੈ। ਮੁੱਖ ਤੌਰ 'ਤੇ ਇਹ ਵਰਗ ਹੀ ਸੀ ਜੋ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਵੱਧ ਕਰੀਬੀ ਸਾਂਝ ਤੇ ਸਹਿਚਾਰ ਬਣਾ ਕੇ ਚੱਲ ਰਿਹਾ ਸੀ। ਦੂਜੀ ਗੱਲ ਇਹ ਕਿ ਅਕਾਲੀ ਲੀਡਰਸ਼ਿਪ ਦੇ, ਜਾਂ ਇਸ ਅੰਦਰਲੇ ਅਲੱਗ-ਅਲੱਗ ਵਰਗਾਂ ਜਾਂ ਵਿਅਕਤੀਆਂ ਦੇ ਹਰ ਕਦਮ (ਜਾਂ ਕਰਮ) ਨੂੰ ਸੌੜੀਆਂ ਤੇ ਸੁਆਰਥੀ ਗਿਣਤੀਆਂ-ਮਿਣਤੀਆਂ 'ਚੋਂ ਨਿਕਲੇ ਮੌਕਾਪ੍ਰਸਤ ਕਦਮ ਦੀ ਸੰਗਿਆ ਦੇਣੀ ਉਚਿਤ ਨਹੀਂ। ਬਾਵਜੂਦ ਇਸ ਤੱਥ ਦੇ ਕਿ ਰਾਜਨੀਤਕ ਭੈੜਾਂ ਤੇ ਨੈਤਿਕ ਨਿਘਾਰਾਂ ਨੇ ਅਕਾਲੀ ਲੀਡਰਸ਼ਿਪ ਦੇ ਵੱਡੇ ਹਿੱਸਿਆਂ ਨੂੰ ਆਪਣੀ ਮਾਰੂ ਗ੍ਰਿਫ਼ਤ ਵਿੱਚ ਲੈ ਰੱਖਿਆ ਹੋਇਆ ਹੈ। ਪਰ ਫਿਰ ਵੀ ਉਨ੍ਹਾਂ (ਖ਼ਾਸ ਤੌਰ 'ਤੇ ਟਕਸਾਲੀ ਤੱਤਾਂ) ਅੰਦਰਲਾ ਪੰਥਕ ਮਾਦਾ ਕਿਤੇ ਨਾ ਕਿਤੇ ਆਪਣਾ ਖਰਾ ਲੱਛਣ ਵੀ ਪ੍ਰਗਟਾਉਂਦਾ ਰਹਿੰਦਾ ਹੈ। ਖੋਟੇ ਪੱਖ ਦੇ ਹਾਵੀ ਹੋਣ ਕਰਕੇ ਖਰੇ ਪੱਖ ਦੀ ਹੋਂਦ ਤੋਂ

ਹੀ ਇਨਕਾਰੀ ਹੋ ਜਾਣਾ ਕੋਈ ਚੰਗਾ ਬੌਧਿਕ ਲੱਛਣ ਨਹੀਂ ਕਿਹਾ ਜਾ ਸਕਦਾ। ਇਸ ਕਰਕੇ, ਅਕਾਲੀ ਲੀਡਰਸ਼ਿਪ ਦੀਆਂ ਸਫ਼ਾਂ ਅੰਦਰ ਪ੍ਰਗਟ ਹੋਣ ਵਾਲੇ ਹਰ ਵਿਰੋਧ-ਵਖਰੇਵੇਂ ਨੂੰ, ਸਿਧਮ-ਸਿੱਧੇ ਰੂਪ ਵਿੱਚ ਕੁਰਸੀ ਦੀ ਲੜਾਈ ਤੱਕ ਹੀ ਸੁੰਗੇੜ ਕੇ ਦੇਖਣਾ ਠੀਕ ਨਹੀਂ। ਬਾਵਜੂਦ ਇਸ ਗੱਲ ਦੇ ਕਿ ਸੱਤਾ ਤੇ ਅਹੁਦਿਆਂ ਲਈ ਅੰਨ੍ਹੀ ਦੌੜ ਅਜੋਕੇ ਅਕਾਲੀ ਰਾਜਸੀ ਸਦਾਚਾਰ (ਅਸਲ ਵਿੱਚ ਦੁਰਾਚਾਰ) ਦਾ ਭਾਰੂ ਲੱਛਣ ਹੋ ਗੁਜ਼ਰਿਆ ਹੈ। ਤੀਜੀ ਗੱਲ ਇਹ ਕਿ ਅਕਾਲੀ ਲੀਡਰਸ਼ਿਪ ਦੇ ਮਾਇਆਧਾਰੀ ਵਰਗ ਨਾਲ ਸਬੰਧਤ ਧੜੇ ਦੇ ਰਾਜਸੀ ਵਿਹਾਰ ਅੰਦਰ ਪ੍ਰਗਟ ਹੋ ਰਹੇ ਦੋਗ਼ਲੇਪਣ ਨੂੰ ਵੀ ਸਿਰਫ਼ ਨਿਖੇਧਵਾਚੀ ਦ੍ਰਿਸ਼ਟੀ ਤੋਂ ਹੀ ਨਹੀਂ ਦੇਖਿਆ ਜਾਣਾ ਚਾਹੀਦਾ। ਇਸ ਦੋਗ਼ਲੇਪਣ ਦੇ ਬੁਨਿਆਦੀ ਕਾਰਨਾਂ ਦੀ ਥਾਹ ਪਾਉਣ ਦੇ ਸੰਜੀਦਾ ਯਤਨ ਹੋਣੇ ਚਾਹੀਦੇ ਹਨ।

1947 ਤੋਂ ਲੈ ਕੇ ਹੁਣ ਤਕ ਸਮੁੱਚੇ ਅਮਲ 'ਚੋਂ ਇਹ ਗੱਲ ਪਰਤੱਖ ਹੁੰਦੀ ਹੈ ਕਿ ਅਕਾਲੀ ਆਗੂਆਂ ਦੀ ਹਿੰਦੂ ਹਾਕਮਾਂ ਨਾਲ ਜ਼ਾਹਰਾ ਟੱਕਰ ਵੀ ਰਹੀ ਹੈ ਤੇ ਲੁਕਵੀਂ ਲਿਹਾਜ਼ ਵੀ ਰਹੀ ਹੈ। ਉਹ ਕੇਂਦਰੀ ਹਾਕਮਾਂ ਖ਼ਿਲਾਫ਼ ਲੜਦੇ ਵੀ ਰਹੇ ਹਨ ਤੇ ਨਾਲ ਹੀ ਉਨ੍ਹਾਂ ਅੱਗੇ ਲਿਫ਼ਦੇ, ਤੇ ਕਈ ਹਾਲਤਾਂ ਵਿੱਚ ਵਿਛਦੇ ਵੀ ਰਹੇ ਹਨ। ਉਨ੍ਹਾਂ ਜੇਲ੍ਹਾਂ ਅੰਦਰ ਵੀ ਜਫਰ ਜਾਲੇ ਹਨ ਤੇ ਵਜ਼ਾਰਤਾਂ ਦੇ ਵੀ ਬੁੱਲੇ ਲੁੱਟੇ ਹਨ। ਉਨ੍ਹਾਂ ਕੁਰਬਾਨੀਆਂ ਕੀਤੀਆਂ ਵੀ ਹਨ ਤੇ ਕੁਰਬਾਨੀਆਂ ਵੇਚੀਆਂ ਵੀ ਹਨ। ਉਹ ਹਿੰਦੂ ਹਾਕਮਾਂ ਹੱਥੋਂ ਸੰਘਰਸ਼ ਦੇ ਮੈਦਾਨ ਅੰਦਰ ਡੰਡੇ ਵੀ ਖਾਂਦੇ ਰਹੇ ਹਨ ਤੇ ਨਾਲ ਹੀ ਉਨ੍ਹਾਂ ਸੰਗ ਸੋਫ਼ਿਆਂ ਉੱਤੇ ਬੈਠ ਕੇ 'ਰਸਗੁੱਲੇ'* ਵੀ ਛਕਦੇ ਰਹੇ ਹਨ। ਉਹ ਹਿੰਦੂ ਹਾਕਮਾਂ ਦੇ ਜ਼ੁਲਮਾਂ ਦਾ ਸ਼ਿਕਾਰ ਵੀ ਹੁੰਦੇ ਰਹੇ ਹਨ ਅਤੇ ਖ਼ੁਦ ਜ਼ੁਲਮਾਂ 'ਚ ਭਾਈਵਾਲ ਵੀ ਬਣਦੇ ਰਹੇ ਹਨ। ਗੱਲ ਕੀ, ਉਨ੍ਹਾਂ ਦਾ ਹਰ ਅਮਲ, ਹਰ ਕਰਮ ਦੂਹਰਾ ਹੈ। ਅਜਿਹਾ ਉਨ੍ਹਾਂ ਦੇ 'ਖ਼ੂਨ ਦੇ ਨੁਕਸ' ਕਰਕੇ ਨਹੀਂ ਸਗੋਂ ਉਨ੍ਹਾਂ ਦੇ ਜਮਾਤੀ ਰੁਤਬੇ ਤੇ ਵਰਗ-ਸੁਭਾਅ ਦੀ ਵਜ੍ਹਾ ਕਰਕੇ ਹੈ। ਅਕਾਲੀ ਆਗੂ ਧਨਾਢ ਜ਼ਰੂਰ ਹਨ, ਪਰ ਤਿੰਨ ਗੱਲਾਂ ਅਜਿਹੀਆਂ ਹਨ ਜੋ ਉਨ੍ਹਾਂ ਨੂੰ ਹਿੰਦੂ ਹਾਕਮਾਂ ਦੇ ਮਨਜ਼ੂਰੇ-ਨਜ਼ਰ ਨਹੀਂ ਹੋਣ ਦੇ ਰਹੀਆਂ। ਕੁੱਲ ਤੋਂ ਪਹਿਲੀ ਤੇ ਅਹਿਮ ਗੱਲ ਇਹ ਹੈ ਕਿ ਉਹ ਸਿੱਖ ਹਨ। ਭਾਵ ਇਹ ਕਿ ਉਹ ਸਿੱਖ ਭਾਈਚਾਰੇ ਦਾ ਅੰਗ ਹਨ। ਇਸ ਕਰਕੇ ਭਾਰਤ ਅੰਦਰ ਸਿੱਖਾਂ ਨਾਲ ਜੋ ਬੀਤ-ਗੁਜ਼ਰ ਰਹੀ ਹੈ, ਅਕਾਲੀ ਆਗੂ ਉਸ ਤੋਂ ਉੱਕਾ ਹੀ ਨਿਰਲੇਪ ਜਾਂ ਅਭਿੱਜ ਨਹੀਂ ਰਹਿ ਸਕਦੇ। ਹਿੰਦੂ ਹਾਕਮਾਂ ਦੀ ਪੰਥ ਅਤੇ ਪੰਜਾਬ ਪ੍ਰਤੀ ਅਪਣਾਈ ਵਿਤਕਰੇਬਾਜ਼ ਪਹੁੰਚ ਅਕਾਲੀ ਆਗੂਆਂ ਨੂੰ ਸਿੱਧੇ ਰੂਪ ਵਿੱਚ ਪ੍ਰਭਾਵਿਤ ਕਰਦੀ ਹੈ। ਇਸ ਤਰ੍ਹਾਂ ਸਿੱਖ ਸਮਾਜ ਦਾ ਅੰਗ ਹੋਣ ਕਰਕੇ ਅਕਾਲੀ ਆਗੂਆਂ ਦਾ ਹਿੰਦੂ ਹਾਕਮਾਂ ਨਾਲ ਸਦੀਵੀ ਵਿਰੋਧ ਬਣਿਆ ਆ ਰਿਹਾ ਹੈ। ਦੂਜੀ ਗੱਲ, ਅਕਾਲੀ ਲੀਡਰਸ਼ਿਪ ਦੇ ਧਨਾਢ ਹਿੱਸੇ ਵੱਧ ਜ਼ਰਾਇਤੀ ਸੈਕਟਰ ਨਾਲ ਜੁੜੇ ਹੋਏ ਹਨ। ਸਨਅਤੀ ਕਾਰੋਬਾਰੀ ਸੈਕਟਰ ਦੇ ਮੁਕਾਬਲੇ ਜ਼ਰਾਇਤੀ ਸੈਕਟਰ ਨਾਲ ਵਿਤਕਰੇਬਾਜ਼ੀ ਪੂੰਜੀਵਾਦੀ ਪ੍ਰਣਾਲੀ ਦਾ ਲਾਜ਼ਮੀ ਲੱਛਣ ਹੈ। ਇਹ ਵਿਤਕਰੇਬਾਜ਼ੀ ਵੀ ਅਕਾਲੀ ਆਗੂਆਂ ਨੂੰ ਕੇਂਦਰੀ ਹਾਕਮਾਂ ਖ਼ਿਲਾਫ਼ ਲੜਾਈ ਵਾਲੇ ਪਾਸੇ ਤੋਰਦੀ ਹੈ। ਤੀਜੀ ਗੱਲ, ਅਕਾਲੀ ਆਗੂ ਕਿੰਨੇ ਵੀ ਧਨਾਢ ਕਿਉਂ ਨਾ ਹੋਣ, ਭਾਰਤ ਦੇ ਵੱਡੇ ਅਜਾਰੇਦਾਰ ਸਰਮਾਏਦਾਰਾਂ ਦੇ ਮੁਕਾਬਲੇ ਉਹ ਆਰਥਿਕ ਹੈਸੀਅਤ ਪੱਖੋਂ ਪੌੜੀ ਦੇ ਹੇਠਲੇ ਡੰਡਿਆਂ ਉੱਤੇ ਹੀ ਹਨ, ਭਾਵੇਂ ਕਿ ਮਾਇਆਧਾਰੀ ਰੁਚੀ ਦੇ ਮਾਲਕ ਹੋਣ ਕਰਕੇ ਉਨ੍ਹਾਂ ਦੀ ਅੱਖ ਪੌੜੀ ਦੇ ਉਪਰਲਿਆਂ ਡੰਡਿਆਂ ਉੱਤੇ ਟਿਕੀ ਹੋਈ ਹੈ। ਉਨ੍ਹਾਂ ਦਾ ਝੁਕਾਅ 'ਨਿਤਾਣਿਆਂ' ਤੇ 'ਨਿਓਟਿਆਂ' ਨਾਲ ਰਲ ਬੈਠਣ ਵੱਲ ਨਹੀਂ।

* ਜੁਲਾਈ 1985 ਵਿੱਚ ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਉਸ ਦੇ ਸਾਥੀਆਂ ਨੇ ਰਾਜੀਵ ਗਾਂਧੀ ਨਾਲ ਸਮਝੌਤੇ ਉੱਤੇ ਦਸਖ਼ਤ ਕਰਨ ਤੋਂ ਬਾਅਦ ਉਸ ਨਾਲ ਬੈਠ ਕੇ ਰਸਗੁੱਲੇ ਖਾਧੇ ਸਨ।

ਉਨ੍ਹਾਂ ਦੀ ਲਾਲਸਾ ਬਿਰਲਿਆਂ, ਟਾਟਿਆਂ, ਮੋਦੀਆਂ ਤੇ ਅੰਬਾਨੀਆਂ ਦੀ (ਕੁ) ਸੰਗਤ ਮਾਣਨ ਦੀ ਹੈ। ਪਰ ਭਾਰਤ ਦੀ ਮੌਜੂਦਾ ਆਰਥਿਕ ਤੇ ਰਾਜਨੀਤਕ ਪ੍ਰਣਾਲੀ ਅਕਾਲੀ ਆਗੂਆਂ ਦੀਆਂ ਇਨ੍ਹਾਂ ਲਾਲਸਾਵਾਂ ਨੂੰ ਫਲ ਨਹੀਂ ਪੈਣ ਦਿੰਦੀ। ਇਸ ਕਰਕੇ ਇਸ ਢਾਂਚੇ ਅੰਦਰ ਲੁੜੀਂਦੀਆਂ ਆਰਥਿਕ ਤੇ ਰਾਜਸੀ ਤਬਦੀਲੀਆਂ ਦੀ ਮੰਗ ਕਰਨੀ ਉਨ੍ਹਾਂ ਦੀ ਅਣਸਰਦੀ ਜਮਾਤੀ ਆਰਥਿਕ ਲੋੜ ਹੈ। ਇਸ ਤਰ੍ਹਾਂ ਇਕ ਸਥਾਨਕ ਖੇਤਰੀ ਤੇ ਮੁਕਾਬਲਤਨ ਛੋਟੇ ਦਰਜੇ ਦਾ ਸਰਮਾਏਦਾਰ ਵਰਗ ਹੋਣ ਕਰਕੇ ਵੀ ਅਕਾਲੀ ਆਗੂਆਂ ਦੇ ਭਾਰਤ ਦੇ ਕੇਂਦਰੀ ਹਾਕਮਾਂ ਨਾਲ ਨਿਰੰਤਰ ਵਿਰੋਧ ਤੇ ਰੱਫੜ ਪੈਦਾ ਹੁੰਦੇ ਰਹਿੰਦੇ ਹਨ। ਸੋ ਇਨ੍ਹਾਂ ਵਿਰੋਧ ਵਾਲੇ ਪੱਖਾਂ ਵਿੱਚੋਂ ਹੀ ਅਕਾਲੀ ਆਗੂਆਂ ਦਾ ਹਿੰਦੂ ਹਾਕਮਾਂ ਨਾਲ ਸੰਘਰਸ਼ ਅਤੇ ਟਕਰਾਓ ਦਾ ਪੈਂਤੜਾ ਨਿਕਲਦਾ ਹੈ।

ਪਰ ਇਸ ਦੇ ਨਾਲ ਹੀ ਇਕ ਮਾਇਆਧਾਰੀ ਵਰਗ ਹੋਣ ਦੀ ਹੈਸੀਅਤ ਵਿੱਚ ਇਸ ਧਨਾਢ ਸਿੱਖ ਤਬਕੇ ਦੀ ਭਾਰਤ ਦੇ ਸਰਮਾਏਦਾਰ ਵਰਗ ਨਾਲ ਜਮਾਤੀ ਆਰਥਿਕ ਸਾਂਝ ਵੀ ਹੈ। ਇਸ ਕਰਕੇ, ਆਪਣੇ ਇਸ ਜਮਾਤੀ ਖ਼ਾਸੇ ਤੇ ਸੁਭਾਅ ਦੀ ਵਜ੍ਹਾ ਕਰਕੇ, ਕੇਂਦਰੀ ਹਾਕਮਾਂ ਨਾਲ ਲੜਾਈ ਦੀ 'ਖੇਡ ਖੇਡਣ' ਮੌਕੇ ਵੀ ਇਸ ਵਰਗ ਦੀ ਇਹ ਪੂਰੀ ਕੋਸ਼ਿਸ਼ ਰਹਿੰਦੀ ਹੈ ਕਿ ਲੜਾਈ 'ਖੇਡ ਦੇ ਨਿਯਮਾਂ' ਅਨੁਸਾਰ ਹੀ ਲੜੀ ਜਾਵੇ ਅਤੇ ਇਕ ਦੂਜੇ ਦੇ ਹਿਤਾਂ ਉੱਤੇ ਵੱਡੀ ਆਂਚ ਨਾ ਆਉਣ ਦਿੱਤੀ ਜਾਵੇ। ਸਰਮਾਏਦਾਰ ਵਰਗ ਵੈਸੇ ਵੀ ਚਾਰੇ ਕੰਨੀਆਂ ਖ਼ੋਚ ਕੇ ਲੜਨ ਦਾ ਝੁਕਾਅ ਅਤੇ ਸੁਭਾਅ ਰੱਖਦਾ ਹੈ। ਇਹ ਸਾਰੀਆਂ ਗੱਲਾਂ ਰਵਾਇਤੀ ਅਕਾਲੀ ਰਾਜਨੀਤੀ ਦੇ ਖ਼ਾਸੇ ਤੇ ਵਹਿਣ ਉੱਤੇ ਲਗਾਤਾਰ ਆਪਣਾ ਪ੍ਰਭਾਵ ਛੱਡਦੀਆਂ ਰਹਿੰਦੀਆਂ ਹਨ। ਅਕਾਲੀ ਆਗੂ ਕੇਂਦਰੀ ਹਾਕਮਾਂ ਨਾਲ ਲੜਦੇ ਝਗੜਦੇ ਵੀ ਸੁਲਹ-ਸਫ਼ਾਈ ਤੇ ਸਮਝੌਤੇਬਾਜ਼ੀ ਵਾਲਾ 'ਟ੍ਰੈਂਡ' ਅਗਾਂਹ ਵਧਾਈ ਰੱਖਦੇ ਹਨ। ਪਰ ਉਪਰ ਬਿਆਨੇ ਕਾਰਨਾਂ ਕਰਕੇ ਕੇਂਦਰੀ ਹਾਕਮਾਂ ਨਾਲ ਉਨ੍ਹਾਂ ਦਾ ਕੋਈ ਵੀ ਸਮਝੌਤਾ ਹੰਢਣਸਾਰ ਸਾਬਤ ਨਹੀਂ ਹੋ ਸਕਿਆ। ਸੋ ਭਾਵੇਂ ਗਲ ਪਿਆ ਹੀ ਸਹੀ, ਲੜਾਈ ਦਾ ਢੋਲ ਵਜਾਉਣਾ ਉਨ੍ਹਾਂ ਦੀ ਮਜਬੂਰੀ ਵਰਗੀ ਲੋੜ ਬਣੀ ਹੋਈ ਹੈ।

## ਖਾੜਕੂ ਧਾਰਾ ਦੀ ਚੜ੍ਹਤ ਅਤੇ ਰਵਾਨਗੀ

ਸਿੱਖ ਗਰਮ-ਖ਼ਿਆਲੀ ਧਾਰਾ ਦੀ ਜਨਮ-ਕੁੰਡਲੀ ਫਰੋਲੀ ਜਾਵੇ ਤਾਂ ਇਸ ਦਾ ਗਰਭ-ਧਾਰਣ 1946 ਦੇ ਉਸ ਮਤੇ ਨਾਲ ਹੀ ਹੋ ਗਿਆ ਸੀ ਜਿਸ ਵਿੱਚ ਪਹਿਲੀ ਵਾਰ ਏਨੀ ਵੱਡੀ ਗਿਣਤੀ ਵਿੱਚ ਪੰਥਕ ਨੁਮਾਇੰਦਿਆਂ ਨੇ ਖੁੱਲ੍ਹ ਕੇ ਇਹ ਪੋਜ਼ੀਸ਼ਨ ਲਈ ਸੀ ਕਿ ਸਿੱਖ ਪੰਥ ਮਹਿਜ਼ ਇਕ ਧਾਰਮਿਕ ਫ਼ਿਰਕਾ ਨਹੀਂ ਬਲਕਿ ਆਧੁਨਿਕ ਅਰਥਾਂ ਵਿੱਚ ਇਕ ਕੌਮੀ ਭਾਈਚਾਰਾ ਹੈ, ਜਿਸ ਕਰਕੇ ਭਾਰਤ ਦੀ ਆਜ਼ਾਦੀ ਬਾਰੇ ਕੋਈ ਵੀ ਫ਼ੈਸਲਾ ਲੈਣ ਵੇਲੇ ਸਿੱਖਾਂ ਦੇ ਇਸ ਕੌਮੀ ਰੁਤਬੇ ਤੇ ਉਨ੍ਹਾਂ ਦੇ ਕੌਮੀ ਹਿਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ। ਜਿਵੇਂ ਕਿ ਇਸ ਕਿਤਾਬ ਦੇ ਮੁਢਲੇ ਭਾਗ ਅੰਦਰ ਇਸ ਉਦਾਸ ਸੱਚ ਦਾ ਖ਼ੁਲਾਸਾ ਕੀਤਾ ਜਾ ਚੁੱਕਾ ਹੈ ਕਿ ਪੰਥਕ ਨੁਮਾਇੰਦਿਆਂ ਵੱਲੋਂ ਲਿਆ ਗਿਆ ਇਹ ਇਤਿਹਾਸਕ ਫ਼ੈਸਲਾ, ਉਸ ਵੇਲੇ, ਜਦੋਂ ਦੁਨੀਆ ਉੱਤੇ ਇਤਿਹਾਸ ਸਿਰਜਣ ਦੇ ਮੌਸਮਾਂ ਦੀ ਬਹਾਰ ਖਿੜੀ ਹੋਈ ਸੀ, ਆਪਣਾ ਕੋਈ ਵੀ ਇਤਿਹਾਸ ਨਾ ਸਿਰਜ ਸਕਿਆ। ਵਜ੍ਹਾ ਇਹ ਕਿ ਇਹ ਫ਼ੈਸਲਾ ਉਸ ਵੇਲੇ ਸਿੱਖ ਕੌਮ ਦੀਆਂ ਅਪਰਗਟ-ਰੂਪ ਭਾਵਨਾਵਾਂ ਦੀ ਤਰਜਮਾਨੀ ਤਾਂ ਭਲੇ ਹੀ ਕਰਦਾ ਸੀ ਪ੍ਰੰਤੂ ਲੀਡਰਸ਼ਿਪ ਸਮੇਤ ਸਿੱਖ ਕੌਮ ਦੀ ਪ੍ਰਗਟ-ਰੂਪ ਚੇਤਨਾ ਅਜੇ ਘੱਟਗਿਣਤੀ ਵਰਗ-ਚੇਤਨਾ ਦੇ ਗ੍ਰਹਿਣ ਤੋਂ ਮੁਕਤ ਨਹੀਂ ਸੀ ਹੋਈ।

ਲਗਭਗ ਇਕ ਸਦੀ ਤੋਂ ਹੀ ਸਿੱਖ ਪੰਥ ਦੀ ਰਾਜਸੀ ਚੇਤਨਾ ਉੱਤੇ ਦੋ ਉਲਟ-ਪੱਖੀ ਪ੍ਰਭਾਵ ਨਿਰੰਤਰ ਆਪਣਾ ਅਸਰ ਦਿਖਾਉਂਦੇ ਆ ਰਹੇ ਸਨ। ਸਿੱਖਾਂ ਦਾ ਇਤਿਹਾਸ, ਉਨ੍ਹਾਂ ਦੀ ਅਰਦਾਸ ਤੇ ਉਨ੍ਹਾਂ ਦਾ ਵਿਰਸਾ ਉਨ੍ਹਾਂ ਅੰਦਰ ਇਕ ਖ਼ੁਦਦਾਰ ਤੇ ਖ਼ੁਦਮੁਖ਼ਤਿਆਰ ਕੌਮ ਦਾ ਅਹਿਸਾਸ ਤੇ ਜਜ਼ਬਾ ਪੈਦਾ ਕਰਦਾ ਸੀ। ਪਰ 1849 ਵਿੱਚ ਆਪਣੇ ਸੁਤੰਤਰ ਰਾਜ ਦੇ ਖੁਸ ਜਾਣ ਤੋਂ ਬਾਅਦ ਬਰਤਾਨਵੀ ਰਾਜ ਹੇਠ ਵਿਸ਼ਾਲ ਭਾਰਤੀ (ਹਿੰਦੂ) ਰਿਆਇਆ ਦਾ ਅੰਗ ਬਣ ਜਾਣ ਨਾਲ ਸਿੱਖ ਯਕਦਮ ਇਕ ਸੁਤੰਤਰ ਤੇ ਹੁਕਮਰਾਨ ਕੌਮ ਤੋਂ ਇਕ ਨਿਗੂਣੀ ਤੇ ਅਧੀਨ ਧਾਰਮਿਕ ਘੱਟਗਿਣਤੀ ਵਿੱਚ ਤਬਦੀਲ ਹੋ ਕੇ ਰਹਿ ਗਏ। ਬੱਸ ਇਸ ਦੇ ਨਾਲ ਹੀ ਸਿੱਖ ਭਾਈਚਾਰੇ ਅੰਦਰ ਇਕ ਖ਼ੁਦਮੁਖ਼ਤਿਆਰ ਕੌਮ ਦਾ ਅਹਿਸਾਸ ਤੇ ਜਜ਼ਬਾ ਸੋਕੇ ਪੈਣਾ ਸ਼ੁਰੂ ਹੋ ਗਿਆ ਤੇ ਉਸ ਅੰਦਰ ਘੱਟਗਿਣਤੀ ਵਰਗ-ਚੇਤਨਾ ਦਾ ਨਾਸੂਰ ਜੜ੍ਹਾਂ ਫੜਨ ਲੱਗ ਪਿਆ। ਗਾਂਧੀ ਦੀ ਸਰਪ੍ਰਸਤੀ ਹੇਠ ਭਾਰਤ ਦੀ ਆਜ਼ਾਦੀ ਦੇ ਸੰਗਰਾਮ ਦੀ ਮੁੱਖ ਧਾਰਾ ਵਿੱਚ ਸ਼ਾਮਲ ਹੋ ਜਾਣ ਨਾਲ ਸਿੱਖ ਭਾਈਚਾਰੇ ਅੰਦਰ ਆਪਣੀ ਨਿਆਰੀ ਹਸਤੀ ਦਾ ਅਹਿਸਾਸ ਵੀ ਮਾਂਦਾ ਪੈ ਤੁਰਿਆ ਅਤੇ ਉਸ ਉੱਤੇ, ਆਪਣੇ ਆਪ ਨੂੰ ਹਿੰਦੂ ਮੁੱਖ ਧਾਰਾ ਵਿੱਚ ਅਭੇਦ ਕਰ ਲੈਣ ਦੀ ਕੁਲੱਛਣੀ ਸੋਚ ਤੇ ਰੁਚੀ ਹਾਵੀ ਹੋ ਗਈ। ਭਾਰਤ ਦੀ ਆਜ਼ਾਦੀ ਤੋਂ ਬਾਅਦ ਸਿੱਖ ਭਾਈਚਾਰੇ ਦੇ 'ਮੁੱਖ ਧਾਰਾ' ਵਿੱਚ ਜਜ਼ਬ ਹੋਣ ਦਾ ਅਮਲ ਹੋਰ ਚਾਲ ਫੜ ਗਿਆ। ਸਭ ਤੋਂ ਵੱਧ, ਸਿੱਖ ਸਮਾਜ ਅੰਦਰਲੇ ਕੁਲੀਨ ਵਰਗ (ਸਿੱਖ ਇਲੀਟ) ਨੇ, ਆਪਣੇ ਆਪ ਨੂੰ, ਸਵੈ-ਇੱਛਾ ਨਾਲ, ਹਰ ਪੱਧਰ 'ਤੇ ਭਾਰਤ ਦੇ ਸਮਾਜੀ-ਆਰਥਿਕ ਤਾਣੇ-ਬਾਣੇ ਤੇ ਰਾਜਸੀ ਢਾਂਚੇ ਨਾਲ ਇਕ-ਮਿਕ ਕਰ ਲੈਣ ਦੀ ਜ਼ੋਰਦਾਰ ਧੁਸ ਅਖ਼ਤਿਆਰ ਕਰ ਲਈ। ਬਾਕੀ ਸਿੱਖ ਵਰਗਾਂ ਪੱਲੇ ਵੀ ਇਸ ਤੋਂ ਸਿਵਾ ਕਿਸੇ ਹੋਰ ਬਦਲ ਦਾ ਕੋਈ ਵਿਚਾਰ-ਨਕਸ਼ਾ ਨਾ ਹੋਣ ਕਰਕੇ, ਉਹ ਵੀ ਭਾਰਤੀ ਢਾਂਚੇ ਅੰਦਰ ਆਪਣੀ ਜਗ੍ਹਾ ਬਣਾਉਣ ਦੇ ਆਰਥਿਕ ਤੇ ਰਾਜਨੀਤਕ ਆਹਰ ਵਿੱਚ ਜੁਟ ਗਏ। ਕਰੀਬ ਤਿੰਨ ਦਹਾਕਿਆਂ ਤਕ ਇਹ ਅਮਲ ਅਰੁੱਕ ਅੱਗੇ ਵਧਦਾ ਚਲਾ ਗਿਆ। ਇਸ ਸਮੇਂ ਦੌਰਾਨ ਜੋ ਵੀ ਸਿੱਖ ਲੀਡਰਸ਼ਿਪ ਅੱਗੇ ਆਈ, ਉਸ ਦਾ ਮੁੱਖ ਸਰੋਕਾਰ ਭਾਰਤ ਅੰਦਰ ਸਿੱਖ ਭਾਈਚਾਰੇ ਲਈ ਘੱਟਗਿਣਤੀ ਵਰਗ ਵਾਲਾ ਮਾਣ-ਸਤਿਕਾਰ ਤੇ ਸਨਮਾਨਜਨਕ ਰੁਤਬਾ ਹਾਸਲ ਕਰਨਾ ਬਣਿਆ ਰਿਹਾ।

ਸ਼ੁਰੂ ਤੋਂ ਲੈ ਕੇ ਹੀ ਅਕਾਲੀ ਲੀਡਰਸ਼ਿਪ ਦਾ ਇਹ ਉਭਰਵਾਂ ਲੱਛਣ ਦੇਖਣ ਵਿੱਚ ਆਇਆ ਹੈ ਕਿ ਜਮਾਤੀ ਬਣਤਰ ਦੇ ਲਿਹਾਜ਼ ਨਾਲ ਮਿਲਗੋਭਾ ਹੋਣ ਦੇ ਬਾਵਜੂਦ ਬੁਨਿਆਦੀ ਸਿਧਾਂਤਕ ਸਮਝ ਅਤੇ ਸੂਝ-ਬੂਝ ਦੇ ਮਾਮਲੇ 'ਚ ਇਸ ਅੰਦਰ ਸਿਰੇ ਦੀ ਇਕਮੱਤਤਾ ਬਣੀ ਆ ਰਹੀ ਹੈ। ਇਸ ਦੇ ਸਾਰੇ ਹੀ ਵਰਗਾਂ ਤੇ ਧੜਿਆਂ ਨੇ ਘੱਟਗਿਣਤੀ ਵਰਗ-ਚੇਤਨਾ ਦਾ ਬਰਾਬਰ ਅਸਰ ਅਤੇ ਗ਼ਲਬਾ ਕਬੂਲ ਰੱਖਿਆ ਹੋਇਆ ਹੈ। 1946 ਤੋਂ ਬਾਅਦ, ਅੱਸੀਵਿਆਂ ਤਕ, ਕਿਸੇ ਵੀ ਸਥਾਪਤ ਸਿੱਖ ਆਗੂ ਨੇ ਆਪੇ ਹੀ ਵਾਹ ਰੱਖੀ ਇਸ ਸਿਧਾਂਤਕ ਕਾਰ (ਲਛਮਣ ਰੇਖਾ) ਨੂੰ ਪਾਰ ਕਰਨ ਦੀ ਕਦੇ ਵੀ ਕੋਈ ਗਹਿਰ-ਗੰਭੀਰ ਕੋਸ਼ਿਸ਼ ਜਾਂ ਰੁਚੀ ਨਹੀਂ ਪ੍ਰਗਟਾਈ। ਹਾਂ, ਇਸ ਸਾਰੇ ਸਮੇਂ ਦੌਰਾਨ ਐਵੇਂ ਗਿਣਤੀ ਦੇ ਸਿੱਖ ਬੁੱਧੀਮਾਨਾਂ ਤੇ ਨੌਜਵਾਨਾਂ ਵੱਲੋਂ ਇਸ ਸਿਧਾਂਤਕ ਵਲਗਣ 'ਚੋਂ ਬਾਹਰ ਨਿਕਲਣ ਅਤੇ ਸਿੱਖ ਕੌਮ ਅੰਦਰ ਆਜ਼ਾਦ ਪੰਥਕ ਹਸਤੀ ਦੀ ਚੇਤਨਾ ਦਾ ਪਾਸਾਰਾ ਕਰਨ ਦੇ ਟੁਟਵੇਂ-'ਕਹਿਰੇ ਯਤਨ ਜ਼ਰੂਰ ਹੁੰਦੇ ਰਹੇ। ਜ਼ਿਆਦਾਤਰ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪਲੇਟਫ਼ਾਰਮ ਤੋਂ, ਪੜ੍ਹੇ-ਲਿਖੇ ਸਿੱਖ ਨੌਜਵਾਨਾਂ ਦੇ ਮੂਲੋਂ ਹੀ ਛੋਟੇ-ਮੋਟੇ ਗਰੁੱਪ, ਆਪਣੀ 'ਕੱਲੀ 'ਕਹਿਰੀ ਆਵਾਜ਼ ਵਿੱਚ 'ਵੱਖਰੀ ਸਿੱਖ ਕੌਮ' ਦੀ ਸੱਦ ਲਾਉਂਦੇ ਰਹੇ ਅਤੇ ਅਕਾਲੀ ਲੀਡਰਸ਼ਿਪ ਦੇ ਸਿਧਾਂਤਕ ਪੈਂਤੜਿਆਂ ਤੇ ਰਾਜਨੀਤਕ ਅਮਲਾਂ ਨੂੰ ਤਿੱਖੀ

ਪੜਚੋਲ ਦਾ ਨਿਸ਼ਾਨਾ ਬਣਾਉਂਦੇ ਰਹੇ। ਇਨ੍ਹਾਂ ਗਰਮ-ਮਿਜ਼ਾਜ ਸਿੱਖ ਨੌਜਵਾਨਾਂ 'ਚੋਂ ਬਹੁਤੇ ਸ਼ਹਿਰੀ ਮੱਧ ਜਾਂ ਨਿਮਨ ਵਰਗ ਨਾਲ ਸਬੰਧ ਰੱਖਦੇ ਸਨ ਅਤੇ ਇਨ੍ਹਾਂ ਦੇ ਮੁੱਖ ਸਰੋਤਾ-ਗਣ ਵੀ ਇਨ੍ਹਾਂ ਹੀ ਵਰਗਾਂ ਨਾਲ ਸਬੰਧਤ ਨੌਜਵਾਨ ਤੇ ਨੌਕਰੀ-ਪੇਸ਼ਾ ਲੋਕ ਸਨ। ਪੇਂਡੂ ਸਿੱਖ, ਖ਼ਾਸ ਕਰਕੇ ਜੱਟ ਕਿਸਾਨ, ਇਨ੍ਹਾਂ 'ਸ਼ਹਿਰੀਆਂ' ਦੇ ਵਿਚਾਰਾਂ ਨੂੰ ਘੱਟ ਹੀ ਪਸੰਦ ਕਰਦੇ ਸਨ। ਅਸਲ ਵਿੱਚ ਜਿਵੇਂ ਪਿੱਛੇ ਦੱਸਿਆ ਜਾ ਚੁੱਕਾ ਹੈ, ਉਸ ਵੇਲੇ ਪੇਂਡੂ ਸਿੱਖ ਵਰਗ ਦਾ ਰੁਝਾਨ ਕਾਫ਼ੀ ਅਲੱਗ ਤਰ੍ਹਾਂ ਦਾ ਸੀ। ਹਰੇ ਇਨਕਲਾਬ ਦੀਆਂ ਲਹਿਰਾਂ-ਬਹਿਰਾਂ ਨੇ ਉਸ ਦੀ ਤਰਜ਼ੇ-ਜ਼ਿੰਦਗੀ ਉੱਤੇ ਵੱਡੇ ਨਾਂਹ-ਪੱਖੀ ਪ੍ਰਭਾਵ ਪਾ ਰੱਖੇ ਹੋਏ ਸਨ। ਪੜ੍ਹੇ-ਲਿਖੇ, ਜਾਂ ਪੜ੍ਹ-ਲਿਖ ਰਹੇ, ਪੇਂਡੂ ਸਿੱਖ ਨੌਜਵਾਨਾਂ ਦੇ ਵੱਡੇ ਹਿੱਸਿਆਂ ਨੂੰ ਕਮਿਊਨਿਸਟ ਵਿਚਾਰਧਾਰਾ ਦਾ ਮੂੰਹ-ਜ਼ੋਰ ਤਾਪ ਚੜ੍ਹਿਆ ਹੋਇਆ ਸੀ ਅਤੇ ਉਹ ਪਿੰਡਾਂ ਤੇ ਵਿਦਿਅਕ ਸੰਸਥਾਵਾਂ ਅੰਦਰ ਕਿਤੇ ਵੀ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪੈਰ ਨਹੀਂ ਸਨ ਲੱਗਣ ਦੇ ਰਹੇ। ਅਸਲ ਵਿੱਚ, ਉਸ ਵੇਲੇ ਦੀ ਬਾਹਰਮੁਖੀ ਹਕੀਕਤ ਇਹ ਸੀ ਕਿ ਸਿੱਖ ਗਰਮ-ਖ਼ਿਆਲੀ (ਰੈਡੀਕਲ) ਧਾਰਾ ਦੇ ਵਿਕਾਸ ਨੂੰ ਦੋ ਮਜ਼ਬੂਤ ਨੱਕਿਆਂ ਨੇ ਬਰਾਬਰ ਬੰਨ੍ਹ ਮਾਰ ਕੇ ਡੱਕ ਰੱਖਿਆ ਹੋਇਆ ਸੀ। ਇਕ ਵੰਨੇ ਰਵਾਇਤੀ ਅਕਾਲੀ ਰਾਜਨੀਤੀ ਦਾ ਜਮੂਦ ਸੀ ਜੋ ਆਪਣੀ ਸਾਰੀ ਦੁਰਬਲਤਾ ਦੇ ਬਾਵਜੂਦ ਹਾਲੇ ਟੁੱਟਣ ਦਾ ਨਾਂ ਨਹੀਂ ਸੀ ਲੈ ਰਿਹਾ। ਦੂਜੇ ਵੰਨੇ ਕਮਿਊਨਿਸਟ ਲਹਿਰ ਦਾ ਜ਼ੋਰਾਵਰ ਵਹਿਣ ਸੀ ਜਿਸ ਨੇ ਸਿੱਖ ਸਮਾਜ ਦੇ ਚਿੰਤਨਸ਼ੀਲ ਹਿੱਸਿਆਂ ਤੇ ਅੱਲ੍ਹੜ ਜਵਾਨਾਂ ਨੂੰ ਬੁਰੀ ਤਰ੍ਹਾਂ ਕੀਲ ਰੱਖਿਆ ਹੋਇਆ ਸੀ। ਜੇ ਇਹ ਗੱਲ ਮੰਨ ਲਈ ਜਾਵੇ ਕਿ ਕਿਸੇ ਵੀ ਵਿਚਾਰਧਾਰਾ ਨੂੰ ਪਰਨਾਏ ਕਾਰਕੁੰਨਾਂ ਦੇ ਸਿਦਕ ਤੇ ਨਿਸ਼ਚੇ ਦੀ ਅਸਲੀ ਅਜ਼ਮਾਇਸ਼ ਸੁਹਾਵਣੇ ਵੇਲਿਆਂ (ਯਾਨੀ ਕਿ ਚੜ੍ਹਤ ਦੇ ਮੌਕਿਆਂ) ਵਿੱਚ ਨਹੀਂ ਸਗੋਂ ਨਾਖ਼ੁਸ਼ਗਵਾਰ ਮੌਸਮਾਂ ਵਿੱਚ ਹੋਇਆ ਕਰਦੀ ਹੈ, ਤਾਂ ਸੱਠਵਿਆਂ ਤੇ ਸੱਤਰਵਿਆਂ ਦੇ ਉਲਟੇ-ਰੁਖ਼ ਵਗ ਰਹੇ ਤੇਜ਼ ਤੂਫ਼ਾਨ ਵਿੱਚ ਸਿੱਖ ਗਰਮ-ਖ਼ਿਆਲੀ ਵਿਚਾਰਧਾਰਾ ਦੇ ਝੰਡੇ ਨੂੰ ਬੁਲੰਦ ਕਰਨ ਦੇ ਯਤਨਾਂ ਵਿੱਚ ਤਿਲ ਤਿਲ ਜੂਝ (ਦੇ) ਰਹੇ ਮੁਠੀ ਭਰ ਸਿੱਖ ਨੌਜਵਾਨਾਂ ਦੀ ਨਿਸ਼ਚਾ ਤੇ ਪ੍ਰਤੀਬੱਧਤਾ ਦੀ ਸ਼ਲਾਘਾ ਕਰਨੀ ਬਣਦੀ ਹੈ। ਨਾਲ ਹੀ, ਇਨ੍ਹਾਂ ਵੇਗ-ਮੱਤੇ ਨੌਜਵਾਨਾਂ ਨੂੰ ਨਿਰੰਤਰ ਸਿਧਾਂਤਕ ਸੇਧ ਤੇ ਪ੍ਰੇਰਨਾ ਦਿੰਦੇ ਰਹਿਣ ਬਦਲੇ ਸਰਦਾਰ ਕਪੂਰ ਸਿੰਘ ਦੀ ਇਤਿਹਾਸਕ ਦੇਣ ਦਾ ਵੀ ਯੋਗ ਮੁੱਲ ਪਾਉਣਾ ਬਣਦਾ ਹੈ, ਕਿਉਂਕਿ ਅਜਿਹੇ ਉਤਸ਼ਾਹ ਤੇ ਪ੍ਰੇਰਨਾ ਦੀ ਗ਼ੈਰ-ਮੌਜੂਦਗੀ ਵਿੱਚ ਇਨ੍ਹਾਂ ਨੌਜਵਾਨਾਂ ਲਈ ਦੁਸ਼ਵਾਰੀਆਂ ਦੀ ਪੰਡ ਕਿਤੇ ਬੋਝਲ ਹੋ ਜਾਣੀ ਸੀ। ਬਾਅਦ ਵਿੱਚ ਜਾ ਕੇ ਜਿਨ੍ਹਾਂ ਉਂਗਲਾਂ ਤੇ ਗਿਣਨ ਜੋਗੇ ਗਰਮ-ਖ਼ਿਆਲੀ ਨੌਜਵਾਨਾਂ ਨੇ 'ਦਲ ਖ਼ਾਲਸਾ' ਦੀ ਸਥਾਪਨਾ ਕੀਤੀ, ਉਨ੍ਹਾਂ 'ਚੋਂ ਬਹੁਤੇ ਇਨ੍ਹਾਂ ਕਠਿਨ ਹਾਲਤਾਂ ਵਿੱਚ ਹੀ ਪਰਵਾਨ ਚੜ੍ਹੇ ਸਨ।

ਅੱਸੀਵਿਆਂ ਤਕ ਜਾ ਕੇ ਬਾਹਰਮੁਖੀ ਹਾਲਤਾਂ ਤੇਜ਼ੀ ਨਾਲ ਤਿੱਖੀ ਕਰਵੱਟ ਲੈ ਤੁਰੀਆਂ। ਸਭ ਤੋਂ ਅਹਿਮ ਗੱਲ ਇਹ ਸੀ ਕਿ ਸਿੱਖ ਗਰਮ-ਖ਼ਿਆਲੀ ਧਾਰਾ ਦੇ ਵਹਿਣ ਨੂੰ ਬੰਨ੍ਹ ਮਾਰ ਰਹੇ ਦੋਨੋਂ ਹੀ ਨੱਕੇ, ਇੱਕੋ ਵੇਲੇ, ਤੇਜ਼ੀ ਨਾਲ ਖੁਰਨੇ ਸ਼ੁਰੂ ਹੋ ਗਏ। ਸੰਸਾਰ ਪੱਧਰ 'ਤੇ ਹੀ ਅਜਿਹੀਆਂ ਬਹੁਤ ਸਾਰੀਆਂ ਘਟਨਾਵਾਂ ਤੇ ਤਬਦੀਲੀਆਂ ਵਾਪਰ ਗਈਆਂ ਜਿਨ੍ਹਾਂ ਕਰਕੇ ਕਮਿਊਨਿਸਟ ਲਹਿਰ ਦੀ ਲਗਭਗ ਇਕ ਸਦੀ ਤੋਂ ਚੜ੍ਹੀ ਹੋਈ ਛੱਲ ਯਕਦਮ ਤੇਜ਼ੀ ਨਾਲ ਲੱਥਣੀ ਸ਼ੁਰੂ ਹੋ ਗਈ। ਸੋਵੀਅਤ ਯੂਨੀਅਨ ਦੇ ਅਸਲੀ ਖਿੰਡਾਅ ਤੋਂ ਪਹਿਲਾਂ ਹੀ ਸੰਸਾਰ ਪੱਧਰ 'ਤੇ ਮਾਰਕਸਵਾਦੀ ਵਿਚਾਰਧਾਰਾ ਦਾ ਸੰਕਟ ਤੇ ਕਮਿਊਨਿਸਟ ਲਹਿਰ ਦਾ ਨਿਘਾਰ ਵਿਕਸਤ ਪੜਾਅ 'ਤੇ ਪਹੁੰਚ ਚੁੱਕਾ ਸੀ। ਇਸ ਦੇ ਸਿੱਟੇ ਵਜੋਂ ਸੱਤਰਵਿਆਂ ਦੇ ਅਖ਼ੀਰ ਤਕ ਜਾ ਕੇ ਪੰਜਾਬ ਅੰਦਰ ਕਮਿਊਨਿਸਟ ਲਹਿਰ ਦਾ ਤਪ-ਤੇਜ ਪੂਰੀ ਤਰ੍ਹਾਂ

ਢੈਲਾ ਪੈ ਗਿਆ ਸੀ ਅਤੇ ਨਾ ਸਿਰਫ਼ ਇਸ ਅੰਦਰ ਨਵੇਂ ਤੱਤਾਂ ਨੂੰ ਆਪਣੇ ਵੱਲ ਖਿੱਚਣ ਦੀ ਸ਼ਕਤੀ ਨਹੀਂ ਸੀ ਰਹਿ ਗਈ ਸਗੋਂ ਪਹਿਲੇ ਆਧਾਰ ਨੂੰ ਸਲਾਮਤ ਰੱਖ ਸਕਣ ਦੀ ਸਮਰੱਥਾ ਵੀ ਜਾਂਦੀ ਰਹੀ ਸੀ। ਇਸ ਤਰ੍ਹਾਂ ਸਿੱਖ ਸੰਘਰਸ਼ ਦੇ ਰਾਹ ਦਾ ਇਕ ਵੱਡਾ ਵਿਚਾਰਧਾਰਕ ਤੇ ਅਮਲੀ ਵਿਰੋਧ-ਅੜਿੱਕਾ ਦੂਰ ਹੋ ਜਾਣ ਨਾਲ ਸਿੱਖ ਗਰਮ-ਖ਼ਿਆਲੀ ਧਾਰਾ ਦੇ ਵਿਕਾਸ ਲਈ ਅਨੁਕੂਲ ਹਾਲਤ ਪੈਦਾ ਹੋ ਗਈ।

ਇਸੇ ਦੇ ਨਾਲ ਹੀ ਇਸੇ ਸਮੇਂ ਦੌਰਾਨ ਰਵਾਇਤੀ ਅਕਾਲੀ ਰਾਜਨੀਤੀ ਦਾ ਸੰਕਟ ਵੀ ਲਗਾਤਾਰ ਗਹਿਰਾਉਂਦਾ ਚਲਾ ਗਿਆ। 1947 ਤੋਂ ਲੈ ਕੇ ਹੀ ਅਕਾਲੀ ਰਾਜਨੀਤੀ ਦੀ ਹੋਣੀ ਦੀ ਡੋਰ ਵੱਧ ਭਾਰਤ ਦੇ ਹਿੰਦੂ ਹੁਕਮਰਾਨਾਂ ਦੇ ਹੱਥਾਂ ਵਿੱਚ ਰਹੀ ਹੈ। ਸਿੱਖਾਂ ਦੇ ਸ਼ਿਕਵਿਆਂ, ਮੰਗਾਂ ਤੇ ਮਸਲਿਆਂ ਪ੍ਰਤੀ ਉਨ੍ਹਾਂ ਦਾ ਰੁਖ਼ ਅਕਾਲੀ ਲੀਡਰਸ਼ਿਪ ਦੇ ਰਾਜਸੀ ਨਸੀਬਾਂ ਉੱਤੇ ਸਿੱਧਾ ਅਸਰ ਛੱਡਦਾ ਰਿਹਾ ਹੈ। ਸੱਤਰਵਿਆਂ ਦੇ ਅੰਤ ਤਕ ਆਮ ਰੂਪ ਵਿੱਚ ਹਾਲਤ ਇਹ ਬਣੀ ਰਹੀ ਕਿ ਹਿੰਦੂ ਹੁਕਮਰਾਨਾਂ ਦਾ ਸਿੱਖ-ਦੋਖੀ ਵਿਹਾਰ ਅਕਾਲੀ ਲੀਡਰਸ਼ਿਪ ਲਈ ਦੁਸ਼ਵਾਰੀਆਂ ਵੀ ਪੈਦਾ ਕਰਦਾ ਰਿਹਾ ਪਰ ਨਾਲ ਹੀ ਲਾਹੇਵੰਦਾ ਵੀ ਸਾਬਤ ਹੁੰਦਾ ਰਿਹਾ। ਇਸ ਵਿਹਾਰ ਸਦਕਾ ਸਿੱਖ ਕੌਮ ਅੰਦਰ ਪੈਦਾ ਹੋਣ ਵਾਲੀ ਬੇਚੈਨੀ ਅਕਾਲੀ ਲੀਡਰਸ਼ਿਪ ਨੂੰ ਰਾਜਨੀਤਕ ਖ਼ੁਰਾਕ ਬਣ ਕੇ ਲੱਗਦੀ ਰਹੀ। ਪਰ ਨਾਲ ਹੀ, ਸਿੱਖ ਕੌਮ ਦੀਆਂ ਮੰਗਾਂ ਤੇ ਮਸਲਿਆਂ ਪ੍ਰਤੀ ਕੇਂਦਰੀ ਹਾਕਮਾਂ ਦਾ ਕਰੜਾ ਨਾਂਹ-ਪੱਖੀ ਰੁਖ਼ ਕਈ ਵਾਰ ਅਕਾਲੀ ਲੀਡਰਸ਼ਿਪ ਲਈ ਰਾਜਸੀ ਔਕੜਾਂ ਵੀ ਪੈਦਾ ਕਰਦਾ ਰਿਹਾ। ਜਦ ਕਿਸੇ ਵਰਗ ਨਾਲ ਲਗਾਤਾਰ ਤੇ ਲੰਮੇ ਚਿਰ ਲਈ ਬੇਇਨਸਾਫ਼ੀ ਤੇ ਧੱਕੇਸ਼ਾਹੀ ਵਰਤਦੀ ਰਹੇ ਅਤੇ ਉਸ ਦੇ ਹੱਕੀ ਉਲਾਮ੍ਹਿਆਂ ਤੇ ਵਾਜਬ ਮੰਗਾਂ ਪ੍ਰਤੀ ਲਗਾਤਾਰ ਨਕਾਰੀ ਰਵੱਈਆ ਧਾਰਨ ਕੀਤਾ ਜਾਂਦਾ ਰਹੇ ਤਾਂ ਇਕ ਪੜਾਅ 'ਤੇ ਜਾ ਕੇ ਉਸ ਦੀ ਔਖ ਤੇ ਬੇਚੈਨੀ ਪਰਵਾਨਤ ਮਰਿਆਦਾ ਦੀਆਂ ਹੱਦਾਂ ਨੂੰ ਉਲੰਘਣ ਦੀ ਰੁਚੀ ਤੇ ਦਿਸ਼ਾ ਅਖ਼ਤਿਆਰ ਕਰ ਜਾਂਦੀ ਹੈ। ਇਸ ਨਾਲ ਹਾਕਮ ਧਿਰ ਲਈ ਤਾਂ ਜੋ ਔਕੜਾਂ ਪੈਦਾ ਹੁੰਦੀਆਂ ਹਨ ਸੋ ਹੁੰਦੀਆਂ ਹਨ, ਨਾਲ ਹੀ ਮਹਿਕੂਮ ਧਿਰ ਦੀ ਨਰਮ-ਖ਼ਿਆਲੀ ਰਾਜਸੀ ਲੀਡਰਸ਼ਿਪ ਲਈ ਵੀ ਗੰਭੀਰ ਪ੍ਰੇਸ਼ਾਨੀਆਂ ਖੜੀਆਂ ਹੋਣ ਲੱਗਦੀਆਂ ਹਨ। ਪੰਜਾਬੀ ਸੂਬੇ ਦੇ ਲੰਮੇ ਸੰਘਰਸ਼ ਦੌਰਾਨ ਤੇ ਉਸ ਤੋਂ ਬਾਅਦ ਪੰਜਾਬ ਨਾਲ ਹੋਏ ਅਨਿਆਂ ਤੇ ਧੱਕੇ ਨੂੰ ਦੂਰ ਕਰਾਉਣ ਲਈ ਚੱਲੀ ਲਮਕਵੀਂ ਜਦੋਜਹਿਦ ਦੇ ਅਮਲ ਦੌਰਾਨ ਅਕਾਲੀ ਲੀਡਰਸ਼ਿਪ ਸਾਹਮਣੇ ਕਈ ਮੌਕਿਆਂ 'ਤੇ ਅਜਿਹੀਆਂ ਸੰਕਟਮਈ ਸਥਿਤੀਆਂ ਪੈਦਾ ਹੋਈਆਂ। ਪਰ ਉਸ ਵੇਲੇ ਸਮੁੱਚਾ ਮਾਹੌਲ ਤੇ ਪ੍ਰਸੰਗ ਕੁਝ ਅਜਿਹਾ ਸੀ ਕਿ ਅਕਾਲੀ ਲੀਡਰਸ਼ਿਪ ਹਰ ਵਾਰ ਮੌਕੇ ਨੂੰ ਬੋਚਣ ਵਿੱਚ ਸਫਲ ਹੋ ਜਾਂਦੀ ਰਹੀ। ਅਕਾਲੀ ਲੀਡਰਸ਼ਿਪ ਲਈ ਵੱਧ ਦੁਸ਼ਵਾਰੀਆਂ ਉਦੋਂ ਖੜੀਆਂ ਹੋਈਆਂ ਜਦ 1977 ਵਿੱਚ ਅਕਾਲੀ ਦਲ ਨੂੰ ਇਤਿਹਾਸ ਅੰਦਰ ਪਹਿਲੀ ਵਾਰ ਵਿਧਾਨ ਸਭਾ ਅੰਦਰ ਆਪਣੀ ਨਿਰੋਲ ਬਹੁਗਿਣਤੀ ਨਸੀਬ ਹੋ ਗਈ ਅਤੇ ਕੇਂਦਰ ਵਿੱਚ ਵੀ ਕਾਂਗਰਸੀ ਹਾਕਮਾਂ ਦੀ ਜਗ੍ਹਾ ਅਕਾਲੀ ਦਲ ਦੀਆਂ ਸੰਗੀ ਤਾਕਤਾਂ ਦੀ ਹਕੂਮਤ ਕਾਇਮ ਹੋ ਗਈ। ਇਸ ਨੂੰ ਅਕਾਲੀ ਲੀਡਰਸ਼ਿਪ ਦੇ ਮਾੜੇ ਨਸੀਬ ਹੀ ਸਮਝਿਆ ਜਾਣਾ ਚਾਹੀਦਾ ਹੈ ਕਿ ਬੜੀ ਮੁਸ਼ਕਲ ਤੇ ਮੁੱਦਤ ਤੋਂ ਬਾਅਦ ਜੁੜਿਆ ਇਹ ਸੰਜੋਗੀ ਮੌਕਾ ਉਸ ਲਈ ਵਰ ਨਾਲੋਂ ਵੱਧ ਸਰਾਪ ਹੋ ਗੁਜ਼ਰਿਆ। ਨਵੇਂ ਕੇਂਦਰੀ ਹਾਕਮਾਂ ਵੱਲੋਂ ਵੀ ਸਿੱਖਾਂ ਦੀਆਂ ਮੰਗਾਂ ਪ੍ਰਤੀ ਕਰੜਾ ਨਾਂਹ-ਪੱਖੀ ਰੁਖ਼ ਅਖ਼ਤਿਆਰ ਕਰ ਲੈਣਾ ਕੋਈ ਹੈਰਾਨੀ ਵਾਲੀ ਗੱਲ ਨਹੀਂ ਸੀ। ਨਵੀਂ ਗੱਲ ਇਹ ਸੀ ਕਿ ਇਸ ਵਾਰ ਅਕਾਲੀ ਆਗੂਆਂ ਕੋਲ ਕੇਂਦਰੀ ਹਾਕਮਾਂ ਤੋਂ ਆਪਣੀਆਂ ਮੰਗਾਂ ਨਾ ਮੰਨਵਾ ਸਕਣ ਦਾ ਬਹਾਨਾ ਕੋਈ ਨਹੀਂ ਸੀ। ਇਸ ਕਰਕੇ, ਸਿੱਖ ਕੌਮ ਦੇ ਤਕੜੇ ਹਿੱਸਿਆਂ ਨੇ ਅਕਾਲੀ ਲੀਡਰਸ਼ਿਪ ਦੀ ਇਸ ਨਾਕਾਮੀ ਨੂੰ ਉਸ

ਦੀ ਨਲਾਇਕੀ ਵਜੋਂ ਦੇਖਣਾ ਸ਼ੁਰੂ ਕਰ ਦਿੱਤਾ। ਜਨਤਾ ਸਰਕਾਰ ਦੇ ਇਸ ਨਾਂਹ-ਪੱਖੀ ਤਜਰਬੇ ਦਾ ਅਕਾਲੀ ਲੀਡਰਸ਼ਿਪ ਨੂੰ ਵੱਡਾ ਰਾਜਨੀਤਕ ਨੁਕਸਾਨ ਇਹ ਹੋਇਆ ਕਿ ਜਦ ਇੰਦਰਾ ਗਾਂਧੀ ਨੇ 1980 ਵਿੱਚ ਸੱਤਾ ਵਿੱਚ ਵਾਪਸ ਆਉਂਦਿਆਂ ਹੀ ਅਕਾਲੀ ਸਰਕਾਰ ਬਰਖ਼ਾਸਤ ਕਰ ਦਿੱਤੀ ਤਾਂ ਇਹ ਅਨੋਖੀ ਗੱਲ ਦੇਖਣ ਵਿੱਚ ਆਈ ਕਿ ਜਿਥੇ ਆਮ ਤੋਂ ਆਮ ਸਿੱਖ ਜਨਤਾ ਨੇ ਵੀ ਇਸ ਨੂੰ ਕਾਂਗਰਸੀ ਹਾਕਮਾਂ ਦੀ ਸਿੱਖ ਕੌਮ ਨਾਲ ਇਕ ਹੋਰ ਰੜਕਵੀਂ ਵਧੀਕੀ ਵਜੋਂ ਲਿਆ, ਉਥੇ ਇਸ ਨਾਲ ਆਮ ਸਿੱਖ ਜਨਤਾ ਅੰਦਰ ਅਕਾਲੀ ਲੀਡਰਸ਼ਿਪ ਪ੍ਰਤੀ ਹਮਦਰਦੀ ਦੀ ਉਹ ਭਾਵਨਾ ਤੇ ਲਹਿਰ ਪੈਦਾ ਨਹੀਂ ਹੋਈ ਜੋ ਪਹਿਲੇ ਦੋ ਮੌਕਿਆਂ (1967 ਤੇ 1971) 'ਤੇ ਦੇਖੀ ਗਈ ਸੀ। ਇਸੇ ਤਰ੍ਹਾਂ, 1980 ਤੋਂ ਬਾਅਦ ਇੰਦਰਾ ਗਾਂਧੀ ਦੁਆਰਾ ਸਿੱਖ ਕੌਮ ਪ੍ਰਤੀ ਧਾਰਨ ਕੀਤੇ ਦੁਸ਼ਮਣ-ਖ਼ੋਰ ਰਵੱਈਏ ਦਾ ਅਕਾਲੀ ਲੀਡਰਸ਼ਿਪ ਨੂੰ, ਪਹਿਲੀਆਂ ਦੇ ਮੁਕਾਬਲੇ, ਰਾਜਨੀਤਕ ਲਾਭ ਬਹੁਤ ਹੀ ਘੱਟ ਤੇ ਨੁਕਸਾਨ ਪੁੱਜ ਕੇ ਹੋਇਆ। ਉਸ ਦੇ ਹਿੱਸੇ ਦਾ ਸਾਰਾ ਲਾਭ, ਦੂਣ ਸਵਾਇਆ ਹੋ ਕੇ, ਗਰਮ-ਖ਼ਿਆਲੀ ਧਾਰਾ ਦੇ ਖਾਤੇ 'ਚ ਜਮ੍ਹਾਂ ਹੁੰਦਾ ਗਿਆ। ਇਹ ਹਾਲਤ ਰਵਾਇਤੀ ਅਕਾਲੀ ਰਾਜਨੀਤੀ ਦੇ ਗੰਭੀਰ ਸੰਕਟ ਦੀ ਦੱਸ ਪਾਉਂਦੀ ਸੀ। ਇਸ 'ਚੋਂ ਇਹ ਰਾਜਸੀ ਨਿਰਣਾ ਕੱਢਣਾ ਕੋਈ ਔਖਾ ਨਹੀਂ ਸੀ ਰਿਹਾ ਕਿ ਰਵਾਇਤੀ ਅਕਾਲੀ ਰਾਜਨੀਤੀ ਤੇਜ਼ੀ ਨਾਲ ਦਮੋਂ ਨਿਕਲਦੀ ਜਾ ਰਹੀ ਸੀ ਅਤੇ ਇਸ ਦੇ ਸੁਭਾਵਿਕ ਨਤੀਜੇ ਵਜੋਂ ਗਰਮ-ਖ਼ਿਆਲੀ ਧਾਰਾ ਦੇ ਵਿਕਾਸ ਦੇ ਰਾਹ ਖੁੱਲ੍ਹੀ ਜਾ ਰਹੇ ਸਨ। ਸੱਤਰਵਿਆਂ ਦੇ ਅਖ਼ੀਰ ਤੇ ਅੱਸੀਵਿਆਂ ਦੇ ਸ਼ੁਰੂ ਵਿੱਚ ਸਿੱਖ ਪੰਥ ਅੰਦਰ ਗਰਮ-ਖ਼ਿਆਲੀ ਰਾਜਨੀਤਕ ਫ਼ਰੰਟ ਉੱਤੇ ਤਿੱਖੀ ਸਿਧਾਂਤਕ ਤੇ ਅਮਲੀ ਸਰਗਰਮੀ ਸ਼ੁਰੂ ਹੋ ਗਈ। ਨਵੇਂ ਗਰਮ-ਖ਼ਿਆਲੀ ਮੰਚ ਤੇ ਸੰਗਠਨ ਹੋਂਦ ਵਿੱਚ ਆਉਣ ਲੱਗੇ ਅਤੇ ਵਿਚਾਰ-ਸੰਮੇਲਨਾਂ, ਕਨਵੈਨਸ਼ਨਾਂ ਤੇ ਕਾਨਫ਼ਰੰਸਾਂ ਦੇ ਜ਼ਰੀਏ ਰਵਾਇਤ ਨਾਲੋਂ ਹਟਵੀਆਂ ਤਿੱਖੀਆਂ ਸਿਧਾਂਤਕ ਪੋਜ਼ੀਸ਼ਨਾਂ ਦੇ ਖੁੱਲ੍ਹੇ ਐਲਾਨ ਹੋਣ ਲੱਗ ਪਏ।

## ਅਕਾਲੀ ਵਿਚਾਰਧਾਰਾ ਨੂੰ ਖੁੱਲ੍ਹੀ ਚੁਣੌਤੀ

6 ਅਗਸਤ 1978 ਨੂੰ ਕੁੱਝ ਗਰਮ-ਖ਼ਿਆਲੀ ਸਿੱਖ ਨੌਜੁਆਨਾਂ ਨੇ ਚੰਡੀਗੜ੍ਹ ਦੇ ਇਕ ਗੁਰਦੁਆਰੇ (ਅਕਾਲਗੜ੍ਹ) ਅੰਦਰ ਭਰਵੀਂ ਮੀਟਿੰਗ ਕਰ ਕੇ 'ਦਲ ਖ਼ਾਲਸਾ' ਨਾਂ ਦੀ ਇਕ ਜੁਝਾਰੂ ਜਥੇਬੰਦੀ ਕਾਇਮ ਕਰਨ ਦਾ ਫ਼ੈਸਲਾ ਕਰ ਲਿਆ। 13 ਅਗਸਤ ਨੂੰ ਚੰਡੀਗੜ੍ਹ ਦੇ ਅਰੋਮਾ ਹੋਟਲ ਵਿਖੇ ਇਕ ਪ੍ਰੈੱਸ ਕਾਨਫ਼ਰੰਸ ਅੰਦਰ ਇਸ ਜਥੇਬੰਦੀ ਦੀ ਸਥਾਪਨਾ ਦਾ ਬਾਕਾਇਦਾ ਐਲਾਨ ਕਰ ਦਿੱਤਾ ਗਿਆ।[13] ਇਸ ਸੰਗਠਨ ਨੇ ਅਕਾਲੀ ਲੀਡਰਸ਼ਿਪ ਦੀ ਨਰਮ-ਖ਼ਿਆਲੀ ਵਿਚਾਰਧਾਰਾ ਤੇ ਰਾਜਨੀਤੀ ਦੀ ਤਿੱਖੀ ਸਿਧਾਂਤਕ ਪੜਚੋਲ ਕਰਦਿਆਂ ਹੋਇਆਂ ਆਪਣੀ ਗਰਮ-ਖ਼ਿਆਲੀ ਵਿਚਾਰਧਾਰਾ ਦਾ ਜ਼ੋਰ-ਸ਼ੋਰ ਨਾਲ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਸੇ ਲੜੀ ਵਿੱਚ ਹੋਰ ਵਾਧਾ ਕਰਦਿਆਂ ਹੋਇਆਂ ਡਾਕਟਰ ਜਗਜੀਤ ਸਿੰਘ ਚੌਹਾਨ ਨੇ 1980 ਵਿੱਚ ਵਿਸਾਖੀ ਦੇ ਪੁਰਬ 'ਤੇ ਆਨੰਦਪੁਰ ਸਾਹਿਬ ਵਿਖੇ ਇਕ ਨਾਮਧਰੀਕ ਕਨਵੈਨਸ਼ਨ ਕਰ ਕੇ 'ਨੈਸ਼ਨਲ ਕੌਂਸਲ ਆਫ਼ ਖ਼ਾਲਿਸਤਾਨ' ਨਾਂ ਦੀ ਸੰਸਥਾ ਦਾ ਐਲਾਨ ਕਰ ਦਿੱਤਾ। ਉਸ ਨੇ ਆਪਣੇ ਆਪ ਨੂੰ ਇਸ ਕੌਂਸਲ ਦਾ ਪ੍ਰਧਾਨ ਥਾਪ ਲਿਆ ਤੇ ਬਲਬੀਰ ਸਿੰਘ ਸੰਧੂ ਨੂੰ ਸਕੱਤਰ ਜਨਰਲ ਕਰਾਰ ਦੇ ਦਿੱਤਾ। ਦੋ ਕੁ ਮਹੀਨਿਆਂ ਬਾਅਦ ਡਾ. ਜਗਜੀਤ ਸਿੰਘ ਨੇ ਲੰਡਨ ਤੋਂ ਖ਼ਾਲਿਸਤਾਨ ਗਣਰਾਜ ਦੀ ਸਥਾਪਨਾ ਦਾ ਐਲਾਨ ਕਰ ਦਿੱਤਾ ਅਤੇ ਬਲਬੀਰ ਸਿੰਘ ਸੰਧੂ ਨੇ ਦਰਬਾਰ ਸਾਹਿਬ ਤੋਂ, ਪ੍ਰਤੀਕ ਰੂਪ ਵਿੱਚ,

ਖ਼ਾਲਿਸਤਾਨ ਦਾ ਕੌਮੀ ਝੰਡਾ, ਸਿੱਕਾ ਤੇ ਡਾਕ ਟਿਕਟਾਂ ਆਦਿ ਜਾਰੀ ਕਰ ਦਿੱਤੀਆਂ।[14] ਬੇਸ਼ੱਕ ਡਾ. ਚੌਹਾਨ ਦੀ ਇਸ ਕਾਰਵਾਈ ਅੰਦਰ 'ਸ਼ੋਸ਼ੇਬਾਜ਼ੀ' ਦਾ ਅੰਸ਼ ਭਾਰੂ ਸੀ ਅਤੇ ਉਹ ਇੰਗਲੈਂਡ ਵਿਖੇ ਆਪਣੇ ਪਰਵਾਸ ਦੌਰਾਨ ਲਗਭਗ ਇਕ ਦਹਾਕੇ ਤੋਂ ਲਗਾਤਾਰ ਅਜਿਹੀਆਂ ਕਾਰਵਾਈਆਂ ਕਰਦਾ ਆ ਰਿਹਾ ਸੀ। ਪਰ ਜੋ ਪਹਿਲਾਂ ਨਿਰੋਲ 'ਸ਼ੋਸ਼ੇਬਾਜ਼ੀ' ਸੀ, ਉਹ ਨਵੇਂ ਵਿਗਸ-ਉਭਰ ਰਹੇ ਮਾਹੌਲ ਵਿੱਚ, ਖ਼ਾਲਿਸਤਾਨ ਦੇ ਸੰਕਲਪ ਦਾ ਪ੍ਰਚਾਰ-ਪਸਾਰ ਕਰਨ ਦੀ ਦ੍ਰਿਸ਼ਟੀ ਤੋਂ, 'ਸ਼ੋਸ਼ੇਬਾਜ਼ੀ' ਨਾਲੋਂ ਥੋੜੇ ਵੱਖਰੇ ਤੇ ਸੰਜੀਦਾ ਅਰਥ ਗ੍ਰਹਿਣ ਕਰ ਗਈ ਸੀ।

ਇਸੇ ਤਰ੍ਹਾਂ 14-15 ਮਾਰਚ 1981 ਨੂੰ ਚੀਫ਼ ਖ਼ਾਲਸਾ ਦੀਵਾਨ ਦੀ ਚੰਡੀਗੜ੍ਹ ਵਿਖੇ ਹੋਈ 54ਵੀਂ ਸਿੱਖ ਵਿਦਿਅਕ ਕਾਨਫ਼ਰੰਸ ਅੰਦਰ ਅਮਰੀਕਾ ਤੋਂ ਪਧਾਰੇ ਡਾ. ਗੰਗਾ ਸਿੰਘ ਢਿੱਲੋਂ ਨੇ ਆਪਣੇ ਪ੍ਰਧਾਨਗੀ ਭਾਸ਼ਣ ਅੰਦਰ ਵੱਖਰੀ ਸਿੱਖ ਕੌਮ ਦੀ ਧਾਰਨਾ ਦੀ ਜ਼ੋਰਦਾਰ ਵਜ਼ਾਹਤ ਕਰਦਿਆਂ ਹੋਇਆਂ ਸਿੱਖਾਂ ਦੇ ਕੇਸ ਨੂੰ ਕੌਮਾਂਤਰੀ ਪੱਧਰ 'ਤੇ ਲਿਜਾਣ ਲਈ ਸਿੱਖਾਂ ਸਾਹਮਣੇ ਫ਼ਲਸਤੀਨ ਮੁਕਤੀ ਸੰਗਠਨ (PLO) ਵਾਂਗ ਯੂ.ਐਨ.ਓ. ਦੀ ਸਹਿਯੋਗੀ ਮੈਂਬਰਸ਼ਿਪ (associate membership) ਹਾਸਲ ਕਰਨ ਦੀ ਤਜਵੀਜ਼ ਪੇਸ਼ ਕੀਤੀ। ਹਾਜ਼ਰ ਸਰੋਤਿਆਂ ਨੂੰ ਇਹ ਤਜਵੀਜ਼ ਐਨੀ ਭਾਈ ਕਿ ਉਨ੍ਹਾਂ ਇਸ ਦਾ ਜੋਸ਼ੀਲੇ ਜੈਕਾਰਿਆਂ ਨਾਲ ਸੁਆਗਤ ਕੀਤਾ। ਮੌਕੇ 'ਤੇ ਹਾਜ਼ਰ ਗਰਮ-ਮਿਜ਼ਾਜ ਸਿੱਖ ਨੌਜਵਾਨਾਂ ਨੇ ਉਤੇਜਨਾ ਵਿੱਚ ਆ ਕੇ 'ਖ਼ਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਇਸ ਤੋਂ ਪਹਿਲਾਂ ਸਿੱਖ ਜਨਤਾ ਵੱਲੋਂ ਜਾਂ ਤਾਂ ਅਜਿਹੇ ਨਾਅਰਿਆਂ ਨੂੰ ਅਣਗੌਲਿਆਂ ਕਰ ਦਿੱਤਾ ਜਾਂਦਾ ਸੀ ਜਾਂ ਕਈ ਵਾਰ ਨਾਪਸੰਦ ਵੀ ਕੀਤਾ ਜਾਂਦਾ ਸੀ। ਪਰ ਹੁਣ ਸਿੱਖ ਜਨਤਾ ਦੇ ਰੌਅ ਅੰਦਰ ਆਈ ਤਬਦੀਲੀ ਪ੍ਰਤੱਖ ਪਛਾਣੀ ਜਾ ਸਕਦੀ ਸੀ। ਹੁਣ ਖ਼ਾਲਿਸਤਾਨ ਦਾ ਨਾਅਰਾ ਸਿੱਖ ਜਨਤਾ ਲਈ ਓਨਾ ਓਪਰਾ ਤੇ ਗ਼ੈਰ ਨਹੀਂ ਸੀ ਰਿਹਾ। ਪੰਜਾਬ ਸਰਕਾਰ ਦੇ ਸਿਹਤ ਮਹਿਕਮੇ ਦੇ ਡਾਇਰੈਕਟਰ ਦੀ ਪਦਵੀ ਤੋਂ ਸੇਵਾ-ਮੁਕਤ ਹੋਏ ਡਾ. ਸੋਹਣ ਸਿੰਘ ਨੇ ਚੰਡੀਗੜ੍ਹ ਕਾਨਫ਼ਰੰਸ ਅੰਦਰ ਖ਼ਾਲਿਸਤਾਨ ਦੇ ਵਿਚਾਰ ਦੀ ਖੁੱਲ੍ਹ ਕੇ ਵਜ਼ਾਹਤ ਕੀਤੀ ਅਤੇ ਮੌਕੇ 'ਤੇ ਹਾਜ਼ਰ ਵਿਅਕਤੀਆਂ 'ਚੋਂ ਕਿਸੇ ਨੇ ਵੀ ਇਸ ਦਾ ਸਿੱਧਾ ਵਿਰੋਧ ਕਰਨ ਦਾ ਹੀਆ ਨਹੀਂ ਕੀਤਾ। ਕਾਨਫ਼ਰੰਸ ਨੇ ਸਿੱਖਾਂ ਨੂੰ ਇਕ ਵੱਖਰੀ ਕੌਮ ਕਰਾਰ ਦੇਣ ਅਤੇ ਇਸ ਆਧਾਰ 'ਤੇ ਉਨ੍ਹਾਂ ਲਈ ਯੂ.ਐਨ.ਓ. ਦੀ ਸਹਿਯੋਗੀ ਮੈਂਬਰਸ਼ਿਪ ਦੀ ਮੰਗ ਕਰਨ ਬਾਰੇ ਸਰਬਸੰਮਤੀ ਨਾਲ ਮਤਾ ਪਾਸ ਕਰ ਦਿੱਤਾ।[15]

ਡਾ. ਜਗਜੀਤ ਸਿੰਘ ਚੌਹਾਨ ਵੱਲੋਂ ਖ਼ਾਲਿਸਤਾਨ ਦੀ ਸਥਾਪਨਾ ਦਾ ਐਲਾਨ ਕਰਨ ਉੱਤੇ ਹਿੰਦੂ ਪ੍ਰੈਸ ਨੇ ਜ਼ਰੂਰ ਆਪਣੀ ਆਦਤ ਮੁਤਾਬਕ ਤਿੱਖਾ ਚੀਕ-ਚਿਹਾੜਾ ਪਾਇਆ ਪਰ ਸਰਕਾਰੀ ਹਲਕਿਆਂ ਨੇ ਇਸ ਐਲਾਨ ਨੂੰ ਬਹੁਤਾ ਨਹੀਂ ਸੀ ਗੌਲਿਆ। ਪ੍ਰੰਤੂ ਚੀਫ਼ ਖ਼ਾਲਸਾ ਦੀਵਾਨ ਵਰਗੀ ਇਕ ਸਦੀ ਤੋਂ ਵੀ ਵੱਧ ਪੁਰਾਣੀ ਤੇ ਪਤਵੰਤੀ ਸਿੱਖ ਸੰਸਥਾ ਦੇ ਇਸ ਮਤੇ ਨੂੰ ਅਣਗੌਲਿਆਂ ਨਹੀਂ ਸੀ ਕੀਤਾ ਜਾ ਸਕਦਾ। ਆਜ਼ਾਦ ਭਾਰਤ ਅੰਦਰ ਕਿਸੇ ਜ਼ਿੰਮੇਵਾਰ ਤੇ ਬਾਵਕਾਰ ਸਿੱਖ ਸੰਸਥਾ ਵੱਲੋਂ ਅਜਿਹਾ ਮਤਾ ਪਾਸ ਕਰਨ ਦੀ ਇਹ ਪਹਿਲੀ ਘਟਨਾ ਸੀ। ਇਸ ਕਰਕੇ ਦੇਸ ਭਰ ਦੀਆਂ ਹਿੰਦੂ ਤਾਕਤਾਂ ਤੇ ਸਰਕਾਰੀ ਹਲਕਿਆਂ ਨੇ ਇਸ ਉੱਤੇ ਤਿੱਖਾ ਪ੍ਰਤੀਕਰਮ ਪ੍ਰਗਟਾਇਆ। ਇਸ ਨੂੰ ਪਾਕਿਸਤਾਨ ਦੇ ਹਾਕਮਾਂ ਦੀ ਸ਼ਹਿ ਉੱਤੇ ਦੇਸ ਨੂੰ ਟੁਕੜੇ-ਟੁਕੜੇ ਕਰਨ ਦੀ ਭਾਰਤ-ਵਿਰੋਧੀ ਸਾਜ਼ਿਸ਼ ਵਜੋਂ ਪੇਸ਼ ਕੀਤਾ ਜਾਣ ਲੱਗਾ। ਦੇਸ ਦੇ ਲੋਕਾਂ ਦੀਆਂ 1947 ਦੀ ਵੰਡ ਦੇ ਖ਼ਿਲਾਫ਼ ਵਿਆਪਕ ਭਾਵਨਾਵਾਂ ਨੂੰ ਸਿੱਖ ਕੌਮ ਦੀ ਆਜ਼ਾਦੀ ਦੀ ਰੀਝ ਤੇ ਮੰਗ ਦੇ ਖ਼ਿਲਾਫ਼ ਖੜਾ ਕਰਨ ਦੀ ਨੀਤ ਨਾਲ 'ਦੋ ਕੌਮਾਂ ਦੇ ਸਿਧਾਂਤ' ਨੂੰ ਹੋਰ ਵੱਧ ਜ਼ੋਰ ਨਾਲ ਭੰਡਿਆ ਜਾਣ ਲੱਗਾ ਅਤੇ ਵੱਖਰੀ ਸਿੱਖ

ਕੌਮ ਦੀ ਧਾਰਨਾ ਦੀ 'ਦੋ ਕੌਮਾਂ ਦੇ ਸਿਧਾਂਤ' ਨਾਲ ਕੜੀ ਜੋੜ ਕੇ ਦੇਸ ਦੇ ਲੋਕਾਂ ਸਾਹਮਣੇ ਇਕ ਹੋਰ ਕੁਲਹਿਣੀ ਵੰਡ ਦਾ ਹਊਆ ਖੜਾ ਕੀਤਾ ਜਾਣ ਲੱਗਾ।

ਉਪਰੋਕਤ ਸਰਗਰਮੀਆਂ ਨੂੰ ਗਿਆਨੀ ਜ਼ੈਲ ਸਿੰਘ ਦੀ ਘਾੜਤ ਕਰਾਰ ਦੇਣ ਦੀ ਧਾਰਨਾ ਬੌਧਿਕ ਹਲਕਿਆਂ ਅੰਦਰ ਕਾਫ਼ੀ ਮਕਬੂਲ ਹੈ। ਇਹ ਗੱਲ ਵਿਆਪਕ ਪੱਧਰ ਉੱਤੇ ਪਰਚਾਰੀ ਤੇ ਪਰਵਾਨ ਕੀਤੀ ਗਈ ਹੈ ਕਿ 1977 ਵਿੱਚ ਸੱਤਾ ਤੋਂ ਮਹਿਰੂਮ ਹੋਏ ਗਿਆਨੀ ਨੇ ਅਕਾਲੀ ਆਗੂਆਂ ਲਈ ਰਾਜਸੀ ਪ੍ਰੇਸ਼ਾਨੀਆਂ ਖੜੀਆਂ ਕਰਨ ਦੇ ਉਦੇਸ਼ ਨਾਲ ਪੰਜਾਬ ਅੰਦਰ ਗਰਮ-ਖ਼ਿਆਲੀ ਤੱਤਾਂ ਨੂੰ ਉਤਸ਼ਾਹਤ ਕਰਨ ਦੀ ਸੌੜੀ ਰਾਜਨੀਤਕ ਖੇਡ ਖੇਡਣੀ ਸ਼ੁਰੂ ਕਰ ਦਿੱਤੀ ਜਿਸ ਦੇ ਸਿੱਟੇ ਵਜੋਂ ਪੰਜਾਬ ਅੰਦਰ ਫ਼ਿਰਕੂ ਬਦਅਮਨੀ ਦੇ ਭਾਂਬੜ ਬਲ ਉਠੇ। ਇਸ ਤੱਥ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਗਿਆਨੀ ਜ਼ੈਲ ਸਿੰਘ ਦੀ ਇਸ ਰਾਜਨੀਤਕ ਚਾਲਬਾਜ਼ੀ ਨੇ ਇਕ ਪੜਾਅ ਤਕ, ਯਕੀਨੀ ਤੌਰ 'ਤੇ ਗਰਮ-ਖ਼ਿਆਲੀ ਸਿੱਖ ਰਾਜਨੀਤੀ ਦਾ ਤਕੜਾ ਪੱਖ ਪੂਰਿਆ। ਕੁਝ ਗਰਮ-ਖ਼ਿਆਲੀ ਤੱਤਾਂ ਵੱਲੋਂ ਆਪਣੀਆਂ ਸਰਗਰਮੀਆਂ ਦੇ ਵਧਾਰੇ ਲਈ ਗਿਆਨੀ ਜ਼ੈਲ ਸਿੰਘ ਨਾਲ ਆਪਣੇ ਕਰੀਬੀ ਸਬੰਧਾਂ ਦਾ ਲਾਹਾ ਲੈਣ ਦੀ ਹਕੀਕਤ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਪਰ ਇਸਦਾ ਇਹ ਅਰਥ ਕਦਾਚਿਤ ਨਹੀਂ ਕਿ ਇਨ੍ਹਾਂ ਗਰਮ-ਖ਼ਿਆਲੀ ਤੱਤਾਂ ਦੀ ਆਪਣੀ ਕੋਈ ਸੁਤੰਤਰ ਸੋਚ ਨਹੀਂ ਸੀ ਅਤੇ ਉਹ ਜੋ ਵੀ ਕਰ ਰਹੇ ਸਨ ਗਿਆਨੀ ਜ਼ੈਲ ਸਿੰਘ ਦੇ ਇਸ਼ਾਰਿਆਂ ਉੱਤੇ ਜਾਂ ਉਸ ਦੀ ਸੋਚ ਤੇ ਰਜ਼ਾ ਅਨੁਸਾਰ ਹੀ ਕਰ ਰਹੇ ਸਨ। ਇਸ ਤਰ੍ਹਾਂ ਸੋਚਣਾ ਰਾਜਸੀ ਘਟਨਾਵਾਂ ਤੇ ਅਮਲਾਂ ਦੇ ਗੁੰਝਲਦਾਰ ਗਣਿਤ-ਵਿਗਿਆਨ ਨੂੰ ਸਰਲ ਅੰਕ-ਗਣਿਤ ਦੀ ਪੱਧਰ 'ਤੇ ਲਿਆ ਸੁੱਟਣਾ ਹੈ। ਇਹ ਗੱਲ ਕਤਈ ਤੌਰ 'ਤੇ ਨਹੀਂ ਮੰਨੀ ਜਾ ਸਕਦੀ ਕਿ ਗਿਆਨੀ ਜ਼ੈਲ ਸਿੰਘ ਨੇ ਜੋ ਅਤੇ ਜਿਵੇਂ ਚਾਹਿਆ, ਉਵੇਂ ਹੋ ਗਿਆ। ਇਸ ਤਰ੍ਹਾਂ ਨਾ ਕਦੇ ਹੋਇਆ ਹੈ, ਨਾ ਹੋ ਸਕਦਾ ਹੈ। ਕਿਉਂਕਿ ਆਪਣੀ ਕਿਸੇ ਰਾਜਨੀਤਕ ਸੋਚ ਜਾਂ ਲੋੜ ਤਹਿਤ ਕਿਸੇ ਸਿਆਸੀ ਰੁਝਾਨ ਨੂੰ ਉਤਸ਼ਾਹਤ ਵੀ ਕਰਨਾ ਤੇ ਨਾਲ ਹੀ ਆਪਣੀ ਇੱਛਾ ਮੁਤਾਬਕ ਉਸ ਨੂੰ ਇਕ ਸੀਮਾ ਤੋਂ ਅੱਗੇ ਜਾਣ ਤੋਂ ਰੋਕੀ ਰੱਖਣਾ ਕਤਈ ਤੌਰ 'ਤੇ ਮੁਮਕਿਨ ਨਹੀਂ ਹੁੰਦਾ। ਰਾਜਨੀਤਕ ਅਮਲ ਅਕਸਰ ਹੀ ਕਾਬੂ ਤੋਂ ਬਾਹਰੇ ਅਤੇ ਨਤੀਜੇ ਅਕਸਰ ਕਿਆਸੋਂ ਬਾਹਰੇ ਹੋ ਨਿਬੜਦੇ ਹਨ। ਇਸ ਬਾਰੇ ਪ੍ਰੋ. ਦਿਪਾਂਕਰ ਗੁਪਤਾ ਦਾ ਇਹ ਕਥਨ ਬਿਲਕੁਲ ਸੱਚਾ ਹੈ ਕਿ ਕੋਈ ਵੀ ਰਾਜਸੀ ਚਾਲ ਜਾਂ ਸਾਜ਼ਿਸ਼ ਆਪਣੇ ਪੂਰਵ-ਨਿਰਧਾਰਤ ਵਹਿਣ ਦੀ ਪਾਬੰਦ ਨਹੀਂ ਰਹਿੰਦੀ।[16] ਵਜ੍ਹਾ ਇਹ ਕਿ ਕਿਸੇ ਕਰਮ ਦੇ ਅਸਰ ਤੇ ਸਿੱਟੇ ਜ਼ਰੂਰੀ ਨਹੀਂ ਕਿ ਕਲਪੀਆਂ ਹੋਈਆਂ ਸੀਮਾਵਾਂ ਤਕ ਹੀ ਸੀਮਤ ਰਹਿਣ। ਇਹ ਅਕਸਰ ਕਿਨਾਰਿਆਂ ਤੋਂ ਬਾਹਰ ਵੀ ਛਲਕ ਸਕਦੇ ਹਨ ਤੇ ਅਕਸਰ ਹੀ ਛਲਕ ਜਾਇਆ ਕਰਦੇ ਹਨ, ਜਿਸ ਨਾਲ ਕੁਝ ਅਜਿਹੇ ਨਵੇਂ ਅਮਲ ਛਿੜ ਪੈਂਦੇ ਹਨ ਜਿਨ੍ਹਾਂ ਦਾ ਪਹਿਲਾਂ ਕਿਸੇ ਨੇ ਉੱਕਾ ਹੀ ਕਿਆਸ ਨਹੀਂ ਕੀਤਾ ਹੁੰਦਾ। ਇਸੇ ਕਰਕੇ, ਪ੍ਰੋ. ਸਮੀਰ ਅਮੀਨ ਦੇ ਸ਼ਬਦਾਂ ਵਿੱਚ "ਇਤਿਹਾਸ, ਵਿਅਕਤੀਗਤ ਹੋਵੇ ਜਾਂ ਸਮਾਜਿਕ, ਕਦੇ ਵੀ ਪੂਰਵ-ਕਲਪੇ ਜਾਂ ਪੂਰਵ-ਨਿਰਧਾਰਤ ਕੀਤੇ ਅਮਲਾਂ ਦੀ ਲੜੀ (programmed) ਨਹੀਂ ਹੁੰਦਾ।"[17]

ਉਪਰੋਕਤ ਦ੍ਰਿਸ਼ਟੀ ਤੋਂ ਦੇਖਿਆਂ ਚੀਫ਼ ਖ਼ਾਲਸਾ ਦੀਵਾਨ ਦੀ ਚੰਡੀਗੜ੍ਹ ਕਾਨਫ਼ਰੰਸ ਇਕ ਅਹਿਮ ਮੋੜ-ਨੁਕਤਾ ਸਾਬਤ ਹੋਈ। ਇਸ ਪੜਾਅ 'ਤੇ ਆ ਕੇ, ਇੰਦਰਾ ਗਾਂਧੀ ਦੇ ਮਨ ਅੰਦਰ ਗਰਮ-ਖ਼ਿਆਲੀ ਸਿੱਖ ਤੱਤਾਂ ਨੂੰ ਉਤਸ਼ਾਹਤ ਕਰਨ ਦੀ ਰਣਨੀਤੀ ਬਾਰੇ ਸ਼ੰਕੇ ਤੇ ਤੌਖਲੇ ਖੜੇ ਹੋਣ ਲੱਗ ਪਏ ਸਨ। ਚੰਡੀਗੜ੍ਹ ਕਾਨਫ਼ਰੰਸ ਤੋਂ ਫ਼ੌਰੀ ਬਾਅਦ ਉਸ ਨੇ ਗ੍ਰਹਿ ਵਜ਼ਾਰਤ ਨੂੰ ਇਕ ਲਿਖਤੀ ਨੋਟ ਭੇਜ ਕੇ ਖ਼ਾਲਿਸਤਾਨ ਦੀ ਲਹਿਰ ਬਾਰੇ ਵਧੇਰੇ

ਚੌਕਸੀ ਵਰਤਣ ਲਈ ਕਿਹਾ। ਅਗਲੇ ਮਹੀਨੇ ਫਿਰ ਉਸ ਨੇ ਗ੍ਰਹਿ ਵਜ਼ਾਰਤ ਨੂੰ ਇਸ ਬਾਰੇ ਮੁੜ ਤੋਂ ਖ਼ਬਰਦਾਰ ਕੀਤਾ ਅਤੇ ਇਸ ਰੁਝਾਨ ਉੱਤੇ ਸਮਝਦਾਰੀ ਨਾਲ ਪਰ ਕਰੜੀ ਨਿਗਾਹ ਰੱਖ ਕੇ ਚੱਲਣ ਦੀ ਰਾਇ ਦਿੱਤੀ।[18] ਜਿੱਥੋਂ ਤਕ ਗ਼ੈਰ-ਸਰਕਾਰੀ ਹਿੰਦੂ ਹਲਕਿਆਂ ਦੀ ਗੱਲ ਸੀ, ਉਨ੍ਹਾਂ ਨੇ ਵੱਖਰੀ ਸਿੱਖ ਕੌਮ ਦੀ ਧਾਰਨਾ ਉੱਤੇ ਖੁੱਲ੍ਹਮ-ਖੁੱਲ੍ਹੀ ਅਤੇ ਵਿਹੁਲੀ ਵਿਚਾਰਧਾਰਕ ਗੋਲਾਬਾਰੀ ਸ਼ੁਰੂ ਕਰ ਦਿੱਤੀ। ਹਿੰਦੂ ਪ੍ਰੈੱਸ ਨੇ ਦੇਸ ਦੀ ਏਕਤਾ ਤੇ ਅਖੰਡਤਾ ਨੂੰ ਖ਼ਤਰੇ ਦੀ ਦੁਹਾਈ ਦੀ ਸੁਰ ਹੋਰ ਉੱਚੀ ਚੁੱਕ ਦਿੱਤੀ ਅਤੇ ਸਿੱਖਾਂ ਦੀ ਸਭ ਤੋਂ ਕਮਜ਼ੋਰ ਰਗ ਉੱਤੇ ਹੱਥ ਧਰਦਿਆਂ ਹੋਇਆਂ ਉਨ੍ਹਾਂ ਦੀ ਦੇਸਭਗਤੀ ਬਾਰੇ ਖੁੱਲ੍ਹੇ ਸ਼ੰਕੇ ਪ੍ਰਗਟਾਉਣੇ ਸ਼ੁਰੂ ਕਰ ਦਿੱਤੇ। ਚੰਡੀਗੜ੍ਹ ਕਨਵੈਨਸ਼ਨ ਤੋਂ ਬਾਅਦ ਗਿਆਨੀ ਜ਼ੈਲ ਸਿੰਘ ਨੇ ਵੱਖਰੀ ਸਿੱਖ ਕੌਮ ਦੀ ਧਾਰਨਾ ਖ਼ਿਲਾਫ਼ ਚੜ੍ਹ ਕੇ ਬਿਆਨਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਕਾਂਗਰਸ-ਮਾਰਕਾ ਸਿੱਖ ਆਗੂਆਂ ਤੇ ਵਿਦਵਾਨਾਂ ਅੰਦਰ ਇਸ ਸਿਧਾਂਤਕ ਪੋਜ਼ੀਸ਼ਨ ਨੂੰ 'ਕੌਮ ਵਿਰੋਧੀ' ਗਰਦਾਨਣ ਦੀ ਮੁਕਾਬਲਾ-ਦੌੜ ਸ਼ੁਰੂ ਹੋ ਗਈ। ਚੀਫ਼ ਖ਼ਾਲਸਾ ਦੀਵਾਨ ਵਰਗੀ ਰੂੜ੍ਹੀਵਾਦੀ ਸੰਸਥਾ ਲਈ ਅਜਿਹੇ ਜ਼ੋਰਦਾਰ ਤੇ ਤੇਜ਼-ਧਾਰ ਵਿਚਾਰਧਾਰਕ ਹਮਲੇ ਦੇ ਸਨਮੁੱਖ ਆਪਣੀ ਪੋਜ਼ੀਸ਼ਨ ਉੱਤੇ ਟਿਕਵੇਂ ਪੈਰੀਂ ਖੜੇ ਰਹਿ ਸਕਣਾ ਮੁਸ਼ਕਲ ਸੀ। ਕੁਝ ਹੀ ਦਿਨਾਂ ਬਾਅਦ ਦੀਵਾਨ ਦੀ ਲੀਡਰਸ਼ਿਪ ਨੇ ਆਪਣੇ ਆਪ ਨੂੰ ਇਸ ਪੋਜ਼ੀਸ਼ਨ ਨਾਲੋਂ ਅਲੱਗ ਕਰ ਲਿਆ ਅਤੇ ਦੇਸ ਦੀ ਏਕਤਾ ਤੇ ਅਖੰਡਤਾ ਵਿੱਚ ਆਪਣਾ ਅਟੁੱਟ ਵਿਸ਼ਵਾਸ ਪ੍ਰਗਟ ਕਰਦਿਆਂ ਹੋਇਆਂ ਆਪਣਾ ਰਵਾਇਤੀ ਵਿਚਾਰਧਾਰਕ ਪੈਂਤੜਾ ਮੱਲ ਲਿਆ।[19]

ਪਰ ਇਸੇ ਦੌਰਾਨ 29 ਮਾਰਚ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਬਾਡੀ ਨੇ ਵੱਖਰੀ ਸਿੱਖ ਕੌਮ ਦੀ ਪੋਜ਼ੀਸ਼ਨ ਦੇ ਪੱਖ ਵਿੱਚ ਮਤਾ (ਨੰ. 67) ਪਾਸ ਕਰ ਦਿੱਤਾ।[20] ਸ਼੍ਰੋਮਣੀ ਕਮੇਟੀ ਵੱਲੋਂ ਅਜਿਹਾ ਸਿਧਾਂਤਕ ਪੈਂਤੜਾ ਮੱਲ ਲੈਣਾ ਵੱਡੀ ਰਾਜਸੀ ਅਹਿਮੀਅਤ ਰੱਖਦਾ ਸੀ। 1946 ਤੋਂ ਬਾਅਦ ਇਹ ਪਹਿਲਾ ਮੌਕਾ ਸੀ ਜਦ ਸਿੱਖ ਪੰਥ ਦੀ ਪ੍ਰਮੁੱਖ ਨੁਮਾਇੰਦਾ ਧਾਰਮਿਕ ਸੰਸਥਾ ਨੇ ਸਿੱਖਾਂ ਨੂੰ ਵੱਖਰੀ ਕੌਮ ਕਰਾਰ ਦੇਣ ਦੀ ਖੁੱਲ੍ਹ ਕੇ ਪੋਜ਼ੀਸ਼ਨ ਲਈ ਸੀ। ਸ਼੍ਰੋਮਣੀ ਕਮੇਟੀ ਵੱਲੋਂ ਇਹ ਮਤਾ ਪ੍ਰਵਾਨ ਕਰ ਲੈਣ ਨਾਲ ਸਿੱਖ ਪੰਥ ਅੰਦਰ ਇਸ ਦੇ ਪੱਖ ਵਿੱਚ ਤਕੜਾ ਰੌਂਅ ਪੈਦਾ ਹੋ ਤੁਰਿਆ। ਕੁਝ ਹੀ ਦਿਨਾਂ ਬਾਅਦ, 14 ਅਪ੍ਰੈਲ ਨੂੰ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਵਿਸਾਖੀ ਦੇ ਪੁਰਬ 'ਤੇ ਆਨੰਦਪੁਰ ਸਾਹਿਬ ਵਿਖੇ ਆਪਣੇ ਦਲ ਦੀ ਵੱਖਰੀ ਸੰਸਾਰ ਸਿੱਖ ਕਨਵੈਨਸ਼ਨ ਬੁਲਾ ਕੇ ਵੱਖਰੀ ਕੌਮ ਦੀ ਧਾਰਨਾ ਦੀ ਪ੍ਰੋੜ੍ਹਤਾ ਕਰ ਦਿੱਤੀ।[21] ਇਸ ਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਵੀ ਇਸ ਪੋਜ਼ੀਸ਼ਨ ਦੇ ਹੱਕ ਵਿੱਚ ਹਾਮੀ ਭਰਨੀ ਸ਼ੁਰੂ ਕਰ ਦਿੱਤੀ।[22]

ਭਾਰਤ ਸਰਕਾਰ ਨੇ ਸਿੱਖ ਕੌਮ ਅੰਦਰ ਪਸਰ ਰਹੇ ਇਸ ਨਵੇਂ ਰਾਜਸੀ ਰੌਂਅ ਨੂੰ ਕਾਫ਼ੀ ਗੰਭੀਰਤਾ ਨਾਲ ਲਿਆ। ਇਸ ਸਮੇਂ ਦੌਰਾਨ ਗ੍ਰਹਿ ਮਹਿਕਮੇ ਦੁਆਰਾ ਤਿਆਰ ਕੀਤੇ ਗਏ ਇਕ ਨੋਟ[23] ਮੁਤਾਬਕ ਵੱਖਰੀ ਸਿੱਖ ਕੌਮ ਦੀ ਧਾਰਨਾ ਨੂੰ ਦੋ ਅਲੱਗ-ਅਲੱਗ ਦ੍ਰਿਸ਼ਟੀਕੋਣਾਂ ਤੋਂ ਪੇਸ਼ ਕੀਤਾ ਜਾ ਰਿਹਾ ਸੀ। ਅਕਾਲੀ ਲੀਡਰਸ਼ਿਪ ਅੰਦਰਲਾ ਇਕ ਵਰਗ ਇਸ ਧਾਰਨਾ ਦਾ ਸੀਮਤ ਧਾਰਮਿਕ ਅਰਥਾਂ ਵਿੱਚ ਹੀ ਪ੍ਰਯੋਗ ਕਰ ਰਿਹਾ ਸੀ। ਅਰਥਾਤ ਉਹ ਸਿੱਖ ਪੰਥ ਦੀ ਹਿੰਦੂ ਧਰਮ ਨਾਲੋਂ ਵੱਖਰੀ ਧਾਰਮਿਕ ਪਛਾਣ ਉੱਤੇ ਹੀ ਜ਼ੋਰ ਦੇ ਰਿਹਾ ਸੀ। ਜਦ ਕਿ ਸਿੱਖ ਪੰਥ ਅੰਦਰਲੇ ਗਰਮ-ਖ਼ਿਆਲੀ ਤੱਤ ਸਿੱਖ ਪੰਥ ਨੂੰ ਆਧੁਨਿਕ ਰਾਜਸੀ ਅਰਥਾਂ ਵਿੱਚ, ਅਰਥਾਤ ਨਸਲੀ-ਸਭਿਆਚਾਰਕ (ethnic) ਪੱਖ ਤੋਂ ਵੱਖਰੀ ਕੌਮ ਮੰਨ ਕੇ ਚੱਲਦੇ ਸਨ ਅਤੇ ਇਸ ਆਧਾਰ 'ਤੇ ਸਿੱਖ ਕੌਮ ਦੀ ਖ਼ੁਦਮੁਖ਼ਤਿਆਰੀ ਦਾ ਸੰਕਲਪ ਅਤੇ ਜਜ਼ਬਾ ਉਭਾਰਨ ਦੀ ਰਾਜਸੀ ਦਿਸ਼ਾ ਅਖ਼ਤਿਆਰ ਕਰ ਕੇ ਚੱਲ ਰਹੇ ਸਨ।

ਸ: ਗੰਗਾ ਸਿੰਘ ਢਿੱਲੋਂ ਵੱਲੋਂ ਚੰਡੀਗੜ੍ਹ ਕਾਨਫ਼ਰੰਸ ਅੰਦਰ ਵੱਖਰੀ ਸਿੱਖ ਕੌਮ ਦੀ ਵਿਆਖਿਆ ਹਿਤ ਵਰਤੇ ਸ਼ਬਦ ਇਸ ਮੱਤ ਦੀ ਸ਼ੁਧ ਅਰਥਾਂ ਵਿੱਚ ਤਰਜਮਾਨੀ ਕਰਦੇ ਸਨ। ਉਸਨੇ ਕਿਹਾ: "ਸਿੱਖਾਂ ਦਾ ਇਕ ਸਾਂਝਾ ਵਿਰਸਾ ਹੈ.... ਸਿੱਖਾਂ ਦੀ ਇਕ ਸਾਂਝੀ ਭਾਸ਼ਾ ਪੰਜਾਬੀ ਹੈ, ਜਿਸ ਦੀ ਕਿ ਆਪਣੀ ਹੀ ਲਿਪੀ (ਗੁਰਮੁਖੀ) ਹੈ। ਭਾਵੇਂ ਭਾਰਤ ਵਿੱਚ ਕੁਝ ਹਿੰਦੂ ਤੇ ਪਾਕਿਸਤਾਨ ਵਿੱਚ ਕੁਝ ਮੁਸਲਮਾਨ ਵੀ ਪੰਜਾਬੀ ਬੋਲੀ ਦੀ ਵਰਤੋਂ ਕਰਦੇ ਹਨ ਪਰ ਉਹ ਲਿਖਤ ਲਈ ਗੁਰਮੁਖੀ ਲਿਪੀ ਦੀ ਵਰਤੋਂ ਨਹੀਂ ਕਰਦੇ।..... ਸਿੱਖਾਂ ਦਾ ਜੀਵਨ-ਅਮਲ ਦੂਸਰਿਆਂ ਨਾਲੋਂ ਮੂਲੋਂ ਹੀ ਭਿੰਨ ਹੈ। ਉਨ੍ਹਾਂ ਦੇ ਧਾਰਮਿਕ ਗ੍ਰੰਥ, ਰਸਮਾਂ, ਬੰਧੇਜ, ਸੰਸਕਾਰ, ਦਿੱਖ ਤੇ ਪਹਿਰਾਵਾ ਦੁਨੀਆ ਤੋਂ ਬਿਲਕੁਲ ਅਨੋਖਾ ਹੈ। ਜਿਵੇਂ ਕਿ ਆਮ ਜਾਣਿਆ ਤੇ ਗ਼ਲਤੀ ਨਾਲ ਸਮਝ ਲਿਆ ਜਾਂਦਾ ਹੈ, ਸਿੱਖ ਇਕ ਫ਼ਿਰਕਾ ਨਹੀਂ ਹਨ। ਇੰਨੇ ਲੰਮੇ ਸਮੇਂ ਤੋਂ ਅਜਿਹੇ ਗ਼ਲਤ ਸੰਕਲਪ ਇਸ ਕਦਰ ਸਥਾਪਤ ਹੋ ਚੁੱਕੇ ਹਨ ਕਿ ਕਈ ਵੇਰਾਂ ਤਾਂ ਇਨ੍ਹਾਂ ਨੂੰ ਤਿਆਗਣਾ ਅਸੰਭਵ ਜਾਪਣ ਲੱਗ ਪੈਂਦਾ ਹੈ। ਫਿਰ ਵੀ ਆਓ! ਅੱਜ ਇਸ ਜਗ੍ਹਾ 'ਤੇ ਇਸ ਮੌਕੇ ਆਪਣਿਆਂ ਅਤੇ ਵਿਰੋਧੀਆਂ ਤਕ ਇਹ ਸੰਦੇਸ਼ ਪਹੁੰਚਾਈਏ ਕਿ ਸ਼ਬਦ ਦੇ ਹਕੀਕੀ ਅਰਥਾਂ ਵਿੱਚ ਸਿੱਖ ਇਕ ਕੌਮ ਹਨ।"[24] ਯੂ.ਐਨ.ਓ. ਦੀ ਸਹਿਯੋਗੀ ਮੈਂਬਰਸ਼ਿਪ ਲੈਣ ਦੀ ਲੋੜ ਤੇ ਮਹੱਤਤਾ ਉਜਾਗਰ ਕਰਦਿਆਂ ਹੋਇਆਂ ਉਸਨੇ ਕਿਹਾ: "ਸਿੱਖ ਸਿਰਫ਼ ਭਾਰਤ ਵਿੱਚ ਹੀ ਨਹੀਂ, ਸੰਸਾਰ ਦੇ ਸਾਰੇ ਭਾਗਾਂ ਵਿੱਚ ਵਸੇ ਹੋਏ ਹਨ ਜਿਥੇ ਉਨ੍ਹਾਂ ਦੀਆਂ ਆਪਣੀਆਂ ਵਿਸ਼ੇਸ਼ ਸਮੱਸਿਆਵਾਂ ਹਨ ਜਿਨ੍ਹਾਂ ਦਾ ਸਿੱਧਾ ਸੰਬੰਧ ਉਨ੍ਹਾਂ ਦੇ ਧਾਰਮਿਕ ਵਿਸ਼ਵਾਸਾਂ, ਸਭਿਆਚਾਰ, ਭਾਸ਼ਾ ਤੇ ਸਭਿਆਚਾਰਕ ਪ੍ਰੰਪਰਾ ਨਾਲ ਜੁੜਿਆ ਹੋਇਆ ਹੈ..... ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਇਕ ਦਹਾਕਾ ਪਹਿਲਾਂ ਸਾਡੇ ਨਾਲ ਯੂਗਾਂਡਾ ਅੰਦਰ ਕੀ ਗੁਜ਼ਰੀ। ਉਸ ਵੇਲੇ ਭਾਰਤ ਦੀ ਸਰਕਾਰ ਨੇ ਆਪਣੀ ਬੇਵਸੀ ਪ੍ਰਗਟਾਅ ਦਿੱਤੀ। ਇਸੇ ਤਰ੍ਹਾਂ ਸਾਨੂੰ ਬਰਤਾਨੀਆ ਅੰਦਰ ਟੋਪ ਪਹਿਨਣ ਦੀ ਸਮੱਸਿਆ ਨਾਲ ਉਲਝਣਾ ਪਿਆ ਅਤੇ ਵੈਨਕੂਵਰ ਤੇ ਟੋਰਾਂਟੋ ਵਿੱਚ ਕੁਝ ਧਾਰਮਿਕ ਸਮੱਸਿਆਵਾਂ ਖੜੀਆਂ ਹੋਈਆਂ। ਇਨ੍ਹਾਂ ਸਿਰ ਖੜੇ ਮਸਲਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਯੂ.ਐਨ.ਓ. ਹੀ ਇਕ ਅਜਿਹਾ ਮੰਚ ਹੈ ਜਿਥੇ ਸਿੱਖ ਸਹਿਯੋਗੀ ਮੈਂਬਰ ਦੇ ਰੂਪ ਵਿੱਚ ਦਰਜ ਹੋ ਕੇ ਇਕ ਕੌਮ ਦੀ ਤਰ੍ਹਾਂ ਆਪਣੀਆਂ ਵਿਸ਼ੇਸ਼ ਸ਼ਿਕਾਇਤਾਂ ਦਾ ਨਿਵਾਰਨ ਕਰਵਾ ਸਕਦੇ ਹਨ। ਫਿਰ ਅਸੀਂ ਯੂ.ਐਨ.ਓ. ਦੇ ਅਤੇ ਸੰਸਾਰ ਸੰਸਥਾ ਦੇ ਦਰਵਾਜ਼ੇ 'ਤੇ ਦਸਤਕ ਦੇ ਸਕਾਂਗੇ ਅਤੇ ਉਨ੍ਹਾਂ ਨੂੰ ਸਾਡੀਆਂ ਸੰਸਾਰ ਵਿਆਪੀ ਸਮੱਸਿਆਵਾਂ ਵੱਲ ਕੰਨ ਕਰਨਾ ਪਵੇਗਾ ਤੇ ਇਨ੍ਹਾਂ ਦੇ ਹੱਲ ਲਈ ਕਾਰਵਾਈ ਕਰਨੀ ਪਵੇਗੀ।"

ਭਾਰਤੀ ਹਾਕਮ ਵੱਖਰੀ ਸਿੱਖ ਕੌਮ ਦੀ ਧਾਰਨਾ ਦੇ ਪਿੱਛੇ ਕੰਮ ਕਰਦੀ ਇਸ ਸਮਝ ਅਤੇ ਭਾਵਨਾ ਨੂੰ ਵੱਧ ਗੰਭੀਰਤਾ ਨਾਲ ਲੈ ਰਹੇ ਸਨ। ਸਿਰਫ਼ ਧਾਰਮਿਕ ਦ੍ਰਿਸ਼ਟੀ ਤੋਂ ਸਿੱਖਾਂ ਨੂੰ ਸੀਮਤ ਜਿਹੇ ਅਰਥਾਂ ਵਿੱਚ 'ਵੱਖਰੀ ਕੌਮ' ਕਹਿਣ ਅਰਥਾਤ 'ਕੌਮ' ਦੇ ਲ਼ਫਜ਼ ਦੀ 'ਕਮਿਊਨਿਟੀ' ਦੇ ਅਰਥਾਂ ਵਿੱਚ ਵਰਤੋਂ ਕਰਨ 'ਤੇ ਉਨ੍ਹਾਂ ਨੂੰ ਓਨਾ ਵੱਡਾ ਇਤਰਾਜ਼ ਨਹੀਂ ਸੀ। ਸਿੱਖ ਕੌਮ ਅੰਦਰਲੇ ਉਹ ਤੱਤ, ਜੋ ਭਾਰਤੀ ਪ੍ਰਬੰਧ ਨਾਲ ਗੂੜ੍ਹੀ ਤਰ੍ਹਾਂ ਇਕਮਿਕ ਹੋ ਚੁੱਕੇ ਹਨ, ਆਪਣੇ ਵਿਸ਼ੇਸ਼ ਵਰਗ ਹਿਤਾਂ ਤੇ ਵਿਚਾਰਧਾਰਕ ਸੋਚਣੀ ਦੀ ਵਜ੍ਹਾ ਕਰਕੇ, ਸਿੱਖ ਪੰਥ ਨੂੰ ਇਕ ਧਾਰਮਿਕ ਫ਼ਿਰਕੇ ਜਾਂ ਭਾਈਚਾਰੇ (ਕਮਿਊਨਿਟੀ) ਦੇ ਰੂਪ ਵਿੱਚ ਹੀ ਵੱਖਰੀ ਕੌਮ ਕਹਿਣ ਜਾਂ ਮੰਨਣ ਦੀ ਸਮਝ ਰੱਖਦੇ ਹਨ। ਇਸ ਸੋਚ ਦਾ ਅਕਾਲੀ ਲੀਡਰਸ਼ਿਪ ਦੀਆਂ ਸਫ਼ਾਂ ਉੱਤੇ ਵੀ ਤਕੜਾ ਪ੍ਰਭਾਵ ਹੈ। ਇਸ ਕਰਕੇ ਅਕਾਲੀ ਲੀਡਰਸ਼ਿਪ ਇਸ ਮਸਲੇ 'ਤੇ ਅਕਸਰ ਥਿੜਕਣ ਤੇ ਡਾਵਾਂਡੋਲਤਾ ਦਿਖਾ ਰਹੀ ਸੀ। ਜਿਥੇ ਅਕਾਲੀ ਲੀਡਰਸ਼ਿਪ ਅੰਦਰਲੇ ਟਕਸਾਲੀ (ਜਥੇਦਾਰ) ਵਰਗ ਵੱਲੋਂ ਵੱਖਰੀ ਸਿੱਖ ਕੌਮ ਦੀ ਧਾਰਨਾ ਦੇ ਧਾਰਮਿਕ

ਪਹਿਲੂ ਦੇ ਨਾਲ ਹੀ ਰਾਜਸੀ ਪੱਖ ਉੱਤੇ ਵੀ ਬਰਾਬਰ ਬਲ ਦਿੱਤਾ ਜਾ ਰਿਹਾ ਸੀ, ਉਥੇ ਸਿੱਖ ਸਮਾਜ ਅੰਦਰਲੇ ਪਤਵੰਤੇ ਵਰਗਾਂ ਦੇ ਹਿਤਾਂ ਤੇ ਵਿਚਾਰਾਂ ਦੀ ਤਰਜਮਾਨੀ ਕਰਨ ਵਾਲਾ ਅਕਾਲੀ ਆਗੂ ਵਰਗ ਇਸ ਦੇ ਧਾਰਮਿਕ ਪੱਖ ਉੱਤੇ ਹੀ ਜ਼ੋਰ ਦੇਣ ਦੀ ਦਿਸ਼ਾ ਅਪਨਾ ਕੇ ਚੱਲ ਰਿਹਾ ਸੀ। ਸੰਤ ਹਰਚੰਦ ਸਿੰਘ ਲੌਂਗੋਵਾਲ ਆਪਣੇ ਰਾਜਨੀਤਕ ਵਿਹਾਰ ਤੇ ਵਿਚਾਰਾਂ ਅੰਦਰ ਇਸ ਵਰਗ ਦਾ ਤਕੜਾ ਪ੍ਰਭਾਵ ਤੇ ਦਬਾਅ ਕਬੂਲਣ ਦਾ ਝੁਕਾਅ ਰਖਦੇ ਸਨ। ਇਸ ਕਰਕੇ, ਇਸ ਮਸਲੇ ਸੰਬੰਧੀ ਉਨ੍ਹਾਂ ਦੇ ਬਿਆਨਾਂ 'ਚੋਂ ਉਨ੍ਹਾਂ ਦੀ ਥਿੜਕਣ ਤੇ ਸ਼ਸ਼ੋਪੰਜ ਅਕਸਰ ਪ੍ਰਗਟ ਹੁੰਦੀ ਰਹਿੰਦੀ ਸੀ। ਇਸ ਦੀ ਤੁਲਨਾ ਵਿੱਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਆਪਣੇ ਆਪ ਨੂੰ ਅਕਾਲੀ ਦਲ ਅੰਦਰਲੀਆਂ ਟਕਸਾਲੀ ਸਫ਼ਾਂ ਦੀਆਂ ਭਾਵਨਾਵਾਂ ਦੇ ਵੱਧ ਨੇੜੇ ਰੱਖ ਰਹੇ ਸਨ ਅਤੇ ਆਪਣੇ ਕਥਨਾਂ-ਬਿਆਨਾਂ ਅੰਦਰ ਸਿੱਖ ਕੌਮ ਦੀ ਰਾਜਸੀ ਖ਼ੁਦਮੁਖ਼ਤਿਆਰੀ (ਅਟੋਨਮੀ) ਉੱਤੇ ਲਗਾਤਾਰ ਬਲ ਦੇ ਰਹੇ ਸਨ। ਇਹ ਸਿਧਾਂਤਕ ਵਖਰੇਵਾਂ, ਹੋਰਨਾਂ ਪੱਖਾਂ ਸੰਗ ਰਲ ਕੇ, ਅਕਾਲੀ ਰਾਜਨੀਤੀ ਉੱਤੇ ਅਖ਼ੀਰ ਤਕ ਆਪਣਾ ਅਸਰ ਛੱਡਦਾ ਰਿਹਾ।

ਕੁਝ ਸਾਲਾਂ ਬਾਅਦ ਚੀਫ਼ ਖ਼ਾਲਸਾ ਦੀਵਾਨ ਦੀ ਇਕ ਮੋਹਰੀ ਹਸਤੀ, ਸ: ਹਰਬੰਸ ਸਿੰਘ (ਸਾਬਕਾ ਪ੍ਰੋਫ਼ੈਸਰ ਖ਼ਾਲਸਾ ਕਾਲਜ ਅੰਮ੍ਰਿਤਸਰ) ਨੇ ਚੰਡੀਗੜ੍ਹ ਕਾਨਫ਼ਰੰਸ ਦੇ ਸਬੰਧ ਵਿੱਚ ਸ: ਗੰਗਾ ਸਿੰਘ ਢਿੱਲੋਂ ਦੇ ਰੋਲ ਤੇ ਵਿਚਾਰਧਾਰਾ ਦੀ ਪੜਚੋਲ ਕਰਦਿਆਂ ਅਤੇ ਆਪਣੇ ਪੱਖ ਦੀ ਸਫ਼ਾਈ ਦਿੰਦਿਆਂ ਹੋਇਆਂ ਇਸ ਕਾਂਡ ਬਾਰੇ ਜੋ ਇੰਕਸ਼ਾਫ਼ ਕੀਤੇ, ਉਸ 'ਚੋਂ ਸਿੱਖ ਪੰਥ ਦੇ ਅੱਡ-ਅੱਡ ਵਰਗਾਂ ਤੇ ਅਕਾਲੀ ਲੀਡਰਸ਼ਿਪ ਦੀਆਂ ਸਫ਼ਾਂ ਅੰਦਰ ਵਗ ਰਹੀਆਂ ਅੱਡ-ਅੱਡ ਵਿਚਾਰਧਾਰਕ ਧਾਰਾਵਾਂ ਦੀ ਵਧੇਰੇ ਸਪਸ਼ਟ ਤਸਵੀਰ ਉਘੜ ਆਉਂਦੀ ਹੈ। ਸ: ਹਰਬੰਸ ਸਿੰਘ ਨੇ ਲਿਖਿਆ ਕਿ "ਸ: ਗੰਗਾ ਸਿੰਘ ਢਿੱਲੋਂ ਨੇ ਕਾਨਫ਼ਰੰਸ ਵਿੱਚ, ਬਿਨਾਂ ਕਿਸੇ ਕਲਪੇ ਪ੍ਰੋਗਰਾਮ ਤੇ ਬਿਨਾਂ ਕਿਸੇ ਮਰਿਆਦਾਪੂਰਵਕ ਪ੍ਰਧਾਨਗੀ ਦੇ, ਭਾਸ਼ਣ ਦੇ ਕੇ ਸਿੱਖਾਂ ਲਈ ਇਕ ਵੱਖਰੀ ਕੌਮ ਤੇ ਯੂ.ਐਨ.ਓ. ਵਿੱਚ ਐਸੋਸੀਏਟ ਮੈਂਬਰੀ ਦਾ ਵਿਵਾਦ ਛੇੜ ਦਿੱਤਾ... ਸ: ਢਿੱਲੋਂ ਦੁਆਰਾ ਚੀਫ਼ ਖ਼ਾਲਸਾ ਦੀਵਾਨ ਦੇ ਮੰਚ ਦੀ ਇਸ ਤਰ੍ਹਾਂ ਅਯੋਗ ਵਰਤੋਂ ਦਾ ਦੀਵਾਨ ਦੇ ਮੈਂਬਰਾਂ ਨੇ ਬਹੁਤ ਬੁਰਾ ਮਨਾਇਆ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਨਿਰੋਲ ਵਿਦਿਅਕ ਕਾਨਫ਼ਰੰਸ ਦੇ ਮੰਚ ਦੀ ਅਯੋਗ ਵਰਤੋਂ ਅਤੇ ਨਿਯਮਾਂ ਦੀ ਉਲੰਘਣਾ ਹੀ ਨਹੀਂ ਹੋਈ ਸਗੋਂ ਉਨ੍ਹਾਂ ਉਦੇਸ਼ਾਂ, ਜੋ ਪੰਥ ਦੇ ਸਮੂਹਕ ਹਿਤ ਵਿੱਚ ਚੀਫ਼ ਖ਼ਾਲਸਾ ਦੀਵਾਨ ਦੇ ਮੋਢੀਆਂ ਨੇ ਤੈਅ ਕੀਤੇ ਸਨ, ਨੂੰ ਛੱਡ ਕੇ ਇਕ ਖ਼ਤਰਨਾਕ ਰਾਹ ਅਪਣਾਇਆ ਗਿਆ ਹੈ। ਦੀਵਾਨ ਦੇ ਅੱਧੀ ਸਦੀ ਤੋਂ ਚਲੇ ਆ ਰਹੇ ਮੁਢਲੇ ਮੈਂਬਰਾਂ ਨੇ ਅਸਤੀਫ਼ੇ ਦੇ ਦਿੱਤੇ। ਇਸ ਦੇ ਫਲਸਰੂਪ ਚੀਫ਼ ਖ਼ਾਲਸਾ ਦੀਵਾਨ ਦੇ ਹਾਈ ਕਮਾਂਡ ਨੇ ਦੀਵਾਨ ਦੀ ਐਗਜ਼ੈਕਟਿਵ ਤੇ ਐਜੂਕੇਸ਼ਨਲ ਕਮੇਟੀ ਦੀ 16 ਅਪ੍ਰੈਲ 1981 ਨੂੰ ਇਕ ਵਿਸ਼ੇਸ਼ ਸਾਂਝੀ ਮੀਟਿੰਗ ਬੁਲਾਈ ਅਤੇ ਸੰਬੰਧਤ ਮਤੇ ਨੂੰ, ਬਿਨਾਂ ਕਿਸੇ ਕਿੰਤੂ ਪ੍ਰੰਤੂ ਦੇ, ਸਰਬ-ਸੰਮਤੀ ਨਾਲ ਵਾਪਸ ਲੈ ਕੇ ਗੰਗਾ ਸਿੰਘ ਢਿੱਲੋਂ ਦੀ ਵਿਚਾਰਧਾਰਾ ਨਾਲੋਂ ਨਾਤਾ ਤੋੜਨ ਦਾ ਹੇਠ ਲਿਖੇ ਸ਼ਬਦਾਂ ਵਿੱਚ ਐਲਾਨ ਕੀਤਾ:

"ਚੀਫ਼ ਖ਼ਾਲਸਾ ਦੀਵਾਨ, ਆਪਣੀ ਸਥਾਪਨਾ ਦੇ ਆਰੰਭ ਤੋਂ ਵਿਦਿਆ, ਸਿੱਖ ਵਿਚਾਰਧਾਰਾ ਅਤੇ ਸਿੱਖੀ-ਰਹਿਤ ਦੇ ਵਧਾਰੇ ਲਈ ਕੰਮ ਕਰਦਾ ਆਇਆ ਹੈ। ਭਾਵੇਂ ਸਿੱਖ ਆਪਣੀ ਇਕ ਵੱਖਰੀ ਹੋਂਦ, ਜੀਵਨ-ਸ਼ੈਲੀ ਤੇ ਇਤਿਹਾਸਕ ਪ੍ਰੰਪਰਾ ਰੱਖਦੇ ਹਨ, ਫਿਰ ਵੀ ਉਹ ਆਪਣੇ ਆਪ ਨੂੰ ਭਾਰਤ ਦੇ ਅਮੀਰ ਵਿਰਸੇ ਦਾ ਇਕ ਅਨਿੱਖੜਵਾਂ ਅੰਗ ਸਮਝਦੇ ਹਨ... ਸਿੱਖ ਐਜੂਕੇਸ਼ਨਲ ਕਾਨਫ਼ਰੰਸ ਵੱਲੋਂ ਪ੍ਰਵਾਨ ਕੀਤੇ ਮਤਿਆਂ ਨੂੰ ਵਿਚਾਰਨ ਤੇ ਲਾਗੂ ਕਰਨ ਦਾ ਅਧਿਕਾਰ ਚੀਫ਼ ਖ਼ਾਲਸਾ ਦੀਵਾਨ ਪਾਸ ਹੈ। 54ਵੀਂ ਸਰਬ-ਹਿੰਦ

ਐਜੂਕੇਸ਼ਨਲ ਕਾਨਫ਼ਰੰਸ, ਜੋ 14-15 ਮਾਰਚ 1981 ਨੂੰ ਚੰਡੀਗੜ੍ਹ ਵਿਖੇ ਹੋਈ, ਨੇ ਇਕ ਅਜਿਹਾ ਮਤਾ ਪ੍ਰਵਾਨ ਕਰ ਮਾਰਿਆ ਹੈ ਜਿਸ ਵਿੱਚ ਸਿੱਖਾਂ ਲਈ ਯੂ.ਐਨ.ਓ. ਵਿਖੇ ਸਹਿਯੋਗੀ ਮੈਂਬਰਸ਼ਿਪ ਦੀ ਮੰਗ ਕੀਤੀ ਗਈ ਹੈ। ਪੂਰੀ ਸੋਚ-ਵਿਚਾਰ ਉਪਰੰਤ ਇਹ ਫ਼ੈਸਲਾ ਕੀਤਾ ਜਾਂਦਾ ਹੈ ਕਿ ਚੀਫ਼ ਖ਼ਾਲਸਾ ਦੀਵਾਨ ਦਾ ਇਸ ਮਤੇ ਨਾਲ ਕੋਈ ਲਾਗਾ-ਦੇਗਾ ਨਹੀਂ... ਸਿੱਖ ਭਾਰਤ ਦਾ ਇਕ ਅਨਿੱਖੜਵਾਂ ਅੰਗ ਹਨ ਤੇ ਰਹਿਣਗੇ।" (ਮਤਾ ਨੰ. 246)[25]

ਸ: ਹਰਬੰਸ ਸਿੰਘ ਨੇ ਅੱਗੇ ਹੋਰ ਲਿਖਿਆ, "ਸ: ਢਿੱਲੋਂ ਨੇ ਸਿੱਖ ਵਿਦਿਅਕ ਕਾਨਫ਼ਰੰਸ ਦੇ ਮੰਚ ਨੂੰ ਖ਼ਾਲਸਾ ਪੰਥ ਵਿਰੁੱਧ ਵਰਤ ਕੇ ਸਿੱਖਾਂ ਦੇ ਹਿਤਾਂ ਦੀ ਕੋਈ ਗੱਲ ਨਹੀਂ ਕੀਤੀ। ਹਾਂ, ਨੁਕਸਾਨ ਪੁੱਜ ਕੇ ਕੀਤਾ ਹੈ। ਇਕ ਪਾਸੇ ਚੀਫ਼ ਖ਼ਾਲਸਾ ਦੀਵਾਨ ਵਿੱਚ ਪਹਿਲੀ ਵਾਰ ਜ਼ਬਰਦਸਤ ਫੁੱਟ ਪੈ ਗਈ ਤੇ ਦੂਜਾ ਦੇਸ ਦੀ ਕੌਮੀ ਧਾਰਾ ਨਾਲ ਚਲ ਰਹੇ ਸਿੱਖਾਂ ਲਈ ਇਕ ਨਵਾਂ ਬੇਪਰਤੀਤੀ ਦਾ ਵਾਤਾਵਰਨ ਪੈਦਾ ਕਰ ਦਿੱਤਾ ਗਿਆ। ਸਿੱਖ ਵਿਰੋਧੀ ਪ੍ਰੈੱਸ ਜੋ ਹਰ ਮੌਕੇ 'ਤੇ ਸਿੱਖਾਂ ਨੂੰ ਬਦਨਾਮ ਕਰਨ ਦਾ ਯਤਨ ਕਰਦਾ ਹੈ ਉਸ ਨੂੰ ਸਿੱਖਾਂ ਉੱਤੇ ਹਮਲੇ ਕਰਨ ਤੇ ਸਿੱਖਾਂ ਦੀ ਦੇਸ਼ਭਗਤੀ ਤੇ ਵਫ਼ਾਦਾਰੀ ਨੂੰ ਦਾਗ਼ੀ ਕਰਨ ਦਾ ਮੌਕਾ ਮਿਲ ਗਿਆ... ਬਾਅਦ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਬਾਡੀ ਨੇ ਇਕ ਮਤਾ ਪਾਸ ਕਰ ਦਿੱਤਾ ਕਿ ਸਿੱਖ ਇਕ ਵੱਖਰੀ ਕੌਮ ਹਨ... ਇਹ ਇਕ ਅਜਿਹੀ ਖ਼ਤਰਨਾਕ ਚਰਚਾ ਛੇੜ ਲਈ ਗਈ ਜਿਸ ਨਾਲ ਦੇਸ ਦੀ ਗ਼ੈਰ-ਸਿੱਖ ਤੇ ਕੌਮੀ ਪ੍ਰੈੱਸ ਨੇ ਮੁੜ ਇਸ ਸਵਾਲ 'ਤੇ ਸਿੱਖਾਂ ਵਿਰੁੱਧ ਲਿਖਣਾ ਤੇ ਉਛਾਲਣਾ ਸ਼ੁਰੂ ਕਰ ਦਿੱਤਾ... ਰਾਜਸੀ ਖੇਤਰ ਅੰਦਰ ਵਾਪਰੀ ਇਸ ਤਬਦੀਲੀ ਨੂੰ ਦੇਖਦਿਆਂ ਹੋਇਆਂ ਸ: ਬਾਦਲ ਦੇ ਧੜੇ ਨੇ ਜਦ ਇਹ ਮਹਿਸੂਸ ਕੀਤਾ ਕਿ ਉਨ੍ਹਾਂ ਨੂੰ ਭਵਿੱਖ ਵਿੱਚ ਸਰਕਾਰ ਬਣਾਉਣ ਲਈ ਗ਼ੈਰ-ਸਿੱਖਾਂ (ਯਾਨੀ ਕਿ ਹਿੰਦੂਆਂ) ਦਾ ਸਹਿਯੋਗ ਨਹੀਂ ਮਿਲ ਸਕੇਗਾ ਤਾਂ ਉਨ੍ਹਾਂ ਅੱਤਵਾਦੀ ਨਾਅਰਿਆਂ ਨਾਲ ਚੱਲਣ ਤੋਂ ਸੰਕੋਚ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਯਤਨ ਕੀਤਾ ਕਿ ਸਿੱਖ ਵੱਖਰੀ ਕੌਮ ਦਾ ਜੋ ਰਾਜਸੀ ਮਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਾਸ ਕੀਤਾ ਸੀ, ਉਹ ਵਾਪਸ ਲਿਆ ਜਾਵੇ। ਪਰ ਉਹ ਇਸ ਵਿੱਚ ਕਾਮਯਾਬ ਨਾ ਹੋ ਸਕੇ। ਸ: ਪ੍ਰਕਾਸ਼ ਸਿੰਘ ਬਾਦਲ ਨੇ ਆਪ ਤੇ ਉਨ੍ਹਾਂ ਦੇ ਧੜੇ ਦੇ ਕਈ ਹੋਰ ਸਾਥੀਆਂ ਨੇ ਜਲਸਿਆਂ ਵਿੱਚ ਐਲਾਨ ਕੀਤਾ ਕਿ ਉਹ ਕੇਵਲ ਸੂਬਿਆਂ ਲਈ ਵੱਧ ਅਧਿਕਾਰਾਂ ਦੇ ਪੱਖ ਵਿੱਚ ਹਨ। ਸੰਤ ਲੌਂਗੋਵਾਲ ਨੇ ਵੀ ਬਿਆਨ ਦੇ ਦਿੱਤਾ ਕਿ ਅਸੀਂ ਸਿੱਖ ਪੰਥ ਨੂੰ ਧਾਰਮਿਕ ਤੌਰ 'ਤੇ ਇਕ ਵੱਖਰੀ ਕੌਮ ਸਮਝਦੇ ਹਾਂ ਪਰ ਸਾਡੀ ਕੌਮੀਅਤ ਹਿੰਦੁਸਤਾਨੀ ਹੈ।"[26]

ਇਥੇ ਇਹ ਲੰਮਾ ਹਵਾਲਾ ਦੇਣ ਦਾ ਮੰਤਵ ਇਕ ਤਾਂ ਪਤਵੰਤੇ ਸਿੱਖ ਵਰਗ ਦੀ ਵਿਚਾਰਧਾਰਕ ਸੋਚਣੀ ਦੀ ਵਧੇਰੇ ਪ੍ਰਮਾਣਿਕ ਤੇ ਨਿਖਰਵੀਂ ਤਸਵੀਰ ਪੇਸ਼ ਕਰਨਾ ਹੈ। ਦੂਜਾ ਇਹ ਦਿਖਾਉਣਾ ਹੈ ਕਿ ਇਸ ਸੋਚ ਦੀਆਂ ਜੜ੍ਹਾਂ ਕਿੰਨੀਆਂ ਡੂੰਘੀਆਂ ਹਨ ਅਤੇ ਇਸ ਦਾ ਸਿੱਖ ਪੰਥ ਤੇ ਅਕਾਲੀ ਲੀਡਰਸ਼ਿਪ ਦੀਆਂ ਸਫ਼ਾਂ ਉੱਤੇ ਕਿੰਨਾ ਵਿਆਪਕ ਤੇ ਗੂੜ੍ਹਾ ਪ੍ਰਭਾਵ ਹੈ। ਇਸ ਸਾਰੇ ਪ੍ਰਸੰਗ ਵਿੱਚੋਂ ਕਈ ਅਹਿਮ ਨਿਰਣੇ ਨਿਕਲਦੇ ਹਨ। ਇਕ ਤਾਂ ਇਹ ਕਿ ਕੋਈ ਕੌਮ ਕਿੰਨੀ ਵੀ ਇਕਜੁਟ ਤੇ ਗਠਵੀਂ ਕਿਉਂ ਨਾ ਹੋਵੇ, ਉਸ ਨੂੰ ਦਰਪੇਸ਼ ਮੁਸ਼ਕਲਾਂ ਤੇ ਚੁਣੌਤੀਆਂ ਬਾਰੇ ਉਸ ਦੇ ਸਾਰੇ ਵਰਗਾਂ ਦੀ ਸਮਝ ਇਕ-ਸਾਰ ਨਹੀਂ ਹੋਇਆ ਕਰਦੀ। ਇੱਕੋ ਹੀ ਕੌਮ ਦੇ ਅਲੱਗ-ਅਲੱਗ ਵਰਗਾਂ ਦੀ ਸਮਝ ਬਹੁਤ ਹੀ ਅਲੱਗ-ਅਲੱਗ ਹੁੰਦੀ ਹੈ ਅਤੇ ਇਸ ਉੱਤੇ ਸੰਬੰਧਤ ਵਰਗ ਦੇ ਸਮਾਜੀ-ਆਰਥਿਕ ਰੁਤਬੇ ਤੇ ਹਿਤਾਂ ਦੀ ਗੂੜ੍ਹੀ ਮੋਹਰ-ਛਾਪ ਲੱਗੀ ਹੁੰਦੀ ਹੈ। ਦੂਜਾ, ਆਮ ਤੌਰ 'ਤੇ ਅਧੀਨ ਕੌਮ ਦੇ ਪਤਵੰਤੇ ਹਿੱਸਿਆਂ ਅੰਦਰ ਹੁਕਮਰਾਨ ਵਰਗ ਨਾਲ ਬਣਾ ਕੇ ਰੱਖਣ ਅਤੇ ਉਸ ਦੇ ਨਾਲ ਰਲ ਕੇ

ਚੱਲਣ ਦੀ ਰੁਚੀ ਬਹੁਤ ਪ੍ਰਬਲ ਹੁੰਦੀ ਹੈ। ਉਹ ਆਮ ਹਾਲਤਾਂ ਅੰਦਰ ਹਾਕਮ ਵਰਗ ਨਾਲੋਂ ਦੂਰ ਹੋਣ ਲਈ ਰਾਜ਼ੀ ਨਹੀਂ ਹੁੰਦੇ। ਸਿਰਫ਼ ਅਸਾਧਾਰਨ ਹਾਲਤਾਂ ਵਿੱਚ ਹੀ, ਜਦ ਹਾਕਮ ਵਰਗ ਮਹਿਕੂਮ ਕੌਮ ਪ੍ਰਤੀ ਵਧੇਰੇ ਅੱਖੜ ਤੇ ਵਹਿਸ਼ੀ ਵਤੀਰਾ ਧਾਰਨ ਕਰ ਲੈਂਦਾ ਹੈ ਤਾਂ ਪਤਵੰਤੇ ਵਰਗ ਦੇ ਕੁਝ ਹਿੱਸਿਆਂ ਅੰਦਰ ਵੀ ਰੋਸ ਤੇ ਬੇਗਾਨਗੀ ਦੇ ਭਾਵ ਪੈਦਾ ਹੋਣ ਲੱਗਦੇ ਹਨ ਅਤੇ ਉਨ੍ਹਾਂ ਅੰਦਰ ਆਪਣੀ ਕੌਮ ਦੇ ਸੰਘਰਸ਼ ਦੀ ਹਮਾਇਤ ਕਰਨ ਦਾ ਝੁਕਾਅ ਪੈਦਾ ਹੁੰਦਾ ਹੈ। ਪਰ ਆਮ ਤੌਰ 'ਤੇ ਉਦੋਂ ਵੀ ਉਹ ਸਮਝੌਤੇ ਲਈ ਲਗਾਤਾਰ ਯਤਨਸ਼ੀਲ ਰਹਿੰਦੇ ਹਨ। ਉਨ੍ਹਾਂ ਦੀ ਇਹ ਰੁਚੀ ਰਾਜਨੀਤੀ ਦੇ ਖੇਤਰ ਅੰਦਰ ਆਪਣਾ ਲਗਾਤਾਰ ਪ੍ਰਭਾਵ ਛੱਡਦੀ ਰਹਿੰਦੀ ਹੈ। ਚੀਫ਼ ਖ਼ਾਲਸਾ ਦੀਵਾਨ ਆਪਣੀ ਸਥਾਪਨਾ ਦੇ ਸਮੇਂ ਤੋਂ ਹੀ, ਮੂਲ ਰੂਪ ਵਿੱਚ, ਪਤਵੰਤੇ ਸਿੱਖ ਵਰਗ ਦੀ ਸੋਚ ਤੇ ਭਾਵਨਾਵਾਂ ਦੀ ਤਰਜਮਾਨੀ ਕਰਦਾ ਆ ਰਿਹਾ ਹੈ। ਇਸ ਕਰਕੇ ਵੱਖਰੀ ਸਿੱਖ ਕੌਮ ਦੀ ਧਾਰਨਾ ਪ੍ਰਤੀ ਇਸ ਦੇ ਉਪਰੋਕਤ ਵਤੀਰੇ ਨੂੰ ਸਮਝਣਾ ਕੋਈ ਔਖਾ ਨਹੀਂ।

ਇਸੇ ਹੀ ਸਮੇਂ ਦੌਰਾਨ ਜਦ ਇਕ ਪਾਸੇ ਸਿੱਖ ਕੌਮ ਅੰਦਰ ਗਰਮ-ਖ਼ਿਆਲੀ ਵਿਚਾਰਧਾਰਾ ਤੇਜ਼ੀ ਨਾਲ ਤਾਕਤ ਗ੍ਰਹਿਣ ਕਰ ਰਹੀ ਸੀ ਤਾਂ ਨਾਲ ਹੀ ਅਕਾਲੀ ਲੀਡਰਸ਼ਿਪ ਉੱਤੇ ਵੀ ਤਿੱਖੀ ਰਾਜਨੀਤਕ ਸਰਗਰਮੀ ਲਈ ਭਾਰੀ ਦਬਾਅ ਪੈ ਰਿਹਾ ਸੀ। ਅਸਲ ਵਿੱਚ ਜਿਹੜੇ ਕਾਰਨ ਗਰਮ-ਖ਼ਿਆਲੀ ਧਾਰਾ ਨੂੰ ਬਲ ਪ੍ਰਦਾਨ ਕਰ ਰਹੇ ਸਨ, ਉਹ ਨਾਲ ਹੀ ਨਰਮ-ਖ਼ਿਆਲੀ ਲੀਡਰਸ਼ਿਪ ਨੂੰ ਵੀ ਰਾਜਨੀਤਕ ਸਰਗਰਮੀ ਲਈ ਬਰਾਬਰ ਪ੍ਰੇਰਿਤ ਕਰ ਰਹੇ ਸਨ। ਇਹ ਗੱਲ ਅਲੱਗ ਹੈ ਕਿ ਅਕਾਲੀ ਲੀਡਰਸ਼ਿਪ ਦੁਆਰਾ ਵਿੱਢੀ ਰਾਜਨੀਤਕ ਸਰਗਰਮੀ ਗਰਮ-ਖ਼ਿਆਲੀ ਧਾਰਾ ਨੂੰ ਡੱਕਾ ਲਾਉਣ ਦੀ ਥਾਵੇਂ ਉਲਟਾ ਉਸ ਨੂੰ ਹੋਰ ਵੱਧ ਮਜ਼ਬੂਤੀ ਬਖ਼ਸ਼ਣ ਦਾ ਸਬੱਬ ਬਣ ਰਹੀ ਸੀ। ਪਰ ਅਕਾਲੀ ਲੀਡਰਸ਼ਿਪ ਅੱਗੇ ਇਸ ਤੋਂ ਬਿਨਾਂ ਹੋਰ ਕੋਈ ਚਾਰਾ ਵੀ ਨਹੀਂ ਸੀ। ਰਾਜਨੀਤਕ ਸਰਗਰਮੀ ਤੋਂ ਬਿਨਾਂ ਉਸ ਦਾ ਗੁਜ਼ਾਰਾ ਨਹੀਂ ਸੀ। ਜੇਕਰ ਉਸ ਦੁਆਰਾ ਗਰਮਾਏ ਰਾਜਸੀ ਮੈਦਾਨ ਦਾ ਵੱਧ ਲਾਭ ਗਰਮ-ਖ਼ਿਆਲੀ ਧਾਰਾ ਨੂੰ ਮਿਲ ਰਿਹਾ ਸੀ ਤਾਂ ਇਸ ਵਿੱਚ ਅਕਾਲੀ ਲੀਡਰਸ਼ਿਪ ਦਾ ਕੋਈ ਦੋਸ਼ ਨਹੀਂ ਸੀ। ਇਹ ਉਸ ਦੀ ਨਰਮ-ਖ਼ਿਆਲੀ ਰਾਜਸੀ ਵਿਚਾਰਧਾਰਾ ਦੀਆਂ ਸੀਮਾਵਾਂ ਸਨ ਜੋ ਉਸ ਨੂੰ, ਨਾ ਚਾਹੁੰਦੇ ਹੋਏ ਵੀ, ਗਰਮ-ਖ਼ਿਆਲੀ ਧਾਰਾ ਦੀ ਸਹਾਈ ਭੂਮਿਕਾ ਨਿਭਾਉਣ ਵੱਲ ਧੱਕ ਰਹੀਆਂ ਸਨ।

•

# 17

# ਅਕਾਲੀ ਰਾਜਨੀਤੀ ਸੰਕਟ-ਮੂੰਹ

ਅਕਾਲੀ ਦਲ ਵੱਲੋਂ 29 ਜੁਲਾਈ 1981 ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਪ੍ਰਧਾਨਗੀ ਹੇਠ ਮੰਜੀ ਸਾਹਿਬ (ਅੰਮ੍ਰਿਤਸਰ) ਵਿਖੇ ਇਕ ਵਿਸ਼ਾਲ ਸੰਸਾਰ ਸਿੱਖ ਕਨਵੈਨਸ਼ਨ ਬੁਲਾਈ ਗਈ ਜਿਸ ਵਿੱਚ ਸਿੱਖ ਕੌਮ ਦੀਆਂ ਮੰਗਾਂ ਤੇ ਮਸਲਿਆਂ ਬਾਰੇ ਵਿਸਥਾਰ ਵਿੱਚ ਵਿਚਾਰਾਂ ਹੋਈਆਂ। ਕੇਂਦਰ ਸਰਕਾਰ ਨੂੰ ਸਿੱਖ ਕੌਮ ਦੀਆਂ ਉਭਰਵੀਆਂ ਮੰਗਾਂ ਪ੍ਰਵਾਨ ਕਰਨ ਲਈ ਇਕ ਮਹੀਨੇ ਦਾ ਸਮਾਂ ਦਿੱਤਾ ਗਿਆ ਅਤੇ ਮੰਗਾਂ ਨਾ ਮੰਨਣ ਦੀ ਸੂਰਤ ਵਿੱਚ ਸਤੰਬਰ ਦੇ ਮਹੀਨੇ ਸੰਘਰਸ਼ ਆਰੰਭ ਕਰ ਦੇਣ ਦੀ ਚੇਤਾਵਨੀ ਦਿੱਤੀ ਗਈ। ਸਿੱਖਾਂ ਦੇ ਧਰਮ ਤੇ ਰਾਜਨੀਤੀ ਅੰਦਰ ਕਾਂਗਰਸੀ ਹਾਕਮਾਂ ਦੀ ਲਗਾਤਾਰ ਦਖ਼ਲ-ਅੰਦਾਜ਼ੀ ਅਕਾਲੀ ਲੀਡਰਸ਼ਿਪ ਅੰਦਰ ਵੱਡਾ ਰੋਸ ਪੈਦਾ ਕਰ ਰਹੀ ਸੀ। ਪਾਕਿਸਤਾਨ ਅੰਦਰਲੇ ਗੁਰਧਾਮਾਂ ਦੀ ਯਾਤਰਾ ਲਈ ਸਿੱਖ ਜਥੇ ਭੇਜਣ ਦਾ ਮਾਮਲਾ ਸਿੱਖਾਂ ਦਾ ਨਿਰੋਲ ਧਾਰਮਿਕ ਮਾਮਲਾ ਹੈ ਜਿਸ ਲਈ ਸਰਕਾਰੀ ਦਖ਼ਲ-ਅੰਦਾਜ਼ੀ ਦੀ ਕੋਈ ਵਜ੍ਹਾ ਤੇ ਵਾਜਬੀਅਤ ਨਹੀਂ ਬਣਦੀ। ਪਰ ਕੇਂਦਰ ਦੀ ਕਾਂਗਰਸ ਸਰਕਾਰ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਕਾਰ ਤੇ ਅਧਿਕਾਰ ਖੇਤਰ ਨੂੰ ਖੋਰਾ ਪਾਉਣ ਦੀ ਨੀਤ ਨਾਲ ਇਸ ਮਾਮਲੇ 'ਚ ਪੈਰ-ਪੈਰ 'ਤੇ ਨਿਹੱਕੀ ਦਖ਼ਲ-ਅੰਦਾਜ਼ੀ ਕੀਤੀ ਜਾ ਰਹੀ ਸੀ ਅਤੇ ਜਥੇਦਾਰ ਸੰਤੋਖ ਸਿੰਘ ਵਰਗੇ ਚਹੇਤਿਆਂ ਨੂੰ ਸਿੱਖਾਂ ਦੇ ਆਗੂਆਂ ਵਜੋਂ ਉਭਾਰਨ ਤੇ ਸਥਾਪਤ ਕਰਨ ਦੇ ਯਤਨ ਕੀਤੇ ਜਾ ਰਹੇ ਸਨ। ਕਾਂਗਰਸੀ ਹਾਕਮਾਂ ਦੇ ਅਜਿਹੇ ਅਮਲ ਅਕਾਲੀ ਲੀਡਰਸ਼ਿਪ ਨੂੰ ਸੰਘਰਸ਼ ਦੇ ਰਾਹ ਪੈਣ ਲਈ ਉਤੇਜਿਤ ਕਰ ਰਹੇ ਸਨ।

ਸੰਸਾਰ ਸਿੱਖ ਕਨਵੈਨਸ਼ਨ ਦੇ ਫ਼ੈਸਲਿਆਂ ਦੀ ਰੋਸ਼ਨੀ ਵਿੱਚ ਅਕਾਲੀ ਦਲ ਨੇ 7 ਸਤੰਬਰ 1981 ਨੂੰ ਦਿੱਲੀ ਪਾਰਲੀਮੈਂਟ ਦੇ ਅੱਗੇ ਸਿੱਖਾਂ ਦਾ ਵਿਸ਼ਾਲ ਮਾਰਚ ਜਥੇਬੰਦ ਕੀਤਾ। ਹਮੇਸ਼ਾ ਵਾਂਗ, ਦਿੱਲੀ ਪ੍ਰਸ਼ਾਸਨ ਅਤੇ ਪੁਲਸ ਨੇ ਆਪਣੀਆਂ ਸਿੱਖ-ਵਿਰੋਧੀ ਭਾਵਨਾਵਾਂ ਦਾ ਮੁਜ਼ਾਹਰਾ ਕਰਦਿਆਂ ਹੋਇਆਂ ਸਿੱਖਾਂ ਦੇ ਇਸ ਪੁਰਅਮਨ ਤੇ ਜ਼ਬਤ-ਬੱਧ ਮਾਰਚ ਉੱਤੇ ਬੇਵਜ੍ਹਾ ਲਾਠੀਚਾਰਜ ਕਰ ਕੇ ਦਰਜਨਾਂ ਸਿੱਖਾਂ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ। ਦੇਸ ਦੀ ਰਾਜਧਾਨੀ ਅੰਦਰ ਸਿੱਖਾਂ ਨਾਲ ਵਾਰ-ਵਾਰ ਹੋ ਰਹੇ ਵਹਿਸ਼ੀ ਵਰਤਾਉ ਨੇ ਸਿੱਖ ਕੌਮ ਅੰਦਰ ਗਰਮ-ਖ਼ਿਆਲੀ ਵਿਚਾਰਧਾਰਾ ਦੇ ਪੌਸਾਰੇ ਲਈ ਹੋਰ ਵੱਧ ਜ਼ਰਖ਼ੇਜ਼ ਭੋਇੰ ਤਿਆਰ ਕਰ ਦਿੱਤੀ।

8 ਸਤੰਬਰ ਨੂੰ ਅਕਾਲੀ ਦਲ ਦੀ ਤਰਫ਼ੋਂ ਕੇਂਦਰ ਸਰਕਾਰ ਨੂੰ ਸਿੱਖ ਕੌਮ ਦੀਆਂ ਮੰਗਾਂ ਤੇ ਮਸਲਿਆਂ ਦਾ 45 ਮੁੱਦਿਆਂ ਵਾਲਾ ਭਰਵਾਂ ਚਾਰਟਰ ਪੇਸ਼ ਕੀਤਾ ਗਿਆ। ਭਾਵੇਂ ਇਹ ਚਾਰਟਰ ਤਿਆਰ ਕਰਨ ਲੱਗਿਆਂ ਬਹੁਤੀ ਮੁਹਾਰਤ ਤੇ ਸਾਵਧਾਨੀ ਤੋਂ ਕੰਮ ਨਹੀਂ

ਸੀ ਲਿਆ ਗਿਆ ਅਤੇ ਕੁਝ ਮਾਮਲਿਆਂ ਵਿੱਚ ਸ਼ਿਕਾਇਤਾਂ ਤੇ ਮੰਗਾਂ ਨੂੰ ਰਲਗੱਡ ਕਰ ਦੇਣ ਦੀ ਨਾਦਾਨੀ ਤੇ ਅਣਗਹਿਲੀ ਵਰਤੀ ਗਈ ਸੀ, ਪਰ ਫਿਰ ਵੀ ਇਸ ਚਾਰਟਰ ਨੇ ਸਿੱਖ ਪੰਥ ਦੀਆਂ ਧਾਰਮਿਕ, ਰਾਜਨੀਤਕ, ਆਰਥਿਕ ਤੇ ਸਮਾਜਿਕ ਖੇਤਰਾਂ ਨਾਲ ਸੰਬੰਧਤ ਸਭਨਾਂ ਤਤਕਾਲੀ ਤੇ ਚਿਰ-ਕਾਲੀ ਮੰਗਾਂ, ਮਸਲਿਆਂ, ਸ਼ਿਕਾਇਤਾਂ ਤੇ ਸਰੋਕਾਰਾਂ ਦੀ ਭਰਵੀਂ ਤਸਵੀਰ ਉਘਾੜਨ ਵਿੱਚ ਸ਼ਲਾਘਾਯੋਗ ਭੂਮਿਕਾ ਨਿਭਾਈ। ਧਾਰਮਿਕ ਖੇਤਰ ਅੰਦਰ ਅਕਾਲੀ ਲੀਡਰਸ਼ਿਪ ਦੀ ਮੁੱਖ ਸ਼ਿਕਾਇਤ ਇਹ ਸੀ ਕਿ ਹਿੰਦੂ ਹਾਕਮਾਂ ਵੱਲੋਂ ਸਿੱਖਾਂ ਦੇ ਧਾਰਮਿਕ ਮਾਮਲਿਆਂ 'ਚ ਬੇਵਜ੍ਹਾ ਦਖ਼ਲ-ਅੰਦਾਜ਼ੀ ਕੀਤੀ ਜਾ ਰਹੀ ਹੈ ਅਤੇ ਹਿੰਦੂ ਧਰਮ ਦੀ ਤੁਲਨਾ ਵਿੱਚ ਸਿੱਖ ਧਰਮ ਨਾਲ ਸ਼ਰੀਹਣ ਵਿਤਕਰਾ ਤੇ ਦਵੈਤ ਵਰਤੀ ਜਾ ਰਹੀ ਹੈ। ਅਕਾਲੀ ਦਲ ਦੀ ਸਭ ਤੋਂ ਪ੍ਰਮੁੱਖ ਤੇ ਮਹੱਤਵਪੂਰਨ ਧਾਰਮਿਕ ਮੰਗ ਇਹ ਸੀ ਕਿ ਗੁਰਦੁਆਰਾ ਐਕਟ ਦਾ ਘੇਰਾ ਵਧਾ ਕੇ ਕੁੱਲ ਹਿੰਦ ਪੱਧਰ ਤਕ ਕੀਤਾ ਜਾਵੇ ਅਤੇ ਦੇਸ ਭਰ ਦੇ ਇਤਿਹਾਸਕ ਗੁਰਦੁਆਰਿਆਂ ਤੇ ਸਿੱਖ ਧਾਰਮਿਕ ਅਸਥਾਨਾਂ ਦਾ ਇੰਤਜ਼ਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪਿਆ ਜਾਵੇ, ਸ਼੍ਰੋਮਣੀ ਕਮੇਟੀ ਨੂੰ ਸਿੱਖਾਂ ਦੀ ਇਕ-ਮਾਤਰ ਨੁਮਾਇੰਦਾ ਸੰਸਥਾ ਪ੍ਰਵਾਨ ਕੀਤਾ ਜਾਵੇ ਅਤੇ ਆਨੀ-ਬਹਾਨੀ ਇਸ ਦੇ ਵਕਾਰ ਤੇ ਅਧਿਕਾਰ ਖੇਤਰ ਨੂੰ ਖੋਰਾ ਲਾਉਣ ਦੀਆਂ ਕੋਸ਼ਿਸ਼ਾਂ ਤੋਂ ਬਾਜ਼ ਆਇਆ ਜਾਵੇ, ਦਰਬਾਰ ਸਾਹਿਬ ਦੇ ਅੰਦਰੋਂ ਕੀਰਤਨ ਰੀਲੇਅ ਕਰਨ ਲਈ ਸਿੱਖਾਂ ਨੂੰ ਆਪਣਾ ਟਰਾਂਸਮੀਟਰ ਲਾਉਣ ਦੀ ਖੁੱਲ੍ਹ ਦਿੱਤੀ ਜਾਵੇ ਅਤੇ ਅੰਮ੍ਰਿਤਸਰ ਨੂੰ ਬਨਾਰਸ, ਹਰਿਦੁਆਰ ਤੇ ਕੁਰੁਕਸ਼ੇਤਰ ਦੀ ਤਰ੍ਹਾਂ ਪਵਿੱਤਰ ਨਗਰੀ ਦਾ ਦਰਜਾ ਦਿੱਤਾ ਜਾਵੇ। ਦੇਸ ਅੰਦਰ ਹਕੀਕੀ ਰੂਪ ਵਿੱਚ ਫ਼ੈਡਰਲ ਢਾਂਚੇ ਦੀ ਉਸਾਰੀ ਕਰਨਾ ਅਕਾਲੀ ਦਲ ਦੀ ਸਭ ਤੋਂ ਪ੍ਰਮੁੱਖ ਰਾਜਨੀਤਕ ਮੰਗ ਸੀ ਜਿਸ ਦੇ ਲਈ ਆਨੰਦਪੁਰ ਸਾਹਿਬ ਦੇ ਮਤੇ ਨੂੰ ਪ੍ਰਵਾਨ ਕਰਨ ਉੱਤੇ ਉਚੇਚਾ ਜ਼ੋਰ ਦਿੱਤਾ ਗਿਆ ਸੀ। ਇਸ ਦੇ ਨਾਲ ਹੀ ਪੰਜਾਬ ਤੋਂ ਧੱਕੇ ਨਾਲ ਖੋਹੀ ਉਸਦੀ ਰਾਜਧਾਨੀ, ਪੰਜਾਬੀ ਬੋਲਦੇ ਇਲਾਕੇ ਅਤੇ ਦਰਿਆਈ ਪਾਣੀਆਂ ਤੇ ਹੈੱਡ ਵਰਕਸਾਂ ਨੂੰ ਪੰਜਾਬ ਦੇ ਹਵਾਲੇ ਕਰਨ ਦੀ ਮੰਗ ਵੀ ਜ਼ੋਰ ਨਾਲ ਉਭਾਰੀ ਗਈ ਸੀ। ਪੰਜਾਬ ਦੇ ਨਾਲ ਲੱਗਵੇਂ ਰਾਜਾਂ ਅੰਦਰ ਸਿੱਖਾਂ ਤੇ ਪੰਜਾਬੀਆਂ ਦੀ ਵੱਡੀ ਵਸੋਂ ਨੂੰ ਮੱਦੇਨਜ਼ਰ ਰੱਖਦਿਆਂ ਹੋਇਆਂ ਇਨ੍ਹਾਂ ਰਾਜਾਂ ਅੰਦਰ ਪੰਜਾਬੀ ਬੋਲੀ ਨੂੰ ਦੂਜੀ ਭਾਸ਼ਾ ਦਾ ਦਰਜਾ ਦੇਣ ਦੀ ਮੰਗ ਅਕਾਲੀ ਦਲ ਦੀਆਂ ਪ੍ਰਮੁੱਖ ਰਾਜਸੀ ਮੰਗਾਂ ਵਿੱਚੋਂ ਇਕ ਸੀ। ਆਰਥਿਕ ਖੇਤਰ ਅੰਦਰ ਅਕਾਲੀ ਦਲ ਦਾ ਸ਼ੁਰੂ ਤੋਂ ਹੀ ਮੁੱਖ ਇਤਰਾਜ਼ ਇਹ ਰਿਹਾ ਹੈ ਕਿ ਦੇਸ ਅੰਦਰ ਸਨਅਤ ਤੇ ਵਪਾਰ ਦੇ ਮੁਕਾਬਲੇ ਖੇਤੀ ਸੈਕਟਰ ਨਾਲ ਨੰਗਾ ਵਿਤਕਰਾ ਕੀਤਾ ਜਾਂਦਾ ਹੈ ਅਤੇ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦੇ ਲਾਹੇਵੰਦ ਭਾਅ ਨਹੀਂ ਦਿੱਤੇ ਜਾਂਦੇ। ਨਾਲ ਹੀ ਕੇਂਦਰ ਸਰਕਾਰ ਵੱਲੋਂ ਪੰਜਾਬ ਅੰਦਰ ਵੱਡੀ ਸਨਅਤ ਦੇ ਵਿਕਾਸ ਨੂੰ ਲਗਾਤਾਰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ ਜਿਸ ਨਾਲ ਪੰਜਾਬ ਦੇ ਅਰਥਚਾਰੇ ਨੂੰ ਲਕਵਾ ਮਾਰ ਗਿਆ ਹੈ ਅਤੇ ਇਸ ਦਾ ਸਮੁੱਚਾ ਆਰਥਿਕ ਸੰਤੁਲਨ ਬੁਰੀ ਤਰ੍ਹਾਂ ਲੜਖੜਾ ਕੇ ਰਹਿ ਗਿਆ ਹੈ। ਇਸ ਦ੍ਰਿਸ਼ਟੀ ਤੋਂ, ਅਕਾਲੀ ਲੀਡਰਸ਼ਿਪ ਵੱਲੋਂ ਪੰਜਾਬ ਅੰਦਰ ਵੱਡੀ ਸਨਅਤ ਦਾ ਵਿਕਾਸ ਕਰਨ ਅਤੇ ਅੰਮ੍ਰਿਤਸਰ ਨੂੰ ਖ਼ੁਸ਼ਕ ਬੰਦਰਗਾਹ ਵਜੋਂ ਵਿਕਸਤ ਕਰਨ ਦੀ ਮੰਗ ਉਭਾਰੀ ਗਈ। ਖੇਤੀ ਸੈਕਟਰ ਨਾਲ ਹੋ ਰਹੀ ਵਿਤਕਰੇਬਾਜ਼ੀ ਉੱਤੇ ਰੋਕ ਲਾਉਣ ਲਈ ਅਕਾਲੀ ਦਲ ਵੱਲੋਂ ਖੇਤੀ ਜਿਨਸਾਂ ਦੇ ਲਾਹੇਵੰਦ ਭਾਅ ਦੇਣ, ਖੇਤੀ ਵਾਲੀ ਜ਼ਮੀਨ ਉੱਤੇ ਹੱਦਬੰਦੀ ਕਾਨੂੰਨ ਵਿੱਚ ਢਿੱਲ ਦੇਣ ਅਤੇ ਸ਼ਹਿਰੀ ਜਾਇਦਾਦ ਨੂੰ ਵੀ ਹੱਦਬੰਦੀ ਕਾਨੂੰਨ ਦੇ ਘੇਰੇ ਵਿੱਚ ਲੈਣ ਦੀ ਮੰਗ ਉੱਤੇ ਜ਼ੋਰ ਦਿੱਤਾ ਗਿਆ। ਇਸੇ ਤਰ੍ਹਾਂ ਫ਼ੌਜੀ ਭਰਤੀ ਨੂੰ ਰਾਜਾਂ ਦੀ ਵਸੋਂ ਦੇ ਅਨੁਪਾਤ ਨਾਲ ਜੋੜਨ ਦੇ ਫ਼ੈਸਲੇ ਦਾ ਤਿੱਖਾ ਵਿਰੋਧ ਕਰਦਿਆਂ ਹੋਇਆਂ ਸਿੱਖਾਂ ਨੂੰ ਫ਼ੌਜੀ ਭਰਤੀ ਅੰਦਰ

ਵਿਸ਼ੇਸ਼ ਤਰਜੀਹ ਦੇਣ ਦੀ ਰੀਤ ਨੂੰ ਮੁੜ ਬਹਾਲ ਕਰਨ ਦੀ ਮੰਗ ਉੱਤੇ ਜ਼ੋਰ ਦਿੱਤਾ ਗਿਆ। ਇਸ ਦੇ ਨਾਲ ਹੀ, ਟੈਲੀਵਿਜਨ ਤੇ ਫ਼ਿਲਮਾਂ ਆਦਿ ਅੰਦਰ ਸਿੱਖਾਂ ਨੂੰ ਅਯੋਗ ਢੰਗ ਨਾਲ ਪੇਸ਼ ਕਰਨ ਦੀ ਹਿੰਦੂ ਬਿਰਤੀ ਦਾ ਤਿੱਖਾ ਨੋਟਿਸ ਲੈਂਦਿਆਂ ਹੋਇਆਂ ਇਸ ਅਮਲ ਉੱਤੇ ਤੁਰੰਤ ਰੋਕ ਲਾਉਣ ਦੀ ਮੰਗ ਕੀਤੀ ਗਈ।[1]

ਅਕਾਲੀ ਦਲ ਦੀ ਇਸ ਰਾਜਨੀਤਕ ਸਰਗਰਮੀ ਦੇ ਸਮਾਨ-ਅੰਤਰ ਹੀ ਪੰਜਾਬ ਅੰਦਰ ਖਾੜਕੂ ਕਾਰਵਾਈਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ ਜਿਸ ਨਾਲ ਰਾਜਸੀ ਹਾਲਾਤ ਤੇਜ਼ੀ ਨਾਲ ਤਿੱਖਾ ਮੋੜ ਕੱਟਣ ਲੱਗੇ। ਅਕਾਲੀ ਆਗੂ ਕੇਂਦਰ ਸਰਕਾਰ ਨੂੰ ਸਿੱਖ ਕੌਮ ਦੀਆਂ ਮੰਗਾਂ ਦਾ ਚਾਰਟਰ ਦੇ ਕੇ ਦਿੱਲੀ ਤੋਂ ਵਾਪਸ ਪਰਤੇ ਹੀ ਸਨ ਕਿ ਲਾਲਾ ਜਗਤ ਨਰਾਇਣ ਦਾ ਕਤਲ ਹੋ ਗਿਆ। ਇਸ ਕਤਲ ਦੇ ਤੁਰੰਤ ਬਾਅਦ ਪੰਜਾਬ ਦੇ ਪ੍ਰਮੁੱਖ ਸ਼ਹਿਰਾਂ ਅੰਦਰ ਫ਼ਿਰਕੂ ਤਣਾਅ ਤੇ ਹਿੰਸਾ ਦਾ ਮਾਹੌਲ ਪੈਦਾ ਹੋ ਤੁਰਿਆ। ਉਸ ਤੋਂ ਬਾਅਦ ਚੰਦੋ ਕਲਾਂ ਦੀ ਘਟਨਾ ਅਤੇ ਸੰਤ ਜਰਨੈਲ ਸਿੰਘ ਦੀ ਗ੍ਰਿਫ਼ਤਾਰੀ ਨੇ ਅਕਾਲੀ ਲੀਡਰਸ਼ਿਪ ਮੂਹਰੇ ਅਚਾਨਕ ਨਵੀਂ ਹਾਲਤ ਪੈਦਾ ਕਰ ਦਿੱਤੀ। ਸਿੱਟੇ ਵਜੋਂ, ਅਕਾਲੀ ਦਲ ਦੀ ਆਪਣੀਆਂ ਮੰਗਾਂ ਉੱਤੇ ਸੰਘਰਸ਼ ਸ਼ੁਰੂ ਕਰਨ ਦੀ ਉਲੀਕੀ ਹੋਈ ਯੋਜਨਾ ਉਖੜ ਗਈ ਅਤੇ ਅਕਾਲੀ ਲੀਡਰਸ਼ਿਪ ਦਾ ਰਾਜਸੀ ਹਾਲਤ ਉੱਤੇ ਕੰਟਰੋਲ ਢਿੱਲਾ ਪੈ ਤੁਰਿਆ। ਭਾਵੇਂ ਅਕਾਲੀ ਦਲ ਨੇ 30 ਸਤੰਬਰ ਤੋਂ ਬਾਅਦ ਆਪਣੀਆਂ ਮੰਗਾਂ ਮਨਵਾਉਣ ਲਈ ਬਾਕਾਇਦਾ ਸੰਘਰਸ਼ ਆਰੰਭ ਕਰ ਦੇਣ ਦਾ ਐਲਾਨ ਕਰ ਰੱਖਿਆ ਹੋਇਆ ਸੀ ਪ੍ਰੰਤੂ ਬਦਲੀ ਹੋਈ ਹਾਲਤ ਅੰਦਰ ਅਕਾਲੀ ਲੀਡਰਸ਼ਿਪ ਲਈ ਸੰਘਰਸ਼ ਦਾ ਵਿੱਢ ਵਿੱਢਣਾ ਏਨਾ ਆਸਾਨ ਨਹੀਂ ਸੀ ਰਿਹਾ। ਉਹ ਇਸ ਬਾਰੇ ਡਾਵਾਂਡੋਲਤਾ ਤੇ ਦੋਚਿਤੀ ਵਿੱਚ ਪਈ ਹੋਈ ਸੀ। ਇਸ ਕਰਕੇ ਜਦ 14 ਅਕਤੂਬਰ ਨੂੰ ਇੰਦਰਾ ਗਾਂਧੀ ਨੇ ਅਕਾਲੀ ਆਗੂਆਂ ਅੱਗੇ ਗੱਲਬਾਤ ਦੀ ਪੇਸ਼ਕਸ਼ ਰੱਖੀ ਤਾਂ ਉਨ੍ਹਾਂ ਨੇ ਇਹ ਪੇਸ਼ਕਸ਼ ਤੁਰੰਤ ਅਤੇ ਖ਼ੁਸ਼ੀ-ਖ਼ੁਸ਼ੀ ਪ੍ਰਵਾਨ ਕਰ ਲਈ। ਅਕਾਲੀ ਲੀਡਰਸ਼ਿਪ ਅੱਗੇ ਸਭ ਤੋਂ ਵੱਡੀ ਸਮੱਸਿਆ ਸੰਤ ਜਰਨੈਲ ਸਿੰਘ ਦੀ ਗ੍ਰਿਫ਼ਤਾਰੀ ਦੀ ਸੀ। ਸੰਤ ਜਰਨੈਲ ਸਿੰਘ ਦੇ ਹਿਰਾਸਤ ਵਿੱਚ ਹੁੰਦਿਆਂ ਅਕਾਲੀ ਆਗੂਆਂ ਲਈ ਕੇਂਦਰ ਸਰਕਾਰ ਨਾਲ ਗੱਲਬਾਤ ਸ਼ੁਰੂ ਕਰ ਸਕਣੀ ਤੇ ਜਾਰੀ ਰੱਖ ਸਕਣੀ ਸੰਭਵ ਨਹੀਂ ਸੀ। ਇਸ ਕਰਕੇ ਉਨ੍ਹਾਂ ਵੱਲੋਂ ਸੰਤਾਂ ਦੀ ਰਿਹਾਈ ਦੀ ਮੰਗ ਉੱਤੇ ਜ਼ੋਰ ਦਿੱਤਾ ਜਾਣ ਲੱਗਾ। ਸੰਤ ਜਰਨੈਲ ਸਿੰਘ ਨੂੰ ਲੰਮਾ ਚਿਰ ਹਿਰਾਸਤ ਵਿੱਚ ਰੱਖਣਾ ਇੰਦਰਾ ਗਾਂਧੀ ਦੀ ਰਣਨੀਤੀ ਦੇ ਵੀ ਅਨੁਕੂਲ ਨਹੀਂ ਸੀ। ਇਸ ਕਰਕੇ ਗੱਲਬਾਤ ਦੀ ਪੇਸ਼ਕਸ਼ ਦੇ ਅਗਲੇ ਹੀ ਦਿਨ (15 ਅਕਤੂਬਰ) ਸੰਤ ਜਰਨੈਲ ਸਿੰਘ ਨੂੰ ਬਿਨਾਂ ਸ਼ਰਤ ਰਿਹਾਅ ਕਰ ਦਿੱਤਾ ਗਿਆ ਅਤੇ ਉਸ ਦੇ ਝੱਟ ਬਾਅਦ, ਅਗਲੇ ਹੀ ਦਿਨ, ਅਕਾਲੀ ਆਗੂਆਂ ਦੀ ਇੰਦਰਾ ਗਾਂਧੀ ਨਾਲ ਬਾਕਾਇਦਾ ਗੱਲਬਾਤ ਸ਼ੁਰੂ ਹੋ ਗਈ। ਗੱਲਬਾਤ ਦੇ ਪਹਿਲੇ ਗੇੜ ਅੰਦਰ ਅਕਾਲੀ ਦਲ ਦੀ ਤਰਫ਼ੋਂ ਅੱਵਲ ਸ਼੍ਰੇਣੀ ਦੇ ਆਗੂ (ਸੰਤ ਹਰਚੰਦ ਸਿੰਘ ਲੌਂਗੋਵਾਲ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ: ਪ੍ਰਕਾਸ਼ ਸਿੰਘ ਬਾਦਲ, ਸ: ਸੁਰਜੀਤ ਸਿੰਘ ਬਰਨਾਲਾ ਤੇ ਸ: ਬਲਵੰਤ ਸਿੰਘ) ਖ਼ੁਦ ਸ਼ਾਮਲ ਹੋਏ ਜਦ ਕਿ ਇੰਦਰਾ ਗਾਂਧੀ ਨੇ ਆਪਣੀ ਮਦਦ ਲਈ ਗ੍ਰਹਿ ਸਕੱਤਰ ਟੀ.ਐਨ. ਚਤੁਰਵੇਦੀ, ਕੈਬਨਿਟ ਸਕੱਤਰ ਕ੍ਰਿਸ਼ਨਾ ਸਵਾਮੀ ਰਾਓ ਤੇ ਪ੍ਰਮੁੱਖ ਸਕੱਤਰ ਪੀ.ਸੀ. ਅਲੈਗਜ਼ੈਂਡਰ ਦੀ ਤਿਕੜੀ ਨੂੰ ਗੱਲਬਾਤ ਵਿੱਚ ਸ਼ਾਮਲ ਕਰ ਕੇ ਆਪਣੀ ਵੱਲੋਂ ਸੰਜੀਦਗੀ ਦਾ ਪ੍ਰਭਾਵ ਦੇਣ ਦਾ ਯਤਨ ਕੀਤਾ।

ਗੱਲਬਾਤ ਦੌਰਾਨ ਅਕਾਲੀ ਆਗੂਆਂ ਨੇ ਤਿੰਨ ਮੁੱਦਿਆਂ ਦੇ ਫ਼ੌਰੀ ਨਿਪਟਾਰੇ ਉੱਤੇ ਜ਼ੋਰ ਦਿੱਤਾ। ਇਕ ਇਹ ਕਿ ਚੰਡੀਗੜ੍ਹ ਤੁਰੰਤ ਪੰਜਾਬ ਦੇ ਹਵਾਲੇ ਕੀਤਾ ਜਾਵੇ। ਦੂਜਾ, ਜੇਕਰ ਪੰਜਾਬ ਦੇ ਦਰਿਆਵਾਂ ਦੇ ਪਾਣੀਆਂ 'ਚੋਂ ਹਰਿਆਣਾ, ਦਿੱਲੀ ਤੇ ਰਾਜਸਥਾਨ ਨੂੰ

ਹਿੱਸਾ ਦੇਣਾ ਹੈ ਤਾਂ ਨਾਲ ਹੀ ਯਮੁਨਾ ਦੇ ਪਾਣੀ ਦੀਆਂ ਵੀ ਵੰਡੀਆਂ ਪਾਈਆਂ ਜਾਣ। ਤੀਜਾ, ਫ਼ੌਜ ਅੰਦਰ ਸਿੱਖਾਂ ਦੀ ਗਿਣਤੀ ਨੂੰ ਖੋਰਾ ਪਾਉਣ ਦੀ ਯੋਜਨਾ ਥਾਏਂ ਠੱਪ ਕੀਤੀ ਜਾਵੇ। ਦਲੀਲ ਤੇ ਨਿਆਂ ਦੇ ਲਿਹਾਜ਼ ਨਾਲ ਅਕਾਲੀ ਆਗੂਆਂ ਦੀਆਂ ਇਹ ਮੰਗਾਂ ਪੂਰੀ ਤਰ੍ਹਾਂ ਵਾਜਬ ਤੇ ਮੰਨਣਯੋਗ ਸਨ। ਪਰੰਤੂ ਇੰਦਰਾ ਗਾਂਧੀ ਨੇ ਇਨ੍ਹਾਂ ਮੰਗਾਂ ਪ੍ਰਤੀ ਟਰਕਾਊ ਰਵੱਈਆ ਧਾਰਨ ਕਰੀ ਰੱਖਿਆ। ਅਸਲ ਵਿੱਚ, ਇੰਦਰਾ ਗਾਂਧੀ ਨੇ ਦੇਸ ਅੰਦਰ ਹਿੰਦੂ ਕੱਟੜਵਾਦ ਨੂੰ ਉਭਾਰਨ ਤੇ ਵਰਤਣ ਦਾ ਜੋ ਰਾਜਸੀ ਪੈਂਤੜਾ ਧਾਰਨ ਕਰ ਰੱਖਿਆ ਹੋਇਆ ਸੀ, ਉਹ ਉਸ ਕੋਲੋਂ ਦੇਸ ਦੀ ਹਿੰਦੂ ਜਨਤਾ ਸਾਹਮਣੇ ਇਕ ਮਜ਼ਬੂਤ ਅਤੇ ਦ੍ਰਿੜ ਹਿੰਦੂ ਹੁਕਮਰਾਨ ਵਜੋਂ ਪੇਸ਼ ਹੋਣ ਦੀ ਮੰਗ ਕਰਦਾ ਸੀ। ਇਸ ਕਰਕੇ ਸਿੱਖ ਕੌਮ ਦੀਆਂ ਮੰਗਾਂ ਪ੍ਰਤੀ ਨਰਮਾਈ ਤੇ ਰਿਆਇਤਦਿਲੀ ਵਾਲਾ ਰੁਖ਼ ਉਸ ਦੇ ਰਾਜਸੀ ਤੇਵਰ ਦੇ ਅਨੁਕੂਲ ਨਹੀਂ ਸੀ ਬੈਠਦਾ। ਅਕਾਲੀ ਆਗੂਆਂ ਨਾਲ ਗੱਲਬਾਤ ਦਾ ਅਡੰਬਰ ਵੀ ਉਸ ਦੀ ਇਸ ਰਾਜਨੀਤਕ ਪੈਂਤੜੇਬਾਜ਼ੀ ਦਾ ਹੀ ਹਿੱਸਾ ਸੀ। ਇਸ ਰਾਹੀਂ ਇਕ ਤਾਂ ਉਹ ਦੇਸ ਦੀ ਹਿੰਦੂ ਜਨਤਾ ਨੂੰ ਆਪਣੇ ਬਾਰੇ ਅਕਾਲੀ ਆਗੂਆਂ ਮੂਹਰੇ ਸਖ਼ਤੀ ਨਾਲ ਡਟੇ ਰਹਿਣ ਦਾ ਪ੍ਰਭਾਵ ਦੇਣਾ ਚਾਹੁੰਦੀ ਸੀ। ਦੂਜਾ, ਉਹ ਅਕਾਲੀ ਆਗੂਆਂ ਨੂੰ ਵਾਰਤਾਲਾਪ ਦੇ ਭਰਮ-ਜਾਲ ਵਿੱਚ ਫਸਾ ਕੇ ਸੰਘਰਸ਼ ਦੇ ਪੈਂਤੜੇ ਤੋਂ ਉਖਾੜਨਾ ਚਾਹੁੰਦੀ ਸੀ। ਉਸਦੀ ਇਹ ਮੰਦਭਾਵਨਾ ਉਦੋਂ ਸਾਫ਼ ਪ੍ਰਗਟ ਹੋ ਗਈ ਜਦ ਉਸਨੇ ਇਕ ਪਾਸੇ ਤਾਂ ਅਕਾਲੀ ਆਗੂਆਂ ਨਾਲ ਗੱਲਬਾਤ ਦਾ ਪਰਪੰਚ ਰਚੀ ਰੱਖਿਆ ਅਤੇ ਦੂਜੇ ਪਾਸੇ ਗੱਲਬਾਤ ਦੇ ਅਮਲ ਦੌਰਾਨ ਹੀ 31 ਦਸੰਬਰ 1981 ਨੂੰ ਦਰਬਾਰਾ ਸਿੰਘ ਉੱਤੇ ਦਬਾਅ ਪਾ ਕੇ ਦਰਿਆਈ ਪਾਣੀਆਂ ਦੀ ਨਿਹੱਕੀ ਵੰਡ ਬਾਰੇ ਪੰਜਾਬ ਦੀ ਸਾਬਕਾ ਅਕਾਲੀ-ਜਨਤਾ ਸਰਕਾਰ ਵੱਲੋਂ ਸੁਪਰੀਮ ਕੋਰਟ 'ਚ ਦਾਇਰ ਕੀਤੀ ਉਜ਼ਰਦਾਰੀ ਵਾਪਸ ਲੈਣ ਦੀ ਅਰਜ਼ੀ ਦੁਆ ਦਿੱਤੀ ਅਤੇ ਨਾਲ ਹੀ ਦਰਿਆਈ ਪਾਣੀਆਂ ਦੀ ਵੰਡ ਬਾਰੇ ਆਪਣਾ ਇਕ ਹੋਰ ਨਿਹੱਕਾ ਫ਼ੈਸਲਾ ਧੱਕੇ ਤੇ ਮੱਕਾਰੀ ਨਾਲ ਪੰਜਾਬ ਦੇ ਸਿਰ ਉੱਤੇ ਮੜ੍ਹ ਦਿੱਤਾ। ਇਸ ਫ਼ੈਸਲੇ ਮੁਤਾਬਕ ਪੰਜਾਬ ਉੱਤੇ ਦੋ ਸਾਲਾਂ ਦੇ ਅੰਦਰ-ਅੰਦਰ, ਯਾਨੀ ਕਿ 31 ਦਸੰਬਰ 1983 ਤਕ, ਸਤਲੁਜ-ਯਮੁਨਾ ਲਿੰਕ ਨਹਿਰ 'ਚੋਂ ਪਾਣੀ ਵਗਦਾ ਕਰਨ ਦੀ ਸ਼ਰਤ ਮੜ੍ਹ ਦਿੱਤੀ ਗਈ।[12] ਇੰਦਰਾ ਗਾਂਧੀ ਨੇ ਅਕਾਲੀ ਆਗੂਆਂ ਨਾਲ ਆਪਣੀ ਤੀਜੀ ਮੀਟਿੰਗ (ਜੋ 5 ਅਪ੍ਰੈਲ 1982 ਨੂੰ ਪਾਰਲੀਮੈਂਟ ਹਾਊਸ ਵਿਖੇ ਹੋਈ) ਦੇ ਚੌਥੇ ਹੀ ਦਿਨ (8 ਅਪ੍ਰੈਲ) ਕਪੂਰੀ ਵਿਖੇ ਖ਼ੁਦ ਟੱਕ ਲਾ ਕੇ ਸਤਲੁਜ-ਯਮੁਨਾ ਲਿੰਕ ਨਹਿਰ ਦੀ ਪੁਟਾਈ ਦਾ ਉਦਘਾਟਨ ਕਰ ਦਿੱਤਾ। ਇਸ ਨਾਲ ਉਸ ਨੇ ਇਕ ਤਾਂ ਅਗਲੇ ਹੀ ਮਹੀਨੇ ਹੋਣ ਵਾਲੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਅੰਦਰ ਆਪਣੀ ਪਾਰਟੀ ਦੀ ਜਿੱਤ ਯਕੀਨੀ ਕਰ ਲਈ। ਦੂਜਾ, ਅਕਾਲੀ ਆਗੂਆਂ ਨੂੰ ਜ਼ਲੀਲ ਕਰਕੇ ਦੇਸ ਦੇ ਹਿੰਦੂ ਵਰਗ ਅੰਦਰ ਆਪਣੀ ਰਾਜਸੀ ਭੱਲ ਬਣਾ ਲਈ।

ਸੰਘਰਸ਼ ਦਾ ਪ੍ਰੋਗਰਾਮ ਵਾਰ-ਵਾਰ ਮੁਲਤਵੀ ਕਰਦੇ ਆ ਰਹੇ ਅਕਾਲੀ ਆਗੂਆਂ ਨੂੰ ਜਦ ਸਤਲੁਜ-ਯਮੁਨਾ ਲਿੰਕ ਨਹਿਰ ਦੀ ਪੁਟਾਈ ਵਿਰੁੱਧ ਅਚਾਨਕ ਲੜਾਈ ਲੜਨੀ ਪੈ ਗਈ ਤਾਂ ਉਨ੍ਹਾਂ ਨੂੰ ਅੰਦੋਲਨ ਲਈ ਲੁੜੀਂਦੀ ਜਨਤਕ ਹਮਾਇਤ ਜੁਟਾਉਣੀ ਦੂਭਰ ਹੋ ਗਈ। ਅਕਾਲੀ ਦਲ ਨੇ 8 ਅਪ੍ਰੈਲ ਤੋਂ ਹਰ ਰੋਜ਼ ਕਪੂਰੀ ਵਿਖੇ ਗ੍ਰਿਫ਼ਤਾਰੀਆਂ ਦੇਣ ਲਈ ਜਥੇ ਭੇਜਣ ਦਾ ਪ੍ਰੋਗਰਾਮ ਬਣਾਇਆ। ਪਰ ਸਿੱਖ ਜਨਤਾ ਨੇ ਇਸ ਪ੍ਰਤੀ ਬਹੁਤਾ ਉਤਸ਼ਾਹੀ ਹੁੰਗਾਰਾ ਨਾ ਭਰਿਆ। ਅਕਾਲੀ ਲੀਡਰਸ਼ਿਪ ਨੇ ਹਾੜ੍ਹੀ ਦੀ ਰੁੱਤ ਦਾ ਬਹਾਨਾ ਲਾ ਕੇ 25 ਅਪ੍ਰੈਲ ਤੋਂ ਗ੍ਰਿਫ਼ਤਾਰੀਆਂ ਦਾ ਸਿਲਸਿਲਾ ਮੁਅੱਤਲ ਕਰ ਦਿੱਤਾ। ਜਦ ਇਕ ਮਹੀਨੇ ਬਾਅਦ 24 ਮਈ 1982 ਨੂੰ 'ਨਹਿਰ ਰੋਕੋ' ਅੰਦੋਲਨ ਮੁੜ ਸ਼ੁਰੂ ਕੀਤਾ ਗਿਆ ਤਾਂ ਸਿੱਖ ਜਨਤਾ ਨੇ ਇਸ ਵਿੱਚ ਫਿਰ ਕੋਈ ਜ਼ਿਆਦਾ ਗਰਮਜੋਸ਼ੀ ਨਾ ਦਿਖਾਈ। ਸਿੱਖ

ਜਨਤਾ ਦੇ ਇਸ ਮੱਠੇ ਹੁੰਗਾਰੇ ਦੀ ਅਸਲੀ ਵਜ੍ਹਾ ਹਾੜ੍ਹੀ ਦੇ ਰੁਝੇਵੇਂ ਨਹੀਂ ਸਨ। ਅਸਲ ਗੱਲ ਇਹ ਸੀ ਕਿ ਉਸ ਵੇਲੇ ਤਕ ਪੰਜਾਬ ਦੇ ਸਮਾਜੀ ਤੇ ਰਾਜਸੀ ਮਾਹੌਲ ਅੰਦਰ ਵੱਡਾ ਬਦਲਾਉ ਆ ਚੁੱਕਾ ਸੀ ਅਤੇ ਪੰਜਾਬ ਦੇ ਦੋਨੋਂ ਪ੍ਰਮੁੱਖ ਧਾਰਮਿਕ ਭਾਈਚਾਰਿਆਂ—ਸਿੱਖਾਂ ਤੇ ਹਿੰਦੂਆਂ—ਦੀ ਚੇਤਨਾ ਉੱਤੇ ਫ਼ਿਰਕੂ ਸੋਚਣੀ ਦਾ ਗੂੜ੍ਹਾ ਰੰਗ ਚੜ੍ਹ ਚੁੱਕਾ ਸੀ। ਇਸ ਕਰਕੇ ਅਫ਼ਿਰਕੂ ਮੁੱਦੇ ਜਾਂ ਨਾਹਰੇ ਲੋਕਾਂ ਲਈ ਓਨੇ ਦਿਲ-ਖਿਚਵੇਂ ਨਹੀਂ ਸਨ ਰਹੇ। ਇਹ ਹਾਲਤ ਜਿੰਨੀ ਸਿੱਖ ਗਰਮ-ਖ਼ਿਆਲੀ ਧਾਰਾ ਦੇ ਪੱਖ ਵਿੱਚ ਭੁਗਤ ਰਹੀ ਸੀ, ਨਰਮ-ਖ਼ਿਆਲੀ ਧਾਰਾ ਲਈ ਓਨੀਆਂ ਹੀ ਮੁਸ਼ਕਲਾਂ ਤੇ ਬਖੇੜੇ ਖੜੇ ਕਰ ਰਹੀ ਸੀ। ਇਸ ਨਾਲ ਪੰਜਾਬ ਅੰਦਰ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੀ ਸਾਰੀ ਰਾਜਸੀ ਖੇਡ ਖ਼ਰਾਬ ਹੋ ਰਹੀ ਸੀ। ਉਹ ਦਹਾਕਿਆਂ ਤੋਂ 'ਸਿੱਖ ਫ਼ਿਰਕਾਪ੍ਰਸਤੀ' ਨੂੰ ਭਾਂਜ ਦੇਣ ਦੀਆਂ ਰਾਜਸੀ ਮਸ਼ਕਾਂ ਕਰਦਾ ਆ ਰਿਹਾ ਸੀ। ਉਸ ਦਾ ਸਾਰਾ ਜ਼ੋਰ ਅਕਾਲੀ ਲੀਡਰਸ਼ਿਪ ਨੂੰ ਧਾਰਮਿਕ ਮੁੱਦਿਆਂ ਤੋਂ ਹਟਾ ਕੇ 'ਅਫ਼ਿਰਕੂ' ਮੁੱਦਿਆਂ ਉੱਤੇ ਸਰਗਰਮੀ ਦੇ ਰਾਹ ਪਾਉਣ ਉੱਤੇ ਲੱਗਾ ਹੋਇਆ ਸੀ। ਮਾਰਕਸਵਾਦੀ ਕਮਿਊਨਿਸਟ ਪਾਰਟੀ ਵੱਲੋਂ ਨਹਿਰ ਰੋਕੋ ਅੰਦੋਲਨ ਵਿੱਚ ਸ਼ਾਮਲ ਹੋਣ ਦਾ ਫ਼ੈਸਲਾ ਇਸੇ ਸੋਚ ਤੇ ਰਣਨੀਤੀ ਵਿੱਚੋਂ ਨਿਕਲਿਆ ਸੀ। ਇਸ ਤੋਂ ਪਹਿਲਾਂ ਵੀ ਅਕਾਲੀ ਲੀਡਰਸ਼ਿਪ ਅੰਦਰਲੇ ਇਕ ਵਰਗ ਨੇ ਸੰਤ ਜਰਨੈਲ ਸਿੰਘ ਦੇ ਵਧ ਰਹੇ ਪ੍ਰਭਾਵ ਨੂੰ ਠੱਲ੍ਹ ਪਾਉਣ ਦੇ ਮੰਤਵ ਨਾਲ ਸਿੱਖ ਕਿਸਾਨੀ ਨੂੰ ਆਰਥਿਕ ਮੰਗਾਂ ਉੱਤੇ ਲਾਮਬੰਦ ਕਰਨ ਦੇ ਪੁਰਜ਼ੋਰ ਯਤਨ ਕਰਕੇ ਦੇਖ ਲਏ ਸਨ। ਪਰ ਸੱਤਾਧਾਰੀ ਹੁੰਦਿਆਂ ਅਕਾਲੀ ਲੀਡਰਸ਼ਿਪ ਵੱਲੋਂ ਦਿਖਾਈ ਨਿਪੁੰਸਕਤਾ ਤੋਂ ਬਦਜ਼ਨ ਹੋਈ ਸਿੱਖ ਕਿਸਾਨੀ ਨੇ ਮੁੜ ਅਕਾਲੀ ਲੀਡਰਸ਼ਿਪ ਉੱਤੇ ਧਿਜਣ ਦੀ ਥਾਂ ਆਪਣੇ ਆਰਥਿਕ ਹਿਤਾਂ ਦੀ ਰਾਖੀ ਤੇ ਵਧਾਰੇ ਲਈ ਭਾਰਤੀ ਕਿਸਾਨ ਯੂਨੀਅਨ ਦੇ ਝੰਡੇ ਹੇਠ ਲਾਮਬੰਦ ਹੋਣ ਨੂੰ ਤਰਜੀਹ ਦਿੱਤੀ। ਇਸ ਤਰ੍ਹਾਂ ਨਰਮ-ਖ਼ਿਆਲੀ ਰਾਜਸੀ ਲੀਡਰਸ਼ਿਪ ਦਾ ਗਰਮ-ਖ਼ਿਆਲੀ ਧਾਰਾ ਦੇ ਵਿਕਾਸ ਨੂੰ ਬੰਨ੍ਹ ਮਾਰਨ ਦਾ ਇਕ ਤੋਂ ਬਾਅਦ ਦੂਜਾ ਰਾਜਨੀਤਕ ਪੈਂਤੜਾ ਨਾਕਾਮ ਹੁੰਦਾ ਚਲਾ ਗਿਆ।

25-26 ਅਪ੍ਰੈਲ (1982) ਦੀ ਰਾਤ ਨੂੰ ਕਿਸੇ ਨੇ ਅੰਮ੍ਰਿਤਸਰ ਦੇ ਦੋ ਅਣਜਾਣੇ ਜਿਹੇ ਮੰਦਰਾਂ ਅੰਦਰ ਗਊਆਂ ਦੇ ਵੱਢੇ ਹੋਏ ਸਿਰ ਸੁੱਟ ਦਿੱਤੇ। ਇਹ ਖ਼ਬਰ ਮਿਲਦਿਆਂ ਹੀ ਪੰਜਾਬ ਦੇ ਕਈ ਸ਼ਹਿਰਾਂ ਤੇ ਕਸਬਿਆਂ ਅੰਦਰ ਹਿੰਦੂਵਾਦੀ ਅਨਸਰ ਹਿੰਸਾ ਉੱਤੇ ਉਤਾਰੂ ਹੋ ਗਏ। ਕਈ ਥਾਵਾਂ 'ਤੇ ਸਿੱਖਾਂ ਦੀਆਂ ਦੁਕਾਨਾਂ ਤੇ ਧਾਰਮਿਕ ਅਸਥਾਨਾਂ ਨੂੰ ਹਮਲੇ ਦਾ ਨਿਸ਼ਾਨਾ ਬਣਾਇਆ ਗਿਆ। ਮੋੜਵੇਂ ਰੂਪ ਵਿੱਚ ਸਿੱਖਾਂ ਨੇ ਅੰਮ੍ਰਿਤਸਰ ਅੰਦਰ ਸਿਗਰਟ ਪਾਨ ਦੀਆਂ ਕੁਝ ਦੁਕਾਨਾਂ ਸਾੜ ਦਿੱਤੀਆਂ। 9 ਜੂਨ ਨੂੰ ਬਠਿੰਡਾ ਜ਼ਿਲ੍ਹੇ ਦੇ ਪਿੰਡ ਮਾਖਾ ਵਿਖੇ ਫ਼ਿਰਕੂ ਅਨਸਰਾਂ ਨੇ ਇਕ ਗੁਰਦੁਆਰੇ ਨੂੰ ਅੱਗ ਲਾ ਦਿੱਤੀ ਜਿਸ ਨਾਲ ਗੁਰੂ ਗ੍ਰੰਥ ਸਾਹਿਬ ਦੇ ਕੁਝ ਸਰੂਪ ਨੁਕਸਾਨੇ ਗਏ। ਇਸ ਨਾਲ ਦੇਸ-ਬਦੇਸ ਦੀ ਸਿੱਖ ਜਨਤਾ ਅੰਦਰ ਰੋਹ ਤੇ ਗ਼ੁੱਸੇ ਦੀ ਲਹਿਰ ਪੈਦਾ ਹੋ ਗਈ। ਜਗ੍ਹਾ-ਜਗ੍ਹਾ ਸਿੱਖਾਂ ਨੇ ਰੋਹ ਭਰਪੂਰ ਮੁਜ਼ਾਹਰੇ ਕਰਕੇ ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਨੂੰ ਕਰੜੀ ਚੇਤਾਵਨੀ ਦਿੱਤੀ। 21 ਜੂਨ ਨੂੰ ਪਟਿਆਲਾ ਵਿਖੇ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਬੀਬੀਆਂ ਨੇ ਸ਼ਹਿਰ ਦੀਆਂ ਸੜਕਾਂ ਉੱਤੇ ਰੋਹ ਭਰਿਆ ਵਿਖਾਵਾ ਕੀਤਾ। ਪੁਲਸ ਨੇ ਇਸ ਪੁਰਅਮਨ ਮੁਜ਼ਾਹਰੇ ਉੱਤੇ ਲਾਠੀਚਾਰਜ ਕਰ ਕੇ ਕੁਝ ਸਿੱਖ ਬੀਬੀਆਂ ਨੂੰ ਜ਼ਖ਼ਮੀ ਕਰ ਦਿੱਤਾ ਤੇ 50 ਦੇ ਲਗਭਗ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।[3] ਇਸ ਨਾਲ ਪਹਿਲਾਂ ਹੀ ਤਪੇ ਹੋਏ ਸਿੱਖ ਹਿਰਦੇ ਹੋਰ ਲੂਹੇ ਗਏ ਅਤੇ ਨੌਜੁਆਨ ਸਿੱਖ ਵਰਗ ਦਾ ਰੋਹ ਉਬਾਲੇ ਖਾ ਉਠਿਆ। ਗ਼ੁੱਸੇ ਵਿੱਚ ਆਏ ਸਿੱਖ ਜੁਝਾਰੂਆਂ ਨੇ ਪੰਜਾਬ ਅੰਦਰ ਨਿਰੰਕਾਰੀਆਂ ਨੂੰ ਚੁਣ-ਚੁਣ ਕੇ ਕਤਲ ਕਰਨਾ ਸ਼ੁਰੂ

ਕਰ ਦਿੱਤਾ। ਹੌਲੀ-ਹੌਲੀ ਕਤਲਾਂ ਦਾ ਘੇਰਾ ਵਧਦਾ ਚਲਾ ਗਿਆ ਅਤੇ ਛੇਤੀ ਹੀ ਸਮੁੱਚਾ ਪੰਜਾਬ ਹਿੰਸਾ ਤੇ ਜੁਆਬੀ ਹਿੰਸਾ ਦੀ ਅੱਗ ਵਿੱਚ ਬਲਣ ਲੱਗਾ।

ਇਹ ਹਾਲਾਤ ਪੈਦਾ ਕਰਨ ਵਿੱਚ ਇੰਦਰਾ ਗਾਂਧੀ ਦੇ 'ਹਿੰਦੂ ਪੱਤਾ' ਵਰਤਣ ਦੇ ਰਾਜਨੀਤਕ ਪੈਂਤੜੇ ਅਤੇ ਦਰਬਾਰਾ ਸਿੰਘ ਦੀ ਅਗਵਾਈ ਹੇਠਲੇ ਪੰਜਾਬ ਪ੍ਰਸ਼ਾਸਨ ਦੁਆਰਾ ਧਾਰਨ ਕੀਤੇ ਫ਼ਿਰਕੂ ਤੇ ਪੱਖਪਾਤੀ ਵਤੀਰੇ ਨੇ ਅਹਿਮ ਭੂਮਿਕਾ ਨਿਭਾਈ। ਜੇਕਰ ਇੰਦਰਾ ਗਾਂਧੀ ਨੇ ਸਿੱਖ ਮੰਗਾਂ ਪ੍ਰਤੀ ਏਨਾ ਨਕਾਰੀ ਤੇ ਅੜੀਅਲ ਵਤੀਰਾ ਨਾ ਧਾਰਨ ਕੀਤਾ ਹੁੰਦਾ ਅਤੇ ਦੇਸ ਦੀ ਹਿੰਦੂ ਜਨਤਾ ਅੰਦਰ ਆਪਣੀ ਰਾਜਸੀ ਭੱਲ ਬਣਾਉਣ ਲਈ ਅਕਾਲੀ ਲੀਡਰਸ਼ਿਪ ਨੂੰ ਜਿੱਚ ਕਰਨ ਦੀ ਬਦਨੀਤ ਨਾ ਦਿਖਾਈ ਹੁੰਦੀ, ਅਤੇ ਨਾਲ ਹੀ, ਜੇਕਰ ਪੰਜਾਬ ਪ੍ਰਸ਼ਾਸਨ ਨੇ ਰਾਜਸੀ ਹਾਲਾਤ ਨਾਲ ਨਿਪਟਣ ਸਮੇਂ ਇਨਸਾਫ਼ ਤੇ ਦਿਆਨਤਦਾਰੀ ਤੋਂ ਕੰਮ ਲਿਆ ਹੁੰਦਾ ਤਾਂ ਪੰਜਾਬ ਦੇ ਸਮਾਜੀ ਤੇ ਰਾਜਸੀ ਜੀਵਨ ਅੰਦਰ ਫ਼ਿਰਕੂ ਨਫ਼ਰਤ ਤੇ ਹਿੰਸਾ ਦਾ ਏਨਾ ਬੋਲਬਾਲਾ ਨਹੀਂ ਸੀ ਹੋਣਾ। ਪੰਜਾਬ ਪ੍ਰਸ਼ਾਸਨ ਨੇ ਸਿੱਖਾਂ ਦੇ ਤਪੇ ਹੋਏ ਹਿਰਦਿਆਂ ਨੂੰ ਸ਼ਾਂਤ ਕਰਨ ਦਾ ਇਕ ਵੀ ਸੁਹਿਰਦ ਯਤਨ ਨਾ ਕੀਤਾ। ਉਲਟਾ ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਦੀਆਂ ਭਾਵਨਾਵਾਂ ਤੇ ਇੱਛਾਵਾਂ ਦੀ ਪੂਰਤੀ ਕਰਦਿਆਂ ਹੋਇਆਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀਆਂ ਧਾਰਮਿਕ ਸਰਗਰਮੀਆਂ ਦੇ ਰਾਹ ਵਿੱਚ ਅੜਿੱਕੇ ਡਾਹੁਣ ਦੇ ਨਾਜਾਇਜ਼ ਯਤਨ ਕੀਤੇ ਜਾਣ ਲੱਗੇ।

ਫ਼ਿਰੋਜ਼ਪੁਰ ਜੇਲ੍ਹ 'ਚੋਂ ਰਿਹਾਅ ਹੋਣ ਤੋਂ ਬਾਅਦ ਸੰਤ ਭਿੰਡਰਾਂਵਾਲਿਆਂ ਨੇ ਪੰਜਾਬ ਭਰ ਦਾ ਦੌਰਾ ਕੀਤਾ ਅਤੇ ਜਗ੍ਹਾ-ਜਗ੍ਹਾ ਵੱਡੇ ਭਾਰੀ ਇਕੱਠਾਂ ਨੂੰ ਸੰਬੋਧਨ ਕਰਨ ਤੋਂ ਇਲਾਵਾ ਹਜ਼ਾਰਾਂ ਦੀ ਗਿਣਤੀ ਵਿੱਚ ਸਿੰਘਾਂ ਤੇ ਸਿੰਘਣੀਆਂ ਨੂੰ ਅੰਮ੍ਰਿਤ ਪਾਨ ਕਰਵਾਇਆ। ਹਰ ਜਗ੍ਹਾ ਸਿੱਖ ਸੰਗਤਾਂ ਨੇ ਸੰਤਾਂ ਦਾ ਆਪਮੁਹਾਰੇ ਵੇਗ ਵਿੱਚ ਪੁਰਜੋਸ਼ ਸੁਆਗਤ ਕੀਤਾ। ਸੰਤ ਭਿੰਡਰਾਂਵਾਲਿਆਂ ਦੀ ਸਿੱਖ ਜਗਤ ਅੰਦਰ ਇਸ ਕਦਰ ਵਧ ਰਹੀ ਹਰਮਨਪਿਆਰਤਾ ਨੇ ਸਿੱਖ ਦੁਸ਼ਮਣ ਤਾਕਤਾਂ ਅੰਦਰ ਵੱਡੀ ਚਿੰਤਾ ਤੇ ਘਬਰਾਹਟ ਪੈਦਾ ਕਰ ਦਿੱਤੀ। ਹਰ ਵੰਨਗੀ ਦੀਆਂ ਸਿੱਖ-ਦੋਖੀ ਤਾਕਤਾਂ ਸੰਤ ਭਿੰਡਰਾਂਵਾਲਿਆਂ ਦੇ ਵਧ ਰਹੇ ਅਸਰ-ਰਸੂਖ਼ ਨੂੰ ਠੱਲ੍ਹ ਪਾਉਣ ਦੇ ਸਰਬ-ਸਾਂਝੇ ਉਦੇਸ਼ ਦੀ ਦਿਸ਼ਾ ਵਿੱਚ ਸਰਗਰਮ ਹੋ ਗਈਆਂ। ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਤੋਂ ਲੈ ਕੇ ਇੰਦਰਾ ਗਾਂਧੀ ਤੱਕ, ਪੰਜਾਬ ਪ੍ਰਸ਼ਾਸਨ ਤੋਂ ਲੈ ਕੇ ਦੇਸ ਭਰ ਦੀ ਹਿੰਦੂ ਪ੍ਰੈੱਸ ਤਕ, ਸਭ ਨੇ ਆਪੋ-ਆਪਣੇ ਹਿੱਸੇ ਦੇ ਰੋਲ ਸੰਭਾਲ ਲਏ। ਸੰਤ ਭਿੰਡਰਾਂਵਾਲੇ ਖ਼ਿਲਾਫ਼ ਕੂੜ ਪ੍ਰਚਾਰ ਦੀ ਮੁਹਿੰਮ ਅੰਦਰ ਤੇਜ਼ੀ ਲੈ ਆਂਦੀ ਗਈ ਅਤੇ ਪੰਜਾਬ ਦੇ ਅੰਦਰ ਤੇ ਪੰਜਾਬ ਤੋਂ ਬਾਹਰ ਵਾਪਰੀ ਹਰ ਹਿੰਸਕ ਵਾਰਦਾਤ ਨਾਲ ਉਨ੍ਹਾਂ ਦਾ ਸੰਬੰਧ ਜੋੜਨ ਅਤੇ ਇਸ ਆਧਾਰ 'ਤੇ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ਕਾਨੂੰਨੀ ਸ਼ਿਕੰਜੇ ਵਿੱਚ ਜਕੜਨ ਦੀਆਂ ਤਰਕੀਬਾਂ ਘੜੀਆਂ ਜਾਣ ਲੱਗੀਆਂ।

ਫ਼ਿਰੋਜ਼ਪੁਰ ਜੇਲ੍ਹ 'ਚੋਂ ਰਿਹਾਅ ਹੋਣ ਦੇ ਥੋੜ੍ਹੇ ਦਿਨ ਬਾਅਦ ਜਦ ਸੰਤ ਜਰਨੈਲ ਸਿੰਘ ਦਿੱਲੀ ਦੀਆਂ ਸੰਗਤਾਂ ਦੇ ਸੱਦੇ 'ਤੇ ਦਿੱਲੀ ਪਹੁੰਚੇ ਤਾਂ ਉਨ੍ਹਾਂ ਦਾ ਇੰਨਾ ਪੁਰਜੋਸ਼ ਸੁਆਗਤ ਹੋਇਆ ਕਿ ਉਨ੍ਹਾਂ ਦੀ ਵਧ ਰਹੀ ਮਕਬੂਲੀਅਤ ਉੱਤੇ ਕਰੜੀ ਨਿਗ੍ਹਾ ਰੱਖ ਕੇ ਚੱਲ ਰਹੀਆਂ ਖ਼ੁਫ਼ੀਆ ਏਜੰਸੀਆਂ ਵੀ ਹੱਕੀਆਂ-ਬੱਕੀਆਂ ਰਹਿ ਗਈਆਂ। ਦੇਸ ਦੀ ਆਜ਼ਾਦੀ ਤੋਂ ਬਾਅਦ ਦਿੱਲੀ ਅੰਦਰ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠ ਸਿੱਖਾਂ ਦੇ ਕਈ ਪ੍ਰਭਾਵਸ਼ਾਲੀ ਪ੍ਰਦਰਸ਼ਨ ਹੋ ਚੁੱਕੇ ਸਨ। ਪਰ ਸੰਤ ਭਿੰਡਰਾਂਵਾਲੇ ਦੀ ਅਗਵਾਈ ਹੇਠ ਨਿਕਲਿਆ ਇਹ ਜਲੂਸ ਕਈ ਪੱਖਾਂ ਤੋਂ ਅਲੌਕਿਕ ਸੀ। ਬੱਸਾਂ, ਟਰੱਕਾਂ ਤੇ ਕਾਰਾਂ ਦਾ ਲੰਮਾ ਕਾਫ਼ਲਾ ਜਿਧਰ ਦੀ ਵੀ ਲੰਘਦਾ, ਦਰਸ਼ਕਾਂ ਦੇ ਮਨੋ-ਭਾਵਾਂ ਅੰਦਰ ਤਰਥੱਲ ਪਾਉਂਦਾ ਜਾਂਦਾ ਸੀ। ਸਿੱਖਾਂ

ਤੇ ਗ਼ੈਰ-ਸਿੱਖਾਂ, ਦੋਨਾਂ ਹੀ ਵਰਗਾਂ ਦੇ ਲੋਕਾਂ ਦੀ ਖਿੱਚ ਦਾ ਕੇਂਦਰ-ਬਿੰਦੂ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਸੀ। ਬੱਸ ਦੀ ਖੁੱਲ੍ਹੀ ਛੱਤ ਉੱਪਰ ਬੈਠੇ ਦਮਦਮੀ ਟਕਸਾਲ ਦੇ ਸ਼ਸਤਰਧਾਰੀ ਸਿੰਘਾਂ ਦੀ ਝਾਕੀ ਬਹੁਗਿਣਤੀ ਦੇ ਛੱਪੇ ਹੇਠ ਰਹਿ ਰਹੀ ਦਿੱਲੀ ਦੀ ਸਿੱਖ ਜਨਤਾ ਦੇ ਮਨਾਂ ਉੱਤੇ ਉਤਸ਼ਾਹੀ ਪ੍ਰਭਾਵ ਛੱਡ ਰਹੀ ਸੀ। ਦੇਸ ਦੀ ਰਾਜਧਾਨੀ ਅੰਦਰ 'ਸਿੱਖ ਤਾਕਤ' ਦਾ ਅਜਿਹਾ ਲਲਕਾਰ-ਭਰਿਆ ਦਿਖਾਵਾ ਇਸ ਤੋਂ ਪਹਿਲਾਂ ਕਦੇ ਦੇਖਣ ਨੂੰ ਨਹੀਂ ਸੀ ਮਿਲਿਆ। ਦਿੱਲੀ ਦੀਆਂ ਸਿੱਖ ਸੰਗਤਾਂ ਦੁਆਰਾ ਦਿਖਾਏ ਜੋਸ਼ ਤੇ ਉਤਸ਼ਾਹ ਤੋਂ ਸ਼ਹਿਰੀ ਸਿੱਖ ਵਰਗ ਦੇ ਰੌਂਅ ਅੰਦਰ ਵਾਪਰ ਰਹੀ ਵੱਡੀ ਤਬਦੀਲੀ ਦਾ ਸਾਫ਼ ਸੰਕੇਤ ਮਿਲਦਾ ਸੀ। ਸੱਠਵਿਆਂ 'ਚ ਅਕਾਲੀ ਦਲ ਤੇ ਸਿੱਖ ਰਾਜਨੀਤੀ ਅੰਦਰ ਧਨਾਢ ਪੇਂਡੂ ਸਿੱਖ ਵਰਗ ਦੀ ਚੌਧਰ ਸਥਾਪਤ ਹੋ ਜਾਣ ਨਾਲ ਸ਼ਹਿਰੀ ਸਿੱਖ ਵਰਗ ਅੰਦਰ ਇਕ ਉਦਾਸੀਨਤਾ ਜਿਹੀ ਆ ਗਈ ਸੀ। ਦਰ-ਕਿਨਾਰ ਕਰ ਦਿੱਤੇ ਜਾਣ ਦੇ ਅਹਿਸਾਸ ਨੇ ਉਸ ਅੰਦਰ ਅਕਾਲੀ ਰਾਜਨੀਤੀ ਤੋਂ ਬੇਮੁੱਖ ਹੋ ਜਾਣ ਅਤੇ ਨਿੱਜੀ ਤੇ ਸਮੂਹਕ ਪੱਧਰ ਉੱਤੇ ਰਾਜ-ਸੱਤਾ ਕੋਲੋਂ ਛੋਟੇ-ਵੱਡੇ ਫ਼ਾਇਦੇ ਹਾਸਲ ਕਰਨ ਲਈ ਦਿੱਲੀ ਦਰਬਾਰ ਨਾਲ ਕਰੀਬੀ ਸਾਂਝਾਂ ਗੰਢਣ ਦੀ ਸੋਚ ਤੇ ਰੁਚੀ ਨੂੰ ਤਕੜਾ ਬਲ ਮੁਹੱਈਆ ਕਰ ਦਿੱਤਾ ਸੀ। ਜਥੇਦਾਰ ਰਛਪਾਲ ਸਿੰਘ ਤੇ ਸੰਤੋਖ ਸਿੰਘ ਵਰਗੇ ਲੋਕ ਇਸੇ ਵਰਤਾਰੇ ਦੀ ਉਪਜ ਸਨ। ਸਿੱਖ ਰਾਜਨੀਤੀ ਅੰਦਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਆਮਦ ਨੇ ਅਕਾਲੀ ਲੀਡਰਸ਼ਿਪ ਤੋਂ ਬਦਜ਼ਨ ਤੇ ਬੇਆਸ ਹੋਏ ਸ਼ਹਿਰੀ ਸਿੱਖ ਹਲਕਿਆਂ ਅੰਦਰ ਨਵੇਂ ਸਿਰਿਓਂ ਰਾਜਸੀ ਉਮੀਦ ਤੇ ਉਤਸ਼ਾਹ ਪੈਦਾ ਕਰ ਦਿੱਤਾ ਅਤੇ ਉਨ੍ਹਾਂ ਅੰਦਰ ਭਾਰਤੀ ਹਾਕਮਾਂ ਦੀ ਅਧੀਨਗੀ ਤੇ ਮੁਥਾਜਗੀ ਦੀ ਲਾਹਨਤ ਤੋਂ ਸੁਰਖ਼ਰੂ ਹੋਣ ਦਾ ਬਲ ਤੇ ਸਾਹਸ ਪੈਦਾ ਹੋਣ ਲੱਗਾ। ਇਸ ਨਾਲ ਹਿੰਦੂ ਹੁਕਮਰਾਨ ਵਰਗ ਇਕ ਦਮ ਸੁਚੇਤ ਹੋ ਗਿਆ ਅਤੇ ਉਸ ਅੰਦਰ ਸੰਤ ਭਿੰਡਰਾਂਵਾਲੇ ਉੱਤੇ ਅੰਕੁਸ਼ ਲਾਉਣ ਦੀ ਲੋੜ ਦਾ ਤੀਬਰ ਅਹਿਸਾਸ ਪੈਦਾ ਹੋ ਗਿਆ।

ਸੰਤ ਜਰਨੈਲ ਸਿੰਘ ਦੀ ਦਿੱਲੀ ਫੇਰੀ ਦੇ ਕੁਝ ਹੀ ਦਿਨਾਂ ਬਾਅਦ 21 ਦਸੰਬਰ ਨੂੰ, ਜਥੇਦਾਰ ਸੰਤੋਖ ਸਿੰਘ ਦਾ ਰਹੱਸਮਈ ਢੰਗ ਨਾਲ ਕਤਲ ਹੋ ਗਿਆ। ਭਾਵੇਂ ਇਸ ਕਤਲ ਨੂੰ ਜ਼ਾਹਰਾ ਤੌਰ 'ਤੇ ਜ਼ਾਤੀ ਰੰਜਸ਼ ਦੀ ਰੰਗਤ ਦਿੱਤੀ ਗਈ, ਪ੍ਰੰਤੂ ਜਥੇਦਾਰ ਸੰਤੋਖ ਸਿੰਘ ਦੁਆਰਾ ਸੰਤ ਭਿੰਡਰਾਂਵਾਲੇ ਦੇ ਪੱਖ ਵਿੱਚ ਨਿਭਾਈ ਜਾ ਰਹੀ ਸਰਗਰਮ ਭੂਮਿਕਾ ਨੂੰ ਮੱਦੇਨਜ਼ਰ ਰੱਖਦਿਆਂ ਹੋਇਆਂ ਇਹ ਕਤਲ ਡੂੰਘੇ ਰਾਜਸੀ ਅਰਥ ਗ੍ਰਹਿਣ ਕਰ ਗਿਆ। ਸੰਤ ਜਰਨੈਲ ਸਿੰਘ ਨੂੰ ਇਸ ਕਤਲ ਦੇ ਪਿੱਛੇ ਸਿੱਖ-ਦੁਸ਼ਮਣ ਤਾਕਤਾਂ ਦੀ ਪੰਥ ਨੂੰ ਨਿਰਬਲ ਕਰਨ ਦੀ ਮੰਦਭਾਵਨਾ ਤੇ ਸਾਜ਼ਸ਼ ਨਜ਼ਰ ਆਈ। ਜਥੇਦਾਰ ਸੰਤੋਖ ਸਿੰਘ ਨਮਿਤ ਭੋਗ ਮੌਕੇ ਬੋਲਦਿਆਂ ਉਨ੍ਹਾਂ ਪ੍ਰਮੁੱਖ ਕਾਂਗਰਸੀ ਆਗੂਆਂ ਦੀ ਹਾਜ਼ਰੀ ਵਿੱਚ ਆਪਣੀ ਔਖ ਤੇ ਨਾਰਾਜ਼ਗੀ ਦਾ ਬੇਬਾਕ ਪ੍ਰਗਟਾਵਾ ਕੀਤਾ।[4] ਕੁਝ ਦਿਨਾਂ ਬਾਅਦ (26 ਦਸੰਬਰ) ਪੰਜਾਬ ਸਰਕਾਰ ਨੇ ਭਿੰਡਰਾਂਵਾਲੇ ਜਥੇ ਦੇ ਹਥਿਆਰਾਂ ਦੇ ਲਾਇਸੰਸ ਰੱਦ ਕਰਨ ਅਤੇ ਇਨ੍ਹਾਂ ਹਥਿਆਰਾਂ ਨੂੰ ਜ਼ਬਤ ਕਰ ਲੈਣ ਦੇ ਫ਼ੁਰਮਾਨ ਜਾਰੀ ਕਰ ਦਿੱਤੇ।[5] ਥੋੜ੍ਹੇ ਹੀ ਦਿਨਾਂ ਬਾਅਦ ਪੰਜਾਬ ਪ੍ਰਸ਼ਾਸਨ ਨੇ ਸੰਤ ਭਿੰਡਰਾਂਵਾਲੇ ਖ਼ਿਲਾਫ਼ ਇਕ ਹੋਰ ਕਦਮ ਚੁਕਦਿਆਂ ਹੋਇਆਂ ਉਨ੍ਹਾਂ ਦੇ ਸਮਰਥਕ ਸਮਝੇ ਜਾਂਦੇ 22 ਸਰਕਾਰੀ ਅਧਿਕਾਰੀਆਂ ਦੀ ਸੂਚੀ ਕੇਂਦਰੀ ਗ੍ਰਹਿ ਵਜ਼ਾਰਤ ਨੂੰ ਭੇਜ ਦਿੱਤੀ।[6] ਅਪ੍ਰੈਲ 1982 ਵਿੱਚ ਜਦ ਸੰਤ ਜਰਨੈਲ ਸਿੰਘ ਆਪਣੇ ਜਥੇ ਸਮੇਤ ਧਰਮ ਪ੍ਰਚਾਰ ਕਰਨ ਲਈ ਬੰਬਈ ਵਿਖੇ ਠਹਿਰੇ ਹੋਏ ਸਨ ਤਾਂ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਦਾਦਰ ਦੇ ਗੁਰਦੁਆਰੇ 'ਚੋਂ ਗ੍ਰਿਫ਼ਤਾਰ ਕਰਨ ਦੀ ਇਕ ਗੁਪਤ ਯੋਜਨਾ ਤਿਆਰ ਕੀਤੀ। ਪ੍ਰੰਤੂ ਸੰਤ ਭਿੰਡਰਾਂਵਾਲਿਆਂ ਨੂੰ ਵੇਲੇ ਸਿਰ ਸੂਚਨਾ ਮਿਲ ਜਾਣ ਕਰਕੇ ਪੰਜਾਬ

ਸਰਕਾਰ ਦੀ ਇਹ ਯੋਜਨਾ ਸਿਰੇ ਨਾ ਚੜ੍ਹ ਸਕੀ। ਸੰਤ ਗੁਪਤ ਢੰਗ ਤਰੀਕਿਆਂ ਰਾਹੀਂ ਸੁਰੱਖਿਅਤ ਗੁਰੂ ਨਾਨਕ ਨਿਵਾਸ (ਦਰਬਾਰ ਸਾਹਿਬ) ਵਿਖੇ ਪਹੁੰਚ ਗਏ।[7]

ਇਸ ਤਰ੍ਹਾਂ ਪੰਜਾਬ ਪ੍ਰਸ਼ਾਸਨ ਨੇ ਕੇਂਦਰੀ ਹਾਕਮਾਂ ਦੀ ਇੱਛਾ ਤੇ ਸਹਿਮਤੀ ਨਾਲ ਸੰਤ ਜਰਨੈਲ ਸਿੰਘ ਪ੍ਰਤੀ ਆਪਣੇ ਕਰੜੇ ਰੁਖ਼ ਦਾ ਸਪਸ਼ਟ ਸੰਕੇਤ ਦੇ ਦਿੱਤਾ। ਸੰਤ ਭਿੰਡਰਾਂਵਾਲਿਆਂ ਨੇ ਇਸ ਹਕੂਮਤੀ ਘੁਰਕੀ ਅੱਗੇ ਦਬਣ ਜਾਂ ਝਿਪਣ ਦੀ ਬਜਾਇ ਹੋਰ ਵੀ ਕਰਾਰਾ ਤੇ ਬਾਗ਼ੀਆਨਾ ਅੰਦਾਜ਼ ਅਖ਼ਤਿਆਰ ਕਰ ਲਿਆ। ਉਨ੍ਹਾਂ ਨੇ ਲਾਇਸੰਸੀ ਹਥਿਆਰ ਜਮ੍ਹਾਂ ਕਰਾਉਣ ਤੋਂ ਇਨਕਾਰੀ ਹੁੰਦਿਆਂ ਹੋਇਆਂ ਉਲਟਾ ਆਪਣੇ ਵੱਲੋਂ ਹਕੂਮਤੀ ਧਿਰ ਅੱਗੇ ਦੋ ਕਰੜੀਆਂ ਸ਼ਰਤਾਂ ਐਲਾਨ ਦਿੱਤੀਆਂ। ਇਕ ਇਹ ਕਿ ਜਿਨ੍ਹਾਂ ਹਥਿਆਰਾਂ ਨਾਲ ਪੁਲਸ ਨੇ ਚੰਦੋ ਕਲਾਂ ਤੇ ਮਹਿਤਾ ਚੌਕ ਵਿਖੇ ਸਿੱਖਾਂ ਦਾ ਕਤਲੇਆਮ ਕੀਤਾ ਸੀ, ਪਹਿਲਾਂ ਉਹ ਸਾਰੇ ਹਥਿਆਰ ਅਕਾਲ ਤਖ਼ਤ ਉੱਤੇ ਜਮ੍ਹਾਂ ਕਰਵਾਏ ਜਾਣ। ਦੂਜਾ, ਇਨ੍ਹਾਂ ਕਤਲਾਂ ਲਈ ਜ਼ੁੰਮੇਵਾਰ ਪੁਲਸੀਆਂ ਨੂੰ ਅਕਾਲ ਤਖ਼ਤ ਉੱਤੇ ਪੇਸ਼ ਕੀਤਾ ਜਾਵੇ ਤਾਂ ਜੋ ਉਨ੍ਹਾਂ ਨੂੰ ਸਿੱਖ ਪ੍ਰੰਪਰਾ ਮੁਤਾਬਕ ਢੁਕਵੀਆਂ ਸਜ਼ਾਵਾਂ ਦਿੱਤੀਆਂ ਜਾ ਸਕਣ।[8] ਆਜ਼ਾਦ ਭਾਰਤ ਦੇ ਇਤਿਹਾਸ ਅੰਦਰ ਕਿਸੇ ਸਿੱਖ ਆਗੂ ਦੁਆਰਾ ਅਜਿਹਾ ਖੁੱਲਮ-ਖੁੱਲ੍ਹਾ ਬਾਗ਼ੀਆਨਾ ਪੈਂਤੜਾ ਅਖ਼ਤਿਆਰ ਕਰਨ ਦੀ ਇਹ ਪਹਿਲੀ ਤੇ ਨਿਵੇਕਲੀ ਘਟਨਾ ਸੀ। ਇਸ ਵਿੱਚ ਸੰਤ ਜਰਨੈਲ ਸਿੰਘ ਦੇ ਸ਼ਖ਼ਸੀ ਸੁਭਾਅ ਨਾਲੋਂ ਵੱਧ ਅਹਿਮ ਗੱਲ ਉਨ੍ਹਾਂ ਦੁਆਰਾ ਅਪਣਾਏ ਬੁਨਿਆਦੀ ਸਿਧਾਂਤਕ ਪੈਂਤੜੇ ਦੀ ਹੈ।

## ਸੰਤ ਭਿੰਡਰਾਂਵਾਲੇ ਦੀ ਨਿਵੇਕਲੀ ਵਿਚਾਰਧਾਰਾ

ਭਾਰਤ ਅੰਦਰ ਸਿੱਖ ਕੌਮ ਦੀ ਸਥਿਤੀ ਬਾਰੇ ਸੰਤ ਜਰਨੈਲ ਸਿੰਘ ਦੀ ਸਮਝ ਰਵਾਇਤੀ ਸਿੱਖ ਸੋਚਣੀ ਨਾਲੋਂ ਅਹਿਮ ਰੂਪ ਵਿੱਚ ਅਲੱਗ ਸੀ। ਆਜ਼ਾਦੀ ਤੋਂ ਬਾਅਦ ਸਿੱਖ ਆਗੂਆਂ ਦੀ ਹਿੰਦੂ ਹਾਕਮਾਂ ਖ਼ਿਲਾਫ਼ ਇਹ ਹਰਦਮ ਸ਼ਿਕਾਇਤ ਬਣੀ ਰਹੀ ਕਿ ਭਾਰਤ ਅੰਦਰ ਸਿੱਖਾਂ ਨਾਲ ਸਾਵਾਂ ਸਲੂਕ ਨਹੀਂ ਹੋ ਰਿਹਾ ਅਤੇ ਉਨ੍ਹਾਂ ਨਾਲ ਪੈਰ-ਪੈਰ 'ਤੇ ਵਿਤਕਰਾ ਤੇ ਬੇਇਨਸਾਫ਼ੀ ਹੋ ਰਹੀ ਹੈ। ਇਹ ਮੁੱਦਾ 1947 ਤੋਂ ਬਾਅਦ ਅਕਾਲੀ ਦਲ ਦੀ ਸਮੁੱਚੀ ਰਾਜਨੀਤਕ ਸਰਗਰਮੀ ਦਾ ਧੁਰਾ ਬਣਿਆ ਰਿਹਾ। ਜ਼ਾਹਰਾ ਤੌਰ 'ਤੇ, ਸੰਤ ਭਿੰਡਰਾਂਵਾਲੇ ਵੀ ਸਿੱਖ ਕੌਮ ਨਾਲ ਵਿਤਕਰੇ ਤੇ ਦਵੈਤ ਦਾ ਹੀ ਸੁਆਲ ਉਠਾਉਂਦੇ ਰਹੇ। ਪ੍ਰੰਤੂ ਜੇਕਰ ਉਨ੍ਹਾਂ ਦੀ ਪੇਸ਼ਕਾਰੀ ਦੇ ਅੰਦਾਜ਼ ਅਤੇ ਤੱਤ ਦਾ ਗਹਿਰਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਉਨ੍ਹਾਂ ਦੀ ਰਾਜਸੀ ਵਿਚਾਰਧਾਰਾ ਦਾ ਅਕਾਲੀ ਲੀਡਰਸ਼ਿਪ ਦੀ ਸੋਚਣੀ ਨਾਲੋਂ ਸਿਫ਼ਤੀ ਵਖਰੇਵਾਂ ਸਪਸ਼ਟ ਉਘੜ ਆਉਂਦਾ ਹੈ। ਮਾਸਟਰ ਤਾਰਾ ਸਿੰਘ ਦੀ ਲੀਡਰਸ਼ਿਪ ਦੇ ਦੌਰ ਅੰਦਰ ਸਿੱਖ ਕੌਮ ਨਾਲ ਵਿਤਕਰੇ ਨੂੰ ਵੱਧ ਧਾਰਮਿਕ-ਸਭਿਆਚਾਰਕ ਦ੍ਰਿਸ਼ਟੀ ਤੋਂ ਦੇਖਿਆ ਤੇ ਪੇਸ਼ ਕੀਤਾ ਜਾਂਦਾ ਰਿਹਾ। ਮਗਰਲੇ ਦੌਰ ਦੀ ਅਕਾਲੀ ਲੀਡਰਸ਼ਿਪ ਵਿਤਕਰੇ ਦੀ ਗੱਲ ਕਰਨ ਵੇਲੇ ਵੱਧ ਇਸਦੇ ਆਰਥਿਕ ਪਹਿਲੂ ਉੱਤੇ ਦਾਬ ਦੇਣ ਦੀ ਰੁਚੀ ਦਾ ਪ੍ਰਗਟਾਵਾ ਕਰਦੀ ਰਹੀ। ਦੋਨੋਂ ਹੀ ਵੰਨਗੀਆਂ ਦੀ ਅਕਾਲੀ ਲੀਡਰਸ਼ਿਪ, ਆਪਣੇ ਅਲੱਗ-ਅਲੱਗ ਕਾਰਨਾਂ ਕਰਕੇ, ਸਿੱਖ ਕੌਮ ਨਾਲ ਹੋ ਰਹੇ ਧੱਕੇ ਤੇ ਵਿਤਕਰੇ ਦੇ ਸਿਆਸੀ ਤੱਤ ਨੂੰ ਪਛਾਨਣ ਅਤੇ ਇਸ ਨੂੰ ਆਪਣੀ ਸੋਚ ਤੇ ਸਰਗਰਮੀ ਦਾ ਧੁਰਾ ਬਣਾਉਣ ਤੋਂ ਟਾਲਾ ਵਟਦੀ ਰਹੀ। ਸੰਤ ਜਰਨੈਲ ਸਿੰਘ ਪਹਿਲੇ ਸਿੱਖ ਆਗੂ ਸਨ ਜਿਨ੍ਹਾਂ ਨੇ ਸਿੱਖ ਕੌਮ ਨਾਲ ਹੋ ਰਹੇ ਧੱਕੇ ਤੇ ਵਿਤਕਰੇ ਦੇ ਪ੍ਰਤੱਖ ਇਜ਼ਹਾਰਾਂ ਤੋਂ ਆਰ-ਪਾਰ ਦੇਖਣ ਅਤੇ ਇਕ 'ਸੁਜਾਣ ਵੈਦ' ਦੀ ਤਰ੍ਹਾਂ 'ਮਰਜ਼' ਦੇ 'ਲੱਛਣਾਂ' ਤੋਂ ਮਰਜ਼ ਦੇ

ਖ਼ਾਸੇ ਨੂੰ ਬੁੱਝਣ ਦੀ ਯੋਗ ਪਹੁੰਚ ਅਪਣਾਈ। ਉਨ੍ਹਾਂ ਨੇ ਜ਼ੋਰ ਤੇ ਜਬ੍ਹੇ ਨਾਲ ਇਹ ਰਾਜਸੀ ਮੱਤ ਉਭਾਰਿਆ ਕਿ ਭਾਰਤ ਅੰਦਰ ਸਿੱਖਾਂ ਨਾਲ ਜੋ ਵਿਤਕਰਾ ਤੇ ਧੱਕਾ ਹੋ ਰਿਹਾ ਹੈ, ਉਹ ਤੱਤ ਰੂਪ ਵਿੱਚ ਗ਼ਲਬੇ ਤੇ ਗ਼ੁਲਾਮੀ ਦਾ ਪ੍ਰਤੀਕ ਹੈ। ਭਾਵ ਇਹ ਕਿ ਆਜ਼ਾਦ ਭਾਰਤ ਅੰਦਰ ਸਿੱਖਾਂ ਨਾਲ ਦੂਜੇ ਦਰਜੇ ਦੇ ਨਾਗਰਿਕਾਂ ਵਾਲਾ ਸਲੂਕ ਹੋ ਰਿਹਾ ਹੈ। ਉਨ੍ਹਾਂ ਠੋਸ ਤੱਥਾਂ ਤੇ ਉਦਾਹਰਣਾਂ ਨਾਲ ਦਰਸਾਇਆ ਕਿ ਭਾਰਤੀ ਹਾਕਮਾਂ ਦੁਆਰਾ ਦੋਹਰੇ ਕਾਨੂੰਨ ਤੇ ਦੋਹਰੇ ਮਾਪਦੰਡ ਅਪਣਾਏ ਜਾ ਰਹੇ ਹਨ। ਜਹਾਜ਼ ਅਗਵਾ ਕਾਂਡ ਦੇ ਹਵਾਲੇ ਨਾਲ ਉਨ੍ਹਾਂ ਭਾਰਤੀ ਹਾਕਮਾਂ ਦਾ ਦੋਗਲਾਪਣ ਉਜਾਗਰ ਕਰਦਿਆਂ ਹੋਇਆਂ ਇਹ ਨੰਗਾ ਸੱਚ ਉਘਾੜਿਆ ਕਿ ਦੇਸ ਅੰਦਰ ਇੱਕੋ ਹੀ ਕਿਸਮ ਦੇ ਜੁਰਮ ਲਈ ਹਿੰਦੂਆਂ ਤੇ ਸਿੱਖਾਂ ਵਾਸਤੇ ਅਲੱਗ-ਅਲੱਗ ਮਾਪਦੰਡ ਅਪਣਾਏ ਜਾਂਦੇ ਹਨ। ਅਰਥਾਤ 1977 ਵਿੱਚ ਉੱਤਰ ਪ੍ਰਦੇਸ਼ ਦੇ ਜਿਨ੍ਹਾਂ ਦੋ ਪਾਂਡੇ ਭਰਾਵਾਂ ਨੇ ਇੰਦਰਾ ਗਾਂਧੀ ਦੀ ਰਿਹਾਈ ਵਾਸਤੇ ਜਹਾਜ਼ ਅਗਵਾ ਕੀਤਾ ਸੀ, ਉਨ੍ਹਾਂ ਨੂੰ ਬਾਅਦ ਵਿੱਚ ਇਨਾਮ ਦੇ ਤੌਰ 'ਤੇ ਵਿਧਾਨ ਸਭਾ ਦੀਆਂ ਮੈਂਬਰੀਆਂ ਨਾਲ ਨਿਵਾਜਿਆ ਗਿਆ। ਪ੍ਰੰਤੂ ਜਿਨ੍ਹਾਂ ਸਿੰਘਾਂ ਨੇ ਸਤੰਬਰ 1981 ਵਿੱਚ ਸੰਤ ਜਰਨੈਲ ਸਿੰਘ ਦੀ ਰਿਹਾਈ ਲਈ ਜਹਾਜ਼ ਅਗਵਾ ਕੀਤਾ, ਉਨ੍ਹਾਂ ਨੂੰ 'ਦੇਸ ਦੇ ਦੁਸ਼ਮਣ' ਗਰਦਾਨਿਆ ਗਿਆ ਅਤੇ ਅਗਸਤ 1982 ਵਿੱਚ ਜੋਧਪੁਰ ਤੋਂ ਬੋਇੰਗ 737 ਨਾਂ ਦੇ ਜਹਾਜ਼ ਨੂੰ ਅਗਵਾ ਕਰਨ ਵਾਲੇ ਇਕ ਸਿੰਘ (ਮਨਜੀਤ ਸਿੰਘ ਉਰਫ਼ ਮੁਸੀਬਤ ਸਿੰਘ) ਨੂੰ ਰਾਜਾਸਾਂਸੀ ਹਵਾਈ ਅੱਡੇ ਉੱਤੇ ਗੋਲੀ ਮਾਰ ਕੇ ਹਲਾਕ ਕਰ ਦਿੱਤਾ ਗਿਆ। ਸੰਤ ਜਰਨੈਲ ਸਿੰਘ ਨੇ ਭਾਰਤ ਅੰਦਰ ਸਿੱਖ ਕੌਮ ਨਾਲ ਹੋ ਰਹੇ ਇਸ ਮਤਰੇਏ ਸਲੂਕ ਨੂੰ ਉਸਦੀ ਗ਼ੁਲਾਮੀ ਦੇ ਚਿੰਨ੍ਹ ਵਜੋਂ ਦੇਖਿਆ ਅਤੇ ਇਸ ਤਰ੍ਹਾਂ ਇਸ ਮਾਮਲੇ 'ਚ ਰਵਾਇਤੀ ਸੋਚ-ਧਾਰਾ ਨਾਲੋਂ ਤਿੱਖਾ ਨਿਖੇੜਾ ਕਰਦਿਆਂ ਹੋਇਆਂ ਉਨ੍ਹਾਂ ਇਕ ਅਸਲੋਂ ਹੀ ਵੱਖਰੀ ਰਾਜਨੀਤਕ ਸੇਧ ਤੇ ਸ਼ੈਲੀ ਅਪਣਾ ਲਈ।

ਜੇਕਰ ਵਿਤਕਰੇ ਨੂੰ ਗ਼ੁਲਾਮੀ ਦੇ ਚਿੰਨ੍ਹ ਵਜੋਂ ਦੇਖਿਆ ਜਾਂਦਾ ਹੈ ਤਾਂ ਇਸ ਨਾਲ ਵਿਤਕਰੇ ਦੇ ਸ਼ਿਕਾਰ ਵਰਗ ਦੀ ਰਾਜਨੀਤੀ ਦੀ ਸਮੁੱਚੀ ਵਿਆਕਰਣ ਅਤੇ ਉਸਦੇ ਰਾਜਸੀ ਸੰਘਰਸ਼ ਦੀ ਸਮੁੱਚੀ ਜਿਓਮੈਟਰੀ ਹੀ ਬਦਲ ਜਾਂਦੀ ਹੈ। ਗ਼ੁਲਾਮੀ ਦਾ ਅਹਿਸਾਸ ਮਹਿਕੂਮ ਕੌਮ ਅੰਦਰ ਆਜ਼ਾਦੀ ਦੀ ਰੀਝ ਤੇ ਤੜਪ ਪੈਦਾ ਕਰਦਾ ਹੈ। ਇਕੱਲੇ ਵਿਤਕਰੇ ਦਾ ਅਹਿਸਾਸ, ਵੱਧ ਤੋਂ ਵੱਧ, ਕਾਇਮ-ਮੁਕਾਮ ਰਾਜ ਵਿਵਸਥਾ ਦੇ ਅੰਦਰ ਹੀ ਸਾਵੇਂ ਸਲੂਕ ਤੇ ਇਨਸਾਫ਼ ਦੀ ਤਮੰਨਾ ਪੈਦਾ ਕਰਦਾ ਹੈ। ਕਈ ਵਾਰ ਵਿਤਕਰੇ ਦਾ ਅਹਿਸਾਸ ਵੀ ਪੀੜਤ ਵਰਗ ਅੰਦਰ ਰੋਸ ਤੇ ਗ਼ੁੱਸੇ ਦੀਆਂ ਪ੍ਰਬਲ ਭਾਵਨਾਵਾਂ ਪੈਦਾ ਕਰ ਦਿੰਦਾ ਹੈ। ਪ੍ਰੰਤੂ ਇਹ ਰੋਸ, ਜ਼ਿਆਦਾ ਕਰਕੇ, ਵੇਲੇ ਦੇ ਹੁਕਮਰਾਨਾਂ ਦੇ ਹੀ ਖ਼ਿਲਾਫ਼ ਸੇਧਤ ਹੁੰਦਾ ਹੈ, ਰਾਜ-ਵਿਵਸਥਾ ਦੇ ਖ਼ਿਲਾਫ਼ ਨਹੀਂ। ਵਿਤਕਰੇ ਦੇ ਸ਼ਿਕਾਰ ਵਰਗ ਦਾ ਵੇਲੇ ਦੇ ਹੁਕਮਰਾਨਾਂ ਤੋਂ ਭਲੇ ਹੀ ਮੋਹ-ਭੰਗ ਹੋ ਜਾਵੇ ਪ੍ਰੰਤੂ ਉਸ ਦਾ ਰਾਜ ਵਿਵਸਥਾ (state) ਤੋਂ ਪੂਰਨ ਰੂਪ ਵਿੱਚ ਵਿਸ਼ਵਾਸ ਨਹੀਂ ਟੁੱਟਦਾ। ਉਸ ਅੰਦਰ ਸਬੰਧਤ ਵਿਵਸਥਾ ਦੇ ਅੰਦਰ ਹੀ ਇਨਸਾਫ਼ ਦੀ ਉਮੀਦ ਲਗਾਤਾਰ ਬਣੀ ਰਹਿੰਦੀ ਹੈ। ਉਦਾਹਰਣ ਵਜੋਂ, ਭਾਰਤੀ ਹਾਕਮਾਂ ਹੱਥੋਂ ਵਾਰ-ਵਾਰ ਧੋਖਾ ਖਾਣ ਅਤੇ ਪੁੱਜ ਕੇ ਜ਼ਲੀਲ ਹੋਣ ਦੇ ਬਾਵਜੂਦ ਅਕਾਲੀ ਆਗੂਆਂ ਦਾ ਭਾਰਤੀ ਰਾਜ ਤੋਂ ਭਰੋਸਾ ਖ਼ਤਮ ਨਹੀਂ ਹੋਇਆ। ਉਹ ਸਿੱਖ ਪੰਥ ਨਾਲ ਹੋ ਰਹੇ ਵਿਤਕਰੇ ਤੇ ਬੇਇਨਸਾਫ਼ੀਆਂ ਨੂੰ ਭਾਰਤੀ ਰਾਜ ਦੇ ਮੂਲ ਖ਼ਾਸੇ ਨਾਲ ਜੋੜ ਕੇ ਦੇਖਣ ਤੇ ਸਮਝਣ ਦੀ ਥਾਵੇਂ, ਇਸ ਨੂੰ ਜਾਂ ਤਾਂ ਕਿਸੇ ਵਿਸ਼ੇਸ਼ ਹੁਕਮਰਾਨ ਜਾਂ ਵਿਸ਼ੇਸ਼ ਖ਼ਾਨਦਾਨ (ਨਹਿਰੂ ਪਰਿਵਾਰ) ਜਾਂ ਵਿਸ਼ੇਸ਼ ਰਾਜਸੀ ਦਲ (ਕਾਂਗਰਸ) ਨਾਲ ਜੋੜ ਕੇ ਦੇਖਦੇ ਰਹੇ। ਸਿੱਟੇ ਵਜੋਂ, ਕਦੇ ਉਹ ਕਾਂਗਰਸ ਪਾਰਟੀ ਦੇ ਅੰਦਰ ਹੀ ਚੰਗੇ ਤੇ ਮਾੜੇ ਤੱਤਾਂ ਵਿਚਕਾਰ

ਨਿਖੇੜਾ ਕਰਨ ਦੀਆਂ ਫ਼ਜ਼ੂਲ ਮਸ਼ਕਾਂ ਕਰਦੇ ਰਹੇ, ਕਦੇ ਸਮੁੱਚੀ ਕਾਂਗਰਸ ਲੀਡਰਸ਼ਿਪ ਤੋਂ ਬਦਜ਼ਨ ਹੋ ਕੇ ਵਿਰੋਧੀ ਪਾਰਟੀਆਂ ਕੋਲੋਂ ਸਿੱਖ ਕੌਮ ਦੇ ਭਲੇ ਦੀਆਂ ਬੇਬੁਨਿਆਦ ਉਮੀਦਾਂ ਪਾਲਦੇ ਰਹੇ, ਕਦੇ ਸਮੁੱਚੇ ਹਿੰਦੂ ਰਾਜਸੀ ਵਰਗ ਤੋਂ ਨਿਰਾਸ਼ ਅਤੇ ਬੇਆਸ ਹੋ ਕੇ ਦੇਸ ਦੇ ਕਾਨੂੰਨ ਤੇ ਨਿਆਂਪਾਲਕਾ ਹੱਥੋਂ ਇਨਸਾਫ਼ ਦੀ ਉਮੀਦ ਦੇ ਤਿਣਕੇ ਦਾ ਆਸਰਾ ਤੱਕਦੇ ਰਹੇ। ਅਕਾਲੀ ਲੀਡਰਸ਼ਿਪ ਦੀ ਇਸ ਗੰਧਲੀ ਚੇਤਨਾ ਦਾ ਸਿਖਰ-ਪ੍ਰਗਟਾਵਾ ਉਦੋਂ ਹੋਇਆ ਜਦ ਜੁਲਾਈ 1982 ਵਿੱਚ ਇੰਦਰਾ ਗਾਂਧੀ ਨੇ ਰਾਸ਼ਟਰਪਤੀ ਦੇ ਅਹੁਦੇ ਲਈ ਗਿਆਨੀ ਜ਼ੈਲ ਸਿੰਘ ਦੇ ਨਾਂ ਦੀ ਚੋਣ ਕਰ ਲਈ। ਅਕਾਲੀ ਲੀਡਰਸ਼ਿਪ ਨੇ ਮਹਿਜ਼ ਇਸ ਆਧਾਰ 'ਤੇ ਕਿ ਇਤਿਹਾਸ ਵਿੱਚ ਪਹਿਲੀ ਵਾਰ ਕੋਈ ਸਿੱਖ ਭਾਰਤ ਦੇ ਰਾਸ਼ਟਰਪਤੀ ਦੀ ਪਦਵੀ ਗ੍ਰਹਿਣ ਕਰਨ ਜਾ ਰਿਹਾ ਹੈ, ਗਿਆਨੀ ਜ਼ੈਲ ਸਿੰਘ ਦੀ ਬਿਨਾਂ ਸ਼ਰਤ ਹਮਾਇਤ ਕਰਨ ਦਾ ਨਿਰਣਾ ਕਰ ਲਿਆ। ਜੇਕਰ ਅਕਾਲੀ ਆਗੂ ਭਾਰਤੀ ਰਾਜ ਦੇ ਮੂਲ ਖ਼ਾਸੇ ਬਾਰੇ ਅਤੇ ਭਾਰਤ ਦੀ ਰਾਜਸੀ ਹਕੀਕਤ ਬਾਰੇ ਸਾਫ਼ ਅਤੇ ਸਹੀ ਸਮਝ ਰੱਖਦੇ ਹੁੰਦੇ ਤਾਂ ਉਨ੍ਹਾਂ ਨੂੰ ਇਹ ਗੱਲ ਬੁੱਝਣ ਵਿੱਚ ਕੋਈ ਮੁਸ਼ਕਲ ਨਹੀਂ ਸੀ ਆਉਣੀ ਕਿ ਗਿਆਨੀ ਜ਼ੈਲ ਸਿੰਘ ਵਰਗਾ ਹੌਲਾ ਤੇ ਬੇਗੁਣਾ ਵਿਅਕਤੀ ਰਾਸ਼ਟਰਪਤੀ ਦੇ ਆਸਣ ਉੱਤੇ ਬੈਠ ਕੇ ਸਿੱਖ ਕੌਮ ਦਾ ਕੋਈ ਭਲਾ ਕਰ ਸਕਣ ਦੀ ਥਾਵੇਂ, ਨਾ ਸਿਰਫ਼ ਆਮ ਰੂਪ ਵਿੱਚ ਹਿੰਦੂ ਹੁਕਮਰਾਨ ਵਰਗ ਦੇ ਹਿਤਾਂ ਦੀ ਪੂਰਤੀ ਦਾ ਲਾਹੇਵੰਦਾ ਸੰਦ ਹੋ ਨਿਬੜੇਗਾ ਸਗੋਂ ਵਿਅਕਤੀਗਤ ਤੌਰ 'ਤੇ ਇੰਦਰਾ ਗਾਂਧੀ ਦਾ ਝਾੜੂ-ਬਰਦਾਰ ਬਣਨ ਵਿੱਚ ਵੀ ਕੋਈ ਸ਼ਰਮ ਜਾਂ ਸੰਕੋਚ ਨਹੀਂ ਕਰੇਗਾ। ਹੋਇਆ ਵੀ ਇੰਜ ਹੀ। ਜਿਸ ਸਦਕਾ ਸਾਰੀ ਸਿੱਖ ਕੌਮ ਨੂੰ ਵੱਡੀ ਨਮੋਸ਼ੀ ਝੱਲਣੀ ਪਈ।

ਭਾਰਤੀ ਰਾਜ ਦੇ ਹਕੀਕੀ ਖ਼ਾਸੇ ਬਾਰੇ ਅਕਾਲੀ ਲੀਡਰਸ਼ਿਪ ਦੀ ਅਸਪਸ਼ਟ ਅਤੇ ਭਰਮ-ਗ੍ਰੱਸੀ ਸਮਝ ਉਸ ਦੇ ਲਈ, ਅਤੇ ਉਸ ਨਾਲੋਂ ਵੀ ਵੱਧ ਸਿੱਖ ਕੌਮ ਲਈ ਇਕ ਵੱਡਾ ਰਾਜਨੀਤਕ ਸਰਾਪ ਹੋ ਗੁਜ਼ਰਿਆ। ਅਕਾਲੀ ਆਗੂ ਇਨਸਾਫ਼ ਹਾਸਲ ਕਰਨ ਲਈ ਇਕ ਤੋਂ ਬਾਅਦ ਦੂਜੀ ਲੜਾਈ ਵਿਢਦੇ ਰਹੇ। ਪਰ ਇਨਸਾਫ਼ ਉਨ੍ਹਾਂ ਲਈ ਮਿਰਗ-ਤ੍ਰਿਸ਼ਣਾ ਬਣਿਆ ਰਿਹਾ। ਉਨ੍ਹਾਂ ਨੂੰ ਵਾਰ-ਵਾਰ ਕੌੜੇ ਅਨੁਭਵਾਂ ਦਾ ਸੁਆਦ ਚੱਖਣਾ ਪੈਂਦਾ ਰਿਹਾ। ਪ੍ਰੰਤੂ ਆਪਣੀ ਵਜੂਦ-ਸਮੋਈ ਸਿਧਾਂਤਕ ਕਮਜ਼ੋਰੀ ਦੀ ਵਜ੍ਹਾ ਕਰਕੇ ਉਹ ਇਨ੍ਹਾਂ ਕੌੜੇ ਅਨੁਭਵਾਂ ਵਿੱਚੋਂ ਕਦੇ ਵੀ ਯੋਗ ਸਬਕ ਗ੍ਰਹਿਣ ਕਰਨ ਦੇ ਸਮਰੱਥ ਨਾ ਹੋ ਸਕੇ। ਇਸ ਸਿਧਾਂਤਕ ਜ਼ਹਿਮਤ ਤੋਂ ਸੁਰਖ਼ਰੂ ਹੋਣਾ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਸ੍ਰੇਸ਼ਠ ਗੁਣ ਹੋ ਨਿਬੜਿਆ। ਅਕਾਲੀ ਆਗੂਆਂ ਦੇ ਉਲਟ, ਸੰਤ ਭਿੰਡਰਾਂਵਾਲਿਆਂ ਨੇ ਸੰਘਰਸ਼ ਦੇ ਅਮਲ ਦੌਰਾਨ ਵਾਪਰੀ ਹਰ ਅਹਿਮ ਘਟਨਾ 'ਚੋਂ ਯੋਗ ਸਬਕ ਗ੍ਰਹਿਣ ਕਰਨ ਅਤੇ ਇਸ ਨੂੰ ਸਿੱਖ ਕੌਮ ਦੀ ਸਮੂਹਕ ਚੇਤਨਾ ਦਾ ਅੰਗ ਬਣਾਉਣ ਦੀ ਸੇਧ ਅਖ਼ਤਿਆਰ ਕੀਤੀ। ਸਿੱਟੇ ਵਜੋਂ, ਜਿਥੇ ਅਕਾਲੀ ਲੀਡਰ ਸੰਘਰਸ਼ ਦੇ ਅਮਲ ਦੌਰਾਨ ਪੈਰ-ਪੈਰ 'ਤੇ ਥਿੜਕਦੇ ਅਤੇ ਆਪ ਸਹੇੜੀਆਂ ਦੁਵਿਧਾਵਾਂ ਤੇ ਉਲਝਣਾਂ ਵਿੱਚ ਫਸਦੇ ਰਹੇ, ਉਥੇ ਸੰਤ ਜਰਨੈਲ ਸਿੰਘ ਵੱਲੋਂ ਹਰ ਮੋੜ ਤੇ ਹਰ ਜੋੜ (Juncture) ਉੱਤੇ ਸਪਸ਼ਟਤਾ ਤੇ ਅਡੋਲਤਾ ਦਾ ਪ੍ਰਗਟਾਵਾ ਕੀਤਾ ਜਾਂਦਾ ਰਿਹਾ।

ਲੜਾਈ ਨੂੰ ਕਾਰਗਰ ਤਰੀਕੇ ਨਾਲ ਲੜਨ ਲਈ ਦੋ ਗੱਲਾਂ ਬਾਰੇ ਸਪਸ਼ਟਤਾ ਜ਼ਰੂਰੀ ਹੁੰਦੀ ਹੈ। ਇਕ, ਲੜਾਈ ਲੜਨੀ ਕਾਹਦੇ ਵਾਸਤੇ ਹੈ ? ਅਤੇ ਦੂਜਾ, ਲੜਨੀ ਕੀਹਦੇ ਖ਼ਿਲਾਫ਼ ਹੈ ? ਅਰਥਾਤ ਦੁਸ਼ਮਣ ਤੇ ਉਦੇਸ਼ ਸਾਫ਼ ਦਿਖਣੇ ਚਾਹੀਦੇ ਹਨ। ਇਨ੍ਹਾਂ ਦੋਨੋਂ ਹੀ ਗੱਲਾਂ 'ਤੇ ਅਕਾਲੀ ਆਗੂਆਂ ਦੀ ਸਮਝ ਅਸਪਸ਼ਟ ਤੇ ਘਚੋਲੇ-ਗ੍ਰੱਸੀ ਸੀ। ਉਹ ਨਾ ਸੰਘਰਸ਼ ਦੇ ਉਦੇਸ਼ਾਂ ਬਾਰੇ ਸਪਸ਼ਟ ਤੇ ਇਕ ਚਿੱਤ ਸਨ ਅਤੇ ਨਾ ਦੁਸ਼ਮਣ ਬਾਰੇ ਸਾਫ਼

ਤੇ ਨਿਖਰੀ ਸਮਝ ਰੱਖਦੇ ਸਨ। ਇਸ ਕਰਕੇ ਸੰਘਰਸ਼ ਦੇ ਅਮਲ ਦੌਰਾਨ ਵਾਰ-ਵਾਰ ਥਿੜਕਣ ਦਿਖਾਉਣ ਅਤੇ ਸੰਘਰਸ਼ ਨੂੰ ਅੱਧ-ਵਿਚਾਲਿਓਂ ਡੋਬਾ ਦੇ ਕੇ ਬੇਅਸੂਲੇ ਸਮਝੌਤਿਆਂ ਵੱਲ ਉਲਰ ਜਾਣ ਦੀ ਰੁਚੀ ਅਕਾਲੀ ਲੀਡਰਸ਼ਿਪ ਦਾ ਸੁਭਾਵਿਕ ਤੇ ਸਥਾਈ ਲੱਛਣ ਬਣ ਕੇ ਰਹਿ ਗਈ। ਸੰਤ ਜਰਨੈਲ ਸਿੰਘ ਜਿੰਨਾ ਹਿੰਦੂ ਹਾਕਮਾਂ ਦੇ ਸਿੱਖ-ਦੁਸ਼ਮਣ ਖ਼ਾਸੇ ਪ੍ਰਤੀ ਚੇਤੰਨ ਤੇ ਜਾਗਰੂਕ ਸਨ, ਓਨੇ ਹੀ ਅਕਾਲੀ ਆਗੂਆਂ ਦੀਆਂ ਸਿਧਾਂਤਕ ਮਰਜ਼ਾਂ ਤੇ ਸ਼ਖ਼ਸੀ ਕਮਜ਼ੋਰੀਆਂ ਬਾਰੇ ਵੀ ਬਰਾਬਰ ਜਾਣੀ-ਜਾਣ ਸਨ 'ਤੇ ਨਾਲ ਹੀ ਸਾਵਧਾਨ ਵੀ। ਇਸ ਕਰਕੇ, ਉਨ੍ਹਾਂ ਸਿੱਖ ਸੰਘਰਸ਼ ਦੀ ਧਾਰ ਨੂੰ ਸਿੱਖ ਕੌਮ ਦੇ ਬਾਹਰਲੇ ਦੁਸ਼ਮਣਾਂ (ਹਿੰਦੂ ਹਾਕਮਾਂ) ਖ਼ਿਲਾਫ਼ ਸੇਧਤ ਰੱਖਦੇ ਹੋਏ, ਨਾਲ ਹੀ, ਅਕਾਲੀ ਆਗੂਆਂ ਦੀ ਹਰ ਥਿੜਕਣ ਤੇ ਕਮਜ਼ੋਰੀ ਉੱਤੇ ਕਰੜੀ ਨਿਗ੍ਹਾ ਰੱਖ ਕੇ ਚੱਲਣ ਅਤੇ ਸਿੱਖ ਜਨਤਾ ਨੂੰ ਇਸ ਬਾਰੇ ਨਿਰੰਤਰ ਚੌਕੰਨੇ ਕਰਦੇ ਰਹਿਣ ਦੀ ਲੋੜ ਤੇ ਅਹਿਮੀਅਤ ਨੂੰ ਇਕ ਪਲ ਲਈ ਵੀ ਮਨੋਂ ਨਹੀਂ ਵਿਸਾਰਿਆ। ਇਸ ਸਦਕਾ ਸਿੱਖ ਸੰਘਰਸ਼ ਦੇ ਆਗਾਮੀ ਦੌਰ ਅੰਦਰ ਲੜਾਈ ਦੇ ਦੋਨੋਂ, ਬਹਿਰੂਨੀ ਤੇ ਅੰਦਰੂਨੀ ਮੋਰਚੇ ਨਿਰੰਤਰ ਭਖੇ ਰਹੇ। ਜਿਥੇ ਭਾਰਤੀ ਹਾਕਮਾਂ ਖ਼ਿਲਾਫ਼ ਸਿੱਖ ਪੰਥ ਦਾ ਕੌਮੀ ਸੰਘਰਸ਼ ਲਗਾਤਾਰ ਪਾਸਾਰ ਤੇ ਤੀਬਰਤਾ ਗ੍ਰਹਿਣ ਕਰਦਾ ਗਿਆ, ਉਥੇ ਨਾਲ ਹੀ ਸਿੱਖ ਕੌਮ ਦੇ ਅੰਦਰ ਸਿਧਾਂਤਕ ਜਦੋਜਹਿਦ ਤੇ ਪਾਲਾਬੰਦੀ ਦਾ ਅਮਲ ਵੀ ਨਿਰੰਤਰ ਡੂੰਘਾ ਤੇ ਪਰਚੰਡ ਹੁੰਦਾ ਚਲਾ ਗਿਆ।

●

# 18

# ਧਰਮਯੁੱਧ ਮੋਰਚਾ—ਲਾਸਾਨੀ ਉਭਾਰ

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਸਿੱਖ ਪੰਥ ਅੰਦਰ ਤੇਜ਼ੀ ਨਾਲ ਵ
ਹਰਮਨਪਿਆਰਤਾ ਸਿੱਖ ਕੌਮ ਦੀ ਰਾਜਨੀਤਕ ਸੋਚ ਤੇ ਰੌਅ ਅੰਦਰ ਆ ਰਹੇ ਬ
ਦੀ ਸੂਚਕ ਸੀ। ਭਾਰਤ ਦੇ ਹਿੰਦੂ ਹਾਕਮਾਂ ਦਾ ਇਸ ਹਾਲਤ ਉੱਤੇ ਚਿੰਤਾਵਾ
ਸੁਭਾਵਿਕ ਸੀ। ਇੰਦਰਾ ਗਾਂਧੀ ਆਪਣੀ ਯੁੱਧਨੀਤਕ ਵਿਉਂਤ ਤਹਿਤ ਜਿਥੇ ਸਿ
ਅੰਦਰ ਗਰਮ-ਖ਼ਿਆਲੀ ਧਾਰਾ ਨੂੰ ਇਕ ਹੱਦ ਤਕ ਖੁੱਲ੍ਹਾ ਵਗਣ ਦੇਣ ਦਾ ਸੁਚੇਤ
ਅਪਣਾ ਕੇ ਚੱਲ ਰਹੀ ਸੀ, ਉਥੇ ਨਾਲ ਹੀ ਇਸ ਰੁਝਾਨ ਦੇ ਬੇਕਾਬੂ ਹੋ ਜਾਣ ਦ
ਪ੍ਰਤੀ ਵੀ ਬਰਾਬਰ ਚੌਕਸੀ ਬਰਕਰਾਰ ਰੱਖ ਕੇ ਚੱਲ ਰਹੀ ਸੀ। ਜਦ ਉਸ
ਗਰਮ-ਖ਼ਿਆਲੀ ਧਾਰਾ ਦੇ ਸੁਰੱਖਿਅਤ ਸੀਮਾਵਾਂ ਨੂੰ ਪਾਰ ਕਰ ਜਾਣ ਦਾ ਖ਼ਤਰਾ
ਦੇਣ ਲੱਗਾ ਤਾਂ ਉਸ ਨੇ ਪੰਜਾਬ ਅੰਦਰ ਦਰਬਾਰਾ ਸਿੰਘ ਪ੍ਰਸ਼ਾਸਨ ਦੇ ਗਲੋਂ ਪਟਾ
ਦੇਣ ਅਤੇ ਗਰਮ-ਖ਼ਿਆਲੀ ਤੱਤਾਂ ਉੱਤੇ ਸਖ਼ਤੀ ਵਰਤਣ ਦਾ ਫ਼ੈਸਲਾ ਕਰ
ਜੁਲਾਈ 1982 ਵਿੱਚ ਗਿਆਨੀ ਜ਼ੈਲ ਸਿੰਘ ਵੱਲੋਂ ਰਾਸ਼ਟਰਪਤੀ ਦਾ ਅਹੁਦਾ
ਕਰ ਲੈਣ ਨਾਲ ਦਰਬਾਰਾ ਸਿੰਘ ਦੇ ਰਾਹ ਦੀ ਵੱਡੀ ਪ੍ਰਸ਼ਾਸਨਿਕ ਰੁਕਾਵਟ ਤੇ
ਦੂਰ ਹੋ ਗਈ। ਰਾਸ਼ਟਰਪਤੀ ਦੀ ਚੋਣ ਦੇ ਥੋੜ੍ਹੇ ਹੀ ਦਿਨਾਂ ਬਾਅਦ (17 ਜੁਲਾਈ)
ਪੁਲਸ ਨੇ ਦਮਦਮੀ ਟਕਸਾਲ ਦੇ ਤਿੰਨ ਸਿੰਘਾਂ ਨੂੰ ਇਕ ਠਾਣੇਦਾਰ ਦੇ ਕਤਲ ਦੀ
ਦੇ ਦੋਸ਼ ਅਧੀਨ ਗ੍ਰਿਫ਼ਤਾਰ ਕਰ ਲਿਆ। 19 ਜੁਲਾਈ ਨੂੰ ਜਦ ਆਲ ਇੰਡੀਅ
ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਅਤੇ ਸਵਰਗਵਾਸੀ ਸੰਤ ਕਰਤਾਰ ਸਿੰਘ ਭਿੰਡ
ਦੇ ਸਪੁੱਤਰ ਭਾਈ ਅਮਰੀਕ ਸਿੰਘ ਇਨ੍ਹਾਂ ਸਿੰਘਾਂ ਦੇ ਮੁਕੱਦਮੇ ਦੀ ਕਾਨੂੰਨੀ ਪੈ
ਕਰਨ ਲਈ ਅੰਮ੍ਰਿਤਸਰ ਦੀ ਜ਼ਿਲ੍ਹਾ ਕਚਹਿਰੀ ਵਿੱਚ ਪਹੁੰਚੇ ਤਾਂ ਉਨ੍ਹਾਂ ਨੂੰ ਵ
ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਤੋਂ ਅਗਲੇ ਦਿਨ (20 ਜੁਲਾਈ) ਸੰਤ
ਸਿੰਘ ਭਿੰਡਰਾਂਵਾਲੇ ਦੇ ਇਕ ਹੋਰ ਨਿਕਟ ਸਹਿਯੋਗੀ ਬਾਬਾ ਠਾਰਾ ਸਿੰਘ ਨੂੰ ਵੀ
ਹਿਰਾਸਤ ਵਿੱਚ ਲੈ ਲਿਆ ਗਿਆ। ਸੰਤ ਜਰਨੈਲ ਸਿੰਘ ਨੇ ਦਮਦਮੀ ਟਕਸਾਲ

ਲਈ ਪੰਥਕ ਸ਼ਕਤੀ ਨੂੰ ਹਰਕਤ ਵਿੱਚ ਲਿਆਉਣ ਦੀ ਲੋੜ ਮਹਿਸੂਸ ਕਰਦੇ ਹੋਏ 25 ਜੁਲਾਈ ਨੂੰ ਮੰਜੀ ਸਾਹਿਬ ਵਿਖੇ ਇਕ ਭਰਵੀਂ ਪੰਥਕ ਕਨਵੈਨਸ਼ਨ ਬੁਲਾਈ। ਇਸ ਕਨਵੈਨਸ਼ਨ ਨੇ ਸਿੰਘਾਂ ਦੀਆਂ ਗ੍ਰਿਫ਼ਤਾਰੀਆਂ ਵਿਰੁੱਧ ਰੋਸ ਪ੍ਰਗਟ ਕਰਨ ਅਤੇ ਸਿੱਖ ਕੌਮ ਨਾਲ ਹੋ ਰਹੀਆਂ ਵਧੀਕੀਆਂ ਤੇ ਬੇਇਨਸਾਫ਼ੀਆਂ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਦਰਬਾਰ ਸਾਹਿਬ ਤੋਂ ਰਵਾਇਤੀ ਤਰਜ਼ 'ਤੇ ਮੋਰਚਾ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ। ਫ਼ੈਸਲਾ ਹੋਇਆ ਕਿ ਹਰ ਰੋਜ਼ 51 ਸਿੰਘਾਂ ਦਾ ਜੱਥਾ ਪ੍ਰੰਪਰਾ ਮੁਤਾਬਕ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰ ਕੇ ਪੁਰਅਮਨ ਢੰਗ ਨਾਲ ਗ੍ਰਿਫ਼ਤਾਰੀ ਦਿਆ ਕਰੇਗਾ ਅਤੇ ਜਦ ਤਕ ਪੰਜਾਬ ਸਰਕਾਰ ਆਪਣੇ ਜਾਬਰ ਕਦਮ ਵਾਪਸ ਲੈਣ ਤੇ ਆਪਣੀਆਂ ਜਾਬਰ ਕਾਰਵਾਈਆਂ ਠੱਪ ਕਰਨ ਦਾ ਐਲਾਨ ਨਹੀਂ ਕਰਦੀ, ਉਨੀ ਦੇਰ ਤਕ ਗ੍ਰਿਫ਼ਤਾਰੀਆਂ ਦਾ ਸਿਲਸਿਲਾ ਨਿਰੰਤਰ ਜਾਰੀ ਰੱਖਿਆ ਜਾਵੇਗਾ।

ਇਸ ਫ਼ੈਸਲੇ ਨੇ ਅਕਾਲੀ ਲੀਡਰਸ਼ਿਪ ਦੇ ਸਾਹਮਣੇ ਯਕਦਮ ਇਕ ਨਵੀਂ ਸਥਿਤੀ ਪੈਦਾ ਕਰ ਦਿੱਤੀ। ਉਸ ਵੇਲੇ ਤਕ ਸਿੱਖ ਜਨਤਾ ਦੇ ਰੌਂਅ ਅੰਦਰ ਆ ਰਹੀ ਤਬਦੀਲੀ ਦੇ ਰੁਝਾਨ ਨੂੰ ਸਾਫ਼ ਪਛਾਣਿਆ ਜਾ ਸਕਦਾ ਸੀ। ਸਿੱਖ ਜਨਤਾ ਰਵਾਇਤੀ ਅਕਾਲੀ ਲੀਡਰਸ਼ਿਪ ਤੋਂ ਨਿਰਾਸ਼ ਤੇ ਬੇਆਸ ਹੋ ਕੇ ਤੇਜ਼ ਗਤੀ ਨਾਲ ਸੰਤ ਭਿੰਡਰਾਂਵਾਲਿਆਂ ਦੁਆਲੇ ਲਾਮਬੰਦ ਹੋਣ ਲੱਗ ਪਈ ਸੀ। ਅਕਾਲੀ ਲੀਡਰਸ਼ਿਪ ਦੀਆਂ ਪੁਰਜ਼ੋਰ ਕੋਸ਼ਿਸ਼ਾਂ ਦੇ ਬਾਵਜੂਦ ਉਹ ਸਿੱਖ ਕਿਸਾਨੀ ਨੂੰ 'ਨਹਿਰ ਰੋਕੋ ਮੋਰਚੇ' ਲਈ ਉਭਾਰਨ ਵਿੱਚ ਬਹੁਤਾ ਸਫਲ ਨਹੀਂ ਸੀ ਹੋ ਸਕੀ, ਜਦ ਕਿ ਸਿੱਖ ਕੌਮ ਸੰਤ ਜਰਨੈਲ ਸਿੰਘ ਵੱਲ ਆਪ-ਮੁਹਾਰੇ ਕੀਲੀ ਜਾ ਰਹੀ ਸੀ। ਅਜਿਹੀ ਹਾਲਤ ਵਿੱਚ ਜੇਕਰ ਮੋਰਚੇ ਦੀ ਸਮੁੱਚੀ ਪਹਿਲਕਦਮੀ ਤੇ ਅਗਵਾਈ ਸੰਤ ਭਿੰਡਰਾਂਵਾਲੇ ਦੇ ਹੱਥਾਂ ਵਿੱਚ ਚਲੀ ਜਾਂਦੀ ਸੀ ਤਾਂ ਪਹਿਲਾਂ ਹੀ ਨਿਖੇੜੇ ਦੇ ਰਾਹ ਪਈ ਅਕਾਲੀ ਲੀਡਰਸ਼ਿਪ ਨੇ ਦਿਨਾਂ ਅੰਦਰ ਹੀ ਅਲੱਗ-ਥਲੱਗ ਤੇ ਅਪ੍ਰਸੰਗਿਕ ਹੋ ਕੇ ਰਹਿ ਜਾਣਾ ਸੀ। ਬੌਧਿਕ ਪੱਖ ਤੋਂ ਅਕਾਲੀ ਲੀਡਰਸ਼ਿਪ ਕਿੰਨੀ ਵੀ ਅਯੋਗ ਕਿਉਂ ਨਾ ਹੋਵੇ, ਉਸ ਅੰਦਰ ਆਪਣੇ ਆਪ ਨੂੰ ਬਣਾਈ ਤੇ ਬਚਾਈ ਰੱਖਣ ਦੀ ਅੰਤਰ ਸੋਝੀ (ਇੰਟੀਊਸ਼ਨ) ਹਮੇਸ਼ਾ ਕਿਰਿਆਸ਼ੀਲ ਰਹਿੰਦੀ ਹੈ। ਇਸ ਕਰਕੇ, ਉਹ ਦੁਸ਼ਵਾਰ ਹਾਲਤਾਂ ਨੂੰ ਛੇਤੀ ਕੀਤਿਆਂ ਆਪਣੇ ਉੱਤੇ ਹਾਵੀ ਨਹੀਂ ਹੋਣ ਦਿੰਦੀ। ਸੋ ਜਿਉਂ ਹੀ ਉਸ ਨੇ ਦੇਖਿਆ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨਾਲੋਂ ਅਲੱਗ ਰਾਹ ਬਣਾ ਕੇ ਚੱਲਣਾ ਉਸ ਲਈ ਬਹੁਤਾ ਲਾਹੇਵੰਦਾ ਨਹੀਂ ਰਹਿਣਾ, ਉਸ ਨੇ ਫ਼ੌਰਨ ਸੰਤ ਭਿੰਡਰਾਂਵਾਲੇ ਦੁਆਰਾ ਐਲਾਨੇ ਮੋਰਚੇ ਵਿੱਚ ਸ਼ਾਮਲ ਹੋ ਜਾਣ ਦਾ ਮਨ ਬਣਾ ਲਿਆ। ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਕਾਹਲੀ ਨਾਲ 26 ਜੁਲਾਈ ਨੂੰ ਅਕਾਲੀ ਦਲ ਦੀ ਕਾਰਜਕਾਰਨੀ ਦੀ ਹੰਗਾਮੀ ਮੀਟਿੰਗ ਸੱਦ ਲਈ, ਜਿਸ ਵਿੱਚ 'ਨਹਿਰ ਰੋਕੋ ਮੋਰਚੇ' ਨੂੰ ਥਾਏਂ ਠੱਪ ਕਰ ਕੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੁਆਰਾ ਆਰੰਭੇ ਮੋਰਚੇ ਵਿੱਚ ਸ਼ਰੀਕ ਹੋਣ ਦੇ ਫ਼ੈਸਲੇ ਦਾ ਬਾਕਾਇਦਾ ਐਲਾਨ ਕਰ ਦਿੱਤਾ ਗਿਆ।[2] ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਇਸ ਮੋਰਚੇ ਨੂੰ 'ਧਰਮ-ਯੁੱਧ ਮੋਰਚੇ' ਦਾ ਨਾਉਂ ਦਿੱਤਾ।

ਅਕਾਲੀ ਲੀਡਰਸ਼ਿਪ ਦੁਆਰਾ ਲਏ ਗਏ ਇਸ ਫ਼ੈਸਲੇ ਦੇ ਪਿੱਛੇ ਉਸਦੀ ਜੋ ਮਰਜ਼ੀ ਸੋਚ ਕੰਮ ਕਰਦੀ ਹੋਵੇ, ਇਸ ਨੇ ਸਿੱਖ ਕੌਮ ਉੱਤੇ ਬਹੁਤ ਹੀ ਉਤਸ਼ਾਹੀ ਪ੍ਰਭਾਵ ਛੱਡਿਆ। ਸੰਕਟ ਤੇ ਬਿਪਤਾਵਾਂ ਵਿੱਚ ਘਿਰੇ ਭਾਈਚਾਰੇ ਅੰਦਰ ਹਮੇਸ਼ਾ ਹੀ ਅੰਦਰੂਨੀ ਏਕਤਾ ਦੀ ਲੁਪਤ ਖ਼ਾਹਸ਼ ਕੰਮ ਕਰ ਰਹੀ ਹੁੰਦੀ ਹੈ। ਆਪਸੀ ਫੁੱਟ ਤੇ ਨਾਇਤਫ਼ਾਕੀ ਉਸ ਉੱਤੇ, ਕਿਸੇ ਨਾ ਕਿਸੇ ਰੂਪ ਵਿੱਚ, ਮਾਯੂਸੀ ਦਾ ਪ੍ਰਭਾਵ ਛੱਡ ਰਹੀ ਹੁੰਦੀ ਹੈ। ਇਸ ਨਾਇਤਫ਼ਾਕੀ ਨੂੰ ਖ਼ਤਮ ਕਰਨ ਦੀ ਦਿਸ਼ਾ ਵਿੱਚ ਪੁੱਟਿਆ ਛੋਟਾ ਜਿਹਾ ਕਦਮ ਵੀ ਉਸ ਅੰਦਰ ਜੋਸ਼ ਤੇ

ਉਤਸ਼ਾਹ ਦੀ ਤਰੰਗ ਪੈਦਾ ਕਰ ਦਿੰਦਾ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਲਲਕਰਵੀਂ ਹਮਾਇਤ ਵਿੱਚ ਨਿਤਰ ਆਉਣ ਅਤੇ 4 ਅਗਸਤ ਤੋਂ ਬਾਕਾਇਦਾ ਧਰਮਯੁੱਧ ਮੋਰਚਾ ਆਰੰਭ ਕਰ ਦੇਣ ਦੇ ਫ਼ੈਸਲੇ ਨੇ ਸਿੱਖ ਕੌਮ ਅੰਦਰ ਭਰੋਸੇ ਤੇ ਉਮੀਦ ਦਾ ਉਤਸ਼ਾਹੀ ਵਾਤਾਵਰਨ ਪੈਦਾ ਕਰ ਦਿੱਤਾ, ਜਿਸ ਨਾਲ ਪੰਥ ਦੀਆਂ ਸੁਸਤਾਈਆਂ ਰੀਝਾਂ ਇਕਦਮ ਅੰਗੜਾਈ ਲੈ ਉਠੀਆਂ। 27 ਜੁਲਾਈ ਨੂੰ ਸੰਤ ਜਰਨੈਲ ਸਿੰਘ ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਵਿਚਕਾਰ ਅਹਿਮ ਮੀਟਿੰਗ ਹੋਈ ਜਿਸ ਵਿੱਚ ਸਿੱਖ ਪੰਥ ਨੂੰ ਦਰਪੇਸ਼ ਖ਼ਤਰਿਆਂ ਤੇ ਚੁਣੌਤੀਆਂ ਬਾਰੇ ਅਤੇ ਇਸ ਦੇ ਸਨਮੁੱਖ ਖਿੰਡੀ-ਬਿਖਰੀ ਪੰਥਕ ਸ਼ਕਤੀ ਨੂੰ ਇਕ-ਜੁਟ ਕਰਨ ਦੀ ਲੋੜ ਤੇ ਅਹਿਮੀਅਤ ਬਾਰੇ ਵਿਚਾਰ ਸਾਂਝੇ ਕੀਤੇ ਗਏ।[3]

ਧਰਮਯੁੱਧ ਮੋਰਚੇ ਦਾ ਐਲਾਨ ਹੁੰਦਿਆਂ ਹੀ ਕਾਂਗਰਸੀ ਹਾਕਮਾਂ ਨੇ, ਆਦਤ ਮੁਤਾਬਕ, ਸਿੱਖ ਸੰਘਰਸ਼ ਨੂੰ ਸਖ਼ਤੀ ਨਾਲ ਦਬਾਉਣ ਦੀਆਂ ਤਿਆਰੀਆਂ ਆਰੰਭ ਦਿੱਤੀਆਂ। ਬਰਤਾਨਵੀ ਰਾਜ ਵੇਲੇ ਦੀ ਸ਼ੁਰੂ ਹੋਈ ਰੀਤ ਤੇ ਕੈਰੋਂਸ਼ਾਹੀ ਦੁਆਰਾ ਪਾਏ ਹੋਏ ਪੂਰਨਿਆਂ 'ਤੇ ਚੱਲਦਿਆਂ ਹੋਇਆਂ ਪੰਜਾਬ ਸਰਕਾਰ ਨੇ ਦਰਬਾਰ ਸਾਹਿਬ ਦੇ ਇਰਦ-ਗਿਰਦ ਦਫ਼ਾ ਇਕ ਸੌ ਚੁਤਾਲੀ ਲਾ ਦਿੱਤੀ ਅਤੇ ਸਮੁੱਚੀ ਸਰਕਾਰੀ ਮਸ਼ੀਨਰੀ ਨੂੰ ਸਿੱਖ ਸੰਘਰਸ਼ ਨਾਲ ਕਰਾਰੇ ਹੱਥੀਂ ਸਿੱਝਣ ਲਈ ਤਿਆਰ ਕਰ ਦਿੱਤਾ ਗਿਆ। ਚਾਰ ਅਗਸਤ ਨੂੰ ਪੰਜਾਬ ਭਰ 'ਚੋਂ ਸਿੱਖ ਸੰਗਤਾਂ ਹੁਮ-ਹੁਮਾ ਕੇ ਦਰਬਾਰ ਸਾਹਿਬ ਵਿਖੇ ਪਹੁੰਚੀਆਂ ਅਤੇ ਜੈਕਾਰਿਆਂ ਦੀ ਗੂੰਜ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਸੌ ਸਿੰਘਾਂ ਦਾ ਪਹਿਲਾ ਜੱਥਾ ਗ੍ਰਿਫ਼ਤਾਰੀ ਦੇਣ ਲਈ ਰਵਾਨਾ ਹੋਇਆ। ਮੋਰਚੇ ਦੀ ਖ਼ਬਰ ਫੈਲਦਿਆਂ ਹੀ ਦੇਸ-ਬਦੇਸ ਵਸਦੇ ਸਿੱਖ ਭਾਈਚਾਰੇ ਵਿੱਚ ਜੋਸ਼ ਤੇ ਉਤਸ਼ਾਹ ਦੀ ਤੀਬਰ ਲਹਿਰ ਪੈਦਾ ਹੋ ਗਈ। ਸਿੱਖ ਸੰਗਤਾਂ ਵੱਡੇ ਕਾਫ਼ਲਿਆਂ ਵਿੱਚ ਅੰਮ੍ਰਿਤਸਰ ਪਹੁੰਚਣੀਆਂ ਸ਼ੁਰੂ ਹੋ ਗਈਆਂ। ਹਰ ਰੋਜ਼ ਦਰਬਾਰ ਸਾਹਿਬ ਵਿਖੇ ਵਿਸ਼ਾਲ ਦੀਵਾਨ ਸਜਣ ਲੱਗ ਪਏ। ਇਨ੍ਹਾਂ ਦੀਵਾਨਾਂ ਵਿੱਚ ਭਾਰਤ ਅੰਦਰ ਸਿੱਖ ਕੌਮ ਨਾਲ ਹੋ ਰਹੀਆਂ ਵਧੀਕੀਆਂ ਤੇ ਬੇਇਨਸਾਫ਼ੀਆਂ ਦੀ ਚਰਚਾ ਹੁੰਦੀ; ਭਾਰਤ ਦੇ ਹਿੰਦੂ ਆਗੂਆਂ ਵੱਲੋਂ ਆਜ਼ਾਦੀ ਤੋਂ ਪਹਿਲਾਂ ਸਿੱਖਾਂ ਨਾਲ ਕੀਤੇ ਗਏ ਲੁਭਾਉਣੇ ਵਾਇਦਿਆਂ ਅਤੇ ਆਜ਼ਾਦੀ ਤੋਂ ਬਾਅਦ ਉਨ੍ਹਾਂ ਨਾਲ ਕੀਤੀਆਂ ਗਈਆਂ ਬੇਵਫ਼ਾਈਆਂ ਤੇ ਬਦਸਲੂਕੀਆਂ ਦੇ ਜਜ਼ਬਾਤ-ਹਲੂਣਵੇਂ ਕਿੱਸੇ ਸੁਣਾਏ, ਦੁਹਰਾਏ ਜਾਂਦੇ; ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਨਾਲ ਸ਼ੁਰੂ ਹੋਏ ਕੁਰਬਾਨੀਆਂ ਦੇ ਇਤਿਹਾਸ ਨੂੰ ਚਿਤਾਰਿਆ ਜਾਂਦਾ ਅਤੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਆਖ਼ਰੀ ਦਮ ਤਕ ਸੰਘਰਸ਼ ਜਾਰੀ ਰੱਖਣ ਦੇ ਸੰਕਲਪ ਦ੍ਰਿੜ੍ਹਾਏ ਜਾਂਦੇ। ਇਹ ਗੱਲਾਂ, ਕੁਝ ਅਖ਼ਬਾਰਾਂ/ਰਸਾਲਿਆਂ ਰਾਹੀਂ ਤੇ ਕੁਝ ਮੂੰਹੋਂ-ਮੂੰਹੀਂ, ਸਿੱਖ ਕੌਮ ਦੇ ਵੱਡੇ ਹਿੱਸਿਆਂ ਤਕ ਪਹੁੰਚਣ ਲੱਗੀਆਂ। ਕੇਂਦਰੀ ਹਾਕਮਾਂ ਵੱਲੋਂ ਪੈਰ-ਪੈਰ 'ਤੇ ਪ੍ਰਗਟਾਈ ਜਾ ਰਹੀ ਸਿੱਖ-ਦੁਸ਼ਮਣ ਸੋਚਣੀ ਅਤੇ ਪੰਜਾਬ ਅੰਦਰ ਦਰਬਾਰਾ ਸਿੰਘ ਦੀ ਸਰਕਾਰ ਦੀਆਂ ਚੁਭਵੀਆਂ ਜਾਬਰਾਨਾ ਹਰਕਤਾਂ ਸਿੱਖ ਜਜ਼ਬਾਤਾਂ ਨੂੰ ਲਗਾਤਾਰ ਉਤੇਜਿਤ ਕਰਦੀਆਂ ਚਲੀਆਂ ਗਈਆਂ। ਇਸ ਨਾਲ ਸਿੱਖ ਜਗਤ ਅੰਦਰ ਲੜਾਈ ਦਾ ਵਿਆਪਕ ਮਾਹੌਲ ਤੇ ਰੌਂਅ ਪੈਦਾ ਹੋ ਤੁਰਿਆ।

ਅਜਿਹੀ ਸਥਿਤੀ ਵਿੱਚ, ਲਾਜ਼ਮੀ ਤੌਰ 'ਤੇ, ਪੀੜਤ ਵਰਗ ਅੰਦਰ ਅੰਦਰੂਨੀ ਇਕਮੁਠਤਾ ਦੀ ਤਾਂਘ ਤੇ ਭਾਵਨਾ ਪ੍ਰਬਲ ਹੋ ਉੱਠਦੀ ਹੈ ਅਤੇ ਆਪਣੀ ਖਿਲਰੀ-ਪੁਲਰੀ ਸ਼ਕਤੀ ਨੂੰ ਇਕ ਥਾਂ ਇਕੱਠਿਆਂ ਕਰਨ ਦਾ ਜਜ਼ਬਾ ਜ਼ੋਰ ਫੜ ਜਾਂਦਾ ਹੈ। ਸੰਤ ਭਿੰਡਰਾਂਵਾਲੇ ਤੇ ਅਕਾਲੀ ਆਗੂਆਂ ਦੇ ਇੱਕੋ ਸਾਂਝੇ ਮੰਚ ਉੱਤੇ ਇਕੱਠੇ ਹੋ ਜਾਣ ਨਾਲ ਪੰਥਕ ਏਕਤਾ ਦੇ ਜਜ਼ਬੇ ਨੂੰ ਅਜਿਹਾ ਹੁਲਾਰਾ ਮਿਲਿਆ ਕਿ ਪੰਥ ਅੰਦਰਲੀਆਂ ਸਭ ਛੋਟੀਆਂ-ਵੱਡੀਆਂ

ਤਾਕਤਾਂ ਨੇ ਇਕ-ਇਕ ਕਰ ਕੇ ਪੰਥਕ ਮੁੱਖ ਧਾਰਾ ਵਿੱਚ ਸ਼ਾਮਲ ਹੋਣਾ ਸ਼ੁਰੂ ਕਰ ਦਿੱਤਾ। ਅੱਧ ਸਤੰਬਰ ਵਿੱਚ 'ਅਖੰਡ ਕੀਰਤਨੀ ਜਥੇ' ਤੇ 'ਚੀਫ਼ ਖ਼ਾਲਸਾ ਦੀਵਾਨ' ਨੇ ਸਵੈ-ਇੱਛਾ ਨਾਲ ਹੀ ਧਰਮਯੁੱਧ ਮੋਰਚੇ ਵਿੱਚ ਸ਼ਾਮਲ ਹੋ ਜਾਣ ਦਾ ਐਲਾਨ ਕਰ ਦਿੱਤਾ। 30 ਸਤੰਬਰ (1982) ਨੂੰ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਵੀ ਸਾਢੇ ਸਤਾਰਾਂ ਮਹੀਨਿਆਂ ਤੋਂ ਦਿੱਲੀ ਵਿਖੇ ਵਿੱਢ ਰੱਖੇ ਹੋਏ ਆਪਣੇ ਅਲੱਗ ਮੋਰਚੇ ਨੂੰ ਠੱਪ ਕਰਕੇ ਧਰਮਯੁੱਧ ਮੋਰਚੇ ਦੇ ਵਿਸ਼ਾਲ ਵਹਿਣ ਦਾ ਅੰਗ ਬਣ ਕੇ ਚੱਲਣ ਦਾ ਐਲਾਨ ਕਰ ਦਿੱਤਾ।[4] ਅਕਾਲੀ ਦਲ ਦੇ ਸਾਰੇ ਪ੍ਰਮੁੱਖ ਆਗੂ, ਵਾਰੋ ਵਾਰੀ, ਵੱਡੇ ਭਾਰੀ ਜਥਿਆਂ ਦੀ ਅਗਵਾਈ ਕਰਦੇ ਹੋਏ ਗ੍ਰਿਫ਼ਤਾਰ ਹੋ ਗਏ। ਦੋ ਮਹੀਨਿਆਂ ਦੇ ਅੰਦਰ ਹੀ ਪੰਜਾਬ ਦੀਆਂ ਸਾਰੀਆਂ ਜੇਲ੍ਹਾਂ ਨੱਕੋ-ਨੱਕ ਭਰ ਗਈਆਂ। 10 ਅਕਤੂਬਰ ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਮੋਰਚੇ ਅੰਦਰ ਹੋਰ ਤੇਜ਼ੀ ਲਿਆਉਣ ਲਈ 11 ਤੋਂ 16 ਅਕਤੂਬਰ (ਦੀਵਾਲੀ ਦੇ ਦਿਨ) ਤਕ ਗ੍ਰਿਫ਼ਤਾਰੀਆਂ ਦਾ ਸਿਲਸਿਲਾ ਦਿਨ ਰਾਤ ਨਿਰੰਤਰ ਜਾਰੀ ਰੱਖਣ ਅਤੇ ਸਿੱਖ ਕੌਮ ਉੱਤੇ ਢਾਹੇ ਜਾ ਰਹੇ ਵਹਿਸ਼ੀ ਜ਼ੁਲਮਾਂ ਵਿਰੁੱਧ ਰੋਸ ਪ੍ਰਗਟਾਵੇ ਵਜੋਂ ਦੀਵਾਲੀ ਦੇ ਦਿਨ ਨੂੰ 'ਕਾਲੇ ਦਿਨ' ਵਜੋਂ ਮਨਾਉਣ ਦੇ ਫ਼ੈਸਲੇ ਦਾ ਐਲਾਨ ਕਰ ਦਿੱਤਾ।[5]

ਇਸੇ ਦੌਰਾਨ ਇੰਦਰਾ ਗਾਂਧੀ ਨੇ ਸਿੱਖ ਸੰਘਰਸ਼ ਨੂੰ ਦਬਾਉਣ ਲਈ ਬਲ ਤੇ ਛਲ ਦੀ ਦੋ-ਧਾਰੀ ਨੀਤੀ ਉੱਤੇ ਅਮਲ ਕਰਨਾ ਜਾਰੀ ਰੱਖਿਆ। ਸਰਕਾਰ ਦੁਆਰਾ ਅਪਣਾਏ ਸਭਨਾਂ ਜਾਬਰ ਹੱਥਕੰਡਿਆਂ ਦੇ ਬਾਵਜੂਦ ਵੀ ਜਦ ਸਿੱਖ ਉਭਾਰ ਦਬਣ ਦੀ ਥਾਂ ਲਗਾਤਾਰ ਹੋਰ ਪਰਚੰਡ ਹੁੰਦਾ ਚਲਾ ਗਿਆ ਤਾਂ ਇੰਦਰਾ ਗਾਂਧੀ ਨੇ ਅਚਾਨਕ ਆਪਣਾ ਪੈਂਤੜਾ ਬਦਲਦੇ ਹੋਏ ਦੀਵਾਲੀ ਤੋਂ ਇਕ ਦਿਨ ਪਹਿਲਾਂ, 15 ਅਕਤੂਬਰ ਨੂੰ ਜੇਲ੍ਹਾਂ 'ਚੋਂ ਸਾਰੇ ਸਿੱਖਾਂ ਨੂੰ ਰਿਹਾਅ ਕਰ ਦੇਣ ਦਾ ਐਲਾਨ ਕਰ ਦਿੱਤਾ। ਇਸ ਚਾਲ-ਬਦਲੀ ਦੀ ਅਸਲੀ ਵਜ੍ਹਾ ਇਹ ਸੀ ਕਿ ਅਗਲੇ ਹੀ ਮਹੀਨੇ (19 ਨਵੰਬਰ ਤੋਂ 4 ਦਸੰਬਰ ਤਕ) ਦਿੱਲੀ ਵਿਖੇ ਏਸ਼ੀਆਈ ਖੇਡਾਂ ਹੋਣ ਜਾ ਰਹੀਆਂ ਸਨ। ਇੰਦਰਾ ਗਾਂਧੀ ਨੂੰ ਇਹ ਖ਼ਦਸ਼ਾ ਸੀ ਕਿ ਜੇਕਰ ਸਿੱਖ ਸੰਘਰਸ਼ ਇਸੇ ਹੀ ਤਰ੍ਹਾਂ ਚੱਲਦਾ ਤੇ ਪ੍ਰਚੰਡ ਹੁੰਦਾ ਚਲਾ ਗਿਆ ਤਾਂ ਏਸ਼ੀਆਈ ਖੇਡਾਂ ਮੌਕੇ, ਜਦ ਦੁਨੀਆ ਭਰ ਦੀ ਪ੍ਰੈੱਸ ਦਿੱਲੀ ਪਹੁੰਚੀ ਹੋਵੇਗੀ ਅਤੇ ਸੰਸਾਰ ਭਰ ਦੇ ਲੋਕਾਂ ਦੀਆਂ ਨਜ਼ਰਾਂ ਦਿੱਲੀ 'ਤੇ ਕੇਂਦਰਤ ਹੋਈਆਂ ਹੋਣਗੀਆਂ ਤਾਂ ਇਸ ਨਾਲ ਨਾ ਸਿਰਫ਼ ਸੰਸਾਰ ਭਾਈਚਾਰੇ ਅੰਦਰ, ਆਮ ਰੂਪ ਵਿੱਚ ਭਾਰਤੀ ਰਾਜ ਬਾਰੇ ਬਣੇ (ਜਾਂ ਬਣਾਏ ਗਏ) ਭਰਮ ਚਕਨਾਚੂਰ ਹੋ ਜਾਣਗੇ ਅਤੇ ਇਸ ਦਾ ਅਸਲੀ ਫ਼ਿਰਕੂ ਤੇ ਫ਼ਾਸ਼ੀ ਰੰਗ ਉਘੜ ਕੇ ਸਾਹਮਣੇ ਆ ਜਾਵੇਗਾ, ਨਾਲ ਹੀ ਉਸ ਦਾ ਆਪਣਾ ਨਿੱਜੀ ਵਕਾਰ ਵੀ ਘੱਟੇ ਰੁਲ ਕੇ ਰਹਿ ਜਾਵੇਗਾ। ਇਸ ਕਰਕੇ ਉਸ ਨੇ ਇਕ ਵਾਰ ਫਿਰ ਸਿੱਖ ਕੌਮ ਨੂੰ ਆਪਣੀ ਦੰਭੀ ਅਦਾ ਨਾਲ ਮੋਹ ਲੈਣ ਅਰਥਾਤ ਸਿੱਖ ਭਾਈਚਾਰੇ ਪ੍ਰਤੀ ਹਮਦਰਦੀ ਤੇ ਸਦਭਾਵਨਾ ਦਾ ਝੂਠਾ ਪ੍ਰਭਾਵ ਦੇ ਕੇ ਉਸ ਨੂੰ ਘੜੀ ਦੀ ਘੜੀ ਸੰਘਰਸ਼ ਦੇ ਮੈਦਾਨ ਤੋਂ ਲਾਂਭੇ ਹਟ ਜਾਣ ਲਈ ਪ੍ਰੇਰਿਤ ਕਰਨ ਦੀ ਇਕ ਖੋਟੀ ਚਾਲ ਚੱਲੀ। ਸਾਰੇ ਸਿੱਖਾਂ ਨੂੰ ਜੇਲ੍ਹਾਂ 'ਚੋਂ ਰਿਹਾਅ ਕਰ ਦੇਣ ਦੇ ਨਾਲ ਹੀ ਉਸ ਨੇ ਇਕ ਵਾਰ ਫਿਰ ਅਕਾਲੀ ਲੀਡਰਸ਼ਿਪ ਨੂੰ ਗੱਲਬਾਤ ਦੇ ਅਮਲ ਵਿੱਚ ਉਲਝਾਉਣ ਦੀ ਕੂਟਨੀਤਕ ਚਾਲ ਚੱਲ ਦਿੱਤੀ। ਅਕਾਲੀ ਆਗੂਆਂ ਨੇ ਇੰਦਰਾ ਗਾਂਧੀ ਦੇ ਮਨ ਨੂੰ ਪੜ੍ਹਨ ਅਤੇ ਉਸ ਉੱਤੇ ਪਏ ਮੌਕੇ ਦੀ ਸਥਿਤੀ ਦੇ ਦਬਾਅ ਨੂੰ ਸਮਝਣ ਦੀ ਕੋਸ਼ਿਸ਼ ਨਾ ਕੀਤੀ। ਰਿਹਾਈ ਦੇ ਹੁਕਮ ਸੁਣਦਿਆਂ ਹੀ ਉਨ੍ਹਾਂ, ਵਰਕਰਾਂ ਨੂੰ ਥਾਏਂ ਛੱਡ ਕੇ, ਜੇਲ੍ਹਾਂ 'ਚੋਂ ਖਿਸਕਣ ਦੀ ਕੀਤੀ। ਅਕਾਲੀ ਆਗੂਆਂ ਦੇ ਇਸ ਕਰਮ ਨੇ ਸੰਤ ਜਰਨੈਲ ਸਿੰਘ ਦੇ ਮਨ ਅੰਦਰ ਨਾ ਸਿਰਫ਼ ਉਨ੍ਹਾਂ ਪ੍ਰਤੀ ਤਿੱਖੀ ਔਖ ਤੇ ਰੰਜਸ਼ ਪੈਦਾ ਕਰ ਦਿੱਤੀ, ਨਾਲ ਹੀ ਉਨ੍ਹਾਂ ਦੀ ਸੁਹਿਰਦਤਾ ਤੇ ਵਚਨਬੱਧਤਾ ਬਾਰੇ ਪਹਿਲਾਂ ਤੋਂ ਮੌਜੂਦਾ ਸ਼ੱਕ ਅਤੇ ਖ਼ਦਸ਼ੇ ਹੋਰ ਗੂੜ੍ਹੇ ਹੋ ਗਏ।

ਅਕਤੂਬਰ ਦੇ ਆਖ਼ਰੀ ਹਫ਼ਤੇ ਸਾਬਕਾ ਕੇਂਦਰੀ ਵਜ਼ੀਰ ਸ: ਸਵਰਨ ਸਿੰਘ ਇੰਦਰਾ ਗਾਂਧੀ ਦੀ ਤਰਫ਼ੋਂ ਅਕਾਲੀ ਆਗੂਆਂ ਨਾਲ ਗੱਲਬਾਤ ਕਰਨ ਲਈ ਫ਼ਤਹਿਗੜ੍ਹ ਸਾਹਿਬ ਪਹੁੰਚੇ ਅਤੇ ਉਨ੍ਹਾਂ ਨੂੰ ਇੰਦਰਾ ਗਾਂਧੀ ਦੀ 'ਗੱਲਬਾਤ ਰਾਹੀਂ ਮਸਲਾ ਹੱਲ ਕਰਨ' ਦੀ 'ਦਿਲੀ ਇੱਛਾ' ਤੋਂ ਜਾਣੂੰ ਕਰਵਾਇਆ। ਇਹ ਉਹੀ ਸਵਰਨ ਸਿੰਘ ਹੁਰੀਂ ਸਨ ਜਿਨ੍ਹਾਂ ਨੂੰ ਲੰਮਾ ਚਿਰ ਭਾਰਤ ਦੇ ਹਿੰਦੂ ਹੁਕਮਰਾਨ ਵਰਗ ਦੀ, ਅਤੇ ਵਿਸ਼ੇਸ਼ ਕਰਕੇ ਨਹਿਰੂ ਪਰਿਵਾਰ ਦੀ 'ਹਜ਼ੂਰੀ ਸੇਵਾ' ਨਿਭਾਉਣ ਦੇ 'ਇਨਾਮ' ਵਜੋਂ ਇੰਦਰਾ ਗਾਂਧੀ ਨੇ 1975 ਵਿੱਚ ਜ਼ਲਾਲਤ ਭਰੇ ਢੰਗ ਨਾਲ ਰਾਜਨੀਤੀ 'ਚੋਂ ਬੇਦਖ਼ਲ ਕਰ ਕੇ ਘਰੇ ਤੋਰ ਦਿੱਤਾ ਸੀ। ਪਰ ਹੁਣ ਉਸੇ ਇੰਦਰਾ ਗਾਂਧੀ ਦਾ ਏਲਚੀ ਬਣਨ ਲੱਗਿਆਂ ਸ: ਸਵਰਨ ਸਿੰਘ ਨੇ ਨਾ ਇਤਿਹਾਸ ਦੀ ਸ਼ਰਮ ਮੰਨੀ ਤੇ ਨਾ ਆਪਣੀ ਬਜ਼ੁਰਗੀ ਦਾ ਹੀ ਕੋਈ ਖ਼ਿਆਲ ਕੀਤਾ। ਪਰ ਇਹ 'ਕੱਲੇ ਸਵਰਨ ਸਿੰਘ ਦੀ ਗੱਲ ਨਹੀਂ। ਇਹ ਉਸ ਰਾਜਸੀ ਸਦਾਚਾਰ ਤੇ ਸਭਿਆਚਾਰ ਦੀ ਗੱਲ ਹੈ ਜਿਸ ਦੀਆਂ ਦਾਬਾਂ ਅੰਗਰੇਜ਼ਾਂ ਨੇ ਪੰਜਾਬ ਉੱਤੇ ਕਬਜ਼ਾ ਕਰਦਿਆਂ ਹੀ ਦੱਬ ਦਿੱਤੀਆਂ ਸਨ। ਸਿੱਖ ਪੰਥ ਦੇ ਇਕ ਵਰਗ ਅੰਦਰ ਪੈਦਾ ਹੋਈ ਟੋਡੀਪੁਣੇ ਦੀ ਬਿਰਤੀ ਬਰਤਾਨਵੀ ਹਾਕਮਾਂ ਨੂੰ ਖ਼ੂਬ ਰਾਸ ਆਈ ਅਤੇ ਉਨ੍ਹਾਂ ਇਸ ਦਾ ਭਰਪੂਰ ਸਿਆਸੀ ਲਾਹਾ ਖੱਟਿਆ। ਹਿੰਦੂ ਹਾਕਮਾਂ ਨੇ ਇਸ ਤਿਆਰ-ਬਰ-ਤਿਆਰ ਅੰਸ਼ ਨੂੰ ਆਪਣੇ ਹਿਤਾਂ ਲਈ ਵਰਤਣ ਵਿੱਚ ਰਤੀ ਭਰ ਵੀ ਉਕਾਈ ਨਹੀਂ ਕੀਤੀ। ਉਨ੍ਹਾਂ 'ਬੁਰਕੀ ਦੀ ਰਾਜਨੀਤੀ' ਨਾਲ ਸਿੱਖਾਂ ਅੰਦਰੋਂ ਹਿੰਦੂ ਹਾਕਮਾਂ ਦੀ ਜੂਠ ਆਸਰੇ ਪਲਣ ਵਾਲਾ ਇਕ ਅਜਿਹਾ ਰਾਜਨੀਤਕ ਵਰਗ ਤਿਆਰ ਕਰ ਲਿਆ ਜੋ ਹਿੰਦੂ ਹਾਕਮਾਂ ਦੀ ਮਾਮੂਲੀ ਜਿਹੀ ਮਿਹਰ ਹਾਸਲ ਕਰਨ ਲਈ ਆਪਣੇ ਭਾਈਚਾਰੇ ਨਾਲ ਧਰੋਹ ਕਮਾਉਣ ਤੇ ਉਸ ਦੇ ਖ਼ਿਲਾਫ਼ ਘਿਨਾਉਣੇ ਤੋਂ ਘਿਨਾਉਣਾ ਅਪਰਾਧ ਕਰਨ ਵਿੱਚ ਰਤੀ ਭਰ ਸੰਕੋਚ ਨਹੀਂ ਕਰਦਾ। ਇਹ ਰੋਲ ਸਿਰਫ਼ ਕਾਂਗਰਸੀ ਸਿੱਖਾਂ ਲਈ ਰਾਖਵਾਂ ਨਹੀਂ। ਅਕਾਲੀ ਆਗੂਆਂ ਅੰਦਰ ਵੀ ਇਹ ਬਿਰਤੀ ਆਮ ਪਾਈ ਜਾਂਦੀ ਹੈ ਜੋ ਰਾਜਨੀਤੀ ਅੰਦਰ ਅਕਸਰ ਆਪਣੇ ਗੁੱਲ ਖਿੜਾਉਂਦੀ ਰਹਿੰਦੀ ਹੈ।

ਖ਼ੈਰ, ਨਾ ਤਾਂ ਇੰਦਰਾ ਗਾਂਧੀ ਦਾ ਮਨ ਸਾਫ਼ ਸੀ ਅਤੇ ਨਾ ਹੀ ਅਕਾਲੀ ਆਗੂ ਉਸ ਵੇਲੇ ਹੱਦੋਂ ਵੱਧ ਲਿਫ਼ ਕੇ ਸਮਝੌਤਾ ਕਰਨ ਲਈ ਤਿਆਰ ਸਨ (ਕਿਉਂਕਿ ਸਿੱਖ ਸੰਘਰਸ਼ ਦੀ ਕਾਂਗ ਅਜੇ ਲਗਾਤਾਰ ਉਪਰ ਨੂੰ ਚੜ੍ਹ ਰਹੀ ਸੀ ਅਤੇ ਅਕਾਲੀ ਆਗੂ ਅਜੇ ਤਾਜ਼ਾ-ਦਮ ਤੇ ਚੜ੍ਹਦੀ ਕਲਾ ਦੇ ਰੌਂਅ ਵਿੱਚ ਸਨ)। ਇਸ ਕਰਕੇ, ਸਵਰਨ ਸਿੰਘ ਤੇ ਅਕਾਲੀ ਆਗੂਆਂ ਵਿਚਕਾਰ ਗੱਲਬਾਤ ਮੁਢਲੇ ਪੜਾਅ ਉੱਤੇ ਹੀ ਦਮ ਤੋੜ ਗਈ।[6] ਅਕਾਲੀ ਲੀਡਰਸ਼ਿਪ ਨੇ ਕੁਝ ਤਾਂ ਸਿੱਖ ਉਭਾਰ ਤੋਂ ਉਤਸ਼ਾਹਿਤ ਤੇ ਉਤੇਜਿਤ ਹੋ ਕੇ ਅਤੇ ਕੁਝ ਸੰਤ ਭਿੰਡਰਾਂਵਾਲਿਆਂ ਨੂੰ ਰਾਜਸੀ ਤੌਰ 'ਤੇ ਮਾਤ ਦੇਣ ਦੀ ਸ਼ਰੀਕਾ-ਸੋਚ 'ਚੋਂ ਤਿੱਖੇ ਤੇਵਰ ਅਖ਼ਤਿਆਰ ਕਰਦਿਆਂ ਹੋਇਆਂ ਇੰਦਰਾ ਗਾਂਧੀ ਦੀ ਕਮਜ਼ੋਰ ਰਗ ਨੂੰ ਮਰੋੜੀ ਦੇਣ ਦਾ ਫ਼ੈਸਲਾ ਕਰ ਲਿਆ। ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਜੇਲ੍ਹਾਂ 'ਚੋਂ ਰਿਹਾਅ ਹੋਏ ਸਿੱਖ ਵਲੰਟੀਅਰਾਂ ਨੂੰ ਏਸ਼ੀਆਈ ਖੇਡਾਂ ਮੌਕੇ ਦਿੱਲੀ ਪਹੁੰਚਣ ਦਾ ਸੱਦਾ ਦੇ ਦਿੱਤਾ ਤਾਂ ਜੋ 19 ਨਵੰਬਰ ਤੋਂ 4 ਦਸੰਬਰ ਤਕ ਖੇਡਾਂ ਦੌਰਾਨ ਦਿੱਲੀ ਅੰਦਰ ਪ੍ਰਭਾਵਸ਼ਾਲੀ ਰੋਸ ਦਿਖਾਵੇ ਕਰਕੇ ਸੰਸਾਰ ਦੇ ਲੋਕਾਂ ਦਾ ਧਿਆਨ ਸਿੱਖ ਕੌਮ ਦੀਆਂ ਮੰਗਾਂ ਤੇ ਸ਼ਿਕਾਇਤਾਂ ਵੱਲ ਖਿੱਚਿਆ ਜਾ ਸਕੇ। ਇਸ ਤਰ੍ਹਾਂ ਇਤਿਹਾਸ ਦੇ ਇਕ ਅਜਿਹੇ ਕਾਂਡ ਦਾ ਆਧਾਰ ਤਿਆਰ ਹੋ ਗਿਆ ਜੋ ਸਿੱਖ ਕੌਮ ਦੀ ਸੁਰਤ ਨੂੰ ਵੱਡਾ ਝੰਜੋੜਾ ਦੇਣ ਅਤੇ ਸਿੱਖ ਸੰਘਰਸ਼ ਨੂੰ ਨਵਾਂ ਮੋੜ ਦੇਣ ਦਾ ਸਬੱਬ ਹੋ ਗੁਜ਼ਰਿਆ।

## ਏਸ਼ੀਆਈ ਖੇਡਾਂ : ਫ਼ਿਰਕੂ-ਫ਼ਾਸ਼ੀਵਾਦ ਦਾ ਉਦਘਾਟਨ

ਇੰਦਰਾ ਗਾਂਧੀ ਆਪਣੇ 'ਅਕਸ' ਬਾਰੇ ਖ਼ਬਤ ਦੀ ਹੱਦ ਤਕ ਫ਼ਿਕਰਮੰਦ ਰਹਿਣ ਵਾਲੀ ਸ਼ਖ਼ਸੀਅਤ ਸੀ। ਉਸ ਨੂੰ ਅੰਦਰ ਨਾਲੋਂ ਦੇਸ ਦੇ ਬਾਹਰ ਆਪਣੇ ਅਕਸ ਦੀ ਹਮੇਸ਼ਾ ਵਧਵੀਂ ਚਿੰਤਾ ਬਣੀ ਰਹਿੰਦੀ ਸੀ। ਇਸ ਕਰਕੇ ਜਦ ਅਕਾਲੀ ਲੀਡਰਸ਼ਿਪ ਨੇ ਏਸ਼ੀਆਈ ਖੇਡਾਂ ਮੌਕੇ ਦਿੱਲੀ ਅੰਦਰ ਰੋਸ-ਦਿਖਾਵਾ ਕਰਨ ਦੇ ਫ਼ੈਸਲੇ ਦਾ ਐਲਾਨ ਕਰ ਦਿੱਤਾ ਤਾਂ ਇੰਦਰਾ ਗਾਂਧੀ ਇਕਦਮ ਭੈ-ਭੀਤ ਹੋ ਉਠੀ। ਉਸਨੂੰ ਇਸ ਤਰ੍ਹਾਂ ਲੱਗਾ ਜਿਵੇਂ ਉਸ ਦਾ 'ਕਤਲ' ਹੀ ਹੋ ਜਾਣ ਲੱਗਾ ਹੈ! ਉਸ ਦਾ ਇਹ ਪ੍ਰਤੀਕਰਮ ਕਿਸੇ ਵੀ ਤਰ੍ਹਾਂ ਸਾਵਾਂ (ਨਾਰਮਲ) ਨਹੀਂ ਸੀ। ਕਿਸੇ ਜਮਹੂਰੀ ਮੱਤ ਵਾਲੇ ਹੁਕਮਰਾਨ ਨੇ ਅਕਾਲੀ ਦਲ ਦੇ ਇਸ ਫ਼ੈਸਲੇ ਨੂੰ ਬਹੁਤ ਹੀ ਸਹਿਜ ਰੂਪ ਵਿੱਚ ਲੈਣਾ ਸੀ। ਜਮਹੂਰੀ ਰਾਜ-ਪ੍ਰਬੰਧ ਅੰਦਰ ਲੋਕਾਂ ਦੇ ਕਿਸੇ ਵਰਗ ਦੁਆਰਾ ਆਪਣੀਆਂ ਮੰਗਾਂ, ਮਸਲਿਆਂ ਜਾਂ ਸ਼ਿਕਾਇਤਾਂ ਬਾਰੇ ਪੁਰਅਮਨ ਰਹਿੰਦਿਆਂ ਹੋਇਆਂ ਆਪਣੇ ਮਨੋਭਾਵਾਂ ਦਾ ਪ੍ਰਗਟਾਵਾ ਕਰਨ ਦੇ ਕਰਮ ਨੂੰ ਨਾ ਸਿਰਫ਼ ਜੁਰਮ ਨਹੀਂ ਸਮਝਿਆ ਜਾਂਦਾ ਸਗੋਂ ਰਾਜਨੀਤਕ ਪ੍ਰਣਾਲੀ ਦੀ ਤੰਦਰੁਸਤੀ ਲਈ ਜ਼ਰੂਰੀ ਸਮਝਿਆ ਜਾਂਦਾ ਹੈ। ਪਰ ਭਾਰਤ ਅੰਦਰ ਜਮਹੂਰੀਅਤ ਕਿਉਂਕਿ ਸਿਰਫ਼ ਦਿਖਾਵੇ ਦੀ ਸ਼ੈਅ ਹੈ, ਇਸ ਕਰਕੇ ਇਥੇ ਇਸ ਜਮਹੂਰੀ ਦਸਤੂਰ ਦੀ ਪਾਲਣਾ ਕਰਨ ਦੀ ਥਾਂ ਅਕਸਰ ਹੀ ਹੁਕਮਰਾਨ ਵਰਗ ਅੰਦਰ ਵਹਿਸ਼ੀਪੁਣੇ ਦੀ ਪ੍ਰਵਿਰਤੀ ਹਾਵੀ ਹੋ ਜਾਂਦੀ ਹੈ। ਜਦ ਇਸ ਪ੍ਰਵਿਰਤੀ ਅੰਦਰ ਫ਼ਿਰਕੂ ਅੰਸ਼ ਸ਼ਾਮਲ ਹੋ ਜਾਵੇ ਤਾਂ ਇਹ ਫ਼ਿਰਕੂ-ਫ਼ਾਸ਼ੀਵਾਦ ਦੇ ਲੱਛਣ ਗ੍ਰਹਿਣ ਕਰ ਜਾਂਦੀ ਹੈ। ਸੋ ਸੱਤਰਵਿਆਂ ਦੇ ਮੱਧ ਵਿੱਚ ਇੰਦਰਾ ਗਾਂਧੀ ਅੰਦਰ ਪ੍ਰਗਟ ਹੋਈ ਤਾਨਾਸ਼ਾਹੀ ਪ੍ਰਵਿਰਤੀ (ਜਿਸ ਦਾ ਨਤੀਜਾ ਜੂਨ 1975 ਵਿੱਚ ਅੰਦਰੂਨੀ ਐਮਰਜੈਂਸੀ ਦੇ ਐਲਾਨ ਵਿੱਚ ਨਿਕਲਿਆ) ਦੀ ਤੁਲਨਾ ਵਿੱਚ ਅੱਸੀਵਿਆਂ ਅੰਦਰ ਪ੍ਰਗਟ ਹੋਏ ਫ਼ਾਸ਼ੀ ਰੁਝਾਨ ਦੀ ਤਾਸੀਰ ਅਹਿਮ ਰੂਪ ਵਿੱਚ ਵੱਖਰੀ ਸੀ। ਇਹ ਦੇਸ ਅੰਦਰਲੇ ਘੱਟਗਿਣਤੀ ਭਾਈਚਾਰਿਆਂ ਖ਼ਿਲਾਫ਼ ਸੇਧਤ ਫ਼ਿਰਕੂ-ਫ਼ਾਸ਼ੀ ਉਭਾਰ ਸੀ ਜੋ ਆਮ ਤਾਨਾਸ਼ਾਹੀ ਨਾਲੋਂ ਕਿਤੇ ਵੱਧ ਖ਼ਤਰਨਾਕ ਸੀ। ਆਮ ਤਾਨਾਸ਼ਾਹੀ ਰਾਜ ਅੰਦਰ ਜਬਰ ਦਾ ਨਿਸ਼ਾਨਾ ਕੋਈ ਵਿਸ਼ੇਸ਼ ਧਾਰਮਿਕ ਜਾਂ ਨਸਲੀ-ਭਾਈਚਾਰਕ ਵਰਗ ਨਹੀਂ ਹੁੰਦਾ ਬਲਕਿ ਆਮ ਲੋਕਾਈ ਹੁੰਦੀ ਹੈ। ਦੂਜਾ, ਆਮ ਤਾਨਾਸ਼ਾਹੀ ਰਾਜ ਅੰਦਰ ਲੋਕਾਂ ਉੱਤੇ ਜਬਰ ਢਾਹੁਣ ਲਈ ਰਾਜ-ਸੱਤਾ ਦੇ ਅੰਗਾਂ (ਅਫ਼ਸਰਸ਼ਾਹੀ, ਪੁਲਸ, ਫ਼ੌਜ, ਨਿਆਂਪਾਲਕਾ ਆਦਿ) ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਇਸ ਜਬਰ ਵਿੱਚ ਲੋਕਾਂ ਦੇ ਕਿਸੇ ਵਰਗ ਦੀ ਸਿੱਧੀ ਤੇ ਸਰਗਰਮ ਸ਼ਮੂਲੀਅਤ ਨਹੀਂ ਹੁੰਦੀ। ਇਸ ਦੀ ਤੁਲਨਾ ਵਿੱਚ, ਫ਼ਿਰਕੂ-ਫ਼ਾਸ਼ੀਵਾਦ ਦੀ ਵਿਲੱਖਣ ਗੱਲ ਇਹ ਹੈ ਕਿ ਹੁਕਮਰਾਨ ਵਰਗ ਦੁਆਰਾ ਦੇਸ ਦੇ ਬਹੁਗਿਣਤੀ ਵਰਗ ਅੰਦਰ ਘੱਟਗਿਣਤੀ ਭਾਈਚਾਰਿਆਂ ਖ਼ਿਲਾਫ਼ ਨਫ਼ਰਤ ਤੇ ਜਨੂੰਨ ਭੜਕਾਉਣ ਦੀਆਂ ਸੁਚੇਤ ਤੇ ਵਿਉਂਤਬੱਧ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ ਅਤੇ ਇਉਂ ਬਹੁਗਿਣਤੀ ਵਰਗ ਦੇ ਲੋਕਾਂ ਨੂੰ ਹਕੂਮਤੀ ਜਬਰ ਦੇ ਪੱਖ ਵਿੱਚ ਲਾਮਬੰਦ ਕੀਤਾ ਜਾਂਦਾ ਹੈ। ਇਸ ਤਰ੍ਹਾਂ, ਜਨਤਾ ਦੇ ਹੀ ਕੁਝ ਹਿੱਸਿਆਂ ਦੀ ਜਨੂੰਨੀ ਹਮਾਇਤ ਤੇ ਸ਼ਮੂਲੀਅਤ ਸਦਕਾ ਹਕੂਮਤੀ ਮਸ਼ੀਨਰੀ ਦਾ ਦਮਨਕਾਰੀ ਲੱਛਣ, ਰੋਲ ਤੇ ਸਮਰੱਥਾ ਬਹੁਤ ਹੀ ਗੰਭੀਰ ਅਕਾਰ-ਪਸਾਰ ਅਖ਼ਤਿਆਰ ਕਰ ਜਾਂਦੀ ਹੈ। ਫ਼ਿਰਕੂ-ਫ਼ਾਸ਼ੀਵਾਦ ਦੇ ਰੁਝਾਨ ਨੂੰ ਬਲ ਤੇ ਵੇਗ ਮੁਹੱਈਆ ਕਰਨ ਵਿੱਚ ਮੀਡੀਏ ਦੀ ਭੂਮਿਕਾ ਬਹੁਤ ਅਹਿਮ ਹੁੰਦੀ ਹੈ। ਇਹ ਮੀਡੀਆ ਹੀ ਹੈ ਜਿਸ ਰਾਹੀਂ ਘੱਟਗਿਣਤੀ ਭਾਈਚਾਰਿਆਂ ਵਿਰੁੱਧ ਦੁਸ਼-ਪ੍ਰਚਾਰ ਦੀ ਮੁਹਿੰਮ ਲਾਮਬੰਦ ਕੀਤੀ ਜਾਂਦੀ ਹੈ ਅਤੇ ਬਹੁਗਿਣਤੀ ਵਰਗ ਦੇ ਲੋਕਾਂ ਦੇ ਮਨਾਂ ਅੰਦਰ ਘੱਟਗਿਣਤੀ ਵਰਗਾਂ ਪ੍ਰਤੀ ਫ਼ਿਰਕੂ ਨਫ਼ਰਤ ਤੇ ਦੁਸ਼ਮਣੀ ਦੀਆਂ ਭਾਵਨਾਵਾਂ ਭੜਕਾਈਆਂ ਜਾਂਦੀਆਂ ਹਨ।

ਸੋ ਇਨ੍ਹਾਂ ਸਾਰੇ ਪੱਖਾਂ ਨੂੰ ਦੇਖਦਿਆਂ ਹੋਇਆਂ, ਦੇਸ ਅੰਦਰ ਫ਼ਿਰਕੂ-ਫ਼ਾਸ਼ੀਵਾਦ ਦਾ ਜੋ ਮਾਹੌਲ ਉਸਰ ਰਿਹਾ ਸੀ ਉਹ ਸਿੱਖ ਭਾਈਚਾਰੇ ਨੂੰ ਗੰਭੀਰ ਖ਼ਤਰੇ ਦੀ ਚਿਤਾਵਨੀ ਦੇ ਰਿਹਾ ਸੀ। ਇੰਦਰਾ ਗਾਂਧੀ ਨੇ ਸਿੱਖ ਕੌਮ ਦੇ ਸੰਘਰਸ਼ ਦੀ ਸ਼ਿਸਤ ਲੈ ਕੇ ਫ਼ਿਰਕੂ ਹਮਲੇ ਦੀ ਧਾਰ ਸਿੱਖ ਭਾਈਚਾਰੇ ਖ਼ਿਲਾਫ਼ ਸੇਧਤ ਕਰ ਰੱਖੀ ਹੋਈ ਸੀ। ਹਿੰਦੂ ਪ੍ਰੈੱਸ ਇਸ ਕਾਰਜ ਵਿੱਚ ਉਸ ਦਾ ਵਧ ਚੜ੍ਹ ਕੇ ਹੱਥ ਵਟਾ ਰਹੀ ਸੀ। ਸਿੱਖਾਂ ਨੂੰ ਦੇਸ ਦੀ ਜਨਤਾ ਸਾਹਮਣੇ 'ਵਹਿਸ਼ੀ', 'ਹਤਿਆਰੇ', 'ਦਹਿਸ਼ਤਗਰਦ' ਤੇ 'ਦੇਸ ਦੇ ਦੁਸ਼ਮਣ' ਬਣਾ ਕੇ ਪੇਸ਼ ਕੀਤਾ ਜਾ ਰਿਹਾ ਸੀ ਅਤੇ ਹਿੰਦੂ ਜਨਤਾ ਨੂੰ ਅਜਿਹੀਆਂ 'ਦੇਸ ਵਿਰੋਧੀ ਤਾਕਤਾਂ' ਖ਼ਿਲਾਫ਼ ਲਾਮਬੰਦ ਹੋਣ ਦੇ ਹੋਕਰੇ ਮਾਰੇ ਜਾ ਰਹੇ ਸਨ। ਅਕਾਲੀ ਲੀਡਰਸ਼ਿਪ ਨੇ ਐਮਰਜੈਂਸੀ (1975) ਦੌਰਾਨ ਮੋਰਚਾ ਲਾ ਕੇ ਇੰਦਰਾ ਗਾਂਧੀ ਦੀ ਨਿਰੰਕੁਸ਼ਤਾ ਨੂੰ ਚੁਣੌਤੀ ਦੇਣ ਦਾ ਜੋ ਰਾਜਨੀਤਕ ਸਾਹਸ ਕੀਤਾ ਸੀ, ਉਸ ਨੇ ਇੰਦਰਾ ਦੀ ਹਉਮੈ ਨੂੰ ਬੁਰੀ ਤਰ੍ਹਾਂ ਘਾਇਲ ਕਰ ਕੇ ਰੱਖ ਦਿੱਤਾ ਸੀ। ਕਈ ਸਾਲ ਲੰਘ ਜਾਣ ਦੇ ਬਾਵਜੂਦ ਵੀ ਉਸ ਨੇ ਆਪਣੇ ਮਨ ਅੰਦਰ ਅਕਾਲੀ ਲੀਡਰਸ਼ਿਪ ਪ੍ਰਤੀ ਇਹ ਰੰਜਸ਼ ਜਿਉਂ-ਦੀ-ਤਿਉਂ ਪਾਲ ਰੱਖੀ ਹੋਈ ਸੀ। ਅਕਾਲੀ ਦਲ ਵੱਲੋਂ ਏਸ਼ੀਆਈ ਖੇਡਾਂ ਦੌਰਾਨ ਦਿੱਲੀ ਵਿਖੇ ਰੋਸ-ਦਿਖਾਵਾ ਕਰਨ ਦੇ ਫ਼ੈਸਲੇ ਨੇ ਉਸ ਨੂੰ ਹੋਰ ਵਿਹੁ ਚਾੜ੍ਹ ਦਿੱਤੀ। ਉਸ ਅੰਦਰ ਬਹੁਗਿਣਤੀ ਦਾ ਹੰਕਾਰ ਇਕ ਦਮ ਫੁੰਕਾਰੇ ਮਾਰ ਉਠਿਆ। ਉਸ ਨੇ ਅਕਾਲੀ ਲੀਡਰਸ਼ਿਪ ਨੂੰ, ਤੇ ਉਸ ਦੀ ਹਮਾਇਤ ਵਿੱਚ ਲਾਮਬੰਦ ਹੋਣ ਦੇ ਦੋਸ਼ ਬਦਲੇ ਸਮੁੱਚੇ ਸਿੱਖ ਭਾਈਚਾਰੇ ਨੂੰ ਇਕ 'ਕਰਾਰਾ ਸਬਕ ਸਿਖਾਉਣ' ਦੀ ਠਾਣ ਲਈ।

ਹਰ ਜਗ੍ਹਾ ਹੀ, ਮੁਜਰਮਾਨਾ ਬਿਰਤੀ ਵਾਲੇ, ਭਾਵਹੀਣ ਤੇ ਜ਼ਾਹਲ ਕਿਸਮ ਦੇ ਤੱਤ ਹੀ ਫ਼ਾਸ਼ੀਵਾਦ ਦੀ ਮੁੱਖ ਟੇਕ ਬਣਦੇ ਹਨ। ਇਸ ਕਰਕੇ ਇੰਦਰਾ ਗਾਂਧੀ ਦੀ ਪਾਰਖੂ ਅੱਖ ਨੇ ਭਜਨ ਲਾਲ (ਜੋ ਸਬੱਬ ਨਾਲ ਉਸ ਵੇਲੇ ਹਰਿਆਣਾ ਦਾ ਮੁੱਖ ਮੰਤਰੀ ਸੀ) ਦੇ ਇਨ੍ਹਾਂ 'ਕਰਤਾਰੀ ਗੁਣਾਂ' ਦੀ ਪਛਾਣ ਕਰਨ ਵਿੱਚ ਰਤੀ ਉਕਾਈ ਨਾ ਕੀਤੀ। ਉਸ ਨੇ ਫ਼ੌਰਨ ਉਸ ਨੂੰ ਦਿੱਲੀ ਬੁਲਾ ਕੇ ਆਪਣੀ ਲੋੜ ਤੇ ਉਸ ਦੇ ਰੋਲ ਬਾਰੇ ਸਮਝਾ ਦਿੱਤਾ। ਪੰਜਾਬ ਤੋਂ ਦਿੱਲੀ ਜਾਣ ਦੇ ਸਾਰੇ ਲਾਂਘੇ ਹਰਿਆਣੇ 'ਚੋਂ ਲੰਘਦੇ ਹਨ ਅਤੇ ਦਿੱਲੀ ਪੁਲਸ ਅੰਦਰ ਵੀ ਵੱਡੀ ਗਿਣਤੀ ਹਰਿਆਣਵੀਆਂ ਦੀ ਹੈ। ਸੋ ਭਜਨ ਲਾਲ ਨੇ ਇੰਦਰਾ ਗਾਂਧੀ ਨੂੰ ਇਹ ਪੱਕਾ ਯਕੀਨ ਦੁਆ ਦਿੱਤਾ ਕਿ ਏਸ਼ੀਆਈ ਖੇਡਾਂ ਦੌਰਾਨ ਨਾ ਸਿਰਫ਼ ਪੰਜਾਬ ਤੋਂ ਇਕ ਵੀ ਸਿੱਖ ਦਿੱਲੀ ਨਹੀਂ ਪਹੁੰਚਣ ਦਿੱਤਾ ਜਾਵੇਗਾ ਸਗੋਂ ਸਿੱਖ ਕੌਮ ਨੂੰ ਭਾਰਤ ਅੰਦਰ ਉਸਦੇ ਅਸਲੀ ਸਥਾਨ ਤੇ ਰੁਤਬੇ ਦਾ ਵੀ ਅਹਿਸਾਸ ਕਰਵਾ ਦਿੱਤਾ ਜਾਵੇਗਾ। 19 ਨਵੰਬਰ ਨੂੰ ਭਜਨ ਲਾਲ ਨੇ ਆਪਣੀ ਪੁਲਸ ਫ਼ੋਰਸ ਦੇ ਗਲੋਂ ਪਟੇ ਲਾਹ ਦਿੱਤੇ ਤੇ ਉਸ ਨੂੰ ਸਿੱਖਾਂ ਉੱਤੇ ਝਪਟਣ ਲਈ ਖੁੱਲ੍ਹਾ ਛੱਡ ਦਿੱਤਾ। ਨਾਲ ਹੀ ਹੁੱਲੜਬਾਜ਼ਾਂ, ਲੁਟੇਰਿਆਂ, ਅਵਾਰਾਗਰਦਾਂ ਤੇ ਲਫ਼ੰਗਿਆਂ, ਯਾਨੀ ਕਿ ਹਰ ਕਿਸਮ ਦੇ ਅਪਰਾਧੀ ਅਨਸਰਾਂ ਨੂੰ ਸਿੱਖਾਂ ਖ਼ਿਲਾਫ਼ ਮਨਮਾਨੀਆਂ ਕਰਨ ਦੀ ਹੱਲਾਸ਼ੇਰੀ ਦੇ ਦਿੱਤੀ। ਫਿਰ ਕੀ ਸੀ! ਪੰਜਾਬ ਤੋਂ ਦਿੱਲੀ ਨੂੰ ਜਾਂਦੀ ਹਰ ਬੱਸ, ਕਾਰ, ਟਰੱਕ ਤੇ ਰੇਲ ਗੱਡੀ ਨੂੰ ਹਰਿਆਣੇ ਅੰਦਰ ਜਗ੍ਹਾ-ਜਗ੍ਹਾ ਰੋਕਿਆ ਗਿਆ ਅਤੇ ਹਰ ਸਿੱਖ ਮੁਸਾਫ਼ਰ ਨੂੰ ਥੱਲੇ ਲਾਹ ਕੇ ਮਨਚਾਹੇ ਢੰਗਾਂ ਨਾਲ ਅਪਮਾਨਤ ਕੀਤਾ ਗਿਆ। ਪੁਲਸ ਨੇ ਨਾ ਕਿਸੇ ਸਿੱਖ ਦੀ ਪਦਵੀ ਦੇਖੀ ਨਾ ਰੁਤਬਾ, ਸਾਰਿਆਂ ਨਾਲ ਇਕ ਵਾਢਿਓਂ ਘਿਨਾਉਣਾ ਸਲੂਕ ਕੀਤਾ ਗਿਆ। ਭਾਰਤੀ ਫ਼ੌਜ ਦੇ ਸੇਵਾ-ਮੁਕਤ ਲੈਫਟੀਨੈਂਟ ਜਨਰਲ ਅਤੇ 1971 ਦੀ ਜੰਗ ਦੇ ਹੀਰੋ ਸ: ਜਗਜੀਤ ਸਿੰਘ ਅਰੋੜਾ ਤੇ ਭਾਰਤੀ ਹਵਾਈ ਸੈਨਾ ਦੇ ਸਾਬਕਾ ਮੁਖੀ ਸ: ਅਰਜਨ ਸਿੰਘ ਵਰਗੀਆਂ ਸਨਮਾਨਤ ਹਸਤੀਆਂ ਨਾਲ ਹਰਿਆਣਾ ਪੁਲਸ ਦੇ ਮਾਮੂਲੀ ਜਿਹੇ ਕਰਮਚਾਰੀਆਂ ਨੇ ਬਹੁਤ ਹੀ

ਘਟੀਆ ਵਰਤਾਉ ਕੀਤਾ ਤੇ ਉਨ੍ਹਾਂ ਨੂੰ ਦਿੱਲੀ ਜਾਣ ਤੋਂ ਰੋਕਿਆ ਗਿਆ। ਜੇਕਰ ਹਿੰਦੂ ਪੁਲਸ ਮੁਲਾਜ਼ਮਾਂ ਦੇ ਮਨਾਂ ਅੰਦਰ ਨਿਰੰਤਰ ਫ਼ਿਰਕੂ ਪ੍ਰਾਪੇਗੰਡੇ ਦੇ ਜ਼ਰੀਏ ਇਹ ਫ਼ਿਰਕੂ ਧਾਰਨਾ ਨਾ ਭਰੀ ਹੁੰਦੀ ਕਿ ਹਿੰਦੂ ਹੀ ਭਾਰਤ ਦੇ ਅਸਲੀ ਮਾਲਕ ਹਨ ਅਤੇ ਸਿੱਖ ਕੌਮ ਤੇ ਹੋਰ ਘੱਟਗਿਣਤੀ ਧਾਰਮਿਕ ਵਰਗ ਭਾਰਤ ਅੰਦਰ ਹਿੰਦੂਆਂ ਦੀ ਮਰਜ਼ੀ ਤੇ ਰਹਿਮ ਦੇ ਆਸਰੇ ਹੀ ਰਹਿ ਰਹੇ ਤੇ ਰਹਿ ਸਕਦੇ ਹਨ ਤਾਂ ਉਨ੍ਹਾਂ ਦੀ ਕੀ ਮਜਾਲ ਸੀ ਕਿ ਉਹ ਨਾਮੀ ਸਿੱਖ ਜਰਨੈਲਾਂ ਵੱਲ ਅੱਖ ਵੀ ਉਚੀ ਕਰ ਕੇ ਦੇਖ ਸਕਦੇ। ਪਰ ਬਹੁਗਿਣਤੀ ਦੇ ਘੁਮੰਡ ਤੇ ਰਾਜ-ਸੱਤਾ ਦੀ ਸਰਪ੍ਰਸਤੀ ਨੇ ਵਰਦੀਧਾਰੀ ਤੇ ਗ਼ੈਰ-ਵਰਦੀਧਾਰੀ ਹਿੰਦੂ ਹੁੱਲੜਬਾਜ਼ਾਂ ਦੇ ਦਿਮਾਗ਼ਾਂ ਨੂੰ ਅਜਿਹਾ ਫ਼ਤੂਰ ਚਾੜ੍ਹ ਦਿੱਤਾ ਹੋਇਆ ਸੀ ਕਿ ਉਨ੍ਹਾਂ ਹਰ ਸਿੱਖ ਨੂੰ, ਉਸ ਦੇ ਅਹੁਦੇ ਤੇ ਰੁਤਬੇ ਦਾ ਭੇਦ ਕੀਤੇ ਬਿਨਾਂ, ਜ਼ਲੀਲ ਕਰਨ ਲੱਗਿਆਂ ਰਤੀ ਸੰਕੋਚ ਨਾ ਵਰਤਿਆ। ਇਥੋਂ ਤਕ ਕਿ ਸਾਬਕਾ ਕੇਂਦਰੀ ਮੰਤਰੀ ਸ: ਸਵਰਨ ਸਿੰਘ ਅਤੇ ਬੀਬੀ ਅਮਰਜੀਤ ਕੌਰ (ਕਾਂਗਰਸੀ ਐਮ.ਪੀ.) ਵਰਗੇ ਬਾਰਸੂਖ਼ ਤੇ ਰਾਜ-ਭਗਤ ਕਾਂਗਰਸੀ ਆਗੂਆਂ ਨਾਲ ਵੀ ਕੋਈ ਰਿਆਇਤ ਨਾ ਵਰਤੀ ਗਈ।[7]

ਬੀਬੀ ਅਮਰਜੀਤ ਕੌਰ ਦਾ ਪਾਰਲੀਮੈਂਟ ਦੇ ਕੇਂਦਰੀ ਹਾਲ ਵਿੱਚ ਆਪਣੀ ਵਿਥਿਆ ਸੁਣਾਉਂਦਿਆਂ ਰੋਣ ਨਿਕਲ ਗਿਆ[8] (ਪਰ ਹੈਰਾਨੀ ਦੀ ਗੱਲ ਇਹ ਕਿ ਏਨਾ ਹੋ ਜਾਣ ਦੇ ਬਾਵਜੂਦ ਉਸ ਨੇ ਜਾਂ ਹੋਰ ਕਿਸੇ ਵੀ ਕਾਂਗਰਸੀ ਐਮ.ਪੀ. ਨੇ ਕਾਂਗਰਸ ਪਾਰਟੀ ਤੋਂ ਅਸਤੀਫ਼ਾ ਦੇਣ ਦੀ ਲੋੜ ਮਹਿਸੂਸ ਨਾ ਕੀਤੀ)। ਪਾਣੀਪਤ ਤੇ ਕੁਝ ਹੋਰਨਾਂ ਥਾਵਾਂ 'ਤੇ ਝਲਿਆਈਆਂ ਹੋਈਆਂ ਹਿੰਦੂ ਭੀੜਾਂ ਨੇ ਆਪਣੀ ਫ਼ਿਰਕੂ ਕਰਤੂਤ ਦਿਖਾਉਂਦਿਆਂ ਹੋਇਆਂ ਸਿੱਖ ਸਵਾਰੀਆਂ ਦੀ ਲੁਟ-ਖੋਹ ਤੇ ਮਾਰ-ਕੁਟਾਈ ਕਰਨ, ਸਿੱਖ ਔਰਤਾਂ ਨਾਲ ਬਦਤਮੀਜ਼ੀ ਨਾਲ ਪੇਸ਼ ਆਉਣ ਅਤੇ ਸਿੱਖਾਂ ਦੀਆਂ ਦੁਕਾਨਾਂ ਤੇ ਕਾਰੋਬਾਰਾਂ ਨੂੰ ਲੁੱਟਣ-ਸਾੜਨ ਦਾ ਸਿਲਸਿਲਾ ਦਿਨ ਭਰ ਜਾਰੀ ਰੱਖਿਆ। ਕਿੰਨੇ ਹੀ ਥਾਵਾਂ 'ਤੇ ਗੁਰਦੁਆਰਿਆਂ ਨੂੰ ਅੱਗਾਂ ਲਾ ਕੇ ਲੂਹ ਸੁੱਟਿਆ ਗਿਆ।[9]

ਆਜ਼ਾਦ ਭਾਰਤ ਅੰਦਰ ਸਿੱਖਾਂ ਨਾਲ ਵਸੀਹ ਪੱਧਰ 'ਤੇ ਹੁੰਦੇ ਆ ਰਹੇ ਧੱਕੇ ਤੇ ਵਿਤਕਰੇ ਦੇ ਬਾਵਜੂਦ ਉਨ੍ਹਾਂ ਨਾਲ ਅਜਿਹਾ ਵਹਿਸ਼ੀ ਵਰਤਾਉ ਪਹਿਲਾਂ ਕਦੇ ਨਹੀਂ ਸੀ ਹੋਇਆ। ਸਿੱਖ ਕੌਮ ਨਾਲ ਵਾਪਰੀ ਇਹ ਅਨਹੋਣੀ ਦੋ ਪੱਖਾਂ ਤੋਂ ਨਵੀਂ ਤੇ ਅਨੋਖੀ ਸੀ। ਇਕ ਤਾਂ ਇਹ ਕਿ ਇਸ ਤੋਂ ਪਹਿਲਾਂ ਆਮ ਤੌਰ 'ਤੇ ਸਿੱਖ ਕੌਮ ਦੇ ਸੰਘਰਸ਼ਸ਼ੀਲ ਹਿੱਸਿਆਂ ਨੂੰ ਹੀ ਜਬਰ ਦਾ ਨਿਸ਼ਾਨਾ ਬਣਾਉਣ ਦੀ ਰੀਤ ਤੁਰੀ ਆ ਰਹੀ ਸੀ। 19 ਨਵੰਬਰ ਨੂੰ ਇਹ ਗੱਲ ਪਹਿਲੀ ਵੇਰ ਵਾਪਰੀ ਜਦ ਸਿੱਖ ਕੌਮ ਦੇ ਸੰਘਰਸ਼ਸ਼ੀਲ ਤੇ ਗ਼ੈਰ-ਸੰਘਰਸ਼ਸ਼ੀਲ ਹਿੱਸਿਆਂ ਵਿੱਚ ਵਖਰੇਵਾਂ ਕਰਨ ਦੀ ਕੋਈ ਲੋੜ ਮਹਿਸੂਸ ਨਾ ਕੀਤੀ ਗਈ। ਨਾ ਵਿਚਾਰਧਾਰਾ ਜਾਂ ਪਾਰਟੀ-ਸਬੰਧਾਂ ਦਾ ਭੇਦ-ਭਾਵ ਮੰਨਿਆ ਗਿਆ ਅਤੇ ਨਾ ਹੀ ਕਿਸੇ ਪਦਵੀ ਤੇ ਅਹੁਦੇ ਦਾ ਲਿਹਾਜ਼ ਕੀਤਾ ਗਿਆ। ਕਿਸੇ ਦਾ ਸਿੱਖ ਹੋਣਾ ਹੀ ਉਸ ਦੇ 'ਦੋਸ਼ੀ' ਹੋਣ ਦੀ ਤਸਦੀਕ ਬਣ ਗਿਆ। ਇਸ ਤਰ੍ਹਾਂ ਮੁਗ਼ਲ ਕਾਲ ਤੋਂ ਬਾਅਦ ਇਹ ਪਹਿਲੀ ਵੇਰ ਹੋਇਆ, ਜਦ ਸਿੱਖ ਕੌਮ ਨੂੰ ਹਿੰਦੂ ਸਲਤਨਤ ਅੰਦਰ ਸਮੂਹਕ ਰੂਪ ਵਿੱਚ ਫ਼ਿਰਕੂ ਨਫ਼ਰਤ ਤੇ ਧੱਕੇਸ਼ਾਹੀ ਦਾ ਨਿਸ਼ਾਨਾ ਬਣਨਾ ਪਿਆ। ਦੂਜੀ ਅਹਿਮ ਗੱਲ ਇਹ ਕਿ ਸਿੱਖਾਂ ਨੇ ਬਰਤਾਨਵੀ ਰਾਜ ਹੇਠ ਵੀ ਤੇ ਆਜ਼ਾਦ ਭਾਰਤ ਅੰਦਰ ਵੀ, ਹਕੂਮਤੀ ਮਸ਼ੀਨਰੀ ਹੱਥੋਂ ਤਾਂ ਬਥੇਰੀ ਮਾਰ ਖਾਧੀ ਸੀ ਪ੍ਰੰਤੂ ਹਕੂਮਤੀ ਮਸ਼ੀਨਰੀ ਨਾਲ ਇਕ-ਤਾਲ ਹੋਏ ਫ਼ਿਰਕੂ ਹਜੂਮਾਂ ਦੀ ਖਰ੍ਹਮਸਤੀ ਦਾ ਕੁਸੈਲਾ ਸੁਆਦ ਉਨ੍ਹਾਂ ਨੂੰ ਪਹਿਲੀ ਵਾਰ ਚੱਖਣ ਨੂੰ ਮਿਲਿਆ ਸੀ ਅਤੇ ਇਸ 'ਸੁਆਦ' ਨੇ ਉਨ੍ਹਾਂ ਦਾ ਭਾਰਤ ਅੰਦਰ ਰਹਿਣ ਦਾ ਸਾਰਾ ਸੁਆਦ ਹੀ ਕਿਰਕਿਰਾ ਕਰ ਦਿੱਤਾ ਸੀ। ਇਸ ਦਾ ਪ੍ਰਮਾਣ ਸ: ਖੁਸ਼ਵੰਤ ਸਿੰਘ ਦੀ ਉਸ ਗੁਸੈਲੀ ਤਕਰੀਰ ਵਿੱਚੋਂ

ਮਿਲਦਾ ਹੈ ਜੋ ਉਸ ਨੇ ਇਨ੍ਹਾਂ ਘਟਨਾਵਾਂ ਤੋਂ ਕਈ ਮਹੀਨੇ ਬਾਅਦ, ਜਦ ਉਸਦੇ ਜਜ਼ਬਾਤ ਕਾਫ਼ੀ ਸ਼ਾਂਤ ਹੋ ਚੁੱਕੇ ਸਨ, ਰਾਜ ਸਭਾ ਅੰਦਰ ਰਾਸ਼ਟਰਪਤੀ ਦੇ ਭਾਸ਼ਣ ਉੱਤੇ ਹੋਈ ਬਹਿਸ ਦੌਰਾਨ ਦਿੱਤੀ ਸੀ। ਸ: ਖੁਸ਼ਵੰਤ ਸਿੰਘ ਖ਼ੁਦ ਕਾਂਗਰਸ ਸਰਕਾਰ ਦਾ ਨਾਮਜ਼ਦ ਕੀਤਾ ਹੋਇਆ ਮੈਂਬਰ, ਅਕਾਲੀ ਰਾਜਨੀਤੀ ਦਾ ਤਿੱਖਾ ਆਲੋਚਕ ਤੇ ਇੰਦਰਾ ਗਾਂਧੀ ਦਾ ਵਧਵਾਂ ਪ੍ਰਸੰਸਕ ਸੀ। ਪਰ ਏਸ਼ੀਆਈ ਖੇਡਾਂ ਮੌਕੇ ਸਿੱਖਾਂ ਨਾਲ ਹੋਏ ਦੁਰਵਿਹਾਰ ਨੇ ਉਸ ਨੂੰ ਇਸ ਕਦਰ ਝੰਜੋੜ ਕੇ ਰੱਖ ਦਿੱਤਾ ਕਿ ਉਸ ਨੂੰ ਆਪਣੇ ਬਹੁਤ ਸਾਰੇ ਵਿਸ਼ਵਾਸਾਂ ਤੇ ਧਾਰਨਾਵਾਂ ਬਾਰੇ ਨਵੇਂ ਸਿਰਿਓਂ ਸੋਚਣ ਲਈ ਮਜਬੂਰ ਹੋਣਾ ਪੈ ਗਿਆ। ਉਸਨੇ ਰਾਜ ਸਭਾ ਅੰਦਰ ਹਿੰਦੂ ਹਾਕਮਾਂ ਨੂੰ ਕਰਾਰੀ ਫਿਟ-ਲਾਹਨਤ ਪਾਉਂਦਿਆਂ ਹੋਇਆਂ ਇਹ ਸਾਫ਼ ਸੁਣਾ ਦਿੱਤਾ ਕਿ "ਦੇਸ ਨੂੰ ਏਸ਼ੀਆਈ ਖੇਡਾਂ ਦੇ ਮੌਕੇ ਸਿੱਖਾਂ ਨਾਲ ਕੀਤੇ ਘਿਨਾਉਣੇ ਵਰਤਾਉ ਦੀ ਬਹੁਤ ਮਹਿੰਗੀ ਕੀਮਤ ਤਾਰਨੀ ਪਏਗੀ।"[10] ਜਿਸ ਖੁਸ਼ਵੰਤ ਸਿੰਘ ਨੂੰ ਸਿੱਖ ਕੌਮ ਨਾਲ ਵਿਤਕਰੇ ਦੀ ਅਕਾਲੀ ਧਾਰਨਾ 'ਚੋਂ ਫ਼ਿਰਕੂਪੁਣੇ ਦੀ ਬੋਅ ਆਉਂਦੀ ਸੀ, ਉਹੀ ਖੁਸ਼ਵੰਤ ਸਿੰਘ ਹੁਣ ਨਾ ਸਿਰਫ਼ ਸਿੱਖ ਕੌਮ ਨਾਲ ਹੋ ਰਹੇ ਸ਼ਰੀਹਣ ਧੱਕੇ ਦੀ ਹਕੀਕਤ ਨੂੰ ਪ੍ਰਵਾਨ ਕਰਨ ਲਈ ਮਜਬੂਰ ਹੋ ਗਿਆ ਸੀ ਸਗੋਂ ਇਸ ਵਿਤਕਰੇ ਨੂੰ 'ਅਸ਼ਲੀਲ' ਤੇ 'ਨਾ-ਕਾਬਲੇ ਮੁਆਫ਼' ਕਹਿ ਕੇ ਆਪਣਾ ਗ਼ੁੱਸਾ ਜ਼ਾਹਰ ਕਰ ਰਿਹਾ ਸੀ। ਉਸ ਨੇ ਭਾਰਤ ਦੇ ਹਾਕਮਾਂ ਨੂੰ ਕੋਰੇ ਲਫ਼ਜ਼ਾਂ 'ਚ ਇਹ ਤਾੜਨਾ ਕਰ ਦਿੱਤੀ ਕਿ "ਰੱਬ ਨਾ ਜਾਣੇ, ਜੇਕਰ ਖ਼ਾਲਿਸਤਾਨ ਦੀ ਲਹਿਰ ਉਠ ਖੜੀ ਹੋਈ ਤਾਂ ਇਹ ਵੱਡੀ ਹੱਦ ਤਕ ਭਜਨ ਲਾਲ ਦੀ ਉਜੱਡ ਕਮਦ੍ਰਿਸ਼ਟੀ ਦਾ ਹੀ ਨਤੀਜਾ ਹੋਵੇਗਾ।"

ਇਹ ਨਿਰੇ ਖੁਸ਼ਵੰਤ ਸਿੰਘ ਦੇ ਹੀ ਜਜ਼ਬਾਤ ਨਹੀਂ ਸਨ। ਇਹ ਸਿੱਖ ਕੌਮ ਦੇ ਇਕ ਪ੍ਰਭਾਵਸ਼ਾਲੀ ਵਰਗ ਦੇ ਸਾਂਝੇ ਮਨੋਭਾਵ ਸਨ। ਅਸਲ ਵਿੱਚ ਸ: ਖੁਸ਼ਵੰਤ ਸਿੰਘ ਸਿੱਖ ਕੁਲੀਨ ਵਰਗ, ਜਿਸ ਦਾ ਕਿ ਉਹ ਇਕ ਪਤਵੰਤਾ ਅੰਗ ਹੈ, ਦੇ ਮਨੋ-ਭਾਵਾਂ ਨੂੰ ਹੀ ਜ਼ੁਬਾਨ ਦੇ ਰਿਹਾ ਸੀ। ਹਰ ਸਮਾਜ ਅੰਦਰ ਹੀ ਕੁਲੀਨ ਵਰਗ ਦਾ ਇਹ ਵਿਸ਼ੇਸ਼ ਲੱਛਣ ਹੁੰਦਾ ਹੈ ਕਿ ਉਹ ਕਾਇਮ-ਮੁਕਾਮ ਢਾਂਚੇ ਅੰਦਰ ਆਪਣੀ ਖ਼ਾਸੋ-ਖ਼ਾਸ ਹੈਸੀਅਤ ਦੀ ਵਜ੍ਹਾ ਕਰਕੇ, ਆਮ ਹਾਲਤਾਂ ਵਿੱਚ, ਸਥਾਪਤੀ ਵਿਰੁੱਧ ਆਪਣੀ ਅਸੰਤੁਸ਼ਟਤਾ ਤੇ ਨਾਰਾਜ਼ਗੀ ਪ੍ਰਗਟ ਕਰਨ ਤੋਂ ਪਰਹੇਜ਼ ਕਰ ਕੇ ਚੱਲਦਾ ਹੈ। ਉਚੇਚੀਆਂ ਸਹੂਲਤਾਂ ਦਾ ਸੁਖ ਭੋਗ ਰਿਹਾ ਇਹ ਵਰਗ ਆਪਣੇ ਰਾਜਸੀ ਵਿਹਾਰ ਤੇ ਵਿਚਾਰਾਂ ਵਿੱਚ ਘੱਟ ਤਬਦੀਲੀ-ਪਸੰਦ ਤੇ ਵਧੇਰੇ ਨਰਮ-ਮਿਜ਼ਾਜ ਹੁੰਦਾ ਹੈ। ਆਪਣੇ ਮੂਲ ਸੁਭਾਅ ਤੇ ਝੁਕਾਅ ਪੱਖੋਂ ਹੀ ਇਹ ਯਥਾ-ਸਥਿਤੀ (ਸਟੇਟਸ ਕੋ) ਬਣਾਈ ਰੱਖਣ ਦਾ ਦ੍ਰਿੜ੍ਹ ਸਮਰਥਕ ਹੁੰਦਾ ਹੈ। ਇਹ ਵਰਗ ਸਿਰਫ਼ ਉਦੋਂ ਹੀ ਤਿੱਖੇ ਤੇਵਰ ਅਖ਼ਤਿਆਰ ਕਰਦਾ ਹੈ ਜਦ ਇਸ ਨੂੰ ਖ਼ੁਦ ਆਪਣੇ ਹੀ ਹਿਤ ਸਿੱਧੇ ਰੂਪ ਵਿੱਚ ਖ਼ਤਰੇ-ਮੂੰਹ ਆਏ ਦਿਖਾਈ ਦੇਣ ਲੱਗਦੇ ਹਨ। ਪਰ ਅਜਿਹੀ ਨੌਬਤ ਛੇਤੀ ਕੀਤਿਆਂ ਤੇ ਅਕਸਰ ਹੀ ਪੈਦਾ ਨਹੀਂ ਹੁੰਦੀ। ਇਤਿਹਾਸ ਅਜਿਹਾ ਵਚਿੱਤਰ ਅੰਦਾਜ਼ ਕਦੇ ਕਦਾਈਂ ਹੀ ਧਾਰਨ ਕਰਦਾ ਹੈ। ਇਹ ਵਿਵਸਥਾ (ਢਾਂਚੇ) ਅੰਦਰ ਪੈਦਾ ਹੋਈ ਵੱਡੀ ਖ਼ਰਾਬੀ ਦੀ ਨਿਸ਼ਾਨੀ ਹੁੰਦੀ ਹੈ। ਅਜਿਹੀਆਂ ਅਲੋਕਾਰੀ ਹਾਲਤਾਂ ਵਿੱਚ ਬਹੁਤ ਕੁਝ ਉਲਟ-ਪੁਲਟ ਹੋ ਜਾਂਦਾ ਹੈ। ਆਮ ਦਸਤੂਰ ਭੰਗ ਹੋ ਜਾਂਦੇ ਹਨ ਅਤੇ ਰਵਾਇਤੀ ਵਿਸ਼ਵਾਸਾਂ ਤੇ ਵਿਚਾਰਾਂ ਦੇ ਜੁਗਾੜ ਬੁਰੀ ਤਰ੍ਹਾਂ ਤਿੜਕ ਜਾਂਦੇ ਹਨ।

ਏਸ਼ੀਆਈ ਖੇਡਾਂ ਮੌਕੇ ਸਿੱਖ ਕੌਮ ਨਾਲ ਸਮੂਹਿਕ ਰੂਪ ਵਿੱਚ ਹੋਏ ਘਿਨਾਉਣੇ ਫ਼ਿਰਕੂ ਵਰਤਾਉ ਨਾਲ ਸਿੱਖ ਸਮਾਜ ਦੇ ਉਨ੍ਹਾਂ ਵਰਗਾਂ ਨੂੰ ਜ਼ਬਰਦਸਤ ਮਾਨਸਿਕ ਸਦਮਾ ਪਹੁੰਚਿਆ, ਜੋ ਰਵਾਇਤੀ ਤੌਰ 'ਤੇ ਭਾਰਤੀ ਰਾਜ ਨਾਲ ਬਹੁਤ ਹੀ ਗੂੜ੍ਹੀ ਤੇ ਚੀੜ੍ਹੀ ਤਰ੍ਹਾਂ ਜੁੜੇ ਹੋਏ ਸਨ। ਆਪਣੇ ਵਿਸ਼ੇਸ਼ ਰੁਤਬੇ, ਹਿਤਾਂ ਤੇ ਸੁਭਾਅ ਦੀ ਬਦੌਲਤ ਸਿੱਖ ਕੁਲੀਨ

ਵਰਗ ਰਵਾਇਤੀ ਤੌਰ 'ਤੇ ਹੀ ਭਾਰਤੀ ਰਾਜ ਦਾ ਲੋੜੋਂ ਵਧਵਾਂ ਖ਼ੈਰ-ਖ਼ੁਆਹ ਬਣ ਕੇ ਵਿਚਰਦਾ ਆ ਰਿਹਾ ਸੀ। ਇਸ ਅੰਦਰ ਆਪਣੇ ਆਪ ਨੂੰ ਸਿੱਖ ਕੌਮ ਦੇ ਸੰਘਰਸ਼ ਤੋਂ ਬੇਲਾਗ਼ ਰੱਖਣ ਦੀ ਬਿਰਤੀ ਏਨੀ ਮਜ਼ਬੂਤ ਸੀ ਕਿ ਉਹ ਆਜ਼ਾਦੀ ਤੋਂ ਬਾਅਦ ਭਾਰਤ ਅੰਦਰ ਸਿੱਖ ਕੌਮ ਨਾਲ ਹੋਈਆਂ ਬੱਜਰ ਬੇਇਨਸਾਫ਼ੀਆਂ ਤੇ ਵਧੀਕੀਆਂ ਨੂੰ ਆਰਾਮ ਨਾਲ ਹੀ ਅਣਗੌਲਿਆਂ ਕਰਦਾ ਰਿਹਾ। ਪਰ ਏਸ਼ੀਆਈ ਖੇਡਾਂ ਮੌਕੇ ਵਾਪਰੀਆਂ ਘਟਨਾਵਾਂ ਦੇ ਮਾਨਸਿਕ ਝੰਜੋੜੇ ਨੇ ਇਸ ਦੀ ਸੋਚ ਤੇ ਵਤੀਰੇ ਨੂੰ ਅਹਿਮ ਰੂਪ 'ਚ ਬਦਲ ਦਿੱਤਾ। ਇਸ ਦੇ ਮਨ ਅੰਦਰ ਭਾਰਤੀ ਰਾਜ ਪ੍ਰਤੀ ਤਿੱਖੇ ਸ਼ੰਕੇ ਤੇ ਸੁਆਲ ਪੈਦਾ ਹੋ ਉਠੇ ਅਤੇ ਉਸਦੇ, ਦੀਨ ਦੀ ਪੱਧਰ 'ਤੇ ਪਾਲ ਰੱਖੇ ਰਾਜ-ਭਗਤੀ ਦੇ ਜਜ਼ਬੇ ਦੀਆਂ ਬੁਨਿਆਦਾਂ ਤਰੇੜਾਂ ਛੱਡਣ ਲੱਗੀਆਂ। ਇਹ ਅਨੁਭਵ ਨਿਰਾ ਕੁਲੀਨ ਵਰਗ ਦੇ ਘੇਰੇ ਤਕ ਹੀ ਸੀਮਤ ਨਹੀਂ ਰਿਹਾ। ਇਸ ਨੇ ਸਿੱਖ ਸਮਾਜ ਦੀਆਂ ਕੁਝ ਹੋਰਨਾਂ ਪਰਤਾਂ ਉੱਤੇ ਵੀ ਆਪਣਾ ਬਰਾਬਰ ਅਸਰ ਛੱਡਿਆ। ਜਿਸਦੇ ਨਤੀਜੇ ਵਜੋਂ ਸਿੱਖ ਸਮਾਜ ਦੇ ਉਹ ਹਿੱਸੇ ਵੀ, ਜੋ ਰਵਾਇਤੀ ਤੌਰ 'ਤੇ ਅਕਾਲੀ ਦਲ ਤੇ ਇਸ ਦੀਆਂ ਸਰਗਰਮੀਆਂ ਪ੍ਰਤੀ ਉਦਾਸੀਨ ਰਵੱਈਆ ਅਪਣਾ ਕੇ ਚੱਲਦੇ ਸਨ, ਸਿੱਖ ਸੰਘਰਸ਼ ਦੀ ਹਮਾਇਤ ਵਿੱਚ ਲਾਮਬੰਦ ਹੋਣੇ ਸ਼ੁਰੂ ਹੋ ਗਏ। ਇਸ ਨਾਲ ਸਿੱਖ ਸੰਘਰਸ਼ ਅੰਦਰ ਨਵੀਂ ਜਾਨ ਭਰ ਗਈ। ਧਰਮਯੁੱਧ ਮੋਰਚੇ ਨੂੰ ਇਕਦਮ ਵੱਡਾ ਹੁਲਾਰਾ ਮਿਲ ਗਿਆ।

ਉਪਰੋਕਤ ਘਟਨਾਕ੍ਰਮ ਦੀ ਪਿੱਠ-ਭੂਮੀ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਧਰਮਯੁੱਧ ਮੋਰਚੇ ਦੇ 'ਡਿਕਟੇਟਰ' ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਭਾਰਤ ਦੇ ਸਾਬਕਾ ਸਿੱਖ ਫ਼ੌਜੀਆਂ ਨੂੰ 23 ਦਸੰਬਰ ਨੂੰ ਦਰਬਾਰ ਸਾਹਿਬ ਵਿਖੇ 'ਸਾਬਕਾ ਸਿੱਖ ਫ਼ੌਜੀ ਕਨਵੈਨਸ਼ਨ' ਵਿੱਚ ਹੁੰਮ-ਹੁਮਾ ਕੇ ਪਹੁੰਚਣ ਦਾ ਸੱਦਾ ਦਿੱਤਾ। ਕਨਵੈਨਸ਼ਨ ਦੇ ਪ੍ਰਬੰਧਕ ਤੇ ਖ਼ੁਫ਼ੀਆ ਏਜੰਸੀਆਂ ਉਸ ਵੇਲੇ ਹੱਕੀਆਂ-ਬੱਕੀਆਂ ਰਹਿ ਗਈਆਂ, ਜਦ ਹਜ਼ਾਰਾਂ ਦੀ ਗਿਣਤੀ ਵਿੱਚ ਸਾਬਕਾ ਸਿੱਖ ਫ਼ੌਜੀ ਪੂਰੇ ਜੋਸ਼ੋ-ਉਤਸ਼ਾਹ ਨਾਲ ਕਨਵੈਨਸ਼ਨ ਵਿੱਚ ਸ਼ਾਮਲ ਹੋਣ ਲਈ ਪਹੁੰਚੇ।[11] ਸਿੱਖ ਸੰਘਰਸ਼ ਦੇ ਅਜੋਕੇ ਇਤਿਹਾਸ ਅੰਦਰ ਇਹ ਆਪਣੀ ਕਿਸਮ ਦੀ ਨਿਵੇਕਲੀ ਘਟਨਾ ਸੀ। ਇਸ ਤੋਂ ਪਹਿਲਾਂ ਕੋਈ ਟਾਂਵਾਂ ਵਿਰਲਾ ਸਾਬਕਾ ਸਿੱਖ ਫ਼ੌਜੀ ਹੀ ਖੁੱਲ੍ਹੇ ਰੂਪ ਵਿੱਚ ਅਕਾਲੀ ਦਲ ਨਾਲ ਜੁੜਨ ਤੇ ਇਸ ਦੀਆਂ ਸਰਗਰਮੀਆਂ ਵਿੱਚ ਭਾਗ ਲੈਣ ਦੀ ਹਿੰਮਤ ਦਿਖਾਇਆ ਕਰਦਾ ਸੀ। ਕਿਉਂਕਿ ਫ਼ੌਜ ਅੰਦਰ ਸਿਖਲਾਈ ਤੇ ਨੌਕਰੀ ਦੇ ਸਮੁੱਚੇ ਅਮਲ ਦੌਰਾਨ ਵਿਅਕਤੀ ਦੇ ਨਜ਼ਰੀਏ ਨੂੰ ਇਸ ਕਦਰ ਗ਼ਲਤ ਸਾਂਚੇ ਵਿੱਚ ਢਾਲ ਦਿੱਤਾ ਜਾਂਦਾ ਹੈ ਕਿ ਉਸ ਦੀ ਰਾਜਸੀ ਮਸਲਿਆਂ ਬਾਰੇ ਠੀਕ ਤੇ ਗ਼ਲਤ ਵਿਚਕਾਰ ਨਿਖੇੜਾ ਕਰ ਸਕਣ ਦੀ ਸਮਰੱਥਾ ਬੁਰੀ ਤਰ੍ਹਾਂ ਨਕਾਰੀ ਜਾਂਦੀ ਹੈ। ਉਸ ਅੰਦਰ ਕੁੱਟ-ਕੁੱਟ ਕੇ ਭਰਿਆ ਰਾਜ-ਭਗਤੀ ਦਾ ਜਜ਼ਬਾ ਉਸ ਨੂੰ ਸਹੀ ਪੈਂਤੜਾ ਮੱਲਣ ਤੋਂ ਲਗਾਤਾਰ ਵਰਜਦਾ ਰਹਿੰਦਾ ਹੈ। ਦੇਸ਼ਭਗਤੀ ਤੇ ਸਰਕਾਰ-ਭਗਤੀ ਨੂੰ ਰਲ-ਗੱਡ ਕਰ ਕੇ ਦੇਖਣ ਵਾਲਾ ਗ਼ਲਤ ਦ੍ਰਿਸ਼ਟੀਕੋਣ ਹੀ ਹੈ ਜੋ ਵਿਅਕਤੀ ਨੂੰ ਰਾਜਨੀਤਕ ਖੇਤਰ ਅੰਦਰ ਨਿਹੱਕੀ ਧਿਰ ਦਾ ਪੱਖ ਮੱਲਣ ਅਤੇ ਆਪਣੇ ਹੀ ਧਰਮ, ਸਮਾਜ ਤੇ ਭਾਈਚਾਰੇ ਖ਼ਿਲਾਫ਼ ਬੱਜਰ ਗੁਨਾਹ ਕਰਨ ਲਈ ਉਤੇਜਿਤ ਕਰਦਾ ਹੈ।

ਮਾਰਸ਼ਲ ਕੌਮਾਂ ਦਾ ਇਹ ਵਿਸ਼ੇਸ਼ ਗੁਣ ਹੁੰਦਾ ਹੈ ਕਿ ਉਨ੍ਹਾਂ ਅੰਦਰ ਸਵੈਮਾਨ ਦਾ ਜਜ਼ਬਾ ਬਹੁਤ ਹੀ ਪ੍ਰਬਲ ਹੁੰਦਾ ਹੈ। ਇਸ ਕਰਕੇ ਜਦ ਉਨ੍ਹਾਂ ਦੇ ਸਵੈਮਾਨ ਨੂੰ ਚੋਟ ਪਹੁੰਚਦੀ ਹੈ ਤਾਂ ਉਨ੍ਹਾਂ ਅੰਦਰ ਇਕਦਮ ਰੋਹ ਜਾਗ ਉਠਦਾ ਹੈ। ਏਸ਼ੀਆਈ ਖੇਡਾਂ ਮੌਕੇ ਸਿੱਖ ਭਾਈਚਾਰੇ ਨਾਲ ਹੋਈ ਬਦਸਲੂਕੀ ਨੇ, ਸਿੱਖ ਕੌਮ ਦੇ ਹੋਰਨਾਂ ਹਿੱਸਿਆਂ ਵਾਂਗ ਹੀ, ਸਾਬਕਾ ਸਿੱਖ ਫ਼ੌਜੀ ਵਰਗ ਅੰਦਰ ਵੀ ਤਿੱਖਾ ਰੋਹ ਪੈਦਾ ਕੀਤਾ। ਇਹ ਰੋਹ ਹੀ ਉਨ੍ਹਾਂ ਨੂੰ, ਪ੍ਰਚਲਤ

ਰੀਤ ਨਾਲੋਂ ਹਟ ਕੇ, ਸਿੱਖ ਪੰਥ ਦੇ ਕੌਮੀ ਸੰਘਰਸ਼ ਦੀ ਧਾਰਾ ਵਿੱਚ ਖਿੱਚ ਲਿਆਇਆ।

ਸਾਬਕਾ ਸਿੱਖ ਫ਼ੌਜੀ ਕਨਵੈਨਸ਼ਨ ਦੀ ਇਸ ਅਣਕਿਆਸੀ ਸਫਲਤਾ ਨੇ ਅਕਾਲੀ ਲੀਡਰਸ਼ਿਪ ਅੰਦਰ ਹੋਰ ਵੱਧ ਉਤਸ਼ਾਹ ਤੇ ਹੌਸਲਾ ਭਰ ਦਿੱਤਾ। ਥੋੜ੍ਹੇ ਹੀ ਦਿਨਾਂ ਬਾਅਦ 9 ਜਨਵਰੀ (1983) ਨੂੰ, ਉਸੇ ਉਤਸ਼ਾਹ ਭਰੇ ਮਾਹੌਲ ਅੰਦਰ ਮੰਜੀ ਸਾਹਿਬ ਵਿਖੇ ਸਿੱਖ ਬੁੱਧੀਜੀਵੀਆਂ ਦਾ ਇਕ ਵਿਸ਼ਾਲ ਇਕੱਠ ਜੁੜਿਆ। ਇਸ ਇਕੱਠ ਦੀ ਵਿਲੱਖਣ ਗੱਲ ਇਹ ਸੀ ਕਿ ਇਸ ਵਿੱਚ ਬੁੱਧੀਜੀਵੀ ਵਰਗ ਦੇ ਉਨ੍ਹਾਂ ਹਿੱਸਿਆਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ, ਜਿਨ੍ਹਾਂ ਇਸ ਤੋਂ ਪਹਿਲਾਂ ਕਦੇ ਵੀ ਅਕਾਲੀ ਰਾਜਨੀਤੀ ਵਿੱਚ ਕੋਈ ਰੁਚੀ ਨਹੀਂ ਸੀ ਦਿਖਾਈ ਅਤੇ ਜੋ ਆਮ ਰਵਾਇਤ ਦੇ ਤੌਰ 'ਤੇ ਹੀ ਆਪਣੇ ਆਪ ਨੂੰ ਸਰਕਾਰ ਵਿਰੋਧੀ ਸਰਗਰਮੀਆਂ ਤੋਂ ਪੂਰੀ ਤਰ੍ਹਾਂ ਅਲੱਗ ਤੇ ਦੂਰ ਰੱਖਣ ਦੇ ਆਦੀ ਸਨ। ਸਰਕਾਰੀ ਮੁਲਾਜ਼ਮਾਂ ਲਈ ਰਾਜਸੀ ਸਰਗਰਮੀਆਂ ਤੋਂ ਦੂਰ ਰਹਿਣ ਦਾ ਦਸਤੂਰ ਬਸਤੀਆਨਾ ਰਾਜ ਦੌਰਾਨ ਬਰਤਾਨਵੀ ਹਾਕਮਾਂ ਨੇ ਆਪਣੀ ਰਾਜਸੀ ਲੋੜ ਤੇ ਸਹੂਲਤ ਨੂੰ ਮੁੱਖ ਰੱਖਦੇ ਹੋਏ ਘੜਿਆ ਸੀ। ਭਾਰਤੀ ਹਾਕਮਾਂ ਨੇ ਬਸਤੀਵਾਦੀ ਹਾਕਮਾਂ ਨਾਲ ਆਪਣੇ ਮੂਲ ਖ਼ਾਸੇ ਤੇ ਉਦੇਸ਼ਾਂ ਦੀ ਸਾਂਝ ਸਦਕਾ, ਆਜ਼ਾਦੀ ਤੋਂ ਬਾਅਦ ਸਮਾਜ ਦੇ ਬੁੱਧੀਮਾਨ ਅੰਗਾਂ ਨੂੰ ਲੋਕਾਂ ਨਾਲੋਂ ਨਿਖੇੜ ਕੇ ਰੱਖਣ ਦੀ ਇਸ ਬਸਤੀਵਾਦੀ ਰੀਤ ਦਾ ਫ਼ਸਤਾ ਵੱਢਣ ਦੀ ਥਾਵੇਂ, ਇਸ ਬਸਤੀਆਨਾ ਰੀਤ ਦੀ ਕਰੜਾਈ ਨਾਲ ਪਾਲਣਾ ਕਰਨੀ ਜਾਰੀ ਰੱਖੀ। ਆਪਣੇ ਰੁਤਬੇ ਤੇ ਕਿੱਤੇ ਦੇ ਸੁਭਾਅ ਦੀ ਬਦੌਲਤ ਬੁੱਧੀਮਾਨ ਵਰਗ ਦੇ ਕੁਝ ਅੰਗਾਂ ਨੇ ਇਸ ਬਸਤੀਆਨਾ ਰੀਤ ਦਾ ਵੱਧ ਗੂੜ੍ਹਾ ਅਸਰ ਕਬੂਲ ਰੱਖਿਆ ਹੋਇਆ ਸੀ। ਇਸੇ ਵਜ੍ਹਾ ਕਰਕੇ ਅਕਾਲੀ ਦਲ ਨੂੰ ਸਿੱਖ ਬੁੱਧੀਜੀਵੀ ਵਰਗ ਅੰਦਰ ਆਪਣੇ ਪ੍ਰਭਾਵ ਦਾ ਘੇਰਾ ਵਧਾਉਣ ਵਿੱਚ ਵੱਡੀ ਦਿੱਕਤ ਪੇਸ਼ ਆਉਂਦੀ ਰਹੀ। ਗਿਣਤੀ ਦੇ ਵਕੀਲਾਂ ਤੇ ਅਧਿਆਪਕਾਂ/ਪ੍ਰੋਫ਼ੈਸਰਾਂ ਤੋਂ ਇਲਾਵਾ ਦੂਸਰੇ ਸਿੱਖ ਬੁੱਧੀਜੀਵੀ ਵਰਗ (ਡਾਕਟਰ, ਇੰਜੀਨੀਅਰ, ਸਿਵਲ ਅਫ਼ਸਰ ਆਦਿ) ਅਕਾਲੀ ਦਲ ਨੂੰ 'ਅਛੂਤ' ਸਮਝਣ ਅਤੇ ਇਸ ਨਾਲੋਂ ਇਕ ਸੁਰੱਖਿਅਤ ਦੂਰੀ ਬਣਾ ਕੇ ਰੱਖਣ ਦੀ ਰਵਾਇਤੀ ਸੇਧ ਉੱਤੇ ਚੱਲਦੇ ਰਹੇ। 9 ਜਨਵਰੀ ਦੀ ਸਿੱਖ ਬੁੱਧੀਜੀਵੀ ਕਨਵੈਨਸ਼ਨ ਨੇ ਇਸ ਰਵਾਇਤ ਨੂੰ ਉਲਟ-ਪੁਲਟ ਕੇ ਰੱਖ ਦਿੱਤਾ। ਇਸ ਕਨਵੈਨਸ਼ਨ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਡਾਕਟਰਾਂ, ਇੰਜੀਨੀਅਰਾਂ ਤੇ ਹੋਰ ਬੁੱਧੀਜੀਵੀ ਵਰਗਾਂ ਨੇ ਭਖਵੇਂ ਉਤਸ਼ਾਹ ਨਾਲ ਸ਼ਿਰਕਤ ਕੀਤੀ।[12] ਇਸ ਤੋਂ ਇਹ ਅੰਦਾਜ਼ਾ ਲਾਉਣਾ ਮੁਸ਼ਕਲ ਨਹੀਂ ਸੀ ਕਿ ਸਿੱਖ ਕੌਮ ਦੇ ਵੱਡੇ ਹਿੱਸਿਆਂ ਦਾ ਭਾਰਤੀ ਹਾਕਮਾਂ ਤੋਂ ਮੋਹ-ਭੰਗ ਹੋ ਚੁੱਕਾ ਸੀ ਅਤੇ ਉਹ ਭਾਰਤ ਅੰਦਰ ਆਪਣੇ ਆਪ ਨੂੰ ਨਾ ਸਿਰਫ਼ ਅਸੁਰੱਖਿਅਤ ਸਗੋਂ ਅਜਨਬੀ ਮਹਿਸੂਸ ਕਰਨ ਲੱਗ ਪਏ ਸਨ। ਇਸ 'ਚੋਂ ਸਿੱਖ ਭਾਈਚਾਰੇ ਦੀ ਚੇਤਨਾ ਅੰਦਰ ਆ ਰਹੀ ਇਕ ਸਿਫ਼ਤੀ ਤਬਦੀਲੀ ਦੀ ਕਨਸੋਅ ਮਿਲਦੀ ਸੀ। ਵਿਤਕਰੇ ਦੀ ਭਾਵਨਾ ਤੇਜ਼ੀ ਨਾਲ ਬੇਗਾਨਗੀ ਦੇ ਅਹਿਸਾਸ ਵਿੱਚ ਵਟਦੀ ਜਾ ਰਹੀ ਸੀ। ਇਸ ਵਿੱਚੋਂ ਹੀ ਅਕਾਲੀ ਰਾਜਨੀਤੀ ਦਾ ਸੰਕਟ ਤੇ ਅਕਾਲੀ ਲੀਡਰਸ਼ਿਪ ਦੀਆਂ ਰਾਜਨੀਤਕ ਪ੍ਰੇਸ਼ਾਨੀਆਂ ਪੈਦਾ ਹੋ ਰਹੀਆਂ ਸਨ।

•

# 19

# ਖਾੜਕੂ ਧਾਰਾ ਦੀ ਚੜ੍ਹਤ

ਅਕਾਲੀ ਲੀਡਰਸ਼ਿਪ ਸਿੱਖ ਸੰਘਰਸ਼ ਨੂੰ ਇਕ ਖ਼ਾਸ ਦਿਸ਼ਾ ਵਿੱਚ ਤੇ ਇਕ ਖ਼ਾਸ ਹੱਦ ਤਕ ਹੀ ਲਿਜਾ ਸਕਦੀ ਸੀ। ਅਕਾਲੀ ਆਗੂਆਂ ਦੀ ਰਾਜਸੀ ਵਿਚਾਰਧਾਰਾ ਉਨ੍ਹਾਂ ਨੂੰ ਪੁਰਅਮਨ ਸੰਘਰਸ਼ ਦਾ ਦਾਇਰਾ ਉਲੰਘਣ ਤੋਂ ਸਖ਼ਤੀ ਨਾਲ ਵਰਜਦੀ ਸੀ। ਉਨ੍ਹਾਂ ਦੇ ਵਰਗ ਹਿਤ ਵੀ, ਉਨ੍ਹਾਂ ਨੂੰ, ਲੜਾਈ ਨੂੰ ਸੰਵਿਧਾਨਕ ਸੀਮਾਵਾਂ ਤਕ ਮਹਿਦੂਦ ਰੱਖਣ ਦੇ ਪੈਂਤੜੇ ਦੇ ਪਾਬੰਦ ਬਣਾਉਂਦੇ ਸਨ। ਉਹ ਲੜਾਈ ਲੜਦੇ ਹੋਏ ਲਗਾਤਾਰ ਸਮਝੌਤੇ ਲਈ ਯਤਨਸ਼ੀਲ ਸਨ। ਪਰ ਹਿੰਦੂ ਹਾਕਮਾਂ ਦਾ ਹਠ ਅਤੇ ਖ਼ਾਸ ਕਰਕੇ ਇੰਦਰਾ ਗਾਂਧੀ ਦਾ ਜ਼ਿੱਦੀ ਵਤੀਰਾ ਅਕਾਲੀ ਆਗੂਆਂ ਦੇ ਇਨ੍ਹਾਂ ਯਤਨਾਂ ਉੱਤੇ ਕੋਈ ਪੱਟੀ ਨਹੀਂ ਸੀ ਬੱਝਣ ਦੇ ਰਿਹਾ। ਜਨਤਕ ਸੰਘਰਸ਼ ਦੇ ਹਥਿਆਰ ਦੇ ਬੇਅਸਰ ਹੋ ਜਾਣ ਦਾ ਅਹਿਸਾਸ ਅਕਾਲੀ ਆਗੂਆਂ ਅੰਦਰ ਬੇਦਿਲੀ ਤੇ ਬੇਵਸੀ ਦੇ ਭਾਵ ਪੈਦਾ ਕਰ ਰਿਹਾ ਸੀ। ਪਰ ਦੂਜੇ ਪਾਸੇ ਇਹੀ ਤੱਥ ਸਿੱਖ ਕੌਮ ਅੰਦਰ ਖਾੜਕੂ ਵਿਚਾਰਧਾਰਾ ਦੀ ਚੜ੍ਹਤ ਬਣਾਉਣ ਵਿੱਚ ਸਹਾਈ ਹੋ ਰਿਹਾ ਸੀ।

ਦਰਬਾਰਾ ਸਿੰਘ ਨੇ ਸਿੱਖ ਸੰਘਰਸ਼ ਨੂੰ ਸਖ਼ਤੀ ਨਾਲ ਕੁਚਲ ਦੇਣ ਦੇ ਜੋਸ਼ ਵਿੱਚ ਇਕ ਅਸਲੋਂ ਹੀ ਗ਼ੈਰ-ਜਮਹੂਰੀ ਤੇ ਗ਼ੈਰ-ਕਾਨੂੰਨੀ ਪੈਂਤੜਾ ਅਖ਼ਤਿਆਰ ਕਰ ਲਿਆ। ਉਸ ਨੇ ਸੰਤ ਜਰਨੈਲ ਸਿੰਘ ਦੇ ਦ੍ਰਿੜ੍ਹ ਸਮਰਥਕਾਂ ਨੂੰ ਮਾਰ ਮੁਕਾਉਣ ਲਈ ਝੂਠੇ ਪੁਲਸ ਮੁਕਾਬਲਿਆਂ ਦੀ ਉਸ ਤਰਕੀਬ ਉੱਤੇ ਅਮਲ ਕਰਨ ਦਾ ਨਿਰਣਾ ਕਰ ਲਿਆ, ਜਿਸ ਰਾਹੀਂ 1970-71 ਵਿੱਚ ਪੰਜਾਬ ਅੰਦਰ ਨਕਸਲੀ ਨੌਜੁਆਨਾਂ ਦਾ ਵੱਡੀ ਪੱਧਰ ਉੱਤੇ ਘਾਤ ਕੀਤਾ ਗਿਆ ਸੀ। ਬੀ.ਬੀ.ਸੀ. ਦੇ ਨੁਮਾਇੰਦੇ (ਮਾਰਕ ਟਲੀ) ਕੋਲ ਉਸ ਨੇ ਇਹ ਗੱਲ ਖੁੱਲ੍ਹੇਆਮ ਮੰਨੀ ਕਿ ਉਸ ਨੇ ਪੁਲਸ ਨੂੰ 'ਮੁਕਾਬਲੇ' ਬਣਾਉਣ ਬਾਰੇ ਬਾਕਾਇਦਾ ਹਦਾਇਤਾਂ ਦੇ ਰੱਖੀਆਂ ਸਨ।[1] ਪੁਲਸ ਨੇ ਇਨ੍ਹਾਂ ਹਦਾਇਤਾਂ ਉੱਤੇ ਅਮਲ ਕਰਦੇ ਹੋਏ 27 ਮਈ (1982) ਨੂੰ ਪਿੰਡ ਨਾਗੋਕੇ (ਅੰਮ੍ਰਿਤਸਰ) ਦੇ ਇਕ ਅੰਮ੍ਰਿਤਧਾਰੀ ਸਿੰਘ (ਕੁਲਵੰਤ ਸਿੰਘ) ਨੂੰ ਘਰੋਂ ਗ੍ਰਿਫ਼ਤਾਰ ਕਰ ਕੇ, ਦੋ ਹਫ਼ਤਿਆਂ ਤਕ ਬੇਤਹਾਸ਼ਾ ਤਸ਼ੱਦਦ ਕਰਨ ਤੋਂ ਬਾਅਦ, 9 ਜੂਨ ਦੀ ਰਾਤ ਨੂੰ ਅੰਮ੍ਰਿਤਸਰ ਸ਼ਹਿਰ ਦੇ ਬਾਹਰ-ਵਾਰ ਵੱਲਾ ਪਿੰਡ ਦੇ ਨੇੜੇ ਝੂਠਾ 'ਪੁਲਸ ਮੁਕਾਬਲਾ' ਦਿਖਾ ਕੇ ਹਲਾਕ ਕਰ ਦਿੱਤਾ। ਉਸ ਨਾਲ ਸਿੱਖ ਕੌਮ ਦੇ ਜੁਝਾਰੂ ਵਰਗਾਂ ਅੰਦਰ ਦਰਬਾਰਾ ਸਿੰਘ ਦੀ ਸਰਕਾਰ ਤੇ ਉਸ ਦੇ ਗ਼ੈਰ-ਕਾਨੂੰਨੀ ਹੁਕਮਾਂ ਉੱਤੇ ਅਮਲ ਕਰਨ ਵਾਲੇ ਪੁਲਸ ਮੁਲਾਜ਼ਮਾਂ ਦੇ ਖ਼ਿਲਾਫ਼ ਗ਼ੁੱਸੇ ਦਾ ਉਬਾਲ ਉਠ ਖੜਾ ਹੋਇਆ। ਇਸ ਵੇਲੇ ਤਕ ਜੁਝਾਰੂ ਸਿੰਘ ਜ਼ਿਆਦਾ ਕਰਕੇ ਨਿਰੰਕਾਰੀਆਂ ਜਾਂ ਨਿਰੰਕਾਰੀਆਂ ਦਾ ਪੱਖ ਪੂਰਨ ਵਾਲੇ ਕੁਝ ਹਿੰਦੂ ਫ਼ਿਰਕਾਪ੍ਰਸਤ ਤੱਤਾਂ ਨੂੰ ਹੀ ਆਪਣੇ ਗ਼ੁੱਸੇ ਦਾ ਨਿਸ਼ਾਨਾ

ਬਣਾਉਂਦੇ ਆ ਰਹੇ ਸਨ। ਪਰ ਦਰਬਾਰਾ ਸਿੰਘ ਦੀ ਸਰਕਾਰ ਵੱਲੋਂ ਝੂਠੇ ਪੁਲਸ ਮੁਕਾਬਲਿਆਂ ਦਾ ਗ਼ੈਰ-ਜਮਹੂਰੀ ਤੇ ਗ਼ੈਰ-ਕਾਨੂੰਨੀ ਛੇੜਾ ਛੇੜ ਦੇਣ ਨਾਲ ਸਿੱਖ ਨੌਜੁਆਨਾਂ ਦੀਆਂ ਖਾੜਕੂ ਕਾਰਵਾਈਆਂ ਨੇ ਨਵਾਂ ਆਕਾਰ-ਪਸਾਰ ਅਖ਼ਤਿਆਰ ਕਰ ਲਿਆ। ਹੁਣ ਉਨ੍ਹਾਂ ਇਨਸਾਫ਼ ਤੇ ਬਦਲੇ ਦੀ ਭਾਵਨਾ ਨਾਲ ਚੋਣਵੇਂ ਪੁਲਸ ਮੁਲਾਜ਼ਮਾਂ ਦੇ ਕਤਲਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ। ਇਸ ਨਾਲ ਰਾਜ ਭਾਗ ਅੰਦਰਲੇ ਸਿੱਖ-ਵਿਰੋਧੀ ਤੱਤਾਂ ਨੂੰ ਸਿੱਖ ਸੰਘਰਸ਼ ਉੱਤੇ ਹੋਰ ਵੱਧ ਵਹਿਸ਼ੀ ਜ਼ੁਲਮ ਢਾਉਣ ਦਾ ਢੁਕਵਾਂ ਬਹਾਨਾ ਮਿਲ ਗਿਆ। ਇਸ ਦੇ ਨਾਲ ਹੀ ਪੰਜਾਬ ਨੂੰ ਅਮਲੀ ਤੌਰ 'ਤੇ ਇਕ ਪੁਲਸ ਰਾਜ ਵਿੱਚ ਤਬਦੀਲ ਕਰਨ ਦਾ ਸਿਲਸਿਲਾ ਜ਼ੋਰਾਂ-ਸ਼ੋਰਾਂ ਨਾਲ ਸ਼ੁਰੂ ਹੋ ਗਿਆ। ਫਿਰ ਜਿਵੇਂ ਕਿ ਅਜਿਹੀ ਹਾਲਤ ਵਿੱਚ ਅਕਸਰ ਵਾਪਰਦਾ ਹੈ, ਹਕੂਮਤੀ ਜਬਰ ਦਾ ਹਰ ਝੋਕਾ ਜੁਆਬੀ ਹਿੰਸਾ ਦੇ ਹੋਰ ਵੱਡੇ ਭਾਂਬੜ ਬਾਲਣ ਦਾ ਸਬੱਬ ਬਣਦਾ ਚਲਾ ਗਿਆ। ਸਿੱਖ ਕੌਮ ਦੇ ਜੁਝਾਰੂ ਹਿੱਸਿਆਂ ਅੰਦਰ ਹਕੂਮਤੀ ਹਿੰਸਾ ਦਾ ਜੁਆਬ ਹਿੰਸਾ ਵਿੱਚ ਦੇਣ ਦੀ ਸੋਚ ਤੇ ਰੁਚੀ ਤੇਜ਼ੀ ਨਾਲ ਜ਼ੋਰ ਫੜਨ ਲੱਗੀ। ਸੂਰਮਗਤੀ ਤੇ ਕੁਰਬਾਨੀਆਂ ਦੇ ਬੇਸ਼ੁਮਾਰ ਕਿੱਸਿਆਂ ਨਾਲ ਸ਼ਿੰਗਾਰੇ ਸਿੱਖ ਇਤਿਹਾਸ ਤੇ ਵਿਰਸੇ ਨੂੰ ਮੁੜ ਚਿਤਾਰਿਆ ਜਾਣ ਲੱਗਾ ਅਤੇ ਧਰਮ ਦੀ ਰਾਖੀ ਲਈ ਹਿੰਸਾ ਦੇ ਹਥਿਆਰ ਦੀ ਵਰਤੋਂ ਨੂੰ ਖੁੱਲ੍ਹੇਆਮ ਉੱਚਿਤ ਤੇ ਜ਼ਰੂਰੀ ਠਹਿਰਾਇਆ ਜਾਣ ਲੱਗਾ। ਅਜਿਹੀ ਹਾਲਤ ਵਿੱਚ, ਸੁਭਾਵਿਕ ਹੀ, ਰਵਾਇਤੀ ਅਕਾਲੀ ਲੀਡਰਸ਼ਿਪ ਰਾਜਨੀਤਕ ਤੌਰ 'ਤੇ ਕਸੂਤੀ ਹਾਲਤ 'ਚ ਘਿਰਦੀ ਚਲੀ ਗਈ, ਜਦੋਂ ਕਿ ਇਸੇ ਹੀ ਅਨੁਪਾਤ ਵਿੱਚ ਸਿੱਖ ਕੌਮ ਅੰਦਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਮਕਬੂਲੀਅਤ ਤੇ ਮੰਨਤਾ ਪੱਕੇ ਪੈਰੀਂ ਹੁੰਦੀ ਚਲੀ ਗਈ।

ਸੰਘਰਸ਼ ਦੇ ਅੰਦਰੂਨੀ ਮੋਰਚੇ 'ਤੇ ਗਰਮ-ਖ਼ਿਆਲੀ ਧਾਰਾ ਨਾਲ ਤਿੱਖੀ ਮੁਕਾਬਲੇਬਾਜ਼ੀ ਵਿੱਚ ਉਲਝੀ ਹੋਈ ਅਕਾਲੀ ਲੀਡਰਸ਼ਿਪ ਉੱਤੇ ਸੰਘਰਸ਼ ਅੰਦਰ ਵਧੇਰੇ ਕਰਾਰ ਤੇ ਤੀਖਣਤਾ ਲਿਆਉਣ ਲਈ ਭਾਰੀ ਦਬਾਅ ਪੈਣ ਲੱਗਾ। ਅੰਦਰੂਨੀ ਹਾਲਤਾਂ ਦੀ ਇਸ ਲੋੜ ਤੇ ਦਬਾਅ ਅਧੀਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਸਿੱਖ ਕਾਜ ਲਈ ਆਪਾ ਵਾਰਨ ਵਾਸਤੇ ਤਤਪਰ ਇਕ ਲੱਖ 'ਮਰਜੀਵੜੇ' ਭਰਤੀ ਕਰਨ ਦਾ ਐਲਾਨ ਕਰ ਦਿੱਤਾ।[2] 1983 ਦੀ ਵਿਸਾਖੀ ਦੇ ਪੁਰਬ 'ਤੇ ਅਕਾਲੀ ਦਲ ਦੇ ਸਮਰਥਕ 30 ਹਜ਼ਾਰ ਤੋਂ ਵੀ ਵੱਧ ਸਿੱਖ ਨੌਜੁਆਨਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਹ ਸੌਂਹਾਂ ਖਾਧੀਆਂ ਕਿ ਉਹ ਸਿੱਖ ਸੰਘਰਸ਼ ਦੌਰਾਨ ਲੋੜ ਪੈਣ 'ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਹੁਕਮ 'ਤੇ ਕੋਈ ਵੀ ਕੁਰਬਾਨੀ ਕਰਨ ਤੋਂ ਪਿਛਾਂਹ ਨਹੀਂ ਹਟਣਗੇ। ਇਸ ਤਰ੍ਹਾਂ 12 ਮਈ ਤਕ ਅਕਾਲ ਤਖ਼ਤ ਉੱਤੇ ਪ੍ਰਣ ਕਰਨ ਵਾਲੇ ਅਜਿਹੇ 'ਮਰਜੀਵੜਿਆਂ' ਦੀ ਗਿਣਤੀ ਇਕ ਲੱਖ ਦੀ ਸੰਖਿਆ ਨੂੰ ਪਾਰ ਕਰ ਗਈ।[3] 21 ਫ਼ਰਵਰੀ 1983 ਨੂੰ ਅਕਾਲੀ ਦਲ ਨਾਲ ਸਬੰਧਤ ਲੋਕ ਸਭਾ ਦੇ ਤਿੰਨ ਤੇ ਵਿਧਾਨ ਸਭਾ ਦੇ 35 ਮੈਂਬਰਾਂ ਨੇ ਭਾਰਤ ਸਰਕਾਰ ਦੇ ਸਿੱਖ-ਦੁਸ਼ਮਣ ਵਤੀਰੇ ਵਿਰੁੱਧ ਰੋਸ ਪ੍ਰਗਟ ਕਰਨ ਲਈ ਆਪਣੀਆਂ ਮੈਂਬਰੀਆਂ ਤੋਂ ਅਸਤੀਫ਼ੇ ਦੇ ਦਿੱਤੇ। ਆਪਣੇ ਇਹ ਤਿੱਖੇ ਤੇਵਰ ਜਾਰੀ ਰੱਖਦਿਆਂ ਹੋਇਆਂ ਅਕਾਲੀ ਲੀਡਰਸ਼ਿਪ ਨੇ 22 ਫ਼ਰਵਰੀ ਨੂੰ ਇਹ ਚੱਕਵਾਂ ਬਿਆਨ ਦੇ ਦਿੱਤਾ ਕਿ ਅਕਾਲੀ ਦਲ ਭਾਰਤ ਸਰਕਾਰ ਨਾਲ ਕਿਸੇ ਵੀ ਗੱਲਬਾਤ ਦੇ ਅਮਲ ਵਿੱਚ ਸ਼ਾਮਲ ਨਹੀਂ ਹੋਵੇਗਾ ਅਤੇ ਇਸ ਤੋਂ ਬਾਅਦ ਜੇਕਰ ਕੋਈ ਗੱਲਬਾਤ ਹੋਈ ਤਾਂ ਉਹ ਸਿੱਧੀ ਰਾਸ਼ਟਰਪਤੀ ਨਾਲ ਹੀ ਹੋ ਸਕੇਗੀ।[4] ਕਸੂਤੀ ਰਾਜਨੀਤਕ ਸਥਿਤੀ ਵਿੱਚ ਘਿਰੇ ਅਤੇ ਕਰੋਧ 'ਚ ਆਏ ਅਕਾਲੀ ਆਗੂਆਂ ਨੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਵੀ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣ ਦੀਆਂ ਸਲਾਹੁਤਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ।[5] ਸਿੱਖ ਕੌਮ ਅੰਦਰ ਤੇਜ਼ੀ ਨਾਲ

ਪਸਰ ਰਹੇ ਖਾੜਕੂ ਰੌਅ ਦੀ ਗੰਭੀਰਤਾ ਨੂੰ ਦੇਖਦਿਆਂ ਹੋਇਆਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਇੰਦਰਾ ਗਾਂਧੀ ਨੂੰ ਗੁੱਸੇ ਭਰੇ ਸ਼ਬਦਾਂ ਵਿੱਚ ਤਾੜਨਾ ਕੀਤੀ ਕਿ ਉਹ ਅੱਗ ਨਾਲ ਖੇਡਣਾ ਤੇ ਸਿੱਖਾਂ ਦੇ ਖ਼ੂਨ ਨਾਲ ਹੋਲੀ ਖੇਡਣੀ ਬੰਦ ਕਰ ਦੇਵੇ।[6]

ਪ੍ਰੰਤੂ ਇੰਦਰਾ ਗਾਂਧੀ ਨੇ ਸਿੱਖ ਭਾਈਚਾਰੇ ਨੂੰ ਜਿੱਚ ਕਰਨ ਤੇ ਸਿੱਖ ਲੀਡਰਸ਼ਿਪ ਨੂੰ ਟਿੱਚ ਕਰਕੇ ਜਾਣਨ ਦੀ ਆਪਣੀ ਮੰਦਭਾਵੀ ਰਾਜਨੀਤੀ ਜਾਰੀ ਰੱਖੀ। 27 ਫ਼ਰਵਰੀ ਨੂੰ ਉਸ ਨੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਦਿੱਲੀ ਦੇ ਸਿੱਖ ਭਾਈਚਾਰੇ ਅੰਦਰਲੇ ਆਪਣੇ ਕੁਝ ਝੋਲੀਚੁੱਕਾਂ ਦੁਆਰਾ ਬੁਲਾਏ ਗਏ ਇਕੱਠ ਨੂੰ ਸੰਬੋਧਨ ਕਰਦਿਆਂ ਹੋਇਆਂ ਸਿੱਖਾਂ ਦੀਆਂ ਕੁਝ ਧਾਰਮਿਕ ਮੰਗਾਂ ਮੰਨ ਲੈਣ ਦਾ ਇਕ ਤਰਫ਼ਾ ਐਲਾਨ ਕਰ ਦਿੱਤਾ।[7] ਅਸਲ ਵਿੱਚ ਸਿਰਫ਼ ਦੋ ਹੀ ਮੰਗਾਂ ਮੰਨੀਆਂ ਗਈਆਂ। ਇਕ ਆਲ ਇੰਡੀਆ ਰੇਡੀਓ ਜਲੰਧਰ ਤੋਂ ਰੋਜ਼ਾਨਾ ਸ੍ਰੀ ਦਰਬਾਰ ਸਾਹਿਬ ਤੋਂ ਕੁਝ ਸਮੇਂ ਲਈ ਗੁਰਬਾਣੀ ਦਾ ਕੀਰਤਨ ਰੀਲੇਅ ਕਰਨ ਅਤੇ ਦੂਜਾ ਸਿੱਖਾਂ ਨੂੰ ਦੇਸ ਦੇ ਅੰਦਰ ਹਵਾਈ ਸਫ਼ਰ ਦੌਰਾਨ ਨੌਂ ਇੰਚੀ ਕਿਰਪਾਨ ਪਹਿਨਣ ਦੀ ਛੋਟ ਦੇਣ ਬਾਰੇ। ਸਿੱਖਾਂ ਦੀ ਸਭ ਤੋਂ ਉਭਰਵੀਂ ਧਾਰਮਿਕ ਮੰਗ, ਕੁੱਲ-ਹਿੰਦ ਗੁਰਦੁਆਰਾ ਐਕਟ ਬਣਾਉਣ ਬਾਰੇ ਇਕ ਵਾਰ ਫਿਰ ਸਿੱਖ ਕੌਮ ਨੂੰ ਫੋਕੇ ਲਾਰਿਆਂ ਨਾਲ ਵਰਚਾਉਣ ਦੀ ਕੋਸ਼ਿਸ਼ ਕੀਤੀ ਗਈ। ਪੰਜਾਬੀ ਸੂਬੇ ਦੀ ਸਥਾਪਨਾ ਵੇਲੇ ਪੰਜਾਬ ਨਾਲ ਹੋਏ ਸ਼ਰੀਹਣ ਵਿਤਕਰੇ ਤੇ ਧੱਕੇ ਬਾਰੇ ਅਤੇ ਆਨੰਦਪੁਰ ਸਾਹਿਬ ਦੇ ਮਤੇ ਵਿੱਚ ਦਰਜ ਸਿੱਖਾਂ ਦੀ ਸ਼੍ਰੋਮਣੀ ਰਾਜਨੀਤਕ ਮੰਗ, ਦੇਸ ਅੰਦਰ ਹਕੀਕੀ ਫ਼ੈਡਰਲ ਢਾਂਚੇ ਦੀ ਉਸਾਰੀ ਬਾਰੇ ਇੰਦਰਾ ਗਾਂਧੀ ਨੇ ਰਸਮੀ ਜ਼ਿਕਰ ਤਕ ਕਰਨਾ ਵੀ ਜ਼ਰੂਰੀ ਨਾ ਸਮਝਿਆ। ਅਗਲੇ ਦਿਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਇੰਦਰਾ ਗਾਂਧੀ ਦੇ ਇਸ ਐਲਾਨ ਨੂੰ 'ਸਿੱਖਾਂ ਨਾਲ ਫ਼ਰਾਡ' ਦਾ ਢੁਕਵਾਂ ਨਾਉਂ ਦਿੰਦੇ ਹੋਏ ਸਿੱਖਾਂ ਦੀਆਂ ਅੱਠ ਪ੍ਰਮੁੱਖ ਮੰਗਾਂ ਦੀ ਸੂਚੀ ਜਾਰੀ ਕਰ ਦਿੱਤੀ ਅਤੇ ਇਨ੍ਹਾਂ ਸਾਰੀਆਂ ਮੰਗਾਂ ਦੀ ਪੂਰਤੀ ਤਕ ਸੰਘਰਸ਼ ਦੇ ਰਾਹ ਉੱਤੇ ਅਡੋਲ ਡਟੇ ਰਹਿਣ ਦਾ ਪ੍ਰਣ ਮੁੜ ਦ੍ਰਿੜ੍ਹਾਇਆ।[8] ਸੰਤ ਲੌਂਗੋਵਾਲ ਨੇ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਹੈਸੀਅਤ ਵਿੱਚ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਬੰਸ ਸਿੰਘ ਮਨਚੰਦਾ ਨੂੰ, ਗੁਰਦੁਆਰਾ ਬੰਗਲਾ ਸਾਹਿਬ ਵਿਖੇ ਇੰਦਰਾ ਗਾਂਧੀ ਦੇ ਸੁਆਗਤ ਤੇ ਸਨਮਾਨ ਹਿਤ ਬੁਲਾਏ ਗਏ ਸਮਾਰੋਹ ਦਾ ਇੰਤਜ਼ਾਮ ਕਰਨ ਦੇ ਦੋਸ਼ ਬਦਲੇ ਅਕਾਲੀ ਦਲ ਦੀ ਮੁੱਢਲੀ ਮੈਂਬਰਸ਼ਿਪ ਤੋਂ ਖ਼ਾਰਜ ਕਰ ਦਿੱਤਾ। ਕੁਝ ਚਿਰ ਬਾਅਦ ਸ: ਮਨਚੰਦਾ ਨੂੰ ਦਿੱਲੀ ਵਿਖੇ ਸਿੱਖ ਜੁਝਾਰੂਆਂ ਨੇ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ।

ਨੌਂ ਮਹੀਨਿਆਂ ਤੋਂ ਚੱਲ ਰਹੇ ਧਰਮ ਯੁੱਧ ਮੋਰਚੇ ਅੰਦਰ ਹੋਰ ਵੱਧ ਤੇਜ਼ੀ ਲਿਆਉਣ ਦੇ ਮੰਤਵ ਨਾਲ ਅਕਾਲੀ ਦਲ ਨੇ ਚਾਰ ਅਪ੍ਰੈਲ (1983) ਨੂੰ ਪੰਜਾਬ ਅੰਦਰ ਹਰ ਕਿਸਮ ਦੀ ਸੜਕੀ ਆਵਾਜਾਈ ਠੱਪ ਕਰ ਦੇਣ ਦਾ ਸੱਦਾ ਦੇ ਦਿੱਤਾ। 'ਰਸਤਾ ਰੋਕੋ' ਦੇ ਇਸ ਕਾਰਵਾਈ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਸਫਲ ਬਣਾਉਣ ਲਈ ਅਕਾਲੀ ਲੀਡਰਸ਼ਿਪ ਨੇ ਵੱਧ ਤੋਂ ਵੱਧ ਭਰਵੀਂ ਜਨਤਕ ਸ਼ਮੂਲੀਅਤ ਕਰਵਾਉਣ ਦੀਆਂ ਤਿਆਰੀਆਂ ਕਰ ਲਈਆਂ। ਇਸੇ ਦੌਰਾਨ ਇੰਦਰਾ ਗਾਂਧੀ ਨੇ ਸਿੱਖ ਸੰਘਰਸ਼ ਦੀ ਸੱਤਿਆ ਚੂਸ ਲੈਣ ਦੇ ਇਰਾਦੇ ਨਾਲ ਇਕ ਹੋਰ ਛਲਾਵੇ ਭਰੀ ਰਾਜਨੀਤਕ ਚਾਲ ਚੱਲ ਦਿੱਤੀ। ਉਸ ਨੇ 24 ਮਾਰਚ (1983) ਨੂੰ, ਕੇਂਦਰ-ਰਾਜ ਸੰਬੰਧਾਂ ਬਾਰੇ ਮੁੜ ਵਿਚਾਰ ਕਰਨ ਤੇ ਇਸ ਸੰਬੰਧੀ ਢੁਕਵੀਆਂ ਸੰਵਿਧਾਨਕ ਸੋਧਾਂ ਸੁਝਾਉਣ ਲਈ ਇਕ-ਮੈਂਬਰੀ ਕਮਿਸ਼ਨ ਮੁਕੱਰਰ ਕਰਨ ਦਾ ਐਲਾਨ ਕਰ ਦਿੱਤਾ ਅਤੇ ਇਸ ਮਕਸਦ ਲਈ, ਗਿਣੇ-ਮਿਥੇ ਰੂਪ ਵਿੱਚ, ਸੁਪਰੀਮ ਕੋਰਟ ਤੋਂ ਸੇਵਾ-ਮੁਕਤ ਹੋਏ ਇਕ ਸਿੱਖ ਜੱਜ ਸ: ਰਣਜੀਤ ਸਿੰਘ ਸਰਕਾਰੀਆ ਦੇ ਨਾਉਂ ਦੀ ਚੋਣ ਕੀਤੀ ਗਈ।[9]

ਅਗਲੇ ਹੀ ਦਿਨ (25 ਮਾਰਚ) ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਇਕ ਪ੍ਰੈੱਸ ਬਿਆਨ ਰਾਹੀਂ 'ਸਰਕਾਰੀਆ ਕਮਿਸ਼ਨ' ਦੀ ਸਥਾਪਨਾ ਦੇ ਐਲਾਨ ਦਾ ਸੁਆਗਤ ਕਰਦਿਆਂ ਹੋਇਆਂ ਨਾਲ ਹੀ ਇਹ ਬਣਦੀ ਮੰਗ ਪੇਸ਼ ਕਰ ਦਿੱਤੀ ਕਿ ਕਮਿਸ਼ਨ ਨੂੰ ਇਕ ਨਿਸ਼ਚਿਤ ਸਮੇਂ ਦੇ ਅੰਦਰ-ਅੰਦਰ ਆਪਣੀ ਰਿਪੋਰਟ ਤਿਆਰ ਕਰਨ ਅਤੇ ਇਸ ਰਿਪੋਰਟ ਉੱਤੇ ਢੁਕਵੀਂ ਕਾਰਵਾਈ ਕਰਨ ਦੇ ਪੱਕੇ ਇੰਤਜ਼ਾਮ ਕੀਤੇ ਜਾਣ।[10] ਇਸ ਦੇ ਨਾਲ ਹੀ ਪੰਜਾਬ ਤੋਂ ਬਾਹਰ ਰੱਖੇ ਗਏ ਪੰਜਾਬੀ ਬੋਲਦੇ ਇਲਾਕਿਆਂ ਦੀ ਨਿਸ਼ਾਨਦੇਹੀ ਕਰਨ ਲਈ ਵੀ ਇਕ ਯੋਗ ਕਮਿਸ਼ਨ ਸਥਾਪਤ ਕਰਨ ਦੀ ਮੰਗ ਮੁੜ ਉਭਾਰੀ ਗਈ। ਉਸ ਸਮੇਂ ਆਮ ਮਾਹੌਲ ਇਹ ਬਣ ਚੁੱਕਾ ਸੀ ਕਿ ਸਿੱਖ ਜਨਤਾ ਭਾਰਤੀ ਹਾਕਮਾਂ ਦੇ ਫੋਕੇ ਐਲਾਨਾਂ ਤੇ ਲਾਰਿਆਂ ਉੱਤੇ ਧਿਜਣ ਦੀ ਥਾਵੇਂ ਠੋਸ ਅਮਲਾਂ ਤੇ ਨਤੀਜਿਆਂ ਦੀ ਮੰਗ ਕਰਨ ਲੱਗ ਪਈ ਸੀ। ਇਸ ਕਰਕੇ ਇੰਦਰਾ ਗਾਂਧੀ ਵੱਲੋਂ ਸਿੱਖਾਂ ਦੀਆਂ ਕੁਝ ਧਾਰਮਿਕ ਮੰਗਾਂ ਨੂੰ ਅੰਸ਼ਕ ਰੂਪ 'ਚ ਪਰਵਾਨ ਕਰ ਲੈਣ ਅਤੇ ਕੇਂਦਰ ਰਾਜ ਸੰਬੰਧਾਂ ਬਾਰੇ ਮੁੜ-ਵਿਚਾਰ ਕਰਨ ਲਈ 'ਸਰਕਾਰੀਆ ਕਮਿਸ਼ਨ' ਸਥਾਪਤ ਕਰਨ ਦੇ ਮਹਿਜ਼ ਰਸਮੀ ਐਲਾਨ ਦਾ ਸਿੱਖ ਸੰਘਰਸ਼ ਉੱਤੇ ਉੱਕਾ ਹੀ ਕੋਈ ਸੀਤਲ ਪ੍ਰਭਾਵ ਨਾ ਪਿਆ। ਉਲਟਾ, ਇਸੇ ਹੀ ਸਮੇਂ ਦੌਰਾਨ ਪੰਜਾਬ ਪ੍ਰਸ਼ਾਸਨ ਦੁਆਰਾ ਉਠਾਏ ਗਏ ਕੁਝ ਕੁਚੱਜੇ ਕਦਮ ਸਿੱਖ ਸੰਘਰਸ਼ ਨੂੰ ਤਾਅ ਦੇਣ ਵਿਚ ਵਧੇਰੇ ਸਹਾਈ ਹੋ ਨਿਬੜੇ। 27 ਮਾਰਚ ਨੂੰ ਪੰਜਾਬ ਪੁਲਸ ਤੇ ਕੇਂਦਰੀ ਸੁਰੱਖਿਆ ਬਲਾਂ ਨੇ ਸ੍ਰੀ ਦਰਬਾਰ ਸਾਹਿਬ ਦੀ ਮਜ਼ਬੂਤ ਨਾਕਾਬੰਦੀ ਕਰ ਲਈ। ਦਰਬਾਰ ਸਾਹਿਬ ਨੂੰ ਜਾਣ ਵਾਲੇ ਸਭਨਾਂ ਰਸਤਿਆਂ ਉੱਤੇ ਪੱਕੀਆਂ ਰੋਕਾਂ ਖੜੀਆਂ ਕਰ ਦਿੱਤੀਆਂ ਗਈਆਂ ਅਤੇ ਸਿੱਖ ਸ਼ਰਧਾਲੂਆਂ ਦੀਆਂ ਜਗ੍ਹਾ-ਜਗ੍ਹਾ ਤਲਾਸ਼ੀਆਂ ਲਈਆਂ ਜਾਣ ਲੱਗ ਪਈਆਂ। ਇਸ ਨਾਲ ਸਿੱਖ ਜਗਤ ਅੰਦਰ ਵਿਆਪਕ ਰੋਸ ਤੇ ਗ਼ੁੱਸਾ ਪੈਦਾ ਹੋ ਗਿਆ। ਸਿੱਖ ਰੌਅ ਦਾ ਸਹੀ ਅਨੁਮਾਨ ਲਾਉਂਦਿਆਂ ਤੇ ਇਸ ਨੂੰ ਢੁਕਵੀਂ ਜ਼ੁਬਾਨ ਦਿੰਦਿਆਂ ਹੋਇਆਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਸਰਕਾਰ ਨੂੰ 24 ਘੰਟਿਆਂ ਦੇ ਅੰਦਰ-ਅੰਦਰ ਦਰਬਾਰ ਸਾਹਿਬ ਦੁਆਲਿਓਂ ਸਾਰੀਆਂ ਰੋਕਾਂ ਹਟਾ ਲੈਣ ਦਾ ਅਲਟੀਮੇਟਮ ਦੇ ਦਿੱਤਾ ਅਤੇ ਇਸ ਉੱਤੇ ਅਮਲ ਨਾ ਹੋਣ ਦੀ ਸੂਰਤ ਵਿਚ ਅਕਾਲੀ ਵਲੰਟੀਅਰਾਂ ਨੂੰ ਇਹ ਰੋਕਾਂ ਖ਼ੁਦ ਉਖਾੜ ਸੁੱਟਣ ਲਈ ਤਿਆਰ ਰਹਿਣ ਦਾ ਜੰਗਜੂ ਸੱਦਾ ਦੇ ਦਿੱਤਾ।[11] ਸੰਤ ਲੌਂਗੋਵਾਲ ਦੀ ਇਹ ਘੁਰਕੀ ਪੂਰੀ ਤਰ੍ਹਾਂ ਕਾਰਗਰ ਸਾਬਤ ਹੋ ਨਿਬੜੀ। ਅਗਲੇ ਹੀ ਦਿਨ ਸਾਰੀਆਂ ਰੋਕਾਂ ਅਲੋਪ ਹੋ ਗਈਆਂ ਅਤੇ ਸਿੱਖ ਸ਼ਰਧਾਲੂਆਂ ਤੇ ਵਾਹਨਾਂ ਦੀਆਂ ਤਲਾਸ਼ੀਆਂ ਦਾ ਸਿਲਸਿਲਾ ਥਾਏਂ ਰੋਕ ਦਿੱਤਾ ਗਿਆ।[12]

ਇਸ ਜਿੱਤ ਦਾ ਸਿੱਖ ਸੰਘਰਸ਼ ਉੱਤੇ ਬਹੁਤ ਹੀ ਉਤਸ਼ਾਹੀ ਪ੍ਰਭਾਵ ਪਿਆ। ਅਜਿਹੇ ਉਤਸ਼ਾਹ ਤੇ ਚੜ੍ਹਤ ਦੇ ਮਾਹੌਲ ਅੰਦਰ ਚਾਰ ਅਪ੍ਰੈਲ ਨੂੰ ਸਿੱਖ ਸੰਗਤਾਂ 'ਰਸਤਾ ਰੋਕੋ' ਦੇ ਸੱਦੇ 'ਤੇ ਆਪਮੁਹਾਰੇ ਭਾਰੀ ਗਿਣਤੀ ਵਿਚ ਸੜਕਾਂ ਉੱਤੇ ਧਰਨੇ ਦੇਣ ਲਈ ਨਿਕਲ ਆਈਆਂ। ਦਰਬਾਰਾ ਸਿੰਘ ਨੇ ਹਿੰਦੂ ਵਰਗ ਨੂੰ ਆਮ ਕਰਕੇ ਤੇ ਦਿੱਲੀ ਦੇ ਹਾਕਮਾਂ ਨੂੰ ਖ਼ਾਸ ਕਰਕੇ ਖ਼ੁਸ਼ ਕਰਨ ਲਈ ਸਰਕਾਰੀ ਹਥਿਆਰਬੰਦ ਦਲਾਂ ਨੂੰ ਸਿੱਖ ਅੰਦੋਲਨਕਾਰੀਆਂ ਨਾਲ ਪੂਰੀ ਸਖ਼ਤੀ ਨਾਲ ਸਿੱਝਣ ਦੀਆਂ ਹਦਾਇਤਾਂ ਦੇ ਦਿੱਤੀਆਂ। ਉਸ ਵੇਲੇ ਤਕ ਪੰਜਾਬ ਅੰਦਰ ਵੱਡੀ ਗਿਣਤੀ ਵਿਚ ਸੀ.ਆਰ.ਪੀ. ਤੈਨਾਤ ਕੀਤੀ ਜਾ ਚੁੱਕੀ ਸੀ ਅਤੇ ਇਸ ਦੇ ਜਵਾਨਾਂ ਦੀ ਵੱਡੀ ਗਿਣਤੀ ਦਾ ਸਬੰਧ ਹਿੰਦੂ ਵਰਗ ਨਾਲ ਹੋਣ ਕਰਕੇ ਉਨ੍ਹਾਂ ਦੀ ਸੋਚ ਤੇ ਵਿਹਾਰ ਉੱਤੇ ਸਿੱਖ-ਵਿਰੋਧੀ ਪ੍ਰਾਪੇਗੰਡੇ ਦਾ ਵਿਆਪਕ ਅਸਰ ਪ੍ਰਗਟ ਹੋਣ ਲੱਗ ਪਿਆ ਸੀ। ਪੰਜਾਬ ਦੀਆਂ ਹਿੰਦੂ ਫ਼ਿਰਕਾਪ੍ਰਸਤ ਜਥੇਬੰਦੀਆਂ ਨੇ ਪੰਜਾਬ ਪੁਲਸ ਉੱਤੇ 'ਹਿੰਦੂ ਵਿਰੋਧੀ' ਤੁਅੱਸਬ ਪਾਲਣ ਦੇ ਖੁੱਲ੍ਹੇ ਦੋਸ਼ ਲਾਉਣੇ ਸ਼ੁਰੂ ਕਰ ਦਿੱਤੇ ਸਨ ਅਤੇ ਉਨ੍ਹਾਂ

ਵੱਲੋਂ ਪੰਜਾਬ ਅੰਦਰ ਹੋਰ ਵੱਡੀ ਗਿਣਤੀ ਵਿੱਚ ਸੀ.ਆਰ.ਪੀ. ਤੈਨਾਤ ਕਰਨ ਦੀ ਮੰਗ ਉਠਾਈ ਜਾਣ ਲੱਗ ਪਈ ਸੀ। ਦਰਬਾਰਾ ਸਿੰਘ ਦੀ ਸਰਕਾਰ ਵੱਲੋਂ ਸਿੱਖ ਅੰਦੋਲਨਕਾਰੀਆਂ ਨਾਲ ਕਰੜੇ ਹੱਥੀਂ ਸਿੱਝਣ ਦਾ ਇਸ਼ਾਰਾ ਮਿਲਦਿਆਂ ਹੀ ਸੀ.ਆਰ.ਪੀ. ਨੂੰ ਆਪਣੀਆਂ ਸਿੱਖ-ਵਿਰੋਧੀ ਭਾਵਨਾਵਾਂ ਉਜਾਗਰ ਕਰਨ ਦੀ ਖੁੱਲ੍ਹੀ ਛੁੱਟੀ ਮਿਲ ਗਈ। 4 ਅਪ੍ਰੈਲ ਨੂੰ ਪੰਜਾਬ ਅੰਦਰ ਅੱਧ ਦਰਜਨ ਤੋਂ ਵੱਧ ਥਾਵਾਂ ਉੱਤੇ ਪੁਲਸ ਤੇ ਸੀ.ਆਰ.ਪੀ. ਨੇ, ਬਿਨਾਂ ਕਿਸੇ ਭੜਕਾਹਟ ਦੇ, ਘਿਨਾਉਣੇ ਖ਼ੂਨੀ ਕਾਂਡ ਰਚ ਮਾਰੇ। ਸਭ ਤੋਂ ਵੱਡਾ ਅਨਰਥ ਕੁੱਪ ਕਲਾਂ (ਜ਼ਿਲ੍ਹਾ ਸੰਗਰੂਰ) ਵਿਖੇ ਵਾਪਰਿਆ ਜਿਥੇ ਸੀ.ਆਰ.ਪੀ. ਨੇ ਪੂਰੀ ਤਰ੍ਹਾਂ ਸ਼ਾਂਤਮਈ ਢੰਗ ਨਾਲ ਧਰਨਾ ਦੇ ਰਹੇ ਸਿੱਖਾਂ ਉੱਤੇ ਅੰਨ੍ਹੇਵਾਹ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਸਿੱਖ ਅੰਦੋਲਨਕਾਰੀਆਂ ਦਾ ਖੇਤਾਂ ਵਿੱਚ ਦੂਰ ਤਕ ਪਿੱਛਾ ਕਰਕੇ ਉਨ੍ਹਾਂ ਨੂੰ ਦਿਨ ਦੇ ਚਿੱਟੇ ਚਾਨਣ ਵਿੱਚ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਸਿੱਖ ਸੰਗਤਾਂ ਦੁਆਰਾ ਧਰਨੇ ਵਾਲੀ ਜਗ੍ਹਾ ਉੱਤੇ ਅੱਪੜਨ ਲਈ ਵਰਤੇ ਗਏ ਟਰੈਕਟਰਾਂ-ਟਰਾਲੀਆਂ ਨੂੰ ਅੱਗਾਂ ਲਾ ਕੇ ਲੂਹ ਦਿੱਤਾ ਗਿਆ। ਇਸ ਇੱਕੋ ਜਗ੍ਹਾ 'ਤੇ ਘੱਟੋ-ਘੱਟ ਛੇ ਸਿੱਖ ਸੀ.ਆਰ.ਪੀ. ਦੀਆਂ ਗੋਲੀਆਂ ਨਾਲ ਹਲਾਕ ਹੋ ਗਏ। ਕੁਝ ਕਿਲੋਮੀਟਰ ਦੀ ਦੂਰੀ 'ਤੇ, ਮਲੇਰਕੋਟਲਾ ਵਿਖੇ ਪੰਜ ਹੋਰ ਸਿੱਖ ਗੋਲੀਆਂ ਨਾਲ ਭੁੰਨ ਦਿੱਤੇ ਗਏ। ਬਾਅਦ ਵਿੱਚ ਇਸ ਘਟਨਾ ਬਾਰੇ ਹਕੀਕੀ ਤੱਥਾਂ ਦਾ ਪਤਾ ਲਾਉਣ ਲਈ ਮੌਕੇ ਵਾਲੀ ਜਗ੍ਹਾ ਉੱਤੇ ਪਹੁੰਚੇ ਵਿਰੋਧੀ ਪਾਰਟੀਆਂ ਦੇ ਇਕ ਉੱਚ-ਪੱਧਰੀ ਵਫ਼ਦ (ਜਿਸ ਵਿੱਚ ਭਾਰਤੀ ਜਨਤਾ ਪਾਰਟੀ ਦੇ ਸ੍ਰੀ ਅਟਲ ਬਿਹਾਰੀ ਵਾਜਪਾਈ ਅਤੇ ਸੀ.ਪੀ.ਐੱਮ. ਦੇ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਵਰਗੇ ਚੋਟੀ ਦੇ ਨੇਤਾ ਸ਼ਾਮਲ ਸਨ) ਨੇ ਇਸ ਖ਼ੂਨੀ ਕਾਂਡ ਲਈ ਪੂਰੀ ਤਰ੍ਹਾਂ ਪੰਜਾਬ ਪ੍ਰਸ਼ਾਸਨ ਤੇ ਸਰਕਾਰੀ ਹਥਿਆਰਬੰਦ ਦਸਤਿਆਂ ਨੂੰ ਦੋਸ਼ੀ ਠਹਿਰਾਇਆ। ਸ੍ਰੀ ਵਾਜਪਾਈ ਨੇ ਅਖ਼ਬਾਰੀ ਨੁਮਾਇੰਦਿਆਂ ਕੋਲ ਆਪਣੇ ਦਿਲ ਦੇ ਭਾਵ ਸਾਂਝੇ ਕਰਦੇ ਹੋਏ ਕਿਹਾ ਕਿ ਉਸ ਨੂੰ "ਮਲੇਰਕੋਟਲਾ ਤੇ ਕੁੱਪ ਕਲਾਂ ਵਿਖੇ ਪੁਲਸ ਦੁਆਰਾ ਰਚੀ ਗਈ ਵਿਨਾਸ਼-ਲੀਲ੍ਹਾ ਦੇਖ ਕੇ ਭਾਰੀ ਮਾਨਸਿਕ ਸਦਮਾ ਪਹੁੰਚਿਆ ਹੈ।" ਕਾਮਰੇਡ ਸੁਰਜੀਤ ਦਾ ਕਹਿਣਾ ਸੀ ਕਿ "ਪੁਲਸ ਦੇ ਅੱਤਿਆਚਾਰ ਦਿਲ ਦਹਿਲਾ ਦੇਣ ਵਾਲੇ ਹਨ।"[13] ਇਸ ਤੋਂ ਇਲਾਵਾ ਪਟਿਆਲਾ, ਰਾਜਪੁਰਾ, ਡੇਰਾ ਬਸੀ, ਫਗਵਾੜਾ, ਫ਼ਿਰੋਜ਼ਪੁਰ ਤੇ ਹੋਰਨਾਂ ਥਾਵਾਂ ਉੱਤੇ ਵੀ ਸ਼ਾਂਤਮਈ ਸਿੱਖ ਅੰਦੋਲਨਕਾਰੀਆਂ ਉੱਤੇ ਬੇਵਜ੍ਹਾ ਗੋਲੀਆਂ ਦੀਆਂ ਬੁਛਾੜਾਂ ਕੀਤੀਆਂ ਗਈਆਂ। ਇਸ ਤਰ੍ਹਾਂ, ਪੰਜਾਬ ਅੰਦਰ ਇੱਕੋ ਹੀ ਦਿਨ ਵਿੱਚ ਪੁਰਅਮਨ ਢੰਗ ਨਾਲ ਰੋਸ ਪ੍ਰਗਟ ਕਰ ਰਹੇ ਵੀਹ ਤੋਂ ਵੱਧ ਨਿਹੱਥੇ ਸਿੱਖਾਂ ਨੂੰ ਬੇਰਹਿਮੀ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

ਜਦ ਕਿਸੇ ਸੰਘਰਸ਼ ਅੰਦਰ ਦੋ ਟਕਰਾਵੇਂ ਵਿਚਾਰਧਾਰਕ ਵਹਿਣ ਵਗ ਰਹੇ ਹੋਣ ਤਾਂ ਸੰਘਰਸ਼ ਦੇ ਦੌਰਾਨ ਵਾਪਰੀ ਹਰ ਘਟਨਾ ਇਸ ਅੰਦਰੂਨੀ ਵਿਚਾਰਧਾਰਕ ਜਦੋਜਹਿਦ ਉੱਤੇ ਆਪਣਾ ਲਾਜ਼ਮੀ ਪ੍ਰਭਾਵ ਛੱਡਦੀ ਹੈ। ਧਰਮਯੁੱਧ ਮੋਰਚੇ ਦੇ ਅਮਲ ਦੌਰਾਨ ਸਿੱਖ ਪੰਥ ਅੰਦਰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਅਪਣਾਏ ਜਾਣ ਵਾਲੇ ਤੌਰ-ਤਰੀਕਿਆਂ ਬਾਰੇ ਇਕ ਅਣਐਲਾਨਿਆ ਪਰ ਬਹੁਤ ਹੀ ਤਿੱਖਾ ਸਿਧਾਂਤਕ ਵਿਵਾਦ ਚੱਲ ਰਿਹਾ ਸੀ। ਅਕਾਲੀ ਲੀਡਰਸ਼ਿਪ ਪੂਰੀ ਤਰ੍ਹਾਂ ਅਤੇ ਪ੍ਰਤੱਖ ਤੌਰ 'ਤੇ ਪੁਰਅਮਨ ਜਦੋਜਹਿਦ ਦੇ ਹੱਕ ਵਿੱਚ ਸੀ ਜਦ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਉਨ੍ਹਾਂ ਦੇ ਹਮਾਇਤੀ 'ਸ਼ਾਂਤੀ' ਦੇ ਸਿਧਾਂਤ ਦਾ ਮਖ਼ੌਲ ਉਡਾਉਂਦੇ ਹੋਏ ਇਸ ਨੂੰ ਸਿੱਖ ਸਿਧਾਂਤਾਂ ਤੇ ਰਵਾਇਤਾਂ ਦੇ ਉਲਟ ਕਰਾਰ ਦਿੰਦੇ ਸਨ। ਅਕਾਲੀ ਲੀਡਰਸ਼ਿਪ ਨੇ ਜਨਤਕ ਲਾਮਬੰਦੀ ਦੇ ਅਮਲ ਨੂੰ, ਬਿਨਾਂ ਸ਼ੱਕ, ਇਸ ਦੇ ਮੰਤਕੀ ਸਿਖਰ ਤਕ ਪਹੁੰਚਾ ਦਿੱਤਾ ਸੀ (ਉਸ ਨੇ ਆਪਣੀਆਂ ਮੰਗਾਂ ਦਾ

ਪ੍ਰਚਾਰ-ਪਸਾਰ ਕਰਨ ਅਤੇ ਸਿੱਖ ਜਨਤਾ ਤੋਂ ਇਲਾਵਾ ਦੇਸ ਦੇ ਹੋਰਨਾਂ ਸਹੀ ਸੋਚਣੀ ਵਾਲੇ ਲੋਕਾਂ ਨੂੰ ਵੀ ਇਨ੍ਹਾਂ ਮੰਗਾਂ ਦੇ ਪੱਖ ਵਿੱਚ ਕਾਇਲ ਕਰ ਲੈਣ ਅਤੇ ਸਭ ਤੋਂ ਵਧ ਕੇ, ਸਿੱਖ ਕੌਮ ਦੇ ਵੱਡੇ ਹਿੱਸਿਆਂ ਨੂੰ ਧਰਮਯੁੱਧ ਮੋਰਚੇ ਦੇ ਹੱਕ ਵਿੱਚ ਨਿਰਣਾਇਕ ਤੌਰ 'ਤੇ ਲਾਮਬੰਦ ਕਰ ਲੈਣ 'ਚ ਕੋਈ ਕਮੀ ਪੇਸ਼ੀ ਨਹੀਂ ਸੀ ਰਹਿਣ ਦਿੱਤੀ) ਪ੍ਰੰਤੂ ਜਨਤਕ ਸੰਘਰਸ਼ ਦੁਆਰਾ ਕੋਈ ਠੋਸ ਨਤੀਜੇ ਨਾ ਕੱਢ ਸਕਣ ਦੀ ਨਾਗਵਾਰ ਹਕੀਕਤ, ਅੰਦਰੂਨੀ ਲੜਾਈ ਅੰਦਰ, ਅਕਾਲੀ ਲੀਡਰਸ਼ਿਪ ਦਾ ਕੋਈ ਫਹੁ ਨਹੀਂ ਸੀ ਪੈਣ ਦੇ ਰਹੀ। ਉੱਤੋਂ, ਹਾਕਮਾਂ ਦੁਆਰਾ ਸਿੱਖ ਕੌਮ ਦੇ ਪੁਰਅਮਨ ਸੰਘਰਸ਼ ਪ੍ਰਤੀ ਧਾਰਨ ਕੀਤਾ ਜਾਬਰ ਵਤੀਰਾ ਅਕਾਲੀ ਲੀਡਰਸ਼ਿਪ ਦੀਆਂ ਰਾਜਸੀ ਮੁਸ਼ਕਲਾਂ ਤੇ ਪ੍ਰੇਸ਼ਾਨੀਆਂ ਵਿੱਚ ਹੋਰ ਵਾਧਾ ਕਰ ਰਿਹਾ ਸੀ। ਇਸ ਨਾਲ ਸਿੱਖ ਸੰਘਰਸ਼ ਅੰਦਰ ਖਾੜਕੂ ਧਾਰਾ ਦਾ ਲਗਾਤਾਰ ਅਤੇ ਤੇਜ਼ੀ ਨਾਲ ਜ਼ੋਰ ਚੜ੍ਹਦਾ ਗਿਆ। 4 ਅਪ੍ਰੈਲ ਨੂੰ ਸਰਕਾਰੀ ਹਥਿਆਰਬੰਦ ਬਲਾਂ ਦੁਆਰਾ ਪੂਰੀ ਤਰ੍ਹਾਂ ਨਿਹੱਥੇ ਤੇ ਪੁਰਅਮਨ ਸਿੱਖ ਅੰਦੋਲਨਕਾਰੀਆਂ ਨੂੰ ਬਿਨਾਂ ਵਜ੍ਹਾ ਗੋਲੀਆਂ ਨਾਲ ਭੁੰਨ ਸੁੱਟਣ ਦੀ ਵਹਿਸ਼ੀ ਕਾਰਵਾਈ ਨੇ ਅਕਾਲੀ ਦਲ ਦੇ ਕੱਟੜ ਸਮਰਥਕਾਂ ਦਾ ਵੀ ਪੁਰਅਮਨ ਜਦੋਜਹਿਦ ਵਿੱਚ ਵਿਸ਼ਵਾਸ ਡੁਲਾ ਦਿੱਤਾ। ਨਤੀਜੇ ਵਜੋਂ ਅਕਾਲੀ ਸਫ਼ਾਂ ਦੇ ਪੂਰਾਂ ਦੇ ਪੂਰ ਅਕਾਲੀ ਲੀਡਰਸ਼ਿਪ ਤੋਂ ਬੇਮੁੱਖ ਹੋ ਕੇ ਸੰਤ ਭਿੰਡਰਾਂਵਾਲੇ ਦੇ ਕੈਂਪ ਵਿੱਚ ਸ਼ਾਮਲ ਹੋਣੇ ਸ਼ੁਰੂ ਹੋ ਗਏ।

ਇਸੇ ਦੌਰਾਨ ਪੰਜਾਬ ਤੇ ਉੱਤਰੀ ਭਾਰਤ ਦੇ ਕੁਝ ਹੋਰਨਾਂ ਥਾਵਾਂ ਉੱਤੇ ਹਿੰਦੂ ਕੱਟੜਪੰਥੀ ਤਾਕਤਾਂ ਨੇ ਵੱਧ ਹਮਲਾਵਰ ਰੁਖ਼ ਅਖ਼ਤਿਆਰ ਕਰਦੇ ਹੋਏ ਆਪਣੀਆਂ ਸਿੱਖ ਵਿਰੋਧੀ ਸਰਗਰਮੀਆਂ ਹੋਰ ਤੇਜ਼ ਕਰ ਦਿੱਤੀਆਂ। ਪੰਜਾਬ ਦੇ ਭਾਰੂ ਹਿੰਦੂ ਵਸੋਂ ਵਾਲੇ ਸ਼ਹਿਰੀ ਖੇਤਰ ਹਿੰਦੂ ਕੱਟੜਪੰਥੀ ਤਾਕਤਾਂ ਦੀਆਂ ਫ਼ਿਰਕੂ ਸਰਗਰਮੀਆਂ ਦੇ ਕੇਂਦਰ ਬਣ ਕੇ ਉਭਰ ਆਏ।[14] ਅੰਮ੍ਰਿਤਸਰ ਦਾ ਦੁਰਗਿਆਨਾ ਮੰਦਰ, ਜਲੰਧਰ ਦਾ ਦੇਵੀ ਤਲਾਬ ਮੰਦਰ ਅਤੇ ਲੁਧਿਆਣਾ ਦਾ ਸ਼ਿਵ ਮੰਦਰ ਹਿੰਦੂ ਫ਼ਿਰਕੂ ਜਥੇਬੰਦੀਆਂ ਦੇ ਸਦਰ ਦਫ਼ਤਰ ਬਣ ਗਏ ਅਤੇ ਇਨ੍ਹਾਂ ਥਾਵਾਂ ਉੱਤੇ ਹੋਣ ਵਾਲੇ ਹਿੰਦੂ ਸਮਾਗਮਾਂ ਉੱਤੇ ਖਰਵਾ ਫ਼ਿਰਕੂ ਅੰਦਾਜ਼ ਹਾਵੀ ਹੋਣ ਲੱਗਾ। ਪਟਿਆਲੇ ਵਿਖੇ 1983 ਦੀ ਰਾਮ ਨੌਮੀ ਵਾਲੇ ਦਿਨ ਹਿੰਦੂ ਸੁਰੱਕਸ਼ਾ ਸੰਮਤੀ ਦੁਆਰਾ ਕੱਢੇ ਗਏ ਜਲੂਸ ਨੇ ਨੰਗਾ ਸਿੱਖ-ਵਿਰੋਧੀ ਫ਼ਿਰਕੂ ਰੁਖ਼ ਅਖ਼ਤਿਆਰ ਕਰ ਲਿਆ। ਜਲੂਸ ਵਿੱਚ ਸ਼ਾਮਲ ਖਰੂਦੀ ਤੱਤਾਂ ਨੇ ਸਿੱਖਾਂ ਦੀਆਂ ਦੁਕਾਨਾਂ ਨੂੰ ਅੱਗਾਂ ਲਾ ਦਿੱਤੀਆਂ ਅਤੇ ਦੋ ਰਾਹਗੀਰ ਸਿੱਖਾਂ ਨੂੰ ਜਾਨੋਂ ਮਾਰ ਸੁੱਟਿਆ। ਮੋੜਵੇਂ ਰੂਪ ਵਿੱਚ ਸਿੱਖਾਂ ਨੇ ਵੀ ਕੁਝ ਹਿੰਦੂ ਦੁਕਾਨਾਂ ਨੂੰ ਅੱਗ ਲਾ ਦਿੱਤੀ।[15] ਥੋੜ੍ਹੇ ਹੀ ਦਿਨਾਂ ਦੇ ਵਕਫ਼ੇ ਬਾਅਦ ਪਟਿਆਲੇ ਵਿਖੇ ਹਿੰਦੂਆਂ ਤੇ ਸਿੱਖਾਂ ਵਿਚਕਾਰ ਫਿਰ ਵੱਡਾ ਫ਼ਸਾਦ ਖੜਾ ਹੋ ਗਿਆ। 2 ਮਈ ਨੂੰ ਜਦ ਸਿੱਖ ਸੰਗਤਾਂ ਦੁਆਰਾ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ 'ਤੇ ਸ਼ਹਿਰ ਦੇ ਸਾਰੇ ਵੱਡੇ ਬਾਜ਼ਾਰਾਂ ਵਿੱਚ ਲਾਊਡ ਸਪੀਕਰ ਲਾ ਕੇ ਇਲਾਹੀ ਗੁਰਬਾਣੀ ਦਾ ਕੀਰਤਨ ਸੰਚਾਰ ਕੀਤਾ ਜਾ ਰਿਹਾ ਸੀ ਤਾਂ ਅਦਾਲਤ ਬਾਜ਼ਾਰ ਦੇ ਇਕ ਹਿੰਦੂ ਦੁਕਾਨਦਾਰ ਨੇ, ਫ਼ਿਰਕੂ ਤੁਅੱਸਬ ਅਧੀਨ, ਲਾਊਡ ਸਪੀਕਰ ਦੀਆਂ ਤਾਰਾਂ ਕੱਟ ਦੇਣ ਦੀ ਹਿਮਾਕਤ ਕਰ ਮਾਰੀ। ਇਸ ਉੱਤੇ ਰੋਹ 'ਚ ਆਏ ਸਿੱਖ ਨੌਜੁਆਨਾਂ ਨੇ ਇਕ ਹਿੰਦੂ ਦੁਕਾਨ ਨੂੰ ਅੱਗ ਲਾ ਦਿੱਤੀ। ਇਸ ਨਾਲ ਦੋਨਾਂ ਧਾਰਮਿਕ ਵਰਗਾਂ ਵੱਲੋਂ ਇਕ ਦੂਜੇ ਉੱਤੇ ਹਮਲੇ ਕਰਨ ਤੇ ਇਕ ਦੂਜੇ ਦੀਆਂ ਦੁਕਾਨਾਂ ਸਾੜਨ ਦਾ ਸਿਲਸਿਲਾ ਮਘ ਤੁਰਿਆ। ਇਹ ਫ਼ਿਰਕੂ ਉਬਾਲ ਲਗਭਗ ਹਫ਼ਤਾ ਭਰ ਜਾਰੀ ਰਿਹਾ। 5 ਮਈ ਨੂੰ ਦੰਗੇ ਕਰ ਰਹੀਆਂ ਹਿੰਦੂ ਭੀੜਾਂ ਉੱਤੇ ਪੁਲਸ ਦੁਆਰਾ ਗੋਲੀ ਚਲਾ ਦੇਣ ਨਾਲ ਇਕ ਹਿੰਦੂ ਨੌਜੁਆਨ ਦੀ ਮੌਤ ਹੋ ਗਈ। ਇਸ 'ਤੇ ਖ਼ਫ਼ਾ ਹੋਏ ਹਿੰਦੂ ਕੱਟੜਵਾਦੀ ਸੰਗਠਨਾਂ ਨੇ ਪੰਜਾਬ ਪੁਲਸ ਉੱਤੇ 'ਫ਼ਿਰਕੂ ਪੱਖਪਾਤ' ਕਰਨ ਦੇ

ਖੁੱਲ੍ਹਮ-ਖੁੱਲ੍ਹੇ ਦੋਸ਼ ਲਾਉਣੇ ਸ਼ੁਰੂ ਕਰ ਦਿੱਤੇ ਅਤੇ ਰਾਜ ਅੰਦਰ ਪੰਜਾਬ ਪੁਲਸ ਨੂੰ ਹਟਾ ਕੇ ਸੀ.ਆਰ.ਪੀ. ਤੈਨਾਤ ਕਰਨ ਦੀ ਫ਼ਿਰਕੂ ਮੰਗ ਉੱਤੇ ਹੋਰ ਵੱਧ ਦੱਬ ਦੇ ਦਿੱਤੀ।[16]

ਘਟਨਾਵਾਂ ਦੇ ਇਸ ਰੁਖ਼ ਤੋਂ ਇਹ ਅਨੁਮਾਨ ਲਾਉਣਾ ਔਖਾ ਨਹੀਂ ਸੀ ਰਿਹਾ ਕਿ ਪੰਜਾਬ ਅੰਦਰ ਸਿੱਖਾਂ ਤੇ ਹਿੰਦੂਆਂ ਵਿਚਕਾਰ ਨਾ ਸਿਰਫ਼ ਡੂੰਘੀ ਰਾਜਨੀਤਕ ਦਰਾੜ ਪੈਦਾ ਹੋ ਚੁੱਕੀ ਸੀ, ਸਗੋਂ ਮਨੋਵਿਗਿਆਨਕ ਪੱਧਰ 'ਤੇ ਵੀ ਦੋਨਾਂ ਵਰਗਾਂ ਵਿਚਕਾਰ ਇਕ ਗਹਿਰਾ ਪਾਟਕ ਪੈ ਗਿਆ ਜਿਸ ਵਿੱਚ ਹਰ ਲੰਘਦੇ ਦਿਨ ਨਫ਼ਰਤ ਤੇ ਦੁਸ਼ਮਣੀ ਦੇ ਨਵੇਂ ਰੰਗ ਘੁਲਦੇ ਜਾ ਰਹੇ ਸਨ। ਇਹ ਹਾਲਤ, ਹੋਰ ਕਿਸੇ ਵੀ ਵਰਗ ਦੀ ਤੁਲਨਾ ਵਿੱਚ, ਅਕਾਲੀ ਲੀਡਰਸ਼ਿਪ ਲਈ ਸਭ ਤੋਂ ਵੱਧ ਖ਼ਤਰਨਾਕ ਤੇ ਨੁਕਸਾਨਦੇਹ ਸਾਬਤ ਹੋ ਰਹੀ ਸੀ। ਸੱਠਵਿਆਂ 'ਚ ਮਾਸਟਰ ਤਾਰਾ ਸਿੰਘ ਨੂੰ ਲਾਂਭੇ ਕਰ ਕੇ ਸੰਤ ਫਤਹਿ ਸਿੰਘ ਦੀ ਅਗਵਾਈ ਹੇਠ ਜੋ ਨਵੀਂ ਅਕਾਲੀ ਲੀਡਰਸ਼ਿਪ ਉਭਰ ਕੇ ਸਾਹਮਣੇ ਆਈ, ਉਸ ਨੇ ਆਪਣੇ ਆਪ ਨੂੰ 'ਅਫ਼ਿਰਕੂ' (ਸੈਕੂਲਰ) ਸਾਬਤ ਕਰਨ 'ਤੇ ਪੂਰਾ ਤਾਣ ਲਾ ਦਿੱਤਾ ਹੋਇਆ ਸੀ। ਪੰਜਾਬ ਅੰਦਰ ਸਿੱਖ ਤੇ ਹਿੰਦੂ ਭਾਈਚਾਰੇ ਵਿਚਕਾਰ ਫ਼ਿਰਕੂ ਸਾਂਝ ਤੇ ਇਕਸੁਰਤਾ ਕਾਇਮ ਕਰਨੀ ਅਤੇ ਬਣਾਈ ਰੱਖਣੀ, ਇਸ ਨਵੀਂ ਅਕਾਲੀ ਲੀਡਰਸ਼ਿਪ ਦਾ ਲਗਭਗ ਦੋ ਦਹਾਕਿਆਂ ਤੋਂ ਪ੍ਰਮੁੱਖ ਰਾਜਨੀਤਕ ਸਰੋਕਾਰ ਬਣਿਆ ਆ ਰਿਹਾ ਸੀ। ਇਹ ਸਿਧਾਂਤਕ ਪੈਂਤੜਾ ਇਸ ਅਕਾਲੀ ਲੀਡਰਸ਼ਿਪ ਦੀ ਵਿਚਾਰਧਾਰਕ ਤਾਸੀਰ ਦੇ ਵੀ ਅਨੁਕੂਲ ਸੀ ਅਤੇ ਉਸ ਦੇ ਰਾਜਸੀ ਹਿਤਾਂ ਦੀ ਵੀ ਪੂਰਤੀ ਕਰਦਾ ਸੀ। ਇਸ ਕਰਕੇ ਪੰਜਾਬ ਅੰਦਰ ਹਿੰਦੂਆਂ ਤੇ ਸਿੱਖਾਂ ਵਿਚਕਾਰ ਪੈਦਾ ਹੋ ਰਹੀ ਫ਼ਿਰਕੂ ਨਫ਼ਰਤ ਅਕਾਲੀ ਲੀਡਰਸ਼ਿਪ ਲਈ ਆਫ਼ਤ ਦੇ ਸੁਨੇਹੇ ਤੋਂ ਘੱਟ ਨਹੀਂ ਸੀ। ਇਸ ਨਾਲ ਉਸ ਲਈ ਵੱਡੇ ਰਾਜਨੀਤਕ ਪੁਆੜੇ ਤੇ ਬਖੇੜੇ ਖੜ੍ਹੇ ਹੋ ਰਹੇ ਸਨ। ਪਰ ਇਸ ਦੇ ਠੀਕ ਉਲਟ, ਇਹੀ ਹਾਲਤ, ਸਿੱਖ ਸੰਘਰਸ਼ ਅੰਦਰਲੀ ਗਰਮ-ਖ਼ਿਆਲੀ ਧਾਰਾ ਲਈ ਬਹੁਤ ਹੀ ਮੁਆਫ਼ਕ ਸਾਬਤ ਹੋ ਰਹੀ ਸੀ। ਇਸ ਨਾਲ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਲਈ ਸਿੱਖ ਕੌਮ ਨੂੰ ਉਸ ਦੇ 'ਦੁਸ਼ਮਣ' ਦੀ ਸਹੀ ਪਛਾਣ ਕਰਵਾਉਣ ਅਤੇ ਸੰਘਰਸ਼ ਦੀ ਧਾਰ ਨੂੰ ਉਨ੍ਹਾਂ ਦੁਆਰਾ ਟਿੱਕੇ ਚੋਟ-ਨਿਸ਼ਾਨੇ ਉੱਤੇ ਸੇਧੀ ਰੱਖਣ ਦਾ ਕਾਰਜ ਆਸਾਨ ਹੋ ਰਿਹਾ ਸੀ।

ਇਸ ਹਾਲਤ ਦਾ ਹੋਰ ਜ਼ਿਆਦਾ ਚਿਰ ਇਸੇ ਤਰ੍ਹਾਂ ਜਾਰੀ ਰਹਿਣਾ ਅਕਾਲੀ ਲੀਡਰਸ਼ਿਪ ਦੇ ਰਾਜਸੀ ਹਿਤ ਵਿੱਚ ਨਹੀਂ ਸੀ। ਉਸ ਦੇ ਪੈਰਾਂ ਹੇਠੋਂ ਆਏ ਦਿਨ ਜ਼ਮੀਨ ਖਿਸਕਦੀ ਜਾ ਰਹੀ ਸੀ। ਉਸ ਦੀ ਇੱਛਾ ਦੇ ਉਲਟ, ਸਿੱਖ ਕੌਮ ਤੇ ਭਾਰਤੀ ਹਾਕਮਾਂ ਵਿਚਕਾਰ ਟਕਰਾਉ ਲਗਾਤਾਰ ਤਿੱਖਾ ਹੋਈ ਜਾ ਰਿਹਾ ਸੀ, ਜਿਸ ਦੇ ਨਤੀਜੇ ਵਜੋਂ ਸਿੱਖ ਕੌਮ ਅੰਦਰ ਖਾੜਕੂ ਵਿਚਾਰਧਾਰਾ ਨੂੰ ਵਿਆਪਕ ਪੈਮਾਨੇ 'ਤੇ ਪ੍ਰਵਾਨਗੀ ਹਾਸਲ ਹੋ ਰਹੀ ਸੀ। ਅਕਾਲੀ ਲੀਡਰਸ਼ਿਪ ਦੇ ਨਰਮਪੰਥੀ ਵਤੀਰੇ ਤੇ ਦਬੂ ਸੁਭਾਅ ਦੇ ਉਲਟ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੁਆਰਾ ਹਿੰਦੂ ਹਾਕਮਾਂ ਪ੍ਰਤੀ ਧਾਰਨ ਕੀਤਾ ਵਧੇਰੇ ਕਰਾਰਾ ਤੇ ਧੜੱਲੇ-ਭਰਿਆ ਪੈਂਤੜਾ ਸਿੱਖ ਕੌਮ ਅੰਦਰਲੇ ਜੁਝਾਰੂ ਮਾਦੇ ਨੂੰ ਵਿਸ਼ੇਸ਼ ਤੌਰ 'ਤੇ ਧੂਹ ਪਾ ਰਿਹਾ ਸੀ ਅਤੇ ਇਹ ਵਰਗ ਸੰਤ ਭਿੰਡਰਾਂਵਾਲੇ ਦਾ ਦਿਵਾਨਾ ਹੋ ਤੁਰਿਆ ਸੀ। ਇਹ ਹਾਲਤ ਨਿਰਾ ਅਕਾਲੀ ਲੀਡਰਸ਼ਿਪ ਨੂੰ ਹੀ ਪ੍ਰੇਸ਼ਾਨ ਨਹੀਂ ਸੀ ਕਰ ਰਹੀ। ਇਸ ਨਾਲ ਸਿੱਖ ਕੌਮ ਅੰਦਰਲੇ ਪਤਵੰਤੇ ਵਰਗਾਂ ਖ਼ਾਸ ਕਰਕੇ ਦਿੱਲੀ 'ਚ ਵਸਦੇ ਸਿੱਖ ਭਾਈਚਾਰੇ ਦੀਆਂ ਕੁਲੀਨ ਪਰਤਾਂ ਅੰਦਰ ਵੀ ਬਰਾਬਰ ਚਿੰਤਾ ਤੇ ਘਬਰਾਹਟ ਪੈਦਾ ਹੋ ਰਹੀ ਸੀ। ਇਹ ਵਰਗ ਅਕਾਲੀ ਲੀਡਰਸ਼ਿਪ ਉੱਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਗਰਮ-ਖ਼ਿਆਲੀ ਵਿਚਾਰਧਾਰਾ ਨਾਲੋਂ ਤਿੱਖਾ ਤੇ ਦੋ-ਟੁਕ ਨਿਖੇੜਾ ਕਰ ਕੇ ਚੱਲਣ ਅਤੇ ਕੋਈ ਵੀ ਗਰਮ-ਮਿਜ਼ਾਜ ਪੈਂਤੜਾ ਅਪਨਾਉਣ ਤੋਂ ਸਖ਼ਤੀ ਨਾਲ ਗੁਰੇਜ਼ ਕਰਨ ਲਈ ਜ਼ੋਰਦਾਰ ਦਬਾਅ ਪਾ ਰਿਹਾ ਸੀ ਅਤੇ

ਅਕਾਲੀ ਲੀਡਰਸ਼ਿਪ ਦੇ ਅੰਦਰ ਅਜਿਹਾ ਦਬਾਅ ਕਬੂਲ ਕਰਨ ਵਾਲੇ ਤੱਤਾਂ ਦੀ ਕਮੀ ਨਹੀਂ ਸੀ। ਕੁਲਦੀਪ ਨਈਅਰ ਮੁਤਾਬਕ ਜੁਲਾਈ 1982 ਵਿੱਚ ਦਿੱਲੀ ਦੀ ਇਕ ਪ੍ਰਭਾਵਸ਼ਾਲੀ ਸਿੱਖ ਹਸਤੀ (ਸ: ਰਾਜਿੰਦਰ ਸਿੰਘ ਭਾਟੀਆ ਜੋ 'ਸਚਿਤਰ ਕੌਮੀ ਏਕਤਾ' ਨਾਉਂ ਦੇ ਮਾਸਿਕ ਰਸਾਲੇ ਦਾ ਮਾਲਕ/ਸੰਪਾਦਕ ਸੀ) ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਪ੍ਰਕਾਸ਼ ਸਿੰਘ ਬਾਦਲ ਨਾਲ ਉਚੇਚੀਆਂ ਮੁਲਾਕਾਤਾਂ ਕਰ ਕੇ ਉਨ੍ਹਾਂ ਨੂੰ ਸੰਤ ਭਿੰਡਰਾਂਵਾਲੇ ਵੱਲੋਂ ਐਲਾਨੇ ਮੋਰਚੇ ਦੀ ਹਮਾਇਤ ਵਿੱਚ ਆਉਣ ਤੋਂ ਵਰਜਣ ਲਈ ਪੂਰੀ ਵਾਹ ਲਾਈ।[17] ਕੁਝ ਵਸੋਂ ਬਾਹਰੇ ਕਾਰਨਾਂ ਕਰਕੇ ਸੰਤ ਲੌਂਗੋਵਾਲ ਤੇ ਸ: ਬਾਦਲ ਚਾਹੁੰਦਿਆਂ ਹੋਇਆਂ ਵੀ ਰਾਜਿੰਦਰ ਸਿੰਘ ਭਾਟੀਆ ਦੀ ਮਨੋਕਾਮਨਾ ਪੂਰੀ ਨਾ ਕਰ ਸਕੇ। ਧਰਮ ਯੁੱਧ ਮੋਰਚਾ ਚਾਲੂ ਹੋ ਜਾਣ ਤੋਂ ਬਾਅਦ ਵੀ ਦਿੱਲੀ ਦੇ ਕੁਝ ਮੋਹਤਵਰ ਪੰਜਾਬੀਆਂ (ਜਿਨ੍ਹਾਂ 'ਚ ਸਿੱਖ ਤੇ ਗ਼ੈਰ-ਸਿੱਖ, ਦੋਨੋਂ ਤਰ੍ਹਾਂ ਦੇ ਲੋਕ ਸ਼ਾਮਲ ਸਨ) ਨੇ ਸਿੱਖ ਕੌਮ ਅੰਦਰ ਤੇਜ਼ੀ ਨਾਲ ਫੈਲ ਪਸਰ ਰਹੀ ਖਾੜਕੂ ਵਿਚਾਰਧਾਰਾ ਤੋਂ ਬੇਤਾਬ ਹੁੰਦਿਆਂ ਹੋਇਆਂ ਸਿੱਖ ਸਮੱਸਿਆ ਦੇ ਛੇਤੀ ਤੇ 'ਨਿਆਂਪੂਰਨ' ਨਿਪਟਾਰੇ ਲਈ ਸਿਰਤੋੜ ਯਤਨ ਜੁਟਾਉਣੇ ਜਾਰੀ ਰੱਖੇ। 'ਪੰਜਾਬੀ ਗਰੁੱਪ' ਦੇ ਨਾਂ ਨਾਲ ਜਾਣੀ ਜਾਂਦੀ ਇਸ ਮਿੱਤਰ-ਢਾਣੀ ਵਿੱਚ ਇੰਦਰ ਕੁਮਾਰ ਗੁਜਰਾਲ, ਲੈਫ਼ਟੀਨੈਂਟ ਜਨਰਲ (ਸੇਵਾ-ਮੁਕਤ) ਜਗਜੀਤ ਸਿੰਘ ਅਰੋੜਾ, ਕੁਲਦੀਪ ਨਈਅਰ, ਰਾਜਿੰਦਰ ਸੱਚਰ, ਨਿਰਮਲ ਮੁਕਰਜੀ, ਰਜਿੰਦਰ ਸਰੀਨ, ਜਸਟਿਸ ਰਣਜੀਤ ਸਿੰਘ ਨਰੂਲਾ, ਏਅਰ ਚੀਫ਼ ਮਾਰਸ਼ਲ (ਸੇਵਾ-ਮੁਕਤ) ਅਰਜਨ ਸਿੰਘ ਤੇ ਡਾ. ਮਹੀਪ ਸਿੰਘ ਵਰਗੀਆਂ ਉੱਘੀਆਂ ਹਸਤੀਆਂ ਸ਼ਾਮਲ ਸਨ। ਇਸ ਗਰੁੱਪ ਦੀਆਂ ਸਰਗਰਮੀਆਂ 'ਚ ਉੱਘੀ ਭੂਮਿਕਾ ਨਿਭਾਉਣ ਵਾਲੇ ਇਸ ਦੇ ਇਕ ਮੈਂਬਰ (ਡਾ. ਮਹੀਪ ਸਿੰਘ) ਨੇ, ਬਾਅਦ ਵਿੱਚ ਇਸ ਗਰੁੱਪ ਦੇ ਉਦੇਸ਼ਾਂ ਤੇ ਸਰੋਕਾਰਾਂ ਦਾ ਖ਼ੁਲਾਸਾ ਕਰਦਿਆਂ ਹੋਇਆਂ ਦੱਸਿਆ ਕਿ, "ਇਸ ਗਰੁੱਪ ਵੱਲੋਂ ਲਗਾਤਾਰ ਇਹ ਯਤਨ ਹੁੰਦਾ ਰਿਹਾ ਸੀ ਕਿ ਕੇਂਦਰ ਸਰਕਾਰ ਤੇ ਅਕਾਲੀ ਦਲ ਦਰਮਿਆਨ ਕੁਝ ਅਜਿਹਾ ਸਨਮਾਨਜਨਕ ਰਾਜਨੀਤਕ ਸਮਝੌਤਾ ਹੋ ਜਾਵੇ ਜਿਸ ਨਾਲ ਪੰਜਾਬ ਵਿੱਚ ਲੋਕਤੰਤਰ ਵਿੱਚ ਵਿਸ਼ਵਾਸ ਰੱਖਣ ਵਾਲੀਆਂ ਤਾਕਤਾਂ ਨੂੰ ਬਲ ਮਿਲੇ ਅਤੇ ਅਤਿਵਾਦੀ ਅਲੱਗ-ਥਲੱਗ ਹੋ ਜਾਣ। ਇਸ ਲਕਸ਼ ਨੂੰ ਸਾਹਮਣੇ ਰੱਖ ਕੇ ਇਸ ਗਰੁੱਪ ਦੇ ਲੋਕ ਇਕ ਪਾਸੇ ਕੇਂਦਰ ਸਰਕਾਰ ਦੇ ਮੰਤਰੀਆਂ ਨਾਲ ਸੰਪਰਕ ਰੱਖਦੇ ਸਨ ਅਤੇ ਦੂਜੇ ਪਾਸੇ ਚੋਟੀ ਦੇ ਅਕਾਲੀ ਨੇਤਾਵਾਂ ਨਾਲ। ਮੈਂ ਖ਼ੁਦ ਇਸ ਗਰੁੱਪ ਨਾਲ ਜੁੜਿਆ ਹੋਇਆ ਸੀ, ਇਸ ਲਈ ਇਕ ਗੱਲ ਬੜੇ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਸਮੇਤ ਸਾਰੇ ਅਕਾਲੀ ਨੇਤਾ ਚਾਹੁੰਦੇ ਸਨ ਕਿ ਕਿਸੇ ਤਰ੍ਹਾਂ ਕੇਂਦਰ ਸਰਕਾਰ ਨਾਲ ਅਜਿਹਾ ਸਮਝੌਤਾ ਹੋ ਜਾਵੇ ਜਿਸ ਨਾਲ ਪੰਜਾਬ ਦੀ ਰਾਜਨੀਤੀ ਵਿੱਚ ਉਨ੍ਹਾਂ ਦੀ ਸ਼ਾਖ਼ ਬਣੀ ਰਹੇ ਅਤੇ ਹਿੰਸਕ ਤੱਤਾਂ ਨੂੰ ਪ੍ਰਭਾਵਹੀਣ ਵੀ ਕੀਤਾ ਜਾ ਸਕੇ।"[18]

ਅਜਿਹੇ ਹੀ ਸਰੋਕਾਰ ਦੇਸ ਦੇ ਕੁਝ ਹੋਰਨਾਂ ਰਾਜਸੀ ਵਰਗਾਂ ਵੱਲੋਂ ਵੀ ਪਰਗਟਾਏ ਜਾ ਰਹੇ ਸਨ। ਦਿੱਲੀ ਦੇ 'ਪੰਜਾਬੀ ਗਰੁੱਪ' ਵਾਂਗ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਤੇ ਉਸ ਵਰਗੇ ਹੋਰਨਾਂ ਲੋਕਾਂ ਵੱਲੋਂ ਵੀ ਲਗਾਤਾਰ ਇਹੀ ਦੁਹਾਈ ਦਿੱਤੀ ਜਾ ਰਹੀ ਸੀ ਕਿ ਅਕਾਲੀ ਲੀਡਰਸ਼ਿਪ ਨੇ ਸੰਤ ਭਿੰਡਰਾਂਵਾਲੇ ਦੇ ਮੋਰਚੇ ਨੂੰ ਅਪਣਾ ਕੇ ਇਕ 'ਬੱਜਰ ਭੁੱਲ' ਕੀਤੀ ਹੈ ਅਤੇ ਇਸ ਨਾਲ ਪੰਜਾਬ ਅੰਦਰ 'ਅੱਤਵਾਦੀ ਤੱਤਾਂ ਦੀ ਚੜ੍ਹ ਮਚੀ ਹੈ।' ਕਾਮਰੇਡ ਸੁਰਜੀਤ ਨੇ ਆਪਣੇ ਅਖ਼ਬਾਰੀ ਲੇਖਾਂ ਤੇ ਬਿਆਨਾਂ ਤੋਂ ਇਲਾਵਾ ਅਕਾਲੀ ਆਗੂਆਂ ਨਾਲ ਆਪਣੀਆਂ ਸਿੱਧੀਆਂ ਮਿਲਣੀਆਂ ਤੇ ਵਾਰਤਾਲਾਪਾਂ ਦੇ ਜ਼ਰੀਏ ਉਨ੍ਹਾਂ ਨੂੰ 'ਠੀਕ ਰਾਹ ਉੱਤੇ ਲਿਆਉਣ', ਅਰਥਾਤ ਉਨ੍ਹਾਂ ਨੂੰ ਸੰਤ ਭਿੰਡਰਾਂਵਾਲੇ ਵਿਰੁੱਧ ਖੁੱਲ੍ਹ ਕੇ ਪੋਜ਼ੀਸ਼ਨ ਲੈਣ ਲਈ ਮਾਨਸਿਕ ਤੇ ਰਾਜਨੀਤਕ ਤੌਰ 'ਤੇ ਪ੍ਰੇਰਨ ਦੀ ਪੂਰੀ ਵਾਹ ਲਾ

ਰੱਖੀ ਹੋਈ ਸੀ। ਪ੍ਰਧਾਨ ਮੰਤਰੀ ਨੂੰ ਲਿਖੇ ਆਪਣੇ ਨਸੀਹਤ-ਨੁਮਾ ਪੱਤਰਾਂ ਵਿੱਚ ਕਾਮਰੇਡ ਸੁਰਜੀਤ ਵੱਲੋਂ ਇਸ ਗੱਲ ਉੱਤੇ ਖ਼ਾਸ ਤੌਰ 'ਤੇ ਦੁੱਖ ਤੇ ਫ਼ਿਕਰ ਪ੍ਰਗਟਾਇਆ ਜਾ ਰਿਹਾ ਸੀ ਕਿ ਧਰਮ ਯੁੱਧ ਮੋਰਚੇ ਨੇ ਸਿੱਖਾਂ ਅੰਦਰ "ਗਰਮਦਲੀ ਰਾਜਨੀਤੀ ਨੂੰ ਹੁਲਾਰਾ ਦਿੱਤਾ ਹੈ" ਅਤੇ ਸਿੱਖ ਜਨਤਾ ਅੰਦਰ "ਦਹਿਸ਼ਤਗਰਦੀ ਦੀਆਂ ਘਟਨਾਵਾਂ ਵਿਰੁੱਧ ਜੋ ਗ਼ੁੱਸਾ ਤੇ ਨਫ਼ਰਤ ਪੈਦਾ ਹੋਣੀ ਚਾਹੀਦੀ ਸੀ, ਉਹ ਨਹੀਂ ਹੋ ਰਹੀ।"[19]

ਸੋ ਉਪਰੋਕਤ ਵੰਨਗੀ ਦੀਆਂ ਤਾਕਤਾਂ ਵੱਲੋਂ ਅਕਾਲੀ ਲੀਡਰਸ਼ਿਪ ਉੱਤੇ ਕੇਂਦਰ ਸਰਕਾਰ ਨਾਲ ਰਾਜਨੀਤਿਕ ਸਮਝੌਤੇ ਲਈ ਭਾਰੀ ਦਬਾਅ ਪਾਇਆ ਜਾ ਰਿਹਾ ਸੀ ਅਤੇ ਨਾਲ ਹੀ ਆਪਣੇ ਵੱਲੋਂ ਵਿਚੋਲਗਿਰੀ ਕਰਨ ਲਈ ਵੀ ਵਧਵਾਂ ਉਤਸ਼ਾਹ ਪ੍ਰਗਟਾਇਆ ਜਾ ਰਿਹਾ ਸੀ। ਉਧਰ ਅਕਾਲੀ ਲੀਡਰਸ਼ਿਪ ਵੀ ਸਮਝੌਤੇ ਲਈ ਕੋਈ ਘੱਟ ਤਿਆਰ ਨਹੀਂ ਸੀ। ਬਾਹਰੀ ਤੌਰ 'ਤੇ ਅਕਾਲੀ ਆਗੂਆਂ ਨੇ ਭਲੇ ਹੀ 'ਸੂਰਮਿਆਂ' ਵਾਲਾ ਅੰਦਾਜ਼ ਧਾਰਨ ਕਰ ਰੱਖਿਆ ਹੋਇਆ ਸੀ ਪ੍ਰੰਤੂ ਅੰਦਰੋਂ ਉਹ ਸਮਝੌਤੇ ਲਈ ਤਰਲੋਮੱਛੀ ਹੋ ਰਹੇ ਸਨ। ਜੇਕਰ ਸੰਘਰਸ਼ ਦੇ ਸਮੁੱਚੇ ਅਰਸੇ ਦੌਰਾਨ ਅਕਾਲੀ ਆਗੂਆਂ ਦੀਆਂ ਕੇਂਦਰ ਸਰਕਾਰ ਨਾਲ ਹੋਈਆਂ ਬਾਕਾਇਦਾ ਰਸਮੀ ਮੀਟਿੰਗਾਂ ਦਾ ਜੋੜ ਲਾਇਆ ਜਾਵੇ ਤਾਂ ਇਨ੍ਹਾਂ ਦੀ ਗਿਣਤੀ ਦੋ ਦਰਜਨ ਦੀ ਸੰਖਿਆ ਨੂੰ ਪਾਰ ਕਰ ਜਾਂਦੀ ਹੈ। ਅਕਾਲੀ ਆਗੂਆਂ ਦੀ ਕੇਂਦਰੀ ਹਾਕਮਾਂ ਨਾਲ ਇਹ ਗੱਲਬਾਤ ਸਿੱਧਮਸਿੱਧੀ ਵੀ ਚੱਲਦੀ ਰਹੀ ਅਤੇ ਵਿਰੋਧੀ ਧਿਰ ਦੇ ਨੁਮਾਇੰਦਿਆਂ ਨੂੰ ਵਿੱਚ ਪਾ ਕੇ 'ਤਿੰਨ ਧਿਰੀ' ਵੀ ਚੱਲਦੀ ਰਹੀ। ਖੁੱਲ੍ਹੀ ਵੀ ਚੱਲਦੀ ਰਹੀ ਤੇ ਨਾਲ ਹੀ ਲੁਕਵੀਂ ਵੀ। ਜਨਵਰੀ 1983 ਤੋਂ ਲੈ ਕੇ ਫ਼ਰਵਰੀ 1984 ਤੱਕ ਇੱਕੋ ਸਾਲ ਅੰਦਰ ਤਿੰਨ ਧਿਰੀ ਗੱਲਬਾਤ ਦੇ ਦਸ ਦੌਰ ਚੱਲੇ। 16 ਨਵੰਬਰ 1982 ਤੋਂ ਲੈ ਕੇ 26 ਮਈ 1984 ਤਕ ਡੇਢ ਸਾਲ ਵਿੱਚ ਘੱਟੋ-ਘੱਟ 9 ਉਚ-ਪੱਧਰੀ ਗੁਪਤ ਮੀਟਿੰਗਾਂ ਹੋਈਆਂ ਜਿਨ੍ਹਾਂ ਵਿੱਚ ਵਾਰੋ-ਵਾਰੀ ਸਾਰੇ ਚੋਟੀ ਦੇ ਅਕਾਲੀ ਆਗੂ ਸ਼ਾਮਲ ਹੁੰਦੇ ਰਹੇ।[20] ਗ਼ੈਰ-ਰਸਮੀ ਸੰਪਰਕਾਂ ਤੇ ਵਿਅਕਤੀਗਤ ਪੱਧਰ 'ਤੇ ਹੁੰਦੀਆਂ ਰਹੀਆਂ ਚੋਰ-ਮਿਲਣੀਆਂ ਦਾ ਹਿਸਾਬ-ਕਿਤਾਬ ਇਸ ਨਾਲੋਂ ਵੱਖਰਾ ਹੈ।

ਸੋ ਸੰਘਰਸ਼ ਦੇ ਕਿਸੇ ਵੀ ਪੜਾਅ ਉੱਤੇ ਅਕਾਲੀ ਆਗੂਆਂ ਨੇ ਕੇਂਦਰੀ ਹਾਕਮਾਂ ਨਾਲ ਸਮਝੌਤੇ ਦੇ ਯਤਨ ਠੱਪ ਨਹੀਂ ਸਨ ਕੀਤੇ। 1981-82 ਵਿੱਚ, ਜਦ ਉਹ ਅਜੇ ਤਾਜ਼ਾ-ਦਮ ਸਨ ਅਤੇ ਕੇਂਦਰ ਸਰਕਾਰ ਉੱਤੇ ਜਨਤਕ ਦਬਾਅ ਪਾ ਕੇ ਉਸ ਨੂੰ ਅਕਾਲੀ ਦਲ ਦੀਆਂ ਕੁਝ ਉਭਰਵੀਂਆਂ ਹੱਕੀ ਮੰਗਾਂ ਮੰਨਣ ਲਈ ਮਜਬੂਰ ਕਰ ਦੇਣ ਪ੍ਰਤੀ ਵਧੇਰੇ ਉਮੀਦ ਤੇ ਵਿਸ਼ਵਾਸ ਨਾਲ ਭਰੇ ਹੋਏ ਸਨ, ਤਾਂ ਉਹ ਸਮਝੌਤੇ ਲਈ ਇਕ ਹੱਦ ਤੋਂ ਵੱਧ ਲਿਫ਼ਣ ਲਈ ਤਿਆਰ ਨਹੀਂ ਸਨ। ਪਰ ਕੇਂਦਰੀ ਹਾਕਮਾਂ ਦੇ ਹਠ ਸਦਕਾ ਧਰਮਯੁੱਧ ਮੋਰਚੇ ਦੇ ਉਮੀਦ ਨਾਲੋਂ ਵੱਧ ਲਮਕ ਜਾਣ ਅਤੇ ਸਿੱਖ ਕੌਮ ਅੰਦਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਉਸ ਦੀ ਖਾੜਕੂ ਵਿਚਾਰਧਾਰਾ ਦੇ ਕਰਾਮਾਤੀ ਰੂਪ ਵਿੱਚ ਤਾਕਤ ਗ੍ਰਹਿਣ ਕਰ ਜਾਣ ਦੀ 'ਨਾਖ਼ੁਸ਼ਗਵਾਰ' ਹਕੀਕਤ ਨੇ ਅਕਾਲੀ ਆਗੂਆਂ ਦੇ ਹੌਸਲੇ ਬੁਰੀ ਤਰ੍ਹਾਂ ਪਸਤ ਕਰ ਦਿੱਤੇ ਸਨ। ਧਰਮਯੁੱਧ ਮੋਰਚੇ ਦੇ ਇਕ ਸਾਲ ਪੂਰਾ ਕਰ ਜਾਣ ਉਪਰੰਤ, ਅਕਾਲੀ ਲੀਡਰਸ਼ਿਪ ਏਨੀ ਕਸੂਤੀ ਰਾਜਨੀਤਕ ਸਥਿਤੀ ਵਿੱਚ ਘਿਰੀ ਮਹਿਸੂਸ ਕਰਨ ਲੱਗ ਪਈ ਸੀ ਕਿ ਉਹ ਸਮਝੌਤੇ ਲਈ ਸਿਰਫ਼ ਉਤਾਵਲੀ ਹੀ ਨਹੀਂ, ਸਗੋਂ ਨਿਰਾਸ਼ਾ ਤੇ ਬੇਦਿਲੀ 'ਚੋਂ, ਮੂਲੋਂ ਹੀ ਕਾਹਲੀ ਪੈ ਗਈ ਹੋਈ ਸੀ। ਅਕਾਲੀ ਆਗੂਆਂ ਦੇ ਇਸ ਉਤਾਵਲੇਪਣ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ 24 ਜਨਵਰੀ 1984 ਤੋਂ ਲੈ ਕੇ 26 ਮਈ 1984 ਤਕ, ਚਾਰ ਮਹੀਨਿਆਂ ਵਿੱਚ, ਉਨ੍ਹਾਂ ਦੀਆਂ ਕੇਂਦਰ ਸਰਕਾਰ ਨਾਲ ਛੇ ਉਚ-ਪੱਧਰੀ ਗੁਪਤ ਮੀਟਿੰਗਾਂ ਹੋਈਆਂ ਜਿਸ ਵਿੱਚ ਜਥੇਦਾਰ ਗੁਰਚਰਨ ਸਿੰਘ ਟੌਹੜਾ,

ਪ੍ਰਕਾਸ਼ ਸਿੰਘ ਬਾਦਲ, ਸੁਰਜੀਤ ਸਿੰਘ ਬਰਨਾਲਾ ਤੇ ਰਵੀਇੰਦਰ ਸਿੰਘ ਵਰਗੇ ਸਾਰੇ ਪ੍ਰਮੁੱਖ ਅਕਾਲੀ ਆਗੂ ਸ਼ਾਮਲ ਹੁੰਦੇ ਰਹੇ। 27 ਤੋਂ ਲੈ ਕੇ 29 ਮਾਰਚ ਤਕ, ਤਿੰਨੇ ਦਿਨ, ਉਪਰੋਥਲੀ ਤਿੰਨ ਮੀਟਿੰਗਾਂ ਹੋਈਆਂ। ਪਹਿਲੇ ਦਿਨ ਚੰਡੀਗੜ੍ਹ ਕਿਸੇ ਦੇ ਨਿੱਜੀ ਗ੍ਰਹਿ ਵਿਖੇ, ਦੂਜੇ ਦਿਨ ਦਿੱਲੀ ਅੰਦਰ ਆਈ.ਬੀ. (ਖ਼ੁਫ਼ੀਆ ਏਜੰਸੀ) ਦੇ ਆਰ.ਕੇ. ਪੁਰਮ ਸਥਿਤ ਗੈਸਟ ਹਾਊਸ ਵਿੱਚ ਅਤੇ ਤੀਜੇ ਦਿਨ ਫਿਰ ਚੰਡੀਗੜ੍ਹ ਉਸੇ ਨਿੱਜੀ ਗ੍ਰਹਿ ਵਿਖੇ। 21 ਅਪ੍ਰੈਲ ਨੂੰ ਜਥੇਦਾਰ ਟੌਹੜਾ, ਸ: ਬਾਦਲ ਤੇ ਸ: ਬਰਨਾਲਾ ਸਮੇਤ ਕੁਝ ਹੋਰਨਾਂ ਅਕਾਲੀ ਆਗੂਆਂ ਨੂੰ ਚੋਰੀ-ਛਿਪੇ ਜੇਲ੍ਹਾਂ 'ਚੋਂ ਕੱਢ ਕੇ ਚੰਡੀਗੜ੍ਹ ਦੇ ਹਵਾਈ ਅੱਡੇ ਦੀ ਡਿਉਢੀ (ਲਾਊਂਜ) 'ਚ 'ਕੱਠੇ ਕੀਤਾ ਗਿਆ ਅਤੇ ਕੇਂਦਰ ਸਰਕਾਰ ਦੀ ਤਰਫ਼ੋਂ ਪੀ.ਵੀ. ਨਰਸਿਮ੍ਹਾ ਰਾਓ ਤੇ ਪ੍ਰਣਬ ਮੁਕਰਜੀ (ਦੋਨੋਂ ਸੀਨੀਅਰ ਵਜ਼ੀਰ) ਤੋਂ ਇਲਾਵਾ ਇੰਦਰਾ ਗਾਂਧੀ ਦੇ ਪ੍ਰਮੁੱਖ ਸਕੱਤਰ ਸ੍ਰੀ ਪੀ.ਸੀ. ਅਲੈਗਜ਼ੈਂਡਰ, ਕੈਬਨਿਟ ਸਕੱਤਰ ਸੀ.ਆਰ. ਕ੍ਰਿਸ਼ਨਾਸਵਾਮੀ ਰਾਓ ਸਾਹਿਬ ਅਤੇ ਦੋ ਹੋਰ ਸੀਨੀਅਰ ਅਫ਼ਸਰ ਅਕਾਲੀ ਆਗੂਆਂ ਨਾਲ ਵਾਰਤਾਲਾਪ ਕਰਨ ਲਈ ਦਿੱਲੀ ਤੋਂ ਸਿੱਧੇ ਚੰਡੀਗੜ੍ਹ ਦੇ ਹਵਾਈ ਅੱਡੇ 'ਤੇ ਪਹੁੰਚੇ। ਇਕ ਮਹੀਨੇ ਬਾਅਦ, 26 ਮਈ ਨੂੰ, ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਤੋਂ ਸਿਰਫ਼ ਇਕ ਹਫ਼ਤਾ ਪਹਿਲਾਂ, ਦਿੱਲੀ ਵਿਖੇ ਫਿਰ ਉਸੇ ਖ਼ੁਫ਼ੀਆ ਟਿਕਾਣੇ ਉੱਤੇ ਅਕਾਲੀ ਆਗੂਆਂ ਤੇ ਕੇਂਦਰ ਸਰਕਾਰ ਦੇ ਨੁਮਾਇੰਦਿਆਂ ਵਿਚਾਲੇ ਗੁਪਤ ਮੀਟਿੰਗਾਂ ਦੀ ਲੜੀ ਦਾ ਨੌਵਾਂ ਤੇ ਆਖ਼ਰੀ ਗੇੜ ਚੱਲਿਆ।[21]

ਮੀਟਿੰਗਾਂ ਦਾ ਇਹ ਵੇਰਵਾ ਦਰਸਾਉਂਦਾ ਹੈ ਕਿ ਅਕਾਲੀ ਆਗੂਆਂ ਨੇ ਆਪਣੇ ਵੱਲੋਂ ਸਮਝੌਤੇ ਦੀ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਜੇਕਰ ਇਹ ਸਮਝੌਤਾ ਨੇਪਰੇ ਨਹੀਂ ਚੜ੍ਹ ਸਕਿਆ ਤਾਂ ਇਸ ਲਈ ਅਕਾਲੀ ਆਗੂਆਂ ਨੂੰ ਕਤਈ ਤੌਰ 'ਤੇ ਜ਼ੁੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਇਸ ਦੀ ਨਿਰੋਲ ਜ਼ੁੰਮੇਵਾਰੀ ਕੇਂਦਰ ਸਰਕਾਰ ਸਿਰ ਆਉਂਦੀ ਹੈ। ਤਿੰਨ ਧਿਰੀ ਗੱਲਬਾਤ ਵਿੱਚ ਸ਼ਾਮਲ ਹੁੰਦੇ ਰਹੇ ਵਿਰੋਧੀ ਧਿਰ ਦੇ ਆਗੂਆਂ, ਸ: ਸਵਰਨ ਸਿੰਘ ਵਰਗੇ ਇੰਦਰਾ ਗਾਂਧੀ ਦੇ ਵਿਸ਼ਵਾਸਪਾਤਰ ਵਿਚੋਲਿਆਂ, ਵਾਰਤਾਲਾਪ ਵਿੱਚ ਗਹਿਰੀ ਦਿਲਚਸਪੀ ਲੈਂਦੀਆਂ ਰਹੀਆਂ ਕੁਝ ਨਾਮਵਰ ਹਸਤੀਆਂ ਅਤੇ ਨਿਰਪੱਖ ਦਰਸ਼ਕਾਂ ਤੇ ਵਿਸ਼ਲੇਸ਼ਕਾਂ 'ਚੋਂ ਕਿਸੇ ਨੇ ਵੀ ਸਮਝੌਤੇ ਦੇ ਯਤਨਾਂ ਦੀ ਨਾਕਾਮਯਾਬੀ ਲਈ ਅਕਾਲੀ ਆਗੂਆਂ ਨੂੰ ਦੋਸ਼ੀ ਨਹੀਂ ਠਹਿਰਾਇਆ। ਸਭ ਨੇ, ਲਗਭਗ ਸਰਬਸੰਮਤੀ ਨਾਲ, ਦੋਸ਼ ਦਾ ਸਾਰਾ ਭਾਂਡਾ ਕੇਂਦਰ ਸਰਕਾਰ ਸਿਰ, ਜਾਂ ਹੋਰ ਵੱਧ ਠੀਕ ਕਹਿਣਾ ਹੋਵੇ ਤਾਂ ਇੰਦਰਾ ਗਾਂਧੀ ਦੇ ਸਿਰ ਹੀ ਭੰਨਿਆ ਹੈ। ਚਸ਼ਮਦੀਦ ਗਵਾਹਾਂ ਤੇ ਜਾਣਕਾਰ ਹਲਕਿਆਂ ਨੇ, ਆਪਣੀਆਂ ਲਿਖਤਾਂ ਤੇ ਜ਼ੁਬਾਨੀ ਕਥਨਾਂ ਰਾਹੀਂ ਇਹ ਤੱਥ ਸਾਰੇ ਜੱਗ ਦੇ ਸਾਹਮਣੇ ਜ਼ਾਹਰ ਕਰ ਦਿੱਤਾ ਹੈ ਕਿ ਬਹੁਤ ਵਾਰੀ ਜਦ ਅਕਾਲੀ ਆਗੂਆਂ ਤੇ ਕੇਂਦਰ ਸਰਕਾਰ ਦੇ ਅਧਿਕਾਰਤ ਨੁਮਾਇੰਦਿਆਂ ਵਿਚਕਾਰ ਸਮਝੌਤੇ ਦੀਆਂ ਸਾਰੀਆਂ ਮੱਦਾਂ ਉੱਤੇ ਸਹਿਮਤੀ ਹੋ ਜਾਂਦੀ ਰਹੀ ਤਾਂ ਐਨ ਆਖ਼ਰੀ ਮੌਕੇ ਇੰਦਰਾ ਗਾਂਧੀ ਵੱਲੋਂ ਇਸ ਨੂੰ ਆਪਹੁਦਰੇ ਢੰਗ ਨਾਲ ਨਕਾਰ ਦਿੱਤਾ ਜਾਂਦਾ ਰਿਹਾ।[22] ਸੋ ਇਸ 'ਚੋਂ ਇਹ ਸਿੱਟਾ ਕੱਢਣਾ ਔਖਾ ਨਹੀਂ ਕਿ ਇੰਦਰਾ ਗਾਂਧੀ ਦਿਲੋਂ ਸਮਝੌਤੇ ਦੀ ਇਛੁੱਕ ਨਹੀਂ ਸੀ। ਉਸ ਦੇ ਇਰਾਦੇ ਤੇ ਗਿਣਤੀਆਂ-ਮਿਣਤੀਆਂ ਹੋਰ ਸਨ। ਉਹ ਆਪਣੀ ਸੋਚੀ-ਵਿਚਾਰੀ ਰਣਨੀਤੀ ਤਹਿਤ ਅਜਿਹੀ ਫ਼ਿਰਕੂ ਖੇਡ ਖੇਡ ਰਹੀ ਸੀ ਜਿਸ ਦਾ ਅੰਤਮ ਨਿਸ਼ਾਨਾ ਸਿੱਖ ਕੌਮ ਉੱਤੇ ਇਕ ਵੱਡਾ ਹੱਲਾ ਬੋਲ ਕੇ ਦੇਸ ਦੀ ਹਿੰਦੂ ਜਨਤਾ ਅੰਦਰ ਵਾਹ-ਵਾਹ ਖੱਟਣੀ ਅਤੇ ਫਿਰ ਇਨ੍ਹਾਂ ਫ਼ਿਰਕੂ ਜਜ਼ਬਾਤਾਂ ਦੀ ਛੱਲ 'ਤੇ ਸਵਾਰ ਹੋ ਕੇ ਜਨਵਰੀ 1972 ਦੀਆਂ ਚੋਣਾਂ ਦਾ ਇਤਿਹਾਸ ਦੁਹਰਾਉਣਾ ਸੀ। ਅਜਿਹੇ ਹਮਲੇ ਲਈ ਉਹ ਕਿਸੇ ਢੁਕਵੇਂ ਮੌਕੇ ਦੀ ਤਾਕ ਵਿੱਚ ਸੀ। ਉਹ ਬੜੇ ਇਹਤਿਆਤ

ਤੇ ਮੁਹਾਰਤ ਨਾਲ ਆਪਣੇ ਕਲਪੇ ਹੋਏ ਨਿਸ਼ਾਨੇ ਵੱਲ ਵਧ ਰਹੀ ਸੀ। ਉਸ ਵੱਲੋਂ ਗਿਣ-ਮਿਥ ਕੇ ਅਜਿਹੀਆਂ ਹਾਲਤਾਂ ਸਿਰਜੀਆਂ ਜਾ ਰਹੀਆਂ ਸਨ ਜਿਨ੍ਹਾਂ ਨਾਲ ਇਕ ਤਾਂ ਸਿੱਖਾਂ ਤੇ ਹਿੰਦੂਆਂ ਵਿਚਕਾਰ ਫ਼ਿਰਕੂ ਵੰਡ ਮੁਕੰਮਲ ਹੋ ਜਾਵੇ। ਦੂਜਾ, ਸਿੱਖ ਕੌਮ ਦੇ ਅੰਦਰ ਵੀ ਆਪਸੀ ਫੁੱਟ ਤੇ ਬੇਵਿਸ਼ਵਾਸੀ ਦਾ ਅਜਿਹਾ ਵਾਤਾਵਰਨ ਪੈਦਾ ਹੋ ਜਾਵੇ, ਜਾਂ ਪੈਦਾ ਕਰ ਦਿੱਤਾ ਜਾਵੇ ਕਿ ਸਿੱਖ ਪੰਥ ਆਪਸੀ ਭਰਾ-ਮਾਰੂ ਜੰਗ ਵਿੱਚ ਉਲਝ ਕੇ ਆਪਣੇ ਹੀ ਹੱਥੀਂ ਲਹੂ-ਲੁਹਾਣ ਹੋ ਕੇ ਰਹਿ ਜਾਵੇ।

ਇਸ ਦ੍ਰਿਸ਼ਟੀ ਤੋਂ ਦੇਖਿਆਂ ਇਹ ਕਹਿਣਾ ਪੂਰਾ ਗ਼ਲਤ ਨਹੀਂ ਹੋਵੇਗਾ ਕਿ ਸਿੱਖ ਸੰਘਰਸ਼ ਅੰਦਰਲੀ ਗਰਮ-ਖ਼ਿਆਲੀ ਧਾਰਾ ਨੂੰ ਇਕ ਖ਼ਾਸ ਹੱਦ ਤਕ ਤਕੜਾਈ ਹਾਸਲ ਕਰ ਲੈਣ ਦੀ ਸੰਕੋਚਵੀਂ ਛੋਟ ਦੇਈ ਰੱਖਣੀ ਇੰਦਰਾ ਗਾਂਧੀ ਦੇ ਫ਼ਿਰਕੂ ਮਨੋਰਥਾਂ ਦੇ ਪੂਰੀ ਤਰ੍ਹਾਂ ਸੂਤ ਬਹਿੰਦਾ ਸੀ। ਖਾੜਕੂ ਹਥਿਆਰਬੰਦ ਕਾਰਵਾਈਆਂ ਨਾਲੋਂ ਵੀ ਵਧ ਕੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਗਰਮਾਇਸ਼ ਉਪਜਾਉਂਦੇ ਬਿਆਨ ਅਤੇ ਭਾਸ਼ਣ ਹਿੰਦੂ ਜਨਤਾ ਦੇ ਮਨਾਂ ਉੱਤੇ ਠੀਕ ਉਹੋ ਜਿਹਾ ਹੀ ਅਸਰ ਛੱਡ ਰਹੇ ਸਨ ਜਿਸ ਦੀ ਇੰਦਰਾ ਗਾਂਧੀ ਨੂੰ ਲੋੜ ਸੀ। ਪਰ ਇਸ 'ਚੋਂ ਇਹ ਸਿੱਟਾ ਕੱਢਣਾ ਕਿਸੇ ਵੀ ਤਰ੍ਹਾਂ ਠੀਕ ਨਹੀਂ ਹੋਵੇਗਾ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ 'ਸ਼ਿੰਗਾਰਿਆ' ਹੀ ਇੰਦਰਾ ਗਾਂਧੀ ਨੇ ਸੀ ਅਤੇ ਉਹ ਜੋ ਕੁਝ ਵੀ ਕਰ ਰਹੇ ਸਨ ਇੰਦਰਾ ਗਾਂਧੀ ਦੀ ਲੋੜ ਤੇ ਰਜ਼ਾ ਅਨੁਸਾਰ ਹੀ ਕਰ ਰਹੇ ਸਨ। ਇਹ ਗੱਲ ਪਹਿਲਾਂ ਵੀ ਭਲੀਭਾਂਤ ਸਪੱਸ਼ਟ ਕੀਤੀ ਜਾ ਚੁੱਕੀ ਹੈ ਕਿ ਇਤਿਹਾਸ ਅੰਦਰ, ਕਿਸੇ ਖ਼ਾਸ ਮੌਕੇ, ਕਿਸੇ ਖ਼ਾਸ ਰਾਜਸੀ ਰੁਝਾਨ ਦੇ ਕਿਸੇ ਖ਼ਾਸ ਰਾਜਸੀ ਧਿਰ ਜਾਂ ਵਿਅਕਤੀ ਵਿਸ਼ੇਸ਼ ਦੇ ਪੱਖ ਵਿੱਚ ਭੁਗਤ ਜਾਣ ਦੀ ਹਕੀਕਤ ਤੋਂ ਸਵੈ-ਸਿਧ ਹੀ ਇਹ ਸਿੱਟਾ ਨਹੀਂ ਨਿਕਲਦਾ ਕਿ ਉਹ ਰੁਝਾਨ ਨਿਰੋਲ ਉਸ ਰਾਜਸੀ ਧਿਰ ਜਾਂ ਵਿਅਕਤੀ-ਵਿਸ਼ੇਸ਼ ਦੀ ਹੀ ਘਾੜਤ ਹੁੰਦੀ ਹੈ ਅਤੇ ਉਸ ਨੂੰ ਇਤਿਹਾਸ ਅੰਦਰ ਜਨਮ ਦੇਣ ਵਾਲੇ ਤੇ ਅਗਾਂਹ ਉਸ ਦੇ ਵਹਿਣ ਨੂੰ ਨਿਰਧਾਰਤ ਕਰਨ ਵਾਲੇ ਕੋਈ ਸੁਤੰਤਰ ਕਾਰਨ ਮੌਜੂਦ ਨਹੀਂ ਹੁੰਦੇ। ਆਜ਼ਾਦ ਭਾਰਤ ਅੰਦਰ ਸਿੱਖ ਕੌਮ ਨਾਲ ਦਹਾਕਿਆਂ ਤੋਂ ਜੋ ਵਿਤਕਰੇ ਤੇ ਅਨਿਆਂ ਭਰਿਆ ਵਰਤਾਉ ਹੁੰਦਾ ਆ ਰਿਹਾ ਸੀ ਅਤੇ ਇਸ ਦੇ ਖ਼ਿਲਾਫ਼ ਸਿੱਖਾਂ ਦੇ ਮਨਾਂ ਅੰਦਰ ਲੰਮੇ ਚਿਰਾਂ ਤੋਂ ਜੋ ਲਾਵਾ ਜਮ੍ਹਾਂ ਹੁੰਦਾ ਆ ਰਿਹਾ ਸੀ, ਉਸ ਨੇ ਆਖ਼ਰ ਤਾਂ ਕਿਤੇ ਜਾ ਕੇ ਭਬੂਕਾ ਬਣ ਕੇ ਮੱਚਣਾ ਹੀ ਸੀ। ਜਿਸ ਕੌਮ ਦੀ ਪਿੱਠ ਉੱਤੇ ਜਬਰ ਤੇ ਬੇਇਨਸਾਫ਼ੀ ਵਿਰੁੱਧ ਤਿੰਨ ਸਦੀਆਂ ਲੰਮੇ ਲਹੂ-ਵੀਟਵੇਂ ਸੰਘਰਸ਼ ਦਾ ਅਨੂਠਾ ਤੇ ਗੌਰਵਸ਼ਾਲੀ ਵਿਰਸਾ ਖੜਾ ਹੋਵੇ, ਉਹ ਅਨਿਆਂ ਤੇ ਜ਼ਲਾਲਤ ਨੂੰ ਕਿੰਨੀ ਕੁ ਦੇਰ ਤਕ ਸਿਰ ਸੁੱਟ ਕੇ ਬਰਦਾਸ਼ਤ ਕਰ ਸਕਦੀ ਹੈ? ਉਸ ਦੇ ਸਬਰ ਦਾ ਬੰਨ੍ਹ ਕਿਸੇ ਦਿਨ ਤਾਂ ਜਾ ਕੇ ਟੁੱਟਣਾ ਹੀ ਸੀ। ਰਹਿੰਦੀ ਕਸਰ ਰਵਾਇਤੀ ਅਕਾਲੀ ਲੀਡਰਸ਼ਿਪ ਦੇ ਸਿਧਾਂਤਕ ਕੁਰਾਹਿਆਂ ਤੇ ਨੈਤਿਕ ਖ਼ਾਮੀਆਂ ਨੇ ਪੂਰੀ ਕਰ ਦਿੱਤੀ ਸੀ। ਅਕਾਲੀ ਆਗੂਆਂ ਨੇ ਜਿਸ ਕਦਰ ਸਿੱਖ ਸੰਘਰਸ਼ ਨੂੰ ਵਾਰ-ਵਾਰ ਅੱਧ ਵਿਚਾਲਿਓਂ ਡੋਬੇ ਦਿੱਤੇ ਅਤੇ ਵਾਰ-ਵਾਰ ਆਪਣੇ ਐਲਾਨਾਂ ਤੇ ਬਚਨਾਂ ਤੋਂ ਸ਼ਰੇਆਮ ਭੱਜ ਨਿਕਲਣ ਦੀ ਇਖ਼ਲਾਕੀ ਕਮਜ਼ੋਰੀ ਦਿਖਾਈ ਇਸ ਨੇ, ਇਤਿਹਾਸ ਅੰਦਰ ਹਮੇਸ਼ਾ ਹੀ ਸਿਰ ਉੱਚਾ ਕਰਕੇ ਜਿਊਣ ਦੇ ਆਦੀ ਸਿੱਖ ਭਾਈਚਾਰੇ ਦੀ ਮਾਨਸਿਕਤਾ ਉੱਤੇ ਬਹੁਤ ਹੀ ਗਹਿਰਾ ਤੇ ਅੰਤਰੀਵ ਘਾਉ ਲਗਾ ਦਿੱਤਾ ਹੋਇਆ ਸੀ। ਅਜਿਹੀਆਂ ਅਪਮਾਨਜਨਕ ਹਾਲਤਾਂ ਦੇ ਸਨਮੁੱਖ, ਕੌਮੀ ਰੋਸ ਤੇ ਮੰਗਾਂ ਨੂੰ ਧੜੱਲੇ ਨਾਲ ਪੇਸ਼ ਕਰਨ ਵਾਲੇ ਕਿਸੇ 'ਮਰਦ ਅਗੰਮੜੇ' ਦੀ ਲੋੜ ਸਿੱਖ ਜਗਤ ਦੀ ਸਮੂਹਿਕ ਤਾਂਘ ਬਣ ਕੇ ਉਭਰ ਆਈ ਸੀ। ਜਦੋਂ ਕੌਮ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਸੋਚ ਤੇ ਸ਼ਖ਼ਸੀਅਤ ਵਿੱਚੋਂ ਆਪਣੀ ਇਸ ਲੋੜ ਤੇ ਇੱਛਾ ਦੀ ਪੂਰਤੀ

ਦੇ ਝਲਕਾਰੇ ਪੈਣ ਲੱਗੇ ਤਾਂ ਉਹ ਇਕ ਦਮ ਆਪਣੇ ਇਸ ਅਦੁੱਤੀ ਜਰਨੈਲ ਪਿੱਛੇ ਲਾਮਬੰਦ ਹੋ ਤੁਰੀ। ਇਸ ਤਰ੍ਹਾਂ ਇਤਿਹਾਸ ਅੰਦਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਇਕ ਬੇਜੋੜ ਸਿੱਖ ਨਾਇਕ ਬਣ ਕੇ ਉਭਰ ਆਉਣ ਦੇ ਸਾਰੇ ਇਮਕਾਨ ਪੈਦਾ ਹੋ ਚੁੱਕੇ ਸਨ। ਇੰਦਰਾ ਗਾਂਧੀ ਨੇ ਇਸ ਅਮਲ ਵਿੱਚ ਜੇ ਕੋਈ ਹੱਥ ਵਟਾਇਆ ਤਾਂ ਉਹ ਇਹ ਕਿ ਉਸ ਨੇ ਆਪਣੀਆਂ ਪੰਥ-ਦੋਖੀ ਨੀਤੀਆਂ ਤੇ ਕਾਰਿਆਂ ਨਾਲ 'ਖੌਲਦੀ ਕੜਾਹੀ' ਦੇ ਹੇਠਾਂ ਬਲ ਰਹੀ ਅੱਗ ਦਾ ਸੇਕ ਮੱਠਾ ਨਹੀਂ ਪੈਣ ਦਿੱਤਾ। ਅਜਿਹਾ ਉਸ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਅਕਾਲੀ ਲੀਡਰਸ਼ਿਪ ਦੇ ਮੁਕਾਬਲੇ 'ਚ ਖੜਾ ਕਰਨ ਦੇ ਸੀਮਤ ਮੰਤਵ ਨੂੰ ਹੀ ਸਾਹਮਣੇ ਰੱਖ ਕੇ ਨਹੀਂ ਕੀਤਾ। ਉਸ ਦਾ ਅਸਲੀ ਮੰਤਵ ਇਸ ਨਾਲੋਂ ਕਿਤੇ ਵੱਡਾ, ਕਿਤੇ ਵੱਧ ਬੁਰਾ ਤੇ ਕਿਤੇ ਜ਼ਿਆਦਾ ਖ਼ਤਰਨਾਕ ਸੀ। ਜਿਵੇਂ ਕਿ ਦੱਸਿਆ ਜਾ ਚੁੱਕਾ ਹੈ, ਉਹ ਦੇਸ ਅੰਦਰ ਤੇਜ਼ੀ ਨਾਲ ਜ਼ੋਰ ਫੜ ਰਹੇ ਹਿੰਦੂ ਪੁਨਰਵਾਦ ਦੇ ਰੁਝਾਨ ਦੀ ਅਗਵਾਨੂੰ ਬਣ ਕੇ ਦੇਸ ਦੀ ਹਿੰਦੂ ਜਨਤਾ ਅੰਦਰ ਆਪਣਾ 'ਦੁਰਗਾ' ਵਾਲਾ ਅਕਸ ਤੇ ਪ੍ਰਭਾਵ ਕਾਇਮ ਕਰਨਾ ਚਾਹੁੰਦੀ ਸੀ। ਉਸ ਦਾ ਇਹ ਫ਼ਿਰਕੂ ਸਿਧਾਂਤਕ ਪੈਂਤੜਾ ਹੀ ਉਸ ਦੀਆਂ ਸਿੱਖ ਕੌਮ ਪ੍ਰਤੀ ਦੁਸ਼ਮਣੀ ਭਰੀਆਂ ਨੀਤੀਆਂ ਤੇ ਅਮਲਾਂ ਦਾ ਸਰੋਤ ਬਣਿਆ ਹੋਇਆ ਸੀ।

ਇਸ ਹਾਲਤ ਪ੍ਰਤੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਜੁਆਬੀ ਪੈਂਤੜੇ ਦਾ ਦਰੁਸਤ ਮੁਲਾਂਕਣ ਕਰਨ ਲਈ ਇੰਦਰਾ ਗਾਂਧੀ ਦੀਆਂ ਸਿੱਖ ਵਿਰੋਧੀ ਫ਼ਿਰਕੂ ਨੀਤੀਆਂ ਤੇ ਕਾਰਵਾਈਆਂ ਨੂੰ ਉਸ ਦੇ ਨਿੱਜ ਤਕ ਸੁੰਗੇੜ ਕੇ ਦੇਖਣ ਦੀ ਬਜਾਏ, ਇਨ੍ਹਾਂ ਨੂੰ ਦੇਸ ਅੰਦਰ ਉਭਰ-ਵਿਗਸ ਰਹੇ ਹਿੰਦੂ ਫ਼ਿਰਕੂ-ਫ਼ਾਸ਼ੀਵਾਦ ਦੇ ਵਰਤਾਰੇ ਦੇ ਵੱਡੇ ਸੰਦਰਭ ਵਿੱਚ ਰੱਖ ਕੇ ਦੇਖਿਆ ਜਾਣਾ ਚਾਹੀਦਾ ਹੈ। ਇੰਦਰਾ ਗਾਂਧੀ ਦੇਸ ਦੇ ਹਿੰਦੂ ਵਰਗ ਅੰਦਰ ਜ਼ੋਰ ਫੜ ਰਹੀ ਫ਼ਿਰਕੂ-ਫ਼ਾਸ਼ੀਵਾਦੀ ਸੋਚ ਅਤੇ ਪ੍ਰਵਿਰਤੀ ਦੀ ਹੀ ਤਰਜਮਾਨੀ ਤੇ ਅਗਵਾਨੀ ਕਰ ਰਹੀ ਸੀ। ਉੱਤਰੀ ਭਾਰਤ ਅੰਦਰ ਆਮ ਕਰਕੇ ਅਤੇ ਪੰਜਾਬ ਤੇ ਹਰਿਆਣੇ ਅੰਦਰ ਖ਼ਾਸ ਕਰਕੇ, ਇਸ ਫ਼ਿਰਕੂ-ਫ਼ਾਸ਼ੀਵਾਦ ਦੀ ਧਾਰ ਰੜਕਵੇਂ ਰੂਪ ਵਿੱਚ ਸਿੱਖ-ਵਿਰੋਧੀ ਸੀ। ਧਾਰਮਿਕ, ਸਭਿਆਚਾਰਕ, ਰਾਜਨੀਤਕ ਤੇ ਪ੍ਰਸ਼ਾਸਨਿਕ ਸਭਨਾਂ ਹੀ ਖੇਤਰਾਂ ਅੰਦਰ ਇਸ ਦਾ ਅਸਰ ਪ੍ਰਤੱਖ ਜ਼ਾਹਰ ਹੋ ਰਿਹਾ ਸੀ। ਅਜਿਹੀ ਭੜਕਾਊ ਅਤੇ ਚੁਣੌਤੀ ਭਰੀ ਹਾਲਤ ਦੇ ਸਨਮੁੱਖ, ਸਿੱਖ ਕੌਮ ਵਰਗੇ ਸੂਰਬੀਰ ਤੇ ਮਾਣਮੱਤੇ ਭਾਈਚਾਰੇ ਨੂੰ ਜਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਰੂਪ ਵਿੱਚ ਇਕ ਸੱਚਾ-ਸੁੱਚਾ, ਨਿਸ਼ਠਾਵਾਨ, ਅਤੇ ਜਾਂਬਾਜ਼ ਆਗੂ ਮਿਲ ਚੁੱਕਾ ਸੀ ਤਾਂ ਸਿੱਖ ਰਾਜਨੀਤੀ ਅੰਦਰ ਨਰਮਪੰਥੀ ਸੋਚ ਦੀ ਚੁਣੌਤੀ-ਰਹਿਤ ਸਰਦਾਰੀ ਦੇ ਦਹਾਕਿਆਂ ਲੰਮੇ ਯੁਗ ਦਾ ਅੰਤ ਹੋਣਾ ਸੁਭਾਵਿਕ ਤੇ ਅਟੱਲ ਬਣ ਕੇ ਰਹਿ ਗਿਆ ਸੀ। ਆਪਣੇ ਵਿਸ਼ੇਸ਼ ਸੁਰ-ਸੰਸਕਾਰਾਂ, ਨਿਸ਼ਠਾ, ਸਿੱਖੀ ਜਜ਼ਬੇ ਤੇ ਅਟੁੱਟ ਵਚਨਬੱਧਤਾ ਦੀ ਵਜ੍ਹਾ ਕਰਕੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਅਜਿਹੀ ਹਾਲਤ ਦੇ ਸਨਮੁੱਖ ਗ਼ੁੱਸੇ ਤੇ ਰੋਹ ਵਿੱਚ ਆਉਣਾ ਅਤੇ ਆਪਣੇ ਇਨ੍ਹਾਂ ਭਾਵਾਂ ਦਾ ਬੇਖ਼ੌਫ਼ ਤੇ ਬੇਬਾਕ ਪ੍ਰਗਟਾਵਾ ਕਰਨਾ ਓਨਾ ਹੀ ਕੁਦਰਤੀ ਸੀ, ਜਿੰਨਾ ਵਧੀਕੀਆਂ ਤੇ ਨਿਰਾਦਰੀਆਂ ਦਾ ਸ਼ਿਕਾਰ ਹੋਏ ਕਿਸੇ ਵੀ 'ਕਣ' ਵਾਲੇ ਸਾਹਸੀ ਵਿਅਕਤੀ ਦਾ ਹੋ ਸਕਦਾ ਹੈ। ਦੇਸ ਦੀ ਆਜ਼ਾਦੀ ਤੋਂ ਬਾਅਦ ਅਕਾਲੀ ਲੀਡਰਸ਼ਿਪ, ਆਪਣੀਆਂ ਕੁਝ ਸਿਧਾਂਤਕ ਮਾਨਤਾਵਾਂ, ਰਾਜਨੀਤਕ ਮਜਬੂਰੀਆਂ ਤੇ ਵਿਅਕਤੀਗਤ ਕਮਜ਼ੋਰੀਆਂ ਦੀ ਵਜ੍ਹਾ ਕਰਕੇ, ਸਭਨਾਂ ਵਿਤਕਰੇਬਾਜ਼ੀਆਂ, ਵਧੀਕੀਆਂ, ਨਿਰਾਦਰੀਆਂ ਤੇ ਭੜਕਾਹਟਾਂ ਨੂੰ ਨਿਮਾਣਿਆਂ ਵਾਂਗ ਜਰਦੀ ਆ ਰਹੀ ਸੀ। ਇਸ ਦੌਰ ਅੰਦਰ ਹਿੰਦੂ ਹਾਕਮਾਂ ਤੇ ਹਿੰਦੂ ਆਗੂਆਂ ਵੱਲੋਂ ਕਈ ਮੌਕਿਆਂ 'ਤੇ ਅਕਾਲੀ ਆਗੂਆਂ ਨੂੰ ਉਨ੍ਹਾਂ ਦੀ ਨਿਗੂਣੀ ਹਸਤੀ ਜਤਾ ਕੇ ਸ਼ਰੇਆਮ 'ਬਲੈਕਮੇਲ' ਕੀਤੇ ਜਾਣ ਦੀਆਂ ਚੋਖੀਆਂ ਉਦਾਹਰਣਾਂ ਮਿਲ ਜਾਂਦੀਆਂ ਹਨ।

ਪਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਮਾਮਲਾ ਇਸ ਨਾਲੋਂ ਮੂਲ ਰੂਪ ਵਿੱਚ ਹੀ ਵੱਖਰਾ ਸੀ। ਇਕ ਤਾਂ ਜਿਸ ਸਿਧਾਂਤਕ ਲੱਗ-ਲਬੇੜ ਨੇ ਅਕਾਲੀ ਆਗੂਆਂ ਨੂੰ ਮਾਨਸਿਕ ਤੌਰ 'ਤੇ ਅਪਾਹਜ ਕਰ ਛੱਡਿਆ ਹੋਇਆ ਸੀ, ਸੰਤ ਭਿੰਡਰਾਂਵਾਲਾ ਉਸ ਤੋਂ ਪੂਰੀ ਤਰ੍ਹਾਂ ਸੁਰਖ਼ਰੂ ਸੀ। ਦੂਜਾ, ਕਿਸੇ ਵੀ ਪਦਵੀ ਜਾਂ ਦੁਨਿਆਵੀ ਪ੍ਰਾਪਤੀ ਦੀ ਲਾਲਸਾ ਨਾ ਹੋਣ ਕਰਕੇ, ਉਹ ਉਨ੍ਹਾਂ ਰਾਜਨੀਤਕ ਕਮਜ਼ੋਰੀਆਂ ਦਾ ਸ਼ਿਕਾਰ ਨਹੀਂ ਸੀ, ਜਿਨ੍ਹਾਂ ਨੇ ਅਕਾਲੀ ਆਗੂਆਂ ਨੂੰ ਬੇਗ਼ੈਰਤੇ ਤੇ ਬੁਜ਼ਦਿਲ ਬਣਾ ਕੇ ਰੱਖ ਦਿੱਤਾ ਹੋਇਆ ਸੀ। ਇਹ 'ਰਾਜਨੀਤਕ ਜਤ-ਸਤ' ਸੰਤ ਭਿੰਡਰਾਂਵਾਲੇ ਦਾ ਬਹੁਤ ਹੀ ਉੱਤਮ ਇਖਲਾਕੀ ਗੁਣ ਹੋ ਨਿਬੜਿਆ। ਵਿਅਕਤੀਗਤ ਕਿਰਦਾਰ ਤੇ ਸੁਭਾਅ ਪੱਖੋਂ ਵੀ ਸੰਤ ਜਰਨੈਲ ਸਿੰਘ ਕਿਸੇ ਦਾ ਨਾਜਾਇਜ਼ ਦਾਬਾ, ਧੌਂਸ ਜਾਂ ਝੇਪ ਮੰਨਣ ਵਾਲਾ ਨਹੀਂ ਸੀ ਅਤੇ ਨਾ ਹੀ ਕਿਸੇ ਕਿਸਮ ਦੇ ਲੋਭ ਜਾਂ ਚਕਮੇ ਵਿੱਚ ਆਉਣ ਵਾਲਾ ਸੀ। ਸੋ ਅਜਿਹੇ ਦਮਦਾਰ ਵਿਅਕਤੀ ਨੂੰ ਦੁਸ਼ਮਣ ਧਿਰ ਵੱਲੋਂ ਆਪਣਾ 'ਏਜੰਟ' ਜਾਂ 'ਹੱਥ-ਠੋਕਾ' ਬਣਾ ਕੇ ਵਰਤ ਜਾਣਾ ਅਤੇ ਉਹ ਵੀ ਉਸ ਦੇ ਆਪਣੇ ਹੀ ਧਰਮ ਤੇ ਭਾਈਚਾਰੇ ਦੇ ਖ਼ਿਲਾਫ਼, ਉਂਜ ਹੀ ਕਲਪਨਾ ਤੋਂ ਬਾਹਰੀ ਗੱਲ ਹੈ। ਉਸ ਨੂੰ ਕਿਸੇ ਵੀ ਤਰ੍ਹਾਂ ਭਰਮਾ ਜਾਂ ਯਰਕਾ ਸਕਣਾ ਨਾਮੁਮਕਿਨ ਵਰਗੀ ਗੱਲ ਸੀ। ਸਗੋਂ ਹੋਇਆ ਇਹ ਕਿ ਰਾਜਨੀਤਕ ਮੰਚ ਉੱਤੇ ਸੰਤ ਜਰਨੈਲ ਸਿੰਘ ਦੀ ਆਮਦ ਨੇ ਹਿੰਦੂ ਹਾਕਮਾਂ ਦੀ ਸਮੁੱਚੀ ਮੰਚਕਲਾ ਨੂੰ ਬਿਖੇਰ ਕੇ ਰੱਖ ਦਿੱਤਾ।

1947 ਦੀ ਸੱਤਾ-ਬਦਲੀ ਤੇ ਬਟਵਾਰੇ ਤੋਂ ਬਾਅਦ ਭਾਰਤ ਦੇ ਰਾਜਸੀਤੰਤਰ ਤੇ ਪ੍ਰਬੰਧਕੀ ਢਾਂਚੇ ਅੰਦਰ ਹਿੰਦੂ ਬਹੁਗਿਣਤੀ ਵਰਗ ਦੀ ਨਿਰਣਾਇਕ ਚੌਧਰ ਸਥਾਪਤ ਹੋ ਜਾਣ ਕਰਕੇ ਘੱਟਗਿਣਤੀ ਧਾਰਮਿਕ ਭਾਈਚਾਰਿਆਂ ਨਾਲ ਸਬੰਧਤ ਲੋਕਾਂ ਅਤੇ ਉਨ੍ਹਾਂ ਦੇ ਆਗੂਆਂ ਵਿੱਚ ਬੇਵਸੀ ਤੇ ਹੀਣਤਾ ਦਾ ਅਹਿਸਾਸ ਘਰ ਕਰ ਗਿਆ। ਨਾ ਸਿਰਫ਼ ਹਿੰਦੂ ਹਾਕਮਾਂ ਨੇ ਉਨ੍ਹਾਂ ਨਾਲ ਦੋਮ-ਦਰਜੇ ਦੇ ਨਾਗਰਿਕਾਂ ਵਾਲਾ ਵਰਤਾਉ ਕਰਨਾ ਸ਼ੁਰੂ ਕਰ ਦਿੱਤਾ ਸਗੋਂ ਖ਼ੁਦ ਇਨ੍ਹਾਂ ਵਰਗਾਂ ਦੇ ਲੋਕ ਤੇ ਆਗੂ ਵੀ ਮਾਨਸਿਕ ਪੱਧਰ 'ਤੇ ਹਿੰਦੂ ਵਰਗ ਦਾ ਡਰ, ਪ੍ਰਭਾਵ ਤੇ ਛੱਪਾ ਕਬੂਲਣ ਲੱਗ ਪਏ। ਇਸ ਹਾਲਤ ਦਾ ਘੱਟਗਿਣਤੀ ਵਰਗਾਂ ਦੀ ਰਾਜਨੀਤੀ ਉੱਤੇ ਗਹਿਰਾ ਪ੍ਰਭਾਵ ਪ੍ਰਗਟ ਹੋਣ ਲੱਗਾ। ਹਿੰਦੂ ਵਰਗ ਦੇ ਆਗੂ, ਇਸ ਤੱਥ ਦਾ, ਘੱਟਗਿਣਤੀ ਵਰਗਾਂ ਨੂੰ ਯਰਕਾਉਣ ਤੇ ਲਿਫਾਉਣ ਲਈ ਨਿਰੰਤਰ ਇਸਤੇਮਾਲ ਕਰਦੇ ਰਹੇ। ਬਹੁਗਿਣਤੀ ਵਰਗ ਦੇ ਇਸ ਹੈਂਕੜ-ਭਰੇ ਧੱਕੜ ਰਵੱਈਏ ਦੇ ਸਨਮੁੱਖ ਘੱਟ-ਗਿਣਤੀ ਵਰਗਾਂ ਨੂੰ ਲਗਾਤਾਰ ਲਿਫਣਾ ਤੇ ਪਿੱਛੇ ਹਟ ਜਾਣਾ ਪੈਂਦਾ ਰਿਹਾ। ਸੰਤ ਜਨਰੈਲ ਸਿੰਘ ਭਿੰਡਰਾਂਵਾਲੇ ਨੇ ਇਸ ਪਿਰਤ ਦਾ ਫ਼ਸਤਾ ਵੱਢਣ ਦਾ ਦ੍ਰਿੜ੍ਹ ਨਿਸ਼ਚਾ ਕਰ ਲਿਆ ਸੀ। ਉਸ ਨੇ ਹਿੰਦੂ ਵਰਗ ਦੀ ਬਹੁਗਿਣਤੀ ਦਾ ਰੋਹਬ ਤੇ ਧੌਂਸ ਮੰਨਣ ਤੋਂ ਕਰਾਰਾ ਜੁਆਬ ਦੇ ਦਿੱਤਾ ਅਤੇ ਸਿੱਖ ਜਨਤਾ ਨੂੰ ਵੀ, ਖ਼ਾਸ ਕਰਕੇ ਇਸ ਦੀ ਰਾਜਸੀ ਤੇ ਧਾਰਮਿਕ ਲੀਡਰਸ਼ਿਪ ਨੂੰ, ਹੀਣ-ਭਾਵਨਾ ਤੇ ਹੌਲ-ਦਿਲੀ ਦੇ ਇਸ ਮਨੋ-ਰੋਗ ਤੋਂ ਮੁਕਤ ਹੋਣ ਲਈ ਤਿੱਖੀ ਵੰਗਾਰ ਪਾਈ। ਭਾਵੇਂ ਅਕਾਲੀ ਲੀਡਰਸ਼ਿਪ 1947 ਤੋਂ ਲੈ ਕੇ ਹੀ ਸਿੱਖ ਕੌਮ ਨਾਲ ਹੋਣ ਵਾਲੀ ਹਰ ਵਿਤਕਰੇਬਾਜ਼ੀ, ਬੇਇਨਸਾਫ਼ੀ ਤੇ ਧੱਕੇਸ਼ਾਹੀ ਵਿਰੁੱਧ ਨਿਰੰਤਰ ਆਪਣਾ ਰੋਸ ਪ੍ਰਗਟਾਉਂਦੀ ਤੇ ਆਪਣੀ ਮੱਤ ਤੇ ਵਿਤ ਦੇ ਹਿਸਾਬ ਨਾਲ, ਇਸ ਖ਼ਿਲਾਫ਼ ਸਿਰੜ-ਭਰੀ ਜਦੋਜਹਿਦ ਕਰਦੀ ਆ ਰਹੀ ਸੀ ਪਰ ਹਿੰਦੂ ਹਾਕਮਾਂ ਦੇ ਹੰਕਾਰ ਤੇ ਜ਼ਿਦ ਭਰੇ ਰਵੱਈਏ ਦੇ ਸਨਮੁੱਖ ਅਕਾਲੀ ਲੀਡਰਸ਼ਿਪ ਦਾ ਇਹ ਸੀਲ-ਸੁਭਾਅ ਰੋਸ ਕੋਈ ਬਹੁਤੇ ਸਾਰਥਕ ਤੇ ਉਤਸ਼ਾਹੀ ਸਿੱਟੇ ਨਾ ਕੱਢ ਸਕਿਆ। ਖ਼ਾਸ ਕਰਕੇ, ਅੱਸੀਵਿਆਂ 'ਚ ਜਾ ਕੇ ਜਦ ਹਿੰਦੂ ਵਰਗ ਦੇ ਅੰਦਰ ਫ਼ਿਰਕੂ-ਫ਼ਾਸ਼ੀਵਾਦੀ ਸੋਚ ਤੇ ਪ੍ਰਵਿਰਤੀ ਨੇ ਆਪਣਾ ਫਣ ਖਿਲਾਰ ਲਿਆ ਤਾਂ ਅਕਾਲੀ ਲੀਡਰਸ਼ਿਪ ਦਾ ਇਹ ਲੋੜੋਂ ਵੱਧ ਨਰਮ ਤੇ ਕੂਲਾ

ਮਿਜ਼ਾਜ ਨਾ ਸਿਰਫ਼ ਉੱਕਾ ਹੀ ਪ੍ਰਭਾਵਹੀਣ ਬਣ ਕੇ ਰਹਿ ਗਿਆ ਸੀ ਸਗੋਂ ਸਿੱਖ ਜਨਤਾ ਦੇ ਮਨਾਂ ਉੱਤੇ ਇਸ ਦੇ ਨਾਂਹ-ਪੱਖੀ ਪ੍ਰਭਾਵ ਪ੍ਰਗਟ ਹੋਣ ਲੱਗ ਪਏ ਸਨ। ਸਿੱਖ ਕੌਮ ਇਸ ਨੂੰ ਆਪਣੀਆਂ ਜੁਝਾਰੂ ਰਵਾਇਤਾਂ ਦੇ ਨਿਖੇਧ ਅਤੇ ਆਪਣੇ ਗੌਰਵ ਤੇ ਸਵੈਮਾਣ ਦੀ ਹੇਠੀ ਵਜੋਂ ਦੇਖਣ ਲੱਗ ਪਈ ਸੀ ਅਤੇ ਇਸ ਦੇ ਲਈ ਉਸ ਨੇ ਹਿੰਦੂ ਹਾਕਮਾਂ ਦੇ ਨਾਲ ਹੀ ਅਕਾਲੀ ਲੀਡਰਸ਼ਿਪ ਨੂੰ ਵੀ ਬਰਾਬਰ ਦਾ ਦੋਸ਼ੀ ਸਮਝਣਾ ਸ਼ੁਰੂ ਕਰ ਦਿੱਤਾ ਸੀ। ਇਹ ਅਹਿਸਾਸ ਸਿੱਖ ਕਿਸਾਨੀ ਅੰਦਰ ਆਮ ਕਰਕੇ ਅਤੇ ਸਿੱਖ ਨੌਜਵਾਨ ਵਰਗ ਅੰਦਰ ਖ਼ਾਸ ਕਰਕੇ ਵੱਧ ਸ਼ਿੱਦਤ ਨਾਲ ਪ੍ਰਗਟ ਹੋ ਰਿਹਾ ਸੀ। ਇਸ ਨਾਲ ਸਿੱਖ ਜਨਤਾ ਅੰਦਰ ਆਪਣੇ ਜੁਝਾਰੂ ਵਿਰਸੇ ਨਾਲ ਮੋਹ ਦੂਣੀ ਤਾਕਤ ਨਾਲ ਜਾਗ ਉਠਿਆ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਖਾੜਕੂ ਅੰਦਾਜ਼ ਉਸ ਨੂੰ ਵਿਸ਼ੇਸ਼ ਖਿੱਚ ਪਾਉਣ ਲੱਗਾ। ਇਸ ਤਰ੍ਹਾਂ ਪ੍ਰੰਪਰਾ ਦਾ ਸਾਰਾ ਵਜ਼ਨ ਸੰਤ ਭਿੰਡਰਾਂਵਾਲੇ ਦੇ ਪੱਖ ਵਿੱਚ ਉਲਰ ਗਿਆ। ਸਿੱਖ ਕੌਮ ਦੇ ਵੱਡੇ ਹਿੱਸੇ ਅਕਾਲੀ ਲੀਡਰਸ਼ਿਪ ਦੀ ਨਰਮ-ਖ਼ਿਆਲੀ ਵਿਚਾਰਧਾਰਾ ਦੇ ਉਲਟ ਸੰਤ ਜਰਨੈਲ ਸਿੰਘ ਦੀ ਗਰਮ-ਖ਼ਿਆਲੀ ਵਿਚਾਰਧਾਰਾ ਤੇ ਇਸ ਦੇ ਅਮਲੀ ਰੂਪ-ਪ੍ਰਗਟਾਵੇ ਨੂੰ ਸਿੱਖ ਪ੍ਰੰਪਰਾ ਦੇ ਵਧੇਰੇ ਅਨੁਕੂਲ ਤੇ ਵੱਧ ਪ੍ਰਮਾਣਿਕ ਮੰਨਣ ਲੱਗ ਪਏ।

ਸੰਤ ਭਿੰਡਰਾਂਵਾਲੇ ਦਾ ਗਰਮ-ਮਿਜ਼ਾਜ ਪੈਂਤੜਾ ਨਾ ਸਿਰਫ਼ ਅਕਾਲੀ ਲੀਡਰਸ਼ਿਪ ਲਈ ਭਾਰੀ ਪ੍ਰੇਸ਼ਾਨੀ ਪੈਦਾ ਕਰ ਰਿਹਾ ਸੀ, ਇਹ ਭਾਰਤ ਦੀ ਸਮੁੱਚੀ ਰਾਜਨੀਤਕ ਸਥਿਤੀ ਉੱਤੇ ਵੀ ਗਹਿਰਾ ਅਸਰ ਛੱਡ ਰਿਹਾ ਸੀ। ਆਜ਼ਾਦ ਭਾਰਤ ਦੇ ਇਤਿਹਾਸ ਅੰਦਰ ਕਿਸੇ ਘੱਟਗਿਣਤੀ ਵਰਗ ਦੇ ਆਗੂ ਦੁਆਰਾ ਏਨਾ ਖੁੱਲ੍ਹਮ-ਖੁੱਲ੍ਹਾ ਬਾਗ਼ੀਆਨਾ ਰੁਖ਼ ਅਖ਼ਤਿਆਰ ਕਰ ਲੈਣ ਦੀ ਇਹ ਆਪਣੀ ਕਿਸਮ ਦੀ ਪਹਿਲੀ ਤੇ ਨਿਵੇਕਲੀ ਘਟਨਾ ਸੀ। ਘੱਟਗਿਣਤੀ ਵਰਗ ਦੇ ਕਿਸੇ ਆਗੂ ਨੇ ਦੇਸ ਦੇ ਹਿੰਦੂ ਹਾਕਮਾਂ ਤੇ ਉਨ੍ਹਾਂ ਦੀ ਪਿੱਠ 'ਤੇ ਖਲੋਤੀਆਂ ਹਿੰਦੂ ਤਾਕਤਾਂ ਨੂੰ ਇਸ ਕਦਰ ਰੜੇ ਮੈਦਾਨ ਲਲਕਾਰਨ ਦੀ ਜੁਰਅਤ ਨਹੀਂ ਸੀ ਕੀਤੀ। ਘੱਟਗਿਣਤੀ ਵਰਗਾਂ ਦੇ ਆਗੂਆਂ ਦੀ ਇਕ ਪੂਰੀ ਪੀੜ੍ਹੀ ਨੇ ਆਪਣੀ ਸਾਰੀ ਉਮਰ ਹਿੰਦੂ ਹਾਕਮਾਂ ਅੱਗੇ ਆਪਣੀਆਂ ਹੱਕੀ ਮੰਗਾਂ ਲਈ ਅਰਜ਼ੋਈਆਂ ਕਰਦਿਆਂ ਅਤੇ ਪੈਰ-ਪੈਰ 'ਤੇ ਸਫ਼ਾਈਆਂ ਤੇ ਸਪਸ਼ਟੀਕਰਨ ਦਿੰਦਿਆਂ ਗੁਜ਼ਾਰ ਛੱਡੀ ਸੀ। ਭਾਰਤੀ ਹਾਕਮਾਂ ਦੇ ਕੰਨਾਂ ਨੂੰ ਕਿਸੇ ਘੱਟਗਿਣਤੀ ਵਰਗ ਦੇ ਆਗੂ ਦੀ ਇਹ ਗੁਸਤਾਖ਼ ਆਵਾਜ਼ ਪਹਿਲੀ ਵਾਰ ਸੁਣਨ ਨੂੰ ਮਿਲ ਰਹੀ ਸੀ ਕਿ "36 ਸਾਲਾਂ ਤੋਂ ਅਸੀਂ ਸਪਸ਼ਟੀਕਰਨ ਦਿੰਦੇ ਆਏ ਹਾਂ, ਹੁਣ ਉਹ (ਭਾਵ ਹਿੰਦੂ ਹਾਕਮ) ਸਪਸ਼ਟੀਕਰਨ ਦੇਣ ਕਿ ਉਨ੍ਹਾਂ ਨੇ ਸਾਡੇ ਨਾਲ ਰਹਿਣਾ ਹੈ ਜਾਂ ਨਹੀਂ।" ਅਤੇ ਨਾਲ ਹੀ ਇਹ ਵੀ ਕਿ "ਅਸੀਂ ਕੋਈ ਭੀਖ ਨਹੀਂ ਮੰਗਦੇ, ਆਪਣੇ ਹੱਕ ਮੰਗਦੇ ਹਾਂ ਤੇ ਹੱਕ ਲੈਣੇ ਵੀ ਹਨ ਭਾਵੇਂ ਟੁਕੜਾ-ਟੁਕੜਾ ਹੋ ਜਾਈਏ।"[23] ਕਿਸੇ ਘੱਟਗਿਣਤੀ ਵਰਗ ਦੇ ਆਗੂ ਵੱਲੋਂ ਬਹੁਗਿਣਤੀ ਹੁਕਮਰਾਨ ਧਿਰ ਦੇ ਅੱਗੇ ਮੰਗਾਂ ਲਈ 'ਹੱਥ ਅੱਡਣ' ਦੀ ਥਾਂ ਤਣਿਆ ਹੋਇਆ ਮੁੱਕਾ ਲਹਿਰਾਉਣ ਦਾ ਇਹ ਵਚਿਤਰ ਅੰਦਾਜ਼ ਹਿੰਦੂ ਹਾਕਮਾਂ ਦੀਆਂ ਨਜ਼ਰਾਂ ਵਿੱਚ 'ਰਾਜ-ਧ੍ਰੋਹ' ਤੋਂ ਘੱਟ ਸੰਗੀਨ ਜੁਰਮ ਨਹੀਂ ਸੀ।

36 ਸਾਲਾਂ ਤੋਂ ਹਿੰਦੂ ਵਰਗ ਦੇ ਆਗੂ ਸਿੱਖ ਕੌਮ ਨੂੰ ਭਾਰਤ ਅੰਦਰ ਉਸਦੀ ਨਿਗੂਣੀ ਗਿਣਤੀ ਦਾ ਅਹਿਸਾਸ ਕਰਵਾਉਂਦੇ ਅਤੇ ਉਸ ਨੂੰ ਉਸਦੀ 'ਆਟੇ 'ਚ ਲੂਣ' ਵਰਗੀ 'ਤੁੱਛ ਔਕਾਤ' ਦਾ ਮੇਹਣਾ ਮਾਰਦੇ ਆ ਰਹੇ ਸਨ। ਸੰਤ ਜਰਨੈਲ ਸਿੰਘ ਨੇ ਸਿੱਖ ਕੌਮ ਨੂੰ ਇਕ ਨਿਗੂਣੀ ਘੱਟਗਿਣਤੀ ਹੋਣ ਕਰਕੇ ਹਿੰਦੂ ਵਰਗ ਦੇ ਵਾਧੂ ਦੇ ਦਬਾਅ ਵਿੱਚ ਆਉਣ ਤੋਂ ਵਰਜਦਿਆਂ ਅਤੇ ਹਿੰਦੂ ਆਗੂਆਂ ਦੁਆਰਾ ਦਿਖਾਈ ਜਾ ਰਹੀ ਬਹੁਗਿਣਤੀ ਦੀ ਹੈਂਕੜ ਉੱਤੇ ਚੋਟ ਕਰਦਿਆਂ ਹੋਇਆਂ ਇਹ ਕਰਾਰਾ ਜੁਆਬ ਸੁਣਾਇਆ ਕਿ "ਕਿਹਾ

ਜਾ ਰਿਹਾ ਹੈ ਕਿ ਸਿੱਖ ਆਟੇ 'ਚ ਲੂਣ ਦੀ ਤਰ੍ਹਾਂ ਹਨ। ਪਰ ਯਾਦ ਰੱਖਣਾ ਕਿ ਜੇ ਲੂਣ ਦੀ ਡਲੀ ਜ਼ਿਆਦਾ ਹੋ ਜਾਵੇ ਤਾਂ ਆਟਾ ਖਾਣਾ ਮੁਸ਼ਕਲ ਹੋ ਜਾਂਦਾ ਹੈ।"[24] ਸੰਤ ਭਿੰਡਰਾਂਵਾਲੇ ਦੀ ਇਸ ਗੁਸਤਾਖ਼ ਅਦਾ ਨੇ ਹਿੰਦੂ ਹਾਕਮਾਂ ਨੂੰ ਏਨੀ ਚੀਹ ਚਾੜ੍ਹ ਦਿੱਤੀ ਕਿ ਉਹ ਆਪਣੀ ਸਾਰੀ ਨਫ਼ਾਸਤ ਤੇ ਜਮਹੂਰੀ ਅਡੰਬਰ ਨੂੰ ਛੱਡ ਕੇ ਨੰਗੀਆਂ ਧਮਕੀਆਂ ਉੱਤੇ ਉਤਰ ਆਏ। ਸਿੱਖ ਕੌਮ ਨੂੰ ਯਰਕਾਉਣ ਦੇ ਇਰਾਦੇ ਨਾਲ ਖ਼ੁਦ ਇੰਦਰਾ ਗਾਂਧੀ ਨੇ ਇਹ ਖੁੱਲ੍ਹਮ-ਖੁੱਲ੍ਹੀ ਧਮਕੀ ਦੇ ਮਾਰੀ ਕਿ ਜੇਕਰ ਪੰਜਾਬ ਅੰਦਰ ਸਿੱਖਾਂ ਨੇ ਆਪਣੀਆਂ 'ਅੱਤਵਾਦੀ ਕਾਰਵਾਈਆਂ' ਜਾਰੀ ਰੱਖੀਆਂ ਤਾਂ ਦੇਸ ਦੇ ਹੋਰਨਾਂ ਰਾਜਾਂ ਅੰਦਰ ਵਸਦੇ ਸਿੱਖ ਸੁਰੱਖਿਅਤ ਨਹੀਂ ਰਹਿ ਸਕਣਗੇ। ਇੰਦਰਾ ਦੇ ਇਸ ਬਿਆਨ ਤੋਂ ਪਹਿਲਾਂ ਵੀ ਹਰਿਆਣਾ ਤੇ ਰਾਜਸਥਾਨ ਦੇ ਕੁਝ ਹਿੰਦੂ ਕੱਟੜਪੰਥੀ ਆਗੂ ਇਸੇ ਹੀ ਤਰਜ਼ ਦੇ ਬਿਆਨ ਦੇ ਚੁੱਕੇ ਸਨ।[25] ਇਹ ਇਕ ਘੱਟਗਿਣਤੀ ਵਰਗ ਨੂੰ ਦੇਸ ਦੇ ਅੰਦਰ ਬਹੁਗਿਣਤੀ ਵਰਗ ਦੀ ਤਾਕਤ ਦਾ ਡਰਾਵਾ ਦੇ ਕੇ, ਉਸ ਨੂੰ ਬਿਨਾਂ ਕਿਸੇ ਹੀਲ-ਹੁੱਜਤ ਦੇ ਬਹੁਗਿਣਤੀ ਵਰਗ ਦੀ ਅਧੀਨਗੀ ਕਬੂਲ ਕਰ ਲੈਣ ਦਾ ਖਰ੍ਹਵਾ ਆਦੇਸ਼ ਸੀ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਹਿੰਦੂ ਵਰਗ ਦੇ ਆਗੂਆਂ ਤੇ ਹਾਕਮਾਂ ਅੰਦਰ ਮਰੋੜੇ ਖਾ ਰਹੀਆਂ ਇਨ੍ਹਾਂ ਨਾਜ਼ੀਵਾਦੀ ਕਰੂਚੀਆਂ ਦਾ ਤਿੱਖਾ ਨੋਟਿਸ ਲੈਂਦਿਆਂ ਹੋਇਆਂ ਉਨ੍ਹਾਂ ਨੂੰ ਤੁਰੰਤ ਇਹ ਮੋੜਵੀਂ ਸੁਣਵਾਈ ਕਰ ਦਿੱਤੀ ਕਿ ਜੇਕਰ ਉਹ ਸਿੱਖਾਂ ਨੂੰ ਬਹੁਗਿਣਤੀ ਦੀ ਤਾਕਤ ਦੇ ਡਰਾਵੇ ਨਾਲ ਚੁੱਪ ਕਰਾ ਲੈਣ ਜਾਂ ਹਕੂਮਤੀ ਤਾਕਤ ਤੇ ਬਹੁਗਿਣਤੀ ਦੇ ਜ਼ੋਰ ਨਾਲ ਉਨ੍ਹਾਂ ਨੂੰ ਜਿਸਮਾਨੀ ਤੌਰ 'ਤੇ ਕੁਚਲ ਦੇਣ ਦੇ ਫ਼ਾਸ਼ੀ ਇਰਾਦੇ ਪਾਲ ਕੇ ਚੱਲ ਰਹੇ ਹਨ ਤਾਂ ਉਨ੍ਹਾਂ ਨੂੰ "ਇਹ (ਤੱਥ) ਚੇਤੇ ਰਹਿਣਾ ਚਾਹੀਦਾ ਹੈ ਕਿ ਇਕ-ਇਕ ਸਿੱਖ ਨੂੰ ਸਿਰਫ਼ 35-35 (ਹਿੰਦੂ) ਹੀ ਆਉਂਦੇ ਹਨ, ਇਸ ਤੋਂ ਇਕ ਵੀ ਵੱਧ ਨਹੀਂ।"[26] ਸੰਤ ਭਿੰਡਰਾਂਵਾਲੇ ਦੇ ਮੂੰਹੋਂ ਏਨੀ ਗੱਲ ਨਿਕਲਣ ਦੀ ਦੇਰ ਸੀ ਕਿ ਦੇਸ ਭਰ ਦੀਆਂ ਹਿੰਦੂਵਾਦੀ ਤਾਕਤਾਂ ਅੱਗ ਬਬੂਲਾ ਹੋ ਉਠੀਆਂ। ਦੇਸ-ਬਦੇਸ ਦੀ ਹਿੰਦੂ ਪ੍ਰੈੱਸ ਨੇ ਇਸ ਬਿਆਨ ਨੂੰ ਸਮੁੱਚੇ ਸੰਦਰਭ ਨਾਲੋਂ ਤੋੜ ਕੇ ਏਨੇ ਪੱਖਪਾਤੀ ਨਜ਼ਰੀਏ ਨਾਲ ਉਛਾਲਿਆ ਕਿ ਇੰਦਰਾ ਗਾਂਧੀ ਵੱਲੋਂ ਕੀਤੀ ਪਹਿਲ ਨੂੰ ਮੁਕੰਮਲ ਤੌਰ 'ਤੇ ਨਜ਼ਰ-ਅੰਦਾਜ਼ ਕਰਦਿਆਂ ਹੋਇਆਂ ਸੰਤ ਭਿੰਡਰਾਂਵਾਲੇ ਨੂੰ ਹਿੰਦੂ ਵਰਗ ਖ਼ਿਲਾਫ਼ 'ਅੰਨ੍ਹੀ ਫ਼ਿਰਕੂ ਨਫ਼ਰਤ' ਪਾਲਣ ਦਾ ਦੋਸ਼ੀ ਗਰਦਾਨਿਆ ਗਿਆ। ਹਿੰਦੂ ਜਨਤਾ ਦੇ ਮਨਾਂ ਅੰਦਰ ਸੰਤ ਭਿੰਡਰਾਂਵਾਲੇ ਦੇ ਖ਼ਿਲਾਫ਼ ਅਤੇ ਉਸ ਦੇ ਪੱਜ ਸਮੁੱਚੇ ਸਿੱਖ ਭਾਈਚਾਰੇ ਦੇ ਖ਼ਿਲਾਫ਼, ਫ਼ਿਰਕੂ ਨਫ਼ਰਤ ਦੀ ਜ਼ਹਿਰ ਭਰਨ ਦੇ ਚਿਰਾਂ ਤੋਂ ਜਾਰੀ ਬਦਨੀਤੇ ਯਤਨ ਹੋਰ ਤੇਜ਼ ਕਰ ਦਿੱਤੇ ਗਏ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਇਸ ਬਿਆਨ ਦੇ ਸੰਦਰਭ ਤੇ ਇਸ ਦੀ ਅਸਲੀ ਭਾਵਨਾ ਨੂੰ ਸਮਝਣ ਦਾ ਕੋਈ ਵੀ ਯਤਨ ਨਾ ਕੀਤਾ ਗਿਆ। ਦੇਸ ਭਰ ਦੀ ਹਿੰਦੂ ਪ੍ਰੈੱਸ ਅੰਦਰ ਸੰਤ ਭਿੰਡਰਾਂਵਾਲੇ ਦੇ ਖ਼ਿਲਾਫ਼ ਫ਼ਿਰਕੂ ਨਫ਼ਰਤ ਉਗਲਦੇ ਬਿਆਨਾਂ ਦਾ ਹੜ੍ਹ ਵਗਾ ਦਿੱਤਾ ਗਿਆ। ਸਿੱਖਾਂ ਨੂੰ, ਸੰਤ ਭਿੰਡਰਾਂਵਾਲੇ ਦੀ ਕਥਿਤ 'ਫ਼ਿਰਕੂ ਵਿਚਾਰਧਾਰਾ' ਨਾਲੋਂ ਤਿੱਖਾ ਨਿਖੇੜਾ ਕਰਨ ਤੇ ਉਸ ਦੀ ਖੁੱਲ੍ਹ ਕੇ ਨਿੰਦਿਆ ਕਰਨ ਲਈ ਉਕਸਾਇਆ ਤੇ ਦਬਕਾਇਆ ਜਾਣ ਲੱਗਾ।

ਹਿੰਦੂ ਹਾਕਮਾਂ ਦੇ ਇਸ 'ਚੋਰੀ ਨਾਲੇ ਸੀਨਾ ਜੋਰੀ' ਵਾਲੇ ਨਿਹੱਕੇ ਰਵੱਈਏ ਨੇ ਸੰਤ ਜਰਨੈਲ ਸਿੰਘ ਨੂੰ ਹੋਰ ਵੱਧ ਰੋਹ ਚਾੜ੍ਹ ਦਿੱਤਾ। ਇਸ 'ਚੋਂ ਉਸ ਨੂੰ ਬਹੁਗਿਣਤੀ ਦੇ ਮਗ਼ਰੂਰ ਤੇ ਧੱਕੇਸ਼ਾਹੀ ਦੀ ਬਿਰਤੀ ਦੀ ਤਿੱਖੀ ਦੁਰਗੰਧ ਆਈ, ਜਿਸ ਨੂੰ ਉਸ ਵਰਗੇ ਖ਼ੁਦਦਾਰ ਤੇ ਸੰਵੇਦਨਸ਼ੀਲ ਵਿਅਕਤੀ ਲਈ ਸਹਿਣ ਕਰ ਸਕਣਾ ਦਿਨੋ-ਦਿਨ ਵਧੇਰੇ ਮੁਸ਼ਕਲ ਹੁੰਦਾ ਗਿਆ। ਨਾਲ ਹੀ, ਇਸੇ ਦੌਰਾਨ, ਸਿੱਖਾਂ ਉੱਤੇ ਹਕੂਮਤੀ ਜਬਰ ਦੀਆਂ ਨਾ ਸਿਰਫ਼ ਘਟਨਾਵਾਂ ਵਧਦੀਆਂ ਗਈਆਂ ਸਗੋਂ ਇਸ ਵਿੱਚ ਦਿਨੋ-ਦਿਨ ਵਹਿਸ਼ੀਪੁਣੇ ਤੇ

ਅਸ਼ਲੀਲਤਾ ਦੇ ਬਰਦਾਸ਼ਤ-ਤੋਂ-ਬਾਹਰੇ ਅੰਸ਼ ਸ਼ਾਮਲ ਹੁੰਦੇ ਗਏ। ਕੁਝ ਥਾਵਾਂ 'ਤੇ ਹਿੰਦੂ ਪੁਲਸ ਮੁਲਾਜ਼ਮਾਂ ਵੱਲੋਂ, ਫ਼ਿਰਕੂ ਤੁਅੱਸਬ ਅਧੀਨ, ਹਿਰਾਸਤ ਦੌਰਾਨ ਅੰਮ੍ਰਿਤਧਾਰੀ ਸਿੱਖਾਂ ਦੇ ਕੇਸ ਕਤਲ ਕਰ ਦੇਣ, ਉਨ੍ਹਾਂ ਦੇ ਮੂੰਹਾਂ ਵਿੱਚ ਤੰਬਾਕੂ ਅਤੇ ਸਿਗਰਟਾਂ ਤੁੰਨ ਦੇਣ, ਉਨ੍ਹਾਂ ਦੇ ਮੂੰਹਾਂ ਅੰਦਰ ਮਨੁੱਖੀ ਗੰਦ ਧੱਕਣ ਦੀਆਂ ਅਸ਼ਿਸ਼ਟ ਹਰਕਤਾਂ ਕਰਨ, ਗਰਮ ਸਲਾਖਾਂ ਨਾਲ ਉਨ੍ਹਾਂ ਦੇ ਨਾਜ਼ਕ ਅੰਗਾਂ ਨੂੰ ਲੂਹ ਸੁੱਟਣ, ਜਿਸਮਾਂ ਉੱਤੇ ਚੀਰੇ ਦੇ ਕੇ ਜ਼ਖ਼ਮਾਂ ਅੰਦਰ ਲੂਣ ਤੇ ਮਿਰਚਾਂ ਆਦਿ ਭਰ ਦੇਣ ਅਤੇ ਜਮੂਰਾਂ ਨਾਲ ਨਹੁੰਆਂ ਨੂੰ ਖਿੱਚ ਕੇ ਮਾਸ ਨਾਲੋਂ ਵੱਖ ਕਰ ਦੇਣ ਵਰਗੀਆਂ ਦਿਲ-ਝੰਜੋੜੂ ਵਾਰਦਾਤਾਂ ਨੇ ਆਮ ਰੂਪ ਵਿੱਚ ਹੀ ਸਿੱਖ ਜਨਤਾ ਅੰਦਰ ਗੁੱਸੇ ਤੇ ਭੜਕਾਹਟ ਦਾ ਮਾਹੌਲ ਪੈਦਾ ਕਰ ਦਿੱਤਾ। ਕੁਝ ਥਾਵਾਂ 'ਤੇ, ਖ਼ਾਸ ਕਰਕੇ ਹਰਿਆਣੇ ਅੰਦਰ, ਹਿੰਦੂ ਹੁੱਲੜਬਾਜ਼ ਤੱਤਾਂ ਵੱਲੋਂ ਗਿਣ-ਮਿਥ ਕੇ ਸਿੱਖਾਂ ਦੇ ਧਾਰਮਿਕ ਅਸਥਾਨਾਂ, ਗ੍ਰੰਥਾਂ, ਚਿੰਨ੍ਹਾਂ ਤੇ ਵਿਸ਼ਵਾਸਾਂ ਨੂੰ ਹਮਲੇ ਦਾ ਚੁਣਵਾਂ ਨਿਸ਼ਾਨਾ ਬਣਾਉਣ ਦੀਆਂ ਸਿਲਸਿਲੇਵਾਰ ਘਟਨਾਵਾਂ ਨੇ ਬਲਦੀ ਉੱਤੇ ਤੇਲ ਪਾਉਣ ਦਾ ਕਰਮ ਨਿਭਾਉਣਾ ਜਾਰੀ ਰੱਖਿਆ। ਇਥੇ ਇਹ ਜ਼ਿਕਰ ਕਰਨਾ ਬੇਲੋੜਾ ਨਹੀਂ ਹੋਵੇਗਾ ਕਿ ਧਰਮਯੁੱਧ ਮੋਰਚੇ ਦੇ ਸਮੁੱਚੇ ਅਮਲ ਦੌਰਾਨ ਅਤੇ ਉਸ ਤੋਂ ਬਾਅਦ ਵੀ, ਸਿੱਖਾਂ ਵੱਲੋਂ ਹਿੰਦੂਆਂ ਦੇ ਧਾਰਮਿਕ ਅਸਥਾਨਾਂ, ਗ੍ਰੰਥਾਂ, ਚਿੰਨ੍ਹਾਂ ਤੇ ਵਿਸ਼ਵਾਸਾਂ ਦੀ ਬੇਹੁਰਮਤੀ ਕਰਨ ਦੀ ਇਕ ਵੀ ਉਦਾਹਰਣ ਨਹੀਂ ਮਿਲਦੀ। ਪਰ ਹਿੰਦੂ ਕੱਟੜਪੰਥੀ ਤਾਕਤਾਂ ਨੇ ਆਪਣੀ ਫ਼ਿਰਕੂ ਭੜਾਸ ਕੱਢਣ ਲਈ ਹਮੇਸ਼ਾ ਹੀ ਅਜਿਹੇ ਅਨੈਤਿਕ ਤੇ ਅਪਵਿੱਤਰ ਕਾਰਿਆਂ ਦੀ ਚੋਣ ਕੀਤੀ। ਬੇਇਨਸਾਫ਼ੀ ਤੇ ਬਦ-ਦਿਆਨਤਦਾਰੀ ਦੀ ਹੱਦ ਇਹ ਕਿ ਫ਼ਿਰਕਾਪ੍ਰਸਤੀ ਦੇ ਇਲਜ਼ਾਮ ਉਲਟਾ ਸਿੱਖਾਂ ਉੱਤੇ ਮੜ੍ਹੇ ਜਾਣ ਲੱਗੇ। ਸਿੱਖਾਂ ਦੇ ਸਵੈ-ਰੱਖਿਆ 'ਚੋਂ ਨਿਕਲੇ ਹਰ ਬਚਾਉਵਾਦੀ ਕਰਮ ਨੂੰ ਗ਼ਲਤ ਰੰਗਤ ਦੇ ਕੇ ਉਨ੍ਹਾਂ ਨੂੰ 'ਜਨੂੰਨੀ', 'ਹਤਿਆਰੇ' ਅਤੇ 'ਦਰਿੰਦੇ' ਬਣਾ ਕੇ ਪੇਸ਼ ਕੀਤਾ ਜਾਣ ਲੱਗਾ। ਵਿਤਕਰੇ, ਜਬਰ ਤੇ ਬੇਇਨਸਾਫ਼ੀ ਵਿਰੁੱਧ ਆਵਾਜ਼ ਬੁਲੰਦ ਕਰਨਾ ਹੀ 'ਦੇਸ-ਵਿਰੋਧੀ ਕਰਮ' ਗਰਦਾਨਿਆ ਜਾਣ ਲੱਗਾ ਅਤੇ ਇਸ ਆਵਾਜ਼ ਵਿੱਚ ਕਰਾਰ ਦਾ ਰਤਾ ਜਿੰਨਾ ਅੰਸ਼ ਵੀ ਹਿੰਦੂ ਹੁਕਮਰਾਨਾਂ ਦੀਆਂ ਨਜ਼ਰਾਂ 'ਚ "ਪਾਕਿਸਤਾਨ ਦੀ ਸ਼ਹਿ ਉੱਤੇ ਭਾਰਤ ਨੂੰ ਟੁਕੜੇ-ਟੁਕੜੇ ਕਰਨ ਦੀ ਦੇਸ-ਵਿਰੋਧੀ ਸਾਜ਼ਿਸ਼" ਹੋ ਨਿਬੜੀ।

ਸੋ, ਇਸ ਤਰ੍ਹਾਂ, ਸਿੱਖਾਂ ਦੇ ਹੱਕੀ ਸੰਘਰਸ਼ ਨੂੰ ਕੁਚਲਣ, ਉਨ੍ਹਾਂ ਦੇ ਪੱਖ ਨੂੰ ਵਿਗਾੜ ਕੇ ਪੇਸ਼ ਕਰਨ ਅਤੇ ਉਨ੍ਹਾਂ ਨੂੰ ਦੁਨੀਆ ਦੀਆਂ ਨਜ਼ਰਾਂ 'ਚ ਬਦੂ ਕਰਨ ਦੀ ਹਰ ਬਦ-ਇਮਾਨ ਕੋਸ਼ਿਸ਼ ਕੀਤੀ ਗਈ। ਹਿੰਦੂ ਹਾਕਮਾਂ ਦੀ ਧੱਕੇਸ਼ਾਹੀ ਤੋਂ ਵੀ ਵਧ ਕੇ, ਉਨ੍ਹਾਂ ਵੱਲੋਂ ਬੇਸ਼ਰਮੀ ਦੀ ਪੱਧਰ 'ਤੇ ਪ੍ਰਗਟਾਈ ਜਾ ਰਹੀ ਇਹ ਮੱਕਾਰੀ ਤੇ ਬੇਈਮਾਨੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਮਨ ਅੰਦਰ ਵਧਵੀਂ ਔਖ ਤੇ ਕੁੜੱਤਣ ਪੈਦਾ ਕਰਨ ਦਾ ਕਾਰਨ ਬਣਦੀ ਚਲੀ ਗਈ। ਇਸ ਦਾ ਅਸਰ ਉਸ ਦੇ ਬਿਆਨਾਂ ਤੇ ਵਿਖਿਆਨਾਂ 'ਚੋਂ ਪ੍ਰਤੱਖ ਦਿਖਾਈ ਦੇਣ ਲੱਗ ਪਿਆ। ਜਿਉਂ-ਜਿਉਂ ਹਿੰਦੂ ਹਾਕਮਾਂ, ਤੇ ਨਾਲ ਹੀ ਹਿੰਦੂ ਤਾਕਤਾਂ ਦਾ ਵਿਹਾਰ ਵਧੇਰੇ ਅਸ਼ਿਸ਼ਟ ਹੁੰਦਾ ਚਲਾ ਗਿਆ, ਤਿਉਂ-ਤਿਉਂ ਸੰਤ ਭਿੰਡਰਾਂਵਾਲੇ ਦੇ ਬਿਆਨਾਂ/ਵਿਖਿਆਨਾਂ ਉੱਤੇ ਵਧੇਰੇ ਖਰ੍ਹਵਾ ਅੰਦਾਜ਼ ਹਾਵੀ ਹੁੰਦਾ ਚਲਾ ਗਿਆ। ਹਿੰਦੂ ਹਾਕਮਾਂ ਦੇ ਭੇਦ-ਭਾਵੀ ਵਤੀਰੇ ਦੇ ਇਕ ਖ਼ਾਸ ਦ੍ਰਿਸ਼ਟਾਂਤ ਨੇ ਸੰਤ ਜਰਨੈਲ ਸਿੰਘ ਦੀ ਸੋਚ ਉੱਤੇ ਬਹੁਤ ਹੀ ਭਾਵਪੂਰਤ ਅਸਰ ਛੱਡਿਆ। ਪਟਿਆਲੇ ਵਿਖੇ, 5 ਮਈ (1983) ਨੂੰ ਪੁਲਸ ਦੀ ਗੋਲੀ ਨਾਲ ਇਕ ਹਿੰਦੂ ਨੌਜਵਾਨ ਦੀ ਮੌਤ ਹੋ ਜਾਣ ਉੱਤੇ ਸਰਕਾਰ ਨੇ ਤੁਰੰਤ ਇਸ ਘਟਨਾ ਦੀ ਅਦਾਲਤੀ ਪੜਤਾਲ ਦੇ ਹੁਕਮ ਜਾਰੀ ਕਰ ਦਿੱਤੇ।[27] ਉਸ ਵੇਲੇ ਤਕ ਦਰਜਨਾਂ ਹੀ ਸਿੱਖ ਪੁਲਸ ਦੇ ਵਹਿਸ਼ੀਪੁਣੇ ਦਾ ਸ਼ਿਕਾਰ ਹੋ ਚੁੱਕੇ ਸਨ ਅਤੇ ਝੂਠੇ

ਪੁਲਸ ਮੁਕਾਬਲਿਆਂ ਦੀ ਹਕੀਕਤ ਜੱਗ-ਜ਼ਾਹਿਰ ਹੋ ਚੁੱਕੀ ਸੀ ਪਰ ਸਰਕਾਰ ਨੇ ਕਿਸੇ ਇਕ ਵੀ ਮਾਮਲੇ ਦੀ ਅਦਾਲਤੀ ਪੜਤਾਲ ਕਰਵਾਉਣ ਦੀ ਜ਼ਰੂਰਤ ਮਹਿਸੂਸ ਨਹੀਂ ਸੀ ਕੀਤੀ, ਸਿਰਫ਼ ਅਤੇ ਸਿਰਫ਼ ਇਸ ਕਰਕੇ ਕਿ ਝੂਠੇ ਪੁਲਸ ਮੁਕਾਬਲਿਆਂ ਵਿੱਚ ਮਰਨ ਵਾਲੇ ਇਹ ਸਾਰੇ ਵਿਅਕਤੀ ਸਿੱਖ ਸਨ। ਮੌਤ ਦੇ ਮਾਮਲੇ 'ਚ ਵੀ ਇਹ ਰੜਕਵਾਂ ਫ਼ਿਰਕੂ ਭੇਦ-ਭਾਵ ਵਰਤਣ ਦੇ ਇਸ ਅਨੈਤਿਕ ਕਰਮ ਨੇ ਸੰਤ ਭਿੰਡਰਾਂਵਾਲੇ ਨੂੰ ਡਾਢਾ ਕਹਿਰ ਚਾੜ੍ਹ ਦਿੱਤਾ। ਸੰਤ ਜਰਨੈਲ ਸਿੰਘ ਦੀ ਇਹ ਵਿਸ਼ੇਸ਼ ਖ਼ਾਸੀਅਤ ਸੀ ਕਿ ਉਹ ਹਰ ਤੱਥ ਅਤੇ ਘਟਨਾ 'ਚੋਂ ਕੋਈ ਨਿਚੋੜ ਜ਼ਰੂਰ ਕੱਢਦੇ ਸਨ ਅਤੇ ਫਿਰ ਇਸ ਨੂੰ ਆਪਣੀ ਸੋਚ ਤੇ ਰਣਨੀਤੀ ਦਾ ਸਥਾਈ ਅੰਗ ਬਣਾ ਕੇ ਚੱਲਦੇ ਸਨ। ਹਿੰਦੂ ਹਾਕਮਾਂ ਵੱਲੋਂ ਸਿੱਖਾਂ ਦੀਆਂ ਸੈਂਕੜਿਆਂ ਦੀ ਗਿਣਤੀ ਨੂੰ ਜਾ ਪਹੁੰਚੀਆਂ ਮੌਤਾਂ ਨੂੰ ਬੇਕਿਰਕੀ ਨਾਲ ਅਣਗੌਲਿਆਂ ਕਰ ਦੇਣ ਅਤੇ ਇਕ ਹਿੰਦੂ ਦੀ ਮੌਤ ਉੱਤੇ ਏਨਾ ਤਿੱਖਾ ਪ੍ਰਤੀਕਰਮ ਦਿਖਾਉਣ ਦੀ ਇਸ ਇੱਕੋ ਉਦਾਹਰਣ 'ਚੋਂ ਸੰਤ ਭਿੰਡਰਾਂਵਾਲੇ ਨੂੰ ਇਸ ਨਿਰਣੇ ਉੱਤੇ ਅੱਪੜਨ ਵਿੱਚ ਦੇਰ ਨਹੀਂ ਲੱਗੀ ਕਿ ਹਿੰਦੂ ਹਾਕਮ ਜੇ ਕਿਸੇ ਗੱਲ ਦੀ ਪੀੜ ਮੰਨ ਸਕਦੇ ਹਨ ਤਾਂ ਉਹ ਸਿਰਫ਼ ਹਿੰਦੂਆਂ ਦਾ ਮਾਰਿਆ ਜਾਣਾ ਹੀ ਹੈ। ਸਿੱਖਾਂ ਦੀਆਂ ਮੌਤਾਂ ਦੀ ਉਨ੍ਹਾਂ ਨੂੰ ਉੱਕਾ ਹੀ ਕੋਈ ਪਰਵਾਹ ਨਹੀਂ।

ਲੜਾਈ ਜਾਂ ਜੰਗ ਦੇ ਅੰਦਰ ਵਿਰੋਧੀ ਧਿਰ ਨੂੰ ਬੇਦਿਲ ਕਰਨਾ ਹਰ ਲੜਾਕੂ ਧਿਰ ਦਾ ਪ੍ਰਮੁੱਖ ਸਰੋਕਾਰ ਹੁੰਦਾ ਹੈ। ਭਾਰਤੀ ਹਾਕਮਾਂ ਨੇ ਸਿੱਖਾਂ ਨੂੰ ਵਹਿਸ਼ੀਆਨਾ ਢੰਗ ਨਾਲ ਕਤਲ ਕਰਨ ਦੀ ਜੋ ਯੋਜਨਾਬੱਧ ਮੁਹਿੰਮ ਚਲਾ ਰੱਖੀ ਹੋਈ ਸੀ, ਉਸ ਦਾ ਉਦੇਸ਼ ਸੰਘਰਸ਼ਸ਼ੀਲ ਸਿੱਖ ਤਾਕਤਾਂ ਨੂੰ ਬੇਦਿਲ ਕਰਕੇ ਹਿੰਦੂ ਹਾਕਮਾਂ ਦੀ ਈਨ ਮੰਨਣ ਲਈ ਮਜਬੂਰ ਕਰ ਦੇਣਾ ਸੀ। ਪਰ ਪੁਲਸ ਵੱਲੋਂ ਇਕ ਹਿੰਦੂ ਨੂੰ, ਜੋ ਸਪਸ਼ਟ ਰੂਪ ਵਿੱਚ ਦੰਗੇ ਕਰ ਰਹੀ ਭੀੜ ਦੀ ਅਗਵਾਈ ਕਰ ਰਿਹਾ ਸੀ, ਗੋਲੀ ਨਾਲ ਮਾਰ ਦੇਣ ਦੀ ਇਕ ਮਾਤਰ ਘਟਨਾ ਨੇ ਹਿੰਦੂ ਹਾਕਮਾਂ ਨੂੰ ਜਿਸ ਕਦਰ ਬੇਚੈਨ ਕਰ ਦਿੱਤਾ ਸੀ, ਉਸ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਆਪਾ-ਬਚਾਓ ਲਈ ਇਸ ਕਾਰਗਰ ਹਥਿਆਰ ਦੀ ਸੁਚੇਤ ਪੱਧਰ ਉੱਤੇ ਵਰਤੋਂ ਕਰਨ ਦੀ ਯੁੱਧ-ਮੱਤ ਸੁਝਾਅ ਦਿੱਤੀ। ਭਾਵੇਂ ਇਸ ਯੁੱਧ-ਪੈਂਤੜੇ ਦੇ ਉਚਿਤ ਜਾਂ ਅਣਉਚਿਤ ਹੋਣ ਬਾਰੇ ਸਿੱਖ ਪੰਥ ਅੰਦਰ ਲਗਾਤਾਰ ਵਾਦ-ਵਿਵਾਦ ਚੱਲਦਾ ਰਿਹਾ ਪਰ ਹਿੰਦੂ ਹਾਕਮਾਂ ਦੀ ਬਰਦਾਸ਼ਤ-ਤੋਂ-ਬਾਹਰੀ ਹਰ ਵਧੀਕੀ ਤੇ ਭੜਕਾਹਟ ਸਿੱਖ ਜੁਝਾਰੂ ਸਫ਼ਾਂ ਅੰਦਰ ਇਸ ਹਥਿਆਰ ਦਾ ਇਸਤੇਮਾਲ ਕਰਨ ਦੀ ਜ਼ੋਰਦਾਰ ਤਾਂਘ ਪੈਦਾ ਕਰਦੀ ਰਹੀ। ਯਕੀਨਨ ਹੀ ਇਹ ਸਿੱਖ ਸੰਘਰਸ਼ ਅੰਦਰ ਸ਼ਾਮਲ ਹੋਇਆ ਇਕ ਅਸਲੋਂ ਹੀ ਨਵਾਂ ਅੰਸ਼ ਸੀ, ਜਿਸ ਨੇ ਸਿੱਖ ਕੌਮ ਦੀ ਹਿੰਦੂ ਹਾਕਮਾਂ ਨਾਲ ਟੱਕਰ ਨੂੰ ਇਕ ਨਵਾਂ ਆਯਾਮ ਦੇ ਦਿੱਤਾ ਅਤੇ ਇਸ ਦੇ ਅਸਰ ਬਹੁਤ ਹੀ ਗਹਿਰੇ ਤੇ ਦੂਰ-ਗਾਮੀ ਹੋ ਨਿਬੜੇ।

## ਸਰਕਾਰੀ ਏਜੰਸੀਆਂ ਦਾ ਰੋਲ

ਸਰਕਾਰੀ ਖ਼ੁਫ਼ੀਆ ਏਜੰਸੀਆਂ ਵੱਲੋਂ ਵਿਰੋਧੀ ਲਹਿਰਾਂ ਅੰਦਰ ਘੁਸਪੈਠ ਕਰਕੇ ਉਨ੍ਹਾਂ ਨੂੰ ਅੰਦਰੋਂ ਸੱਟ ਮਾਰਨ ਦੀ ਚਾਲ ਪੁਰਾਤਨ ਸਮਿਆਂ ਤੋਂ ਹੀ ਚੱਲੀ ਜਾਂਦੀ ਰਹੀ ਹੈ। ਅਜੋਕੇ ਸਮੇਂ ਅੰਦਰ ਇਸ ਅਮਲ ਵਿੱਚ ਵਧੇਰੇ ਪ੍ਰਬੀਨਤਾ ਆ ਗਈ ਹੈ। ਵਹਿਸ਼ੀ ਸੁਭਾਅ ਵਾਲੀਆਂ ਹੁਕਮਰਾਨ ਤਾਕਤਾਂ ਵੱਲੋਂ ਖ਼ਾਸ ਕਰਕੇ ਇਸ ਹਥਿਆਰ ਦੀ ਵਿਆਪਕ ਪੈਮਾਨੇ 'ਤੇ ਵਰਤੋਂ ਹੋਣ ਲੱਗ ਪਈ ਹੈ। ਇਸ ਮਕਸਦ ਲਈ ਕਈ ਤਰ੍ਹਾਂ ਦੇ ਢੰਗ-ਤਰੀਕੇ ਅਮਲ 'ਚ ਲਿਆਂਦੇ ਜਾਂਦੇ ਹਨ। ਸਰਕਾਰੀ ਖ਼ੁਫ਼ੀਆ ਏਜੰਸੀਆਂ ਦੁਆਰਾ ਜਾਂ ਤਾਂ ਵਿਰੋਧੀ ਲਹਿਰਾਂ ਅੰਦਰਲੇ

ਹੀ ਪੋਲੇ ਤੱਤਾਂ ਨੂੰ ਲਾਲਚ ਦੇ ਕੇ ਆਪਣੀ ਧਿਰ ਬਣਾ ਲਿਆ ਜਾਂਦਾ ਹੈ, ਜਾਂ ਫਿਰ ਆਪਣੇ ਪੜ੍ਹਾਏ-ਸਿਖਾਏ ਪੇਸ਼ਾਵਰਾਂ ਨੂੰ ਲਹਿਰ ਦੇ ਝੂਠੀ-ਮੂਠੀ ਦੇ ਸਮਰਥਕ ਬਣਾ ਕੇ ਲਹਿਰਾਂ ਦੇ ਅੰਦਰ ਘੁਸੇੜ ਦਿੱਤਾ ਜਾਂਦਾ ਹੈ। ਅਜਿਹੇ ਤੱਤਾਂ ਤੋਂ ਦੋ ਕਿਸਮ ਦੇ ਕੰਮ ਲਏ ਜਾਂਦੇ ਹਨ। ਇਕ, ਲਹਿਰ ਦੇ ਅੰਦਰਲੇ ਭੇਤ ਲੈਣੇ। ਲਹਿਰ ਦੇ ਅਹਿਮ ਆਗੂਆਂ ਤੇ ਕਾਰਕੁੰਨਾਂ ਨੂੰ ਗ੍ਰਿਫ਼ਤਾਰ ਕਰਨਾ ਜਾਂ ਜਾਨੋਂ ਮਾਰ ਮੁਕਾਉਣਾ ਇਸ ਯੋਜਨਾ ਦਾ ਅਹਿਮ ਪੱਖ ਹੁੰਦਾ ਹੈ। ਦੂਜਾ ਪੱਖ, ਇਨ੍ਹਾਂ ਘਰ ਅੰਦਰਲੇ ਭੇਤੀਆਂ ਦੀ ਮਦਦ ਨਾਲ ਲਹਿਰ ਦੀ ਸਮੁੱਚੀ ਹਾਲਤ, ਜਿਸ ਵਿੱਚ ਸੈਨਿਕ, ਰਾਜਨੀਤਕ, ਜਥੇਬੰਦਕ ਤੇ ਮਨੋਵਿਗਿਆਨਕ, ਸਾਰੇ ਪੱਖ ਸ਼ਾਮਲ ਹੁੰਦੇ ਹਨ, ਦਾ ਸਹੀ-ਸਹੀ ਅਨੁਮਾਨ ਲਾਉਣਾ ਤੇ ਇਸ ਆਧਾਰ 'ਤੇ ਲਹਿਰ ਨਾਲ ਨਜਿੱਠਣ ਦੀ ਸਮੁੱਚੀ ਕਾਰਜਯੋਜਨਾ ਤਿਆਰ ਕਰਨਾ ਹੁੰਦਾ ਹੈ। ਭੇਤ ਲੈਣ ਤੋਂ ਇਲਾਵਾ, ਖ਼ੁਫ਼ੀਆ ਏਜੰਸੀਆਂ ਵੱਲੋਂ ਆਪਣੇ ਏਜੰਟਾਂ ਰਾਹੀਂ ਲਹਿਰ ਦੀ ਲੀਡਰਸ਼ਿਪ ਨੂੰ ਗ਼ਲਤ ਨੀਤੀਆਂ/ਪੈਂਤੜੇ ਅਪਨਾਉਣ ਲਈ ਪ੍ਰੇਰਨ ਦੇ ਯਤਨ ਕੀਤੇ ਜਾਂਦੇ ਹਨ। ਇਹ ਖੇਡ ਵੱਧ ਚਲਾਕੀ ਤੇ ਪ੍ਰਬੀਨਤਾ ਨਾਲ ਖੇਡੀ ਜਾਂਦੀ ਹੈ। ਲਹਿਰ ਦੇ ਆਗੂਆਂ, ਜੋ ਕਿ ਦੁਸ਼ਮਣ ਦੀ ਇਸ ਚਾਲ ਤੋਂ ਪੂਰੀ ਤਰ੍ਹਾਂ ਬੇਖ਼ਬਰ ਹੁੰਦੇ ਹਨ, ਨੂੰ ਅਸਿੱਧੇ ਤੇ ਛਲਾਵੇ ਭਰੇ ਢੰਗਾਂ ਰਾਹੀਂ ਗ਼ਲਤ ਮੱਤਾਂ ਦੇ ਕੇ ਅਜਿਹੇ ਫ਼ੈਸਲੇ ਲੈਣ ਲਈ ਪ੍ਰੇਰਿਆ ਜਾਂਦਾ ਹੈ ਜੋ ਲਹਿਰ ਦੇ ਹਿਤਾਂ ਲਈ ਅੰਤਾਂ ਦੇ ਨੁਕਸਾਨਦੇਹ ਹੁੰਦੇ ਹਨ ਅਤੇ ਜਿਸ ਨਾਲ ਹੁਕਮਰਾਨ ਤਾਕਤਾਂ ਲਈ ਵਿਰੋਧੀ ਲਹਿਰ ਨੂੰ ਲੋਕਾਂ 'ਚੋਂ ਨਿਖੇੜ ਕੇ ਕੁਚਲਣਾ ਆਸਾਨ ਹੋ ਜਾਂਦਾ ਹੈ। ਕੋਈ ਲਹਿਰ ਖ਼ੁਫ਼ੀਆ ਏਜੰਸੀਆਂ ਦੇ ਇਸ ਜਾਲ ਵਿੱਚ ਕਿਸ ਹੱਦ ਤਕ ਫਾਹੀ ਜਾਂਦੀ ਹੈ, ਇਹ ਲਹਿਰ ਦੀ, ਅਤੇ ਖ਼ਾਸ ਕਰਕੇ ਇਸ ਦੇ ਆਗੂਆਂ ਦੀ ਸਿਧਾਂਤਕ ਸੋਝੀ ਤੇ ਪਕਿਆਈ ਉੱਤੇ ਨਿਰਭਰ ਕਰਦਾ ਹੈ।

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਸੁਭਾਅ ਤੇ ਸ਼ਖ਼ਸੀਅਤ ਦਾ ਡੂੰਘੀ ਨੀਝ ਨਾਲ ਵਿਸ਼ਲੇਸ਼ਣ ਕੀਤਿਆਂ ਸੌਖ ਨਾਲ ਹੀ ਇਸ ਨਿਰਣੇ 'ਤੇ ਅੱਪੜਿਆ ਜਾ ਸਕਦਾ ਹੈ ਕਿ ਉਸ ਵਰਗੇ ਬਲਵਾਨ-ਚਿੱਤ ਤੇ ਆਜ਼ਾਦ-ਮੱਤ ਵਿਅਕਤੀ ਨੂੰ ਗ਼ਲਤ ਪੱਟੀ ਪੜ੍ਹਾ ਕੇ ਕਿਸੇ ਅਜਿਹੇ ਫ਼ੈਸਲੇ ਜਾਂ ਕਰਮ ਲਈ ਪਰੇਰ ਸਕਣਾ, ਜੋ ਉਸ ਦੇ ਆਪਣੇ ਤਰਕ ਤੇ ਹਿਤਾਂ ਦੇ ਅਨੁਕੂਲ ਨਾ ਹੋਵੇ, ਕਿਸੇ ਵੀ ਤਰ੍ਹਾਂ ਆਸਾਨ ਨਹੀਂ ਸੀ। ਉਹ ਹਰ ਫ਼ੈਸਲਾ ਆਪਣੀ ਆਜ਼ਾਦ ਮੱਤ ਨਾਲ ਲੈਂਦੇ ਸਨ। ਬਿਗਾਨੀ ਚੱਕ ਨਾਲ ਫ਼ੈਸਲੇ ਲੈਣ ਵਾਲੇ ਕਿਰਦਾਰ ਨਾਲ ਉਨ੍ਹਾਂ ਨੂੰ ਸਖ਼ਤ ਚਿੜ ਸੀ। ਇਸ ਕਰਕੇ ਧਰਮਯੁੱਧ ਮੋਰਚੇ ਦੇ ਸਮੁੱਚੇ ਅਮਲ ਦੌਰਾਨ ਸੰਤ ਭਿੰਡਰਾਂਵਾਲੇ ਵੱਲੋਂ ਲਏ ਗਏ ਅਹਿਮ ਨਿਰਣਿਆਂ ਵਿੱਚ ਸਰਕਾਰੀ ਖ਼ੁਫ਼ੀਆ ਏਜੰਸੀਆਂ ਦੇ ਕਿਸੇ 'ਲੁਕਵੇਂ ਹੱਥ' ਦੇ ਦਖ਼ਲ ਦੀ ਗੱਲ ਨਾ ਤਾਂ ਉਸ ਦੇ ਸ਼ਖ਼ਸੀ ਸੁਭਾਅ ਤੇ ਸ਼ਖ਼ਸੀਅਤ ਦੀ ਦ੍ਰਿਸ਼ਟੀ ਤੋਂ ਮੰਨਣ ਵਿੱਚ ਆਉਂਦੀ ਹੈ ਅਤੇ ਨਾ ਇਨ੍ਹਾਂ ਨਿਰਣਿਆਂ ਦਾ ਅੰਤਰੀਵ ਤਰਕ ਹੀ ਇਸ ਧਾਰਨਾ ਦੀ ਹਾਮੀ ਭਰਦਾ ਹੈ।

ਪਰ ਇਸ ਦੇ ਬਾਵਜੂਦ ਇਸ ਤੱਥ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਭਾਰਤ ਸਰਕਾਰ ਦੀਆਂ ਖ਼ੁਫ਼ੀਆ ਏਜੰਸੀਆਂ ਸਿੱਖ ਸੰਘਰਸ਼ ਨੂੰ ਅੰਦਰੋਂ ਢਾਹ ਲਾਉਣ ਲਈ ਨਿਰੰਤਰ ਯਤਨ ਕਰਦੀਆਂ ਰਹੀਆਂ। ਉਹ ਸਿੱਧੇ ਰੂਪ ਵਿੱਚ ਸੰਤ ਭਿੰਡਰਾਂਵਾਲੇ ਦੇ ਵਿਚਾਰਾਂ ਤੇ ਨੀਤੀ-ਨਿਰਣਿਆਂ ਨੂੰ ਪ੍ਰਭਾਵਿਤ ਕਰਨ ਵਿੱਚ ਭਲੇ ਹੀ ਕਾਮਯਾਬ ਨਾ ਹੋ ਸਕੀਆਂ ਹੋਣ ਪ੍ਰੰਤੂ ਲਹਿਰ ਤੇ ਜਥੇਬੰਦੀ ਦੇ ਹੋਰਨਾਂ ਪੱਧਰਾਂ ਉੱਤੇ ਉਨ੍ਹਾਂ ਦੇ ਪ੍ਰਭਾਵ ਦੀ ਸੰਭਾਵਨਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਪਰ ਸੰਤ ਭਿੰਡਰਾਂਵਾਲੇ ਦੀ ਸ਼ਖ਼ਸੀਅਤ ਤੇ ਕਾਰਜ-ਸ਼ੈਲੀ ਨੂੰ ਦੇਖਦਿਆਂ ਹੋਇਆਂ ਅਜਿਹੇ ਕਿਸੇ ਪ੍ਰਭਾਵ ਦੀ ਅਸਰਦਾਰੀ ਨੂੰ ਵਧਾ ਕੇ ਨਹੀਂ ਦੇਖਿਆ ਜਾਣਾ ਚਾਹੀਦਾ। ਭਾਵੇਂ ਹੋਰਨਾਂ ਦੀਆਂ ਸਲਾਹਾਂ ਤੇ ਰਾਵਾਂ ਲੈਣ ਪ੍ਰਤੀ

ਸੰਤ ਭਿੰਡਰਾਂਵਾਲੇ ਦੀ ਪਹੁੰਚ ਨਾਂਹ-ਪੱਖੀ ਨਹੀਂ ਸੀ ਪਰ ਉਹ ਸਿਰਫ਼ ਸੁਹਿਰਦ ਰਾਵਾਂ ਵੱਲ ਹੀ ਵੱਧ ਕੰਨ ਕਰਦੇ ਸਨ ਅਤੇ ਇਸ ਮਾਮਲੇ 'ਚ ਵੀ ਉਹ ਹੋਰਨਾਂ ਦੀਆਂ ਰਾਵਾਂ/ਸਲਾਹਾਂ ਨੂੰ ਆਪਣੀ ਸੁਤੰਤਰ ਸੋਚਣੀ ਉੱਤੇ ਹਾਵੀ ਨਹੀਂ ਸਨ ਹੋਣ ਦਿੰਦੇ। ਇਸ ਕਰਕੇ, ਲਹਿਰ ਤੇ ਜਥੇਬੰਦੀ ਦੇ ਹੋਰਨਾਂ ਪੱਧਰਾਂ ਉੱਤੇ ਖ਼ੁਫ਼ੀਆ ਏਜੰਸੀਆਂ ਦਾ ਜੇ ਕੋਈ ਪ੍ਰਭਾਵ ਹੈ ਵੀ ਸੀ ਤਾਂ ਉਹ ਬਹੁਤਾ ਅਸਰਦਾਰ ਸਾਬਤ ਨਹੀਂ ਹੋ ਸਕਿਆ। ਸੰਤ ਭਿੰਡਰਾਂਵਾਲੇ ਦੇ ਜਿਊਂਦੇ-ਜੀਅ ਅਜਿਹੀ ਕੋਈ ਉਦਾਹਰਣ ਸਾਹਮਣੇ ਨਹੀਂ ਆਈ ਜਦ ਸਰਕਾਰ ਉਨ੍ਹਾਂ ਦਾ ਕੋਈ ਅਹਿਮ ਅੰਦਰੂਨੀ ਭੇਤ ਲੈ ਕੇ ਉਨ੍ਹਾਂ ਦਾ ਕੋਈ ਵੱਡਾ ਨੁਕਸਾਨ ਕਰਨ ਵਿੱਚ ਸਫਲ ਹੋ ਗਈ ਹੋਵੇ।

ਹਰ ਜਗ੍ਹਾ ਹੀ ਸਰਕਾਰੀ ਖ਼ੁਫ਼ੀਆ ਏਜੰਸੀਆਂ ਵੱਲੋਂ ਇਕ ਅਹਿਮ ਹੱਥਕੰਡਾ ਇਹ ਵਰਤਿਆ ਜਾਂਦਾ ਹੈ ਕਿ ਸੰਘਰਸ਼ ਕਰ ਰਹੀਆਂ ਧਿਰਾਂ ਵਿਚਕਾਰ ਆਪਸੀ ਬੇਵਿਸ਼ਵਾਸੀ ਦਾ ਮਾਹੌਲ ਪੈਦਾ ਕਰਕੇ ਅੰਦਰੂਨੀ ਵਿਰੋਧਾਂ ਨੂੰ ਹਵਾ ਦੇਣ ਦੇ ਪੁਰਜ਼ੋਰ ਯਤਨ ਕੀਤੇ ਜਾਂਦੇ ਹਨ। ਨਿੰਦਿਆ ਚੁਗ਼ਲੀ ਦੇ ਜ਼ਰੀਏ ਆਗੂ ਸਫ਼ਾਂ ਅੰਦਰ ਇਕ ਦੂਜੇ ਬਾਰੇ ਗ਼ਲਤ-ਫ਼ਹਿਮੀਆਂ ਪੈਦਾ ਕੀਤੀਆਂ ਜਾਂਦੀਆਂ ਹਨ ਅਤੇ ਮਨਾਂ ਅੰਦਰ ਇਕ ਦੂਜੇ ਪ੍ਰਤੀ ਰੰਜਸ਼ ਤੇ ਨਫ਼ਰਤ ਭਰੀ ਜਾਂਦੀ ਹੈ। ਸੰਸਾਰ ਭਰ ਦੀਆਂ ਲਹਿਰਾਂ ਦੇ ਤਜਰਬੇ 'ਚੋਂ ਇਹ ਗੱਲ ਸਾਹਮਣੇ ਆਈ ਹੈ ਕਿ ਹਰ ਜਗ੍ਹਾ ਹੀ ਖ਼ੁਫ਼ੀਆ ਏਜੰਸੀਆਂ ਨੂੰ ਇਸ ਖੇਤਰ ਅੰਦਰ ਸਭ ਤੋਂ ਵੱਧ ਸਫਲਤਾ ਹੱਥ ਲੱਗਦੀ ਰਹੀ ਹੈ ਅਤੇ ਉਨ੍ਹਾਂ ਦੀ ਇਹ ਚਾਲ ਬਹੁਤ ਹੀ ਖ਼ਤਰਨਾਕ ਤੇ ਤਬਾਹਕੁੰਨ ਸਾਬਤ ਹੁੰਦੀ ਰਹੀ ਹੈ। ਉਨ੍ਹਾਂ ਦੇਸਾਂ ਜਾਂ ਸਮਾਜਾਂ ਅੰਦਰ ਜੋ ਮਾਨਸਿਕ ਤੌਰ 'ਤੇ ਅਜੇ ਵੀ ਕਬਾਇਲੀ ਜਾਂ ਜਾਗੀਰੂ ਸਭਿਆਚਾਰ ਦੇ ਤਕੜੇ ਪ੍ਰਭਾਵ ਕਬੂਲ ਕਰ ਕੇ ਚੱਲ ਰਹੇ ਹਨ, ਖ਼ੁਫ਼ੀਆ ਏਜੰਸੀਆਂ ਲਈ ਇਹ ਕਾਰਜ ਬਹੁਤ ਹੀ ਸੁਖਾਲਾ ਹੋ ਜਾਂਦਾ ਹੈ।

ਸਿੱਖ ਪੰਥ ਦੀਆਂ ਅੱਡ-ਅੱਡ ਜਥੇਬੰਦੀਆਂ ਤੇ ਸੰਘਰਸ਼ਸ਼ੀਲ ਧਿਰਾਂ ਦਾ ਧਰਮਯੁੱਧ ਮੋਰਚੇ ਦੇ ਰੂਪ 'ਚ ਇਕ ਸਾਂਝੇ ਮੰਚ ਉੱਤੇ ਇਕੱਠਿਆਂ ਹੋ ਜਾਣਾ ਭਾਰਤੀ ਹਾਕਮਾਂ ਨੂੰ ਉੱਕਾ ਹੀ ਹਜ਼ਮ ਨਹੀਂ ਸੀ ਹੋ ਰਿਹਾ। ਉਨ੍ਹਾਂ ਇਸ ਏਕਤਾ ਨੂੰ ਖੇਰੂੰ-ਖੇਰੂੰ ਕਰਨ ਲਈ ਪੂਰੀ ਵਾਹ ਲਾ ਰੱਖੀ ਹੋਈ ਸੀ। ਇਸ ਮਕਸਦ ਲਈ ਕਈ ਪਾਸਿਆਂ ਤੋਂ, ਅਤੇ ਕਈਆਂ ਪੱਧਰਾਂ 'ਤੇ ਯਤਨ ਕੀਤੇ ਜਾ ਰਹੇ ਸਨ। ਰਾਜਨੀਤਕ ਫ਼ਰੰਟ ਉੱਤੇ, ਦਿੱਲੀ ਦੇ 'ਪੰਜਾਬੀ ਗਰੁੱਪ' ਤੋਂ ਲੈ ਕੇ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਤਕ, ਆਪਣੇ ਆਪ ਨੂੰ 'ਧਰਮ ਨਿਰਪੱਖ' ਕਹਿਣ ਵਾਲੀਆਂ ਸਭਨਾਂ ਤਾਕਤਾਂ ਨੇ ਅਕਾਲੀ ਆਗੂਆਂ ਉੱਤੇ ਸੰਤ ਭਿੰਡਰਾਂਵਾਲੇ ਦੀ ਖਾੜਕੂ ਵਿਚਾਰਧਾਰਾ ਨਾਲੋਂ ਤਿੱਖਾ ਤੇ ਦੋ-ਟੁਕ ਨਿਖੇੜਾ ਕਰਨ ਲਈ ਲਗਾਤਾਰ ਭਾਰੀ ਦਬਾਅ ਪਾ ਰੱਖਿਆ ਹੋਇਆ ਸੀ। ਇੰਦਰਾ ਗਾਂਧੀ ਵੱਲੋਂ ਅਕਾਲੀ ਆਗੂਆਂ ਨੂੰ ਗੱਲਬਾਤ ਲਈ ਭਰਮਾਉਣ ਦੇ ਪੈਂਤੜੇ ਦੀ ਸ਼ਿਸਤ ਵੀ ਇਸੇ ਨਿਸ਼ਾਨੇ ਵੱਲ ਸੇਧੀ ਹੋਈ ਸੀ। ਉਹ ਸਮਝੌਤੇ ਦੀ ਬੁਰਕੀ ਸੁੱਟ ਕੇ ਅਕਾਲੀ ਆਗੂਆਂ ਨੂੰ ਉਨ੍ਹਾਂ ਦੇ ਇਮਾਨ ਤੋਂ ਡੁਲਾਉਣ, ਅਤੇ ਫਿਰ ਉਨ੍ਹਾਂ ਉੱਤੇ ਸੰਤ ਭਿੰਡਰਾਂਵਾਲੇ ਦਾ ਗ਼ੁੱਸਾ ਨਾਜ਼ਲ ਕਰਵਾਉਣ ਅਤੇ ਇਸ ਤਰ੍ਹਾਂ, ਮੁਸ਼ਕਲ ਨਾਲ ਹਾਸਲ ਹੋਈ ਪੰਥਕ ਏਕਤਾ ਦਾ ਘਾਤ ਕਰ ਦੇਣ ਦੀ ਚਾਣਕੀਆ ਨੀਤੀ ਉੱਤੇ ਚੱਲ ਰਹੀ ਸੀ। ਉਧਰ ਇਹੀ ਮਕਸਦ ਹਾਸਲ ਕਰਨ ਲਈ ਖ਼ੁਫ਼ੀਆ ਏਜੰਸੀਆਂ ਵੀ ਆਪਣੇ ਪੱਧਰ ਉੱਤੇ ਜੁਟੀਆਂ ਹੋਈਆਂ ਸਨ। ਉਨ੍ਹਾਂ ਦਾ ਪ੍ਰਮੁੱਖ ਯਤਨ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਵਿਚਕਾਰ ਪਾਟਕ ਪਾਉਣ ਅਤੇ ਦਰਬਾਰ ਸਾਹਿਬ ਅੰਦਰ ਅੱਡ-ਅੱਡ ਧਿਰਾਂ ਵਿਚਕਾਰ ਹਥਿਆਰਬੰਦ ਟਕਰਾਉ ਦੀ ਨੌਬਤ ਪੈਦਾ ਕਰਨ 'ਤੇ ਲੱਗਾ ਹੋਇਆ ਸੀ। ਦਰਬਾਰ ਸਾਹਿਬ ਅੰਦਰ ਫ਼ੌਜ ਦੇ ਦਾਖ਼ਲੇ ਲਈ ਵਧੇਰੇ ਜਚਣਹਾਰ ਬਹਾਨਾ ਸਿਰਜਣ ਲਈ, ਦਰਬਾਰ ਸਾਹਿਬ ਸਮੂਹ ਦੇ ਅੰਦਰ ਖ਼ੂਨੀ

ਟਕਰਾਉ ਦੀ ਸਥਿਤੀ ਪੈਦਾ ਕਰਨ ਦਾ ਕਾਰਜ ਖ਼ੁਫ਼ੀਆ ਏਜੰਸੀਆਂ ਦੇ ਮੁੱਖ ਏਜੰਡੇ ਉੱਤੇ ਸੀ।

ਪੰਥਕ ਧਿਰਾਂ ਵਿਚਕਾਰ ਵਿਰੋਧ ਜਾਂ ਮੱਤਭੇਦ ਨਿਰਾ ਖ਼ੁਫ਼ੀਆ ਏਜੰਸੀਆਂ ਦੀ ਹੀ ਦੇਣ ਨਹੀਂ ਸਨ। ਉਨ੍ਹਾਂ ਵਿਚਕਾਰ ਵਿਚਾਰਾਂ ਦੇ ਕੁਝ ਹਕੀਕੀ ਵਖਰੇਵੇਂ ਵੀ ਸਨ ਅਤੇ ਨਾਲ ਹੀ ਸ਼ਖ਼ਸੀ ਝਗੜੇ ਤੇ ਸ਼ਖ਼ਸੀਅਤਾਂ ਦੇ ਟਕਰਾਉ, ਜੋ ਕਿ ਕਬਾਇਲੀ/ਜਾਗੀਰੂ ਸਭਿਆਚਾਰ ਦਾ ਖ਼ਾਸ ਲੱਛਣ ਹੁੰਦਾ ਹੈ, ਵੀ ਸਨ। ਖ਼ੁਫ਼ੀਆ ਏਜੰਸੀਆਂ ਦਾ ਯਤਨ ਇਨ੍ਹਾਂ ਵਖਰੇਵਿਆਂ ਨੂੰ ਵਿਰੋਧਾਂ ਵਿੱਚ ਅਤੇ ਵਿਰੋਧਾਂ ਨੂੰ ਦੁਸ਼ਮਣੀਆਂ ਵਿੱਚ ਪਲਟਣਾ ਸੀ। ਇਹ ਪੰਥਕ ਧਿਰਾਂ ਸਾਹਮਣੇ ਪੈਦਾ ਹੋਈ ਇਕ ਬਹੁਤ ਹੀ ਕਠੋਰ ਤੇ ਚੁਣੌਤੀ ਭਰੀ ਸਥਿਤੀ ਸੀ। ਇਸ ਵਿੱਚੋਂ ਹੀ ਪੰਥਕ ਸ਼ਕਤੀਆਂ ਦੀ, ਖ਼ਾਸ ਕਰਕੇ ਉਨ੍ਹਾਂ ਦੀਆਂ ਮੋਹਰੀ ਹਸਤੀਆਂ ਦੀ ਸੂਝ-ਪਰਪੱਕਤਾ, ਸੁਹਿਰਦਤਾ ਤੇ ਵਚਨਬੱਧਤਾ ਦੀ ਪਰਖ ਹੋਣੀ ਸੀ।

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਇਕ ਪ੍ਰੈੱਸ ਮਿਲਣੀ ਦੌਰਾਨ ਧਰਮਯੁੱਧ ਮੋਰਚਾ ਸ਼ੁਰੂ ਕਰਨ ਦੇ ਆਪਣੇ ਉਦੇਸ਼ਾਂ ਬਾਰੇ ਦੱਸਦੇ ਹੋਏ ਦੋ ਗੱਲਾਂ ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਸੀ। ਇਕ, ਸਾਰੇ ਸਿੱਖਾਂ ਨੂੰ ਇਕ ਮੰਚ ਉੱਤੇ 'ਕੱਠਿਆਂ ਕਰਨਾ। ਦੂਜਾ, ਸਿੱਖਾਂ ਨੂੰ ਇਹ ਅਹਿਸਾਸ ਕਰਵਾਉਣਾ ਕਿ ਉਹ ਭਾਰਤ ਅੰਦਰ ਬਰਾਬਰ ਦੇ ਨਾਗਰਿਕ ਨਹੀਂ।[28] ਅਕਾਲੀ ਆਗੂਆਂ ਦੇ ਅਸਲੀ ਕਿਰਦਾਰ ਬਾਰੇ ਜਾਣਦੇ ਹੋਇਆਂ ਵੀ ਉਨ੍ਹਾਂ ਨਾਲ ਸਾਂਝ ਪਾ ਕੇ ਚੱਲਣ ਦੀ ਲੋੜ ਤੇ ਅਹਿਮੀਅਤ ਨੂੰ ਪਛਾਣ ਲੈਣਾ ਅਤੇ ਫਿਰ ਇਸ ਲੋੜ ਨੂੰ ਅਮਲ ਅੰਦਰ ਸਾਕਾਰ ਕਰਨ ਲਈ ਆਪਣੀ ਪੂਰੀ ਵਾਹ ਲਾ ਦੇਣੀ ਕੋਈ ਛੋਟੀ ਗੱਲ ਨਹੀਂ ਸੀ। ਇਸ ਪਿੱਛੇ ਵੱਡੀ ਸੋਚ ਤੇ ਨਿਗਰ ਪ੍ਰਤੀਬੱਧਤਾ ਕੰਮ ਕਰਦੀ ਸੀ। ਸੰਤ ਜਰਨੈਲ ਸਿੰਘ ਨੇ ਐਨ ਸ਼ੁਰੂ ਵਿੱਚ ਹੀ ਅਕਾਲੀ ਆਗੂਆਂ ਨੂੰ, ਤੇ ਨਾਲ ਹੀ ਆਮ ਸਿੱਖ ਜਨਤਾ ਨੂੰ ਵੀ, ਇਹ ਗੱਲ ਪੂਰੀ ਤਰ੍ਹਾਂ ਸਾਫ਼ ਕਰ ਦਿੱਤੀ ਸੀ ਕਿ ਉਸਨੂੰ ਕਿਸੇ ਲੀਡਰੀ ਜਾਂ ਅਹੁਦੇ ਦੀ ਕੋਈ ਲਾਲਸਾ ਨਹੀਂ ਤੇ ਉਸਦਾ ਰੋਮ-ਰੋਮ ਪੰਥਕ ਕਾਜ ਨੂੰ ਸਮਰਪਤ ਹੈ। ਜੇ ਇਹ ਸਿਰਫ਼ ਕਹਿਣ ਦੀ ਹੀ ਗੱਲ ਹੁੰਦੀ ਤਾਂ ਇਸ ਵਿੱਚ ਕੁਝ ਵੀ ਨਵਾਂ ਜਾਂ ਵਚਿੱਤਰ ਨਹੀਂ ਸੀ। ਕਿਉਂਕਿ ਦਿਖਾਵੇ ਲਈ ਅਜਿਹੀ ਨਿਸ਼ਕਾਮ ਭਾਵਨਾ ਦਾ ਪ੍ਰਗਟਾਵਾ ਕਰਨਾ ਰਾਜਸੀ ਲੋਕਾਂ ਦਾ ਆਮ ਹੀ ਦਸਤੂਰ ਬਣਿਆ ਹੋਇਆ ਹੈ। ਅਹੁਦਿਆਂ ਦੀ ਹਿਰਸ ਤੇ ਹਉਮੈ 'ਚ ਗ੍ਰਸਤ ਅਕਾਲੀ ਆਗੂਆਂ ਦੇ ਮੂੰਹੋਂ 'ਪੰਥ ਵਸੇ ਮੈਂ ਉਜੜਾਂ' ਦੇ ਦੰਭੀ ਵਾਕ ਸੁਣਦਿਆਂ ਸਿੱਖ ਜਨਤਾ ਦੇ ਕੰਨ ਪੱਕੇ ਪਏ ਸਨ। ਪਰ ਸੰਤ ਜਰਨੈਲ ਸਿੰਘ ਉਨ੍ਹਾਂ ਰਾਜਸੀ ਲੋਕਾਂ ਦੀ ਉਸ ਜ਼ਾਤ 'ਚੋਂ ਨਹੀਂ ਸੀ ਜੋ ਕਹਿੰਦੇ ਹੋਰ ਤੇ ਕਮਾਉਂਦੇ ਹੋਰ ਸਨ। ਅਕਾਲੀ ਲੀਡਰਸ਼ਿਪ ਨਾਲ ਸਾਂਝ ਪਾਉਣ ਵੇਲੇ ਉਸ ਆਪਣੇ ਵੱਲੋਂ ਲੀਡਰਸ਼ਿਪ ਦੇ ਮੁੱਦੇ ਨੂੰ ਉੱਕਾ ਹੀ ਵਿੱਚ ਨਹੀਂ ਸੀ ਆਉਣ ਦਿੱਤਾ। ਸਿੱਖ ਕੌਮ ਦਾ ਭਾਰਤ ਅੰਦਰ ਮਾਣ ਤੇ ਵਕਾਰ ਰੁਲਦਾ ਦੇਖ ਕੇ ਉਸ ਨੇ ਮਨ ਅੰਦਰ ਇਹ ਦ੍ਰਿੜ੍ਹ ਨਿਸ਼ਚਾ ਕਰ ਲਿਆ ਹੋਇਆ ਸੀ ਕਿ ਸਿੱਖ ਕੌਮ ਦੇ ਗਲੋਂ ਗ਼ੁਲਾਮੀ ਦਾ ਇਹ ਜੂਲਾ ਲਾਹੁਣਾ ਹੈ। ਇਸ ਉਦੇਸ਼ ਦੀ ਪੂਰਤੀ ਲਈ ਹੀ ਉਸ ਨੇ ਸੰਘਰਸ਼ ਦਾ ਬੀੜਾ ਚੁੱਕਿਆ ਸੀ। ਇਹ ਗੱਲ ਉਸ ਲਈ ਬਹੁਤੇ ਮਾਅਨੇ ਨਹੀਂ ਸੀ ਰੱਖਦੀ ਕਿ ਸੰਘਰਸ਼ ਲੜਿਆ ਕਿਸ ਦੇ ਝੰਡੇ ਹੇਠ ਜਾਂਦਾ ਹੈ। ਉਸ ਲਈ ਮੁੱਖ ਗੱਲ ਇਹ ਸੀ ਕਿ ਸੰਘਰਸ਼ ਦਰੁਸਤ ਪੈਂਤੜੇ ਤੋਂ ਲੜਿਆ ਜਾਵੇ, ਸੁਹਿਰਦਤਾ ਤੇ ਸਾਬਤਕਦਮੀ ਨਾਲ ਲੜਿਆ ਜਾਵੇ ਅਤੇ ਉਦੇਸ਼ ਦੀ ਪੂਰਤੀ ਤਕ ਲੜਿਆ ਜਾਵੇ। ਇਸ ਲਈ ਜੇਕਰ ਅਕਾਲੀ ਲੀਡਰਸ਼ਿਪ ਨੇ ਇਹ ਇੱਛਾ ਜ਼ਾਹਰ ਕੀਤੀ ਕਿ ਸੰਘਰਸ਼ ਸ਼੍ਰੋਮਣੀ ਅਕਾਲੀ ਦਲ ਦੇ ਝੰਡੇ ਹੇਠ ਲੜਿਆ ਜਾਣਾ ਚਾਹੀਦਾ ਹੈ ਤਾਂ ਸੰਤ ਭਿੰਡਰਾਂਵਾਲੇ ਨੇ ਇਹ ਸੁਝਾਅ ਖ਼ੁਸ਼ੀ-ਖ਼ੁਸ਼ੀ ਕਬੂਲ ਕਰ ਲਿਆ। ਜੇਕਰ ਅਕਾਲੀ ਲੀਡਰਸ਼ਿਪ ਨੇ ਸੰਘਰਸ਼ ਉੱਤੇ ਆਪਣੀ

ਅਜਾਰੇਦਾਰਾਨਾ ਪਕੜ ਬਣਾਈ ਰੱਖਣ ਲਈ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਧਰਮਯੁੱਧ ਮੋਰਚੇ ਦਾ ਪ੍ਰਮੁੱਖ ਸੰਚਾਲਕ (ਡਿਕਟੇਟਰ) ਥਾਪ ਦੇਣ ਦਾ ਇਕਤਰਫ਼ਾ ਐਲਾਨ ਕਰ ਦਿੱਤਾ ਤਾਂ ਸੰਤ ਭਿੰਡਰਾਂਵਾਲੇ ਨੇ ਇਸ ਉੱਤੇ ਰਤੀ ਭਰ ਵੀ ਕੋਈ ਉਜਰ ਨਹੀਂ ਕੀਤਾ। ਉਸ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਜਥੇਬੰਦਕ ਲੀਡਰਸ਼ਿਪ ਕਬੂਲਣ ਵਿੱਚ ਰਤਾ ਜਿੰਨੀ ਵੀ ਝਿਜਕ ਨਹੀਂ ਦਿਖਾਈ। ਸੰਘਰਸ਼ ਦੇ ਸਮੁੱਚੇ ਅਮਲ ਦੌਰਾਨ ਉਸ ਨੇ ਇਸ ਭਾਵਨਾ ਦਾ ਪੱਲਾ ਨਹੀਂ ਛੱਡਿਆ। ਅਕਾਲੀ ਲੀਡਰਸ਼ਿਪ ਨਾਲ ਉਸ ਦੇ ਸਿਧਾਂਤਕ ਮੱਤਭੇਦ ਜ਼ਰੂਰ ਪੈਦਾ ਹੁੰਦੇ ਰਹੇ ਅਤੇ ਕਈ ਮੌਕਿਆਂ 'ਤੇ ਇਹ ਮੱਤਭੇਦ ਗੰਭੀਰ ਰੂਪ ਵੀ ਅਖ਼ਤਿਆਰ ਕਰ ਜਾਂਦੇ ਰਹੇ ਪਰ ਧਰਮਯੁੱਧ ਮੋਰਚੇ ਦੇ ਸਮੁੱਚੇ ਅਮਲ ਦੌਰਾਨ ਉਸ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਜਥੇਬੰਦਕ ਲੀਡਰਸ਼ਿਪ ਨੂੰ ਚੁਣੌਤੀ ਦੇਣ ਦੀ ਕਦੇ ਵੀ ਕੋਈ ਕੋਸ਼ਿਸ਼ ਨਹੀਂ ਕੀਤੀ।

ਵਿਅਕਤੀਗਤ ਰੂਪ ਵਿੱਚ ਸੰਤ ਹਰਚੰਦ ਸਿੰਘ ਲੌਂਗੋਵਾਲ ਬਾਰੇ ਵੀ ਇਹ ਕਿਹਾ ਜਾ ਸਕਦਾ ਹੈ ਕਿ ਉਹ ਆਪਣੇ ਸਮਕਾਲੀ ਹੋਰਨਾਂ ਅਕਾਲੀ ਆਗੂਆਂ ਦੀ ਤੁਲਨਾ ਵਿੱਚ ਲੀਡਰੀ ਦੀ ਭੁੱਖ ਜਾਂ ਅਹੁਦੇ ਦੀ ਲਾਲਸਾ ਤੋਂ ਕਾਫ਼ੀ ਹੱਦ ਤਕ ਮੁਕਤ ਸਨ। ਇਸ ਦ੍ਰਿਸ਼ਟੀ ਤੋਂ ਉਹ ਆਪਣੇ ਸਮਕਾਲੀ ਅਕਾਲੀ ਆਗੂਆਂ ਨਾਲੋਂ ਥੋੜ੍ਹੀ ਵੱਖਰੀ ਸ਼੍ਰੇਣੀ ਵਿੱਚ ਆਉਂਦੇ ਸਨ। ਪਰ ਉਸ ਵਿੱਚ ਵੱਡੀ ਘਾਟ ਇਹ ਸੀ ਕਿ ਉਹ ਅਕਸਰ ਆਪਣੇ ਨੇੜਲੇ ਲੋਕਾਂ ਦਾ ਪ੍ਰਭਾਵ ਤੇ ਦਬਾਅ ਕਬੂਲ ਲੈਂਦਾ ਸੀ ਜਿਸ ਸਦਕਾ ਉਸ ਦੀ ਸੁਤੰਤਰ ਤੌਰ 'ਤੇ ਸੋਚਣ ਤੇ ਵਿਚਰਨ ਦੀ ਸਮਰੱਥਾ ਗ੍ਰਹਿਣੀ ਜਾਂਦੀ ਸੀ। ਆਮ ਜੀਵਨ ਅੰਦਰ ਇਹ ਨੁਕਸ ਏਨਾ ਨਹੀਂ ਰੜਕਦਾ। ਪਰ ਰਾਜਸੀ ਜੀਵਨ ਅੰਦਰ ਇਹ ਇਕ ਗੰਭੀਰ ਔਗੁਣ ਹੋ ਨਿਬੜਦਾ ਹੈ। ਖ਼ਾਸ ਕਰਕੇ ਜੇਕਰ ਅਜਿਹੇ ਔਗੁਣ ਵਾਲੇ ਵਿਅਕਤੀ ਦੇ ਮੋਢਿਆਂ 'ਤੇ ਇਤਿਹਾਸ ਅੰਦਰ ਵੱਡਾ ਰੋਲ ਨਿਭਾਉਣ ਦੀ ਜ਼ੁੰਮੇਵਾਰੀ ਆਨ ਪਵੇ ਤਾਂ ਇਸ ਦੇ ਨਤੀਜੇ ਬਹੁਤ ਨਿਰਾਸ਼ਾਜਨਕ ਨਿਕਲਦੇ ਹਨ।

ਇਹ ਗੱਲ ਨਹੀਂ ਸੀ ਕਿ ਸੰਤ ਭਿੰਡਰਾਂਵਾਲੇ ਦੇ ਨਿਕਟ ਸਹਿਯੋਗੀ ਉਸ ਜਿੰਨੇ ਹੀ ਸ਼ੁਧ ਜਾਂ ਪਾਕਿ ਸਨ। ਸੰਤ ਹਰਚੰਦ ਸਿੰਘ ਦੀ ਤੁਲਨਾ ਵਿੱਚ ਸੰਤ ਜਰਨੈਲ ਸਿੰਘ ਦੀ ਵਿਲੱਖਣਤਾ ਇਹ ਸੀ ਕਿ ਉਹ ਜੋ ਵੀ ਫ਼ੈਸਲਾ ਕਰਦੇ ਸਨ, ਠੀਕ-ਗਲਤ ਦੇ ਆਧਾਰ 'ਤੇ ਕਰਦੇ ਸਨ ਅਤੇ ਆਪਣੀ ਸੁਤੰਤਰ ਸੋਚ ਅਨੁਸਾਰ ਕਰਦੇ ਸਨ। ਇਸ ਮਾਮਲੇ 'ਚ ਉਹ ਕੋਈ ਬਾਹਰੀ ਪ੍ਰਭਾਵ ਨਹੀਂ ਸਨ ਕਬੂਲਦੇ। ਦਬਾਅ ਤਾਂ ਉੱਕਾ ਹੀ ਨਹੀਂ। ਇਹ ਇਕ ਵੱਡਾ ਕਾਰਨ ਸੀ ਜਿਸ ਦੀ ਬਦੌਲਤ ਸੰਤ ਭਿੰਡਰਾਂਵਾਲੇ ਆਪਣੇ ਆਪ ਨੂੰ ਨਾ ਸਿਰਫ਼ ਰਾਜਨੀਤੀ ਦੇ ਆਮ ਵਿਕਾਰਾਂ ਤੋਂ ਸੁਰਖ਼ਰੂ ਰੱਖਣ 'ਚ ਸਫਲ ਰਹੇ ਸਗੋਂ ਉਹ ਅਕਾਲੀ ਰਾਜਨੀਤੀ ਦੀਆਂ ਕੁਰੀਤੀਆਂ ਵਿਰੁੱਧ ਸੰਘਰਸ਼ ਦੇ ਝੰਡਾਬਰਦਾਰ ਬਣ ਕੇ ਉਭਰ ਆਏ। ਇਸ ਦੀ ਤੁਲਨਾ ਵਿੱਚ ਸੰਤ ਹਰਚੰਦ ਸਿੰਘ ਲੌਂਗੋਵਾਲ, ਆਪਣੀ ਸਾਰੀ ਨੇਕੀ ਦੇ ਬਾਵਜੂਦ, ਅਕਾਲੀ ਰਾਜਨੀਤੀ ਦੇ ਨਕਾਰੀ ਲੱਛਣਾਂ ਨਾਲੋਂ ਨਾ ਸਿਰਫ਼ ਆਪਣਾ ਨਿਖੇੜਾ ਨਹੀਂ ਕਰ ਸਕੇ ਸਗੋਂ ਉਹ ਅਮਲੀ ਤੌਰ 'ਤੇ ਇਸ ਨਕਾਰੀ ਰਾਜਨੀਤੀ ਦੇ ਪ੍ਰਮੁੱਖ ਦੂਤ ਬਣ ਕੇ ਉਭਰ ਆਏ। ਇਹ ਇਕ ਵੱਡੀ ਵਜ੍ਹਾ ਸੀ ਜਿਸ ਦੇ ਕਰਕੇ ਧਰਮਯੁੱਧ ਮੋਰਚੇ ਦੇ ਸਮੁੱਚੇ ਅਮਲ ਦੌਰਾਨ ਦੋਨਾਂ ਸੰਤਾਂ ਵਿਚਕਾਰ ਲਗਾਤਾਰ ਇਕ ਤਣਾਉ ਤੇ ਓਪਰਾਪਣ ਬਣਿਆ ਰਿਹਾ। ਕਈ ਮੌਕੇ ਅਜਿਹੇ ਵੀ ਆਏ ਜਦ ਦੋਨਾਂ ਵਿਚਕਾਰ ਰਿਸ਼ਤੇ ਦਾ ਗੰਭੀਰ ਸੰਕਟ ਪੈਦਾ ਹੋ ਜਾਂਦਾ ਰਿਹਾ ਅਤੇ ਵਖਰੇਵੇਂ ਦੁਸ਼ਮਣੀ 'ਚ ਵਟ ਜਾਂਦੇ ਰਹੇ। ਇਸ ਦੀ ਵਜ੍ਹਾ ਨਿਰਾ ਵਿਚਾਰਾਂ ਦਾ ਪਾੜਾ ਨਹੀਂ ਸੀ। ਮਸਲਾ ਅਹਿਮ ਰੂਪ ਵਿੱਚ ਵਿਹਾਰ ਤੇ ਸਦਾਚਾਰ ਦਾ ਵੀ ਸੀ। ਨਾ ਸੰਤ ਜਰਨੈਲ ਸਿੰਘ ਅਕਾਲੀ ਰਾਜਨੀਤੀ ਦੀਆਂ ਕੁਰੀਤੀਆਂ

ਨਾਲ ਸਮਝੌਤਾ ਕਰਨ ਲਈ ਰਜ਼ਾਮੰਦ ਹੋਏ ਤੇ ਨਾ ਹੀ ਸੰਤ ਹਰਚੰਦ ਸਿੰਘ ਆਪਣੇ ਆਪ ਨੂੰ ਅਕਾਲੀ ਰਾਜਨੀਤੀ ਦੀਆਂ ਕੁਰੀਤੀਆਂ ਦੇ ਪਰਛਾਵੇਂ ਤੋਂ ਮੁਕਤ ਕਰ ਸਕੇ। ਸਿੱਟਾ ਇਹ ਨਿਕਲਿਆ ਕਿ ਸਿੱਖ ਸੰਘਰਸ਼ ਦੀਆਂ ਸਾਰੀਆਂ ਵੱਡੀਆਂ-ਛੋਟੀਆਂ ਅੰਦਰੂਨੀ ਵਿਰੋਧਤਾਈਆਂ, ਗਾੜ੍ਹੇ-ਸੰਘਣੇ ਰੂਪ ਵਿੱਚ, ਦੋਨਾਂ ਸੰਤਾਂ ਵਿਚਕਾਰ ਗਹਿਰੇ ਮੱਤਭੇਦਾਂ ਤੇ ਵਿਰੋਧਾਂ ਦੀ ਸ਼ਕਲ ਵਿੱਚ ਪ੍ਰਗਟ ਹੋ ਤੁਰੀਆਂ। ਇਹ ਹਾਲਤ ਸਿੱਖ ਸੰਘਰਸ਼ ਉੱਤੇ ਅਖ਼ੀਰ ਤਕ ਆਪਣਾ ਨਾਂਹ-ਪੱਖੀ ਪ੍ਰਭਾਵ ਛੱਡਦੀ ਰਹੀ।

ਦੋਨਾਂ ਸੰਤਾਂ ਵਿਚਕਾਰ ਮੌਜੂਦ ਇਨ੍ਹਾਂ ਉੱਪਰ ਬਿਆਨੇ ਵਿਰੋਧਾਂ ਦੀ ਹਕੀਕਤ ਨਾਲੋਂ, ਸਥਿਤੀ ਦਾ ਵੱਧ ਗੰਭੀਰ ਤੇ ਚਿੰਤਾਜਨਕ ਪਹਿਲੂ ਇਹ ਸੀ ਕਿ ਇਸ ਸਾਰੇ ਸਮੇਂ ਦੌਰਾਨ, ਅੱਡ-ਅੱਡ ਕਾਰਨਾਂ ਕਰਕੇ ਸੰਤ ਭਿੰਡਰਾਂਵਾਲੇ ਨਾਲ ਵਿਰੋਧ ਜਾਂ ਸ਼ਰੀਕਾ ਪਾਲ ਕੇ ਚੱਲ ਰਹੇ ਕੁਝ ਵਿਅਕਤੀਆਂ ਤੇ ਸ਼ਕਤੀਆਂ ਵੱਲੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਪਦਵੀ ਤੇ ਹਸਤੀ ਦਾ, ਸੰਤ ਭਿੰਡਰਾਂਵਾਲੇ ਦੇ ਖ਼ਿਲਾਫ਼ ਇਸਤੇਮਾਲ ਕਰਨ ਦੇ ਲਗਾਤਾਰ ਯਤਨ ਕੀਤੇ ਜਾਂਦੇ ਰਹੇ। ਮੰਦਭਾਗੀ ਗੱਲ ਇਹ ਸੀ ਕਿ ਇਸ ਮਾਮਲੇ 'ਚ ਸੰਤ ਹਰਚੰਦ ਸਿੰਘ ਨਾ ਸਿਰਫ਼ ਇਨ੍ਹਾਂ ਸ਼ਕਤੀਆਂ ਤੇ ਵਿਅਕਤੀਆਂ ਦੀਆਂ ਏਕਤਾਘਾਤੀ ਕਰੂਚੀਆਂ ਤੇ ਸਰਗਰਮੀਆਂ ਉੱਤੇ ਰੋਕ ਲਾਉਣ ਵਿੱਚ ਸਫਲ ਨਹੀਂ ਹੋ ਸਕੇ ਸਗੋਂ ਆਪਣੀ ਫ਼ਿਤਰਤੀ ਕਮਜ਼ੋਰੀ ਦੀ ਵਜ੍ਹਾ ਕਰਕੇ ਉਹ ਇਨ੍ਹਾਂ ਸ਼ਕਤੀਆਂ ਨਾਲ ਗੁੱਝੀ ਭਾਈਵਾਲੀ ਦਾ ਖੁੱਲ੍ਹਾ ਪ੍ਰਭਾਵ ਦਿੰਦੇ ਰਹੇ। ਮਿਸਾਲ ਵਜੋਂ, ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਨੇੜਤਾ ਰੱਖਣ ਵਾਲੀ ਇਕ ਖਾੜਕੂ ਜਥੇਬੰਦੀ ਦੇ ਕੁਝ ਕਾਰਕੁੰਨਾਂ ਨੇ 16 ਦਸੰਬਰ 1983 ਨੂੰ ਗੁਰੂ ਨਾਨਕ ਨਿਵਾਸ ਦੇ ਅੰਦਰ ਦੋ ਕਮਰਿਆਂ ਦੀ ਮਾਲਕੀ ਨੂੰ ਲੈ ਕੇ ਸੰਤ ਭਿੰਡਰਾਂਵਾਲੇ ਦੇ ਸਮਰਥਕਾਂ ਨਾਲ ਝਗੜਾ ਖੜਾ ਕਰ ਲਿਆ ਅਤੇ ਮਹਿਜ਼ ਏਨੀ ਕੁ ਗੱਲ ਬਦਲੇ ਸੰਤ ਭਿੰਡਰਾਂਵਾਲੇ ਦੇ ਹਮਾਇਤੀਆਂ ਖ਼ਿਲਾਫ਼ ਆਪਣੀਆਂ ਬੰਦੂਕਾਂ ਤਾਣ ਲਈਆਂ।[29] ਸੰਤ ਜਰਨੈਲ ਸਿੰਘ ਨੇ ਸਥਿਤੀ ਦੀ ਗੰਭੀਰਤਾ ਨੂੰ ਪਛਾਣਦੇ ਹੋਏ ਆਪਣੇ ਸ਼ਸਤਰਧਾਰੀ ਹਮਾਇਤੀਆਂ ਨੂੰ ਸੰਜਮ ਤੇ ਧੀਰਜ ਤੋਂ ਕੰਮ ਲੈਣ ਲਈ ਪ੍ਰੇਰਿਆ। ਉਨ੍ਹਾਂ ਆਪਣੇ ਸਮਰਥਕਾਂ ਨੂੰ ਛੋਟੀ ਜਿਹੀ ਗੱਲ ਬਦਲੇ ਹਥਿਆਰਬੰਦ ਟੱਕਰ ਵਿੱਚ ਉਲਝਣ ਤੋਂ ਸਖ਼ਤੀ ਨਾਲ ਮਨ੍ਹਾਂ ਕਰਦੇ ਹੋਏ ਝਗੜੇ ਵਾਲੇ ਕਮਰਿਆਂ ਨੂੰ ਫ਼ੌਰਨ ਖ਼ਾਲੀ ਕਰ ਦੇਣ ਅਤੇ ਆਪੋ-ਆਪਣੇ ਕਮਰਿਆਂ ਅੰਦਰ ਵੜ ਕੇ ਬਾਣੀ ਪੜ੍ਹਨ ਵਿੱਚ ਮਗਨ ਹੋ ਜਾਣ ਦਾ ਆਦੇਸ਼ ਦੇ ਦਿੱਤਾ। ਉਸ ਵੇਲੇ ਜਦ ਸਿੱਖ ਪੰਥ ਨੇ ਹਿੰਦੂ ਹਾਕਮਾਂ ਖ਼ਿਲਾਫ਼ ਜ਼ਿੰਦਗੀ ਮੌਤ ਦੀ ਲੜਾਈ ਆਰੰਭ ਕਰ ਰੱਖੀ ਹੋਈ ਸੀ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਇਸ ਸੰਘਰਸ਼ ਦੀ ਮੁੱਖ ਸ਼ਕਤੀ ਤੇ ਪ੍ਰਮੁੱਖ ਨਾਇਕ ਬਣ ਕੇ ਉਭਰ ਆਏ ਹੋਏ ਸਨ ਅਤੇ ਹੁਕਮਰਾਨ ਤਾਕਤਾਂ ਦਾ ਸਾਰਾ ਜ਼ੋਰ ਸੰਤ ਭਿੰਡਰਾਂਵਾਲੇ ਨੂੰ ਚੁਫੇਰਿਓਂ ਘੇਰ ਕੇ ਖ਼ਤਮ ਕਰਨ ਉੱਤੇ ਲੱਗਾ ਹੋਇਆ ਸੀ ਤਾਂ ਅਜਿਹੀ ਨਾਜ਼ੁਕ ਸਥਿਤੀ ਵਿੱਚ ਇਕ ਮਾਮੂਲੀ ਜਿਹੇ ਮੁੱਦੇ 'ਤੇ ਫ਼ਜ਼ੂਲ ਕਿਸਮ ਦਾ ਝਗੜਾ ਖੜਾ ਕਰ ਕੇ ਖਾੜਕੂ ਧਿਰਾਂ ਵਿਚਕਾਰ ਖ਼ੂਨੀ ਟਕਰਾਉ ਦੀ ਨੌਬਤ ਪੈਦਾ ਕਰ ਦੇਣੀ, ਹੱਦ ਦਰਜੇ ਦੀ ਨਾਦਾਨੀ ਸੀ। ਪਰ ਇਹ 'ਨਾਦਾਨੀ' ਕੋਈ ਇਤਫ਼ਾਕੀਆ ਨਹੀਂ ਸੀ। ਇਸ ਦੇ ਪਿੱਛੇ, ਬਿਨਾਂ ਸ਼ੱਕ, ਭੈੜੇ ਇਰਾਦੇ ਤੇ ਖ਼ਤਰਨਾਕ ਮਨਸੂਬੇ ਕੰਮ ਕਰ ਰਹੇ ਸਨ। ਇਹ ਘਟਨਾ ਦਰਬਾਰ ਸਾਹਿਬ ਸਮੂਹ ਦੇ ਅੰਦਰ ਪੰਥਕ ਸ਼ਕਤੀਆਂ ਨੂੰ ਆਪਸੀ ਟਕਰਾਅ ਵਿੱਚ ਉਲਝਾਉਣ ਤੇ ਫਿਰ ਇਸ ਬਹਾਨੇ ਦਰਬਾਰ ਸਾਹਿਬ ਅੰਦਰ ਪੁਲਸ ਅਤੇ ਫ਼ੌਜ ਵਾੜ ਦੇਣ ਦੀ ਇਕ ਗਹਿਰੀ ਸਾਜ਼ਿਸ਼ ਦਾ ਹੀ ਪੂਰਵ-ਅਭਿਆਸ (ਰਿਹਰਸਲ) ਸੀ। ਅਜਿਹੇ ਹੀ ਮੌਕੇ ਹੁੰਦੇ ਹਨ ਜਦ ਆਗੂਆਂ ਦੀ ਸੂਝ-ਸਿਆਣਪ ਤੇ ਲਿਆਕਤ ਕੁਠਾਲੀ ਵਿੱਚ ਪਾ ਕੇ ਪਰਖੀ ਜਾਂਦੀ ਹੈ। ਸੋਚਾਂ ਦੇ ਕੱਦ ਤੇ ਹਿਰਦਿਆਂ ਦੇ ਆਕਾਰ ਅਜਿਹੇ ਹੀ ਮੌਕਿਆਂ 'ਤੇ ਨਾਪੇ

ਜਾਂਦੇ ਹਨ। ਜੇਕਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਛੋਟੀ ਸੋਚ ਤੇ ਨਿਗੂਣੇ ਹਿਰਦੇ ਦੇ ਮਾਲਕ ਹੁੰਦੇ ਅਤੇ ਜੇਕਰ ਉਨ੍ਹਾਂ ਦੀ ਪੰਥ ਨਾਲ ਪ੍ਰੀਤੀ ਤੇ ਪ੍ਰਤੀਬੱਧਤਾ ਅੰਦਰ ਥੋੜ੍ਹੀ ਜਿੰਨੀ ਵੀ ਪੋਲ ਹੁੰਦੀ ਤਾਂ ਉਹ ਇਸ ਮਸਲੇ ਨੂੰ ਵੱਕਾਰ ਦਾ ਮੁੱਦਾ ਬਣਾ ਕੇ ਯਕੀਨਨ ਹੀ ਵਿਰੋਧੀ ਧਿਰ ਨਾਲ ਖ਼ੂਨੀ ਟੱਕਰ ਵਿੱਚ ਉਲਝ ਗਏ ਹੁੰਦੇ। ਪਰ ਉਨ੍ਹਾਂ ਅਜਿਹਾ ਨਹੀਂ ਕੀਤਾ। ਉਨ੍ਹਾਂ ਆਪਣੇ ਸਮਰਥਕਾਂ ਨੂੰ ਨਾ ਸਿਰਫ਼ ਝਗੜੇ ਵਾਲੇ ਦੋਨੋਂ ਕਮਰਿਆਂ ਨੂੰ ਤੁਰੰਤ ਖ਼ਾਲੀ ਕਰ ਦੇਣ ਦਾ ਆਦੇਸ਼ ਦੇ ਦਿੱਤਾ ਸਗੋਂ ਡੂੰਘੀ ਸੋਚ-ਵਿਚਾਰ ਕਰਨ ਤੋਂ ਬਾਅਦ ਉਨ੍ਹਾਂ ਆਪਣਾ ਟਿਕਾਣਾ ਬਦਲ ਲੈਣ ਦਾ ਨਿਰਣਾ ਕਰ ਲਿਆ। ਉਹ ਗੁਰੂ ਨਾਨਕ ਨਿਵਾਸ ਨੂੰ ਛੱਡ ਕੇ ਆਪਣੇ ਸਮਰਥਕਾਂ ਸਮੇਤ ਅਕਾਲ ਤਖ਼ਤ ਸਾਹਿਬ ਦੀ ਉਪਰਲੀ ਮੰਜ਼ਿਲ ਉੱਤੇ ਚਲੇ ਗਏ। ਆਖ਼ਰੀ ਸਮੇਂ ਤਕ ਉਹ ਪੱਕੇ ਤੌਰ 'ਤੇ ਉਥੇ ਹੀ ਟਿਕੇ ਰਹੇ।

ਇਸ ਨਾਲ ਪੰਥਕ ਸ਼ਕਤੀਆਂ ਵਿਚਕਾਰ ਖ਼ੂਨੀ ਟੱਕਰ ਦਾ ਫ਼ੌਰੀ ਖ਼ਤਰਾ ਤਾਂ ਬੇਸ਼ੱਕ ਟਲ ਗਿਆ ਪਰ ਖ਼ੂਨੀ ਟੱਕਰ ਦੀ ਸੰਭਾਵਨਾ ਜਿਉਂ-ਦੀ-ਤਿਉਂ ਬਣੀ ਰਹੀ। ਕਿਉਂਕਿ ਅਜਿਹੀ ਹਾਲਤ ਪੈਦਾ ਕਰਨ ਵਾਲੇ ਕਾਰਨ ਤੇ ਸ਼ਕਤੀਆਂ ਕਿਤੇ ਅਲੋਪ ਨਹੀਂ ਸਨ ਹੋ ਗਈਆਂ। ਉਹ ਬਰਾਬਰ ਕਾਰਜਸ਼ੀਲ ਸਨ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਦਿਨੋ-ਦਿਨ ਵਧ ਰਹੀ ਹਰਮਨਪਿਆਰਤਾ ਬਹੁਤ ਸਾਰੇ ਹਿਰਦਿਆਂ ਅੰਦਰ ਘਬਰਾਹਟ ਤੇ ਜਲਣ ਪੈਦਾ ਕਰ ਰਹੀ ਸੀ। ਹਰ ਵੰਨਗੀ ਦੀਆਂ ਸਿੱਖ-ਦੁਸ਼ਮਣ ਤਾਕਤਾਂ ਸੰਤ ਭਿੰਡਰਾਂਵਾਲੇ ਦੇ ਰੂਪ ਵਿੱਚ ਉਭਰ ਰਹੀ 'ਆਫ਼ਤ' ਤੋਂ ਜਿੰਨੀ ਜਲਦੀ ਹੋ ਸਕੇ ਛੁਟਕਾਰਾ ਪਾਉਣਾ ਚਾਹੁੰਦੀਆਂ ਸਨ। ਸਿਰਫ਼ ਇਸ ਕਰਕੇ ਨਹੀਂ ਕਿ ਉਹ ਸਿੱਖ ਨੌਜੁਆਨਾਂ ਨੂੰ ਖਾੜਕੂ ਵਾਰਦਾਤਾਂ ਲਈ ਪ੍ਰੇਰਿਤ ਤੇ ਉਤਸ਼ਾਹਤ ਕਰ ਰਹੇ ਸਨ। ਸਿੱਖ-ਦੁਸ਼ਮਣ ਤਾਕਤਾਂ ਦੀ ਦ੍ਰਿਸ਼ਟੀ ਤੋਂ, ਇਸ ਨਾਲੋਂ ਕਿਤੇ ਵੱਧ ਗੰਭੀਰ ਤੇ ਖ਼ਤਰਨਾਕ ਗੱਲ ਇਹ ਸੀ ਕਿ ਸੰਤ ਭਿੰਡਰਾਂਵਾਲੇ ਲਗਾਤਾਰ ਸਿੱਖ ਕੌਮ ਅੰਦਰ ਆਜ਼ਾਦੀ ਦੇ ਸੰਕਲਪ ਤੇ ਜਜ਼ਬੇ ਦਾ ਪੁਰਜ਼ੋਰ ਸੰਚਾਰ ਕਰ ਰਹੇ ਸਨ। ਇਹ ਕੰਮ ਸੀ ਜਿਹੜਾ 1849 ਵਿੱਚ ਸਿੱਖ ਰਾਜ ਦੇ ਖ਼ਤਮ ਹੋ ਜਾਣ ਤੋਂ ਬਾਅਦ ਇਤਿਹਾਸ ਅੰਦਰ ਹੋਰ ਕਿਸੇ ਵੀ ਸਿੱਖ ਆਗੂ ਨੇ ਨਹੀਂ ਸੀ ਕੀਤਾ। ਜਾਂ ਇਸ ਢੰਗ ਨਾਲ ਤੇ ਇਸ ਪੈਮਾਨੇ 'ਤੇ ਨਹੀਂ ਸੀ ਕੀਤਾ। ਇਹੀ ਵਜ੍ਹਾ ਸੀ ਜਿਸਦੇ ਕਰਕੇ ਸੰਤ ਜਰਨੈਲ ਸਿੰਘ ਸਿੱਖ-ਦੁਸ਼ਮਣ ਤਾਕਤਾਂ ਦੀ ਸਭ ਤੋਂ ਵੱਧ ਤਿੱਖੀ ਨਫ਼ਰਤ ਦੇ ਪਾਤਰ ਬਣ ਕੇ ਉਭਰ ਆਏ ਸਨ। ਅਜਿਹੇ 'ਖ਼ਤਰਨਾਕ' ਵਿਅਕਤੀ ਨੂੰ ਹੋਰ ਲੰਮਾ ਚਿਰ ਸਹਿਣ ਕਰ ਸਕਣਾ ਇਨ੍ਹਾਂ ਤਾਕਤਾਂ ਲਈ ਬੇਹੱਦ ਮੁਸ਼ਕਲ ਹੋ ਰਿਹਾ ਸੀ। ਕਿਉਂਕਿ ਗੱਲ ਨਿਰੀ ਇਕ ਵਿਅਕਤੀ ਦੀ ਨਹੀਂ ਸੀ, ਉਸ ਦੇ ਵਿਚਾਰਾਂ ਦੀ ਸੀ। ਸਿੱਖ ਕੌਮ ਅੰਦਰ ਆਜ਼ਾਦੀ ਦੇ ਸੰਕਲਪ ਤੇ ਜਜ਼ਬੇ ਦਾ ਤੇਜ਼ੀ ਨਾਲ ਹੋ ਰਿਹਾ ਪਸਾਰ ਹਿੰਦੂ ਹਾਕਮਾਂ ਤੋਂ ਲੈ ਕੇ ਉਨ੍ਹਾਂ ਦੀ ਖੱਬੀ ਸੱਜੀ ਕੁੱਛੜ ਚੜ੍ਹੀਆਂ ਸਭਨਾਂ ਅਖੌਤੀ 'ਧਰਮ ਨਿਰਪੱਖ' ਤਾਕਤਾਂ ਤਕ, ਸਭ ਅੰਦਰ ਬਰਾਬਰ ਇੱਕੋ ਜਿੰਨੀ ਔਖ ਤੇ ਬੇਆਰਾਮੀ ਪੈਦਾ ਕਰ ਰਿਹਾ ਸੀ। ਜਿਸ ਕਰਕੇ ਇਸ 'ਗੁਸਤਾਖ਼' ਅਵਾਜ਼ ਨੂੰ ਹਮੇਸ਼ਾ-ਹਮੇਸ਼ਾ ਲਈ ਚੁੱਪ ਕਰਾ ਦੇਣਾ ਇਨ੍ਹਾਂ ਸਭਨਾਂ ਤਾਕਤਾਂ ਦੀ ਸਰਬਸਾਂਝੀ ਰਾਇ ਤੇ ਲੋੜ ਬਣ ਗਈ ਸੀ। ਦੇਸ ਅੰਦਰ ਸੰਤ ਭਿੰਡਰਾਂਵਾਲੇ ਦੇ ਖ਼ਿਲਾਫ਼ ਇਕ ਅਜੀਬ ਕਿਸਮ ਦਾ ਗ਼ੈਰ-ਰਸਮੀ ਸਾਂਝਾ ਰਾਜਸੀ ਫ਼ਰੰਟ ਉਸਰ ਆਇਆ ਸੀ ਅਤੇ ਉਸ ਨੂੰ ਚਾਰੇ ਪਾਸਿਓਂ ਘੇਰਨ, ਖਦੇੜਨ ਤੇ ਖ਼ਤਮ ਕਰ ਦੇਣ ਦੇ ਯਤਨਾਂ ਵਿੱਚ ਨਿਰਾਸ਼ਾ ਤੇ ਬੇਸਬਰੀ ਦੇ ਅੰਸ਼ ਸਾਫ਼ ਝਲਕਣ ਲੱਗ ਪਏ ਸਨ।

15 ਮਾਰਚ 1983 ਨੂੰ ਰਾਤ ਦੇ ਤੀਜੇ ਪਹਿਰ ਅੰਮ੍ਰਿਤਸਰ ਸ਼ਹਿਰ ਤੋਂ ਬਾਹਰਵਾਰ ਮਾਨਾਂਵਾਲਾ ਪਿੰਡ ਦੇ ਨਜ਼ਦੀਕ ਦਮਦਮੀ ਟਕਸਾਲ ਦੀ ਇਕ ਜੀਪ ਉੱਤੇ ਅਚਾਨਕ ਘਾਤ ਲਗਾ ਕੇ ਹਮਲਾ ਕੀਤਾ ਗਿਆ ਜਿਸ ਨਾਲ ਜੀਪ 'ਚ ਸਵਾਰ ਇਕ ਸਿੰਘ ਦੀ

ਥਾਏਂ ਮੌਤ ਹੋ ਗਈ ਜਦ ਕਿ ਜੀਪ ਚਲਾ ਰਿਹਾ ਦੂਸਰਾ ਸਿੰਘ ਬੁਰੀ ਤਰ੍ਹਾਂ ਘਾਇਲ ਹੋ ਗਿਆ।[30] ਬਾਅਦ 'ਚ ਪਤਾ ਚੱਲਿਆ ਕਿ ਪੁਲਸ ਨੂੰ ਉਸ ਦੇ ਕਿਸੇ ਸੂਹੀਏ ਨੇ ਇਹ ਗੁਪਤ ਸੂਚਨਾ ਦਿੱਤੀ ਸੀ ਕਿ ਰਾਤ ਨੂੰ ਸੰਤ ਭਿੰਡਰਾਂਵਾਲੇ ਜੀਪ 'ਚ ਸਵਾਰ ਹੋ ਕੇ ਆਪਣੇ ਮਹਿਤੇ ਚੌਕ ਵਾਲੇ ਮੁੱਖ ਟਿਕਾਣੇ ਉੱਤੇ ਗੇੜਾ ਮਾਰਨ ਜਾ ਰਹੇ ਹਨ। ਪੁਲਸ ਨੇ ਜਿਸ ਢੰਗ ਨਾਲ ਇਸ ਜੀਪ ਉੱਤੇ ਘਾਤ ਲਗਾ ਕੇ ਹਮਲਾ ਕੀਤਾ, ਉਸ ਤੋਂ ਪਤਾ ਚੱਲਦਾ ਸੀ ਕਿ ਇਰਾਦਾ ਸੰਤ ਭਿੰਡਰਾਂਵਾਲੇ ਨੂੰ ਜਾਨੋਂ ਮਾਰ ਦੇਣ ਦਾ ਸੀ। ਅਜਿਹੀ ਵਿਉਂਤ ਕਿਸੇ ਵੀ ਤਰ੍ਹਾਂ ਹੇਠਲੇ ਪੱਧਰ 'ਤੇ ਨਹੀਂ ਸੀ ਵਿਉਂਤੀ ਹੋ ਸਕਦੀ। ਇਹ ਫ਼ੈਸਲਾ, ਬਿਨਾਂ ਸ਼ੱਕ, ਉਤਲੇ ਪੱਧਰ 'ਤੇ ਹੋਇਆ ਹੋਵੇਗਾ ਅਤੇ ਬਾਕਾਇਦਾ ਸੋਚ ਵਿਚਾਰ ਕੇ ਹੋਇਆ ਹੋਵੇਗਾ। ਇਸ 'ਚੋਂ ਹਿੰਦੂ ਹਾਕਮਾਂ ਦੇ ਮਨਸ਼ੇ ਤੇ ਮਨਸੂਬੇ ਸਾਫ਼ ਹੋ ਗਏ ਸਨ। ਸੰਤ ਜਰਨੈਲ ਸਿੰਘ ਨੂੰ ਜਿਹੜੀ ਗੱਲ ਨੇ ਵੱਧ ਬੇਚੈਨ ਕੀਤਾ, ਉਹ ਸਿੱਖ ਦੁਸ਼ਮਣ ਤਾਕਤਾਂ ਦੀ ਇਹ ਖ਼ਤਰਨਾਕ ਗੋਂਦ ਨਹੀਂ ਸੀ। ਉਨ੍ਹਾਂ ਲਈ ਵੱਧ ਗੰਭੀਰ ਤੇ ਚਿੰਤਾ ਵਾਲੀ ਗੱਲ ਇਹ ਸੀ ਕਿ ਸੂਹੀਆ ਏਜੰਸੀਆਂ ਉਨ੍ਹਾਂ ਦੀ ਸੁਰੱਖਿਆ ਦੇ ਅੰਦਰੂਨੀ ਘੇਰੇ ਤਕ ਆਪਣੀ ਪਹੁੰਚ ਬਣਾਉਣ ਵਿੱਚ ਸਫਲ ਹੋ ਗਈਆਂ ਸਨ। ਇਕ ਸੁਲਝੇ ਤੇ ਚੁਕੰਨੇ ਜਰਨੈਲ ਦੀ ਤਰ੍ਹਾਂ ਉਨ੍ਹਾਂ ਫ਼ੌਰਨ ਇਸ ਦਿਸ਼ਾ ਵੱਲ ਪੂਰਾ ਧਿਆਨ ਮੋੜ ਦਿੱਤਾ। ਇਸੇ ਸਿਲਸਿਲੇ ਵਿੱਚ, ਇਸ ਘਟਨਾ ਤੋਂ ਥੋੜੇ ਹੀ ਦਿਨਾਂ ਬਾਅਦ (25 ਅਪ੍ਰੈਲ) ਪੰਜਾਬ ਪੁਲਸ ਦੇ ਇਕ ਬਹੁਤ ਹੀ ਉਪਰਲੇ ਪੱਧਰ ਦੇ ਅਫ਼ਸਰ (ਡੀ.ਆਈ.ਜੀ. ਅਵਤਾਰ ਸਿੰਘ ਅਟਵਾਲ) ਦੀ ਦਰਬਾਰ ਸਾਹਿਬ 'ਚੋਂ ਬਾਹਰ ਨਿਕਲਦਿਆਂ ਹੀ ਦਰਸ਼ਨੀ ਡਿਉਢੀ ਦੇ ਬੂਹੇ ਉੱਤੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ।[31] ਨਾ ਸਿਰਫ਼ ਪੰਜਾਬ ਅੰਦਰ ਸਗੋਂ ਭਾਰਤ ਅੰਦਰ ਹੀ, ਪੁਲਸ ਦੇ ਏਡੇ ਵੱਡੇ ਅਫ਼ਸਰ ਦੇ ਕਤਲ ਦੀ ਇਹ ਪਹਿਲੀ ਘਟਨਾ ਸੀ। ਇਸ ਨਾਲ, ਸੁਭਾਵਿਕ ਹੀ, ਹਕੂਮਤੀ ਢਾਂਚੇ ਤੇ ਹੁਕਮਰਾਨ ਹਲਕਿਆਂ ਅੰਦਰ ਤਿੱਖੀ ਖਲਬਲੀ ਮੱਚ ਗਈ। ਸੰਤ ਭਿੰਡਰਾਂਵਾਲੇ ਦੇ ਖ਼ਿਲਾਫ਼ 'ਫ਼ੌਰੀ ਤੇ ਅਸਰਦਾਰ' ਕਾਰਵਾਈ ਦੀ ਮੰਗ ਹੋਰ ਉੱਚੀ ਹੋ ਗਈ। ਇੰਦਰਾ ਗਾਂਧੀ ਇਸ ਫ਼ਿਰਕੂ ਮੰਗ ਤੇ ਇਸ ਪਿੱਛੇ ਕੰਮ ਕਰਦੀਆਂ ਫ਼ਿਰਕੂ ਭਾਵਨਾਵਾਂ ਨਾਲ ਪੂਰੀ ਤਰ੍ਹਾਂ ਇਕਮੱਤ ਤੇ ਇਕਸੁਰ ਹੁੰਦੇ ਹੋਏ ਵੀ ਆਪਣੀਆਂ ਅਲੱਗ ਗੀਟੀਆਂ ਖੇਡ ਰਹੀ ਸੀ। ਇਕ ਤਾਂ ਉਹ ਹਿੰਦੂ ਭਾਵਨਾਵਾਂ ਨੂੰ ਅਜੇ ਹੋਰ ਸਿਖਰਾਂ 'ਤੇ ਲੈ ਜਾਣਾ ਚਾਹੁੰਦੀ ਸੀ (ਤਾਂ ਜੋ ਇਨ੍ਹਾਂ ਦੀ ਹੋਰ ਵੱਧ ਭਰਪੂਰ ਵਟਤ ਹੋ ਸਕੇ)। ਦੂਜਾ, ਉਹ ਹਾਲਤਾਂ ਦੀ ਘੁੰਮਣਘੇਰੀ ਵਿੱਚ ਫਸ ਕੇ ਰਹਿ ਗਈ ਅਕਾਲੀ ਲੀਡਰਸ਼ਿਪ ਨੂੰ ਅਜੇ ਹੋਰ ਗੋਤੇ ਖੁਆਉਣਾ ਚਾਹੁੰਦੀ ਸੀ। ਉਹ ਦਰਬਾਰ ਸਾਹਿਬ ਸਮੂਹ ਅੰਦਰਲੀ ਹਾਲਤ ਉੱਤੇ ਨੇੜਲੀ ਨਜ਼ਰ ਟਿਕਾ ਕੇ ਚੱਲ ਰਹੀ ਸੀ ਅਤੇ ਉਸਦੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵਿਰੁੱਧ ਸਿੱਧੀ ਕਾਰਵਾਈ ਲਈ ਵੱਧ ਢੁਕਵੇਂ ਬਹਾਨੇ ਦੀ ਤਲਾਸ਼, ਦਰਬਾਰ ਸਾਹਿਬ ਅੰਦਰ ਸਿੱਖਾਂ ਨੂੰ ਆਪਸੀ ਹਥਿਆਰਬੰਦ ਟੱਕਰ ਵਿੱਚ ਉਲਝਾਉਣ ਦੀ ਖ਼ੂਨੀ ਪਿਆਸ ਵਿੱਚ ਵਟ ਗਈ ਸੀ। 1984 ਦਾ ਵਰ੍ਹਾ ਸ਼ੁਰੂ ਹੋਣ ਵੇਲੇ ਤਕ ਦਰਬਾਰ ਸਾਹਿਬ ਸਮੂਹ ਦੇ ਅੰਦਰ ਹਾਲਤਾਂ ਸਚਮੁੱਚ ਹੀ ਇਹ ਖ਼ਤਰਨਾਕ ਰੁਖ਼ ਅਖ਼ਤਿਆਰ ਕਰ ਰਹੀਆਂ ਪ੍ਰਤੀਤ ਹੋਣ ਲੱਗ ਪਈਆਂ ਸਨ।

ਸੰਤ ਭਿੰਡਰਾਂਵਾਲੇ ਦੀ ਲਾਮਿਸਾਲ ਚੜ੍ਹਤ ਨੇ ਸਿੱਖ ਕੌਮ ਦੇ ਬਾਹਰੀ ਦੁਸ਼ਮਣਾਂ ਦੀਆਂ ਹੀ ਨੀਂਦਾਂ ਹਰਾਮ ਨਹੀਂ ਸਨ ਕਰ ਰੱਖੀਆਂ। ਇਸ ਨੇ ਪੰਥ ਅੰਦਰਲੇ ਕੁਝ ਹਲਕਿਆਂ ਦੇ ਮਨਾਂ ਅੰਦਰ ਵੀ ਤਕੜੀ ਔਖ ਤੇ ਸਾੜ ਪੈਦਾ ਕਰ ਦਿੱਤਾ ਹੋਇਆ ਸੀ। ਅਕਾਲੀ ਰਾਜਨੀਤੀ ਦੇ ਵਿਕਾਰਾਂ ਵਿੱਚ ਗ੍ਰਸੇ ਹੋਏ ਤੱਤਾਂ ਨੂੰ ਇਕ ਸੱਚੇ ਤੇ ਸੁੱਚੇ ਸਿੱਖ ਆਗੂ ਦੇ ਇਸ ਕਦਰ ਬਲਵਾਨ ਹੋ ਜਾਣ 'ਤੇ ਉਂਜ ਹੀ ਆਪਣਾ ਨੈਤਿਕ ਪਾਲਾ ਮਾਰ ਰਿਹਾ ਸੀ। ਇਹ ਵਰਗ ਆਪਣੇ ਨੈਤਿਕ ਨਿਘਾਰ ਦੀ ਵਜ੍ਹਾ ਕਰਕੇ ਹੀ ਸੰਤ ਭਿੰਡਰਾਂਵਾਲੇ ਪ੍ਰਤੀ

ਦਵੈਖ ਪਾਲ ਕੇ ਚੱਲ ਰਿਹਾ ਸੀ। ਅਕਾਲੀ ਲੀਡਰਸ਼ਿਪ ਦੀਆਂ ਸਫ਼ਾਂ ਅੰਦਰਲੇ ਸੱਤਾ ਦੇ ਲੋਭੀ ਤੱਤ ਸੰਤ ਭਿੰਡਰਾਂਵਾਲੇ ਨੂੰ ਆਪਣੇ ਰਾਹ ਦੀ 'ਮੁੱਖ ਰੁਕਾਵਟ' ਸਮਝਣ ਲੱਗ ਪਏ ਸਨ। ਸੋ ਉਹ ਸੁਭਾਵਿਕ ਹੀ, ਇਸ 'ਰੁਕਾਵਟ' ਦੇ ਜਿੰਨਾ ਹੋ ਸਕੇ ਛੇਤੀ ਦੂਰ ਹੋਣ ਦੀ ਮਨੋਕਾਮਨਾ ਰਖਦੇ ਸਨ। ਖਾੜਕੂ ਸਿੱਖ ਸੰਘਰਸ਼ ਵਿੱਚ ਸ਼ਾਮਲ ਇਕ ਵਰਗ ਅਜਿਹਾ ਸੀ ਜੋ ਆਪਣੇ ਸੰਪਰਦਾਈ ਦ੍ਰਿਸ਼ਟੀਕੋਣ 'ਚੋਂ ਉਪਜੇ ਤੁਅੱਸਬਾਂ ਦੀ ਵਜ੍ਹਾ ਕਰਕੇ ਸ਼ੁਰੂ ਤੋਂ ਹੀ ਸੰਤ ਜਰਨੈਲ ਸਿੰਘ ਨਾਲ ਖਾਰ ਖਾ ਕੇ ਚੱਲ ਰਿਹਾ ਸੀ। ਅਕਾਲੀ ਲੀਡਰਸ਼ਿਪ ਦਾ ਇਕ ਧੜਾ ਖਾੜਕੂ ਧਿਰਾਂ ਦੇ ਇਨ੍ਹਾਂ ਵਿਰੋਧਾਂ ਨੂੰ ਆਪਣੀ ਸੁਆਰਥ ਪੂਰਤੀ ਲਈ ਵਰਤਣ ਦੀ ਰਾਜਸੀ ਚਾਲ ਚੱਲ ਰਿਹਾ ਸੀ। ਅਕਾਲੀ ਦਲ ਦੀਆਂ ਸਫ਼ਾਂ ਅੰਦਰ ਕਾਫ਼ੀ ਲੋਕ ਅਜਿਹੇ ਸਨ ਜਿਨ੍ਹਾਂ ਦੀ ਧਰਮ, ਕੌਮ ਜਾਂ ਸੰਘਰਸ਼ ਨਾਲ ਕੋਈ ਪ੍ਰਤੀਬੱਧਤਾ ਨਹੀਂ ਸੀ। ਉਹ ਨਿਰੋਲ ਵਿਅਕਤੀਗਤ ਗ਼ਰਜ਼ਾਂ ਤੇ ਲਾਲਸਾਵਾਂ ਨੂੰ ਮੁੱਖ ਰੱਖ ਕੇ ਹੀ ਅਕਾਲੀ ਦਲ ਦੀਆਂ ਸਫ਼ਾਂ ਵਿੱਚ ਸ਼ਾਮਲ ਹੋਏ ਸਨ। ਇਨ੍ਹਾਂ ਵਿੱਚੋਂ ਕੁਝ ਆਪਣੀ ਚਤੁਰਾਈ ਤੇ ਹੁਸ਼ਿਆਰੀ ਨਾਲ ਅਹਿਮ ਅਹੁਦੇ ਹਥਿਆਉਣ ਵਿੱਚ ਵੀ ਸਫਲ ਹੋ ਨਿਬੜੇ ਸਨ। ਇਮਾਨ ਤੇ ਅਸੂਲਾਂ ਤੋਂ ਸੱਖਣੇ ਅਜਿਹੇ ਲੋਕ ਸਰਕਾਰੀ ਏਜੰਸੀਆਂ ਦੇ ਸਭ ਤੋਂ ਸੌਖੇ ਸ਼ਿਕਾਰ ਬਣਦੇ ਹਨ। ਅਕਾਲੀ ਦਲ ਦੀਆਂ ਸਫ਼ਾਂ ਅੰਦਰਲੇ ਅਜਿਹੇ ਤੱਤ ਹੀ ਸਨ ਜੋ ਸੰਤ ਭਿੰਡਰਾਂਵਾਲੇ ਦੇ ਸਭ ਤੋਂ ਵੱਧ ਸ਼ੁਰੀਲੇ ਨਿੰਦਕ ਬਣੇ ਹੋਏ ਸਨ। ਸਥਿਤੀ ਦਾ ਸਭ ਤੋਂ ਮੰਦਭਾਗਾ ਪਹਿਲੂ ਇਹ ਸੀ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਆਪਣੇ ਹੀ ਕੁਝ ਵਿਸ਼ੇਸ਼ ਕਾਰਨਾਂ ਕਰਕੇ ਇਕ ਪੜਾਅ 'ਤੇ ਜਾ ਕੇ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਵਿਰੋਧ ਵਿੱਚ ਲਾਮਬੰਦ ਹੋਏ ਉਪਰੋਕਤ ਸਾਰੇ ਵਰਗਾਂ ਤੇ ਤੱਤਾਂ ਦੀ ਲੁਕਵੀਂ ਸਰਪ੍ਰਸਤੀ ਕਰਨ ਲੱਗ ਪਏ ਸਨ। ਹੋਰ ਕਿਸੇ ਵੀ ਗੱਲ ਨਾਲੋਂ, ਸੰਤ ਭਿੰਡਰਾਂਵਾਲੇ ਨੇ ਇਸ ਗੱਲ ਦਾ ਸਭ ਤੋਂ ਵੱਧ ਦੁੱਖ ਮੰਨਿਆ। ਅਕਾਲੀ ਦਲ ਦੇ ਹੋਰਨਾਂ, ਹੇਠਲੇ ਤੇ ਦਰਮਿਆਨੇ ਪੱਧਰਾਂ ਉੱਤੇ ਉਨ੍ਹਾਂ ਖ਼ਿਲਾਫ਼ ਚਲਾਈ ਜਾ ਰਹੀ ਭੰਡੀ ਪਰਚਾਰ ਦੀ ਮੁਹਿੰਮ, ਜਿਸ ਵਿੱਚ ਉਨ੍ਹਾਂ ਨੂੰ ਖੁੱਲ੍ਹੇਆਮ 'ਪੰਥ ਦੇ ਦੁਸ਼ਮਣ' ਤੇ 'ਕਾਂਗਰਸ ਦੇ ਏਜੰਟ' ਕਿਹਾ ਜਾ ਰਿਹਾ ਸੀ, ਸਾਂਝੇ ਪੰਥਕ ਸੰਘਰਸ਼ ਅੰਦਰ ਥੋੜੀ ਬੇਇਤਫ਼ਾਕੀ ਤੇ ਬੇਸੁਆਦੀ ਦਾ ਰੰਗ ਘੋਲਣ ਤੋਂ ਵੱਧ ਵਿਅਕਤੀਗਤ ਪੱਧਰ ਉੱਤੇ ਸੰਤ ਭਿੰਡਰਾਂਵਾਲੇ ਨੂੰ ਬਹੁਤਾ ਹਰਜਾ ਪਹੁੰਚਾਉਣ ਦਾ ਤੱਤ ਨਹੀਂ ਸੀ ਰੱਖਦੀ। ਕਿਉਂਕਿ ਅਜਿਹੇ ਨਿੰਦਕਾਂ ਦੀ ਸਿੱਖ ਪੰਥ ਅੰਦਰ ਬਹੁਤੀ ਸਾਖ ਨਹੀਂ ਸੀ। ਪ੍ਰੰਤੂ ਧਰਮਯੁੱਧ ਮੋਰਚੇ ਦੇ ਪ੍ਰਮੁੱਖ ਸੰਚਾਲਕ (ਡਿਕਟੇਟਰ) ਹੋਣ ਦੇ ਨਾਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੁਆਰਾ, ਪੰਥਕ ਏਕਤਾ ਦੀ ਭਾਵਨਾ ਨੂੰ ਗਹਿਰਾ ਹਰਜਾ ਪਹੁੰਚਾ ਰਹੇ ਇਸ ਭੰਡੀ ਪਰਚਾਰ ਦਾ ਨਾ ਸਿਰਫ਼ ਕੋਈ ਨੋਟਿਸ ਨਾ ਲਿਆ ਜਾਣਾ, ਸਗੋਂ ਇਸ ਤੋਂ ਵੀ ਵੱਧ, ਇਸ ਨੂੰ ਲੁਕਵੀਂ ਹਮਾਇਤ ਤੇ ਹੱਲਾਸ਼ੇਰੀ ਦੇਣੀ, ਸਿੱਖ ਸੰਘਰਸ਼ ਲਈ ਰਾਜਸੀ ਤੌਰ 'ਤੇ ਵੀ ਬੇਹੱਦ ਨੁਕਸਾਨਦੇਹ ਸੀ ਅਤੇ ਇਖ਼ਲਾਕੀ ਦ੍ਰਿਸ਼ਟੀ ਤੋਂ ਵੀ ਉਚਿਤ ਨਹੀਂ ਸੀ। ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਇਸ ਇਤਰਾਜ਼ਯੋਗ ਵਤੀਰੇ ਸਦਕਾ ਇਕ ਵਾਰ ਤਾਂ ਹਾਲਤ ਇਹ ਬਣ ਗਈ ਸੀ ਕਿ ਪੰਥਕ ਏਕਤਾ ਦਾ ਸਾਰਾ ਜੁਗਾੜ ਹੀ ਖ਼ਤਰੇ-ਮੂੰਹ ਆ ਗਿਆ ਸੀ, ਜਿਸ ਨਾਲ ਸਿੱਖ ਸੰਘਰਸ਼ ਅੱਧ ਵਿਚਾਲੇ ਹੀ ਗਰਭਪਾਤ ਹੋ ਜਾਣ ਦਾ ਹਕੀਕੀ ਡਰ ਪੈਦਾ ਹੋ ਗਿਆ ਸੀ। ਮਨ ਅੰਦਰ ਪੰਥ ਪ੍ਰਤੀ ਥੋੜਾ ਜਿੰਨਾ ਵੀ ਲਗਾਅ ਤੇ ਦਰਦ ਰੱਖਣ ਵਾਲੇ ਹਰ ਸਿੱਖ ਦਾ ਇਸ ਹਾਲਤ ਉੱਤੇ ਵਿਆਕੁਲ ਤੇ ਚਿੰਤਾਗ੍ਰਸਤ ਹੋ ਜਾਣਾ ਸੁਭਾਵਿਕ ਸੀ। ਸੰਤ ਭਿੰਡਰਾਂਵਾਲੇ ਦੇ ਬਿਆਨਾਂ ਤੇ ਵਿਖਿਆਨਾਂ 'ਚੋਂ ਇਸ ਦਰਦ ਦੀ ਗਹਿਰਾਈ ਤੇ ਤੀਬਰਤਾ ਦਾ ਸਾਫ਼ ਅੰਦਾਜ਼ਾ ਲਾਇਆ ਜਾ ਸਕਦਾ ਸੀ। ਇਕ ਪੜਾਅ 'ਤੇ ਜਾ ਕੇ ਜਦ ਉਨ੍ਹਾਂ ਨੂੰ ਇਹ ਮਹਿਸੂਸ ਹੋਣ ਲੱਗਾ ਕਿ ਇਹ ਹਾਲਤ ਸਿੱਖ ਸੰਗਤਾਂ ਦੇ ਉਤਸ਼ਾਹ ਤੇ ਹੌਸਲੇ ਉੱਤੇ ਨਕਾਰੀ ਪ੍ਰਭਾਵ ਛੱਡ ਰਹੀ

ਹੈ ਤਾਂ ਉਨ੍ਹਾਂ ਇਸ ਗੱਲ ਦਾ ਫ਼ੌਰੀ ਨੋਟਿਸ ਲੈਂਦਿਆਂ ਹੋਇਆਂ ਆਪਣੀਆਂ ਰੋਜ਼ਾਨਾ ਮਜਲਿਸਾਂ ਅੰਦਰ ਸਿੱਖ ਸੰਗਤਾਂ ਨੂੰ ਅਜਿਹੇ ਨਕਾਰੀ ਪ੍ਰਭਾਵਾਂ ਦੇ ਗ੍ਰਹਿਣ ਤੋਂ ਮੁਕਤ ਹੋਣ, ਅਕਾਲ ਪੁਰਖ ਵਿੱਚ ਅਡੋਲ ਨਿਹਚਾ ਰੱਖਣ ਤੇ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿਣ ਦੀ ਉਚੇਚੀ ਸਿੱਖ ਮਤ ਦੇਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਸਿੱਖ ਸੰਗਤਾਂ ਨੂੰ ਕਿਸੇ ਔਖ ਜਾਂ ਰੰਜਸ਼ ਦੀ ਵਜ੍ਹਾ ਕਰਕੇ, ਮੋਰਚੇ ਵਿੱਚ ਜਥੇ ਭੇਜਣ ਦੇ ਸਿਲਸਿਲੇ ਨੂੰ ਕਿਸੇ ਵੀ ਤਰ੍ਹਾਂ ਆਂਚ ਨਾ ਆਉਣ ਦੇਣ ਦੀ ਸਖ਼ਤ ਤਾਕੀਦ ਕਰਨੀ ਸ਼ੁਰੂ ਕਰ ਦਿੱਤੀ।[32] ਇਥੋਂ ਤਕ ਕਿ ਜਦ 17 ਅਪ੍ਰੈਲ 1984 ਨੂੰ ਸੰਤ ਭਿੰਡਰਾਂਵਾਲੇ ਦੇ ਇਕ ਅਤੀ ਨਜ਼ਦੀਕੀ ਤੇ ਭਰੋਸੇਯੋਗ ਸਾਥੀ ਭਾਈ ਸੁਰਿੰਦਰ ਸਿੰਘ ਸੋਢੀ ਨੂੰ, ਇਕ ਗਹਿਰੀ ਸਾਜ਼ਿਸ਼ ਦੇ ਅਧੀਨ, ਦਰਬਾਰ ਸਾਹਿਬ ਸਮੂਹ ਦੇ ਨਾਲ ਲੱਗਵੇਂ ਇਕ ਹੋਟਲ ਵਿੱਚ ਧੋਖੇ ਨਾਲ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਗਿਆ ਤਾਂ ਵੀ ਉਨ੍ਹਾਂ ਆਪਣੇ ਰੋਹ ਤੇ ਗ਼ੁੱਸੇ ਨੂੰ ਇਕ ਖ਼ਾਸ ਸੀਮਾ ਤੋਂ ਪਾਰ ਨਹੀਂ ਜਾਣ ਦਿੱਤਾ। ਉਹ ਨਿੱਜੀ ਤੌਰ 'ਤੇ ਵੱਡੇ ਨੁਕਸਾਨ ਤੇ ਵਾਧੇ ਝੱਲ ਕੇ ਵੀ ਪੰਥਕ ਏਕਤਾ ਨੂੰ ਬਣਾਈ ਤੇ ਬਚਾਈ ਰੱਖਣਾ ਚਾਹੁੰਦੇ ਸਨ। ਕਿਉਂਕਿ ਇਸ ਗੱਲ ਦਾ ਉਨ੍ਹਾਂ ਤੋਂ ਵੱਧ ਹੋਰ ਕਿਸੇ ਨੂੰ ਅਹਿਸਾਸ ਨਹੀਂ ਸੀ ਹੋ ਸਕਦਾ ਕਿ ਸਿੱਖ ਪੰਥ ਦੀ ਫ਼ੌਲਾਦੀ ਏਕਤਾ ਹੀ ਸਿੱਖ ਕੌਮ ਦੇ ਗਲੋਂ ਗ਼ੁਲਾਮੀ ਦੇ ਸੰਗਲਾਂ ਨੂੰ ਤੋੜ ਸੁੱਟਣ ਦਾ ਇਕ-ਮਾਤਰ ਭਰੋਸੇਯੋਗ ਸਾਧਨ ਸੀ ਅਤੇ ਆਪਣੇ ਇਸ ਐਲਾਨੇ ਹੋਏ ਨਿਸ਼ਾਨੇ ਪ੍ਰਤੀ ਪੂਰੀ ਤਰ੍ਹਾਂ ਸੁਹਿਰਦ ਤੇ ਗੰਭੀਰ ਹੋਣ ਕਰਕੇ ਉਹ ਮੁਸ਼ਕਲ ਨਾਲ ਤਰਾਸ਼ੇ ਪੰਥਕ ਏਕਤਾ ਦੇ ਇਸ ਕੀਮਤੀ ਹਥਿਆਰ ਨੂੰ ਤਿੜਕਣ/ਟੁੱਟਣ ਤੋਂ ਹਰ ਹੀਲੇ ਬਚਾ ਕੇ ਰੱਖਣ ਦੀ ਇੱਛਾ ਤੇ ਇਰਾਦਾ ਧਾਰ ਕੇ ਚੱਲ ਰਹੇ ਸਨ। ਸੋਢੀ ਦੇ ਕਤਲ ਤੋਂ ਬਾਅਦ ਵੀ ਉਨ੍ਹਾਂ ਮਨ ਅੰਦਰ ਵਗ ਰਹੇ ਗ਼ਮ ਤੇ ਗ਼ੁੱਸੇ ਦੇ ਝੱਖੜ ਨੂੰ, ਕਾਬੂ ਵਿੱਚ ਰੱਖਦਿਆਂ ਹੋਇਆਂ ਇਹ ਖੁੱਲ੍ਹਾ ਐਲਾਨ ਕੀਤਾ ਕਿ ਉਹ ਅਜਿਹੇ ਪੰਜ ਕਤਲਾਂ ਤਕ ਇਸੇ ਹੀ ਤਰ੍ਹਾਂ ਆਪਣਾ ਸਬਰ ਤੇ ਸੰਜਮ ਬਣਾਈ ਰੱਖਣਗੇ ਅਤੇ ਪੰਜਾਂ ਕਤਲਾਂ ਤੋਂ ਬਾਅਦ ਵੀ ਜੇਕਰ ਉਨ੍ਹਾਂ ਨੂੰ ਕੋਈ ਸਖ਼ਤ ਕਦਮ ਚੁੱਕਣ ਲਈ ਮਜਬੂਰ ਹੋਣਾ ਪੈ ਗਿਆ ਤਾਂ ਉਹ ਇਸ ਦਾ ਨਿਰਣਾ ਕਰਨ ਵੇਲੇ ਚੱਲ ਰਹੇ ਸੰਘਰਸ਼ ਦੀਆਂ ਲੋੜਾਂ ਤੇ ਪੰਥ ਦੇ ਹਿਤਾਂ ਨੂੰ ਕਿਸੇ ਵੀ ਸੂਰਤ ਅੱਖੋਂ ਉਹਲੇ ਨਹੀਂ ਕਰਨਗੇ।[33] ਇਸ 'ਚੋਂ ਸੰਤ ਭਿੰਡਰਾਂਵਾਲੇ ਦੀ ਪੰਥਕ ਕਾਜ ਨਾਲ ਵਚਨਬੱਧਤਾ ਤੇ ਕਿਰਦਾਰ ਦੀ ਸ਼ੁਧਤਾ ਸਾਫ਼ ਦੇਖੀ ਜਾ ਸਕਦੀ ਹੈ।

ਇਸ ਸੂਰਤੇ-ਹਾਲ ਦੀ ਵਜ੍ਹਾ ਕਰਕੇ ਸੰਤ ਜਰਨੈਲ ਸਿੰਘ ਤੇ ਸੰਤ ਹਰਚੰਦ ਸਿੰਘ ਵਿਚਕਾਰ ਦੂਰੀ ਵਧਦੀ ਚਲੀ ਗਈ ਅਤੇ ਇਕ ਪੜਾਅ 'ਤੇ ਜਾ ਕੇ ਦੋਨਾਂ ਵਿਚਕਾਰ ਰਸਮੀ ਦੁਆ-ਸਲਾਮ ਵੀ ਬੰਦ ਹੋ ਗਈ। ਅਜਿਹੀ ਮੰਦਭਾਗੀ ਤੇ ਚਿੰਤਾਜਨਕ ਸਥਿਤੀ ਨੂੰ ਦੇਖਦਿਆਂ ਹੋਇਆਂ ਸਿੱਖ ਸੰਘਰਸ਼ ਪ੍ਰਤੀ ਸੁਹਿਰਦ ਭਾਵਨਾਵਾਂ ਰੱਖਣ ਵਾਲੇ ਕੁਝ ਸਿੱਖ ਦਾਨਸ਼ਵਰਾਂ ਨੇ ਉਚੇਚੇ ਯਤਨ ਕਰ ਕੇ ਦੋਨੋਂ ਸੰਤਾਂ ਨੂੰ ਰਲ ਕੇ ਮਿਲ ਬੈਠਣ ਲਈ ਰਾਜ਼ੀ ਕਰ ਲਿਆ ਅਤੇ 'ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ' ਦੀ ਗੁਰ ਸਿਖਿਆ ਅਨੁਸਾਰ ਇਕ ਦੂਜੇ ਪ੍ਰਤੀ ਗਿਲੇ ਸ਼ਿਕਵਿਆਂ ਤੇ ਸ਼ਿਕਾਇਤਾਂ ਦਾ ਸਿੱਧੀ ਗੱਲਬਾਤ ਰਾਹੀਂ ਨਿਵਾਰਨ ਕਰਨ ਲਈ ਕਿਹਾ। ਦੋਨਾਂ ਸੰਤਾਂ ਵਿਚਕਾਰ ਅਜਿਹੀਆਂ ਦੋ ਮੁਲਾਕਾਤਾਂ ਹੋਈਆਂ ਜੋ ਜ਼ਾਹਰਾ ਤੌਰ 'ਤੇ ਇਕ ਚੰਗਾ ਤੇ ਆਸ਼ਾ ਭਰਿਆ ਮਾਹੌਲ ਸਿਰਜਣ ਦਾ ਪ੍ਰਭਾਵ ਦਿੰਦੀਆਂ ਸਨ। ਪਰ ਥੋੜ੍ਹੇ ਹੀ ਚਿਰ ਦੇ ਬਾਅਦ ਸਭ ਨੂੰ ਹੀ ਇਹ ਮਹਿਸੂਸ ਹੋਣ ਲੱਗ ਪਿਆ ਕਿ ਸੋਚ ਸ਼ਖ਼ਸੀਅਤ ਤੇ ਸਦਾਚਾਰ ਦੀ ਪੱਧਰ 'ਤੇ ਦੋਨਾਂ ਸੰਤਾਂ ਵਿਚਕਾਰ ਜੋ ਵੱਡਾ ਖੱਪਾ ਹੈ ਉਸਨੂੰ ਮਹਿਜ਼ ਨੇਕ ਇੱਛਾਵਾਂ ਨਾਲ ਮੇਟ ਸਕਣਾ ਕਤਈ ਤੌਰ 'ਤੇ ਸੰਭਵ ਨਹੀਂ। ਸੋ, ਇਸ ਸਦਕਾ ਮਗਰਲੇ ਦੌਰ ਵਿੱਚ ਜਾ ਕੇ ਸੰਤ ਜਰਨੈਲ ਸਿੰਘ

ਤੇ ਸੰਤ ਹਰਚੰਦ ਸਿੰਘ ਦੇ ਰਾਹ ਅਹਿਮ ਰੂਪ 'ਚ ਅਲੱਗ-ਅਲੱਗ ਹੋ ਤੁਰੇ। ਭਾਵੇਂ ਉੱਤੋਂ ਪੰਥਕ ਏਕਤਾ ਦਾ ਰਸਮੀ ਅਡੰਬਰ ਬਣਿਆ ਰਿਹਾ ਪਰ ਅੰਦਰੋ-ਅੰਦਰ ਆਪਸੀ ਵਿਰੋਧ, ਸ਼ਰੀਕੇ, ਬੇਇਤਬਾਰੀਆਂ ਤੇ ਮਾਨਸਿਕ ਦੂਰੀਆਂ ਲਗਾਤਾਰ ਵਧਦੀਆਂ ਚਲੀਆਂ ਗਈਆਂ। ਸੰਤ ਭਿੰਡਰਾਂਵਾਲੇ ਦੇ ਵਿਰੋਧੀ ਅਕਾਲੀ ਗੁੱਟ ਨੇ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਮੁਕਾਬਲੇ ਵਿੱਚ 'ਯੂਥ ਅਕਾਲੀ ਦਲ' ਦੇ ਨਾਂ ਥੱਲੇ ਸ਼੍ਰੋਮਣੀ ਅਕਾਲੀ ਦਲ ਦਾ 'ਯੂਥ ਵਿੰਗ' ਖੜਾ ਕਰ ਲਿਆ। 24 ਜਨਵਰੀ 1984 ਨੂੰ ਸੰਤ ਲੌਂਗੋਵਾਲ ਦੇ ਸੱਦੇ 'ਤੇ ਮੰਜੀ ਸਾਹਿਬ ਵਿਖੇ ਯੂਥ ਅਕਾਲੀ ਦਲ ਦੀ ਇਕ ਭਰਵੀਂ ਕਨਵੈਨਸ਼ਨ ਹੋਈ ਜਿਸ ਵਿੱਚ ਸਿੱਖ ਨੌਜੁਆਨਾਂ ਨੂੰ ਵੱਡੇ ਪੈਮਾਨੇ ਉੱਤੇ ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿੱਚ ਲਾਮਬੰਦ ਕਰਨ ਦਾ ਨਿਸ਼ਚਾ ਦ੍ਰਿੜਾਇਆ ਗਿਆ।[34]

## ਅਕਾਲੀ ਲੀਡਰਸ਼ਿਪ ਅੰਦਰ ਤਰੇੜਾਂ

ਪੰਥਕ ਏਕਤਾ ਦੇ ਪੱਖ ਤੋਂ ਇਸ ਨਾਗਵਾਰ ਹਾਲਤ ਦਾ ਅਸਰ ਛੇਤੀ ਹੀ ਅਕਾਲੀ ਦਲ ਦੀ ਅੰਦਰੂਨੀ ਸਿਹਤ ਉੱਤੇ ਵੀ ਪ੍ਰਗਟ ਹੋਣ ਲੱਗਾ। ਅਕਾਲੀ ਲੀਡਰਸ਼ਿਪ ਦੀਆਂ ਸਫ਼ਾਂ ਅੰਦਰ ਇਕ ਮੋਕਲੀ ਜਿਹੀ ਸਿਧਾਂਤਕ ਆਮ ਸਹਿਮਤੀ ਦੇ ਬਾਵਜੂਦ ਸਮਝਾਂ ਦੇ ਕੁਝ ਵਖਰੇਵੇਂ ਤੇ ਸ਼ਖ਼ਸੀਅਤਾਂ ਦੇ ਟਕਰਾਉ ਲਗਾਤਾਰ ਚੱਲਦੇ ਆ ਰਹੇ ਸਨ। ਇਹ ਵਖਰੇਵੇਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਪ੍ਰਤੀ ਸਮਝ ਤੇ ਪਹੁੰਚ ਦੇ ਮਾਮਲੇ 'ਚ ਵੀ ਪ੍ਰਗਟ ਹੋ ਰਹੇ ਸਨ। ਪਹਿਲੀ ਕਤਾਰ ਦੇ ਅਕਾਲੀ ਆਗੂਆਂ 'ਚੋਂ ਸਿਰਫ਼ ਜਥੇਦਾਰ ਗੁਰਚਰਨ ਸਿੰਘ ਟੌਹੜਾ ਹੀ ਸੀ ਜੋ ਸੰਤ ਭਿੰਡਰਾਂਵਾਲੇ ਨਾਲ ਲਗਾਤਾਰ ਨੇੜਲੇ-ਨਿੱਘੇ ਸਬੰਧ ਬਣਾ ਕੇ ਚੱਲ ਰਿਹਾ ਸੀ, ਉਦੋਂ ਤੋਂ ਹੀ ਜਦੋਂ ਸੰਤ ਅਜੇ ਖੁੱਲ੍ਹ ਕੇ ਰਾਜਸੀ ਖੇਤਰ ਅੰਦਰ ਸਰਗਰਮ ਨਹੀਂ ਸਨ ਹੋਏ ਅਤੇ ਆਪਣੇ ਆਪ ਨੂੰ ਸਿੱਖ ਧਰਮ ਦੇ ਪ੍ਰਚਾਰ ਤੇ ਪਾਸਾਰ ਦੇ ਖੇਤਰ ਤਕ ਹੀ ਮਹਿਦੂਦ ਰੱਖ ਰਹੇ ਸਨ। ਜਥੇਦਾਰ ਟੌਹੜਾ ਦਾ ਇਹ ਰੁਖ਼ ਸਿੱਖ-ਦੋਖੀ ਤਾਕਤਾਂ ਨੂੰ ਤਾਂ ਚੁੱਭ ਹੀ ਰਿਹਾ ਸੀ, ਨਾਲ ਹੀ ਅਕਾਲੀ ਲੀਡਰਸ਼ਿਪ ਦੇ ਕੁਝ ਵਰਗਾਂ ਅੰਦਰ ਵੀ ਭਾਰੀ ਬੇਆਰਾਮੀ ਪੈਦਾ ਕਰ ਰਿਹਾ ਸੀ। ਅਕਾਲੀ ਸਫ਼ਾਂ ਅੰਦਰਲੇ ਸੱਤਾ ਦੇ ਲੋਭੀ ਤੱਤ ਸੰਤ ਭਿੰਡਰਾਂਵਾਲੇ ਤੇ ਉਸ ਦੀ ਰਾਜਨੀਤਕ ਵਿਚਾਰਧਾਰਾ ਨੂੰ ਆਪਣੇ ਮਨ-ਲਲਚਾਵੇਂ ਟੀਚਿਆਂ ਦੇ ਰਾਹ ਦੀ ਮੁੱਖ ਰੁਕਾਵਟ ਸਮਝ ਰਹੇ ਸਨ। ਜਥੇਦਾਰ ਟੌਹੜਾ ਦਾ ਸੰਤ ਭਿੰਡਰਾਂਵਾਲੇ ਨਾਲ ਲਗਾਉ ਇਸ ਅਕਾਲੀ ਵਰਗ ਅੰਦਰ ਖ਼ਾਸ ਤੌਰ 'ਤੇ ਵਧਵੀਂ ਔਖ ਤੇ ਚਿੜ ਪੈਦਾ ਕਰ ਰਿਹਾ ਸੀ। ਇਹ ਵਰਗ ਸੰਤ ਭਿੰਡਰਾਂਵਾਲੇ ਨੂੰ ਨਾ ਸਿਰਫ਼ ਰਾਜਨੀਤਕ ਤੌਰ 'ਤੇ ਬਲਹੀਣ ਕਰਨ ਦੇ ਜ਼ੋਰਦਾਰ ਯਤਨਾਂ ਵਿੱਚ ਲੱਗਾ ਹੋਇਆ ਸੀ ਸਗੋਂ ਔਖ ਤੇ ਨਿਰਾਸ਼ਾ, ਜੋ ਦਿਨੋ-ਦਿਨ ਵਧਦੀ ਜਾ ਰਹੀ ਸੀ, 'ਚੋਂ ਉਸਦੇ ਜਿਸਮਾਨੀ ਖ਼ਾਤਮੇ ਦੀਆਂ ਵੀ ਮਨੋ-ਕਾਮਨਾਵਾਂ ਕਰਨ ਲੱਗ ਪਿਆ ਸੀ। ਇਸ ਦੇ ਇਰਾਦੇ ਤੇ ਯਤਨ ਦਰਬਾਰ ਸਾਹਿਬ ਅੰਦਰ ਸੰਤ ਭਿੰਡਰਾਂਵਾਲੇ ਦੇ ਪੈਰਾਂ ਹੇਠ, ਜਿੰਨੇ ਹੋ ਸਕਣ, ਅੰਗਿਆਰ ਵਿਛਾ ਦੇਣ ਦੇ ਸਨ। ਇਸ ਮਕਸਦ ਲਈ ਉਹ ਸਿੰਘ ਸਾਹਿਬਾਨ ਦਾ ਸਹਿਯੋਗ ਤੱਕਣ ਤੋਂ ਲੈ ਕੇ ਅਪਰਾਧੀ ਤੱਤਾਂ ਦੀਆਂ ਸੇਵਾਵਾਂ ਹਾਸਲ ਕਰਨ ਦੇ ਨੀਵੇਂ ਪੱਧਰ ਤਕ ਵਧ ਗਏ ਸਨ। ਉਹ ਸਿੰਘ ਸਾਹਿਬਾਨ ਉੱਤੇ ਸੰਤ ਜਰਨੈਲ ਸਿੰਘ ਦੇ ਖ਼ਿਲਾਫ਼ ਕੋਈ ਸਖ਼ਤ ਆਦੇਸ਼ ਜਾਂ ਹੁਕਮਨਾਮਾ ਜਾਰੀ ਕਰਵਾਉਣ ਲਈ ਦਬਾਅ ਪਾ ਰਹੇ ਸਨ। ਸਿੰਘ ਸਾਹਿਬਾਨ ਨੇ 30 ਅਪ੍ਰੈਲ 1984 ਨੂੰ ਦਰਬਾਰ ਸਾਹਿਬ ਸਮੂਹ ਦੇ ਅੰਦਰ ਮਰਿਆਦਾ ਕਾਇਮ ਰੱਖਣ ਸੰਬੰਧੀ ਇਕ ਆਦੇਸ਼-ਨੁਮਾ ਅਪੀਲ ਜਾਰੀ ਕਰਦਿਆਂ ਹੋਇਆਂ, ਬਿਨਾਂ ਸਿੱਧਾ ਨਾਉਂ ਲਿਆਂ, ਅਸਿੱਧੇ ਢੰਗ

ਨਾਲ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵੱਲ ਦੋਸ਼ ਦੀ ਉਂਗਲ ਉਠਾ ਦਿੱਤੀ ਸੀ।[35] ਪਰ ਜਥੇਦਾਰ ਗੁਰਚਰਨ ਸਿੰਘ ਟੌਹੜਾ, ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹੋਣ ਦੇ ਨਾਤੇ ਸਿੰਘ ਸਾਹਿਬਾਨ ਉੱਤੇ ਆਪਣਾ ਤਕੜਾ ਪ੍ਰਭਾਵ ਰੱਖਦੇ ਸਨ, ਇਸ ਮਾਮਲੇ 'ਚ ਸੰਤ ਭਿੰਡਰਾਂਵਾਲੇ ਦੇ ਖ਼ਿਲਾਫ਼ ਨਹੀਂ ਸਨ ਭੁਗਤਣਾ ਚਾਹੁੰਦੇ। ਇਸ ਕਰਕੇ ਸੰਤ ਲੌਂਗੋਵਾਲ ਦੇ ਸਮਰਥਕ ਅਕਾਲੀ ਗੁੱਟ ਵੱਲੋਂ ਸੰਤ ਭਿੰਡਰਾਂਵਾਲੇ ਦੇ ਖ਼ਿਲਾਫ਼ ਚੱਲੀ ਗਈ ਇਹ ਚਾਲ ਬਹੁਤੀ ਕਾਰਗਰ ਸਾਬਤ ਨਾ ਹੋ ਸਕੀ। ਇਸ ਨਾਲ ਇਸ ਅਕਾਲੀ ਗੁੱਟ ਦੀ ਜਥੇਦਾਰ ਟੌਹੜਾ ਨਾਲ ਨਾਰਾਜ਼ਗੀ ਹੋਰ ਵਟ ਖਾ ਗਈ। ਇਸ ਵਰਗ ਨੇ ਜਥੇਦਾਰ ਟੌਹੜਾ ਉੱਤੇ 'ਰਾਜਨੀਤਕ ਮੌਕਾਪ੍ਰਸਤੀ' ਦਿਖਾਉਣ ਅਤੇ ਹਮੇਸ਼ਾ 'ਦੋ ਬੇੜੀਆਂ 'ਚ ਪੈਰ ਰੱਖ ਕੇ' ਚੱਲਣ ਦੇ ਇਲਜ਼ਾਮ ਲਾਉਣੇ ਸ਼ੁਰੂ ਕਰ ਦਿੱਤੇ।

ਅਸਲ ਵਿੱਚ ਦੇਖਿਆ ਜਾਵੇ ਤਾਂ ਜਥੇਦਾਰ ਟੌਹੜਾ ਵਿਰੁੱਧ ਇਹ ਦੋਸ਼ ਨਵੇਂ ਨਹੀਂ ਸਨ ਅਤੇ ਨਾ ਹੀ ਇਹ ਨਿਰਾ ਅਕਾਲੀ ਹਲਕਿਆਂ ਤੱਕ ਹੀ ਸੀਮਤ ਸਨ। ਰਾਜਸੀ ਹਲਕਿਆਂ ਅੰਦਰ ਜਥੇਦਾਰ ਟੌਹੜਾ ਬਾਰੇ ਆਮ ਰੂਪ ਵਿੱਚ ਹੀ ਇਹ ਨਾਕਾਰਾਤਮਿਕ ਪ੍ਰਭਾਵ ਬਣਿਆ ਹੋਇਆ ਹੈ ਅਤੇ ਨਘੋਚੀ ਪੱਤਰਕਾਰਾਂ ਨੇ ਤਾਂ ਉਸ ਬਾਰੇ 'ਲੂੰਬੜੀ ਵਰਗੇ ਚਲਾਕ' ਤੇ 'ਖਚਰੇ ਸਿਆਸਤਦਾਨ' ਦੀ ਅੱਲ ਹੀ ਪਾ ਰੱਖੀ ਹੋਈ ਹੈ। ਸੱਚ ਤਾਂ ਇਹ ਹੈ ਕਿ ਆਪਣੀ ਖ਼ਾਸ ਕਿਸਮ ਦੀ ਰਾਜਨੀਤਕ ਪੈਂਤੜੇਬਾਜ਼ੀ ਦੀ ਵਜ੍ਹਾ ਕਰਕੇ ਜਥੇਦਾਰ ਟੌਹੜਾ ਸਿੱਖ ਰਾਜਨੀਤੀ ਅੰਦਰ ਸਭ ਤੋਂ ਵਿਵਾਦਮਈ ਸ਼ਖ਼ਸੀਅਤ ਬਣੇ ਹੋਏ ਹਨ। ਸਿਆਸੀ ਹਲਕਿਆਂ ਅੰਦਰ ਉਸ ਦੀ ਇਸ ਪੈਂਤੜੇਬਾਜ਼ੀ ਨੂੰ ਵੱਧ ਉਸ ਦੀ ਨੀਤ ਤੇ 'ਜ਼ਾਤ' (ਵਿਅਕਤਿਤਵ) ਨਾਲ ਜੋੜ ਕੇ ਦੇਖਣ ਦੀ ਰੀਤ ਚਲੀ ਆ ਰਹੀ ਹੈ। ਪਰ ਜਥੇਦਾਰ ਟੌਹੜਾ ਦੀ ਖ਼ਾਸ-ਸੁਭਾਅ ਸ਼ਖ਼ਸੀਅਤ ਤੇ ਰਾਜਨੀਤਕ ਪੈਂਤੜੇਬਾਜ਼ੀ ਨੂੰ ਸਹੀ ਰੂਪ ਵਿੱਚ ਸਮਝਣ ਲਈ ਇਹ ਪਹੁੰਚ ਬਹੁਤੀ ਭਰੋਸੇਯੋਗ ਨਹੀਂ ਮੰਨੀ ਜਾ ਸਕਦੀ। ਉਸ ਦੇ ਰਾਜਨੀਤਕ ਵਿਹਾਰ ਤੇ ਵਿਅਕਤੀਗਤ ਕਿਰਦਾਰ ਨੂੰ ਵੱਧ ਵਿਚਾਰਧਾਰਕ ਜ਼ਾਵੀਏ ਤੋਂ ਦੇਖਣ ਤੇ ਸਮਝਣ ਦੀ ਲੋੜ ਹੈ।

ਪਿਛਲੇ ਕੁਝ ਦਹਾਕਿਆਂ ਤੋਂ ਅਕਾਲੀ ਰਾਜਨੀਤੀ ਦੋ ਉਲਟ-ਸੁਭਾਅ ਧਾਰਾਵਾਂ ਦਾ ਮਿਸ਼ਰਣ ਬਣੀ ਆ ਰਹੀ ਹੈ। ਸੱਠਵਿਆਂ ਤਕ ਅਕਾਲੀ ਰਾਜਨੀਤੀ ਅੰਦਰ ਟਕਸਾਲੀ ਧਾਰਾ (ਜਥੇਦਾਰ ਵਰਗ) ਦੀ ਪੁੱਗਤ ਬਣੀ ਰਹੀ। ਇਸ ਧਾਰਾ ਦਾ ਸਬੰਧ ਜ਼ਿਆਦਾ ਕਰਕੇ ਸਿੱਖ ਸਮਾਜ ਦੀਆਂ ਹੇਠਲੀਆਂ ਤੇ ਦਰਮਿਆਨੀਆਂ ਪਰਤਾਂ ਨਾਲ ਸੀ। ਜਥੇਦਾਰ ਵਰਗ ਦੇ ਰਾਜਨੀਤਕ ਵਿਹਾਰ ਤੇ ਸਦਾਚਾਰ ਨੂੰ ਦੋ ਗੱਲਾਂ ਨਿਰੰਤਰ ਪ੍ਰਭਾਵਿਤ ਕਰਦੀਆਂ ਸਨ। ਇਕ ਸਿੱਖੀ ਦੇ ਕਾਜ ਨਾਲ ਉਨ੍ਹਾਂ ਦੀ ਸੁਭਾਵਿਕ ਤੇ ਹੰਢਣਸਾਰ ਪ੍ਰਤੀਬੱਧਤਾ। ਦੂਜਾ, ਉਨ੍ਹਾਂ ਦਾ ਮੁਕਾਬਲਤਨ ਨੀਵਾਂ ਬੌਧਿਕ ਮਿਆਰ। ਜਿਥੇ ਪਹਿਲਾ ਪੱਖ ਉਨ੍ਹਾਂ ਨੂੰ ਸਿੱਖ ਸੰਘਰਸ਼ ਦਾ ਅਡੋਲਤਾ ਨਾਲ ਝੰਡਾ ਬੁਲੰਦ ਕਰੀ ਰੱਖਣ ਲਈ ਪ੍ਰੇਰਿਤ ਕਰਦਾ ਸੀ, ਉਥੇ ਮਗਰਲਾ ਪੱਖ ਸਿੱਖ ਲਹਿਰ ਤੇ ਰਾਜਨੀਤੀ ਨੂੰ ਔਸਤ ਪੱਧਰ ਤੋਂ ਉੱਚਾ ਨਹੀਂ ਸੀ ਉਠਣ ਦੇ ਰਿਹਾ ਅਤੇ ਬੌਧਿਕ ਤੱਤਾਂ ਦੇ ਸਿੱਖ ਰਾਜਨੀਤੀ ਅੰਦਰ ਦਾਖ਼ਲੇ ਨੂੰ ਨਿਰਉਤਸ਼ਾਹਤ ਕਰਦਾ ਸੀ। ਸੱਠਵਿਆਂ ਦੇ ਅਖ਼ੀਰ 'ਚ ਜਾ ਕੇ ਜਦ ਅਕਾਲੀ ਦਲ ਨੇ ਸੰਘਰਸ਼ (ਮੋਰਚਿਆਂ) ਦੀ ਰਾਜਨੀਤੀ ਤੋਂ ਸੱਤਾ (ਚੋਣਾਂ) ਦੀ ਰਾਜਨੀਤੀ ਵੱਲ ਕਦਮ ਵਧਾਉਣੇ ਸ਼ੁਰੂ ਕੀਤੇ ਤਾਂ ਇਸ ਅੰਦਰ ਨਵੇਂ ਤੱਤਾਂ ਦੇ ਦਾਖ਼ਲੇ ਨੂੰ ਵੱਡਾ ਉਗਾਸਾ ਮਿਲਿਆ।

ਇਨ੍ਹਾਂ ਨਵੇਂ ਤੱਤਾਂ ਦੀਆਂ ਮੋਟੇ ਰੂਪ 'ਚ ਦੋ ਵੰਨਗੀਆਂ ਸਨ। ਇਕ, ਟਾਵੇਂ-ਵਿਰਲੇ ਪੜ੍ਹੇ-ਲਿਖੇ ਮੱਧਵਰਗੀ ਨੌਜੁਆਨ ਜੋ ਮੁੱਖ ਤੌਰ 'ਤੇ ਸਿੱਖੀ ਜਜ਼ਬੇ ਤੇ ਜੋਸ਼ ਅਧੀਨ ਅਕਾਲੀ ਰਾਜਨੀਤੀ ਵੱਲ ਰੁਚਿਤ ਹੋ ਰਹੇ ਸਨ। ਦੂਜੇ, ਮਾਇਆਵਾਦੀ ਰੁਚੀਆਂ ਵਾਲੇ

ਸੁਆਰਥੀ-ਜੀਵੀ ਅਨਸਰ, ਜੋ ਕਿਸੇ ਧਾਰਮਿਕ ਜਾਂ ਸਮਾਜੀ ਵਨਚਬੱਧਤਾ ਨਾਲੋਂ ਜ਼ਿਆਦਾ ਸੁਆਰਥਪੁਣੇ ਦੀ ਭਾਵਨਾ ਨਾਲ ਅਕਾਲੀ ਰਾਜਨੀਤੀ ਅੰਦਰ ਘੁਸਪੈਠ ਕਰਨ ਤੇ ਮੋਹਰੀ ਪਦਵੀਆਂ ਹਥਿਆਉਣ 'ਚ ਰੁੱਝੇ ਹੋਏ ਸਨ। ਚੋਣ ਤੇ ਸੱਤਾ ਦੀ ਰਾਜਨੀਤੀ ਦੇ ਗਤੀ-ਅਮਲ ਨੇ ਛੇਤੀ ਹੀ ਪਹਿਲੀ ਵੰਨਗੀ ਦੇ ਤੱਤਾਂ ਨੂੰ ਪਿਛਲੀਆਂ ਸਫ਼ਾਂ ਵਿੱਚ ਧੱਕ ਦਿੱਤਾ ਅਤੇ ਮਾਇਆਵਾਦੀ ਰੁਚੀਆਂ ਵਾਲੇ ਸੁਆਰਥੀ ਅਨਸਰਾਂ ਨੇ ਬਹੁਤ ਤੇਜ਼ੀ ਤੇ ਆਸਾਨੀ ਨਾਲ ਅਕਾਲੀ ਰਾਜਨੀਤੀ ਅੰਦਰ ਆਪਣੀ ਪੈਂਠ ਬਣਾ ਲਈ।

ਸੱਤਰਵਿਆਂ 'ਚ ਆ ਕੇ ਇਸ ਵਰਗ ਨੇ ਅਕਾਲੀ ਰਾਜਨੀਤੀ ਦੀ ਮਾਰਗ-ਦਿਸ਼ਾ ਨੂੰ ਆਪਣੇ ਹਿਤਾਂ ਅਨੁਸਾਰ ਮੋੜਾ ਦੇਣ ਦੇ ਜ਼ੋਰਦਾਰ ਯਤਨ ਸ਼ੁਰੂ ਕਰ ਦਿੱਤੇ। ਇਹ ਵਰਗ ਅਕਾਲੀ ਦਲ ਤੇ ਅਕਾਲੀ ਰਾਜਨੀਤੀ ਨੂੰ ਇਸਦੇ ਪੰਥਕ ਖ਼ਾਸੇ ਤੋਂ ਵਿਰਵਿਆਂ ਕਰ ਦੇਣ ਦੀ ਸੋਚ ਤੇ ਦਿਸ਼ਾ ਮਿਥ ਕੇ ਚੱਲ ਰਿਹਾ ਸੀ, ਕਿਉਂਕਿ ਇਉਂ ਕੀਤਿਆਂ ਹੀ ਹਿੰਦੂਵਾਦੀ ਤਾਕਤਾਂ ਦੇ ਮਨਜ਼ੂਰੇ-ਨਜ਼ਰ ਹੋਇਆ ਜਾ ਸਕਦਾ ਸੀ। ਸ: ਪ੍ਰਕਾਸ਼ ਸਿੰਘ ਬਾਦਲ ਇਸ ਖ਼ੁਦਪ੍ਰਸਤ ਵਰਗ ਦੇ ਪ੍ਰਭਾਵਸ਼ਾਲੀ ਨੁਮਾਇੰਦੇ ਬਣ ਕੇ ਉਭਰ ਆਏ ਸਨ। ਜਥੇਦਾਰ ਵਰਗ ਦੇ ਅਕੀਦੇ ਤੇ ਸੰਸਕਾਰ ਉਸ ਨੂੰ, ਅਕਾਲੀ ਰਾਜਨੀਤੀ ਅੰਦਰ ਆਪਣੀ ਚੁਣੌਤੀ-ਰਹਿਤ ਸਰਦਾਰੀ ਸਥਾਪਤ ਕਰਨ ਦੀਆਂ ਕੋਸ਼ਿਸ਼ਾਂ 'ਚ ਰੁੱਝੇ ਸਰਮਾਏਦਾਰ ਤੱਤਾਂ ਨਾਲ ਅਸੰਗਤੀ ਤੇ ਟਕਰਾਉ ਵੱਲ ਧੱਕ ਰਹੇ ਸਨ। ਪਰ ਸਿਧਾਂਤਕ ਤੇ ਸਦਾਚਾਰਕ ਬੁਨਿਆਦਾਂ ਬਹੁਤੀਆਂ ਪਾਏਦਾਰ ਨਾ ਹੋਣ ਕਰਕੇ ਜਥੇਦਾਰ ਵਰਗ ਦੀਆਂ ਪੋਜ਼ੀਸ਼ਨਾਂ ਅੰਦਰ ਅਡੋਲਤਾ ਤੇ ਦ੍ਰਿੜ੍ਹਤਾ ਨਹੀਂ ਸੀ। ਇਸ ਦੀਆਂ ਮੋਹਰੀ ਹਸਤੀਆਂ ਆਪਣੀਆਂ ਪੋਜ਼ੀਸ਼ਨਾਂ ਤੋਂ ਵਾਰ-ਵਾਰ ਥਿੜਕਣ ਤੇ ਸਰਮਾਏਦਾਰ ਤੱਤਾਂ ਨਾਲ ਸਮਝੌਤਾ ਕਰਨ ਦਾ ਝੁਕਾਅ ਰੱਖਦੀਆਂ ਸਨ।

ਜਥੇਦਾਰ ਟੌਹੜਾ ਦਾ ਵਿਸ਼ੇਸ਼ ਵਿਚਾਰਧਾਰਕ ਲੱਛਣ ਇਹ ਹੈ ਕਿ ਉਸ ਵਿੱਚ ਤਕੜੀ ਮਾਤਰਾ 'ਚ ਟਕਸਾਲੀ ਅੰਸ਼ ਵੀ ਹੈ ਤੇ ਆਪਣੇ ਆਪ ਨੂੰ ਬਦਲਦੇ ਜ਼ਮਾਨੇ ਦੀਆਂ ਲੋੜਾਂ ਅਨੁਸਾਰ ਢਾਲਣ ਦੀ ਜ਼ੋਰਦਾਰ ਪ੍ਰਵਿਰਤੀ, ਯੋਗਤਾ ਤੇ ਜੁਗਤ ਵੀ। ਇਕ ਹਿਸਾਬ ਨਾਲ ਦੇਖਿਆਂ ਉਹ ਅਕਾਲੀ ਰਾਜਨੀਤੀ ਅੰਦਰ ਟਕਸਾਲੀ ਤੇ ਨਵੀਨ ਧਾਰਾਵਾਂ ਦਾ ਸੰਗਮ ਹੈ ਅਤੇ ਅਕਾਲੀ ਰਾਜਨੀਤੀ ਦੇ ਦੋ ਦੌਰਾਂ ਨੂੰ ਮੇਲਦਾ ਪੁਲ। ਉਸ ਅੰਦਰ ਖਰਾ ਪੰਥਕ ਮਾਦਾ ਵੀ ਹੈ ਪਰ ਨਾਲ ਹੀ ਜ਼ੋਰਦਾਰ ਰਾਜਨੀਤਕ ਆਕਾਂਖਿਆਵਾਂ ਵੀ ਹਨ। ਉਸ ਅੰਦਰ ਸਿੱਖ ਕਾਜ ਲਈ ਲੜਨ ਦਾ ਜਜ਼ਬਾ ਵੀ ਹੈ ਤੇ ਦਮ ਵੀ, ਪਰ ਇਕ ਸੀਮਾ ਦੇ ਅੰਦਰ ਹੀ। ਇਸ ਸੀਮਾ ਤੋਂ ਪਾਰ ਜਾਣ ਦੀ ਉਸ ਵਿੱਚ ਨਾ ਹਿੰਮਤ ਹੈ ਤੇ ਨਾ ਰਾਜਸੀ ਇਰਾਦਾ। ਇਸੇ ਤਰ੍ਹਾਂ, ਉਸ ਅੰਦਰ ਅਕਸਰ ਅਸੂਲਾਂ ਦੀ ਕੀਮਤ ਉੱਤੇ ਵੀ ਸਮਝੌਤਾ ਕਰ ਜਾਣ ਦੀ ਜ਼ੋਰਦਾਰ ਪ੍ਰਵਿਰਤੀ ਹੈ। ਪਰ ਉਸ ਦੀ ਸਮਝੌਤੇ ਦੀ ਰਾਜਨੀਤੀ ਦੀ ਆਪਣੀ ਇਕ ਮਰਿਆਦਾ ਹੈ। ਜਿਵੇਂ ਉਹ ਇਕ ਹੱਦ ਤਾਈਂ ਹੀ ਲੜ ਸਕਦਾ ਹੈ, ਉਵੇਂ ਉਹ ਇਕ ਹੱਦ ਤਕ ਹੀ ਝੁਕ ਸਕਦਾ ਹੈ, ਪੂਰਾ ਨਹੀਂ ਵਿਛ ਸਕਦਾ, ਜਾਂ ਇਕ ਵਾਰ ਝੁਕ ਕੇ ਉਹ ਫਿਰ ਤਣ ਜਾਂਦਾ ਹੈ। ਅਕਾਲੀ ਆਗੂਆਂ ਦੀ ਨਵੀਨ ਵੰਨਗੀ ਦੀ ਤੁਲਨਾ ਵਿੱਚ ਉਸ ਦੇ ਪੱਕਾ ਕੁੱਬ ਨਹੀਂ ਪਿਆ। ਉਸਦੀ ਇਹ 'ਰੜਕ' ਪੰਥ ਦੋਖੀ ਤਾਕਤਾਂ ਤੇ ਪੰਥ ਅੰਦਰਲੇ ਵਿਰੋਧੀਆਂ ਨੂੰ ਲਗਾਤਾਰ ਰੜਕਦੀ ਰਹਿੰਦੀ ਹੈ।

ਜਥੇਦਾਰ ਟੌਹੜਾ ਦੀ ਸਭ ਤੋਂ ਵੱਡੀ ਦੁਬਿਧਾ ਕਹਿ ਲਵੋ ਜਾਂ ਕਮਜ਼ੋਰੀ ਇਹ ਹੈ ਕਿ ਉਹ ਨਰਮਪੰਥੀ ਰਾਜਨੀਤੀ ਨਾਲ ਨਾ ਮੁਕੰਮਲ ਰੂਪ ਵਿੱਚ ਇਕਸੁਰ ਹੋ ਸਕਦਾ ਹੈ ਤੇ ਨਾ ਇਸ ਨੂੰ ਦੋ ਟੁਕ ਰੂਪ 'ਚ ਰੱਦ ਕਰ ਸਕਦਾ ਹੈ। ਉਹ ਇਸ ਰਾਜਨੀਤੀ ਦੇ ਬੁਨਿਆਦੀ ਚੌਖਟੇ ਨੂੰ ਉਲੰਘ ਕੇ ਅੱਗੇ ਨਿਕਲ ਜਾਣ ਦੀ ਮਾਅਰਕੇਬਾਜ਼ੀ ਨਹੀਂ ਕਰ ਸਕਦਾ। ਜਦ

ਵੀ ਕਦੇ ਅਜਿਹੀ ਨੌਬਤ ਆ ਜਾਂਦੀ ਹੈ ਤਾਂ ਉਹ ਫੁਰਤੀ ਨਾਲ ਪਿੱਛੇ ਨੂੰ ਮੋੜਾ ਕੱਟ ਲੈਂਦਾ ਹੈ। ਇਸ ਨਾਲ ਉਸਦੇ ਗਰਮ-ਖ਼ਿਆਲੀ ਕਦਰਦਾਨ ਨਿਰਾਸ਼ ਤੇ ਨਾਰਾਜ਼ ਹੋ ਉਠਦੇ ਹਨ। ਉਸ ਉੱਤੇ 'ਮੌਕਾਪ੍ਰਸਤੀ ਦਿਖਾਉਣ' ਦੇ ਇਲਜ਼ਾਮ ਲੱਗਣ ਲੱਗ ਪੈਂਦੇ ਹਨ ਤੇ ਉਸ ਦੀ ਨੇਕਨੀਅਤੀ ਬਾਰੇ ਸ਼ੱਕ ਖੜੇ ਹੋਣ ਲੱਗ ਪੈਂਦੇ ਹਨ। ਇਸੇ ਤਰ੍ਹਾਂ, ਜਦ ਝੁਕਣ ਦੀ ਗੱਲ ਆਉਂਦੀ ਹੈ ਤਾਂ ਉਹ ਅਕਸਰ ਦੋ-ਦਿਲੀ ਵਿੱਚ ਪੈ ਜਾਂਦਾ ਹੈ। ਉਹ ਨਵੀਨ ਵੰਨਗੀ ਦੇ ਅਕਾਲੀ ਆਗੂਆਂ ਦੇ ਸੰਗ ਰਲ ਕੇ ਤੇ ਉਨ੍ਹਾਂ ਵਾਂਗ ਹੀ, ਸਮਝੌਤੇ ਦੇ ਰਾਹ ਉੱਤੇ ਵਾਹੋਦਾਹੀ ਤਾਂ ਹੋ ਤੁਰਦਾ ਹੈ ਪਰ ਜਦ ਉਸ ਨੂੰ ਇਹ ਆਭਾਸ ਹੋਣ ਲੱਗਦਾ ਹੈ ਕਿ ਸਮਝੌਤੇ ਦੀ ਰਾਜਨੀਤੀ ਦਾ ਸਹੀ ਪਾਲਣ ਨਹੀਂ ਹੋ ਰਿਹਾ ਅਤੇ 'ਝੁਕ ਜਾਣ' ਤੇ 'ਵਿਛ ਜਾਣ' ਵਿਚਲੇ ਅੰਤਰ ਦਾ ਖ਼ਿਆਲ ਤੇ ਮਾਣ ਨਹੀਂ ਰੱਖਿਆ ਜਾ ਰਿਹਾ, ਤਾਂ ਉਹ ਸਮਝੌਤੇ ਦੇ ਰਾਹ 'ਚ ਅੜਿੱਕੇ ਡਾਹੁਣ ਦਾ ਜ਼ੁੰਮਾ ਓਟ ਲੈਂਦਾ ਹੈ। ਇਸ ਨਾਲ ਉਸ ਦੇ ਨਰਮਪੰਥੀ ਭਾਈਵਾਲ ਖ਼ਫ਼ਾ ਹੋ ਉਠਦੇ ਹਨ ਅਤੇ ਉਸਦੇ ਨਿੰਦਕਾਂ ਨੂੰ ਉਸਦੀ 'ਜ਼ਾਤ' ਤੇ ਰਾਜਨੀਤੀ ਵਿਰੁੱਧ ਭੜਾਸ ਕੱਢਣ ਦਾ ਤਕੜਾ ਮੌਕਾ ਤੇ ਬਹਾਨਾ ਮਿਲ ਜਾਂਦਾ ਹੈ।

ਇਸ ਤਰ੍ਹਾਂ ਆਪਣੀ ਵਿਚਾਰਧਾਰਾ ਤੇ ਸ਼ਖ਼ਸੀਅਤ ਦੀਆਂ ਵਜੂਦ-ਸਮੋਈਆਂ ਸੀਮਤਾਈਆਂ ਤੇ ਵਿਰੋਧਾਭਾਸਾਂ ਦੀ ਬਦੌਲਤ, ਜਥੇਦਾਰ ਗੁਰਚਰਨ ਸਿੰਘ ਟੌਹੜਾ ਗਰਮ-ਖ਼ਿਆਲੀ ਤੇ ਨਰਮਪੰਥੀ, ਦੋਹਾਂ ਹੀ ਵਰਗਾਂ ਵੱਲੋਂ ਇਕ ਮੌਕੇ ਪਿਆਰਿਆ ਤੇ ਦੂਜੇ ਮੌਕੇ ਦੁਰਕਾਰਿਆ ਚਲਾ ਆ ਰਿਹਾ ਹੈ। ਪਿਛਲੇ ਲਗਭਗ ਤਿੰਨ ਦਹਾਕਿਆਂ ਦੇ ਦੌਰਾਨ ਜਦ ਵੀ ਅਕਾਲੀ ਰਾਜਨੀਤੀ ਅੰਦਰ ਟਕਸਾਲੀ ਤੇ ਨਵੀਨ ਧਾਰਾਵਾਂ ਦੇ ਵਿਚਕਾਰ ਵਿਰੋਧਾਂ ਦੇ ਤਿੱਖਾ ਰੂਪ ਧਾਰਨ ਕਰ ਜਾਣ ਦੀ ਨੌਬਤ ਪੈਦਾ ਹੁੰਦੀ ਰਹੀ ਹੈ ਤਾਂ ਜਥੇਦਾਰ ਟੌਹੜਾ ਦੇ ਵਜੂਦ ਨੂੰ ਇਸ ਦੋ-ਪਾਸੀ ਖਿਚੋਤਾਣ ਦਾ ਸਭ ਨਾਲੋਂ ਵੱਧ ਕਸਾਅ ਝੱਲਣਾ ਪੈਂਦਾ ਰਿਹਾ ਹੈ ਅਤੇ 'ਦੋਨੋਂ ਹੀ ਬੇੜੀਆਂ' ਦੇ ਮਲਾਹਾਂ (ਤੇ ਨਾਲ ਹੀ ਯਾਤਰੂਆਂ) ਦੇ ਤੱਤੇ-ਠੰਢੇ ਬੋਲ ਸੁਣਨੇ ਪੈਂਦੇ ਰਹੇ ਹਨ। ਇਸ ਹੋਣੀ ਨੇ ਉਸਦਾ ਕਦੇ ਵੀ ਪਿੱਛਾ ਨਹੀਂ ਛੱਡਿਆ। ਇਸ ਵਜ੍ਹਾ ਕਰਕੇ ਉਸ ਨੂੰ ਜ਼ਿੰਦਗੀ ਵਿੱਚ ਸਿੱਖ ਰਾਜਨੀਤੀ ਅੰਦਰ ਮਾਣ-ਤਾਣ ਵੀ ਬਥੇਰਾ ਮਿਲਿਆ ਹੈ ਤੇ ਨਿਰਾਦਰੀਆਂ ਵੀ ਬਹੁਤ ਝੱਲਣੀਆਂ ਪਈਆਂ ਹਨ।

## ਸਿੱਖ ਸੰਘਰਸ਼ ਹੋਰ ਮਘ ਤੁਰਿਆ

ਪੰਥਕ ਧਿਰਾਂ ਵਿਚਕਾਰ ਅਤੇ ਖ਼ੁਦ ਅਕਾਲੀ ਲੀਡਰਸ਼ਿਪ ਦੀਆਂ ਸਫ਼ਾਂ ਦੇ ਅੰਦਰ ਚੱਲ ਰਹੇ ਇਸ ਅੰਦਰੂਨੀ ਕਲਹਿ-ਕਲੇਸ਼ ਦੇ ਬਾਵਜੂਦ ਸਿੱਖ ਸੰਘਰਸ਼ ਦਾ ਮੈਦਾਨ ਲਗਾਤਾਰ ਗਰਮਾਉਂਦਾ ਚਲਾ ਗਿਆ। ਅਜਿਹਾ ਅਕਾਲੀ ਲੀਡਰਸ਼ਿਪ ਦੇ ਸੁਚੇਤ ਯਤਨਾਂ ਕਰਕੇ ਨਹੀਂ ਸੀ ਹੋ ਰਿਹਾ ਸਗੋਂ ਕਾਫ਼ੀ ਹੱਦ ਤਕ ਉਨ੍ਹਾਂ ਦੀਆਂ ਇੱਛਾਵਾਂ ਦੇ ਉਲਟ ਹੋ ਰਿਹਾ ਸੀ। ਅਕਾਲੀ ਆਗੂ ਤਾਂ ਇਸ ਮੁਸ਼ਕਲ ਸਥਿਤੀ 'ਚੋਂ ਬਾਹਰ ਨਿਕਲਣ ਦੀਆਂ ਕਿੰਨੇ ਚਿਰਾਂ ਤੋਂ ਸਿਰਤੋੜ ਕੋਸ਼ਿਸ਼ਾਂ ਕਰਦੇ ਆ ਰਹੇ ਸਨ। ਇਸ ਘੁੰਮਣਘੇਰੀ 'ਚੋਂ ਬਾਹਰ ਨਿਕਲਣ ਦੇ ਉਨ੍ਹਾਂ ਸਾਹਮਣੇ ਦੋ ਹੀ ਰਸਤੇ ਸਨ। ਜਾਂ ਤਾਂ ਕੇਂਦਰ ਸਰਕਾਰ ਨਾਲ ਕੋਈ, ਚੰਗਾ ਮਾੜਾ, ਮੂੰਹ ਰੱਖਣ ਜੋਗਰਾ ਸਮਝੌਤਾ ਹੋ ਜਾਂਦਾ ਅਤੇ ਜਾਂ ਫਿਰ ਉਹ ਕੋਈ ਬਹਾਨਾ ਘੜ ਕੇ ਆਪਣੇ ਵੱਲੋਂ ਧਰਮਯੁੱਧ ਮੋਰਚੇ ਨੂੰ ਠੱਪ ਕਰ ਦੇਣ ਦਾ ਐਲਾਨ ਕਰ ਦਿੰਦੇ, ਅਤੇ ਇਸ ਤਰ੍ਹਾਂ ਆਪਣਾ ਪੱਲਾ ਬਚਾ ਕੇ ਲਾਂਭੇ ਹੋ ਜਾਂਦੇ। ਅਕਾਲੀ ਆਗੂ ਇਤਿਹਾਸ ਅੰਦਰ ਇਸ ਤੋਂ ਪਹਿਲਾਂ ਅਜਿਹੀ ਪੈਂਤੜੇਬਾਜ਼ੀ ਕਈ ਵਾਰ ਖੇਡ ਚੁੱਕੇ ਸਨ। ਪਰ ਇਸ ਵਾਰ ਉਨ੍ਹਾਂ ਲਈ ਇਹ ਖੇਡ ਖੇਡਣੀ ਓਨੀ ਸੁਖਾਲੀ ਨਹੀਂ ਸੀ ਰਹੀ। ਕਾਰਨ ਇਹ ਕਿ ਇਸ

ਵਾਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਰੂਪ ਵਿੱਚ ਅਕਾਲੀ ਆਗੂਆਂ ਨੂੰ ਤੁਰੰਤ ਕਟਹਿਰੇ 'ਚ ਖੜ੍ਹੇ ਕਰ ਕੇ ਉਨ੍ਹਾਂ ਦੀ ਜੁਆਬ-ਤਲਬੀ ਕਰਨ ਵਾਲੀ ਇਕ ਨੈਤਿਕ ਅਥਾਰਟੀ ਹੋਂਦ 'ਚ ਆ ਚੁੱਕੀ ਸੀ, ਜਿਸ ਨੂੰ ਸਿਧੇ ਮੱਥੇ ਚੁਣੌਤੀ ਦੇਣ ਦੀ ਉਨ੍ਹਾਂ ਅੰਦਰ ਨੈਤਿਕ ਹਿੰਮਤ ਨਹੀਂ ਸੀ। ਇਹ ਵਰਤਾਰਾ ਅਕਾਲੀ ਰਾਜਨੀਤੀ ਦੇ ਲੰਮੇ ਇਤਿਹਾਸ ਅੰਦਰ ਪਹਿਲੀ ਵਾਰ ਵਾਪਰ ਰਿਹਾ ਸੀ, ਜਦ ਸਿੱਖ ਸੰਗਤਾਂ ਨਾਲ ਵਾਰ-ਵਾਰ ਰਾਜਨੀਤਕ ਧੋਖਾਦੇਹੀ ਕਰਦੇ ਆ ਰਹੇ ਅਕਾਲੀ ਆਗੂਆਂ ਨੂੰ ਸੰਘਰਸ਼ ਤੋਂ ਭੱਜਣ ਦਾ ਕੋਈ ਵੀ ਸੌਖਾ ਰਾਹ ਨਹੀਂ ਸੀ ਲੱਭ ਰਿਹਾ।

ਸੰਤ ਭਿੰਡਰਾਂਵਾਲਾ ਅਕਾਲੀ ਆਗੂਆਂ ਦੇ ਬਦਇਮਾਨੇ ਤੇ ਬੇਪਰਤੀਤੇ ਕਿਰਦਾਰ ਤੋਂ ਚੰਗੀ ਤਰ੍ਹਾਂ ਵਾਕਫ਼ ਸੀ। ਇਸ ਕਰਕੇ ਉਹ ਸੰਘਰਸ਼ ਦੌਰਾਨ ਉਨ੍ਹਾਂ ਦੀ ਹਰ ਸਰਗਰਮੀ ਤੇ ਰਾਜਨੀਤਕ ਪੈਂਤੜੇਬਾਜ਼ੀ ਉੱਤੇ ਕਰੜੀ ਨਜ਼ਰ ਰੱਖ ਕੇ ਚੱਲ ਰਿਹਾ ਸੀ। ਉਹ ਅਕਾਲੀ ਆਗੂਆਂ ਨੂੰ ਲੱਗੀ ਹੋਈ ਸਮਝੌਤੇ ਦੀ ਅੱਚਵੀ ਬਾਰੇ ਅਤੇ ਇਸ ਮਕਸਦ ਲਈ ਉਨ੍ਹਾਂ ਵੱਲੋਂ 'ਚੋਰਾਂ ਵਾਂਗ' ਮਾਰੇ ਜਾ ਰਹੇ ਦਿੱਲੀ ਦੇ ਗੇੜਿਆਂ ਬਾਰੇ ਅਤੇ ਆਨੰਦਪੁਰ ਸਾਹਿਬ ਦੇ ਮਤੇ ਨੂੰ ਰਿਵਾਜਨ ਕਮਿਸ਼ਨ ਦੇ ਠੰਢੇ ਬਸਤੇ ਵਿੱਚ ਰੱਖ ਦੇਣ ਦੀਆਂ ਉਨ੍ਹਾਂ ਦੀਆਂ ਰਾਜਸੀ ਤਰਕੀਬਾਂ ਬਾਰੇ ਪੂਰੀ ਤਰ੍ਹਾਂ ਬਾਖ਼ਬਰ ਸੀ। ਉਸ ਨੂੰ ਆਪਣੇ ਭਰੋਸੇਯੋਗ ਵਸੀਲਿਆਂ ਤੋਂ ਇਹ ਖ਼ਬਰਾਂ ਅਚੁਕ ਮਿਲ ਰਹੀਆਂ ਸਨ ਕਿ ਕੇਂਦਰੀ ਹਾਕਮਾਂ ਨਾਲ ਗੱਲਬਾਤ ਦੇ ਕਈ (ਖੁੱਲ੍ਹੇ ਤੇ ਗੁਪਤ) ਗੇੜਾਂ ਤੋਂ ਬਾਅਦ ਅਕਾਲੀ ਆਗੂ ਪੰਜਾਬੀ ਬੋਲਦੇ ਇਲਾਕਿਆਂ ਦੇ ਮਸਲੇ ਨੂੰ ਕਿਸੇ 'ਹੱਦਬੰਦੀ ਕਮਿਸ਼ਨ' ਦੇ ਪੇਟੇ ਪਾਉਣ, ਦਰਿਆਈ ਪਾਣੀਆਂ ਦੇ ਝਗੜੇ ਦਾ ਮਸਲਾ ਸੁਪਰੀਮ ਕੋਰਟ ਨੂੰ ਸੌਂਪਣ ਤੇ ਆਨੰਦਪੁਰ ਦੇ ਮਤੇ ਨੂੰ ਸਰਕਾਰੀਆ ਕਮਿਸ਼ਨ ਦੇ ਹਵਾਲੇ ਕਰ ਦੇਣ ਲਈ ਰਜ਼ਾਮੰਦ ਹੋ ਗਏ ਸਨ। ਇਥੋਂ ਤਕ ਕਿ ਪੰਜਾਬ ਨੂੰ ਸਾਲਮ ਚੰਡੀਗੜ੍ਹ ਨਾ ਮਿਲਣ ਦੀ ਸੂਰਤ 'ਚ ਕੁਝ ਅਕਾਲੀ ਆਗੂ ਕੇਂਦਰੀ ਹਾਕਮਾਂ ਦੀ ਚੰਡੀਗੜ੍ਹ ਦਾ 'ਸੱਤਰ' ਅਤੇ 'ਤੀਹ' ਦੇ ਅਨੁਪਾਤ ਵਿੱਚ ਬਟਵਾਰਾ ਕਰਨ ਦੀ ਤਜਵੀਜ਼ ਨਾਲ ਵੀ ਸਹਿਮਤ ਹੋ ਜਾਣ ਦਾ ਰੁਖ਼ ਪ੍ਰਗਟਾਅ ਰਹੇ ਸਨ।

ਇਸ ਹਾਲਤ ਨੂੰ ਮੱਦੇਨਜ਼ਰ ਰੱਖਦੇ ਹੋਏ ਸੰਤ ਭਿੰਡਰਾਂਵਾਲੇ ਸਿੱਖ ਸੰਗਤਾਂ ਨੂੰ ਵਾਰ-ਵਾਰ ਚੌਕੰਨੇ ਕਰ ਰਹੇ ਸਨ ਕਿ ਅਕਾਲੀ ਆਗੂਆਂ ਵੱਲੋਂ ਇਕ ਵਾਰ ਫਿਰ ਆਪਣਾ 'ਥੁੱਕਿਆ ਚੱਟਣ', ਅਰਥਾਤ 'ਪੂਰੀਆਂ ਮੰਗਾਂ ਮਨਵਾਉਣ ਤਕ ਮੋਰਚਾ ਜਾਰੀ ਰੱਖਣ' ਦੇ ਐਲਾਨਾਂ ਤੇ ਵਚਨਾਂ ਤੋਂ ਸ਼ਰੇਆਮ ਭੱਜ ਨਿਕਲਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਪਹਿਲਾਂ ਵਾਂਗ ਹੀ ਸਿੱਖ ਸੰਗਤਾਂ ਨੂੰ ਧੋਖੇ ਤੇ ਹਨੇਰੇ 'ਚ ਰੱਖ ਕੇ ਕਿਸੇ ਲੂਲ੍ਹੇ-ਲੰਗੜੇ ਸਮਝੌਤੇ ਦੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ।

ਅਕਾਲੀ ਆਗੂਆਂ ਦੁਆਰਾ ਇਤਿਹਾਸ ਅੰਦਰ ਵਾਰ-ਵਾਰ ਬਿਨਾਂ ਮੰਗਾਂ ਮਨਵਾਏ, ਸੰਘਰਸ਼ ਨੂੰ ਅੱਧ ਵਿਚਾਲਿਓਂ ਡੋਬਾ ਦੇ ਜਾਣ ਦਾ ਸੱਚ ਸਿੱਖ ਜਨਤਾ ਦੇ ਮਨਾਂ ਅੰਦਰ ਯਾਦਾਂ ਦੀ ਛਿਲਤਰ ਬਣ ਕੇ ਖੁਭਿਆ ਪਿਆ ਸੀ। ਇਸ ਕਰਕੇ ਸੰਤ ਭਿੰਡਰਾਂਵਾਲੇ ਦੀਆਂ ਕੁਸੈਲੀਆਂ ਸਪਸ਼ਟ ਬਿਆਨੀਆਂ ਸਿੱਖ ਜਨਤਾ ਦੇ ਮਨਾਂ ਉੱਤੇ ਤਿੱਖਾ ਅਸਰ ਛੱਡ ਰਹੀਆਂ ਸਨ। ਸਿੱਖ ਜਨਤਾ ਦੀਆਂ ਨਜ਼ਰਾਂ 'ਚ ਅਕਾਲੀ ਆਗੂਆਂ ਨੂੰ 'ਕਾਣੇ' ਸਾਬਤ ਕਰਨ ਵਿੱਚ ਉਸ ਨੂੰ ਭਾਰੀ ਸਫਲਤਾ ਮਿਲ ਰਹੀ ਸੀ। ਉਹ ਸਿੱਖ ਸੰਗਤਾਂ ਨੂੰ ਇਹ ਗੱਲ ਵਾਰ-ਵਾਰ ਚਿਤਾਰਨ ਤੋਂ ਨਹੀਂ ਸਨ ਉਕ ਰਹੇ ਕਿ, "ਮੈਂ ਕੋਈ ਤੁਹਾਡਾ ਆਗੂ ਨਹੀਂ। ਮੈਂ ਤਾਂ ਕੌਮ ਦਾ ਚੌਕੀਦਾਰ ਹਾਂ ਅਤੇ ਚੌਕੀਦਾਰ ਦੇ ਨਾਤੇ ਤੁਹਾਨੂੰ ਖ਼ਬਰਦਾਰ ਕਰਨਾ ਮੇਰੀ ਜ਼ੁੰਮੇਵਾਰੀ ਬਣਦੀ ਹੈ। ਮੈਂ ਇਹ ਜ਼ੁੰਮੇਵਾਰੀ ਨਿਭਾਉਣ ਤੋਂ ਉਕਣਾ ਨਹੀਂ। ਜੇ ਸਾਡਾ ਕੋਈ ਵੀ ਆਗੂ ਆਨੰਦਪੁਰ ਦੇ ਮਤੇ ਦੀਆਂ ਮੰਗਾਂ ਤੋਂ ਘੱਟ ਕਬੂਲ ਕਰ ਲੈਂਦਾ ਹੈ ਤਾਂ ਮੈਂ ਉਸ

ਨੂੰ ਸੰਗਤਾਂ ਦੇ ਸਾਹਮਣੇ ਨੰਗਾ ਕਰਾਂਗਾ।"[36] ਸੋ ਇਸ ਤਰ੍ਹਾਂ ਸੰਤ ਭਿੰਡਰਾਂਵਾਲਾ ਕਹਿਣ ਨੂੰ ਸਿਰਫ਼ 'ਚੌਕੀਦਾਰ' ਦਾ ਪਰ ਅਸਲੀਅਤ ਵਿੱਚ ਨਾਲ ਹੀ 'ਠਾਣੇਦਾਰ' ਦਾ ਵੀ ਰੋਲ ਨਿਭਾਅ ਰਿਹਾ ਸੀ। ਉਸ ਵੱਲੋਂ ਅਕਾਲੀ ਆਗੂਆਂ ਦੀ ਰਾਜਨੀਤੀ, ਉਨ੍ਹਾਂ ਦੇ ਸਦਾਚਾਰ ਤੇ ਸਭਿਆਚਾਰ, ਸਭ ਕੁਝ ਨੂੰ ਛੱਜ ਵਿੱਚ ਪਾ ਕੇ ਛੰਡਿਆ ਜਾ ਰਿਹਾ ਸੀ। ਇਖ਼ਲਾਕੀ ਤੌਰ 'ਤੇ 'ਕਾਣੇ' ਤੇ ਰਾਜਸੀ ਤੌਰ 'ਤੇ ਨਿਤਾਣੇ ਹੋਏ ਅਕਾਲੀ ਆਗੂਆਂ ਨੂੰ ਮਜਬੂਰੀ ਵੱਸ ਸੰਤ ਭਿੰਡਰਾਂਵਾਲੇ ਦੀਆਂ ਤੱਤੀਆਂ ਠੰਢੀਆਂ ਸਭ ਸੁਣਨੀਆਂ ਤੇ ਸਹਿਣੀਆਂ ਪੈ ਰਹੀਆਂ ਸਨ।

ਉਧਰ ਅਕਾਲੀ ਆਗੂਆਂ ਨੂੰ ਇਸ ਕਦਰ ਲਿਫ਼ਾਅ ਲੈਣ ਤੋਂ ਬਾਅਦ ਵੀ ਇੰਦਰਾ ਗਾਂਧੀ ਸਮਝੌਤੇ ਉੱਤੇ ਸਹੀ ਪਾਉਣ ਤੋਂ ਲਗਾਤਾਰ ਟਾਲ-ਮਟੋਲ ਕਰਦੀ ਰਹੀ। ਅਸਲ ਵਿੱਚ, ਜਿਵੇਂ ਕਿ ਦੱਸਿਆ ਜਾ ਚੁੱਕਾ ਹੈ, ਇੰਦਰਾ ਗਾਂਧੀ ਸਮਝੌਤੇ ਪ੍ਰਤੀ ਦਿਲੋਂ ਸੁਹਿਰਦ ਤੇ ਗੰਭੀਰ ਨਹੀਂ ਸੀ। ਸਮਝੌਤੇ ਲਈ ਗੱਲਬਾਤ ਦਾ ਸਾਰਾ ਅਡੰਬਰ ਅਕਾਲੀ ਆਗੂਆਂ ਨੂੰ ਛਲਣ ਤੇ ਨੀਵੇਂ ਦਿਖਾਉਣ ਲਈ ਹੀ ਰਚਿਆ ਗਿਆ ਸੀ। ਅਕਾਲੀ ਆਗੂ ਆਪਣੀ ਰਾਜਨੀਤਕ ਨਾਦਾਨੀ ਤੇ ਕੱਚਪੁਣੇ ਦੀ ਵਜ੍ਹਾ ਕਰਕੇ ਇੰਦਰਾ ਗਾਂਧੀ ਦੀ ਇਸ ਚਾਲ ਦਾ ਸੌਖ ਨਾਲ ਹੀ ਸ਼ਿਕਾਰ ਹੋ ਗਏ। ਲੋਕ-ਕਥਾ ਅੰਦਰਲੇ 'ਗੰਢਿਆਂ ਦੇ ਚੋਰ' ਵਾਂਗ ਉਨ੍ਹਾਂ 'ਗੰਢੇ' ਵੀ ਖਾ ਲਏ (ਅਰਥਾਤ ਉਹ ਸਿੱਖ ਜਨਤਾ ਦੀਆਂ ਨਜ਼ਰਾਂ 'ਚ ਗਿਰ ਵੀ ਗਏ) ਤੇ ਨਾਲ ਹੀ 'ਜੁਰਮਾਨਾ' ਵੀ ਭਰਨਾ ਪੈ ਗਿਆ (ਭਾਵ ਸਮਝੌਤੇ ਦੇ ਫਲ ਹੜੱਪਣ ਤੋਂ ਵੀ ਜਾਂਦੇ ਰਹੇ) ਪਰ ਫਿਰ ਵੀ ਉਨ੍ਹਾਂ ਸਮਝੌਤੇ ਦੀ ਉਮੀਦ ਦਾ ਪੱਲਾ ਨਹੀਂ ਛੱਡਿਆ। ਕੇਂਦਰ ਸਰਕਾਰ ਉੱਤੇ ਹੋਰ ਵੱਧ ਦਬਾਅ ਪਾ ਕੇ ਉਸ ਨੂੰ ਸਮਝੌਤੇ ਲਈ ਰਾਜ਼ੀ (ਜਾਂ ਮਜਬੂਰ) ਕਰ ਲੈਣ ਦੀ ਧੁੰਦਲੀ ਉਮੀਦ ਨਾਲ ਉਹ ਸੰਘਰਸ਼ ਅੰਦਰ ਹੋਰ ਵੱਧ ਤੇਜ਼ੀ ਤੇ ਤੀਖਣਤਾ ਲਿਆਉਣ ਲਈ ਲਗਾਤਾਰ ਮਜਬੂਰ ਹੁੰਦੇ ਚਲੇ ਗਏ।

'ਰਸਤਾ ਰੋਕੋ' ਦੀ ਸਫਲ ਕਾਰਵਾਈ ਤੋਂ ਬਾਅਦ ਅਕਾਲੀ ਦਲ ਦੇ 29 ਅਗਸਤ (1983) ਦੇ 'ਕੰਮ ਰੋਕੋ' ਦੇ ਸੱਦੇ ਉੱਤੇ ਪੰਜਾਬ ਦੇ ਸਾਰੇ ਦਫ਼ਤਰਾਂ/ਅਦਾਰਿਆਂ ਅੰਦਰ ਕੰਮ ਪੂਰੀ ਤਰ੍ਹਾਂ ਠੱਪ ਹੋ ਕੇ ਰਹਿ ਗਿਆ ਸੀ। 8 ਫ਼ਰਵਰੀ 1984 ਨੂੰ ਅਕਾਲੀ ਦਲ ਨੇ ਕੇਂਦਰ ਸਰਕਾਰ ਦੀਆਂ ਸਿੱਖ ਦੁਸ਼ਮਣ ਨੀਤੀਆਂ ਤੇ ਕਾਰਵਾਈਆਂ ਖ਼ਿਲਾਫ਼ ਰੋਸ ਪ੍ਰਗਟਾਉਣ ਲਈ 'ਪੰਜਾਬ ਬੰਦ' ਦਾ ਸੱਦਾ ਦੇ ਦਿੱਤਾ। ਪੰਜਾਬ ਦੀ ਜਨਤਾ ਨੇ, ਖ਼ਾਸ ਕਰਕੇ ਸਿੱਖ ਵਰਗ ਨੇ ਇਸ ਸੱਦੇ ਦਾ ਬਹੁਤ ਹੀ ਜੋਸ਼ੀਲਾ ਹੁੰਗਾਰਾ ਭਰਿਆ। ਹਿੰਦੂ ਕੱਟੜਵਾਦੀ ਜਥੇਬੰਦੀਆਂ ਨੇ ਵਿਰੋਧ ਤੇ ਸ਼ਰੀਕੇ ਦੀ ਨੀਤੀ ਉੱਤੇ ਚਲਦਿਆਂ ਹੋਇਆਂ, ਅਕਾਲੀ ਦਲ ਦੇ ਪੰਜਾਬ ਬੰਦ ਦੇ ਸਫਲ ਐਕਸ਼ਨ ਦੇ ਮੋੜਵੇਂ ਜੁਆਬ ਵਿੱਚ 14 ਤੋਂ 20 ਫ਼ਰਵਰੀ ਤਕ 'ਪੰਜਾਬ ਬੰਦ ਸਪਤਾਹ' ਮਨਾਉਣ ਦਾ ਐਲਾਨ ਕਰ ਦਿੱਤਾ। ਹਿੰਦੂ ਫ਼ਿਰਕਾਪ੍ਰਸਤ ਤੱਤਾਂ ਨੇ ਇਸ ਸੱਦੇ ਉੱਤੇ ਗਰਮਜੋਸ਼ੀ ਨਾਲ ਅਮਲ ਕਰਦਿਆਂ ਹੋਇਆਂ ਇਕ ਵਾਰ ਫਿਰ ਆਪਣੀ ਫ਼ਿਰਕੂ ਜ਼ਹਿਨੀਅਤ ਦਾ ਕਰੂਪ ਮੁਜ਼ਾਹਰਾ ਕੀਤਾ। ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਦੇ ਸ਼ਹਿਰੀ ਕੇਂਦਰਾਂ ਅੰਦਰ ਲਗਾਤਾਰ ਕਈ ਦਿਨਾਂ ਤਕ ਸਿੱਖਾਂ ਤੇ ਉਨ੍ਹਾਂ ਦੇ ਕਾਰੋਬਾਰੀ ਸਾਧਨਾਂ ਤੇ ਠਿਕਾਣਿਆਂ ਉੱਤੇ ਵਿਉਂਤਬੱਧ ਢੰਗ ਨਾਲ ਹਮਲੇ ਕੀਤੇ ਜਾਂਦੇ ਰਹੇ। ਅੰਮ੍ਰਿਤਸਰ ਵਿਖੇ 14 ਫ਼ਰਵਰੀ ਨੂੰ ਹਿੰਦੂ ਹੁੱਲੜਬਾਜ਼ਾਂ ਦੀ ਇਕ ਭੀੜ ਨੇ ਰੇਲਵੇ ਸਟੇਸ਼ਨ ਉੱਤੇ ਲੱਗੇ ਹੋਏ ਸ੍ਰੀ ਹਰਿਮੰਦਰ ਸਾਹਿਬ ਦੇ 'ਮਾਡਲ' ਅਤੇ ਸ੍ਰੀ ਗੁਰੂ ਰਾਮਦਾਸ ਜੀ ਦੀ ਤਸਵੀਰ ਨੂੰ ਬਹੁਤ ਹੀ ਨਿਰਾਦਰੀ ਭਰੇ ਢੰਗ ਨਾਲ ਤੋੜ ਸੁੱਟਿਆ। ਪਾਣੀਪਤ ਤੇ ਯਮੁਨਾਨਗਰ ਦੇ ਸ਼ਹਿਰਾਂ, ਜੋ ਹਿੰਦੂ ਹੁੱਲੜਬਾਜ਼ ਤੱਤਾਂ ਦੇ ਬਦਨਾਮ ਗੜ੍ਹ ਬਣ ਕੇ ਉਭਰ ਆਏ ਸਨ, ਅੰਦਰ 19 ਫ਼ਰਵਰੀ ਨੂੰ ਹਿੰਦੂ ਦੰਗਾਕਾਰੀਆਂ ਨੇ ਪੁੱਜ ਕੇ

ਫ਼ਿਰਕੂ ਧਮੱਚੜ ਮਚਾਇਆ ਜਿਸ ਵਿੱਚ ਘੱਟੋ-ਘੱਟ 9 ਸਿੱਖਾਂ ਨੂੰ ਕੁਟ-ਕੁਟ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ, ਤਿੰਨ ਗੁਰਦੁਆਰਿਆਂ ਨੂੰ ਅੱਗਾਂ ਲਾ ਦਿੱਤੀਆਂ ਗਈਆਂ, ਕਿੰਨੀਆਂ ਹੀ ਸਿੱਖ ਦੁਕਾਨਾਂ ਤੇ ਵਾਹਨਾਂ ਨੂੰ ਲੂਹ ਸੁਟਿਆ ਗਿਆ। ਇਹ ਤਾਂਡਵ ਨਾਚ ਪੁਲਸ ਦੀ ਮੌਜੂਦਗੀ 'ਚ ਤੇ ਉਸਦੀ ਨੰਗੀ ਸ਼ਹਿ ਉੱਤੇ ਨੱਚਿਆ ਗਿਆ।[37] ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੇ ਹਰਿਆਣਾ ਸਰਕਾਰ ਉੱਤੇ ਖੁੱਲ੍ਹੇਆਮ ਇਹ ਦੋਸ਼ ਲਾਇਆ ਕਿ "ਹਰਿਆਣੇ ਅੰਦਰ 14 ਤੋਂ 20 ਫ਼ਰਵਰੀ ਤਕ ਜੋ ਕੁਝ ਵਾਪਰਿਆ ਉਹ ਸਰਕਾਰ ਦੀ ਮਿਲੀਭੁਗਤ ਬਗ਼ੈਰ ਕਦਾਚਿਤ ਨਹੀਂ ਸੀ ਵਾਪਰ ਸਕਦਾ।"[38] ਹਿੰਦੂ ਤੱਤਾਂ ਦੇ ਇਸ ਫ਼ਿਰਕੂ ਝੱਲਪੁਣੇ ਨੇ ਸੰਤ ਭਿੰਡਰਾਂਵਾਲੇ ਦੇ ਵਿਚਾਰਾਂ ਤੇ ਕਥਨਾਂ ਨੂੰ ਹੋਰ ਪ੍ਰਮਾਣਿਕਤਾ ਮੁਹੱਈਆ ਕਰ ਦਿੱਤੀ ਅਤੇ ਉਸ ਅੰਦਰ ਇਸ 'ਬੇਹੂਦਗੀ' ਦਾ 'ਕਰਾਰਾ ਜੁਆਬ' ਦੇਣ ਦਾ ਸੰਕਲਪ ਹੋਰ ਤਕੜਾਈ ਫੜ ਗਿਆ। ਇਸ ਸਥਿਤੀ ਤੋਂ ਚਿੰਤਾਗ੍ਰਸਤ ਹੋਏ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ 22 ਫ਼ਰਵਰੀ ਨੂੰ ਅੰਮ੍ਰਿਤਸਰ ਵਿਖੇ ਅਕਾਲੀ ਦਲ ਦੇ ਸਭਨਾਂ ਜ਼ਿਲ੍ਹਾ ਜਥੇਦਾਰਾਂ ਦਾ ਇਕੱਠ ਬੁਲਾ ਲਿਆ। ਇਸ ਇਕੱਠ ਵਿੱਚ ਇਹ ਅਹਿਮ ਫ਼ੈਸਲਾ ਲਿਆ ਗਿਆ ਕਿ ਸਿੱਖਾਂ ਦੀ ਹਿੰਦੂਆਂ ਨਾਲੋਂ ਅਲੱਗ ਪਛਾਣ ਉੱਤੇ ਬਲ ਦੇਣ ਲਈ 27 ਫ਼ਰਵਰੀ ਨੂੰ ਦਿੱਲੀ ਤੇ ਚੰਡੀਗੜ੍ਹ ਵਿੱਚ ਖੁੱਲ੍ਹੇ ਇਕੱਠ ਕਰ ਕੇ ਭਾਰਤੀ ਸੰਵਿਧਾਨ ਦੀ ਧਾਰਾ 25-2 (ਬੀ), ਜੋ ਸਿੱਖ ਧਰਮ ਨੂੰ ਹਿੰਦੂ ਮੱਤ ਨਾਲ ਰਲਗੱਡ ਕਰਦੀ ਹੈ, ਨੂੰ ਪਬਲਿਕ ਤੌਰ 'ਤੇ ਸਾੜਿਆ ਜਾਵੇ।[39]

ਅਕਾਲੀ ਦਲ ਦੇ ਇਸ ਐਲਾਨ ਦਾ ਦੇਸ ਭਰ ਦੇ ਹਿੰਦੂ ਵਰਗ ਅੰਦਰ ਬਹੁਤ ਹੀ ਤਿੱਖਾ ਤੇ ਸ਼ੂਰੀਲਾ ਪ੍ਰਤੀਕਰਮ ਹੋਇਆ। ਹਿੰਦੂ ਪ੍ਰੈਸ ਅੰਦਰ ਇਸ ਨੂੰ ਸਿੱਖਾਂ ਦੀ ਭਾਰਤ ਦੇ ਸੰਵਿਧਾਨ ਤੋਂ ਨਾਬਰ ਹੋ ਜਾਣ ਦੀ 'ਦੇਸ-ਧ੍ਰੋਹੀ ਹਰਕਤ' ਦਾ ਨਾਉਂ ਦਿੱਤਾ ਗਿਆ। ਹਿੰਦੂ ਪ੍ਰੈਸ ਵੱਲੋਂ ਸਿੱਖਾਂ ਵਿਰੁੱਧ ਚਿਰਾਂ ਤੋਂ ਚਲਾ ਰੱਖੀ ਹੋਈ ਭੰਡੀ ਪ੍ਰਚਾਰ ਦੀ ਮੁਹਿੰਮ ਅੰਦਰ ਹੋਰ ਵੱਧ ਬੇਹੂਦਗੀ ਲੈ ਆਂਦੀ ਗਈ। ਦੇਸ ਦੇ ਸਾਰੇ ਪ੍ਰਮੁੱਖ ਹਿੰਦੂ ਅਖ਼ਬਾਰ, ਮੋਹਰੀ ਹਿੰਦੂ ਸੰਪਾਦਕ ਤੇ ਨਾਮੀ ਹਿੰਦੂ ਕਾਲਮਨਵੀਸ ਇਕ ਦੂਜੇ ਨਾਲੋਂ ਵਧ ਕੇ ਸਿੱਖਾਂ ਖ਼ਿਲਾਫ਼ ਆਪਣੀ ਫ਼ਿਰਕੂ ਭੜਾਸ ਕੱਢਣ ਤੁਰ ਪਏ। ਜਿਹੜੀ ਵੀ ਕੋਈ ਗੱਲ ਸਿੱਖਾਂ ਦੇ ਮਾਣ ਵਿੱਚ ਜਾਂਦੀ ਹੈ, ਜਾਂ ਆਪਣੇ ਜਿਨ੍ਹਾਂ ਵਿਸ਼ੇਸ਼ ਗੁਣਾਂ ਤੇ ਰਵਾਇਤਾਂ ਉੱਤੇ ਸਿੱਖ ਕੌਮ ਹਮੇਸ਼ਾ ਹੀ ਮਾਣ ਕਰਦੀ ਆਈ ਹੈ, ਤੰਗਦਿਲੀ ਤੇ ਸਾੜੇ ਦੇ ਡੰਗੇ ਹਿੰਦੂ ਸੰਪਾਦਕਾਂ/ਕਾਲਮਨਵੀਸਾਂ ਨੇ ਸਿੱਖ ਕੌਮ ਦੇ ਮਾਣ ਤੇ ਗੌਰਵ ਨੂੰ ਮਲੀਆਮੇਟ ਕਰ ਸੁੱਟਣ ਦੇ ਇਰਾਦੇ ਨਾਲ ਸਿੱਖ ਕੌਮ ਦੇ ਇਨ੍ਹਾਂ ਹੀ ਸ਼ਾਨ-ਚਿੰਨ੍ਹਾਂ ਨੂੰ ਆਪਣੇ ਹਮਲੇ ਦਾ ਚੁਣਵਾਂ ਨਿਸ਼ਾਨਾ ਬਣਾਇਆ। ਹਿੰਦੂ ਹਾਕਮਾਂ ਦੀਆਂ ਫ਼ਿਰਕੂ ਵਿਤਕਰੇਬਾਜ਼ੀਆਂ ਤੇ ਬਦਗੁਮਾਨੀਆਂ ਦੇ ਹੱਥੋਂ ਤੰਗ ਆਏ ਸਿੱਖ ਆਗੂ ਵਾਰ-ਵਾਰ ਹਿੰਦੂਆਂ ਨੂੰ ਇਹ 'ਮਿਹਣਾ' ਮਾਰਦੇ ਆ ਰਹੇ ਸਨ ਕਿ ਜਿਸ ਆਜ਼ਾਦੀ ਲਈ ਸਿੱਖ ਕੌਮ ਨੇ ਸਭ ਤੋਂ ਵਧ ਕੇ ਜ਼ਫ਼ਰ ਜਾਲੇ ਤੇ ਦੇਸ ਅੰਦਰ ਆਪਣੀ ਵਸੋਂ ਦੇ ਅਨੁਪਾਤ ਨਾਲੋਂ ਕਈ ਗੁਣਾ ਵੱਧ ਕੁਰਬਾਨੀਆਂ ਦਿੱਤੀਆਂ, ਉਸੇ ਆਜ਼ਾਦੀ ਦੀਆਂ ਨਿਆਮਤਾਂ ਭੋਗ ਰਹੇ ਨਾਸ਼ੁਕਰੇ ਹਿੰਦੂ ਹਾਕਮਾਂ ਨੇ ਸਿੱਖਾਂ ਦੀਆਂ ਕੁਰਬਾਨੀਆਂ ਦਾ ਉਚੇਚਾ ਮੁੱਲ ਤਾਂ ਕੀ ਪਾਉਣਾ ਸੀ, ਉਨ੍ਹਾਂ ਕੋਲੋਂ ਉਨ੍ਹਾਂ ਦੇ ਬਣਦੇ ਹੱਕ ਵੀ ਖੋਹ ਲਏ ਗਏ ਹਨ ਅਤੇ ਉਨ੍ਹਾਂ ਨੂੰ ਦੇਸ ਦੇ ਅੰਦਰ ਦੂਸਰੇ ਦਰਜੇ ਦੇ ਨਾਗਰਿਕ ਬਣਾ ਕੇ ਰੱਖ ਦਿੱਤਾ ਗਿਆ ਹੈ। ਦੂਜਾ, ਸਿੱਖਾਂ ਨੂੰ, ਖ਼ਾਸ ਕਰਕੇ ਸਿੱਖ ਕਿਸਾਨੀ ਨੂੰ ਆਪਣੇ ਮਿਹਨਤੀ ਤੇ ਉੱਦਮੀ ਸੁਭਾਅ ਉੱਤੇ ਉਚੇਚਾ ਮਾਣ ਹੈ ਅਤੇ ਉਸ ਵੱਲੋਂ 'ਹਰੇ ਇਨਕਲਾਬ' ਦੇ ਰੂਪ 'ਚ ਦੇਸ ਦੀ ਆਰਥਿਕ ਖ਼ੁਸ਼ਹਾਲੀ ਵਿੱਚ ਪਾਏ ਆਪਣੇ ਯੋਗਦਾਨ ਦਾ ਹਮੇਸ਼ਾ ਹੀ ਫ਼ਖ਼ਰ ਨਾਲ ਜ਼ਿਕਰ ਕੀਤਾ ਜਾਂਦਾ ਹੈ। ਸਿੱਖਾਂ ਦਾ ਦਾਅਵਾ ਹੈ ਕਿ ਇਹ ਪੰਜਾਬ ਦਾ ਸਿੱਖ ਕਿਸਾਨ ਹੀ ਹੈ ਜਿਸਨੇ

ਆਪਣੀ ਹੱਡਭੰਨਵੀਂ ਮਿਹਨਤ ਤੇ ਜੁਗਤ ਨਾਲ ਪੰਜਾਬ ਅੰਦਰ ਅਨਾਜ ਦੀ ਪੈਦਾਵਾਰ ਅੰਦਰ ਵੱਡਾ ਇਜ਼ਾਫ਼ਾ ਕਰ ਕੇ ਦੇਸ ਨੂੰ ਭੁੱਖਮਰੀ ਦੇ ਮੂੰਹ 'ਚੋਂ ਕੱਢ ਲਿਆਂਦਾ ਹੈ।

ਸਿੱਖਾਂ ਦੇ ਇਹ ਦਾਅਵੇ ਬੇਬੁਨਿਆਦ ਨਹੀਂ ਹਨ। ਉਨ੍ਹਾਂ ਦੇ ਸ਼ਿਕਵੇ ਤੇ ਤਾਅਨੇ-ਮਿਹਣੇ ਵੀ ਬੇਵਜ੍ਹਾ ਨਹੀਂ ਹਨ। ਪਰ ਭਾਰਤ ਦੇ ਹਿੰਦੂ ਹਾਕਮਾਂ ਅੰਦਰ, ਅਸਲ ਦੇ ਵਿੱਚ ਆਮ ਰੂਪ ਵਿੱਚ ਹੀ ਹਿੰਦੂ ਵਰਗ ਅੰਦਰ ਇਸ ਸੱਚ ਨੂੰ ਸੁਣਨ ਦਾ ਮਾਜਣਾ ਨਹੀਂ ਹੈ (ਇਸ ਨੂੰ ਸਲੀਕੇ ਦੇ ਨਾਲ ਕਬੂਲ ਕਰਨਾ ਤਾਂ ਦੂਰ ਦੀ ਗੱਲ ਹੈ)। ਸਿੱਖਾਂ ਦੇ ਮੂੰਹੋਂ ਇਹ ਸਵੈ-ਵਡਿਆਈਆਂ ਤੇ ਮਿਹਣੇ ਸੁਣ-ਸੁਣ ਕੇ ਹਿੰਦੂ ਮਨ ਕਿਸ ਤਰ੍ਹਾਂ ਭੁੱਜ ਕੇ ਕੋਲਾ ਹੋਇਆ ਪਿਆ ਸੀ, ਇਸ ਦਾ ਪਤਾ ਉਦੋਂ ਲੱਗਿਆ ਜਦ ਦੇਸ ਦੇ ਮੋਹਰੀ ਹਿੰਦੂ ਅਖ਼ਬਾਰਾਂ ਨੇ ਸਿੱਖਾਂ ਦੇ ਇਨ੍ਹਾਂ ਯਥਾਰਥਕ ਦਾਅਵਿਆਂ ਦਾ ਭੱਦੇ ਢੰਗ ਨਾਲ ਮਖ਼ੌਲ ਉਡਾਉਣਾ ਸ਼ੁਰੂ ਕਰ ਦਿੱਤਾ। ਸਿੱਖਾਂ ਨੂੰ ਭਾਰਤ ਦੀ ਆਜ਼ਾਦੀ ਦੇ ਸੰਗਰਾਮੀਆਂ ਦੇ ਉਲਟ 'ਅੰਗਰੇਜ਼ਾਂ ਦੇ ਪਿੱਠੂ' ਸਿਧ ਕਰਨ ਦੇ ਬਦਨੀਤੇ ਯਤਨ ਕੀਤੇ ਜਾਣ ਲੱਗੇ ਅਤੇ ਇਸ ਮਕਸਦ ਲਈ ਇਤਿਹਾਸ ਨੂੰ ਨਿਰਲੱਜਪੁਣੇ ਨਾਲ ਵਿਗਾੜ ਕੇ ਪੇਸ਼ ਕੀਤਾ ਜਾਣ ਲੱਗਾ।

ਭਾਰਤ ਦੀ ਆਜ਼ਾਦੀ ਦੀ ਲੜਾਈ ਦੇ ਇਤਿਹਾਸ ਦੇ ਕੁਝ ਅਹਿਮ ਮੋੜਾਂ ਤੇ ਘਟਨਾਵਾਂ ਨੂੰ, ਸਮੁੱਚੇ ਸੰਦਰਭ ਨਾਲੋਂ ਤੋੜ ਕੇ, ਬੇਈਮਾਨੀ ਭਰੇ ਤਰੀਕੇ ਨਾਲ ਗ਼ਲਤ ਰੰਗਾਂ ਤੇ ਅਰਥਾਂ ਵਿੱਚ ਪੇਸ਼ ਕਰਨ ਤੋਂ ਸੰਕੋਚ ਨਾ ਕੀਤਾ ਗਿਆ। 1849 ਵਿੱਚ ਖ਼ਾਲਸਾ ਰਾਜ ਨੂੰ ਤਬਾਹ ਕਰਨ ਅਤੇ ਪੰਜਾਬ ਨੂੰ ਅੰਗਰੇਜ਼ਾਂ ਦੇ ਕਬਜ਼ੇ ਹੇਠ ਦੇਣ ਵਿੱਚ ਪੂਰਬੀਆਂ ਦੁਆਰਾ ਅੰਗਰੇਜ਼ ਫ਼ੌਜਾਂ ਦਾ ਖੁੱਲ੍ਹ ਕੇ ਹੱਥ ਵਟਾਉਣ ਦੀ ਸ਼ਰਮਨਾਕ ਕਾਰਵਾਈ ਨੂੰ ਤਾਂ 'ਚੋਰੀ ਦੇ ਮਾਲ' ਵਾਂਗੂੰ ਇਤਿਹਾਸ ਦੇ ਹਨੇਰੇ ਤਹਿਖ਼ਾਨਿਆਂ ਅੰਦਰ ਦਬਾ-ਛੁਪਾ ਕੇ ਰੱਖਿਆ, ਜਦ ਕਿ ਪੂਰਬੀਆਂ ਦੀ ਇਸ ਸਿੱਖ ਦੁਸ਼ਮਣੀ ਦੇ ਸਿਰਫ਼ ਅੱਠਾਂ ਸਾਲਾਂ ਬਾਅਦ, 1857 ਵਿੱਚ, ਸਿੱਖਾਂ ਵੱਲੋਂ ਉਨ੍ਹਾਂ ਦੀ ਮਦਦ 'ਤੇ ਆਉਣ ਤੋਂ ਇਨਕਾਰੀ ਹੋ ਜਾਣ ਦੇ ਕਰਮ ਨੂੰ 'ਦੇਸ ਦੀ ਆਜ਼ਾਦੀ ਦੀ ਲੜਾਈ ਨਾਲ ਧ੍ਰੋਹ ਕਮਾਉਣ' ਦਾ ਕੁਨਾਂਅ ਦੇ ਕੇ ਸਿੱਖਾਂ ਨੂੰ 'ਅੰਗਰੇਜ਼ਾਂ ਦੇ ਝੋਲੀਚੁੱਕ' ਦਰਸਾਉਣ ਦੀਆਂ ਬਦਇਮਾਨ ਕੋਸ਼ਿਸ਼ਾਂ ਕੀਤੀਆਂ ਗਈਆਂ। ਇਸੇ ਹੀ ਤਰ੍ਹਾਂ, 'ਹਰੇ ਇਨਕਲਾਬ' ਅੰਦਰ ਸਿੱਖ ਕਿਸਾਨੀ ਦੀ ਮਿਹਨਤ ਤੇ ਉੱਦਮ ਨੂੰ ਨਕਾਰ ਕੇ ਇਸ ਦੀ ਸਫਲਤਾ ਦਾ ਸਾਰਾ ਮਾਣ ਸਰਕਾਰੀ ਇਮਦਾਦ ਨੂੰ ਦਿੱਤਾ ਜਾਣ ਲੱਗਾ। ਸਿਰਫ਼ ਇੰਨਾ ਹੀ ਨਹੀਂ, ਸਿੱਖਾਂ ਦੇ ਧਰਮ, ਉਨ੍ਹਾਂ ਦੇ ਸਭਿਆਚਾਰ, ਉਨ੍ਹਾਂ ਦੀ ਵਿਚਾਰਧਾਰਾ, ਉਨ੍ਹਾਂ ਦੀਆਂ ਰਵਾਇਤਾਂ, ਇਤਿਹਾਸ ਅੰਦਰ ਉਨ੍ਹਾਂ ਦੇ ਕਾਰਨਾਮਿਆਂ ਅਤੇ ਉਨ੍ਹਾਂ ਦੀਆਂ ਆਕਾਂਖਿਆਵਾਂ, ਸਾਰੇ ਕੁਝ ਨੂੰ ਗ਼ਲਤ ਰੰਗਾਂ ਵਿੱਚ ਚਿਤਰਣ ਦੀਆਂ ਭੜਕਾਊ ਕੋਸ਼ਿਸ਼ਾਂ ਕੀਤੀਆਂ ਗਈਆਂ। ਸਿੱਖਾਂ ਨੂੰ 'ਸਿੱਧੜ', 'ਲੋਲ੍ਹੇ', 'ਜਾਹਲ', 'ਜਮਾਂਦਰੂ ਤੌਰ 'ਤੇ ਵਹਿਸ਼ੀ', 'ਭਾੜੇ ਦੇ ਟੱਟੂ' ਤੇ 'ਬੇਇਤਬਾਰੇ' ਸਿੱਧ ਕਰਨ ਲਈ ਕੋਰੀ ਝੂਠ-ਬਿਆਨੀ ਤੇ ਬੇਈਮਾਨੀ ਦਾ ਰੱਜਵਾਂ ਆਸਰਾ ਲਿਆ ਗਿਆ। ਇਸ ਤਰ੍ਹਾਂ ਦੇ ਪ੍ਰਭਾਵ ਵੀ ਦਿੱਤੇ ਗਏ ਕਿ ਸਿੱਖਾਂ ਦੀ ਨਸਲ ਤੇ ਜਾਤ ਅੰਦਰ ਹੀ ਕੁਝ 'ਜਮਾਂਦਰੂ ਐਬ ਤੇ ਊਣਤਾਈਆਂ' ਹਨ।[40] ਕੂੜ-ਪ੍ਰਚਾਰ ਤੇ ਤੋਹਮਤਬਾਜ਼ੀ ਦੀ ਇਸ ਵਿਉਂਤਬੱਧ ਮੁਹਿੰਮ ਦਾ ਮਕਸਦ ਦੇਸ ਅੰਦਰ ਸਿੱਖਾਂ ਦੇ ਖ਼ਿਲਾਫ਼ ਇਕ ਤਕੜਾ ਕੇਸ ਤਿਆਰ ਕਰਨਾ ਸੀ। ਇਹ 'ਕੁੱਤੇ ਨੂੰ ਪਹਿਲਾਂ ਬਦਨਾਮ ਕਰੋ ਤੇ ਫਿਰ ਉਸਨੂੰ ਗੋਲੀ ਮਾਰ ਦੇਵੋ' ਦੀ ਅੰਗਰੇਜ਼ੀ ਕਹਾਵਤ ਨੂੰ ਸਿੱਖਾਂ ਉੱਤੇ ਪ੍ਰਬੀਨਤਾ ਨਾਲ ਲਾਗੂ ਕਰਨ ਦੀ ਮੱਕਾਰ ਕੋਸ਼ਿਸ਼ ਸੀ। ਬੇਈਮਾਨੀ ਦੀ ਹੱਦ ਇਹ ਕਿ ਸੰਤ ਭਿੰਡਰਾਂਵਾਲੇ ਦੇ ਕਥਿਤ 'ਫ਼ਿਰਕੂ ਵਿਚਾਰਾਂ' ਤੇ 'ਵੱਖਵਾਦੀ ਕਾਰਵਾਈਆਂ' ਨੂੰ ਭੰਡਣ ਵਿੱਚ ਤਾਂ ਹਿੰਦੂ ਵਰਗ ਦਾ ਕੋਈ ਵੀ ਭਾਗ ਰਤੀ ਉਕਾਈ ਨਹੀਂ ਸੀ ਕਰ ਰਿਹਾ ਪਰ ਨਾਮਵਰ ਹਿੰਦੂ ਸੰਪਾਦਕਾਂ ਤੇ ਕਾਲਮਨਵੀਸਾਂ ਵੱਲੋਂ ਅਖ਼ਬਾਰਾਂ ਭਰ-ਭਰ ਕੇ ਵਰਤਾਈ

ਜਾ ਰਹੀ ਇਸ ਫ਼ਿਰਕੂ ਜ਼ਹਿਰ ਦਾ ਉੱਕਾ ਹੀ ਕੋਈ ਨੋਟਿਸ ਨਹੀਂ ਸੀ ਲਿਆ ਜਾ ਰਿਹਾ। ਦੇਸ ਅੰਦਰ 'ਦੋਹਰੇ ਕਾਨੂੰਨਾਂ' ਤੇ ਹਿੰਦੂ ਵਰਗ ਦੇ 'ਦੋਹਰੇ ਮਿਆਰਾਂ' ਦਾ ਇਸ ਤੋਂ ਨੰਗਾ ਸਬੂਤ ਹੋਰ ਕੀ ਹੋ ਸਕਦਾ ਸੀ ? ਹਿੰਦੂ ਮੀਡੀਏ ਦੇ ਇਸ ਅੱਖੜ ਹਮਲਾਵਰ ਰੁਖ਼ ਤੋਂ ਇਹ ਅੰਦਾਜ਼ਾ ਲਾਉਣਾ ਔਖਾ ਨਹੀਂ ਸੀ ਕਿ ਸਿੱਖਾਂ ਉੱਤੇ ਕਿਸੇ ਵੱਡੇ ਤੇ ਖ਼ੌਫ਼ਨਾਕ ਹਮਲੇ ਦੀਆਂ ਤਿਆਰੀਆਂ ਹੋ ਰਹੀਆਂ ਸਨ।

ਇਸ ਡਰਾਉਣੀ ਸਥਿਤੀ ਦਾ ਸਿੱਖ ਭਾਈਚਾਰੇ ਉੱਤੇ ਦੋਹਰਾ ਪ੍ਰਭਾਵ ਪ੍ਰਗਟ ਹੋਣ ਲੱਗਾ। ਪੰਜਾਬ ਤੋਂ ਬਾਹਰਲੇ ਰਾਜਾਂ 'ਚ ਵੱਸਦੇ ਸਿੱਖ ਭਾਈਚਾਰੇ ਦੇ ਜ਼ਿਆਦਾ ਹਿੱਸੇ, ਯਕੀਨੀ ਤੌਰ 'ਤੇ ਹੀ, ਇਸ ਹਾਲਤ ਦਾ ਭਾਰੀ ਮਾਨਸਿਕ ਦਬਾਅ ਤੇ ਸਹਿਮ ਮਹਿਸੂਸ ਕਰਨ ਲੱਗ ਪਏ ਸਨ। ਅਜਿਹਾ ਹੋਣਾ ਗ਼ੈਰ-ਕੁਦਰਤੀ ਨਹੀਂ ਸੀ। ਕਾਰਨ ਇਹ ਕਿ ਪੰਜਾਬ ਤੋਂ ਬਾਹਰ ਸਿੱਖ ਭਾਈਚਾਰੇ ਦਾ ਵੱਡਾ ਭਾਗ ਸ਼ਹਿਰਾਂ ਅੰਦਰ ਰਹਿੰਦਾ ਹੈ ਅਤੇ ਉਹ ਆਪਣੇ ਆਪ ਨੂੰ ਹਰ ਪੱਖ ਤੋਂ ਬਹੁਗਿਣਤੀ ਵਰਗ ਵਿੱਚ ਬੁਰੀ ਤਰ੍ਹਾਂ ਘਿਰਿਆ ਮਹਿਸੂਸ ਕਰਦਾ ਹੈ। ਭਾਵੇਂ ਦਿੱਲੀ ਅੰਦਰ ਸਿੱਖਾਂ ਦੀ ਗਿਣਤੀ ਚੋਖੀ ਕਹੀ ਜਾ ਸਕਦੀ ਹੈ ਪਰ ਉਥੇ ਵੀ ਗਿਣਤੀ ਨਾਲੋਂ ਅਹਿਮ ਗੱਲ ਸੱਤਾ ਅੰਦਰ ਹਿੱਸੇਦਾਰੀ ਦੀ ਹੈ। ਪੰਜਾਬ ਤੋਂ ਬਾਹਰ ਵੱਸਦੇ ਸਿੱਖ ਭਾਈਚਾਰੇ ਦਾ ਇਹ ਸਰਬਸਾਂਝਾ ਦੁਖਾਂਤ ਤੇ ਦੁਰਭਾਗ ਹੈ ਕਿ ਉਸਦੀ ਕਿਸੇ ਵੀ ਜਗ੍ਹਾ ਰਾਜਸੀ ਸੱਤਾ ਵਿੱਚ ਕੋਈ ਪੁਗਤ ਨਹੀਂ। ਤਕੜੀ ਸਿੱਖ ਵਸੋਂ ਦੇ ਬਾਵਜੂਦ ਦਿੱਲੀ ਅੰਦਰ ਵੀ ਸਿੱਖ ਭਾਈਚਾਰੇ ਨੂੰ ਸੱਤਾ ਅੰਦਰ ਮੂਲੋਂ ਹੀ ਊਣੀ, ਐਵੇਂ ਨਾਮਾਤਰ ਹੀ, ਨੁਮਾਇੰਦਗੀ ਨਸੀਬ ਹੁੰਦੀ ਹੈ। ਦਿੱਲੀ ਹੋਵੇ ਜਾਂ ਹਰਿਆਣਾ, ਰਾਜਸਥਾਨ ਹੋਵੇ ਜਾਂ ਉੱਤਰ ਪ੍ਰਦੇਸ਼ ਅਤੇ ਜਾਂ ਹੋਰ ਕੋਈ ਵੀ ਭਾਰੂ-ਹਿੰਦੂ ਰਾਜ, ਹਰ ਜਗ੍ਹਾ ਹੀ ਰਾਜ-ਸੱਤਾ ਤੇ ਪ੍ਰਸ਼ਾਸਨ ਦਾ ਖ਼ਾਸਾ ਫ਼ਿਰਕੂ ਹੈ। ਇਸ ਕਰਕੇ ਇਨ੍ਹਾਂ ਰਾਜਾਂ ਅੰਦਰ ਸਿੱਖ ਭਾਈਚਾਰਾ ਹਿੰਦੂ ਬਹੁਗਿਣਤੀ ਦੇ ਰਾਜਨੀਤਕ ਤੇ ਮਨੋਵਿਗਿਆਨਕ ਦਬਾਅ ਹੇਠ ਰਹਿੰਦਾ ਹੈ। ਧਰਮਯੁੱਧ ਮੋਰਚੇ ਦੌਰਾਨ ਭਾਰਤੀ ਹਾਕਮ ਤੇ ਹਿੰਦੂ ਵਰਗ ਅੰਦਰਲੀਆਂ ਕੱਟੜਪੰਥੀ ਤਾਕਤਾਂ ਪੰਜਾਬ ਤੋਂ ਬਾਹਰਲੇ ਸਿੱਖ ਭਾਈਚਾਰੇ ਦੀ ਇਸ ਤ੍ਰਾਸਦਿਕ ਸਥਿਤੀ ਦਾ, ਸਿੱਖ ਕੌਮ ਵਿਰੁੱਧ ਆਪਣੇ ਫ਼ਿਰਕੂ ਜਹਾਦ ਅੰਦਰ, ਸੁਚੇਤ ਪੱਧਰ 'ਤੇ ਇਕ ਹਥਿਆਰ ਦੇ ਰੂਪ 'ਚ ਇਸਤੇਮਾਲ ਕਰਨ ਦੀ ਪਹੁੰਚ ਤੇ ਨੀਤੀ ਅਪਣਾ ਕੇ ਚੱਲ ਰਹੀਆਂ ਸਨ। ਉਨ੍ਹਾਂ ਅਮਲੀ ਤੌਰ 'ਤੇ ਪੰਜਾਬ ਤੋਂ ਬਾਹਰਲੇ ਸਿੱਖ ਭਾਈਚਾਰੇ ਨੂੰ 'ਬੰਦੀ' (ਯਰਗਮਾਲ) ਬਣਾ ਰੱਖਿਆ ਹੋਇਆ ਸੀ ਅਤੇ ਹਰ ਥੋੜ੍ਹੇ ਵਕਫ਼ੇ ਬਾਅਦ, ਇਸ ਸਿੱਖ ਵਰਗ ਦੀ ਸੁਰੱਖਿਅਤਾ ਦਾ ਡਰਾਵਾ ਦੇ ਕੇ ਸਿੱਖ ਸੰਘਰਸ਼ ਦੀਆਂ ਅਗਵਾਨੂੰ ਤਾਕਤਾਂ ਨੂੰ 'ਬਲੈਕਮੇਲ' ਕਰਨ ਦੇ ਯਤਨ ਕੀਤੇ ਜਾ ਰਹੇ ਸਨ। *ਟਾਈਮਜ਼ ਆਫ਼ ਇੰਡੀਆ* ਦੇ ਤਤਕਾਲੀਨ ਮੁੱਖ ਸੰਪਾਦਕ ਗਿਰੀ ਲਾਲ ਜੈਨ, ਜੋ ਉਨ੍ਹੀਂ ਦਿਨੀਂ ਸਿੱਖਾਂ ਵਿਰੁੱਧ ਵਿਹੁਲੀ ਪ੍ਰਚਾਰ ਮੁਹਿੰਮ ਦਾ ਮੋਹਰੀ ਬਣਿਆ ਹੋਇਆ ਸੀ, ਦੁਆਰਾ 7 ਮਾਰਚ 1984 ਨੂੰ ਲਿਖਿਆ ਗਿਆ ਸੰਪਾਦਕੀ ਲੇਖ ਇਸ 'ਬਲੈਕਮੇਲ ਦੀ ਰਾਜਨੀਤੀ' ਦਾ ਸਿੱਕੇਬੰਦ ਨਮੂਨਾ ਮੰਨਿਆ ਜਾ ਸਕਦਾ ਹੈ। ਸਿੱਖ ਕੌਮ ਵਿਰੁੱਧ ਡਰਾਵੇ ਤੇ ਬਲੈਕਮੇਲ ਦੀ ਅੱਖੜ ਭਾਸ਼ਾ ਦਾ ਇਸਤੇਮਾਲ ਕਰਦਿਆਂ ਹੋਇਆਂ ਉਸਨੇ ਲਿਖਿਆ ਕਿ, "ਇਤਿਹਾਸ ਅੰਦਰ ਸਿੱਖ ਭਾਈਚਾਰੇ ਦੇ ਗਿਆਰਾਂ ਵੱਜ ਚੁੱਕੇ ਹਨ। ਉਸ ਨੂੰ ਚਾਹੀਦਾ ਹੈ ਕਿ ਉਹ ਘੜੀ ਨੂੰ ਪੁੱਠਾ ਗੇੜਾ ਦੇਵੇ। ਅਜੇ ਵੀ ਇਸ ਦੀ ਸੰਭਾਵਨਾ ਮੌਜੂਦ ਹੈ। ਇਸ ਤੋਂ ਪਹਿਲਾਂ ਕਿ ਰਾਤ ਦੇ 12 ਵੱਜ ਜਾਣ, ਸਿੱਖਾਂ ਨੂੰ ਇਸ ਚੇਤਾਵਨੀ ਵੱਲ ਕੰਨ ਕਰ ਲੈਣਾ ਚਾਹੀਦਾ ਹੈ।"

ਜੇਕਰ ਉਸ ਵੇਲੇ ਰਾਜਸੀ ਦ੍ਰਿਸ਼ ਉੱਤੇ ਸੰਤ ਭਿੰਡਰਾਂਵਾਲਾ ਮੌਜੂਦ ਨਾ ਹੁੰਦਾ ਤਾਂ ਹਿੰਦੂ ਵਰਗ ਦਾ ਇਹ ਕਪਟੀ ਹਥਿਆਰ ਪੂਰੀ ਤਰ੍ਹਾਂ ਕਾਰਗਰ ਹੋ ਜਾਣਾ ਸੀ। ਕਿਉਂਕਿ

ਅਕਾਲੀ ਆਗੂ, ਆਪਣੇ ਰਾਜਨੀਤਕ ਨਜ਼ਰੀਏ ਤੇ ਸ਼ਖ਼ਸੀ ਔਗੁਣਾਂ ਦੇ ਰਲਵੇਂ ਅਸਰ ਸਦਕਾ, ਇਹ ਦਬਾਅ ਕਬੂਲਣ ਦੀ ਜ਼ੋਰਦਾਰ ਪ੍ਰਵਿਰਤੀ ਰਖਦੇ ਸਨ। ਇਸ ਵਜ੍ਹਾ ਕਰਕੇ ਹੀ, ਹਿੰਦੂ ਆਗੂਆਂ ਦੀ ਹਰ ਯਰਕਾਊ ਪੈਂਤੜੇਬਾਜ਼ੀ ਤੋਂ ਭੈਭੀਤ ਹੋਇਆ ਦਿੱਲੀ ਦਾ ਪਤਵੰਤਾ ਸਿੱਖ ਵਰਗ ਫ਼ੌਰਨ ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਪ੍ਰਕਾਸ਼ ਸਿੰਘ ਬਾਦਲ ਵਰਗੇ ਨਰਮਪੰਥੀ ਅਕਾਲੀ ਆਗੂਆਂ ਵੱਲ ਭੱਜ ਲੈਂਦਾ ਸੀ ਅਤੇ ਉਨ੍ਹਾਂ ਕੋਲੋਂ 'ਬਿਬੇਕ ਤੇ ਰਹਿਮ' ਦੀ ਮੰਗ ਕਰਨ ਲੱਗ ਪੈਂਦਾ ਸੀ।

ਪਰ ਰਾਜਸੀ ਦ੍ਰਿਸ਼ ਉੱਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਖੜਕਵੀਂ ਮੌਜੂਦਗੀ ਹਿੰਦੂ ਆਗੂਆਂ ਦਾ ਇਹ ਕਪਟੀ ਦਾਅ ਫਬਣ ਨਹੀਂ ਸੀ ਦੇ ਰਹੀ। ਇਹ ਨਹੀਂ ਕਿ ਸੰਤ ਭਿੰਡਰਾਂਵਾਲੇ ਨੂੰ ਪੰਜਾਬ ਤੋਂ ਬਾਹਰ ਵਸਦੇ ਸਿੱਖ ਭਾਈਚਾਰੇ ਨਾਲ ਕੋਈ ਲਗਾਅ ਜਾਂ ਦਰਦ ਨਹੀਂ ਸੀ। ਅਸਲ ਗੱਲ ਇਹ ਸੀ ਕਿ ਉਸਦਾ ਇਸ ਮਾਮਲੇ ਪ੍ਰਤੀ ਦ੍ਰਿਸ਼ਟੀਕੋਣ ਅਹਿਮ ਰੂਪ ਵਿੱਚ ਅਲੱਗ ਸੀ। ਹਰ ਮਸਲੇ ਵਾਂਗ ਹੀ ਉਹ ਇਸ ਮਸਲੇ ਨੂੰ ਵੀ ਸਿੱਖ ਕੌਮ ਦੀ ਆਜ਼ਾਦੀ ਦੇ ਨੁਕਤਾ-ਨਜ਼ਰ ਤੋਂ ਹੀ ਦੇਖਦੇ ਸਨ। ਇਸ ਬਾਰੇ ਉਨ੍ਹਾਂ ਦਾ ਮੱਤ (ਤੇ ਦਲੀਲ) ਇਹ ਸੀ ਕਿ ਗ਼ੁਲਾਮੀ ਤੇ ਦਾਬੇ ਵਿਰੁੱਧ ਸੰਘਰਸ਼ ਕਰ ਰਹੀ ਕੋਈ ਵੀ ਕੌਮ ਭਾਵੇਂ ਆਪਣੇ ਕਿਸੇ ਵੀ ਵਰਗ ਦੀ ਸਥਿਤੀ ਤੇ ਹਿਤਾਂ ਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕਦੀ ਪਰ ਸੰਘਰਸ਼ ਦੌਰਾਨ ਉਸ ਦੇ ਬੁਨਿਆਦੀ ਨੀਤੀਆਂ/ਪੈਂਤੜੇ ਉਸ ਦੇ ਕਿਸੇ ਇਕ ਵਰਗ ਦੀ ਸੁਰੱਖਿਆ ਦੇ ਸਰੋਕਾਰਾਂ ਤੋਂ ਨਿਰਧਾਰਤ ਨਹੀਂ ਹੋ ਸਕਦੇ। ਇਹ ਸਮੁੱਚੀ ਕੌਮ ਦੀ ਸਥਿਤੀ ਤੇ ਹਿਤਾਂ ਨੂੰ ਮੁੱਖ ਰੱਖ ਕੇ ਘੜੇ ਜਾਣੇ ਚਾਹੀਦੇ ਹਨ। ਜੇਕਰ ਆਜ਼ਾਦੀ ਦੇ ਸੰਘਰਸ਼ ਦੇ ਇਸ ਬੁਨਿਆਦੀ ਅਸੂਲ ਦੀ ਪਾਲਣਾ ਨਹੀਂ ਕੀਤੀ ਜਾਂਦੀ ਤਾਂ ਕੋਈ ਵੀ ਕੌਮ ਗ਼ੁਲਾਮੀ ਦੇ ਜੂਲੇ ਨੂੰ ਗਲੋਂ ਲਾਹੁਣ ਦੇ ਕਾਰਜ ਵਿੱਚ ਸਫਲ ਨਹੀਂ ਹੋ ਸਕਦੀ। ਕਿਉਂਕਿ ਜਾਬਰ ਧਿਰ ਲਈ, ਖ਼ਾਸ ਕਰਕੇ ਜੇ ਉਹ ਬਹੁਗਿਣਤੀ ਵਰਗ ਹੋਵੇ ਅਤੇ ਕਪਟ ਤੇ ਕਮੀਨਗੀ ਉਸ ਦੇ ਖ਼ੂਨ ਵਿੱਚ ਘੁਲੀ ਹੋਵੇ, ਤਾਂ ਸੰਘਰਸ਼ ਕਰ ਰਹੀ ਮਜ਼ਲੂਮ ਧਿਰ ਦੇ ਕਿਸੇ ਵਰਗ ਨੂੰ ਯਰਗਮਾਲ ਬਣਾਉਣਾ ਕਦੇ ਵੀ ਔਖਾ ਨਹੀਂ ਹੁੰਦਾ। ਅਭਾਗੇ ਘੱਟਗਿਣਤੀ ਭਾਈਚਾਰਿਆਂ ਦੇ ਖ਼ਿਲਾਫ਼ ਤਾਂ ਇਹ ਹਥਿਆਰ ਵਰਤਣਾ ਹੋਰ ਵੀ ਸੁਖਾਲਾ ਹੋ ਜਾਂਦਾ ਹੈ, ਕਿਉਂਕਿ ਘੱਟਗਿਣਤੀ ਭਾਈਚਾਰਿਆਂ ਦੇ ਕੁਝ ਹਿੱਸੇ ਹਮੇਸ਼ਾ ਹੀ ਦੁਸ਼ਮਣ ਧਿਰ ਦੇ ਰਹਿਮੋ-ਕਰਮ 'ਤੇ ਜੀਅ ਰਹੇ ਹੁੰਦੇ ਹਨ। ਸੰਘਰਸ਼ ਦੌਰਾਨ ਇਨ੍ਹਾਂ ਹਿੱਸਿਆਂ ਨੂੰ ਅਕਸਰ ਹੀ ਵੱਧ ਮਾਰ ਝੱਲਣੀ ਪੈ ਜਾਂਦੀ ਹੈ। ਅਠਾਰ੍ਹਵੀਂ ਸਦੀ 'ਚ ਜਦ ਮੁਗ਼ਲ ਹੁਕਮਰਾਨ ਲੜਾਕੂ ਸਿੰਘਾਂ ਦੇ ਬੇਵੱਸ ਅਤੇ ਨਿਰਦੋਸ਼ ਪਰਿਵਾਰਾਂ (ਸਿੰਘਣੀਆਂ ਤੇ ਬੱਚਿਆਂ) ਨੂੰ ਅਕਸਰ ਹੀ ਨੂੜ ਕੇ ਲਾਹੌਰ ਲੈ ਜਾਇਆ ਕਰਦੇ ਸਨ ਤਾਂ ਉਹ ਲੜਾਕੂ ਸਿੰਘਾਂ ਦਾ ਮਨੋਬਲ ਡੇਗਣ ਦੀ ਯੁਧਨੀਤਕ ਚਾਲ ਹੀ ਚੱਲ ਰਹੇ ਹੁੰਦੇ ਸਨ। ਅਜੋਕੇ ਸੰਸਾਰ ਅੰਦਰ ਲਗਭਗ ਹਰ ਸੰਘਰਸ਼ਸ਼ੀਲ ਕੌਮ ਨੂੰ ਹੀ ਇਸ ਕਠੋਰ ਹਾਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੋ ਸੰਤ ਜਰਨੈਲ ਸਿੰਘ ਇਸ ਮਸਲੇ ਨੂੰ ਇਸ ਦ੍ਰਿਸ਼ਟੀ ਤੋਂ ਹੀ ਦੇਖਣ ਤੇ ਨਜਿੱਠਣ ਦੀ ਅਡੋਲ ਪਹੁੰਚ ਅਪਣਾ ਕੇ ਚੱਲ ਰਹੇ ਸਨ। ਉਹ ਹਿੰਦੂ ਵਰਗ ਦੇ ਇਸ ਯਰਕਾਊ ਪੈਂਤੜੇ ਦਾ ਦਬਾਅ ਮੰਨਣ ਦੀ ਬਜਾਇ ਇਸ ਦਾ ਕਰਾਰਾ ਜੁਆਬ ਦੇਣ ਦੀ ਰਣਨੀਤੀ ਦੇ ਮੁਦਈ ਸਨ।

ਸੰਤ ਜਰਨੈਲ ਸਿੰਘ ਤੁਰਤ-ਫੁਰਤ ਇਨਸਾਫ਼ ਤੇ ਬਦਲੇ ਦੀ ਰਾਜਨੀਤੀ ਵਿੱਚ ਤਕੜਾ ਵਿਸ਼ਵਾਸ ਰੱਖਦੇ ਸਨ। ਪਰ ਉਨ੍ਹਾਂ ਦਾ ਇਹ ਵਿਸ਼ਵਾਸ ਸਿਧਾਂਤ-ਵਿਹੂਣਾ ਨਹੀਂ ਸੀ। ਕੋਈ ਵੀ ਮਸਲਾ ਹੋਵੇ, ਉਹ ਸਿੱਖ ਸਿਧਾਂਤਾਂ ਤੇ ਮਰਿਆਦਾ ਦਾ ਪਾਲਣ ਕਰਕੇ ਚੱਲਣ ਦੇ ਧਰਮ ਦਾ ਛੋਟੀ ਕੀਤਿਆਂ ਪੱਲਾ ਨਹੀਂ ਸਨ ਛੱਡਦੇ। ਇਸ ਕਰਕੇ ਜਦ ਉਹ ਦੁਸ਼ਮਣ ਦੇ ਹਰ ਹਮਲੇ ਦਾ ਤੁਰਤ ਤੇ ਕਰਾਰਾ ਜੁਆਬ ਦੇਣ ਦੀ ਗੱਲ ਕਰਦੇ ਸਨ ਤਾਂ ਇਸਦਾ

ਇਹ ਮਤਲਬ ਕਦਾਚਿਤ ਨਹੀਂ ਸੀ ਕਿ ਉਹ ਕਮੀਨਗੀ ਦਾ ਜੁਆਬ ਕਮੀਨਗੀ ਵਿੱਚ ਅਤੇ ਵਹਿਸ਼ਤ ਦਾ ਜੁਆਬ ਵਹਿਸ਼ਤ ਵਿੱਚ ਦੇਣ ਦਾ ਮੱਤ ਰੱਖਦੇ ਸਨ। ਉਨ੍ਹਾਂ ਦੀਆਂ ਮਗਰਲੇ ਸਮੇਂ ਦੀਆਂ ਤਕਰੀਰਾਂ ਨੂੰ ਜੇਕਰ ਗਹੁ ਤੇ ਨਿਰਪੱਖਤਾ ਨਾਲ ਵਾਚਿਆ ਜਾਵੇ ਤਾਂ ਇਹ ਪਛਾਣਨਾ ਔਖਾ ਨਹੀਂ ਕਿ ਜਿਥੇ ਹਿੰਦੂ ਹਾਕਮਾਂ ਦੀਆਂ ਦਿਲ-ਦੁਖਾਵੀਆਂ ਹਰਕਤਾਂ ਤੇ ਕਾਰਵਾਈਆਂ ਉੱਤੇ ਨਾਰਾਜ਼ਗੀ ਪ੍ਰਗਟਾਉਣ ਵੇਲੇ ਉਨ੍ਹਾਂ ਦੀ ਸੁਰ ਖਰ੍ਹਵੀ ਹੋ ਰਹੀ ਸੀ, ਉਥੇ ਉਹ ਆਪਣੇ ਸਮਰਥਕਾਂ/ਸੇਵਕਾਂ ਨੂੰ ਅਤਿ ਦਰਜੇ ਦੀਆਂ ਭੜਕਾਹਟ ਭਰੀਆਂ ਹਾਲਤਾਂ ਵਿੱਚ ਵੀ ਆਪਣੇ ਨੈਤਿਕ ਧਰਮ ਵਿੱਚ ਅਡਿਗ ਰਹਿਣ ਦੀ ਜ਼ੋਰਦਾਰ ਤਾਕੀਦ ਕਰਨੀ ਨਹੀਂ ਸਨ ਭੁੱਲਦੇ। ਉਦਾਹਰਣ ਵਜੋਂ ਜਦ ਉਨ੍ਹਾਂ ਕੋਲ, ਕੁਝ ਫ਼ਿਰਕੂ-ਤੇ-ਵਹਿਸ਼ੀ ਜ਼ਹਿਨੀਅਤ ਵਾਲੇ ਪੁਲਸ ਮੁਲਾਜ਼ਮਾਂ ਦੁਆਰਾ ਠਾਣਿਆਂ ਅੰਦਰ ਸਿੱਖ ਪਰਿਵਾਰਾਂ ਦੇ ਮਰਦ ਮੈਂਬਰਾਂ ਦੇ ਸਾਹਮਣੇ ਉਨ੍ਹਾਂ ਦੀਆਂ ਮਾਵਾਂ-ਭੈਣਾਂ ਨੂੰ ਨਗਨ ਕੀਤੇ ਜਾਣ ਦੀਆਂ ਦਿਲ-ਵਿੰਨ੍ਹਵੀਆਂ ਰਿਪੋਰਟਾਂ ਪਹੁੰਚਣ ਲੱਗੀਆਂ ਤਾਂ ਉਨ੍ਹਾਂ ਜਿਥੇ ਅਜਿਹੇ ਦੋਸ਼ੀ ਪੁਲਸ ਮੁਲਾਜ਼ਮਾਂ ਨੂੰ ਤੁਰੰਤ ਬਣਦੀ ਸਜ਼ਾ ਦੇਣ ਦਾ ਤਿੱਖਾ ਫ਼ੁਰਮਾਨ ਜਾਰੀ ਕਰ ਦਿੱਤਾ, ਉਥੇ ਨਾਲ ਹੀ ਇਹ ਜ਼ੋਰਦਾਰ ਹਦਾਇਤ ਦੇਣੀ ਨਹੀਂ ਭੁੱਲੇ ਕਿ ਦੁਸ਼ਮਣ ਦੀ ਹਰਕਤ ਕਿੰਨੀ ਵੀ ਗਲੀਜ਼ ਤੇ ਭੜਕਾਊ ਕਿਉਂ ਨਾ ਹੋਵੇ, ਕਿਸੇ ਦੀ ਨਿਰਦੋਸ਼ ਧੀ-ਭੈਣ ਉੱਤੇ, ਹਿੰਦੂ ਪਰਿਵਾਰ ਦੀ ਉੱਤੇ ਤਾਂ ਖ਼ਾਸ ਕਰਕੇ ਹੀ, ਕਿਸੇ ਵੀ ਸੂਰਤ ਕੋਈ ਆਂਚ ਨਹੀਂ ਆਉਣੀ ਚਾਹੀਦੀ। ਮਤਲਬ ਇਹ ਕਿ ਬਦਲਾ ਲੈਣ ਵੇਲੇ ਨੈਤਿਕ ਕਦਰਾਂ-ਕੀਮਤਾਂ ਤੇ ਸਿੱਖ ਕੌਮ ਦੀਆਂ ਗੌਰਵਸ਼ਾਲੀ ਪ੍ਰੰਪਰਾਵਾਂ ਨੂੰ ਕਿਸੇ ਵੀ ਹਾਲਤ ਅੱਖੋਂ ਓਹਲੇ ਨਹੀਂ ਕੀਤਾ ਜਾਣਾ ਚਾਹੀਦਾ। ਉਹ ਖ਼ਾਸ ਤੌਰ 'ਤੇ ਸਿੱਖਾਂ ਨੂੰ ਲੁੱਟਾਂ-ਖੋਹਾਂ ਕਰਨ, ਦੁਕਾਨਾਂ ਨੂੰ ਅੱਗਾਂ ਲਾਉਣ, ਰੇੜ੍ਹੀਆਂ ਵਾਲੇ ਗ਼ਰੀਬ-ਜਾਇਆਂ ਨੂੰ ਮਾਰਨ ਅਤੇ ਧੀਆਂ-ਭੈਣਾਂ ਦੀ ਇੱਜ਼ਤ ਨੂੰ ਹੱਥ ਪਾਉਣ ਤੋਂ ਸਖ਼ਤੀ ਨਾਲ ਮਨ੍ਹਾ ਕਰਦੇ ਸਨ। ਇਹ ਕਥਨ ਉਹ ਵਾਰ-ਵਾਰ ਦੁਹਰਾਉਂਦੇ ਸਨ ਕਿ "ਸਿੱਖਾਂ ਲਈ ਹਥਿਆਰ ਰੱਖ ਕੇ ਨਿਰਦੋਸ਼ ਬੰਦਾ ਮਾਰਨਾ ਪਾਪ ਹੈ। ਪਰ ਹਥਿਆਰ ਰੱਖ ਕੇ ਹੱਕ ਨਾ ਲੈਣੇ ਉਸ ਤੋਂ ਵੀ ਵੱਡਾ ਪਾਪ ਹੈ।"

ਪਰ ਜਿਵੇਂ ਕਿ ਪਿੱਛੇ ਜ਼ਿਕਰ ਹੋ ਚੁੱਕਾ ਹੈ, ਇਕ ਪੜਾਅ 'ਤੇ ਜਾ ਕੇ ਸੰਤ ਜਰਨੈਲ ਸਿੰਘ ਦੇ ਮਨ ਅੰਦਰ, ਦੁਸ਼ਮਣ ਦੀਆਂ ਕਾਨੂੰਨ ਤੇ ਇਖ਼ਲਾਕ ਤੋਂ ਗਿਰੀਆਂ ਹੋਈਆਂ ਕਾਰਵਾਈਆਂ ਨੂੰ ਠੱਲ੍ਹ ਪਾਉਣ ਲਈ ਬਚਾਉ ਦੇ ਹਥਿਆਰ ਵਜੋਂ ਪੰਜਾਬ ਅੰਦਰ ਹਿੰਦੂਆਂ ਦੇ ਚੁਣਵੇਂ ਕਤਲਾਂ ਦੀ ਸੋਚ ਗੇੜੇ ਕੱਢਣ ਲੱਗ ਗਈ ਸੀ। ਇਸ ਦੀ ਉਨ੍ਹਾਂ ਆਪਣੇ ਵੱਲੋਂ ਸਿਧਾਂਤਕ ਵਾਜਬੀਅਤ ਵੀ ਦੇਣੀ ਸ਼ੁਰੂ ਕਰ ਦਿੱਤੀ ਸੀ। ਹਿੰਦੂ ਹਾਕਮਾਂ ਵੱਲੋਂ ਪੰਜਾਬ ਤੋਂ ਬਾਹਰ ਵਸਦੇ ਸਿੱਖ ਭਾਈਚਾਰੇ ਨੂੰ 'ਬੰਦੀ' ਬਣਾ ਕੇ ਵਰਤਣ ਦੀ ਯੁਧ-ਚਾਲ ਨੂੰ ਬੇਅਸਰ ਕਰਨ ਲਈ ਇਹ ਜੁਆਬੀ ਯੁਧਨੀਤਕ ਤਰਕੀਬ ਸੀ। ਇਸ ਕਰਕੇ ਜਦ 4 ਅਕਤੂਬਰ 1983 ਨੂੰ ਢਿਲਵਾਂ (ਜ਼ਿਲ੍ਹਾ ਕਪੂਰਥਲਾ) ਦੇ ਨੇੜੇ ਕੁਝ ਅਗਿਆਤ ਸਿੱਖ ਨੌਜੁਆਨਾਂ ਨੇ ਇਕ ਮੁਸਾਫ਼ਰ ਬੱਸ ਵਿੱਚੋਂ 6 ਹਿੰਦੂ ਸਵਾਰੀਆਂ ਨੂੰ ਅਲੱਗ ਛਾਂਟ ਕੇ ਗੋਲੀਆਂ ਨਾਲ ਭੁੰਨ ਸੁੱਟਣ ਦਾ ਖ਼ੂਨੀ ਕਾਰਾ ਕਰ ਦਿੱਤਾ ਤਾਂ ਸੰਤ ਭਿੰਡਰਾਂਵਾਲੇ ਨੇ ਇਸ ਵਾਰਦਾਤ ਦੀ ਰਸਮੀ ਤੌਰ 'ਤੇ ਨਿੰਦਿਆ ਕਰਦਿਆਂ ਹੋਇਆਂ ਨਾਲ ਹੀ ਇਸ ਕਾਂਡ ਦੇ ਝੱਟ ਪਿੱਛੋਂ ਕੇਂਦਰੀ ਸਰਕਾਰ ਦੁਆਰਾ ਪੰਜਾਬ ਅੰਦਰ ਦਰਬਾਰਾ ਸਿੰਘ ਦੀ ਸਰਕਾਰ ਨੂੰ ਬਰਖ਼ਾਸਤ ਕਰ ਕੇ ਰਾਸ਼ਟਰਪਤੀ ਰਾਜ ਲਾਗੂ ਕਰ ਦੇਣ ਦੇ ਫ਼ੈਸਲੇ ਉੱਤੇ ਆਪਣੀ ਖ਼ੁਸ਼ੀ ਤੇ ਤਸੱਲੀ ਦਾ ਖੁੱਲ੍ਹ ਕੇ ਇਜ਼ਹਾਰ ਕੀਤਾ। ਸੰਤ ਭਿੰਡਰਾਂਵਾਲੇ ਦੇ ਇਸ ਪ੍ਰਤੀਕਰਮ ਦੀ ਰੋਸ਼ਨੀ ਵਿੱਚ ਇਸ ਸੁਆਲ ਦੀ ਕੋਈ ਸਾਰਥਿਕਤਾ ਨਹੀਂ ਰਹਿ ਜਾਂਦੀ ਕਿ ਇਹ ਕਾਰਵਾਈ ਸਿੱਖ ਜੁਝਾਰੂਆਂ ਦੀ ਹੀ ਸੀ ਜਾਂ ਸਿੱਖ ਜੁਝਾਰੂਆਂ ਦੇ ਨਾਂ ਹੇਠ ਇਹ ਸਰਕਾਰੀ ਏਜੰਸੀਆਂ ਦੇ

'ਭੜਕਾਊ ਏਜੰਟਾਂ' ਦੀ ਕਾਰਸਤਾਨੀ ਸੀ? ਇਹ ਕਾਰਵਾਈ ਕਿਸੇ ਨੇ ਵੀ ਕੀਤੀ, ਸੰਤ ਭਿੰਡਰਾਂਵਾਲੇ ਨੂੰ ਇਹ ਬਹੁਤੀ ਗ਼ਲਤ ਨਹੀਂ ਸੀ ਲੱਗੀ ਅਤੇ ਉਹ ਇਸ ਦੇ ਰਾਜਸੀ ਨਤੀਜਿਆਂ ਉੱਤੇ ਦਿਲੋਂ ਪ੍ਰਸੰਨ ਸਨ।

ਸੋ, ਇਸ ਤਰ੍ਹਾਂ, ਕੇਂਦਰੀ ਹਾਕਮਾਂ ਤੇ ਹਿੰਦੂ ਵਰਗ ਦੇ ਆਗੂਆਂ ਦੀਆਂ ਵਧਵੀਆਂ ਸਿੱਖ-ਦੋਖੀ ਹਰਕਤਾਂ ਦੇ ਜਵਾਬ ਵਿੱਚ ਸੰਤ ਜਰਨੈਲ ਸਿੰਘ ਦੀਆਂ ਰਾਜਸੀ ਪੋਜ਼ੀਸ਼ਨਾਂ ਤੇ ਪੈਂਤੜਿਆਂ ਅੰਦਰ ਵਧੇਰੇ ਕਠੋਰਤਾ ਆਉਂਦੀ ਚਲੀ ਗਈ। ਪਹਿਲਾਂ ਉਹ ਪੱਤਰਕਾਰਾਂ ਦੇ ਲੱਖ ਯਤਨ ਕਰਨ ਦੇ ਬਾਵਜੂਦ ਆਨੰਦਪੁਰ ਸਾਹਿਬ ਦੇ ਮਤੇ ਦੇ ਘੇਰੇ ਤੋਂ ਬਾਹਰ ਕਦਮ ਧਰਨ ਲਈ ਤਿਆਰ ਨਹੀਂ ਸਨ ਹੁੰਦੇ। ਹੌਲੀ-ਹੌਲੀ ਉਹ ਅਸਿੱਧੇ ਢੰਗ ਨਾਲ ਖ਼ਾਲਿਸਤਾਨ ਦੇ ਵਿਚਾਰ ਦੀ ਪ੍ਰੋੜ੍ਹਤਾ ਕਰਨ ਲੱਗ ਪਏ ਸਨ। ਪੱਤਰਕਾਰਾਂ ਵੱਲੋਂ ਖ਼ਾਲਿਸਤਾਨ ਦੀ ਮੰਗ ਬਾਰੇ ਪੁੱਛਣ 'ਤੇ ਉਨ੍ਹਾਂ ਦਾ ਇਹ ਪੱਕਾ ਜਵਾਬ ਹੁੰਦਾ ਸੀ ਕਿ "ਅਸੀਂ ਖ਼ਾਲਿਸਤਾਨ ਮੰਗਦੇ ਨਹੀਂ ਪਰ ਜੇਕਰ ਸਰਕਾਰ ਦੇਣਾ ਚਾਹੁੰਦੀ ਹੈ ਤਾਂ ਮੋੜਾਂਗੇ ਨਹੀਂ।"[41] ਇਹ ਵੀ ਕਿ "ਅਸੀਂ 1947 ਵਾਲੀ ਗ਼ਲਤੀ ਨਹੀਂ ਕਰਨੀ।" ਜਿਸ ਦਾ ਸਾਫ਼ ਇਸ਼ਾਰਾ ਸਿੱਖ ਕੌਮ ਦੇ ਖ਼ੁਦਮੁਖ਼ਤਿਆਰ ਰਾਜ ਵੱਲ ਸੀ। ਮਗਰਲੇ ਸਮੇਂ 'ਚ ਉਹ ਇਸ ਧਾਰਨਾ ਨੂੰ ਵਾਰ-ਵਾਰ ਅਤੇ ਜ਼ੋਰ ਦੇ ਕੇ ਦੁਹਰਾਉਣ ਲੱਗ ਪਏ ਸਨ। ਉਨ੍ਹਾਂ ਦੇ ਹਰ ਪ੍ਰਤੀਕਰਮ ਤੇ ਪ੍ਰਵਚਨ ਦਾ ਮੁੱਖ ਜ਼ੋਰ ਭਾਰਤ ਅੰਦਰ ਸਿੱਖਾਂ ਨੂੰ ਆਪਣੀ ਗ਼ੁਲਾਮੀ ਦਾ ਅਹਿਸਾਸ ਕਰਾਉਣਾ ਅਤੇ ਇਸ ਗ਼ੁਲਾਮੀ ਨੂੰ ਗਲੋਂ ਲਾਹੁਣ ਲਈ ਰਾਜਨੀਤਕ ਤੇ ਮਾਨਸਿਕ ਪੱਧਰ 'ਤੇ ਤਿਆਰ ਕਰਨਾ ਸੀ। ਇਸ ਤਰ੍ਹਾਂ ਉਹ ਆਪਣੇ ਪ੍ਰਵਚਨਾਂ ਤੇ ਅਮਲਾਂ ਦੇ ਜ਼ਰੀਏ ਸਿੱਖਾਂ ਅੰਦਰ ਕੌਮੀ ਚੇਤਨਾ ਤੇ ਆਜ਼ਾਦੀ ਦੀ ਭਾਵਨਾ ਪ੍ਰਚੰਡ ਕਰਦੇ ਰਹੇ। ਅਜੋਕੇ ਇਤਿਹਾਸ ਅੰਦਰ ਹੋਰ ਕਿਸੇ ਵੀ ਸਿੱਖ ਰਹਿਬਰ ਨੇ ਸਿੱਖ ਕੌਮ ਦੇ ਵਿਕਾਸ ਦੇ ਰਾਜਸੀ ਅਮਲ ਨੂੰ ਇਸ ਕਦਰ ਉਗਾਸਾ ਨਹੀਂ ਦਿੱਤਾ।

## ਅਕਾਲੀ ਲੀਡਰਸ਼ਿਪ ਦੀ ਦੁਖਾਂਤਕ ਹੋਣੀ

ਉਧਰ ਅਕਾਲੀ ਆਗੂਆਂ ਦੀ ਹਾਲਤ ਲਗਾਤਾਰ ਦੁਖਾਂਤਮਈ ਬਣੀ ਹੋਈ ਸੀ। ਉਹ ਜਿਸ ਰਾਜਸੀ ਦਲਦਲ ਵਿੱਚ ਫਸ ਗਏ ਸਨ ਉਸ 'ਚੋਂ ਨਿਕਲਣ ਲਈ ਉਹ ਜਿੰਨਾ ਜ਼ੋਰ ਮਾਰਦੇ ਸਨ ਉਨਾ ਹੀ ਉਸ ਵਿਚ ਹੋਰ ਡੂੰਘਾ ਧਸੀ ਜਾ ਰਹੇ ਸਨ। ਸਿੱਖ ਭਾਈਚਾਰੇ ਅੰਦਰ ਜਿਸ ਤੇਜ਼ੀ ਨਾਲ ਅਤੇ ਜਿਸ ਪੈਮਾਨੇ ਉੱਤੇ ਸੰਤ ਭਿੰਡਰਾਂਵਾਲੇ ਦੀ ਰਾਜਸੀ ਮੰਨਤਾ ਸਥਾਪਤ ਹੁੰਦੀ ਜਾ ਰਹੀ ਸੀ, ਉਸ ਨਾਲ ਅਕਾਲੀ ਲੀਡਰਸ਼ਿਪ ਦਾ ਰਾਜਨੀਤਕ ਕੈਰੀਅਰ ਗੰਭੀਰ ਰੂਪ 'ਚ ਖ਼ਤਰੇ-ਮੂੰਹ ਆ ਗਿਆ ਸੀ। ਇਸ ਕਰਕੇ ਇਸ 'ਹਨ੍ਹੇਰੀ' ਨੂੰ ਜਿੰਨਾ ਹੋ ਸਕੇ, ਤੇ ਜਿੰਨੀ ਜਲਦੀ ਹੋ ਸਕੇ, ਡੱਕਾ ਲਾਉਣਾ ਅਕਾਲੀ ਲੀਡਰਸ਼ਿਪ ਦੀ ਸ਼ਿੱਦਤ ਭਰੀ ਲੋੜ ਬਣੀ ਖੜੀ ਸੀ। ਪਰ ਉਸ ਵੱਲੋਂ ਇਸ ਦਿਸ਼ਾ 'ਚ ਪੁੱਟਿਆ ਹਰ ਕਦਮ ਪੁੱਠਾ ਪੈ ਰਿਹਾ ਸੀ। ਨਾ ਤਾਂ ਉਹ ਸੰਤ ਭਿੰਡਰਾਂਵਾਲੇ ਨੂੰ ਰਾਜਸੀ ਤੌਰ 'ਤੇ ਖਦੇੜਨ ਵਿੱਚ ਸਫਲ ਹੋ ਰਹੀ ਸੀ ਅਤੇ ਨਾ ਧਾਰਮਿਕ ਜਾਂ ਸ਼ਖ਼ਸੀ, ਕਿਸੇ ਵੀ ਪੱਖ ਤੋਂ ਉਸ ਨੂੰ ਘੇਰਨ ਤੇ ਢਾਹ ਲਾਉਣ ਦੀ ਕੋਈ ਚਾਲ ਹੀ ਕਾਰਆਮਦ ਹੋ ਰਹੀ ਸੀ। ਅਕਾਲੀ ਲੀਡਰਸ਼ਿਪ ਦੀਆਂ ਸਿਧਾਂਤਕ ਉਲਝਣਾਂ ਤੇ ਅੰਦਰੂਨੀ ਅਸੰਗਤੀਆਂ ਨੇ ਉਸ ਨੂੰ ਅਮਲੀ ਤੌਰ 'ਤੇ ਸੰਤ ਭਿੰਡਰਾਂਵਾਲੇ ਮੂਹਰੇ ਪੂਰੀ ਤਰ੍ਹਾਂ ਬੇਵੱਸ ਕਰ ਕੇ ਰੱਖ ਦਿੱਤਾ ਸੀ। ਬੇਸ਼ੱਕ ਅਕਾਲੀ ਲੀਡਰਸ਼ਿਪ ਅੰਦਰਲੇ ਨਰਮ-ਖ਼ਿਆਲੀ ਵਰਗ ਨੇ ਸੰਤ ਭਿੰਡਰਾਂਵਾਲੇ ਦੇ ਗਰਮ-ਖ਼ਿਆਲੀ ਵਿਚਾਰਾਂ ਤੇ ਕਾਰਨਾਮਿਆਂ ਦੇ ਪ੍ਰਭਾਵ ਨੂੰ ਰੱਦਣ ਦੇ ਮੰਤਵ ਨਾਲ ਸਿੱਖ ਪੰਥ ਦੀਆਂ ਮੰਗਾਂ ਤੇ

ਮਸਲਿਆਂ ਦੀ ਨਰਮ-ਖ਼ਿਆਲੀ ਦ੍ਰਿਸ਼ਟੀਕੋਣ ਤੋਂ ਪੇਸ਼ਕਾਰੀ ਕਰਨ ਦੀ ਇਕ ਵਿਆਪਕ ਪ੍ਰਚਾਰ ਮੁਹਿੰਮ ਚਲਾ ਰੱਖੀ ਹੋਈ ਸੀ। ਪਰ ਇਹ ਮੁਹਿੰਮ ਵੀ ਸੰਤ ਭਿੰਡਰਾਂਵਾਲੇ ਦਾ ਨੁਕਸਾਨ ਘੱਟ ਤੇ ਫ਼ਾਇਦਾ ਵੱਧ ਕਰ ਰਹੀ ਸੀ। ਕਿਉਂਕਿ ਇਸ ਨਾਲ ਆਮ ਤੋਂ ਆਮ ਸਿੱਖ ਜਨਤਾ ਵੀ ਕਾਇਲ ਹੋ ਕੇ ਸਿੱਖ ਸੰਘਰਸ਼ ਦੀਆਂ ਸਫ਼ਾਂ 'ਚ ਸ਼ਾਮਲ ਹੋ ਰਹੀ ਸੀ ਅਤੇ ਆਪਣੀ ਚਮਤਕਾਰੀ ਸ਼ਖ਼ਸੀਅਤ ਤੇ ਪ੍ਰਭਾਵਸ਼ਾਲੀ ਭਾਸ਼ਣ-ਕਲਾ ਦੀ ਬਦੌਲਤ ਸੰਤ ਜਰਨੈਲ ਸਿੰਘ ਲਈ ਇਸ ਸਿੱਖ ਜਨਤਾ ਨੂੰ ਸਿੱਖ ਚੇਤਨਾ ਦਾ ਅਗਲਾ ਪਾਠ ਪੜ੍ਹਾਉਣਾ ਤੇ ਸਿੱਖ ਸੰਘਰਸ਼ ਦੀ ਅਗਲੀ ਪੌੜੀ 'ਤੇ ਲੈ ਚੜ੍ਹਨਾ ਉੱਕਾ ਹੀ ਮੁਸ਼ਕਲ ਕੰਮ ਨਹੀਂ ਸੀ। ਦੂਜਾ, ਖ਼ੁਦ ਅਕਾਲੀ ਲੀਡਰਸ਼ਿਪ ਦਾ ਹੀ ਇਕ ਵਰਗ, ਖ਼ਾਸ ਕਰਕੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਤੇ ਉਸ ਦਾ ਹਮਾਇਤੀ ਘੇਰਾ ਸਿੱਖ ਕੌਮ ਦੀਆਂ ਮੰਗਾਂ/ਮਸਲਿਆਂ ਦੀ ਰਤਾ ਕੁ ਵੱਧ ਗਰਮ-ਖ਼ਿਆਲੀ (ਰੈਡੀਕਲ) ਪੇਸ਼ਕਾਰੀ ਦਾ ਜ਼ਾਹਰਾ ਝੁਕਾਅ ਪ੍ਰਗਟਾਅ ਰਿਹਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਦੀ ਤਰਫ਼ੋਂ ਉਚੇਚੇ ਤੌਰ 'ਤੇ ਅਜਿਹੀ ਪ੍ਰਚਾਰ ਸਮੱਗਰੀ ਜਾਰੀ ਕੀਤੀ ਜਾ ਰਹੀ ਸੀ ਜੋ ਸਿੱਖ ਜਨਤਾ ਅੰਦਰ ਅਲੱਗ ਪਛਾਣ ਤੇ ਸੁਤੰਤਰ ਹਸਤੀ ਦੇ ਜਜ਼ਬੇ ਨੂੰ ਲਗਾਤਾਰ ਤਕੜਾਈ ਬਖ਼ਸ਼ ਰਹੀ ਸੀ। ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਉਸ ਦੇ ਹਮਾਇਤੀ ਧੜੇ ਵੱਲੋਂ ਆਨੰਦਪੁਰ ਸਾਹਿਬ ਦੇ 1973 ਵਾਲੇ ਮਤੇ ਦਾ ਅਸਲੀ ਨਾਲੋਂ ਥੋੜ੍ਹਾ ਬਦਲਵਾਂ ਤੇ ਵਿਗਾੜਿਆ ਰੂਪ[42] ਜਾਰੀ ਕਰਨ ਦੀ ਨਰਮਪੰਥੀ ਚਾਲ ਦੇ ਜੁਆਬ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 1973 ਵਾਲੇ ਮਤੇ ਦਾ ਮੌਲਿਕ ਖਰੜਾ ਵੱਡੀ ਪੱਧਰ 'ਤੇ ਛਪਵਾ ਕੇ ਵੰਡਿਆ ਅਤੇ ਇਸ ਵਿੱਚ ਦਰਜ ਵੱਧ ਤੇਜ਼-ਤਰਾਰ ਸਿਧਾਂਤਕ ਪੋਜ਼ੀਸ਼ਨਾਂ ਨੂੰ ਉਚੇਚਾ ਉਭਾਰ ਕੇ ਪੇਸ਼ ਕੀਤਾ ਗਿਆ। ਇਸੇ ਹੀ ਸਮੇਂ ਦੌਰਾਨ 'ਵੱਖਰੀ ਸਿੱਖ ਕੌਮ' ਦੀ ਧਾਰਨਾ ਦਾ ਵਿਆਪਕ ਪੈਮਾਨੇ 'ਤੇ ਪ੍ਰਚਾਰ-ਪਸਾਰ ਕੀਤਾ ਗਿਆ।[43] ਇਸ ਮਕਸਦ ਲਈ ਦੋ ਸਿੱਖ ਵਿਦਵਾਨਾਂ ਸ: ਦਵਿੰਦਰ ਸਿੰਘ ਦੁੱਗਲ ਅਤੇ ਪ੍ਰਿੰਸੀਪਲ ਲਾਭ ਸਿੰਘ ਦੁਆਰਾ ਲਿਖੇ ਗਏ ਦੋ ਕਿਤਾਬਚੇ ਵੱਡੀ ਤਦਾਦ 'ਚ ਛਾਪ ਕੇ ਵੰਡੇ ਗਏ।[44] ਇਸ ਦਾ ਅਸਰ ਇਹ ਹੋਇਆ ਕਿ ਪਹਿਲਾਂ 'ਵੱਖਰੀ ਸਿੱਖ ਕੌਮ' ਦੀ ਜਿਹੜੀ ਧਾਰਨਾ ਸਿੱਖਾਂ ਅੰਦਰ 'ਮਨਾਹੀ' ਦਾ ਦਰਜਾ ਹਾਸਲ ਕਰ ਕੇ ਰਹਿ ਗਈ ਸੀ, ਉਹ ਹੁਣ ਸਿੱਖਾਂ ਲਈ ਬਹੁਤ ਹੀ ਆਮ ਮੁਹਾਵਰਾ ਬਣ ਗਈ ਸੀ। ਇਹ ਨਿਸ਼ਚੇ ਹੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਇਕ ਵੱਡੀ ਪ੍ਰਾਪਤੀ ਸੀ ਤੇ ਇਸ ਦਾ ਉਸ ਨੂੰ ਪੁੱਜ ਕੇ ਲਾਹਾ ਵੀ ਮਿਲ ਰਿਹਾ ਸੀ।

ਇਸ ਹਾਲਤ ਦੇ ਸਨਮੁੱਖ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਆਪਣੀ ਅਗਲੀ ਰਣਨੀਤੀ ਦੀ ਰੂਪ-ਰੇਖਾ ਘੜਨ ਲਈ 17 ਮਾਰਚ ਨੂੰ ਅੰਮ੍ਰਿਤਸਰ ਵਿਖੇ ਅਕਾਲੀ ਕਨਵੈਨਸ਼ਨ ਸੱਦ ਲਈ। ਸਾਰੀ ਹਾਲਤ ਦਾ ਜਾਇਜ਼ਾ ਲੈਣ ਤੋਂ ਬਾਅਦ ਸੰਤ ਲੌਂਗੋਵਾਲ ਨੇ 2 ਤੋਂ 7 ਅਪ੍ਰੈਲ ਤਕ 'ਆਜ਼ਾਦ ਪੰਥ ਸਪਤਾਹ' ਮਨਾਉਣ ਦੇ ਫ਼ੈਸਲੇ ਦਾ ਐਲਾਨ ਕਰ ਦ੍ਰਿੱਤਾ। ਇਸ ਐਲਾਨ ਉੱਤੇ ਫਿਰ ਨਾ ਸਿਰਫ਼ ਹਿੰਦੂ ਫ਼ਿਰਕਾਪ੍ਰਸਤ ਹਲਕਿਆਂ ਅੰਦਰ ਹੀ ਤ੍ਰਿੱਖਾ ਫ਼ਿਰਕੂ ਉਬਾਲ ਉਠ ਖੜ੍ਹਾ ਹੋਇਆ ਸਗੋਂ ਇਸ ਨੇ ਅਕਾਲੀ ਦਲ ਦੀਆਂ ਕੁਝ ਸਹਿਯੋਗੀ ਧਿਰਾਂ ਅੰਦਰ ਵੀ ਭਾਰੀ ਬੇਆਰਾਮੀ ਪੈਦਾ ਕਰ ਦਿੱਤੀ। ਹਰਕਿਸ਼ਨ ਸਿੰਘ ਸੁਰਜੀਤ ਤੋਂ ਲੈ ਕੇ ਚੰਦਰ ਸ਼ੇਖਰ ਤਕ, ਸਭ ਨੇ ਸੰਤ ਲੌਂਗੋਵਾਲ ਦੇ ਇਸ ਐਲਾਨ ਦੀ ਤਿੱਖੀ ਤੇ ਖੁੱਲ੍ਹੀ ਨੁਕਤਾਚੀਨੀ ਕੀਤੀ।[45]

ਇਹ ਗੱਲ ਸਪਸ਼ਟ ਹੋ ਗਈ ਸੀ ਕਿ ਜਿੰਨਾ ਚਿਰ ਸੰਤ ਜਰਨੈਲ ਸਿੰਘ ਦੀ ਸਿਆਸੀ ਚੜ੍ਹਤ ਬਣੀ ਹੋਈ ਸੀ ਉਨਾ ਚਿਰ ਅਕਾਲੀ ਲੀਡਰਸ਼ਿਪ ਲਈ ਕਿਸੇ ਜਚਣਹਾਰ ਬਹਾਨੇ ਦਾ ਲੜ ਫੜੇ ਬਿਨਾਂ ਧਰਮਯੁੱਧ ਮੋਰਚਾ ਠੱਪ ਕਰਨਾ ਨਾਮੁਮਕਿਨ ਦੀ ਹੱਦ ਤਕ ਮੁਸ਼ਕਿਲ

ਹੋ ਚੁੱਕਾ ਸੀ। ਪਰ ਮੋਰਚੇ ਨੂੰ ਚੱਲਦਾ ਰੱਖਣ ਲਈ ਅਕਾਲੀ ਲੀਡਰਸ਼ਿਪ ਵੱਲੋਂ, ਬੇਸ਼ੱਕ ਮਜਬੂਰੀ ਵੱਸ ਹੀ ਚੁੱਕਿਆ ਹਰ ਕਦਮ ਅੰਤਮ ਨਿਰਣੇ ਦੇ ਤੌਰ 'ਤੇ, ਸੰਤ ਜਰਨੈਲ ਸਿੰਘ ਦੇ ਪੱਖ ਨੂੰ ਹੋਰ ਵੱਧ ਮਜ਼ਬੂਤ ਕਰਨ ਵਿੱਚ ਸਹਾਈ ਹੋ ਰਿਹਾ ਸੀ। 'ਰਸਤਾ ਰੋਕੋ', 'ਕੰਮ ਰੋਕੋ', 'ਪੰਜਾਬ ਬੰਦ', 'ਆਜ਼ਾਦ ਪੰਥ ਸਪਤਾਹ' ਤੇ ਧਾਰਾ 25-2 (ਬੀ) ਨੂੰ ਸਾੜਨ ਵਰਗੇ ਸਾਰੇ ਕਾਰਵਾਈ ਪ੍ਰੋਗਰਾਮ ਸੰਤ ਭਿੰਡਰਾਂਵਾਲੇ ਦੀ ਗਰਮ-ਖ਼ਿਆਲੀ ਵਿਚਾਰਧਾਰਾ ਤੇ ਲਹਿਰ ਨੂੰ ਵਧੇਰੇ ਵਿਸ਼ਾਲ ਜਨਤਕ ਆਧਾਰ ਤੇ ਹਮਾਇਤ ਜੁਟਾਉਣ ਵਿੱਚ ਸਹਾਈ ਹੋ ਨਿਬੜੇ ਤੇ ਹੋ ਰਹੇ ਸਨ। ਇਸ ਕਰਕੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਸੰਵਿਧਾਨ ਦੀ ਧਾਰਾ 25-2 (ਬੀ) ਨੂੰ ਸਾੜਨ ਤੇ 'ਆਜ਼ਾਦ ਪੰਥ ਸਪਤਾਹ' ਮਨਾਉਣ ਵਰਗੇ ਫੈਸਲਿਆਂ ਉੱਤੇ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਬੇਵਜ੍ਹਾ ਹੀ ਨਹੀਂ ਸੀ ਚੀਕ ਉਠਿਆ।

20 ਮਾਰਚ 1984 ਨੂੰ ਸੰਤ ਲੌਂਗੋਵਾਲ ਨੂੰ ਲਿਖੀ ਇਕ ਚਿੱਠੀ ਵਿੱਚ ਕਾਮਰੇਡ ਸੁਰਜੀਤ ਨੇ ਆਪਣੀ ਰਾਜਨੀਤਕ ਔਖ ਤੇ ਝੁੰਜਲਾਹਟ ਇਨ੍ਹਾਂ ਸ਼ਬਦਾਂ ਵਿੱਚ ਪ੍ਰਗਟਾਈ: "(ਸੰਵਿਧਾਨ ਦੀ ਧਾਰਾ 25 ਨੂੰ ਸਾੜਨ) ਦਾ ਤੁਹਾਡਾ ਇਹ ਫ਼ੈਸਲਾ ਅਸਲੀ ਮੁੱਦਿਆਂ ਤੋਂ ਧਿਆਨ ਲਾਂਭੇ ਲਿਜਾਣ ਅਤੇ ਲੋਕਾਂ 'ਚ ਇਹ ਪ੍ਰਭਾਵ ਦੇਣ 'ਚ ਸਫਲ ਹੋ ਨਿਬੜਿਆ ਹੈ ਕਿ ਤੁਹਾਡਾ ਅੰਦੋਲਨ ਸਰਕਾਰ ਦੇ ਵਿਰੁੱਧ ਨਹੀਂ ਸਗੋਂ ਹਿੰਦੂਆਂ ਦੇ ਵਿਰੁੱਧ ਹੈ। ਤੁਹਾਡੀ ਇਸ ਕਾਰਵਾਈ ਨੂੰ ਸਿੱਖ ਕਾਨੂੰਨਦਾਨਾਂ ਤੇ ਸਾਰੇ ਹੀ ਰਾਜਸੀ ਦਲਾਂ ਨੇ ਨਿੰਦਿਆ ਹੈ, ਉਨ੍ਹਾਂ ਨੇ ਵੀ ਜੋ ਹੁਣ ਤਕ ਤੁਹਾਡੀਆਂ ਵਾਜਬ ਮੰਗਾਂ ਦਾ ਸਮਰਥਨ ਕਰਦੇ ਰਹੇ ਹਨ। ਇਸ ਨਾਲ ਪੰਜਾਬ ਤੋਂ ਬਾਹਰ ਰਹਿੰਦੇ ਸਿੱਖਾਂ ਅੰਦਰ ਭੈਅ ਦਾ ਮਾਹੌਲ ਪੈਦਾ ਹੋ ਗਿਆ ਹੈ। ਧਾਰਾ 25 ਬਾਰੇ ਤੁਹਾਡਾ ਅੰਦੋਲਨ ਤੇ ਪ੍ਰਾਪੇਗੰਡਾ ਸਿਰਫ਼ ਅੱਤਵਾਦੀ ਭਾਵਨਾਵਾਂ ਭੜਕਾਉਣ 'ਚ ਹੀ ਸਹਾਈ ਹੋ ਰਿਹਾ ਹੈ। ਅਕਾਲੀ ਦਲ ਨੇ 'ਪਰਸਨਲ ਲਾਅ' ਬਾਰੇ ਵੀ ਬੋਲਣਾ ਸ਼ੁਰੂ ਕਰ ਦਿੱਤਾ ਹੈ ਪਰ ਇਹ ਸਾਫ਼ ਨਹੀਂ ਕੀਤਾ ਕਿ ਇਸ ਤੋਂ ਤੁਹਾਡੀ ਮੁਰਾਦ ਕੀ ਹੈ। ਇਸ ਨਾਲ ਫਿਰ ਸਿੱਖਾਂ ਅੰਦਰ ਵੱਖਵਾਦੀ ਭਾਵਨਾਵਾਂ ਨੂੰ ਹੀ ਹੁਲਾਰਾ ਮਿਲੇਗਾ।"[46] ਉਸ ਨੇ ਅੱਗੇ ਲਿਖਿਆ, "ਤੁਹਾਡਾ ਆਜ਼ਾਦ ਪੰਥ ਸਪਤਾਹ ਮਨਾਉਣ ਦਾ ਸੱਦਾ ਬਲਦੀ ਉੱਤੇ ਤੇਲ ਪਾਉਣ ਦਾ ਹੀ ਕੰਮ ਕਰੇਗਾ। 'ਆਜ਼ਾਦ ਪੰਥ' ਦਾ ਸੰਕਲਪ ਸਿੱਖ ਅੱਤਵਾਦੀਆਂ, ਜਿਨ੍ਹਾਂ ਤੋਂ ਤੁਸੀਂ ਨਿਖੇੜਾ ਕਰ ਕੇ ਚੱਲਣ ਦੇ ਯਤਨ ਕਰਦੇ ਰਹੇ ਹੋ, ਨੂੰ ਖਾਦ-ਖ਼ੁਰਾਕ ਮੁਹੱਈਆ ਕਰੇਗਾ। 'ਆਜ਼ਾਦ ਪੰਥ' ਦਾ ਤੁਸੀਂ ਜੋ ਹੁਣ ਨਵਾਂ ਨਾਹਰਾ ਬੁਲੰਦ ਕੀਤਾ ਹੈ ਇਹ ਖ਼ਾਲਿਸਤਾਨ ਨੂੰ ਸਿਧਾਂਤਕ ਆਧਾਰ ਮੁਹੱਈਆ ਕਰਨ ਵਾਲੇ ਨਾਹਰੇ ਤੋਂ ਇਲਾਵਾ ਹੋਰ ਕੁਛ ਨਹੀਂ। ਤੁਹਾਨੂੰ ਇਸ ਗੱਲ ਦਾ ਅਹਿਸਾਸ ਹੋਵੇ ਜਾਂ ਨਾ, ਤੁਹਾਡੇ ਅੰਦੋਲਨ, ਜੋ ਕਿ ਕੇਂਦਰ ਸਰਕਾਰ ਦੇ ਖ਼ਿਲਾਫ਼ ਸੀ, ਨੂੰ ਹਿੰਦੂ ਵਿਰੋਧੀ ਲਹਿਰ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ। ਤੁਹਾਡੇ 'ਆਜ਼ਾਦ ਪੰਥ ਸਪਤਾਹ' ਨਾਲ ਹਾਲਤ ਹੋਰ ਵੱਧ ਵਿਗੜ ਜਾਵੇਗੀ। ਇਸ ਨਾਲ ਫ਼ਿਰਕੂ ਇਕਸੁਰਤਾ, ਜਿਸ ਦੇ ਤੁਸੀਂ ਤਕੜੇ ਮੁਦਈ ਹੋ, ਦੀਆਂ ਬੁਨਿਆਦਾਂ ਉੱਤੇ ਸੱਟ ਵੱਜੇਗੀ।"[47]

ਕਾਮਰੇਡ ਸੁਰਜੀਤ ਵੱਲੋਂ ਆਪਣੀਆਂ ਇਨ੍ਹਾਂ ਚਿੱਠੀਆਂ ਵਿੱਚ ਕਹੀਆਂ ਸਾਰੀਆਂ ਹੀ ਗੱਲਾਂ ਦਲੀਲ ਦੇ ਤੌਰ 'ਤੇ ਜਿੰਨੀਆਂ ਗ਼ਲਤ ਸਨ, ਤੱਥ ਦੇ ਤੌਰ 'ਤੇ ਓਨੀਆਂ ਹੀ ਸਹੀ ਸਨ। ਉਸ ਦਾ ਇਹ ਪ੍ਰਭਾਵ ਤੇ ਨਿਰਣਾ ਬਿਲਕੁਲ ਦਰੁਸਤ ਸੀ ਕਿ ਧਾਰਾ 25 ਨੂੰ ਸਾੜਨ ਦੀ ਕਾਰਵਾਈ ਤੇ 'ਆਜ਼ਾਦ ਪੰਥ' ਦਾ ਸੰਕਲਪ ਸਿੱਖਾਂ ਅੰਦਰ ਯਕੀਨਨ ਹੀ ਕਥਿਤ 'ਅੱਤਵਾਦੀ ਵਿਚਾਰਾਂ' ਤੇ 'ਵੱਖਵਾਦੀ ਭਾਵਨਾਵਾਂ' ਨੂੰ ਬਲ ਮੁਹੱਈਆ ਕਰ ਰਿਹਾ ਸੀ। ਪਰ ਇਹ ਗੱਲ ਸਮਝਣੀ ਔਖੀ ਹੈ ਕਿ ਸਿੱਖਾਂ ਵੱਲੋਂ ਆਪਣੀ ਅਲੱਗ ਪਛਾਣ ਦੇ ਦਾਅਵੇ ਉੱਤੇ ਜ਼ੋਰ ਦੇਣ ਲਈ, ਉਨ੍ਹਾਂ ਨੂੰ ਹਿੰਦੂਆਂ ਦੀ ਹੀ ਇਕ ਉਪ-ਸ਼ਾਖ਼ਾ ਵਜੋਂ ਪੇਸ਼

ਕਰਨ ਦਾ ਪ੍ਰਤੱਖ ਪ੍ਰਭਾਵ ਦਿੰਦੀ ਧਾਰਾ 25 ਨੂੰ ਸਾੜਨ ਦੀ ਕਾਰਵਾਈ ਸੁਰਜੀਤ ਦੀਆਂ ਨਜ਼ਰਾਂ 'ਚ 'ਹਿੰਦੂ ਵਿਰੋਧੀ' ਕਿਸ ਹਿਸਾਬ ਨਾਲ ਬਣ ਗਈ ? ਸਗੋਂ ਸੱਚੀ ਗੱਲ ਇਹ ਸੀ (ਤੇ ਹੈ) ਕਿ ਹਿੰਦੂਆਂ ਵੱਲੋਂ ਇਸ ਕਲੇਸ਼ ਹੱਥੀ ਧਾਰਾ ਨੂੰ ਇਸੇ ਰੂਪ ਵਿੱਚ ਕਾਇਮ ਰੱਖਣ ਦੀ ਜ਼ਿਦ ਕਰਨੀ ਪ੍ਰਤੱਖ ਰੂਪ ਵਿੱਚ ਸਿੱਖ-ਦੋਖੀ ਕਾਰਵਾਈ ਹੈ ਅਤੇ ਜੇਕਰ ਕਾਮਰੇਡ ਸੁਰਜੀਤ ਮੁਤਾਬਕ "ਉਹ ਰਾਜਸੀ ਦਲ ਵੀ ਜੋ ਪਹਿਲਾਂ ਅਕਾਲੀ ਦਲ ਦੀਆਂ ਵਾਜਬ ਮੰਗਾਂ ਦੀ ਹਮਾਇਤ ਕਰਦੇ ਰਹੇ ਸਨ" ਧਾਰਾ 25 ਨੂੰ ਸਾੜਨ ਉੱਤੇ ਅਕਾਲੀ ਲੀਡਰਸ਼ਿਪ ਨਾਲ ਖ਼ਫ਼ਾ ਹੋ ਉਠੇ ਸਨ ਤਾਂ ਇਸ ਵਿੱਚ ਅਕਾਲੀ ਲੀਡਰਸ਼ਿਪ ਦਾ ਉੱਕਾ ਹੀ ਕੋਈ ਦੋਸ਼ ਨਹੀਂ ਸੀ। ਇਹ ਇਨ੍ਹਾਂ ਰਾਜਸੀ ਦਲਾਂ ਤੇ ਉਨ੍ਹਾਂ ਦੇ ਆਗੂਆਂ ਦੇ ਨਜ਼ਰੀਏ ਅੰਦਰਲਾ ਫ਼ਿਰਕੂ ਭੈਂਗ ਅਤੇ ਮਨਾਂ ਅੰਦਰ ਡੂੰਘੇ ਧਸੇ ਫ਼ਿਰਕੂ ਤੁਅੱਸਬ ਹੀ ਸਨ ਜੋ ਉਨ੍ਹਾਂ ਨੂੰ ਅਕਾਲੀ ਦਲ ਦੇ ਇਸ ਪੂਰਨ ਤੌਰ 'ਤੇ ਵਾਜਬ ਤੇ ਦਰੁਸਤ ਪੈਂਤੜੇ ਦਾ ਵਿਰੋਧ ਕਰਨ ਲਈ ਉਤੇਜਿਤ ਕਰ ਰਹੇ ਸਨ। ਚੰਦਰ ਸ਼ੇਖਰ ਤੇ ਹੇਮਵਤੀ ਨੰਦਨ ਬਹੁਗੁਣਾ ਵਰਗੇ 'ਸਿੱਖਾਂ ਦੇ ਹਿਤੈਸ਼ੀ' ਸਮਝੇ (ਤੇ ਕਹੇ) ਜਾਂਦੇ ਆਗੂਆਂ ਵੱਲੋਂ ਧਾਰਾ 25 ਨੂੰ ਸਾੜਨ ਦੇ ਫ਼ੈਸਲੇ ਦਾ ਤਿੱਖਾ ਵਿਰੋਧ ਕਰਨ 'ਤੇ ਉਤਾਰੂ ਹੋ ਜਾਣ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਪੰਜਾਬ 'ਚੋਂ ਸੀ.ਆਰ.ਪੀ. ਤੇ ਬੀ.ਐਸ.ਐਫ. ਵਾਪਸ ਬੁਲਾਉਣ ਦੀ ਮੰਗ ਉੱਤੇ ਚੰਦਰ ਸ਼ੇਖਰ ਵੱਲੋਂ ਬੁਰੀ ਤਰ੍ਹਾਂ ਲੋਹਾ-ਲਾਖਾ ਹੋ ਉਠਣ ਦੀ ਇਸ ਤੋਂ ਬਿਨਾਂ ਹੋਰ ਕੋਈ ਵਜ੍ਹਾ ਨਹੀਂ ਸੀ; ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਧਾਰਾ 25 ਨੂੰ ਸਾੜਨ ਦੇ ਫ਼ੈਸਲੇ ਦਾ ਪਤਾ ਲੱਗਦਿਆਂ ਹੀ ਸਰਦਾਰ ਅਰਜਨ ਸਿੰਘ (ਸਾਬਕਾ ਏਅਰ ਚੀਫ਼ ਮਾਰਸ਼ਲ), ਸ: ਜਗਜੀਤ ਸਿੰਘ ਅਰੋੜਾ (ਸੇਵਾ-ਮੁਕਤ ਲੈਫ਼ਟੀਨੈਂਟ ਜਨਰਲ) ਅਤੇ ਸ: ਗੁਰਬਚਨ ਸਿੰਘ (ਸਾਬਕਾ ਰਾਜਦੂਤ) ਵੱਲੋਂ ਫ਼ੌਰਨ ਜਹਾਜ਼ ਫੜ ਕੇ ਅੰਮ੍ਰਿਤਸਰ ਪਹੁੰਚ ਜਾਣ ਅਤੇ ਸੰਤ ਲੌਂਗੋਵਾਲ ਨੂੰ ਇਹ 'ਗ਼ਲਤ ਕਦਮ' ਚੁੱਕਣ ਤੋਂ ਗ਼ੁਰੇਜ਼ ਕਰਨ ਦੀਆਂ ਸਲਾਹਾਂ ਦੇਣ ਦਾ ਕਾਰਨ ਵੀ ਇਹ ਨਹੀਂ ਸੀ ਕਿ ਅਕਾਲੀ ਆਗੂ ਪੰਜਾਬ ਤੋਂ ਬਾਹਰ ਵਸਦੇ ਸਿੱਖਾਂ ਨੂੰ 'ਬਲਦੀ ਦੇ ਬੂਥੇ ਦੇਣ' ਦੀ 'ਹਿਮਾਕਤ' ਕਰ ਰਹੇ ਸਨ। ਅਸਲ ਗੱਲ ਇਹ ਸੀ ਕਿ ਦਿੱਲੀ ਦਾ ਪਤਵੰਤਾ ਸਿੱਖ ਵਰਗ ਅਕਾਲੀ ਆਗੂਆਂ ਦੀਆਂ ਨੀਤੀਆਂ ਤੇ ਪੈਂਤੜਿਆਂ ਨੂੰ ਸਮੁੱਚੀ ਸਿੱਖ ਕੌਮ ਦੇ ਬੁਨਿਆਦੀ ਹਿਤਾ ਦੇ ਨਜ਼ਰੀਏ ਤੋਂ ਦੇਖਣ ਅਤੇ ਅੰਗਣ ਦੀ ਉਸਾਰੂ ਪਹੁੰਚ ਅਪਨਾਉਣ ਦੀ ਥਾਵੇਂ, ਮਸਲੇ ਨੂੰ ਵੱਧ ਆਪਣੀ ਹੀ ਵਿਸ਼ੇਸ਼ ਸਥਿਤੀ, ਜੋ ਯਕੀਨਨ ਹੀ ਵਿਖਮ ਅਤੇ ਕਠੋਰ ਸੀ, ਦੇ ਨੁਕਤਾਨਜ਼ਰ ਤੋਂ ਦੇਖਣ ਤੇ ਨਜਿੱਠਣ ਦੀ ਸਿਧਾਂਤਕ ਕੁਤਾਹੀ ਕਰ ਰਿਹਾ ਸੀ।

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੀਆਂ ਉਪਰੋਕਤ ਮੱਤਾਂ ਤੇ ਸਲਾਹਾਂ ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਤਾਂ ਬਹੁਤਾ ਨਹੀਂ ਗੌਲਿਆ (ਉਹ ਆਪਣੇ ਧਾਰਾ 25 ਨੂੰ ਸਾੜਨ ਤੇ 'ਆਜ਼ਾਦ ਪੰਥ ਸਪਤਾਹ' ਮਨਾਉਣ ਦੇ ਫ਼ੈਸਲੇ 'ਤੇ ਅੜੇ ਰਹੇ) ਪਰ ਸ: ਪ੍ਰਕਾਸ਼ ਸਿੰਘ ਬਾਦਲ ਉੱਤੇ ਕਾਮਰੇਡ ਸੁਰਜੀਤ ਦੀਆਂ ਸਿੱਖਿਆਵਾਂ ਦਾ ਅਸਰ ਪ੍ਰਤੱਖ ਦੇਖਿਆ ਜਾ ਸਕਦਾ ਸੀ। ਭਾਵੇਂ ਪ੍ਰਕਾਸ਼ ਸਿੰਘ ਬਾਦਲ ਮਨੋਂ ਸੰਤ ਲੌਂਗੋਵਾਲ ਦੇ ਧਾਰਾ 25 ਨੂੰ ਸਾੜਨ ਦੇ ਫ਼ੈਸਲੇ ਨਾਲ ਸਹਿਮਤ ਨਹੀਂ ਸੀ[48] ਪਰ ਫਿਰ ਵੀ ਮੋਰਚੇ ਦੇ ਆਗੂ (ਡਿਕਟੇਟਰ) ਦੇ ਆਦੇਸ਼ਾਂ ਉੱਤੇ ਅਮਲ ਕਰਦਿਆਂ ਹੋਇਆਂ ਉਸ ਨੇ, ਅਣਮੰਨੇ ਚਿਤ ਨਾਲ, 27 ਮਾਰਚ ਨੂੰ ਦਿੱਲੀ ਬੰਗਲਾ ਸਾਹਿਬ ਗੁਰਦੁਆਰੇ ਦੇ ਬਾਹਰ ਸੰਵਿਧਾਨ ਦੀ ਧਾਰਾ 25 ਨੂੰ ਸਾੜਨ ਦੀ ਸੰਕੇਤਕ ਕਾਰਵਾਈ ਕਰਨ ਤੋਂ ਬਾਅਦ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕਰ ਦਿੱਤਾ। ਗ੍ਰਿਫ਼ਤਾਰੀ ਦੇਣ ਤੋਂ ਪਹਿਲਾਂ ਉਸ ਨੇ ਦੇਸ ਦੀਆਂ ਸਭਨਾਂ ਰਾਜਸੀ ਪਾਰਟੀਆਂ ਲਈ ਇਕ ਚਿੱਠੀ ਜਾਰੀ ਕੀਤੀ ਜਿਸ ਵਿੱਚ ਅਕਾਲੀ ਦਲ ਦੀਆਂ ਦਸ ਪ੍ਰਮੁੱਖ ਮੰਗਾਂ (6 ਰਾਜਸੀ ਤੇ 4 ਧਾਰਮਿਕ) ਕਲਮਬੰਦ ਕੀਤੀਆਂ ਗਈਆਂ। ਕਾਮਰੇਡ ਸੁਰਜੀਤ ਨੇ

ਲੌਂਗੋਵਾਲ ਨੂੰ 30 ਮਾਰਚ ਵਾਲੀ ਚਿੱਠੀ ਵਿੱਚ ਅਕਾਲੀ ਮੰਗਾਂ ਦੀ ਸ: ਬਾਦਲ ਦੁਆਰਾ ਕੀਤੀ ਗਈ ਪੇਸ਼ਕਾਰੀ ਬਾਰੇ ਆਪਣੇ ਭਾਵ ਪ੍ਰਗਟਾਉਂਦਿਆਂ ਹੋਇਆਂ ਲਿਖਿਆ ਕਿ ਸ: ਬਾਦਲ ਦੀ "ਇਹ ਚਿੱਠੀ ਦੇਖ ਕੇ ਮੇਰਾ ਮਨ ਪਰਸੰਨ ਹੋ ਗਿਆ ਹੈ"[49] ਕਿਉਂਕਿ ਇਨ੍ਹਾਂ ਮੰਗਾਂ ਵਿੱਚ ਆਨੰਦਪੁਰ ਸਾਹਿਬ ਦੇ ਮਤੇ ਦਾ ਜਾਂ ਸਿੱਖਾਂ ਦੇ ਬੋਲਬਾਲੇ ਦਾ ਕੋਈ ਜ਼ਿਕਰ ਨਹੀਂ ਸੀ। ਸੁਰਜੀਤ ਦੇ ਵਿਚਾਰ ਮੁਤਾਬਕ ਇਸ ਨੂੰ ਰਾਜ ਅੰਦਰ ਫ਼ਿਰਕੂ ਅਮਨ ਨੂੰ ਤਬਾਹ ਕਰਨ 'ਤੇ ਤੁਲੇ ਹੋਏ ਅੱਤਵਾਦੀਆਂ ਦੇ ਖ਼ਿਲਾਫ਼ ਇਕ ਕਰਾਰਾ ਧੱਫਾ ਸਮਝਿਆ ਜਾਣਾ ਚਾਹੀਦਾ ਸੀ। ਆਪਣੀ ਸਾਰੀ ਲਿਆਕਤ ਤੇ ਚਤੁਰਾਈ ਦੇ ਬਾਵਜੂਦ ਕਾਮਰੇਡ ਸੁਰਜੀਤ ਇਹ ਗੱਲ ਸਮਝਣ (ਜਾਂ ਮੰਨਣ) ਲਈ ਤਿਆਰ ਨਹੀਂ ਸੀ ਕਿ ਸਿਧਾਂਤਕ ਪੱਖੋਂ ਉਲਝੇ, ਰਾਜਸੀ ਪੱਖੋਂ ਔਟਲੇ ਤੇ ਨੈਤਿਕ ਪੱਖੋਂ ਖੁੰਘਲ ਹੋਏ ਬੈਠੇ ਅਕਾਲੀ ਆਗੂਆਂ ਅੰਦਰ 'ਅੱਤਵਾਦੀਆਂ' ਨੂੰ 'ਕਰਾਰਾ ਧੱਫਾ' ਮਾਰਨ ਜੋਗਰਾ ਤੰਤ ਕਿਥੇ ਰਹਿ ਗਿਆ ਸੀ ? ਉਹ 'ਵਿਚਾਰੇ' ਤਾਂ ਉਨ੍ਹਾਂ ਦੇ ਗਲਾਂ ਨੂੰ ਚੰਬੜੇ ਮੋਰਚੇ ਦੇ 'ਗਿੱਲੇ ਕੰਬਲ' ਤੋਂ, ਜਿਵੇਂ ਕਿਵੇਂ, ਖਹਿੜਾ ਛੁਡਾਉਣ ਲਈ ਤਰਲੋਮੱਛੀ ਹੋ ਰਹੇ ਸਨ!

## ਹੋਣੀ ਦੀ ਦਸਤਕ

ਖ਼ੈਰ, ਉਸ ਵੇਲੇ ਤਕ ਹਾਲਤਾਂ ਵੱਲੋਂ ਇਕ ਵੱਡੇ ਤੇ ਫ਼ੈਸਲਾਕੁੰਨ ਟਕਰਾਅ ਵੱਲ ਵਧਣ ਦੀ ਅਮੋੜ ਦਿਸ਼ਾ ਅਖ਼ਤਿਆਰ ਕਰ ਜਾਣ ਦੇ ਉਘੜਵੇਂ ਸੰਕੇਤ ਮਿਲਣੇ ਸ਼ੁਰੂ ਹੋ ਗਏ ਸਨ। ਦੋ ਗੱਲਾਂ ਬਾਰੇ ਉੱਕਾ ਹੀ ਕੋਈ ਭੁਲੇਖਾ ਨਹੀਂ ਸੀ ਰਹਿ ਗਿਆ। ਇਕ ਇਹ ਕਿ ਇੰਦਰਾ ਗਾਂਧੀ ਦੀ, ਸਮੱਸਿਆ ਦਾ ਰਾਜਨੀਤਕ ਜਾਂ ਸ਼ਾਂਤੀਪੂਰਵਕ ਹੱਲ ਤਲਾਸ਼ਣ ਵਿੱਚ ਉੱਕਾ ਹੀ ਕੋਈ ਰੁਚੀ ਨਹੀਂ ਸੀ। ਅਕਾਲੀ ਆਗੂਆਂ ਨਾਲ ਵਾਰਤਾਲਾਪ ਦਾ ਢਕੌਂਜ ਤੇ ਪੰਜਾਬ ਮਸਲੇ ਦਾ ਰਾਜਸੀ ਹੱਲ ਢੂੰਡਣ ਦੀਆਂ ਗੱਲਾਂ ਦੇਸ ਦੀ ਜਨਤਾ ਨੂੰ ਜਾਂ ਜਨਤਾ ਨਾਲੋਂ ਵੱਧ ਦੇਸ ਦੇ ਰਾਜਸੀ ਕੁਨਬੇ ਨੂੰ ਮੂਰਖ ਬਣਾਉਣ ਦੀ ਧੋਖੇ ਭਰੀ ਰਾਜਸੀ ਚਾਲ ਤੋਂ ਵੱਧ ਹੋਰ ਕੁਝ ਨਹੀਂ ਸੀ। ਦੂਜਾ, ਜੋ ਲੋਕ ਸੰਤ ਜਰਨੈਲ ਸਿੰਘ ਦੇ ਕਿਰਦਾਰ ਨੂੰ ਤੁਅੱਸਬਾਂ ਤੋਂ ਮੁਕਤ ਹੋ ਕੇ ਪੜ੍ਹਨ ਤੇ ਸਮਝਣ ਦੀ ਰੁਚੀ ਰੱਖਦੇ ਸਨ ਉਨ੍ਹਾਂ ਲਈ ਇਸ ਨਿਰਣੇ 'ਤੇ ਅੱਪੜਨ ਵਿੱਚ ਰਤਾ ਵੀ ਮੁਸ਼ਕਲ ਨਹੀਂ ਸੀ ਰਹਿ ਗਈ ਕਿ ਸੰਤ ਭਿੰਡਰਾਂਵਾਲਾ ਯਕੀਨਨ ਹੀ ਇਕ 'ਵਿਸ਼ੇਸ਼ ਧਾਤ' ਦਾ ਬਣਿਆ ਹੋਇਆ ਵਿਅਕਤੀ ਸੀ ਜਿਸ ਵੱਲੋਂ ਕਿਸੇ ਡਰ ਜਾਂ ਯਰਕਾਵੇ ਅਤੇ ਲਾਲਚ ਜਾਂ ਬਹਿਕਾਵੇ 'ਚ ਆ ਕੇ, ਐਲਾਨੇ ਨਿਸ਼ਾਨੇ ਤੋਂ ਪਿੱਛੇ ਹਟ ਜਾਣ ਦੀ ਉੱਕਾ ਹੀ ਕੋਈ ਸੰਭਾਵਨਾ ਨਹੀਂ ਸੀ। ਇਸ ਤਰ੍ਹਾਂ ਇੰਦਰਾ ਗਾਂਧੀ ਤੇ ਜਰਨੈਲ ਸਿੰਘ, ਬੁਰਾਈ ਤੇ ਸੱਚਾਈ ਦੇ ਪ੍ਰਤੀਕਾਂ ਵਜੋਂ ਇਕ ਦੂਜੇ ਵਿਰੁੱਧ ਤਣ ਕੇ ਖਲੋ ਗਏ ਸਨ ਅਤੇ ਦੋਨਾਂ 'ਚੋਂ ਕਿਸੇ ਵੱਲੋਂ ਵੀ ਆਪਣੀ ਫ਼ਿਤਰਤ ਤੇ ਪੈਂਤੜੇ ਦਾ ਤਿਆਗ ਕਰ ਦੇਣ ਦੀਆਂ ਗੁੰਜਾਇਸ਼ਾਂ ਖ਼ਤਮ ਹੋਣ ਦੇ ਕਿਨਾਰੇ ਪਹੁੰਚ ਗਈਆਂ ਸਨ। ਜਦ ਹਾਲਤ ਇਹ ਬਣ ਜਾਵੇ ਤਾਂ ਇਤਿਹਾਸ ਅੰਦਰ ਇਨ੍ਹਾਂ ਉਲਟ-ਪੱਖੀ ਤਾਕਤਾਂ ਦੀ ਫ਼ੈਸਲਾਕੁੰਨ ਟੱਕਰ ਅਟੱਲ ਬਣ ਕੇ ਰਹਿ ਜਾਂਦੀ ਹੈ। ਮਨੁੱਖੀ ਇਤਿਹਾਸ ਅੰਦਰ ਤਵਾਰੀਖ਼ ਦੀ ਰਚਨਾ ਇਸ ਤਰ੍ਹਾਂ ਹੀ ਹੁੰਦੀ ਆਈ ਹੈ। 1984 ਦੀ ਗਰਮੀ ਦੀ ਰੁਤ ਸ਼ੁਰੂ ਹੁੰਦਿਆਂ ਹੀ ਇਸ ਹੋਣੀ ਦੇ ਬਹੁਤ ਹੀ ਕਰੀਬ ਆ ਬਹੁੜਨ ਦੇ ਆਸਾਰ ਸਾਫ਼ ਦਿਖਾਈ ਦੇਣ ਲੱਗ ਪਏ ਸਨ।

19 ਮਾਰਚ (1984) ਨੂੰ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਉੱਤੇ ਕਾਨੂੰਨੀ ਪਾਬੰਦੀ ਲਾ ਦੇਣ ਦਾ ਸਰਕਾਰੀ ਫ਼ੁਰਮਾਨ ਜਾਰੀ ਕਰ ਦਿੱਤਾ ਗਿਆ। 5 ਅਪ੍ਰੈਲ ਨੂੰ ਇਕ ਵਿਸ਼ੇਸ਼ ਫ਼ੁਰਮਾਨ ਰਾਹੀਂ ਸਾਰੇ ਪੰਜਾਬ ਨੂੰ 'ਗੜਬੜ ਵਾਲਾ ਖੇਤਰ' ਕਰਾਰ ਦੇ ਦਿੱਤਾ ਗਿਆ

ਅਤੇ ਕੌਮੀ ਸੁਰੱਖਿਆ ਕਾਨੂੰਨ (ਐਨ.ਐਸ.ਏ.) ਵਿੱਚ ਵਿਸ਼ੇਸ਼ ਤਰਮੀਮ ਕਰ ਕੇ ਇਸ ਦੇ ਦੰਦ ਹੋਰ ਤਿੱਖੇ ਕਰ ਦਿੱਤੇ ਗਏ। ਪੰਜਾਬ ਅੰਦਰ ਬੀ.ਐਸ.ਐਫ਼. ਤੇ ਸੀ.ਆਰ.ਪੀ. ਦੀਆਂ ਹੋਰ ਧਾੜਾਂ ਪਹੁੰਚ ਗਈਆਂ ਸਨ। ਅਪ੍ਰੈਲ ਦਾ ਮਹੀਨਾ ਚੜ੍ਹਦਿਆਂ ਹੀ ਕੇਂਦਰੀ ਨੀਮ-ਫ਼ੌਜੀ ਦਲਾਂ ਨੇ ਪੰਜਾਬ ਪੁਲਸ ਨੂੰ ਲਾਂਭੇ ਕਰ ਕੇ ਦਰਬਾਰ ਸਾਹਿਬ ਦੁਆਲੇ ਘੇਰਾ ਕੱਸਣਾ ਸ਼ੁਰੂ ਕਰ ਦਿੱਤਾ ਸੀ ਅਤੇ ਧਰਮਯੁੱਧ ਮੋਰਚੇ ਦੇ ਦੋ ਸਾਲਾਂ ਦੇ ਇਤਿਹਾਸ ਅੰਦਰ ਪਹਿਲੀ ਵਾਰ ਕਾਰ ਸੇਵਾ ਵਾਲੇ ਤੇ ਦਰਬਾਰ ਸਾਹਿਬ ਅੰਦਰ ਲੰਗਰ ਦੀ ਰਸਦ ਪੁਚਾਉਣ ਵਾਲੇ ਟਰੱਕਾਂ ਦੀ ਜਬਰੀ ਤਲਾਸ਼ੀ ਲੈਣੀ ਸ਼ੁਰੂ ਕਰ ਦਿੱਤੀ ਸੀ। ਅਪ੍ਰੈਲ ਦੇ ਆਖ਼ਰੀ ਹਫ਼ਤੇ ਕੇਂਦਰੀ ਨੀਮ-ਫ਼ੌਜੀ ਦਲਾਂ ਨੇ 'ਛੁਪੇ ਹੋਏ ਖਾੜਕੂਆਂ ਨੂੰ ਫੜਨ' ਦੇ ਬਹਾਨੇ ਮੋਗਾ ਸ਼ਹਿਰ ਦੇ ਅੰਦਰ ਤਿੰਨ ਗੁਰਦੁਆਰਿਆਂ ਨੂੰ ਕਸਵਾਂ ਘੇਰਾ ਪਾ ਕੇ ਆਮ ਸ਼ਰਧਾਲੂਆਂ ਤੋਂ ਲੈ ਕੇ ਪਾਠੀਆਂ ਤਕ, ਹਰ ਕਿਸੇ ਦਾ ਆਉਣ ਜਾਣ ਮੁਕੰਮਲ ਤੌਰ 'ਤੇ ਬੰਦ ਕਰ ਦਿੱਤਾ ਸੀ। ਹਫ਼ਤੇ ਭਰ ਤੋਂ ਵੀ ਵੱਧ ਚੱਲੀ ਇਸ ਘੇਰਾਬੰਦੀ ਦੌਰਾਨ ਰੋਹ 'ਚ ਆਏ ਸਿੱਖ ਸ਼ਰਧਾਲੂਆਂ ਉੱਤੇ ਪੁਲਸ ਨੇ ਅੰਨ੍ਹੇਵਾਹ ਗੋਲੀਆਂ ਦੀਆਂ ਬੁਛਾੜਾਂ ਕਰ ਕੇ ਅੱਧੀ ਦਰਜਨ ਦੇ ਕਰੀਬ ਸਿੱਖਾਂ ਨੂੰ ਕਤਲ ਕਰ ਦਿੱਤਾ ਸੀ। ਘਟਨਾਵਾਂ ਦੇ ਇਸ ਵਹਿਣ ਤੋਂ ਆਉਣ ਵਾਲੇ ਸਮੇਂ ਦੇ ਲੱਛਣ ਸਾਫ਼ ਪੜ੍ਹੇ ਜਾ ਸਕਦੇ ਸਨ ਅਤੇ ਛੇਤੀ ਹੀ ਵਾਪਰਨ ਜਾ ਰਹੇ ਕਿਸੇ ਵੱਡੇ ਭਾਣੇ ਦੀ ਪੈੜ-ਚਾਲ ਸਾਫ਼ ਸੁਣੀ ਜਾ ਸਕਦੀ ਸੀ।

ਉਧਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਸਮਰਥਕ ਸਿੱਖ ਜੁਝਾਰੂਆਂ ਨੇ ਵੀ ਬਰਾਬਰ ਆਪਣੇ ਮੋੜਵੇਂ ਮੋਰਚੇ ਖੋਲ੍ਹ ਦਿੱਤੇ ਹੋਏ ਸਨ। ਸਿੱਖ ਸਟੂਡੈਂਟਸ ਫ਼ੈਡਰੇਸ਼ਨ ਉੱਤੇ ਪਾਬੰਦੀ ਲਾਉਣ ਦੀ ਕਾਰਵਾਈ ਦੇ ਜੁਆਬ ਵਿੱਚ ਫ਼ੈਡਰੇਸ਼ਨ ਦੇ ਕਾਰਕੁੰਨਾਂ ਨੇ 15-16 ਅਪ੍ਰੈਲ ਦੀ ਵਿਚਕਾਰਲੀ ਰਾਤ ਨੂੰ ਇੱਕੋ ਹੱਲੇ ਵਿੱਚ ਪੰਜਾਬ ਅੰਦਰ ਤਿੰਨ ਦਰਜਨ ਤੋਂ ਵੱਧ ਰੇਲਵੇ ਸਟੇਸ਼ਨਾਂ ਨੂੰ ਅੱਗ ਲਾ ਦਿੱਤੀ ਸੀ। ਮਾਰਚ ਮਹੀਨੇ ਤੋਂ ਹੀ ਜਦ ਤੋਂ ਸੰਤ ਜਰਨੈਲ ਸਿੰਘ ਨੂੰ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦਾ ਅੰਦੇਸ਼ਾ ਹੋਣ ਲੱਗਾ ਸੀ, ਸਿੱਖ ਜੁਝਾਰੂਆਂ ਨੇ ਭਾਰਤੀ ਫ਼ੌਜ ਦੇ ਸਾਬਕਾ ਮੇਜਰ ਜਨਰਲ ਸੁਬੇਗ ਸਿੰਘ ਦੀ ਪ੍ਰਤਿਭਾਸ਼ੀਲ ਅਗਵਾਈ ਤੇ ਦੇਖ-ਰੇਖ ਹੇਠ ਦਰਬਾਰ ਸਾਹਿਬ ਦੇ ਸਮੁੱਚੇ ਖੇਤਰ ਦੀ ਤੇਜ਼ੀ ਨਾਲ ਮੋਰਚਾਬੰਦੀ ਕਰਨੀ ਸ਼ੁਰੂ ਕਰ ਦਿੱਤੀ ਹੋਈ ਸੀ। 17 ਅਪ੍ਰੈਲ ਨੂੰ ਭਾਈ ਸੁਰਿੰਦਰ ਸਿੰਘ ਸੋਢੀ ਦੇ ਕਤਲ ਅਤੇ ਸੰਤ ਭਿੰਡਰਾਂਵਾਲੇ ਦੇ ਹਮਾਇਤੀਆਂ ਵੱਲੋਂ ਇਸ ਦੇ ਜਵਾਬ ਵਿੱਚ ਕੀਤੀ ਮੋੜਵੀਂ ਕਾਰਵਾਈ ਨਾਲ ਦਰਬਾਰ ਸਾਹਿਬ ਸਮੂਹ ਅੰਦਰ ਹਾਲਤ ਬੇਹੱਦ ਤਣਾਅ ਵਾਲੀ ਬਣ ਗਈ ਸੀ। ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਹਮਾਇਤੀ ਧੜੇ ਦੀਆਂ ਸੰਤ ਭਿੰਡਰਾਂਵਾਲੇ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਪੁੱਠੀਆਂ ਪੈਣੀਆਂ ਸ਼ੁਰੂ ਹੋ ਗਈਆਂ ਸਨ। 28 ਅਪ੍ਰੈਲ ਨੂੰ ਸੰਤ ਲੌਂਗੋਵਾਲ ਦੇ ਕੈਂਪ 'ਚੋਂ ਵੱਡੀ ਗਿਣਤੀ 'ਚ ਸ਼੍ਰੋਮਣੀ ਕਮੇਟੀ ਮੈਂਬਰਾਂ ਤੇ ਅਕਾਲੀ ਕਾਰਕੁੰਨਾਂ ਨੇ ਖੁੱਲ੍ਹੇ ਰੂਪ ਵਿੱਚ ਆਪਣੀਆਂ ਸੇਵਾਵਾਂ ਸੰਤ ਭਿੰਡਰਾਂਵਾਲੇ ਨੂੰ ਅਰਪਤ ਕਰ ਦਿੱਤੀਆਂ ਸਨ।[50] 12 ਮਈ ਨੂੰ ਜਲੰਧਰ ਵਿਖੇ ਸਿੱਖ ਜੁਝਾਰੂਆਂ ਨੇ ਮਰਹੂਮ ਲਾਲਾ ਜਗਤ ਨਰਾਇਣ ਦੇ ਸਭ ਤੋਂ ਵੱਡੇ ਪੁੱਤਰ ਅਤੇ ਵਾਰਸ ਸ੍ਰੀ ਰਮੇਸ਼ ਚੰਦਰ ਨੂੰ ਚਿੱਟੇ ਦਿਨ ਗੋਲੀਆਂ ਨਾਲ ਭੁੰਨ ਦਿੱਤਾ ਸੀ ਜਿਸ ਦੇ ਪ੍ਰਤੀਕਰਮ ਵਿੱਚ ਹਿੰਦੂ ਹਜੂਮਾਂ ਨੇ ਸ਼ਹਿਰ ਅੰਦਰ ਸਿੱਖ ਵਰਗ ਨੂੰ ਆਪਣਾ ਚੁਣਵਾਂ ਨਿਸ਼ਾਨਾ ਬਣਾਉਂਦੇ ਹੋਏ ਵੱਡੀ ਪੱਧਰ 'ਤੇ ਭੰਨ-ਤੋੜ ਤੇ ਸਾੜ-ਫੂਕ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਸੀ। ਮਈ ਵਿੱਚ ਹੀ ਭਾਰਤ ਸਰਕਾਰ ਦੇ ਸੂਚਨਾ ਤੇ ਪਰਸਾਰ ਮਹਿਕਮੇ ਦੇ ਵੱਡੇ ਵਜ਼ੀਰ ਐਚ.ਕੇ.ਐਲ. ਭਗਤ ਨੇ ਦੇਸ ਭਰ ਦੇ ਸੰਪਾਦਕਾਂ ਨੂੰ ਵਾਰੋਵਾਰੀ ਦਿੱਲੀ ਸੱਦ ਕੇ, ਉਨ੍ਹਾਂ ਨੂੰ ਆਉਣ ਵਾਲੇ ਸਮੇਂ ਬਾਰੇ ਤੇ ਇਸ ਵਿੱਚ ਉਨ੍ਹਾਂ ਦੇ ਰੋਲ ਬਾਰੇ 'ਸਮਝਾਉਣ' ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੋਇਆ ਸੀ।

ਜਦ 26 ਮਈ ਨੂੰ ਦਿੱਲੀ ਆਈ.ਬੀ. (ਖ਼ੁਫ਼ੀਆ ਮਹਿਕਮਾ) ਦੇ ਗੈਸਟ ਹਾਊਸ ਅੰਦਰ ਅਕਾਲੀ ਆਗੂਆਂ ਦੀ ਤਿਕੜੀ (ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ: ਪ੍ਰਕਾਸ਼ ਸਿੰਘ ਬਾਦਲ ਤੇ ਸੁਰਜੀਤ ਸਿੰਘ ਬਰਨਾਲਾ) ਇੰਦਰਾ ਗਾਂਧੀ ਦੁਆਰਾ ਨਾਮਜ਼ਦ ਕੀਤੇ ਗਏ ਕੇਂਦਰ ਸਰਕਾਰ ਦੇ ਸੀਨੀਅਰ ਵਜ਼ੀਰਾਂ ਦੀ ਤਿਕੜੀ (ਪੀ.ਵੀ. ਨਰਸਿਮ੍ਹਾ ਰਾਓ, ਸ਼ਿਵ ਸ਼ੰਕਰ ਤੇ ਪ੍ਰਣਬ ਮੁਕਰਜੀ) ਨਾਲ ਆਪਣੀ ਵੱਲੋਂ ਵਧਵੀਂ ਹੱਦ ਤਕ ਲਿਫ਼ ਕੇ ਕੀਤੇ ਗਏ ਸਮਝੌਤੇ ਦੀਆਂ ਮੱਦਾਂ ਨੂੰ ਆਖ਼ਰੀ ਛੋਹਾਂ ਦੇ ਰਹੀ ਸੀ ਤਾਂ ਐਨ ਉਸੇ ਵੇਲੇ ਇੰਦਰਾ ਗਾਂਧੀ ਆਪਣੇ ਦਫ਼ਤਰ ਵਿੱਚ ਆਪਣੇ ਅਤੀ ਨਜ਼ਦੀਕੀ ਤੇ ਵਿਸ਼ਵਾਸਪਾਤਰ ਸਲਾਹਕਾਰਾਂ ਨਾਲ ਦਰਬਾਰ ਸਾਹਿਬ ਉੱਤੇ ਫ਼ੌਜੀ ਧਾਵਾ ਬੋਲਣ ਦੀਆਂ ਤਿਆਰੀਆਂ ਨੂੰ ਅੰਤਮ ਛੋਹਾਂ ਦੇਣ ਵਿੱਚ ਲੱਗੀ ਹੋਈ ਸੀ। ਅਕਾਲੀ ਆਗੂਆਂ ਦੀ ਤਾਂ ਗੱਲ ਛੱਡੋ, ਖ਼ੁਦ ਉਸ ਵੱਲੋਂ ਨਾਮਜ਼ਦ ਕੀਤੇ ਉਸ ਦੇ ਸੀਨੀਅਰ ਵਜ਼ੀਰਾਂ ਨੂੰ ਵੀ ਉਸ ਦੇ ਮਨ ਅੰਦਰ ਛੁਪੇ ਪਾਪ ਦਾ ਪੂਰਾ ਭੇਤ ਨਹੀਂ ਸੀ। ਇਸ ਕਰਕੇ ਉਹ ਭੋਲੇ-ਭਾਅ ਹੀ ਅਕਾਲੀ ਆਗੂਆਂ ਕੋਲੋਂ ਥੋੜ੍ਹੇ ਚਿਰ ਲਈ ਛੁੱਟੀ ਲੈ ਕੇ ਸਮਝੌਤੇ ਦੀਆਂ ਤੈਅ ਹੋਈਆਂ ਮੱਦਾਂ ਬਾਰੇ ਇੰਦਰਾ ਗਾਂਧੀ ਦੀ ਆਖ਼ਰੀ ਪ੍ਰਵਾਨਗੀ ਲੈਣ ਚਲੇ ਗਏ ਸਨ। ਉਨ੍ਹਾਂ ਨੂੰ ਉਮੀਦ ਨਾਲੋਂ ਕਿਤੇ ਘੱਟ ਸਮੇਂ ਦੇ ਅੰਦਰ ਹੀ ਵਾਪਸ ਮੁੜ ਆਏ ਦੇਖ ਕੇ ਇਕ ਵਾਰ ਤਾਂ ਅਕਾਲੀ ਆਗੂਆਂ ਦੀਆਂ ਅੱਖਾਂ ਅੰਦਰ ਸੁਖਾਵੀਂ ਆਸ ਦੀ ਚਮਕ ਪੈਦਾ ਹੋ ਉਠੀ ਸੀ। ਪਰ ਵਜ਼ੀਰ ਤਿਕੜੀ ਦੇ ਢਲਕੇ ਚਿਹਰੇ ਤੇ ਡੌਰ-ਭੌਰ ਅੱਖਾਂ ਕੁਝ ਹੋਰ ਹੀ ਕਹਾਣੀ ਕਹਿ ਰਹੀਆਂ ਸਨ। ਜਦ ਵਜ਼ੀਰ ਤਿਕੜੀ ਦੇ ਇਕ ਮੈਂਬਰ ਨੇ ਮੁਰਦਾ ਆਵਾਜ਼ ਵਿੱਚ ਇਹ ਲਫ਼ਜ਼ ਕਹੇ ਕਿ "ਮਾਫ਼ ਕਰਨਾ, ਮੈਡਮ ਮੰਨੀ ਨਹੀਂ" ਤਾਂ ਅਕਾਲੀ ਆਗੂਆਂ ਦੀ ਖ਼ਾਨਿਓਂ ਜਾਂਦੀ ਰਹੀ। ਉਨ੍ਹਾਂ ਦੇ ਹੱਥੋਂ ਉਮੀਦ ਦਾ ਆਖ਼ਰੀ ਤਿਣਕਾ ਵੀ ਛੁਟ ਗਿਆ ਸੀ ਅਤੇ ਉਨ੍ਹਾਂ 'ਘਰ ਦੇ ਬੁੱਧੂ ਲੌਟ ਕੇ ਆਏ' ਦੀ ਲੋਕ-ਕਹਾਵਤ ਨੂੰ ਸੱਚਾ ਕਰਦੇ ਹੋਏ ਹੱਥ ਝਾੜ ਕੇ ਵਾਪਸ ਅੰਮ੍ਰਿਤਸਰ ਨੂੰ ਚਾਲੇ ਪਾ ਦਿੱਤੇ।

ਦਰਬਾਰ ਸਾਹਿਬ ਪਹੁੰਚ ਕੇ ਜਥੇਦਾਰ ਟੌਹੜਾ ਨੇ ਜੋ ਹਾਲਤ ਤੱਕੀ, ਉਸ 'ਚੋਂ ਉਸ ਨੂੰ ਇਸ ਨਿਰਣੇ 'ਤੇ ਪਹੁੰਚਣ 'ਚ ਦਿੱਕਤ ਨਹੀਂ ਆਈ ਕਿ ਦਰਬਾਰ ਸਾਹਿਬ ਅੰਦਰ ਫ਼ੌਜੀ ਕਾਰਵਾਈ ਨੂੰ ਰੋਕ ਸਕਣਾ ਹੁਣ ਅਕਾਲੀ ਲੀਡਰਸ਼ਿਪ ਦੇ, ਜਾਂ ਇੰਦਰਾ ਗਾਂਧੀ ਤੇ ਸੰਤ ਜਰਨੈਲ ਸਿੰਘ ਤੋਂ ਬਿਨਾਂ ਹੋਰ ਕਿਸੇ ਦੇ ਵੀ, ਵੱਸ ਦੀ ਗੱਲ ਨਹੀਂ ਸੀ ਰਹਿ ਗਈ। ਕਿਉਂਕਿ ਇੰਦਰਾ ਗਾਂਧੀ ਨੇ ਦਰਬਾਰ ਸਾਹਿਬ ਉੱਤੇ ਹਮਲਾ ਕਰਨ ਦੀ ਪੱਕੀ ਠਾਣ ਰੱਖੀ ਹੋਈ ਸੀ ਤੇ ਸੰਤ ਜਰਨੈਲ ਸਿੰਘ ਨੇ ਇਸ ਦਾ ਸਿੱਖ ਰਵਾਇਤਾਂ ਮੁਤਾਬਕ ਡੱਟ ਕੇ ਟਾਕਰਾ ਕਰਨ ਦਾ ਪੱਕਾ ਨਿਸ਼ਚਾ ਕਰ ਰੱਖਿਆ ਹੋਇਆ ਸੀ। ਦੋਨਾਂ ਪਾਸਿਆਂ ਤੋਂ ਇਸ ਦਿਸ਼ਾ 'ਚ ਜ਼ੋਰਦਾਰ ਤਿਆਰੀਆਂ ਦੇ ਲੱਛਣ ਸਾਫ਼ ਨਜ਼ਰ ਆ ਰਹੇ ਸਨ। ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਉਸ ਦੇ ਹਮਖ਼ਿਆਲ ਅਕਾਲੀ ਆਗੂਆਂ ਨੇ ਤਾਂ ਇਸ ਹੋਣੀ ਨੂੰ ਲਗਭਗ ਕਬੂਲ ਹੀ ਕਰ ਲਿਆ ਸੀ ਅਤੇ ਆਪਣੇ ਮਨਾਂ ਅੰਦਰ ਹਮਲੇ ਤੋਂ ਬਾਅਦ ਦੀ ਹਾਲਤ ਬਾਰੇ ਰਾਜਸੀ ਤਰਕੀਬਾਂ ਦੇ ਧਾਗੇ ਬੁਣਨੇ ਸ਼ੁਰੂ ਕਰ ਦਿੱਤੇ ਹੋਏ ਸਨ (ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਛੱਡ ਕੇ ਇਸ ਧੜੇ ਦੇ ਪਹਿਲੀ ਕਤਾਰ ਦੇ ਬਾਕੀ ਸਾਰੇ ਆਗੂ, ਸ: ਬਾਦਲ, ਬਰਨਾਲਾ ਵਗ਼ੈਰਾ ਵਗ਼ੈਰਾ, ਆਪਣੇ ਘਰੀਂ ਜਾ ਬਿਰਾਜੇ ਸਨ) ਪਰ ਜਥੇਦਾਰ ਟੌਹੜਾ ਦਾ ਮਨ ਨਹੀਂ ਸੀ ਟਿਕ ਰਿਹਾ। ਉਸ ਨੂੰ ਇਸ ਮੰਦਹੋਣੀ ਨੂੰ ਕਿਸੇ ਨਾ ਕਿਸੇ ਰੂਪ 'ਚ ਟਾਲ ਸਕਣ ਦਾ ਆਖ਼ਰੀ ਤੋਂ ਅੱਗੇ ਇਕ ਹੋਰ ਆਖ਼ਰੀ ਯਤਨ ਅਜ਼ਮਾ ਦੇਖਣ ਦੀ ਅੱਚਵੀ ਲੱਗੀ ਪਈ ਸੀ। ਇਸੇ ਸਿਲਸਿਲੇ ਵਿੱਚ ਉਸ ਨੇ 30 ਮਈ ਨੂੰ ਗਵਰਨਰ ਬੀ.ਡੀ. ਪਾਂਡੇ ਦਾ ਜਾ ਕੁੰਡਾ ਖੜਕਾਇਆ। ਗਵਰਨਰ ਨੂੰ ਵੀ ਸ਼ਾਇਦ ਇੰਦਰਾ ਗਾਂਧੀ ਦੇ ਨਾਪਾਕ

ਇਰਾਦਿਆਂ ਦਾ ਪੂਰਾ ਗਿਆਨ ਨਹੀਂ ਸੀ ਅਤੇ ਉਹ ਅਜੇ ਵੀ ਸਮੱਸਿਆ ਦੇ 'ਰਾਜਸੀ ਹੱਲ' ਦੀਆਂ ਉਮੀਦਾਂ ਰੱਖ ਕੇ ਚੱਲ ਰਿਹਾ ਸੀ। ਇਸ ਤਰ੍ਹਾਂ ਗਵਰਨਰ ਪਾਂਡੇ ਤੇ ਜਥੇਦਾਰ ਟੌਹੜਾ 30 ਮਈ ਦੀ ਸ਼ਾਮ ਤਕ 'ਹਾਲਤ ਨੂੰ ਮੋੜਾ ਪਾ ਕੇ ਸੁਖਾਵੀਂ ਦਿਸ਼ਾ ਵੱਲ ਤੋਰਨ' ਦੇ ਢੰਗ ਤਰੀਕਿਆਂ ਬਾਰੇ ਗਹਿਰ-ਗੰਭੀਰ ਵਿਚਾਰਾਂ ਕਰ ਰਹੇ ਸਨ। ਹਾਲਾਂ ਕਿ ਹਾਲਤ ਜਿਸ ਨਾਜ਼ੁਕ ਪੜਾਅ 'ਤੇ ਪਹੁੰਚ ਚੁੱਕੀ ਸੀ, ਉਥੇ ਦੋਨਾਂ ਦੇ ਹੀ ਨਾ ਤਾਂ ਕੁਝ ਹੱਥ-ਵੱਸ ਸੀ ਤੇ ਨਾ ਹੀ ਕੁਛ ਹੱਥ-ਪੱਲੇ ਸੀ। ਅਗਲੇ ਦਿਨ ਸਵੇਰੇ ਹੀ ਜਥੇਦਾਰ ਟੌਹੜਾ ਸਿਧੇ ਸੰਤ ਜਰਨੈਲ ਸਿੰਘ ਕੋਲ ਪਹੁੰਚ ਗਏ ਅਤੇ ਹਾਲਤ ਨੂੰ 'ਸੁਖਾਵਾਂ ਮੋੜ ਦੇਣ ਲਈ' ਗਵਰਨਰ ਨਾਲ ਹੋਈ ਆਪਣੀ ਗੱਲਬਾਤ ਦਾ ਖ਼ੁਲਾਸਾ ਸੁਣਾਉਣ ਲੱਗ ਪਏ। ਸੰਤ ਜਰਨੈਲ ਸਿੰਘ ਨੇ ਆਪਣੀ ਆਦਤ ਮੁਤਾਬਕ ਠਰ੍ਹੰਮੇ ਤੇ ਪਿਆਰ ਨਾਲ ਜਥੇਦਾਰ ਨੂੰ ਹਾਲਤ ਦੀ 'ਏਨੀ ਜ਼ਿਆਦਾ ਚਿੰਤਾ ਨਾ ਕਰਨ' ਦੀ ਸਲਾਹ ਦਿੱਤੀ ਅਤੇ ਇਕ ਵਾਰ ਫਿਰ ਆਪਣਾ ਦਰਬਾਰ ਸਾਹਿਬ ਦੀ ਅਜ਼ਮਤ ਦੀ ਰਾਖੀ ਲਈ ਕੱਟ ਮਰਨ ਦਾ ਦ੍ਰਿੜ੍ਹ ਨਿਸ਼ਚਾ ਦੁਹਰਾਇਆ।[51]

•

# 20

# ਤੀਜਾ ਘੱਲੂਘਾਰਾ

ਇੰਦਰਾ ਗਾਂਧੀ ਨੇ ਬਹੁਤ ਚਿਰ ਪਹਿਲਾਂ ਹੀ ਆਪਣੇ ਨਜ਼ਦੀਕੀ ਸਲਾਹਕਾਰਾਂ ਨਾਲ ਰਾਇ-ਮਸ਼ਵਰਾ ਕਰ ਕੇ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲਾ ਕਰਨ ਦਾ ਨਿਰਣਾ ਕਰ ਲਿਆ ਹੋਇਆ ਸੀ। ਉਸ ਨੇ ਭਾਰਤੀ ਫ਼ੌਜ ਦੇ ਤਤਕਾਲੀਨ ਮੁਖੀ ਜਨਰਲ ਏ.ਐਸ. ਵੈਦਿਆ ਨੂੰ, ਕੋਈ ਸਾਢੇ ਪੰਜ ਮਹੀਨੇ ਪਹਿਲਾਂ, 15 ਜਨਵਰੀ ਨੂੰ ਸੈਨਾ ਦਿਵਸ ਦੇ ਮੌਕੇ ਆਪਣੇ ਇਸ ਫ਼ੈਸਲੇ ਦੀ ਸੂਹ ਦੇ ਦਿੱਤੀ ਸੀ।[1] ਉਸ ਤੋਂ ਝੱਟ ਹੀ ਬਾਅਦ ਪੱਛਮੀ ਕਮਾਨ ਦੀ ਪੈਰਾ ਬਰਗੇਡ ਡਿਵੀਜ਼ਨ ਦੀ ਫ਼ਸਟ ਬਟਾਲੀਅਨ ਦੇ ਕਮਾਂਡੋਆਂ ਨੂੰ ਚਕਰਾਤਾ (ਦੇਹਰਾਦੂਨ ਨੇੜੇ) ਤੇ ਸਰਸਾਵਾ (ਸਹਾਰਨਪੁਰ) ਵਿਖੇ ਵਿਸ਼ੇਸ਼ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ ਗਈ ਸੀ। ਉਨ੍ਹਾਂ ਨੂੰ ਦਰਬਾਰ ਸਾਹਿਬ ਸਮੂਹ ਨਾਲ ਮਿਲਦੀ-ਜੁਲਦੀ ਨਕਲੀ ਇਮਾਰਤ ਤਿਆਰ ਕਰ ਕੇ ਇਸ ਉੱਤੇ ਧਾਵਾ ਬੋਲਣ ਦਾ ਉਚੇਚਾ ਅਭਿਆਸ ਕਰਵਾਇਆ ਗਿਆ ਸੀ। ਹਮਲੇ ਦੀ ਮਿਥੀ ਹੋਈ ਤਰੀਕ ਨੇੜੇ ਢੁਕਦਿਆਂ ਹੀ ਜਨਰਲ ਏ.ਐਸ. ਵੈਦਿਆ ਨੂੰ, ਜੋ ਉਸ ਵੇਲੇ ਕਸ਼ਮੀਰ ਅੰਦਰ ਛੁੱਟੀਆਂ ਮਨਾ ਰਿਹਾ ਸੀ, ਫ਼ੌਰਨ ਦਿੱਲੀ ਸੱਦ ਲਿਆ ਗਿਆ। ਮਈ ਦੇ ਆਖ਼ਰੀ ਦਿਨਾਂ 'ਚ ਭਾਰਤੀ ਫ਼ੌਜ ਦੀਆਂ ਚੁਣਵੀਆਂ ਟੁਕੜੀਆਂ ਇਕ-ਇਕ ਕਰ ਕੇ ਅੰਮ੍ਰਿਤਸਰ ਪਹੁੰਚਣੀਆਂ ਸ਼ੁਰੂ ਹੋ ਗਈਆਂ ਸਨ। ਪੰਜਾਬ ਅੰਦਰ ਫ਼ੌਜ ਭੇਜਣ ਦੇ ਅਸਲੀ ਮੰਤਵ ਨੂੰ ਛੁਪਾਉਣ ਲਈ ਬਾਹਰੀ ਪ੍ਰਭਾਵ ਇਹ ਦਿੱਤਾ ਗਿਆ ਕਿ ਸਰਹੱਦੋਂ ਪਾਰ ਘੁਸਪੈਠ ਬੰਦ ਕਰਨ ਲਈ ਫ਼ੌਜ ਸਰਹੱਦ ਉੱਤੇ ਤੈਨਾਤ ਕਰਨ ਲਈ ਭੇਜੀ ਜਾ ਰਹੀ ਸੀ। ਪੱਛਮੀ ਕਮਾਨ ਦੀ ਆਹਲਾ ਦਰਜੇ ਦੀ ਤੋਪਖ਼ਾਨਾ ਡਵੀਜ਼ਨ 30 ਮਈ ਨੂੰ ਹੀ ਸੜਕ ਰਸਤੇ ਅੰਮ੍ਰਿਤਸਰ ਪਹੁੰਚ ਗਈ ਸੀ। ਹੈਦਰਾਬਾਦ ਤੇ ਰਾਂਚੀ ਤੋਂ ਚੋਣਵੇਂ ਫ਼ੌਜੀ ਦਸਤਿਆਂ ਨੂੰ ਹਵਾਈ ਜਹਾਜ਼ਾਂ ਦੇ ਜ਼ਰੀਏ ਅੰਮ੍ਰਿਤਸਰ ਢੋਇਆ ਗਿਆ। ਸਮੁੰਦਰੀ ਫ਼ੌਜ ਦੇ ਅੱਵਲ ਦਰਜੇ ਦੇ ਗੋਤਾਖ਼ੋਰ ਹਵਾਈ ਜਹਾਜ਼ ਰਾਹੀਂ ਬੰਬਈ ਤੋਂ ਅੰਮ੍ਰਿਤਸਰ ਪਹੁੰਚਾਏ ਗਏ। ਫ਼ੌਜ ਦੇ ਉਚੇਚੇ ਸਿਖਾਏ ਹੋਏ ਕੁੱਤੇ ਜੋਰਹਟ ਤੋਂ ਹਵਾਈ ਜਹਾਜ਼ ਰਾਹੀਂ ਅੰਮ੍ਰਿਤਸਰ ਭੇਜੇ ਗਏ। ਹਮਲੇ ਦੀ ਸਮੁੱਚੀ ਅਗਵਾਈ ਪੱਛਮੀ ਕਮਾਨ ਦੇ ਜਨਰਲ ਆਫ਼ੀਸਰ ਕਮਾਂਡਿੰਗ-ਇਨ-ਚੀਫ਼ ਕੇ. ਸੁੰਦਰਜੀ ਨੂੰ ਸੌਂਪੀ ਗਈ ਸੀ। ਪੱਛਮੀ ਕਮਾਨ ਦੇ ਚੀਫ਼ ਆਫ਼ ਸਟਾਫ਼ ਲੈਫ਼ਟੀਨੈਂਟ ਜਨਰਲ ਰਣਜੀਤ ਸਿੰਘ ਦਿਆਲ ਨੂੰ ਸਾਰੀ ਯੋਜਨਾ ਤੇ ਕਾਰਵਾਈ ਦਾ ਮੁੱਖ ਸੰਚਾਲਕ ਬਣਾਇਆ ਗਿਆ ਸੀ। ਦਰਬਾਰ ਸਾਹਿਬ ਉੱਤੇ ਫ਼ੌਜੀ ਹੱਲਾ ਬੋਲ ਕੇ ਕਬਜ਼ਾ ਜਮਾਉਣ ਦੀ ਮੁਹਿੰਮ ਦੀ ਅਗਵਾਈ ਵੀ ਮੇਜਰ ਜਨਰਲ ਕੁਲਦੀਪ ਸਿੰਘ ਬਰਾੜ ਨਾਂ ਦੇ ਇਕ ਮੋਨੇ ਸਿੱਖ ਨੂੰ ਸੌਂਪੀ ਗਈ ਸੀ। ਇਹ ਪਾਪ ਵੱਧ ਤੋਂ ਵੱਧ ਗਿਣਤੀ ਵਿੱਚ ਸਿੱਖ ਜਰਨੈਲਾਂ ਦੇ ਹੱਥੋਂ ਕਰਾਉਣ ਦਾ ਨਿਰਣਾ ਹਿੰਦੂ ਹਾਕਮਾਂ ਦੀ ਚਾਣਕੀਆ ਨੀਤੀ 'ਚੋਂ ਨਿਕਲਿਆ

ਸੀ, ਜਿਸ ਦਾ ਮਕਸਦ ਆਪਣੀ ਫ਼ਿਰਕੂ ਖ਼ਸਲਤ ਨੂੰ ਲੁਕੋਣਾ ਸੀ। ਦੂਜਾ, ਇਸ ਨਾਲ ਸਿੱਖਾਂ ਨੂੰ ਦੁਨੀਆ ਦੀਆਂ ਨਜ਼ਰਾਂ ਵਿੱਚ ਜਿੱਚ ਕਰਨਾ ਸੀ।

ਦੋ ਜੂਨ ਨੂੰ ਜਨਰਲ ਦਿਆਲ ਨੇ ਪੰਜਾਬ ਦੇ ਰਾਜਪਾਲ ਬੀ.ਡੀ. ਪਾਂਡੇ ਦੇ ਸਲਾਹਕਾਰ ਦਾ ਕਾਰਜ-ਭਾਗ ਸੰਭਾਲ ਲਿਆ। ਅਸਲ ਵਿੱਚ ਜਨਰਲ ਦਿਆਲ ਸਿਰਫ਼ ਕਹਿਣ ਨੂੰ ਹੀ 'ਸਲਾਹਕਾਰ' ਸੀ। ਸੱਚ ਇਹ ਸੀ ਕਿ ਪੰਜਾਬ ਨੂੰ ਪੂਰਨ ਤੌਰ 'ਤੇ, ਸਾਰੇ ਪੱਖਾਂ ਤੋਂ, ਫ਼ੌਜ ਦੇ ਹਵਾਲੇ ਕਰ ਦਿੱਤਾ ਗਿਆ ਸੀ ਅਤੇ ਜਨਰਲ ਦਿਆਲ ਇਸ ਫ਼ੌਜੀ ਰਾਜ ਦਾ ਪ੍ਰਮੁੱਖ ਨੁਮਾਇੰਦਾ ਤੇ ਕਰਤਾ-ਧਰਤਾ ਸੀ। ਰਾਜਪਾਲ ਪਹਿਲਾਂ ਵੀ ਸਿਰਫ਼ ਦਿਖਾਵੇ ਦਾ ਹੀ ਰਾਜਮੁਖੀ ਸੀ। ਪੰਜਾਬ ਸੰਬੰਧੀ ਵੱਡੀ ਤੋਂ ਲੈ ਕੇ ਛੋਟੀ, ਹਰ ਗੱਲ ਦਾ ਨਿਰਣਾ ਕੇਂਦਰ ਸਰਕਾਰ ਦੀ ਪੱਧਰ 'ਤੇ ਹੀ ਕੀਤਾ ਜਾਂਦਾ ਸੀ, ਅਤੇ ਅਗਾਂਹ ਇਸ ਮਾਮਲੇ 'ਚ 'ਕੇਂਦਰ ਸਰਕਾਰ' ਵੀ ਇੰਦਰਾ ਗਾਂਧੀ ਤੇ ਉਸ ਦੀ ਛੋਟੀ ਜਿਹੀ ਸਲਾਹਕਾਰ ਜੁੰਡਲੀ ਤਕ ਸਿਮਟ ਕੇ ਰਹਿ ਗਈ ਸੀ, ਪੰਜਾਬ ਬਾਰੇ ਹਰ ਗੱਲ ਇਸ ਜੁੰਡਲੀ ਦੀ ਪੱਧਰ 'ਤੇ ਹੀ ਵਿਚਾਰੀ ਤੇ ਲਾਗੂ ਕੀਤੀ ਜਾਂਦੀ ਸੀ। ਜਨਰਲ ਦਿਆਲ ਵੱਲੋਂ ਆਪਣਾ ਬਾਕਾਇਦਾ ਅਹੁਦਾ ਸੰਭਾਲ ਲੈਣ ਨਾਲ ਪੰਜਾਬ ਦਾ ਸਾਰੇ ਦਾ ਸਾਰਾ ਪ੍ਰਬੰਧਕੀ ਢਾਂਚਾ ਫ਼ੌਜ ਦੇ ਸਿੱਧੇ ਕੰਟਰੋਲ ਹੇਠ ਚਲਾ ਗਿਆ ਸੀ।

ਦੋ ਜੂਨ ਦੀ ਸ਼ਾਮ ਨੂੰ ਇੰਦਰਾ ਗਾਂਧੀ ਨੇ ਬਿਨਾਂ ਅਗਾਊਂ ਐਲਾਨ ਕੀਤਿਆਂ ਆਲ ਇੰਡੀਆ ਰੇਡੀਓ ਤੋਂ ਦੇਸ ਦੀ ਜਨਤਾ ਨੂੰ ਸੰਬੋਧਨ ਕੀਤਾ। ਉਸ ਨੇ ਜਜ਼ਬਾਤੀ ਲਹਿਜੇ 'ਚ ਸਿੱਖ ਕੌਮ ਦੇ ਸੰਘਰਸ਼ ਸਦਕਾ ਦੇਸ ਦੇ ਸਾਹਮਣੇ ਪੈਦਾ ਹੋਈ 'ਨਾਜ਼ਕ' ਤੇ 'ਭਿਆਨਕ' ਸਥਿਤੀ ਦੀ ਕਰੁਣਾਮਈ ਤਸਵੀਰ ਪੇਸ਼ ਕੀਤੀ ਅਤੇ ਇਸ ਦਾ ਸਾਰਾ ਦੋਸ਼ ਅਕਾਲੀ ਆਗੂਆਂ ਦੇ ਸਿਰ ਮੜ੍ਹਿਆ। ਸਿੱਖ ਕੌਮ ਨੂੰ ਤੇ ਇਸ ਦੇ ਆਗੂਆਂ ਨੂੰ ਸੰਸਾਰ ਦੇ ਲੋਕਾਂ ਦੀਆਂ ਨਜ਼ਰਾਂ 'ਚ ਦੋਸ਼ੀ ਸਾਬਤ ਕਰਨ ਲਈ, ਉਸ ਨੇ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਅਤੇ ਕੋਰਾ ਝੂਠ ਬੋਲਣ ਤੋਂ ਰਤੀ ਸੰਕੋਚ ਨਾ ਕੀਤਾ। ਇਸ ਨੰਗੇ ਤੱਥ ਦੇ ਬਾਵਜੂਦ ਕਿ ਉਹ ਤਿੰਨ ਸਾਲਾਂ ਤੋਂ ਅਕਾਲੀ ਆਗੂਆਂ ਦੀਆਂ ਸਮਝੌਤੇ ਦੀਆਂ ਸਿਰ-ਤੋੜ ਕੋਸ਼ਿਸ਼ਾਂ ਨੂੰ ਮੱਕਾਰੀ ਨਾਲ ਟਰਕਾਉਂਦੀ ਤੇ ਠੁਕਰਾਉਂਦੀ ਆ ਰਹੀ ਸੀ ਅਤੇ ਅਜੇ ਸਿਰਫ਼ ਸੱਤ ਦਿਨ ਪਹਿਲਾਂ ਹੀ ਉਹ ਅਕਾਲੀ ਲੀਡਰਸ਼ਿਪ ਦੇ ਸਮਝੌਤੇ ਦੇ ਆਖ਼ਰੀ ਤਰਲੇ ਦਾ ਬੇਰਹਿਮੀ ਨਾਲ ਘਾਤ ਕਰ ਕੇ ਹਟੀ ਸੀ, ਉਸ ਵੱਲੋਂ ਆਪਣੇ ਆਪ ਨੂੰ 'ਸੱਚ ਪੁੱਤਰੀ' ਵਜੋਂ ਪੇਸ਼ ਕਰਨ ਤੇ ਅਕਾਲੀ ਆਗੂਆਂ ਨੂੰ 'ਝੂਠੇ ਤੇ ਬੇਪਰਤੀਤੇ' ਸਾਬਤ ਕਰਨ ਦੇ ਪੁਰਜ਼ੋਰ ਯਤਨ ਕੀਤੇ ਗਏ। ਉਸ ਵੇਲੇ ਵੀ ਜਦ ਉਸ ਦੇ ਸਿੱਧੇ ਹੁਕਮਾਂ ਉੱਤੇ ਪੰਜਾਬ ਨੂੰ ਫ਼ੌਜ ਨੇ ਆਪਣੀ ਮੌਤ-ਜੱਫੀ ਵਿੱਚ ਲੈ ਲਿਆ ਹੋਇਆ ਸੀ ਅਤੇ ਫ਼ੌਜੀ ਹਮਲੇ ਦੀ ਯੋਜਨਾ ਉੱਤੇ ਬਾਕਾਇਦਾ ਅਮਲ ਸ਼ੁਰੂ ਹੋ ਚੁੱਕਾ ਸੀ, ਉਸ ਨੇ ਮਸਲੇ ਨੂੰ "ਗੱਲਬਾਤ ਰਾਹੀਂ ਹੱਲ ਕਰਨ" ਦੀ ਝੂਠੀ ਇੱਛਾ ਤੇ ਪੇਸ਼ਕਸ਼ ਦਾ ਦੰਭ ਕਰਨ ਤੋਂ ਗੁਰੇਜ਼ ਨਾ ਕੀਤਾ। ਅਖੇ "ਇਸ ਅੰਤਮ ਘੜੀ ਉੱਤੇ ਵੀ ਮੈਂ ਅਕਾਲੀਆਂ ਨੂੰ ਬੇਨਤੀ ਕਰਦੀ ਹਾਂ ਕਿ ਉਹ ਆਪਣਾ ਅੰਦੋਲਨ ਠੱਪ ਕਰ ਦੇਣ ਅਤੇ ਸਾਡੇ ਦੁਆਰਾ ਸੁਝਾਏ ਗਏ ਸ਼ਾਂਤਮਈ ਸਮਝੌਤੇ ਦੇ ਚੌਖਟੇ ਨੂੰ ਪਰਵਾਨ ਕਰ ਲੈਣ।"[2] ਉਹ ਔਰਤ ਜਿਸਦਾ ਸਮੁੱਚਾ ਰਾਜਸੀ ਕਾਰੋਬਾਰ ਹੀ ਨਫ਼ਰਤ ਦੀਆਂ ਬੁਨਿਆਦਾਂ 'ਤੇ ਟਿਕਿਆ ਹੋਇਆ ਸੀ, ਜਿਸ ਨੇ ਤਿੰਨ ਸਾਲਾਂ ਤੋਂ ਪੰਜਾਬ ਨੂੰ ਲਹੂ ਵਿੱਚ ਡੋਬਣ ਦੀ ਕੋਈ ਕਸਰ ਨਹੀਂ ਸੀ ਛੱਡੀ ਅਤੇ ਜਿਸ ਦੇ ਮਨ ਅੰਦਰ ਪੰਜਾਬ ਵਿੱਚ ਲਹੂ ਦੇ ਹੋਰ ਵੱਡੇ ਵਹਿਣ ਵਹਾਉਣ ਦੀ ਕੁਲਹਿਣੀ ਸੋਚ ਤੇ ਤਾਂਘ ਮਚਲ ਰਹੀ ਸੀ, ਉਸ ਨੇ ਆਪਣੇ ਭਾਸ਼ਣ ਦਾ ਤੋੜਾ ਇਨ੍ਹਾਂ ਸ਼ਬਦਾਂ ਨਾਲ ਝਾੜਿਆ: "ਖ਼ੂਨ ਮੱਤ ਡੋਹਲੋ, ਨਫ਼ਰਤ ਤਿਆਗੋ!"

ਇੰਦਰਾ ਗਾਂਧੀ ਦੇ ਭਾਸ਼ਣ ਦਾ ਪ੍ਰਸਾਰਨ ਖ਼ਤਮ ਹੁੰਦਿਆਂ ਹੀ ਰੇਡੀਓ ਤੋਂ ਪੰਜਾਬ ਸੰਬੰਧੀ ਕੁਝ ਵਿਸ਼ੇਸ਼ ਐਲਾਨ ਤੇ ਫ਼ੁਰਮਾਨ ਪ੍ਰਸਾਰਤ ਹੋਣੇ ਸ਼ੁਰੂ ਹੋ ਗਏ। ਪੰਜਾਬ ਨੂੰ 'ਗੜਬੜ ਵਾਲਾ ਇਲਾਕਾ' ਤਾਂ ਪਹਿਲਾਂ ਹੀ ਕਰਾਰ ਦਿੱਤਾ ਜਾ ਚੁੱਕਾ ਸੀ। ਵਿਸ਼ੇਸ਼ ਫ਼ੁਰਮਾਨਾਂ ਰਾਹੀਂ ਇਸ ਦੇ ਪੇਚ ਹੋਰ ਕੱਸ ਦਿੱਤੇ ਗਏ। ਪੰਜਾਬ ਅੰਦਰ ਤੁਰੰਤ ਸਾਰੀ ਰੇਲ ਤੇ ਸੜਕੀ ਆਵਾਜਾਈ ਠੱਪ ਕਰ ਦਿੱਤੀ ਗਈ। ਫ਼ੌਜੀ ਗੱਡੀਆਂ ਤੋਂ ਬਿਨਾਂ ਬਾਕੀ ਹਰ ਕਿਸਮ ਦੇ ਵਾਹਨਾਂ ਉੱਤੇ, ਗੇੜ੍ਹਿਆਂ ਤੋਂ ਲੈ ਕੇ ਸਾਈਕਲਾਂ ਤਕ ਵੀ, ਸਖ਼ਤ ਪਾਬੰਦੀਆਂ ਆਇਦ ਕਰ ਦਿੱਤੀਆਂ ਗਈਆਂ। ਲੋਕਾਂ ਨੂੰ ਕੱਚੇ ਰਸਤਿਆਂ 'ਤੇ ਚੱਲਣ ਤੋਂ ਵੀ ਮਨ੍ਹਾਂ ਕਰ ਦਿੱਤਾ ਗਿਆ। ਡਾਕ-ਤਾਰ ਤੇ ਦੂਰ-ਸੰਚਾਰ ਸੇਵਾਵਾਂ ਪੂਰਨ ਤੌਰ 'ਤੇ ਫ਼ੌਜ ਦੇ ਕੰਟਰੋਲ ਵਿਚ ਦੇ ਦਿੱਤੀਆਂ ਗਈਆਂ। ਪੰਜਾਬ ਨੂੰ ਬਾਕੀ ਦੇਸ ਨਾਲੋਂ, ਅੰਮ੍ਰਿਤਸਰ ਨੂੰ ਬਾਕੀ ਪੰਜਾਬ ਨਾਲੋਂ ਤੇ ਦਰਬਾਰ ਸਾਹਿਬ ਨੂੰ ਬਾਕੀ ਸ਼ਹਿਰ ਨਾਲੋਂ, ਪੂਰੀ ਤਰ੍ਹਾਂ ਨਿਖੇੜ ਕੇ ਸੀਲ ਕਰ ਦਿੱਤਾ ਗਿਆ। ਸਭਨਾਂ ਬਦੇਸੀ ਪੱਤਰਕਾਰਾਂ ਨੂੰ ਪੰਜਾਬ ਤੋਂ ਬਾਹਰ ਕੱਢ ਦਿੱਤਾ ਗਿਆ। ਪੰਜਾਬ ਉੱਤੇ ਦੋ ਮਹੀਨਿਆਂ ਲਈ ਕਰੜਾ ਸੈਂਸਰ ਲਾਗੂ ਕਰ ਦਿੱਤਾ ਗਿਆ ਜਿਸ ਦੇ ਸਿੱਟੇ ਵਜੋਂ ਪੰਜਾਬ ਦੇ ਸਾਰੇ ਪ੍ਰਮੁੱਖ ਅਖ਼ਬਾਰਾਂ ਨੇ ਕੁਝ ਦਿਨਾਂ ਲਈ ਆਪਣੀ ਪ੍ਰਕਾਸ਼ਨਾ ਠੱਪ ਕਰ ਦਿੱਤੀ। ਅਜਿਹੀਆਂ ਸਾਹ-ਘੁਟਵੀਆਂ ਪਾਬੰਦੀਆਂ ਪੰਜਾਬ ਦੇ ਲੋਕਾਂ ਨੇ ਇਤਿਹਾਸ ਅੰਦਰ ਨਾ ਪਹਿਲਾਂ ਕਦੇ ਦੇਖੀਆਂ ਸਨ ਨਾ ਸੁਣੀਆਂ ਸਨ।

ਕੇਂਦਰ ਸਰਕਾਰ ਦੇ ਨੀਮ-ਫ਼ੌਜੀ ਹਥਿਆਰਬੰਦ ਬਲਾਂ (ਬੀ.ਐਸ.ਐਫ਼., ਸੀ.ਆਰ.ਪੀ., ਆਈ.ਟੀ.ਬੀ.ਪੀ.ਆਦਿ) ਨੇ ਕੁਝ ਦਿਨ ਪਹਿਲਾਂ ਹੀ ਦਰਬਾਰ ਸਾਹਿਬ ਦੇ ਇਰਦ-ਗਿਰਦ ਇਮਾਰਤਾਂ ਉੱਤੇ ਆਪਣੇ ਪੱਕੇ ਮੋਰਚੇ ਬਣਾਉਣੇ ਸ਼ੁਰੂ ਕਰ ਦਿੱਤੇ ਹੋਏ ਸਨ। ਪਹਿਲੀ ਜੂਨ ਨੂੰ ਉਨ੍ਹਾਂ ਆਪਣੇ ਇਨ੍ਹਾਂ ਮੋਰਚਿਆਂ 'ਚੋਂ ਦਰਬਾਰ ਸਾਹਿਬ ਸਮੂਹ ਉੱਤੇ ਅੱਠ ਘੰਟੇ ਲਗਾਤਾਰ ਅੰਧਾਧੁੰਦ ਗੋਲੀਬਾਰੀ ਕੀਤੀ। ਇਸ ਗੋਲੀਬਾਰੀ ਦਾ ਇਕ ਉਦੇਸ਼ ਜੁਝਾਰੂ ਸਿੰਘਾਂ ਨੂੰ ਭੈਭੀਤ ਕਰਨਾ ਸੀ। ਦੂਜਾ, ਉਨ੍ਹਾਂ ਨੂੰ ਜੁਆਬੀ ਗੋਲੀਬਾਰੀ ਲਈ ਉਕਸਾ ਕੇ ਉਨ੍ਹਾਂ ਦੀ ਹਕੀਕੀ ਤਾਕਤ ਦਾ ਸਹੀ ਅੰਦਾਜ਼ਾ ਲਾਉਣਾ ਤੇ ਉਨ੍ਹਾਂ ਦੇ ਮੋਰਚਿਆਂ ਦੀ ਨਿਸ਼ਾਨਦੇਹੀ ਕਰਨਾ ਸੀ। ਪਰ ਜੁਝਾਰੂ ਸਿੰਘ ਫ਼ੌਜੀ ਵਿਦਿਆ ਤੋਂ ਏਨੇ ਕੋਰੇ ਨਹੀਂ ਸਨ ਕਿ ਦੁਸ਼ਮਣ ਦੀ ਇਸ ਚਾਲ ਵਿਚ ਫਸ ਜਾਂਦੇ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਪੜ੍ਹਾਏ ਤੇ ਜਨਰਲ ਸੁਬੇਗ ਸਿੰਘ ਦੇ ਸਿਖਾਏ ਸਿੰਘਾਂ ਨੇ ਦੁਸ਼ਮਣ ਦੀ ਇਸ ਭੜਕਾਹਟ ਦੇ ਜੁਆਬ ਵਿਚ ਮੁਕੰਮਲ ਚੁੱਪ ਸਾਧੀ ਰੱਖੀ। ਨੀਮ ਫ਼ੌਜੀ ਬਲਾਂ ਦੀ ਇਸ ਅੰਧਾਧੁੰਦ ਗੋਲੀਬਾਰੀ ਨਾਲ ਦਰਬਾਰ ਸਾਹਿਬ ਸਮੂਹ ਅੰਦਰ ਇੱਕ ਮਾਸੂਮ ਬੱਚੇ ਤੇ ਬਿਰਧ ਔਰਤ ਸਮੇਤ ਅੱਧੀ ਦਰਜਨ ਤੋਂ ਵੱਧ ਸਿੱਖ ਸ਼ਰਧਾਲੂਆਂ ਦੀ ਮੌਤ ਹੋ ਗਈ ਅਤੇ ਹਰਿਮੰਦਰ ਸਾਹਿਬ ਉੱਤੇ 32 ਥਾਵਾਂ 'ਤੇ ਗੋਲੀਆਂ ਦੇ ਡੂੰਘੇ ਨਿਸ਼ਾਨ ਪੈ ਗਏ।[3] ਇਸ ਗੋਲੀਬਾਰੀ ਦੀ ਖ਼ਬਰ ਸੁਣਦਿਆਂ ਹੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਤੁਰੰਤ (ਦੋ ਜੂਨ) ਦਰਬਾਰ ਸਾਹਿਬ ਪਹੁੰਚ ਗਏ। ਪਰ ਹੋਰ ਕਿਸੇ ਵੀ ਵੱਡੇ ਅਕਾਲੀ ਆਗੂ ਨੇ, ਇਹ ਖ਼ਬਰਾਂ ਸੁਣ ਲੈਣ ਦੇ ਬਾਵਜੂਦ, ਹਾਲਤਾਂ ਦੇ ਤੇਵਰ ਵੱਲ ਦੇਖਦਿਆਂ ਹੋਇਆਂ ਦਰਬਾਰ ਸਾਹਿਬ ਪਹੁੰਚਣਾ ਜ਼ਰੂਰੀ ਜਾਂ ਸਿਆਣਪ ਭਰਿਆ ਨਾ ਸਮਝਿਆ।

3 ਜੂਨ ਨੂੰ ਪੰਜਵੇਂ ਪਾਤਸ਼ਾਹ ਦਾ ਸ਼ਹੀਦੀ ਪੁਰਬ ਸੀ। ਪੰਜਾਬ ਤੇ ਨਾਲ ਲਗਵੇਂ ਰਾਜਾਂ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਦਰਸ਼ਨ ਇਸ਼ਨਾਨ ਕਰਨ ਲਈ ਦਰਬਾਰ ਸਾਹਿਬ ਪਹੁੰਚੀਆਂ ਹੋਈਆਂ ਸਨ। 500 ਤੋਂ ਵੱਧ ਅਕਾਲੀ ਵਰਕਰ ਮੋਰਚੇ 'ਚ ਗ੍ਰਿਫ਼ਤਾਰੀਆਂ ਦੇਣ ਲਈ ਪੁੱਜੇ ਹੋਏ ਸਨ। ਸੈਂਕੜਿਆਂ ਦੀ ਗਿਣਤੀ 'ਚ ਬੰਗਲਾਦੇਸ਼ੀ ਮੁਸਲਮਾਨ ਤੇ ਅਜਿਹੇ ਹੋਰ ਬੇਸਹਾਰਾ ਲੋਕ ਸਨ, ਜਿਨ੍ਹਾਂ ਨੇ ਗੁਰੂ ਦੇ ਘਰ ਅੰਦਰ ਸ਼ਰਨ

ਲੈ ਰੱਖੀ ਹੋਈ ਸੀ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੈਂਕੜੇ ਕਰਮਚਾਰੀ ਤੇ ਸੇਵਾਦਾਰ ਸਨ ਜਿਨ੍ਹਾਂ 'ਚੋਂ ਬਹੁਤੇ ਆਪਣੇ ਪਰਿਵਾਰਾਂ ਸਮੇਤ ਦਰਬਾਰ ਸਾਹਿਬ ਦੇ ਅਹਾਤੇ ਅੰਦਰ ਆਪਣੇ ਪੱਕੇ ਰਿਹਾਇਸ਼ੀ ਟਿਕਾਣਿਆਂ ਵਿੱਚ ਰਹਿ ਰਹੇ ਸਨ। ਹੋਰ ਕਿੰਨੇ ਹੀ ਯਾਤਰੂ ਸਨ ਜੋ ਰਾਤ ਕੱਟਣ ਲਈ ਸਰਾਂ ਅੰਦਰ ਠਹਿਰੇ ਹੋਏ ਸਨ। ਇਸ ਗੱਲ ਦਾ ਕਿਸੇ ਨੂੰ ਚਿਤ ਚੇਤਾ ਵੀ ਨਹੀਂ ਸੀ ਕਿ ਭਾਰਤ ਸਰਕਾਰ ਨੇ ਦਰਬਾਰ ਸਾਹਿਬ ਉੱਤੇ ਹਮਲਾ ਕਰਨ ਦੀ ਇਕ ਭਿਆਨਕ ਤੇ ਖ਼ੂਨੀ ਤਿਆਰੀ ਕਰ ਰੱਖੀ ਹੋਈ ਸੀ ਅਤੇ ਇਸ ਘਿਨਾਉਣੇ ਕਰਮ ਲਈ ਉਨ੍ਹਾਂ ਸ਼ਾਂਤੀ ਦੇ ਪੁੰਜ ਪੰਜਵੇਂ ਪਾਤਸ਼ਾਹ ਦੇ ਸ਼ਹੀਦੀ ਪੁਰਬ ਦਾ ਪਵਿੱਤਰ ਦਿਹਾੜਾ ਚੁਣ ਰੱਖਿਆ ਹੋਇਆ ਸੀ। 3 ਜੂਨ ਦੀ ਸ਼ਾਮ ਨੂੰ ਜਦ ਫ਼ੌਜ ਨੇ ਦਰਬਾਰ ਸਾਹਿਬ ਦੁਆਲੇ ਮੌਤ ਵਰਗਾ ਕਸਵਾਂ ਘੇਰਾ ਘੱਤ ਲਿਆ ਅਤੇ ਸਾਰੇ ਪੰਜਾਬ ਅੰਦਰ 36 ਘੰਟਿਆਂ ਲਈ ਲੰਮਾ ਤੇ ਸਖ਼ਤ ਕਰਫ਼ਿਊ ਲਾ ਦਿੱਤਾ ਅਤੇ ਲੋਕਾਂ ਦੇ ਘਰੋਂ ਬਾਹਰ ਨਿਕਲਣ ਉੱਤੇ ਕਰੜੀਆਂ ਬੰਦਸ਼ਾਂ ਲਾ ਦਿੱਤੀਆਂ ਗਈਆਂ ਤਾਂ ਉਸ ਵੇਲੇ ਤਕ ਵੀ ਦਰਬਾਰ ਸਾਹਿਬ ਅੰਦਰ ਘਿਰੇ ਸਿੱਖ ਸ਼ਰਧਾਲੂਆਂ, ਅਕਾਲੀ ਵਰਕਰਾਂ ਤੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ/ਸੇਵਾਦਾਰਾਂ ਨੂੰ ਇਹ ਯਕੀਨ ਨਹੀਂ ਸੀ ਆ ਰਿਹਾ ਕਿ ਉਹ ਮੌਤ ਦੇ ਪੰਜੇ 'ਚ ਫਸ ਗਏ ਹਨ ਅਤੇ ਇਸ 'ਚੋਂ ਬਚ ਕੇ ਨਿਕਲ ਸਕਣਾ ਉਨ੍ਹਾਂ ਲਈ ਆਸਾਨ ਨਹੀਂ ਸੀ ਰਹਿ ਗਿਆ।

3 ਜੂਨ ਦੀ ਰਾਤ ਪੈਂਦਿਆਂ ਹੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਦੀਆਂ ਇਮਾਰਤਾਂ ਉੱਤੇ ਨੀਮ-ਫ਼ੌਜੀ ਦਸਤਿਆਂ ਦੁਆਰਾ ਕਾਇਮ ਕੀਤੇ ਗਏ ਸਾਰੇ ਮੋਰਚਿਆਂ ਅੰਦਰ ਬਿਹਾਰ ਰਜਮੈਂਟ ਦੀ ਬਾਰ੍ਹਵੀਂ ਬਟਾਲੀਅਨ ਦੇ ਜਵਾਨਾਂ ਨੇ ਪੋਜ਼ੀਸ਼ਨਾਂ ਮੱਲ ਲਈਆਂ। ਚਾਰ ਜੂਨ ਨੂੰ ਅੰਮ੍ਰਿਤ ਵੇਲੇ ਜਦ ਦਰਬਾਰ ਸਾਹਿਬ ਅੰਦਰ ਆਸਾ ਦੀ ਵਾਰ ਦਾ ਕੀਰਤਨ ਚੱਲ ਰਿਹਾ ਸੀ ਤਾਂ ਚਾਰ ਵਜੇ ਦੇ ਕਰੀਬ ਫ਼ੌਜੀ ਮਸ਼ੀਨਗੰਨਾਂ ਨੇ ਅਚਾਨਕ ਅੱਗ ਉਗਲਣੀ ਸ਼ੁਰੂ ਕਰ ਦਿੱਤੀ। ਰਾਤ ਦੇ ਹਨੇਰੇ ਵਿੱਚ ਅੱਗੇ-ਅੱਗੇ ਰੋਸ਼ਨੀ ਦੀ ਲੀਕ ਪਾਉਂਦੇ ਚਾਨਣੀ ਗੋਲੇ (ਟਰੇਸਰ ਬੁਲਿਟਸ) ਤੇ ਪਿੱਛੇ-ਪਿੱਛੇ ਆਰ.ਸੀ.ਐਲ. ਦੇ ਗੋਲਿਆਂ ਨੇ ਅਸਮਾਨ ਅੰਦਰ ਲਾਂਬੂ ਲਾ ਦਿੱਤੇ ਸਨ। ਚਾਰ ਜੂਨ ਦੀ ਸਾਰੀ ਦਿਹਾੜੀ ਗੋਲਿਆਂ ਤੇ ਗੋਲੀਆਂ ਦੀ ਅੱਗ ਵਰ੍ਹਦੀ ਰਹੀ। ਦੁਪਹਿਰ ਸਾਢੇ ਬਾਰਾਂ ਵਜੇ ਦੇ ਕਰੀਬ ਸਰਾਂ ਵਾਲੇ ਬੰਨੇ ਪਾਣੀ ਵਾਲੀ ਵੱਡੀ ਟੈਂਕੀ ਅੰਦਰ ਤੋਪ ਦੇ ਗੋਲੇ ਨਾਲ ਵੱਡਾ ਮਘੋਰਾ ਖੁੱਲ੍ਹ ਗਿਆ ਜਿਸ ਨਾਲ ਦਰਬਾਰ ਸਾਹਿਬ ਦੇ ਅਹਾਤੇ ਅੰਦਰ ਪਾਣੀ ਦੀ ਸਪਲਾਈ ਠੱਪ ਹੋ ਗਈ। ਨਾਲ ਹੀ, ਦਰਬਾਰ ਸਾਹਿਬ ਨੂੰ ਬਿਜਲੀ ਦੀ ਸਪਲਾਈ ਵੀ ਕੱਟ ਦਿੱਤੀ ਗਈ। ਸ਼੍ਰੋਮਣੀ ਕਮੇਟੀ ਦਾ ਜਨਰੇਟਰ ਵੀ ਗੋਲਾਬਾਰੀ ਨਾਲ ਨਕਾਰਾ ਹੋ ਗਿਆ ਸੀ। ਅਗਲੀ ਰਾਤ ਤੇ ਉਸ ਤੋਂ ਅਗਲਾ (5 ਜੂਨ) ਸਾਰਾ ਦਿਨ ਲਗਾਤਾਰ ਦਰਬਾਰ ਸਾਹਿਬ ਉੱਤੇ ਗੋਲੀਆਂ ਦਾ ਮੀਂਹ ਵਰ੍ਹਦਾ ਰਿਹਾ। ਉਸ ਵੇਲੇ ਤਕ ਫ਼ੌਜ ਦਾ ਮੁੱਖ ਜ਼ੋਰ ਜੁਝਾਰੂ ਸਿੰਘਾਂ ਦੇ ਛੱਤਾਂ ਉਪਰਲੇ ਨੰਗੇ ਮੋਰਚਿਆਂ ਨੂੰ ਨਸ਼ਟ ਕਰਨ ਉੱਤੇ ਲੱਗਾ ਰਿਹਾ। ਪੰਜ ਜੂਨ ਦੀ ਸ਼ਾਮ ਤਕ ਫ਼ੌਜ ਨੇ ਟੈਂਪਲ ਵਿਊ ਹੋਟਲ, ਬ੍ਰਹਮ ਬੂਟਾ ਅਖਾੜਾ ਤੇ ਪਰਕਰਮਾ ਦੀ ਘੰਟਾ ਘਰ ਵਾਲੀ ਬਾਹੀ ਉੱਪਰ ਛੱਤਾਂ 'ਤੇ ਬਣਾਏ ਲਗਭਗ ਸਾਰੇ ਮੋਰਚੇ ਨਸ਼ਟ ਕਰ ਦਿੱਤੇ ਸਨ। ਅਠਾਰ੍ਹਵੀਂ ਸਦੀ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਦੌਰਾਨ ਉਸਾਰੇ ਗਏ ਇਤਿਹਾਸਿਕ ਬੁੰਗਿਆਂ ਦੀਆਂ ਟੀਸੀਆਂ ਤੋਪਾਂ ਦੇ ਗੋਲਿਆਂ ਨਾਲ ਠੀਕਰੀ-ਠੀਕਰੀ ਹੋ ਗਈਆਂ ਸਨ।

ਸਿੱਖ ਜੁਝਾਰੂਆਂ ਦੇ ਨੰਗੇ ਟਿਕਾਣਿਆਂ ਨੂੰ ਨਸ਼ਟ ਕਰ ਦੇਣ ਤੋਂ ਬਾਅਦ ਫ਼ੌਜ ਨੇ 5 ਜੂਨ ਦੀ ਰਾਤ ਨੂੰ ਦਰਬਾਰ ਸਾਹਿਬ ਅੰਦਰ ਦਾਖ਼ਲ ਹੋ ਕੇ ਅਕਾਲ ਤਖ਼ਤ ਉੱਤੇ ਕਬਜ਼ਾ ਜਮਾਉਣ ਦੀ ਆਪਣੀ ਪੂਰਵ-ਉਲੀਕੀ ਯੋਜਨਾ ਉੱਤੇ ਕਾਰਵਾਈ ਸ਼ੁਰੂ ਕਰ ਦਿੱਤੀ। ਫ਼ੌਜ

ਦੇ ਉਚ-ਕੋਟੀ ਦੇ ਜਰਨੈਲਾਂ ਤੇ ਮਾਹਰਾਂ ਦੁਆਰਾ ਡੂੰਘੀ ਸੋਚ-ਵਿਚਾਰ ਤੋਂ ਬਾਅਦ ਤਿਆਰ ਕੀਤੀ ਗਈ ਇਸ ਯੋਜਨਾ ਅਨੁਸਾਰ ਫ਼ੌਜ ਨੇ ਆਪਣੇ ਅੱਵਲ ਦਰਜੇ ਦੇ ਕਮਾਂਡੋਆਂ, ਜਿਨ੍ਹਾਂ ਨੂੰ ਇਸ ਮਕਸਦ ਲਈ ਚਕਰਾਤਾ ਤੇ ਸਸਰਾਵਾਂ ਵਿਖੇ ਉਚੇਚੀ ਸਿਖਲਾਈ ਦਿੱਤੀ ਗਈ ਸੀ, ਦੀ ਮਦਦ ਨਾਲ ਦਰਬਾਰ ਸਾਹਿਬ ਦੀ ਪਰਕਰਮਾ ਅੰਦਰ ਇੱਕੋ ਮੌਕੇ ਦੋ ਪਾਸਿਆਂ ਤੋਂ ਦਾਖ਼ਲ ਹੋਣਾ ਸੀ। ਸਭ ਤੋਂ ਉੱਤਮ ਗਿਣੇ ਜਾਂਦੇ '10 ਗਾਰਡਜ਼' (ਦਸਵੀਂ ਬਟਾਲੀਅਨ) ਦੇ ਕਮਾਂਡੋਆਂ ਨੇ ਘੰਟਾ ਘਰ ਵਾਲੇ ਪਾਸੇ ਤੋਂ ਮੁੱਖ ਦੁਆਰ ਰਾਹੀਂ ਪਰਕਰਮਾ ਅੰਦਰ ਦਾਖ਼ਲ ਹੋ ਕੇ ਅਕਾਲ ਤਖ਼ਤ ਤਕ ਪਹੁੰਚਣ ਲਈ ਰਾਹ ਸਾਫ਼ ਕਰਨਾ ਸੀ। ਜੁਝਾਰੂ ਸਿੰਘਾਂ ਦਾ ਧਿਆਨ ਦੋ ਥਾਈਂ ਵੰਡਣ ਦੀ ਰਣਨੀਤੀ ਤਹਿਤ ਮਦਰਾਸ ਰਜਮੈਂਟ ਦੀ 26ਵੀਂ ਬਟਾਲੀਅਨ ਦੇ ਦਸਤਿਆਂ ਨੂੰ ਮੰਜੀ ਸਾਹਿਬ ਵਾਲੇ ਪਾਸੇ ਤੋਂ ਪਰਕਰਮਾ ਅੰਦਰ ਦਾਖ਼ਲ ਹੋ ਕੇ ਅਕਾਲ ਤਖ਼ਤ ਤਕ ਪਹੁੰਚਣ ਦਾ ਰਾਹ ਪੱਧਰਾ ਕਰਨ ਦੀ ਜ਼ੁੰਮੇਵਾਰੀ ਸੌਂਪੀ ਗਈ ਸੀ। ਗੜ੍ਹਵਾਲ ਰਜਮੈਂਟ ਦੀ ਨੌਵੀਂ ਬਟਾਲੀਅਨ ਨੂੰ ਦੱਖਣ ਵਾਲੇ ਪਾਸੇ ਤੋਂ ਸ਼ਹੀਦਾਂ ਵਾਲੇ ਗੇਟ ਰਾਹੀਂ ਪਰਕਰਮਾ ਅੰਦਰ ਦਾਖ਼ਲ ਹੋਣ ਲਈ ਤੈਨਾਤ ਕੀਤਾ ਗਿਆ ਸੀ। ਕੁਮਾਊਂ ਰਜਮੈਂਟ ਦੀ ਨੌਵੀਂ ਬਟਾਲੀਅਨ ਨੇ ਸਰਾਂ ਵਾਲੇ ਸਮੁੱਚੇ ਖੇਤਰ ਨੂੰ ਕਬਜ਼ੇ ਵਿੱਚ ਲੈਣਾ ਸੀ। ਅਕਾਲ ਤਖ਼ਤ ਉੱਤੇ ਫ਼ੌਜ ਦਾ ਕਬਜ਼ਾ ਹੋ ਜਾਣ ਦੀ ਸੂਰਤ ਵਿੱਚ ਸਪੈਸ਼ਲ ਫ਼ਰੰਟੀਅਰ ਫ਼ੋਰਸ ਨੂੰ ਅਕਾਲ ਤਖ਼ਤ ਅੰਦਰੋਂ ਅਸਲਾ ਤੇ ਹਥਿਆਰ ਬਰਾਮਦ ਕਰਨ ਲਈ ਤਿਆਰ ਰੱਖਿਆ ਗਿਆ ਸੀ। ਨੰਬਰ 16 ਰਸਾਲੇ ਦੇ ਦਰਜਨ ਤੋਂ ਵੱਧ ਵਿਜੰਤਾ ਟੈਂਕ 7.62 ਮਿ.ਮੀ. ਮਸ਼ੀਨਗੰਨਾਂ ਦੇ ਗੋਲੇ ਦਾਗਣ ਲਈ ਦਰਬਾਰ ਸਾਹਿਬ ਦੇ ਆਲੇ-ਦੁਆਲੇ ਯੁਧਨੀਤਕ ਟਿਕਾਣਿਆਂ ਉੱਤੇ ਤੈਨਾਤ ਕੀਤੇ ਗਏ ਸਨ। ਦੋ ਚੇਤਕ ਹੈਲੀਕਾਪਟਰ ਨੂੰ ਦਰਬਾਰ ਸਾਹਿਬ ਉੱਤੇ ਨੀਵੀਆਂ ਉਡਾਰੀਆਂ ਭਰ ਕੇ ਮੋਰਚਿਆਂ ਵਿਚਲੇ ਫ਼ੌਜੀ ਜਵਾਨਾਂ ਨੂੰ ਕੰਟਰੋਲ ਰੂਮ ਦੇ ਜ਼ਰੀਏ ਸਿੰਘਾਂ ਦੇ ਮੋਰਚਿਆਂ ਦੀ ਠੀਕ-ਠੀਕ ਜਾਣਕਾਰੀ ਦੇਣ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਠੀਕ ਨਿਸ਼ਾਨਿਆਂ ਉੱਤੇ ਚੋਟ ਕਰਨ ਵਿੱਚ ਮਦਦ ਕਰਨ ਲਈ ਤਿਆਰ ਰੱਖਿਆ ਹੋਇਆ ਸੀ।

ਕਾਗਜ਼ਾਂ ਉੱਤੇ ਤਿਆਰ ਕੀਤੀ ਯੋਜਨਾ ਦੇ ਅਨੁਸਾਰ ਅਕਾਲ ਤਖ਼ਤ ਸਾਹਿਬ ਉੱਤੇ ਚੌਤਰਫ਼ਾ ਹੱਲਾ ਬੋਲਣ ਦੀ ਇਹ ਫ਼ੌਜੀ ਕਾਰਵਾਈ ਰਾਤ ਦੇ ਦਸ ਵਜੇ ਸ਼ੁਰੂ ਕੀਤੀ ਜਾਣੀ ਸੀ ਅਤੇ ਰਾਤ ਦੇ ਇਕ ਵਜੇ ਤਕ ਉਪਰੇਸ਼ਨ ਦਾ ਪਹਿਲਾ ਪੜਾਅ (ਜੁਝਾਰੂ ਸਿੰਘਾਂ ਦੀ ਲੜਾਕੂ ਸ਼ਕਤੀ ਨੂੰ ਮੁਕੰਮਲ ਤੌਰ 'ਤੇ ਨਕਾਰਾ ਕਰ ਦੇਣ) ਪੂਰਾ ਕਰ ਲੈਣ ਦਾ ਨਿਸ਼ਾਨਾ ਮਿਥਿਆ ਗਿਆ ਸੀ। ਉਸ ਤੋਂ ਬਾਅਦ ਰਾਤ ਦੇ ਹਨੇਰੇ ਵਿੱਚ ਹੀ ਮੁਰਦਾ ਲਾਸ਼ਾਂ ਨੂੰ ਸੰਭਾਲਣ, ਜਿਊਂਦੇ ਜੀਆਂ ਨੂੰ ਗ੍ਰਿਫ਼ਤਾਰ ਕਰਨ ਅਤੇ ਸਾਰੇ ਅਹਾਤੇ ਦੀ ਭਰਵੀਂ ਤਲਾਸ਼ੀ ਲੈਣ ਦਾ ਅਮਲ ਸ਼ੁਰੂ ਹੋਣਾ ਸੀ। 6 ਜੂਨ ਦਾ ਸੂਰਜ ਚੜ੍ਹਨ ਤੋਂ ਪਹਿਲਾਂ ਪਹਿਲਾਂ ਸਾਰਾ ਉਪਰੇਸ਼ਨ ਮੁਕੰਮਲ ਕਰ ਕੇ ਭਾਰਤੀ ਫ਼ੌਜ ਦੀ 'ਜਿੱਤ' ਦੇ ਜਸ਼ਨ ਮਨਾਏ ਜਾਣੇ ਸਨ।[4]

ਫ਼ੌਜੀ ਦ੍ਰਿਸ਼ਟੀ ਤੋਂ ਦੇਖਿਆਂ ਇਹ ਟੱਕਰ ਸਰਾਸਰ ਬੇਮੇਚੀ ਸੀ। ਨਫ਼ਰੀ ਦੇ ਹਿਸਾਬ ਨਾਲ ਅਤੇ ਅਸਲੇ ਤੇ ਹਥਿਆਰਾਂ ਦੀ ਕੁਆਲਟੀ ਪੱਖੋਂ ਕੋਈ ਮੁਕਾਬਲਾ ਨਹੀਂ ਸੀ। ਇਕ ਪਾਸੇ ਦੁਨੀਆ ਦੀਆਂ ਸ਼ਕਤੀਸ਼ਾਲੀ ਫ਼ੌਜਾਂ 'ਚੋਂ ਗਿਣੀ ਜਾਂਦੀ ਭਾਰਤੀ ਫ਼ੌਜ ਸੀ, ਜਿਸ ਕੋਲ ਟੈਂਕ, ਬਖਤਰਬੰਦ ਗੱਡੀਆਂ, ਹਵਾਈ ਜਹਾਜ਼, ਹੈਲੀਕਾਪਟਰ ਅਤੇ ਭਾਰੀ ਤੋਪਖ਼ਾਨਾ ਸੀ। ਭਾਰਤੀ ਫ਼ੌਜ ਦੀਆਂ ਕੁੱਲ ਮਿਲਾ ਕੇ ਸੱਤ ਡਿਵੀਜ਼ਨਾਂ ਨੂੰ ਲੜਾਈ ਲਈ ਲਾਮਬੰਦ ਕੀਤਾ ਗਿਆ ਸੀ। ਇਕੱਲੇ ਦਰਬਾਰ ਸਾਹਿਬ ਉੱਤੇ ਹਮਲੇ ਦੀ ਕਾਰਵਾਈ ਵਿੱਚ ਹੀ ਘੱਟੋ-ਘੱਟ 15 ਹਜ਼ਾਰ ਫ਼ੌਜੀ ਜਵਾਨ ਸਿੱਧਾ ਹਿੱਸਾ ਲੈ ਰਹੇ ਸਨ।[5] ਜ਼ਮੀਨੀ ਲਸ਼ਕਰ ਦੀ ਮਦਦ ਲਈ ਸਮੁੰਦਰੀ ਤੇ ਹਵਾਈ ਫ਼ੌਜ ਦੇ ਵੀ ਕੁਝ ਅੰਗ ਹਰਕਤ ਵਿੱਚ ਲਿਆਂਦੇ ਗਏ ਸਨ।

ਭਾਰਤੀ ਫ਼ੌਜ ਕੋਲ ਉੱਤਮ ਅਸਲੇ ਤੇ ਹਥਿਆਰਾਂ ਤੋਂ ਇਲਾਵਾ ਆਹਲਾ ਦਰਜੇ ਦੇ ਸਾਧੇ ਹੋਏ ਜਰਨੈਲ ਸਨ। ਵਾਧੇ ਦੀ ਗੱਲ ਇਹ ਕਿ ਸਮੁੱਚੀ ਸਰਕਾਰੀ ਮਸ਼ੀਨਰੀ ਫ਼ੌਜ ਦੀ ਸੇਵਾ ਵਿੱਚ ਹਾਜ਼ਰ ਸੀ। ਦੂਜੇ ਪਾਸੇ ਗਿਣਤੀ ਦੇ ਜੁਝਾਰੂ ਸਿੰਘ ਸਨ (ਜਿਨ੍ਹਾਂ ਦੀ ਨਫ਼ਰੀ ਕਿਸੇ ਵੀ ਤਰ੍ਹਾਂ ਡੇਢ ਸੈਂਕੜੇ ਤੋਂ ਵੱਧ ਨਹੀਂ ਸੀ) ਅਤੇ ਉਨ੍ਹਾਂ ਕੋਲ ਉਂਗਲਾਂ ਤੇ ਗਿਣਨ ਜੋਗੀਆਂ ਹਲਕੀਆਂ ਮਸ਼ੀਨਗੰਨਾਂ ਸਨ। ਦਰਮਿਆਨੀ ਜਾਂ ਭਾਰੀ ਮਸ਼ੀਨਗੰਨ ਇਕ ਵੀ ਨਹੀਂ ਸੀ। ਨਾਂ-ਮਾਤਰ ਰਾਕਟ ਲਾਂਚਰ ਸਨ। ਬਾਕੀ ਸਾਧਾਰਨ ਕਿਸਮ ਦੀਆਂ ਰਾਈਫ਼ਲਾਂ ਤੇ ਹੱਥ ਗੋਲਿਆਂ (ਗਰਨੇਡ) ਤੋਂ ਬਿਨਾਂ ਉਨ੍ਹਾਂ ਕੋਲ ਹੋਰ ਕੋਈ ਹਥਿਆਰ ਨਹੀਂ ਸਨ। ਪਰ ਇਸ ਫ਼ੌਜੀ ਪੱਖ ਦੀ ਕਮਜ਼ੋਰੀ ਦੀ ਤੁਲਨਾ ਵਿੱਚ ਜੁਝਾਰੂ ਸਿੰਘਾਂ ਦੇ ਨੈਤਿਕ ਪੱਖ ਵਾਲਾ ਪਲੜਾ ਕਿਤੇ ਵੱਧ ਵਜ਼ਨਦਾਰ ਸੀ। ਭਾਰਤੀ ਫ਼ੌਜ ਕਹਿਣ ਨੂੰ ਭਾਵੇਂ ਦੇਸ ਦੇ ਹਿਤਾਂ ਦੀ ਰੱਖਿਆ ਦੀ ਲੜਾਈ ਲੜ ਰਹੀ ਸੀ ਪਰ ਅਸਲੀਅਤ ਵਿੱਚ ਉਹ ਦੇਸ ਦੇ ਨਹੀਂ, ਦੇਸ ਦੇ ਧਿੰਗਾਣੇ ਹਾਕਮਾਂ ਦੇ ਪੱਖ ਦੀ ਲੜਾਈ ਲੜ ਰਹੀ ਸੀ। ਇਹ ਪੱਖ ਪੁੱਜ ਕੇ ਝੂਠਾ ਤੇ ਬੇਨਿਆਈਂ ਸੀ। ਇਸ ਦੀ ਤੁਲਨਾ ਵਿੱਚ ਸਿੱਖ ਜੁਝਾਰੂ ਜਿਸ ਕਾਜ ਲਈ ਲੜ ਰਹੇ ਸਨ ਉਹ ਸੱਚਾ ਤੇ ਨਿਆਈਂ ਸੀ। ਉਹ ਆਪਣੇ ਧਰਮ ਤੇ ਸਭਿਆਚਾਰ ਦੀ ਰਾਖੀ ਲਈ ਲੜ ਰਹੇ ਸਨ, ਕਿਸੇ ਦੇ ਧਰਮ ਤੇ ਸਭਿਆਚਾਰ ਨੂੰ ਉਜਾੜਨ ਲਈ ਨਹੀਂ। ਉਹ ਆਪਣੇ ਹੱਕਾਂ ਦੀ ਰਾਖੀ ਲਈ ਲੜ ਰਹੇ ਸਨ, ਕਿਸੇ ਦੇ ਹੱਕਾਂ ਨੂੰ ਲਿਤਾੜਨ ਲਈ ਨਹੀਂ। ਉਨ੍ਹਾਂ ਅੰਦਰ ਲੜਨ ਦਾ ਨਿਸ਼ਕਾਮ ਜਜ਼ਬਾ ਸੀ, ਜੂਝ ਮਰਨ ਦਾ ਦ੍ਰਿੜ੍ਹ ਨਿਸ਼ਚਾ ਸੀ ਅਤੇ ਆਪਣੇ ਗੁਰੂ ਦੇ ਚਰਨਾਂ ਵਿੱਚ ਸ਼ਹੀਦ ਹੋ ਜਾਣ ਦਾ ਨਿਰਮਲ ਚਾਉ ਸੀ। ਇਸ ਕਰਕੇ ਸਿੰਘਾਂ ਨੇ ਆਪਣੀ ਮੂਲੋਂ ਹੀ ਥੋੜੀ ਨਫ਼ਰੀ ਤੇ ਮਾੜੇ ਹਥਿਆਰਾਂ ਦੇ ਬਾਵਜੂਦ ਭਾਰਤੀ ਫ਼ੌਜ ਦੇ ਹੱਲੇ ਨੂੰ ਬੁਰੀ ਤਰ੍ਹਾਂ ਪਛਾੜ ਕੇ ਰੱਖ ਦਿੱਤਾ। ਫ਼ੌਜੀ ਜਰਨੈਲ ਜਿਸ ਲੜਾਈ ਨੂੰ ਦੋ ਜਾਂ ਹੱਦ ਤਿੰਨ ਘੰਟਿਆਂ ਦੇ ਅੰਦਰ ਸਮੇਟ ਦੇਣ ਦੀ ਖ਼ੁਸ਼ਫ਼ਹਿਮੀ ਪਾਲੀ ਬੈਠੇ ਸਨ, ਉਹ ਉਮੀਦ ਨਾਲੋਂ ਕਿਤੇ ਵੱਧ ਲਮਕਵੀਂ ਤੇ ਜੋਖਮ ਭਰੀ ਸਾਬਤ ਹੋਈ। ਜਨਰਲ ਕੁਲਦੀਪ ਸਿੰਘ ਬਰਾੜ ਨੇ ਸਿੰਘਾਂ ਦੇ ਹੌਸਲੇ ਤੋੜਨ ਤੇ ਮੋਰਚੇ ਨਸ਼ਟ ਕਰਨ ਲਈ ਕਈ ਬਦਲਵੀਆਂ ਪੈਂਤੜਾ ਚਾਲਾਂ ਚੱਲੀਆਂ। ਪਰ ਜੁਝਾਰੂ ਸਿੰਘਾਂ ਦੀ ਕਹਿਰ ਵਰਸਾਉਂਦੀ ਜੁਆਬੀ ਗੋਲਾਬਾਰੀ ਉੱਤੇ ਕਾਬੂ ਪਾਉਣ ਦੀ ਪੂਰਵ-ਉਲੀਕੀ ਜਾਂ ਬਦਲਵੀਂ ਕੋਈ ਵੀ ਚਾਲ ਅਸਰਦਾਰ ਸਾਬਤ ਨਾ ਹੋਈ। ਫ਼ੌਜੀ ਕਮਾਂਡੋਆਂ ਦੀਆਂ ਚਕਰਾਤਾ ਵਿਖੇ ਮਹੀਨਿਆਂ ਬੱਧੀ ਕੀਤੀਆਂ ਮਸ਼ਕਾਂ ਉੱਕਾ ਹੀ ਬੇਫ਼ਾਇਦਾ ਬਣ ਕੇ ਰਹਿ ਗਈਆਂ। ਦੋ ਘੰਟਿਆਂ ਦੇ ਅੰਦਰ-ਅੰਦਰ ਅਕਾਲ ਤਖ਼ਤ ਉੱਤੇ ਕਬਜ਼ਾ ਕਰ ਲੈਣ ਦਾ ਟੀਚਾ ਤਾਂ ਦੂਰ ਰਿਹਾ, ਦੋ ਘੰਟਿਆਂ ਤਕ ਫੰਨੇ ਖਾਂ ਕਹੇ ਜਾਂਦੇ '10 ਗਾਰਡਜ਼' ਦੇ ਕਮਾਂਡੋ ਪਰਕਰਮਾ ਦੇ ਅੰਦਰ ਕਦਮ ਧਰਨ ਵਿੱਚ ਵੀ ਸਫਲ ਨਾ ਹੋ ਸਕੇ। ਮੁੱਖ ਦੁਆਰ ਦੀਆਂ ਪੌੜੀਆਂ ਹੀ ਉਨ੍ਹਾਂ ਲਈ ਮੌਤ ਦਾ ਖੂਹ ਬਣ ਕੇ ਰਹਿ ਗਈਆਂ। ਹਲਕੀਆਂ/ਭਾਰੀਆਂ ਸਭ ਮਸ਼ੀਨਗੰਨਾਂ ਤੇ ਤੋਪਾਂ ਗੋਲੇ ਵਰਸਾ-ਵਰਸਾ ਕੇ ਹੰਭ ਗਈਆਂ। ਦਰਬਾਰ ਸਾਹਿਬ ਉੱਤੇ ਨੀਵੀਆਂ ਉਡਾਰੀਆਂ ਭਰ ਕੇ ਫ਼ੌਜੀ ਜਵਾਨਾਂ ਨੂੰ ਸਿੰਘਾਂ ਦੇ ਮੋਰਚਿਆਂ ਦੀਆਂ ਸੂਹਾਂ ਦੇ ਰਹੇ ਚੇਤਕ ਹੈਲੀਕਾਪਟਰ ਵੀ ਛਿੱਥੇ ਪੈ ਗਏ। ਪਰ ਫ਼ੌਜੀ ਟੁਕੜੀਆਂ ਦੀ ਅਕਾਲ ਤਖ਼ਤ ਵੱਲ ਵਧਣ ਦੀ ਕੋਈ ਕੋਸ਼ਿਸ਼ ਸਫਲ ਨਾ ਹੋ ਸਕੀ। ਜਨਰਲ ਬਰਾੜ ਦਾ ਵਿਚਾਰ ਸੀ ਕਿ ਉਹ ਜ਼ਮੀਨ ਤੇ ਅਸਮਾਨ ਨੂੰ ਕਾਂਬਾ ਛੇੜ ਦੇਣ ਵਾਲੇ 'ਸਟੱਨ ਗਰਨੇਡਾਂ' ਨਾਲ ਜੁਝਾਰੂ ਸਿੰਘਾਂ ਦੇ ਦਿਲਾਂ ਅੰਦਰ ਹੌਲ ਪਾ ਦੇਵੇਗਾ। ਪਰ ਸਿੰਘਾਂ ਨੇ ਇਨ੍ਹਾਂ 'ਸਟੱਨ ਗਰਨੇਡਾਂ' ਨੂੰ ਦੀਵਾਲੀ ਦੇ ਪਟਾਕਿਆਂ ਤੋਂ ਵੱਧ ਨਹੀਂ ਜਾਣਿਆ। ਛੇਆਂ ਘੰਟਿਆਂ ਦੀਆਂ ਜੀਅ-ਤੋੜ ਕੋਸ਼ਿਸ਼ਾਂ ਦੇ ਬਾਵਜੂਦ ਅਤੇ ਕਲਪਨਾ ਨਾਲੋਂ ਕਿਤੇ ਵੱਧ ਜਾਨੀ ਨੁਕਸਾਨ ਕਰਾ ਬੈਠਣ ਤੋਂ ਬਾਅਦ ਵੀ ਫ਼ੌਜ ਦਾ ਅਕਾਲ ਤਖ਼ਤ ਵੱਲ ਵਧਣਾ ਮੁਹਾਲ

ਬਣਿਆ ਰਿਹਾ। ਕੋਈ ਛੇ ਘੰਟੇ ਬੀਤ ਜਾਣ ਤੋਂ ਬਾਅਦ ਜਦ ਫ਼ੌਜੀ ਜਰਨੈਲਾਂ ਨੂੰ ਪਹੁ ਫੁਟ ਜਾਣ ਦਾ ਅਤੇ ਦਿਨ ਦੇ ਚਿੱਟੇ ਚਾਨਣ ਵਿੱਚ ਆਪਣੀ ਨਾਕਾਮੀ ਦੇ ਜੱਗ-ਜ਼ਾਹਰ ਹੋ ਜਾਣ ਦਾ ਡਰਾਉਣਾ ਖ਼ਿਆਲ ਸਤਾਉਣ ਲੱਗਾ ਤਾਂ ਉਨ੍ਹਾਂ 6 ਜੂਨ ਦੀ ਲੋਅ ਪਾਟਣ ਤੋਂ ਪਹਿਲਾਂ ਸਵੇਰ ਦੇ ਚਾਰ ਵਜੇ ਮੰਜੀ ਸਾਹਿਬ ਵਾਲੇ ਪਾਸਿਓਂ ਇਕ ਬਖਤਰਬੰਦ ਗੱਡੀ (SKOT OT64) ਪਰਕਰਮਾ ਅੰਦਰ ਉਤਾਰੀ। ਉਨ੍ਹਾਂ ਨੂੰ ਪੱਕਾ ਯਕੀਨ ਸੀ ਕਿ ਸਿੰਘ ਇਸ ਗੱਡੀ ਨੂੰ ਦੇਖਦਿਆਂ ਹੀ ਭੈਅ ਭੀਤ ਹੋ ਉਠਣਗੇ ਅਤੇ ਇਸ ਬਖਤਰਬੰਦ ਗੱਡੀ ਦਾ ਉਹ ਵਾਲ ਵੀ ਵਿੰਗਾ ਨਹੀਂ ਕਰ ਸਕਣਗੇ। ਪਰ ਬਖਤਰਬੰਦ ਗੱਡੀ ਅਜੇ ਪਰਕਰਮਾ ਦੇ ਅੱਧ ਵਿੱਚ ਸ਼ਹੀਦਾਂ ਵਾਲੇ ਗੇਟ ਦੇ ਸਾਹਮਣੇ ਹੀ ਪਹੁੰਚੀ ਸੀ ਕਿ ਸਿੰਘਾਂ ਵੱਲੋਂ ਨਿਸ਼ਾਨਾ ਸੇਧ ਕੇ ਦਾਗ਼ੇ ਗਏ ਰਾਕਟ ਲਾਂਚਰ ਨੇ ਇਸ ਨੂੰ ਥਾਏਂ ਨਕਾਰਾ ਕਰ ਦਿੱਤਾ। ਫ਼ੌਜੀ ਜਰਨੈਲਾਂ ਨੇ ਅਜਿਹੀ ਪਛਾੜ ਤਾਂ ਸੁਪਨੇ ਵਿੱਚ ਵੀ ਨਹੀਂ ਚਿਤਵੀ ਸੀ। ਇਸ ਕਰਕੇ ਇਸ ਨਾਲ ਉਨ੍ਹਾਂ ਅੰਦਰ ਇਕਦਮ ਘਬਰਾਹਟ ਫੈਲ ਗਈ। ਪੂਰਵ ਉਲੀਕੀਆਂ ਸਾਰੀਆਂ ਯੋਜਨਾਵਾਂ ਨੂੰ ਥਾਏਂ ਛੱਡਦਿਆਂ ਹੋਇਆਂ ਉਨ੍ਹਾਂ, ਭਾਰੀ ਕਾਹਲੀ ਤੇ ਘਬਰਾਹਟ ਵਿੱਚ, ਉਤਲੀ ਪੱਧਰ 'ਤੇ ਫ਼ੁਰਤੀ ਨਾਲ ਸਲਾਹ ਮਸ਼ਵਰੇ ਕਰ ਕੇ, ਅਕਾਲ ਤਖ਼ਤ ਉੱਤੇ ਸਿੱਧਾ ਟੈਂਕਾਂ ਨਾਲ ਹੱਲਾ ਬੋਲਣ ਦਾ ਨਿਰਣਾ ਕਰ ਲਿਆ। ਮਿੰਟਾਂ ਦੇ ਅੰਦਰ ਹੀ ਛੇ ਵਿਜੰਤਾ ਟੈਂਕ ਸਰਾਂ ਵਾਲੇ ਪਾਸੇ ਦੀ ਵਿਚਕਾਰਲੀ ਸੜਕ ਉੱਤੇ ਆ ਪਰਗਟ ਹੋਏ। ਪਹਿਲਾਂ ਇਕ ਟੈਂਕ ਨੂੰ ਪਰਕਰਮਾ ਅੰਦਰ ਉਤਾਰਿਆ ਗਿਆ। ਪਰ ਰੱਬ-ਸਬੱਬੀ ਇਹ ਟੈਂਕ ਬਾਬਾ ਦੀਪ ਸਿੰਘ ਜੀ ਦੇ ਸੀਸ ਭੇਟ ਅਸਥਾਨ ਕੋਲ ਜਾ ਕੇ ਜ਼ਮੀਨ ਅੰਦਰ ਧਸ ਗਿਆ। ਫਿਰ ਇਕ ਹੋਰ ਟੈਂਕ ਲਿਆਂਦਾ ਗਿਆ। ਤਿੱਖੀ ਲਿਸ਼ਕੋਰ ਨਾਲ ਸਿੰਘਾਂ ਦੀਆਂ ਅੱਖਾਂ ਨੂੰ ਨਕਾਰਾ ਕਰ ਦੇਣ ਦੀ ਸੋਚ ਨਾਲ ਅਕਾਲ ਤਖ਼ਤ ਉੱਤੇ ਟੈਂਕਾਂ ਦੀਆਂ ਅਤੀ ਤੇਜ਼ ਰੋਸ਼ਨੀਆਂ (ਸਰਚ ਲਾਈਟਾਂ) ਮਾਰੀਆਂ ਗਈਆਂ। ਜਦ ਇਸ ਨਾਲ ਵੀ ਅਕਾਲ ਤਖ਼ਤ ਵਿੱਚੋਂ ਆਉਂਦੀ ਗੋਲੀਆਂ ਦੀ ਬੁਛਾੜ ਨਾ ਥੰਮ੍ਹੀ ਤਾਂ ਅਕਾਲ ਤਖ਼ਤ ਉੱਤੇ ਅੱਥਰੂ ਗੈਸ ਦੇ ਬੇਥਾਹ ਗੋਲੇ ਸੁੱਟੇ ਗਏ। ਪਰ ਅੱਥਰੂ ਗੈਸ ਵੀ ਆਪਣਾ ਕੋਈ ਅਸਰ ਨਾ ਦਿਖਾ ਸਕੀ। ਇਸ ਤੋਂ ਬਾਅਦ ਛਿੱਥੇ ਪਏ ਜਨਰਲ ਬਰਾੜ ਨੇ ਅਕਾਲ ਤਖ਼ਤ ਅੰਦਰ ਸੀ.ਐਸ. ਨਾਂ ਦੀ ਜ਼ਹਿਰੀਲੀ ਗੈਸ, ਕੌਮਾਂਤਰੀ ਕਾਨੂੰਨਾਂ ਅਨੁਸਾਰ ਜਿਸ ਦੀ ਜੰਗ ਅੰਦਰ ਵਰਤੋਂ ਵਰਜਿਤ ਕਰਾਰ ਦਿੱਤੀ ਗਈ ਹੈ, ਦੇ ਕਨਿਸਤਰ ਸੁੱਟਣ ਦੀ ਚਾਲ ਅਜ਼ਮਾਉਣ ਦਾ ਨਿਰਣਾ ਕਰ ਲਿਆ। ਪਰ ਸਿੰਘਾਂ ਨੇ ਦੁਸ਼ਮਣ ਦੀ ਹਰ ਚਾਲ ਨੂੰ ਪਛਾੜਦਿਆਂ ਹੋਇਆਂ ਫ਼ੌਜ ਨੂੰ ਅਕਾਲ ਤਖ਼ਤ ਵੱਲ ਵਧਣ ਤੋਂ ਲਗਾਤਾਰ ਡੱਕਾ ਲਾਈ ਰੱਖਿਆ। ਅਖ਼ੀਰ ਵਿੱਚ ਟੈਂਕਾਂ ਨੇ ਹੋਰ ਨੇੜੇ ਹੋ ਕੇ ਅਕਾਲ ਤਖ਼ਤ ਤੇ ਦਰਸ਼ਨੀ ਡਿਉਢੀ ਉੱਤੇ ਸਿੱਧੇ ਗੋਲੇ ਵਰਸਾਉਣੇ ਸ਼ੁਰੂ ਕਰ ਦਿੱਤੇ। ਪਹਿਲਾਂ ਅਜ਼ਮਾਇਸ਼ ਦੇ ਤੌਰ 'ਤੇ ਟੈਂਕ ਦੀ ਮਸ਼ੀਨਗੰਨ ਦੇ ਗੋਲੇ ਦਾਗ਼ੇ ਗਏ। ਫਿਰ ਟੈਂਕ ਦੀ ਮੁੱਖ ਤੋਪ (105 ਐਮ.ਐਮ.) 'ਚੋਂ 'ਹੈੱਸ਼' (Hesh) ਦੇ ਨਾਂ ਨਾਲ ਜਾਣੇ ਜਾਂਦੇ ਅਤੀ ਸ਼ਕਤੀਸ਼ਾਲੀ ਗੋਲਿਆਂ ਨੇ ਕਹਿਰ ਵਰਸਾਉਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਗੋਲਿਆਂ ਨੇ ਅਕਾਲ ਤਖ਼ਤ ਤੇ ਦਰਸ਼ਨੀ ਡਿਉਢੀ ਦੇ ਡਾਵੇ-ਤਕੜੇ ਢਾਂਚਿਆਂ ਅੰਦਰ ਵੱਡੇ ਮਘੋਰੇ ਖੋਲ੍ਹ ਦਿੱਤੇ। ਥੋੜ੍ਹੇ ਹੀ ਚਿਰ ਵਿੱਚ ਇਹ ਇਤਿਹਾਸਕ ਇਮਾਰਤਾਂ ਬੁਰੀ ਤਰ੍ਹਾਂ ਨਸ਼ਟ ਹੋ ਗਈਆਂ। ਪਰ ਇਸ ਦੇ ਬਾਵਜੂਦ ਅਕਾਲ ਤਖ਼ਤ ਅੰਦਰ ਡਟੇ ਗਿਣਤੀ ਦੇ ਸਿੰਘ ਭਾਰਤੀ ਫ਼ੌਜ ਦਾ ਬਹਾਦਰੀ ਨਾਲ ਮੁਕਾਬਲਾ ਕਰਦੇ ਰਹੇ। ਕਮਾਂਡੋਆਂ ਨੇ ਪਰਕਰਮਾ ਦੀਆਂ ਉੱਤਰੀ ਤੇ ਦੱਖਣੀ, ਦੋਨੋਂ ਬਾਹੀਆਂ ਤੋਂ ਅਕਾਲ ਤਖ਼ਤ ਵੱਲ ਵਧਣ ਦੀਆਂ ਕਈ ਜਾਂਬਾਜ਼ ਕੋਸ਼ਿਸ਼ਾਂ ਕੀਤੀਆਂ ਪਰ ਹਰ ਵਾਰ ਅਕਾਲ ਤਖ਼ਤ ਦੇ ਸਾਹਮਣੇ ਵਾਲਾ ਵਿਹੜਾ ਉਨ੍ਹਾਂ ਲਈ ਮੌਤ ਦਾ ਖੇਤਰ ਬਣਦਾ ਰਿਹਾ। ਬਾਅਦ 'ਚ ਜਨਰਲ ਬਰਾੜ ਨੇ ਇਹ ਗੱਲ ਨਿਝੱਕ ਮੰਨੀ ਕਿ ਇਹ ਥਾਂ ਉਨ੍ਹਾਂ

ਲਈ 'ਮੁੱਖ ਕਤਲਗਾਹ' ਸਾਬਤ ਹੋਈ।[6] ਜਨਰਲ ਦਿਆਲ ਨੂੰ ਵੀ ਸਿੰਘਾਂ ਦੇ ਲੜਾਕੂ ਜਜ਼ਬੇ ਤੇ ਬਹਾਦਰੀ ਦਾ ਇਹ ਕਹਿੰਦਿਆਂ ਹੋਇਆਂ ਲੋਹਾ ਮੰਨਣਾ ਪਿਆ ਕਿ "ਮੈਂ ਆਪਣੇ ਫ਼ੌਜੀ ਜੀਵਨ ਦੇ ਤੀਹ ਵਰ੍ਹਿਆਂ ਅੰਦਰ ਇਸ ਤਰ੍ਹਾਂ ਦੀ ਫ਼ਾਇਰ ਪਾਵਰ ਨਹੀਂ ਦੇਖੀ, ਪਾਕਿਸਤਾਨ ਨਾਲ ਜੰਗ ਦੇ ਦੌਰਾਨ ਵੀ ਨਹੀਂ।"[7]

ਉਦੋਂ ਵੀ, ਜਦੋਂ ਅਕਾਲ ਤਖ਼ਤ ਦੇ ਢਾਂਚੇ ਵਿੱਚ ਖੁੱਲ੍ਹੇ ਵੱਡੇ ਮਘੋਰਿਆਂ ਰਾਹੀਂ ਭਾਰਤੀ ਫ਼ੌਜ ਮਣਾਂ-ਮੂੰਹੀਂ ਬਾਰੂਦ ਅੰਦਰ ਸੁੱਟ ਰਹੀ ਸੀ ਤੇ ਅਕਾਲ ਤਖ਼ਤ ਦੀਆਂ ਉਪਰਲੀਆਂ ਮੰਜ਼ਲਾਂ ਅੱਗ ਤੇ ਧੂੰਏਂ ਦੀ ਲਪੇਟ ਵਿੱਚ ਆਈਆਂ ਹੋਈਆਂ ਸਨ, ਅਕਾਲ ਤਖ਼ਤ ਦੀ ਹੇਠਲੀ ਮੰਜ਼ਿਲ ਵਿੱਚ ਡਟੇ ਜੁਝਾਰੂ ਸਿੰਘਾਂ ਨੇ ਲਗਾਤਾਰ ਜਚਵੀਂ ਟੱਕਰ ਦੇਣੀ ਜਾਰੀ ਰੱਖੀ। 6 ਜੂਨ ਨੂੰ ਵੱਡਾ ਦਿਨ ਚੜ੍ਹ ਪੈਣ ਤਕ ਟੈਂਕਾਂ ਦੀਆਂ ਤੋਪਾਂ ਅਕਾਲ ਤਖ਼ਤ ਸਾਹਿਬ ਉੱਤੇ ਬਿਨਾਂ ਸਾਹ ਲਏ ਗੋਲੇ ਸੁੱਟਦੀਆਂ ਰਹੀਆਂ। ਪ੍ਰੰਤੂ ਲਗਭਗ ਥੇਹ ਬਣ ਚੁੱਕੇ ਅਕਾਲ ਤਖ਼ਤ ਦੇ ਅੰਦਰ ਸੰਤ ਜਰਨੈਲ ਸਿੰਘ ਤੇ ਉਨ੍ਹਾਂ ਦੇ ਗਿਣਤੀ ਦੇ ਲੜਾਕੂ ਸਿੰਘ ਸਿੱਖੀ ਦੇ ਗੌਰਵਸ਼ਾਲੀ ਵਿਰਸੇ ਤੇ ਰਵਾਇਤਾਂ ਦੀ ਲਾਜ ਪਾਲਦੇ ਹੋਏ ਸਿਦਕਦਿਲੀ ਨਾਲ ਮੁਕਾਬਲੇ 'ਤੇ ਡਟੇ ਰਹੇ। ਜਨਰਲ ਬਰਾੜ ਦੀ ਸੰਤ ਭਿੰਡਰਾਂਵਾਲੇ ਕੋਲੋਂ ਦੋ ਘੰਟਿਆਂ ਦੇ ਅੰਦਰ-ਅੰਦਰ ਆਤਮ-ਸਮਰਪਣ ਕਰਵਾ ਲੈਣ ਦੀ ਹੋਛੀ ਫੜ੍ਹ ਉਸ ਲਈ ਅੰਤਾਂ ਦੀ ਨਮੋਸ਼ੀ ਤੇ ਸ਼ਰਮਿੰਦਗੀ ਦਾ ਕਾਰਨ ਬਣ ਰਹੀ ਸੀ। ਉਂਗਲਾਂ 'ਤੇ ਗਿਣਨ ਜੋਗੇ ਸਿੰਘਾਂ ਨੂੰ ਫ਼ੌਜ ਦੇ ਭਾਰੀ ਲਸ਼ਕਰ ਨਾਲ ਮੁਕਾਬਲਾ ਕਰਦਿਆਂ 50 ਘੰਟੇ ਤੋਂ ਵੱਧ ਸਮਾਂ ਬੀਤ ਚੁੱਕਾ ਸੀ। ਟੈਂਕਾਂ ਦੇ ਗੋਲਿਆਂ ਨੇ ਅਕਾਲ ਤਖ਼ਤ ਨੂੰ ਹਾਲੋਂ ਬੇਹਾਲ ਕਰ ਕੇ ਰੱਖ ਦਿੱਤਾ ਹੋਇਆ ਸੀ। ਅਕਾਲ ਤਖ਼ਤ ਤੇ ਹਰਿਮੰਦਰ ਸਾਹਿਬ ਦੀ ਅਜ਼ਮਤ ਦੀ ਰਾਖੀ ਕਰਦੇ ਬਹੁਤੇ ਸਿੰਘ ਸ਼ਹੀਦ ਹੋ ਚੁੱਕੇ ਸਨ। 6 ਜੂਨ ਦੀ ਸਵੇਰ ਨੂੰ ਸੰਤ ਜਰਨੈਲ ਸਿੰਘ ਨੇ ਆਪਣੇ ਗਿਣਤੀ ਦੇ ਬਚੇ ਹੋਏ ਯੋਧਿਆਂ ਨੂੰ ਅਕਾਲ ਤਖ਼ਤ ਸਾਹਿਬ ਦੇ ਭੋਰੇ ਅੰਦਰ ਇਕੱਠਿਆਂ ਕਰ ਕੇ ਸਾਰੇ ਹਾਲਾਤ, ਜੋ ਸਾਰਿਆਂ ਨੂੰ ਹੀ ਸਪਸ਼ਟ ਸਨ, ਤੋਂ ਜਾਣੂੰ ਕਰਵਾਇਆ ਅਤੇ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦੀ ਸੂਰਤ ਵਿੱਚ ਭਾਰਤੀ ਫ਼ੌਜ ਨੂੰ ਲੋਹੇ ਦੇ ਚਣੇ ਚਬਾਉਣ ਦੇ ਆਪਣੇ ਪ੍ਰਣ ਉੱਤੇ ਸੰਤੁਸ਼ਟੀ ਜ਼ਾਹਰ ਕਰਦਿਆਂ ਹੋਇਆਂ ਗੁਰੂ ਦੇ ਚਰਨਾਂ ਵਿੱਚ ਸ਼ਹਾਦਤ ਦਾ ਜਾਮ ਪੀਣ ਦੀ ਸੁਲੱਖਣੀ ਘੜੀ ਦੇ ਆ ਪਹੁੰਚਣ ਦਾ ਐਲਾਨ ਕੀਤਾ। ਕੁਝ ਸਿੰਘਾਂ ਨੇ ਸੰਤਾਂ ਨੂੰ ਸਿੱਖ ਕੌਮ ਦੀ ਆਜ਼ਾਦੀ ਦੇ ਸੰਘਰਸ਼ ਨੂੰ ਸੁਯੋਗ ਅਗਵਾਈ ਦੇਣ ਲਈ ਦੁਸ਼ਮਣ ਦੇ ਘੇਰੇ 'ਚੋਂ ਬਚ ਕੇ ਨਿਕਲ ਜਾਣ ਦੀ ਬੇਨਤੀ ਕੀਤੀ। ਘੇਰੇ 'ਚੋਂ ਬਚ ਕੇ ਨਿਕਲ ਜਾਣ ਦੇ ਰਾਹ ਭਾਵੇਂ ਅਜੇ ਵੀ ਖੁੱਲ੍ਹੇ ਸਨ (ਕਿਹਾ ਜਾਂਦਾ ਹੈ ਕਿ ਕੁਝ ਸਿੰਘ ਸਾਂਝੀ ਰਜ਼ਾ ਨਾਲ ਘੇਰੇ 'ਚੋਂ ਨਿਕਲ ਵੀ ਗਏ ਸਨ) ਪ੍ਰੰਤੂ ਸੰਤ ਜਰਨੈਲ ਸਿੰਘ ਨੇ ਸਿੰਘਾਂ ਦੀ ਇਸ ਬੇਨਤੀ ਨੂੰ ਪਿਆਰ ਤੇ ਦ੍ਰਿੜ੍ਹਤਾ ਨਾਲ ਠੁਕਰਾਅ ਦਿੱਤਾ ਅਤੇ ਗੁਰੂ ਦੇ ਚਰਨਾਂ ਵਿੱਚ ਸੀਸ ਵਾਰਨ ਦੀ ਆਪਣੀ ਅਡੋਲ ਇੱਛਾ ਨੂੰ ਉਨ੍ਹਾਂ ਦੇ ਅੰਤਮ ਫ਼ੈਸਲੇ ਵਜੋਂ ਪਰਵਾਨ ਕਰਨ ਲਈ ਕਿਹਾ। ਇਸ ਤੋਂ ਬਾਅਦ ਸਿੰਘਾਂ ਨੇ ਇਹੋ ਬੇਨਤੀ ਭਾਈ ਅਮਰੀਕ ਸਿੰਘ ਅੱਗੇ ਦੁਹਰਾਈ ਪਰ ਭਾਈ ਸਾਹਿਬ ਹੁਰਾਂ ਸਚਖੰਡ ਤਕ ਸੰਤਾਂ ਦਾ ਸਾਥ ਨਿਭਾਉਣ ਦੀ ਆਪਣੀ ਤੀਬਰ ਇੱਛਾ ਤੇ ਪ੍ਰਣ ਤੋਂ ਕਿਸੇ ਵੀ ਸੂਰਤ ਪਿਛਾਂਹ ਨਾ ਹਟਣ ਦਾ ਦ੍ਰਿੜ੍ਹ ਫ਼ੈਸਲਾ ਸੁਣਾਉਂਦਿਆਂ ਹੋਇਆਂ ਸ਼ਹੀਦੀ ਕਮਰਕੱਸੇ ਕਰਨੇ ਸ਼ੁਰੂ ਕਰ ਦਿੱਤੇ। ਸੰਤ ਜਰਨੈਲ ਸਿੰਘ ਸਮੇਤ ਅਕਾਲ ਤਖ਼ਤ ਦੇ ਭੋਰੇ ਅੰਦਰ ਮੌਜੂਦ ਦੋ ਦਰਜਨ ਦੇ ਕਰੀਬ ਧਰਮੀ ਯੋਧਿਆਂ ਦੇ ਹੱਥ ਅਰਦਾਸ ਲਈ ਜੁੜੇ। ਅਰਦਾਸ ਹੋਈ ਅਤੇ ਜੈਕਾਰਾ ਛੱਡਣ ਤੋਂ ਬਾਅਦ ਉਹੀ ਹੱਥ ਮੁੜ ਆਪੋ ਆਪਣੇ ਹਥਿਆਰਾਂ ਦੇ ਮੁੱਠਿਆਂ ਨੂੰ ਜਾ ਜੁੜੇ। ਅੱਗੇ-ਅੱਗੇ ਸੰਤ ਤੇ ਪਿੱਛੇ ਉਨ੍ਹਾਂ ਦੇ ਸਿਦਕੀ ਸਿੰਘ ਜੈਕਾਰੇ ਗੁੰਜਾਉਂਦੇ ਸਾਹਮਣੇ ਵਿਹੜੇ ਵਿੱਚ ਨਿਕਲ ਆਏ। ਇਸ 'ਕੌਤਕ' ਨੂੰ ਦੇਖ ਕੇ

ਇਕ ਵਾਰ ਤਾਂ ਦੁਸ਼ਮਣ ਦੇ ਪੈਰਾਂ ਥੱਲਿਓਂ ਜ਼ਮੀਨ ਖਿਸਕ ਗਈ। ਕੁਝ ਹੀ ਪਲਾਂ ਬਾਅਦ ਚੁਫੇਰਿਓਂ ਗੋਲੀਆਂ ਤੇ ਗਰਨੇਡਾਂ ਦੀ ਜ਼ੋਰਦਾਰ ਬੁਛਾੜ ਆਈ ਅਤੇ ਮਰਦ ਅਗੰਮੜੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸਿੱਖ ਵਿਰਸੇ ਦੀ ਲਾਜ ਪਾਲਦੇ ਤੇ ਆਪਣਾ ਕਿਹਾ ਹੋਇਆ ਵਚਨ ਨਿਭਾਉਂਦੇ ਹੋਏ ਨਿਸ਼ਾਨ ਸਾਹਿਬਾਨ ਤੋਂ ਕੁਝ ਹੀ ਫੁਟ ਦੀ ਦੂਰੀ ਉੱਤੇ ਸ਼ਹੀਦ ਹੋ ਗਏ। ਮਗਰੇ ਹੀ ਭਾਈ ਅਮਰੀਕ ਸਿੰਘ ਤੇ ਹੋਰ ਸਿੰਘ ਵੀ ਗੁਰੂ ਘਰ ਦੀ ਰੱਖਿਆ ਕਰਦੇ ਹੋਏ ਗੁਰੂ ਨੂੰ ਪਿਆਰੇ ਹੋ ਗਏ। ਜਨਰਲ ਸੁਬੇਗ ਸਿੰਘ ਦੀ ਮ੍ਰਿਤਕ ਦੇਹ ਅਕਾਲ ਤਖ਼ਤ ਸਾਹਿਬ ਦੇ ਭੋਰੇ 'ਚੋਂ ਬਰਾਮਦ ਹੋਈ ਦੱਸੀ ਗਈ। ਕੁਝ ਪੱਤਰਕਾਰਾਂ ਦੀਆਂ ਰਿਪੋਰਟਾਂ ਮੁਤਾਬਕ ਜਨਰਲ ਸੁਬੇਗ ਸਿੰਘ ਦੇ ਗੁੱਟਾਂ ਉੱਤੇ ਰੱਸੇ ਦੇ ਨਿਸ਼ਾਨ ਸਨ।[8] ਸਮਝਿਆ ਜਾਂਦਾ ਹੈ ਕਿ ਫ਼ੌਜ ਦੇ ਅਣਚਿਤਵੇ ਭਾਰੀ ਜਾਨੀ ਨੁਕਸਾਨ ਸਦਕਾ ਕਰੋਧ ਵਿੱਚ ਆਏ ਫ਼ੌਜੀ ਜਰਨੈਲਾਂ ਨੇ ਆਪਣੀ ਵਿਹੁ ਲਾਹੁਣ ਲਈ ਜਨਰਲ ਸੁਬੇਗ ਸਿੰਘ ਨੂੰ ਸਖ਼ਤ ਜ਼ਖ਼ਮੀ ਹਾਲਤ ਵਿੱਚ ਗੁੱਟਾਂ ਤੋਂ ਰੱਸੀਆਂ ਨਾਲ ਬੰਨ੍ਹ ਕੇ ਘੜੀਸਿਆ ਅਤੇ ਫਿਰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ।

ਅਗਲੇ ਦਿਨ 7 ਜੂਨ ਦੀ ਸ਼ਾਮ ਨੂੰ ਸੰਤ ਜਰਨੈਲ ਸਿੰਘ ਤੇ ਭਾਈ ਅਮਰੀਕ ਸਿੰਘ ਦੇ ਮ੍ਰਿਤਕ ਸਰੀਰਾਂ ਦਾ ਫ਼ੌਜ ਦੀ ਕਰੜੀ ਨਿਗਰਾਨੀ ਹੇਠ ਨਗਰਪਾਲਿਕਾ ਦੇ ਚਾਟੀਵਿੰਡ ਸ਼ਮਸ਼ਾਨਘਾਟ ਵਿਖੇ ਦਾਹ ਸੰਸਕਾਰ ਕਰ ਦਿੱਤਾ ਗਿਆ।[9] ਇਸ ਤਰ੍ਹਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਇਸ ਸ਼ਹਾਦਤ ਨਾਲ ਸਿੱਖ ਸੰਘਰਸ਼ ਦੇ ਇਕ ਦੌਰ ਦੀ ਸਮਾਪਤੀ ਹੋ ਗਈ। ਪਰ ਇਸ ਦੇ ਨਾਲ ਹੀ ਇਕ ਨਵਾਂ ਹੋਣੀ ਭਰਪੂਰ ਦੌਰ ਆਰੰਭ ਹੋ ਗਿਆ।

## ਵਹਿਸ਼ਤ ਦਾ ਨੰਗਾ ਨਾਚ

ਭਾਰਤੀ ਫ਼ੌਜ ਵੱਲੋਂ ਅਕਾਲ ਤਖ਼ਤ ਉੱਤੇ ਕਬਜ਼ਾ ਜਮਾ ਲੈਣ ਨਾਲ ਲੜਾਈ ਲੜ ਰਹੇ ਸਿੱਖ ਜੁਝਾਰੂਆਂ ਦਾ ਆਖ਼ਰੀ ਮੋਰਚਾ ਨਸ਼ਟ ਹੋ ਚੁੱਕਾ ਸੀ। ਦਰਬਾਰ ਸਾਹਿਬ ਦੇ ਅਹਾਤੇ ਅੰਦਰਲੀਆਂ ਬਾਕੀ ਦੀਆਂ ਇਮਾਰਤਾਂ ਅੰਦਰ ਫ਼ੌਜ ਨੇ ਸਿੱਖ ਜੁਝਾਰੂਆਂ ਦੇ ਸਾਰੇ ਮੋਰਚੇ ਪਹਿਲਾਂ ਹੀ ਤਬਾਹ ਕਰ ਦਿੱਤੇ ਸਨ। ਜਿਵੇਂ ਕਿ ਅਜਿਹੀ ਲੜਾਈ ਤੋਂ ਬਾਅਦ ਅਕਸਰ ਹੁੰਦਾ ਹੈ, ਇੱਕਾ ਦੁੱਕਾ ਜੁਝਾਰੂ ਸਿੰਘਾਂ ਦੇ, ਆਪਣੇ ਆਪ ਨੂੰ ਬਚਾਉਣ ਦੇ ਮੰਤਵ ਨਾਲ ਕੁਝ ਥਾਵਾਂ 'ਤੇ ਛੁਪੇ ਹੋਣ ਜਾਂ ਸਿੱਖ ਸੰਗਤਾਂ ਦੀ ਭੀੜ ਵਿੱਚ ਰਲ ਜਾਣ ਦੀ ਸੰਭਾਵਨਾ ਤੋਂ ਵੱਧ ਫ਼ੌਜ ਲਈ ਹੋਰ ਕਿਸੇ ਅਣਕਿਆਸੇ ਹਮਲੇ ਜਾਂ ਖ਼ਤਰੇ ਦੀ ਕੋਈ ਵਜ੍ਹਾ ਨਹੀਂ ਸੀ ਰਹਿ ਗਈ। ਨਿਰੋਲ ਫ਼ੌਜੀ ਅਰਥਾਂ 'ਚ ਲਿਆਂ, ਫ਼ੌਜ ਨੇ ਇਕ ਲੰਮੀ ਤੇ ਜੋਖਮ ਭਰੀ ਲੜਾਈ ਤੋਂ ਬਾਅਦ ਸਿੱਖ ਜੁਝਾਰੂਆਂ ਉੱਤੇ ਫ਼ਤਹਿ ਹਾਸਲ ਕਰ ਲਈ ਸੀ। ਜੁਝਾਰੂ ਸਿੰਘਾਂ ਦੀ ਪੂਰੀ ਦੀ ਪੂਰੀ ਲੀਡਰਸ਼ਿਪ, ਸਮੇਤ ਉਨ੍ਹਾਂ ਦੀ ਸਾਰੀ ਅਸਰਦਾਰ ਲੜਾਕੂ ਤਾਕਤ, ਦਾ ਸਫ਼ਾਇਆ ਹੋ ਚੁੱਕਾ ਸੀ। ਇਸ ਕਰਕੇ ਯੁੱਧ ਦੀ ਪ੍ਰਵਾਨਤ ਮਰਿਆਦਾ ਤੇ ਕੌਮਾਂਤਰੀ ਕਾਨੂੰਨਾਂ ਮੁਤਾਬਕ ਲੜਾਈ ਦਾ ਅੰਤ ਹੋ ਜਾਣ ਤੋਂ ਬਾਅਦ ਭਾਰਤੀ ਫ਼ੌਜ ਦਾ ਦਰਬਾਰ ਸਾਹਿਬ ਸਮੂਹ ਅੰਦਰ ਘਿਰੇ ਨਿਹੱਥੇ ਲੋਕਾਂ, ਜਿਨ੍ਹਾਂ ਦਾ ਇਸ ਹਥਿਆਰਬੰਦ ਟੱਕਰ ਦੇ ਨਾਲ ਕੋਈ ਸਿੱਧਾ ਸਬੰਧ ਨਹੀਂ ਸੀ, ਨਾਲ ਤਹਿਜ਼ੀਬ-ਯਾਫ਼ਤਾ ਢੰਗ ਨਾਲ ਪੇਸ਼ ਆਉਣਾ ਬਣਦਾ ਸੀ। ਉਹ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਸਕਦੀ ਸੀ, ਉਨ੍ਹਾਂ ਦੀਆਂ ਤਲਾਸ਼ੀਆਂ ਲੈ ਸਕਦੀ ਸੀ, ਸ਼ੱਕੀ ਵਿਅਕਤੀਆਂ ਦੀ ਲੋੜੀਂਦੀ ਤਹਿਕੀਕਾਤ ਤੇ ਤਫ਼ਤੀਸ਼ ਕਰ ਸਕਦੀ ਸੀ ਅਤੇ ਉਸ ਦੀਆਂ ਨਜ਼ਰਾਂ ਵਿੱਚ ਦੋਸ਼ੀ ਵਿਅਕਤੀਆਂ ਖ਼ਿਲਾਫ਼ ਮੁਕੱਦਮੇ ਦਾਇਰ ਕਰ ਸਕਦੀ ਸੀ ਤੇ ਉਨ੍ਹਾਂ ਨੂੰ ਜੇਲ੍ਹਾਂ ਅੰਦਰ ਡੱਕ ਸਕਦੀ ਸੀ। ਸਿੱਖ ਪੰਥ ਦੀਆਂ ਜਾਨਾਂ ਤੋਂ

ਵੀ ਵੱਧ ਪਿਆਰੀਆਂ ਪਵਿੱਤਰ ਤੇ ਇਤਿਹਾਸਕ ਇਮਾਰਤਾਂ ਦਾ ਲੜਾਈ ਦੇ ਦੌਰਾਨ ਜੋ ਨੁਕਸਾਨ ਹੋਣਾ ਸੀ ਉਹ ਹੋ ਚੁੱਕਾ ਸੀ। ਜੰਗ ਖ਼ਤਮ ਹੋ ਜਾਣ ਤੋਂ ਬਾਅਦ ਇਨ੍ਹਾਂ ਇਮਾਰਤਾਂ ਨੂੰ ਜਾਂ ਇਨ੍ਹਾਂ ਦੇ ਕਿਸੇ ਵੀ ਹਿੱਸੇ ਨੂੰ ਹੋਰ ਨੁਕਸਾਨ ਪਹੁੰਚਾਉਣ ਦੀ ਕੋਈ ਵਜ੍ਹਾ ਨਹੀਂ ਸੀ ਬਣਦੀ।

ਪਰ 6 ਜੂਨ ਨੂੰ ਦੁਪਹਿਰ ਤਕ ਲੜਾਈ ਦੇ ਪੂਰੀ ਤਰ੍ਹਾਂ ਖ਼ਤਮ ਹੋ ਜਾਣ ਤੋਂ ਬਾਅਦ ਭਾਰਤੀ ਫ਼ੌਜ ਨੇ ਦਰਬਾਰ ਸਾਹਿਬ ਦੇ ਅਹਾਤੇ ਅੰਦਰ ਵਹਿਸ਼ਤ ਦਾ ਜੋ ਨੰਗਾ ਨਾਚ ਨੱਚਿਆ, ਉਸ ਤੋਂ ਇਹ ਨਿਰਣਾ ਕੱਢਣਾ ਔਖਾ ਨਹੀਂ ਕਿ ਹਿੰਦੂ ਹਾਕਮਾਂ ਦੀ ਲੜਾਈ ਉਨ੍ਹਾਂ ਨੂੰ ਸਿੱਧੇ ਮੱਥੇ ਚੁਣੌਤੀ ਦੇਣ ਵਾਲੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਉਸ ਦੇ ਜੁਝਾਰੂ ਸਮਰਥਕਾਂ ਨਾਲ ਹੀ ਨਹੀਂ ਸੀ। ਉਹ ਆਪਣੇ ਮਨਾਂ ਅੰਦਰ ਸਿੱਖ ਧਰਮ ਤੇ ਸਿੱਖ ਕੌਮ ਦੇ ਖ਼ਿਲਾਫ਼ ਕੋਈ ਬਹੁਤ ਹੀ ਗਹਿਰੀ ਤੇ ਚਿਰਾਂ ਪੁਰਾਣੀ ਖਾਰ ਛੁਪਾਈ ਬੈਠੇ ਸਨ ਅਤੇ ਆਪਣੀ ਇਹ ਵਿਹੁ ਲਾਹੁਣ ਲਈ ਉਹ ਕਿਸੇ ਢੁਕਵੇਂ ਮੌਕੇ ਤੇ ਬਹਾਨੇ ਦੀ ਤਲਾਸ਼ ਵਿੱਚ ਸਨ। ਨਹੀਂ ਤਾਂ ਕਈ ਗੱਲਾਂ ਦੀ ਉੱਕਾ ਹੀ ਕੋਈ ਸਮਝ ਨਹੀਂ ਆਉਂਦੀ। ਉਦਾਹਰਣ ਵਜੋਂ ਸਭ ਤੋਂ ਮੁਢਲੀ ਤੇ ਪਹਿਲੀ ਗੱਲ ਇਹ ਕਿ ਜਦ ਹਿੰਦੂ ਹਾਕਮਾਂ ਨੂੰ ਇਸ ਗੱਲ ਦਾ ਚੰਗਾ ਭਲਾ ਗਿਆਨ ਸੀ ਕਿ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ 'ਤੇ ਸਿੱਖ ਸੰਗਤਾਂ ਲਾਜ਼ਮੀ ਤੌਰ 'ਤੇ ਵੱਡੀ ਗਿਣਤੀ ਵਿੱਚ ਦਰਬਾਰ ਸਾਹਿਬ ਦੇ ਦਰਸ਼ਨ-ਇਸ਼ਨਾਨ ਕਰਨ ਲਈ ਆਉਂਦੀਆਂ ਹਨ ਤਾਂ ਫਿਰ ਉਨ੍ਹਾਂ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਲਈ ਇਹ ਪਵਿੱਤਰ ਦਿਹਾੜਾ ਹੀ ਕਿਉਂ ਚੁਣਿਆ ? ਇਹ ਹਮਲਾ ਉਹ ਦੋ ਦਿਨ ਪਹਿਲਾਂ ਜਾਂ ਦੋ ਦਿਨ ਪਛੜ ਕੇ ਵੀ ਕਰ ਸਕਦੇ ਸਨ। ਇਸ ਵਿੱਚ ਕੋਈ ਵੀ ਅਮਲੀ ਮੁਸ਼ਕਲ ਨਹੀਂ ਸੀ। ਇਸ ਬਾਰੇ ਇਕ ਸਫ਼ਾਈ-ਨੁਮਾ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਸੰਤ ਲੌਂਗੋਵਾਲ ਨੇ 3 ਜੂਨ ਤੋਂ ਨਾਮਿਲਵਰਤਨ ਅੰਦੋਲਨ ਚਲਾਉਣ ਤੇ ਪੰਜਾਬ ਤੋਂ ਅਨਾਜ ਤੇ ਹੋਰਨਾਂ ਵਸਤਾਂ ਦੀ ਢੋਅ-ਢੁਆਈ ਠੱਪ ਕਰ ਦੇਣ ਦਾ ਐਲਾਨ ਕਰ ਰੱਖਿਆ ਹੋਇਆ ਸੀ, ਜਿਸ ਕਰਕੇ ਭਾਰਤ ਸਰਕਾਰ ਲਈ ਇਹ ਕਾਰਵਾਈ ਹੋਰ ਪਛੇਤੀ ਪਾਉਣੀ ਸੰਭਵ ਨਹੀਂ ਸੀ ਰਹਿ ਗਈ। ਪਹਿਲੀ ਗੱਲ ਤਾਂ ਸੰਤ ਲੌਂਗੋਵਾਲ ਦੇ ਇਸ ਸੱਦੇ ਦੇ ਅਸਲੀ ਅਰਥਾਂ ਤੇ ਇਸ ਦੀ ਭਾਵਨਾ ਨੂੰ ਬਹੁਤ ਹੀ ਵਿਗਾੜ ਕੇ ਪੇਸ਼ ਕੀਤਾ ਗਿਆ ਹੈ। ਕਿਸੇ ਵੀ ਹਿਸਾਬ ਨਾਲ ਇਸ ਸੱਦੇ ਦਾ ਇਹ ਅਰਥ ਕਦਾਚਿਤ ਨਹੀਂ ਸੀ ਬਣਦਾ ਕਿ 3 ਜੂਨ ਤੋਂ ਬਾਅਦ ਪੰਜਾਬ ਅੰਦਰ ਬਗ਼ਾਵਤ ਦੇ ਭਾਂਬੜ ਬਲ ਪੈਣੇ ਸਨ ਜਾਂ ਹੇਠਲੀ ਉੱਤੇ ਹੋ ਜਾਣੀ ਸੀ। ਜਿਸ ਨੂੰ ਅਕਾਲੀ ਲੀਡਰਸ਼ਿਪ ਦੀ ਰਾਜਸੀ ਵਿਚਾਰਧਾਰਾ ਤੇ ਉਸ ਦੀ ਉਸ ਮੌਕੇ ਦੀ ਮਨੋ-ਦਸ਼ਾ ਦਾ ਥੋੜਾ ਬਹੁਤਾ ਵੀ ਗਿਆਨ ਸੀ, ਉਹ ਇਹ ਸਮਝਣ ਵਿੱਚ ਉਕਾਈ ਨਹੀਂ ਸੀ ਕਰ ਸਕਦਾ ਕਿ ਸੰਤ ਲੌਂਗੋਵਾਲ ਦੁਆਰਾ ਅਤਿ ਦਰਜੇ ਦੀ ਰਾਜਨੀਤਕ ਮਜਬੂਰੀ ਵੱਸ ਦਿੱਤੇ ਗਏ ਇਸ ਸੱਦੇ ਦਾ ਇਕ ਸੰਕੇਤਕ ਕਾਰਵਾਈ ਤੋਂ ਵੱਧ ਹੋਰ ਕੋਈ ਅਰਥ ਤੇ ਮਹੱਤਵ ਨਹੀਂ ਸੀ। ਇੰਦਰਾ ਗਾਂਧੀ ਤੇ ਉਸ ਦੀ ਸਲਾਹਕਾਰ ਜੁੰਡਲੀ ਕੋਲੋਂ ਇਹ ਰਾਜਸੀ ਤੱਥ ਕਿਸੇ ਵੀ ਤਰ੍ਹਾਂ ਗੁੱਝਾ ਨਹੀਂ ਸੀ। ਖ਼ੈਰ, ਜੇਕਰ ਦਲੀਲ ਦੀ ਖ਼ਾਤਰ ਇਹ ਗੱਲ ਮੰਨ ਵੀ ਲਈ ਜਾਵੇ ਤਾਂ ਵੀ ਫ਼ੌਜੀ ਕਾਰਵਾਈ ਦੇ ਦੋ ਦਿਨ ਅਗੇਤੀ ਸ਼ੁਰੂ ਕਰਨ ਵਿੱਚ ਕੀ ਮੁਸ਼ਕਲ ਸੀ ? ਭਾਰਤ ਸਰਕਾਰ ਚਾਹੁੰਦੀ ਤਾਂ ਉਹ ਸੌਖ ਨਾਲ ਹੀ ਅਜਿਹਾ ਕਰ ਸਕਦੀ ਸੀ। ਭਾਰਤੀ ਹਾਕਮਾਂ ਵੱਲੋਂ, ਜਾਂ ਉਨ੍ਹਾਂ ਦੇ 'ਸਫ਼ਾਈ ਦੇ ਵਕੀਲਾਂ' ਵੱਲੋਂ, ਅੱਜ ਤਕ, ਇਸ ਭੇਦ-ਭਰੇ ਸੁਆਲ ਦਾ ਕੋਈ ਸੰਤੋਖਜਨਕ ਜੁਆਬ ਨਹੀਂ ਦਿੱਤਾ ਜਾ ਸਕਿਆ ਕਿ ਸਿੱਖ ਕੌਮ ਉੱਤੇ ਇਹ ਕਹਿਰ ਢਾਹੁਣ ਲਈ ਪੰਜਵੇਂ ਪਾਤਸ਼ਾਹ ਦੇ ਸ਼ਹੀਦੀ ਪੁਰਬ ਦਾ ਪਵਿੱਤਰ ਦਿਹਾੜਾ ਹੀ ਕਿਉਂ ਚੁਣਿਆ ਗਿਆ, ਕੋਈ ਹੋਰ ਬਦਲਵਾਂ ਦਿਨ

ਕਿਉਂ ਨਹੀਂ ? [ਇਸ ਸਬੰਧ ਵਿੱਚ ਆਮ ਪ੍ਰਚਲਤ ਇਹ ਅਫ਼ਵਾਹ ਕਿ, ਸੋਵੀਅਤ ਯੂਨੀਅਨ ਦੀ ਸਰਕਾਰੀ ਖ਼ੁਫ਼ੀਆ ਏਜੰਸੀ—ਕੇ.ਜੀ.ਬੀ.—ਨੇ ਇੰਦਰਾ ਗਾਂਧੀ ਨੂੰ ਪਾਕਿਸਤਾਨ ਦੀ ਭਾਰਤ ਉੱਤੇ ਹਮਲਾ ਕਰਨ ਦੀ 'ਗੁਪਤ ਯੋਜਨਾ' ਬਾਰੇ 'ਝੂਠੀ ਜਾਣਕਾਰੀ' ਦੇ ਕੇ ਉਸ ਨੂੰ ਦਰਬਾਰ ਸਾਹਿਬ ਉੱਤੇ ਕਾਹਲੀ ਨਾਲ ਹਮਲਾ ਕਰਨ ਲਈ ਉਕਸਾਇਆ, ਜਾਣ ਬੁੱਝ ਕੇ ਫੈਲਾਇਆ ਗਿਆ ਝੂਠ ਹੈ, ਜਿਸਦਾ ਪ੍ਰਤੱਖ ਉਦੇਸ਼ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਲਈ ਗ਼ਲਤ ਮੌਕਾ ਚੁਣਨ ਦੇ ਕਰਮ ਨੂੰ ਵਾਜਬ ਠਹਿਰਾਉਣਾ ਹੈ।]

ਕੁਝ ਵੀ ਹੋਵੇ, 6 ਜੂਨ ਦੀ ਦੁਪਹਿਰ ਤਕ ਸਿੱਖ ਜੁਝਾਰੂਆਂ ਦੀ ਲੜਾਕੂ ਸ਼ਕਤੀ ਨੂੰ ਪੂਰੀ ਤਰ੍ਹਾਂ ਨਕਾਰਾ ਕਰ ਦੇਣ ਤੋਂ ਬਾਅਦ ਭਾਰਤੀ ਫ਼ੌਜ ਨੇ ਦਰਬਾਰ ਸਾਹਿਬ ਦੇ ਅਹਾਤੇ ਅੰਦਰ ਘਿਰੇ ਨਿਹੱਥੇ ਤੇ ਨਿਰਦੋਸ਼ ਸਿੱਖਾਂ ਉੱਤੇ ਜਿਵੇਂ ਆਪਣਾ ਗ਼ੁੱਸਾ ਕੱਢਿਆ, ਉਸ ਨਾਲ ਭਾਰਤ ਦੇ ਹਿੰਦੂ ਹਾਕਮਾਂ ਦੀ ਸਿੱਖ ਦੁਸ਼ਮਣੀ ਤੇ ਭਾਰਤੀ ਰਾਜ ਦੀ ਫ਼ਿਰਕੂ-ਫ਼ਾਸ਼ੀ ਖ਼ਸਲਤ ਨੰਗੇ ਰੂਪ ਵਿੱਚ ਪ੍ਰਗਟ ਹੋ ਗਈ। ਫ਼ੌਜ ਨੇ ਲੜਾਈ ਵੱਲੋਂ ਵਿਹਲੇ ਹੁੰਦਿਆਂ ਹੀ ਦਰਬਾਰ ਸਾਹਿਬ ਸਮੂਹ ਅੰਦਰ ਇਕ ਵਿਆਪਕ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ। ਗੁਰੂ ਰਾਮਦਾਸ ਸਰਾਂ, ਗੁਰੂ ਨਾਨਕ ਨਿਵਾਸ, ਅਕਾਲ ਰੈਸਟ ਹਾਊਸ, ਤੇਜਾ ਸਿੰਘ ਸਮੁੰਦਰੀ ਹਾਲ, ਪਰਕਰਮਾ ਅੰਦਰਲੀ ਹਰ ਨੁੱਕਰ ਅਤੇ ਅਕਾਲ ਤਖ਼ਤ ਤੇ ਘੰਟਾ ਘਰ ਵਾਲੇ ਪਾਸੇ ਦੇ ਪਰਕਰਮਾ ਉਪਰਲੇ ਸਾਰੇ ਰਿਹਾਇਸ਼ੀ ਮਕਾਨਾਂ 'ਚੋਂ ਹਰ ਜਿਉਂਦੇ ਜੀਅ ਨੂੰ ਹੱਥ ਖੜੇ ਕਰਵਾ ਕੇ ਬਾਹਰ ਕੱਢ ਲਿਆਂਦਾ ਗਿਆ। ਜਿਸ ਨੂੰ ਜੀਅ ਕੀਤਾ ਗੋਲੀ ਮਾਰ ਦਿੱਤੀ ਗਈ। ਜਿਸ ਦੇ ਜੀਅ ਕੀਤਾ ਸੰਗੀਨ ਖੋਭ ਦਿੱਤੀ ਗਈ। ਨਿਰਦੋਸ਼ ਤੇ ਦੋਸ਼ੀ ਵਿੱਚ ਕੋਈ ਨਿਖੇੜਾ ਨਹੀਂ ਕੀਤਾ ਗਿਆ। ਨਾ ਕਿਸੇ ਦੀ ਉਮਰ ਦਾ ਲਿਹਾਜ਼ ਕੀਤਾ। ਨਾ ਲਿੰਗ-ਜਾਤ ਦਾ ਹੀ ਕੋਈ ਖ਼ਿਆਲ ਰੱਖਿਆ ਗਿਆ। ਬੱਚੇ, ਬੁੱਢੇ, ਮਰਦ, ਔਰਤ ਨਾਲ ਇਕ ਵਾਢਿਓਂ ਇੱਕੋ ਜਿਹਾ ਵਹਿਸ਼ੀ ਸਲੂਕ ਕੀਤਾ ਗਿਆ। ਬਹੁਤਿਆਂ ਨੂੰ ਪੁੱਠੀਆਂ ਮੁਸ਼ਕਾਂ ਦੇ ਕੇ ਘੰਟਿਆਂ ਬੱਧੀ ਭੁੱਖਣਭਾਣੇ ਧੁੱਪੇ ਸੁਕਣੇ ਪਾਈ ਰੱਖਿਆ। ਜਿਸ ਦੇ ਜਦ ਜੀਅ ਕੀਤਾ ਠੁੱਡਾ ਮਾਰ ਦਿੱਤਾ। ਜਦ ਜੀਅ ਕੀਤਾ ਗਾਲ੍ਹ ਕੱਢ ਮਾਰੀ। ਸਿੱਖੀ ਚਿੰਨ੍ਹਾਂ ਦਾ ਨਿਰਾਦਰ ਕਰਨਾ ਹਿੰਦੂ ਫ਼ੌਜੀਆਂ ਦਾ ਆਮ ਸ਼ੁਗਲ ਬਣਿਆ ਹੋਇਆ ਸੀ। ਦਰਬਾਰ ਸਾਹਿਬ ਦੇ ਅਹਾਤੇ ਅੰਦਰ ਜਗ੍ਹਾ-ਜਗ੍ਹਾ ਬੀੜੀਆਂ ਪੀਂਦੇ ਹਿੰਦੂ ਫ਼ੌਜੀ ਆਮ ਦੇਖੇ ਗਏ। ਕਿਸੇ ਨੇ ਰਤਾ ਵੀ ਹੀਲ-ਹੁੱਜਤ ਕੀਤੀ ਤਾਂ ਉਸ ਨੂੰ ਖੜੇ ਪੈਰ ਗੋਲੀ ਮਾਰ ਦਿੱਤੀ ਗਈ। ਕਮਰਿਆਂ ਅੰਦਰ ਅੰਨ੍ਹੇਵਾਹ ਹੱਥ-ਗੋਲੇ ਸੁੱਟ ਕੇ ਨਿਰਦੋਸ਼ ਜੀਆਂ ਦੇ ਚੀਥੜੇ ਉਡਾ ਦਿੱਤੇ ਗਏ।[10] ਅੰਦਰ ਘਿਰੇ ਲੋਕਾਂ ਨੂੰ ਤਿੰਨ ਦਿਨਾਂ ਤੋਂ ਪਾਣੀ ਦੀ ਇਕ ਘੁੱਟ ਵੀ ਨਸੀਬ ਨਹੀਂ ਸੀ ਹੋਈ। ਜੇਕਰ ਪਿਆਸ ਨਾਲ ਤੜਫਦੇ ਕਿਸੇ ਜੀਅ ਨੇ ਫ਼ੌਜੀਆਂ ਨੂੰ ਰੱਬ ਦੇ ਬੰਦੇ ਸਮਝ ਕੇ ਉਨ੍ਹਾਂ ਕੋਲੋਂ ਪਾਣੀ ਦਾ ਘੁੱਟ ਮੰਗਣ ਦੀ 'ਗੁਸਤਾਖ਼ੀ' ਕਰ ਲਈ ਤਾਂ ਉਸ ਉੱਤੇ ਅਤਿ ਨਿਰਦਈਪੁਣੇ ਨਾਲ ਫ਼ਿਰਕੂ ਮਿਹਣਿਆਂ ਦੀ ਬੁਛਾੜ ਕੀਤੀ ਗਈ। ਲਾਚਾਰ ਮਾਵਾਂ ਪਿਆਸ ਨਾਲ ਵਿਲਕਦੀਆਂ ਮਾਸੂਮ ਜ਼ਿੰਦਾਂ ਦੇ ਸੁੱਕੇ ਖ਼ੁਸ਼ਕ ਬੁੱਲ੍ਹਾਂ ਨੂੰ ਲਹੂ-ਲਿਬੜੇ ਚਿੱਕੜ ਦੀਆਂ ਬੂੰਦਾਂ ਛੁਹਾਉਣ ਲਈ ਮਜਬੂਰ ਹੋ ਉਠੀਆਂ। ਗੁਰੂ ਰਾਮਦਾਸ ਸਰਾਂ ਦੇ ਇਕ ਕਮਰੇ (ਹਾਲ ਕਮਰਾ ਨੰ. 5) ਵਿੱਚ ਤੂੜੇ 35 ਜੀਆਂ ਦੇ, ਜਿਨ੍ਹਾਂ 'ਚ ਬੱਚੇ ਤੇ ਬਜ਼ੁਰਗ ਵੀ ਸਨ, ਗਰਮੀ ਤੇ ਪਿਆਸ ਨਾਲ ਤੜਫਦਿਆਂ ਪ੍ਰਾਣ ਨਿਕਲ ਗਏ। ਲੱਖ ਹਾਲ ਪਾਹਰਿਆ ਕਰਨ ਦੇ ਬਾਵਜੂਦ 'ਦੇਸ ਦੇ ਰਾਖਿਆਂ' ਨੇ ਉਨ੍ਹਾਂ ਉੱਤੇ ਤਰਸ ਨਾ ਕੀਤਾ। ਉਨ੍ਹਾਂ ਦੀਆਂ ਲੱਖਾਂ ਵਿਲਕਣੀਆਂ ਦੇ ਬਾਵਜੂਦ ਕਿਸੇ ਨੇ ਵੀ ਉਨ੍ਹਾਂ ਦਾ ਬਾਹਰੋਂ ਬੰਦ ਕੀਤਾ ਦਰਵਾਜ਼ਾ ਖੋਹਲਣ ਦੀ ਦਿਆਲਤਾ ਨਾ ਦਿਖਾਈ।[11] ਬਾਅਦ ਵਿੱਚ, ਬਹੁਤ ਸਾਰੇ ਚਸ਼ਮਦੀਦ ਗਵਾਹਾਂ ਨੇ ਮੌਕੇ ਦੀ ਸਥਿਤੀ ਦਾ ਵਰਣਨ ਕਰਦਿਆਂ ਕੁਝ ਬਹੁਤ ਹੀ ਹੌਲਨਾਕ ਪ੍ਰਸੰਗ ਬਿਆਨ ਕੀਤੇ

ਕਿ ਕਿਵੇਂ ਇਕ ਫ਼ੌਜੀ ਜਵਾਨ ਨੇ ਦੁੱਧ ਚੁੰਘਦੇ ਬੱਚੇ ਨੂੰ ਮਾਂ ਦੀ ਬੁੱਕਲ 'ਚੋਂ ਖੋਹ ਕੇ ਕੰਧ ਨਾਲ ਪਟਕਾ ਕੇ ਮਾਰ ਦਿੱਤਾ।[12] ਇਕ ਹੋਰ ਅੱਖੀਂ ਦੇਖੀ ਹੈਵਾਨੀਅਤ: "6 ਜੂਨ ਸਵੇਰੇ 6 ਕੁ ਵਜੇ ਦਾ ਵਕਤ ਹੋਵੇਗਾ। ਇਕ 26-27 ਸਾਲ ਦੀ ਔਰਤ ਭਾਰਤੀ ਫ਼ੌਜ ਦੀ 'ਬਹਾਦਰੀ' ਦਾ ਸ਼ਿਕਾਰ ਹੋ ਕੇ ਸ਼ਹੀਦ ਹੋ ਚੁੱਕੀ ਸੀ। ਉਸ ਦਾ ਡੇਢ ਕੁ ਸਾਲ ਦਾ ਬੱਚਾ ਅਜੇ ਵੀ ਉਸ ਦੀ ਛਾਤੀ ਉੱਤੇ ਪਿਆ ਸੀ। ਫ਼ੌਜੀ ਲਾਸ਼ਾਂ ਦੇ ਵਿੱਚੋਂ ਦੀ ਲੰਘਣ ਲਈ ਰਸਤਾ ਬਣਾ ਰਹੇ ਸਨ। ਜਦੋਂ ਇਕ ਫ਼ੌਜੀ ਨੇ ਉਸ ਔਰਤ ਦੀ ਲੱਤ ਫੜ ਕੇ ਘੜੀਸੀ ਤਾਂ ਬੱਚਾ ਇਕ ਪਾਸੇ ਨੂੰ ਲੁੜ੍ਹਕ ਗਿਆ। ਇਕ ਹੋਰ ਫ਼ੌਜੀ ਆਇਆ ਤੇ ਉਸ ਨੇ ਡੇਢ ਸਾਲ ਦੇ ਬੱਚੇ ਨੂੰ ਲੱਤੋਂ ਫੜ ਕੇ ਇਸ ਤਰ੍ਹਾਂ ਲਾਸ਼ਾਂ ਦੇ ਢੇਰ 'ਤੇ ਸੁੱਟ ਦਿੱਤਾ ਜਿਵੇਂ ਕਿਸੇ ਮਰੇ ਚੂਹੇ ਜਾਂ ਕਤੂਰੇ ਨੂੰ ਸੁਟੀਦਾ ਹੈ।"[13]

ਮਨੁੱਖੀ ਹੱਕਾਂ ਦੀ ਰਾਖੀ ਲਈ ਨਿਧੜਕ ਅਵਾਜ਼ ਬੁਲੰਦ ਕਰਨ ਵਾਲੀ 'ਸਿਟੀਜਨਜ਼ ਫ਼ਾਰ ਡੈਮੋਕਰੇਸੀ' ਨਾਂ ਦੀ ਇਕ ਲੋਕ-ਹਿਤੂ ਜਥੇਬੰਦੀ ਨੇ ਦਰਬਾਰ ਸਾਹਿਬ ਅੰਦਰ ਫ਼ੌਜ ਦੁਆਰਾ ਢਾਹੇ ਅਣਮਨੁੱਖੀ ਜ਼ੁਲਮਾਂ ਦਾ ਇਕ ਕੱਚਾ ਚਿੱਠਾ ਤਿਆਰ ਕੀਤਾ ਅਤੇ ਇਸ ਨੂੰ 'ਰਿਪੋਰਟ ਟੂ ਦਾ ਨੇਸ਼ਨ' ਦੇ ਅਨੁਵਾਨ ਹੇਠ ਛਾਪ ਕੇ ਵੱਡੀ ਪੱਧਰ 'ਤੇ ਵੰਡਿਆ (ਕੇਂਦਰ ਸਰਕਾਰ ਨੇ ਇਸ 'ਚਿੱਠੇ' ਉੱਤੇ ਫ਼ੌਰਨ ਪਾਬੰਦੀ ਲਾ ਦਿੱਤੀ)। ਅਕਾਲ ਰੈਸਟ ਹਾਊਸ ਦੇ ਇਕ ਸੇਵਾਦਾਰ (ਪ੍ਰਿਥੀਪਾਲ ਸਿੰਘ) ਨੇ ਇਸ ਜਥੇਬੰਦੀ ਕੋਲ ਆਪਣੀ ਹੱਡਬੀਤੀ ਇੰਜ ਬਿਆਨ ਕੀਤੀ: "6 ਜੂਨ ਨੂੰ ਸਵੇਰ ਦੇ ਦੋ ਵਜੇ ਫ਼ੌਜ ਵਾਲੇ ਅਕਾਲ ਰੈਸਟ ਹਾਊਸ ਅੰਦਰ ਪਹੁੰਚੇ। ਉਨ੍ਹਾਂ ਮੇਰੇ ਸਾਰੇ ਵਸਤਰ ਪਾੜ ਸੁੱਟੇ। ਮੈਨੂੰ ਅਲਫ਼ ਨੰਗਾ ਕਰ ਦਿੱਤਾ ਗਿਆ। ਮੇਰੀ ਗਾਤਰੇ ਪਾਈ ਕਿਰਪਾਨ ਖੋਹ ਲਈ। ਮੇਰਾ ਸਿਰ ਵਾਲਾ ਪਟਕਾ ਖੋਲ੍ਹ ਕੇ ਮੇਰੇ ਹੱਥ ਪਿੱਛੇ ਕਰ ਕੇ ਬੰਨ੍ਹ ਦਿੱਤੇ। ਉਨ੍ਹਾਂ ਮੈਨੂੰ ਵਾਲਾਂ ਤੋਂ ਫੜ ਲਿਆ ਅਤੇ ਹੋਰ ਪੰਜ ਜਣਿਆਂ, ਜੋ ਸਾਰੇ ਦੇ ਸਾਰੇ ਯਾਤਰੂ ਸਨ, ਦੇ ਨਾਲ ਸਾਨੂੰ ਪਾਣੀ ਵਾਲੀ ਢੱਠ ਚੁੱਕੀ ਟੈਂਕੀ ਦੇ ਮਲਬੇ ਕੋਲ ਲਿਜਾ ਕੇ ਇਕ ਲਾਈਨ 'ਚ ਖੜਾ ਕਰ ਦਿੱਤਾ ਗਿਆ। ਕੋਈ ਘੰਟਾ ਭਰ ਸਾਨੂੰ ਨੰਗ-ਮੁਨੰਗਿਆਂ ਨੂੰ ਉਸੇ ਦਸ਼ਾ 'ਚ ਖੜੇ ਕਰੀ ਰੱਖਿਆ। ਸਾਨੂੰ ਕਿਹਾ ਗਿਆ 'ਹਿਲਣਾ ਮੱਤ, ਨਹੀਂ ਤਾਂ ਗੋਲੀ ਮਾਰ ਦਿੱਤੀ ਜਾਵੇਗੀ।' ਉਹ ਸਾਨੂੰ ਰਾਈਫ਼ਲਾਂ ਦੇ ਬੱਟਾਂ ਨਾਲ ਕੁੱਟਦੇ ਰਹੇ। ਫਿਰ ਇਕ ਮੇਜਰ ਆਇਆ ਤੇ ਉਸ ਨੇ ਫ਼ੌਜੀ ਜਵਾਨ ਨੂੰ ਹੁਕਮ ਦਿੱਤਾ, 'ਇਨ ਕੋ ਗੋਲੀ ਮਾਰ ਦੋ।' ਫਿਰ ਉਹ ਸਾਡੇ ਉੱਤੇ ਇਸ ਤਰ੍ਹਾਂ ਚਿਲਾਏ, 'ਆਪ ਭਿੰਡਰਾਂਵਾਲੇ ਕੇ ਚੇਲੇ ਹੋ ਨਾ? ਖ਼ਾਲਿਸਤਾਨ ਲੇਨਾ ਹੈ?' ਅਸੀਂ ਛੇ ਜਣੇ ਮੇਜਰ ਦੇ ਸਾਹਮਣੇ ਲਾਈਨ ਵਿੱਚ ਖੜੇ ਸਾਂ ਜਦ ਇਕ ਪਹਾੜੀ ਜਵਾਨ ਨੇ ਇਕ ਪਾਸਿਓਂ ਗੋਲੀ ਮਾਰਨੀ ਸ਼ੁਰੂ ਕਰ ਦਿੱਤੀ। ਚਾਰ ਜਣਿਆਂ ਨੂੰ ਥਾਏਂ ਢੇਰੀ ਕਰ ਦਿੱਤਾ ਗਿਆ। ਹਰ ਇਕ ਦੇ, ਐਨ ਨੇੜੇ ਤੋਂ, ਤਿੰਨ-ਤਿੰਨ ਗੋਲੀਆਂ ਮਾਰੀਆਂ ਗਈਆਂ। ਮੇਰੀ ਵਾਰੀ ਆਉਣ ਹੀ ਵਾਲੀ ਸੀ ਕਿ ਇਕ ਸਿੱਖ ਅਫ਼ਸਰ ਬਹੁੜ ਪਿਆ ਅਤੇ ਉਸਨੇ ਆਉਂਦਿਆਂ ਹੀ ਹੁਕਮ ਦਿੱਤਾ 'ਗੋਲੀ ਮਾਰਨੀ ਬੰਦ ਕਰੋ।' ਇਸ ਤਰ੍ਹਾਂ ਕਰਕੇ ਮੇਰੀ ਜਾਨ ਬਚ ਗਈ। ਉਨ੍ਹਾਂ ਸਿੱਖ ਅਫ਼ਸਰ ਨੂੰ ਝੂਠ ਹੀ ਕਹਿ ਦਿੱਤਾ ਕਿ ਇਨ੍ਹਾਂ ਕੋਲੋਂ ਅਸਲਾ ਫੜਿਆ ਗਿਆ ਹੈ। ਇਸ 'ਤੇ ਉਸ ਨੇ ਸਾਨੂੰ ਇਕ ਕਮਰੇ 'ਚ ਬੰਦ ਕਰਨ ਦਾ ਹੁਕਮ ਦੇ ਦਿੱਤਾ। ਸਾਨੂੰ ਦੋ ਜਣਿਆਂ ਨੂੰ ਗੁਰੂ ਰਾਮਦਾਸ ਸਰਾਂ ਦੇ ਇਕ ਕਮਰੇ 'ਚ ਡੱਕ ਦਿੱਤਾ ਗਿਆ। ਅਗਲੇ ਦਿਨ ਸਵੇਰੇ 7-8 ਵਜੇ ਜਾ ਕੇ ਕਮਰੇ ਦਾ ਦਰਵਾਜ਼ਾ ਖੁੱਲ੍ਹਾ। ਅਸੀਂ ਸਾਰਾ ਸਮਾਂ ਤਿਹਾਏ ਮਰਦੇ ਰਹੇ। ਫ਼ਰਸ਼ ਉੱਤੇ ਲਹੂ ਹੀ ਲਹੂ ਸੀ।"[14]

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸ: ਭਾਨ ਸਿੰਘ ਨੇ ਦੱਸਿਆ: "6 ਜੂਨ ਦੀ ਸਵੇਰ ਨੂੰ ਜਦ ਸੈਂਕੜੇ ਲੋਕ ਮਾਰੇ ਜਾ ਚੁੱਕੇ ਜਾਂ ਜ਼ਖ਼ਮੀ ਹੋ ਗਏ ਸਨ ਤਾਂ

ਚਾਰੇ ਪਾਸੇ ਜ਼ਖ਼ਮੀਆਂ ਦੀਆਂ ਚੀਕਾਂ ਸੁਣਾਈ ਦੇ ਰਹੀਆਂ ਸਨ। ਪਰ ਉਨ੍ਹਾਂ ਦੀ ਮਲ੍ਹਮ ਪੱਟੀ ਕਰਨ ਦਾ ਕੋਈ ਇੰਤਜ਼ਾਮ ਨਹੀਂ ਸੀ। ਕੰਪਲੈਕਸ ਦੇ ਅੰਦਰ ਰੈੱਡ ਕਰਾਸ ਦਾ ਕੋਈ ਵੀ ਬੰਦਾ ਨਹੀਂ ਸੀ। 18 ਤੋਂ 22 ਸਾਲ ਦੇ ਬਹੁਤ ਸਾਰੇ ਨੌਜੁਆਨਾਂ ਨੂੰ ਗੋਲੀਆਂ ਮਾਰ ਦਿੱਤੀਆਂ ਗਈਆਂ। ਇਸੇ ਤਰ੍ਹਾਂ ਕੁਝ ਔਰਤਾਂ ਨੂੰ ਵੀ। ਇਕ ਔਰਤ ਨੇ ਆਪਣੀ ਗੋਦੀ 'ਚ ਥੋੜ੍ਹੇ ਕੁ ਮਹੀਨਿਆਂ ਦਾ ਬਾਲ ਚੁੱਕਿਆ ਹੋਇਆ ਸੀ ਤੇ ਉਹ ਸਾਹਮਣੇ ਆਪਣੇ ਮਰੇ ਹੋਏ ਪਤੀ ਵੱਲ ਤੱਕ ਰਹੀ ਸੀ। ਮਾਸੂਮ ਬਾਲ ਵੀ ਫ਼ੌਜ ਦੀ ਗੋਲੀ ਨਾਲ ਮਰ ਚੁੱਕਾ ਹੋਇਆ ਸੀ। ਜਦ ਉਸ ਔਰਤ ਨੇ ਆਪਣੇ ਮੋਏ ਬਾਲ ਨੂੰ ਆਪਣੇ ਪਤੀ ਦੀ ਲਾਸ਼ ਦੇ ਨਾਲ ਲਿਟਾ ਦਿੱਤਾ ਤਾਂ ਇਹ ਦ੍ਰਿਸ਼ ਦੇਖ ਕੇ ਮਨ ਕੁਰਲਾ ਉਠਿਆ। ਬਹੁਤ ਸਾਰੇ ਲੋਕ ਪਾਣੀ ਲਈ ਦੁਹਾਈਆਂ ਦੇ ਰਹੇ ਸਨ ਪਰ ਕਿਸੇ ਨੇ ਉਨ੍ਹਾਂ ਨੂੰ ਪਾਣੀ ਦੀ ਬੂੰਦ ਤਕ ਨਾ ਦਿੱਤੀ। ਕੁਝ ਕੁ ਨੂੰ ਨਾਲੀਆਂ 'ਚੋਂ, ਜਿਥੇ ਲਾਸ਼ਾਂ ਹੀ ਲਾਸ਼ਾਂ ਪਈਆਂ ਸਨ, ਚੂਲੀਆਂ ਭਰ ਕੇ ਪਿਆਸ ਬੁਝਾਉਣੀ ਪਈ। ਲਹੂ ਰਲਿਆ ਹੋਣ ਕਰਕੇ ਉਸ ਪਾਣੀ ਦਾ ਰੰਗ ਲਾਲ ਹੋ ਚੁੱਕਾ ਸੀ। ਜ਼ਖ਼ਮੀ ਜਿਸ ਢੰਗ ਨਾਲ ਆਪਣੀ ਪਾਣੀ ਦੀ ਪਿਆਸ ਬੁਝਾ ਰਹੇ ਸਨ, ਉਹ ਬੜਾ ਹੀ ਭਿਆਨਕ ਦ੍ਰਿਸ਼ ਸੀ ਜਿਸ ਨੂੰ ਸਹਿਣ ਨਹੀਂ ਸੀ ਕੀਤਾ ਜਾ ਸਕਦਾ। ਫ਼ੌਜ ਦੇ ਲੋਕ ਉਥੇ ਹੀ ਘੁੰਮ ਰਹੇ ਸਨ ਪਰ ਉਨ੍ਹਾਂ ਨੂੰ ਜ਼ਖ਼ਮੀਆਂ ਨਾਲ ਕੋਈ ਹਮਦਰਦੀ ਨਹੀਂ ਸੀ। ਜੋ ਗ੍ਰਿਫ਼ਤਾਰ ਕਰ ਲਏ ਗਏ, ਉਨ੍ਹਾਂ ਨੂੰ ਪਾਣੀ ਜਾਂ ਭੋਜਨ ਜਾਂ ਅਜਿਹਾ ਕੁਝ ਵੀ ਨਹੀਂ ਦਿੱਤਾ ਗਿਆ। ਤੇੜ ਪਏ ਕਛਹਿਰਿਆਂ ਨੂੰ ਛੱਡ ਕੇ, ਉਨ੍ਹਾਂ ਦੇ ਸਾਰੇ ਵਸਤਰ ਉਤਾਰ ਲਏ ਗਏ ਸਨ। ਉਨ੍ਹਾਂ ਦੀਆਂ ਪੱਗਾਂ, ਕਮੀਜ਼ਾਂ ਵਗ਼ੈਰਾ ਦੀਆਂ ਗੱਠੜੀਆਂ ਬੰਨ੍ਹ ਦਿੱਤੀਆਂ ਗਈਆਂ। ਉਨ੍ਹਾਂ ਨਾਲ ਇਸ ਤਰ੍ਹਾਂ ਵਹਿਸ਼ੀ ਢੰਗ ਨਾਲ ਨਿਪਟਿਆ ਜਾ ਰਿਹਾ ਸੀ ਜਿਵੇਂ ਉਹ ਉਸੇ ਹੀ ਭਾਰਤ ਦੇ ਨਾਗਰਿਕ ਨਾ ਹੋਣ ਜਿਸ ਦੇ ਫ਼ੌਜੀ ਸਨ।"[15]

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਕ ਕਰਮਚਾਰੀ ਦੀ ਕਾਲਜ ਪੜ੍ਹਦੀ ਬੇਟੀ ਨੇ ਆਪਣੀ ਵਿਥਿਆ ਇਉਂ ਬਿਆਨ ਕੀਤੀ : "ਅਸੀਂ 27-28 ਲੋਕ ਸਾਂ। ਇਨ੍ਹਾਂ 'ਚੋਂ ਪੰਜ ਔਰਤਾਂ ਸਨ, ਕੁਝ ਬਜ਼ੁਰਗ ਸਨ ਤੇ ਬਾਕੀ ਨੌਜਵਾਨ ਲੜਕੇ ਸਨ। ਉਨ੍ਹਾਂ ਨੇ ਮਰਦਾਂ 'ਚੋਂ ਚਾਰ ਮੁੰਡਿਆਂ ਨੂੰ ਅਲੱਗ ਛਾਂਟ ਲਿਆ ਅਤੇ ਉਨ੍ਹਾਂ ਦੀਆਂ ਪੱਗਾਂ ਲਾਹ ਕੇ ਉਨ੍ਹਾਂ ਦੇ ਹੱਥ ਪਿੱਛੇ ਕਰ ਕੇ ਨੂੜ ਲਏ ਗਏ। ਫਿਰ ਫ਼ੌਜ ਵਾਲਿਆਂ ਨੇ ਉਨ੍ਹਾਂ ਮੁੰਡਿਆਂ ਨੂੰ ਆਪਣੀਆਂ ਬੰਦੂਕਾਂ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ। ਉਹ ਉਨ੍ਹਾਂ ਨੂੰ ਕਹਿ ਰਹੇ ਸਨ 'ਤੁਸੀਂ ਆਤੰਕਵਾਦੀ ਹੋ।' ਉਹ ਓਦੋਂ ਤਕ ਕੁੱਟਦੇ ਮਾਰਦੇ ਰਹੇ ਜਦ ਤਕ ਮੁੰਡੇ ਲਹੂ-ਲੁਹਾਣ ਹੋ ਕੇ ਧਰਤੀ 'ਤੇ ਡਿੱਗ ਨਹੀਂ ਪਏ। ਇਨ੍ਹਾਂ ਮੁੰਡਿਆਂ ਨੂੰ ਮੇਰੀਆਂ ਅੱਖਾਂ ਦੇ ਸਾਹਮਣੇ ਗੋਲੀਆਂ ਮਾਰ ਦਿੱਤੀਆਂ ਗਈਆਂ। ਉਹ ਪੂਰੀ ਤਰ੍ਹਾਂ ਨਿਰਦੋਸ਼ ਨਜ਼ਰ ਆਉਂਦੇ ਸਨ। ਉਨ੍ਹਾਂ ਵਿਚਾਰਿਆਂ ਨੂੰ ਤਾਂ ਇਹ ਪਤਾ ਵੀ ਨਹੀਂ ਹੋਣਾ ਕਿ ਬੰਦੂਕ ਚਲਾਈਦੀ ਕਿਵੇਂ ਹੈ। ਨਾ ਇਹ ਪਤਾ ਹੋਣਾ ਕਿ 'ਆਤੰਕਵਾਦ' ਕਿਸ ਬਲਾ ਦਾ ਨਾਂ ਹੈ। ਉਹ 18 ਤੋਂ 20 ਸਾਲ ਦੀ ਉਮਰ ਦੇ ਸਨ। ਮੈਂ ਨਹੀਂ ਜਾਣਦੀ ਉਹ ਕੌਣ ਸਨ। ਹੋਣੀ ਨੇ ਸਾਨੂੰ ਇਕੱਠਿਆਂ ਕਰ ਦਿੱਤਾ ਸੀ। ਮੈਨੂੰ ਜਦ ਵੀ ਉਹ ਝਾਕੀ ਚੇਤੇ ਆਉਂਦੀ ਹੈ ਤਾਂ ਮੇਰਾ ਕਲੇਜਾ ਮੂੰਹ ਨੂੰ ਆ ਜਾਂਦਾ ਹੈ।"[16]

ਅਜਿਹੇ ਸੈਂਕੜੇ ਦਰਦਨਾਕ ਕਿੱਸੇ ਸੁਣਨ ਤੋਂ ਬਾਅਦ ਸਿਟੀਜਨਜ਼ ਫ਼ਾਰ ਡੈਮੋਕਰੇਸੀ ਨੂੰ ਆਪਣੀ ਰਿਪੋਰਟ ਅੰਦਰ ਇਹ ਖਰ੍ਹਵਾ ਫ਼ਤਵਾ ਦੇਣ ਲਈ ਮਜਬੂਰ ਹੋਣਾ ਪੈ ਗਿਆ ਕਿ "ਇਹ ਆਜ਼ਾਦ ਹਿੰਦੁਸਤਾਨ ਦਾ ਜਲ੍ਹਿਆਂਵਾਲਾ ਬਾਗ਼ ਸੀ, ਜਿਸਨੇ ਮੌਤਾਂ ਦੀ ਗਿਣਤੀ ਤੇ ਮਾਰਨ ਦੇ ਢੰਗ-ਤਰੀਕਿਆਂ ਪੱਖੋਂ ਅੰਗਰੇਜ਼ਾਂ ਵੇਲੇ ਦੇ ਜਲ੍ਹਿਆਂਵਾਲੇ ਬਾਗ਼ ਨੂੰ ਕਿਤੇ ਪਿੱਛੇ ਛੱਡ ਦਿੱਤਾ ਸੀ।"[17]

ਮਰਿਆਂ ਹੋਇਆਂ ਦੀ ਸ਼ਨਾਖ਼ਤ ਕਰਨ ਜਾਂ ਉਨ੍ਹਾਂ ਦਾ ਕੋਈ ਰਿਕਾਰਡ ਰੱਖਣ ਦੀ ਉੱਕਾ ਹੀ ਕੋਈ ਲੋੜ ਨਹੀਂ ਸਮਝੀ ਗਈ। ਇਸ ਕਾਰਨ ਅੱਜ ਤਕ ਵੀ ਸਰਕਾਰ ਨੇ ਦਰਬਾਰ ਸਾਹਿਬ ਅੰਦਰ ਮਾਰੇ ਗਏ ਲੋਕਾਂ ਦੀ ਕੋਈ ਸੂਚੀ (ਪੂਰੀ ਜਾਂ ਅਧੂਰੀ) ਜਾਰੀ ਨਹੀਂ ਕੀਤੀ। ਕਾਨੂੰਨੀ ਤੇ ਇਨਸਾਨੀ ਫ਼ਰਜ਼ ਦੀ ਅਜਿਹੀ ਅਣਦੇਖੀ ਦੀ, ਅਜੋਕੇ ਜਮਹੂਰੀ ਯੁਗ ਅੰਦਰ ਸ਼ਾਇਦ ਹੀ ਕੋਈ ਹੋਰ ਉਦਾਹਰਣ ਮਿਲਦੀ ਹੋਵੇ। ਲੜਾਈ ਖ਼ਤਮ ਹੋ ਜਾਣ ਦੇ ਦੋ ਦਿਨ ਬਾਅਦ ਤਕ ਵੀ ਦਰਬਾਰ ਸਾਹਿਬ ਦੇ ਅਹਾਤੇ ਅੰਦਰ ਲਾਸ਼ਾਂ ਉਸੇ ਤਰ੍ਹਾਂ ਰੁਲਦੀਆਂ ਰਹੀਆਂ। ਕੋਈ ਰੈੱਡ ਕਰਾਸ ਵਾਲਾ ਨਾ ਬਹੁੜਿਆ। ਨਗਰਪਾਲਿਕਾ ਦੇ ਇਕ ਸਫ਼ਾਈ ਕਰਮਚਾਰੀ ਦੇ ਅੱਖੀਂ ਦੇਖਣ ਮੁਤਾਬਕ: "ਜੂਨ ਮਹੀਨੇ ਦੀ ਲੂਸਵੀਂ ਗਰਮੀ ਅੰਦਰ ਲਾਸ਼ਾਂ ਦੋ ਦਿਨ ਉਵੇਂ ਸੜਦੀਆਂ ਰਹੀਆਂ। ਜਦੋਂ ਅਸੀਂ ਕਿਸੇ ਮ੍ਰਿਤਕ ਸਰੀਰ ਨੂੰ ਲੱਤਾਂ ਜਾਂ ਬਾਹਵਾਂ ਤੋਂ ਫੜ ਕੇ ਚੁੱਕਣ ਦੀ ਕੋਸ਼ਿਸ਼ ਕਰਦੇ ਤਾਂ ਗਲੀ ਹੋਈ ਚਮੜੀ ਦਾ ਰੁੱਗ ਸਾਡੇ ਹੱਥਾਂ ਵਿਚ ਆ ਜਾਂਦਾ। ਅਸੀਂ ਮੁਰਦਿਆਂ ਦੀਆਂ ਪੱਗਾਂ ਤੇ ਚੁੰਨੀਆਂ ਨਾਲ ਉਨ੍ਹਾਂ ਦੀ ਗੱਠੜੀ ਬੰਨ੍ਹ ਲੈਂਦੇ ਤੇ ਸਟਰੇਚਰ 'ਤੇ ਪਾ ਕੇ ਉਨ੍ਹਾਂ ਨੂੰ ਨੇੜੇ ਖੜੀਆਂ ਕੂੜਾ ਢੋਣ ਵਾਲੀਆਂ ਗੱਡੀਆਂ 'ਚ ਉਲੱਦ ਦਿੰਦੇ। ਇਨ੍ਹਾਂ ਲਾਸ਼ਾਂ ਨੂੰ ਮੁਲਾਹਜ਼ੇ (ਪੋਸਟ ਮਾਰਟਮ) ਲਈ ਗੁਰੂ ਤੇਗ ਬਹਾਦਰ ਹਸਪਤਾਲ ਪਹੁੰਚਾਇਆ ਜਾਂਦਾ ਅਤੇ ਫਿਰ ਚਾਟੀਵਿੰਡ ਦੇ ਸ਼ਮਸ਼ਾਨਘਾਟ ਵਿਚ ਲਿਜਾ ਕੇ ਢੇਰਾਂ ਦੇ ਰੂਪ 'ਚ ਦਾਹ ਸੰਸਕਾਰ ਕਰ ਦਿੱਤਾ ਜਾਂਦਾ।"[18] ਇਕ ਹੋਰ ਸਫ਼ਾਈ ਕਰਮਚਾਰੀ ਨੇ ਭਾਰਤੀ ਫ਼ੌਜ ਦੀ ਦਰਿੰਦਗੀ ਤੇ ਕਰੂਰਤਾ ਦਾ ਇਸ ਤਰ੍ਹਾਂ ਨਕਸ਼ਾ ਬੰਨ੍ਹਿਆ: "ਇਕ ਕਮਰੇ ਦੇ ਵਿੱਚ ਲਾਸ਼ਾਂ ਦੇ ਉੱਤੇ ਲਾਸ਼ਾਂ ਚੜ੍ਹੀਆਂ ਪਈਆਂ ਸਨ। ਚਾਰੇ ਪਾਸੇ ਗੋਡੇ-ਗੋਡੇ ਲਹੂ ਜੰਮਿਆ ਪਿਆ ਸੀ। ਲੱਗਦਾ ਇਹ ਸੀ ਕਿ ਉਥੇ ਛੁਪੇ ਕੁਝ ਲੋਕਾਂ ਨੂੰ ਫ਼ੌਜ ਦੇ ਜਵਾਨਾਂ ਨੇ ਦੇਖ ਲਿਆ ਸੀ ਤੇ ਫਿਰ ਉਨ੍ਹਾਂ ਨੂੰ ਖੜੇ ਪੈਰ ਨੇੜਿਓਂ ਗੋਲੀਆਂ ਮਾਰ ਦਿੱਤੀਆਂ ਗਈਆਂ ਸਨ।"[19]

ਇਕ ਬਦੇਸੀ ਖ਼ਬਰ ਏਜੰਸੀ (ਏ.ਪੀ.) ਦੇ ਪੱਤਰਕਾਰ (ਜੋ ਕਿਸੇ ਤਰ੍ਹਾਂ ਫ਼ੌਜ ਤੋਂ ਬਚ ਛੁਪ ਕੇ ਅੰਮ੍ਰਿਤਸਰ ਪਹੁੰਚਣ ਤੇ ਫ਼ੌਜੀ ਕਾਰਵਾਈ ਨੂੰ ਆਪਣੀਆਂ ਅੱਖਾਂ ਨਾਲ ਦੇਖਣ 'ਚ ਕਾਮਯਾਬ ਹੋ ਗਿਆ ਸੀ ਅਤੇ ਇਸ ਦੇ ਬਦਲੇ ਵਿੱਚ ਉਸਨੂੰ ਭਾਰਤ ਸਰਕਾਰ ਦੀ ਭਾਰੀ ਕਰੋਪੀ ਦਾ ਸ਼ਿਕਾਰ ਹੋਣਾ ਪਿਆ ਸੀ। ਉਸ ਉੱਤੇ ਸੰਗੀਨ ਮੁਕੱਦਮੇ ਦਾਇਰ ਕਰ ਕੇ ਉਸ ਨੂੰ ਲੰਮਾ ਚਿਰ ਖ਼ੱਜਲ-ਖ਼ੁਆਰ ਕੀਤਾ ਗਿਆ)[20] ਨੇ ਲਾਸ਼ਾਂ ਦੀ ਨਿਰਾਦਰੀ ਦਾ ਜੋ ਦ੍ਰਿਸ਼ ਦੇਖਿਆ ਉਸ ਨਾਲ ਉਸ ਦਾ ਕਲੇਜਾ ਕੰਬ ਉਠਿਆ: "ਦਰਬਾਰ ਸਾਹਿਬ ਦੇ ਨਜ਼ਦੀਕ ਹੀ ਮੈਂ ਇਕ ਕੂੜੇ ਵਾਲਾ ਟਰੱਕ ਕੋਈ 50 ਲਾਸ਼ਾਂ ਨਾਲ ਭਰਿਆ ਦੇਖਿਆ ਜੋ ਅਜੇ ਵੀ ਮੈਲੇ ਨਾਲ ਲੱਥ-ਪੱਥ ਹੋਇਆ ਪਿਆ ਸੀ। ਸਲੇਟੀ ਰੰਗ ਦੇ ਉਸ ਟਰੱਕ ਦੇ ਪਿਛਲੇ ਡਾਲੇ 'ਚੋਂ ਦੋ ਮਰਦਾਨਾ ਲੱਤਾਂ ਬਾਹਰ ਲਮਕ ਰਹੀਆਂ ਸਨ ਅਤੇ ਟਰੱਕ ਦੇ ਖੱਬੇ ਪਾਸੇ ਇਕ ਮੱਥਾ ਤੇ ਸਿਰ ਦੇ ਲੰਮੇ ਵਾਲ ਬਾਹਰ ਲਮਕਦੇ ਦੇਖੇ ਜਾ ਸਕਦੇ ਸਨ। ਜਦੋਂ ਮੈਂ ਝੀਤ ਵਿੱਚੋਂ ਗੱਡੀ ਦੇ ਅੰਦਰ ਝਾਤੀ ਮਾਰੀ ਤਾਂ ਮੈਨੂੰ ਘੱਟੋ-ਘੱਟ ਇਕ ਬੱਚੇ ਤੇ ਦੋ ਔਰਤਾਂ ਦੀਆਂ ਲਾਸ਼ਾਂ ਨਜ਼ਰ ਆਈਆਂ। ਉਸ ਰਾਤ ਸੌਣਾ ਮੁਹਾਲ ਹੋ ਗਿਆ ਸੀ। ਮੈਂ ਲਾਸ਼ਾਂ ਦੇ ਬਾਰੇ ਹੀ ਸੋਚੀ ਗਿਆ।"[21]

ਲਾਸ਼ਾਂ ਦੇ ਪੋਸਟ ਮਾਰਟਮ ਵੀ ਕਾਹਦੇ ਹੋਏ। ਜ਼ਿਆਦਾਤਰ ਡਾਕਟਰਾਂ ਨੇ ਬਿਨਾਂ ਲਾਸ਼ਾਂ ਵੱਲ ਦੇਖਿਆਂ ਫ਼ੌਜ ਦੇ ਕਹਿਣ 'ਤੇ ਕਾਗ਼ਜ਼ਾਂ ਦੇ ਢਿੱਡ ਭਰ ਦਿੱਤੇ। ਪਰ ਕੁਝ ਜਾਗਦੀ ਜ਼ਮੀਰ ਵਾਲੇ ਡਾਕਟਰਾਂ ਕੋਲੋਂ ਇਹ ਅਧਰਮ ਨਾ ਹੋ ਸਕਿਆ। ਉਨ੍ਹਾਂ ਦੀ ਅੰਤਰ-ਆਤਮਾ ਨੇ ਮੁਰਦਿਆਂ ਨਾਲ ਬੇਇਨਸਾਫ਼ੀ ਕਰਨ ਦੇ ਪਾਪ ਵਿੱਚ ਭਾਗੀਦਾਰ ਬਣਨ ਦੀ ਹਾਮੀ ਨਾ ਭਰੀ। ਇਸ ਕਰਕੇ ਕੁਝ ਮਾਮਲਿਆਂ 'ਚ ਡਾਕਟਰਾਂ ਨੇ ਕਾਗ਼ਜ਼ਾਂ ਉੱਤੇ ਇਹ ਗੱਲਾਂ

ਸੱਚੋ-ਸੱਚ ਬਿਆਨ ਕਰ ਦਿੱਤੀਆਂ ਕਿ ਜਦ ਫ਼ਲਾਣੀ ਲਾਸ਼ ਉਨ੍ਹਾਂ ਕੋਲ ਪਹੁੰਚੀ ਤਾਂ ਉਸ ਦੇ ਹੱਥ ਪਿੱਠ ਪਿੱਛੇ ਬੰਨ੍ਹੇ ਹੋਏ ਸਨ।[22] ਪੋਸਟ ਮਾਰਟਮ ਲਈ ਲਿਜਾਣ ਤੋਂ ਪਹਿਲਾਂ ਮੁਰਦਿਆਂ ਦੇ ਨੂੜੇ ਹੋਏ ਹੱਥਾਂ ਨੂੰ ਖੋਹਲਣ ਦੀ ਫ਼ੌਜ ਨੇ ਕੋਈ ਲੋੜ ਹੀ ਨਹੀਂ ਸੀ ਸਮਝੀ। ਫ਼ਿਰਕੂ ਸੋਚ ਤੇ ਗੁੰਮਰਾਹਕੁਨ ਪ੍ਰਾਪੇਗੰਡੇ ਦੇ ਅਸਰ ਹੇਠ ਉਨ੍ਹਾਂ ਆਪਣੇ ਆਪ ਨੂੰ 'ਦੇਸ ਦੇ ਰਾਖੇ' ਤੇ ਸਿੱਖਾਂ ਨੂੰ, 'ਦੇਸ ਦੇ ਦੁਸ਼ਮਣ' ਸਮਝ ਕੇ ਲੜਾਈ ਲੜੀ ਸੀ। ਇਸ ਕਰਕੇ ਉਹ 'ਦੇਸ ਦੇ ਦੁਸ਼ਮਣਾਂ' ਨਾਲ ਜਿਵੇਂ ਜੀ ਚਾਹੇ ਵਰਤਾਉ ਕਰ ਸਕਦੇ ਸਨ। ਇਸ ਮਾਮਲੇ 'ਚ ਉਨ੍ਹਾਂ ਨੂੰ ਦੇਸ ਦੇ ਕਿਸੇ ਕਾਨੂੰਨ ਜਾਂ ਵਿਧੀ-ਵਿਧਾਨ ਦੀ ਕੋਈ ਪਰਵਾਹ ਨਹੀਂ ਸੀ। ਕਿਉਂਕਿ ਬਹੁਗਿਣਤੀ ਵਰਗ ਨਾਲ ਸੰਬੰਧਤ ਫ਼ੌਜੀ ਤਾਂ ਆਪਣੇ ਆਪ ਨੂੰ 'ਦੇਸ ਦੇ ਰਾਖੇ' ਹੀ ਨਹੀਂ 'ਦੇਸ ਦੇ ਮਾਲਕ' ਵੀ ਸਮਝਦੇ ਸਨ। ਜੇਕਰ ਕੋਈ ਡਾਕਟਰ ਆਪਣੀ ਜ਼ਮੀਰ ਦੀ ਆਵਾਜ਼ ਸੁਣ ਕੇ ਸੱਚ ਬੋਲਣ ਦੀ ਗੁਸਤਾਖ਼ੀ ਕਰ ਬੈਠਾ ਤਾਂ ਉਸ ਦਾ ਨਾਉਂ ਵੀ 'ਦੇਸ ਦੇ ਦੁਸ਼ਮਣਾਂ' ਦੀ ਸੂਚੀ 'ਚ ਸ਼ਾਮਲ ਹੋ ਗਿਆ।*

ਇਤਿਹਾਸ ਅੰਦਰ ਅਤੇ ਜਮਹੂਰੀ ਤੇ ਸੱਭਿਅਕ ਕਹੇ ਜਾਂਦੇ ਅਜੋਕੇ ਸੰਸਾਰ ਅੰਦਰ ਵੀ ਇਹ ਗੱਲ ਖ਼ਾਸ ਤੌਰ 'ਤੇ ਦੇਖਣ ਵਿੱਚ ਆਈ ਹੈ ਕਿ ਬਹੁਗਿਣਤੀ ਵਰਗਾਂ ਦੇ ਧਰਮ ਜਾਂ ਨਸਲ-ਜਾਤ 'ਤੇ ਆਧਾਰਤ ਰਾਜ ਆਪਣੇ ਗ਼ਲਬੇ ਹੇਠਲੇ ਘੱਟਗਿਣਤੀ ਭਾਈਚਾਰਿਆਂ ਵਿਰੁੱਧ ਆਮ ਤੌਰ 'ਤੇ ਹੀ ਤਿੱਖੀ ਨਫ਼ਰਤ ਪਾਲ ਕੇ ਚੱਲ ਰਹੇ ਹੁੰਦੇ ਹਨ ਅਤੇ ਜਦ ਹੀ ਇਨ੍ਹਾਂ ਮਜ਼ਲੂਮ ਭਾਈਚਾਰਿਆਂ ਵੱਲੋਂ ਆਪਣੀ ਆਜ਼ਾਦੀ ਦੇ ਸੰਘਰਸ਼ ਦਾ ਰਸਤਾ ਅਖ਼ਤਿਆਰ ਕੀਤਾ ਜਾਂਦਾ ਹੈ ਤਾਂ ਬਹੁਗਿਣਤੀ ਵਰਗ ਦੇ ਹਾਕਮਾਂ ਦੀ ਫ਼ਿਰਕੂ/ਨਸਲੀ ਫ਼ਿਤਰਤ ਹੋਰ ਵੀ ਘਿਨਾਉਣੀ ਤੇ ਡਰਾਉਣੀ ਸ਼ਕਲ ਅਖ਼ਤਿਆਰ ਕਰ ਲੈਂਦੀ ਹੈ। ਬਹੁਗਿਣਤੀ ਵਰਗ ਨਾਲ ਸੰਬੰਧਤ ਲੋਕਾਂ ਅੰਦਰ ਆਮ ਕਰਕੇ ਅਤੇ ਰਾਜ ਦੇ ਅੰਗਾਂ (ਪੁਲਸ, ਫ਼ੌਜ, ਨਿਆਂਪਾਲਿਕਾ ਆਦਿ) ਅੰਦਰ ਖ਼ਾਸ ਕਰਕੇ, ਆਜ਼ਾਦੀ ਲਈ ਜੂਝ ਰਹੇ ਘੱਟਗਿਣਤੀ ਭਾਈਚਾਰਿਆਂ ਦੇ ਖ਼ਿਲਾਫ਼ ਘਟੀਆ ਦਰਜੇ ਦੀਆਂ ਫ਼ਿਰਕੂ/ਨਸਲੀ ਭਾਵਨਾਵਾਂ ਭੜਕਾਉਣ ਦੇ ਉਚੇਚੇ ਯਤਨ ਕੀਤੇ ਜਾਂਦੇ ਹਨ। ਰੂਸੀ ਰਾਸ਼ਟਰਪਤੀ ਯੈਲਸਿਨ ਨੇ ਰੂਸੀ ਗ਼ਲਬੇ ਤੋਂ ਮੁਕਤ ਹੋਣ ਲਈ ਜੂਝ ਰਹੇ ਚੇਚਨਾਂ ਬਾਰੇ ਅਜਿਹੀ ਹੀ ਨਸਲੀ ਨਫ਼ਰਤ ਉਗਲਦਿਆਂ ਹੋਇਆਂ ਇਹ ਜਾਂਗਲੀ ਫ਼ਤਵਾ ਜਾਰੀ ਕਰ ਦਿੱਤਾ ਸੀ ਕਿ 'ਏਹਨਾਂ ਪਾਗਲ ਕੁੱਤਿਆਂ ਨੂੰ ਗੋਲੀਆਂ ਨਾਲ ਉਡਾ ਦੇਣਾ ਚਾਹੀਦਾ ਹੈ।'[23] ਇਸੇ ਤਰ੍ਹਾਂ ਇੰਡੋਨੇਸ਼ੀਆ ਅੰਦਰ ਭਾਰੂ ਮੁਸਲਿਮ ਵਰਗ ਦੀ ਗ਼ੁਲਾਮੀ ਤੇ ਦਾਬੇ ਤੋਂ ਨਿਜ਼ਾਤ ਹਾਸਲ ਕਰਨ ਲਈ ਕੌਮੀ ਆਜ਼ਾਦੀ ਦੀ ਜਦੋਜਹਿਦ ਦਾ ਪਰਚਮ ਲਹਿਰਾਉਣ ਵਾਲੇ ਪੂਰਬੀ ਤਿਮੋਰ ਦੇ ਈਸਾਈ ਘੁਲਾਟੀਆਂ ਬਾਰੇ ਇੰਡੋਨੇਸ਼ੀਆ ਦਾ ਇਕ ਜ਼ਾਲਮ ਫ਼ੌਜੀ ਜਨਰਲ (Try Sutrisno) ਇਹ ਜਾਹਲ-ਭਾਸ਼ਾ ਵਰਤਣ ਤਕ ਚਲਾ ਗਿਆ ਸੀ ਕਿ 'ਇਨ੍ਹਾਂ ਬਦਜ਼ਾਤਾਂ ਨੂੰ ਗੋਲੀਆਂ ਨਾਲ ਭੁੰਨ ਦੇਣਾ ਚਾਹੀਦਾ ਹੈ ਅਤੇ ਅਸੀਂ ਉਨ੍ਹਾਂ ਨੂੰ ਭੁੰਨ ਕੇ ਰੱਖ ਦੇਵਾਂਗੇ।'[24] ਭਾਰਤ ਦੇ ਹਿੰਦੂ ਹਾਕਮਾਂ ਨੇ ਵੀ ਦਰਬਾਰ ਸਾਹਿਬ ਉੱਤੇ ਫ਼ੌਜੀ ਹੱਲਾ ਬੋਲਣ ਤੋਂ ਪਹਿਲਾਂ ਯਕੀਨ

* ਸੱਚ ਬੋਲਣ ਦੀ ਦਲੇਰੀ ਕਰਨ ਵਾਲੇ ਅਜਿਹੇ ਹੀ ਇਕ ਡਾਕਟਰ ਸੰਤੋਖ ਸਿੰਘ ਬਾਰੇ ਪੁਲਸ ਨੇ ਬਾਕਾਇਦਾ ਪੁੱਛ-ਪੜਤਾਲ ਦਾ ਅਮਲ ਸ਼ੁਰੂ ਕਰ ਦਿੱਤਾ ਸੀ। ਜੇਕਰ ਡਾ. ਸੰਤੋਖ ਸਿੰਘ ਨਾਲ ਮਾਰਚ 1986 ਵਿੱਚ ਇਕ ਦਰਦਨਾਕ ਕਾਰ ਹਾਦਸੇ 'ਚ ਮਾਰੇ ਜਾਣ ਦੀ ਅਣਹੋਣੀ ਨਾ ਵਾਪਰੀ ਹੁੰਦੀ ਤਾਂ ਉਸ ਨੂੰ ਯਕੀਨਨ ਹੀ ਸੱਚ ਬੋਲਣ ਦੇ 'ਸੰਗੀਨ ਜੁਰਮ' ਹੇਠ ਜੇਲ੍ਹ 'ਚ ਡੱਕ ਦਿੱਤਾ ਗਿਆ ਹੁੰਦਾ। ਸਮੇਂ ਦਾ ਕਰੂਰ ਵਿਅੰਗ ਦੇਖੋ ਕਿ ਜਦ ਉਸ ਦਾ ਪਰਿਵਾਰ 30 ਮਾਰਚ 1986 ਨੂੰ ਉਸ ਦੇ ਜੱਦੀ ਪਿੰਡ ਹਲਵਾਰਾ ਵਿਖੇ ਉਸ ਦਾ ਅੰਤਮ ਸੰਸਕਾਰ ਕਰ ਕੇ ਘਰ ਪਰਤਿਆ ਤਾਂ ਅੱਗੇ ਪੁਲਸ ਦੀ ਟੋਲੀ ਉਸ ਬਾਰੇ ਪੁੱਛਗਿੱਛ ਕਰਨ ਲਈ ਪਧਾਰੀ ਹੋਈ ਸੀ।

ਹੀ ਭਾਰਤੀ ਫ਼ੌਜ ਨੂੰ, ਖ਼ਾਸ ਕਰਕੇ ਇਸ ਦੇ ਬਹੁਗਿਣਤੀ ਵਰਗ ਨਾਲ ਸਬੰਧਤ ਹਿੱਸਿਆਂ ਨੂੰ ਸਿੱਖਾਂ ਦੇ ਖ਼ਿਲਾਫ਼ ਅਜਿਹੀ ਹੀ ਫ਼ਿਰਕੂ ਨਫ਼ਰਤ ਤੇ ਦੁਸ਼ਮਣੀ ਦੀ ਪਾਣ ਚਾੜ੍ਹ ਰੱਖੀ ਹੋਈ ਸੀ। ਜੇਕਰ ਇਹ ਗੱਲ ਨਾ ਹੁੰਦੀ ਤਾਂ ਭਾਰਤੀ ਫ਼ੌਜ ਨੇ ਆਪਣੇ ਹੀ ਦੇਸ ਦੇ ਇਕ ਵਰਗ-ਵਿਸ਼ੇਸ਼ ਨਾਲ ਅਜਿਹਾ ਫ਼ਾਸ਼ੀ ਵਰਤਾਉ ਕਰਨ ਤੋਂ ਪਹਿਲਾਂ ਜ਼ਰੂਰ ਸੌ ਵਾਰ ਸੋਚਿਆ ਹੁੰਦਾ।

ਭਾਰਤ ਸਰਕਾਰ ਨੇ, ਸਿੱਖ ਕੌਮ ਉੱਤੇ ਇਹ ਨਾਜ਼ੀਵਾਦੀ ਜ਼ੁਲਮ ਢਾਹੁਣ ਵਾਲੇ ਫ਼ੌਜੀ ਅਫ਼ਸਰਾਂ ਤੇ ਜਵਾਨਾਂ ਦੀ ਹੌਸਲਾ-ਅਫ਼ਜ਼ਾਈ ਕਰਨ ਲਈ, ਉਨ੍ਹਾਂ ਨੂੰ 'ਫ਼ੌਜੀ ਬਹਾਦਰੀ' ਦੇ 'ਜੰਗੀ ਅਵਾਰਡਾਂ' ਨਾਲ ਨਿਵਾਜਿਆ। ਬ੍ਰਿਗੇਡੀਅਰ ਏ.ਕੇ. ਦਿਵਾਨ ਨੂੰ 'ਬਹਾਦਰੀ' ਦਿਖਾਉਣ ਲਈ 'ਵੀਰ ਚੱਕਰ' ਨਾਲ ਸਨਮਾਨਤ ਕੀਤਾ ਗਿਆ। ਆਮ ਦਸਤੂਰ ਦੇ ਤੌਰ 'ਤੇ, ਫ਼ੌਜੀ ਬਹਾਦਰੀ ਦੇ ਜੰਗੀ ਅਵਾਰਡ ਕਿਸੇ ਜੰਗ ਵਿੱਚ ਬਹਾਦਰੀ ਦਿਖਾਉਣ ਦੇ ਕਰਮ ਬਦਲੇ ਹੀ ਪਰਦਾਨ ਕੀਤੇ ਜਾਂਦੇ ਹਨ। ਸੋ, ਇਸ ਲਿਹਾਜ਼ ਨਾਲ, ਭਾਰਤ ਸਰਕਾਰ ਵੱਲੋਂ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦੀ ਕਾਰਵਾਈ ਵਿੱਚ ਹਿੱਸਾ ਲੈਣ ਵਾਲੇ ਅਫ਼ਸਰਾਂ/ਜਵਾਨਾਂ ਨੂੰ 'ਫ਼ੌਜੀ ਬਹਾਦਰੀ' ਦੇ 'ਜੰਗੀ ਅਵਾਰਡਾਂ' ਨਾਲ ਸਨਮਾਨਤ ਕਰਨ ਦਾ ਅਰਥ ਇਹ ਹੈ ਕਿ ਉਹ ਇਸ ਨੂੰ ਇਕ 'ਜੰਗੀ ਝੜਪ' ਤਸਲੀਮ ਕਰਦੇ ਹਨ। ਪਰ ਇਥੇ ਵੀ ਭਾਰਤੀ ਹਾਕਮਾਂ ਦਾ ਫ਼ਿਰਕੂ ਪੱਖ-ਪਾਤੀ ਵਤੀਰਾ ਸਾਫ਼ ਪਰਗਟ ਹੋ ਜਾਂਦਾ ਹੈ ਜਿਸ ਦਸਤੂਰ ਅਧੀਨ ਉਨ੍ਹਾਂ 'ਆਪਣੀ ਧਿਰ' ਨੂੰ 'ਜੰਗੀ ਅਵਾਰਡ' ਬਖ਼ਸ਼ੇ ਉਹ ਦਸਤੂਰ 'ਦੁਸ਼ਮਣ ਧਿਰ' (ਭਾਵ ਸਿੱਖ ਜੁਝਾਰੂਆਂ) ਨਾਲ, ਜਨੇਵਾ ਸਮਝੌਤੇ ਅਨੁਸਾਰ, 'ਜੰਗੀ ਧਿਰ' ਵਾਲਾ ਵਰਤਾਉ ਕਰਨ ਦੀ ਮੰਗ ਕਰਦਾ ਸੀ। ਪਰ ਭਾਰਤੀ ਹਾਕਮਾਂ ਨੇ ਇਸ ਕਾਰਵਾਈ ਦੌਰਾਨ ਮਾਰੇ ਗਏ ਜਾਂ ਜ਼ਖ਼ਮੀ ਹੋਏ ਅਤੇ ਜਾਂ ਗ੍ਰਿਫ਼ਤਾਰ ਕੀਤੇ ਗਏ ਸਿੱਖਾਂ ਨਾਲ ਜੋ ਵਰਤਾਉ ਕੀਤਾ, ਉਸ ਦੀ ਝਲਕ ਅਸੀਂ ਦੇਖ ਹੀ ਲਈ ਹੈ।

## ਸਮਾਨਤਾ ਤੇ ਵਿਲੱਖਣਤਾ

ਇਸ ਘਟਨਾ ਦੇ ਫ਼ੌਰੀ ਬਾਅਦ ਦੇਸੀ ਤੇ ਬਦੇਸੀ ਮੀਡੀਏ ਅੰਦਰ ਭਾਰਤੀ ਫ਼ੌਜ ਦੇ ਇਸ ਵਹਿਸ਼ੀ ਕਾਰਨਾਮੇ ਦੀ ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਨਾਲ ਤੁਲਨਾ ਕਰਨ ਦਾ ਰੁਝਾਨ ਆਮ ਦੇਖਣ ਨੂੰ ਮਿਲਿਆ। ਮੌਤ-ਸੰਖਿਆ ਤੇ ਜ਼ੁਲਮਾਂ ਦੇ ਆਕਾਰ ਨੂੰ ਦੇਖਦਿਆਂ ਹੋਇਆਂ ਇਹ ਤੁਲਨਾ ਗ਼ਲਤ ਨਹੀਂ ਕਹੀ ਜਾ ਸਕਦੀ। ਸਿੱਖ ਕੌਮ ਉੱਤੇ ਇਸ ਘਟਨਾ ਦੁਆਰਾ ਛੱਡੇ ਡੂੰਘੇ ਰਾਜਨੀਤਕ ਤੇ ਮਨੋਵਿਗਿਆਨਕ ਅਸਰਾਂ ਪੱਖੋਂ ਵੀ ਇਹ ਤੁਲਨਾ ਕੁਥਾਵੀਂ ਨਹੀਂ। ਪਰ ਇਨ੍ਹਾਂ ਸਮਾਨਤਾ ਵਾਲੇ ਪੱਖਾਂ ਦੇ ਨਾਲ ਹੀ, ਇਹ ਕਾਰਵਾਈ ਜਲ੍ਹਿਆਂਵਾਲੇ ਕਾਂਡ ਨਾਲੋਂ ਕਈ ਅਹਿਮ ਪੱਖਾਂ ਤੋਂ ਵਿਲੱਖਣ ਵੀ ਹੈ। ਇਸ ਵਿਲੱਖਣਤਾ ਦਾ ਸਬੰਧ ਨਿਸ਼ਚਿਤ ਰੂਪ ਵਿੱਚ ਹਿੰਦੂ ਕਿਰਦਾਰ ਦੀਆਂ ਕੁਝ ਖ਼ਾਸ ਵਿਸ਼ੇਸ਼ਤਾਈਆਂ ਨਾਲ ਜੁੜਿਆ ਹੋਇਆ ਹੈ।

ਕਿਸੇ ਭਾਈਚਾਰੇ ਦੇ ਕੌਮੀ ਚਰਿੱਤਰ ਨੂੰ ਘੜਨ-ਤਰਾਸ਼ਣ ਵਿੱਚ ਹੋਰਨਾਂ ਗੱਲਾਂ ਤੋਂ ਇਲਾਵਾ ਉਸ ਦੇ ਮਿਥਿਹਾਸ ਤੇ ਇਤਿਹਾਸ ਦਾ ਵੀ ਭਾਰੀ ਯੋਗਦਾਨ ਹੁੰਦਾ ਹੈ। ਅਤੀਤ ਇਸ ਤਰ੍ਹਾਂ ਹੀ ਸੰਸਕਾਰਾਂ ਤੇ ਜਜ਼ਬਿਆਂ ਦੇ ਰੂਪ ਵਿੱਚ ਨਿਰੰਤਰ ਵਰਤਮਾਨ ਵਿੱਚ ਰੂਪਮਾਨ ਹੁੰਦਾ ਰਹਿੰਦਾ ਹੈ। ਹਿੰਦੂ ਮਿਥਿਹਾਸ ਦੇ ਸਰਸਰੀ ਅਧਿਐਨ 'ਚੋਂ ਹੀ ਜਿਹੜੀ ਗੱਲ ਰੜਕਵੇਂ ਰੂਪ 'ਚ ਪ੍ਰਗਟ ਹੁੰਦੀ ਹੈ, ਉਹ ਇਹ ਹੈ ਕਿ ਹਿੰਦੂ ਪੈਗ਼ੰਬਰਾਂ ਤੇ ਦੇਵੀ-ਦੇਵਤਿਆਂ ਦੀ ਨੈਤਿਕਤਾ ਦੇ ਮਸਲੇ ਪ੍ਰਤੀ ਪਹੁੰਚ ਬਹੁਤ ਹੀ ਵਿਹਾਰਕ ਕਿਸਮ ਦੀ ਹੈ। ਹਿੰਦੂ ਮਿਥਿਹਾਸ

ਅੰਦਰ ਨੈਤਿਕ ਸੁੱਚਤਾ ਨੂੰ ਜੀਵਨ ਦੇ ਮਾਰਗ-ਦਰਸ਼ਨ ਵਜੋਂ ਉਭਾਰਨ ਦੀ ਪਹੁੰਚ ਰੜਕਵੇਂ ਰੂਪ ਵਿੱਚ ਗ਼ਾਇਬ ਹੈ। ਹਰ ਮਾਮਲੇ 'ਚ ਫਲ-ਪ੍ਰਾਪਤੀ ਦੀ ਤਾਂਘ ਸਾਧਨ ਦੀ ਪ੍ਰਮਾਣਿਕਤਾ ਦੇ ਸਰੋਕਾਰਾਂ ਉੱਤੇ ਹਾਵੀ ਹੋਈ ਦੇਖੀ ਜਾ ਸਕਦੀ ਹੈ। ਯੋਗ ਨਿਸ਼ਾਨੇ ਲਈ ਅਯੋਗ ਸਾਧਨ ਵਰਤਣ ਨੂੰ ਨਾ ਸਿਰਫ਼ ਖੁੱਲ੍ਹੇਆਮ ਉਚਿਤ ਠਹਿਰਾਇਆ ਗਿਆ ਹੈ ਸਗੋਂ ਇਸ ਨੂੰ 'ਕਰਮ ਵਿਦਿਆ' ਦਾ ਆਦਰਯੋਗ ਰੁਤਬਾ ਤੇ ਨਾਉਂ ਦਿੱਤਾ ਗਿਆ ਹੈ। ਹਰ ਜਗ੍ਹਾ, ਵਿਰੋਧੀ ਧਿਰ ਨਾਲ ਨਿਪਟਣ ਵੇਲੇ ਝੂਠ, ਚਲਾਕੀ ਤੇ ਧੋਖਾਦੇਹੀ ਨੂੰ ਨਾ ਸਿਰਫ਼ ਅਛੂਤ ਜਾਂ ਅਨੈਤਿਕ ਕਰਮ ਨਹੀਂ ਮੰਨਿਆ ਗਿਆ ਸਗੋਂ ਇਸ ਨੂੰ ਖੁੱਲ੍ਹੇਆਮ ਵਿਹਾਰ-ਚਤੁਰਾਈ ਦੀ ਕਲਾ ਦਾ ਦਰਜਾ ਦਿੱਤਾ ਗਿਆ ਹੈ। ਹਿੰਦੂ ਮਿਥਿਹਾਸ ਦੀ ਲਗਭਗ ਹਰ ਜੰਗ ਅੰਦਰ ਹੀ ਹਿੰਦੂ ਅਵਤਾਰਾਂ, ਦੇਵਤਿਆਂ, ਰਿਸ਼ੀਆਂ ਤੇ ਨਾਮੀ ਯੋਧਿਆਂ ਦੁਆਰਾ ਇਸ 'ਕਲਾ' ਦੀ ਨਿਰਸੰਕੋਚ ਵਰਤੋਂ ਦੀਆਂ ਅਣਗਿਣਤ ਉਦਾਹਰਣਾਂ ਮਿਲਦੀਆਂ ਹਨ, ਜਿਸ ਨੂੰ ਹਿੰਦੂ ਜਨਤਾ ਸਦੀਆਂ ਤੋਂ ਗਾਉਂਦੀ/ਸਲਾਹੁੰਦੀ ਆ ਰਹੀ ਹੈ। ਇਸ ਤਰ੍ਹਾਂ ਹਿੰਦੂ ਵਰਗ ਨੇ ਨਾ ਸਿਰਫ਼ ਲੜਾਈ ਜਾਂ ਜੰਗ ਦੌਰਾਨ ਸਗੋਂ ਆਮ ਵਿਹਾਰ ਅੰਦਰ ਵੀ ਝੂਠ, ਚਲਾਕੀ ਤੇ ਧੋਖਾਦੇਹੀ ਨੂੰ ਇਕ ਕਬੂਲਵੇਂ ਕਦਰ-ਪ੍ਰਬੰਧ (value system) ਵਜੋਂ ਅਪਣਾ ਲਿਆ ਹੋਇਆ ਹੈ।

ਇਸ ਦ੍ਰਿਸ਼ਟੀ ਤੋਂ ਦੇਖਿਆਂ ਦਰਬਾਰ ਸਾਹਿਬ ਦੇ ਸਾਕੇ ਦੀ ਜਲ੍ਹਿਆਂਵਾਲੇ ਕਾਂਡ ਨਾਲੋਂ ਵਿਲੱਖਣ ਗੱਲ ਮੌਤਾਂ ਦੀ ਗਿਣਤੀ ਵੱਧ ਹੋਣਾ ਜਾਂ ਜ਼ੁਲਮਾਂ ਦਾ ਆਕਾਰ ਤੇ ਪਾਸਾਰ ਵੱਡਾ ਹੋਣਾ ਨਹੀਂ। ਇਹ ਵਖਰੇਵਾਂ ਏਨਾ ਅਹਿਮ ਨਹੀਂ। ਵਹਿਸ਼ੀਪੁਣੇ ਨਾਲੋਂ ਵੱਧ, ਝੂਠ-ਫ਼ਰੇਬ-ਤੇ-ਧੋਖਾਦੇਹੀ ਦਾ ਅੰਸ਼ ਹੈ ਜੋ ਇਸ ਕਾਰਵਾਈ ਨੂੰ ਜਲ੍ਹਿਆਂਵਾਲੇ ਕਾਂਡ ਨਾਲੋਂ ਅਹਿਮ ਰੂਪ 'ਚ ਵੱਖਰਿਆਉਂਦਾ ਹੈ। ਇਸ ਕਾਰਵਾਈ ਨੂੰ ਵਿਉਂਤਣ, ਨੇਪਰੇ ਚਾੜ੍ਹਨ ਤੇ ਸਮੇਟਣ ਦੇ ਸਮੁੱਚੇ ਅਮਲ ਦੌਰਾਨ ਭਾਰਤੀ ਹਾਕਮਾਂ ਵੱਲੋਂ ਆਪਣੀਆਂ ਇਨ੍ਹਾਂ ਵਿਰਾਸਤੀ ਖ਼ੂਬੀਆਂ ਦਾ ਬਹੁਤ ਹੀ ਨੰਗਾ ਮੁਜ਼ਾਹਰਾ ਕੀਤਾ ਗਿਆ।

ਸਭ ਨਾਲੋਂ ਪਹਿਲੀ ਗੱਲ, ਹਮਲਾ ਕਰਨ ਵੇਲੇ ਤਕ ਭਾਰਤੀ ਹਾਕਮਾਂ ਨੇ ਨਾ ਸਿਰਫ਼ ਸਿੱਖ ਜਨਤਾ ਨੂੰ ਸਗੋਂ ਹਮਲੇ ਦੀ ਸੰਭਾਵਨਾ ਬਾਰੇ ਲਗਾਤਾਰ ਤਿੱਖੇ ਡਰ ਤੇ ਖ਼ਦਸ਼ੇ ਪ੍ਰਗਟਾਉਂਦੀਆਂ ਆ ਰਹੀਆਂ ਦੇਸ ਦੀਆਂ ਕੁਝ ਬਾਵਕਾਰ ਹਸਤੀਆਂ ਨੂੰ ਵੀ ਲਗਾਤਾਰ ਧੋਖੇ 'ਚ ਰੱਖਿਆ। ਦੇਸ ਅੰਦਰਲੀਆਂ ਹਿੰਦੂ ਕੱਟੜਪੰਥੀ ਤਾਕਤਾਂ (ਆਰ.ਐਸ.ਐਸ., ਭਾਰਤੀ ਜਨਤਾ ਪਾਰਟੀ ਤੇ ਸ਼ਿਵ ਸੈਨਾ ਵ਼ਗ਼ੈਰਾ) ਤੇ ਆਰੀਆ ਸਮਾਜੀ ਤੱਤਾਂ (ਜਿਨ੍ਹਾਂ ਦਾ ਸਰਗਣਾ ਚੌਧਰੀ ਚਰਨ ਸਿੰਘ ਸੀ)* ਨੂੰ ਛੱਡ ਕੇ, ਗੰਭੀਰ ਮਤਾ ਰੱਖਣ ਵਾਲਾ ਦੇਸ

---

* ਇਸ ਸਾਰੇ ਸਮੇਂ ਦੌਰਾਨ ਆਰ.ਐਸ.ਐਸ. ਨੇ ਸਿੱਖ ਸੰਘਰਸ਼ ਨੂੰ ਇਕ ਪਾਸੇ ਵਿਚਾਰਧਾਰਕ ਤੌਰ 'ਤੇ ਢਾਹ ਲਾਉਣ ਦੇ ਯਤਨਾਂ ਉੱਤੇ ਜ਼ੋਰ ਦੇਈ ਰੱਖਿਆ। ਦੂਜੇ ਪਾਸੇ, ਸਿੱਖ ਸੰਘਰਸ਼ ਨੂੰ ਹਕੂਮਤੀ ਤਾਕਤ ਨਾਲ ਕੁਚਲਣ ਲਈ ਭਾਰਤ ਸਰਕਾਰ ਉੱਤੇ ਲਗਾਤਾਰ ਤਿੱਖਾ ਦਬਾਅ ਪਾਉਣਾ ਜਾਰੀ ਰੱਖਿਆ। ਆਰ.ਐਸ.ਐਸ. ਨੇ 10-11 ਜੁਲਾਈ 1982 ਨੂੰ ਆਗਰੇ ਵਿਖੇ ਅਖਿਲ ਭਾਰਤੀਯ ਕਾਰਯਕਾਰੀ ਮੰਡਲ ਦੀ ਮੀਟਿੰਗ ਵਿੱਚ ਇਹ ਗੱਲ ਮੁੜ ਜ਼ੋਰ ਨਾਲ ਦੁਹਰਾਈ ਕਿ ਸਿੱਖ ਧਰਮ ਵੀ, ਜੈਨ ਤੇ ਆਰੀਆ ਸਮਾਜ ਵਾਂਗ ਹੀ ਹਿੰਦੂ ਸਮਾਜ ਦਾ ਹੀ ਇਕ ਫ਼ਿਰਕਾ ਹੈ ਅਤੇ 'ਅੱਤਵਾਦੀਆਂ' ਵੱਲੋਂ ਸਿੱਖਾਂ ਨੂੰ ਹਿੰਦੂਆਂ ਨਾਲੋਂ ਨਿਖੇੜਨ ਦੀ ਹਰ ਕੋਸ਼ਿਸ਼ ਨੂੰ ਜ਼ੋਰ ਤੇ ਫੁਰਤੀ ਨਾਲ ਦਬਾਅ ਦੇਣਾ ਚਾਹੀਦਾ ਹੈ। ਇਕ ਸਾਲ ਬਾਅਦ ਪੂਨੇ ਵਿਖੇ ਹੋਈ 'ਮੰਡਲ' ਦੀ ਮੀਟਿੰਗ ਵਿੱਚ ਫਿਰ ਇਹੀ ਮੱਤ ਦ੍ਰਿੜਾਇਆ ਗਿਆ। ਮਾਰਚ 1984 ਵਿੱਚ ਆਰ.ਐਸ.ਐਸ. ਦੀ ਅਖਿਲ ਭਾਰਤੀਯ ਪ੍ਰਤੀਨਿਧ ਸਭਾ ਨੇ ਨਾਗਪੁਰ ਵਿਖੇ ਹੋਈ ਮੀਟਿੰਗ ਵਿੱਚ ਪਾਸ ਕੀਤੇ ਇਕ ਮਤੇ (ਨੰ. 2) ਰਾਹੀਂ ਭਾਰਤ ਸਰਕਾਰ ਨੂੰ 'ਅੱਤਵਾਦੀ ਤੱਤਾਂ' ਨੂੰ ਕੁਚਲ ਦੇਣ ਦੀ ਆਪਣੀ ਧਾਰਨਾ ਉੱਤੇ ਮੁੜ ਜ਼ੋਰ ਦਿੱਤਾ। 8 ਜੁਲਾਈ 1984 ਨੂੰ ਅਖਿਲ ਭਾਰਤੀਯ ਕਾਰਯਕਾਰੀ ਮੰਡਲ ਦੀ ਹੈਦਰਾਬਾਦ ਵਿਖੇ ਹੋਈ ਮੀਟਿੰਗ ਵਿੱਚ ਪਰਵਾਨ ਕੀਤੇ ਇਕ ☛

ਦਾ ਕੋਈ ਵੀ ਰਾਜਸੀ ਦਲ ਜਾਂ ਆਗੂ ਦਰਬਾਰ ਸਾਹਿਬ ਉੱਤੇ ਇਸ ਤਰਜ਼ ਦੇ ਫ਼ੌਜੀ ਹਮਲੇ ਦੇ ਹੱਕ ਵਿੱਚ ਨਹੀਂ ਸੀ। ਇਹ ਨਹੀਂ ਕਿ ਉਨ੍ਹਾਂ ਨੂੰ ਸੰਤ ਭਿੰਡਰਾਂਵਾਲੇ ਨਾਲ ਜਾਂ ਸਿੱਖ ਕੌਮ ਨਾਲ ਹੀ ਕੋਈ ਦਿਲੀ ਲਗਾਉ ਜਾਂ ਹਮਦਰਦੀ ਸੀ। ਉਨ੍ਹਾਂ ਦੀ ਇਹ ਦ੍ਰਿੜ ਧਾਰਨਾ ਸੀ ਕਿ ਅਜਿਹਾ ਕਰਨ ਨਾਲ ਦੇਸ ਦੇ ਹਿਤਾਂ ਨੂੰ ਹਰਜਾ ਪਹੁੰਚੇਗਾ। ਪਰ ਇਨ੍ਹਾਂ ਖ਼ਦਸ਼ਿਆਂ ਦੇ ਜੁਆਬ ਵਿੱਚ ਕੇਂਦਰ ਸਰਕਾਰ ਵੱਲੋਂ ਵਾਰ-ਵਾਰ ਇਹੀ ਕਿਹਾ ਜਾਂਦਾ ਰਿਹਾ ਕਿ ਸਰਕਾਰ ਦਾ ਦਰਬਾਰ ਸਾਹਿਬ ਦੇ ਅੰਦਰ ਫ਼ੌਜ ਵਾੜਨ ਦਾ ਕੋਈ ਇਰਾਦਾ ਨਹੀਂ ਹੈ। ਖ਼ੁਦ ਇੰਦਰਾ ਗਾਂਧੀ ਨੇ ਇਹ ਗੱਲ ਕਈਆਂ ਮੌਕਿਆਂ 'ਤੇ ਅਤੇ ਕਈਆਂ ਲੋਕਾਂ ਕੋਲ ਕਹੀ। ਭਾਰਤ ਦੇ ਤਤਕਾਲੀ ਗ੍ਰਹਿ ਮੰਤਰੀ ਸ੍ਰੀ ਪੀ.ਸੀ. ਸੇਠੀ ਨੇ ਪਾਰਲੀਮੈਂਟ ਨੂੰ ਇਹ ਭਰੋਸਾ ਦੁਆਇਆ ਕਿ ਅਜਿਹੀ ਕੋਈ ਕਾਰਵਾਈ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।[25] ਬਾਅਦ 'ਚ ਉਜਾਗਰ ਹੋਏ ਤੱਥਾਂ ਤੋਂ ਇਹ ਗੱਲ ਸਾਫ਼ ਹੋ ਗਈ ਹੈ ਕਿ ਇੰਦਰਾ ਗਾਂਧੀ ਤੇ ਉਸ ਦੇ ਗੁਮਾਸ਼ਤਿਆਂ ਵੱਲੋਂ ਦੇਸ ਦੇ ਲੋਕਾਂ ਸਾਹਮਣੇ ਗਿਣ-ਮਿਥ ਕੇ ਝੂਠ ਬੋਲਿਆ ਜਾ ਰਿਹਾ ਸੀ। ਹਿੰਦੂ ਹਾਕਮਾਂ ਵੱਲੋਂ ਆਪਣੇ ਮਿਥਿਹਾਸ ਕੋਲੋਂ ਸੇਧ ਲੈਂਦਿਆਂ ਹੋਇਆਂ, ਆਪਣੇ ਕਲਪੇ ਹੋਏ ਨਿਸ਼ਾਨੇ ਦੀ ਪੂਰਤੀ ਲਈ ਝੂਠ-ਬਿਆਨੀ ਤੇ ਧੋਖਾਦੇਹੀ ਦੇ ਹਥਿਆਰ ਦੀ ਸੁਚੇਤ ਰੂਪ 'ਚ ਵਰਤੋਂ ਕਰਨ ਦੀ ਇਹ ਇਕ ਪ੍ਰਮਾਣਿਕ ਉਦਾਹਰਣ ਕਹੀ/ਮੰਨੀ ਜਾ ਸਕਦੀ ਹੈ।

ਕਾਰਵਾਈ ਬਾਰੇ ਆਪਣੇ ਖੋਟੇ ਇਰਾਦਿਆਂ ਨੂੰ ਛੁਪਾਉਣ ਵਾਂਗ ਹੀ, ਦਿਲ-ਫ਼ਰੇਬ ਹਾਕਮਾਂ ਨੇ, ਬਾਅਦ ਵਿੱਚ ਜਾ ਕੇ, ਕਾਰਵਾਈ ਨਾਲ ਸਬੰਧਤ ਤੱਥਾਂ ਤੇ ਵੇਰਵਿਆਂ ਨੂੰ ਛੁਪਾਉਣ ਅਤੇ ਸੱਚਾਈ ਉੱਤੇ ਝੂਠ ਦੇ ਲੇਪ ਚਾੜ੍ਹਨ ਵਿੱਚ ਕੋਈ ਕਸਰ ਨਹੀਂ ਰਹਿਣ ਦਿੱਤੀ। ਅਸਲ ਵਿੱਚ ਦਰਬਾਰ ਸਾਹਿਬ ਉੱਤੇ ਫ਼ੌਜੀ ਹੱਲਾ ਬੋਲਣ ਤੋਂ ਪਹਿਲਾਂ ਹੀ ਮਨਚਾਹਿਆ ਝੂਠ ਬੋਲਣ ਅਤੇ ਅਣਚਾਹਿਆ ਸੱਚ ਦਬਾਉਣ ਦੇ ਪੱਕੇ ਇੰਤਜ਼ਾਮ ਕਰ ਲਏ ਗਏ ਸਨ। ਸਾਰੇ ਬਦੇਸੀ ਪੱਤਰਕਾਰਾਂ ਨੂੰ ਚੁਣ-ਚੁਣ ਕੇ ਪੰਜਾਬ ਦੀਆਂ ਜੂਹਾਂ ਤੋਂ ਬਾਹਰ ਕੱਢ ਦਿੱਤਾ ਗਿਆ ਸੀ ਅਤੇ ਦੇਸੀ ਪ੍ਰੈੱਸ ਦੀ ਜ਼ੁਬਾਨ ਸੈਂਸਰਸ਼ਿਪ ਦੀ ਕੈਂਚੀ ਨਾਲ ਕੁਤਰ ਦਿੱਤੀ ਗਈ ਸੀ। ਸਰਕਾਰੀ ਕੰਟਰੋਲ ਹੇਠਲੇ ਮੀਡੀਏ ਨੂੰ ਝੂਠ ਬੋਲਣ ਦੀ ਕੋਈ ਉਚੇਚੀ ਸਿਖਲਾਈ ਦੇਣ ਦੀ ਜ਼ਰੂਰਤ ਨਹੀਂ ਸੀ। ਉਸ ਨੂੰ ਕੋਈ ਉਚੇਚੀ ਹਦਾਇਤ ਦੇਣ ਦੀ ਵੀ ਲੋੜ ਨਹੀਂ ਸੀ। ਲੰਮੇ ਅਭਿਆਸ ਨਾਲ ਇਸ ਦੀਆਂ ਤੰਤੂ ਪ੍ਰਣਾਲੀਆਂ (reflex system) ਅਜਿਹੇ ਮੌਕਿਆਂ 'ਤੇ ਖ਼ੁਦ-ਬ-ਖ਼ੁਦ ਹੀ ਹਰਕਤ ਵਿੱਚ ਆ ਜਾਣਾ ਸਿੱਖ ਗਈਆਂ ਹੋਈਆਂ ਹਨ। ਇਨ੍ਹਾਂ ਨੂੰ ਕਿਸੇ ਹਦਾਇਤ ਦੀ ਲੋੜ ਨਹੀਂ, ਇਸ਼ਾਰਾ ਹੀ ਕਾਫ਼ੀ ਹੁੰਦਾ ਹੈ।

ਭਾਰਤੀ ਫ਼ੌਜ ਦੇ ਵਹਿਸ਼ੀਪੁਣੇ ਉੱਤੇ ਪਰਦਾ ਪਾਉਣ ਲਈ ਜਾਨੀ ਤੇ ਗ਼ੈਰ-ਜਾਨੀ, ਹਰ ਤਰ੍ਹਾਂ ਦੇ ਨੁਕਸਾਨ ਨੂੰ ਮੂਲੋਂ ਹੀ ਘਟਾ ਕੇ ਪੇਸ਼ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਤੇ ਸੇਵਾਦਾਰਾਂ ਤੋਂ ਲੈ ਕੇ ਨਗਰਪਾਲਕਾ ਦੇ ਸਫ਼ਾਈ ਕਰਮਚਾਰੀਆਂ ਤਕ, ਸਭਨਾਂ ਚਸ਼ਮਦੀਦ ਗਵਾਹਾਂ ਦੇ ਬਿਆਨ ਸਰਕਾਰੀ ਝੂਠ ਦਾ ਮੂੰਹ ਚਿੜਾਉਂਦੇ ਹਨ। ਜਾਨੀ ਨੁਕਸਾਨ ਬਾਰੇ ਸਰਕਾਰੀ ਪੱਧਰ 'ਤੇ ਜਾਰੀ ਕੀਤੇ ਗਏ ਅੰਕੜਿਆਂ

---

☛ਮਤੇ ਰਾਹੀਂ ਆਰ.ਐਸ.ਐਸ. ਨੇ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦੀ ਹਮਾਇਤ ਕਰਦਿਆਂ ਹੋਇਆਂ ਭਾਰਤੀ ਫ਼ੌਜ ਦੇ ਰੋਲ ਦੀ ਭਰਪੂਰ ਸ਼ਲਾਘਾ ਕੀਤੀ। (Gurmit Singh, *History of Sikh Struggles,* Vol.III, pp. 298-304) ਇਸ ਹੀ ਸਮੇਂ ਦੌਰਾਨ ਭਾਰਤੀ ਜਨਤਾ ਪਾਰਟੀ ਤੇ ਚੌਧਰੀ ਚਰਨ ਸਿੰਘ ਦੀ ਅਗਵਾਈ ਹੇਠਲੇ 'ਲੋਕ ਦਲ' ਨੇ 'ਕੌਮੀ ਜਮਹੂਰੀ ਗੱਠਜੋੜ' ਦੇ ਫੱਟੇ ਹੇਠ, ਦਰਬਾਰ ਸਾਹਿਬ ਉੱਤੇ ਫ਼ੌਜੀ ਹੱਲਾ ਬੋਲਣ ਦੇ ਪੱਖ ਵਿੱਚ ਸ਼ੁਰੀਲੀ ਪਰਚਾਰ ਮੁਹਿੰਮ ਚਲਾ ਰੱਖੀ ਹੋਈ ਸੀ।

ਉੱਤੇ ਕੋਈ ਵੀ ਯਕੀਨ ਕਰਨ ਲਈ ਤਿਆਰ ਨਹੀਂ। ਜਦ ਮਾਰੇ ਗਏ ਲੋਕਾਂ ਦਾ ਕਿਸੇ ਵੀ ਕਿਸਮ ਦਾ ਕੋਈ ਰਿਕਾਰਡ ਹੀ ਨਹੀਂ ਰੱਖਿਆ ਗਿਆ, ਉਨ੍ਹਾਂ ਦੇ ਨਾਂ-ਪਤੇ ਤੇ ਨਿਸ਼ਾਨੀਆਂ ਹੀ ਨਹੀਂ ਸੰਭਾਲੀਆਂ ਗਈਆਂ, ਤਾਂ ਇਨ੍ਹਾਂ ਗੂੰਗੇ-ਬੋਲੇ ਅੰਕੜਿਆਂ ਉੱਤੇ ਭਲਾ ਕਿਸ ਤਰ੍ਹਾਂ ਯਕੀਨ ਕੀਤਾ ਜਾ ਸਕਦਾ ਹੈ?

ਇਹੀ ਗੱਲ ਗ਼ੈਰ-ਜਾਨੀ ਨੁਕਸਾਨ, ਅਰਥਾਤ ਦਰਬਾਰ ਸਾਹਿਬ ਦੇ ਅਹਾਤੇ ਅੰਦਰਲੀਆਂ ਇਮਾਰਤਾਂ ਤੇ ਵਸਤੂਆਂ ਦੀ ਹੋਈ ਹਾਨੀ (ਜਾਂ ਬਰਬਾਦੀ) ਦੇ ਬਾਰੇ 'ਚ ਕਹੀ ਜਾ ਸਕਦੀ ਹੈ। ਕਾਰਵਾਈ ਦੌਰਾਨ ਅਕਾਲ ਤਖ਼ਤ ਤੇ ਦਰਸ਼ਨੀ ਡਿਉਢੀ ਦੇ ਵੱਡੇ ਹਿੱਸੇ ਖੰਡਰਾਤ ਬਣਾ ਦਿੱਤੇ ਗਏ ਸਨ। ਇਕ ਬਦੇਸੀ ਪੱਤਰਕਾਰ ਨੇ ਢੱਠੇ ਹੋਏ ਅਕਾਲ ਤਖ਼ਤ ਨੂੰ ਦੇਖ ਕੇ ਆਪਣੇ ਭਾਵ ਇਸ ਤਰ੍ਹਾਂ ਪ੍ਰਗਟਾਏ: "ਇਸ ਤਰ੍ਹਾਂ ਜਾਪਦੈ ਜਿਵੇਂ ਅਕਾਲ ਤਖ਼ਤ ਦੇ ਉੱਤੇ ਬੰਬ ਸੁੱਟੇ ਗਏ ਹੋਣ। ਇਸ ਦੀ ਦਸ਼ਾ ਦੂਜੀ ਸੰਸਾਰ ਜੰਗ ਦੌਰਾਨ ਬਰਲਿਨ ਸ਼ਹਿਰ ਵਰਗੀ ਹੋਈ ਪਈ ਹੈ।"[26] ਪਰ ਸਰਕਾਰੀ ਪ੍ਰੈੱਸ ਬਿਆਨ ਅੰਦਰ ਅਕਾਲ ਤਖ਼ਤ ਦੀ ਇਮਾਰਤ ਨੂੰ 'ਥੋੜਾ ਨੁਕਸਾਨ' ਹੋਣ ਦੀ ਹੀ ਗੱਲ ਕਹੀ ਗਈ। ਅਕਾਲ ਤਖ਼ਤ ਦੇ ਤਤਕਾਲੀ ਜਥੇਦਾਰ ਗਿਆਨੀ ਕਿਰਪਾਲ ਸਿੰਘ ਨੂੰ ਟੈਲੀਵਿਯਨ 'ਤੇ ਨੰਗਾ ਝੂਠ ਬੋਲਣ ਲਈ ਮਜਬੂਰ ਕੀਤਾ ਗਿਆ ਅਤੇ ਉਸ ਕੋਲੋਂ 'ਕੋਠਾ ਸਾਹਿਬ ਠੀਕ ਠਾਕ ਹੈ' ਕਹਾ ਕੇ ਫ਼ੌਜ ਦੁਆਰਾ ਮਚਾਈ ਗਈ ਤਬਾਹੀ ਉੱਤੇ ਪਰਦਾਪੋਸ਼ੀ ਕਰਨ ਦੇ ਯਤਨ ਕੀਤੇ ਗਏ। ਦਰਸ਼ਨੀ ਡਿਉਢੀ ਦੇ ਉਪਰਲੇ ਹਿੱਸੇ ਵਿੱਚ ਭਾਰੀ ਹਿਫ਼ਾਜ਼ਤ ਹੇਠ ਰੱਖੀਆਂ ਇਤਿਹਾਸਕ ਤੇ ਬੇਹੱਦ ਕੀਮਤੀ ਸੁਗਾਤਾਂ ਗੋਲਾਬਾਰੀ ਨਾਲ ਬੁਰੀ ਤਰ੍ਹਾਂ ਨੁਕਸਾਨੀਆਂ ਗਈਆਂ। ਮਹਾਰਾਜਾ ਰਣਜੀਤ ਸਿੰਘ ਦੁਆਰਾ ਭੇਟ ਕੀਤੀ ਹੀਰਿਆਂ ਨਾਲ ਗੁੰਦੀ ਚਾਨਣੀ ਸੜ ਕੇ ਪੂਰੀ ਤਰ੍ਹਾਂ ਰਾਖ ਹੋ ਗਈ। ਇਸ ਦੇ ਬਾਵਜੂਦ ਸਰਕਾਰੀ ਪ੍ਰੈੱਸ ਬਿਆਨ ਅੰਦਰ ਤੋਸ਼ੇਖ਼ਾਨੇ ਨੂੰ 'ਥੋੜੇ ਨੁਕਸਾਨ' ਦੀ ਹੀ ਗੱਲ ਕਬੂਲੀ ਗਈ। ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਸੁਨਹਿਰੀ ਗੁੰਬਦ ਤੋਂ ਲੈ ਕੇ ਛੋਟੇ ਗੁੰਬਦਾਂ, ਜੰਗਲਿਆਂ, ਚਾਰੇ ਪਾਸੇ ਦੀਆਂ ਬਾਹੀਆਂ ਤੇ ਸੋਨੇ-ਜੜੀਆਂ ਚੁਗਾਠਾਂ ਤਕ, ਹਰ ਜਗ੍ਹਾ ਥਾਂ-ਥਾਂ ਮਸ਼ੀਨਗੰਨਾਂ ਦੀਆਂ ਗੋਲੀਆਂ ਨੇ ਡੂੰਘੇ ਚਟਾਖ਼ ਪਾ ਦਿੱਤੇ ਸਨ ਅਤੇ ਸੋਨੇ ਦੇ ਪੱਤਰੇ ਜਗ੍ਹਾ-ਜਗ੍ਹਾ ਤੋਂ ਉਚੇੜ ਕੇ ਰੱਖ ਦਿੱਤੇ ਗਏ ਸਨ (ਬਾਅਦ 'ਚ ਸ਼੍ਰੋਮਣੀ ਕਮੇਟੀ ਨੇ ਹਰਿਮੰਦਰ ਸਾਹਿਬ ਉੱਤੇ ਗੋਲੀਆਂ ਦੇ ਘੱਟੋ-ਘੱਟ 350 ਨਿਸ਼ਾਨਾਂ ਦੀ ਨਿਸ਼ਾਨਦੇਹੀ ਕੀਤੀ)[27] ਪਰ ਭਾਰਤ ਸਰਕਾਰ ਵੱਲੋਂ ਪੂਰੀ ਬੇਹਯਾਈ ਨਾਲ ਇਹ ਝੂਠ ਬੋਲਿਆ ਤੇ ਮੁੜ-ਮੁੜ ਦੁਹਰਾਇਆ ਗਿਆ ਕਿ ਫ਼ੌਜ ਨੂੰ ਹਰਿਮੰਦਰ ਸਾਹਿਬ ਵੱਲ ਨਿਸ਼ਾਨਾ ਸੇਧਣ ਤੋਂ ਸਖ਼ਤੀ ਨਾਲ ਗੁਰੇਜ਼ ਕਰਨ ਅਤੇ ਇਸ ਮੁਕੱਦਸ ਇਮਾਰਤ ਨੂੰ ਕੋਈ ਵੀ ਨੁਕਸਾਨ ਨਾ ਪੁਚਾਉਣ ਦੀਆਂ ਕਰੜੀਆਂ ਹਦਾਇਤਾਂ ਦਿੱਤੀਆਂ ਗਈਆਂ ਸਨ ਅਤੇ ਫ਼ੌਜੀ ਜਵਾਨਾਂ ਨੇ ਆਪਣਾ ਅੰਤਾਂ ਦਾ ਨੁਕਸਾਨ ਝੱਲ ਕੇ ਵੀ ਇਨ੍ਹਾਂ ਹਦਾਇਤਾਂ ਦਾ ਕਰੜਾ ਪਾਲਣ ਕੀਤਾ। ਇਹ ਵੀ ਕਿ 'ਦਹਿਸ਼ਤਗਰਦਾਂ' ਵੱਲੋਂ ਹਰਿਮੰਦਰ ਸਾਹਿਬ ਦੀ ਸੁਰੱਖਿਅਤ ਮੋਰਚੇ ਵਜੋਂ 'ਦੁਰਵਰਤੋਂ ਕਰਨ' ਦੇ ਬਾਵਜੂਦ ਫ਼ੌਜੀ ਜਵਾਨਾਂ ਨੇ ਹਰਿਮੰਦਰ ਸਾਹਿਬ ਵੱਲ ਮੋੜਵੀਂ ਗੋਲੀ ਚਲਾਉਣ ਦੀ ਉਤੇਜਨਾ ਉੱਤੇ ਸਖ਼ਤੀ ਨਾਲ ਕਾਬੂ ਪਾਈ ਰੱਖਿਆ।[28]

ਦਰਬਾਰ ਸਾਹਿਬ ਦੇ ਹਜ਼ੂਰੀ ਗ੍ਰੰਥੀ ਗਿਆਨੀ ਪੂਰਨ ਸਿੰਘ ਸਮੇਤ ਡੇਢ ਦਰਜਨ ਦੇ ਕਰੀਬ ਸੇਵਾਦਾਰ ਸਾਰੇ ਹੋਣੀ-ਭਰਪੂਰ ਸਮੇਂ ਦੌਰਾਨ ਲਗਾਤਾਰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਮੌਜੂਦ ਰਹੇ ਸਨ। ਉਨ੍ਹਾਂ ਸਾਰਿਆਂ ਨੇ ਇਸ ਸਰਕਾਰੀ ਝੂਠ ਦਾ ਭਾਂਡਾ ਭੰਨਦਿਆਂ ਹੋਇਆਂ ਪੂਰੇ ਧੜੱਲੇ ਨਾਲ ਇਹ ਸੱਚ ਉਘਾੜਿਆ ਕਿ ਹਰਿਮੰਦਰ ਸਾਹਿਬ ਅੰਦਰ ਨਾ ਇਕ ਵੀ ਲੜਾਕੂ ਸਿੰਘ ਸੀ ਤੇ ਨਾ ਤੀਲੀ ਜਿੰਨਾ ਵੀ ਕੋਈ ਹਥਿਆਰ ਜਾਂ ਅਸਲਾ ਸੀ। ਜੁਝਾਰੂ ਸਿੰਘਾਂ ਵੱਲੋਂ ਦਰਬਾਰ ਸਾਹਿਬ ਦੀ ਮੋਰਚੇ ਦੇ ਰੂਪ ਵਿੱਚ ਵਰਤੋਂ ਕਰਨ ਦੀ ਕਹਾਣੀ

ਕੋਰਾ ਝੂਠ ਸੀ ਜੋ ਭਾਰਤੀ ਹਾਕਮਾਂ ਨੇ ਆਪਣੇ ਪਾਪਾਂ ਉੱਤੇ ਪਰਦਾ ਪਾਉਣ ਦੀ ਖ਼ਾਤਰ ਘੜਿਆ ਸੀ ਅਤੇ ਉਨ੍ਹਾਂ ਚਾਣਕੀਆ ਨੀਤੀ ਉੱਤੇ ਚਲਦਿਆਂ ਹੋਇਆਂ ਇਸ ਝੂਠ ਨੂੰ ਇਕ ਬੇਦੀਨੇ ਸਿੱਖ ਜਰਨੈਲ ਦੇ ਮੂੰਹੋਂ ਬੁਲਾਉਣ ਦੀ ਸ਼ੈਤਾਨ ਚਾਲ ਚੱਲੀ ਸੀ। ਦਰਬਾਰ ਸਾਹਿਬ ਅੰਦਰ ਮੌਜੂਦ ਰਹੇ ਸੇਵਾਦਾਰਾਂ ਦੇ ਦੱਸਣ ਮੁਤਾਬਕ 5-6 ਜੂਨ ਦੀ ਵਿਚਕਾਰਲੀ ਰਾਤ ਨੂੰ ਹਰਿਮੰਦਰ ਸਾਹਿਬ ਉੱਤੇ ਚਾਰੇ ਪਾਸਿਆਂ ਤੋਂ ਭਾਰੀ ਗੋਲਾਬਾਰੀ ਹੁੰਦੀ ਰਹੀ ਜਿਸ ਨਾਲ ਹਰਿਮੰਦਰ ਸਾਹਿਬ ਦੇ ਬਾਰੀਆਂ ਦਰਵਾਜ਼ੇ ਬੁਰੀ ਤਰ੍ਹਾਂ ਨੁਕਸਾਨੇ ਗਏ। 6 ਜੂਨ ਨੂੰ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਅਰਦਾਸ ਦੇ ਖ਼ਤਮ ਹੁੰਦਿਆਂ ਹੀ ਗੋਲੀਬਾਰੀ ਦਾ ਮਾਨੋ ਝੱਖੜ ਹੀ ਝੁੱਲ ਗਿਆ। ਇਕ ਗੋਲੀ ਪਹਿਲੀ ਮੰਜ਼ਿਲ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਭਾਈ ਹਰਿਭਜਨ ਸਿੰਘ ਅਕਾਲੀ ਦੇ ਹੱਥ ਆ ਲੱਗੀ ਅਤੇ ਉਸ ਵਿੱਚੋਂ ਤਤੀਰੀਆਂ ਬਣ ਕੇ ਨਿਕਲਿਆ ਖ਼ੂਨ ਪਾਵਨ ਬੀੜ ਦੇ ਪੱਤਰਿਆਂ ਨੂੰ ਜਾ ਲੱਗਿਆ। ਇਕ ਹੋਰ ਗੋਲੀ ਹਰਿਮੰਦਰ ਸਾਹਿਬ ਅੰਦਰ ਕੀਰਤਨ ਕਰ ਰਹੇ ਭਾਈ ਅਵਤਾਰ ਸਿੰਘ ਦੇ ਆ ਵੱਜੀ, ਜਿਸ ਨਾਲ ਉਹਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹਰਿਮੰਦਰ ਸਾਹਿਬ ਅੰਦਰ ਪ੍ਰਕਾਸ਼ਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੁਰਾਤਨ ਹੱਥ ਲਿਖਤ ਬੀੜ ਵੀ ਇਸ ਗੋਲੀਬਾਰੀ ਦੀ ਜ਼ਦ ਵਿਚ ਆ ਗਈ ਅਤੇ ਇਕ ਗੋਲੀ ਇਸ ਬੀੜ ਦੇ ਸਰੂਪ ਨੂੰ ਚੀਰ ਕੇ ਲੰਘ ਗਈ।[29]

ਇਲਾਚੀ ਬੇਰੀ ਦੀ ਹਰ ਟਾਹਣੀ ਗੋਲੀਆਂ ਨਾਲ ਮਰੁੰਡੀ ਪਈ ਸੀ ਅਤੇ ਉਸ ਦੇ ਹੇਠਾਂ ਲਾਸ਼ਾਂ ਦੀ ਇਕ ਢੇਰੀ ਲੱਗ ਗਈ ਸੀ। ਅਜਾਇਬ ਘਰ ਦੀ ਕੋਈ ਵੀ ਕੰਧ ਸਬੂਤੀ ਨਹੀਂ ਸੀ ਬਚੀ। ਜਗ੍ਹਾ-ਜਗ੍ਹਾ ਗੋਲੀਆਂ ਨਾਲ ਪਾੜ ਪੈ ਗਏ ਹੋਏ ਸਨ। 132 ਕੀਮਤੀ ਚਿੱਤਰ ਗੋਲੀਆਂ ਨਾਲ ਛਲਣੀ ਹੋ ਗਏ ਸਨ। ਦੋ ਦੁਰਲੱਭ ਨੁਸਖ਼ੇ ਸੜ ਕੇ ਸੁਆਹ ਹੋ ਗਏ ਸਨ। ਦਰਬਾਰ ਸਾਹਿਬ ਦੀ ਵਲਗਣ ਦੇ ਅੰਦਰ ਇਕ ਵੀ ਗੁੰਬਦ, ਬੁਰਜੀ ਜਾਂ ਜੰਗਲਾ ਸਬੂਤਾ ਨਹੀਂ ਸੀ ਰਿਹਾ। ਪਰਕਰਮਾ ਦੇ ਸਾਰੇ ਕਮਰੇ, ਬਰਾਂਡੇ, ਲੰਗਰ ਹਾਲ, ਅਕਾਲ ਰੈਸਟ ਹਾਊਸ, ਗੁਰੂ ਰਾਮਦਾਸ ਸਰਾਂ, ਗੁਰੂ ਨਾਨਕ ਨਿਵਾਸ, ਤੇਜਾ ਸਿੰਘ ਸਮੁੰਦਰੀ ਹਾਲ, ਸਭ ਅੱਗ ਨਾਲ ਲੂਹੇ ਤੇ ਧੁਆਂਖੇ ਗਏ ਸਨ। ਬਿਜਲੀ ਦੇ ਪੱਖੇ ਪਿੱਘਲ ਕੇ ਪੱਤੀਆਂ ਬਣ ਕੇ ਲਮਕ ਰਹੇ ਸਨ। ਲੱਕੜ ਦੇ ਦਰਵਾਜ਼ੇ, ਬਾਰੀਆਂ, ਚੁਗਾਠਾਂ, ਅਲਮਾਰੀਆਂ ਸਭ ਕੋਲੇ ਬਣ ਗਈਆਂ ਸਨ। ਇਹ ਅੱਗ ਲੜਾਈ ਦੌਰਾਨ ਨਹੀਂ ਸੀ ਲੱਗੀ। ਲੜਾਈ ਖ਼ਤਮ ਹੋਣ ਤੋਂ ਬਾਅਦ ਫ਼ੌਜ ਨੇ ਆਪਣੇ ਗ਼ੁੱਸੇ ਦੀ ਅੱਗ ਠੰਢੀ ਕਰਨ ਲਈ ਲਾਈ ਸੀ। ਇਸ ਦੇ ਬਾਵਜੂਦ ਸਰਕਾਰੀ ਪਰਚਾਰ ਸਾਧਨਾਂ ਤੋਂ ਨਿਰਲੱਜਪੁਣੇ ਨਾਲ ਇਹ ਝੂਠ ਬੋਲਿਆ ਗਿਆ ਕਿ 'ਫ਼ੌਜ ਨੇ ਪੂਰੇ ਧੀਰਜ ਤੇ ਸੰਜਮ ਤੋਂ ਕੰਮ ਲਿਆ' ਅਤੇ ਇਮਾਰਤਾਂ ਦਾ 'ਘੱਟ ਤੋਂ ਘੱਟ ਨੁਕਸਾਨ ਹੋਣ ਦਿੱਤਾ।'

ਕਾਰਵਾਈ ਦੇ ਖ਼ਤਮ ਹੁੰਦਿਆਂ ਹੀ ਫ਼ੌਜ ਦੁਆਰਾ ਬੋਲੇ ਜਾ ਰਹੇ ਝੂਠ ਨੂੰ ਪਚਣਯੋਗ ਬਣਾਉਣ ਲਈ ਦਰਬਾਰ ਸਾਹਿਬ ਸਮੂਹ ਦੀ ਅੰਦਰੂਨੀ ਦਸ਼ਾ ਦੀ ਵੀਡੀਓ ਰਿਕਾਰਡਿੰਗ ਵਾਸਤੇ ਮੈਲਵੈਲ ਡੀ ਮੈਲੋ ਨਾਂ ਦੇ ਟੀ.ਵੀ. ਪੱਤਰਕਾਰ ਦੀਆਂ ਉਚੇਚੀਆਂ ਸੇਵਾਵਾਂ ਲਈਆਂ ਗਈਆਂ। ਇਹ ਪੱਤਰਕਾਰ ਜੰਗ ਦੌਰਾਨ ਸੱਚ ਨੂੰ ਝੂਠ ਤੇ ਝੂਠ ਨੂੰ ਸੱਚ ਬਣਾ ਕੇ ਪੇਸ਼ ਕਰਨ ਦੀ ਚੋਖੀ ਮੁਹਾਰਤ ਰੱਖਦਾ ਸੀ। 1965 ਤੇ 1971 ਦੀਆਂ ਭਾਰਤ-ਪਾਕਿ ਜੰਗਾਂ ਦੇ ਦੌਰਾਨ ਉਹ ਆਪਣੀ ਇਸ ਕਲਾ ਦੇ ਚੰਗੇ ਜੌਹਰ ਦਿਖਾ ਚੁੱਕਾ ਸੀ।[30] ਉਸ ਨੇ ਦਰਬਾਰ ਸਾਹਿਬ ਤੇ ਹੋਰਨਾਂ ਹਾਨੀਗ੍ਰਸਤ ਇਮਾਰਤਾਂ ਦੀਆਂ ਫੋਟੋਆਂ ਅਜਿਹੇ ਕੋਣਾਂ ਤੋਂ ਲਈਆਂ ਅਤੇ ਕੈਮਰੇ ਨੂੰ ਇਸ ਤਰ੍ਹਾਂ ਕਾਰੀਗਰੀ ਨਾਲ ਘੁੰਮਾਇਆ ਜਿਸ ਨਾਲ ਇਮਾਰਤਾਂ ਦੇ ਸੱਚਮੁਚ ਹੀ 'ਮਾਮੂਲੀ ਨੁਕਸਾਨ' ਦਾ ਪ੍ਰਭਾਵ ਦਿੱਤਾ ਜਾ ਸਕੇ। ਜੰਗ ਦੇ ਮੈਦਾਨ 'ਚੋਂ ਰਿਪੋਰਟਿੰਗ ਕਰਨ ਦਾ ਪ੍ਰਭਾਵ ਦੇਣ ਲਈ ਪਿਛਵਾੜੇ 'ਚ ਗੋਲੀਆਂ ਚੱਲਣ ਦੀਆਂ ਨਕਲੀ

ਆਵਾਜ਼ਾਂ ਭਰੀਆਂ ਗਈਆਂ। ਦਰਬਾਰ ਸਾਹਿਬ ਅੰਦਰ ਆਮ ਵਾਂਗ ਕੀਰਤਨ ਹੁੰਦਾ ਦਿਖਾਇਆ ਗਿਆ ਅਤੇ ਅਕਾਲ ਤਖ਼ਤ ਦੇ ਦਹਿਲੇ ਹੋਏ ਜਥੇਦਾਰ ਬਾਰੇ ਸਵੈ-ਇੱਛਾ ਨਾਲ ਹੀ ਬਿਆਨ ਪੜ੍ਹਨ ਦਾ ਝੂਠਾ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਗਈ। ਜਦ ਕਿ ਇਸੇ ਹੀ ਵੇਲੇ ਸਰਕਾਰ ਦੇ ਸੂਚਨਾ ਤੇ ਪ੍ਰਸਾਰਣ ਮਹਿਕਮੇ ਦੀਆਂ ਹਦਾਇਤਾਂ 'ਤੇ ਜਲੰਧਰ ਦੂਰਦਰਸ਼ਨ ਦੁਆਰਾ ਕੀਤੀ ਗਈ ਵੀਡੀਓ ਰਿਕਾਰਡਿੰਗ ਨਾ ਸਿਰਫ਼ 'ਪ੍ਰਸਾਰਣ ਲਈ ਅਯੋਗ' ਕਰਾਰ ਦੇ ਦਿੱਤੀ ਗਈ ਸਗੋਂ ਇਸਨੂੰ ਫ਼ੌਰਨ ਜ਼ਬਤ ਕਰ ਲਿਆ ਗਿਆ, ਕਿਉਂਕਿ ਇਹ ਵੀਡੀਓ ਰਿਕਾਰਡਿੰਗ ਹੁਕਮਰਾਨਾਂ ਦੀ ਲੋੜ ਦਾ ਉਸ ਦਰਜੇ ਤਕ ਘਰ ਪੂਰਾ ਨਹੀਂ ਸੀ ਕਰਦੀ।[31]

ਦਰਬਾਰ ਸਾਹਿਬ ਸਮੂਹ ਅੰਦਰ ਮੌਜੂਦ ਸਿੱਖ ਰੈਫਰੈਂਸ ਲਾਇਬਰੇਰੀ ਨੂੰ ਬੇਰਹਿਮੀ ਨਾਲ ਲੂਹ ਸੁੱਟਣ ਦੀ ਇੱਕੋ ਘਟਨਾ ਨਾਲ ਹੀ, 'ਫ਼ੌਜ ਵੱਲੋਂ ਸੰਜਮ ਤੋਂ ਕੰਮ ਲੈਣ' ਦੇ ਸਰਕਾਰੀ ਕੁਫ਼ਰ ਦਾ ਪੋਲ (ਤੇ ਕੋਹਜ) ਬਾਖ਼ੂਬ ਨੰਗਾ ਹੋ ਜਾਂਦਾ ਹੈ। ਲਾਇਬਰੇਰੀ ਨੂੰ ਅੱਗ ਕਦੋਂ ਤੇ ਕਿਵੇਂ ਲੱਗੀ ਅਤੇ ਕੀਹਨੇ ਲਾਈ ? ਸਰਕਾਰੀ ਪੱਖ ਵੱਲੋਂ ਇਨ੍ਹਾਂ ਸੁਆਲਾਂ ਦੇ ਅੱਜ ਤਕ ਵੀ ਕੋਈ ਟਿਕਵੇਂ ਤੇ ਜਚਣਹਾਰ ਜੁਆਬ ਨਹੀਂ ਦਿੱਤੇ ਜਾ ਸਕੇ। ਇਸ ਬਾਰੇ ਸਰਕਾਰੀ ਬਿਆਨ ਲਗਾਤਾਰ ਬਦਲਦੇ ਰਹੇ। ਸਭ ਤੋਂ ਪਹਿਲਾਂ ਇਹ ਝੂਠ ਧੁਮਾਇਆ ਗਿਆ ਕਿ ਲਾਇਬਰੇਰੀ ਨੂੰ ਅੱਗ ਖ਼ੁਦ ਸਿੱਖ ਜੁਝਾਰੂਆਂ ਨੇ ਹੀ ਜਾਣ ਬੁੱਝ ਕੇ ਲਗਾਈ। ਫਿਰ ਇਹ ਕਿਹਾ ਗਿਆ ਕਿ ਸਿੱਖ ਜੁਝਾਰੂਆਂ ਕੋਲ ਕੁਝ ਅਜਿਹੇ ਹੱਥ-ਗੋਲੇ ਸਨ ਜੋ ਤੀਲੀ ਬਾਲ ਕੇ ਚਲਾਏ ਜਾਂਦੇ ਸਨ ਅਤੇ ਇਨ੍ਹਾਂ ਦੀ ਵਜ੍ਹਾ ਕਰਕੇ ਲਾਇਬਰੇਰੀ ਨੂੰ ਅੱਗ ਲੱਗ ਗਈ। ਜਨਰਲ ਕੁਲਦੀਪ ਸਿੰਘ ਬਰਾੜ ਵੱਲੋਂ ਦਿੱਤੇ ਗਏ ਸਪਸ਼ਟੀਕਰਨ ਵਿੱਚ ਫ਼ੌਜ ਦੇ ਗਰਨੇਡਾਂ ਦੁਆਰਾ ਵੀ ਅੱਗ ਲੱਗੀ ਹੋਣ ਦੀ ਸੰਭਾਵਨਾ ਤੋਂ ਮੁਨਕਰ ਨਹੀਂ ਹੋਇਆ ਗਿਆ। ਰੈਫ਼ਰੈਂਸ ਲਾਇਬਰੇਰੀ ਦੇ ਪ੍ਰਬੰਧਕ ਸ: ਦਵਿੰਦਰ ਸਿੰਘ ਦੁੱਗਲ ਨੇ ਇਸ ਘਟਨਾ ਬਾਰੇ ਸੱਚਾਈ ਤੋਂ ਪੜਦਾ ਹਟਾਉਂਦਿਆਂ ਹੋਇਆਂ ਇੰਕਸ਼ਾਫ਼ ਕੀਤਾ ਕਿ 6 ਜੂਨ ਦੀ ਸ਼ਾਮ ਤਕ ਲਾਇਬਰੇਰੀ ਸਹੀ ਸਲਾਮਤ ਸੀ ਤੇ ਗੜ੍ਹਵਾਲੀਆਂ ਦੇ ਕਬਜ਼ੇ ਵਿੱਚ ਸੀ। ਉਦੋਂ ਤਕ ਫ਼ੌਜ ਨੇ ਅਕਾਲ ਤਖ਼ਤ ਸਮੇਤ ਦਰਬਾਰ ਸਾਹਿਬ ਦੇ ਸਾਰੇ ਅਹਾਤੇ ਉੱਤੇ ਪੂਰਾ ਕੰਟਰੋਲ ਕਾਇਮ ਕਰ ਲਿਆ ਹੋਇਆ ਸੀ।[32] ਇਸ ਕਰਕੇ ਲਾਇਬਰੇਰੀ ਨੂੰ ਅੱਗ ਲੜਾਈ ਦੇ ਦੌਰਾਨ ਨਹੀਂ ਸਗੋਂ ਲੜਾਈ ਖ਼ਤਮ ਹੋਣ ਤੋਂ ਬਾਅਦ ਲਗਾਈ ਗਈ ਅਤੇ ਇਕ ਨਿਸ਼ਚਿਤ ਸੋਚ ਤੇ ਗਿਣੀ-ਮਿਥੀ ਯੋਜਨਾ ਦੇ ਤਹਿਤ ਲਗਾਈ ਗਈ।

ਮੁੱਢ-ਕਦੀਮ ਤੋਂ ਹੀ ਨਸਲ ਅਤੇ ਧਰਮ-ਜਾਤ ਦੀ ਟੱਕਰ ਵਿੱਚ ਜਰਵਾਣੀਆਂ ਧਿਰਾਂ ਵੱਲੋਂ ਵਿਰੋਧੀ ਸਭਿਆਚਾਰਾਂ ਦੇ ਕੇਂਦਰੀ ਨਿਸ਼ਾਨਾਂ ਨੂੰ ਚੁਣਵਾਂ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਹੈ। ਮੱਧਯੁਗ ਦੀਆਂ ਜਹਾਦੀ ਜੰਗਾਂ ਦੇ ਦੂਰ ਇਤਿਹਾਸ ਵੱਲ ਨਾ ਜਾਂਦੇ ਹੋਏ, ਇਥੇ ਵੀਹਵੀਂ ਸਦੀ ਦੇ ਆਖ਼ਰੀ ਦਹਾਕੇ ਦੀਆਂ ਕੁਝ ਉਦਾਹਰਣਾਂ ਦਾ ਹੀ ਜ਼ਿਕਰ ਕਰਨਾ ਕਾਫ਼ੀ ਹੋਵੇਗਾ। ਵੀਹਵੀਂ ਸਦੀ ਦੇ ਆਖ਼ਰੀ ਦਹਾਕੇ ਅੰਦਰ ਯੂਗੋਸਲਾਵੀਆ ਅੰਦਰ ਭਭੂਕਾ ਬਣ ਕੇ ਭੜਕ ਉੱਠੀ ਨਸਲੀ (ethinic) ਜੰਗ ਦੇ ਦੌਰਾਨ, ਬੋਸਨੀਆ ਅੰਦਰ ਸਰਬਾਂ ਨੇ ਮਸਜਿਦਾਂ ਨੂੰ ਚੁਣ-ਚੁਣ ਕੇ ਬਾਕਾਇਦਾ ਵਿਉਂਤਬੱਧ ਢੰਗ ਨਾਲ ਢਾਹਿਆ। ਅਜਾਇਬ ਘਰਾਂ ਤੇ ਲਾਇਬਰੇਰੀਆਂ ਨੂੰ ਖ਼ਾਸ ਤੌਰ 'ਤੇ ਹਮਲੇ ਦਾ ਚੁਣਵਾਂ ਨਿਸ਼ਾਨਾ ਬਣਾਇਆ ਗਿਆ।

ਸ੍ਰੀਲੰਕਾ ਦੀ ਫ਼ੌਜ ਨੇ ਜਾਫ਼ਨਾ ਉੱਤੇ ਕਬਜ਼ੇ ਦੀ ਲੜਾਈ ਦੌਰਾਨ ਜਾਫ਼ਨਾ ਦੀ ਪਬਲਿਕ ਲਾਇਬਰੇਰੀ ਨੂੰ ਗਿਣ-ਮਿਥ ਕੇ ਅੱਗ ਲਾ ਕੇ ਸਾੜ ਦਿੱਤਾ ਅਤੇ ਤਾਮਿਲ ਸਭਿਆਚਾਰ ਨਾਲ ਸੰਬੰਧਤ ਕਿੰਨੀਆਂ ਹੀ ਅਨਮੋਲ ਸਾਹਿਤਕ ਤੇ ਇਤਿਹਾਸਕ

ਕਿਤਾਬਾਂ ਅਤੇ ਦਸਤਾਵੇਜ਼ਾਂ ਰਾਖ ਕਰ ਦਿੱਤੀਆਂ। ਸਰਾਜੀਵੋ 'ਚ ਸਰਬਾਂ ਨੇ ਕੌਮੀ ਅਜਾਇਬ ਘਰ ਨੂੰ ਤੋਪਾਂ ਨਾਲ ਥੇਹ ਕਰ ਦਿੱਤਾ। ਮਾਰਚ 2002 ਵਿੱਚ ਗੁਜਰਾਤ ਅੰਦਰ ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਨੇ ਮੁਸਲਮਾਨਾਂ ਦੀ ਨਸਲਕੁਸ਼ੀ ਦੀ ਮੁਹਿੰਮ ਦੌਰਾਨ ਮਜ਼ਾਰਾਂ ਤੇ ਮਸੀਤਾਂ ਦਾ ਨਾਮੋ-ਨਿਸ਼ਾਨ ਹੀ ਮਿਟਾ ਕੇ ਰੱਖ ਦਿੱਤਾ।[33] ਸੋ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦੌਰਾਨ ਸਿੱਖ ਰੈਫ਼ਰੈਂਸ ਲਾਇਬਰੇਰੀ ਵੀ ਇਤਫ਼ਾਕ-ਵੱਸ ਹੀ ਅੱਗ ਦੀ ਲਪੇਟ ਵਿੱਚ ਨਹੀਂ ਸੀ ਆ ਗਈ, ਬਲਕਿ ਇਹ ਭਾਰਤੀ ਹਾਕਮਾਂ ਦੀ ਸਿੱਖ ਸਭਿਆਚਾਰ ਦੇ ਕੇਂਦਰੀ ਨਿਸ਼ਾਨਾਂ ਨੂੰ ਮਲੀਆਮੇਟ ਕਰ ਦੇਣ ਦੀ ਦੁਸ਼ਟ ਸੋਚ ਤੇ ਵਿਉਂਤ ਦਾ ਹੀ ਨਤੀਜਾ ਸੀ। ਇਸ ਨਾਲ ਲਾਇਬਰੇਰੀ ਵਿੱਚ ਸੰਭਾਲ ਕੇ ਰੱਖੀਆਂ ਕੋਈ ਵੀਹ ਹਜ਼ਾਰ ਕਿਤਾਬਾਂ, ਪੰਜ ਸੌ ਦੇ ਕਰੀਬ ਹੱਥ ਲਿਖਤਾਂ ਦੇ ਖਰੜੇ, ਢਾਈ ਸੌ ਲੱਕੜ ਦੇ ਬਲਾਕ, ਬਹੁਤ ਸਾਰੀਆਂ ਪੁਰਾਤਨ ਹੱਥ-ਲਿਖਤ ਬੀੜਾਂ, ਹੁਕਮਨਾਮੇ ਤੇ ਜਨਮਸਾਖੀਆਂ ਨਸ਼ਟ ਹੋ ਗਈਆਂ।[34]

## ਫ਼ੌਜੀ ਜਰਨੈਲ ਕਿਥੇ ਉੱਕੇ ?

ਭਾਰਤੀ ਫ਼ੌਜ ਦੇ ਜਰਨੈਲਾਂ ਤੇ ਮਾਹਰਾਂ ਦਾ ਅਨੁਮਾਨ ਇਹ ਸੀ ਕਿ ਸੰਤ ਜਰਨੈਲ ਸਿੰਘ ਤੇ ਉਸ ਦੇ ਜੁਝਾਰੂ ਸਮਰਥਕ ਏਡੀ ਵੱਡੀ ਤੇ ਡਰਾਉਣੀ ਫ਼ੌਜੀ ਸ਼ਕਤੀ ਦੇ ਮੂਹਰੇ ਜੇਕਰ ਕੁਝ ਹੀ ਪਲਾਂ ਵਿੱਚ ਨਹੀਂ ਤਾਂ ਕੁਝ ਹੀ ਘੰਟਿਆਂ ਅੰਦਰ ਜ਼ਰੂਰ ਗੋਡੇ ਟੇਕ ਦੇਣਗੇ। ਆਪਣੀ ਫ਼ੌਜੀ ਤਾਕਤ ਤੇ ਉਤਮ ਅਸਲੇਖ਼ਾਨੇ ਉੱਤੇ ਉਨ੍ਹਾਂ ਨੂੰ ਏਨਾ ਮਾਣ ਸੀ ਕਿ ਉਨ੍ਹਾਂ ਆਪਣੀ ਧਿਰ ਦੇ ਬਹੁਤ ਹੀ ਮਾਮੂਲੀ ਜਿਹੇ ਜਾਨੀ ਨੁਕਸਾਨ ਦੀ ਤਵੱਕੋ ਕੀਤੀ ਹੋਈ ਸੀ। 3 ਜੂਨ ਦੀ ਸ਼ਾਮ ਨੂੰ ਅੰਮ੍ਰਿਤਸਰ ਛਾਉਣੀ ਵਿਖੇ ਉਚੇਚੇ ਤੌਰ 'ਤੇ ਸਥਾਪਤ ਕੀਤੇ ਗਏ 'ਕੰਟਰੋਲ ਰੂਮ' ਅੰਦਰ ਫ਼ੌਜ, ਬੀ.ਐਸ.ਐਫ਼., ਸੀ.ਆਰ.ਪੀ., ਪੰਜਾਬ ਪੁਲਸ ਤੇ ਖ਼ੁਫ਼ੀਆ ਏਜੰਸੀਆਂ ਦੇ ਉਚ-ਅਧਿਕਾਰੀਆਂ ਦੀ ਵਿਸ਼ੇਸ਼ ਮੀਟਿੰਗ ਵਿੱਚ ਜਨਰਲ ਬਰਾੜ ਵੱਲੋਂ ਪ੍ਰਗਟਾਏ ਵਿਚਾਰਾਂ ਤੋਂ ਫ਼ੌਜੀ ਜਰਨੈਲਾਂ ਦੇ ਇਨ੍ਹਾਂ ਭਰਮਾਂ ਤੇ ਭੁਲੇਖਿਆਂ ਦੀ ਸਹੀ ਤਸਵੀਰ ਉਘੜ ਆਉਂਦੀ ਹੈ। ਜਨਰਲ ਬਰਾੜ ਨੇ ਹਾਜ਼ਰ ਅਧਿਕਾਰੀਆਂ ਨੂੰ ਫ਼ੌਜੀ ਕਾਰਵਾਈ ਦੇ ਉਦੇਸ਼ਾਂ ਤੇ ਇਸ ਦੀ ਮੋਟੀ ਜਿਹੀ ਰੂਪ-ਰੇਖਾ ਤੋਂ ਜਾਣੂੰ ਕਰਾਉਂਦਿਆਂ ਹੋਇਆਂ ਬਹੁਤ ਹੀ ਵਧਵੇਂ ਵਿਸ਼ਵਾਸ ਨਾਲ ਆਪਣਾ ਇਹ ਦਾਈਆ ਪ੍ਰਗਟਾਇਆ ਕਿ "ਸਾਡੀ ਕੋਸ਼ਿਸ਼ ਹੋਵੇਗੀ ਕਿ ਉਹ (ਸਿੱਖ ਜੁਝਾਰੂ) ਬੱਸ ਦੋ ਘੰਟਿਆਂ ਅੰਦਰ ਹੀ ਗੋਡੇ ਟੇਕ ਦੇਣ।" ਜਨਰਲ ਬਰਾੜ ਨੇ ਆਪਣਾ ਭਾਸ਼ਣ ਮੁਕਾ ਲੈਣ ਤੋਂ ਬਾਅਦ ਮੀਟਿੰਗ 'ਚ ਹਾਜ਼ਰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸ: ਗੁਰਦੇਵ ਸਿੰਘ ਨੂੰ ਇਹ ਰਸਮੀ ਜਿਹਾ ਸੁਆਲ ਕਰ ਦਿੱਤਾ ਕਿ ਇਸ ਬਾਰੇ ਉਸ ਦਾ ਵਿਚਾਰ ਕੀ ਹੈ?

ਸ: ਗੁਰਦੇਵ ਸਿੰਘ, ਜੋ ਸੰਤ ਜਰਨੈਲ ਸਿੰਘ ਦੇ ਸੁਭਾਅ ਤੇ ਸ਼ਖ਼ਸੀਅਤ ਦੇ ਚੰਗੇ ਭੇਤੀ ਸਨ, ਨੇ ਹਲੀਮੀ ਭਰੇ ਪਰ ਦ੍ਰਿੜ੍ਹ ਲਹਿਜੇ 'ਚ ਉੱਤਰ ਦਿੱਤਾ ਕਿ ਸੰਤ ਭਿੰਡਰਾਂਵਾਲਾ ਆਤਮ-ਸਮਰਪਣ ਨਹੀਂ ਕਰੇਗਾ। ਇਹ ਗੱਲ ਸੁਣਦਿਆਂ ਹੀ ਜਨਰਲ ਬਰਾੜ ਅੱਗ-ਬਬੂਲਾ ਹੋ ਉਠਿਆ। ਉਸ ਨੇ ਸ: ਗੁਰਦੇਵ ਸਿੰਘ ਨੂੰ ਵਿੱਚੋਂ ਹੀ ਟੋਕ ਕੇ ਚਿੰਘਾੜਨਾ ਸ਼ੁਰੂ ਕਰ ਦਿੱਤਾ ਕਿ "ਜਦੋਂ ਟੈਂਕ ਗੜਗੜਾਉਂਦੇ ਹਨ, ਜਹਾਜ਼ ਸ਼ੂਕਦੇ ਹਨ ਅਤੇ ਜ਼ਮੀਨ ਅੱਗ ਛੱਡਣ ਲੱਗਦੀ ਹੈ ਤਾਂ ਕਹਿੰਦੇ ਕਹਾਉਂਦੇ ਜਰਨੈਲਾਂ ਦੀਆਂ ਵੀ ਪਤਲੂਨਾਂ ਅੰਦਰ ਲੱਤਾਂ ਕੰਬਣ ਲੱਗ ਪੈਂਦੀਆਂ ਹਨ। ਦੇਖ ਲੈਣਾ, ਇਹ ਸ਼ਖ਼ਸ (ਭਾਵ ਸੰਤ ਜਰਨੈਲ ਸਿੰਘ) ਵੀ ਸਿਰਫ਼ ਦੋ ਘੰਟਿਆਂ ਅੰਦਰ ਹੀ ਗੋਡਿਆਂ ਪਰਨੇ ਹੋ ਜਾਵੇਗਾ।"[35]

ਸੰਤ ਜਰਨੈਲ ਸਿੰਘ ਤੇ ਉਸ ਦੇ ਜੁਝਾਰੂ ਸਾਥੀਆਂ ਕੋਲੋਂ ਦੋ ਹੀ ਘੰਟਿਆਂ ਦੇ ਅੰਦਰ

ਆਤਮ-ਸਮਰਪਣ ਕਰਵਾ ਲੈਣ ਦੀ ਧਾਰਨਾ 'ਕੱਲੇ ਜਨਰਲ ਬਰਾੜ ਦੀ ਹੀ ਨਹੀਂ ਸੀ। ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦੀ ਯੁਧਨੀਤਕ ਵਿਉਂਤਬੰਦੀ ਕਰਨ ਵਾਲੇ ਸਾਰੇ ਉਚ ਅਮਲੇ ਦੀ ਇਹ ਸਰਬਸਾਂਝੀ ਰਾਇ ਸੀ। ਇਸ ਧਾਰਨਾ ਦਾ ਆਧਾਰ ਉਹ ਰਵਾਇਤੀ ਫ਼ੌਜੀ ਬੁੱਧੀ ਸੀ ਜੋ ਜੰਗ ਅੰਦਰ ਮਨੁੱਖਾਂ ਦੀ ਥਾਂ ਹਥਿਆਰਾਂ ਨੂੰ ਨਿਰਣਾਇਕ ਤੱਤ ਮੰਨ ਕੇ ਚੱਲਦੀ ਹੈ। ਫ਼ੌਜੀ ਜਰਨੈਲਾਂ ਦਾ ਮੱਤ ਸੀ ਕਿ ਇਕ ਭੀੜੀ ਜਿਹੀ ਜਗ੍ਹਾ ਅੰਦਰ ਘਿਰੇ, ਫ਼ੌਜੀ ਸਿਖਲਾਈ ਤੇ ਅਭਿਆਸ ਤੋਂ ਕੋਰੇ ਅਤੇ ਸਾਧਾਰਨ ਕਿਸਮ ਦੇ ਹਥਿਆਰਾਂ ਨਾਲ ਲੈਸ ਡੇਢ ਦੋ ਸੌ ਵਿਅਕਤੀ, ਅਤਿ ਨਵੀਨ ਕਿਸਮ ਦੇ ਮਾਰੂ ਹਥਿਆਰਾਂ ਨਾਲ ਲੈਸ ਪੇਸ਼ਾਵਰ ਫ਼ੌਜੀ ਲਸ਼ਕਰਾਂ ਦੇ ਮੂਹਰੇ ਭਲਾ ਕਿੰਨਾ ਕੁ ਚਿਰ ਅੜੇ ਰਹਿ ਸਕਣਗੇ ? ਰਵਾਇਤੀ ਫ਼ੌਜੀ ਬੁੱਧੀ ਸੰਤ ਭਿੰਡਰਾਂਵਾਲੇ ਤੇ ਉਸ ਦੇ ਸਾਥੀਆਂ ਦੁਆਰਾ ਹਾਸਲ ਹਾਲਤਾਂ ਅੰਦਰ ਹੱਦ ਦੋ ਘੰਟਿਆਂ ਤਕ ਹੀ ਲੜਾਈ ਦੇ ਸਕਣ ਦੀ ਕਲਪਨਾ ਕਰ ਸਕਦੀ ਸੀ। ਹਮਲੇ ਦੀ ਸਾਰੀ ਯੋਜਨਾ ਇਸ ਅਨੁਮਾਨ ਦੇ ਆਧਾਰ 'ਤੇ ਹੀ ਉਲੀਕੀ ਗਈ ਸੀ।

ਪਰ ਫ਼ੌਜ ਨੂੰ ਜਿਸ ਕਿਸਮ ਦੇ ਟਾਕਰੇ ਦਾ ਸਾਹਮਣਾ ਕਰਨਾ ਪਿਆ, ਉਸ ਨਾਲ ਉਸ ਦੇ ਇਹ ਸਾਰੇ ਅਨੁਮਾਨ ਤੇ ਨਿਰਣੇ ਪੁੱਠੇ ਪੈ ਕੇ ਰਹਿ ਗਏ, ਜਿਸ ਸਦਕਾ ਨਾ ਸਿਰਫ਼ ਉਸ ਨੂੰ ਅਨੁਮਾਨੋਂ ਬਾਹਰਾ ਜਾਨੀ ਨੁਕਸਾਨ ਉਠਾਉਣਾ ਪੈ ਗਿਆ ਸਗੋਂ ਨਾਲ ਹੀ ਸੰਸਾਰ ਭਰ ਅੰਦਰ ਵੱਡੀ ਨਮੋਸ਼ੀ ਝੱਲਣੀ ਪੈ ਗਈ। ਇਸ ਨੁਕਸਾਨ ਤੇ ਹੇਠੀ ਤੋਂ ਝੁੰਜਲਾਏ ਫ਼ੌਜੀ ਜਰਨੈਲਾਂ ਨੇ ਇਮਾਨਦਾਰੀ ਤੇ ਸਾਫ਼ਦਿਲੀ ਨਾਲ ਆਪਣੀ ਕਮਜ਼ੋਰੀ ਸਵੀਕਾਰ ਕਰ ਲੈਣ ਦੀ ਥਾਵੇਂ, ਇਸ ਕਮਜ਼ੋਰੀ ਉੱਤੇ ਪਰਦਾ ਤਾਣਨ ਅਤੇ ਨਾਲ ਹੀ ਇਸ ਦਾ ਘੜਾ ਹੋਰਨਾਂ ਸਿਰ ਭੰਨਣ ਦਾ ਖੋਟਾ ਰਾਹ ਅਖ਼ਤਿਆਰ ਕਰ ਲਿਆ। ਇਕ ਤਾਂ ਫ਼ੌਜ ਦੇ ਜਾਨੀ ਨੁਕਸਾਨ ਬਾਰੇ ਕੌੜਾ ਸੱਚ ਦੱਸਣ ਦੀ ਥਾਵੇਂ ਕੋਰਾ ਝੂਠ ਬੋਲਿਆ ਗਿਆ। ਦੂਜਾ, ਦਰਬਾਰ ਸਾਹਿਬ ਅੰਦਰੋਂ ਬਰਾਮਦ ਹੋਏ ਅਸਲੇ ਬਾਰੇ ਬਹੁਤ ਹੀ ਵਧਾਅ-ਚੜ੍ਹਾਅ ਕੇ ਦੱਸਿਆ ਗਿਆ ਅਤੇ ਖ਼ੁਫ਼ੀਆ ਏਜੰਸੀਆਂ ਉੱਤੇ ਅੰਦਰਲੀ ਹਾਲਤ ਬਾਰੇ ਫ਼ੌਜ ਨੂੰ ਸਹੀ ਜਾਣਕਾਰੀ ਨਾ ਦੇਣ ਦੇ ਦੋਸ਼ ਲਾਏ ਗਏ।

ਫ਼ੌਜੀ ਜਰਨੈਲਾਂ ਵੱਲੋਂ ਆਪਣੀ ਅਯੋਗਤਾ ਨੂੰ ਛੁਪਾਉਣ ਅਤੇ ਖ਼ੁਫ਼ੀਆ ਏਜੰਸੀਆਂ ਨੂੰ ਬਲੀ ਦਾ ਬੱਕਰਾ ਬਣਾਉਣ ਦੀ ਇਹ ਕੋਸ਼ਿਸ਼ ਬਹੁਤੀ ਕਾਮਯਾਬ ਨਾ ਹੋ ਸਕੀ। ਕਿਉਂਕਿ ਉਹ ਅਜਿਹੀ ਕੋਈ ਵੀ ਠੋਸ ਗੱਲ ਨਾ ਦੱਸ ਸਕੇ ਜਿਸ 'ਚੋਂ ਖ਼ੁਫ਼ੀਆ ਏਜੰਸੀਆਂ ਦੀਆਂ ਰਿਪੋਰਟਾਂ 'ਚ ਕੋਈ ਵੱਡੀ ਘਾਟ ਸਾਬਤ ਹੁੰਦੀ ਹੋਵੇ। ਦਰਬਾਰ ਸਾਹਿਬ ਸਮੂਹ ਅੰਦਰੋਂ ਸੰਤ ਜਰਨੈਲ ਸਿੰਘ ਦੇ ਪੱਕੇ ਸਮਰਥਕਾਂ ਦੀ ਗਿਣਤੀ ਦੇ ਖ਼ੁਫ਼ੀਆ ਰਿਪੋਰਟਾਂ ਨਾਲੋਂ ਵੱਧ ਨਿਕਲਣ ਦਾ ਕੋਈ ਸਬੂਤ ਨਹੀਂ ਮਿਲਦਾ। ਹਥਿਆਰਾਂ ਤੇ ਅਸਲੇ ਦੇ ਬਾਰੇ ਵੀ ਜੇਕਰ ਕੋਈ ਝੂਠ-ਬਿਆਨੀ ਹੋਈ ਹੈ ਤਾਂ ਉਹ ਖ਼ੁਫ਼ੀਆ ਏਜੰਸੀਆਂ ਵੱਲੋਂ ਘੱਟ ਫ਼ੌਜੀ ਜਰਨੈਲਾਂ ਵੱਲੋਂ ਵੱਧ ਹੋਈ ਹੈ। ਅੰਦਰੋਂ ਫੜੇ ਗਏ ਹਥਿਆਰਾਂ ਦੀ ਮਾਤਰਾ ਤੇ ਮਾਅਰਕੇ ਬਾਰੇ ਅਤੇ ਲੜਾਈ ਦੇ ਸਮੁੱਚੇ ਅਮਲ ਬਾਰੇ ਫ਼ੌਜ ਦੁਆਰਾ ਨਸ਼ਰ ਕੀਤੇ ਗਏ ਅੰਕੜੇ ਤੇ ਵੇਰਵੇ ਮੂਲੋਂ ਹੀ ਝੂਠੇ ਸਾਬਤ ਹੋਏ ਹਨ। ਉਦਾਹਰਣ ਵਜੋਂ ਕਾਰਵਾਈ ਖ਼ਤਮ ਹੋਣ ਦੇ ਝੱਟ ਬਾਅਦ ਫ਼ੌਜ ਵੱਲੋਂ ਇਸ 'ਹੈਰਾਨੀਜਨਕ ਤੱਥ' ਦਾ ਖ਼ੂਬ ਢੋਲ ਕੁੱਟਿਆ ਗਿਆ ਕਿ ਦਰਬਾਰ ਸਾਹਿਬ ਦੇ ਅਹਾਤੇ ਅੰਦਰੋਂ ਅਸਲਾ ਬਣਾਉਣ ਦੀ ਇਕ ਫ਼ੈਕਟਰੀ ਫੜੀ ਗਈ ਹੈ। ਪਰ ਹੈਰਾਨੀ ਦੀ ਗੱਲ ਇਹ ਕਿ ਇਸ ਫ਼ੈਕਟਰੀ ਦੀ ਕੋਈ ਵੀ ਫ਼ੋਟੋ ਜਾਂ ਵੀਡੀਓ ਤਸਵੀਰ ਜਾਰੀ ਨਹੀਂ ਕੀਤੀ ਗਈ। ਨਾ ਹੀ ਇਸ ਬਾਰੇ ਕੋਈ ਠੋਸ ਵੇਰਵਾ ਦਿੱਤਾ ਗਿਆ। ਲਾਇਬਰੇਰੀ ਨੂੰ ਫ਼ੌਜ ਵੱਲੋਂ ਅੱਗ ਲਾਉਣ ਦੇ ਪਾਪ ਉੱਤੇ ਪਰਦਾ ਪਾਉਣ ਲਈ ਤਾਂ ਇਹ ਝੂਠ ਬੋਲਿਆ ਗਿਆ ਕਿ ਸਿੱਖ ਜੁਝਾਰੂਆਂ ਕੋਲ ਤੀਲੀ ਬਾਲ ਕੇ ਚਲਾਉਣ ਵਾਲੇ ਦੇਸੀ ਤੇ ਅਨਘੜ

ਕਿਸਮ ਦੇ ਹੱਥ-ਗੋਲੇ ਸਨ। ਪਰ ਆਪਣੀ ਅਯੋਗਤਾ ਨੂੰ ਛੁਪਾਉਣ ਲਈ ਜੁਝਾਰੂਆਂ ਕੋਲੋਂ 'ਬਹੁਤ ਹੀ ਨਵੀਨ ਤੇ ਮਾਰੂ ਕਿਸਮ' ਦਾ ਅਸਲਾ ਫੜੇ ਜਾਣ ਦੀਆਂ ਝੂਠ-ਲਿਪੀਆਂ ਰਿਪੋਰਟਾਂ ਨਸ਼ਰ ਕੀਤੀਆਂ ਗਈਆਂ। ਇਸੇ ਹੀ ਤਰ੍ਹਾਂ ਇਕ ਹੋਰ ਵੱਡਾ ਝੂਠ ਇਹ ਬੋਲਿਆ ਗਿਆ ਕਿ 'ਅੱਤਵਾਦੀਆਂ' ਨੇ ਪਰਕਰਮਾ ਅੰਦਰ ਜ਼ਮੀਨ ਦੇ ਹੇਠਾਂ ਸੁਰੰਗਾਂ ਬਣਾ ਰੱਖੀਆਂ ਸਨ ਅਤੇ ਉਹ ਇਨ੍ਹਾਂ ਸੁਰੰਗਾਂ ਦੇ ਮਘੋਰਿਆਂ 'ਚੋਂ ਅਚਾਨਕ ਬਾਹਰ ਨਿਕਲ ਕੇ ਫ਼ੌਜ ਉੱਤੇ ਗਰਨੇਡ ਸੁੱਟ ਦਿੰਦੇ ਸਨ ਤੇ ਫਿਰ ਫੁਰਤੀ ਨਾਲ ਅਲੋਪ ਹੋ ਜਾਂਦੇ ਸਨ ਅਤੇ ਅੰਦਰੋ-ਅੰਦਰੀ ਹੀ ਕਿਸੇ ਹੋਰ ਕਮਰੇ ਵਿੱਚ ਜਾ ਨਿਕਲਦੇ ਸਨ। ਇਹ ਸੁਰੰਗਾਂ ਕਿਥੇ ਸਨ ਤੇ ਕਦੋਂ ਖੋਦੀਆਂ ਗਈਆਂ ਸਨ, ਇਸ ਬਾਰੇ ਕੋਈ ਵੀ ਵੇਰਵਾ ਨਹੀਂ ਦਿੱਤਾ ਗਿਆ। ਇਨ੍ਹਾਂ ਸੁਰੰਗਾਂ ਦੀ ਨਮੂਨੇ ਮਾਤਰ ਵੀ ਕੋਈ ਫ਼ੋਟੋ ਜਾਂ ਵੀਡੀਓ ਤਸਵੀਰ ਨਹੀਂ ਦਿਖਾਈ ਗਈ। ਕਿਉਂ? ਕਿਉਂਕਿ ਇਹ ਪੂਰੀ ਤਰ੍ਹਾਂ ਝੂਠੀ ਤੇ ਮਨਘੜਤ ਕਹਾਣੀ ਸੀ। ਇਸ ਵਿੱਚ ਸੱਚਾਈ ਦਾ ਥੋੜਾ ਜਿੰਨਾ ਵੀ ਅੰਸ਼ ਹੁੰਦਾ ਤਾਂ ਟੈਲੀਵਿਜ਼ਨ ਉੱਤੇ ਇਨ੍ਹਾਂ ਕਥਿਤ ਸੁਰੰਗਾਂ ਦੀਆਂ ਤਸਵੀਰਾਂ ਦਿਖਾ ਦਿਖਾ ਕੇ ਦਰਸ਼ਕਾਂ ਦਾ ਨੱਕ 'ਚ ਦਮ ਕਰ ਦਿੱਤਾ ਗਿਆ ਹੁੰਦਾ! ਸੱਚ ਤਾਂ ਇਹ ਹੈ ਕਿ ਦਰਬਾਰ ਸਾਹਿਬ ਦੇ ਅਹਾਤੇ ਅੰਦਰ ਨਾ ਕੋਈ ਅਸਲਾ ਫ਼ੈਕਟਰੀ ਸੀ, ਨਾ ਕੋਈ ਸੁਰੰਗ ਆਦਿ। ਹਮਲੇ ਤੋਂ ਪਹਿਲਾਂ ਫ਼ੌਜ ਨੇ ਆਪਣੇ ਖ਼ੁਫ਼ੀਆ ਸੂਤਰਾਂ ਰਾਹੀਂ ਜੁਝਾਰੂ ਸਿੰਘਾਂ ਦੀਆਂ ਮੋਰਚਾਬੰਦੀਆਂ ਬਾਰੇ ਤੇ ਨਾਲ ਹੀ ਅਸਲੇ ਬਾਰੇ ਵੀ ਮੁਕੰਮਲ ਜਾਣਕਾਰੀ ਹਾਸਲ ਕਰ ਰੱਖੀ ਹੋਈ ਸੀ। ਘੁਮੰਡੀ ਜਰਨੈਲ ਆਪਣੇ ਉੱਤਮ ਹਥਿਆਰਾਂ ਨਾਲ ਇਨ੍ਹਾਂ ਮੋਰਚਾਬੰਦੀਆਂ ਨੂੰ ਅੱਖ ਦੇ ਪਲਕਾਰੇ ਵਿੱਚ ਉਡਾ ਦੇਣ ਦੇ ਭਰਮ ਪਾਲੀ ਬੈਠੇ ਸਨ। ਸੋ ਜੋ ਗ਼ਲਤ ਸਾਬਤ ਹੋਇਆ ਉਹ ਖ਼ੁਫ਼ੀਆ ਏਜੰਸੀਆਂ ਵੱਲੋਂ ਮੁਹੱਈਆ ਕੀਤੇ ਤੱਥ ਨਹੀਂ ਸਗੋਂ ਇਨ੍ਹਾਂ ਤੱਥਾਂ ਨੂੰ ਆਧਾਰ ਬਣਾ ਕੇ ਜਰਨੈਲਾਂ ਵੱਲੋਂ ਕੱਢੇ ਗਏ ਨਿਰਣੇ ਸਨ, ਜੋ ਕੱਚੇ ਸਾਬਤ ਹੋਏ। ਮਿਸਾਲ ਵਜੋਂ ਜਦ ਜਨਰਲ ਕੁਲਦੀਪ ਸਿੰਘ ਬਰਾੜ 3 ਜੂਨ ਵਾਲੀ ਮੀਟਿੰਗ ਵਿੱਚ ਆਪਣਾ ਇਹ ਹੰਕਾਰੀ ਮੱਤ ਦ੍ਰਿੜ੍ਹਾ ਰਿਹਾ ਸੀ ਕਿ ਟੈਂਕਾਂ ਦੀ ਗੜਗੜਾਹਟ ਤੇ ਜਹਾਜ਼ਾਂ ਦੀਆਂ ਘੂਕਰਾਂ ਸੁਣ ਕੇ ਕਹਿੰਦੇ ਕਹਾਉਂਦੇ ਜਰਨੈਲਾਂ ਦੀਆਂ ਵੀ ਲੱਤਾਂ ਕੰਬਣ ਲੱਗ ਪੈਂਦੀਆਂ ਹਨ ਤਾਂ ਉਸ ਕੋਲ ਕਿਸੇ ਖ਼ੁਫ਼ੀਆ ਜਾਣਕਾਰੀ ਦੀ ਘਾਟ ਨਹੀਂ ਸੀ। ਘਾਟ ਸੀ ਤਾਂ ਜਰਨੈਲਾਂ ਜਰਨੈਲਾਂ ਦੀ ਮਿੱਟੀ ਵਿੱਚ ਫ਼ਰਕ ਕਰ ਕੇ ਦੇਖ ਸਕਣ ਵਾਲੀ ਬੁੱਧੀ ਤੇ ਨਜ਼ਰੀਏ ਦੀ ਸੀ। ਜਨਰਲ ਬਰਾੜ ਤੇ ਉਸ ਦੇ ਫ਼ੌਜੀ ਲਾਣੇ ਨੂੰ ਜੇਕਰ ਕੋਈ ਟਪਲਾ ਲੱਗਿਆ ਤਾਂ ਜੁਝਾਰੂ ਸਿੰਘਾਂ ਦੀ ਨਫ਼ਰੀ ਤੇ ਹਥਿਆਰਾਂ ਬਾਰੇ ਨਹੀਂ ਸਗੋਂ ਉਨ੍ਹਾਂ ਦੀ ਲੜਾਕੂ ਸਮਰੱਥਾ ਬਾਰੇ ਲੱਗਿਆ। ਕਿਸੇ ਵੀ ਜੰਗ ਦਾ ਨਿਰਣਾ ਨਿਰਾ ਨਫ਼ਰੀ ਤੇ ਹਥਿਆਰਾਂ ਤੋਂ ਤੈਅ ਨਹੀਂ ਹੁੰਦਾ। ਵੱਧ ਮਹੱਤਵਪੂਰਨ ਗੱਲ ਲੜ ਰਹੀਆਂ ਧਿਰਾਂ ਦੇ ਉਦੇਸ਼ ਤੇ ਉਨ੍ਹਾਂ ਦੀ ਪ੍ਰਤੀਬੱਧਤਾ ਹੁੰਦੀ ਹੈ। ਗੱਲ ਨਿਰੀ ਇਹ ਨਹੀਂ ਹੁੰਦੀ ਕਿ ਕਿਸੇ ਧਿਰ ਕੋਲ ਕਿੰਨੇ 'ਸਿਰ' ਹਨ। ਸਿਰਾਂ ਨਾਲੋਂ ਵੱਧ ਅਹਿਮ ਗੱਲ 'ਸੀਸਾਂ' ਦੀ ਹੁੰਦੀ ਹੈ। ਭਾਵ ਕਿਸੇ ਕੋਲ ਸੀਸ ਤਲੀ 'ਤੇ ਧਰ ਕੇ ਲੜਨ ਦਾ ਜਜ਼ਬਾ ਤੇ ਜਾਨ ਕਿੰਨੀ ਕੁ ਹੈ। ਭਾਵੇਂ ਪਿੱਛੋਂ ਜਾ ਕੇ 'ਸਾਕਾ ਨੀਲਾ ਤਾਰਾ' ਬਾਰੇ ਲਿਖੀ ਆਪਣੀ ਕਿਤਾਬ ਅੰਦਰ ਜਨਰਲ ਬਰਾੜ ਨੂੰ ਇਹ ਤੱਥ, ਬੇਸ਼ੱਕ ਘੁੱਟਵੇਂ ਅੰਦਾਜ਼ ਵਿੱਚ ਹੀ, ਕਬੂਲ ਕਰਨਾ ਪਿਆ ਕਿ "ਖਾੜਕੂ ਜਿਸ ਸਿਦਕ-ਦਿਲੀ ਨਾਲ ਆਪਣੇ ਮੋਰਚਿਆਂ 'ਤੇ ਡਟੇ ਰਹੇ, ਉਨ੍ਹਾਂ ਨੇ ਜਿਸ ਸਿਰੜ ਤੇ ਸੂਰਮਗਤੀ ਨਾਲ ਲੜਾਈ ਲੜੀ ਅਤੇ ਜੋ ਕਮਾਲ ਦਾ ਹੌਸਲਾ ਦਿਖਾਇਆ, ਉਸ ਦੀ ਸ਼ਲਾਘਾ ਕਰਨੀ ਬਣਦੀ ਹੈ।"[36] ਪਰ ਉਸ ਦਾ ਇਹ ਬਿਆਨ ਸੱਚ ਦਾ ਅਧੂਰਾ ਇਕਬਾਲ ਹੈ, ਪੂਰਾ ਨਹੀਂ। ਉਸ ਨੇ ਇਹ ਜ਼ਾਹਰਾ ਤੱਥ ਤਾਂ ਕਬੂਲ ਕਰ ਲਿਆ ਕਿ ਸੰਤ ਜਰਨੈਲ ਸਿੰਘ ਤੇ ਉਸ ਦੇ ਜੁਝਾਰੂ ਸਾਥੀ ਕਮਾਲ ਦੀ ਬਹਾਦਰੀ ਤੇ ਹੌਸਲੇ ਨਾਲ ਲੜੇ।

ਜਦ ਉਸ ਨੂੰ ਇਸ ਜ਼ਾਹਰਾ ਤੱਥ ਦੇ ਪਿੱਛੇ ਛੁਪੇ ਹੋਏ ਸੱਚ ਦੀ ਸਮਝ ਪੈ ਗਈ, ਫਿਰ ਹੀ ਉਸ ਅੰਦਰ ਸਾਕਾ ਨੀਲਾ ਤਾਰਾ ਦੀ 'ਅਸਲੀ ਕਹਾਣੀ' ਦੱਸਣ ਦਾ ਨੈਤਿਕ ਬਲ ਤੇ ਜੇਰਾ ਪੈਦਾ ਹੋ ਸਕੇਗਾ। ਉਸ ਵੱਲੋਂ ਆਪਣੀ ਕਿਤਾਬ ਅੰਦਰ 'ਅਸਲੀ' ਕਹਿ ਕੇ ਦਰਸਾਈ ਗਈ ਕਹਾਣੀ ਬਹੁਤ ਹੀ ਘੱਟ ਅਸਲੀ ਤੇ ਬਹੁਤ ਹੀ ਜ਼ਿਆਦਾ ਨਕਲੀ ਹੈ।

ਫ਼ੌਜੀ ਕਾਰਵਾਈ 'ਚ ਹਿੱਸਾ ਲੈਣ ਵਾਲੇ ਸਿੱਖ ਫ਼ੌਜੀ ਅਫ਼ਸਰਾਂ 'ਚੋਂ ਬਹੁਤਿਆਂ ਨੇ ਆਪਣੇ ਮਨਾਂ ਅੰਦਰ ਸਿੰਘਾਂ ਦੀ ਬਹਾਦਰੀ ਤੇ ਹੌਸਲੇ ਦਾ ਸਿੱਕਾ ਕਬੂਲ ਕੀਤਾ। ਉਨ੍ਹਾਂ ਆਪਣੇ ਵਿਸ਼ਵਾਸਪਾਤਰ ਜਾਣੂੰਆਂ ਨਾਲ ਆਪਣੀਆਂ ਇਹ ਭਾਵਨਾਵਾਂ ਸਾਂਝੀਆਂ ਵੀ ਕੀਤੀਆਂ। ਸਤੀਸ਼ ਜੈਕਬ ਦੇ ਦੱਸਣ ਅਨੁਸਾਰ, "ਜਿਨ੍ਹਾਂ ਫ਼ੌਜੀ ਅਫ਼ਸਰਾਂ ਨਾਲ ਮੈਂ ਗੱਲ ਕੀਤੀ ਉਹ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਸ਼ਰਧਾਲੂਆਂ ਦੇ ਹੌਸਲੇ ਤੇ ਵਚਨਬੱਧਤਾ ਤੋਂ ਬਹੁਤ ਹੈਰਾਨ ਸਨ। ਇਕ ਅਫ਼ਸਰ ਨੇ ਕਿਹਾ, 'ਭਾਈ, ਉਨ੍ਹਾਂ ਕਿਆ ਜ਼ੋਰਦਾਰ ਮੁਕਾਬਲਾ ਕੀਤਾ। ਜੇ ਮੇਰੇ ਕੋਲ ਅਜਿਹੀਆਂ ਤਿੰਨ ਡਿਵੀਜ਼ਨਾਂ ਹੋਣ ਤਾਂ ਮੈਂ ਕਿਸੇ ਦਿਨ ਵੀ (ਜਨਰਲ) ਜ਼ਿਆ-ਉਲ-ਹੱਕ (ਪਾਕਿਸਤਾਨ ਦੇ ਤਤਕਾਲੀ ਰਾਸ਼ਟਰਪਤੀ) ਦੇ ਛੱਕੇ ਛੁਡਾ ਦੇਵਾਂ।"[37]

ਫ਼ੌਜ ਅੰਦਰਲੇ ਹਿੰਦੂ ਤੱਤਾਂ ਨੇ ਜਾਂ ਆਮ ਰੂਪ ਵਿੱਚ ਹੀ ਹਿੰਦੂ ਵਰਗ ਨੇ ਸੰਤ ਜਰਨੈਲ ਸਿੰਘ ਦੀ ਸ਼ਹੀਦੀ ਤੋਂ ਪਿੱਛੋਂ ਵੀ ਉਸ ਪ੍ਰਤੀ ਆਪਣੀ ਘਿਰਣਾ ਮੱਧਮ ਨਹੀਂ ਪੈਣ ਦਿੱਤੀ। ਸੰਤ ਭਿੰਡਰਾਂਵਾਲੇ ਦੀ ਸ਼ਹਾਦਤ ਦੀ ਸ਼ਾਨ ਨੂੰ ਧੁੰਦਲਾਉਣ ਤੇ ਉਸ ਦੇ ਅਕਸ ਨੂੰ ਫੇਟ ਮਾਰਨ ਦੇ ਇਰਾਦੇ ਨਾਲ ਮੀਡੀਏ ਅੰਦਰ ਕੁਝ ਉੱਕਾ ਹੀ ਝੂਠੀਆਂ ਤੇ ਮਨਘੜਤ ਕਹਾਣੀਆਂ ਧੁਮਾਈਆਂ ਗਈਆਂ। ਖ਼ਾਸ ਕਰਕੇ ਉਸ ਦੀ ਮੌਤ ਦੀ ਖ਼ਬਰ ਨੂੰ ਬੜੇ ਹੀ ਬਦਨੀਤੇ ਢੰਗ ਨਾਲ ਨਸ਼ਰ ਕੀਤਾ ਗਿਆ। ਇਕ ਕਹਾਣੀ ਇਹ ਧੁਮਾਈ ਗਈ ਕਿ ਉਹ ਫ਼ੌਜ ਦੀ ਗੋਲੀ ਨਾਲ ਨਹੀਂ ਮਰਿਆ, ਬਲਕਿ ਲੜਾਈ ਦੇ ਆਖ਼ਰੀ ਦੌਰ ਸਮੇਂ ਅਕਾਲ ਤਖ਼ਤ ਦੇ ਅੰਦਰ ਖਾੜਕੂ ਗੁੱਟਾਂ ਦੀ ਆਪਸ ਵਿਚੀਂ ਖੜਕ ਪਈ ਅਤੇ ਸੰਤ ਭਿੰਡਰਾਂਵਾਲੇ ਦੇ ਵਿਰੋਧੀ ਖਾੜਕੂ ਗੁੱਟ (ਬੱਬਰ ਖ਼ਾਲਸਾ) ਦੇ ਕੁਝ ਲੋਕਾਂ ਨੇ ਹੀ ਉਸ ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ। ਇਹ ਕਹਾਣੀ ਏਨੀ ਝੂਠੀ ਤੇ ਬੇਬੁਨਿਆਦ ਸੀ ਕਿ ਇਹ ਕੁਝ ਦਿਨ ਵੀ ਨਾ ਚੱਲ ਸਕੀ। ਫਿਰ ਸੰਤ ਜਰਨੈਲ ਸਿੰਘ ਵੱਲੋਂ 'ਨਿਰਾਸ਼ਤਾ-ਵੱਸ ਆਤਮ ਹੱਤਿਆ ਕਰ ਲੈਣ' ਦਾ ਝੂਠ ਰੇੜ੍ਹਿਆ ਗਿਆ। ਪਰ ਇਸ ਦੇ ਵੀ ਉੱਕਾ ਹੀ ਪੈਰ ਨਾ ਹੋਣ ਕਰਕੇ ਇਹ ਥਾਏਂ ਹੀ ਠੁੱਸ ਹੋ ਕੇ ਰਹਿ ਗਿਆ। ਅਖ਼ੀਰ ਵਿੱਚ ਸਰਕਾਰੀ ਤੌਰ 'ਤੇ ਇਹ ਬਿਆਨ ਦਿੱਤਾ ਗਿਆ ਕਿ ਫ਼ੌਜ ਜਦ ਅਕਾਲ ਤਖ਼ਤ ਦੇ ਤਹਿਖ਼ਾਨੇ ਅੰਦਰ ਦਾਖ਼ਲ ਹੋਈ ਤਾਂ ਉਥੇ ਸੰਤ ਭਿੰਡਰਾਂਵਾਲੇ ਤੇ ਭਾਈ ਅਮਰੀਕ ਸਿੰਘ ਨੂੰ ਮੁਰਦਾ ਪਾਇਆ ਗਿਆ। ਇਸ ਤਰ੍ਹਾਂ ਲੜਾਈ ਦੇ ਆਖ਼ਰੀ ਪਲਾਂ ਦੌਰਾਨ ਸੰਤ ਭਿੰਡਰਾਂਵਾਲੇ ਵੱਲੋਂ ਦਿਖਾਈ ਕਮਾਲ ਦੀ ਬਹਾਦਰੀ ਤੇ ਕੁਰਬਾਨੀ ਦੇ ਜਜ਼ਬੇ ਨੂੰ ਜਾਣ-ਬੁੱਝ ਕੇ ਦਬਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਇਹ ਪੂਰਾ ਯਤਨ ਕੀਤਾ ਗਿਆ ਕਿ ਆਖ਼ਰੀ ਪਲਾਂ ਦੌਰਾਨ ਹੋਈ ਗਹਿ-ਗੱਚਵੀਂ ਲੜਾਈ ਬਾਰੇ ਕੋਈ ਵੀ ਤੱਥ ਤੇ ਵੇਰਵਾ ਫ਼ੌਜੀ ਤੇ ਸਰਕਾਰੀ ਭੇਦ ਦੇ ਪਰਦਿਆਂ ਦੀਆਂ ਵਿਰਲਾਂ 'ਚੋਂ ਬਾਹਰ ਨਾ ਨਿਕਲ ਜਾਵੇ। ਇਤਿਹਾਸ ਅੰਦਰ ਹਮੇਸ਼ਾ ਹੀ ਇੰਜ ਹੁੰਦਾ ਆਇਆ ਹੈ। ਜਰਵਾਣੀਆਂ ਤੇ ਜਾਬਰ ਰਾਜਸ਼ਾਹੀਆਂ ਨੇ ਹਮੇਸ਼ਾ ਹੀ ਹਰ ਸੁੱਚੀ ਤੇ ਵੱਡੀ ਸ਼ਹਾਦਤ ਦੀ ਚਮਕ ਨੂੰ ਕਾਲੇ ਪਰਦਿਆਂ ਨਾਲ ਢਕਣ ਦੀ ਕੋਸ਼ਿਸ਼ ਕੀਤੀ ਹੈ। ਇਸ ਡਰੋਂ ਕਿ ਮਤਾਂ ਲੋਕ ਇਸ ਸ਼ਹੀਦੀ ਤੋਂ ਪ੍ਰੇਰਨਾ ਲੈ ਕੇ ਜਾਬਰ ਰਾਜਸ਼ਾਹੀ ਵਿਰੁੱਧ ਵੱਡੀ ਬਗ਼ਾਵਤ ਉੱਤੇ ਉਤਾਰੂ ਹੋ ਜਾਣ।

ਇਕ ਹੋਰ ਝੂਠੀ 'ਤੇ ਗੁੰਮਰਾਹਕਰੂ ਅਫ਼ਵਾਹ ਇਹ ਫੈਲਾਈ ਗਈ ਕਿ ਸੰਤ ਭਿੰਡਰਾਂਵਾਲੇ ਨੇ ਆਖ਼ਰੀ ਮੌਕੇ 'ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਹੋਰਨਾਂ ਨਰਮਪੰਥੀ

ਅਕਾਲੀ ਆਗੂਆਂ ਨੂੰ ਮਾਰ ਮੁਕਾਉਣ ਦਾ ਫ਼ੈਸਲਾ ਕਰ ਲਿਆ ਸੀ ਅਤੇ ਇਸ ਮਕਸਦ ਲਈ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਕੁਝ ਸੀਨੀਅਰ ਆਗੂਆਂ ਦੀ ਉਚੇਚੀ ਡਿਊਟੀ ਲਾਈ ਗਈ ਸੀ। ਦੋਨੋਂ ਸੰਤਾਂ ਦੇ ਆਪਸੀ ਖਿਚੋਤਾਣ ਵਾਲੇ ਸਬੰਧਾਂ ਦੇ ਤੱਥ ਨੇ ਅਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਕੁਝ ਸਰਕਰਦਾ ਆਗੂਆਂ ਵੱਲੋਂ ਲੜਾਈ ਦੇ ਆਖ਼ਰੀ ਪਲਾਂ ਅੰਦਰ ਆਪਣੀ ਜਾਨ-ਬਖ਼ਸ਼ੀ ਲਈ ਸੰਤ ਲੌਂਗੋਵਾਲ ਦੇ ਕਮਰੇ ਵਿੱਚ ਜਾ ਕੇ ਸ਼ਰਨ ਲੈ ਲੈਣ ਦੇ ਅਣਕਿਆਸੇ ਅਮਲ ਨੇ, ਕੁਝ ਵਰਗਾਂ ਅੰਦਰ ਇਸ ਅਫ਼ਵਾਹ ਦੇ ਸੱਚਾ ਹੋਣ ਦਾ ਥੋੜ੍ਹਾ ਭਰਮ ਪੈਦਾ ਕਰ ਦਿੱਤਾ ਸੀ। ਭਾਵੇਂ ਪਿੱਛੋਂ ਜਾ ਕੇ, ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਆਪਣੀ ਰਿਹਾਈ (ਮਾਰਚ 1985) ਤੋਂ ਬਾਅਦ ਕੁਲਦੀਪ ਨਈਅਰ ਨਾਲ ਇਕ ਪ੍ਰੈੱਸ ਮਿਲਣੀ ਦੇ ਦੌਰਾਨ ਇਸ ਝੂਠ ਦਾ ਪੂਰੀ ਤਰ੍ਹਾਂ ਪਰਦਾਫ਼ਾਸ਼ ਕਰ ਦਿੱਤਾ ਸੀ ਅਤੇ ਇਸ ਨੂੰ ਸਰਕਾਰੀ ਏਜੰਸੀਆਂ, ਖ਼ਾਸ ਕਰਕੇ 'ਰਾਅ' (RAW) ਦੀ, ਸਿੱਖਾਂ ਅੰਦਰ ਆਪਸੀ ਪਾਟਕ ਪਾਉਣ ਦੀ ਇਕ ਬਦਨੀਤੀ ਚਾਲ ਕਹਿ ਕੇ ਭੰਡਿਆ ਸੀ। ਪਰ ਫਿਰ ਵੀ ਮੀਡੀਏ ਵੱਲੋਂ ਇਹ ਗੱਲ ਵਾਰ-ਵਾਰ ਦੁਹਰਾਈ ਜਾਂਦੀ ਰਹੀ। ਅਜੇ ਤਕ ਵੀ ਦੁਹਰਾਈ ਜਾ ਰਹੀ ਹੈ। ਇਸ ਪਿੱਛੇ ਜ਼ਾਹਰਾ ਮੰਤਵ ਸਿੱਖ ਕੌਮ ਅੰਦਰ ਆਪਸੀ ਬੇਵਿਸ਼ਵਾਸੀ ਤੇ ਨਾਇਤਫ਼ਾਕੀ ਨੂੰ ਹਵਾ ਦੇਣਾ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਸਿੱਖ ਕੌਮ ਦੇ ਸਰਬਸਾਂਝੇ ਸ਼ਹੀਦ ਤੇ ਨਾਇਕ ਵਜੋਂ ਮਹਿਮਾ ਸਥਾਪਤ ਹੋਣ ਦੇ ਡਰ ਤੋਂ ਛੁਟਕਾਰਾ ਪਾਉਣਾ ਹੈ।

ਧਰਮਯੁੱਧ ਮੋਰਚੇ ਦੇ ਸਮੁੱਚੇ ਅਮਲ ਦੌਰਾਨ ਹੀ ਇਹ ਗੱਲ ਰੜਕਵੇਂ ਰੂਪ 'ਚ ਦੇਖਣ ਵਿੱਚ ਆਈ ਕਿ ਹਿੰਦੂ ਪੱਤਰਕਾਰਾਂ ਵੱਲੋਂ ਦੋਨਾਂ ਸੰਤਾਂ ਦੇ ਆਪਸੀ ਵਿਰੋਧਾਂ ਨੂੰ ਹਮੇਸ਼ਾ ਹੀ ਉਛਾਲਣ ਤੇ ਹਵਾ ਦੇਣ ਵਿੱਚ ਵਿਸ਼ੇਸ਼ ਰੁਚੀ ਪ੍ਰਗਟਾਈ ਜਾਂਦੀ ਰਹੀ। ਸੰਤ ਜਰਨੈਲ ਸਿੰਘ ਹਿੰਦੂ ਪੱਤਰਕਾਰਾਂ ਦੀ ਇਸ ਨੀਤ ਤੇ ਚਾਲ ਤੋਂ ਚੰਗੀ ਤਰ੍ਹਾਂ ਵਾਕਫ਼ ਤੇ ਚੌਕੰਨੇ ਸਨ। ਇਸ ਕਰਕੇ ਲੌਂਗੋਵਾਲ ਧੜੇ ਦੀਆਂ ਕੁਝ ਬੇਹੱਦ ਭੜਕਾਊ ਹਰਕਤਾਂ ਦੇ ਬਾਵਜੂਦ ਵੀ ਉਨ੍ਹਾਂ ਸੰਤ ਲੌਂਗੋਵਾਲ ਦੇ ਖ਼ਿਲਾਫ਼ ਕੋਈ ਮਾੜਾ ਬਚਨ ਕਹਿਣ ਤੋਂ ਲਗਾਤਾਰ ਗੁਰੇਜ਼ ਕਰੀ ਰੱਖਿਆ। ਇਸ ਕਰਕੇ ਨਹੀਂ ਕਿ ਉਨ੍ਹਾਂ ਦੇ ਮਨ ਅੰਦਰ ਸੰਤ ਲੌਂਗੋਵਾਲ ਪ੍ਰਤੀ ਕੋਈ ਔਖ ਜਾਂ ਕੁੜੱਤਣ ਨਹੀਂ ਸੀ। ਅਸਲ ਕਾਰਨ ਇਹ ਸੀ ਕਿ ਉਹ ਸਿੱਖ ਸੰਘਰਸ਼ ਨੂੰ ਕਿਸੇ ਵੀ ਤਰ੍ਹਾਂ ਢਾਹ ਨਹੀਂ ਸਨ ਲੱਗਣ ਦੇਣਾ ਚਾਹੁੰਦੇ। ਉਨ੍ਹਾਂ ਆਖ਼ਰੀ ਸਵਾਸਾਂ ਤਕ ਆਪਣਾ ਇਹ ਧੀਰਜ ਤੇ ਸੰਜਮ ਬਣਾਈ ਰੱਖਿਆ। 3 ਜੂਨ ਦੀ ਸ਼ਾਮ ਨੂੰ ਜਦ ਫ਼ੌਜ ਦੁਆਰਾ ਦਰਬਾਰ ਸਾਹਿਬ ਉੱਤੇ ਹਮਲੇ ਦੀਆਂ ਸਭ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਸਨ ਤਾਂ ਉਸ ਵੇਲੇ ਸੁਭਾਸ਼ ਕਿਰਪੇਕਰ (*ਟਾਈਮਜ਼ ਔਫ਼ ਇੰਡੀਆ*) ਤੇ ਦੋ ਹੋਰਨਾਂ ਪੱਤਰਕਾਰਾਂ ਨਾਲ ਆਪਣੀ ਆਖ਼ਰੀ ਪ੍ਰੈੱਸ ਮਿਲਣੀ ਮੌਕੇ ਪੱਤਰਕਾਰਾਂ ਵੱਲੋਂ ਜ਼ੋਰ ਨਾਲ, ਤੇ ਵਾਰ ਵਾਰ ਪੁੱਛਣ ਦੇ ਬਾਵਜੂਦ ਸੰਤ ਜਰਨੈਲ ਸਿੰਘ ਨੇ ਅਕਾਲੀ ਲੀਡਰਸ਼ਿਪ ਬਾਰੇ ਕੋਈ ਵੀ, ਚੰਗਾ-ਨਾ-ਮੰਦਾ, ਲਫ਼ਜ਼ ਬੋਲਣ ਤੋਂ ਦ੍ਰਿੜ੍ਹਤਾ ਨਾਲ ਇਨਕਾਰ ਕਰੀ ਰੱਖਿਆ।[39] ਧਰਮਯੁੱਧ ਮੋਰਚੇ ਦੇ ਸਮੁੱਚੇ ਅਮਲ ਦੌਰਾਨ ਸੰਤ ਭਿੰਡਰਾਂਵਾਲੇ ਦੁਆਰਾ ਪ੍ਰਗਟਾਏ ਗਏ ਵਤੀਰੇ ਤੋਂ ਵੀ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਉਹ ਅਜਿਹਾ ਕੋਈ ਵੀ ਕਦਮ, ਜਿਸ ਨਾਲ ਸਿੱਖ ਸੰਘਰਸ਼ ਨੂੰ ਢਾਹ ਲੱਗਦੀ ਹੋਵੇ, ਚੁੱਕਣ ਤੋਂ ਪੂਰਾ ਸੰਕੋਚ ਕਰਦੇ ਰਹੇ ਸਨ। ਉਹ ਆਪਣੇ ਗਰਮ-ਮਿਜ਼ਾਜ ਸਮਰਥਕਾਂ ਨੂੰ ਲਗਾਤਾਰ ਇਸ ਗੱਲੋਂ ਖ਼ਬਰਦਾਰ ਕਰਦੇ ਰਹੇ ਸਨ ਕਿ "ਸਰਕਾਰ ਚਾਹੁੰਦੀ ਹੈ ਸਿੱਖਾਂ ਦਾ ਆਪਸ ਵਿੱਚ ਖ਼ੂਨ ਡੁੱਲ੍ਹੇ ਪਰ ਅਸੀਂ ਸਾਰਿਆਂ ਨੇ ਰਲ ਕੇ ਚੱਲਣਾ ਹੈ.....ਸਰਕਾਰ ਨੂੰ ਫ਼ੇਲ੍ਹ ਕਰਨਾ ਹੈ.....ਗ਼ੁਲਾਮੀ ਸਿੱਖਾਂ ਦੇ ਗਲੋਂ ਲਾਹੁਣੀ ਹੈ.....ਆਪਾਂ ਪੰਥ ਦੀ ਵਿਰੋਧਤਾ ਨਹੀਂ ਕਰਨੀ.....ਪੰਥ ਦੀ ਡਟ ਕੇ ਮਦਦ ਕਰਨੀ ਹੈ.....ਟੱਕਰ ਵਿਚਾਰਾਂ ਦੀ ਪੱਧਰ 'ਤੇ ਚਲਾਉਣੀ ਹੈ।"[40] ਭਰੋਸੇਯੋਗ ਸੂਤਰਾਂ ਅਨੁਸਾਰ ਐਨ ਆਖ਼ਰੀ ਮੌਕੇ ਵੀ,

ਜਦ ਸੰਤ ਜਰਨੈਲ ਸਿੰਘ ਨੂੰ ਆਪਣੀ ਸ਼ਹਾਦਤ ਬਾਰੇ ਉੱਕਾ ਹੀ ਕੋਈ ਸ਼ੱਕ ਨਹੀਂ ਸੀ ਰਹਿ ਗਿਆ, ਉਹ ਦਰਬਾਰ ਸਾਹਿਬ ਸਮੂਹ ਅੰਦਰ ਮੌਜੂਦ ਪੰਥ ਦੇ ਦੋਨੋਂ ਪ੍ਰਮੁੱਖ ਆਗੂਆਂ—ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ—ਵੱਲੋਂ ਸਿੱਖ ਸੰਘਰਸ਼ ਦੀ ਚੜ੍ਹਦੀ ਕਲਾ ਲਈ ਕੋਈ ਉਸਾਰੂ ਭੂਮਿਕਾ ਨਿਭਾਅ ਸਕਣ ਦੀਆਂ ਸੰਭਾਵਨਾਵਾਂ ਬਾਰੇ ਗੰਭੀਰਤਾ ਨਾਲ ਸੋਚ-ਵਿਚਾਰ ਕਰਦੇ ਰਹੇ। 4-5 ਜੂਨ ਦੀ ਵਿਚਕਾਰਲੀ ਰਾਤ ਨੂੰ ਉਨ੍ਹਾਂ ਜਥੇਦਾਰ ਟੌਹੜਾ ਨਾਲ ਸਿੱਧੀ ਮੁਲਾਕਾਤ ਕਰ ਕੇ ਇਹ ਟੋਹਣ ਦੀ ਪੂਰੀ ਕੋਸ਼ਿਸ਼ ਕੀਤੀ ਸੀ ਕਿ ਅਕਾਲੀ ਲੀਡਰਸ਼ਿਪ ਦੇ ਤਿਲਾਂ ਵਿੱਚ ਤੇਲ ਦੀ ਕੋਈ ਗੁੰਜਾਇਸ਼ ਹੈ ਜਾਂ ਨਹੀਂ।[41] ਇਨ੍ਹਾਂ ਅਕਾਲੀ ਆਗੂਆਂ ਨੂੰ ਕਤਲ ਕਰਨ ਦੇ ਕਿਸੇ ਖ਼ਿਆਲ ਜਾਂ ਯੋਜਨਾ ਦੇ ਉਲਟ, ਆਪਣੀ ਜ਼ਿੰਦਗੀ ਦੀ ਆਖ਼ਰੀ ਰਾਤ ਵੀ ਉਨ੍ਹਾਂ ਨੇ, ਆਪਣੇ ਅਸਿੱਧੇ ਸੰਪਰਕਾਂ ਦੇ ਜ਼ਰੀਏ ਇਨ੍ਹਾਂ ਆਗੂਆਂ ਨੂੰ ਸਿੱਖ ਸੰਘਰਸ਼ ਦੀ ਬਿਹਤਰੀ ਲਈ ਕੋਈ ਮਾਅਰਕੇ ਦਾ ਕਦਮ ਉਠਾਉਣ ਲਈ ਰਜ਼ਾਮੰਦ ਕਰ ਲੈਣ ਦੀ ਉਮੀਦ ਤੇ ਕੋਸ਼ਿਸ਼ ਦਾ ਪੱਲਾ ਨਹੀਂ ਸੀ ਛੱਡਿਆ। ਹਿੰਦੂ ਹਾਕਮ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਇਹ ਹਾਂਦਰੂ ਪੱਖ ਲੋਕਾਂ ਵਿੱਚ ਉਜਾਗਰ ਨਹੀਂ ਹੋਣ ਦੇਣਾ ਚਾਹੁੰਦੇ, ਕਿਉਂਕਿ ਇਸ ਨਾਲ ਉਨ੍ਹਾਂ ਦੀਆਂ ਸੰਤ ਭਿੰਡਰਾਂਵਾਲੇ ਨੂੰ ਇਕ 'ਆਦੀ ਹਤਿਆਰਾ' ਬਣਾ ਕੇ ਪੇਸ਼ ਕਰਨ ਦੀਆਂ ਚਾਲਾਂ ਤੇ ਕੋਸ਼ਿਸ਼ਾਂ ਵਿੱਚ ਵਿਘਨ ਪੈਂਦਾ ਹੈ।

ਇਨ੍ਹਾਂ ਰਾਜਸੀ ਝੂਠਾਂ ਤੋਂ ਇਲਾਵਾ ਮੀਡੀਏ ਵੱਲੋਂ ਕੁਝ ਬਹੁਤ ਹੀ ਨੀਵੇਂ ਤੇ ਹੋਛੀ ਕਿਸਮ ਦੇ ਝੂਠ ਫੈਲਾਉਣ ਦੀਆਂ ਘਟੀਆ ਹਰਕਤਾਂ ਕੀਤੀਆਂ ਗਈਆਂ। 14 ਜੂਨ ਨੂੰ ਇਕ ਸਰਕਾਰੀ ਖ਼ਬਰ ਏਜੰਸੀ (PTI) ਨੇ ਇਹ ਖ਼ਬਰ ਨਸ਼ਰ ਕੀਤੀ ਕਿ ਫ਼ੌਜ ਨੂੰ ਦਰਬਾਰ ਸਾਹਿਬ ਅੰਦਰੋਂ ਤਲਾਸ਼ੀ ਦੌਰਾਨ ਵੱਡੀ ਮਾਤਰਾ 'ਚ ਨਸ਼ੀਲੇ ਪਦਾਰਥ ਤੇ ਨਿਰੋਧ ਆਦਿ ਮਿਲੇ ਹਨ। ਦੇਸ ਦੇ ਵੱਡੇ ਛੋਟੇ, ਸਭਨਾਂ ਹਿੰਦੂ ਅਖ਼ਬਾਰਾਂ ਨੇ ਇਸ ਖ਼ਬਰ ਨੂੰ ਮੁੱਖ ਪੰਨੇ 'ਤੇ ਸੁਰਖ਼ੀਆਂ ਲਾ ਕੇ ਛਾਪਿਆ। ਇਕ ਹਫ਼ਤੇ ਬਾਅਦ ਜਾ ਕੇ ਫ਼ੌਜ ਨੇ ਇਸ ਖ਼ਬਰ ਦਾ ਖ਼ੁਦ ਹੀ ਖੰਡਨ ਕਰ ਦਿੱਤਾ। ਪਰ ਉਨ੍ਹਾਂ ਹੀ ਅਖ਼ਬਾਰਾਂ ਨੇ ਇਹ ਖੰਡਨ ਅੰਦਰਲੇ ਪੰਨਿਆਂ 'ਤੇ, ਜਿੰਨਾ ਹੋ ਸਕਿਆ, ਪਿਚਕਾ ਕੇ ਛਾਪਿਆ।[42]

## ਫ਼ੌਰੀ ਪ੍ਰਤੀਕਰਮ

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਸਿੱਖ ਮਨ ਦੀ ਡੂੰਘੀ ਸਮਝ ਸੀ। ਉਸ ਨੂੰ ਇਹ ਪੱਕਾ ਭਰੋਸਾ ਸੀ ਕਿ ਸਿੱਖ ਪੰਥ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਨੂੰ ਚੁੱਪ ਕਰ ਕੇ ਬਰਦਾਸ਼ਤ ਨਹੀਂ ਕਰੇਗਾ। ਉਸ ਨੂੰ ਖ਼ਾਸ ਕਰਕੇ ਪੇਂਡੂ ਸਿੱਖ ਜਨਤਾ ਕੋਲੋਂ ਵੱਡੀਆਂ ਉਮੀਦਾਂ ਸਨ। ਉਸ ਦਾ ਵਿਸ਼ਵਾਸ ਸੀ ਕਿ ਪੇਂਡੂ ਸਿੱਖ ਜਨਤਾ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦੀ ਖ਼ਬਰ ਸੁਣਦਿਆਂ ਹੀ ਤਿੱਖੇ ਰੋਹ 'ਚ ਆ ਜਾਵੇਗੀ ਅਤੇ ਆਪਮੁਹਾਰੇ ਦਰਬਾਰ ਸਾਹਿਬ ਵੱਲ ਵਹੀਰਾਂ ਘੱਤ ਲਵੇਗੀ। ਸੰਤ ਭਿੰਡਰਾਂਵਾਲੇ ਦੀਆਂ ਮਗਰਲੇ ਦੌਰ ਦੀਆਂ ਤਕਰੀਰਾਂ 'ਚੋਂ ਉਸ ਦੀਆਂ ਫ਼ੌਜੀ ਹਮਲੇ ਲਈ ਨਾ ਸਿਰਫ਼ ਸੈਨਿਕ ਸਗੋਂ ਨਾਲ ਹੀ ਮਨੋਵਿਗਿਆਨਕ ਤੇ ਰਾਜਨੀਤਕ ਤਿਆਰੀਆਂ ਦੀ ਸਾਫ਼ ਝਲਕ ਮਿਲ ਜਾਂਦੀ ਹੈ। ਉਹ ਇਹ ਗੱਲ ਚੰਗੀ ਤਰ੍ਹਾਂ ਜਾਣਦਾ ਸੀ ਕਿ ਲੜਾਈ ਨਿਰੀ ਜੰਗ ਦੇ ਮੈਦਾਨ ਅੰਦਰ ਹੀ ਨਹੀਂ ਲੜੀ ਜਾਂਦੀ। ਇਹ ਬਰਾਬਰ ਰਾਜਨੀਤਕ ਤੇ ਮਨੋਵਿਗਿਆਨਕ ਪੱਧਰਾਂ 'ਤੇ ਵੀ ਲੜੀ ਜਾਂਦੀ ਹੈ। ਜਦ ਉਸ ਨੇ ਦੇਖਿਆ ਕਿ ਹਿੰਦੂ ਹਾਕਮਾਂ ਨੂੰ ਦੇਸ ਅੰਦਰ ਆਪਣੀ ਭਾਰੂ ਬਹੁਗਿਣਤੀ ਤੇ ਉੱਤਮ ਫ਼ੌਜੀ ਤਾਕਤ ਉੱਤੇ ਨਾ ਸਿਰਫ਼ ਵਧਵਾਂ ਮਾਣ ਹੈ ਸਗੋਂ ਉਹ ਸਿੱਖ ਕੌਮ ਨੂੰ ਭੈਭੀਤ ਕਰਨ

ਲਈ ਇਨ੍ਹਾਂ ਪੱਖਾਂ ਦੀ ਮਨੋਵਿਗਿਆਨਕ ਹਥਿਆਰ ਦੇ ਰੂਪ 'ਚ ਵਰਤੋਂ ਕਰ ਰਹੇ ਹਨ, ਤਾਂ ਉਸ ਨੇ ਸਿੱਖ ਜਨਤਾ ਅੰਦਰ ਸੂਰਮਗਤੀ ਦਾ ਜਜ਼ਬਾ ਤੇ ਵਿਸ਼ਵਾਸ ਪੈਦਾ ਕਰਨ ਲਈ ਮੋੜਵੇਂ ਉਪਾਅ ਕਰਨੇ ਸ਼ੁਰੂ ਕਰ ਦਿੱਤੇ। ਉਸ ਨੇ ਸਿੱਖ ਜਨਤਾ ਨੂੰ ਕਈ ਮਹੀਨੇ ਪਹਿਲਾਂ ਹੀ ਦੁਸ਼ਮਣ ਦੀਆਂ ਚਾਲਾਂ ਤੇ ਖ਼ਤਰਿਆਂ ਬਾਰੇ ਖ਼ਬਰਦਾਰ ਕਰਨਾ ਅਤੇ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦੀ ਸੂਰਤ ਵਿੱਚ ਮੋੜਵੇਂ ਕਰਮ ਬਾਰੇ ਮਾਨਸਿਕ ਤੇ ਰਾਜਸੀ ਪੱਧਰ 'ਤੇ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਸੀ।

ਜਿਵੇਂ ਕਿ ਜ਼ਿਕਰ ਹੋ ਚੁੱਕਾ ਹੈ, ਸੰਤ ਜਰਨੈਲ ਸਿੰਘ ਨੇ ਅਮਲ 'ਚੋਂ ਇਹ ਭਾਂਪ ਲਿਆ ਸੀ ਕਿ ਹਿੰਦੂ ਹਾਕਮ, ਹੋਰ ਕਿਸੇ ਵੀ ਗੱਲ ਨਾਲੋਂ ਵੱਧ, ਪੰਜਾਬ ਅੰਦਰ ਹਿੰਦੂ ਵਰਗ ਦੇ ਕਤਲਾਂ ਦੀ ਸਭ ਤੋਂ ਜ਼ਿਆਦਾ ਚੋਭ ਮੰਨਦੇ ਹਨ। ਇਸ ਕਰਕੇ ਹਿੰਦੂ ਵਰਗ ਦੇ ਕਤਲਾਂ ਦੀ ਨੀਤੀ ਦਾ 'ਵਰਜਕ' (deterrent) ਦੇ ਰੂਪ ਵਿੱਚ ਇਸਤੇਮਾਲ ਕਰਨ ਦੀ ਧਾਰਨਾ ਉਨ੍ਹਾਂ ਦੇ ਮਨ ਨੂੰ ਜਚ ਗਈ ਹੋਈ ਸੀ। ਉਹ ਇਹ ਮਹਿਸੂਸ ਕਰਨ ਲੱਗ ਪਏ ਸਨ ਕਿ ਫ਼ਿਰਕੂ ਹਾਕਮਾਂ ਦੇ ਵਹਿਸ਼ੀ ਜ਼ੁਲਮਾਂ ਤੋਂ ਬਚਣ ਲਈ ਸਿੱਖਾਂ ਵੱਲੋਂ ਬਚਾਓ ਦੇ ਇਸ ਹਥਿਆਰ ਦੀ ਵਰਤੋਂ ਕਰਨੀ ਨੈਤਿਕ ਦ੍ਰਿਸ਼ਟੀ ਤੋਂ ਅਣਉਚਿਤ ਨਹੀਂ ਠਹਿਰਾਈ ਜਾ ਸਕਦੀ। ਉਨ੍ਹਾਂ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦੀ ਸੂਰਤ ਵਿੱਚ, ਇਸ ਸਵੈ-ਰੱਖਿਆ ਦੇ ਹਥਿਆਰ ਨੂੰ ਵਿਆਪਕ ਪੈਮਾਨੇ ਉੱਤੇ ਵਰਤਣ ਦਾ ਮਨ ਬਣਾ ਲਿਆ ਹੋਇਆ ਸੀ। ਉਨ੍ਹਾਂ ਸਿੱਖ ਸੰਗਤਾਂ ਨੂੰ ਇਸ ਸਬੰਧੀ ਅਗਾਊਂ ਹੀ ਸੰਕੇਤ ਤੇ ਨਿਰਦੇਸ਼ ਦੇਣੇ ਸ਼ੁਰੂ ਕਰ ਦਿੱਤੇ ਹੋਏ ਸਨ। ਉਨ੍ਹਾਂ ਦਾ ਸਪਸ਼ਟ ਆਦੇਸ਼ ਸੀ ਕਿ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦੀ ਖ਼ਬਰ ਸੁਣ ਕੇ ਅੰਮ੍ਰਿਤਸਰ ਵੱਲ ਵਹੀਰਾਂ ਘੱਤਣ ਦੀ ਕੋਈ ਲੋੜ ਨਹੀਂ, ਬਲਕਿ ਆਪੋ ਆਪਣੀਆਂ ਥਾਵਾਂ 'ਤੇ 'ਨਿਸ਼ਾਨੇ ਮਿਥ ਕੇ' ਹਮਲੇ ਕਰਨ ਤੋਂ ਨਹੀਂ ਉੱਕਣਾ।[43]

ਪਰ ਹਕੀਕਤ ਵਿੱਚ, ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਉਪਰੰਤ ਸਿੱਖ ਜਨਤਾ ਦੁਆਰਾ ਆਮ ਰੂਪ ਵਿੱਚ ਪ੍ਰਗਟਾਇਆ ਗਿਆ ਪ੍ਰਤੀਕਰਮ, ਹਕੀਕੀ ਅਰਥਾਂ ਵਿੱਚ ਲਿਆਂ, ਸੰਤ ਭਿੰਡਰਾਂਵਾਲੇ ਦੇ ਇਸ ਆਦੇਸ਼ ਦੇ ਅਨੁਸਾਰੀ ਨਹੀਂ ਸੀ। ਸੰਤ ਭਿੰਡਰਾਂਵਾਲੇ ਵੱਲੋਂ ਲੱਖ ਮਨ੍ਹਾਂ ਕਰਨ ਦੇ ਬਾਵਜੂਦ, ਸਿੱਖ ਜਨਤਾ ਨੇ ਅੰਮ੍ਰਿਤਸਰ ਵੱਲ ਵਹੀਰਾਂ ਘੱਤ ਲੈਣ ਦੇ ਸੁਤੇ-ਸਿਧ ਪ੍ਰਤੀਕਰਮ ਨੂੰ ਹੀ ਤਰਜੀਹ ਦਿੱਤੀ। ਦਰਬਾਰ ਸਾਹਿਬ ਦੀ ਘੇਰਾਬੰਦੀ ਦੀ ਖ਼ਬਰ ਸੁਣਦਿਆਂ ਹੀ ਅੰਮ੍ਰਿਤਸਰ ਦੇ ਨੇੜਲੇ ਪਿੰਡਾਂ 'ਚੋਂ ਸਿੱਖ ਹਜ਼ਾਰਾਂ ਦੀ ਗਿਣਤੀ ਵਿੱਚ 'ਕੱਠੇ ਹੋਣੇ ਸ਼ੁਰੂ ਹੋ ਗਏ। ਕਰੜੀਆਂ ਸਰਕਾਰੀ ਬੰਦਸ਼ਾਂ ਤੇ ਰੋਕਾਂ ਦੇ ਬਾਵਜੂਦ ਕੁਝ ਥਾਵਾਂ 'ਤੇ (ਗੋਹਲਵੜ, ਰਾਜਾਸਾਂਸੀ, ਤਰਨਤਾਰਨ, ਅਜਨਾਲਾ, ਨਵਾਂਕੋਟ ਆਦਿ) ਸਿੱਖਾਂ ਨੇ ਵੱਡੇ ਕਾਫ਼ਲੇ ਬਣਾ ਕੇ ਅੰਮ੍ਰਿਤਸਰ ਵੱਲ ਵਧਣ ਦੀਆਂ ਜ਼ੋਰਦਾਰ ਕੋਸ਼ਿਸ਼ਾਂ ਕੀਤੀਆਂ।[44] ਅੰਮ੍ਰਿਤਸਰ ਤੋਂ ਦੂਰ-ਦੁਰਾਡੇ ਥਾਵਾਂ (ਜਿਵੇਂ ਹਰੀਕੇ ਪੱਤਣ, ਬਟਾਲਾ, ਗੁਰਦਾਸਪੁਰ ਆਦਿ) ਤੋਂ ਵੀ ਸਿੱਖਾਂ ਵੱਲੋਂ ਆਪਮੁਹਾਰੇ ਹੀ ਘਰਾਂ 'ਚੋਂ ਨਿਕਲ ਕੇ ਪੈਦਲ ਹੀ ਅੰਮ੍ਰਿਤਸਰ ਵੱਲ ਚਾਲੇ ਪਾ ਦੇਣ ਦੀਆਂ ਰਿਪੋਰਟਾਂ ਵੀ ਮਿਲੀਆਂ ਹਨ। ਇਨ੍ਹਾਂ ਕਾਫ਼ਲਿਆਂ ਨੂੰ ਡੱਕਣ ਲਈ ਫ਼ੌਜ ਨੇ ਤਾਕਤ ਦੀ ਅੰਨ੍ਹੀ ਵਰਤੋਂ ਕੀਤੀ। ਕਈ ਥਾਵਾਂ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਵੱਡੀ ਗਿਣਤੀ 'ਚ ਸਿੱਖ ਹਲਾਕ ਕਰ ਦਿੱਤੇ ਗਏ। ਕੁਝ ਥਾਵਾਂ 'ਤੇ ਸਿੱਖ ਕਾਫ਼ਲਿਆਂ ਦੀ ਨਿਸ਼ਾਨਦੇਹੀ ਕਰਨ ਲਈ ਹੈਲੀਕਾਪਟਰਾਂ ਦੀ ਵਰਤੋਂ ਕੀਤੀ ਗਈ। ਅਲੱਗ-ਅਲੱਗ ਥਾਵਾਂ 'ਤੇ ਫ਼ੌਜ ਦੀ ਗੋਲੀ ਨਾਲ ਸੌ ਤੋਂ ਉੱਪਰ ਸਿੱਖ ਹਲਾਕ ਹੋ ਗਏ ਅਤੇ ਸੈਂਕੜਿਆਂ ਦੀ ਗਿਣਤੀ 'ਚ ਜ਼ਖ਼ਮੀ ਹੋ ਗਏ।[45] ਇਹ ਗੱਲ ਪੱਕੀ ਹੈ ਕਿ ਜੇਕਰ ਸਰਕਾਰੀ ਇੰਤਜ਼ਾਮ ਏਨੇ ਸਖ਼ਤ ਨਾ ਹੁੰਦੇ ਤਾਂ ਇਹ ਪ੍ਰਤੀਕਰਮ ਕਿਤੇ ਵਿਆਪਕ ਪੈਮਾਨੇ 'ਤੇ ਹੋਣਾ ਸੀ ਅਤੇ ਫ਼ੌਜ ਲਈ ਸਿੱਖ ਜਨਤਾ ਦੇ ਰੋਹ ਨੂੰ ਡੱਕ ਕੇ ਰੱਖ ਸਕਣਾ ਨਾਮੁਮਕਿਨ ਹੋ ਜਾਣਾ ਸੀ।

ਅਸਲ ਵਿੱਚ ਸਰਕਾਰ ਨੇ ਅਜਿਹੇ ਪ੍ਰਤੀਕਰਮ ਨੂੰ ਪਹਿਲਾਂ ਹੀ ਧਿਆਨ ਵਿੱਚ ਰੱਖਦਿਆਂ ਹੋਇਆਂ ਅਗਾਊਂ ਹੀ ਕਰੜੀਆਂ ਪੇਸ਼ਬੰਦੀਆਂ ਕਰ ਰੱਖੀਆਂ ਹੋਈਆਂ ਸਨ। ਫ਼ੌਜੀ ਕਾਰਵਾਈ ਦਾ ਘੇਰਾ ਦਰਬਾਰ ਸਾਹਿਬ ਜਾਂ ਅੰਮ੍ਰਿਤਸਰ ਤਕ ਹੀ ਸੀਮਤ ਨਹੀਂ ਸੀ। ਪੰਜਾਬ ਅੰਦਰ 70 ਤੋਂ ਵੱਧ ਗੁਰਦੁਆਰਿਆਂ, ਜਿਨ੍ਹਾਂ 'ਚੋਂ 34 ਇਤਿਹਾਸਕ ਸਨ, ਉੱਤੇ ਅਜਿਹਾ ਹੀ ਵਹਿਸ਼ੀ ਧਾਵਾ ਬੋਲਿਆ ਗਿਆ। ਪਟਿਆਲਾ (ਗੁਰਦੁਆਰਾ ਦੂਖ ਨਿਵਾਰਨ) ਤੇ ਮੁਕਤਸਰ ਵਿਖੇ ਫ਼ੌਜੀ ਕਾਰਵਾਈ 'ਚ ਦਰਜਨਾਂ ਦੀ ਗਿਣਤੀ ਵਿੱਚ ਸਿੱਖਾਂ ਦਾ ਘਾਤ ਕਰ ਦਿੱਤਾ ਗਿਆ। ਇਕੱਲੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਅੰਦਰ ਹੀ ਚਾਰ ਦਰਜਨ ਤੋਂ ਵੀ ਵੱਧ ਸਿੱਖ ਸ਼ਰਧਾਲੂ ਕਤਲ ਕਰ ਦਿੱਤੇ ਗਏ।[46] ਪੰਜਾਬ 'ਚੋਂ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ, ਖ਼ਾਸ ਕਰਕੇ ਨੌਜਵਾਨ ਤੇ ਅੰਮ੍ਰਿਤਧਾਰੀ ਸਿੰਘ, ਗ੍ਰਿਫ਼ਤਾਰ ਕਰ ਲਏ ਗਏ ਅਤੇ ਉਨ੍ਹਾਂ ਨੂੰ ਜਗ੍ਹਾ-ਜਗ੍ਹਾ ਖੋਹਲੇ ਤਸੀਹੇ ਕੇਂਦਰਾਂ 'ਚ ਲਿਜਾ ਕੇ ਅਣਮਨੁੱਖੀ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ। ਸਿੱਖ ਜਨਤਾ ਦੇ ਮਨਾਂ ਅੰਦਰ ਫ਼ੌਜੀ ਤਾਕਤ ਦਾ ਦਹਿਲ ਪੈਦਾ ਕਰਨ ਲਈ ਪਿੰਡਾਂ ਅੰਦਰ ਵੱਡੀ ਮਾਤਰਾ 'ਚ ਅਵਾਰਾ ਟੈਂਕ ਘੁਮਾਏ ਗਏ।

ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦੇ ਜੁਆਬ ਵਿੱਚ ਭਾਰੀ ਯੁੱਧਨੀਤਕ ਅਹਿਮੀਅਤ ਵਾਲਾ ਇਕ ਪ੍ਰਤੀਕਰਮ ਇਹ ਹੋਇਆ ਕਿ ਕਈ ਫ਼ੌਜੀ ਕੇਂਦਰਾਂ ਵਿੱਚ ਸਿੱਖ ਜਵਾਨਾਂ ਨੇ ਖੁੱਲ੍ਹੀ ਬਗ਼ਾਵਤ ਕਰ ਦਿੱਤੀ ਅਤੇ ਦਰਬਾਰ ਸਾਹਿਬ ਦੀ ਰੱਖਿਆ ਕਰਨ ਲਈ ਅੰਮ੍ਰਿਤਸਰ ਵੱਲ ਕੂਚ ਕਰ ਦਿੱਤਾ। ਆਜ਼ਾਦ ਭਾਰਤ ਦੇ ਇਤਿਹਾਸ ਅੰਦਰ ਇਹ ਆਪਣੀ ਕਿਸਮ ਦੀ ਪਹਿਲੀ ਘਟਨਾ ਸੀ। ਰਾਜਸਥਾਨ ਦੇ ਗੰਗਾਨਗਰ ਜ਼ਿਲ੍ਹੇ 'ਚ ਲਾਲਗੜ੍ਹ ਛਾਉਣੀ 'ਚੋਂ 300 ਦੇ ਕਰੀਬ ਸਿੱਖ ਜਵਾਨ 13 ਫ਼ੌਜੀ ਟਰੱਕਾਂ 'ਤੇ ਸਵਾਰ ਹੋ ਕੇ ਅੰਮ੍ਰਿਤਸਰ ਵੱਲ ਰਵਾਨਾ ਹੋ ਤੁਰੇ। ਸਿੱਖ ਰਜਮੈਂਟ ਦੇ ਰਾਮਗੜ੍ਹ (ਬਿਹਾਰ) ਸਿਖਲਾਈ ਕੇਂਦਰ ਦੇ ਸਿੱਖ ਜਵਾਨਾਂ ਨੇ ਜਦ ਅਕਾਲ ਤਖ਼ਤ ਦੇ ਢੱਠ ਜਾਣ ਦੀ ਖ਼ਬਰ ਸੁਣੀ ਤਾਂ ਉਹ ਆਪਣੇ ਧਾਰਮਿਕ ਜਜ਼ਬਾਤਾਂ ਨੂੰ ਕਾਬੂ 'ਚ ਨਾ ਰੱਖ ਸਕੇ। 9 ਜੂਨ ਦੀ ਰਾਤ ਨੂੰ ਉਨ੍ਹਾਂ ਜਬਰੀ ਅਸਲਾਖ਼ਾਨਾ ਲੁੱਟ ਲਿਆ ਅਤੇ ਅਗਲੀ ਸਵੇਰ, ਮੂੰਹ ਨੇਰ੍ਹੇ ਹੀ, ਡੇਢ ਹਜ਼ਾਰ ਦੇ ਕਰੀਬ ਸਿੱਖ ਰੰਗਰੂਟਾਂ ਨੇ ਟਰੱਕਾਂ, ਬੱਸਾਂ, ਜੀਪਾਂ, ਇਥੋਂ ਤਕ ਕਿ ਟਾਂਗਿਆਂ-ਗੇੜ੍ਹਿਆਂ 'ਤੇ ਸਵਾਰ ਹੋ ਕੇ ਅੰਮ੍ਰਿਤਸਰ ਵੱਲ ਕੂਚ ਕਰ ਦਿੱਤਾ। ਰਾਹ 'ਚ ਆਏ ਇਨ੍ਹਾਂ ਸਿੱਖ ਜਵਾਨਾਂ ਨੇ, ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕਰ ਰਹੇ ਸਿੱਖ ਰਜਮੈਂਟ ਸੈਂਟਰ ਦੇ ਕਮਾਡੈਂਟ ਬ੍ਰਗੇਡੀਅਰ ਐਸ.ਸੀ. ਪੁਰੀ ਨੂੰ ਗੋਲੀਆਂ ਨਾਲ ਭੁੰਨ ਦਿੱਤਾ। ਇਸੇ ਤਰ੍ਹਾਂ ਪੂਨੇ ਤੋਂ ਵੀ 160 ਦੇ ਕਰੀਬ ਅਤੇ ਤ੍ਰਿਪੁਰਾ ਤੋਂ 200 ਸਿੱਖ ਜਵਾਨਾਂ ਨੇ ਬਗ਼ਾਵਤ ਦੇ ਝੰਡੇ ਬੁਲੰਦ ਕਰ ਦਿੱਤੇ। ਇਸ ਤੋਂ ਇਲਾਵਾ ਉੱਤਰ ਪ੍ਰਦੇਸ਼ ਤੇ ਪੱਛਮੀ ਬੰਗਾਲ ਦੀਆਂ ਕੁਝ ਛਾਉਣੀਆਂ ਅੰਦਰ ਵੀ ਬਗ਼ਾਵਤ ਦੀਆਂ ਅਸਫਲ ਕੋਸ਼ਿਸ਼ਾਂ ਕੀਤੀਆਂ ਗਈਆਂ।[47]

ਪਰ ਇਹ ਪ੍ਰਤੀਕਰਮ ਆਪਮੁਹਾਰਾ ਤੇ ਅਣਵਿਉਂਤਿਆ ਹੋਣ ਕਰਕੇ, ਸਾਰੀਆਂ ਹੀ ਬਾਗ਼ੀ ਟੁਕੜੀਆਂ ਰਾਹਾਂ ਵਿੱਚ ਹੀ ਘਿਰ ਗਈਆਂ। ਇਨ੍ਹਾਂ 'ਧਰਮੀ ਫ਼ੌਜੀਆਂ' 'ਚੋਂ ਕਈਆਂ ਦੀ ਪੁਲਸ ਜਾਂ ਫ਼ੌਜ ਦੀਆਂ ਗੋਲੀਆਂ ਨਾਲ ਮੌਤ ਹੋ ਗਈ ਅਤੇ ਬਾਕੀ ਦੇ ਅੱਡ-ਅੱਡ ਥਾਵਾਂ ਤੋਂ ਗ੍ਰਿਫ਼ਤਾਰ ਕਰ ਲਏ ਗਏ। ਧਾਰਮਿਕ ਜਜ਼ਬਾਤਾਂ ਵੱਸ ਬਗ਼ਾਵਤ ਕਰਨ ਵਾਲੇ ਇਨ੍ਹਾਂ ਧਰਮੀ ਸਿੱਖ ਜਵਾਨਾਂ ਉੱਤੇ 'ਰਾਜ ਵਿਰੁੱਧ ਜੰਗ ਛੇੜਨ' ਦੇ ਮੁਕੱਦਮੇ ਦਾਇਰ ਕੀਤੇ ਗਏ ਅਤੇ ਸਖ਼ਤ ਸਜ਼ਾਵਾਂ ਸੁਣਾਈਆਂ ਗਈਆਂ। ਸਰਕਾਰੀ ਅੰਕੜਿਆਂ ਮੁਤਾਬਕ 2750 ਸਿੱਖ ਜਵਾਨਾਂ ਨੇ ਪਰ ਗ਼ੈਰ-ਸਰਕਾਰੀ ਰਿਪੋਰਟਾਂ ਅਨੁਸਾਰ 8000 ਦੇ ਕਰੀਬ ਸਿੱਖ ਜਵਾਨਾਂ ਨੇ ਇਸ ਬਗ਼ਾਵਤ ਵਿੱਚ ਸਿੱਧੀ ਸ਼ਿਰਕਤ ਕੀਤੀ। ਸਰਕਾਰੀ ਪੱਖ ਮੁਤਾਬਕ

ਇਨ੍ਹਾਂ 'ਚੋਂ 67 ਸਿੱਖ ਜਵਾਨ ਗੋਲੀਆਂ ਨਾਲ ਮਾਰ ਦਿੱਤੇ ਗਏ ਅਤੇ 30 ਦੇ ਕਰੀਬ ਲਾਪਤਾ ਕਰਾਰ ਦੇ ਦਿੱਤੇ ਗਏ।"

ਇਸ ਮਾਮਲੇ 'ਚ ਅਹਿਮ ਗੱਲ ਇਹ ਦੇਖਣ ਵਿੱਚ ਆਈ ਕਿ ਬਗ਼ਾਵਤ ਕਰ ਕੇ ਤੁਰੇ ਸਿੱਖ ਜਵਾਨਾਂ ਨੇ, ਭਾਰੀ ਅਸਲੇ ਦੇ ਬਾਵਜੂਦ, ਰਾਹ ਵਿੱਚ ਕਿਸੇ ਵੀ ਜਗ੍ਹਾ ਕਿਸੇ ਹਿੰਦੂ ਉੱਤੇ ਹਮਲਾ ਨਹੀਂ ਕੀਤਾ। ਇਹ ਜਵਾਨ ਮੁੱਖ ਤੌਰ 'ਤੇ ਪੰਜਾਬ ਦੇ ਪੇਂਡੂ ਸਿੱਖ ਪਰਿਵਾਰਾਂ ਨਾਲ ਸਬੰਧ ਰੱਖਦੇ ਸਨ। ਇਸ ਕਰਕੇ ਪੰਜਾਬ ਦੀ ਪੇਂਡੂ ਸਿੱਖ ਜਨਤਾ ਵਾਂਗ ਹੀ ਉਨ੍ਹਾਂ ਦਾ ਮੁਕਾਮ ਵੀ ਦਰਬਾਰ ਸਾਹਿਬ (ਅੰਮ੍ਰਿਤਸਰ) ਹੀ ਸੀ। ਦਰਬਾਰ ਸਾਹਿਬ ਦੀ ਰੱਖਿਆ ਲਈ ਉਹ ਸਿੱਧਾ ਉੱਥੇ ਪਹੁੰਚਣਾ ਚਾਹੁੰਦੇ ਸਨ। ਇਸ ਗੱਲ ਤੋਂ ਵੀ ਇਹੀ ਤੱਥ ਸਾਬਤ ਹੁੰਦਾ ਹੈ ਕਿ ਸੰਤ ਜਰਨੈਲ ਸਿੰਘ ਦੀ ਹਿੰਦੂਆਂ ਨੂੰ ਹਮਲੇ ਦਾ ਨਿਸ਼ਾਨਾ ਬਣਾਉਣ ਵਾਲੀ ਸੇਧ ਸਿੱਖ ਜਨਤਾ ਦੇ ਮਨਾਂ ਨੂੰ ਬਹੁਤੀ ਨਹੀਂ ਸੀ ਭਾਈ। ਇਸ ਦੇ ਕਈ ਕਾਰਨ ਗਿਣਾਏ ਜਾ ਸਕਦੇ ਹਨ। ਸਭ ਤੋਂ ਮੁੱਖ ਗੱਲ ਇਹ ਕਿ ਆਮ ਸਿੱਖ ਜਨਤਾ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਲਈ ਭਾਰਤ ਦੀ ਹਿੰਦੂ ਸਰਕਾਰ ਨੂੰ ਹੀ ਕਸੂਰਵਾਰ ਮੰਨ ਕੇ ਚੱਲ ਰਹੀ ਸੀ। ਪੰਜਾਬ ਦੀ ਸ਼ਹਿਰੀ ਹਿੰਦੂ ਜਨਤਾ ਵੱਲੋਂ ਫ਼ੌਜ ਦੀ ਖੁੱਲ੍ਹ ਕੇ ਮਦਦ ਕਰਨ ਅਤੇ ਦਰਬਾਰ ਸਾਹਿਬ ਉੱਤੇ ਕਬਜ਼ੇ ਦੇ ਜਸ਼ਨ ਮਨਾਉਣ ਵਰਗੀਆਂ ਦਿਲ-ਦੁਖਾਊ ਕਾਰਵਾਈਆਂ ਦੇ ਬਾਵਜੂਦ ਸਿੱਖ ਮਨ, ਆਮ ਰੂਪ ਵਿੱਚ ਹੀ ਹਿੰਦੂ ਵਰਗ ਨੂੰ ਦੁਸ਼ਮਣ ਮਿਥ ਲੈਣ ਲਈ ਤਿਆਰ ਨਹੀਂ ਸੀ ਹੋਇਆ। ਸਿੱਖ ਮਨ ਨੇ ਜਿਸ ਕਦਰ ਮੁਸਲਮਾਨਾਂ ਨੂੰ 'ਗ਼ੈਰ' ਤੇ 'ਸਿੱਖ-ਦੋਖੀ' ਤਸੱਵਰ ਕਰ ਲਿਆ ਹੋਇਆ ਹੈ, ਉਸ ਤਰ੍ਹਾਂ ਹਿੰਦੂਆਂ ਨੂੰ ਨਹੀਂ ਕੀਤਾ ਹੋਇਆ। ਕਾਰਨ ਇਹ ਕਿ ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਤੋਂ ਲੈ ਕੇ 1947 ਦੇ ਬਟਵਾਰੇ ਤਕ, ਸਿੱਖ ਪੰਥ ਦੀ ਮੁਸਲਿਮ ਵਰਗ ਨਾਲ, ਕਿਸੇ ਨਾ ਕਿਸੇ ਸ਼ਕਲ ਵਿੱਚ, ਲਗਾਤਾਰ ਟੱਕਰ ਤੇ ਖਿੱਚੋਤਾਣ ਚੱਲਦੀ ਰਹੀ। ਤਿੰਨ ਸਦੀਆਂ ਤੋਂ ਵੀ ਵੱਧ ਲੰਮੇ ਸਮੇਂ ਤਕ ਸਿੱਖ ਪਛਾਣ ਦੇ ਨਕਸ਼ ਮੁੱਖ ਰੂਪ ਵਿੱਚ ਮੁਸਲਿਮ ਵਿਰੋਧੀ ਟੱਕਰ 'ਚੋਂ ਹੀ ਘੜੇ-ਤਰਾਸ਼ੇ ਜਾਂਦੇ ਰਹੇ। ਇਸ ਕਰਕੇ ਸਿੱਖ ਮਨ ਅੰਦਰ ਆਮ ਰੂਪ ਵਿੱਚ ਹੀ ਮੁਸਲਿਮ ਵਿਰੋਧੀ ਭਾਵ ਗਹਿਰੀਆਂ ਜੜ੍ਹਾਂ ਫੜ ਗਏ। ਜੇਕਰ ਇਹ ਗੱਲ ਨਾ ਹੁੰਦੀ ਤਾਂ 1947 ਵਿੱਚ ਮੁਸਲਿਮ-ਸਿੱਖ ਦੰਗਿਆਂ ਨੇ ਏਨੀ ਘਿਣਾਉਣੀ ਸ਼ਕਲ ਕਦਾਚਿਤ ਅਖ਼ਤਿਆਰ ਨਹੀਂ ਸੀ ਕਰਨੀ। ਉਸ ਵੇਲੇ ਸਿੱਖ ਜਨਤਾ ਨੇ ਮੁਸਲਮਾਨਾਂ ਦੇ ਕਿਸੇ ਵਰਗ ਵਿਸ਼ੇਸ਼ ਨੂੰ ਨਹੀਂ ਸਗੋਂ ਸਾਲਮ ਮੁਸਲਿਮ ਵਰਗ ਨੂੰ ਹੀ ਦੋਸ਼ੀ ਤੇ ਦੁਸ਼ਮਣ ਮੰਨ ਕੇ ਵਿਆਪਕ ਪੱਧਰ 'ਤੇ ਫ਼ਿਰਕੂ ਕਤਲੇਆਮ ਵਿੱਚ ਸਿੱਧਾ ਹਿੱਸਾ ਲਿਆ। ਮੁਸਲਮਾਨਾਂ ਦੀ ਹਰ ਭੜਕਾਹਟ ਦਾ ਜੁਆਬ ਉਸੇ ਤਰ੍ਹਾਂ ਦੀ ਮੋੜਵੀਂ ਭਾਜੀ ਰਾਹੀਂ ਦਿੱਤਾ ਗਿਆ। ਮਾਸੂਮ ਬੱਚਿਆਂ ਤਕ ਨੂੰ ਨਹੀਂ ਬਖ਼ਸ਼ਿਆ ਗਿਆ। ਮੁਸਲਮਾਨਾਂ ਹੱਥੋਂ ਸਿੱਖ ਔਰਤਾਂ ਦੀ ਬੇਪਤੀ ਦਾ ਜੁਆਬ ਮੁਸਲਿਮ ਔਰਤਾਂ ਨਾਲ ਬਰਾਬਰ ਜਬਰ-ਜਨਾਹ ਵਿੱਚ ਦਿੱਤਾ ਗਿਆ। ਉਸ ਘੜੀ ਸਿੱਖ ਜਨਤਾ ਦੇ ਸਿਰ ਉੱਤੇ ਬਦਲੇ ਤੇ ਦੁਸ਼ਮਣੀ ਦਾ ਭੂਤ ਇਸ ਕਦਰ ਸਵਾਰ ਹੋ ਗਿਆ ਸੀ ਕਿ ਉਸ ਨੂੰ ਸਿੱਖੀ ਦੇ ਅਸੂਲਾਂ, ਨੈਤਿਕ ਮਾਨਤਾਵਾਂ ਤੇ ਸਦਾਚਾਰਕ ਮਿਆਰਾਂ ਦੀ ਕੋਈ ਸੁਧ-ਬੁਧ ਨਹੀਂ ਸੀ ਰਹੀ।

ਸੋ ਇਸ ਸੰਦਰਭ ਵਿੱਚ ਦੇਖਿਆਂ, ਇਹ ਕਹਿਣਾ (ਜਾਂ ਮੰਨਣਾ) ਕਿ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਉਪਰੰਤ, ਸਿੱਖ ਜਨਤਾ ਵੱਲੋਂ, ਸੰਤ ਜਰਨੈਲ ਸਿੰਘ ਦੇ ਹਿੰਦੂਆਂ ਨੂੰ ਹਮਲੇ ਦਾ ਨਿਸ਼ਾਨਾ ਬਣਾਉਣ ਦੇ ਨਿਰਦੇਸ਼ਾਂ ਦਾ ਪਾਲਣ ਨਾ ਕਰਨ ਦੀ ਵਜ੍ਹਾ ਸਿੱਖ ਜਨਤਾ ਦੀ ਆਪਣੀਆਂ ਧਾਰਮਿਕ ਮਾਨਤਾਵਾਂ ਤੇ ਰਵਾਇਤਾਂ ਨਾਲ ਹੰਢਣਸਾਰ

ਪ੍ਰਤੀਬੱਧਤਾ ਹੈ, ਬਹੁਤਾ ਠੀਕ ਨਹੀਂ ਲੱਗਦਾ। ਇਹ ਗੱਲ ਵੀ ਦਰੁਸਤ ਨਹੀਂ ਕਿ 1947 ਵਿੱਚ ਮੁਸਲਮਾਨਾਂ ਦੀਆਂ ਜ਼ਿਆਦਤੀਆਂ ਦੀ ਤੁਲਨਾ ਵਿੱਚ, 1984 ਵਿੱਚ ਹਿੰਦੂਆਂ ਦੀਆਂ ਵਧੀਕੀਆਂ, ਆਕਾਰ ਤੇ ਖ਼ਾਸੇ ਪੱਖੋਂ, ਓਨੀਆਂ ਦਿਲ-ਦੁਖਾਵੀਆਂ ਨਹੀਂ ਸਨ। ਕੋਈ ਵੀ ਸਿੱਖ, ਜੇ ਉਸ ਦੀ ਧਾਰਮਿਕ ਸੰਵੇਦਨਸ਼ੀਲਤਾ ਬਿਲਕੁਲ ਹੀ ਜੁਆਬ ਨਾ ਦੇ ਗਈ ਹੋਵੇ, ਇਹ ਗੱਲ ਮੰਨਣ ਲਈ ਤਿਆਰ ਨਹੀਂ ਹੋਵੇਗਾ। ਅਸਲ ਗੱਲ ਇਹ ਹੈ ਕਿ ਭਾਵੇਂ ਸਿੱਖਾਂ ਵੱਲੋਂ ਜਾਂ ਵੱਧ ਠੀਕ ਕਹਿਣਾ ਹੋਵੇ ਤਾਂ ਸਿੱਖ ਪੰਥ ਦੇ ਚੇਤੰਨ ਵਰਗਾਂ ਵੱਲੋਂ, ਰਸਮੀ ਤੌਰ 'ਤੇ, ਇਕ ਸਦੀ ਤੋਂ ਵੀ ਵੱਧ ਸਮੇਂ ਤੋਂ ਇਹ ਮੱਤ ਵਾਰ-ਵਾਰ ਦੁਹਰਾਇਆ ਜਾਂਦਾ (ਆ) ਰਿਹਾ ਹੈ ਕਿ ਸਿੱਖ ਹਿੰਦੂ ਨਹੀਂ ਹਨ, ਜਾਂ ਇਹ ਕਿ ਸਿੱਖ ਧਰਮ ਇਕ ਨਿਆਰਾ ਤੇ ਸੁਤੰਤਰ ਧਰਮ ਹੈ ਪਰ ਹਕੀਕਤ ਇਹ ਹੈ ਕਿ ਸਿੱਖ ਮਨ ਉੱਤੇ, ਹਿੰਦੂ ਧਰਮ, ਸੰਸਕ੍ਰਿਤੀ ਤੇ ਸਮਾਜ ਨਾਲ 'ਅਟੁੱਟ' ਸਾਂਝਾਂ ਦਾ ਵਿਚਾਰ ਤੇ ਜਜ਼ਬਾ ਲਗਾਤਾਰ ਆਪਣਾ ਭਾਰੂ ਅਸਰ ਕਾਇਮ ਰੱਖ ਰਿਹਾ ਹੈ। ਇਸ ਕਰਕੇ ਆਮ ਸਿੱਖ ਜਨਤਾ ਜਿੰਨੀ ਮੁਸਲਮਾਨਾਂ ਨਾਲੋਂ ਨਿਖੇੜੇ ਬਾਰੇ ਸਪਸ਼ਟ ਤੇ ਇਕ-ਚਿੱਤ ਹੈ, ਉਹ ਹਿੰਦੂਆਂ ਦੇ ਮਾਮਲੇ 'ਚ ਓਨੀ ਹੀ ਘਚੋਲੇ ਤੇ ਦੋ-ਚਿੱਤੀ 'ਚ ਗ੍ਰਸੀ ਹੋਈ ਹੈ। ਸਿੰਘ ਸਭਾ ਲਹਿਰ ਸਿੱਖ ਪੰਥ ਦੇ ਸਿਰਫ਼ ਛੋਟੇ ਜਿਹੇ ਬੌਧਿਕ ਵਰਗ ਦੇ ਅੰਦਰ ਹੀ ਨਵੀਂ ਚੇਤਨਾ ਦੀ ਜਾਗ ਪੈਦਾ ਕਰਨ 'ਚ ਸਫਲ ਹੋ ਸਕੀ ਸੀ। ਆਮ ਸਿੱਖ ਜਨਤਾ ਇਸ ਵਿਚਾਰਧਾਰਕ ਅਸਰ ਤੋਂ ਅਣਭਿੱਜ ਹੀ ਰਹੀ। ਉਸ ਤੋਂ ਬਾਅਦ ਸਿੱਖ ਲੀਡਰਸ਼ਿਪ ਨੂੰ ਜੇਕਰ ਕਦੇ ਹਿੰਦੂ ਆਗੂਆਂ ਜਾਂ ਹਾਕਮਾਂ ਦੀਆਂ ਵਧੀਕੀਆਂ ਤੇ ਬੇਇਨਸਾਫ਼ੀਆਂ ਵਿਰੁੱਧ ਸੰਘਰਸ਼ ਵੀ ਕਰਨਾ ਪਿਆ ਤਾਂ ਉਹ ਉਸ ਨਾਲੋਂ ਵੀ ਦੂਣੇ ਜ਼ੋਰ ਤੇ ਜੋਸ਼ ਨਾਲ 'ਹਿੰਦੂ ਸਿੱਖ ਏਕਤਾ' ਦਾ ਨਾਹਰਾ ਲਾਉਣ ਤੋਂ ਨਹੀਂ ਖੁੰਝੀ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਰਾਜਸੀ ਦ੍ਰਿਸ਼ 'ਤੇ ਉਭਰ ਆਉਣ ਤਕ ਇਹ ਸਿਲਸਿਲਾ ਦਹਾਕਿਆਂ ਬੱਧੀ ਲਗਾਤਾਰ ਚੱਲਦਾ ਰਿਹਾ। ਇਸ ਨੇ ਸਿੱਖ ਚੇਤਨਾ ਉੱਤੇ ਆਪਣੇ ਬਹੁਤ ਹੀ ਗੂੜ੍ਹੇ ਤੇ ਚੀੜ੍ਹੇ ਨਿਸ਼ਾਨ ਛੱਡ ਦਿੱਤੇ ਹੋਏ ਹਨ। ਸੋ ਇਸ ਵਜ੍ਹਾ ਕਰਕੇ, ਚਿਰਾਂ ਤੋਂ ਵਗਦੇ ਆ ਰਹੇ ਇਸ ਵਿਚਾਰਧਾਰਕ ਵਹਿਣ ਦਾ ਮੂੰਹ ਇਕ ਦਮ ਉਲਟੀ ਦਿਸ਼ਾ 'ਚ ਭੁਆ ਦੇਣਾ ਏਨਾ ਸੌਖਾ ਨਹੀਂ ਸੀ। ਬਹੁਤ ਸਾਰੀਆਂ ਘਟਨਾਵਾਂ ਸਨ ਜਿਨ੍ਹਾਂ ਨੇ ਸਿੱਖਾਂ ਦੇ ਮਨਾਂ ਅੰਦਰ ਹਿੰਦੂਆਂ ਪ੍ਰਤੀ ਰੰਜ਼ਸ਼ ਜ਼ਰੂਰ ਪੈਦਾ ਕੀਤੀ ਪਰ ਇਹ ਜ਼ਿਆਦਾ ਕਰਕੇ ਵਕਤੀ ਤੇ ਕੱਚਾ ਉਬਾਲ ਹੀ ਸੀ। ਇਸ ਨਾਲ ਸਿੱਖ ਚੇਤਨਾ ਅੰਦਰ ਪੱਕਾ ਤੇ ਹੰਢਣਸਾਰ ਬਦਲਾਉ ਨਹੀਂ ਆਇਆ। ਆਮ ਸਿੱਖ ਜਨਤਾ ਨੇ, ਸਮੇਤ ਬੌਧਿਕ ਸਿੱਖ ਵਰਗ ਦੇ, ਸੰਤ ਭਿੰਡਰਾਂਵਾਲੇ ਦੇ ਇਸ ਨਿਰਦੇਸ਼ ਨੂੰ ਵੱਧ ਨੈਤਿਕ ਦ੍ਰਿਸ਼ਟੀ ਤੋਂ ਹੀ ਦੇਖਿਆ। ਇਸ ਦੀ ਰਾਜਨੀਤਕ ਵਿਆਕਰਣ ਉਨ੍ਹਾਂ ਦੇ ਗੇੜ ਵਿੱਚ ਨਹੀਂ ਆਈ।

ਵੈਸੇ, ਬਾਅਦ ਵਿੱਚ ਜਾ ਕੇ, ਜਦ ਇੰਦਰਾ ਗਾਂਧੀ ਦੇ ਕਤਲ ਉਪਰੰਤ ਹਿੰਸਕ ਹਿੰਦੂ ਭੀੜਾਂ ਵੱਲੋਂ ਦਿੱਲੀ ਤੇ ਹੋਰਨਾਂ ਸ਼ਹਿਰਾਂ ਅੰਦਰ ਸਿੱਖ ਭਾਈਚਾਰੇ ਦਾ ਵਿਆਪਕ ਪੱਧਰ 'ਤੇ ਕਤਲੇਆਮ ਰਚਿਆ ਜਾ ਚੁੱਕਾ ਸੀ ਅਤੇ ਪੰਜਾਬ ਅੰਦਰ ਸਿੱਖਾਂ ਉੱਤੇ ਹਕੂਮਤੀ ਜਬਰ ਸਾਰੇ ਹੱਦਾਂ ਬੰਨੇ ਟੱਪ ਗਿਆ ਸੀ, ਉਦੋਂ ਵੀ, ਸਿੱਖ ਖਾੜਕੂਆਂ ਵੱਲੋਂ ਕਰੋਧ ਤੇ ਬਦਲੇ ਦੀ ਭਾਵਨਾ ਨਾਲ ਆਮ ਰੂਪ ਵਿੱਚ ਹਿੰਦੂ ਵਰਗ ਨੂੰ ਹਮਲੇ ਦਾ ਨਿਸ਼ਾਨਾ ਬਣਾਉਣ ਦੀ ਰਣਨੀਤੀ ਨੂੰ ਨਾ ਸਿਰਫ਼ ਹਿੰਦੂ ਹਾਕਮਾਂ ਨੇ ਬਹੁਤਾ ਨਹੀਂ ਗੌਲਿਆ ਸਗੋਂ ਸਿੱਖ ਭਾਈਚਾਰੇ ਨੇ ਵੀ ਇਸ ਨੂੰ ਕੋਈ ਬਹੁਤਾ ਪਸੰਦ ਨਹੀਂ ਕੀਤਾ। ਜਿਸ ਨਾਲ ਇਸ ਰਣਨੀਤੀ ਦੀ ਨਿਰਾਰਥਕਤਾ ਉਘੜ ਕੇ ਸਾਹਮਣੇ ਆ ਗਈ।

## ਦੂਰ-ਰਸ ਸਿੱਟੇ

ਸੰਤ ਜਰਨੈਲ ਸਿੰਘ ਨੇ ਜੋ ਅਤੇ ਜਿਵੇਂ ਚਾਹਿਆ ਸੀ, ਭਾਵੇਂ ਐਨ ਉਸੇ ਤਰ੍ਹਾਂ ਦਾ ਤਾਂ ਕੁਝ ਨਾ ਵਾਪਰਿਆ। ਪਰ ਫਿਰ ਵੀ ਪੰਜਾਬ ਦੀ, ਜਾਂ ਇਹ ਕਹਿ ਲਵੋ ਕਿ ਦੇਸ ਦੀ ਹੀ, ਸਮਾਜੀ-ਰਾਜਨੀਤਕ ਸਥਿਤੀ ਅੰਦਰ ਇਕ ਵੱਡੀ, ਤੇ ਸੀਮਤ ਅਰਥਾਂ ਵਿੱਚ ਸਿਫ਼ਤੀ, ਤਬਦੀਲੀ ਜ਼ਰੂਰ ਵਾਪਰ ਗਈ। ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦੇ ਨਤੀਜੇ ਵਜੋਂ, ਇਤਿਹਾਸ ਅੰਦਰ ਪਹਿਲੀ ਵਾਰ ਹਿੰਦੂਆਂ ਤੇ ਸਿੱਖਾਂ ਵਿਚਕਾਰ ਵਿਰੋਧ ਤੇ ਨਿਖੇੜੇ ਦੀ ਇਕ ਗੂੜ੍ਹੀ ਲੀਕ ਵਾਹੀ ਗਈ। ਭਾਵੇਂ ਸਿੱਖਾਂ ਨੇ ਹਿੰਦੂਆਂ ਉੱਤੇ ਹਿੰਸਕ ਹਮਲੇ ਕਰਨ ਤੋਂ ਤਾਂ ਸੰਕੋਚ ਕਰੀ ਰੱਖਿਆ ਪਰ ਉਨ੍ਹਾਂ ਦੇ ਮਨਾਂ ਅੰਦਰ ਹਿੰਦੂ ਵਰਗ ਪ੍ਰਤੀ ਰੋਸ ਤੇ ਗ਼ੁੱਸੇ ਦੀਆਂ ਤੀਬਰ ਭਾਵਨਾਵਾਂ ਜ਼ਰੂਰ ਪੈਦਾ ਹੋ ਗਈਆਂ। ਇਸ ਤੱਥ ਨੂੰ ਲਗਭਗ ਹਰ ਲੇਖਕ ਤੇ ਟਿੱਪਣੀਕਾਰ ਨੇ ਨਿਝੱਕ ਰੂਪ ਵਿੱਚ ਮੰਨਿਆ।

ਕੁਲਦੀਪ ਨਈਅਰ ਨੇ ਫ਼ੌਜੀ ਹਮਲੇ ਦੇ ਝੱਟ ਬਾਅਦ ਪੰਜਾਬ ਦਾ ਦੌਰਾ ਕਰਨ ਤੋਂ ਬਾਅਦ ਇਹ ਪ੍ਰਭਾਵ ਨੋਟ ਕੀਤਾ ਕਿ : "ਫ਼ੌਜੀ ਕਾਰਵਾਈ ਨੇ ਦੋਹਾਂ ਭਾਈਚਾਰਿਆਂ ਨੂੰ ਇਸ ਹੱਦ ਤਕ ਇਕ ਦੂਜੇ ਤੋਂ ਦੂਰ ਕਰ ਦਿੱਤਾ ਹੈ ਕਿ ਅੱਜ ਪੰਜਾਬ ਦੇ ਸਰਸਰੀ ਜਿਹੇ ਦੌਰੇ ਪਿੱਛੋਂ ਦੋਹਾਂ ਭਾਈਚਾਰਿਆਂ ਵਿਚਕਾਰ ਸਬੰਧਾਂ ਵਿਚਾਲੇ ਤਣਾਅ ਨੂੰ ਸਾਫ਼ ਮਹਿਸੂਸ ਕੀਤਾ ਜਾ ਸਕਦਾ ਹੈ। ਸਿੱਖਾਂ ਦੇ ਦਿਲਾਂ ਵਿੱਚ ਦੁਖ ਤੇ ਬੇਦਿਲੀ ਦਾ ਭਾਵ ਏਨਾ ਡੂੰਘਾ ਹੈ ਕਿ ਉਹ ਸਮਝਣ ਲੱਗ ਪਏ ਹਨ ਕਿ ਉਹ ਇਕ ਪੀੜਤ ਤੇ ਮਜ਼ਲੂਮ ਘੱਟਗਿਣਤੀ ਹਨ। ਦੂਜੇ ਪਾਸੇ ਹਿੰਦੂਆਂ ਨੇ ਕਈ ਥਾਈਂ ਫ਼ੌਜੀ ਕਾਰਵਾਈ 'ਤੇ ਖ਼ੁਸ਼ੀ ਵੀ ਮਨਾਈ।"[49]

ਸ: ਖ਼ੁਸ਼ਵੰਤ ਸਿੰਘ ਨੇ ਇਹ ਪ੍ਰਭਾਵ ਹੋਰ ਵੀ ਵੱਧ ਖੁੱਲ੍ਹ ਕੇ ਪ੍ਰਗਟ ਕੀਤੇ। ਉਸ ਨੇ ਲਿਖਿਆ : "ਜਦੋਂ ਮੈਂ ਉਪਰੇਸ਼ਨ ਬਲਿਊ ਸਟਾਰ ਤੋਂ ਇਕ ਪੰਦਰਵਾੜੇ ਪਿੱਛੋਂ ਅੰਮ੍ਰਿਤਸਰ ਗਿਆ ਤਾਂ ਸ਼ਾਮੀਂ ਮੈਂ ਆਪਣੇ ਹੋਟਲ ਦੇ ਕਮਰੇ ਵਿੱਚ ਅੰਮ੍ਰਿਤਸਰ ਦੇ ਕਈ ਸਿੱਖਾਂ ਤੇ ਹਿੰਦੂਆਂ ਨੂੰ ਮਿਲਿਆ। ਉਨ੍ਹਾਂ ਦੀਆਂ ਗੱਲਾਂ ਨੇ ਇਸ ਤੱਥ ਦੀ ਹੋਰ ਪੁਸ਼ਟੀ ਕੀਤੀ ਕਿ ਦੋਹਾਂ ਭਾਈਚਾਰਿਆਂ ਦੇ ਦਿਲਾਂ ਨੂੰ ਕਦੇ ਵੀ ਪੂਰਾ ਨਾ ਹੋਣ ਵਾਲਾ ਹਰਜਾ ਪਹੁੰਚਿਆ ਹੈ। ਸਿੱਖਾਂ ਦਾ ਗ਼ੁੱਸਾ ਵਧੇਰੇ ਕਰਕੇ ਹਿੰਦੂਆਂ ਉੱਤੇ ਸੀ ਕਿ ਉਨ੍ਹਾਂ ਨੇ ਲੱਡੂ ਵੰਡ ਕੇ ਅਕਾਲ ਤਖ਼ਤ ਦੀ ਤਬਾਹੀ ਉੱਤੇ ਖ਼ੁਸ਼ੀ ਮਨਾਈ। ਉਨ੍ਹਾਂ ਨੇ ਜਵਾਨਾਂ ਨੂੰ ਮਿਠਿਆਈਆਂ, ਸਿਗਰਟਾਂ ਤੇ ਸ਼ਰਾਬਾਂ ਪੇਸ਼ ਕੀਤੀਆਂ। ਉਨ੍ਹਾਂ ਨੂੰ ਇਹਦੀ ਉੱਕਾ ਹੀ ਪਰਵਾਹ ਨਹੀਂ ਕਿ ਸਾਡੇ ਮਨਾਂ ਦੀ ਹਾਲਤ ਕੀ ਹੈ ? ਮੋਟਰ ਸਪੇਅਰ ਪਾਰਟਸ ਤਿਆਰ ਕਰਨ ਵਾਲੇ ਇਕ ਸਿੱਖ ਵਪਾਰੀ ਨੇ ਫ਼ੌਜੀ ਹਮਲੇ ਪਿੱਛੋਂ ਆਪਣੀ ਦਰਬਾਰ ਸਾਹਿਬ ਦੀ ਪਹਿਲੀ ਫੇਰੀ ਬਾਰੇ ਇਹ ਗੱਲ ਦੱਸੀ ਕਿ ਅਸੀਂ ਹਾਲ ਬਜ਼ਾਰ 'ਚੋਂ ਦੀ ਲੰਘ ਰਹੇ ਸਾਂ ਜਦੋਂ ਇਕ ਹਿੰਦੂ ਦੁਕਾਨਦਾਰ ਨੇ ਸਿਗਰਟਾਂ ਦੀ ਇਕ ਡੱਬੀ ਸਾਡੇ ਸਿਰਾਂ ਉੱਤੋਂ ਦੀ ਬਜ਼ਾਰ ਦੇ ਦੂਜੇ ਪਾਸੇ ਆਪਣੇ ਮਿੱਤਰ ਵੱਲ ਸੁੱਟੀ ਤੇ ਉੱਚੀ ਬੋਲ ਕੇ ਆਖਿਆ, ਇਹ ਸਿਗਰਟਾਂ ਦਾ ਨਵਾਂ ਬਰਾਂਡ ਹੈ—ਭਿੰਡਰਾਂਵਾਲਾ ਮਾਰਕਾ!'[50]

ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦਾ ਇਕ ਹੋਰ ਮਹੱਤਵਪੂਰਨ ਰਾਜਸੀ ਅਸਰ ਇਹ ਪ੍ਰਗਟ ਹੋਇਆ ਕਿ ਸਿੱਖ ਸਮਾਜ ਦੀਆਂ ਉਪਰਲੀਆਂ, ਕੁਲੀਨ ਪਰਤਾਂ ਦਾ ਭਾਰਤੀ ਰਾਜ ਤੋਂ ਮੋਹ ਭੰਗ ਹੋ ਗਿਆ। ਆਪਣੇ ਆਰਥਿਕ ਤੇ ਸਮਾਜੀ ਰੁਤਬੇ ਸਦਕਾ ਇਹ ਵਰਗ ਭਾਰਤ ਦੀ ਸਮਾਜੀ-ਸਭਿਆਚਾਰਕ, ਰਾਜਨੀਤਕ ਤੇ ਆਰਥਿਕ ਪ੍ਰਣਾਲੀ ਨਾਲ ਗੂੜ੍ਹੀ ਤਰ੍ਹਾਂ ਇਕ-ਮਿਕ ਹੋਇਆ, ਜੂਨ 1984 ਤਕ, ਭਾਰਤ ਅੰਦਰ ਪੂਰੀ ਤਰ੍ਹਾਂ ਸੰਤੁਸ਼ਟ ਤੇ ਪ੍ਰਸੰਨਚਿਤ ਹੋਣ ਦਾ ਪ੍ਰਭਾਵ ਦਿੰਦਾ ਰਿਹਾ। ਇਹ ਵਰਗ ਆਪਣੇ ਆਪ ਨੂੰ ਸਿੱਖ ਘੱਟ

ਤੇ ਭਾਰਤੀ ਵੱਧ ਸਮਝਦਾ ਸੀ ਅਤੇ ਆਪਣੇ ਇਸ ਸੋਚ-ਪ੍ਰਬੰਧ ਉੱਤੇ ਉਚੇਚਾ ਫ਼ਖ਼ਰ ਮਹਿਸੂਸ ਕਰਦਾ ਸੀ। ਆਪਣੇ ਆਪ ਨੂੰ ਹਿੰਦੂਆਂ ਨਾਲੋਂ ਵੀ ਵਧ ਕੇ 'ਦੇਸ ਭਗਤ' ਸਮਝਣਾ ਤੇ ਦਰਸਾਉਣਾ ਇਸ ਵਰਗ ਦਾ ਉਘੜਵਾਂ ਵਿਚਾਰਧਾਰਕ ਲੱਛਣ ਸੀ। ਇਹ ਵਰਗ, ਆਮ ਕਰਕੇ ਹੀ ਆਪਣੇ ਆਪ ਨੂੰ ਸਿੱਖ ਪੰਥ ਦੀਆਂ ਧਾਰਮਿਕ ਤੇ ਰਾਜਸੀ ਮੰਗਾਂ ਨਾਲੋਂ ਨਾ ਸਿਰਫ਼ ਅਲੱਗ ਰੱਖਦਾ ਸੀ ਸਗੋਂ ਜ਼ਿਆਦਾਤਰ ਮੌਕਿਆਂ 'ਤੇ ਇਨ੍ਹਾਂ ਦਾ ਖੁੱਲ੍ਹਮ-ਖੁੱਲ੍ਹਾ ਵਿਰੋਧ ਕਰਦਾ ਸੀ ਅਤੇ ਇਸ ਬਦਲੇ ਦੇਸ ਦੇ ਹਿੰਦੂ ਵਰਗ ਦੀ ਵਾਹ-ਵਾਹ ਖੱਟਦਾ ਸੀ। ਆਪਣੀ ਇਸ ਵਿਚਾਰਧਾਰਕ ਤਾਸੀਰ ਦੀ ਵਜ੍ਹਾ ਕਰਕੇ ਇਸ ਵਰਗ ਨਾਲ ਸਬੰਧਤ ਬਹੁਤ ਸਾਰੇ ਪਤਵੰਤੇ ਸਿੱਖ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਨਫ਼ਰਤ ਦੀ ਹੱਦ ਤਕ ਨਾਪਸੰਦ ਕਰਦੇ ਸਨ ਅਤੇ ਉਸ ਦੇ ਵਿਚਾਰਾਂ ਤੇ ਸਰਗਰਮੀਆਂ ਦੀ ਖੁੱਲ੍ਹ ਕੇ ਨਿੰਦਿਆ ਪੜਚੋਲ ਕਰਦੇ ਸਨ। ਇਸ ਮਾਮਲੇ 'ਚ ਸ: ਖੁਸ਼ਵੰਤ ਸਿੰਘ ਦਾ ਨੰਬਰ ਸਭ ਤੋਂ ਉਪਰ ਸੀ।

ਭਾਰਤੀ ਹਾਕਮਾਂ ਦੁਆਰਾ ਹਰਿਮੰਦਰ ਸਾਹਿਬ ਉੱਤੇ ਕੀਤੇ ਗਏ ਫ਼ੌਜੀ ਹਮਲੇ ਨਾਲ ਇਸ ਵਰਗ ਦੇ ਵਿਸ਼ਵਾਸ ਨੂੰ ਭਾਰੀ ਝਟਕਾ ਲੱਗਾ ਅਤੇ ਇਸ ਅੰਦਰਲੇ ਵਧੇਰੇ ਸਵੈ-ਅਭਿਮਾਨੀ ਤੇ ਸੰਵੇਦਨਸ਼ੀਲ ਤੱਤਾਂ ਨੂੰ ਪਹਿਲੀ ਵਾਰੀ ਇਹ ਅਹਿਸਾਸ ਹੋਇਆ ਕਿ ਜਿਸ ਦੇਸ ਨੂੰ ਉਹ ਹਿੰਦੂਆਂ ਨਾਲੋਂ ਵੀ ਵਧ ਕੇ ਆਪਣਾ ਸਮਝਦੇ ਰਹੇ ਅਤੇ ਜਿਸ ਦੇ ਪ੍ਰਤੀ ਅੰਨ੍ਹੀ ਸ਼ਰਧਾ 'ਚੋਂ ਉਹ ਕਦੇ ਅਕਾਲੀਆਂ ਨੂੰ ਤੇ ਕਦੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ 'ਮੂਰਖ' ਤੇ 'ਜਾਹਲ' ਦੱਸਣ ਤਕ ਜਾਂਦੇ ਰਹੇ, ਉਹ ਦੇਸ ਅਸਲ ਦੇ ਵਿੱਚ ਹਿੰਦੂ ਭਾਰਤ ਹੀ ਸੀ, ਇਸ ਨੂੰ ਸੈਕੂਲਰ ਇੰਡੀਆ ਸਮਝ ਬੈਠਣਾ ਉਨ੍ਹਾਂ ਦੀ ਵੱਡੀ ਭੁੱਲ ਸੀ। ਇਸ ਬਾਰੇ ਸ: ਖੁਸ਼ਵੰਤ ਸਿੰਘ ਨੇ ਆਪਣੇ ਦਿਲੀ ਭਾਵ ਇਸ ਤਰ੍ਹਾਂ ਬਿਆਨ ਕੀਤੇ :

"ਮੈਂ ਆਪਣੇ ਆਪ ਨੂੰ ਸਦਾ ਹੀ ਸਿੱਖ ਨਾਲੋਂ ਬਹੁਤਾ ਭਾਰਤੀ ਸਮਝਿਆ ਹੈ।..... ਫ਼ੌਜੀ ਕਾਰਵਾਈ ਦੇ ਸਬੰਧ ਵਿੱਚ ਮੇਰਾ ਪ੍ਰਤੀਕਰਮ ਸਿੱਖ ਨਾਲੋਂ ਵੱਧ ਭਾਰਤੀ ਦੇ ਨਾਤੇ ਸੀ। ਮੈਂ ਇਸ ਦੀ ਨਿਖੇਧੀ ਕੀਤੀ ਕਿਉਂਜੁ ਇਸ ਨੇ ਸਿੱਖਾਂ ਨੂੰ ਹਿੰਦੂਆਂ ਨਾਲੋਂ ਤੋੜ ਕੇ ਭਾਰਤ ਦੀ ਏਕਤਾ ਨੂੰ ਮਾਰੂ ਸੱਟ ਮਾਰੀ। ਮੈਂ ਰਾਸ਼ਟਰਪਤੀ (ਗਿਆਨੀ) ਜ਼ੈਲ ਸਿੰਘ ਨਾਲ ਮੁਲਾਕਾਤ ਦਾ ਵਕਤ ਲਿਆ। 8 ਜੂਨ 1984 ਨੂੰ ਸਵੇਰੇ ਮੈਂ ਆਪਣਾ (ਦਸ ਸਾਲ ਪਹਿਲਾਂ ਮੈਨੂੰ ਮਿਲਿਆ ਪਦਮ ਭੂਸ਼ਣ) ਅਵਾਰਡ ਵਾਪਸ ਕਰਨ ਬਾਰੇ ਆਪਣਾ ਪੱਤਰ ਬਜ਼ਾਤੇ-ਖ਼ੁਦ ਰਾਸ਼ਟਰਪਤੀ ਨੂੰ ਸੌਂਪ ਦਿੱਤਾ। ਜਿਸ ਵਿੱਚ ਮੈਂ ਸਰਕਾਰ ਦੀ ਕਾਰਵਾਈ ਵਿਰੁੱਧ ਆਪਣੀ ਨਾਰਾਜ਼ਗੀ ਪ੍ਰਗਟਾਈ ਸੀ।

ਅਗਲੀ ਹੀ ਸਵੇਰ ਮੇਰੇ ਵਿਰੁੱਧ ਤੂਫ਼ਾਨ ਖੜਾ ਹੋ ਗਿਆ। ਮੈਨੂੰ ਤਾਰਾਂ ਤੇ ਪੱਤਰਾਂ ਦਾ ਤਾਂਤਾ ਲੱਗ ਗਿਆ। ਇਹ ਸਭ ਤਾਰਾਂ ਭਾਰਤ ਦੇ ਵੱਖ-ਵੱਖ ਭਾਗਾਂ 'ਚੋਂ ਤੇ ਬਦੇਸਾਂ 'ਚ ਵਸਦੇ ਸਿੱਖਾਂ ਵੱਲੋਂ ਸਨ। ਇਨ੍ਹਾਂ ਵਿੱਚ ਮੇਰੇ (ਇਸ) ਕਦਮ ਦੀ ਪ੍ਰਸੰਸਾ ਕੀਤੀ ਗਈ ਸੀ। ਚਿੱਠੀਆਂ ਬਹੁਤੀਆਂ ਹਿੰਦੂਆਂ ਵੱਲੋਂ ਆਈਆਂ ਸਨ। ਜਿਨ੍ਹਾਂ ਨੇ ਮੈਨੂੰ ਭਿੰਡਰਾਂਵਾਲੇ ਦਾ ਪ੍ਰਤੀਨਿਧ ਤੇ (ਦੇਸ ਦਾ) ਗ਼ਦਾਰ ਆਖਿਆ ਸੀ.....ਟੈਲੀਫ਼ੋਨ ਉੱਤੇ ਮੇਰੇ 'ਤੇ ਗਾਲ੍ਹਾਂ ਦੀ ਬੁਛਾੜ ਹੁੰਦੀ ਰਹੀ। ਇਕ ਵੀ ਸਿੱਖ ਨੇ ਆਪਣੇ ਪੱਤਰ ਵਿੱਚ ਇਹ ਨਹੀਂ ਲਿਖਿਆ ਕਿ ਮੈਂ ਗ਼ਲਤ ਗੱਲ ਕੀਤੀ ਹੈ। ਇਕ ਵੀ ਹਿੰਦੂ ਨੇ ਇਹ ਨਹੀਂ ਲਿਖਿਆ ਕਿ ਮੈਂ ਠੀਕ ਗੱਲ ਕੀਤੀ ਹੈ। ਮੈਨੂੰ ਹਿੰਦੂਆਂ ਦਾ ਪ੍ਰਤੀਕਰਮ ਵੱਧ ਨਿਰਾਸ਼ਤਾ ਭਰਿਆ ਲੱਗਿਆ, ਕਿਉਂਕਿ ਜਿੱਥੇ ਮੈਂ ਸਿੱਖਾਂ ਨੂੰ (ਤੇ ਮੁਸਲਮਾਨਾਂ ਨੂੰ) ਕੱਟੜਪੁਣੇ ਵੱਲ ਉਲਰੇ ਸਮਝਦਾ ਸਾਂ, ਉਥੇ ਹਿੰਦੂਆਂ ਨੂੰ ਧਰਮ ਦੇ ਮਾਮਲਿਆਂ 'ਚ ਵਧੇਰੇ ਵਿਸ਼ਾਲ-ਦਿਲੇ, ਰਵਾਦਾਰ ਤੇ ਸਹਿਣਸ਼ੀਲ ਸਮਝਦਾ ਸਾਂ। ਇਹ ਮੇਰਾ ਇਕ ਭਰਮ ਸਿੱਧ ਹੋਇਆ। ਉਨ੍ਹਾਂ ਨੇ ਵੀ, ਜਿਨ੍ਹਾਂ ਨੂੰ ਮੈਂ ਖੁੱਲ੍ਹ-ਖ਼ਿਆਲੀਏ (ਲਿਬਰਲ) ਸਮਝਦਾ ਸਾਂ, ਮੈਨੂੰ ਸਿੱਖ ਫ਼ਿਰਕਾਪ੍ਰਸਤ ਕਹਿ ਕੇ

ਭੰਡਿਆ ਤੇ ਇਸ ਤਰ੍ਹਾਂ ਖ਼ੁਦ ਆਪਣੇ ਸਿੱਖ-ਵਿਰੋਧੀ ਤੁਅੱਸਬਾਂ ਨੂੰ ਨੰਗਾ ਕੀਤਾ। ਇਨ੍ਹਾਂ ਵਿੱਚ ਗਿਰੀ ਲਾਲ ਜੈਨ, ਐਮ.ਵੀ. ਕੈਮਥ ਤੇ ਵਿਨੋਦ ਮਹਿਤਾ ਸ਼ਾਮਲ ਹਨ। ਉਨ੍ਹਾਂ ਨੇ ਮੇਰੇ ਖ਼ਿਲਾਫ਼ ਸੰਪਾਦਕੀ ਲਿਖੇ.....ਪਹਿਲੀ ਵਾਰ ਇਨ੍ਹਾਂ ਭੱਦਰਪੁਰਸ਼ਾਂ ਨੇ ਮੈਨੂੰ ਇਹ ਮਹਿਸੂਸ ਕਰਵਾਇਆ ਕਿ ਮੈਂ ਸੈਕੂਲਰ ਇੰਡੀਆ ਵਿੱਚ ਨਹੀਂ ਸਗੋਂ ਇਕ ਹਿੰਦੂ ਇੰਡੀਆ ਵਿੱਚ ਰਹਿ ਰਿਹਾ ਹਾਂ।"[51]

ਦਸੰਬਰ 1971 ਵਿੱਚ ਪਾਕਿਸਤਾਨ ਦੇ ਖ਼ਿਲਾਫ਼ (ਬੰਗਲਾ ਦੇਸ ਵਾਲੀ) ਜੰਗ ਦੌਰਾਨ ਨਾਇਕ ਬਣ ਕੇ ਉਭਰੇ ਲੈਫ਼ਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਵੀ ਦੁਖੀ ਮਨ ਨਾਲ ਇਸ ਕੌੜੇ ਸੱਚ ਨੂੰ ਮੰਨਣ ਤੇ ਕਹਿਣ ਲਈ ਮਜਬੂਰ ਹੋ ਗਏ ਕਿ, "ਮੈਂ ਅੱਜ ਇਹ ਗੱਲ ਬੁਰੀ ਤਰ੍ਹਾਂ ਮਹਿਸੂਸ ਕਰ ਰਿਹਾ ਹਾਂ ਕਿ ਮੈਨੂੰ ਆਪਣੇ ਦੇਸ ਵਿੱਚ ਇਕ ਇਜ਼ਤਦਾਰ ਨਾਗਰਿਕ ਨਹੀਂ ਸਮਝਿਆ ਜਾਂਦਾ, ਕਿਉਂਕਿ ਮੈਂ ਇਕ ਸਿੱਖ ਹਾਂ।"[52]

ਪੰਜਾਬੀ ਦੀ ਪ੍ਰਸਿੱਧ ਕਥਾਕਾਰਾ ਅਜੀਤ ਕੌਰ ਨੇ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਤੋਂ ਤੁਰੰਤ ਬਾਅਦ ਜਜ਼ਬਾਤੀ ਰੌਅ ਵਿੱਚ ਲਿਖੀ ਆਪਣੀ ਇਕ ਦਿਲ-ਹਲੂਣਵੀਂ ਰਚਨਾ, ਜਿਸ ਦਾ ਅਨੁਵਾਨ ਉਸ ਨੇ 'ਲਹੂ ਦੇ ਚੁਬੱਚੇ' ਰੱਖਿਆ, ਵਿੱਚ ਇਸ ਸਾਕੇ ਦੇ ਹਿੰਦੂਆਂ ਤੇ ਸਿੱਖਾਂ ਦੇ ਮਨਾਂ ਉੱਤੇ ਪਏ ਇਕ ਦੂਜੇ ਨਾਲੋਂ ਇਕਦਮ ਟਕਰਾਵੇਂ ਪ੍ਰਭਾਵਾਂ ਦਾ ਬਹੁਤ ਹੀ ਪ੍ਰਭਾਵਸ਼ਾਲੀ ਵਰਨਣ ਕੀਤਾ। ਅਜੀਤ ਕੌਰ ਦੇ ਦੱਸਣ ਮੁਤਾਬਕ ਜਦ ਇਹ ਘੱਲੂਘਾਰਾ ਵਾਪਰਿਆ ਤਾਂ ਉਹ ਤੇ ਉਸ ਦੀ ਚਿੱਤਰਕਾਰ ਬੇਟੀ ਅਰਪਨਾ ਕੌਰ ਭਾਰਤ ਦੇ ਇਕ ਸਭਿਆਚਾਰਕ ਜਥੇ ਨਾਲ ਗਰੀਸ ਦੀ ਰਾਜਧਾਨੀ ਏਥਨਜ਼ ਵਿੱਚ ਠਹਿਰੇ ਹੋਏ ਸਨ। ਇਸ ਜਥੇ ਵਿੱਚ ਸਿਰਫ਼ ਇਹ ਦੋ ਮਾਵਾਂ ਧੀਆਂ ਹੀ ਸਿੱਖ ਸਨ, ਬਾਕੀ ਸਭ ਦੇ ਸਭ ਹਿੰਦੂ ਸਨ। ਸਾਰੇ ਹਿੰਦੂ ਮੈਂਬਰ ਇਸ ਕਾਰਵਾਈ ਉੱਤੇ ਬਾਗ਼ੋ-ਬਾਗ਼ ਸਨ ਅਤੇ ਨਿਰਲੱਜਪੁਣੇ ਨਾਲ ਇਸ ਕਾਰਵਾਈ ਦੀ ਵਜ਼ਾਹਤ ਕਰ ਰਹੇ ਸਨ। ਇਸ ਦੀ ਤੁਲਨਾ ਵਿੱਚ ਅਜੀਤ ਕੌਰ ਨੇ ਆਪਣੀ ਤੇ ਆਪਣੀ ਬੇਟੀ ਦੀ ਮਨੋ-ਦਸ਼ਾ ਇੰਜ ਬਿਆਨ ਕੀਤੀ :

"ਅਰਪਨਾ ਦੀਆਂ ਅੱਖਾਂ ਵਿੱਚ ਗ਼ੁੱਸੇ ਦੇ ਅੱਥਰੂ ਸਨ ਤੇ ਉਹ ਉਨ੍ਹਾਂ (ਹਿੰਦੂ ਮੈਂਬਰਾਂ) ਨੂੰ ਟਾਈਮਜ਼ ਦੀਆਂ ਖ਼ਬਰਾਂ ਦਿਖਾ ਰਹੀ ਸੀ। ਇਕ ਖ਼ਬਰ : ਲਾਸ਼ਾਂ ਵਿੱਚ ਕਈ ਨੌਜਵਾਨ ਮੁੰਡਿਆਂ ਦੀਆਂ ਲਾਸ਼ਾਂ ਸਨ ਜਿਨ੍ਹਾਂ ਦੇ ਹੱਥ ਪਿੱਠਾਂ ਪਿੱਛੇ ਬੰਨ੍ਹੇ ਹੋਏ ਸਨ, ਪੱਗਾਂ ਲੱਥੀਆਂ ਹੋਈਆਂ ਸਨ, ਤੇ ਮੱਥੇ 'ਤੇ ਗੋਲੀ ਲੱਗੀ ਹੋਈ ਸੀ। ਦੂਜੀ ਖ਼ਬਰ : ਲਾਸ਼ਾਂ ਵਿੱਚ ਔਰਤਾਂ ਤੇ ਬੱਚਿਆਂ ਦੀਆਂ ਲਾਸ਼ਾਂ.....।" "ਬੱਚਿਆਂ ਨੇ ਕੀ ਕਸੂਰ ਕੀਤਾ ਸੀ ? ਉਹ ਵੀ ਆਤੰਕਵਾਦੀ ਸਨ ?" ਅਰਪਨਾ ਨੇ ਕਿਹਾ।

ਆਲ ਇੰਡੀਆ ਰੇਡੀਓ ਦਾ ਹਰੀਸ਼ ਅਵਸਥੀ ਕਹਿਣ ਲੱਗਾ, "ਕੀ ਤੈਨੂੰ ਪੂਰਾ ਯਕੀਨ ਹੈ ਕਿ ਉਹ ਨਿਰਦੋਸ਼ ਸਨ ?" ਤੇ ਅਰਪਨਾ ਲੜ ਪਈ ਉਹਦੇ ਨਾਲ, "ਤੇਰਾ ਮਤਲਬ ਕੀ ਹੈ ? ਬੱਚੇ ਨਿਰਦੋਸ਼ ਨਹੀਂ ਹੁੰਦੇ ਤਾਂ ਕੀ ਹੁੰਦੇ ਨੇ ? ਬੱਚਿਆਂ ਦੀਆਂ ਲਾਸ਼ਾਂ.....।"

ਮੈਂ ਉਹਨੂੰ ਕਮਰੇ 'ਚ ਲੈ ਆਈ। ਉਹ ਰੋ ਰਹੀ ਸੀ। ਮੈਂ ਕਿਹਾ, "ਤੂੰ ਕਹਿੰਦੀ ਸੈਂ ਨਾ, ਆਪਣੇ ਮੁਲਕ ਤੋਂ ਬਾਹਰ ਹੋਰ ਕਿਧਰੇ ਨਹੀਂ ਰਹਿਣਾ। ਕਿਉਂਕਿ ਆਪਣੇ ਮੁਲਕ ਤੋਂ ਬਾਹਰ ਦੂਜੇ ਦਰਜੇ ਦਾ ਸ਼ਹਿਰੀ ਬਣ ਕੇ ਰਹਿਣਾ ਪੈਂਦਾ ਹੈ। ਪਰ ਆਪਣੇ ਹੀ ਮੁਲਕ ਵਿੱਚ ਹਰ ਮਾਈਨਾਰਟੀ (ਘੱਟਗਿਣਤੀ) ਨੂੰ ਦੂਜੇ ਦਰਜੇ ਦਾ ਨਾਗਰਿਕ ਬਣਨਾ ਪੈਂਦਾ ਹੈ, ਇਹ ਨਹੀਂ ਸੀ ਨਾ ਕਦੀ ਸੋਚਿਆ। ਹੁਣ ਸੋਚਣਾ ਪਵੇਗਾ।"[53]

ਅਜੀਤ ਕੌਰ ਸਿੱਖਾਂ ਦੇ ਉਸ ਵਰਗ ਵਿੱਚੋਂ ਹੈ ਜਿਨ੍ਹਾਂ ਦਾ ਜਨਮ ਭਲੇ ਹੀ ਸਿੱਖ ਪਰਿਵਾਰਾਂ ਵਿੱਚ ਹੋਇਆ, ਪਰ ਬਾਅਦ ਵਿੱਚ ਉਨ੍ਹਾਂ 'ਨਵੇਂ ਯੁੱਗ' (ਆਧੁਨਿਕਤਾ) ਦੇ ਵਿਚਾਰਧਾਰਕ ਤੇ ਸਭਿਆਚਾਰਕ ਅਸਰ ਹੇਠ, ਧਾਰਮਿਕ ਸੋਚ ਤੇ ਸੰਸਕਾਰਾਂ ਨੂੰ 'ਪਿਛਾਖੜੀ

ਲੱਗ-ਲਬੇੜ' ਕਹਿ ਕੇ ਇਨ੍ਹਾਂ ਤੋਂ ਮੁਕਤ ਹੋਣ ਅਤੇ ਇਕ ਅਸਲੋਂ ਹੀ ਵੱਖਰੀ ਤੇ ਨਵੇਕਲੀ ਜੀਵਨ-ਸ਼ੈਲੀ ਅਪਨਾਉਣ ਦੀ ਚੇਤੰਨ ਸੇਧ ਅਪਨਾ ਲਈ ਹੋਈ ਸੀ। ਆਜ਼ਾਦੀ ਤੋਂ ਬਾਅਦ ਸਿੱਖ ਪੰਥ ਵੱਲੋਂ ਪ੍ਰਗਟਾਏ ਜਾ ਰਹੇ ਧਾਰਮਿਕ ਸਰੋਕਾਰਾਂ ਤੇ ਖ਼ਦਸ਼ਿਆਂ ਨੂੰ ਅਤੇ ਸਿੱਖ ਕੌਮ ਦੀਆਂ ਰਾਜਨੀਤਿਕ ਆਕਾਂਖਿਆਵਾਂ ਨੂੰ ਤ੍ਰਿਸਕਾਰ ਦੀ ਭਾਵਨਾ ਨਾਲ ਦੇਖਣਾ ਅਤੇ ਆਪਣੇ ਇਨ੍ਹਾਂ ਸਨਕੀ ਭਾਵਾਂ ਦਾ ਬੇਬਾਕ ਪ੍ਰਗਟਾਵਾ ਕਰਨਾ, ਇਸ ਵਰਗ ਦੀ ਉਚੇਚੀ ਵਿਚਾਰਧਾਰਕ ਪਛਾਣ ਬਣ ਗਈ ਹੋਈ ਸੀ। ਅਜੀਤ ਕੌਰ ਦੇ ਉਪਰੋਕਤ ਬਿਆਨ ਵਰਣਨ ਤੋਂ, ਦਰਬਾਰ ਸਾਹਿਬ ਦੇ ਸਾਕੇ ਨਾਲ, ਜਿਥੇ ਇਸ ਵਰਗ ਵੱਲੋਂ ਚਿਰਾਂ ਤੋਂ ਪਾਲ ਰੱਖੇ ਹੋਏ ਸਵੈ-ਭਰਮਾਂ ਦੇ ਚਕਨਾਚੂਰ ਹੋ ਜਾਣ ਦਾ ਅਹਿਮ ਸੱਚ ਉਜਾਗਰ ਹੋ ਜਾਂਦਾ ਹੈ, ਉਥੇ ਨਾਲ ਹੀ, ਭਾਰਤ ਦੀ 'ਸੰਯੁਕਤ ਸੰਸਕ੍ਰਿਤੀ' ਤੇ 'ਸਰਬਸਾਂਝੀ ਭਾਰਤੀ ਪਛਾਣ' ਬਾਰੇ ਬਣੀਆਂ, ਤੇ ਖੋਟੇ ਮੰਤਵ ਨਾਲ ਧੁਮਾਈਆਂ, ਗੁੰਮਰਾਹਕਰੂ ਧਾਰਨਾਵਾਂ ਦਾ ਵੀ ਸਾਰਾ ਥੋਥ ਨੰਗਾ ਹੋ ਜਾਂਦਾ ਹੈ। ਜਦ ਅਜੀਤ ਕੌਰ ਦਾ ਵਾਪਸ ਦੇਸ ਪਰਤ ਕੇ ਇਸ ਕੌੜੇ ਸੱਚ ਨਾਲ ਸਾਹਮਣਾ ਹੋਇਆ ਕਿ 'ਹਰ ਹਿੰਦੂ ਫ਼ੌਜੀ ਕਾਰਵਾਈ ਨੂੰ ਠੀਕ ਕਹਿ ਰਿਹਾ ਸੀ' ਅਤੇ ਹਰ ਸਿੱਖ 'ਖ਼ੂਨ ਦੀ ਉਸ ਹੋਲੀ ਦੀ ਗੱਲ ਕਰ ਰਿਹਾ ਸੀ ਜਿਹੜੀ ਹਰਿਮੰਦਰ ਸਾਹਿਬ ਦੀ ਪਰਕਰਮਾ ਵਿੱਚ ਖੇਡੀ ਗਈ,' ਅਤੇ ਜਦ ਉਸ ਨੇ ਦੇਖਿਆ ਕਿ ਉਸ ਦੀ ਤੀਹਾਂ ਵਰ੍ਹਿਆਂ ਦੀ ਬਹੁਤ ਹੀ ਪੱਕੀ ਸਹੇਲੀ-ਤੋਸ਼ੀ-ਦੀ ਸੋਚ ਦੇ ਉੱਤੇ ਵੀ ਫ਼ਿਰਕੂ ਤੁਅੱਸਬਾਂ ਦਾ ਬਰਾਬਰ ਰੰਗ ਚੜ੍ਹਿਆ ਹੋਇਆ ਹੈ, ਤਾਂ ਉਸ ਨੂੰ 'ਤੀਹ ਸਾਲਾਂ 'ਚ ਪਹਿਲੀ ਵਾਰ ਅਹਿਸਾਸ ਹੋਇਆ ਕਿ ਤੋਸ਼ੀ ਹਿੰਦੂ ਸੀ' ਤੇ ਉਹ 'ਸਿੱਖ', 'ਏਸੇ ਕਰਕੇ' ਉਹ ਦੋਵੇਂ 'ਵੱਖੋ ਵੱਖਰੀ ਤਰ੍ਹਾਂ ਸੋਚ ਰਹੀਆਂ ਸਨ'।

ਅਜੀਤ ਕੌਰ ਦੇ ਇਸ ਅਹਿਸਾਸ ਦੀ ਪੁਸ਼ਟੀ ਲਈ ਅਨੇਕਾਂ ਦ੍ਰਿਸ਼ਟਾਂਤ ਦਿੱਤੇ ਜਾ ਸਕਦੇ ਹਨ। ਭਾਰਤ ਅੰਦਰ ਉੱਚੀ ਪ੍ਰਸਿੱਧੀ 'ਤੇ ਪਹੁੰਚੀ ਹੋਈ, ਮਾਡਲ ਤੋਂ ਨਰਤਕੀ ਬਣੀ (ਮਰਹੂਮ) ਪ੍ਰੋਤਿਮਾ ਬੇਦੀ, ਆਪਣੀ ਸਵੈ-ਜੀਵਨੀ (*Time Pass*) ਵਿੱਚ ਇਸ ਗੱਲ ਦਾ ਹੁਬ ਕੇ ਜ਼ਿਕਰ ਕਰਦੀ ਹੈ ਕਿ ਸੰਤ ਭਿੰਡਰਾਂਵਾਲੇ ਦੀ ਮੌਤ ਦੀ ਖ਼ਬਰ ਸੁਣ ਕੇ ਉਸ ਨੂੰ ਅੰਤਾਂ ਦੀ ਖ਼ੁਸ਼ੀ ਹੋਈ। ਅਜੀਤ ਕੌਰ ਤੇ ਪ੍ਰੋਤਿਮਾ ਬੇਦੀ ਦੇ ਇਕ ਦੂਜੇ ਤੋਂ ਏਨੇ ਨਿਖੜਵੇਂ ਤੇ ਟਕਰਾਵੇਂ ਪ੍ਰਤੀਕਰਮ ਪਿੱਛੇ ਜਿਸ ਤੱਤ ਨੇ ਨਿਰਣਾਇਕ ਭੂਮਿਕਾ ਨਿਭਾਈ, ਉਹ ਸੀ ਦੋਹਾਂ ਦਾ ਅਲੱਗ-ਅਲੱਗ ਮੂਲ ਤੇ ਧਾਰਮਿਕ ਪਿਛੋਕੜ।

ਇਸ ਤੁਰਸ਼ ਸੱਚਾਈ ਦਾ ਇਕਬਾਲ ਬਹੁਤ ਸਾਰੇ ਦਾਨਸ਼ਵਰਾਂ ਨੇ ਕੀਤਾ। ਸਿਰਫ਼ ਸਿੱਖਾਂ ਨੇ ਹੀ ਨਹੀਂ, ਬਰਾਬਰ ਗ਼ੈਰ-ਸਿੱਖਾਂ ਨੇ ਵੀ। ਜਗਦੀਸ਼ ਚੰਦਰ, ਜੋ ਹਿੰਦੀ ਦਾ ਪ੍ਰਸਿੱਧ ਨਾਵਲਕਾਰ ਸੀ ਅਤੇ ਜੋ ਦਰਬਾਰ ਸਾਹਿਬ ਦੇ ਸਾਕੇ ਸਮੇਂ ਜਲੰਧਰ ਦੂਰਦਰਸ਼ਨ ਵਿੱਚ ਸਮਾਚਾਰ ਸੰਪਾਦਕ ਵਜੋਂ ਕੰਮ ਕਰ ਰਿਹਾ ਸੀ ਅਤੇ ਜਿਸ ਨੇ ਸਾਰੀ ਕਾਰਵਾਈ ਨੂੰ ਬਹੁਤ ਨੇੜਿਓਂ ਤੱਕਿਆ ਸੀ, ਨੇ ਸਾਰੀ ਘਟਨਾ ਦਾ ਵੇਰਵਾ ਲਿਖ ਕੇ ਇਸ ਨੂੰ ਕਿਤਾਬ ਦੇ ਰੂਪ ਵਿੱਚ ਛਪਵਾਉਣ ਦਾ ਮਨ ਬਣਾਇਆ। ਪਰ ਉਸ ਨੂੰ ਇਹ ਦੇਖ ਕੇ ਬਹੁਤ ਹੈਰਾਨੀ ਵੀ ਹੋਈ ਤੇ ਭਾਰੀ ਸਦਮਾ ਵੀ ਪਹੁੰਚਿਆ ਕਿ ਕਿਸੇ ਵੀ ਹਿੰਦੂ ਪ੍ਰਕਾਸ਼ਕ ਨੇ ਇਹ ਕਿਤਾਬ ਛਾਪਣ ਦੀ ਹਾਮੀ ਨਾ ਭਰੀ। ਕਾਰਨ, ਉਸ ਦੇ ਲਫ਼ਜ਼ਾਂ ਵਿੱਚ, ਇਹ ਕਿ 'ਇਸ ਵਿੱਚ ਜੋ ਘਟਨਾਵਾਂ ਦਾ ਵਰਣਨ ਹੈ, ਉਹ ਹਿੰਦੂ ਜਗਤ ਨੂੰ ਪੋਂਹਦਾ ਨਹੀਂ।' ਇਥੋਂ ਤਕ ਕਿ ਉਸ ਦੇ ਇਕ ਦੋਸਤ ਕਮਿਊਨਿਸਟ ਪ੍ਰਕਾਸ਼ਕ ਨੇ ਵੀ ਆਪਣੇ ਫ਼ਿਰਕੂ ਤੁਅੱਸਬਾਂ ਦਾ ਬੇਸ਼ਰਮੀ ਭਰੇ ਲਹਿਜੇ 'ਚ ਇਕਬਾਲ ਕਰਦਿਆਂ ਹੋਇਆਂ ਇਹ ਕਹਿ ਕੇ ਕਿਤਾਬ ਛਾਪਣ ਤੋਂ ਇਨਕਾਰ ਕਰ ਦਿੱਤਾ ਕਿ, "ਮੇਰੇ ਅੰਦਰ ਬੈਠਾ ਹਿੰਦੂ ਅਜਿਹੀ ਲਿਖਤ ਨੂੰ ਕਦੇ ਵੀ ਪਰਵਾਨ ਨਹੀਂ ਕਰ ਸਕਦਾ।"[54]

ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦੀ ਘਟਨਾ ਨੂੰ ਲੈ ਕੇ ਪੰਜਾਬ ਦੇ ਖੱਬੇ-ਪੱਖੀ ਚਿੰਤਕਾਂ, ਲੇਖਕਾਂ ਤੇ ਕਾਰਕੁੰਨਾਂ ਅੰਦਰ ਵੀ ਧਾਰਮਿਕ ਪਿਛੋਕੜ ਦੇ ਹਿਸਾਬ ਨਾਲ ਇਕ ਸਾਫ਼ ਵੰਡ ਦੇਖਣ ਨੂੰ ਮਿਲੀ। ਇਸ ਘਟਨਾ ਤੋਂ ਬਾਅਦ ਸਿੱਖ ਪਿਛੋਕੜ ਵਾਲੇ ਬਹੁਤ ਸਾਰੇ ਬੁੱਧੀਮਾਨਾਂ, ਲੇਖਕਾਂ ਤੇ ਕਾਰਕੁੰਨਾਂ ਨੇ ਖੱਬੇ-ਪੱਖੀ ਲਹਿਰ ਤੇ ਵਿਚਾਰਧਾਰਾ ਤੋਂ ਲਾਂਭੇ ਹਟਣਾ ਸ਼ੁਰੂ ਕਰ ਦਿੱਤਾ ਅਤੇ ਸਿੱਖ ਕੌਮ ਦੇ ਸੰਘਰਸ਼ ਪ੍ਰਤੀ ਉਸਾਰੂ ਪਹੁੰਚ ਅਪਣਾ ਕੇ ਚੱਲਣ ਦਾ ਵਹਿਣ ਅਖ਼ਤਿਆਰ ਕਰ ਲਿਆ।

ਰਬਿੰਦਰ ਨਾਥ ਟੈਗੋਰ ਨੇ ਜਲ੍ਹਿਆਂਵਾਲੇ ਕਾਂਡ ਤੋਂ ਬਾਅਦ ਰੋਸ ਵਜੋਂ ਬਰਤਾਨਵੀ ਹਕੂਮਤ ਨੂੰ ਆਪਣਾ 'ਸਰ ਬਹਾਦਰ' ਦਾ ਖਿਤਾਬ ਮੋੜ ਦਿੱਤਾ ਸੀ। ਉਦੋਂ ਹੀ ਆਪਣੇ ਇਕ ਜਾਣਕਾਰ ਨੂੰ ਲਿਖੇ ਖ਼ਤ ਵਿੱਚ ਉਸ ਨੇ ਇਸ ਕਾਂਡ ਦੇ ਸਬੰਧ ਵਿੱਚ ਗਹਿਰੇ ਭਾਵ ਰੱਖਦੀ ਇਹ ਟਿੱਪਣੀ ਕੀਤੀ ਸੀ ਕਿ "ਸਾਨੂੰ ਸਾਡੇ ਭਰਮ-ਭੁਲੇਖਿਆਂ ਤੋਂ ਮੁਕਤ ਹੋਣ ਲਈ ਇਸ (ਕਾਂਡ) ਦੀ ਇਕ ਲੋੜ ਜਿਹੀ ਵੀ ਸੀ।"[55] ਭਾਰਤ ਦੇ ਆਜ਼ਾਦੀ ਅੰਦੋਲਨ ਬਾਰੇ ਲਿਖੀ ਹਰ ਲਿਖਤ ਅੰਦਰ ਇਹ ਗੱਲ ਮੰਨੀ ਗਈ ਹੈ ਕਿ ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਨੇ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਅੰਦਰ ਨਵੀਂ ਰੂਹ ਫੂਕ ਦਿੱਤੀ ਅਤੇ ਦੇਸ ਦੇ ਲੋਕਾਂ ਅੰਦਰ ਕੌਮੀ ਆਜ਼ਾਦੀ ਦੀ ਤਾਂਘ ਤੇ ਚੇਤਨਾ ਨੂੰ ਵੱਡਾ ਹੁਲਾਰਾ ਮਿਲਿਆ। ਬਹੁਤ ਸਾਰੇ ਵਿਦਵਾਨਾਂ ਨੇ ਰਾਜਸੀ ਅਸਰਾਂ ਪੱਖੋਂ ਦਰਬਾਰ ਸਾਹਿਬ ਦੇ ਸਾਕੇ ਦੀ ਜਲ੍ਹਿਆਂਵਾਲੇ ਕਾਂਡ ਨਾਲ ਤੁਲਨਾ ਕੀਤੀ ਹੈ। ਸ: ਖ਼ੁਸ਼ਵੰਤ ਸਿੰਘ ਨੇ ਇਸ ਬਾਰੇ ਆਪਣੇ ਪ੍ਰਭਾਵਾਂ ਤੇ ਵਿਚਾਰਾਂ ਦਾ ਵੱਧ ਖੁੱਲ੍ਹ ਕੇ ਪ੍ਰਗਟਾਵਾ ਕਰਦਿਆਂ ਹੋਇਆਂ ਲਿਖਿਆ ਕਿ "ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਤੇ ਹਰਿਮੰਦਰ ਸਾਹਿਬ ਦੇ ਸਾਕੇ ਦਾ ਇਕ ਨਤੀਜਾ ਇਹ ਹੋ ਸਕਦਾ ਹੈ ਕਿ ਜਿਵੇਂ ਜਲ੍ਹਿਆਂਵਾਲਾ ਕਾਂਡ ਭਾਰਤ ਦੀ ਆਜ਼ਾਦੀ ਦੀ ਲਹਿਰ ਦੇ ਇਤਿਹਾਸ ਅੰਦਰ ਇਕ ਮੋੜ-ਬਿੰਦੂ ਬਣਿਆ, ਉਵੇਂ ਹੀ ਹਰਿਮੰਦਰ ਸਾਹਿਬ ਦਾ ਸਾਕਾ ਵੀ ਖ਼ਾਲਿਸਤਾਨ ਲਹਿਰ ਦੇ ਇਤਿਹਾਸ ਅੰਦਰ ਉਸੇ ਹੀ ਕਿਸਮ ਦਾ ਮੋੜ-ਨੁਕਤਾ ਬਣ ਸਕਦਾ ਹੈ।"[56]

ਕੁਲਦੀਪ ਨਈਅਰ ਨੇ ਸ: ਖ਼ੁਸ਼ਵੰਤ ਸਿੰਘ ਦੇ ਇਨ੍ਹਾਂ ਵਿਚਾਰਾਂ ਦੀ ਪ੍ਰੋੜ੍ਹਤਾ ਕਰਦਿਆਂ ਹੋਇਆਂ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਤੋਂ ਬਾਅਦ ਸਿੱਖ ਜਨਤਾ ਦੇ ਵਿਆਪਕ ਪੈਮਾਨੇ 'ਤੇ ਖ਼ਾਲਿਸਤਾਨ ਦੇ ਪੱਖ ਵਿੱਚ ਉਲਰ ਜਾਣ ਦੀ ਹਕੀਕਤ ਨੂੰ ਖੁੱਲ੍ਹੇ ਜੇਰੇ ਨਾਲ ਪਰਵਾਨ ਕੀਤਾ। ਉਸ ਨੇ ਲਿਖਿਆ : "1981 ਤਕ ਐਵੇਂ ਗਿਣਤੀ ਦੇ ਸਿੱਖ ਹੀ ਖ਼ੁਦਮੁਖ਼ਤਿਆਰ ਸਿੱਖ ਰਾਜ ਦੇ ਸੁਪਨੇ ਲੈਂਦੇ ਜਾਂ ਇਸ ਸੰਘਰਸ਼ ਬਾਰੇ ਗੱਲ ਕਰਿਆ ਕਰਦੇ ਸਨ ਤੇ ਜਿਹੜੇ ਇਹ ਗੱਲ ਕਰਦੇ ਸਨ ਉਨ੍ਹਾਂ ਨੂੰ ਮਜ਼ਾਕ ਮਜ਼ਾਕ ਵਿੱਚ 'ਖ਼ਾਲਿਸਤਾਨੀ' ਆਖਿਆ ਜਾਂਦਾ ਸੀ। ਪਰ ਅਕਾਲੀ ਐਜੀਟੇਸ਼ਨ ਤੇ ਭਿੰਡਰਾਂਵਾਲੇ ਦੀ ਚੜ੍ਹਤ ਨੇ ਇਨ੍ਹਾਂ ਦੀਆਂ ਸਫ਼ਾਂ ਵਿੱਚ ਵਾਧਾ ਕਰ ਦਿੱਤਾ ਅਤੇ ਖ਼ਾਲਿਸਤਾਨ ਦੇ ਸ਼ਬਦ ਨੂੰ ਸਿੱਖਾਂ ਦੀ ਵਡੇਰੀ ਗਿਣਤੀ ਵਿੱਚ, ਖ਼ਾਸ ਕਰਕੇ ਬਦੇਸ਼ੀਂ ਵਸੇ ਸਿੱਖਾਂ ਵਿੱਚ, ਸਤਿਕਾਰਯੋਗਤਾ ਹਾਸਲ ਹੋ ਗਈ। ਹੁਣ ਇਸ ਸੰਕਲਪ ਨੇ ਜੜ੍ਹ ਫੜ ਲਈ ਹੈ, ਖ਼ਾਸ ਤੌਰ 'ਤੇ ਨੌਜਵਾਨ ਸਿੱਖ ਵਰਗ ਅੰਦਰ......ਸਿੱਖਾਂ ਦਾ ਵਰਤਮਾਨ ਰੌਅ ਅਜਿਹਾ ਹੈ ਕਿ ਜੇ ਅੱਜ ਰਾਇਸ਼ੁਮਾਰੀ ਕਰਵਾ ਲਈ ਜਾਵੇ ਤਾਂ ਬਹੁਗਿਣਤੀ ਵੱਖਰੇ ਸਿੱਖ ਰਾਜ ਦੇ ਪੱਖ ਵਿੱਚ ਵੋਟਾਂ ਪਾ ਦੇਵੇਗੀ।"[57]

ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਵਿਰੁੱਧ ਰੋਸ ਪ੍ਰਗਟਾਉਣ ਲਈ ਬਹੁਤ ਸਾਰੇ ਪਤਵੰਤੇ ਸਿੱਖਾਂ ਨੇ ਉਨ੍ਹਾਂ ਨੂੰ ਮਿਲੇ ਮਾਣ-ਸਨਮਾਨ (ਅਵਾਰਡ) ਵਾਪਸ ਕਰ ਦਿੱਤੇ ਅਤੇ ਕੁਝ ਕੁ ਨੇ ਤਾਂ ਆਪਣੀਆਂ ਪਦਵੀਆਂ ਤੋਂ ਅਸਤੀਫ਼ੇ ਵੀ ਦੇ ਦਿੱਤੇ। ਸ: ਖ਼ੁਸ਼ਵੰਤ ਸਿੰਘ

ਨੇ ਇਸ ਮਾਮਲੇ ਵਿੱਚ ਪਹਿਲ ਕਰਦਿਆਂ ਹੋਇਆਂ ਆਪਣਾ 'ਪਦਮ ਭੂਸ਼ਣ' ਦਾ ਅਵਾਰਡ ਵਾਪਸ ਕਰ ਦਿੱਤਾ ਅਤੇ ਰਾਜ ਸਭਾ ਦੇ ਅੰਦਰ ਆਪਣੀ ਗ਼ੁੱਸੇ ਭਰੀ ਤਕਰੀਰ ਰਾਹੀਂ ਹਿੰਦੂ ਹਾਕਮਾਂ ਦੀ ਖ਼ੂਬ ਲਾਹ-ਪਾਹ ਕੀਤੀ।[58] ਕੌਮਾਂਤਰੀ ਪ੍ਰਸਿੱਧੀ ਵਾਲੇ ਕ੍ਰਿਕਟ ਖਿਡਾਰੀ ਸ: ਬਿਸ਼ਨ ਸਿੰਘ ਬੇਦੀ ਨੇ ਖੁਸ਼ਵੰਤ ਸਿੰਘ ਦੇ ਇਸ ਕਦਮ ਦੀ ਹਮਾਇਤ ਕਰਦਿਆਂ ਹੋਇਆਂ ਖੁੱਲ੍ਹੇਆਮ ਇਹ ਗੱਲ ਕਹੀ ਕਿ ਜੇਕਰ ਉਹ ਖੁਸ਼ਵੰਤ ਸਿੰਘ ਦੀ ਜਗ੍ਹਾ ਹੁੰਦਾ ਤਾਂ ਉਹ ਵੀ ਇੰਜ ਹੀ ਕਰਦਾ।[59] ਡਾ. ਗੰਡਾ ਸਿੰਘ (ਪ੍ਰਸਿੱਧ ਇਤਿਹਾਸਕਾਰ), ਸ: ਸਾਧੂ ਸਿੰਘ ਹਮਦਰਦ (ਸੰਪਾਦਕ *ਅਜੀਤ*), ਭਗਤ ਪੂਰਨ ਸਿੰਘ (ਪਿੰਗਲਵਾੜਾ) ਤੇ ਅੱਖਾਂ ਦੇ ਮਸ਼ਹੂਰ ਡਾਕਟਰ ਧਨਵੰਤ ਸਿੰਘ ਨੇ ਵੀ ਰਾਸ਼ਟਰਪਤੀ ਨੂੰ ਆਪੋ ਆਪਣੇ 'ਪਦਮ ਭੂਸ਼ਣ' ਤੇ 'ਪਦਮ ਸ਼੍ਰੀ' ਦੇ ਅਵਾਰਡ ਮੋੜ ਦਿੱਤੇ। ਸ: ਸਿਮਰਨਜੀਤ ਸਿੰਘ ਮਾਨ (ਆਈ.ਪੀ.ਐਸ.) ਨੇ ਫ਼ੌਰਨ ਸੈਂਟਰਲ ਇੰਡਸਟਰੀਅਲ ਸਕਿਊਰਟੀ ਫ਼ੋਰਸ ਦੇ 'ਗਰੁੱਪ ਕਮਾਂਡੈਂਟ' ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਰਾਸ਼ਟਰਪਤੀ ਨੂੰ ਭੇਜੇ ਆਪਣੇ ਤਿਆਗ-ਪੱਤਰ ਵਿੱਚ ਭਾਰਤ ਸਰਕਾਰ ਨੂੰ ਲੱਖ ਲੱਖ ਲਾਹਨਤਾਂ ਪਾਈਆਂ।[60] ਸ: ਹਰਿੰਦਰ ਸਿੰਘ (ਭਾਰਤੀ ਬਦੇਸ ਸੇਵਾ) ਨੇ ਨਾਰਵੇ ਤੋਂ ਆਪਣਾ ਰਾਜਦੂਤ ਦਾ ਅਹੁਦਾ ਤਿਆਗਣ ਦਾ ਐਲਾਨ ਕਰ ਦਿੱਤਾ। ਸ: ਅਮਰਿੰਦਰ ਸਿੰਘ ਨੇ ਰੋਸ ਵਜੋਂ ਕਾਂਗਰਸ ਪਾਰਟੀ ਤੇ ਲੋਕ ਸਭਾ ਦੀ ਮੈਂਬਰੀ, ਦੋਨਾਂ ਨੂੰ ਲੱਤ ਮਾਰ ਦਿੱਤੀ। ਸ: ਦਵਿੰਦਰ ਸਿੰਘ ਗਰਚਾ ਨੇ ਵੀ ਲੋਕ ਸਭਾ ਦੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ।

ਬੇਸ਼ੱਕ ਮਾਣ-ਸਨਮਾਨ ਹੰਢਾਉਣ ਵਾਲੇ ਤੇ ਉੱਚੇ ਸਰਕਾਰੀ ਅਹੁਦਿਆਂ 'ਤੇ ਸੇਵਾ ਨਿਭਾਉਣ ਵਾਲੇ ਸਿੱਖਾਂ ਦੀ ਵੱਡੀ ਗਿਣਤੀ ਦੀ ਤੁਲਨਾ ਵਿੱਚ, ਸਨਮਾਨ ਵਾਪਸ ਕਰਨ ਜਾਂ ਅਹੁਦਿਆਂ ਤੋਂ ਅਸਤੀਫ਼ੇ ਦੇਣ ਦੀਆਂ ਇਹ ਉਦਾਹਰਣਾਂ ਮੂਲੋਂ ਹੀ ਨਿਗੂਣੀਆਂ ਹਨ। ਪਰ ਫਿਰ ਵੀ, ਭਾਵੇਂ ਨਮੂਨੇ ਦੇ ਰੂਪ ਵਿੱਚ ਹੀ, ਪਤਵੰਤੇ ਸਿੱਖਾਂ ਦੇ ਇਸ ਛੋਟੇ ਜਿਹੇ ਵਰਗ ਦੇ ਇਸ ਰੋਸਮਈ ਪੈਂਤੜੇ ਦਾ ਅਸਰ ਬਹੁਤ ਵਿਆਪਕ ਹੋਇਆ। ਪਤਵੰਤੇ ਸਿੱਖ ਵਰਗ ਦੇ ਕੁਝ ਹਿੱਸਿਆਂ ਵੱਲੋਂ ਭਾਰਤੀ ਰਾਜ ਦੇ ਹਕੀਕੀ ਖ਼ਾਸੇ ਬਾਰੇ ਪਾਲ ਰੱਖੇ ਹੋਏ ਭਰਮ-ਭੁਲੇਖਿਆਂ ਤੋਂ ਮੁਕਤ ਹੋ ਜਾਣ ਨਾਲ ਸਿੱਖ ਰਾਜਨੀਤੀ ਦੇ ਖੇਤਰ ਅੰਦਰ ਇਕ ਵੱਡੀ ਤੇ ਦੂਰ-ਰਸ ਤਬਦੀਲੀ ਦੀਆਂ ਬੁਨਿਆਦਾਂ ਟਿਕ ਗਈਆਂ।

●

# ਹਵਾਲੇ/ਟਿੱਪਣੀਆਂ

## 1. ਹਮ ਹਿੰਦੂ ਨਹੀਂ

1. Jagjit Singh, *The Sikh Revolution* (1984), p. 144.
2. ਸੈਨਾਪਤਿ, *ਸ੍ਰੀ ਗੁਰ ਸੋਭਾ*, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾਦਕ), ਸਫ਼ੇ 51-55.
3. ਆਪਣੇ ਸਿੰਘਾਂ ਦੀ ਸਿਧਾਂਤਕ ਸਪੱਸ਼ਟਤਾ ਤੇ ਦ੍ਰਿੜ੍ਹਤਾ ਦੀ ਪਰਖ ਕਰਨ ਲਈ ਗੁਰੂ ਗੋਬਿੰਦ ਸਿੰਘ ਦੁਆਰਾ ਦਾਦੂ ਪੀਰ ਦੀ ਦਰਗਾਹ ਨੂੰ ਤੀਰ ਨਾਲ ਨਮਸਕਾਰ ਕਰਨ ਦੀ ਸਾਖੀ ਇਸੇ ਅਮਲ ਵੱਲ ਇਸ਼ਾਰਾ ਕਰਦੀ ਹੈ।
4. Khushwant Singh, *A History of the Sikhs,* Vol. II, p. 95.
5. ਪ੍ਰੋ. ਪ੍ਰੀਤਮ ਸਿੰਘ, *ਭਾਈ ਕਾਨ੍ਹ ਸਿੰਘ ਨਾਭਾ: ਪਿਛੋਕੜ ਰਚਨਾ ਤੇ ਮੁਲੰਕਣ* (1989), ਸਫ਼ਾ 16.
6. Max Arthur Macauliffe, *The Sikh Religion* (1978), Vol. I, p. LVII.
7. Rajiv A. Kapur, *Sikh Separatism : The Politics of Faith,* p. 8.
8. *Ibid.*, p. 9.
9. Khushwant Singh, *op.cit.*, p. 97.
10. GOI, 1921 *Census Report,* Punjab pt. 1, p. 179.
11. Rajiv A. Kapur, *op.cit.*, p. 12.
12. *Ibid.*, p. 13.
13. *Ibid.*, p. 17.
14. N. Gerald Barrier, *The Sikhs and Their Literature* (1970), p. xxiv-xxv.
15. ਜਗਜੀਤ ਸਿੰਘ, *ਸਿੰਘ ਸਭਾ ਲਹਿਰ* (1974), ਸਫ਼ੇ 30-40.
16. Ganda Singh, "The Origin of Hindu-Sikh Tension," *Punjab Past and Present,* Vol. XI, Part II (1977).
17. Harjot Oberoi, *The Construction of Religious Boundaries* (1997), pp. 364-365.
18. ਪ੍ਰੋ. ਕਿਸ਼ਨ ਸਿੰਘ, *ਪੰਜਾਬੀ ਸੂਬੇ ਤੇ ਨੋਟ* (ਕਿਤਾਬਚਾ)।
19. Kenneth W. Jones, "Hum Hindu Nahin : The Arya-Sikh Relations (1877-1905)", *Punjab Past and Present,* Vol. XI, Part II, 1977, pp. 330-355.
20. N. Gerald Barrier, *op.cit.*, pp. xix-xx.
21. Sangat Singh, *The Sikhs in History,* p. 150.
22. *ਆਰੀਆ ਪੱਤਰਕਾ,* 13 ਸਤੰਬਰ 1870.
23. Rajiv A. Kapur, *op.cit.*, pp. 23-24.

## 2. ਰਾਜਸੀ ਜਾਗਰਤੀ ਤੇ ਜਦੋਜਹਿਦ

1. Ram Narayan Kumar, *The Sikh Unrest and the Indian State* (1997), p. 46.
2. *Ibid.,* p. 47.
3. *Ibid.*
4. K.S. Thapar, "The Sikh Deputation in England," *Journal of Sikh Studies,* Aug. 1976, (G.N.D.U.) pp. 85-86.
5. Rajiv A. Kapur, *Sikh Separatism : The Politics of Faith,* pp. 78-79.
6. Ajit Singh Sarhadi, *Nationalisms in India—The Problem*, p. 31.
7. Khushwant Singh, *A History of Sikhs* (1966), Vol. II, p. 223.
8. K.L. Tuteja, *Sikh Politics* (1984), pp. 3, 219.
9. Khushwant Singh, *op.cit.,* p. 232.
10. K.L. Tuteja, *op.cit.,* pp.138-39.
11. Rajiv A. Kapur, *op.cit.,* pp. 46-47.
12. *Ibid., op.cit.,* p. 73.
13. *The Punjabee,* Oct. 1917.
14. *The Tribune,* Oct. 7, 1917.
15. Rajiv A. Kapur, *op.cit.,* pp. 118-121.
16. N. Gerald Barrier, "The Punjab Government and Communal Politics," *Journal of Asian Studies,* Vol. 27, 1968.
17. Khushwant Singh, *op.cit.,* p. 221.
18. Quoted in *Ibid.,* pp. 226-27.
19. B.R. Ambedkar, *Mr. Gandhi and the Emancipation of Untouchables,* Bheem Patrika Publications, Jalandhar, pp. 23-25.
20. Quoted in Gurtej Singh, *Tandav of Centaur,* p. 40.
21. Ram Narayan Kumar, *op.cit.,* p. 349.
22. Raj Narain Bose, quoted in Ajit Singh Sarhadi, *op.cit.,* p. 8.
23. Ajit Singh Sarhadi, *op.cit.,* p. 10.
24. *Ibid.,* p. 13.
25. Lala Lajpat Rai, "The Story of My Life", in *Autobiographical Writings* (1965), (Ed.) Vijay Chandra Joshi, pp. 27, 29.
26. R.C. Majumdar, *Three Phases of India's Struggle for Freedom,* p. 8.
27. Ajit Singh Sarhadi, *op.cit.,* p. 13.
28. Jawahar Lal Nehru, *Autobiography,* p. 353.
29. Ainslie T. Embree, *Utopia in Conflict : Religion and Nationalism in India.*
30. Octavio Paz, *In Light of India,* pp. 38-39.
31. Ainslie T. Embree, *op.cit.,* p. 61.
32. Ajit Singh Sarhadi, *op.cit.,* p. 21.
33. Ram Narayan Kumar, *op.cit.,* p. 350.
34. *Ibid.,* p. 82.
35. *ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ,* ਸਫ਼ਾ 112.
36. *Spokesman* (Delhi), June 1, 1973.
37. ਸੋਹਨ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ,* ਸਫ਼ਾ 3.
38. Harjot Singh, "From Gurdwara Rikabganj to Viceregal Palace : A Study of Religious Protest," *Punjab Past and Present,* April 80, p. 192.

39. *ਖ਼ਾਲਸਾ ਸਮਾਚਾਰ*, 7 ਜੂਨ 1905, Quoted in Harjot Oberoi, *The Construction of Religious Boundaries*, p. 324.
40. Rajiv A. Kapur, *Sikh Separatism : The Politics of Faith*, p. 61.
41. *Ibid.*, p. 63.
42. Duni Chand, *The Ulster of India*, p. 2; K.L.Tuteja, *Sikh Politics*, p. 10.
43. Ram Narayan Kumar, *op.cit.*, p. 54; *Collected Works of Mahatma Gandhi*, Vol. 64, p. 41, Vol. 63, p. 267.
44. G.O.I., 1911 Census Report, Punjab, pt. 1, p. 292, quoted in Rajiv Kapur, *op.cit.*
45. K.S. Thapar, "Constitutional Reforms (1919) and the Sikhs : The Sikh Deputation in England," *Journal of Sikh Studies*, Vol. III, No. 2, Aug. 1976, p. 78
46. *Ibid.*, p. 85.
47. *Ibid.*, p. 89.
48. *Ibid.*, p. 98.
49. *Ibid.*, pp. 96-97.
50. *Ibid.*, p. 98.
51. *Ibid.*, *op.cit.*, p. 99.
52. *Ibid.*
53. *Ibid.*, *op.cit.*, p. 100.
54. *Ibid.*, p. 101.
55. *Ibid.*
56. *Ibid.*, *op.cit.*, p. 102.
57. *Ibid.*
58. *Ibid.*, p. 100.
59. *Ibid.*, p. 103.

## 3. ਪੇਸ਼ਕਦਮੀ ਤੇ ਕੁਰਾਹ

1. ਸੋਹਨ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ*, ਸਫੇ 64-65.
2. *The Collected Works of Mahatma Gandhi*, Vol. XIX, pp. 399-402.
3. Khushwant Singh, *A History of Sikhs*, Vol. II, p. 201.
4. Ganda Singh (Ed.), *Some Confidential Papers of Akali Movement*, pp. 54-55.
5. *Ibid.*, p. 57.
6. Ram Narayan Kumar, *The Sikh Unrest and the Indian State*, p. 52.
7. Rajiv A. Kapur, *Sikh Separatism : The Politics of Faith*, p. 135.
8. Sir Fazali Hussain, "Punjabi Politics," in *Punjab Past and Present*, Vol. V, Part I, April 1971, p. 148.
9. Ganda Singh (Ed.), *op.cit.*, p. 246.
10. S. Gopal (Ed.), *Selected Works of Jawahar Lal Nehru*, Vol. II, p. 152.
11. ਜਸਵੰਤ ਸਿੰਘ (ਸੰਪਾਦਕ), *ਮਾਸਟਰ ਤਾਰਾ ਸਿੰਘ : ਜੀਵਨ ਸੰਘਰਸ਼ ਤੇ ਉਦੇਸ਼*, ਸਫ਼ਾ 88.
12. *The Tribune*, June 10, 1921, quoted in Dr. Fauja Singh, "Akalis And The Indian National Congress" (1920-47), *Punjab Past and Present*, Oct. 1981.
13. K.L. Tuteja, *Sikh Politics*, p. 46; ਕਪੂਰ ਸਿੰਘ, *ਸਾਚੀ ਸਾਖੀ*, ਸਫ਼ਾ 108.

14. *The Collected Works of Mahatma Gandhi,* Vol. XXII, p. 168.
15. Kailash Chand Gulati, *The Akalis : Past and Present,* p. 36.
16. K.L. Tuteja, "The Sikhs And Nehru Report," *Punjab Past and Present,* April 81, p. 128.
17. Baba Kharak Singh's address to Central Sikh League's Gujranwala session, 1928, *The Tribune* Oct. 29, 1928.
18. Khushwant Singh, *A History of Sikhs,* Vol. II.
19. ਜਸਵੰਤ ਸਿੰਘ (ਸੰਪਾਦਕ), *ਮਾਸਟਰ ਤਾਰਾ ਸਿੰਘ: ਜੀਵਨ ਸੰਘਰਸ਼ ਤੇ ਉਦੇਸ਼,* ਸਫ਼ਾ 102.
20. Ajit Singh Sarhadi, *Nationalisms in India—The Problem,* p. 67.
21. *Ibid.,* p. 19.
22. Joshua Fazal-Ud-Din, *Secularism in India : A Psycho-Political Study,* Punjabi Darbar Publishing House, Lahore, pp. 139-40.
23. ਆਰੀਆ ਸਮਾਜ ਦਾ ਤਰਜਮਾਨ *The Punjabee,* Oct. 1917.
24. Dr. Pattabhi Sitaramyya in his presidential address delivered at the convention of linguistic and cultural provinces in India on Feb. 8, 1946 quoted in the "Memorandum on Punjabi Speaking State," submitted by Shiromani Akali Dal Amritsar to States Re-organisation Commission.
25. J.S. Grewal, *The Akalis—A Short History* (1996), p. 97.
26. *Ibid.*
27. ਸ: ਕਪੂਰ ਸਿੰਘ, *ਸਾਚੀ ਸਾਖੀ,* ਸਫ਼ਾ 136.
28. Gurmit Singh, *Failures of Akali Leadership,* p. 145.
29. *Ibid.,* pp. 16-119, 146, 161-162.
30. G. Adhikari, "Sikh Homeland" in T.G. Jacob (Ed.), *National Question in Indian CPI Documents* (1942-47), p. 133.
31. K.L. Tuteja, *op.cit.,* pp. 155-56.
32. *Ibid.*
33. Ram Narayan Kumar, *The Sikh Unrest and the Indian State,* p. 143.
34. ਜਸਵੰਤ ਸਿੰਘ (ਸੰਪਾਦਕ), *ਉਪਰੋਕਤ,* ਸਫ਼ਾ 197.

## 4. ਆਜ਼ਾਦੀ ਦਾ ਢੰਧਾ

1. "ਸਿੱਖ ਕੌਮ ਦੀ ਕੀਮਤ 'ਤੇ 'ਭਾਰਤੀ ਨੇਸ਼ਨ' ਦੇ ਹਿਤਾਂ ਨੂੰ ਪ੍ਰਮੁੱਖ ਰੱਖਣ ਵਾਲੇ।"
2. K.L. Tuteja, *Sikh Politics,* p. 168.
3. *Young India,* March 19, 1931.
4. *Statesman* (Calcutta) July 7, 1946.
5. Ram Narayan Kumar, *The Sikh Unrest And the Indian State,* p. 213.
6. B. Shiva Rao, *Framing of Indian Constitution,* p. 181.
7. Ajit Singh Sarhadi, *Punjabi Suba: The Story of Struggles,* (1970), pp. 146-47.
8. ਜਸਵੰਤ ਸਿੰਘ (ਸੰਪਾਦਕ), *ਮਾਸਟਰ ਤਾਰਾ ਸਿੰਘ—ਜੀਵਨ ਸੰਘਰਸ਼ ਤੇ ਉਦੇਸ਼,* ਸਫ਼ੇ 144-45.
9. Ram Narayan Kumar, *op.cit.,* p. 395.
10. *Ibid.*
11. Sangat Singh, *The Sikhs in History,* p. 260.
12. Ajit Singh Sarhadi, *op.cit.* pp. 164-65.
13. ਊਧਮ ਸਿੰਘ ਨਾਗੋਕੇ, *ਸਿੱਖ ਧਰਮ ਤੇ ਮੌਜੂਦਾ ਰਾਜਨੀਤੀ,* ਸਫ਼ਾ 34.

14. Sangat Singh, *The Sikhs in History*, p. 251.
15. *Ibid.*, p. 274.
16. Hukam Singh, *Spokesman* (Weekly) Oct. 23, 1972.
17. Ajit Singh Sarhadi, *Punjabi Suba : The Story of Struggles* (1970), p. 155.
18. Gurmit Singh, *History of Sikh Struggles*, Vol. 1, pp. 327–34.
19. ਅਜੀਤ ਸਿੰਘ ਸਰਹੱਦੀ, *ਪੰਜਾਬੀ ਸੂਬੇ ਦੀ ਗਾਥਾ*, ਸਫ਼ਾ 166.
20. ਜਸਵੰਤ ਸਿੰਘ (ਸੰਪਾਦਕ), *ਮਾਸਟਰ ਤਾਰਾ ਸਿੰਘ : ਜੀਵਨ ਸੰਘਰਸ਼ ਤੇ ਉਦੇਸ਼*, ਸਫ਼ੇ 163–172; ਭਗਵਾਨ ਸਿੰਘ ਦਾਨੇਵਾਲੀਆ, *20ਵੀਂ ਸਦੀ ਦਾ ਪੰਜਾਬ*, ਸਫ਼ੇ 88–91.
21. *ਉਹੀ*, ਸਫ਼ਾ 220.
22. ਅਜੀਤ ਸਿੰਘ ਸਰਹੱਦੀ, *ਪੰਜਾਬੀ ਸੂਬੇ ਦੀ ਗਾਥਾ*, ਸਫ਼ਾ 156.
23. Gopal Singh, *History of Sikh People*, p. 720.
24. Jawahar Lal Nehru, *Discovery of India* (1981), p. 494.
25. Sardar Patel's Correspondence, Vol. 6, p. 353.
26. *ਸੰਤ ਸਿਪਾਹੀ*, ਦਸੰਬਰ 1949.
27. *ਉਹੀ।*
28. ਮਾਸਟਰ ਤਾਰਾ ਸਿੰਘ, *ਪੰਥ ਆਜ਼ਾਦ-ਪੰਥ ਜ਼ਿੰਦਾਬਾਦ* (ਕਿਤਾਬਚਾ), ਸਫ਼ਾ 2.
29. ਜਸਵੰਤ ਸਿੰਘ (ਸੰਪਾਦਕ), *ਉਪਰੋਕਤ*, ਸਫ਼ੇ 252–53.
30. Milan Kundera, *The Book of Laughter and Forgetting.*

## 5. ਸਿੱਖ ਕੌਮ ਦੀ ਰਾਜਸੀ ਤੜਪ

1. ਜਸਵੰਤ ਸਿੰਘ (ਸੰਪਾਦਕ), *ਮਾਸਟਰ ਤਾਰਾ ਸਿੰਘ—ਜੀਵਨ ਸੰਘਰਸ਼ ਤੇ ਉਦੇਸ਼*, ਸਫ਼ੇ 159–60.
2. *The Tribune*, Feb. 26, 1948.
3. *ਸੰਤ ਸਿਪਾਹੀ*, ਦਸੰਬਰ 1949.
4. Gurbachan Singh M.A., Lal Singh Gyani M.A., *The Idea of Sikh State*, p.4.
5. Benedict Anderson, *Imagined Communities.*
6. Gurbachan Singh M.A., Lal Singh Gyani M.A., *op.cit.*, pp. 31–32.
7. Kulwant Singh Virk M.A., Harbans Singh M.A., *Greater East Punjab: A Plea for Linguistic Regrouping*, p. 43.
8. *Ibid.*, p. 2.
9. *Memorandum on Punjabi Speaking State*, submitted by Shiromani Akali Dal Amritsar to States Reorganisation Commission, pp. 6–7.
10. Kulwant Singh Virk, Harbans Singh, *op.cit.*, p. 19.
11. *Ibid.*, p. 39.
12. *Memorandum on Punjabi Speaking State*, *op.cit.*, p. 1.
13. Gurbachan Singh M.A., Lal Singh Gyani M.A., *op.cit.*, p. 30.
14. Jawahar Lal Nehru, *Discovery of India* (1985), p. 534.
15. Quoted by Bhawani Sen Gupta, *The Pioneer*, Nov. 6, 1994.
16. M.J. Akbar, *India—The Siege Within*, p. 82.
17. *Ibid.*
18. *Ibid.*, p. 84.
19. S. Ramachandran (Ed.), *Anna speaks* (1975).
20. M.J. Akbar, *op.cit.*, pp. 84–85.
21. Kulwant Singh Virk M.A., Harbans Singh M.A, *op.cit.*, pp. 36, 45, 46.

## 6. ਜਾਨਦਾਰ ਉਭਾਰ ਤੇ ਬੱਜਰ ਭੁੱਲਾਂ

1. Gurmit Singh, *History of Sikh Struggles,* Vol. I, pp. 84-86.
2. *Sardar Patel's Correspondence,* Vol. 10, p. 449, quoted in Gurmit Singh, *Failure of Sikh Leadership,* pp. 221-23.
3. *Ibid.*
4. ਅਜੀਤ ਸਿੰਘ ਸਰਹੱਦੀ, *ਪੰਜਾਬੀ ਸੂਬੇ ਦੀ ਗਾਥਾ,* ਸਫ਼ਾ 216.
5. *ਉਹੀ,* ਸਫ਼ਾ 163.
6. *Some Documents on the Demand for Sikh Homeland,* AISSF Chandigarh, (1969).
7. ਅਜੀਤ ਸਿੰਘ ਸਰਹੱਦੀ, *ਉਪਰੋਕਤ,* ਸਫ਼ਾ 171.
8. Gurmit Singh, *op.cit.,* pp. 84-86.
9. ਅਜੀਤ ਸਿੰਘ ਸਰਹੱਦੀ, *ਉਪਰੋਕਤ,* ਸਫ਼ਾ 296.
10. *Some Documents on the Demand for Sikh Homeland, op.cit.*
11. *Ibid.*
12. ਅਜੀਤ ਸਿੰਘ ਸਰਹੱਦੀ, *ਉਪਰੋਕਤ।*
13. ਕਰਮ ਸਿੰਘ ਜ਼ਖਮੀ, *ਤਵਾਰੀਖ਼ ਪੰਜਾਬੀ ਸੂਬਾ ਮੋਰਚਾ,* ਸਫ਼ਾ 99.
14. ਸ਼ਮਸ਼ੇਰ ਸਿੰਘ ਅਸ਼ੋਕ (ਸੰਪਾਦਕ), *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ* (1926 ਤੋਂ 1976), ਸਫ਼ਾ ਭ।
15. ਅਜੀਤ ਸਿੰਘ ਸਰਹੱਦੀ, *ਉਪਰੋਕਤ,* ਸਫ਼ਾ 233.
16. S. Kapur Singh in an interview with *Current,* Oct. 1968.
17. ਅਜੀਤ ਸਿੰਘ ਸਰਹੱਦੀ, *ਉਪਰੋਕਤ,* ਸਫ਼ਾ 237.
18. Hukam Singh, *Spokesman* (weekly) Delhi, Jan. 7-14, 1974.
19. ਅਜੀਤ ਸਿੰਘ ਸਰਹੱਦੀ, *ਉਪਰੋਕਤ,* ਸਫ਼ੇ 288-291.
20. *Spokesman* (weekly), Oct. 19, 1955.
21. ਅਜੀਤ ਸਿੰਘ ਸਰਹੱਦੀ, *ਉਪਰੋਕਤ,* ਸਫ਼ੇ 288-291.
22. *ਉਹੀ,* ਸਫ਼ਾ 285.
23. Gurmit Singh, *History of Sikh Struggles,* Vol. I, pp. 122-124.
24. ਪੰਡਤ ਮੋਹਨ ਲਾਲ, *ਹਸ਼ਰ ਪੰਜਾਬ ਦਾ,* ਸਫ਼ੇ 74-75.
25. ਅਜੀਤ ਸਿੰਘ ਸਰਹੱਦੀ, *ਉਪਰੋਕਤ,* ਸਫ਼ੇ 290-91.
26. *ਉਹੀ,* ਸਫ਼ੇ 284, 294.
27. Harbans Singh, *The Heritage of the Sikhs,* pp. 323-24.
28. ਅਜੀਤ ਸਿੰਘ ਸਰਹੱਦੀ, *ਉਪਰੋਕਤ,* ਸਫ਼ਾ 329.
29. ਸ਼ਮਸ਼ੇਰ ਸਿੰਘ ਅਸ਼ੋਕ (ਸੰਪਾਦਕ), *ਉਪਰੋਕਤ,* ਸਫ਼ਾ ਮ.
30. *The Tribune,* Jan. 16, 1960
31. Harbans Singh, *op.cit.,* 329.
32. ਅਜੀਤ ਸਿੰਘ ਸਰਹੱਦੀ, *ਉਪਰੋਕਤ,* ਸਫ਼ਾ 326.
33. *ਉਹੀ।*

## 7. ਪੰਜਾਬੀ ਸੂਬੇ ਦੇ ਮੋਰਚੇ ਦਾ ਆਰੰਭ

1. ਅਜੀਤ ਸਿੰਘ ਸਰਹੱਦੀ, *ਪੰਜਾਬੀ ਸੂਬੇ ਦੀ ਗਾਥਾ,* ਸਫ਼ਾ 346.
2. Khushwant Singh, *A History of Sikhs,* Vol. II, p. 299.
3. ਅਜੀਤ ਸਿੰਘ ਸਰਹੱਦੀ, *ਉਪਰੋਕਤ,* ਸਫ਼ਾ 346.
4. Gurmit Singh, *History of Sikh Struggles,* Vol. I, p. 134.

5. Gurmit Singh, *History of Sikh Struggles,* Vol. I, p. 135.
6. ਅਜੀਤ ਸਿੰਘ ਸਰਹੱਦੀ, *ਪੰਜਾਬੀ ਸੂਬੇ ਦੀ ਗਾਥਾ,* ਸਫ਼ਾ 349.
7. *ਉਹੀ,* ਸਫ਼ਾ 357.
8. *ਉਹੀ।*
9. Harbans Singh, *The Heritage of Sikhs,* p. 334.
10. *Nehru-Fateh Singh Talks,* p. 32, quoted in Gurmit Singh, *History of Sikh Struggles,* Vol. I, pp. 140-141.
11. Gurmit Singh, *op.cit.,* p. 142.
12. ਅਜੀਤ ਸਿੰਘ ਸਰਹੱਦੀ, *ਉਪਰੋਕਤ,* ਸਫ਼ਾ 366.
13. ਅਜੀਤ ਸਿੰਘ ਸਰਹੱਦੀ, *ਉਪਰੋਕਤ,* ਸਫ਼ਾ 367.
14. *ਉਹੀ।*
15. *ਉਹੀ।*
16. *Nehru-Fateh Singh Talks, op.cit.*
17. ਅਜੀਤ ਸਿੰਘ ਸਰਹੱਦੀ, *ਉਪਰੋਕਤ,* ਸਫ਼ਾ 369.
18. Ajit Singh Sarhadi, *Punjabi Suba : The Story of Struggles,* pp. 356-57.
19. ਅਜੀਤ ਸਿੰਘ ਸਰਹੱਦੀ, *ਉਪਰੋਕਤ,* ਸਫ਼ਾ 371.
20. *ਉਹੀ,* ਸਫ਼ਾ 372.
21. *ਉਹੀ,* ਸਫ਼ਾ 376.
22. *ਉਹੀ,* ਸਫ਼ਾ 383.
23. *Sikh Review* - xi/2 (Feb. 1962), p. 3.
24. ਅਜੀਤ ਸਿੰਘ ਸਰਹੱਦੀ, *ਉਪਰੋਕਤ,* ਸਫ਼ਾ 392.

## 8. ਸਿੱਖ ਪ੍ਰੰਪਰਾ ਦਾ ਨਿਖੇਧ

1. ਅਜੀਤ ਸਿੰਘ ਸਰਹੱਦੀ, *ਪੰਜਾਬੀ ਸੂਬੇ ਦੀ ਗਾਥਾ,* ਸਫ਼ਾ 349.

## 9. ਦੋ ਪਾਟਵੇਂ ਰੁਝਾਨ

1. Gurmit Singh, *History of Sikh Struggles,* Vol. I, p. 152.
2. *Ibid.,* p. 159.
3. ਅਜੀਤ ਸਿੰਘ ਸਰਹੱਦੀ, *ਪੰਜਾਬੀ ਸੂਬੇ ਦੀ ਗਾਥਾ,* ਸਫ਼ਾ 421.
4. Gurmit Singh, *op.cit.,* p. 168.
5. *Ibid.,* pp. 160-63.
6. ਸ਼ਮਸ਼ੇਰ ਸਿੰਘ ਅਸ਼ੋਕ (ਸੰਪਾਦਕ), *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ* (1926-1927), ਸਫ਼ਾ 346.
7. *ਉਹੀ।*
8. Gurmit Singh, *op.cit.,* p. 155.
9. *Ibid.,* p. 156.
10. *Ibid.*
11. *Ibid.,* pp. 160-63.
12. ਅਜੀਤ ਸਿੰਘ ਸਰਹੱਦੀ, *ਉਪਰੋਕਤ,* ਸਫ਼ਾ 145.
13. *Two Talks between Sant Fateh Singh Ji and Shri Lal Bahadur Shastri—The Prime Minister of India* (Prepared and published by Arjan Singh Budhiraja—Secretary, Shiromani Akali Dal, Amritsar).
14. ਅਜੀਤ ਸਿੰਘ ਸਰਹੱਦੀ, *ਉਪਰੋਕਤ,* ਸਫ਼ਾ 431.

15. ਅਜੀਤ ਸਿੰਘ ਸਰਹੱਦੀ, *ਪੰਜਾਬੀ ਸੂਬੇ ਦੀ ਗਾਥਾ,* ਸਫ਼ਾ 431.
16. *ਉਹੀ।*
17. Gurmit Singh, *History of Sikh Struggles,* p. 167.
18. *Some Documents on the Demand for Sikh Homeland,* AISSF Chandigarh 1969.
19. ਅਜੀਤ ਸਿੰਘ ਸਰਹੱਦੀ, *ਉਪਰੋਕਤ,* ਸਫ਼ਾ 437.
20. *ਉਹੀ,* ਸਫ਼ਾ 367.
21 ਪਰਤਾਪ ਸਿੰਘ ਐਮ.ਏ., *ਜੀਵਨੀ ਸ: ਹੁਕਮ ਸਿੰਘ,* ਸਫ਼ਾ 114.
22. ਪੰਡਤ ਮੋਹਨ ਲਾਲ, *ਹਸ਼ਰ ਪੰਜਾਬ ਦਾ,* ਸਫ਼ੇ 234-35.
23. "The Other Side," *The Indian Express,* April 11, 1983.
24. ਅਜੀਤ ਸਿੰਘ ਸਰਹੱਦੀ, *ਉਪਰੋਕਤ,* ਸਫ਼ਾ 440.
25. *ਉਹੀ,* ਸਫ਼ਾ 443.
26. ਪੰਡਤ ਮੋਹਨ ਲਾਲ, *ਉਪਰੋਕਤ,* ਸਫ਼ਾ 243.
27. Gurmit Singh, *op.cit.,* pp. 173-74.
28. ਅਜੀਤ ਸਿੰਘ ਸਰਹੱਦੀ, *ਉਪਰੋਕਤ,* ਸਫ਼ੇ, 456-57.
29. *ਉਹੀ,* ਸਫ਼ਾ 459.
30. Khushwant Singh, *A History of Sikhs,* Vol. II.
31. ਅਜੀਤ ਸਿੰਘ ਸਰਹੱਦੀ, *ਉਪਰੋਕਤ,* ਸਫ਼ੇ 465-66.
32. ਕਪੂਰ ਸਿੰਘ, *ਸਾਚੀ ਸਾਖੀ,* ਸਫ਼ੇ 218-28.
33. ਅਜੀਤ ਸਿੰਘ ਸਰਹੱਦੀ, *ਉਪਰੋਕਤ,* ਸਫ਼ੇ 467-68.
34. ਵਣਜਾਰਾ ਬੇਦੀ ਦੀ ਸਵੈ-ਜੀਵਨੀ *'ਗਲੀਏ ਚਿੱਕੜ ਦੂਰ ਕਰਿ'* ਇਸ ਵਰਗ ਦੇ ਕਠੋਰ ਸੰਘਰਸ਼ ਦੀ ਪ੍ਰਮਾਣਿਕ ਦਸਤਾਵੇਜ਼ ਕਹੀ ਜਾ ਸਕਦੀ ਹੈ।
35. Dalip Singh, *Dynamics of Punjab Politics,* p. 242.
36. *Ibid.,* pp. 264-271.

## 10. ਸੱਤਾ ਦਾ ਗ੍ਰਹਿਣ

1. ਮਾਸਟਰ ਹਰੀ ਸਿੰਘ, *ਪੰਜਾਬ ਖੇਤ-ਮਜ਼ਦੂਰ ਸਭਾ ਦੇ ਪੱਚੀ ਸਾਲ।*
2. Dalip Singh, *Dynamics of Punjab Politics,* p. 242.
3. ਪ੍ਰੋ. ਕਿਸ਼ਨ ਸਿੰਘ, *ਪੰਜਾਬੀ ਸੂਬਾ* (ਕਿਤਾਬਚਾ)।
4. Dalip Singh, *op.cit.,* pp. 94-95.
5. *Ibid.,* p. 102.
6. *Ibid.,* pp. 103-04.
7. ਅਜੀਤ ਸਿੰਘ ਸਰਹੱਦੀ, *ਪੰਜਾਬੀ ਸੂਬੇ ਦੀ ਗਾਥਾ,* ਸਫ਼ਾ 490.
8. Dalip Singh, *op.cit.,* p 108.
9. *ਸਿੱਖ ਸ਼ਹਾਦਤ* (ਮਾਸਿਕ) ਲੁਧਿਆਣਾ, ਅਗਸਤ 2001.
10. Gurmit Singh, *History of Sikh Struggles,* Vol. I, pp 164-65.
11. *ਸਿੱਖ ਸ਼ਹਾਦਤ, ਉਪਰੋਕਤ।*
12. Dalip Singh, *op.cit.,* p 109.
13. J.C. Anand, *The Punjab : Akalis in the Coalition* in Karuna Karan (Ed.).

## 11. ਫ਼ੈਡਰਲਿਜ਼ਮ ਵੱਲ ਮੋੜਾ

1. Dalip Singh, *Dynamics of Punjab Politics,* p. 242.
2. Ajit Singh Sarhadi, *Nationalisms in India—The Problem,* pp. 205-207.

3. ਦੁਨੀਆ ਦੇ ਬਹੁਤ ਸਾਰੇ ਵਿਦਵਾਨਾਂ ਦੀ ਰਾਇ ਵਿੱਚ ਭਾਰਤ ਦਾ ਸੰਵਿਧਾਨ ਸਿਰਫ਼ ਕਹਿਣ ਨੂੰ ਹੀ ਫ਼ੈਡਰਲ ਹੈ ਜਦ ਕਿ ਅਸਲੀਅਤ ਵਿੱਚ ਇਹ ਏਕਾਤਮਿਕ (unitary) ਹੈ। Ajit Singh Sarhadi, *Nationalisms in India—The Problem,* pp. 209-213.
4. Ajit Singh Sarhadi, *op.cit.*, p. 244.
5. *Ibid.*, pp. 108-10.
6. Gurmit Singh, *Failures of Sikh Leadership,* p. 170.
7. *ਸਿੱਖ ਸ਼ਹਾਦਤ* (ਮਾਸਿਕ) ਲੁਧਿਆਣਾ, ਅਗਸਤ 2001.
8. ਪ੍ਰੋ. ਕਿਸ਼ਨ ਸਿੰਘ, *ਪੰਜਾਬੀ ਸੂਬਾ* (ਕਿਤਾਬਚਾ)।

## 12. ਗਿਰਾਵਟ ਦਾ ਦੌਰ

1. ਅਜੀਤ ਸਿੰਘ ਸਰਹੱਦੀ, *ਪੰਜਾਬੀ ਸੂਬੇ ਦੀ ਗਾਥਾ,* ਸਫ਼ੇ 480-81.
2. ਕਰਮ ਸਿੰਘ ਜ਼ਖ਼ਮੀ, *ਤਵਾਰੀਖ਼ ਪੰਜਾਬੀ ਸੂਬਾ ਮੋਰਚਾ,* ਸਫ਼ਾ 55.
3. Gurmit Singh, *History of Sikh Struggles,* Vol. II, p.16.
4. Dalip Singh, *Dynamics of Punjab Politics,* p. 245.
5. ਜੱਟ ਵਰਗ ਦੇ ਕਿਰਦਾਰ ਸਬੰਧੀ ਇਹ ਧਾਰਨਾਵਾਂ ਸ: ਜਗਜੀਤ ਸਿੰਘ ਦੇ ਵਿਚਾਰਾਂ ਉੱਤੇ ਅਧਾਰਤ ਹਨ, ਜੋ ਉਹਨਾਂ ਦੁਆਰਾ ਲਿਖੀ ਗਈ *ਗ਼ਦਰ ਪਾਰਟੀ ਲਹਿਰ ਦਾ ਇਤਿਹਾਸ* (1956) ਨਾਮੀ ਪੁਸਤਕ ਅੰਦਰ (ਸਫ਼ੇ 1 ਤੋਂ 14 ਤਕ) ਦਰਜ ਹਨ।
6. ਪ੍ਰੋ. ਕਿਸ਼ਨ ਸਿੰਘ, *ਪੰਜਾਬੀ ਸੂਬਾ* (ਕਿਤਾਬਚਾ)।
7. Dalip Singh, *op.cit.*, pp. 128-34.
8. *Ibid.*, pp. 247-48.
9. *The Tribune,* June 21, 1979.

## 13. ਆਨੰਦਪੁਰ ਦਾ ਮਤਾ

1. Giani Ajmer Singh, *The Draft of the New Policy Programme of Shiromani Akali Dal.*
2. Ram Narayan Kumar, *The Sikh Struggle and The Indian State,* pp. 205-06.
3. ਖਾੜਕੂ ਲਹਿਰ ਦੇ ਉਭਾਰ ਮੌਕੇ (1990) ਸ: ਪ੍ਰਕਾਸ਼ ਸਿੰਘ ਬਾਦਲ ਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਸ: ਸਿਮਰਨਜੀਤ ਸਿੰਘ ਮਾਨ ਨਾਲ ਰਲ ਕੇ ਯੂ.ਐਨ.ਓ. ਦੇ ਤਤਕਾਲੀ ਸਕੱਤਰ ਜਨਰਲ ਬੁਤਰਸ ਘਾਲੀ ਨੂੰ ਲਿਖੇ ਪੱਤਰ ਉੱਤੇ ਦਸਤਖ਼ਤ ਕਰ ਦਿੱਤੇ ਸਨ। ਹਾਲਾਂਕਿ ਇਸ ਪੱਤਰ ਅੰਦਰ ਦਰਜ ਸਿਧਾਂਤਕ ਪੋਜ਼ੀਸ਼ਨਾਂ ਦਾ ਉਨ੍ਹਾਂ ਦੀ ਰਾਜਸੀ ਵਿਚਾਰਧਾਰਾ ਨਾਲ ਕੋਈ ਸੁਮੇਲ ਨਹੀਂ ਸੀ ਬਣਦਾ। ਇਸੇ ਤਰ੍ਹਾਂ 1995 ਵਿੱਚ ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ: ਸੁਰਜੀਤ ਸਿੰਘ ਬਰਨਾਲਾ ਤੇ ਕੈਪਟਨ ਅਮਰਿੰਦਰ ਸਿੰਘ ਨੇ ਸ: ਮਾਨ ਨਾਲ ਰਲ ਕੇ 'ਅੰਮ੍ਰਿਤਸਰ ਦੇ ਐਲਾਨਨਾਮੇ' ਨਾਲ ਸਹਿਮਤੀ ਦਾ ਐਲਾਨ ਕਰ ਦਿੱਤਾ ਸੀ, ਜਦ ਕਿ ਇਸ 'ਐਲਾਨਨਾਮੇ' ਅੰਦਰ ਦਰਜ ਪੋਜ਼ੀਸ਼ਨਾਂ ਨਾਲ ਉਨ੍ਹਾਂ ਦੀ ਕੋਈ ਦੂਰ ਦੀ ਵੀ ਸਾਂਝ ਨਹੀਂ ਸੀ।
4. ਗਿਆਨੀ ਅਜਮੇਰ ਸਿੰਘ, ਸਕੱਤਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਜਾਰੀ ਕੀਤੇ ਗਏ ਮਤੇ।
5. *29 ਅਕਤੂਬਰ ਨੂੰ ਸ: ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 18ਵੀਂ ਸਰਬ ਹਿੰਦ ਅਕਾਲੀ ਕਾਨਫ਼ਰੰਸ, ਲੁਧਿਆਣਾ ਵਿਖੇ ਕੀਤੀ ਗਈ ਇਤਿਹਾਸਕ ਸਪੀਚ* (ਜਸਪਾਲ ਪ੍ਰਿੰਟਿੰਗ ਪ੍ਰੈਸ, ਕਟੜਾ ਘਨਈਆ, ਅੰਮ੍ਰਿਤਸਰ)।

## 14. ਅਠੱਤਰ ਦੀ ਵਿਸਾਖੀ : ਇਕ ਖ਼ੂਨੀ ਮੋੜ-ਨੁਕਤਾ

1. ਗਿਆਨੀ ਪਰਤਾਪ ਸਿੰਘ, *ਨਕਲੀ ਨਿਰੰਕਾਰੀ,* (ਸਿੰਘ ਬ੍ਰਦਰਜ਼, ਅੰਮ੍ਰਿਤਸਰ)।
2. *ਪੰਜ ਪਾਣੀ* (ਹਫ਼ਤਾਵਾਰ) ਚੰਡੀਗੜ੍ਹ, 7 ਮਈ 1978.

3. Bhai Hari Singh Shergil, *Genesis of Sikh-Nirankari Tussle*, Dharam Parchar Committee (S.G.P.C.), p. 20.
4. *The Week,* Oct. 2-8, 1983.
5. ਗਿਆਨੀ ਪਰਤਾਪ ਸਿੰਘ, *ਨਕਲੀ ਨਿਰੰਕਾਰੀ,* ਸਫ਼ਾ 140.
6. *ਸੰਤ ਨਿਰੰਕਾਰੀ,* ਜੂਨ 1977, ਸਫ਼ਾ 18.
7. *ਸੰਤ ਨਿਰੰਕਾਰੀ,* ਦਸੰਬਰ 1977, ਸਫ਼ਾ 30.
8. ਗਿਆਨੀ ਪਰਤਾਪ ਸਿੰਘ, *ਉਪਰੋਕਤ,* ਸਫ਼ਾ 155.
9. *ਉਹੀ,* ਸਫ਼ਾ 153, *The Week,* Oct. 2-8, 1983.
10. ਦਲਬੀਰ ਸਿੰਘ, *ਨੇੜਿਓਂ ਡਿੱਠੇ ਸੰਤ ਭਿੰਡਰਾਂਵਾਲੇ,* ਸਫ਼ਾ 46.
11. ਸੁਖਬੀਰ ਸਿੰਘ, *ਤੇਜ਼ਧਾਰਕ ਗੁਰੂ ਖ਼ਾਲਸਾ ਪੰਥ,* ਗੁਰਦੀਪਕ ਪ੍ਰਕਾਸ਼ਨ, ਪਟਿਆਲਾ (ਜਨਵਰੀ 1986).
12. ਦਲਬੀਰ ਸਿੰਘ, *ਉਪਰੋਕਤ,* ਸਫ਼ਾ 50.
13. *ਉਹੀ,* ਸਫ਼ਾ 52; Fauja Singh, *Sant Nirankari Dal : A Challenge For Indian Society,* p. 20.
14. Harminder Kaur, *Blue Star Over Amritsar,* p. 50.
15. ਜਥੇਦਾਰ ਗੁਰਚਰਨ ਸਿੰਘ ਟੌਹੜਾ ਨਾਲ ਮੌਖਿਕ ਗੱਲਬਾਤ।
16. Gurmeet Singh, *History of Sikh Struggles,* Vol. II, p. 54.
17. *The Tribune,* Aug. 26, 1978.
18. Gurmit Singh, *op.cit.* pp. 181-88.
19. ਗਿਆਨੀ ਪਰਤਾਪ ਸਿੰਘ, *ਉਪਰੋਕਤ,* ਸਫ਼ੇ 192-93.
20. ਕੁਲਦੀਪ ਨਈਅਰ-ਖੁਸ਼ਵੰਤ ਸਿੰਘ, *ਪੰਜਾਬ ਦਾ ਦੁਖਾਂਤ,* ਸਫ਼ਾ 48.
21. Gurdarshan Singh, *Truth About Punjab, SGPC White Paper,* pp. 76-77.
22. Gurmeet Singh, *op.cit.,* p. 43.
23. *ਏਕ ਨਜ਼ਰ,* ਦਿੱਲੀ, 10 ਅਪ੍ਰੈਲ 1979.
24. *ਦੇਸ ਪੰਜਾਬ* (ਮਾਸਿਕ) ਜਲੰਧਰ, ਦਸੰਬਰ 2000.
25. Satinder Singh, *Khalistan—An Academic Analysis*, p. 110.
26. M.S. Dhami, "Changing Support Base of Congress Party in Punjab" (Mimeo Paper) presented at seminar on *"Social and Economic Bases of Indian Politics"* GNDU, Amritsar.


## 15. ਹਿੰਦੂ ਪੁਨਰਵਾਦ ਤੇ ਫ਼ਿਰਕੂ ਜਨੂੰਨ


1. M.J. Akbar, *India : The Siege Within,* p. 308.
2. *Sunday,* Aug. 8, 1982, p. 39.
3. Harminder Kaur, *Blue Star Over Amritsar,* p. 132.
4. *ਉਹੀ,* ਸਫ਼ਾ 142.


## 16. ਸਿੱਖ ਖਾੜਕੂਵਾਦ


1. Gurmit Singh, *History of Sikh Struggles,* Vol. II, p. 54.
2. ਕੁਲਦੀਪ ਨਈਅਰ ਤੇ ਖੁਸ਼ਵੰਤ ਸਿੰਘ, *ਪੰਜਾਬ ਦਾ ਦੁਖਾਂਤ,* ਸਫ਼ੇ 65-66.
3. ਦਲਬੀਰ ਸਿੰਘ, *ਨੇੜਿਓਂ ਡਿੱਠੇ ਸੰਤ ਭਿੰਡਰਾਂਵਾਲੇ,* ਸਫ਼ਾ 128.
4. *Sunday,* October 4, 1981, p. 14.
5. ਕੁਲਦੀਪ ਨਈਅਰ ਤੇ ਖੁਸ਼ਵੰਤ ਸਿੰਘ, *ਉਪਰੋਕਤ,* ਸਫ਼ਾ 52.
6. *ਉਹੀ,* ਸਫ਼ਾ 56.

7. ਦਲਬੀਰ ਸਿੰਘ, *ਨੇੜਿਓਂ ਡਿੱਠੇ ਸੰਤ ਭਿੰਡਰਾਂਵਾਲੇ*, ਸਫ਼ਾ 112.
8. ਕੁਲਦੀਪ ਨਈਅਰ ਤੇ ਖ਼ੁਸ਼ਵੰਤ ਸਿੰਘ, *ਪੰਜਾਬ ਦਾ ਦੁਖਾਂਤ*, ਸਫ਼ਾ 56.
9. *Sunday*, Sept. 18, 1981.
10. *The Indian Express*, Sept. 21, 1981; *Hindustan Times*, Sept. 21, 1981.
11. *ਉਹੀ।*
12. Gurmit Singh, *History of Sikh Struggles*, Vol. II, p. 62.
13. ਦਲ ਖ਼ਾਲਸੇ ਦੇ ਬੁਲਾਰੇ ਵੱਲੋਂ ਲੇਖਕ ਨੂੰ ਦਿੱਤੀ ਗਈ ਜਾਣਕਾਰੀ।
14. Satindar Singh, *Khalistan—An Academic Analysis*, p. 55.
15. Harminder Kaur, *Blue Star Over Amritsar*, pp. 141-42.
16. Dipankar Gupta, *The Context of Ethnicity*, p. 72.
17. Samir Amin, *Spectres of Capitalism*, Rainbow Publishers, 1999, p. 42.
18. ਕੁਲਦੀਪ ਨਈਅਰ ਤੇ ਖ਼ੁਸ਼ਵੰਤ ਸਿੰਘ, *ਉਪਰੋਕਤ*, ਸਫ਼ਾ 104.
19. ਹਰਬੰਸ ਸਿੰਘ, *ਖ਼ਾਲਿਸਤਾਨ-ਸਰਬਪੱਖੀ ਅਧਿਐਨ*, ਸਫ਼ੇ 47-50.
20. Gurmit Singh, *op.cit.*, Vol. I, p. 461.
21. *Ibid.*, pp. 541-551.
22. ਸ: ਲਾਭ ਸਿੰਘ ਦੁਆਰਾ ਲਿਖਿਆ ਕਿਤਾਬਚਾ *'ਮਸਲਾ ਸਿੱਖ ਇਕ ਵੱਖ ਕੌਮ ਦਾ'* ਸ਼੍ਰੋਮਣੀ ਅਕਾਲੀ ਦਲ ਨੇ ਛਪਵਾ ਕੇ ਵੱਡੀ ਪੱਧਰ ਤੇ ਵੰਡਿਆ, ਜਿਸਦੀ ਭੂਮਿਕਾ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਲਿਖੀ।
23. Gurmit Singh, *op.cit.*, pp. 541-51.
24. ਹਰਬੰਸ ਸਿੰਘ, *ਉਪਰੋਕਤ*, ਸਫ਼ਾ 14.
25. *ਉਹੀ।*
26. *ਉਹੀ।*

## 17. ਅਕਾਲੀ ਰਾਜਨੀਤੀ ਸੰਕਟ-ਮੂੰਹ

1. Abida Samiuddin (Ed.), *The Punjab Crisis*, pp. 688-91.
2. Harminder Kaur, *op.cit.*, p. 116.
3. Gurmit Singh, *op.cit.*, Vol. II, p. 70.
4. ਦਲਬੀਰ ਸਿੰਘ, *ਉਪਰੋਕਤ*, ਸਫ਼ਾ 170.
5. Gurmit Singh, *op.cit.*, p. 65.
6. *Ibid.*, p. 67.
7. ਦਲਬੀਰ ਸਿੰਘ, *ਉਪਰੋਕਤ*, ਸਫ਼ੇ 114-15.
8. Gurmit Singh, *op.cit.*, p. 65.

## 18. ਧਰਮਯੁੱਧ ਮੋਰਚਾ—ਲਾਸਾਨੀ ਉਭਾਰ

1. Gurmit Singh, *op.cit.*, Vol. II, p. 73.
2. *Ibid.*
3. *Ibid.*
4. *Ibid.*, p. 75.
5. *Ibid.*, p. 76.
6. Harbans Singh, *Heritage of Sikhs*, p. 356.
7. *Ibid.*, p. 358.
8. ਕੁਲਦੀਪ ਨਈਅਰ ਤੇ ਖ਼ੁਸ਼ਵੰਤ ਸਿੰਘ, *ਉਪਰੋਕਤ*, ਸਫ਼ਾ 95.

9. ਮਾਰਕ ਟੱਲੀ ਤੇ ਸਤੀਸ਼ ਜੈਕਬ, *ਅੰਮ੍ਰਿਤਸਰ: ਸ੍ਰੀਮਤੀ ਇੰਦਰਾ ਗਾਂਧੀ ਦੀ ਅੰਤਲੀ ਲੜਾਈ,* ਸਫ਼ੇ 107-08.
10. Gurmit Singh, *History of Sikh Struggles,* Vol. II, p. 73.
11. Harbans Singh, *Heritage of Sikhs,* p. 359.
12. *ਉਹੀ,* ਸਫ਼ਾ 360.

## 19. ਖਾੜਕੂ ਧਾਰਾ ਦੀ ਚੜ੍ਹਤ

1. ਮਾਰਕ ਟੱਲੀ ਤੇ ਸਤੀਸ਼ ਜੈਕਬ, *ਅੰਮ੍ਰਿਤਸਰ: ਸ੍ਰੀਮਤੀ ਇੰਦਰਾ ਗਾਂਧੀ ਦੀ ਅੰਤਲੀ ਲੜਾਈ,* ਸਫ਼ਾ 97.
2. Gurmit Singh, *History of Sikh Struggles,* Vol. II, p. 82.
3. Harminder Kaur, *Blue Star Over Amritsar,* p. 121.
4. Gurmit Singh, *op.cit.,* p. 81.
5. Harminder Kaur, *op.cit.,* p. 121.
6. *India Today,* April 30, 1983.
7. Gurmit Singh, *op.cit.,* p. 81.
8. *Ibid.,* p. 82.
9. *Ibid.,* p. 83.
10. *Ibid.*
11. *Ibid.,* p. 83.
12. *Ibid.*
13. *The Tribune,* April 10, 1983.
14. Sangat Singh, *The Sikhs in History,* p. 391, fn. 83.
15. Gurmit Singh, *op.cit.,* p. 85.
16. *Ibid.*
17. Kuldeep Nayar in Abida Samiuddin (Ed.), *The Punjab Crisis—Challenges and Response,* p. 130.
18. *ਅਜੀਤ,* 2 ਜੂਨ 2002.
19. Harkishan Singh Surjit, *Happenings in Punjab: Background and Developments,* p. 49.
20. Abida Samiuddin, *op.cit.,* pp. 693-94; Gurmit Singh, *op.cit.,* pp. 290-297.
21. ਜਥੇਦਾਰ ਗੁਰਚਰਨ ਸਿੰਘ ਟੌਹੜਾ ਨਾਲ ਮੌਖਿਕ ਗੱਲਬਾਤ।
22. Inder Kumar Gujral, Quoted by A.G. Noorani in Amrik Singh (Ed.), *Punjab in Indian Politics,* p. 389; Abida Samiuddin, *op.cit.,* p. 344; Harkishan Singh Surjit, *Hindustan Times,* Oct. 28, 1982; Avtar Singh Malhotra, *The Punjab Crisis And the Way Out,* p. 18; Satyapal Dang, *Genesis of Terrorism,* p. 20; Kuldip Nayar, *Sunday* 11-17th March, 1984.
23. ਟੇਪ ਰਿਕਾਰਡ ਕੀਤੇ ਭਾਸ਼ਣ।
24. *ਉਹੀ।*
25. Kuldip Nayar, *op.cit.,* p. 114.
26. ਟੇਪ ਰਿਕਾਰਡ ਕੀਤੇ ਭਾਸ਼ਣ।
27. Gurmit Singh, *op.cit.*
28. ਕੁਲਦੀਪ ਨਈਅਰ, ਉਪਰੋਕਤ, ਪੰਨਾ 103.
29. *'ਨੇੜਿਓਂ ਡਿੱਠੇ ਸੰਤ ਭਿੰਡਰਾਂਵਾਲੇ'* ਪੁਸਤਕ ਦੇ ਲੇਖਕ ਸ: ਦਲਬੀਰ ਸਿੰਘ ਨਾਲ ਮੌਖਿਕ ਗੱਲਬਾਤ।

30. ਮਾਰਕ ਟੱਲੀ ਤੇ ਸਤੀਸ਼ ਜੈਕਬ, *ਅੰਮ੍ਰਿਤਸਰ : ਸ੍ਰੀਮਤੀ ਗਾਂਧੀ ਦੀ ਅੰਤਲੀ ਲੜਾਈ,* ਸਫ਼ਾ 89.
31. *ਉਹੀ,* ਸਫ਼ੇ 89-90.
32. ਟੇਪ ਰਿਕਾਰਡ ਕੀਤੇ ਭਾਸ਼ਣ।
33. *ਉਹੀ।*
34. Harminder Kaur, *Blue Star Over Amritsar,* p. 126.
35. ਸਿੰਘ ਸਾਹਿਬ ਵੱਲੋਂ ਅਪੀਲ ਅਤੇ ਇਸਦੇ ਜਵਾਬ ਵਿੱਚ ਅਕਾਲ ਫ਼ੈਡਰੇਸ਼ਨ ਵੱਲੋਂ ਸਿੰਘ ਸਾਹਿਬਾਨ ਨੂੰ ਦਿੱਤਾ ਗਿਆ *'ਬਿਨੈ ਪੱਤਰ',* ਪ੍ਰਕਾਸ਼ਕ ਭਾਈ ਕੰਵਰ ਸਿੰਘ ਧਾਮੀ।
36. ਟੇਪ ਰਿਕਾਰਡ ਕੀਤੇ ਭਾਸ਼ਣ।
37. Harminder Kaur, *op.cit.,* pp. 150-151.
38. Harkishan Singh Surjit, *Happenings in Punjab : Background and Developments,* p. 49.
39. Gurmit Singh, *History of Sikh Struggles,* Vol. II, p. 94.
40. ਪਤਵੰਤ ਸਿੰਘ (ਸੰਪਾਦਕ), *ਪੰਜਾਬ : ਭੁਲੇਖੇ ਦਾ ਦੁਖਾਂਤ,* ਸਫ਼ਾ 45-46.
41. ਟੇਪ ਰਿਕਾਰਡ ਕੀਤੇ ਭਾਸ਼ਣ।
42. Harminder Kaur, *op.cit.,* pp. 171-177.
43. *ਸ਼੍ਰੋਮਣੀ ਅਕਾਲੀ ਦਲ ਦੇ ਪਾਲਿਸੀ-ਪ੍ਰੋਗਰਾਮ ਦਾ ਮਤਾ,* ਪ੍ਰਕਾਸ਼ਕ ਭਾਨ ਸਿੰਘ, ਸਕੱਤਰ ਜਨਰਲ, ਸ਼੍ਰੋਮਣੀ ਅਕਾਲੀ ਦਲ, ਸ੍ਰੀ ਅੰਮ੍ਰਿਤਸਰ।
44. ਸ: ਦਵਿੰਦਰ ਸਿੰਘ 'ਦੁੱਗਲ', *ਸਿੱਖ ਇਕ ਵੱਖਰੀ ਕੌਮ ਦਾ ਸੰਕਲਪ,* ਪ੍ਰਕਾਸ਼ਕ ਧਰਮ ਪ੍ਰਚਾਰ ਕਮੇਟੀ (ਸ਼੍ਰੋ.ਗੁ.ਪ੍ਰ. ਕਮੇਟੀ) ਸ੍ਰੀ ਅੰਮ੍ਰਿਤਸਰ; ਪ੍ਰੋਫ਼ੈਸਰ ਲਾਭ ਸਿੰਘ, *ਮਸਲਾ ਸਿੱਖ ਇੱਕ ਵੱਖ ਕੌਮ ਦਾ,* ਪ੍ਰਕਾਸ਼ਕ ਸ਼੍ਰੋਮਣੀ ਅਕਾਲੀ ਦਲ, ਸ੍ਰੀ ਅੰਮ੍ਰਿਤਸਰ।
45. Harkishan Singh Surjit, *op.cit.,* p. 110.
46. *Ibid.,* pp. 106, 107, 109, 110.
47. *Ibid.,* pp. 107, 110.
48. Harminder Kaur, *op.cit.,* p. 123.
49. Harkishan Singh Surjit, *op.cit.,* p. 104.
50. *India Today,* May 15, 1984.
51. ਜਥੇਦਾਰ ਗੁਰਚਰਨ ਸਿੰਘ ਟੌਹੜਾ ਨਾਲ ਮੌਖਿਕ ਗੱਲਬਾਤ.

## 20. ਤੀਜਾ ਘੱਲੂਘਾਰਾ

1. Inder Malhotra, *Indra Gandhi : A Personal and Political Biography* (1989), p. 344.
2. Gurmit Singh, *History of Sikh Struggles,* Vol. III, p. 61.
3. Harminder Kaur, *Blue Star Over Amritsar,* p. 8; *Sunday,* March 31, 1985.
4. ਕੁਲਦੀਪ ਨਈਅਰ ਤੇ ਖੁਸ਼ਵੰਤ ਸਿੰਘ, *ਪੰਜਾਬ ਦਾ ਦੁਖਾਂਤ,* ਸਫ਼ਾ 146.
5. *Sunday Times* (London), June 17, 1984.
6. Kuldip Singh Brar, *Operation Blue Star—A True Story,* p. 89.
7. ਕੁਲਦੀਪ ਨਈਅਰ ਤੇ ਖੁਸ਼ਵੰਤ ਸਿੰਘ, *ਉਪਰੋਕਤ,* ਸਫ਼ਾ 144.
8. Harminder Kaur, *op.cit.,* p. 35.
9. Mr. Apar Singh Bajwa DSP (city) at time of Operation Blue Star, quoted in *The Tribune,* May 20, 2001.
10. ਗੁਰਮੀਤ ਸਿੰਘ ਚੀਮਾ, ਸਾਬਕਾ ਪ੍ਰੈਸ ਸਕੱਤਰ, ਸ਼੍ਰੋਮਣੀ ਅਕਾਲੀ ਦਲ, *ਸਿੱਖ ਸ਼ਹਾਦਤ,* ਜੂਨ 2000, ਸਫ਼ੇ 17-19.
11. *ਉਹੀ,* ਸਫ਼ਾ 18.
12. Harminder Kaur, *op.cit.,* p. 38.

13. ਗੁਰਮੀਤ ਸਿੰਘ ਚੀਮਾ, *ਸਿੱਖ ਸ਼ਹਾਦਤ,* ਜੂਨ 2000, ਸਫ਼ਾ 19.
14. *Oppression in Punjab : A Report to the Nation,* p. 67.
15. *Ibid.,* pp. 69-70.
16. *Ibid.,* pp. 70-71.
17. *Ibid.,* p. 11.
18. Harminder Kaur, *Blue Star Over Amritsar,* p. 46.
19. *ਉਹੀ।*
20. G.S. Dhillon, *India Commits Suicide,* p. 263.
21. Braham Challaney, *An Eye Witness Account,* in Abida Samiuddin, *The Punjab Crisis—Challenges and Response,* p. 182.
22. Harminder Kaur, *op.cit.,* p. 37, also Annexure VI.
23. Samuel P. Huntington, *The Clash of Civilizations,* p. 271.
24. *Ibid.*
25. *India Today,* May 15, 1984; *Illustrated Weekly,* July 22, 1984.
26. David Graves, *Telegraph,* London, June 15, 1984.
27. Kuldip Nayar, Khushwant Singh, *Tragedy of Punjab,* p.102.
28. Maj. Gen. Kuldip Singh Brar, "It was a Difficult Task," in Gurmit Singh, *op.cit.,* pp. 68-69.
29. Gyani Puran Singh, *Surya,* Aug. 1984.
30. ਲੈਫਟੀਨੈਂਟ ਜਨਰਲ ਹਰਬਖ਼ਸ਼ ਸਿੰਘ, *ਸੰਤ ਸਿਪਾਹੀ,* ਅਗਸਤ 1985.
31. ਪ੍ਰੀਤਮ ਸਿੰਘ, *ਸਿੱਖ ਸ਼ਹਾਦਤ,* ਜੂਨ 2001.
32. *Oppression in Punjab,* p. 66.
33. Samuel P. Huntington, *op.cit.,* p. 272.
34. *Oppression in Punjab,* pp 66-67; *The Tribune,* July 4, 1984.
35. Ram Narayan Kumar, *The Sikh Unrest and the Indian State,* p. 183.
36. Kuldip Singh Brar, *op.cit.,* p. 127.
37. ਮਾਰਕ ਟੱਲੀ ਤੇ ਸਤੀਸ਼ ਜੈਕਬ, *ਅੰਮ੍ਰਿਤਸਰ : ਸ੍ਰੀਮਤੀ ਗਾਂਧੀ ਦੀ ਅੰਤਲੀ ਲੜਾਈ,* ਸਫ਼ਾ 171.
38. Kuldip Nayar, *Sunday,* March 31, 1985.
39. ਹਰਬੀਰ ਸਿੰਘ ਭੰਵਰ, *ਡਾਇਰੀ ਦੇ ਪੰਨੇ,* ਸਫ਼ਾ 33; *ਸਿੱਖ ਸ਼ਹਾਦਤ, ਜੂਨ 2001.*
40. ਟੇਪ ਰਿਕਾਰਡ ਕੀਤੇ ਭਾਸ਼ਣ 'ਚੋਂ।
41. ਗੁਰਚਰਨ ਸਿੰਘ ਟੌਹੜਾ ਨੇ ਲੇਖਕ ਨਾਲ ਇਕ ਮੌਖਿਕ ਮੁਲਾਕਾਤ ਦੌਰਾਨ ਦੱਸਿਆ ਕਿ ਸੰਤ ਭਿੰਡਰਾਂਵਾਲਿਆਂ ਨੇ 4-5 ਜੂਨ ਦੀ ਰਾਤ ਨੂੰ ਉਸਨੂੰ ਦੇਸ 'ਚੋਂ ਬਾਹਰ ਚਲੇ ਜਾਣ ਅਤੇ ਸਿੱਖ ਸੰਘਰਸ਼ ਦੀ ਅਗਵਾਈ ਕਰਨ ਦਾ ਮਸ਼ਵਰਾ ਦਿੱਤਾ ਸੀ, ਜੋ ਜਥੇਦਾਰ ਟੌਹੜਾ ਨੇ ਨਿਮਰਤਾ ਨਾਲ ਠੁਕਰਾ ਦਿੱਤਾ ਸੀ।
42. Abida Samiuddin, *op.cit.,* pp. 471-76.
43. ਟੇਪ ਰਿਕਾਰਡ ਕੀਤੇ ਭਾਸ਼ਣ।
44. Harminder Kaur, *op.cit.,* pp. 20-21; ਕੁਲਦੀਪ ਨਈਅਰ ਤੇ ਖੁਸ਼ਵੰਤ ਸਿੰਘ, *ਉਪਰੋਕਤ,* ਸਫ਼ਾ 147, ਮਾਰਕ ਟੱਲੀ ਤੇ ਸਤੀਸ਼ ਜੈਕਬ, *ਉਪਰੋਕਤ।*
45. Mark Tully and Satish Jacob, *Amritsar : Mrs. Gandhi's Last Battle,* p. 152; Shekhar Gupta, *India Today,* June 30, 1984.
46. Harminder Kaur, *op.cit.,* p. 48.
47. Gurmit Singh, *History of Sikh Struggles,* pp. 11-12.
48. *ਉਹੀ।*
49. ਕੁਲਦੀਪ ਨਈਅਰ ਤੇ ਖੁਸ਼ਵੰਤ ਸਿੰਘ, *ਪੰਜਾਬ ਦਾ ਦੁਖਾਂਤ,* ਸਫ਼ੇ 24, 29, 192.

50. *ਉਹੀ,* ਸਫ਼ਾ 25.
51. ਕੁਲਦੀਪ ਨਈਅਰ ਤੇ ਖੁਸ਼ਵੰਤ ਸਿੰਘ, *ਪੰਜਾਬ ਦਾ ਦੁਖਾਂਤ,* ਸਫ਼ੇ 12-13.
52. Patwant Singh (ed.), *Punjab—The Fatal Miscalculation,* p. 144.
53. *ਆਰਸੀ* (ਮਾਸਿਕ), ਅਗਸਤ 1984.
54. *ਸਿੱਖ ਸ਼ਹਾਦਤ,* ਜੂਨ 2001.
55. Ashish Nandy, *The Illegitimacy of Nationalism* (1994), p. 88.
56. Khushwant Singh, "Tears in a Pool of Nectar," in *Punjab Tangle : The Different Perspectives,* p. 42.
57 ਕੁਲਦੀਪ ਨਈਅਰ ਤੇ ਖੁਸ਼ਵੰਤ ਸਿੰਘ, *ਉਪਰੋਕਤ,* ਸਫ਼ਾ 187.
58. *Indian Express,* June 17, 1984.
59. Gurmit Singh, *History of Sikh Struggles,* Vol. III, pp. 222-24.
60. Abida Samiuddin, *The Punjab Crisis—Challenges and Response,* p. 324.

ਇਹ ਦਸਤਾਵੇਜ਼ ਕਰੜੀ ਮਿਹਨਤ ਤੇ ਪੂਰੀ ਈਮਾਨਦਾਰੀ ਦੇ ਨਾਲ ਨਾਲ ਕਿਸੇ ਵੀ ਕਿਸਮ ਦੇ ਜਜ਼ਬਾਤੀ ਉਲਾਰਪੁਣੇ ਤੇ ਧੜੇਬੰਦਕ ਝੁਕਾਅ ਤੋਂ ਲਾਂਭੇ ਰਹਿ ਕੇ ਲਿਖਿਆ ਗਿਆ ਹੈ। ਸਿੰਘ ਸਭਾ ਲਹਿਰ ਤੋਂ ਲੈ ਕੇ ਜੂਨ 1984 ਤਕ, ਸਿੱਖ ਜੱਦੋ-ਜਹਿਦ ਦੇ ਅੱਡ-ਅੱਡ ਦੌਰਾਂ ਦੌਰਾਨ ਅੱਡ-ਅੱਡ ਸਿੱਖ ਹਸਤੀਆਂ ਦੇ ਕਰਮ (ਰੋਲ) ਨੂੰ ਬਿਨਾਂ ਕਿਸੇ ਲੱਗ-ਲਗਾਅ ਦੇ ਦੇਖਣ ਤੇ ਅੰਗਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਦਸਤਾਵੇਜ਼ ਆਪਣੇ ਆਪ ਵਿਚ ਸਿੱਖ ਸੰਘਰਸ਼ਾਂ ਦਾ ਇਤਿਹਾਸ ਵੀ ਹੈ। ਪਰ ਇਹ ਕਿਸੇ ਉਲਾਰ ਤੇ ਸੌੜੇ ਨਜ਼ਰੀਏ ਤੋਂ ਲਿਖਿਆ ਇਤਿਹਾਸ ਨਹੀਂ, ਸਗੋਂ ਸਾਰੇ ਇਤਿਹਾਸਕ ਕਰਮ ਨੂੰ ਇਕ ਖ਼ਾਸ ਸੰਦਰਭ ਵਿਚ ਰੱਖ ਕੇ ਸਮਝਣ ਦਾ ਨਿਵੇਕਲਾ ਯਤਨ ਵੀ ਹੈ।

**ਨਰਿੰਦਰ ਸਿੰਘ**

*ਮੇਜਰ ਜਨਰਲ (ਸੇਵਾ-ਮੁਕਤ)*

...ਸਿੱਖ ਪੰਥ ਦੇ ਅੰਤਰ-ਮਨ ਅੰਦਰ ਆਜ਼ਾਦੀ ਦੀ ਇੱਛਾ ਨੇ ਗੁਰੂ ਸਾਹਿਬਾਨ ਵੇਲੇ ਤੋਂ ਹੀ ਸਰੂਪ ਧਾਰਿਆ ਹੋਇਆ ਸੀ। ਇਹੀ ਉਹ ਤਾਕਤ ਸੀ ਜਿਸ ਨੇ ਸਿੱਖ ਕੌਮ ਨੂੰ ਇਤਿਹਾਸ ਵਿਚ ਇਸ ਖਿੱਤੇ ਅੰਦਰ, ਬਾਕੀ ਭਾਰਤ ਦੇ ਲੋਕਾਂ ਨਾਲੋਂ ਵੱਖਰਾ ਅਤੇ ਵਿਲੱਖਣ ਰੋਲ ਨਿਭਾਉਣ ਦੇ ਸਮਰੱਥ ਬਣਾਇਆ। 1849 ਵਿਚ ਆਜ਼ਾਦ ਸਿੱਖ ਰਾਜ ਦੇ ਖੁੱਸ ਜਾਣ ਨਾਲ ਆਜ਼ਾਦੀ ਦੀ ਇੱਛਾ ਖ਼ਤਮ ਨਹੀਂ ਸੀ ਹੋ ਗਈ। ਇਹ ਤੜਪ ਬਣ ਕੇ ਸਿੱਖ ਕੌਮ ਦੀ ਅੰਤਰ-ਆਤਮਾ ਦੇ ਅੰਦਰ ਪ੍ਰਵੇਸ਼ ਕਰ ਗਈ ਸੀ। ਇਹੀ ਤੜਪ ਸੀ ਜੋ ਸਿੱਖ ਕੌਮ ਨੂੰ ਬਰਤਾਨਵੀ ਹਾਕਮਾਂ ਵਿਰੁੱਧ ਵਾਰ-ਵਾਰ ਸੰਘਰਸ਼ ਲਈ ਪ੍ਰੇਰਦੀ ਸੀ। ਜਿਸ ਕੌਮ ਅੰਦਰ ਅਜਿਹੇ ਗੁਣ ਤੇ ਲੱਛਣ ਪੈਦਾ ਹੋ ਚੁੱਕੇ ਹੋਣ, ਉਹ ਕੌਮੀ ਆਜ਼ਾਦੀ ਦੀ ਸੁਭਾਵਿਕ ਦਾਅਵੇਦਾਰ ਹੋ ਨਿਬੜਦੀ ਹੈ। ਕੌਮੀ ਆਜ਼ਾਦੀ ਤੋਂ ਬਿਨਾਂ ਉਸ ਦੀ ਰੂਹ ਨੂੰ ਰੱਜ ਨਹੀਂ ਮਿਲਦਾ...

ISBN 81-7205-282-0

9 788172 052829